ਕੂਕਾ ਲਹਿਰ ਦਾ ਪੰਜਾਬੀ ਸਾਹਿਤ

ਸੁਵਰਨ ਸਿੰਘ ਵਿਰਕ

Sri Satguru Jagjit

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕੂਕਾ ਲਹਿਰ ਦਾ ਪੰਜਾਬੀ ਸਾਹਿਤ

ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ. ....
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕੂਕਾ ਲਹਿਰ ਦਾ ਪੰਜਾਬੀ ਸਾਹਿਤ

ਸੁਵਰਨ ਸਿੰਘ ਵਿਰਕ

ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਕੂਕਾ ਲਹਿਰ ਦਾ ਪੰਜਾਬੀ ਸਾਹਿਤ

ਸੁਵਰਨ ਸਿੰਘ ਵਿਰਕ

Kuka Lehar Da Punjabi Sahit
by
Swaran Singh Virk

© author 2009

ਪਹਿਲੀ ਵਾਰ : 2100 ਕਾਪੀਆਂ

ਕੀਮਤ : 370/- ਰੁਪਏ

ਟਾਈਟਲ : ਸਵਰਨਜੀਤ ਸਵੀ

ਟਾਈਟਲ ਫੋਟੋ : ਹਰਪਾਲ ਸਿੰਘ ਸੇਵਕ

ਛਾਪਕ : ਆਰਟਕੇਰ ਪ੍ਰਿੰਟਰਜ਼, ਲੁਧਿਆਣਾ.
0161-2774236

ਪ੍ਰਕਾਸ਼ਕ : ਸਤਿਗੁਰੂ ਰਾਮ ਸਿੰਘ ਚਿੰਤਨ ਅਦਾਰਾ,
ਸ੍ਰੀ ਭੈਣੀ ਸਾਹਿਬ

Produced and Bound in India
All rights reserved

This book is sold subject to the condition that it shall not, by way of trade or otherwise, be lent, re-sold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication maybe reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.

ਤਤਕਰਾ

ਕੁਝ ਆਪਣੇ ਵਲੋਂ 9

ਸਨੇਹ : ਸਵਰਨ ਸਿੰਘ ਵਿਰਕ 17

ਭੂਮਿਕਾ: ਨਾਮਧਾਰੀ ਸਾਹਿਤ ਚਿੰਤਨ ਦੀ ਪ੍ਰਮਾਣਿਕ ਦਸਤਾਵੇਜ਼: ਸੁਖਦੇਵ ਸਿੰਘ 18

ਵਿਲੱਖਣ ਪੰਜਾਬੀ ਸਾਹਿਤ 22

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ 27
2. ਲਾਲ ਏਹਿ ਰਤਨ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ 38
3. ਪ੍ਰਵਚਨ : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 51
4. ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਕੂਕਿਆਂ ਬਾਰੇ 28 ਕਬਿੱਤ 61
5. ਭਾਈ ਸੰਤੋਖ ਸਿੰਘ ਬਾਹੋਵਾਲ ਕ੍ਰਿਤ 'ਸਤਿਗੁਰੂ ਬਿਲਾਸ' ਭਾਗ ਪਹਿਲਾ 70
6. ਭਾਈ ਸੰਤੋਖ ਸਿੰਘ ਬਾਹੋਵਾਲ ਕ੍ਰਿਤ 'ਸਤਿਗੁਰੂ ਬਿਲਾਸ ਭਾਗ ਦੂਜਾ 82
7. ਬਾਰਾ ਮਾਂਹ ਭਾਈ ਚੰਦਾ ਸਿੰਘ ਝੱਬਰ 98
8. ਭਾਈ ਧਿਆਨ ਸਿੰਘ ਕਾਦਰਾਬਾਦੀ ਰਚਿਤ ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ 110
9. ਬਾਰਾਂ ਮਾਂਹ ਸੰਤ ਨਿਹਾਲ ਸਿੰਘ ਜੀ 124
10. "ਪੈਂਤੀ ਅੱਖਰੀ" ਅਤੇ ਗਿਆਨੀ ਕਾਹਲਾ ਸਿੰਘ 'ਨੰਗਲ' ਦੀ ਹੋਰ ਰਚਨਾ 130
11. ਸੰਤ ਨਿਧਾਨ ਸਿੰਘ ਆਲਿਮ ਤੇ ਉਨ੍ਹਾਂ ਦੀ ਰਚਨਾ 146

Sri Satguru Jagjit Singh Ji eLibrary NamdhariElibrary@gmail.com

12. ਭਾਈ ਹਰਨਾਮ ਸਿੰਘ ਬਗਲੀ ਵਾਲਾ ਅਤੇ ਉਨ੍ਹਾਂ ਦੀ ਅਮਰ ਰਚਨਾ 'ਸੰਤ ਖਾਲਸਾ' - ਤਵਾਰੀਖ ਨਾਮਧਾਰੀ 158

13. ਸੂਰਮੇ ਬਿਸ਼ਨ ਸਿੰਘ ਅਜੀ ਵਾਕ ਰੋਣੇ ਸੀ 190

14. ਕਵਿ ਗੋਧਾ ਸਿੰਘ ਜੱਟ 197

15. ਸੰਤ ਇੰਦਰ ਸਿੰਘ ਚੱਕਰਵਰਤੀ ਤੇ ਉਨ੍ਹਾਂ ਦੀ ਰਚਨਾ 208

16. ਨਾਵਲਕਾਰ ਸੰਤ ਇੰਦਰ ਸਿੰਘ ਚੱਕਰਵਰਤੀ 229

17. ਸੰਤ ਤਰਨ ਸਿੰਘ ਵਹਿਮੀ ਕ੍ਰਿਤ 'ਜੋਸ਼-ਜੀਵਨ' ਦੀ ਸਾਹਿਤਕ ਜਾਣ ਪਛਾਣ 241

18. ਰਾਮ ਵਿਜੋਗੀ ਕਵੀ ਨਿਰੰਜਨ ਸਿੰਘ ਮ੍ਰਿਗੇਸ਼ 253

19. ਸਾਖੀਕਾਰ ਤੇ ਮਹਾਂਕਵੀ ਮਾ: ਨਿਹਾਲ ਸਿੰਘ 268

20. ਨੇਕੀ ਧਤ ਲੜਨ ਵਾਲਾ ਸਾਹਿਤਕਾਰ ਸੰਤ ਆਤਮਾ ਸਿੰਘ ਸਨਾਤਨਕਵੀ 280

21. 'ਗੀਤ ਦੀਆਂ ਪੈੜਾਂ' ਦਾ ਰਚਵਾਹ: ਪ੍ਰੀਤਮ ਸਿੰਘ ਕਵੀ 290

22. ਪ੍ਰੀਤਮ ਸਿੰਘ ਪੰਛੀ ਤੇ ਉਨ੍ਹਾਂ ਦੀ ਰਚਨਾ 'ਟੁਕੜਿਆਂ ਵਿਚ ਵੰਡਿਆ ਆਦਮੀ' 302

23. ਵਾਰਤਕ ਲੇਖਕ ਰਾਜਿੰਦਰ ਸਿੰਘ ਕੁਰੂਸਰ 313

24. ਬੁੱਧ, ਬਿਬੇਕ ਤੇ ਪ੍ਰੇਮਾਭਗਤੀ ਦੀ ਤ੍ਰਿਮੂਰਤੀ ਡਾ. ਅਮਰ ਭਾਰਤੀ 320

25. ਤਵਾਰੀਖ ਸੰਤ ਖਾਲਸਾ ਦਾ ਲੇਖਕ ਪ੍ਰੋ. ਜਿਤਪਾਲ ਸਿੰਘ ਕਸੇਲ 326

26. ਉੱਚ ਦੁਮਾਲੜਾ ਕਵੀਸ਼ਰ ਸੰਤ ਜੀਵਨ ਸਿੰਘ 'ਕਾਵਿ-ਭੂਸ਼ਨ' 336

27. 'ਕੂਕਿਆਂ ਦੀ ਵਾਰ' : ਹਜ਼ਾਰਾ ਸਿੰਘ ਚਾਤਰ 347

Sri Satguru Jagjit Singh Ji eLibrary NamdhariElibrary@gmail.com

28. ਪ੍ਰਿ: ਬੇਅੰਤ ਕੌਰ ਦੇ ਰਚਨਾ-ਸੰਸਾਰ 'ਤੇ ਇਕ ਪੰਛੀ ਝਾਤ 358

29. ਮਾਸਟਰ ਅਮਰੀਕ ਸਿੰਘ - ਮਹਾਂਕਵੀ ਦੇ ਰੂਪ ਵਿਚ 371

30. ਜਗਦੀਸ਼ ਸਿੰਘ 'ਵਰਿਆਮ' ਦੀ ਸਾਹਿਤਕ ਪੱਤਰਕਾਰੀ 379

31. 'ਖਿਲਰੇ ਪੱਤਰਿਆਂ' ਵਿਚ ਮੌਜੂਦ ਜਗਦੀਸ਼ ਸਿੰਘ ਵਰਿਆਮ ਤੇ ਉਸਦਾ ਪੰਜਾਬ 387

32. ਗੁਰਮਤਿ ਜੀਵਨ ਜਾਚ ਦਾ ਇੰਜਨੀਅਰ ਸੰਤ ਦਲੀਪ ਸਿੰਘ ਨਾਮਧਾਰੀ 397

33. ਨਾਮਧਾਰੀ ਜਗਤ ਦਾ ਵਿਸ਼ਵਕੋਸ਼ - ਸੁਵਰਨ ਸਿੰਘ ਸਨੇਹੀ 404

34. ਕੋਸ਼ਕਾਰ ਪ੍ਰੋ. ਤਾਰਾ ਸਿੰਘ ਅਨਜਾਣ 413

35. ਨਾਮਧਾਰੀ ਇਤਿਹਾਸ ਖੋਜ ਦਾ ਮੀਲ ਪੱਥਰ : ਸ. ਜਸਵਿੰਦਰ ਸਿੰਘ ਹਿਸਟੋਰੀਅਨ 423

36. ਵਿਸਮਾਦੀ ਸ਼ਾਇਰੀ ਦਾ ਰਚਨਹਾਰਾ - ਦਲਬੀਰ ਸਿੰਘ ਰਹਸ ਆਸਟਰੇਲੀਆ 433

37. ਦੇਹ ਵਿਚੋਂ ਅਲੋਪ ਹੋਣ ਦੀ ਸ਼ਾਇਰੀ : 'ਤੂੰ ਹੀ ਤੂੰ' ਰਚਿਤ ਸੂਬਾ ਸੁਰਿੰਦਰ ਕੌਰ ਖਰਲ 450

38. ਨਾਮਧਾਰੀਆਂ ਦਾ ਪਹਿਰੇਦਾਰ - ਸਤਿਜੁਗ 454

39. ਕੂਕਾ ਸਾਹਿਤ ਦਾ ਪੰਜਾਬ ਦੇ ਸਭਿਆਚਾਰਕ, ਸਮਾਜਿਕ ਅਤੇ ਆਰਥਿਕ ਜੀਵਨ 'ਤੇ ਅਸਰ 465

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸਮਰਪਣ

ਮੇਰੇ ਬਾਲ ਮਨ ਨੂੰ

ਆਪਣੇ ਚੇਤਿਆਂ ਦੀ ਉਂਗਲੀ ਫੜਾ ਕੇ

ਨਾਮਧਾਰੀ ਸਾਹਿਤ ਦੀ ਡੰਡੀ 'ਤੇ

ਤੋਰਨ ਵਾਲੇ, ਆਪਣੇ ਬਾਪੂ,

ਜਥੇਦਾਰ ਗੁਰਮੁਖ ਸਿੰਘ 'ਝੱਬਰ' ਜੀ ਦੀ

ਪ੍ਰੇਰਨਾਦਾਇਕ ਯਾਦ ਦੇ ਨਾਂ

-ਸੁਵਰਨ ਸਿੰਘ ਵਿਰਕ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਦੇ

ਗੁਰਗੱਦੀ ਦੇ

50 ਵੇਂ

ਸੁਭਾਗ ਵਰ੍ਹੇ ਤੇ

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਝੂਲੈ ਸੁ ਛਤੁ ਨਿਰੰਜਨੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

1959 50 ਵਾਂ 2009

ਗੌਰਵਮਈ ਗੁਰਗੱਦੀ ਵਰ੍ਹਾ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਵਲੋਂ ਜਲਾਵਤਨੀ ਦੌਰਾਨ ਭੇਜੇ ਹੁਕਮਨਾਮੇ ਦੀ ਹਸਤ ਲਿਖਤ ਵੰਨਗੀ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਜਲਾਵਤਨੀ ਦੌਰਾਨ ਬੰਗਲੇ ਵਿੱਚ

ਜਨਵਰੀ 1881 ਈ. ਨੂੰ ਮੀਹਾਂ ਸਿੰਘ ਸਰਹਾਲੀ ਭੇਸ ਬਦਲ
ਕੇ ਰੂਸ ਦੇ ਜ਼ਾਰ ਵਲੋਂ ਭੇਜਿਆ ਜਵਾਬੀ ਸੰਦੇਸ਼
ਪਹੁੰਚਾਣ ਲਈ ਮਰਗੋਈ (ਬਰਮਾਂ) ਪਹੁੰਚਿਆਂ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

(1890 ਈ. ਤੋਂ 1959 ਈਂ)

Sri Satguru Jagjit Singh Ji eLibrary NamdhariElibrary@gmail.com

[illegible]

[illegible]

6 ਜੇਠ 2032 (1975 ਈ.) ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤੇਲ ਚਿਤ੍ਰ ਨੂੰ ਪ੍ਰਸ਼ੰਸਾ ਰੂਪ ਵਜੋਂ ਲਿਖੀ ਆਪਣੇ ਦਸਤ-ਮੁਬਾਰਕ ਨਾਲ ਉਪਦੇਸ਼ ਸਿੰਘ ਨੂੰ ਬਖਸ਼ਿਸ਼ ਕੀਤੀ।

Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਕੁਝ ਆਪਣੇ ਵੱਲੋਂ

ਨਾ ਸਿਰਫ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਆਪਣੇ ਮੋਹਰੀ ਯੋਗਦਾਨ ਸਦਕਾ, ਸਗੋਂ ਆਪਣੀ ਵਿਲੱਖਣ ਜੀਵਨ ਜਾਚ ਸਦਕਾ ਵੀ, ਨਾਮਧਾਰੀ ਜਾਂ ਕੂਕਾ ਸਮੁਦਾਇ ਨਾਲ ਸਬੰਧਿਤ ਹਰੇਕ ਵਿਅਕਤੀ ਜਿੱਥੇ ਵੀ ਅਤੇ ਜਿਹਨਾਂ ਹਾਲਤਾਂ ਵਿਚ ਹੋਵੇ, ਸਭ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ। ਸਾਊ ਵਤੀਰਾ, ਸੁਨਿਮਰ ਬੋਲਬਾਣੀ, ਸੰਜਮੀ ਜੀਵਨ ਸ਼ੈਲੀ, ਵਿਅੰਜਨਾਂ ਅਤੇ ਵਿਅਸਨਾਂ ਤੋਂ ਇਕ ਵਿੱਥ ਤੇ ਰਹਿਣ ਸਦਕਾ, ਗੁਰਮਤ ਆਦਰਸ਼ਾਂ ਵਿਚ ਪਰਪੱਕ ਹੋਕੇ ਵੇਲੇ ਦੇ ਸਤਿਗੁਰੂ ਪ੍ਰਤੀ ਮੁਕੰਮਲ ਸਮਰਪਣ ਭਾਵਨਾ, ਕੁਝ ਐਸੇ ਗੁਣ ਹਨ ਜੋ ਉਸਨੂੰ ਹੋਰਨਾਂ ਤੋਂ ਵਖਰਿਆਉਂਦੇ ਹਨ ਅਤੇ ਵਾਰਿਸ ਦੀ ਇਸ ਤੁਕ ਨੂੰ ਮੂਰਤੀਮਾਨ ਕਰਦਾ ਜਾਪਦਾ ਹੈ

"ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ।"

ਭਾਵੇਂ ਕੂਕੇ ਵਿਸ਼ਾਲ ਸਿੱਖ ਭਾਈਚਾਰੇ ਦਾ ਹੀ ਇਕ ਅੰਗ ਹਨ ਪਰ ਕੋਈ ਸਮਾਂ ਸੀ ਜਦੋਂ "ਸਿੱਖ ਸਾਈਕੀ" ਦੀ ਤਰਜਮਾਨੀ ਕਰਨ ਸਦਕਾ ਇਸ ਅੰਦੋਲਨ ਦੇ ਸੰਸਥਾਪਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਦੇ ਬਹੁਗਿਣਤੀ ਸਿੱਖ ਭਾਈਚਾਰੇ ਨੇ ਆਪਣੇ ਆਗੂ ਦੇ ਤੌਰ ਤੇ ਅਪਣਾ ਲਿਆ ਸੀ। ਸਤਿਗੁਰੂ ਜੀ ਨੇ ਇਹ ਮਹਿਸੂਸ ਕੀਤਾ ਕਿ ਪਹਿਲਾਂ ਸਿੱਖੀ ਗਈ ਫਿਰ ਸਿੱਖ-ਰਾਜ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ। ਇਸ ਲਈ ਆਪ ਨੇ ਨਾਮਧਾਰੀ ਸੰਤ-ਖਾਲਸੇ ਦੇ ਰੂਪ ਵਿਚ ਹੀ ਅੱਜ ਤੋਂ 150 ਵਰ੍ਹਾ ਪਹਿਲਾਂ ਸਿੱਖ ਸੁਰਜੀਤੀ ਜਾਂ ਪੁਨਰ-ਜਾਗਰਣ ਦੀ ਹੀ ਲਹਿਰ ਚਲਾਈ ਸੀ। ਗੁਰੂ ਬਾਲਕ ਸਿੰਘ ਜੀ ਨਾਲ ਆਪ ਦੇ ਸੈਨਿਕ ਜੀਵਨ ਸਮੇਂ ਹੋਏ ਮੇਲ ਨੇ, ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ ਅਤੇ ਉਹਨਾਂ ਦੇ ਹੁਕਮ ਮੁਤਾਬਿਕ, ਦਸਮੇਸ਼ ਪਿਤਾ ਦੀ ਸਿੱਖੀ ਰੂਪੀ ਅਮਾਨਤ ਮੂਲ ਰੂਪ ਵਿਚੋਂ ਉਹਨਾਂ ਤੋਂ ਵਸੂਲ ਪਾ ਕੇ, ਫਿਰ ਇਸ ਦਾਤ ਨੂੰ ਸਮੁੱਚੇ ਪੰਜਾਬ ਤੇ ਆਸ ਪੜੋਸ ਵਿਚ ਹੀ ਵਰਤਾਉਣ ਦੀ ਸੇਵਾ ਸੰਭਾਲ ਲਈ। ਸਰਕਾਰੀ ਰੀਪੋਰਟਾਂ ਵਿਚ ਦਰਜ ਹੈ ਕਿ ਕੂਕੇ ਸੂਬੇ ਜਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦਾ ਇਹ ਬੋਲਾ ਹੁੰਦਾ ਸੀ ਕਿ ਝਾੜ ਬੂਟ ਵੀ ਅਕਾਲ ਅਕਾਲ ਜਪਣਗੇ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਨਵਾਬ ਕਪੂਰ ਸਿੰਘ ਦੀ ਜਥੇਦਾਰੀ ਸਮੇਂ ਵੀ ਸੰਗਤ ਨੂੰ ਛਕਾਉਣ ਲਈ ਅੰਮ੍ਰਿਤ ਕੜਾਹਿਆਂ ਵਿਚ ਤਿਆਰ ਕੀਤਾ ਜਾਂਦਾ ਸੀ ਅਤੇ ਜਿਹੜਾ ਸੰਗਤ ਤੋਂ ਵਧ ਜਾਂਦਾ ਸੀ, ਉਸ ਨੂੰ ਝਾੜ ਬੂਟ 'ਤੇ ਛਿੜਕ ਕੇ ਸਿੱਖੀ ਭਾਵਨਾ ਨੂੰ ਪੰਜਾਬ ਦੀ ਸਾਰੀ ਰੂਹ ਵਿਚ, ਜੰਗਲ ਬੇਲਿਆਂ ਵਿਚ ਆਰੋਪਿਤ ਕੀਤਾ ਜਾ ਰਿਹਾ ਸੀ ਅਤੇ ਜਾਂ ਫਿਰ ਹੁਣ "ਸ੍ਰੀ ਸਤਿਗੁਰੂ ਜੀ ਦੀ ਅਗਵਾਈ ਹੇਠ ਵੀਹ ਵੀਹ ਹਜ਼ਾਰ ਦੀ ਗਿਣਤੀ ਵਿਚ ਇਕੱਠੀ ਹੋਈ ਸੰਗਤ ਨੂੰ ਅੰਮ੍ਰਿਤ ਛਕਾ ਕੇ, ਗੁਰੂ ਕਾ ਮੰਤਰ, ਭਜਨ ਦੱਸਿਆ ਜਾ ਰਿਹਾ ਸੀ। ਇਕ ਇਨਕਲਾਬ ਹੀ ਤੇ ਵਾਪਰ ਰਿਹਾ ਸੀ। ਨਿਮੋਝੀ ਤੇ ਸਾਹ ਸਤ ਹੀਣ ਲੁਕਾਈ ਵਿਚ ਜੀਵਨ ਰੌ ਵਿਧੁੱਤ-ਪ੍ਰਵਾਹ ਜਿਉਂ ਕੰਪਣ ਲੱਗ ਪਈ ਸੀ। ਕੰਮੀ, ਕਿਸਾਨ, ਦਸਤਕਾਰ, ਕਥਿਤ ਨੀਵੀਆਂ ਸ਼੍ਰੇਣੀਆਂ ਦੇ ਹਕੀਕੀ ਤੌਰ 'ਤੇ ਉਚੇਰੇ ਲੋਕ, ਜਾਤੀ ਅਭਿਮਾਨ ਦੀਆਂ ਦੀਵਾਰਾਂ ਨੂੰ ਤੋੜਕੇ, "ਏਕ ਪਿਤਾ ਏਕਸ ਕੇ ਬਾਰਿਕ" ਵਾਲੇ ਮਾਰਗ ਤੇ ਅੱਗੇ ਵਧ ਰਹੇ ਸਨ। ਮਿਹਨਤਕਸ਼ਾਂ ਨੂੰ ਆਪਣੀ ਬੰਦ ਖਲਾਸੀ ਲਈ ਕੂਕਾ ਜੀਵਨ ਆਦਰਸ਼, ਸਮਤਾ ਮੂਲਕ ਸਮਾਜ ਦੀ ਸਿਰਜਣਾ ਦਾ ਹੋਕਾ ਦੇਣ ਵਾਲੇ ਹੋਣ ਕਾਰਨ, ਭਾਰੀ ਖਿੱਚ ਪਾ ਰਹੇ ਸਨ। ਪੂਰਾਂ ਦੇ ਪੂਰ ਇਸ ਸੰਤ ਜਨਾਂ ਦੇ ਬੇੜੇ ਵਿਚ ਸ਼ਾਮਲ ਹੋ ਰਹੇ ਸਨ। ਜਿਹੋ ਜਿਹੀ ਕ੍ਰਾਂਤੀ ਇਸ ਧਰਤੀ ਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਾਦੁਰਭਾਵ ਤੋਂ ਬਾਅਦ ਵਾਪਰੀ ਸੀ, ਗੁਰੂ ਰਾਮ ਸਿੰਘ ਜੀ ਦੀ ਆਮਦ ਉਸੇ ਕ੍ਰਾਂਤੀ ਦੀ ਅਗਲੀ ਕਿਸ਼ਤ ਵਿਚ ਪਰਿਵਰਤਤ ਹੋ ਰਹੀ ਸੀ।

Sri Satguru Jagjit Singh Ji eLibrary NamdhariElibrary@gmail.com

ਕੂਕਾ ਲਹਿਰ ਦੇ ਪ੍ਰਸਫੁਟਤ ਹੋਣ ਤੋਂ ਸਿਰਫ਼ ਛੇ ਸਾਲ ਬਾਅਦ, ਲੂੰਬੜ-ਚਾਲਾਂ ਵਿਚ ਮਾਹਰ ਅਤੇ ਕਾਂ ਦੀ ਅੱਖ ਜਿਹੇ ਤੇਜ਼ ਅੰਗਰੇਜ਼ ਹਾਕਮ ਨੂੰ, ਇਸ ਲਹਿਰ ਵਿਚੋਂ ਸਮਾਨਾਂਤਰ ਸਰਕਾਰ ਦੇ ਝੌਲੇ ਪੈਣ ਲੱਗ ਪਏ ਅਤੇ ਕੂਕੇ ਸਿੰਘਾਂ ਦੇ ਜੈਕਾਰਿਆਂ ਦੇ ਸਿੰਘ-ਨਾਦ ਵਿਚੋਂ, ਉਸਨੂੰ ਆਪਣੀਆਂ ਮ੍ਰਿਤੂ-ਘੰਟੀਆਂ ਖੜਕਦੀਆਂ ਸੁਣਾਈ ਦੇਣ ਲੱਗ ਪਈਆਂ। ਭਾਵੇਂ ਆਗੂ ਗੱਦਾਰ ਹੋ ਚੁੱਕੇ ਸਨ ਪਰ ਅੰਗਰੇਜ਼-ਸਿੱਖ ਜੰਗਾਂ ਵਿੱਚ ਉਸਨੂੰ ਨੱਕੋਂ ਚਨੇ ਚਬਾਉਣ ਵਾਲੇ ਸਾਧਾਰਨ ਸਿੱਖ ਸਿਪਾਹੀਆਂ ਦੀ ਸੂਰਮਗਤੀ ਦੇ ਕਿੱਸੇ ਭੁੱਲੇ ਨਹੀਂ ਸਨ। ਸਿੱਖ ਸੈਨਾ ਆਪਣੇ ਧਰਮ ਨਿਰਪੱਖ ਸਰੂਪ ਲਈ ਵੀ ਜਾਣੀ ਜਾਂਦੀ ਸੀ ਤੇ ਮੈਦਾਨੇ ਜੰਗ ਵਿਚ ਵੈਰੀਆਂ ਦੇ ਗਾਟੇ ਲਾਹੁਣ ਲਈ ਵੀ। "ਕੌਮੀ-ਕਵੀ" ਸ਼ਾਹ ਮੁਹੰਮਦ ਤੋਂ ਵਧੇਰੇ ਸਫ਼ਲਤਾ ਨਾਲ ਇਸ ਸਮੇਂ ਨੂੰ ਕਿਸਨੇ ਚਿਤਰਨਾ ਸੀ–

"ਆਈਆਂ ਪਲਟਣਾਂ ਬੀੜ ਕੇ ਤੋਪਖਾਨੇ,
ਅੱਗਾ ਸਿੰਘਾਂ ਨੇ ਪਾਸੜੇ ਮੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਜਿਨ੍ਹਾਂ ਫ਼ਰੰਗੀ ਦੇ ਤੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ।
'ਸ਼ਾਹ ਮੁਹੰਮਦਾ' ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ਸਿੱਖ-ਪੰਥ ਜਾਂ ਪੰਜਾਬੀ-ਸੈਨਾ ਦੀ ਬਣੀ ਬਣਾਈ ਖੇਡ 'ਸ਼ਾਹ ਮੁਹੰਮਦ' ਨੂੰ "ਇੱਕ ਸਰਕਾਰ ਬਾਝੋਂ" ਵਿਗੜਦੀ ਨਜ਼ਰ ਆ ਰਹੀ ਸੀ। ਪਰ ਹੁਣ ਅੰਗਰੇਜ਼ ਸਰਕਾਰ ਦੀ ਪਰੇਸ਼ਾਨੀ ਦਾ ਕਾਰਨ ਸੀ ਕਿ ਸਿੱਖ ਜਿਹੜੇ ਗੁਰੂ ਰਾਮ ਸਿੰਘ ਨੂੰ 'ਸਤਿਗੁਰੂ – ਸੱਚਾ ਪਾਤਸ਼ਾਹ' ਕਹਿਣ ਲੱਗ ਪਏ ਹਨ, ਹੁਣ ਉਹਨਾਂ ਦਾ 'ਇਕ ਸਰਕਾਰ' ਦਾ ਵਿਗੋਚਾ ਵੀ ਮੁੱਕਣ ਵਾਲਾ ਹੈ ਕਿਉਂਕਿ ਸਤਿਗੁਰੂ ਨੂੰ ਹੀ 'ਸੱਚੀ ਸਰਕਾਰ' ਵਜੋਂ ਮਾਨਤਾ ਲਗਾਤਾਰ ਮਿਲ ਰਹੀ ਹੈ। ਇਸ ਲਈ ਆਪਣੀਆਂ ਸ਼ਾਤਰ ਚਾਲਾਂ ਵਿਚ ਉਹਨਾਂ ਨੇ ਸਿੱਖ ਪੁਰੋਹਿਤ ਵਰਗ ਨੂੰ ਉਲਝਾ ਲਿਆ ਜਿਹੜੇ "ਸਿੱਖ ਤਖ਼ਤਾਂ" ਦੇ ਰਖਵਾਲੇ ਸਨ ਅਤੇ ਅੰਗਰੇਜ਼ਾਂ ਤੋਂ ਲਾਭ ਪ੍ਰਾਪਤ ਸਿੱਖ ਸਾਮੰਤ, ਭੂਮੀਪਤੀ ਤਬਕਾ ਅਤੇ ਸ਼ਾਹੂਕਾਰ ਵਗੈਰਾ ਜਿਹਨਾਂ ਨੂੰ ਇਨਾਮਾਂ ਸਨਮਾਨਾਂ ਨਾਲ ਲੁਭਾਇਆ ਗਿਆ ਸੀ, ਕੂਕਿਆਂ ਦੇ ਵਿਰੁੱਧ ਅੰਗਰੇਜ਼ ਸਰਕਾਰ ਦੀ ਹਾਂ ਵਿਚ ਹਾਂ ਮਿਲਾਉਣ ਲੱਗ ਪਏ। ਇਉਂ ਕੀਤਾ ਗਿਆ ਕੂਕਿਆਂ ਦਾ ਸਿੱਖ ਮੁੱਖ-ਧਾਰਾ ਤੋਂ ਤੋੜ ਵਿਛੋੜਾ ਅਤੇ ਛੱਡ ਦਿੱਤਾ ਗਿਆ ਉਹਨਾਂ ਨੂੰ ਆਪਣਿਆਂ ਅਤੇ ਬੇਗਾਨਿਆਂ ਦੇ ਸੰਮਿਲਤ ਪ੍ਰਹਾਰਾਂ ਦਾ ਜੁਆਬ ਦੇਣ ਲਈ, ਬੇਸਰੋ ਸਾਮਾਨੀ ਦੀ ਹਾਲਤ ਵਿਚ – ਆਪਣੇ ਹਾਲ ਵਿਚ ਮਸਤ। ਦੁਸ਼ਮਣ ਨੇ ਤੁਹਾਡੇ ਜਿਉਂਦੇ ਰਹਿਣ ਦੇ ਸਾਰੇ ਰਸਤੇ ਬੰਦ ਕਰਕੇ ਰੋਟੀ ਰੋਜ਼ੀ ਦੇ ਵੀ ਸਾਰੇ ਵਸੀਲੇ ਖੋਹ ਲਏ ਹਨ, ਜੇ ਬਚ ਜਾਉ ਤਾਂ ਤੁਹਾਡੀ ਤਕਦੀਰ। ਇਹ ਉਹ ਵਕਤ ਸੀ, ਜਦੋਂ ਫਾਂਸੀਆਂ, ਤੋਪਾਂ, ਕਾਲੇ ਪਾਣੀਆਂ ਦੀਆਂ ਕੈਦਾਂ, ਜਲਾਵਤਨੀਆਂ ਅਤੇ ਜਾਇਦਾਦ ਜ਼ਬਤੀਆਂ ਦਾ ਮੁਕਾਬਲਾ ਕਰਨ ਬਾਅਦ ਕੂਕਾ ਆਪਣੇ ਘਰ ਵਿਚ ਹੀ ਕੈਦ ਸੀ। ਆਪਣੇ ਦੇਸ ਵਿਚ ਹੀ ਪਰਦੇਸੀਆਂ ਤੋਂ ਵੀ ਬਦਹਾਲੀ ਵਾਲਾ ਜੀਵਨ ਹੰਢਾ ਰਿਹਾ ਸੀ। ਪਰ ਉਸ ਨੇ ਆਪਣਾ ਦੁਖ ਲਬਾਂ 'ਤੇ ਨਹੀਂ ਆਉਣ ਦਿੱਤਾ। ਉਹਨੂੰ ਗੁੜ੍ਹਤੀ ਹੀ ਇਹ ਸੀ – "ਘੁੱਟ ਵੱਟ ਕੇ ਦੁੱਖੜਾ ਪੀਵਣਾ ਵੀ।" ਜਦੋਂ ਪੱਤਾ ਪੱਤਾ ਉਸਦਾ ਵੈਰੀ ਸੀ ਤਾਂ ਆਪਣਾ ਦੁੱਖ ਉਹ ਸੁਣਾਉਂਦਾ ਵੀ ਤਾਂ ਕਿਹਨੂੰ? ਆਪਣੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲੇ ਹਮਸਾਇਆਂ ਨੂੰ ਜਾਂ ਬਦੇਸ਼ੀ ਹਾਕਮ ਨੂੰ ਜਿਸਦੀਆਂ ਸਾਰੀਆਂ ਸਖ਼ਤੀਆਂ, ਪਾਬੰਦੀਆਂ, ਰੋਕਾਂ, ਕਠੋਰ ਸਜ਼ਾਵਾਂ ਉਸ ਦੇ ਅੰਦਰਲੀ ਕੂਕਾ ਕਾਰ ਦੀ ਚਿਣਗ ਨੂੰ ਬੁਝਾ ਨਾ ਸਕੀਆਂ। ਨਾਮਧਾਰੀ ਕਲਮਕਾਰ ਸੰਤ ਇੰਦਰ ਸਿੰਘ ਚੱਕਰਵਰਤੀ ਕੂਕਿਆਂ ਦੇ ਉਹਨਾਂ ਵੇਲਿਆਂ ਦਾ ਵਰਣਨ ਹੇਠਲੇ ਉਰਦੂ ਸ਼ੇਅਰਾਂ ਨਾਲ ਕਰਿਆ ਕਰਦੇ ਸਨ –

Sri Satguru Jagjit Singh Ji eLibrary NamdhariElibrary@gmail.com

"ਨਾ ਤੜਪਨੇ ਕੀ ਇਜਾਜਤ ਹੈ ਨਾ ਫਰਿਆਦ ਕੀ,
ਦਮ ਘੁਟ ਕੇ ਮਰ ਜਾਉਂ ਯੇਹ ਮਰਜੀ ਹੈ ਮੇਰੇ ਸੱਯਾਦ ਕੀ।"

ਸਤਿਗੁਰੂ ਰਾਮ ਸਿੰਘ ਜੀ ਨੇ ਨਜ਼ਰਬੰਦੀ ਦੀ ਹਾਲਤ ਵਿਚ ਵੀ, ਪੰਜਾਬ ਵਿਚਲੇ ਆਪਣੇ ਚੇਲੇ-ਪਰਾਣਾਂ ਨਾਲ, ਕਾਗਜ਼ ਕਲਮ ਦੁਆਰਾ ਸੰਪਰਕ ਬਣਾਈ ਰੱਖਿਆ।1857 ਦੇ ਸੈਨਿਕ ਵਿਦਰੋਹ ਤੋਂ ਬਾਅਦ ਰੇਵਾੜੀ (ਤਦੋਂਕਾ ਪੰਜਾਬ ਤੇ ਅਜੋਕਾ ਹਰਿਆਣਾ) ਦਾ ਸ਼ਾਸਕ ਰਾਓ ਤੁੱਲਾ ਰਾਮ ਜੋ 1863 ਈ. ਵਿਚ ਕਾਬਲ ਵਿਚ ਭਰ ਜੁਆਨੀ ਵਿਚ ਚੱਲ ਵਸਿਆ ਸੀ, ਰੂਸੀ ਜ਼ਾਰ ਤੱਕ ਉਸ ਵੀ ਆਪਣੀ ਮੱਦਦ ਦੀ ਗੁਹਾਰ ਪੁਚਾਈ ਸੀ। ਹੋਰ ਵੀ ਬਹੁਤ ਸਾਰੇ ਦੇਸ਼ ਭਗਤ ਰੂਸੀ ਹਾਕਮਾਂ ਵੱਲ ਦੋਸਤੀ ਦਾ ਹੱਥ ਵਧਾਉਂਦੇ ਸਨ, ਫਰੰਗੀ ਸਰਕਾਰ ਦੀਆਂ ਜੜ੍ਹਾਂ 'ਤੇ ਆਰੀ ਫੇਰਨ ਲਈ। ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਕੂਕਿਆਂ ਨੇ ਵੀ ਰੂਸ, ਅਫ਼ਗਾਨਿਸਤਾਨ, ਨੇਪਾਲ ਆਦਿ ਗੁਆਂਢੀ ਦੇਸ਼ਾਂ ਤੋਂ ਸੈਨਿਕ ਮੱਦਦ ਦੀ ਆਸ ਲਾਈ ਸੀ। ਸਤਿਗੁਰੂ ਜੀ ਦੇ ਹੁਕਮਨਾਮੇ ਇਹਨਾਂ ਸਿਆਸੀ ਗਿਣਤੀਆਂ ਮਿਣਤੀਆਂ ਵਿਚ ਵੀ ਭਰਪੂਰ ਹਨ। ਦੇਸ਼ ਦੇ ਆਮ ਹਾਲਾਤ ਨਾਲ ਪਰਿਚਿਤ ਰਹਿਣ ਦਾ ਬਹਾਨਾ ਮਾਤਰ ਵੀ ਹਨ। ਪਰ ਸਿੱਖ ਅਤੇ ਸਤਿਗੁਰੂ ਦੇ ਰਿਸ਼ਤੇ ਦੀ ਮੂੰਹ ਬੋਲਦੀ ਤਸਵੀਰ ਵੀ ਹਨ। ਦੁਵੱਲੀ ਪ੍ਰੇਮ ਦੇ ਸੂਚਕ ਹਨ ਇਹ ਬ੍ਰਿਹੋਂ ਕੁੱਠੇ ਦਿਲਾਂ ਦੀਆਂ ਦਰਦ ਵਿਛੁੰਨੀਆਂ ਬਾਤਾਂ। ਸਿੱਖਾਂ ਨੂੰ ਝੋਰਾ ਹੈ ਕਿ ਪਹਿਲਾ ਜੀਵਨ ਸਤਿਗੁਰੂ ਤੋਂ ਬਾਝ ਜਿਹੜਾ ਬੀਤ ਗਿਆ ਸੀ, ਨਾ ਬੀਤਦਾ ਤਾਂ ਚੰਗਾ ਸੀ। ਇਹੋ ਝੋਰਾ ਪੰਜਾਬਣ ਕੁੜੀ ਹੀਰ ਨੂੰ ਸੀ, ਮੁੱਢਲੇ ਕਿੱਸਾਕਾਰ ਦਮੋਦਰ ਦੇ ਸ਼ਬਦਾਂ ਵਿਚ -

"ਜੋ ਦਿਨ ਰਾਂਝਣ ਬਾਝੋਂ ਗੁਜ਼ਰੇ, ਮੈਨੂੰ ਪੱਛੋਤਾਉ ਤਿਨ੍ਹਾਂ ਦਾ।"

ਸਾਰੇ ਸੰਸਾਰ ਦੇ ਹਿਜਰ-ਵਿਛੁੰਨੇ ਤੇ ਦਰਦ-ਰੰਞਾਣੇ ਲੋਕ ਇਕੋ ਹੀ ਭਾਸ਼ਾ ਬੋਲਦੇ ਤੇ ਸਮਝਦੇ ਹਨ। ਕੂਕੇ ਵੀ ਭਾਵੇਂ ਜਾਣੂ ਸਨ ਇਸ ਭਾਸ਼ਾ ਦੇ। ਇਸੇ ਲਈ ਤਾਂ ਉਹ ਸਿਰ 'ਤੇ ਖੱਫਣ ਬੰਨ੍ਹ ਕੇ ਕੰਡਲੇ ਦੇ ਰੱਕੜ ਵਿਚ ਜੂਝੇ ਸਨ, ਫੀਤਾ ਫੀਤਾ ਹੋ ਗਏ ਪਰ ਕੌਮੀ ਅਣਖ ਨੂੰ ਜਰਬ ਨਹੀਂ ਆਉਣ ਦਿੱਤੀ। ਆਪਣੇ ਸਤਿਗੁਰੂ ਦਾ ਦਰਸ਼ਨ ਵੀ ਓਪਰੀ ਧਰਤੀ 'ਤੇ, ਸਾਗਰਾਂ ਦੀ ਹਿੱਕੜੀ ਚੀਰਨ ਬਾਅਦ ਉਹਨਾਂ ਨੂੰ ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾਉਣ ਉਪਰੰਤ ਹੀ ਨਸੀਬ ਹੁੰਦਾ ਸੀ। ਪੰਜਾਬ ਦੇ ਆਸ਼ਕ ਸਾਦਕ ਤੇ ਸਿਰੜੀ ਸੂਰਮੇ ਜਿਹੜੀ ਕੁਠਾਲੀ ਵਿਚ ਘੜੇ ਗਏ ਸਨ, ਕੂਕਿਆਂ ਦੀ ਸਿਰਜਣਾ ਵੀ ਇਹਨਾਂ ਜਬਰ ਜ਼ੁਲਮਾਂ ਵਾਲੀ ਕੁਠਾਲੀ ਵਿਚ ਹੋਈ। ਆਪਣੇ ਸਤਿਗੁਰੂ ਦੇ ਵਿਛੋੜੇ ਨੇ ਉਹਨਾਂ ਨੂੰ ਦਮੋਦਰ ਕਵੀ ਦੇ ਇਹਨਾਂ ਸ਼ਬਦਾਂ ਵਿਚ ਫਿਰ ਰੂਪਮਾਨ ਕਰ ਦਿੱਤਾ -

"ਦੁੱਸੋ ਚਿਣਗਾਂ ਅੰਬਰ ਗਈਆਂ, ਤਾਰੇ ਬਣੇ ਤਦਾਹੀਂ
ਅੰਬਰ ਕਾਲਾ ਇਤ ਬਿਧ ਹੋਇਆ, ਅਸਾਂ ਦਰਦਮੰਦਾਂ ਦੀਆਂ ਆਹੀਂ।"

ਸਤਿਗੁਰੂ ਜੀ ਦੇ ਹੁਕਮਨਾਮੇ ਨਾ ਸਿਰਫ਼ ਇਤਿਹਾਸਕ ਤੱਥਾਂ ਨਾਲ ਭਰਪੂਰ, ਸਮਾਜਿਕ ਪਰਿਵੇਸ਼ ਨਾਲ ਸੰਵਾਦ ਰਚਾਉਣ ਵਾਲੇ, ਆਪਣੀਆਂ ਨਿਜੀ ਛੋਹਾਂ ਨਾਲ ਇਕ ਇਕ ਸਿੱਖ ਨੂੰ ਉਦੇਲਿਤ ਕਰਨ ਵਾਲੇ ਹਨ। ਪੁਰਾਤਨ ਤੇ ਆਧੁਨਿਕ ਪੰਜਾਬੀ ਵਾਰਤਕ ਵਿਚਾਲੇ ਇਕ ਪੁਲ ਵੀ ਹਨ। ਇਹਨਾਂ ਦੀ ਸਾਹਿਤਕ ਦੇਣ ਲਾਜਵਾਬ ਹੈ।

ਹੁਕਮਨਾਮਿਆਂ ਤੋਂ ਬਾਅਦ ਦੂਜੀ ਮਹੱਤਵਪੂਰਨ ਰਚਨਾ ਭਾਈ ਸੰਤੋਖ ਸਿੰਘ ਬਾਹੋਵਾਲ ਕ੍ਰਿਤ "ਸਤਿਗੁਰੂ ਬਿਲਾਸ" ਹੈ ਜੋ ਆਪਣੇ ਰਚਨਾ ਕਾਲ ਤੋਂ ਕਰੀਬ ਇਕ ਸਦੀ ਬਾਅਦ ਛਾਪੇ ਦੇ ਜਾਮੇ ਵਿਚ ਦੋ ਜਿਲਦਾਂ ਵਿਚ ਸੁਸ਼ੋਭਿਤਮਾਨ ਹੋਈ। ਭਾਈ ਜੀ ਦੀ ਸ਼ੈਲੀ ਵੀ ਨਿਰੋਲ ਆਪਣੀ ਹੈ। ਨਾਮਧਾਰੀ ਇਤਿਹਾਸ ਦੀ ਇਹ ਬੇਸ਼ਕੀਮਤੀ ਨਿਧੀ ਹੈ। ਉਸ ਸਮੇਂ ਦੇ ਪੰਜਾਬ ਦੇ ਜਨ ਜੀਵਨ ਦਾ ਵੀ ਚਿਤਰਣ ਹੈ। ਇਕ ਸ਼ਰਧਾਵਾਨ ਸਿੱਖ ਦਾ ਹਕੀਕਤ ਦੇ ਬਹੁਤ ਨੇੜੇ ਹੋ ਕੇ ਕੀਤਾ ਵਰਣਨ ਹੈ। ਫਾਂਸੀ ਲੱਗਣ ਵੇਲੇ, ਤੋਪਾਂ ਅੱਗੇ ਉਡਣ ਵੇਲੇ ਅਤੇ ਪਰਦੇਸ ਨੂੰ ਚਾਲੇ ਪਾਉਣ ਵੇਲੇ ਸਿੱਖਾਂ ਦੀ ਮਨੋਦਸ਼ਾ ਅਤੇ ਚੜ੍ਹਦੀ ਕਲਾ ਦਾ ਵਰਣਨ ਹੈ। ਗੁਰੂ ਹਰੀ ਸਿੰਘ ਜੀ ਦੇ ਚੌਤੀ ਸਾਲਾਂ ਦੇ ਅਤਿ ਕਠਿਨ ਸਮੇਂ ਦੀ ਔਕੜਾਂ ਵਿਚ ਭਿਜ ਕੇ ਲਿਖੀ ਗਈ ਗੁਰ ਗਾਥਾ ਹੈ। ਛੰਦਾਬੰਦੀ ਵਿਚ ਭਾਈ ਧਿਆਨ ਸਿੰਘ ਭਾਦਰਾਬਾਦੀ ਦਾ 'ਸਤਿਗੁਰੂ ਬਿਲਾਸ' ਭਾਵੇਂ ਬ੍ਰਿਜ ਭਾਸ਼ਾ ਵਿਚ ਹੈ ਪਰ ਕੂਕਾ ਜੀਵਨ ਮੁੱਲਾਂ ਨਾਲ ਓਤਪੋਤ ਹੋਣ ਕਾਰਨ ਕੂਕਿਆਂ ਦੀ

Sri Satguru Jagjit Singh Ji eLibrary NamdhariElibrary@gmail.com

ਵਿਲੱਖਣ ਹਸਤੀ ਦੀ ਪਹਿਚਾਣ ਸਥਾਪਿਤ ਕਰਨ ਵਾਲਾ ਦਸਤਾਵੇਜ਼ ਹੈ। ਇਸ ਦੀਆਂ ਬਹੁਤ ਸਾਰੀਆਂ ਤੁਕਾਂ ਨਾਮਧਾਰੀ ਦੀਵਾਨਾਂ ਦੀ ਸ਼ਾਨ ਬਣਦੀਆਂ ਆ ਰਹੀਆਂ ਹਨ। ਬਾਰਾਂ ਮਾਂਹ ਭਾਈ ਚੰਦਾ ਸਿੰਘ ਝੱਬਰਾਂ ਵਾਲੇ ਦਾ ਆਪਣੀ ਸੂਖਮ ਰਾਜਨੀਤਕ ਵੱਥ ਕਾਰਨ, ਕੂਕਾ-ਰੂਸ ਸਬੰਧਾਂ ਨੂੰ ਸੰਕੇਤਕ ਭਾਸ਼ਾ ਵਿਚ ਬਿਆਨ ਕਰਨ ਸਦਕਾ, ਸ਼ਾਇਦ ਅੰਗਰੇਜ਼ ਸਰਕਾਰ ਦੁਆਰਾ ਦੇਸ਼ ਭਗਤੀ ਦੇ ਦੋਸ਼ ਹੇਠ ਜ਼ਬਤ ਹੋਣ ਵਾਲੀ, ਉਨ੍ਹੀਵੀਂ ਸਦੀ ਦੀ ਪਹਿਲੀ ਪੰਜਾਬੀ ਕਾਵਿ ਰਚਨਾ ਹੋਵੇ। ਚੰਦਾ ਸਿੰਘ ਦੇ ਦਰਦ ਵਿਛੋੜੇ ਦਾ ਧੂੰਆਂ ਵੀ ਸੂਫ਼ੀ ਕਵੀ ਸ਼ਾਹ ਹੁਸੈਨ ਤੋਂ ਘੱਟ ਨਹੀਂ ਧੁਖਿਆ ਅਤੇ ਪੰਜਾਬੀ ਜਨ ਜੀਵਨ ਦੇ ਬਿਆਨ ਵਿਚ ਉਹ ਬੁੱਲ੍ਹੇ ਸ਼ਾਹ ਦੇ ਨੇੜੇ ਹੈ, ਵਿਭਿੰਨ ਮੌਸਮਾਂ ਦੇ ਰੰਗ ਉਸ ਗੁਰੂ ਗੋਬਿੰਦ ਸਿੰਘ ਦਾ ਬਾਰਾਂ ਮਾਂਹ ਲਿਖਣ ਵਾਲੇ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਦੇ ਕਵੀ ਬੀਰ ਸਿੰਘ ਜਿਉਂ ਹੀ ਚਿਤਰੇ ਹਨ। ਇਕ ਹੋਰ ਨਾਮਧਾਰੀ ਕਵੀ ਸੰਤ ਨਿਹਾਲ ਸਿੰਘ ਜੋ ਚੰਦਾ ਸਿੰਘ ਹੋਰਾਂ ਦਾ ਸਮਕਾਲੀ ਜਾਪਦਾ ਹੈ, ਉਸਦਾ ਬਾਰਾਂਮਾਂਹ ਗੁਰੂ ਤੋਂ ਵਿਛੜੇ ਸਿੱਖਾਂ ਦੇ ਦੁੱਖ ਦਰਦ ਨੂੰ "ਜਿਗਰ ਵਿਚਲੇ ਫੋੜੇ" ਨਾਲ ਤੁਲਨਾਉਂਦਾ ਹੈ ਅਤੇ ਤਰਜ਼ੇ ਬਿਆਨ ਦੀ ਅਮੀਰੀ ਨੇ ਬਿਨਾ ਕਿਸੇ ਅਹੋਤਰ ਪਿਛੋਤਰ ਪਿੰਡ ਇਲਾਕੇ ਦੀ ਜਾਣਕਾਰੀ ਦੇ 'ਗੁੰਮਨਾਮ' ਨਿਹਾਲ ਸਿੰਘ ਨੂੰ ਕੂਕਾ ਸਾਹਿਤ ਦਾ ਅਮਰ ਲੇਖਕ ਬਣਾ ਦਿੱਤਾ ਹੈ। ਰਾਮ-ਵਿਓਗੀਆਂ ਦੇ ਬਾਰਾਂ ਮਾਂਹ ਲਿਖਣ ਵਾਲੀ ਇਸੇ ਪਰੰਪਰਾ ਵਿਚ ਵਰਤਮਾਨ ਸਤਿਗੁਰੂ ਜੀ ਦੇ ਮਾਮਾ ਜੀ, ਸੂਬਾ ਮੀਹਾਂ ਸਿੰਘ ਗੁਰੂ-ਸਰ, ਸੰਤ ਤੇਜਾ ਸਿੰਘ ਸੇਖਲ (ਜਗਜੀਤ ਨਗਰ-ਸਿਰਸਾ) ਅਤੇ ਸੰਤ ਇਕਬਾਲ ਸਿੰਘ ਮਨਚੰਦਾ (ਥਾਈਲੈਂਡ) ਆਦਿਕ ਹੋਰ ਨਾਮ ਵੀ ਉਪਲਬਧ ਹਨ।

ਗੁਰੂ ਹਰੀ ਸਿੰਘ ਜੀ ਦੇ ਵੇਲੇ ਦਾ ਹੀ ਕਵੀ ਕਾਲ੍ਹਾ ਸਿੰਘ ਨੌਂਗਲ ਵੀ ਵੱਡਾ ਸਾਹਿਤਕਾਰ ਹੈ, ਜਿਸ ਦੀ ਅਤੀ ਮਹੱਤਵਪੂਰਨ ਰਚਨਾ "ਸਿੱਖਾਂ ਨਾਮਧਾਰੀਆਂ ਦਾ ਪੰਥ ਪਰਕਾਸ਼" ਸਾਡੇ ਦ੍ਰਿਸ਼ਟੀਗੋਚਰ ਨਹੀਂ ਹੋਈ। ਉਸ ਦੇ ਪਾਸ ਮਲੇਰਕੋਟਲੇ ਸਾਕੇ ਦੀ ਵੀਰਾਂਗਣਾ ਮਾਈ ਇੰਦ ਕੌਰ ਪੁੱਜਦੀ ਹੈ ਤੇ ਕਵੀ ਦੇ ਅੰਦਰ ਸੁੱਤੀ ਸੁਰਸਤੀ ਜਾਗ ਉੱਠਦੀ ਹੈ। ਸਤਿਗੁਰੂ ਤੋਂ ਬਿਨਾਂ ਉਸਨੂੰ ਵੀ ਚਾਰੇ ਪਾਸੇ ਹਨੇਰਾ ਨਜ਼ਰ ਆਉਂਦਾ ਸੀ। ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦਾਂ, ਪ੍ਰਦੇਸ ਜਾ ਕੇ ਗੁਰੂ ਦਰਸ਼ਨ ਕਰਨ ਵਾਲੇ ਨਾਮਧਾਰੀ ਸਿੱਖਾਂ ਦੇ ਅਤੇ-ਪਤੇ ਕਾਲਾ ਸਿੰਘ ਹੋਰਾਂ ਦੇ ਪੁਰਸ਼ਾਰਥ ਕਰਕੇ ਸਾਡੇ ਤੱਕ ਪੁੱਜਦੇ ਹਨ। ਉਸਨੇ ਆਪਣੇ ਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਨੂੰ ਵੀ ਕੂਕਾ ਇਤਿਹਾਸ ਦੀ ਚੇਟਕ ਲਾਈ ਅਤੇ ਕੂਕਿਆਂ ਨਾਲ ਸਬੰਧਿਤ ਬਹੁਤ ਸਾਰਾ ਲੋਕਗੀਤਾਂ ਦੇ ਰੂਪ ਵਿਚ ਲੋਕ ਸਾਹਿਤ ਹਿਸਟੋਰੀਅਨ ਦੀ ਬਰਕਤ ਸਦਕਾ ਸੁਰੱਖਿਅਤ ਹੋਇਆ ਹੈ। ਅਸੀਂ ਉਸਨੂੰ ਕੂਕਿਆਂ ਦਾ ਦਵਿੰਦਰ ਸਤਿਆਰਥੀ ਵੀ ਕਹਿ ਸਕਦੇ ਹਾਂ। ਉਹ ਕਵੀ ਅਤੇ ਵਾਰਤਕ ਲੇਖਕ ਵੀ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਰੋਸਾਏ ਨਾਮਧਾਰੀ ਸਾਹਿਤਕਾਰਾਂ ਦੀ ਇਕ ਭਰੀ ਪੂਰੀ ਪੀੜ੍ਹੀ ਬੇਸ਼ਕ ਮਿਲਦੀ ਹੈ, ਜਿਸ ਵਿਚ ਅਨੇਕਾਂ ਕਵੀ ਅਤੇ ਲੇਖਕ ਸੱਜਣ ਹਨ, ਪਰ ਦੋ ਨਾਂ ਬਹੁਤ ਉੱਭਰਵੇਂ ਹਨ – ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ। ਦੋਵੇਂ ਨਾਮਧਾਰੀ ਦਰਬਾਰ ਦੇ ਸੰਗਠਨ ਕਰਤਾ, ਦੋਵੇਂ ਸੁਤੰਤਰਤਾ ਸੈਨਾਨੀ, ਦੋਵੇਂ ਸਮੇਂ ਸਮੇਂ ਨਾਮਧਾਰੀ ਪੰਥ ਦੇ ਬੁਲਾਰਾ ਪਰਚਿਆਂ 'ਕੂਕਾ' (ਰੋਜ਼ਾਨਾ ਲਹੌਰ ਤੋਂ ਛਪਣ ਵਾਲਾ) ਅਤੇ 'ਸਤਿਜੁਗ' (ਸਪਤਾਹਿਕ ਲੰਮਾ ਸਮਾਂ ਸ੍ਰੀ ਭੈਣੀ ਸਾਹਿਬ ਤੋਂ ਛਪਣ ਵਾਲੇ) ਦੇ ਸੰਪਾਦਕ, ਸਾਹਿਤ ਦੀਆਂ ਵਿਭਿੰਨ ਵਿਧਾਵਾਂ ਤੇ ਹੱਥ ਅਜ਼ਮਾਈ ਕਰਨ ਵਾਲੇ, ਦੋਵੇਂ ਬੇਗਰਜ਼ ਦੇਸ਼ ਸੇਵਕ ਅਤੇ ਅਣਖੀਲੇ ਕੌਮ ਦਰਦੀ, ਦੋਵੇਂ ਕੂਕਿਆਂ ਦੇ ਵਿਰੋਧੀ 'ਆਪਣਿਆਂ' ਤੋਂ ਡਾਂਗਾਂ ਖਾਣ ਵਾਲੇ, ਦੋਵੇਂ ਇਤਿਹਾਸ ਪੁਰਖ। ਜੇ ਸਾਹਿਤਕ ਰਚਨਾਵਾਂ ਦੇ ਆਧਾਰ 'ਤੇ ਨਾਮਧਾਰੀ ਪੰਜਾਬੀ ਸਾਹਿਤ ਦੀ ਕਾਲਵੰਡ ਕਰਨੀ ਹੋਵੇ ਤਾਂ ਉਨ੍ਹੀਵੀਂ ਸਦੀ ਜਿੱਥੇ ਹੁਕਮਨਾਮਿਆਂ ਅਤੇ 'ਬਾਹੋਵਾਲ' ਕਾਲ ਦੇ ਤੌਰ ਤੇ ਜਾਣੀ ਜਾਵੇਗੀ, ਵੀਹਵੀਂ ਸਦੀ ਦਾ ਪਹਿਲਾ ਅੱਧ ਨਿਸਚੇ ਹੀ "ਆਲਿਮ-ਚੱਕਰਵਰਤੀ" ਕਾਲ ਦੇ ਤੌਰ ਤੇ ਜਾਣਿਆ ਜਾਏਗਾ। ਵੀਹਵੀਂ ਸਦੀ ਦੇ ਮਗਰਲੇ ਅੱਧ ਦੇ ਦੋ ਹਿੱਸੇ ਕਰ ਦੇਈਏ ਤਾਂ ਪਹਿਲਾ ਹਿੱਸਾ "ਸੰਤ ਤਰਨ ਸਿੰਘ ਵਹਿਮੀ ਕਾਲ ਹੈ ਅਤੇ ਅੰਤਿਮ ਭਾਗ "ਪ੍ਰੀਤਮ ਸਿੰਘ ਕਵੀ" ਕਾਲ ਹੈ। ਵਹਿਮੀ ਜੀ ਦਾ ਕੰਮ ਉਥੋਂ ਸ਼ੁਰੂ ਹੁੰਦਾ ਹੈ ਜਿੱਥੋਂ ਬਾਹੋਵਾਲ ਜੀ ਦਾ ਸਮਾਪਤ ਹੁੰਦਾ ਹੈ। ਛੇ ਹਿੱਸਿਆਂ ਵਿਚ ਪੁਸਤਕ 'ਜੋਸ਼-ਜੀਵਨ" ਦੇ ਪਰਕਾਸ਼ਨ ਨੇ ਪੰਜਾਬੀ

Sri Satguru Jagjit Singh Ji eLibrary NamdhariElibrary@gmail.com

ਵਾਰਤਕ ਵਿਚ ਸੰਤ ਵਹਿਮੀ ਦਾ ਸਥਾਨ ਸੁਨਿਸ਼ਚਿਤ ਕਰ ਦਿੱਤਾ ਸੀ। ਇਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਦਾ ਮਹਾਂਬਿਰਤਾਂਤ ਵੀ ਹੈ। ਬਹੁਤ ਸਾਰੇ ਨਾਮਧਾਰੀ ਪਰਿਵਾਰਾਂ ਦੇ ਅਤੇ-ਪਤੇ ਵੀ ਇਸ ਵਿਚੋਂ ਉਪਲਬਧ ਹੁੰਦੇ ਹਨ। ਸਮਕਾਲੀ ਸਮਾਜਿਕ ਤੇ ਰਾਜਨੈਤਿਕ ਘਟਨਾਵਾਂ ਦਾ ਚਿਤਰਣ ਵੀ ਹੈ ਤੇ ਆਰਥਿਕ ਸੰਬੰਧ ਵਿਭਿੰਨ ਵਰਗਾਂ ਦੇ ਵੀ ਇਸ ਵਿਚੋਂ ਲੱਭੇ ਜਾ ਸਕਦੇ ਹਨ। ਤਰਨ ਸਿੰਘ ਵਹਿਮੀ ਨੂੰ ਨਾਮਧਾਰੀਆਂ ਦਾ 'ਵੇਦ ਵਿਆਸ' ਕਿਹਾ ਜਾ ਸਕਦਾ ਹੈ।

ਪ੍ਰੀਤਮ ਸਿੰਘ ਕਵੀ ਮੂਲ ਰੂਪ ਵਿਚ ਰਾਜਨੈਤਿਕ ਕਾਰਜ ਕਰਤਾ ਸਨ, ਜਿਹਨਾਂ ਨੇ ਮਾਰਕਸਵਾਦ-ਲੈਨਿਨਵਾਦ ਦੇ ਪ੍ਰਭਾਵ ਤਹਿਤ ਭਾਰਤੀ ਕਮਿਊਨਿਸਟ ਪਾਰਟੀ ਨਾਲ ਪੀਡਾ ਨਾਤਾ ਵੀ ਗੰਢਿਆ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾ ਹੋਣ ਕਾਰਨ ਉਹਨਾਂ ਨਾਲ ਵੀ ਤਾਉਮਰ ਪਿਆਰ ਅਤੇ ਸ਼ਰਧਾ ਦਾ ਸਬੰਧ ਕਾਇਮ ਰੱਖਿਆ। ਸਤਿਗੁਰੂ ਜੀ ਨੇ ਵੀ ਕਵੀ ਜੀ ਦੇ ਨਾਲ ਆਪਣੀ ਮੁਹੱਬਤ ਦੇ ਰਾਹ ਵਿਚ ਉਹਨਾਂ ਦੇ ਵਿਚਾਰਾਂ ਨੂੰ ਨਹੀਂ ਰੜਕਣ ਦਿੱਤਾ। ਵਿਪਰੀਤ ਵਿਚਾਰਧਾਰਾ ਦੇ ਵਿਅਕਤੀਆਂ ਨਾਲ ਵੀ ਸਹਿਜ ਪਰਵਿਰਤੀ ਵਿਚ ਵਿਚਰਨਾ ਸਤਿਗੁਰੂ ਜੀ ਦੇ ਵਿਅੱਕਤੀਤਵ ਦਾ ਭਾਗ ਬਣ ਚੁੱਕਾ ਹੈ। ਕਵੀ ਜੀ ਦੁਆਰਾ ਲਿਖਤ ਪੁਸਤਕ "ਬੀਤੇ ਦੀਆਂ ਪੈੜਾਂ" ਦੇ 14 ਭਾਗ ਛਪ ਚੁੱਕੇ ਹਨ ਅਤੇ ਛੇ ਕੁ ਜਿਲਦਾਂ ਹੋਰ ਛਪਣ ਵਾਲੀਆਂ ਹਨ। ਭਾਵੇਂ ਉਹਨਾਂ ਦਾ ਇਹ ਰੋਜ਼ਨਾਮਚਾ 1957 ਈ. ਤੋਂ ਸ਼ੁਰੂ ਹੋ ਕੇ ਕੁਝ ਕੁ ਵਰ੍ਹੇ ਛੱਡ ਕੇ, 1993 ਈ. ਤੱਕ ਚਲਦਾ ਹੈ। ਇਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਲ ਸਬੰਧਿਤ ਜੀਵਨ ਸਮਾਚਾਰ, ਉਹਨਾਂ ਦੇ ਦੈਨਿਕ ਕਿਰਿਆ ਕਲਾਪਾਂ ਦਾ ਵਰਣਨ ਜਾਂ ਸੰਗਤ ਵਿਚ ਆਉਣ ਵਾਲੇ ਸਿੱਖਾਂ/ਹੋਰ ਵਿਅਕਤੀਆਂ ਬਾਰੇ ਵੇਰਵੇ ਦਰਜ ਹਨ। ਵਿਦੇਸ਼ ਯਾਤਰਾਵਾਂ ਵੀ ਹਨ। ਸੰਗੀਤ ਸੰਮੇਲਨ, ਸਾਹਿਤਕ ਕਾਨਫਰੰਸਾਂ ਦੀਆਂ ਰੀਪੋਰਟਾਂ, ਹੋਲੇ ਮੇਲਿਆ ਦਾ ਵਰਣਨ ਵੀ। ਪ੍ਰੋ. ਪ੍ਰੀਤਮ ਸਿੰਘ ਜੀ ਪਟਿਆਲਾ ਮੁਤਾਬਿਕ, ਸੂਫ਼ੀ ਫ਼ਕੀਰਾਂ ਦੇ ਰੋਜ਼ਾਨਾ ਜੀਵਨ ਸਮਾਚਾਰ ਲਿਖਣ ਵਾਲਿਆ ਦੀ ਤਰਜ਼ ਤੇ ਇਹ ਨਿਵੇਕਲੀ ਵਿਧਾ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਪ੍ਰੀਤਮ ਸਿੰਘ ਕਵੀ ਹੋਰਾਂ ਦਾ ਵਡਮੁੱਲਾ ਯੋਗਦਾਨ ਹੈ। ਚੱਕਰਵਰਤੀ ਜੀ ਜਿਉਂ ਪ੍ਰੀਤਮ ਸਿੰਘ ਕਵੀ ਨੇ ਵੀ ਨਾਮਧਾਰੀਆਂ ਦੀ ਨਵੀਂ ਪਨੀਰੀ ਵਿਚੋਂ ਪੂਰਾਂ ਦੇ ਪੂਰ ਲਿਖਣ ਪੜ੍ਹਨ ਵਾਲੇ ਪਾਸੇ ਲਾ ਕੇ ਲਹਿਰ ਦਾ ਸਾਹਿਤਕ ਪਛੜੇਵਾਂ ਦੂਰ ਕਰਨ ਵਿਚ ਇਤਿਹਾਸਕ ਯੋਗਦਾਨ ਪਾਇਆ।

'ਸਤਿਜੁਗ' ਦੀ ਸੰਪਾਦਕੀ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ (ਸਿਰਸਾ) ਦੀ ਮੁੱਖ ਅਧਿਆਪਕੀ ਅਤੇ ਫਿਰ ਮੈਨੇਜਰੀ ਦੀ ਸੇਵਾ ਨਿਭਾਹੁਣ ਵਾਲੇ, ਬਾਅਦ ਵਿਚ ਦਿੱਲੀ ਨਿਵਾਸੀ ਬਣੇ ਮਾਸਟਰ ਨਿਹਾਲ ਸਿੰਘ ਜੀ ਵੀ ਪੰਥਕ ਜਜ਼ਬੇ ਨਾਲ ਲਬਰੇਜ਼ ਸ਼ਖਸੀਅਤ ਸਨ। ਉਹ ਪੁਰਾਣੇ ਸਮਿਆਂ ਦੇ ਬੀ.ਏ. ਸਨ। ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਵਿਚ ਡੇਢ ਦੋ ਦਰਜਨ ਪੁਸਤਕਾਂ ਦੇ ਲਿਖਾਰੀ ਸਨ। ਗੁਰੂ ਹਰੀ ਸਿੰਘ ਜੀ ਬਾਰੇ ਇਕ ਮਹਾਂ-ਕਾਵਿ ਖੁੱਲ੍ਹੀ ਕਵਿਤਾ ਵਿਚ ਲਿਖਿਆ ਅਤੇ ਸਾਖੀਆਂ ਦੁਆਰਾ ਬਾਲ ਉਪਯੋਗੀ ਗੁਰ ਇਤਿਹਾਸ ਵੀ ਲਿਖਿਆ। ਆਪਣੀ ਵਡੇਰੀ ਉਮਰ ਤੱਕ ਵੀ ਉਹ ਇਕ ਮਿਸ਼ਨ ਵਾਂਗ ਲਿਖਣ ਕਾਰਜ ਨਾਲ ਜੁੜੇ ਰਹੇ। ਉਹ ਭਾਈ ਲੱਧੇ ਪਰਉਪਕਾਰੀ ਜਹੇ ਗੁਰਸਿੱਖ ਸਨ ਜੋ ਸਭ ਨੂੰ ਆਪਣੇ ਸਤਿਗੁਰੂ ਨਾਲ ਜੋੜ ਕੇ ਖੁਸ਼ੀ ਮਾਣਦੇ ਸਨ। ਸਾਧਾਰਨ ਸਿੱਖਾਂ ਤੋਂ ਸੁਣ ਕੇ ਲਿਖੀਆਂ ਉਨ੍ਹਾਂ ਦੀਆਂ ਵਾਰਤਾਵਾਂ ਨੇ ਬਹੁਤ ਸਾਰੇ ਵਿਅਕਤੀਆਂ ਨੂੰ ਅਸਾਧਾਰਨ ਬਣਾ ਦਿੱਤਾ।

ਆਤਮਾ ਸਿੰਘ ਸਨਖੱਤਰਵੀ ਵੀ ਨਾਮਧਾਰੀਆਂ ਦੀ ਇਕ ਪ੍ਰਸਿੱਧ "ਦਾਤੇਵਾਲ ਟਕਸਾਲ" ਦੀ ਪੈਦਾਵਾਰ ਸਨ, ਜਿੱਥੋਂ ਦੇ ਮੁਖੀ ਸੰਤ ਮਹਿਤਾਬ ਸਿੰਘ ਜੀ ਦੀ ਰੂਹ ਦੀ ਛਮਕ ਨੇ ਮੇਰੇ ਬਾਪੂ ਜੀ (ਜਥੇਦਾਰ ਗੁਰਮੁਖ ਸਿੰਘ 'ਭੌਰ') ਨੂੰ ਅੱਖਰ ਗਿਆਨ ਤੋਂ ਪਰਿਚਿਤ ਨਾ ਹੋਣ ਦਿੱਤਾ ਅਤੇ ਇਉਂ 'ਲੇਖਕ' ਦੀ ਬਜਾਏ ਗੁਰੂ ਘਰ ਦੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ 'ਉੱਘੇ ਸੇਵਕ' ਬਣ ਗਏ। ਸਨਖੱਤਰਵੀ ਜੀ 'ਸਤਿਜੁਗ' ਦੇ ਸਫਲ ਸੰਪਾਦਕਾਂ ਵਿੱਚੋਂ ਇਕ ਸਨ।

ਸ੍ਰੀ ਭੈਣੀ ਸਾਹਿਬ ਦੇ 1930 ਦੇ ਆਸ ਪਾਸ ਸ਼ੁਰੂ ਹੋਏ ਨਾਮਧਾਰੀ ਵਿਦਿਆਲੇ ਨੇ ਪ੍ਰੀਤਮ ਸਿੰਘ ਕਵੀ ਤੋਂ ਇਲਾਵਾ ਪ੍ਰੀਤਮ ਸਿੰਘ ਪੰਛੀ ਅਤੇ ਪੰਡਿਤ ਰਜਿੰਦਰ ਸਿੰਘ ਗੁਰੂਸਰ ਦੇ ਹੋਰ ਪ੍ਰਸਿੱਧ ਲੇਖਕ ਨਾਮਧਾਰੀ ਭਾਈਚਾਰੇ ਨੂੰ ਦਿੱਤੇ। ਪੰਡਿਤ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਾਮਾ ਜੀ ਦੇ ਪੁੱਤਰ ਸਨ। ਉਹਨਾਂ ਦੀ ਲੇਖਣੀ ਸਿੱਧੀ ਸਰਲ

Sri Satguru Jagjit Singh Ji eLibrary NamdhariElibrary@gmail.com

ਸਪਸ਼ਟ ਅਤੇ ਵਿਅੰਗ ਦੀ ਚਾਸ਼ਨੀ ਵਿਚ ਲਬਰੇਜ਼ ਹੁੰਦੀ ਸੀ। ਪੁਸਤਕ ਉਨ੍ਹਾਂ ਦੇ ਨਾਮ ਇੱਕੋ ਹੈ, ਜੋ ਮਰਨ ਉਪਰੰਤ ਛਪੀ ਪਰ ਇਸ ਵਿਚ ਸਾਹੂ ਪਰਿਵਾਰ ਦਾ ਪਿਛੋਕੜ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਸਮੇਂ ਦੇ ਸਮਾਚਾਰ ਅਤੇ ਨਾਮਧਾਰੀ ਵਿਦਿਆਲਾ ਭੈਣੀ ਸਾਹਿਬ ਦੇ ਸਮੇਂ ਦਾ ਵਰਣਨ ਆਦਿਕ ਐਸਾ ਹੈ ਜੋ ਹੋਰ ਕਿਧਰੇ ਨਹੀਂ ਮਿਲਦਾ। ਉਹਨਾਂ ਦਾ ਲਿਖਣ ਢੰਗ ਬੜਾ ਰੌਚਕ ਸੀ। ਜੇ ਵਿਧੀਵਤ ਇਧਰ ਕਲਮ ਚਲਾਉਂਦੇ ਰਹਿੰਦੇ ਤਾਂ ਫੀਰੋਜ਼ਪੁਰ ਜ਼ਿਲ੍ਹੇ ਦੀ ਸਾਹਿਤਕ ਅਮੀਰੀ ਵਿਚ ਚੋਖਾ ਹਿੱਸਾ ਪਾ ਸਕਦੇ ਸਨ। ਭਾਰਤੀ ਪੌਰਾਣਿਕ ਸਾਹਿਤ ਦੇ ਬਹਾਨੇ ਗੱਲ ਕਰਨੀ ਵਧੀਆ ਆਉਂਦੀ ਸੀ।

ਪ੍ਰੀਤਮ ਸਿੰਘ ਪੰਛੀ ਵੀ ਸੁਤੰਤਰਤਾ ਸੈਨਾਨੀ, ਕਿਸਾਨ ਸਭਾਈ ਅਤੇ ਕਮਿਊਨਿਸਟ ਪਾਰਟੀ ਦੇ ਸਰਗਰਮ ਵਰਕਰ ਸਨ। ਉਹਨਾਂ ਨੇ ਆਪਣੀ ਪਹਿਚਾਨ ਪੰਜਾਬੀ ਅਤੇ ਹਿੰਦੀ ਸਾਹਿਤ ਵਿਚ ਸਥਾਪਿਤ ਕੀਤੀ। ਕਹਾਣੀ "ਘੁੰਗਰੂ" ਸੰਸਾਰ ਅਮਨ ਤੇ ਲਿਖੀਆਂ ਬਿਹਤਰੀਨ ਕਹਾਣੀਆਂ ਵਿਚੋਂ ਹੈ। 'ਕੁਦੇਸਣ' ਨਾਵਲਿਟ ਅਤੇ ਹੋਰ ਕਈ ਨਾਵਲ ਪੰਜਾਬੀ ਸਾਹਿਤਕ ਸੰਸਾਰ ਵਿਚ ਚਰਚਿਤ ਰਹੇ ਹਨ। 'ਟੁਕੜਿਆਂ ਵਿਚ ਵੰਡਿਆ ਆਦਮੀ' ਨਿਵੇਕਲੀ ਸ਼ੈਲੀ ਵਿਚ ਲਿਖੀ ਉਹਨਾਂ ਦੀ ਆਤਮ ਕਥਾ ਵੀ ਹੈ ਅਤੇ ਕੂਕਾ ਸੰਸਾਰ ਦੀਆਂ ਬਹੁਤ ਸਾਰੀਆਂ ਹਸਤੀਆਂ ਅਤੇ ਹਕੀਕਤਾਂ ਦਾ ਦਸਤਾਵੇਜ਼ ਵੀ ਹੈ। ਵਿਅੰਗ ਉਹਨਾਂ ਦਾ ਕਵੀ ਜੀ ਤੋਂ ਵੀ ਤਿੱਖਾ ਹੈ। ਉਹ ਹਮੇਸ਼ਾ ਨਰੋਈਆਂ ਕਦਰਾਂ ਕੀਮਤਾਂ ਨੂੰ ਸਿਰਜਣ ਵਾਲੇ ਸਮਾਜ ਦੀ ਕਾਇਮੀ ਲਈ ਸੰਘਰਸ਼ਰੱਤ ਰਹੇ। ਉਹਨਾਂ ਦਾ ਕਮਿਊਨਿਸਟਪੁਣਾ ਕਵੀ ਜੀ ਨਾਲੋਂ ਵੱਖਰੀ ਭਾਂਤ ਦਾ ਸੀ। ਉਂਞ ਸਤਿਗੁਰੂ ਜੀ ਦੇ ਸਨੇਹ ਪਾਸ਼ ਵਿਚ ਉਹ ਵੀ ਤਾਉਮਰ ਬੱਝੇ ਰਹੇ ਸਨ।

ਬੀਬੀ ਬਸੰਤ ਕੌਰ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਨੂੰ ਪੁਸਤਕ ਰੂਪ ਦੇਣ ਵਿਚ ਸਿਰਤੋੜ ਮਿਹਨਤ ਕੀਤੀ ਹੈ। ਟਿੱਪਣੀਆਂ, ਸਰੋਤ, ਪੁਸਤਕਾਂ ਦੇ ਹਵਾਲੇ, ਭਾਸ਼ਣਾਂ ਨੂੰ ਸਾਧਾਰਨ ਪਾਠਕਾਂ ਵਿਚ ਮਕਬੂਲ ਕਰਦੇ ਹਨ। ਉਹ ਸਹੁਰੇ ਪੇਕੇ ਦੋਹਾਂ ਪਾਸਿਆਂ ਤੋਂ ਕੂਕਿਆਂ ਦੇ ਪ੍ਰਸਿੱਧ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ। ਭਾਈ ਸੰਤ ਸਿੰਘ ਜੀ ਉਹਨਾਂ ਦੇ ਪਤੀਦੇਵ ਸਾਹਿਤਕ ਕਾਰਜਾਂ ਵਿਚ ਬੀਬੀ ਜੀ ਦੇ ਅੰਤ ਸਮੇਂ ਤੱਕ ਸਰਗਰਮ ਸਹਿਯੋਗੀ ਰਹੇ। ਉਹਨਾਂ ਦੀਆਂ ਹੋਰ ਪੁਸਤਕਾਂ ਵੀ ਉਚ ਪਾਏ ਦੀਆਂ ਹਨ ਖ਼ਾਸ ਕਰਕੇ ਬਾਰਾਂ ਮਾਂਹ ਆਦਿ ਅਤੇ ਦਸਮ ਗ੍ਰੰਥ ਵਿਚਲੇ ਚਰਿਤ੍ਰ। ਨਾਮਧਾਰੀ ਸਾਹਿਤਕਾਰ ਬੀਬੀਆਂ ਦੇ ਮਾਮਲੇ ਵਿਚ ਪਛੜੇਵਾਂ ਅਜੇ ਵੀ ਅੱਖਰਦਾ ਹੈ। ਇਕ ਸਰਬਾਂਗੀ ਲੇਖਿਕਾ ਸੂਬਾ ਸੁਰਿੰਦਰ ਕੌਰ ਖਰਲ ਤੋਂ ਇਲਾਵਾ ਰੜਕਣ ਵਾਲੇ ਨਾਮ ਇੱਕੇ ਦੁੱਕੇ ਹੀ ਹਨ। ਬੀਬੀ ਖਰਲ ਦਾ ਲੇਖਣ ਕਾਰਜ ਅਤੇ ਕੰਮ ਬਹੁ ਵਿਧਾਈ ਹੈ। ਨਾਮਧਾਰੀ ਇਤਿਹਾਸਕ ਪਰਿਵਾਰਾਂ ਦੀ ਨਿਸ਼ਾਨਦੇਹੀ ਦਾ ਕਾਰਜ ਹੀ ਉਸਦੀ ਕੀਰਤੀ ਨੂੰ ਚਿਰ ਸਥਾਈ ਰੱਖੇਗਾ। ਪੰਜਾਬੀ ਕਵਿਤਾ ਵਿਚ ਵੀ ਉਹ ਇਕ ਚਰਚਿਤ ਨਾਮ ਹੈ। ਪਤੀਦੇਵ ਸੰਤ ਭਗਵੰਤ ਸਿੰਘ ਦੇ ਸਿਰੜੀ ਸਹਿਯੋਗ ਨੇ ਬੀਬੀ ਦਾ ਮਰਤਬਾ ਬੁਲੰਦ ਕਰਨ ਵਿਚ ਹਿੱਸਾ ਪਾਇਆ ਹੈ। ਸਰਦਾਰਨੀ ਲੀਲਾ ਵੰਡੀ, ਸ਼ਕੁੰਤਲਾ ਭੁਟਾਨੀ, ਬੀਬੀ ਜਸਪਾਲ ਕੌਰ, ਜਸਬੀਰ ਕੌਰ ਸ਼ਿਮਲਾ ਅਤੇ ਰਣਜੀਤ ਕੌਰ ਦਾ ਸ਼ੁਮਾਰ ਕੁਝ ਹੋਰਨਾਂ ਨਾਮਧਾਰੀ ਲੇਖਿਕਾਵਾਂ ਵਿਚ ਹੁੰਦਾ ਹੈ।

ਸ੍ਰ. ਜਗਦੀਸ਼ ਸਿੰਘ 'ਵਰਿਆਮ' ਸੰਤ ਸੁਵਰਨ ਸਿੰਘ ਸਨੇਹੀ, ਗੁਰਪੁਰਵਾਸੀ ਸੰਤ ਦਲੀਪ ਸਿੰਘ ਨਾਮਧਾਰੀ, ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਪ੍ਰੋ. ਤਾਰਾ ਸਿੰਘ ਅਣਜਾਣ ਸਾਡੇ ਸਾਰੇ ਹੀ ਸਤਿਕਾਰਿਤ ਮਿੱਤਰ ਪਿਆਰੇ, ਆਪੋ ਆਪਣੇ ਖੇਤਰ ਦੇ ਉੱਘੇ ਹਸਤਾਖਰ ਹਨ ਜਿਹਨਾਂ ਦੀ ਨਾਮਧਾਰੀ ਪੰਜਾਬੀ ਸਾਹਿਤ ਨੂੰ ਦੇਣ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਏਗੀ। ਇਹ ਸਾਰੇ ਹੀ ਸੱਜਣ ਆਧੁਨਿਕ ਸਿੱਖਿਆ ਪ੍ਰਾਪਤ ਹਨ ਅਤੇ ਸਮਕਾਲੀ ਯਥਾਰਥ ਨਾਲ ਰੂ-ਬ-ਰੂ ਹੋਣ ਲੱਗਿਆਂ ਆਪਣੇ ਵਿਰਸੇ ਤੇ ਵਰਤਮਾਨ ਦੇ ਚਿਰਕਾਲਿਕ ਜੀਵੰਤ ਜੀਵਨ ਮੁੱਲਾਂ ਤੋਂ ਅਨੁਪ੍ਰੇਰਿਤ ਹੁੰਦੇ ਹਨ। ਇਹਨਾਂ ਨੇ ਨਾਮਧਾਰੀ ਜਗਤ ਬਾਰੇ ਲੇਖਣ ਕਾਰਜ ਨੂੰ ਇਕ ਮਿਸ਼ਨ ਜਿਉਂ ਲਿਆ ਹੈ ਅਤੇ ਸਿੱਖੀ ਸਿਦਕ ਸ਼ਰਧਾ ਭਾਵਨਾ ਨੂੰ ਆਪਣੇ ਥਾਂ ਸਿਰ ਰੱਖਦਿਆਂ ਆਧੁਨਿਕ ਚਿੰਤਨ ਨਾਲ ਇਕਸੁਰ ਹੋਣ ਲਈ ਵੀ ਯਤਨਸ਼ੀਲ ਰਹਿੰਦੇ ਹਨ। ਹਿਸਟੋਰੀਅਨ ਜੀ ਤੋਂ ਬਿਨਾਂ ਬਾਕੀ ਚਾਰੇ ਪੱਤਰਕਾਰੀ ਨਾਲ ਵੀ ਸਬੰਧਿਤ ਹਨ। 'ਵਰਿਆਮ' ਹੋਰਾਂ ਦੀ ਸਾਹਿਤਕ

Sri Satguru Jagjit Singh Ji eLibrary NamdhariElibrary@gmail.com

ਪੱਤਰਕਾਰਤਾ ਬਾਰੇ ਸਮਕਾਲੀ ਪੰਜਾਬੀ ਸਾਹਿਤਕਾਰ ਉਸਾਰੂ ਰਾਇ ਰੱਖਦੇ ਹਨ। ਉਹਨਾਂ ਦੀ ਜੀਵਨੀ ਮੂਲਕ ਪੁਸਤਕ 'ਖਿੱਲਰੇ ਪੱਤਰੇ' ਨੇ ਉਹਨਾਂ ਨੂੰ ਸਰਹੱਦ ਦੇ ਇਸ ਤੇ ਉਸ ਪਾਰ ਵਿਚ ਕਾਫ਼ੀ ਮਕਬੂਲ ਕਰ ਦਿੱਤਾ ਹੈ। ਵੰਡ ਦੇ ਦੁਖਾਂਤ ਤੇ ਲਿਖੀਆਂ ਬਿਹਤਰੀਨ ਪੁਸਤਕਾਂ ਵਿਚ ਇਸਦਾ ਸ਼ੁਮਾਰ ਹੈ। ਉਹ 33 ਵਰ੍ਹਿਆਂ ਤੋਂ 'ਵਰਿਆਮ' ਮਾਸਿਕ ਦਾ ਪ੍ਰਕਾਸ਼ਨ ਜਾਰੀ ਰੱਖ ਕੇ ਪੰਜਾਬੀ ਸਾਹਿਤਕ ਪੱਤਰਕਾਰੀ ਵਿਚ ਕੀਰਤੀਮਾਨ ਕਾਇਮ ਕਰਨ ਵਾਲੇ ਵਿਰਲਿਆਂ ਵਿਚ ਦਾਖ਼ਲ ਹੋ ਗਏ ਹਨ। ਓਹ ਦਲੀਪ ਸਿੰਘ ਨਾਮਧਾਰੀ ਜਿਉਂ ਨਾਮਧਾਰੀਆਂ ਦੀ ਪੰਜਾਬੀ ਸਾਹਿਤਕ ਜਗਤ ਵਿਚ ਪ੍ਰਤੀਨਿਧਤਾ ਵੀ ਕਰਦੇ ਰਹਿੰਦੇ ਹਨ। ਦਿੱਲੀ ਵਿਚ ਇਹ ਕਾਰਜ ਅਨਜਾਣ ਤੇ ਹਿਸਟੋਰੀਅਨ ਦੇ ਹਿੱਸੇ ਆਇਆ ਹੈ। ਗੁਰਬਾਣੀ ਦੀ ਸਰਲ, ਸੁਬੋਧ ਵਿਆਖਿਆ ਯੁਕਤ ਪੰਜਾਬੀ ਵਾਰਤਕ ਵਿਚ ਪੁਸਤਕਾਂ ਅਤੇ ਕੂਕਾ ਇਤਿਹਾਸ ਬਾਰੇ ਕਈ ਕਿਤਾਬਾਂ ਅਨਜਾਣ ਜੀ ਦੀ ਸਾਹਿਤਕ ਯਾਤਰਾ ਦੀ ਨਿਸ਼ਾਨਦੇਹੀ ਕਰਦੀਆਂ ਹਨ। ਹਿਸਟੋਰੀਅਨ ਹੋਰਾਂ ਨੇ ਅੰਗਰੇਜ਼ੀ ਦਸਤਾਵੇਜ਼ਾਂ ਦੀ ਸੰਪਾਦਨਾ ਤੋਂ ਇਲਾਵਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਜੀਵਨੀ ਦੇ ਕਈ ਪੱਖਾਂ ਨੂੰ ਰੌਸ਼ਨ ਕਰਦੀ ਅਤੇ ਸਤਿਗੁਰੂ ਪਰਤਾਪ ਸਿੰਘ ਨਾਲ ਸਬੰਧਿਤ ਕਈ ਪੁਸਤਕਾਂ ਅਤੇ ਕੁਝ ਹੋਰ ਇਤਿਹਾਸਕ ਗ੍ਰੰਥ ਸੰਪਾਦਿਤ ਕੀਤੇ ਹਨ। ਹੁਕਮਨਾਮੇ ਅਤੇ ਬਾਹੋਵਾਲ ਜੀ ਨੂੰ ਸੰਪਾਦਿਤ ਕਰਨਾ ਉਹਨਾਂ ਦਾ ਇਤਿਹਾਸਕ ਕਾਰਜ ਹੈ।

ਡਾ. ਅਮਰ ਭਾਰਤੀ ਦੇ ਕੱਦ ਦਾ ਹੋਰ ਸਾਹਿਤਕਾਰ ਅਜੇ ਨਾਮਧਾਰੀ ਜਗਤ ਨੇ ਪੈਦਾ ਕਰਨਾ ਹੈ। ਮੁਫ਼ਲਿਸੀ ਦੀ ਹਾਲਤ ਵਿਚ ਆਪਣਾ ਜੀਵਨ, ਪੰਥ ਦੀ ਚੜ੍ਹਦੀ ਕਲਾ ਲਈ ਕਲਮ ਦੇ ਲੇਖੇ ਲਾਉਣ ਵਾਲੇ, ਸੰਪਾਦਕ 'ਸਤਿਜੁਗ' ਅਤੇ ਅਗਰਗਾਮੀ ਸੋਚ ਨੂੰ ਪਰਨਾਏ, ਭਾਰਤੀ ਜੀ ਦੇ ਵੱਡੇ ਭਰਾਤਾ ਅਤੇ ਸਾਡੇ ਪਰਮ ਸਨੇਹੀ ਐਸ. ਐਸ. ਮਨਧੀਰ ਜੀ ਦੇ ਵਿਦਵੇਗਾਰ ਪਿਤਾ ਸੰਤ ਮੰਗਲ ਸਿੰਘ ਲਾਇਲਪੁਰੀ ਹੋਰਾਂ ਬਾਰੇ ਕੁਝ ਵੀ ਨਾ ਲਿਖ ਸਕਣਾ ਸ਼ਬਦੀ ਖਿਮਾ ਮੰਗਣ ਤੋਂ ਵੱਡੀ ਕੁਤਾਹੀ ਹੈ। ਇਸੇ ਤਰ੍ਹਾਂ ਪ੍ਰਿੰਸੀਪਲ ਅਜੀਤ ਸਿੰਘ ਜੀ ਚੀਮਾ, ਜੋ ਨਸਰ ਨਜ਼ਮ ਦੋਹਾਂ ਤੇ ਸਮਾਨ ਅਧਿਕਾਰ ਰੱਖਦੇ ਸਨ ਅਤੇ ਨਿਰੰਜਨ ਸਿੰਘ ਜਿਓਤੀ ਭਗਤੀ ਮਾਰਗ ਦੇ ਲੇਖਕ ਸੰਤ ਮਹਿੰਦਰ ਸਿੰਘ 'ਪਨਿਹਾਰੀ' ਸਾਹਿਤਕਾਰਾਂ ਬਾਰੇ ਚਰਚਾ ਵਿਚ ਆਉਣੋਂ ਰਹਿ ਗਏ ਹਨ। ਸਾਡੇ ਮਾਨਯੋਗ ਬਜ਼ੁਰਗ ਮਿੱਤਰ ਕਰਤਾਰ ਸਿੰਘ ਪੰਛੀ ਜਿਹਨਾਂ ਦੀ "ਸਤਿਗੁਰੂ ਲੀਲ੍ਹਾ" ਅਤੇ ਹੋਰ ਪੁਸਤਕਾਂ ਤੇ ਸਫਲ ਗੋਸ਼ਟੀਆਂ ਹੋ ਚੁੱਕੀਆਂ ਹਨ ਉਹਨਾਂ ਦੀ ਕਵਿਤਾ ਬਾਰੇ ਕੁਝ ਨਾ ਲਿਖਣਾ ਰੜਕਦਾ ਹੈ। ਪਰਵਾਸੀ ਨਾਮਧਾਰੀ ਪੰਜਾਬੀ ਸਾਹਿਤਕਾਰਾਂ ਵਿਚੋਂ ਅਸੀਂ ਵਿਸਮਾਦੀ ਕਵੀ ਸੰਤ ਦਲਬੀਰ ਸਿੰਘ ਜੀ 'ਤਰਸ' ਮੁੱਠੜਿਆ ਵਾਲੇ (ਹਾਲ ਆਸਟਰੇਲੀਆ) ਤੱਕ ਹੀ ਸੀਮਤ ਰਹੇ ਹਾਂ ਜਦੋਂ ਕਿ ਥਾਈਲੈਂਡ, ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਵਿਚ ਨਵੇਂ ਨਾਮਧਾਰੀ ਲੇਖਕਾਂ ਅਤੇ ਪੁਰਾਣਿਆਂ ਦੀ ਵੀ ਚੋਖੀ ਗਿਣਤੀ ਹੈ। ਗਿਆਨੀ ਸੰਤੋਖ ਸਿੰਘ (ਥਾਈਲੈਂਡ), ਕੁਲਜੀਤ ਸਿੰਘ ਜੀਤ, ਪੀ. ਐਸ. ਕੰਵਲ, ਰਜਿੰਦਰ ਕੰਵਲ, ਸੁਰਜੀਤ ਸਿੰਘ ਜੀਤ, ਗਿਆਨੀ ਤੇਜਾ ਸਿੰਘ ਕਵੈਂਟਰੀ ਗੁਰਬਖਸ਼ ਸਿੰਘ ਸ਼ੌਕ, ਅਨਜਾਣ ਸੰਧੂ, ਇਕਬਾਲ ਸਿੰਘ ਮਨਦੇਵਾ, ਸੁਹੇਲ ਸਿੰਘ ਧੀਰ, ਖ਼ਜ਼ਾਨ ਸਿੰਘ ਇਨਸਾਫ਼, ਇੰਦਰ ਦਮਨ ਸਿੰਘ ਰਤਨ, ਖੜਕ ਸਿੰਘ ਭੌਮਰਾ, ਹਰਬੰਸ ਸਿੰਘ ਚਾਨਾ ਆਦਿ ਪਰਵਾਸੀ ਨਾਮਧਾਰੀ ਲੇਖਕ ਕਲਮ ਦੁਆਰਾ ਪੰਜਾਬੀ ਸਾਹਿਤ ਅਤੇ ਨਾਮਧਾਰੀ ਪੰਥ ਦੀ ਸੇਵਾ ਵਿਚ ਕਾਰਜ ਰਤ ਹਨ। ਸੰਤ ਤੇਜਾ ਸਿੰਘ ਕੰਵਲ ਦੀ ਕਾਵਿ ਪੁਸਤਕ 'ਚੰਨ ਤਾਰੇ' ਵੀ ਵਿਚਾਰੀ ਜਾਣੀ ਚਾਹੀਦੀ ਸੀ।

ਜੇ ਨਾਮਧਾਰੀ ਕਿੱਸਾ-ਕਾਰਾਂ ਅਤੇ ਕਵੀਸ਼ਰਾਂ ਦੀ ਗੱਲ ਕਰਨੀ ਹੋਵੇ ਤਾਂ ਹਰਨਾਮ ਸਿੰਘ ਬਗੁਲੀ ਵਾਲੇ ਦੇ ਨਾਮ ਅਤੇ ਉਸ ਰਚਿਤ ਕਿੱਸਾ "ਸੰਤ ਖਾਲਸਾ" ਜੋ 1934 ਈ. ਵਿਚ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਿਆ ਸੀ, ਯਾਦ ਆਉਂਦੇ ਹਨ। ਬਗੁਲੀ ਵਾਲਾ ਵੀ ਹੋਰ ਨਾਮਧਾਰੀ ਕਵੀਆਂ ਜਿਉਂ ਟਕਸਾਲੀ ਨਾਮਧਾਰੀ ਪਰਿਵਾਰ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਅਤੇ ਸੂਬਾ ਲੱਖਾ ਸਿੰਘ ਦੇ ਨਿਕਟਵਰਤੀ ਸੁੱਧ ਸਿੰਘ ਦਾ ਪੁੱਤਰ ਸੀ, ਜਿਸਦਾ ਬਚਪਨ ਗੁਰੂ ਹਰੀ ਸਿੰਘ ਜੀ ਦੇ ਸਮੇਂ ਭੈਣੀ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਨਾਲ ਖੇਡਦਿਆਂ ਬਤੀਤ ਹੋਇਆ ਤੇ ਜਿਸ ਦੇ ਬੁਢੇਪੇ ਨੇ, ਸਤਿਗੁਰੂ ਜਗਜੀਤ ਸਿੰਘ ਦੇ ਗੁਰਤਾ ਕਾਲ ਦੇ ਜਲੌਅ ਦਾ ਨਿੱਘ ਵੀ ਮਾਣਿਆ। ਇਵੇਂ ਦਾ ਹੀ ਟਕਸਾਲੀ ਨਾਮਧਾਰੀ ਪਰਿਵਾਰ- ਸਿਰਹਾਲੀ ਪਰਿਵਾਰ ਵਿਚੋਂ ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਹੋਏ ਹਨ ਜਿਹਨਾਂ ਬਹੁਤ ਪਰਸੰਗ

Sri Satguru Jagjit Singh Ji eLibrary NamdhariElibrary@gmail.com

ਅਤੇ ਕਿੱਸੇ ਵੀ ਲਿਖੇ ਹਨ। ਪਰ ਸਾਡਾ ਸ਼ਿਰੋਮਣੀ ਕਵੀਸ਼ਰ ਵੀਹਵੀਂ ਸਦੀ ਵਿਚ ਭਾਈ ਜੀਵਨ ਸਿੰਘ ਹੋ ਗੁਜ਼ਰਿਆ ਹੈ ਜਿਸ ਦੇ ਲਿਖੇ ਪਰਸੰਗਾਂ ਦੀ ਸੂਚੀ ਪੰਨਾ ਸੈਂਕੜੇ ਤੋਂ ਘੱਟ ਨਹੀਂ ਅਤੇ ਜਿਸ ਦੇ ਕਾਵਿਕ ਗੁਣਾਂ ਦੇ ਝਲਕਾਰੇ ਹਰ ਸਤਰ ਵਿਚੋਂ ਮਿਲਦੇ ਹਨ।

ਪਟਵਾਰੀ ਕਰਮ ਸਿੰਘ ਹੋਰਾਂ ਨੇ ਗੁਰ ਇਤਿਹਾਸ ਦੀ ਜਾਣਕਾਰੀ ਨੂੰ ਆਪਣੇ ਪਟਵਾਰੀਆਂ ਵਾਲੇ ਨਿਵੇਕਲੇ ਅੰਦਾਜ਼ ਵਿਚ ਲਿਖ ਕੇ ਭਾਵੀ ਖੋਜੀਆਂ ਅਤੇ ਇਤਿਹਾਸਕਾਰਾਂ ਦਾ ਕੰਮ ਕਾਫ਼ੀ ਆਸਾਨ ਕਰ ਦਿੱਤਾ ਹੈ।

150 ਸਾਲਾਂ ਦੇ ਨਾਮਧਾਰੀ ਪੰਜਾਬੀ ਸਾਹਿਤ ਉੱਤੇ ਇਕ ਪੰਛੀ ਝਾਤ ਪੁਆਉਣ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਸੰਪੂਰਨਤਾ ਦਾ ਦਾਅਵਾ ਕਰਨ ਵਾਲਾ ਤਾਂ ਸਿਰਫ਼ ਉਪਹਾਸ ਦਾ ਪਾਤਰ ਹੀ ਬਣ ਸਕਦਾ ਹੈ। ਬਹੁਤ ਸਾਰੇ ਨਾਮਧਾਰੀ ਕਵੀ, ਲੇਖਕ ਪੱਤਰਕਾਰ, ਨਰਿੰਦਰ ਸਿੰਘ ਮੰਡੀ, ਸੰਤ ਗੁਰਬਚਨ ਸਿੰਘ ਨਾਮਧਾਰੀ, ਕਰਤਾਰ ਸਿੰਘ ਜੀ ਨੀਲਧਾਰੀ ਆਦਿ ਪੁਰਾਣੇ ਤੇ ਲਖਬੀਰ ਸਿੰਘ ਨਾਮਧਾਰੀ ਜਿਹੇ ਨਵੇਂ ਰਹਿ ਗਏ ਹਨ। ਨਾਮਧਾਰੀ ਸਾਹਿਤ ਸਭਾ ਜੀਵਨ ਨਗਰ ਦੇ ਗੁਰਬਖ਼ਸ਼ ਸਿੰਘ ਰਾਮਪੁਰੀ, ਸਾਧੂ ਸਿੰਘ ਕਿਸਾਨ ਤੋਂ ਇਲਾਵਾ ਲਖਵਿੰਦਰ ਸਿੰਘ ਬਾਜਵਾ, ਗੁਰਦਿਆਲ ਸਿੰਘ ਪ੍ਰੀਤ ਢਿੱਲੋਂ, ਬਲਬੀਰ ਸਿੰਘ ਢਿੱਲੋਂ, ਪੂਰਨ ਸਿੰਘ ਨਿਰਾਲਾ ਤੇ ਗੁਰਦਿਆਲ ਸਿੰਘ ਮੌਜੀ ਆਦਿ ਦੀਆਂ ਕਾਵਿ-ਪੁਸਤਕਾਂ ਛਪ ਚੁੱਕੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਸਨੇਹ

ਸ੍. ਜਗਦੀਸ਼ ਸਿੰਘ ਵਰਿਆਮ ਦਾ ਜਿਨ੍ਹਾਂ ਨੇ ਆਪਣੇ ਮਾਸਿਕ ਪੱਤਰ 'ਵਰਿਆਮ' ਵਿਚ ਹਰ ਮਹੀਨੇ ਕੁਝ ਪੰਨੇ ਦੇ ਕੇ ਨਾਮਧਾਰੀ ਸਾਹਿਤ ਬਾਰੇ ਕੁਝ ਨਾ ਕੁਝ ਲਿਖਦੇ ਰਹਿਣ ਲਈ ਮੈਨੂੰ ਉਤਸ਼ਾਹਿਤ ਕੀਤਾ। ਇਸੇ ਲੜੀ ਵਿਚ ਲਗਾਤਾਰ ਹੌਸਲਾ ਅਫ਼ਜ਼ਾਈ ਕਰਨ ਵਾਲੇ ਸੱਜਣਾਂ ਪ੍ਰੋ. ਕਿਰਪਾਲ ਸਿੰਘ ਕਸੇਲ, ਪ੍ਰੋ. ਤਾਰਾ ਸਿੰਘ ਅਨਜਾਣ ਸ੍. ਜਸਵਿੰਦਰ ਸਿੰਘ ਹਿਸਟੋਰੀਅਨ, ਸ੍. ਮਹਿੰਦਰ ਸਿੰਘ ਕੂਕਾ, ਸ੍. ਅਜੀਤ ਸਿੰਘ ਲਾਇਲ, ਪ੍ਰੋ. ਜੋਗਿੰਦਰ ਸਿੰਘ "ਨਾਮਧਾਰੀ ਸਤਿਗੁਰੂ ਰਾਮ ਸਿੰਘ ਚੇਅਰ", ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੂਰਬ ਮੁਖੀ ਰਹਿ ਚੁੱਕੇ ਡਾ. ਹਰਮਹਿੰਦਰ ਸਿੰਘ ਬੇਦੀ ਅਤੇ ਪ੍ਰੋ. ਸਤਿੰਦਰ ਸਿੰਘ, ਸ੍. ਹਰਿਭਜਨ ਸਿੰਘ ਰੇਣੂ ਸਿਰਸਾ, ਕਾ. ਜਸਵੰਤ ਸਿੰਘ ਜੋਸ਼ ਅਤੇ ਸ੍ਰੀ ਪੂਰਨ ਮੁਦਗਿੱਲ ਜੀ ਪ੍ਰਤੀ ਵੀ ਆਭਾਰ ਪ੍ਰਗਟ ਕਰਦਾ ਹਾਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ-ਦ੍ਰਿਸ਼ਟੀ ਦਾ ਹਰ ਨਾਮਧਾਰੀ ਸਦਾ ਯਾਚਕ ਰਹਿੰਦਾ ਹੈ। ਲੇਖਕ ਨੂੰ ਹਮੇਸ਼ਾ ਉਹਨਾਂ ਦੇ ਸਨੇਹ-ਪਾਸ਼ ਦਾ ਸੁਖਦ ਅਨੁਭਵ ਹੋਇਆ ਹੈ। ਆਪਣੇ ਦਿਵੰਗਤ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਦੀ ਨਿੱਘੀ ਯਾਦ ਵੀ ਇਸ ਕਾਰਜ ਲਈ ਪ੍ਰੇਰਣਾ ਸਰੋਤ ਬਣੀ ਰਹੀ ਹੈ। ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਸੇਵਕ ਜੋ ਖ਼ੁਦ ਵਧੀਆ ਲੇਖਕ ਹਨ, ਦੇ ਯਤਨਾਂ ਸਦਕਾ ਪੁਸਤਕ ਛਾਪੇ ਦੇ ਜਾਮੇ ਤੱਕ ਪੁੱਜ ਸਕੀ ਹੈ।

ਪੰਜਾਬੀ ਸਾਹਿਤ ਵਿਚ ਪ੍ਰਗਤੀਸ਼ੀਲ ਸੁਰ ਵਾਲੇ ਉੱਘੇ ਆਲੋਚਕ ਅਤੇ ਬਹੁਤ ਪੁਰਾਣੇ ਮਿੱਤਰ ਪ੍ਰੋ. ਸੁਖਦੇਵ ਸਿੰਘ 'ਸਿਰਸਾ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਮੇਰੇ ਪ੍ਰਤੀ ਸਨੇਹ ਦੀ ਭਰਪਾਈ, ਧੰਨਵਾਦ ਦੇ ਰਸਮੀ ਸ਼ਬਦ ਨਹੀਂ ਕਰ ਸਕਦੇ।

ਅੱਜ ਦੇ ਉੱਤਰ-ਆਧੁਨਿਕਤਾ ਵਾਲੇ ਜੁੱਗ ਵਿਚ ਜਦੋਂ ਕਿ ਇਕ ਧਰੁਵੀ ਵਿਸ਼ਵ ਦੇ ਅਲੰਬਰਦਾਰ, ਵਿਚਾਰਧਾਰਾ ਅਤੇ ਇਤਿਹਾਸ ਦੇ ਅੰਤ ਦੇ ਨਾਮ ਉੱਤੇ ਹਰਾਸਮੁਖੀ ਪੂੰਜੀਵਾਦੀ ਵਿਵਸਥਾ ਨੂੰ ਕਾਇਮ ਰੱਖਣ ਲਈ ਹਰ ਤਰ੍ਹਾਂ ਦੇ ਛਲ ਪ੍ਰਪੰਚ ਦਾ ਸਹਾਰਾ ਲੈ ਰਹੇ ਹਨ। ਬਾਜ਼ਾਰ ਅਰਥ ਵਿਵਸਥਾ ਨੇ ਕਿਰਤ ਦੀਆਂ ਧਿਰਾਂ ਸਾਹਵੇਂ ਵੱਡੀ ਚੁਨੌਤੀ ਪੇਸ਼ ਕੀਤੀ ਹੈ ਅਤੇ ਨਵ-ਸਾਮਰਾਜਵਾਦ ਤੀਜੀ ਦੁਨੀਆ ਦੇ ਦੇਸ਼ਾਂ ਦੇ ਸੋਮਿਆਂ ਅਤੇ ਸਸਤੀ ਕਿਰਤ ਨੂੰ ਨਿਗਲਣ ਲਈ ਅੱਗੇ ਵਧ ਰਿਹਾ ਹੈ। ਅਜਿਹੇ ਸਮੇਂ ਦੀਆਂ ਧੋਕਾਬੂ ਮਨੁੱਖ ਮਾਰੂ ਤਾਕਤਾਂ ਦਾ ਵਿਰੋਧ ਕਰਨ ਲਈ ਸਾਨੂੰ ਆਪਣੀਆਂ ਸਾਮਰਾਜ ਅਤੇ ਬਸਤੀਵਾਦ ਵਿਰੋਧੀ ਲੋਕ ਲਹਿਰਾਂ ਦੀ ਮਹਾਨ ਵਿਰਾਸਤ ਨੂੰ ਫਰੋਲਣਾ ਪਵੇਗਾ ਤਾਂਕਿ ਵੇਲੇ ਦੀਆਂ ਨਰੋਈਆਂ ਤਾਕਤਾਂ ਨੂੰ ਇਤਿਹਾਸ ਦੁਆਰਾ ਬਲ ਬਖ਼ਸ਼ਿਆ ਜਾ ਸਕੇ। ਕੂਕਾ ਲਹਿਰ ਦੇ ਲੋਕ ਨਾਇਕਾਂ ਨਾਲ ਸੰਬੰਧਤ ਰਚਨਾਵਾਂ ਦਾ ਪਾਠ ਅਤੇ ਉਸਦੀ ਸਮੀਖਿਆ ਭਾਵੇਂ ਸੰਖੇਪ ਸ਼ਬਦਾਂ ਵਿਚ ਹੀ ਸਹੀ ਲੇਖਕ ਨੇ ਇਸੇ ਦ੍ਰਿਸ਼ਟੀਕੋਣ ਤੋਂ ਕੀਤੀ ਹੈ ਤਾਂ ਕਿ ਹੋਰਨਾਂ ਵਿਦਵਾਨਾਂ ਨੂੰ ਇਸ ਪਾਸੇ ਖੋਜ ਲਈ ਪ੍ਰੇਰਿਆ ਵੀ ਜਾ ਸਕੇ ਅਤੇ ਲਹਿਰ ਨਾਲ ਸੰਬੰਧਿਤ ਸੱਜਣਾਂ ਦੀਆਂ ਰਚਨਾਵਾਂ ਨੂੰ ਸੀਮਿਤ ਸੰਪਰਦਾਇਕ ਪਰਿਪੇਖ ਵਿਚ ਹੀ ਵਿਚਾਰ ਕੇ ਅਣਗੌਲੇ ਕਰਨ ਦੀ ਬਿਰਤੀ ਤੇ ਵੀ ਰੋਕ ਲਾਈ ਜਾ ਸਕੇ। ਆਪਣੇ ਯਤਨਾਂ ਵਿਚ ਮੇਰੀ ਸਫਲਤਾ ਜਾਂ ਅਸਫਲਤਾ ਸੰਜੀਦਾ ਪਾਠਕਾਂ ਦੇ ਹੁੰਗਾਰੇ 'ਤੇ ਨਿਰਭਰ ਕਰਦੀ ਹੈ।

ਸੁਵਰਨ ਸਿੰਘ ਵਿਰਕ

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਸਾਹਿਤ ਚਿੰਤਨ ਦੀ ਪ੍ਰਮਾਣਿਕ ਦਸਤਾਵੇਜ਼

ਸੁਵਰਨ ਸਿੰਘ ਵਿਰਕ ਨਾਲ ਮੇਰੀ ਪਲੇਠੀ ਮੁਲਾਕਾਤ ਸਤੰਬਰ 1982 ਈ. 'ਚ ਸਿਰਸਾ ਵਿਖੇ ਹੋਈ। ਸਿਆਣੂ ਮੈਂ ਉਹਦਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਪੜ੍ਹਾਈ ਦੌਰਾਨ ਹੋਇਆ, ਜਦੋਂ ਉਹ ਡਾ. ਜਗਤਾਰ ਦੀ ਸੰਗਤ 'ਚ ਕਦੇ ਕਦਾਈਂ ਮਿਲਦਾ। ਪ੍ਰਗਤੀਸ਼ੀਲ ਲੇਖਕ ਸੰਘ ਦੀ ਦਸੰਬਰ 1982 'ਚ ਜੈਪੁਰ ਵਿਖੇ ਹੋਈ ਕਾਨਫਰੰਸ ਤੋਂ ਬਾਅਦ ਇਹ ਨੇੜਤਾ ਨਿੱਘੇ ਰਿਸ਼ਤੇ ਵਿਚ ਬਦਲ ਗਈ, ਜੋ ਉਹਦੇ ਪੁਰਖ਼ਲੂਸ ਵਰਤਾਓ ਕਰਕੇ ਹੁਣ ਤੇਜ਼ੀ ਨਿਭੀ ਜਾਂਦੀ ਏ। ਨਾਨਕਿਆਂ ਅਤੇ ਦਾਦਕਿਆਂ ਵਲੋਂ ਸੁਵਰਨ ਸਿੰਘ ਵਿਰਕ ਦਾ ਜੋੜ ਟਕਸਾਲੀ ਨਾਮਧਾਰੀ ਪਰਿਵਾਰਾਂ ਨਾਲ ਹੈ। ਉਸ ਦੇ ਮਾਤਾ ਜੀ ਸ. ਸ਼ਾਮ ਸਿੰਘ ਕੂਕਾ ਦੇ ਪਰਿਵਾਰ ਵਿਚੋਂ ਸਨ, ਜਿਹੜੇ ਸਤਿਗੁਰ ਰਾਮ ਸਿੰਘ ਜੀ ਦੇ ਫ਼ੌਜੀ ਜੀਵਨ ਦੇ ਇਤਬਾਰੀ ਸਾਥੀ ਸਨ। ਸਰਹਾਲੀ (ਮਾਝੇ) ਦਾ ਇਹ ਕੂਕਾ ਪਰਿਵਾਰ ਪ੍ਰਸਿੱਧ ਦੇਸ਼-ਭਗਤ ਮੀਹਾਂ ਸਿੰਘ ਕੂਕਾ ਦੀ ਘਾਲਣਾ ਕਰਕੇ ਕੌਮੀ ਆਜ਼ਾਦੀ ਦੀ ਤਹਿਰੀਕ ਦਾ ਬਾਨਣੂੰ ਬੰਨ੍ਹਣ ਵਾਲਿਆਂ ਵਿਚੋਂ ਇਕ ਹੈ। ਇਤਿਹਾਸਕ ਦਸਤਾਵੇਜ਼ਾਂ ਦੀ ਪੈੜ ਨੱਪੀਏ ਤਾਂ ਮੀਹਾਂ ਸਿੰਘ ਸਰਹਾਲੀ ਦੇ ਤਿੰਨ ਵਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦੇ ਬੰਦੀ ਜੀਵਨ ਦੌਰਾਨ ਰੰਗੂਨ ਅਤੇ ਮਰਗੋਈ ਟਾਪੂ ਵਿਖੇ ਮਿਲਣ ਦੀ ਟੋਹ ਮਿਲਦੀ ਹੈ। ਕੌਮੀ ਆਜ਼ਾਦੀ ਲਈ ਜੂਝਦੇ ਕੂਕਾ (ਨਾਮਧਾਰੀ) ਦਰਬਾਰ ਅਤੇ ਰੂਸ ਦੀ ਸਰਕਾਰ ਵਿਚਕਾਰ ਖ਼ਤੋ-ਖ਼ਿਤਾਬਤ ਲਈ ਸੂਬਾ ਗੁਰਚਰਨ ਸਿੰਘ ਕੂਕਾ ਅਤੇ ਸ. ਮੀਹਾਂ ਸਿੰਘ ਸਰਹਾਲੀ ਅਹਿਮ ਕੜੀ ਸਨ। ਰੂਸੀ ਸਰਕਾਰ ਦੀ ਡਾਕ ਸਤਿਗੁਰੂ ਹਰੀ ਸਿੰਘ ਜੀ ਤਕ ਪਹੁੰਚਾਉਣ ਦੀ ਸੇਵਾ ਸੂਬਾ ਗੁਰਚਰਨ ਸਿੰਘ ਦੇ ਜ਼ਿੰਮੇ ਸੀ ਅਤੇ ਅੱਗੋਂ ਸਤਿਗੁਰੂ ਰਾਮ ਸਿੰਘ ਜੀ ਤੱਕ ਜਾਨ ਹੂਲ ਕੇ ਪਹੁੰਚਣ ਦਾ ਫ਼ਰਜ਼ ਮੀਹਾਂ ਸਿੰਘ ਕੂਕਾ ਸਰਹਾਲੀ ਨਿਭਾਉਂਦਾ ਰਿਹਾ। ਇਹ ਇਤਿਹਾਸ-ਪੁਰਖ ਸੁਵਰਨ ਸਿੰਘ ਵਿਰਕ ਦੇ ਨਾਨਾ ਜੀ ਸ. ਆਤਮਾ ਸਿੰਘ ਬੁਰਜ ਰਾਇ ਕੇ ਦਾ ਸਕਾ ਚਾਚਾ ਸੀ। ਵਿਰਕ ਦੇ ਦਾਦਾ ਜੀ ਸੰਤ ਜਿਉਣ ਸਿੰਘ ਝੱਬਰ ਅੰਗਰੇਜ਼ ਸਰਕਾਰ ਦੀਆਂ ਸਖ਼ਤੀਆਂ ਦੇ ਦੌਰ ਸਮੇਂ ਛੇ ਮਹੀਨੇ ਮੀਹਾਂ ਸਿੰਘ ਕੂਕਾ ਦੇ ਅੰਗ-ਸੰਗ ਰਹੇ। ਵਿਰਕ ਦੇ ਪਿਤਾ ਜੀ ਜੱਥੇਦਾਰ ਗੁਰਮੁਖ ਸਿੰਘ ਝੱਬਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਸਮੇਂ ਚਾਲੀ ਵਰ੍ਹੇ ਭੈਣੀ ਸਾਹਿਬ ਰਹੇ। ਉਹ ਵੀਹ ਵਰ੍ਹੇ ਭੈਣੀ ਸਾਹਿਬ ਦੇ ਮੁਖ ਪ੍ਰਬੰਧਕ ਰਹੇ। ਦਸੰਬਰ 1948 ਈ. 'ਚ ਭੈਣੀ ਸਾਹਿਬ ਵਿਖੇ ਹੀ ਵਿਰਕ ਦਾ ਜਨਮ ਹੋਇਆ। ਝੱਬਰ ਪਰਿਵਾਰ ਦਾ ਪਿੱਛਾ ਜੰਡਿਆਲਾ ਸ਼ੇਰ ਖ਼ਾਂ (ਵਾਰਸ ਸ਼ਾਹ ਦੀ ਜਨਮ ਭੂਮੀ) ਜ਼ਿਲ੍ਹਾ ਸ਼ੇਖੂਪੁਰਾ ਦੇ ਗੁਆਂਢੀ ਪਿੰਡ ਝੱਬਰ ਦਾ ਹੈ। ਇਸ ਪਰਿਵਾਰ ਦਾ ਇਕ ਪੁਰਖਾ ਕਰਤਾਰ ਸਿੰਘ ਝੱਬਰ ਨਨਕਾਣਾ ਸਾਹਿਬ ਦੇ ਸਾਕੇ ਦਾ ਹੀਰੋ ਸੀ, ਜੋ ਵਿਰਕ ਦੇ ਦਾਦਾ ਜੀ ਦਾ ਕੋੜਮੇ ਵਿਚੋਂ ਭਾਈ ਸੀ। ਸੋ ਕੌਮੀ-ਸੇਵਾ ਅਤੇ ਲੋਕ-ਹਿਤਾਂ ਲਈ ਜੂਝਣ ਦੀ ਗੁੜ੍ਹਤੀ ਵਿਰਕ ਨੂੰ ਵਿਰਸੇ ਵਿਚੋਂ ਪੁਰਖਿਆਂ ਕੋਲੋਂ ਮਿਲੀ। ਉਹ ਲੋਕ-ਪੱਖੀ ਲਹਿਰ ਨੂੰ ਪ੍ਰਣਾਇਆ ਅਜੇਹਾ ਕਰਮਸ਼ੀਲ ਬੁੱਧੀਜੀਵੀ ਹੈ, ਜਿਸ ਦੀ ਸ਼ਖ਼ਸੀਅਤ ਦੀਆਂ ਕਈ ਪਰਤਾਂ ਮਨ ਨੂੰ ਮੋਹ ਲੈਣ ਵਾਲੀਆਂ ਹਨ; ਕਰਮੱਠ ਰਾਜਸੀ ਆਗੂ, ਪ੍ਰਭਾਵੀ ਵਕਤਾ, ਰਸਿਕ-ਚਿਤ ਕਵੀ/ਸਿਰਜਕ, ਘੁਮੱਕੜ, ਸਾਹਿਤ, ਇਤਿਹਾਸ, ਫ਼ਲਸਫ਼ੇ ਦਾ ਜਨੂੰਨੀ ਪਾਠਕ, ਸਾਦੇ ਪੇਂਡੂ ਲਿਬਾਸ 'ਚ ਆਧੁਨਿਕ ਗਿਆਨ-ਵਿਗਿਆਨ ਅਤੇ ਲੋਕ-ਵੇਦੀ ਸਿਆਣਪ ਦਾ ਮੁਜੱਸਮਾ। ਉਹ ਹਰਿਆਣੇ ਦਾ ਉੱਘਾ ਕਮਿਊਨਿਸਟ ਆਗੂ ਹੈ, ਜਿਸ ਨੇ ਅੰਤਰ-ਰਾਸ਼ਟਰੀ ਲੈਨਿਨ ਸਕੂਲ ਮਾਸਕੋ ਤੋਂ ਮਾਰਕਸਵਾਦੀ ਫ਼ਲਸਫ਼ੇ ਦਾ ਅਧਿਅਨ ਕੀਤਾ। ਉਹ ਸੁਖ-ਰਹਿਣੇ ਮੱਧ-ਵਰਗੀ ਬੁੱਧੀਜੀਵੀਆਂ ਵਰਗਾ ਮਾਰਕਸਵਾਦੀ ਨਹੀਂ, ਘਰ ਫੂਕ ਤਮਾਸ਼ਾ ਵੇਖਣ ਵਾਲਾ ਰਾਜਸੀ ਕਾਰਕੁਨ ਹੈ। ਉਸ ਨੇ ਆਪਣੀ ਚੰਗੀ ਚਲਦੀ ਵਕਾਲਤ ਨੂੰ ਤਿਆਗ ਕੇ ਕਮਿਊਨਿਸਟ

Sri Satguru Jagjit Singh Ji eLibrary NamdhariElibrary@gmail.com

ਸਿਆਸਤ 'ਚ ਕੁੱਦਣ ਦਾ ਆਤਮ-ਬਲੀਦਾਨ ਵਾਲਾ ਬਿਖੜਾ ਰਾਹ ਚੁਣਿਆ ਹੈ। ਰਾਜਸੀ ਸਰਗਰਮੀ ਨੇ ਪਠਨ-ਪਾਠਨ ਅਤੇ ਦੇਸ-ਬਦੇਸ ਦੇ ਰਟਨ ਦੇ ਮੌਕੇ ਉਸ ਨੂੰ ਦਿੱਤੇ। ਘੁਮੱਕੜੀ ਸਮੇਂ ਵੀ ਕੋਈ ਨਾ ਕੋਈ ਪੋਥੀ ਉਸਦੇ ਬੋਝੇ ਵਿਚ ਰਹਿੰਦੀ ਹੈ। ਰਾਜਸੀ ਮਸਰੂਫ਼ੀਆਂ ਉਸ ਅੰਦਰਲੇ ਰਸਿਕ-ਚਿਤ ਕਵੀ ਦੇ ਤਖ਼ਲੀਕੀ ਅਮਲ ਨੂੰ ਬੰਨ੍ਹ ਨਹੀਂ ਮਾਰ ਸਕੀਆਂ। ਸੁਰੱਸਤੀ ਉਸ ਉਪਰ ਖਾਸੀ ਮੇਹਰਬਾਨ ਹੈ। ਜਦੋਂ ਉਹ ਬੋਲਦਾ ਹੈ ਤਾਂ ਭਾਵ-ਰੱਤੇ ਜਜ਼ਬਿਆਂ ਦੇ ਅਟੁੱਟ ਪ੍ਰਵਾਹ, ਲੱਛੇਦਾਰ ਵਾਕਾਂ, ਇਤਿਹਾਸ, ਮਿਥਿਹਾਸ, ਸਾਹਿਤ ਅਤੇ ਲੋਕ-ਧਾਰਾ ਦੇ ਹਵਾਲਿਆਂ ਕਾਰਨ ਉਹ ਵੱਡੇ ਵੱਡੇ ਇਕੱਠਾਂ ਨੂੰ ਕੀਲ ਲੈਂਦਾ ਹੈ। ਯਾਦਾਸ਼ਤ ਉਸਦੀ ਬਾ-ਕਮਾਲ ਹੈ। ਪੰਜਾਬੀ, ਬ੍ਰਜੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਉਪਰ ਉਸ ਨੂੰ ਅਬੂਰ ਹਾਸਿਲ ਹੈ। ਸਾਦਾ ਪੇਂਡੂ ਦਿੱਖ, ਮਨੋਹਰ ਤੇ ਮਧੁਰ ਬਾਣੀ, ਹਲੀਮੀ ਪਰ ਗਿਆਨ 'ਚ ਸਧੇ ਦਰਵੇਸ਼ਾਂ ਵਾਲਾ ਜਲਾਲ ਹਰ ਥਾਂ ਉਸ ਦੀ ਹਾਜ਼ਰੀ ਦਾ ਅਹਿਸਾਸ ਕਰਵਾਉਂਦੇ ਹਨ। ਵੱਖਰੇ ਅਤੇ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਵੀ ਕਿਸੇ ਸਾਂਝੇ ਸਮਾਜਕ ਕਾਜ ਲਈ ਨਾਲ ਤੋਰਨ ਦੀ ਉਸਦੀ ਯੋਗਤਾ ਉਪਰ ਕਈ ਵਾਰ ਰਸ਼ਕ ਹੁੰਦਾ ਹੈ।

ਸੁਵਰਨ ਸਿੰਘ ਵਿਰਕ ਦੇ ਅਧਿਅਨ ਦਾ ਘੇਰਾ ਬਹੁਤ ਵਸੀਹ ਹੈ। ਦਰਸ਼ਨ, ਧਰਮ, ਇਤਿਹਾਸ, ਮਿਥਿਹਾਸ, ਸਾਹਿਤ ਅਤੇ ਲੋਕ-ਧਾਰਾ ਉਸਦੇ ਪਸੰਦੀਦਾ ਵਿਸ਼ੇ ਹਨ। ਉਸ ਦੀ ਨਿੱਜੀ ਲਾਇਬਰੇਰੀ ਵਿਚ ਵਿਸ਼ਵ ਦੇ ਮਹਾਨ ਕਲਾਸਕੀ ਸਾਹਿਤ ਦਾ ਮੁੱਲਵਾਨ ਖ਼ਜ਼ਾਨਾ ਸਾਂਭਿਆ ਹੋਇਆ ਹੈ। ਉਸਦੀ ਗੱਲ-ਕੱਥ ਅਤੇ ਲਿਖਤਾਂ ਵਿਚ ਵੱਖ-ਵੱਖ ਜ਼ਬਾਨਾਂ ਤੇ ਵਿਭਿੰਨ ਅਨੁਸ਼ਾਸਨਾਂ ਦੀਆਂ ਮਹਾਨ ਲਿਖਤਾਂ ਦੇ ਹਵਾਲੇ ਗਾਹੇ-ਬਗਾਹੇ ਆਉਂਦੇ ਹਨ। ਪੰਜਾਬ ਦੇ ਮਹਾਨ ਗਦਰੀਆਂ, ਕੂਕਿਆਂ, ਬੱਬਰਾਂ, ਅਕਾਲੀਆਂ, ਕਮਿਊਨਿਸਟਾਂ, ਕਾਂਗਰਸੀਆਂ, ਦੇਸ਼-ਭਗਤਾਂ, ਦਰਵੇਸ਼ਾਂ ਅਤੇ ਫੱਕਰਾਂ ਦੇ ਪਿੰਡ-ਗਰਾਵਾਂ ਅਤੇ ਇਤਿਹਾਸਕ ਸਥਲਾਂ ਬਾਰੇ ਉਸ ਦੀ ਜਾਣਕਾਰੀ ਹੈਰਾਨ ਕਰਨ ਵਾਲੀ ਹੈ। ਉਸ ਨਾਲ ਸਫ਼ਰ ਕਰਨਾ ਬਹੁਤ ਲਾਹੇਵੰਦਾ ਸੌਦਾ ਹੈ; ਪੰਜਾਬ ਦੇ ਪਿੰਡਾਂ-ਥਾਵਾਂ ਬਾਰੇ ਮਾਰਮਿਕ ਟਿੱਪਣੀਆਂ ਕਰਦਾ ਕਰਦਾ ਉਹ ਤੁਹਾਨੂੰ ਇਕੋ ਵੇਲੇ ਇਤਿਹਾਸ ਦੇ ਕਈ ਕਾਲ-ਖੰਡਾਂ ਵਿਚੋਂ ਦੀ ਲੰਘਾ ਜਾਂਦਾ ਹੈ। ਪੰਜਾਬ ਦਾ ਜੁਗਰਾਫ਼ੀਆ ਅਤੇ ਇਤਿਹਾਸ ਆਪਣੇ ਅਨੇਕਾਂ ਪਾਸਾਰਾਂ ਸਮੇਤ ਤੁਹਾਡੇ ਸਾਹਮਣੇ ਚਲ-ਚਿਤਰਾਂ ਵਾਂਗ ਘੁੰਮਣ ਲਗਦੇ ਹਨ। ਉਹ ਆਪਣੇ ਸਰੋਤੇ ਨੂੰ ਰਤੀ ਭਰ ਵੀ ਉਕਤਾਉਣ ਨਹੀਂ ਦਿੰਦਾ। ਆਪਣੀ ਗੱਲ-ਕਥ ਨੂੰ ਰੌਚਿਕ ਬਣਾਉਣ ਲਈ ਉਹ ਪੇਸ਼ਵਰ ਕਥਾ-ਵਾਚਕਾਂ ਵਾਂਗ ਤਰ੍ਹਾਂ-ਤਰ੍ਹਾਂ ਦੀਆਂ ਤਸ਼ਬੀਹਾਂ, ਜੁਮਲਿਆਂ, ਸ਼ਿਅਰਾਂ ਅਤੇ ਇਤਿਹਾਸਕ-ਮਿਥਿਹਾਸਕ ਪ੍ਰਸੰਗਾਂ ਦੀ ਝੜੀ ਲਾ ਦਿੰਦਾ ਹੈ। ਉਹ ਪ੍ਰਬੀਨ ਗੱਲਕਾਰ ਹੈ। ਉਸ ਦਾ ਅਜੋਕਾ ਪਿੰਡ ਕਰੀਵਾਲਾ (ਸਿਰਸਾ) ਘੱਗਰ ਨਦੀ ਦੇ ਪੁਰਾਣੇ ਵਹਿਣ ਦੇ ਕਿਨਾਰੇ ਉਪਰ ਸਥਿਤ ਹੈ। ਸਥਾਨਕ ਮੁਹਾਵਰੇ ਵਿਚ ਘੱਗਰ ਦਰਿਆ ਨੂੰ 'ਨਾਲੀ' ਆਖਦੇ ਹਨ। ਇਹ ਨਾਲੀ ਪੁਰਾਣੀ 'ਸਰਸਵਤੀ' ਨਦੀ ਦਾ ਹੀ ਅਜੋਕਾ ਨਾਮ ਹੈ। ਸੁਵਰਨ ਸਿੰਘ ਵਿਰਕ ਦੇ ਮਨੋਹਰ ਵਚਨ-ਬਿਲਾਸ ਨੂੰ ਤਰਾਸ਼ਣ 'ਚ 'ਸੁਰਸਤੀ' ਦਾ ਜਾਂ 'ਸਰਸਵਤੀ' ਦੇ ਪਾਣੀਆਂ ਦੀ ਤਾਸੀਰ ਦਾ ਕਿੰਨਾ ਕੁ ਹੱਥ ਹੈ? ਇਹਦੇ ਬਾਰੇ ਤਾਂ ਪੱਕ ਨਾਲ ਕੁਝ ਨਹੀਂ ਕਹਿ ਸਕਦਾ, ਪਰ 'ਸੁਰਸਤੀ' ਦਾ ਵਾਸਾ ਉਸ ਦੀ ਜ਼ਬਾਨ ਉਪਰ ਹੈ, ਇਹ ਉਹਦੇ ਸੰਗੀ-ਮੇਲੀ ਜਾਣਦੇ ਹਨ।

ਲੋਕ-ਪੱਖੀ ਰਾਜਸੀ ਸਰਗਰਮੀ ਵਾਂਗ ਲੋਕ-ਹਿਤ ਦੀ ਦ੍ਰਿਸ਼ਟੀ ਤੋਂ ਸਾਹਿਤ, ਇਤਿਹਾਸ ਅਤੇ ਦਰਸ਼ਨ ਆਦਿ ਦਾ ਚਿੰਤਨ-ਮਨਨ ਉਸ ਦੇ ਬੌਧਿਕ ਅਮਲ ਦਾ ਹਿੱਸਾ ਹੈ। ਉਹ ਦੁਨੀਆਂ ਭਰ ਦੀਆਂ ਇਨਕਲਾਬੀ ਤਹਿਰੀਕਾਂ ਦੇ ਇਤਿਹਾਸ, ਫ਼ਲਸਫ਼ੇ, ਸਾਹਿਤ ਅਤੇ ਉਨ੍ਹਾਂ ਦੇ ਸਮਾਜੀ ਸਰੋਕਾਰਾਂ ਨਾਲ ਵਾਬਸਤਾ ਹੈ। ਪਰ ਨਾਮਧਾਰੀ ਲਹਿਰ ਦਾ ਇਤਿਹਾਸ ਅਤੇ ਸਾਹਿਤ ਉਸ ਦੀ ਰੁਚੀ ਦਾ ਵਿਸ਼ੇਸ਼ ਖੇਤਰ ਹੈ। ਨਾਮਧਾਰੀ ਲਹਿਰ ਦੇ ਇਤਿਹਾਸ, ਕ੍ਰਾਂਤੀਕਾਰੀ ਵਿਰਸੇ ਅਤੇ ਡੇਢ ਸਦੀ ਦੇ ਨਾਮਧਾਰੀ ਸਾਹਿਤ ਬਾਰੇ ਉਸ ਦੀਆਂ ਖੋਜ-ਭਰਪੂਰ ਲਿਖਤਾਂ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਅਤੇ ਮਾਸਿਕ 'ਵਰਿਆਮ' ਵਿਚ ਨਿਰੰਤਰ ਛਪਦੀਆਂ ਰਹਿੰਦੀਆਂ ਹਨ। ਨਿਰਸੰਦੇਹ ਉਹ ਨਾਮਧਾਰੀ ਲਹਿਰ ਅਤੇ ਉਸ ਦੀ ਪ੍ਰੇਰਨਾ-ਵਸ ਰਚੇ ਗਏ ਸਾਹਿਤ ਦਾ ਅਧਿਕਾਰੀ ਵਿਦਵਾਨ ਹੈ, ਪਰ ਉਸ ਦੀਆਂ ਲਿਖਤਾਂ ਵਿਚ ਪੇਸ਼ੇਵਰ ਅਕਾਦਮੀਸ਼ਨਾਂ ਵਾਲਾ ਪੰਡਤਾਊ ਰੰਗ ਨਹੀਂ। ਪਰਿਵਾਰਕ ਤੌਰ 'ਤੇ ਕੂਕਿਆਂ ਦਾ ਪਿਛੋਕੜ ਹੋਣ ਕਾਰਣ ਉਸ ਦੀ ਤਹਿਰੀਕ ਪ੍ਰਤੀ

Sri Satguru Jagjit Singh Ji eLibrary NamdhariElibrary@gmail.com

ਹਮਦਰਦੀ ਤੇ ਭਾਵੁਕ ਲਗਾਉ ਜੱਗ-ਜ਼ਾਹਰ ਹੈ। ਉਹ ਨਾਮਧਾਰੀ ਪੰਥ ਦੇ ਬਾਨੀਆਂ, ਰਹਿਨੁਮਾਵਾਂ, ਅਨਿਨ ਸੇਵਕਾਂ, ਸਿਰਲੱਥ ਕੌਮੀ ਸ਼ਹੀਦਾਂ, ਇਤਿਹਾਸਕਾਰਾਂ, ਖੋਜੀਆਂ ਅਤੇ ਸਾਹਿਤਕਾਰਾਂ ਪ੍ਰਤੀ ਕ੍ਰਿਤੱਗਤਾ ਦੀ ਭਾਵਨਾ ਵੀ ਰੱਖਦਾ ਹੈ, ਕਿਤੇ ਕਿਤੇ ਭਾਵੁਕ ਉਲਾਰ ਦਾ ਸ਼ਿਕਾਰ ਵੀ ਹੁੰਦਾ ਹੈ, ਪਰ ਉਸ ਦਾ ਇਹ ਵੱਡ-ਆਕਾਰੀ ਗ੍ਰੰਥ ਇਕ ਅਹਿਮ ਇਤਿਹਾਸਕ ਦਸਤਾਵੇਜ਼ ਹੈ।

ਸੁਵਰਨ ਸਿੰਘ ਵਿਰਕ ਦੀ ਇਹ ਖੋਜ-ਭਰਪੂਰ ਲਿਖਤ ਭਾਰਤ ਦੇ ਕੌਮੀ ਇਤਿਹਾਸ ਅਤੇ ਭਾਰਤੀ ਸਾਹਿਤ ਦੇ ਇਤਿਹਾਸ ਦੀ ਇਕ ਮੁੱਲਵਾਨ ਦਸਤਾਵੇਜ਼ ਹੈ। ਸੰਜੋਗ ਵੱਸ ਇਹ ਪੁਸਤਕ ਉਸ ਸਮੇਂ ਛਾਪੇ ਦਾ ਜਾਮਾ ਪਹਿਨ ਰਹੀ ਹੈ ਜਦੋਂ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਅਤੇ ਨਾਮਧਾਰੀ ਲਹਿਰ ਦੇ ਡੇਢ ਸੌ ਸਾਲਾ ਸਥਾਪਨਾ ਦਿਵਸ ਕੌਮੀ ਪੱਧਰ 'ਤੇ ਮਨਾਏ ਜਾ ਰਹੇ ਹਨ। ਇਹ ਮੌਕਾ ਆਪਣੇ ਗੌਰਵਮਈ ਇਤਿਹਾਸ ਅਤੇ ਕ੍ਰਾਂਤੀਕਾਰੀ ਲਹਿਰਾਂ ਦੀ ਪੁਨਰ-ਸਿਮਰਤੀ ਦਾ ਵੀ ਹੈ ਅਤੇ ਪੁਨਰ-ਮੁੱਲਾਂਕਣ ਦਾ ਵੀ। ਅੱਜ ਜਦੋਂ ਵਿਸ਼ਵ ਪੂੰਜੀਵਾਦ ਨੇ ਬਾਜ਼ਾਰ ਦੀ ਸੱਤਾ-ਸਿਆਸਤ ਰਾਹੀਂ ਸਾਰੀ ਦੁਨੀਆਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ ਅਤੇ ਉਸਦੇ ਸਿਧਾਂਤਕਾਰ ਮਹਾਂ-ਬਿਰਤਾਂਤਾਂ, ਮਹਾਨ ਆਦਰਸ਼ਾਂ, ਇਤਿਹਾਸ, ਵਿਚਾਰਧਾਰਾ ਅਤੇ ਸਭ ਸੁਪਨਿਆਂ ਦੇ ਅੰਤ ਦਾ ਐਲਾਨ ਕਰ ਰਹੇ ਹਨ – ਅਜਿਹੇ ਸਮੇਂ ਆਪਣੇ ਇਤਿਹਾਸ ਤੇ ਵਿਰਸੇ ਦੇ ਗੌਰਵ ਦਾ ਕੀ ਮਹੱਤਵ ਹੈ? ਸੁਵਰਨ ਸਿੰਘ ਵਿਰਕ ਇਸ ਵਿਚਾਰਧਾਰਕ ਮਸਲੇ ਬਾਰੇ ਬਹੁਤ ਸੁਚੇਤ ਹੈ। ਇਸ ਵੱਲ ਇਸ਼ਾਰਾ ਉਸ ਨੇ ਇਸ ਪੁਸਤਕ ਦੀ ਭੂਮਿਕਾ ਵਿਚ ਵੀ ਕੀਤਾ ਹੈ ਅਤੇ ਨਾਮਧਾਰੀ ਲਹਿਰ ਅਤੇ ਉਸਦੇ ਸਾਹਿਤ ਦੇ ਸਮੁੱਚੇ ਵਿਸ਼ਲੇਸ਼ਣ ਸਮੇਂ ਵੀ। ਉਹ ਨਾਮਧਾਰੀ ਲਹਿਰ ਅਤੇ ਉਸ ਦੇ ਸਾਹਿਤ ਨੂੰ ਬਰਤਾਨਵੀ ਬਸਤੀਵਾਦ ਵਿਰੋਧੀ ਕ੍ਰਾਂਤੀਕਾਰੀ ਕੌਮੀ ਤਹਿਰੀਕ ਅਤੇ ਵਿਦਰੋਹੀ ਸਾਹਿਤਕ ਪ੍ਰਵਚਨ ਵਜੋਂ ਪਰਿਭਾਸ਼ਤ ਕਰਦਾ ਹੈ।

ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀ ਲਹਿਰ ਦਾ ਯੋਗਦਾਨ ਇਤਿਹਾਸਕ ਮਹੱਤਵ ਵਾਲਾ ਹੈ। ਆਪਣੀ ਧਾਰਮਿਕ ਦਿੱਖ ਦੇ ਬਾਵਜੂਦ ਇਹ ਲਹਿਰ ਬਰਤਾਨਵੀ ਬਸਤੀਵਾਦੀ ਹਕੂਮਤ ਦੇ ਸਿਆਸੀ ਅਤੇ ਵਿਚਾਰਧਾਰਕ ਆਧਾਰ ਨੂੰ ਚੁਣੌਤੀ ਦੇਣ ਵਾਲੀ ਪਹਿਲੀ ਸੰਗਠਿਤ ਤੇ ਕੌਮੀ ਲਹਿਰ ਹੈ। ਬਰਤਾਨਵੀ ਬਸਤੀਵਾਦੀ ਹਕੂਮਤ ਦੀ ਹੇਜ਼ਮਨੀ ਨੂੰ ਵੰਗਾਰਨ ਲਈ ਕੂਕਾ ਦਰਬਾਰ ਨੇ ਉਸ ਦੇ ਸਮੁੱਚੇ ਪ੍ਰਬੰਧਕੀ-ਢਾਂਚੇ ਦਾ ਕੇਵਲ ਬਾਈਕਾਟ ਹੀ ਨਹੀਂ ਕੀਤਾ ਸਗੋਂ ਉਸ ਦੇ ਸਮਾਨਾਂਤਰ ਵਿਵਸਥਾ ਉਸਾਰਨ ਲਈ ਨਾਮਧਾਰੀ ਸੂਬਿਆਂ ਦੀ ਸਥਾਪਨਾ ਕੀਤੀ। ਬਸਤੀਵਾਦੀ ਹਕੂਮਤ ਦੇ ਮਾਲ ਦੇ ਬਾਈਕਾਟ ਦਾ ਸਪਸ਼ਟ ਉਦੇਸ਼ ਉਸ ਦੇ ਆਰਥਿਕ ਆਧਾਰ ਉੱਤੇ ਸੱਟ ਮਾਰਨ ਦਾ ਸੀ। ਨਾਮਧਾਰੀ (ਕੂਕਾ) ਦਰਬਾਰ ਦਾ ਸਥਾਨਕ ਪ੍ਰਬੰਧ ਅਤੇ ਕੌਮੀ ਆਰਥਿਕਤਾ ਦੀ ਰਾਖੀ ਦਾ ਤਰਕ ਦਰਅਸਲ ਆਪਣੇ ਲੋਕਾਂ, ਸਥਾਨਕ ਰਵਾਇਤਾਂ, ਗਿਆਨ-ਪਰੰਪਰਾਵਾਂ, ਕੌਮੀ ਗੌਰਵ ਅਤੇ ਸਥਾਨਕ ਸਭਿਆਚਾਰਕ ਪਛਾਣਾਂ ਨੂੰ ਮਾਨਤਾ ਦੇਕੇ ਉਨ੍ਹਾਂ ਦੀ ਅਜ਼ਮਤ ਨੂੰ ਸਨਮਾਨ ਦੇਣ ਦਾ ਸੀ। ਇਉਂ ਨਾਮਧਾਰੀ ਲਹਿਰ ਮਹਾਤਮਾ ਗਾਂਧੀ ਦੇ ਨਾਮਿਲਵਰਤਨ ਅੰਦੋਲਨ ਅਤੇ ਅਜੋਕੇ ਪੂਰਬਵਾਦ ਦੇ ਫ਼ਲਸਫ਼ੇ ਦੀ ਪ੍ਰੇਰਕ ਤੇ ਪੂਰਵਜ ਹੋਣ ਦੇ ਮਾਣ ਦੀ ਅਧਿਕਾਰੀ ਹੈ। ਪੱਛਮ ਦੀ ਸਰਬ-ਸ੍ਰੇਸ਼ਟਤਾ ਤੇ ਬੌਧਿਕ ਸਰਦਾਰੀ ਨੂੰ ਵੰਗਾਰਨ ਵਾਲੀ ਅਜੋਕੀ ਪੂਰਬਵਾਦ ਦੀ ਵਿਚਾਰਧਾਰਾ ਦਾ ਮੰਤਵ ਵੀ ਵਿਸ਼ਵੀਕਰਣ ਦੇ ਸਾਮਰਾਜਵਾਦੀ ਮਾਡਲ ਦੇ ਵਿਰੁਧ ਸਥਾਨਕ ਸਭਿਆਚਾਰਕ ਪਛਾਣਾਂ ਦੇ ਮਹੱਤਵ ਨੂੰ ਪਛਾਣਨ ਦਾ ਹੈ।

ਰਾਸ਼ਟਰਵਾਦੀ ਚਰਿਤਰ ਦਾ ਸੁਆਮੀ ਹੋਣ ਕਾਰਨ ਨਾਮਧਾਰੀ ਲਹਿਰ ਦਾ ਸਾਹਿਤ ਸਾਡਾ ਕੌਮੀ ਸਰਮਾਇਆ ਹੈ। ਸੁਵਰਨ ਸਿੰਘ ਵਿਰਕ ਦੀ ਹਥਲੀ ਪੁਸਤਕ ਵਿਚ ਨਾਮਧਾਰੀ ਲਹਿਰ ਦੇ ਡੇਢ ਸਦੀ ਦੇ ਸਮੁੱਚੇ ਸਾਹਿਤ ਦਾ ਭਰਵਾਂ ਲੇਖਾ ਜੋਖਾ ਹੈ। ਇਸ ਵੱਡ-ਆਕਾਰੀ ਗ੍ਰੰਥ ਵਿਚ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਨਾਮਧਾਰੀ ਸੰਗਤ ਲਈ ਜਾਰੀ ਹੋਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਲੈ ਕੇ ਸਮਕਾਲ ਦੇ ਨਾਮਧਾਰੀ ਲੇਖਕਾਂ, ਖੋਜੀਆਂ, ਇਤਿਹਾਸਕਾਰਾਂ ਅਤੇ ਚਿੰਤਕਾਂ ਦੀਆਂ ਲਿਖਤਾਂ ਦਾ ਪੁਨਰ-ਮੁੱਲਾਂਕਣ ਹੋਇਆ ਹੈ। ਸੁਵਰਨ ਸਿੰਘ ਵਿਰਕ ਦੀ ਖੋਜ ਅਤੇ ਆਲੋਚਨਾ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ ਇਤਿਹਾਸਕ ਤੇ ਦਸਤਾਵੇਜ਼ੀ ਮਹੱਤਵ ਵਾਲੀਆਂ ਨਾਮਧਾਰੀ ਲਿਖਤਾਂ ਨੂੰ ਭਾਰਤ

Sri Satguru Jagjit Singh Ji eLibrary NamdhariElibrary@gmail.com

ਦੇ ਕੌਮੀ ਇਤਿਹਾਸ, ਨਾਮਧਾਰੀ ਸੰਪ੍ਰਦਾਇ ਦੇ ਵਿਸ਼ੇਸ਼ ਧਾਰਮਿਕ ਤੇ ਸਭਿਆਚਾਰਕ ਸੰਦਰਭ ਅਤੇ ਅਵਾਮ ਪੱਖੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਵਿਚਾਰਦਾ ਹੈ। ਇਸ ਪੁਸਤਕ ਵਿਚੋਂ ਨਾਮਧਾਰੀ ਲਹਿਰ ਦੇ ਇਤਿਹਾਸ, ਨਾਮਧਾਰੀ ਸੰਪ੍ਰਦਾਇ ਦੀ ਮਰਿਆਦਾ, ਧਾਰਮਿਕ ਵਿਸ਼ਵਾਸਾਂ, ਸਿਧਾਂਤਾਂ/ ਸੰਕਲਪਾਂ, ਨਾਮਧਾਰੀ ਪੰਥ ਦੇ ਬਾਨੀਆਂ ਤੇ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਦੇ ਨਾਲ ਨਾਲ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦੇ ਕਈ ਅਣਗੌਲੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਪੁਸਤਕ ਦੇ ਸਰਸਰੀ ਪਾਠ ਤੋਂ ਹੀ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਸੁਵਰਨ ਸਿੰਘ ਵਿਰਕ ਨੇ ਨਾਮਧਾਰੀ ਲਹਿਰ ਦੇ ਇਤਿਹਾਸ, ਉਸਦੇ ਸਾਹਿਤ ਅਤੇ ਭਾਰਤ ਦੇ ਕੌਮੀ ਸਤੰਤਰਤਾ ਸੰਗਰਾਮ ਦੇ ਅਣਫੋਲੇ ਵਰਕਿਆਂ ਦਾ ਮੁਤਾਲਿਆ ਕਰਨ ਲਈ ਵਸੀਹ ਸਰੋਤਾਂ ਤੱਕ ਪਹੁੰਚ ਕੀਤੀ ਹੈ। ਇਕ ਹੋਰ ਪੱਖੋਂ ਵੀ ਇਹ ਪੁਸਤਕ ਉਚੇਚਾ ਧਿਆਨ ਖਿੱਚਦੀ ਹੈ ਉਹ ਹੈ ਪੰਜਾਬੀ ਅਤੇ ਵਿਸ਼ੇਸ਼ ਤੌਰ 'ਤੇ ਨਾਮਧਾਰੀ ਸਾਹਿਤ ਦੇ ਪਿਛਲੀ ਡੇਢ ਸਦੀ ਦੇ ਵੱਖ ਵੱਖ ਸਾਹਿਤਕ ਰੂਪਾਕਾਰਾਂ ਦੀ ਜਾਣਕਾਰੀ ਅਤੇ ਉਨ੍ਹਾਂ ਦਾ ਪੁਨਰ-ਚਿੰਤਨ। ਲੇਖਕ ਨੇ ਨਾਮਧਾਰੀ ਹੁਕਮਨਾਮਿਆਂ, ਸਤਿਗੁਰ ਬਿਲਾਸ (ਕਾਵਿ-ਜੀਵਨੀ) ਕਾਵਿ-ਇਤਿਹਾਸ, ਬਾਰਾਂ ਮਾਹਾਂ, ਮਹਾਂਕਾਵਿ, ਕੁੰਡਲੀਆ-ਕਾਵਿ, ਪੈਂਤੀ ਅੱਖਰੀ, ਵਾਰ-ਕਾਵਿ, ਰੋਜ਼ਨਾਮਚਿਆਂ, ਤਵਾਰੀਖ਼ਾਂ, ਯਾਦਾਂ, ਸਿਮਰਣ, ਨਾਵਲ, ਨਿਬੰਧ ਅਤੇ ਸਾਹਿਤਕ ਪੱਤਰਕਾਰੀ ਆਦਿ ਸਾਹਿਤ ਰੂਪਕਾਰਾਂ ਦੇ ਸਮੇਂ ਦੇ ਨਾਲ ਨਾਲ ਬਦਲਦੇ ਵਟਦੇ ਰੂਪਾਂ ਦਾ ਵੀ ਨਿੱਠ ਕੇ ਅਧਿਐਨ ਕੀਤਾ ਹੈ।

ਨਾਮਧਾਰੀ ਸਾਹਿਤ ਬਾਰੇ ਖੋਜ ਅਤੇ ਮੁੱਲਾਂਕਣ ਦਾ ਕੰਮ ਅਜੇ ਮੁੱਢਲੇ ਪੜਾਅ ਉਪਰ ਹੀ ਹੈ। ਜਿਸ ਤਰ੍ਹਾਂ ਭਾਰਤੀ ਇਤਿਹਾਸ ਦੇ ਲੇਖਣ ਤੇ ਮੁੱਲਾਂਕਣ ਸਮੇਂ ਨਾਮਧਾਰੀ ਲਹਿਰ ਦੇ ਯੋਗਦਾਨ ਦਾ ਸਹੀ ਮੁੱਲ ਨਹੀਂ ਪਾਇਆ ਗਿਆ, ਇਸੇ ਤਰ੍ਹਾਂ ਪੰਜਾਬੀ ਸਾਹਿਤ ਦੇ ਮੁੱਲਾਂਕਣ ਤੇ ਇਤਿਹਾਸਕਾਰੀ ਸਮੇਂ ਨਾਮਧਾਰੀ ਲਹਿਰ ਦੇ ਬੇਸ਼ਕੀਮਤੀ ਸਾਹਿਤਕ ਸਰਮਾਏ ਨੂੰ ਉਸ ਦਾ ਹੱਕੀ ਸਥਾਨ ਨਹੀਂ ਮਿਲਿਆ। ਭਾਵੇਂ ਨਾਮਧਾਰੀ ਪੰਥ ਦੇ ਕੁਝ ਕੁ ਵੱਡੇ ਨਾਮਣੇ ਵਾਲੇ ਬੁੱਧੀਜੀਵੀਆਂ ਨੇ ਇਸ ਪਾਸੇ ਮਹੱਤਵਪੂਰਨ ਯਤਨ ਕੀਤੇ ਹਨ, ਪਰ ਪ੍ਰਮੁੱਖ ਆਲੋਚਕਾਂ ਤੇ ਖੋਜੀਆਂ ਨੇ ਨਾਮਧਾਰੀ ਸਾਹਿਤ ਪ੍ਰਤੀ ਉਦਾਸੀਨਤਾ ਵਾਲਾ ਰੁਖ ਹੀ ਰੱਖਿਆ ਹੈ। ਇਸ ਦਿਸ਼ਾ ਵਿਚ ਇਹ ਪੁਸਤਕ ਆਉਣ ਵਾਲੇ ਸਮੇਂ ਦੇ ਖੋਜੀਆਂ ਅਤੇ ਵਿਦਵਾਨਾਂ ਲਈ ਮਹੱਤਵਪੂਰਨ ਹਵਾਲਾ ਪੁਸਤਕ ਦੀ ਭੂਮਿਕਾ ਨਿਭਾਵੇਗੀ, ਇਹ ਮੇਰਾ ਵਿਸ਼ਵਾਸ ਹੈ। ਇਹ ਪੁਸਤਕ ਨਾਮਧਾਰੀ ਲਹਿਰ ਅਤੇ ਉਸਦੇ ਸਾਹਿਤ ਬਾਰੇ ਸਾਡੀਆਂ ਕਈ ਪੂਰਵ-ਨਿਸ਼ਚਿਤ ਤੇ ਸੰਕੀਰਣ ਧਾਰਨਾਵਾਂ ਨੂੰ ਨਕਾਰਦੀ ਵੀ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਮੈਂ ਨਾਮਧਾਰੀ ਲਹਿਰ ਅਤੇ ਉਸ ਦੇ ਸਾਹਿਤ ਬਾਰੇ ਆਪਣੀਆਂ ਬਹੁਤ ਸਾਰੀਆਂ ਧਾਰਨਾਵਾਂ ਬਾਰੇ ਮੁੜ ਮੁੜ ਸੋਚਣ ਲਈ ਮਜਬੂਰ ਹੋਇਆ ਹਾਂ। ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਇਹ ਪੁਸਤਕ ਨਾਮਧਾਰੀ ਲਹਿਰ ਅਤੇ ਉਸਦੇ ਸਾਹਿਤ ਬਾਰੇ ਸਾਰਥਕ ਸੰਵਾਦ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਏਗੀ। ਸੁਵਰਨ ਸਿੰਘ ਵਿਰਕ ਦੀਆਂ ਬੌਧਿਕ ਤੇ ਖੋਜ-ਭਰਪੂਰ ਲਿਖਤਾਂ ਨੂੰ ਪੁਸਤਕ ਦੇ ਜਾਮੇ ਵਿਚ ਵੇਖਣ ਦੀ ਮੇਰੀ ਰੀਝ ਚਿਰੋਕੀ ਸੀ। ਆਪਣੇ ਮਿਹਰਬਾਨ ਮਿੱਤਰਾਂ ਸ. ਜਗਦੀਸ਼ ਸਿੰਘ 'ਵਰਿਆਮ' ਅਤੇ ਸ. ਹਰਪਾਲ ਸਿੰਘ ਹਜ਼ੂਰੀ ਸੇਵਕ ਪ੍ਰਤੀ ਸ਼ੁਕਰਾਨੇ ਦਾ ਡੂੰਘਾ ਅਹਿਸਾਸ ਵੀ ਹੈ ਜਿਨ੍ਹਾਂ ਦੇ ਯਤਨਾਂ ਸਦਕਾ ਇਹ ਮੁੱਲਵਾਨ ਗ੍ਰੰਥ ਤੁਹਾਡੇ ਤੱਕ ਪਹੁੰਚ ਰਿਹਾ ਹੈ। ਆਮੀਨ।

ਸੁਖਦੇਵ ਸਿੰਘ (ਡਾ.)
ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।

Sri Satguru Jagjit Singh Ji eLibrary NamdhariElibrary@gmail.com

ਵਿਲੱਖਣ ਪੰਜਾਬੀ-ਸਾਹਿਤ

'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਸ੍ਰ. ਸੁਵਰਨ ਸਿੰਘ ਵਿਰਕ ਰਚਿਤ ਗ੍ਰੰਥ ਡੇਢ ਸਦੀ ਦੇ ਨਾਮਧਾਰੀ ਸਿਖ-ਸਮਾਜ ਵਿਚ ਲਿਖੇ ਗਏ ਪੰਜਾਬੀ-ਸਾਹਿਤ ਦਾ ਸੰਖੇਪ ਮੁਲਾਂਕਣ ਹੈ। ਭਾਵੇਂ ਵੀਹਵੀਂ ਸਦੀ ਦੇ ਕਈ ਲੇਖਕ, ਜਿਨ੍ਹਾਂ ਵਿਚ ਕੁਝ ਵਿਦੇਸ਼ਾਂ ਵਿਚ ਵੱਸਦੇ ਨਾਮਧਾਰੀ ਸਿੱਖ ਵੀ ਹੋਣਗੇ, ਜਿਨ੍ਹਾਂ ਦੀਆਂ ਵਾਰਤਕ ਤੇ ਕਾਵਿਕ ਰਚਨਾਵਾਂ ਪੰਜਾਬੀ ਸਾਹਿਤ ਵਿਚ ਉੱਤਮ ਦਰਜਾ ਰੱਖਦੀਆਂ ਹਨ ਜੋ ਨਾਮਧਾਰੀ ਪੰਥ ਦੇ ਸਪਤਾਹਿਕ ਅਖ਼ਬਾਰ 'ਸਤਿਜੁਗ' ਵਿਚ ਅਤੇ ਸਤਿਜੁਗ ਦੇ ਸਾਲਾਨਾ ਅੰਕਾਂ ਵਿਚ ਛਪਦੀਆਂ ਰਹੀਆਂ, ਪਰ ਕੋਈ ਵਿਸ਼ੇਸ਼ ਪੁਸਤਕਾਂ ਨਾ ਛਪ ਸਕੀਆਂ ਜਾਂ ਕਿਸੇ ਲੇਖਕ ਦੀ ਇਕ ਅੱਧ ਪੁਸਤਕ ਛਪੀ – ਇਸ ਗ੍ਰੰਥ ਦਾ ਭਾਗ ਨਹੀਂ ਬਣ ਸਕੇ। ਪਰ ਫੇਰ ਵੀ ਡੇਢ ਸਦੀ ਦੇ ਪ੍ਰਮੁੱਖ ਨਾਮਧਾਰੀ ਲੇਖਕਾਂ ਬਾਰੇ, ਉਨ੍ਹਾਂ ਦੇ ਸੰਖੇਪ ਜੀਵਨ ਵੇਰਵੇ ਅਤੇ ਉਨ੍ਹਾਂ ਦੀਆਂ ਲਿਖਤਾਂ ਦਾ ਭਾਵਪੂਰਤ ਵਿਸ਼ਲੇਸ਼ਨ ਇਸ ਪੁਸਤਕ ਵਿਚ ਦਰਜ ਹੈ।

ਸਾਡੀ ਸਦੀਆਂ ਪੁਰਾਣੀ ਮਾਂ-ਬੋਲੀ ਪੰਜਾਬੀ ਨੇ ਬਿਖੜੇ ਪੈਂਡੇ ਤੈਅ ਕਰਕੇ ਵਿਸ਼ਵ ਪੱਧਰ 'ਤੇ ਆਪਣੀ ਮਹੱਤਵਪੂਰਣ ਥਾਂ ਬਣਾਈ ਹੈ। ਪੂਰੀ ਦੁਨੀਆ ਵਿਚ ਬੋਲੀਆਂ ਜਾਣ ਵਾਲੀਆਂ ਕਰੀਬ ਪੰਜ ਹਜ਼ਾਰ ਬੋਲੀਆਂ ਵਿਚੋਂ ਪੰਜਾਬੀ ਦਾ ਬਾਰ੍ਹਵਾਂ ਸਥਾਨ ਹੈ। ਅੱਜ ਪੰਜਾਬੀ ਵਿਸ਼ਵ ਦੇ ਹਰ ਕੋਨੇ ਤੱਕ ਫੈਲੇ ਹੋਏ ਹਨ। ਭਾਵੇਂ ਕਿਸੇ ਭਾਸ਼ਾ ਦਾ ਵਿਕਾਸ ਰਾਜ ਦੇ ਸਹਿਯੋਗ ਜਾਂ ਸਰਕਾਰ ਦੀ ਸਰਪ੍ਰਸਤੀ 'ਤੇ ਨਿਰਭਰ ਕਰਦਾ ਹੈ। ਪਰ ਇਹ ਪੰਜਾਬੀ ਭਾਸ਼ਾ ਹੈ ਜੋ ਕਦੇ ਵੀ ਰਾਜ-ਭਾਸ਼ਾ ਨਹੀਂ ਬਣੀ। ਮੁਗ਼ਲ-ਕਾਲ ਵੇਲੇ ਵੀ ਫ਼ਾਰਸੀ ਹੀ ਪੰਜਾਬ ਦੀ ਰਾਜ-ਭਾਸ਼ਾ ਸੀ, ਰਾਜ ਦੇ ਸਾਰੇ ਕੰਮ ਉਰਦੂ ਜਾਂ ਫ਼ਾਰਸੀ ਵਿਚ ਸ਼ਾਹਮੁਖੀ ਲਿਪੀ ਵਿਚ ਹੀ ਹੁੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਪੰਜਾਬੀ ਬੋਲੀ ਨੂੰ ਰਾਜ-ਰਾਣੀ ਬਣਨ ਦਾ ਸੁਭਾਗ ਨਾ ਪ੍ਰਾਪਤ ਹੋਇਆ। ਅੰਗ੍ਰੇਜ਼ੀ-ਰਾਜ ਸਮੇਂ ਹੇਠਲੇ ਦਰਜੇ ਦੇ ਕਾਰਜ ਫ਼ਾਰਸੀ ਅਤੇ ਉਰਦੂ ਵਿਚ ਅਤੇ ਸਰਕਾਰੀ ਤੰਤ੍ਰ ਦਾ ਸਮੁੱਚਾ ਸੰਚਾਰ ਮਾਧਿਅਮ ਅਤੇ ਸਮੁੱਚੀ ਉੱਚ-ਸਿੱਖਿਆ ਕੇਵਲ ਅੰਗ੍ਰੇਜ਼ੀ ਵਿਚ ਸੀ। 1947 ਈ: ਤੋਂ ਬਾਅਦ ਆਜ਼ਾਦ ਭਾਰਤ ਦੀ ਵਾਂਗਡੋਰ ਸੰਭਾਲਨ ਵਾਲੇ ਸਾਡੇ ਨੇਤਾ ਅੰਗ੍ਰੇਜ਼ੀ ਸਿੱਖਿਆ ਤੰਤ੍ਰ ਦੇ ਸਾਂਚੇ ਵਿਚ ਢਲੇ ਹੋਏ ਸਨ, ਜੋ ਲਾਰਡ ਮੈਕਾਲੇ ਦੀ ਭਾਰਤੀਆਂ ਨੂੰ ਮਾਨਸਿਕ ਤੌਰ ਤੇ ਗ਼ੁਲਾਮ ਬਣਾਉਣ ਲਈ ਆਰੰਭ ਕੀਤੀ ਸਿੱਖਿਆ ਨੀਤੀ ਸੀ। ਭਾਸ਼ਾ ਦੇ ਆਧਾਰ 'ਤੇ ਭਾਰਤ ਦੇ ਸੂਬਿਆਂ ਦੀ ਖੇਤਰੀ ਵੰਡ ਅਨੁਸਾਰ 'ਪੰਜਾਬੀ ਸੂਬਾ ਬਣਨ ਉਪਰੰਤ ਕਹਿਣ ਮਾਤਰ ਭਾਵੇਂ ਪੰਜਾਬੀ ਰਾਜ ਭਾਸ਼ਾ ਹੈ, ਪਰ ਅਮਲੀ ਰੂਪ ਵਿਚ ਸਰਕਾਰੀ ਪ੍ਰਬੰਧਕੀ ਵਰਗ ਅਤੇ ਨਿਆਪਾਲਿਕਾ ਦਾ ਸਾਰਾ ਕਾਰਜ ਕੇਵਲ ਅੰਗ੍ਰੇਜ਼ੀ ਵਿਚ ਹੀ ਹੁੰਦਾ ਹੈ। ਉੱਚ ਸਿੱਖਿਆ ਦਾ ਮਾਧਿਅਮ ਵੀ ਕੇਵਲ ਅੰਗ੍ਰੇਜ਼ੀ ਹੈ। ਇਹ ਪੰਜਾਬ ਹੈ, ਜਿਥੇ ਰਾਜ ਭਾਸ਼ਾ ਤੇ ਪੰਜਾਬੀ ਹੋਵੇ ਪਰ ਜਿਥੇ ਸਕੂਲਾਂ ਵਿਚ ਮਾਂ-ਬੋਲੀ ਦੇ ਦੋ ਸ਼ਬਦ ਬੋਲਣ ਤੇ ਬੱਚਿਆਂ ਨੂੰ ਸਜ਼ਾ ਮਿਲਦੀ ਹੋਵੇ।

ਪੰਜਾਬੀ ਦਾ ਸੰਖੇਪ ਜਿਹਾ ਪਿਛੋਕੜ ਲਿਖਣ ਦਾ ਕਾਰਣ ਕੇਵਲ ਏਨਾ ਹੀ ਹੈ ਕਿ ਜਿਸ ਭਾਸ਼ਾ ਨੂੰ ਸਰਕਾਰਾਂ ਦੀ ਸਰਪ੍ਰਸਤੀ ਤਾਂ ਕੀ ਸਗੋਂ ਸਰਕਾਰੀ ਜਬਰ ਦਾ ਸਾਮ੍ਹਣਾ ਕਰਨਾ ਪਿਆ ਹੋਵੇ, ਫਿਰ ਵੀ ਉਹ ਭਾਸ਼ਾ ਵਿਸ਼ਵ ਵਿਚ ਬਾਰ੍ਹਵੇਂ ਸਥਾਨ 'ਤੇ ਹੋਵੇ। ਸਤਿਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਵਿਚ ਲਿਖਣਾ ਸ਼ੁਰੂ ਕਰਕੇ 'ਬੋਲੀ ਅਵਰ ਤੁਮਾਰੀ' ਕਹਿ ਕੇ ਮਾਂ-ਬੋਲੀ ਬਾਰੇ ਸੁਚੇਤ ਕੀਤਾ। ਸਤਿਗੁਰੂ ਅੰਗਦ ਦੇਵ ਜੀ ਪੰਜਾਬੀ ਦੇ ਪ੍ਰਚਾਰ ਲਈ ਉਚੇਚੇ ਯਤਨ ਕੀਤੇ। ਸਤਿਗੁਰੂ ਅਰਜਨ ਦੇਵ ਜੀ ਨੇ ਇਕ ਅਜਿਹਾ ਸਰਬ-ਸਾਂਝਾ ਧਾਰਮਿਕ ਗ੍ਰੰਥ ਤਿਆਰ ਕੀਤਾ। ਸ੍ਰੀ ਆਦਿ ਗ੍ਰੰਥ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਭਾਸ਼ਾ ਦਾ ਕੇਵਲ ਇਕੋ ਇਕ ਗ੍ਰੰਥ ਹੈ, ਜੋ ਸਾਹਿਤ ਅਤੇ ਸੰਗੀਤ ਦਾ ਸੁਮੇਲ ਹੈ ਜਿਸ ਵਿਚ ਸੂਤਰਧਾਰ ਸੰਗੀਤ ਹੈ। ਹੋਰ ਕੋਈ ਵੀ ਧਰਮ ਗ੍ਰੰਥ ਐਸਾ ਨਹੀਂ ਜਿਸ ਦੀ ਤਰਤੀਬ ਰਾਗ-ਬੱਧ ਹੋਵੇ। ਗੁਰੂ ਘਰ ਦੇ ਲੇਖਕਾਂ 'ਚੋਂ ਪ੍ਰਮੁੱਖ ਭਾਈ ਗੁਰਦਾਸ ਜੀ, ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਅਤੇ ਹੋਰ ਬਹੁਤ ਸਾਰੇ ਸਿੱਖ ਲੇਖਕਾਂ ਦਾ ਪੰਜਾਬੀ ਦੇ ਵਿਕਾਸ ਵਿਚ ਵਡਮੁੱਲਾ ਯੋਗਦਾਨ ਹੈ। ਪੰਜਾਬੀ ਦਾ ਵਿਕਾਸ ਸਰਕਾਰਾਂ ਦੀ ਸਰਪ੍ਰਸਤੀ ਦੀ ਜਗ੍ਹਾ ਗੁਰੂਆਂ ਦੀ ਬਖ਼ਸ਼ਿਸ਼ ਅਤੇ ਉਚੇਚੇ ਯਤਨਾਂ ਨਾਲ ਹੋਇਆ ਹੈ।

19ਵੀਂ ਸਦੀ ਦੇ ਮੱਧ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਖ਼ਾਲਸੇ ਦੀ ਪੁਨਰ-ਸੁਰਜੀਤੀ ਲਈ 12 ਅਪ੍ਰੈਲ, 1857 ਨੂੰ ਵਸਾਖੀ ਵਾਲੇ ਦਿਨ ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸਾ ਸਾਜਿਆ ਜੋ ਨਾਮ ਜਪਣ ਕਰਕੇ ਨਾਮਧਾਰੀ ਨਾਮ ਨਾਲ ਜਾਣਿਆ ਗਿਆ ਅਤੇ ਸ਼ਬਦ ਦੀ ਮਸਤੀ ਵਿਚ ਮਸਤਾਨੇ ਹੋਣ ਕਰਕੇ 'ਕੂਕੇ' ਨਾਮਲ ਪ੍ਰਸਿੱਧ ਹੋ ਗਿਆ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ –

ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਚਾਰੀ
ਕੂਕ ਮਾਰਨੈ ਤੇ ਕੂਕੇ ਜਗਤ ਬਖਾਨ ਹੈ।

ਨਾਮਧਾਰੀ ਸੰਤ ਖ਼ਾਲਸਾ ਸਿਰਜ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਜਿਥੇ ਸਿੱਖੀ-ਸਭਿਆਚਾਰ ਅਤੇ ਗੁਰਮਤਿ-ਦਰਸ਼ਨ ਦੀ ਪੁਨਰ-ਸਥਾਪਨਾ ਕੀਤੀ ਉਥੇ ਨਸ਼ਾ ਮੁਕਤ, ਸੱਚਾ ਸੁੱਚਾ ਸਮਾਜ ਸਿਰਜਨਾ, ਇਸਤਰੀ ਜਾਤੀ ਨੂੰ ਸਮਾਜਕ ਬੰਧਨਾਂ ਤੋਂ ਮੁਕਤ ਕਰਵਾ ਕੇ ਸਮਾਜ ਵਿਚ ਆਦਰਯੋਗ ਥਾਂ ਦਿਵਾਉਣੀ। ਬਰਤਾਨਵੀ ਸਾਮਰਾਜ ਤੋਂ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ ਹਥਿਆਰ ਵਜੋਂ ਵਰਤਣਾ। ਸਵਦੇਸ਼ੀ ਅਤੇ ਸਤਿਆਗ੍ਰਹਿ ਦਾ ਪ੍ਰਚਾਰ ਕਰਕੇ, ਆਪਣੀ ਪੰਚਾਇਤਾਂ ਅਤੇ ਸੂਬੇ ਥਾਪ ਕੇ ਸਵੈਰਾਜ ਦਾ ਆਰੰਭ ਕਰਨਾ ਆਦਿ ਅਨੇਕਾਂ ਪਹਿਲੂ ਹਨ ਜੋ ਨਾਮਧਾਰੀ ਸਿੱਖਾਂ ਦੀ ਹੋਂਦ ਨੂੰ ਇਤਿਹਾਸ ਵਿਚ ਸਥਾਪਿਤ ਕਰਦੇ ਹਨ। ਨਾਮਧਾਰੀ ਪੰਥ ਦੇ ਸਿਰਕਰਤਾ ਸਤਿਗੁਰੂ-ਸਾਹਿਬਾਨ ਦੀ ਸੁਯੋਗ ਰਹਿਨੁਮਾਈ ਹੇਠ ਜਿਥੇ ਨਾਮਧਾਰੀ-ਸਿੱਖਾਂ ਸੰਗੀਤ, ਖੇਡਾਂ, ਬਾਗ਼ਬਾਨੀ, ਖੇਤੀ, ਬੀਜ ਉਤਪਾਦਨ ਆਦਿ ਵਿਚ ਸਿਖੀ ਸਰੂਪ ਦੀ ਮਾਣਯੋਗ ਥਾਂ ਬਣਾਈ ਹੈ, ਉਥੇ ਸਾਹਿਤ ਦੇ ਖੇਤਰ ਵਿਚ ਵੀ ਵੱਡੀਆਂ ਪੈੜਾਂ ਪਾਈਆਂ ਹਨ, ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਉਚੇਚੇ ਸਫ਼ਲ ਯਤਨ ਕੀਤੇ ਹਨ।

'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਸ. ਸਵਰਨ ਸਿੰਘ ਵਿਰਕ ਲਿਖਤ ਵੱਡਅਕਾਰੀ ਪੁਸਤਕ ਡੇਢ ਸਦੀ ਦੇ ਨਾਮਧਾਰੀ ਸਾਹਿਤ ਦਾ ਮੁਲਾਂਕਣ ਹੈ। ਕਈ ਪਹਿਲੂਆਂ ਤੋਂ ਕੂਕਾ ਲਹਿਰ ਦਾ ਪੰਜਾਬੀ ਸਾਹਿਤ 'ਵਿਲੱਖਣ ਪੰਜਾਬੀ ਸਾਹਿਤ' ਕਿਹਾ ਜਾ ਸਕਦਾ ਹੈ।

ਇਸ ਗ੍ਰੰਥ ਦਾ ਆਰੰਭ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਬਾਰੇ ਲਿਖੇ ਲੇਖ ਤੋਂ ਹੁੰਦਾ ਹੈ। ਇਹ ਹੁਕਮਨਾਮੇ ਪੰਜਾਬੀ ਸਾਹਿਤ ਦੀ ਵਾਰਤਕ ਵਿਚ ਪ੍ਰਵੇਸ਼ਿਕਾ ਹਨ। ਪੰਜਾਬੀ ਦੇ ਪ੍ਰਸਿੱਧ ਕਵੀ ਤੇ ਆਲੋਚਕ ਡਾ. ਹਰਭਜਨ ਸਿੰਘ ਇਨ੍ਹਾਂ ਹੁਕਮਨਾਮਿਆਂ ਦੀ ਸਾਹਿਤਕ ਮਹੱਤਤਾ ਬਿਆਨ ਕਰਦੇ ਹਨ –

"ਜਿਸ ਕਾਲ ਖੰਡ (ਉਨੀਂਵੀ ਸਦੀ ਦੂਸਰਾ ਅੱਧ) ਵਿਚ ਇਹ ਹੁਕਮਨਾਮੇ ਲਿਖੇ ਗਏ ਉਸ ਵੇਲੇ ਤੱਕ ਪੰਜਾਬੀ ਵਾਰਤਕ ਦਾ ਕੋਈ ਸਪਸ਼ਟ ਨਮੂਨਾ ਉਭਰ ਕੇ ਸਾਮ੍ਹਣੇ ਨਹੀਂ ਸੀ ਆਇਆ। ਸੋ ਸਤਿਗੁਰੂ ਜੀ ਆਪ ਹੀ ਇਸ ਸ਼ੈਲੀ ਦੇ ਸਿਰਜਕ ਹਨ। ਪੰਜਾਬੀ ਬੋਲਚਾਲ ਦੇ ਯੁਗ ਵਿਚੋਂ ਨਿਕਲਕੇ ਲਿਖਤ ਦੇ ਯੁਗ ਵਿਚ ਪ੍ਰਵੇਸ਼ ਕਰ ਰਹੀ ਸੀ।"

ਡਾ. ਸੁਤਿੰਦਰ ਸਿੰਘ ਨੂਰ ਵੀ ਇਨ੍ਹਾਂ ਹੁਕਮਨਾਮਿਆਂ ਦੀ ਵਿਲੱਖਣ ਸਾਹਿਤਕ ਮਹੱਤਤਾ ਮੰਨਦੇ ਹਨ – "ਇਨ੍ਹਾਂ ਹੁਕਮਨਾਮਿਆਂ ਦਾ 19ਵੀਂ ਸਦੀ ਦੀ ਵਾਰਤਕ ਵਿਚ ਵਿਸ਼ੇਸ਼ ਮਹੱਤਵ ਬਣਦਾ ਹੈ, ਭਾਸ਼ਾ ਦੇ ਪੱਖ ਤੋਂ ਵੀ ਅਤੇ ਸ਼ੈਲੀ ਦੇ ਪੱਖ ਤੋਂ ਵੀ। ਛੋਟੇ-ਛੋਟੇ ਸਰਲ ਵਾਕ, ਕਿਤੇ ਵੀ ਲੰਮੇ ਜਟਿਲ ਵਾਕ ਨਹੀਂ। ਸੰਚਾਰ ਇਸ ਲਿਖਤ ਦੇ ਹਮੇਸ਼ਾ ਹੀ ਅੰਗ ਸੰਗ ਹੈ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਵਿਚ ਹਨ....ਸੰਗਤ ਤੋਂ ਵਿਛੜੇ ਹੋਏ ਹਨ, ਪਰ ਸਾਰੀ ਵਾਰਤਕ ਵਿਚ ਅਜਿਹੀ ਸ਼ੈਲੀ ਜਾਂ ਬਿੰਬ ਹੈ ਜਿਵੇਂ ਉਹ ਸਾਮ੍ਹਣੇ ਬੈਠੇ ਪ੍ਰਵਚਨ ਕਰ ਰਹੇ ਹਨ। ਇਸੇ ਲਈ ਸ਼ੈਲੀ

Sri Satguru Jagjit Singh Ji eLibrary NamdhariElibrary@gmail.com

ਵਾਰਤਾਲਾਪ ਵਾਲੀ ਹੈ। ਨਾਟਕੀਅਤਾ ਦੇ ਅੰਸ਼ ਇਸ ਸ਼ੈਲੀ ਵਿਚ ਮੌਜੂਦ ਹਨ।...ਛੋਟੇ ਛੋਟੇ ਸਰਲ ਵਾਕ, ਨਿਮਰਤਾ ਦਾ ਪ੍ਰਵਾਹ, ਇਹ ਸ਼ੈਲੀ ਇਨ੍ਹਾਂ ਹੁਕਮਨਾਮਿਆਂ ਨੇ ਪੰਜਾਬੀ ਵਾਰਤਕ ਵਿਚ ਪ੍ਰਵਾਹਿਤ ਕੀਤੀ ਹੈ।

ਇਸ ਪੁਸਤਕ ਦਾ ਦੂਸਰਾ ਲੇਖ ਹੈ, 'ਸੰਤ ਸੰਤੋਖ ਸਿੰਘ ਬਾਹੋਵਾਲ ਰਚਿਤ 'ਸਤਿਗੁਰੂ ਬਿਲਾਸ' ਬਾਰੇ। ਭਾਵੇਂ ਆਪ ਉੱਚ ਕੋਟੀ ਦੀ ਕਾਵਿ ਰਚਨਾ ਕਰਨ ਦੇ ਸਮਰੱਥ ਸਨ, ਪਰ ਆਪ ਆਮ ਪਾਠਕਾਂ ਤੱਕ ਪਹੁੰਚ ਕਰਨ ਲਈ ਅਤੇ ਅਤਿ ਕਥਨੀਆਂ ਤੋਂ ਮੁਕਤ ਪ੍ਰਸੰਗ ਦਾ ਸ਼ੁਧ ਰੂਪ ਵਾਰਤਕ ਰਾਹੀਂ ਲਿਖਣਾ ਹੀ ਠੀਕ ਸਮਝਦੇ ਹਨ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ 'ਸਤਿਗੁਰੂ ਬਿਲਾਸ' ਦੇ ਮਹੱਤਵ ਬਾਰੇ ਪ੍ਰੋ. ਸਤਿੰਦਰ ਸਿੰਘ (ਸਾਬਕਾ ਪ੍ਰੋ.-ਵੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਲਿਖਦੇ ਹਨ:

"ਸੰਤ ਸੰਤੋਖ ਸਿੰਘ ਬਾਹੋਵਾਲ ਉੱਘੇ ਪੰਜਾਬੀ ਸਾਹਿਤਕਾਰ ਸਨ। ਜਿਨ੍ਹਾਂ ਨੇ ਪੰਜਾਬੀ ਵਾਰਤਕ ਦੇ ਖੇਤਰ ਵਿਚ ਵਡਮੁਲੀ ਰਚਨਾ ਕੀਤੀ। ਉਨ੍ਹਾਂ ਦਾ ਸਮਾਂ ਉਨੀਵੀਂ ਸਦੀ ਦਾ ਮਗਰਲਾ ਅੱਧ ਹੈ। ਇਹ ਸਮਾਂ ਆਧੁਨਿਕ ਪੰਜਾਬੀ ਵਾਰਤਕ ਦੇ ਮੁਢਲੇ ਦੌਰ ਦਾ ਸਮਾਂ ਸੀ ਕਿਉਂਕਿ ਅਜੇ ਵੀ ਕਵਿਤਾ ਨੂੰ ਹੀ ਮਾਧਿਅਮ ਦੇ ਤੌਰ ਤੇ ਅਪਨਾਇਆ ਜਾਂਦਾ ਸੀ। ਇਸ ਸਮੇਂ ਸੰਤ ਸੰਤੋਖ ਸਿੰਘ ਨੇ ਬੜੀ ਰੋਚਕ ਅਤੇ ਬੋਲਚਾਲ ਵਾਲੀ ਪੰਜਾਬੀ ਵਿਚ ਆਪਣੀ ਰਚਨਾ ਲਿਖੀ। ਇਸ ਰਚਨਾ ਨੇ ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੁਹਾਂਦਰਾ ਉਲੀਕਿਆ। 'ਸਤਿਗੁਰੂ-ਬਿਲਾਸ' ਦਾ ਧਾਰਮਿਕ, ਇਤਿਹਾਸਕ ਅਤੇ ਸਾਹਿਤਕ ਭਾਵ ਸਰਬਪੱਖੀ ਮਹੱਤਵ ਹੈ।"

'ਕੂਕਾ ਲਹਿਰ ਦੇ ਪੰਜਾਬੀ ਸਾਹਿਤ' ਵਿਚ ਪ੍ਰਭੂ ਭਗਤੀ ਅਤੇ ਦੇਸ਼ ਭਗਤੀ, ਅਧਿਆਤਮਵਾਦ ਅਤੇ ਰਾਜਨੀਤੀ ਭਾਵ ਮੀਰੀ-ਪੀਰੀ ਇਕੋ ਜਗ੍ਹਾਂ ਸਮੋਈਆਂ ਹੋਈਆਂ ਹਨ। ਇਨ੍ਹਾਂ ਰਚਨਾਵਾਂ ਦੀ ਰੂਹ ਵਿਚ ਪ੍ਰਭੂ-ਭਗਤੀ ਹੈ ਅਤੇ ਦਿਮਾਗ਼ ਵਿਚ ਦੇਸ਼ ਭਗਤੀ। ਉਹ ਸਮਾਂ ਸੀ ਜਦੋਂ ਬਰਤਾਨਵੀ ਹਾਕਮ ਅਜਿੱਤ ਸਮਝੇ ਜਾਂਦੇ ਸਨ, ਜਿਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਛਿਪਦਾ। ਉਨ੍ਹਾਂ ਨਾਲ ਮੱਥਾ ਲਾਉਣਾ ਪਹਾੜ ਨਾਲ ਟਕਰਾਉਣਾ ਸਮਝਿਆ ਜਾਂਦਾ ਸੀ। ਉਸ ਵੇਲੇ ਬਹੁਤ ਸਾਰੇ ਲੇਖਕ ਅੰਗ੍ਰੇਜ਼ਾਂ ਦੇ ਸੋਹਲੇ ਗਾਉਣ ਵਿਚ ਹੀ ਆਪਣੀ ਭਲਾਈ ਸਮਝਦੇ ਸਨ। 'ਅੰਗ੍ਰੇਜ਼ੀ ਰਾਜ ਦੀਆਂ ਬਰਕਤਾਂ', 'ਖਾਲਸਾ ਲਾਇਲਟੀ' ਵਰਗੇ ਕਿਤਾਬਚਿਆਂ ਰਾਹੀਂ ਪੰਜ ਕਕਾਰਾਂ ਦੇ ਨਾਲ ਅੰਗ੍ਰੇਜ਼-ਭਗਤੀ ਸਿੱਖੀ ਦਾ ਮੁੱਢਲਾ ਫਰਜ਼ ਦੱਸਿਆ ਜਾ ਰਿਹਾ ਸੀ। 'ਐ ਜਾਰਜ ਪੰਚਮ ਤੇਰੀ ਜੈ ਹੋਵੇ, ਐ ਸ਼ੇਰ ਬਰਤਾਨੀਆਂ ਗੱਜਦਾ ਰਹੁ, ਵੈਰੀ ਗਿੱਦੜਾਂ ਦੀ ਸਦਾ ਖੈ ਹੋਵੇ।" ਅਤੇ 'ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ।' ਆਦਿ ਸੋਹਿਲੇ ਗਾ ਕੇ ਗੋਰੇ ਹਾਕਮਾਂ ਨੂੰ ਖ਼ੁਸ਼ ਕਰਨ ਲਈ ਦੌੜ ਲੱਗੀ ਹੋਈ ਸੀ। ਏਸੇ ਸਮੇਂ ਦੇ ਨਾਮਧਾਰੀ ਲੇਖਕ ਅੰਗ੍ਰੇਜ਼ਾਂ ਨੂੰ 'ਬਿੱਲੇ' ਅਤੇ 'ਮਲੇਛ' ਕਹਿ ਕੇ ਫਿਟਕਾਰ ਰਹੇ ਸਨ:

'ਸਤਿਗੁਰ ਹੋਰ ਹੁਕਮ ਚੜ੍ਹਾਏ, ਸਾਰੀ ਸੰਗਤ ਤਾਈਂ ਸੁਣਾਏ
ਇਹ ਮਲੇਛ ਲੰਦਨੋਂ ਆਏ, ਏਨ੍ਹਾਂ ਬੁਚੜਖਾਨੇ ਲਾਏ।
ਸਾਨੂੰ ਦੁਖ ਗਊਆਂ ਦਾ ਖਾਏ, ਸਿੰਘੋ ਸੀਸ ਦੇਵਣੇ ਆਏ। ਨਾਏ ਕਰਤਾਰ ਦੇ।'

ਅੰਗ੍ਰੇਜ਼ੀ ਨੂੰ ਮਲੇਛ ਭਾਸ਼ਾ ਆਖ ਕੇ 'ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਇ ਦੇਣੇ ਹੋਸ ਆਉਂਦੀ ਦੇ ਨਾਲ।' ਹੁਕਮਨਾਮਿਆਂ ਰਾਹੀਂ ਮਾਂ-ਬੋਲੀ ਪੰਜਾਬੀ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ। ਬਰਤਾਨਵੀ ਸਾਮਰਾਜ ਵਿਰੋਧੀ ਨਾਮਧਾਰੀ ਸਾਹਿਤ ਜ਼ਬਤ ਕੀਤਾ ਜਾ ਰਿਹਾ ਸੀ। ਉਸਦੇ ਅੰਗ੍ਰੇਜ਼ੀ ਵਿਚ ਅਨੁਵਾਦ ਕਰਕੇ ਇੰਗਲੈਂਡ ਭੇਜੇ ਜਾ ਰਹੇ ਸਨ।

1920 ਈ: ਵਿਚ ਆਰੰਭ ਹੋਇਆ ਨਾਮਧਾਰੀ ਸਪਤਾਹਿਕ ਪਰਚਾ 'ਸਤਿਜੁਗ' ਕਈ ਵੇਰ ਸਰਕਾਰੀ ਹੁਕਮ ਅਨੁਸਾਰ ਬੰਦ ਕਰਵਾ ਦਿੱਤਾ ਗਿਆ। ਉਸ ਸਮੇਂ ਹੋਚਾਨਾ ਕੂਕਾ ਅਖ਼ਬਾਰ ਲਾਹੌਰ ਤੋਂ ਛਾਪਣਾ ਸ਼ੁਰੂ ਕਰ ਦਿਤਾ। 'ਪਹਿਲਾ ਮਰਣ ਕਬੂਲ' ਇਤਿਹਾਸਕ ਘਟਨਾਵਾਂ ਆਧਾਰਿਤ ਨਾਵਲ ਕੁਰਬਾਨੀ ਦੀ ਭਾਵਨਾ ਪ੍ਰਚੰਡ ਕਰ ਰਿਹਾ ਸੀ। ਨਾਮਧਾਰੀ ਸਾਹਿਤ ਪ੍ਰਭੂ ਭਗਤੀ ਸਿੱਖੀ-ਸਭਿਆਚਾਰ, ਮਾਂ-ਬੋਲੀ ਅਤੇ ਦੇਸ਼ ਭਗਤੀ ਦਾ ਅਲੰਬਰਦਾਰ ਹੈ। ਇਸ ਵਿਚ

Sri Satguru Jagjit Singh Ji eLibrary NamdhariElibrary@gmail.com

ਗਲਪ ਦੀ ਜਗ੍ਹਾਂ ਯਥਾਰਥ ਪ੍ਰਧਾਨ ਹੈ। 19ਵੀਂ ਸਦੀ ਦੇ ਦੂਸਰੇ ਅੱਧ ਤੋਂ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਰਚੇ ਗਏ ਕੂਕਾ ਲਹਿਰ ਦੇ ਪੰਜਾਬੀ ਸਾਹਿਤ ਦੀ ਵਿਲੱਖਣਤਾ ਹੈ ਕਿ ਇਸ ਵਿਚ ਬਸਤੀਵਾਦ ਵਿਰੋਧੀ ਭਾਵਨਾ ਪ੍ਰਚੰਡ ਰੂਪ ਵਿਚ ਹੈ। ਇਸ ਬੀਰ ਰਸੀ ਸਾਹਿਤ ਨੂੰ ਪ੍ਰਚਾਰਨ ਦੀ ਅਹਿਮ ਭੂਮਿਕਾ ਨਿਭਾਈ ਨਾਮਧਾਰੀ ਸੂਬਿਆਂ ਅਤੇ ਜਥੇਦਾਰਾਂ ਨੇ।

ਨਾਮਧਾਰੀ ਸਾਹਿਤ ਲੱਚਰਪੁਣੇ ਅਤੇ ਅਸ਼ਲੀਲਤਾ ਤੋਂ ਪੂਰੀ ਤਰ੍ਹਾਂ ਮੁਕਤ ਹੈ। ਗੁਰਸਿੱਖੀ ਸਭਿਆਚਾਰ ਅਤੇ ਸਦਾਚਾਰਕ ਕਦਰਾਂ-ਕੀਮਤਾਂ ਤੇ ਪਹਿਰਾ ਦੇਂਦਿਆਂ ਨਾਮਧਾਰੀ ਲੇਖਕਾਂ ਨੇ ਢੇਰ ਸਾਰੀਆਂ ਪੁਸਤਕਾਂ ਮਾਂ-ਬੋਲੀ ਪੰਜਾਬੀ ਦੀ ਝੋਲੀ ਪਾਈਆਂ ਹਨ। ਹੋਰ ਭਾਸ਼ਾਵਾਂ ਤੋਂ ਪੰਜਾਬੀ ਵਿਚ ਅਨੁਵਾਦ ਵੀ ਕੀਤੇ ਹਨ।

ਪ੍ਰੋ. ਪ੍ਰੀਤਮ ਸਿੰਘ ਦੇ ਸ਼ਬਦਾਂ ਵਿਚ : 'ਨਾਮਧਾਰੀ ਸਿਖਾਂ ਦੀ ਦਾਦ ਦੇਣੀ ਬਣਦੀ ਹੈ ਕਿ ਇਨ੍ਹਾਂ ਨੇ ਆਪਣੇ ਗੁਰੂਆਂ ਦੇ ਮੁੱਖ ਤੋਂ ਨਿਕਲੇ ਸ਼ਬਦ ਹਵਾ ਵਿਚ ਗਵਾਚਣ ਨਹੀਂ ਦਿੱਤੇ।' ਆਧੁਨਿਕ ਵਿਗਿਆਨਕ ਯੁਗ ਵਿਚ ਨਾਮਧਾਰੀ ਲੇਖਕਾਂ ਨੇ ਟੇਪ ਰਿਕਾਰਡਰ ਅਤੇ ਵੀਡੀਓ ਰਿਕਾਰਡਰ ਤੋਂ ਸ਼ਬਦ-ਬ-ਸ਼ਬਦ ਲਿਖ ਕੇ ਪ੍ਰਮਾਣੀਕ ਸਾਹਿਤ ਰਚਿਆ ਹੈ। ਵੀਹਵੀਂ ਸਦੀ ਦੇ ਆਖ਼ਰੀ ਤਿੰਨ ਦਹਾਕਿਆਂ ਵਿਚ ਕਵੀ ਪ੍ਰੀਤਮ ਸਿੰਘ ਜੀ ਨੇ ਕਰੀਬ ਦੋ ਦਰਜਨਾਂ 'ਬੀਤੇ ਦੀਆ ਪੈੜਾਂ' ਲਿਖ ਕੇ ਪੰਜਾਬੀ ਵਾਰਤਕ ਵਿਚ ਡਾਇਰੀ, ਇਤਿਹਾਸ, ਬਿਰਤਾਂਤ, ਬਚਨਾਵਲੀ ਆਦਿ ਕਈ ਵਿਧਾਵਾਂ ਦਾ ਸੁਮੇਲ ਨਵੀਂ ਵਿਧਾ ਸਥਾਪਿਤ ਕੀਤੀ ਹੈ ਜੋ ਨਾਵਲ ਵਾਂਗ ਦਿਲਚਸਪ ਵੀ ਹੈ ਪਰ ਇਸ ਦਾ ਆਧਾਰ ਗਲਪ ਨਹੀਂ ਯਥਾਰਥ ਹੈ। ਬੀਤੇ ਦੀਆਂ ਪੈੜਾਂ ਭਾਗ ਦੂਜਾ ਦੀ ਭੂਮਿਕਾ ਵਿਚ ਪ੍ਰੋ: ਪ੍ਰੀਤਮ ਸਿੰਘ ਲਿਖਦੇ ਹਨ: "ਪੰਜਾਬੀ ਵਿਚ ਕਲਮ ਤੋਂ ਵੀਡੀਓ ਕੈਮਰੇ ਅਤੇ ਟੇਪ ਰਿਕਾਰਡਰ ਦਾ ਕੰਮ ਲੈਣ ਵਾਲਾ ਹੋਰ ਕੋਈ ਇਹੋ ਜਿਹਾ ਪ੍ਰਯਾਸ ਅੱਗੇ ਮੇਰੀ ਨਿਗਾਹ ਵਿਚ ਨਹੀਂ ਸੀ ਆਇਆ। 'ਬੀਤੇ ਦੀਆ ਪੈੜਾਂ', ਜਨਮ-ਸਾਖੀ, ਜੀਵਨੀ ਅਤੇ ਇਤਿਹਾਸ ਤੋਂ ਇਕ ਵੱਖਰੀ ਤਰ੍ਹਾਂ ਦੀ ਵਿਧਾ ਬਣ ਗਈ ਹੈ। ਜਿਸ ਵਿਚ ਹਜ਼ਰਤ ਨਿਜ਼ਾਮੁਦੀਨ ਔਲੀਆ ਬਾਰੇ ਅਮੀਰ ਹਸਨ ਦਿਹਲਵੀ ਰਚਿਤ ਮਲਫ਼ੂਜ਼ 'ਫ਼ਵਾਇਦੁਲ-ਫ਼ੁਵਾਦ' ਅਤੇ ਸ਼ਹਿਨਸ਼ਾਹ ਅਕਬਰ ਦੇ ਇਕ ਵਿਦਵਾਨ ਰਤਨ ਅਬੁਲ ਫ਼ਜ਼ਲ ਰਚਿਤ 'ਅਕਬਰ-ਨਾਮਾ' ਦਾ ਮਿਲਵਾਂ ਰੰਗ ਮੌਜੂਦ ਹੈ। ਅਮੀਰ ਹਸਨ ਹਰ ਸ਼ੁਕਰਵਾਰ ਵਾਲੇ ਦਿਨ ਹਜ਼ਰਤ ਨਿਜ਼ਾਮੁਦੀਨ ਦੇ ਦਰਬਾਰ ਵਿਚ ਹਾਜ਼ਰ ਹੁੰਦਾ ਸੀ ਤੇ ਉਸ ਦਿਨ ਦਰਗਾਹ ਵਿਚ ਜੋ ਕੁਝ ਵਾਪਰਦਾ ਤੇ ਜੋ ਬਚਨ ਔਲੀਆ ਜੀ ਦੇ ਮੁਖ ਕਮਲ ਵਿਚੋਂ ਨਿਕਲਦਾ, ਉਸ ਨੂੰ ਘਰ ਜਾ ਕੇ ਲਿਖ ਲਿਆ ਕਰਦਾ ਸੀ। ਜਿੰਨੀਆਂ ਬੈਠਕਾਂ ਦਾ ਹਾਲ ਹਸਨ ਨੇ ਲਿਖਿਆ ਉਹ ਸਾਡੇ ਤੱਕ ਪਹੁੰਚ ਗਿਆ। ਇਹ ਲਿਖਤ ਸੰਨ 1308 ਈ. ਦੀ ਹੈ। 'ਬੀਤੇ ਦੀਆਂ ਪੈੜਾਂ' ਮਲਫ਼ੂਜ਼ ਦਾ ਕੰਮ ਵੀ ਸਾਰਦੀ ਹੈ ਅਤੇ ਨਾਮੇ ਦਾ ਵੀ। ਬਲਕਿ ਇਹ ਕਹਿਣਾ ਅਸਲੀਅਤ ਦੇ ਵਧੇਰੇ ਨੇੜੇ ਹੋਵੇਗਾ ਕਿ ਲੇਖਕ ਇਸ ਪੁਸਤਕ ਰਾਹੀਂ ਪੰਜਾਬੀ ਵਿਚ ਅਸਲੋਂ ਨਵਾਂ ਗੱਦ-ਰੂਪ ਵਿਗਸਿਤ ਕਰਨ ਵਿਚ ਸਫ਼ਲ ਹੋਇਆ ਹੈ। ਜਿਵੇਂ ਕਦੀ, ਮੱਧਕਾਲ ਵਿਚ ਹਜ਼ਰਤ ਨਿਜ਼ਾਮੁਦੀਨ ਔਲੀਆ ਦੀ ਸ਼ਖ਼ਸੀਅਤ ਨੇ ਅਮੀਰ ਹਸਨ ਦਿਹਲਵੀ ਨੂੰ ਜਾਂ ਅਮੀਰ ਖ਼ੁਸਰੋ ਨੂੰ 'ਮਲਫ਼ੂਜ਼' ਤਿਆਰ ਕਰਨ ਲਈ ਪ੍ਰੇਰਿਆ ਸੀ, ਧੰਨਤਾ ਦੀ ਗੱਲ ਹੈ ਕਿ ਸਾਡੇ ਸਮਿਆਂ ਵਿਚ ਵੀ ਅਜਿਹੀਆਂ ਦਿਲਕਸ਼ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਮੌਜੂਦ ਹਨ ਜੋ ਪ੍ਰੀਤਮ ਸਿੰਘ ਕਵੀ ਵਰਗੇ ਪ੍ਰਬੁੱਧ ਤੇ ਸੰਵੇਦਨਸ਼ੀਲ ਨਿਰੀਖਕ ਨੂੰ, ਦੁਨੀਆਂ ਦੇ ਹੋਰ ਸਾਰੇ ਧੰਦਿਆਂ ਵਲੋਂ ਬੇਮੁੱਖ ਕਰਾ ਕੇ, ਕੇਵਲ 'ਬੀਤੇ ਦੀਆ ਪੈੜਾਂ' ਲਿਖਣ ਵਲ ਰੁਚਿਤ ਕਰਵਾ ਸਕਦੀਆਂ ਹਨ। ਸਾਡੇ ਯੁਗ ਵਿਚ ਜਾਂ ਪਹਿਲਿਆਂ ਯੁਗਾਂ ਵਿਚ ਕਿਹੜਾ ਮਾਈ ਦਾ ਲਾਲ ਹੋਇਆ ਹੈ, ਜਿਸ ਦੀ ਕਲਮ ਇਹੋ ਜਿਹੇ 20, 000 ਸਫ਼ੇ ਆਪਣੇ ਇਸ਼ਟ ਨੂੰ ਸਮਰਪਿਤ ਕਰ ਸਕੀ ਹੈ ?" ਕਵੀ ਜੀ ਦੇ ਸਨਮਾਨ-ਸਮਾਰੋਹ ਸਮੇਂ ਬੋਲਦਿਆਂ ਪ੍ਰੋਫੈਸਰ ਸਾਹਿਬ ਨੇ ਕਿਹਾ ਸੀ - 'ਦ੍ਰਿਸ਼ ਵਰਨਣ ਨੂੰ ਕਲਮ-ਬੰਧ ਕਰਨ ਵਾਲੀ ਹਸਨ ਦਿਹਲਵੀ ਦੀ ਰਚਨਾ ਸਭ ਤੋਂ ਵੱਧ ਪ੍ਰਮਾਣੀਕ ਮੰਨੀ ਜਾਂਦੀ ਹੈ ਜੋ ਕਿ ਫ਼ਾਰਸੀ ਵਿਚ ਲਿਖੀ ਗਈ ਇੱਕੋ-ਇਕ ਪੁਸਤਕ ਹੈ। 700 ਵਰ੍ਹੇ ਬਾਦ ਕਵੀ ਪ੍ਰੀਤਮ ਸਿੰਘ ਇਸਤਰ੍ਹਾਂ ਦੀ ਪ੍ਰਮਾਣੀਕ ਰਚਨਾ ਪੰਜਾਬੀ ਵਿਚ ਕਰਦਾ ਹੈ ਅਤੇ ਪੁਸਤਕਾਂ ਵੀ ਦੋ ਦਰਜਨ ਦੇ ਕਰੀਬ, ਪੰਜਾਬੀਆਂ ਵਾਸਤੇ ਬੜੇ ਮਾਣ ਵਾਲੀ ਗੱਲ ਹੈ।

ਜਿੱਥੇ ਨਾਮਧਾਰੀ ਸਿੱਖਾਂ ਨੇ ਭੇਸ ਬਦਲ ਕੇ ਅਨੇਕਾਂ ਮੁਸੀਬਤਾਂ ਝਾਗ ਕੇ ਜਲਾਵਤਨੀ ਦੌਰਾਨ ਸਤਿਗੁਰੂ ਰਾਮ

Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਤੋਂ ਹੁਕਮਨਾਮੇ ਲਿਆਂਦੇ ਜੋ ਇਸ ਸਾਹਿਤਕ-ਗ੍ਰੰਥ ਦਾ ਆਰੰਭ ਹਨ, ਉਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵੱਖ-ਵੱਖ ਵਿਸ਼ਿਆਂ 'ਤੇ ਕੀਤੇ ਗਏ ਪ੍ਰਵਚਨ ਟੇਪ ਰਿਕਾਰਡ ਰਾਹੀਂ ਸ਼ਬਦ-ਬ-ਸ਼ਬਦ ਲਿਖ ਕੇ ਛਪੇ ਗ੍ਰੰਥ ਵੀ ਕੂਕਾ ਲਹਿਰ ਦੇ ਪੰਜਾਬੀ ਸਾਹਿਤ ਦਾ ਮਹੱਤਵਪੂਰਨ ਅਤੇ ਪ੍ਰਮਾਣੀਕ ਅੰਗ ਹਨ।

ਨਾਮਧਾਰੀ ਸਾਹਿਤ ਪ੍ਰੇਮ-ਰਸ, ਬ੍ਰਿਹਾ-ਰਸ, ਬੀਰ-ਰਸ ਪਰੁੱਚਾ, ਪ੍ਰਭੂ-ਭਗਤੀ, ਗੁਰੂ-ਭਗਤੀ ਅਤੇ ਦੇਸ਼-ਭਗਤੀ ਦੀ ਭਾਵਨਾ-ਭਰਪੂਰ ਸਮਰਪਣ ਭਾਵਨਾ ਨਾਲ ਰਚਿਆ ਗਿਆ ਸਾਹਿਤ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਨਿੱਘਰ ਚੁੱਕੀਆਂ ਤੇ ਗੁਲਾਮ ਹੋ ਗਈਆਂ ਕੌਮਾਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜ ਕੇ ਇਨਕਲਾਬੀ ਭਾਵਨਾ ਪੈਦਾ ਕਰਨ ਵਿਚ ਸਾਹਿਤ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਕੂਕਾ-ਅੰਦੋਲਨ ਦੀਆਂ ਕੁਰਬਾਨੀਆਂ ਅਤੇ ਨਾਮਧਾਰੀ ਸਾਹਿਤ ਨੇ ਸਮੁੱਚੇ ਪੰਜਾਬੀ ਸਭਿਆਚਾਰ ਨੂੰ ਕਈ ਪਹਿਲੂਆਂ ਤੋਂ ਪ੍ਰਭਾਵਿਤ ਕੀਤਾ। ਅੰਤਿਕਾ ਵਿਚ ਲੇਖਕ ਨੇ ਨਾਮਧਾਰੀ ਸਾਹਿਤ ਦੇ ਪੰਜਾਬ ਦੇ ਸਭਿਆਚਾਰਕ ਅਤੇ ਸਮਾਜਿਕ ਜੀਵਨ 'ਤੇ ਪਏ ਪ੍ਰਭਾਵ ਬਾਰੇ ਭਾਵਪੂਰਤ ਲੇਖ ਦਿੱਤਾ ਹੈ।

ਇਤਿਹਾਸ ਰਚਨਹਾਰਿਆਂ ਦੀ ਖੋਜ ਕਰਨੀ, ਉਨ੍ਹਾਂ ਦਾ ਬਣਦਾ ਸਤਿਕਾਰ ਸਥਾਪਿਤ ਕਰਨ ਲਈ ਉਦਮ ਕਰਨਾ ਕਿਸੇ ਕਰਮਯੋਗੀ ਪੁਰਸ਼ ਦੇ ਹਿੱਸੇ ਹੀ ਆਉਂਦਾ ਹੈ। ਜੇ ਪੰਜਾਬੀ ਸਾਹਿਤ ਵਿਚ ਨਾਮਧਾਰੀ-ਸਾਹਿਤ ਦਾ ਵਿਲੱਖਣ ਸਥਾਨ ਹੈ ਤਾਂ ਵਿਸ਼ਾਲ ਸਾਹਿਤ ਦਾ ਖੋਜ-ਭਰਪੂਰ ਵਿਸ਼ਲੇਸ਼ਣ ਕਰਨਾ ਵੀ ਇਕ ਨਿਵੇਕਲਾ ਉੱਦਮ ਹੈ ਜੋ ਸ. ਸੁਵਰਨ ਸਿੰਘ ਵਿਰਕ ਦੇ ਹਿੱਸੇ ਆਇਆ ਹੈ।

ਸ. ਸੁਵਰਨ ਸਿੰਘ ਵਿਰਕ ਇਕ ਬਹੁਪੱਖੀ ਸ਼ਖਸੀਅਤ ਹੈ ਜਿਸਨੂੰ ਇਤਿਹਾਸ ਦੀ ਚੇਟਕ ਆਪਣੇ ਪਿਤਾ ਸ. ਗੁਰਮੁਖ ਸਿੰਘ ਝੱਬਰ ਤੋਂ ਲੱਗੀ। ਭਾਵੇਂ ਉਹ ਪੜ੍ਹੇ-ਲਿਖੇ ਨਹੀਂ ਸਨ, ਇਕ ਸਫ਼ਲ ਪ੍ਰਬੰਧਕ ਸਨ ਜਿਨ੍ਹਾਂ ਨੂੰ ਕਰੀਬ ਅੱਧੀ ਸਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨੇੜਤਾ ਅਤੇ ਉਨ੍ਹਾਂ ਦੇ ਮੁਖਤਿਆਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਜਿਨ੍ਹਾਂ ਦੀ ਯਾਦ ਸ਼ਕਤੀ ਕਿਸੇ ਕੰਪਿਊਟਰ ਤੋਂ ਘੱਟ ਨਹੀਂ ਸੀ ਉਹ 8-10 ਸਾਲ ਦੀ ਉਮਰ ਦੀਆਂ ਵੇਖੀਆਂ ਘਟਨਾਵਾਂ 70 ਸਾਲ ਦੀ ਉਮਰ ਵਿਚ ਨਾਵਾਂ ਤੇ ਥਾਵਾਂ ਸਹਿਤ ਕੱਲ੍ਹ ਹੀ ਵਾਪਰੀਆਂ ਘਟਨਾਵਾਂ ਵਾਂਗ ਨੋਟ ਕਰਵਾਉਂਦੇ ਹਨ। ਸ. ਝੱਬਰ ਦੀ ਰੀਝ ਸੀ ਕਿ ਉਨ੍ਹਾਂ ਦਾ ਪੁੱਤਰ ਸੰਤ ਇੰਦਰ ਸਿੰਘ ਚੱਕਰਵਰਤੀ ਵਰਗਾ ਨਾਮਧਾਰੀ ਇਤਿਹਾਸ ਦਾ ਲੇਖਕ ਹੋਵੇ। ਵਿਰਕ ਜੀ ਵਕਾਲਤ ਦੀ ਪੜ੍ਹਾਈ ਕਰਕੇ ਉਚੇਰੀ ਵਿਦਿਆ ਲਈ ਮਾਸਕੋ ਗਏ।

ਵਕਾਲਤ ਦੀ ਵਿਦਿਆ ਨੂੰ ਆਪ ਨੇ ਅਦਾਲਤ ਵਿਚ ਲੋਕਾਂ ਦੇ ਕੇਸ ਲੜਨ ਅਤੇ ਪੈਸੇ ਕਮਾਉਣ ਦਾ ਕਿੱਤਾ ਨਾ ਬਣਾ ਕੇ ਲੋਕ ਪੰਚਾਇਤ ਰਾਹੀਂ ਲੋਕਾਂ ਦੇ ਮਸਲੇ ਨਜਿੱਠਣ ਲਈ ਵਰਤਿਆ ਹੈ। ਸਮਾਜ ਸੇਵਾ ਆਪ ਦੇ ਜੀਵਨ ਦਾ ਉਦੇਸ਼ ਹੈ ਰਾਜਨੀਤਿਕ ਤੌਰ 'ਤੇ ਕਮਿਊਨਿਸਟ ਪਾਰਟੀ ਨਾਲ ਜੁੜ ਕੇ ਕਿਰਤੀਆਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦੇ ਹਨ। ਪਰ ਸਤਿਗੁਰੂ ਜਗਜੀਤ ਸਿੰਘ ਦੀ ਨਿਕਟਤਾ, ਪਿਆਰ ਅਤੇ ਪ੍ਰੇਰਨਾ ਨੇ ਨਾਮਧਾਰੀ ਇਤਿਹਾਸ ਦੇ ਅਧਿਐਨ ਅਤੇ ਸਾਹਿਤ ਰਚਨਾ ਦਾ ਸ਼ੌਕ ਪੈਦਾ ਕਰ ਦਿੱਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਦੇ 50ਵੇਂ ਸੁਭਾਗ ਵਰ੍ਹੇ 'ਤੇ 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਪੰਜਾਬੀ ਪਿਆਰਿਆਂ ਨੂੰ ਸੁਪ੍ਰੇਮ ਭੇਂਟ ਹੈ।

ਹਰਪਾਲ ਸਿੰਘ 'ਸੇਵਕ'
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ

੧੯੯੮ ਈ. ਵਿਚ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਸਤ ਕੰਵਲਾਂ ਨਾਲ ਲਿਖੇ ਪੱਤਰਾਂ ਨੂੰ "ਸ੍ਰੀ ਸਤਿਗੁਰੂ... ਜੀ ਦੇ ਹੁਕਮਨਾਮੇ" ਸੀਰਸ਼ਕ ਤਹਿਤ ਪ੍ਰਕਾਸ਼ਿਤ ਕਰਵਾ ਦਿੱਤਾ। ਇਸ ਤੋਂ ਪਹਿਲਾਂ ਨਾਮਧਾਰੀ ਸੰਗਤ, ਹੋਲੇ ਮੇਲਿਆਂ ਦੇ ਦੀਵਾਨਾਂ ਸਮੇਂ ਹੀ ਇਹਨਾਂ ਹੁਕਮਨਾਮਿਆਂ ਦਾ ਪਾਠ ਸਰਵਣ ਕਰਨ ਦਾ ਲਾਹਾ ਖੱਟਦੀ ਸੀ। ਹੁਣ ਇਹ ਛਾਪੇ ਦੇ ਜਾਮੇ ਵਿਚ, ਆਪਣੇ ਲਿਖੇ ਜਾਣ ਤੋਂ ਕੋਈ ਛੇ ਵੀਹਾਂ ਦੇ ਕਰੀਬ ਵਰ੍ਹੇ ਮਗਰੋਂ ਹੀ ਸਹੀ ਆਪਣੇ ਪਾਠਕਾਂ ਦੀਆਂ ਰੂਹਾਨੀ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਵਿਚ ਵਧੇਰੇ ਹਿੱਸਾ ਪਾ ਸਕਣਗੇ। ਇਹ ਹੁਕਮਨਾਮੇ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬ ਦਾ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਾਹਿਤਕ ਦਸਤਾਵੇਜ਼ ਹਨ।

ਇਸ ਅਮੁੱਲ ਨਿਧੀ ਨੂੰ ਪੰਜਾਬੀ ਜਗਤ ਵਿਚ ਪਹੁੰਚਾਉਣ ਦਾ ਮਹਾਨ ਕਾਰਜ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ, ਜਸਵਿੰਦਰ ਸਿੰਘ ਐਮ. ਏ. ਨੇ ਨਿਭਾਇਆ ਹੈ। ਉਹਨਾਂ ਨੇ ਇਸ ਗ੍ਰੰਥ ਦੀ ਸੰਪਾਦਨਾ ਕੀਤੀ ਹੈ। ਨਾਵਾਂ ਥਾਵਾਂ ਦੀ ਜਾਣਕਾਰੀ ਲਈ ਫੁੱਟ ਨੋਟ ਦਿੱਤੇ ਹਨ। 'ਹੁਕਮਨਾਮਿਆਂ ਬਾਰੇ' ਸਿਰਲੇਖ ਹੇਠ ੨੨ ਸਫੇ ਦਾ ਇਕ ਖੋਜ ਭਰਪੂਰ ਆਲੇਖ ਲਿਖਿਆ ਹੈ ਜੋ ਉਹਨਾਂ ਦੀ ਇਤਿਹਾਸਕ ਮਸਲਿਆਂ ਤੇ ਪਕੜ ਦਾ ਇਕ ਜਿਊਂਦਾ ਜਾਗਦਾ ਸਬੂਤ ਹੈ। ਤਕਰੀਬਨ ਦੋ ਦਹਾਕੇ ਪਹਿਲਾਂ ਸਰਕਾਰੀ ਨੌਕਰੀ ਤਿਆਗਣ ਤੋਂ ਬਾਅਦ ਜਸਵਿੰਦਰ ਸਿੰਘ ਨੇ ਨਾਮਧਾਰੀ ਇਤਿਹਾਸ ਦੀ ਖੋਜ ਨੂੰ ਆਪਣੇ ਜੀਵਨ ਦਾ ਮਕਸਦ ਘੋਸ਼ਿਤ ਕਰ ਦਿੱਤਾ ਅਤੇ ਉਹਨਾਂ ਨੇ "ਕੂਕਾਜ਼ ਆਫ਼ ਨੋਟ ਇਨ ਪੰਜਾਬ" (ਮਹੱਤਵਪੂਰਨ ਕੂਕੇ) ੧੮੮੧ ਦੇ ਅੰਗਰੇਜ਼ ਸਰਕਾਰ ਦੇ ਰਿਕਾਰਡ ਤੇ ਆਧਾਰਿਤ ਅਤੇ ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ (੧੮੮੦ ਈ. ਤੋਂ ੧੯੦੩ ਈ. ਤੱਕ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਸਰਕਾਰੀ ਦਸਤਾਵੇਜ਼) ਦੀਆਂ ਪੁਸਤਕਾਂ ਵੀ ੧੯੯੫ ਵਿਚ ਪ੍ਰਕਾਸ਼ਿਤ ਕਰਵਾਈਆਂ ਹਨ, ਜਿਹਨਾਂ ਦੁਆਰਾ ਸਾਡੇ ਇਤਿਹਾਸ ਦੇ ਬਹੁਤ ਸਾਰੇ ਹਨੇਰੇ ਕੋਨਿਆਂ ਤੇ ਨਵੀਂ ਰੋਸ਼ਨੀ ਪਾਈ ਗਈ ਹੈ। ਸ੍ਰੀ ਸਤਿਗੁਰੂ ਜੀ ਦੇ ਹੁਕਮਨਾਮਿਆਂ ਦੇ ਸੰਬੰਧ ਵਿਚ ਏਨੀ ਮੁਕੰਮਲ ਅਤੇ ਵਧੀਆ ਜਾਣਕਾਰੀ ਨਾਲ ਪਾਠਕਾਂ ਦੀ ਸਾਂਝ ਪਹਿਲਾਂ ਕਦੇ ਵੀ ਨਹੀਂ ਪੁਆਈ ਗਈ। ਇਹ ਹੁਕਮਨਾਮੇ ਰੰਗੂਨ ਦੇ ਜਿਸ ਮੁਕਾਮ ਤੋਂ ਅਤੇ ਫਿਰ ਮਰਗੋਈ ਟਾਪੂ ਤੋਂ ਸੰਗਤਾਂ ਵੱਲ ਸਾਦਰ ਹੁੰਦੇ ਸਨ, ਉਹਨਾਂ ਨਾਵਾਂ ਥਾਵਾਂ ਦੀਆਂ ਬਾਰੀਕੀਆਂ ਵਿਚੋਂ ਲੇਖਕ ਖੁਦ ਲੰਘਿਆ ਹੈ ਅਤੇ ਬਰਮਾ ਸਰਕਾਰ ਦੇ ਪੁਰਾਣੇ ਰੀਕਾਰਡ ਫੋਲ ਫੋਲ ਕੇ ਸਤਿਗੁਰੂ ਜੀ ਦੀ ਨਜ਼ਰਬੰਦੀ ਵਾਲੇ ਬੰਗਲੇ ਦੇ ਸਥਾਨ ਨੂੰ ਵੀ ਸੁਨਿਸ਼ਚਿਤ ਕੀਤਾ ਹੈ।

ਅੰਬਾਲੇ ਦੇ ਕਮਿਸ਼ਨਰ ਫੋਰਸਿੱਥ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਭਾਰਤ ਤੋਂ ਬਾਹਰ ਕਰਨ ਤੋਂ ਪਹਿਲਾਂ, ਪੰਜਾਬ ਤੋਂ ਦੂਰ ਅਲਾਹਾਬਾਦ ਪਹੁੰਚਾਉਣ ਬਾਅਦ ਲਿਖਿਆ "ਐਸੇ ਵਿਅਕਤੀ ਨੂੰ ਸੁਤੰਤਰ ਰਹਿਣ ਦੇਣਾ ਸਿਖਰ ਦਰਜੇ ਦਾ ਖਤਰਾ ਹੋਵੇਗਾ।" ਐਸੇ ਵਿਅਕਤੀ ਨੂੰ ਹੀ ਅੰਗਰੇਜ਼ ਸਰਕਾਰ ਬਗਾਵਤ ਦਾ ਪੰਜਾਬ ਵਿਚ ਇਕ ਮਾਤਰ ਪ੍ਰਤੀਕ ਸਮਝਦੀ ਸੀ। ਪੰਜਾਬ ਨੂੰ ਸਤਿਗੁਰੂ ਜੀ ਦੀ ਅਗਵਾਈ ਤੋਂ ਵਾਂਝਿਆਂ ਕਰਨਾ ਉਹਨਾਂ ਦੇ ਹਿਤ ਵਿਚ ਸੀ। ਸਤਿਗੁਰੂ ਜੀ ਅਤੇ ਪੰਜਾਬ ਵਿਚਲੀ ਸੰਗਤ ਦੇ ਵਿਚਾਲੇ ਕੋਈ ਵੀ ਸੰਪਰਕ ਸੂਤਰ ਬਰਤਾਨਵੀ ਸਰਕਾਰ ਦੀ ਅੱਖ ਦੀ ਕਿਰਕਿਰੀ ਸੀ। ਸਰਕਾਰ ਸਤਿਗੁਰੂ ਜੀ ਦੇ ਪੈਰੋਕਾਰਾਂ ਤੇ ਸਖਤੀਆਂ ਦੇ ਪਹਾੜ ਰੋਹੜਨ ਤੇ ਤੁਲੀ ਹੋਈ ਸੀ। ਕੂਕੇ ਸਨ ਕਿ ਉਹ ਸਿਰ ਤਲੀ 'ਤੇ ਧਰਕੇ ਵੀ ਆਪਣੇ ਮਹਿਬੂਬ ਸਤਿਗੁਰੂ ਦੇ ਨਿਵਾਸ ਵਾਲੀ ਗਲੀ ਵਿਚ ਗੇੜੇ ਮਾਰਨੋਂ ਨਹੀਂ ਸਨ

Sri Satguru Jagjit Singh Ji eLibrary NamdhariElibrary@gmail.com

ਉਤਰਦੇ। ਇਕ ਨਹੀਂ, ਦੋ ਨਹੀਂ, ਚਾਰ ਨਹੀਂ ਪੂਰਾ ਇਕ ਸੈਂਕੜਾ ਦੇ ਕਰੀਬ ਸਿੱਖਾਂ ਨੇ ਪਹਿਲਾਂ ਰੰਗੂਨ ਅਤੇ ਫਿਰ ਮਰਗੋਈ ਜਾ ਕੇ ਦਰਸ਼ਨ ਪਰਸੇ ਅਤੇ ਆਪਣੇ ਵਲੋਂ ਪੰਜਾਬ ਦੇ ਸਿੱਖਾਂ ਵਲੋਂ ਲਿਖੀਆਂ ਅਰਦਾਸਾਂ ਦਿੱਤੀਆਂ ਅਤੇ ਜੁਆਬ ਵਿਚ ਸਤਿਗੁਰੂ ਜੀ ਤੋਂ ਹੁਕਮਨਾਮੇ ਪ੍ਰਾਪਤ ਕਰਕੇ, ਵੱਡੇ ਜਫ਼ਰ ਜਾਲ ਕੇ ਇਹਨਾਂ ਨੂੰ ਦੇਸ ਵਿਚ ਲਿਆਂਦਾ। ਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਸੰਗਤ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਕਦੇ ਮੈਦਾਨੇ ਜੰਗ ਵਿਚ ਜੂਝਣ ਵਾਲੇ ਨਾਇਕ ਬਣੇ, ਕਦੇ ਗਊ-ਘਾਤੀਆਂ ਨੂੰ ਸੋਧਾ ਲਾ ਕੇ ਫ਼ਾਂਸੀਆਂ 'ਤੇ ਲਟਕਣ ਅਤੇ ਤੋਪ ਅੱਗੇ ਛਾਤੀਆਂ ਡਾਹੁਣ ਵਾਲੇ ਨਾਇਕ ਬਣੇ। ਹੁਣ ਇਹ ਨਾਇਕ ਸਨ ਜੋ ਗੁਰੂ ਦਰਸ਼ਨਾਂ ਲਈ, ਸਫ਼ਰ ਖ਼ਰਚ ਦੀ ਮਾਇਆ ਭਾਵੇਂ ਭੋਇੰ ਵੇਚ ਕੇ, ਭਾਵੇਂ ਆਸੇ ਪਾਸਿਓਂ ਮੰਗ-ਤੰਗ ਕੇ ਹਾਸਲ ਕਰਦੇ, ਅਤੇ ਫਿਰ ਇਸ ਬਿਖਮ ਮਾਰਗ 'ਤੇ ਅੱਗੇ ਵਧਦੇ। ਪਤਾ ਸੀ ਕਿ ਪਕੜੇ ਜਾਣ ਦੀ ਸੂਰਤ ਵਿਚ, ਆਪਣੇ ਰਾਜ ਵਿਚ ਸੂਰਜ ਨਾ ਡੁੱਬਣ ਦੇਣ ਦੀ ਫੜ ਮਾਰਨ ਵਾਲਾ ਦੁਸ਼ਮਣ ਘੱਟ ਨਹੀਂ ਕਰੇਗਾ। ਪਰ ਇਮਤਿਹਾਨ ਦੀ ਇਸ ਘੜੀ ਵਿਚ ਗੁਰੂ ਕੇ ਸਿੱਖ, ਸਿੱਖੀ-ਸਿਦਕ ਵਲੋਂ ਸੌ ਫ਼ੀਸਦੀ ਅੰਕ ਲੈ ਕੇ ਪੂਰੇ ਉਤਰੇ। ਲਹਿਰ ਦੇ ਰੌਅ ਨੂੰ ਉਹਨਾਂ ਮੱਠਾ ਨਹੀਂ ਪੈਣ ਦਿੱਤਾ।

ਜਸਵਿੰਦਰ ਸਿੰਘ ਹੋਰੀਂ ਲਿਖਦੇ ਹਨ ਕਿ ਜਨਵਰੀ ੧੮੭੨ ਈ. ਤੋਂ ਬਾਦ ਵੀ ਪੰਜਾਬ ਸਰਕਾਰ ਐਨੀ ਡਰੀ ਹੋਈ ਸੀ ਕਿ ਉਸਨੂੰ ਹੋਲੇ ਮੁਹੱਲੇ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਵਿਚ ਕਿਸੇ ਵੱਡੇ ਜਨ ਉਭਾਰ ਦੇ ਉਠਣ ਦੀ ਆਸ਼ੰਕਾ ਸੀ। ਇਸ ਲਈ ਪੰਜਾਬ ਦਾ ਲੈਫਟੀਨੈਂਟ ਗਵਰਨਰ ਉਸ ਹੋਲੇ ਦੇ ਦਿਨੀਂ ਖ਼ੁਦ ਅੰਮ੍ਰਿਤਸਰ ਵਿਚ ਰਿਹਾ ਅਤੇ ਡਿਪਟੀ ਕਮਿਸ਼ਨਰ ਨੂੰ ਉਸਨੇ ਅਨੰਦਪੁਰ ਸਾਹਿਬ ਭੇਜਿਆ। ਫ਼ੌਜ ਦੇ ਘੋੜ ਸਵਾਰ ਦਸਤੇ ਅੰਬਾਲੇ ਤੋਂ ਰੋਪੜ ਭੇਜੇ ਗਏ ਅਤੇ ਇਸ ਤਰ੍ਹਾਂ ਦੇ ਇੰਤਜ਼ਾਮ ਵਿਸਾਖੀ ਦੇ ਮੇਲੇ ਸਮੇਂ ਵੀ ਕੀਤੇ ਗਏ।

ਪਹਿਲਾਂ ਕੁਝ ਸਮਾਂ ਸਿੱਖਾਂ ਨੂੰ ਸਤਿਗੁਰੂ ਜੀ ਦਾ ਪਤਾ ਨਹੀਂ ਲੱਗ ਸਕਿਆ ਕਿ ਕਿਥੇ ਹਨ। ਸੰਨ ੧੮੭੫ ਈ. ਵਿਚ ਬਾਰਬਟਨ, ਪੁਲਿਸ ਕਪਤਾਨ ਲੁਧਿਆਣਾ ਦੀ ਘਰਵਾਲੀ, ਮੇਮ ਤੋਂ ਬਾਬਾ ਦਰਬਾਰਾ ਸਿੰਘ ਰਾਏਪੁਰ ਵਾਲੇ ਨੂੰ ਸਤਿਗੁਰੂ ਜੀ ਦੇ ਰੰਗੂਨ ਹੋਣ ਦਾ ਪਤਾ ਲੱਗਾ। ਹੁਣ ਸਿੱਖਾਂ ਲਈ ਇਹ ਸੁਨਹਿਰੀ ਮੌਕਾ ਸੀ। ਜਸਵਿੰਦਰ ਸਿੰਘ ਲਿਖਦੇ ਹਨ ਕਿ ਹੁਣ ਇਕ ਦੌੜ ਸ਼ੁਰੂ ਹੋ ਗਈ, ਸਰਕਾਰ ਵਲੋਂ ਹਰ ਹੀਲੇ ਗੁਰੂ ਦਰਸ਼ਨਾਂ ਲਈ ਜਾਂਦੇ ਸਿੱਖਾਂ ਦਾ ਰਾਹ ਰੋਕਣਾ ਅਤੇ ਸਿੱਖਾਂ ਵਲੋਂ ਰੋਕਾਂ ਉਲੰਘ ਕੇ ਪਹੁੰਚਣਾ। ਇਸ ਦੌੜ ਵਿਚ ਜਿੱਤ ਕੂਕਿਆਂ ਦੀ ਹੋਈ। ਇਸ ਸਮੇਂ ਕਈ ਹੁਕਮਨਾਮੇ ਤਾਂ ਪਕੜੇ ਗਏ ਪਰ ਜੁਲਾਈ ੧੮੮੦ ਤਕ ਇਕ ਵੀ ਸਿੱਖ ਸਤਿਗੁਰੂ ਜੀ ਨੂੰ ਮਿਲਦਾ ਅਥਵਾ ਹੁਕਮਨਾਮੇ ਲੈਂਦਾ ਫੜਿਆ ਨਹੀਂ ਜਾ ਸਕਿਆ। ੧੮੭੭ ਈ. ਵਿਚ ਇਕ ਗੋਰੇ ਅਫ਼ਸਰ ਨੇ ਖ਼ੁਦ ਸਤਿਗੁਰੂ ਜੀ ਨੂੰ ਨੈਣਾਂ ਸਿੰਘ ਦੇ ਰੰਗੂਨ ਆਉਣ ਅਤੇ ਹੁਕਮਨਾਮੇ ਲੈ ਜਾਣ ਬਾਰੇ ਪੁੱਛਿਆ ਸੀ, ਪਰ ਫੇਰ ਵੀ ਇਹ ਪ੍ਰਵਾਹ ਰੁਕਿਆ ਨਹੀਂ। ...ਗੋਰੀ ਸਰਕਾਰ ਨੇ ਮਈ ੧੮੭੮ ਈ. ਦੀ ਇਕ ਫ਼ਾਇਲ ਵਿਚ ਲਿਖਿਆ..."ਉਹ (ਸਤਿਗੁਰੂ ਰਾਮ ਸਿੰਘ ਜੀ) ਬਹੁਤ ਖ਼ਤਰਨਾਕ ਵਿਅਕਤੀ ਹੈ, ਸ਼ਾਇਦ ਹਿੰਦੁਸਤਾਨ ਵਿਚ ਇਸ ਸਮੇਂ ਸਭ ਤੋਂ ਜ਼ਿਆਦਾ ਖ਼ਤਰਨਾਕ ਵਿਅਕਤੀ ਅਤੇ ਇਸ ਨਾਲ ਹੋ ਰਹੇ ਖ਼ਤ ਪੱਤਰ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ। ਰੰਗੂਨ ਤੋਂ ਹੀ ਸਤਿਗੁਰੂ ਜੀ ਦਾ ਸੰਪਰਕ ਉਥੇ ਜਾਂਦੇ ਸਿੱਖਾਂ ਰਾਹੀਂ ਰੂਸ ਤੱਕ ਜੁੜਿਆ ਰਿਹਾ।"

ਜਸਵਿੰਦਰ ਸਿੰਘ ਹੋਰਾਂ ਮੁਤਾਬਿਕ ਬਹੁਤ ਸਾਰੇ ਹੁਕਮਨਾਮੇ ਸਮੇਂ ਦੀ ਧੂੜ ਵਿਚ ਗੁੰਮ ਵੀ ਹੋ ਗਏ ਅਤੇ ਜੋ ਉਹਨਾਂ ਨੂੰ ਨਾਮਧਾਰੀ ਦਰਬਾਰ ਤੋਂ ਪ੍ਰਾਪਤ ਹੋਏ ਉਹ ੬੫ ਹੁਕਮਨਾਮੇ ਇਸ ਸੰਕਲਨ ਵਿਚ ਉਹਨਾਂ ਨੇ ਸ਼ਾਮਲ ਕਰ ਲਏ ਹਨ।

ਸਰਕਾਰੀ ਪੱਧਰ 'ਤੇ ਮਾਮੂਲੀ ਕਾਰ ਵਿਹਾਰੀ ਪੁੱਛ ਜਾਂ ਸੁੱਖ-ਸਾਂਦ ਦੇ ਸਤਿਗੁਰੂ ਜੀ ਵਲੋਂ ਡੇਰੇ ਭੈਣੀ ਸਾਹਿਬ ਛੋਟੇ ਭਰਾਤਾ (ਗੁਰੂ ਹਰੀ ਸਿੰਘ ਜਿਹਨਾਂ ਦਾ ਪਹਿਲਾ ਨਾਂ ਬੁੱਧ ਸਿੰਘ ਸੀ) ਨੂੰ ਲਿਖੇ ਖ਼ਤ ਵੀ ਆਪਣੇ ਨਿਸ਼ਾਨੇ 'ਤੇ ਪਹੁੰਚਾਉਣ ਵਿਚ ਬਰਤਾਨਵੀ ਸਰਕਾਰ ਪ੍ਰੇਸ਼ਾਨੀ ਮਹਿਸੂਸ ਕਰਦੀ ਸੀ। ਉਹੋ ਪਹਿਲਾਂ ਵਾਲੀ ਹੀ ਨੀਤੀ ਕਿ ਪੰਜਾਬ ਅਤੇ ਸਤਿਗੁਰੂ ਰਾਮ ਸਿੰਘ ਵਿਚਾਲੇ ਕਿਸੇ ਕਿਸਮ ਦਾ ਸਬੰਧ ਬਣਿਆ ਨਾ ਰਹਿਣ ਦਿੱਤਾ ਜਾਏ। ਇੱਕਾ ਦੁੱਕਾ ਪੱਤਰ ਸਤਿਗੁਰੂ ਜੀ ਵੱਲ ਭੈਣੀ ਸਾਹਿਬ ਤੋਂ ਅਤੇ ਰੰਗੂਨ ਤੋਂ ਉਹਨਾਂ ਵਲੋਂ ਲਿਖੇ ਭੈਣੀ ਸਾਹਿਬ ਪੁਚਾਏ ਜਾਣ ਦੇ ਹਵਾਲੇ

Sri Satguru Jagjit Singh Ji eLibrary NamdhariElibrary@gmail.com

ਜਸਵਿੰਦਰ ਸਿੰਘ ਦਿੰਦੇ ਹਨ।

ਅੰਗਰੇਜ਼ ਸਰਕਾਰ ਖ਼ਤ ਪੱਤਰਾਂ ਹੁਕਮਨਾਮਿਆਂ ਤੇ ਕਿਉਂ ਰੋਕ ਲਾਉਂਦੀ ਸੀ ਕਿਉਂਕਿ ਖੋਟੀ ਨੀਅਤ ਵਾਲੀ ਸਰਕਾਰ, ਜਿਸ ਨੇ ਵਲ ਛਲ ਨਾਲ ਪੰਜਾਬ 'ਤੇ ਕਬਜ਼ਾ ਕੀਤਾ ਸੀ ਉਹ ਪੰਜਾਬ ਵਿਚ ਸਤਿਗੁਰੂ ਜੀ ਦੀ Mass Appeal (ਭਾਰੀ ਜਨਤਕ ਪ੍ਰਭਾਵ) ਤੋਂ ਬਹੁਤ ਭੈ-ਭੀਤ ਸੀ ਕਿ ਉਹਨਾਂ ਦੇ ਹੁਕਮ 'ਤੇ ਸਾਧਾਰਨ ਪੰਜਾਬੀ ਵੀ ਨਾਮਧਾਰੀ ਸਿੰਘਾਂ ਨਾਲ ਮਿਲ ਕੇ ਅੰਗਰੇਜ਼ਾਂ ਦਾ ਬੀਅ ਨਾਸ਼ ਕਰਨ ਤੱਕ ਚਲਾ ਜਾਏਗਾ। ਕਿਸਾਨ ਖੇਤਾਂ ਵਿਚੋਂ ਫਾਲਤੂ ਨਦੀਨ ਕੱਢਣ ਨੂੰ ਸੂੜ੍ਹ ਮਾਰਨਾ ਕਹਿੰਦੇ ਹਨ। ਸਤਿਗੁਰੂ ਜੀ ਹੁਕਮਨਾਮਿਆਂ ਵਿਚ ਅੰਗਰੇਜ਼ਾਂ ਦੇ ਇਸ ਡਰ ਬਾਰੇ ਕਈ ਥਾਈਂ ਲਿਖਦੇ ਹਨ -

"ਏਨਾਂ ਨੂੰ ਏਹੁ ਬੜਾ ਭਰਮੁ ਹੈ, ਚਿਠੀ ਦੀ ਬੜੀ ਤਕਰਾਈ ਰਖਦੇ ਹੈਨ ਮੇਰੀ। ਕਹਿੰਦੇ ਹਨ ਕਿਤੇ ਚਿਠੀ ਭੇਜਕੇ ਸੂੜ ਨਾ ਕਰਾਇ ਦੇਵੇ। ਏਧੇ ਪਿਛੇ ਬਹੁਤ ਆਦਮੀ ਹੈ।" (ਹੁਕਮਨਾਮਾ -੬)

੧੮੫੭ ਈ. (ਸੰਬਤ ੧੯੧੪) ਦੇ ਸੁਤੰਤਰਤਾ ਸੰਗਰਾਮ ਨੂੰ ਅਜੇ ਕਿੰਨਾ ਕੁ ਚਿਰ ਹੋਇਆ ਸੀ। ਪੰਜਾਬ ਵਿਚ ਅੰਗਰੇਜ਼ਾਂ ਨੂੰ ਫਿਰ ੧੮੫੭ ਆਉਂਦਾ ਦਿਸਦਾ ਸੀ। ਸਤਿਗੁਰੂ ਜੀ ਮੁਤਾਬਿਕ **"ਪਿਛੈ ਤਾਂ ਲਿਆਏ ਹੈ ਜੋ ਏਥੇ ਰਹਾ ਤਾਂ ਸੱਧੇ ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਇਹ ਡਰ ਹੈ ਭਾਈ ਚਿਠੀ ਭੇਜਕੇ ਪਿਛੇ ਸੂੜ ਕਰਾ ਦੇਊ ਏਹੁ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ। ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ।"** (ਹੁਕਮਨਾਮਾ -੭)

੩੧ ਅਗਸਤ ੧੮੭੮ ਨੂੰ ਲੁਧਿਆਣਾ ਦੇ ਪੁਲੀਸ ਕਪਤਾਨ ਜੇ.ਪੀ. ਵਾਰਬਰਟਨ ਨੇ ਪੰਜਾਬ ਪੁਲੀਸ ਦੇ ਆਈ.ਜੀ. ਕਰਨਲ ਐਚ. ਐਨ ਮੂਲਰ ਦੇ ਨਾਂ ਜੋ ਲੰਮਾ ਖ਼ਤ ਭੇਜਿਆ ਉਸ ਵਿਚ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਪੰਜਾਬ ਵਿਚ ਆ ਰਹੇ ਹੁਕਮਨਾਮਿਆਂ ਦੇ ਰਾਜਨੀਤਕ ਮਹੱਤਵ ਤੇ ਪ੍ਰਕਾਸ਼ ਵੀ ਪਾਇਆ ਹੈ। ਆਪਣੇ ਦੁਆਰਾ ਪਕੜੇ ਗਏ ਕੁਝ ਹੁਕਮਨਾਮਿਆਂ ਦਾ ਅੰਗਰੇਜ਼ੀ ਅਨੁਵਾਦ ਵੀ, ਉੱਚ ਅਧਿਕਾਰੀਆਂ ਦੇ ਮਨਾਂ ਵਿਚ ਨਾਮਧਾਰੀ ਲਹਿਰ ਦੇ ਵੱਡੇ ਖ਼ਤਰੇ ਨੂੰ ਸਹੀ ਸਿਧ ਕਰਨ ਲਈ, ਨਾਲ ਜੋੜ ਦਿਤਾ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਜੀ ਤੇ ਨ੍ਹਸ ਸੂਬੇ ਦੇਸ ਬਦਰ ਕਰ ਦਿਤੇ ਸਨ। ਸਿੰਘ ਸ਼ਹੀਦੀਆਂ ਪਾ ਚੁੱਕੇ ਸਨ। ਕੁਝ ਕਾਲੇ ਪਾਣੀ ਜਾ ਰਹੇ ਸਨ। ਉਹਨਾਂ ਦੇ ਘਰ ਘਾਟ ਮਾਲ ਅਸਬਾਬ ਅਤੇ ਭੋਇੰ ਭਾੜੇ ਜ਼ਬਤ ਕੀਤੇ ਜਾ ਚੁੱਕੇ ਸਨ। ਪੰਜ ਤੋਂ ਵੱਧ ਨਾਮਧਾਰੀ ਖ਼ੁਸ਼ੀ ਗ਼ਮੀ ਦੀ ਧਾਰਮਿਕ ਰਸਮ ਵਿਚ ਵੀ ਬਿਨਾਂ ਆਗਿਆ ਇਕੱਠੇ ਨਹੀਂ ਸੀ ਹੋ ਸਕਦੇ। ਅਖੰਡ ਪਾਠ ਹਵਨ ਜੱਗ ਚੰਡੀ ਦੀ ਵਾਰ ਦਾ ਪਾਠ ਸਰਕਾਰ ਦੀਆਂ ਨਜ਼ਰਾਂ ਵਿਚ ਬਾਗ਼ੀ ਕਰਮ ਬਣ ਚੁੱਕੇ ਸਨ। ਭਜਨ ਕਰਨ ਵਾਲੇ ਸਿੰਘਾਂ ਤੇ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਸੀ। ਅੱਠਾਂ ਪਹਿਰਾਂ ਵਿਚ ਦਸਾਂ ਤੋਂ ਵੱਧ ਸਿੰਘ ਡੇਰੇ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਨਹੀਂ ਕਰ ਸਕਦੇ ਸਨ। ਵਾਰਬਰਟਨ ੧੦ ਸਿੰਘਾਂ ਨੂੰ ਦਰਸ਼ਨਾਂ ਦੀ ਇਜਾਜ਼ਤ ਨੂੰ ਵੀ ਖ਼ਤਰਨਾਕ ਸਮਝਦਾ ਸੀ। ਉਹ ਕਹਿੰਦਾ ਸੀ ਕਿ ਪੰਜਾਬ ਦੇ ਸਾਰੇ ਕੋਨਿਆਂ ਵਿਚੋਂ ਨਾਮਧਾਰੀ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਲੁਕ ਛਿਪ ਕੇ ਟਿਕੇ ਰਹਿੰਦੇ ਹਨ। (ਗੁਰੂ ਦਰਸ਼ਨਾਂ ਲਈ ਆਪਣੀ ਵਾਰੀ ਦੀ ਇੰਤਜ਼ਾਰ ਵਿਚ)। ਉਹ ਲਿਖਦਾ ਹੈ ਕਿ ਭਾਵੇਂ ਕੂਕਿਆਂ ਦੀ ਗਿਣਤੀ ਪਹਿਲਾਂ ਨਾਲੋਂ ਘੱਟ ਹੈ ਪਰ ਫਿਰ ਵੀ ਉਹ ਵਧ ਰਹੇ ਹਨ। ਕੁਝ ਪ੍ਰਲੋਭਨਾਂ ਕਰਕੇ ਉਹ ਕ੍ਰਿਆਸ਼ੀਲ ਹੋਣ ਵਿਚ ਅੱਗੇ ਵਧ ਰਹੇ ਹਨ। ਇਹ ਪ੍ਰਲੋਭਨ ਆਉਣ ਵਾਲੇ ਖ਼ਾਲਸਾ ਜਾਂ ਕੂਕਾ ਰਾਜ ਦਾ ਵੀ ਹੋ ਸਕਦਾ ਹੈ। ਸਨਾਤਨ ਪੰਥੀ ਸਿੱਖਾਂ ਦੀ ਨਾਮਧਾਰੀਆਂ ਨਾਲ ਕੱਟੜ ਵਿਰੋਧਤਾ ਨੂੰ ਵੀ ਉਹ ਕੂਕਿਆਂ ਦੀ ਸਿਆਸੀ ਮਹੱਤਤਾ ਨੂੰ ਘਟਾ ਕੇ ਵੇਖਣ ਲਈ ਵਰਤੋਂ ਕਰਦਾ ਹੈ। ਫਿਰ ਵੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਉਮਦਾ ਸਿੱਖਿਆਵਾਂ ਨੂੰ, ਉਹ ਈਸਾਈ ਧਰਮ ਗ੍ਰੰਥਾਂ ਦੀ ਨਕਲ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਨੇਕੀ ਤੇ ਕਿਸੇ ਇਕ ਫ਼ਿਰਕੇ ਦੀ ਇਜਾਰੇਦਾਰੀ ਨਹੀਂ ਹੁੰਦੀ, ਸ਼ਾਇਦ ਉਹ ਇਹ ਭੁੱਲ ਜਾਂਦਾ ਹੈ। ਉਹ ਆਪਣੇ ਪਿਛਲੇ ੬ ਸਾਲਾਂ ਦੇ ਅਨੁਭਵ ਦੇ ਆਧਾਰ 'ਤੇ ਨਾਮਧਾਰੀਆਂ ਦੀ ਆਪਸੀ ਇਕਮੁੱਠਤਾ, ਨਵੇਂ ਕੂਕੇ ਬਣਾਉਣ ਲਈ ਉਹਨਾਂ ਦੀਆਂ ਸਿਰ ਤੋੜ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ, ਉਹ ਕੂਕਿਆਂ ਦੀ ਆਪਣੇ ਮਿਸ਼ਨ ਪ੍ਰਤੀ ਸ਼ੈਦਾਈ ਲਗਨ ਨੂੰ ਵੀ ਨੋਟ ਕਰਦਾ ਹੈ। ਸਤਿਗੁਰੂ ਰਾਮ ਸਿੰਘ, ਉਹਦੇ ਮੁਤਾਬਿਕ ਫ਼ਰੰਗੀਆਂ ਦੇ

Sri Satguru Jagjit Singh Ji eLibrary NamdhariElibrary@gmail.com

ਮੁਕੰਮਲ ਖ਼ਾਤਮੇ ਅਤੇ ਕੂਕਾ ਰਾਜ ਕਾਇਮ ਹੋਣ ਦੀਆਂ ਭਵਿੱਖ ਬਾਣੀਆਂ ਕਰਦੇ ਹਨ। ਲਹਿਰ ਚਲਦੀ ਰੱਖਣ ਲਈ ਦੁਸ਼ਮਣ ਤੇ ਹਮਲਾ ਅਤੇ ਆਪਣੇ ਉੱਜਲ ਭਵਿੱਖ ਦੀ ਕਾਮਨਾ, ਲੋਕ ਮਨਾਂ ਦਾ ਹਿੱਸਾ ਬਨਾਉਣੀ ਪੈਂਦੀ ਹੈ। ਉਹ ਅੱਗੇ ਚੱਲ ਕੇ ਇਹ ਵੀ ਕਹਿੰਦਾ ਹੈ ਕਿ ਜੇ ਅਸੀਂ ਕਿਸੇ ਮੁਸੀਬਤ ਵਿਚ ਫਸ ਗਏ, ਕਿਸੇ ਜੰਗ ਵਿਚ ਹਾਰ ਗਏ ਤਾਂ ਨਾਮਧਾਰੀ ਨਿਸ਼ਚੇ ਹੀ ਆਪਣੇ ਸਿਰ ਚੁੱਕਣਗੇ। ਸਾਡੇ ਪੈਰ ਉੱਖੜਦਿਆਂ ਹੀ ਬਹੁਤ ਸਾਰੇ ਸਾਧਾਰਨ ਕਿਸਾਨ ਅਤੇ ਹੋਰ ਸ਼ਰਧਾਲੂ ਲੋਕ ਇਹਨਾਂ ਭਵਿੱਖ ਬਾਣੀਆਂ 'ਤੇ ਯਕੀਨ ਕਰਦਿਆਂ ਇਸ ਫ਼ਿਰਕੇ ਵਿਚ ਸ਼ਾਮਲ ਹੋ ਜਾਣਗੇ। ਅਸੀਂ ਹਰ ਕਾਨੂੰਨੀ ਵਿਧੀ ਨਾਲ ਉਹਨਾਂ ਨੂੰ ਕੋਈ ਵੀ ਸ਼ਰਾਰਤ ਕਰਨ ਤੋਂ ਅਯੋਗ ਬਣਾ ਦੇਈਏ।

ਫਿਰ ਨਾਮਧਾਰੀਆਂ ਤੋਂ ਚੋਖੇ ਭੈਭੀਤ, ਤੱਤਕਾਲੀਨ ਪੰਜਾਬ ਵਿਚ ਖਾਂ ਵਰਗੇ ਚਲਾਕ ਅਤੇ ਕਠੋਰ ਦਿਲ ਪੁਲੀਸ ਅਫ਼ਸਰ ਦਾ ਕਹਿਣਾ ਹੈ, ਉਹ ਸਤਿਗੁਰੂ ਰਾਮ ਸਿੰਘ ਦੀਆਂ ਬਗ਼ਾਵਤੀ ਸਿੱਖਿਆਵਾਂ ਦੇ ਹੋਰ ਦਸਤਾਵੇਜ਼ੀ ਸਬੂਤ ਇਕੱਠੇ ਕਰੇਗਾ। ਇਹਨਾਂ ਦੇ ਆਧਾਰ 'ਤੇ ਜਿਹਨਾਂ ਵੀ ਇਸ ਕਾਰਵਾਈ (ਹੁਕਮਨਾਮੇ ਲੈ ਕੇ ਆਉਣ ਵਾਲੀ) ਵਿਚ ਹਿੱਸਾ ਲਿਆ ਹੈ, ਉਹਨਾਂ 'ਤੇ ਮੁਕੱਦਮਾ ਚਲਾ ਕੇ ਉਹਨਾਂ ਨੂੰ ਦੇਸ ਬਦਰ ਕੀਤਾ ਜਾਵੇ ਅਤੇ ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਾਣ। ਉਹ ਸਮਝਦਾ ਹੈ ਕਿ ਬਰਤਾਨਵੀ ਸਰਕਾਰ ਵਿਰੁੱਧ ਕੂਕਿਆਂ ਦੇ ਮਨਾਂ ਵਿੱਚ ਭਰੇ ਗ਼ੈਰ-ਵਫ਼ਾਦਾਰੀ ਦੇ ਫੁਰਨੇ ਤੇ ਸਰਕਾਰ ਨਾਲ ਹੋਰ ਮੱਤਭੇਦ ਉਹਨਾਂ ਦੇ ਦਿਲਾਂ ਵਿਚੋਂ ਇਸ ਤਰ੍ਹਾਂ ਦੇ ਕਰੜੇ ਕਦਮਾਂ ਨਾਲ ਹੀ ਕੱਢੇ ਜਾ ਸਕਣਗੇ। ਇਸ ਤਰ੍ਹਾਂ ਦੇ ਬਾਗ਼ੀ ਸੰਦੇਸ਼ਿਆਂ ਨੂੰ ਪਕੜਨ ਲਈ ਵਿਸ਼ੇਸ਼ ਬੰਦੋਬਸਤ ਕੀਤੇ ਜਾਣ। ਇਸ ਤੋਂ ਵੀ ਹੋਰ ਅੱਗੇ ਵਧਦਿਆਂ ਇਹ ਐਂਗਲੋ ਇੰਡੀਅਨ ਐਸ. ਪੀ. ਆਪਣੇ ਵੱਡੇ ਅਫ਼ਸਰ ਨੂੰ ਸੁਝਾ ਦਿੰਦਾ ਹੈ ਕਿ ਕੋਈ ਇਕ ਦਿਨ ਤਹਿ ਕਰਕੇ ਸਾਰੇ ਪੰਜਾਬ ਵਿੱਚ ਇੱਕੋ ਹੀ ਸਮੇਂ ਸਾਰੇ ਕੂਕਿਆਂ ਦੀ ਹਥਿਆਰਾਂ ਅਤੇ ਦਸਤਾਵੇਜ਼ਾਂ (ਸ੍ਰੀ ਸਤਿਗੁਰੂ ਜੀ ਦੇ ਹੁਕਮਨਾਮੇ ਹੀ ਮੁੱਖ ਤੌਰ 'ਤੇ) ਲਈ ਤਲਾਸ਼ੀ ਅਭਿਆਨ ਚਲਾਇਆ ਜਾਵੇ। (ਕੂਕਾ ਮੂਵਮੈਂਟ, ਫਰੀਡਮ ਸਟਰਗਲ ਇਨ ਪੰਜਾਬ -ਜਸਵਿੰਦਰ ਸਿੰਘ (ਸਫ਼ੇ ੨੯-੩੦-੩੧))

ਹੁਕਮਨਾਮਿਆਂ ਦੇ ਸਿਆਸੀ ਮਹੱਤਵ ਦੀ ਉਪਰੋਕਤ ਚਿਠੀ ਤੋਂ ਵੱਧ ਮੂੰਹ ਬੋਲਦੀ ਤਸਵੀਰ ਹੋਰ ਕੀ ਹੋ ਸਕਦੀ ਹੈ?

ਸ੍ਰੀ ਸਤਿਗੁਰੂ ਜੀ ਨੂੰ ਉਹਨਾਂ ਦੇ ਕੱਟੜ ਵਿਰੋਧੀ ਅੰਗਰੇਜ਼ ਹਾਕਮ ਸਿਆਸੀ ਤੌਰ 'ਤੇ ਜੋ ਮਹੱਤਵ ਦਿੰਦੇ ਸਨ ਉਹ ਇਸ ਗੱਲ ਤੋਂ ਵੀ ਸਿੱਧ ਹੁੰਦਾ ਹੈ ਕਿ ਆਪ ਦੀ ਰਿਹਾਇਸ਼ ਲਈ ਰੰਗੂਨ ਵਿੱਚ ਜੋ ਬੰਗਲਾ ਚੁਣਿਆ ਗਿਆ ਉਸ ਵਿੱਚ ਜਲਾਵਤਨੀ ਸਮੇਂ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ 'ਜ਼ਫ਼ਰ' ਮਰਨ ਤੱਕ ੧੮੬੨ ਈ. ਤੱਕ ਰਿਹਾ। ਸਤਿਗੁਰੂ ਜੀ ਲਿਖਦੇ ਹਨ:

-"ਜਿਸ ਜਗਾ ਮੇਂ ਅਸੀਂ ਰਹਿੰਦੇ ਹਾਂ, ਏਥੇ ਅੱਗੇ ਦਿੱਲੀ ਵਾਲਾ ਬਾਦਸ਼ਾਹ ਰਹਿੰਦਾ ਸੀ। ਉਹ ਮਰ ਗਿਆ, ਜਾਗਾ ਉਸੀ ਮੈਂ ਹੁਣ ਅਸੀਂ ਰਹਿੰਦੇ ਹਾਂ।" (ਹੁਕਮਨਾਮਾ ੧੬)

ਬੰਗਲੇ ਦਾ ਹਦੂਦ ਅਰਬਾ ਵੀ ਵਿਦਵਾਨ ਸੰਪਾਦਕ ਨੇ ਖੋਜ ਕੇ ਲਿਖਿਆ ਹੈ ਅਤੇ ਹੁਣ ਇਸੇ ਖੋਜ 'ਤੇ ਆਧਾਰਿਤ ਇਸ ਦਾ ਇਕ ਮਾਡਲ ਤਿਆਰ ਹੋ ਚੁੱਕਾ ਹੈ, ਜਿਸ ਨੂੰ ਨਵੇਂ ਬਣੇ ਸੁਆਗਤ ਭਵਨ ਵਿੱਚ ਵੇਖਿਆ ਜਾ ਸਕਦਾ ਹੈ। ਸਤਿਗੁਰੂ ਜੀ ਲਿਖਦੇ ਹਨ ਕਿ ਉਹਨਾਂ ਪਾਸ ਨਾ ਕਿਸੇ ਨੂੰ ਬੋਲਣ ਦਿੰਦੇ ਹਨ ਨਾ ਖੜ੍ਹਾ ਹੋਣ ਦਿੰਦੇ ਹਨ। ਸਤਿਗੁਰੂ ਜੀ ਜੁਲਾਈ ੧੮੮੦ ਈ. ਦੇ ਹੁਕਮਨਾਮੇ ਵਿੱਚ ਭਾਈ ਸਾਉਣ ਸਿੰਘ, ਹਰਨਾਮ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੂੰ ਵੀ ਇਸ ਸਥਿਤੀ ਬਾਰੇ ਲਿਖਦੇ ਹਨ:-

"ਏਨਾ ਨੂੰ ਏਹੁ ਹੁਕਮੁ ਦਿੰਦੇ ਹੈਨ ਏਨਾ ਦੇ ਉਹੁਦੇਦਾਰ ਜੇ ਕੋਈ ਬਾਤ ਕਰੇ ਇਨ ਕੇ ਨਾਲ ਉਨ ਕੋ ਫੜਲੋ ਅਰੁ ਕੋਈ ਚੀਜ ਬਾਹਰ ਤੇ ਸਿਟੇ ਤਾਂ ਓਸਕੋ ਫੜਲੋ। ਜੇ ਕੋਈ ਅੰਦਰ ਤੇ ਕਿਸੇ ਕੋ ਦੇਵੇ ਤਾਂ ਓਸਕੋ ਫੜਲੋ। ਦਿਨੁ ਰਾਤਿ ਏਹੋ ਹੁਕਮ ਸੁਣਾਈਦਾ ਹੈ ਕਿ ਪਹਰੇ ਵਾਲਿਆ ਕੋ।

ਜੋ ਚਾਰ ਉਂਗਲਿ ਕਾਗਤ ਦਿੰਦੇ ਲੈਂਦੇ ਕੋ ਦੇਖ ਲੈਣ ਜੋ ਏਥੇ ਸਾਡੇ ਪਹਰੇ ਪੁਰਿ ਹੈਨ ਤਾਂ ਨਾਲੇ ਏਨਾ ਸੰਤਰੀ ਨੂੰ

Sri Satguru Jagjit Singh Ji eLibrary NamdhariElibrary@gmail.com

ਕੈਦ ਕਰਿ ਦੇਣ ਨਾਲੇ ਬੇਤਾਂ ਮਾਰਨ ਪਹਰੇ ਵਾਲਿਆਂ ਦੇ ਨਾਲੇ ਨਾਮੇ ਕਟਿ ਦੇਣ ਏਨਾ ਦੇ।" (ਹੁਕਮਨਾਮਾ: ੬੨)

ਕੋਈ ਕੋਈ ਸੰਤਰੀ ਸਾਧੂ ਸੁਭਾਉ ਦਾ ਕਈ ਵੇਰ ਡਿਊਟੀ 'ਤੇ ਆ ਜਾਂਦਾ। ਉਹ ਪੰਜਾਬੋਂ ਆਏ ਸਿੱਖਾਂ ਨਾਲ ਸਤਿਗੁਰੂ ਜੀ ਦੀ ਗੱਲ ਬਾਤ ਵੀ ਆਪਣੀ ਨੌਕਰੀ ਦੀ ਕੀਮਤ 'ਤੇ ਕਰਵਾ ਦਿੰਦਾ। ਬੰਗਲੇ ਦੇ ਨੇੜੇ ਰਹਿਣ ਵਾਲਾ ਇਕ ਬੈਰਾਗੀ ਫ਼ਕੀਰ ਵੀ ਹੁਕਮਨਾਮੇ ਲੈਣ ਤੇ ਅਰਦਾਸਾਂ ਪੁਚਾਉਣ ਵਿੱਚ ਸਿੱਖਾਂ ਦੀ ਮਦਦ ਕਰਦਾ।

ਜਸਵਿੰਦਰ ਸਿੰਘ ਲਿਖਦੇ ਹਨ ਕਿ ਭਾਰੀ ਤਕਲੀਫ਼ਾਂ ਝੱਲ ਕੇ ਜਦੋਂ ਪੰਜਾਬ ਤੋਂ ਗਏ ਸਿੱਖ ਸਤਿਗੁਰੂ ਜੀ ਦੇ ਦਰਸ਼ਨ ਮਾਤਰ ਹੀ ਕਰਕੇ ਸਬਰ ਦਾ ਘੁੱਟ ਭਰ ਲੈਂਦੇ, ਬਚਨ ਬਿਲਾਸ ਨਾ ਹੁੰਦਾ ਤਾਂ ਦੋਹਾਂ ਪਾਸਿਆਂ ਦੇ ਮਨਾਂ 'ਤੇ ਕੀ ਗੁਜ਼ਰਦੀ ਹੋਵੇਗੀ ? "ਅੱਜ ਅਸੀਂ ਉਸ ਵੈਰਾਗਮਈ ਵਿਛੋੜੇ ਦੀ ਅਵਸਥਾ ਨੂੰ, ਮਜਬੂਰੀ ਨੂੰ, ਸ਼ਾਇਦ ਹੀ ਮਹਿਸੂਸ ਕਰੀਏ।" ਸਤਿਗੁਰੂ ਜੀ ਦੇ ਮਨ ਦੀ ਇਹ ਅਵਸਥਾ ਹੁਕਮਨਾਮਿਆਂ ਵਿੱਚ ਅਨੇਕ ਜਗ੍ਹਾ 'ਤੇ ਝਲਕਦੀ ਹੈ:

– **"ਹੋਰ ਭਾਈ ਸੁਵੇਗ ਸਿੰਘ ਜੀ ਤੇ ਜੀਵਣ ਸਿੰਘ ਜੀ ਪਹਿਰੇ ਦਾ ਸਾਨੂ ਕੋਈ ਦੁਖ ਨਹੀਂ। ਇਕ ਐਤਨਾ ਦੁਖ ਹੈ ਆਏ ਸਿੰਘ ਨਾਲ ਅਛੀ ਤਰਾ ਮੇਲ ਨਹੀਂ ਹੁੰਦਾ।"** (ਹੁਕਮਨਾਮਾ ੬)

– **ਭਾਈ ਖੁਸੀ ਤਾਂ ਸਾਡੀ ਦੇਹ ਪ੍ਰਾਨ ਹੈ। ਸਾਨੂ ਤਾ ਪੰਜਾਬ ਦਾ ਜੇ ਭੰਗੀ ਮਿਲਦਾ ਹੈ ਤਾਂ ਉਸਨੂੰ ਬੀ ਬਡੀ ਚਾਹਿ ਨਾਲ ਮਿਲਦੇ ਹਾ। ਸਾਨੂ ਤਾ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਭੀ ਬੜਾ ਦੁਰਲੰਭ ਹੈ।** (ਹੁਕਮਨਾਮਾ ੬)

ਸਤਿਗੁਰੂ ਜੀ ਦੀ ਇਹ ਵੀ ਲਾਚਾਰੀ ਸੀ ਕਿ ਉਹ ਆਏ ਸਿੱਖ ਦੀ ਪ੍ਰਸ਼ਾਦੇ ਪਾਣੀ ਦੀ ਟਹਿਲ ਸੇਵਾ ਕਰਨ ਦੇ ਅਧਿਕਾਰ ਤੋਂ ਵਿਰਵੇ ਸਨ। ਇਸੇ ਲਈ ਉਹ ਦਿਲ ਦੀ ਵੇਦਨਾ ਇਉਂ ਪ੍ਰਗਟ ਕਰਦੇ ਹਨ:

– **"ਜੇ ਅੰਦਰ ਔਣ ਦੇਣ ਤਾਂ ਸੇਵਾ ਟਹਿਲ ਕਰੀਏ, ਪ੍ਰਸਾਦਿ ਚੰਗੇ ਛਕਾਈਏ ਲੰਗਰ ਕੇ। ਪਦਾਰਥ ਬਹੁਤ ਹੈ, ਖੰਡ ਘਿਓ ਸਭ ਕੁਛ ਬਥੇਰਾ ਹੈ, ਪਰ ਸੰਗਤ ਦਾ ਦਰਸਨ ਕਰਕੇ ਤ੍ਰਿਪਤ ਨਹੀਂ ਹੁੰਦੀ ਚਿਤ ਕੋ। ਦਰਸਨ ਹੁੰਦਾ ਹੈ ਤਾਂ ਚਮਤਕਾਰੇ ਮਾਤ੍ਰ ਹੁੰਦਾ ਹੈ।"** (ਹੁਕਮਨਾਮਾ ੪੧)

ਇਕ ਨਾਮਧਾਰੀ ਕਵੀ ਭਾਈ ਨਿਰੰਜਨ ਸਿੰਘ ਮਿਰਗੇਸ, ਉਸ ਮਸਤਾਨੇ ਸਤਿਗੁਰੂ ਦੀ ਤੜਪਦੀ ਮਨੋਦਸ਼ਾ ਦਾ ਵਰਨਣ ਆਪਣੀ ਕਲਮ ਨਾਲ ਇਉਂ ਕਰਦੇ ਹਨ:

"ਮੈਨੂੰ ਇਕੋ ਦੁੱਖ ਵਿਛੋੜੇ ਦਾ,
ਸੰਗਤ ਦਾ ਦਰਸ ਨਸੀਬ ਨਹੀਂ।
ਮੇਰੇ ਦੁੱਖ ਦਾ ਦਾਰੂ ਸੰਗਤ ਹੈ,
ਅੱਜ ਮਿਲਦੇ ਵੀਰ ਹਬੀਬ ਨਹੀਂ।
ਜਿਸ ਡਿਠਿਆਂ ਤਨਮਨ ਸ਼ਾਦ ਹੋਵੇ,
ਸੁਖ-ਸੋਮੇ ਮਿਲਣ ਤਬੀਬ ਨਹੀਂ।
ਜਿਹਨੂੰ ਦਰਸ਼ਨ ਨਹੀਂ ਅਜ ਸੰਗਤ ਦਾ,
ਕੋਈ ਮੇਰੇ ਜਿਹਾ ਗਰੀਬ ਨਹੀਂ।"

ਅੰਗਰੇਜ਼ਾਂ ਦੇ ਵਿਰੁੱਧ, ਪ੍ਰਭੂ ਸੱਤਾ ਸੰਪਨ ਤਤਕਾਲੀਨ ਰੂਸ ਦੀ ਸਰਕਾਰ ਨਾਲ ਸੰਬੰਧ ਸਥਾਪਿਤ ਕਰਨ ਦੀ ਰੀਝ, ਬੰਦੀ ਜੀਵਨ ਸਮੇਂ ਸਤਿਗੁਰੂ ਜੀ ਦੇ ਮਨ ਵਿੱਚ ਪਲਦੀ ਰਹੀ। ਇਹਨਾਂ ਵਰ੍ਹਿਆਂ ਦੇ ਲਾਗੇ ਚਾਗੇ ਹੀ ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਵੀ ਮਾਸਕੋ ਪੁੱਜਦਾ ਹੈ, ਰੂਸੀਆਂ ਦੀ ਸਹਾਇਤਾ ਨਾਲ ਸੈਨਾ ਭਰਤੀ ਕਰਕੇ ਪੰਜਾਬ ਨੂੰ ਗੋਰਾ ਸ਼ਾਹੀ ਤੋਂ ਮੁਕਤ ਕਰਾਉਣ ਲਈ। ਨਾਮਧਾਰੀ ਸਿੰਘਾਂ ਦਾ ਦੇਸ਼ ਦੀ ਆਜ਼ਾਦੀ ਲਈ ਉਨ੍ਹੀਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿੱਚ ਘੁਲਿਆ ਗਿਆ ਇਹ ਘੋਲ ਲਾਜਵਾਬ ਹੈ। ਉਹ ਭਾਵੇਂ ਸਫਲ ਨਹੀਂ ਹੋਏ ਪਰ ਉਹਨਾਂ ਦੀ ਮਜ਼ਬੂਤ ਇੱਛਾ ਸ਼ਕਤੀ ਨੇ ਵੇਲੇ ਦੀ ਜਾਬਰ ਹਕੂਮਤ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ। ਚੱਕ ਰਾਮਦਾਸ ਦੇ ਸੂਬਾ ਗੁਰਚਰਨ ਸਿੰਘ ਦੁਆਰਾ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਦੇ ਨਾਂ, ਰੂਸੀ ਅਧਿਕਾਰੀਆਂ ਵੱਲੋਂ ਅਤੇ ਇਹਨਾਂ

Sri Satguru Jagjit Singh Ji eLibrary NamdhariElibrary@gmail.com

ਵੱਲੋਂ ਰੂਸ ਦੇ ਜ਼ਾਰ ਵੱਲ ਖ਼ਤਾਂ ਦਾ ਆਦਾਨ ਪਰਦਾਨ ਹੋਇਆ। ਸਤਿਗੁਰੂ ਜੀ ਇਸ ਆਸ ਵਿੱਚ ਸਨ ਕਿ ਰੂਸ ਗੁਆਂਢੀ ਦੇਸ਼ ਦੇ ਨਾਤੇ ਸਾਡੀ ਮੱਦਦ ਕਰ ਸਕਦਾ ਹੈ। ਕਸ਼ਮੀਰ ਦੇ ਮਹਾਰਾਜੇ ਅਤੇ ਕਾਬਲ ਦੇ ਅਮੀਰ ਨਾਲ ਵੀ ਨਾਮਧਾਰੀ ਦਰਬਾਰ ਦੇ ਨੈਪਾਲ ਦੇ ਸ਼ਾਹ ਜਿਉਂ ਹੀ ਮਿਤਰਤਾ ਪੂਰਨ ਸਬੰਧ ਬਣ ਚੁੱਕੇ ਸਨ। ਇਸ ਤਰ੍ਹਾਂ ਉੱਤਰੀ ਭਾਰਤ ਦੇ ਇਸ ਖਿੱਤੇ ਵਿੱਚ, ਇਹਨਾਂ ਗਠਜੋੜਾਂ ਦਾ ਧੂੰਆਂ ਹੌਲੀ-ਹੌਲੀ ਧੁਖਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਹੁਕਮਨਾਮਿਆਂ ਵਿੱਚ, ਗੁਪਤ ਭਾਸ਼ਾ ਸ਼ੈਲੀ ਦੀ ਵਰਤੋਂ ਕੀਤੀ ਹੈ। ਉਹ ਰੂਸ ਨੂੰ ਸਰੂਪ ਸਿੰਘ, ਬਰਤਾਨੀਆਂ ਨੂੰ ਬਿੱਲਾ ਸਿੰਘ, ਆਪਣੇ ਲਈ ਦਿਆਲ ਸਿੰਘ ਜਾਂ ਗੰਗਾ ਵਾਲਾ ਮਸਤਾਨਾ ਅਤੇ ਸੇਵਕ ਨਾਨੂੰ ਸਿੰਘ ਲਈ ਕਿਰਪਾਲ ਸਿੰਘ ਦਾ ਨਾਂ ਵਰਤਦੇ ਹਨ। ਉਹ ਉਡੀਕਦੇ ਹਨ ਕਿ ਰੂਸ ਦੀਆਂ ਫ਼ੌਜਾਂ ਬੁਖਾਰੇ ਤੋਂ ਤੁਰ ਕੇ ਕਾਬਲ ਦੇ ਲਾਗੇ ਅਪੜ ਰਹੀਆਂ ਹਨ ਕਿ ਨਹੀਂ। ਉਹ ਵਿਸ਼ਵ ਘਟਨਾ ਕਰਮ ਤੇ ਵੀ ਆਪਣੇ ਸੀਮਿਤ ਵਸੀਲਿਆਂ ਦੇ ਬਾਵਜੂਦ, ਪੈਨੀ ਨਜ਼ਰ ਰਖ ਰਹੇ ਸਨ, ਜਿਹਾ ਕਿ ਉਹ ਹੁਕਮਨਾਮਿਆਂ ਵਿੱਚ ੧੯੩੪ ਬਿਕਰਮੀ ਦੇ ਹਾਲਾਤ ਜੋ ਜਸਵਿੰਦਰ ਸਿੰਘ ਮੁਤਾਬਿਕ "ਇਹਨਾਂ ਦਿਨਾਂ ਵਿਚ ਰੂਸ-ਟਰਕੀ ਲੜਾਈ ਅਤੇ ਅੰਗਰੇਜ਼ਾਂ ਨਾਲ ਰੂਸ ਦੀ ਬਰਲਨ ਕਾਂਗਰਸ ਕਰਕੇ ਵਧੇ ਤਨਾਵ ਸ਼ਾਮਲ ਸਨ। ਚੌਥੇ ੧੯੧੪ ਬਿਕਰਮੀ/੧੮੫੭ ਈ. ਦੇ ਗ਼ਦਰ ਵਰਗੇ ਹਾਲਾਤ ਅੰਗਰੇਜ਼ੀ ਸਾਮਰਾਜ ਵਿਰੁਧ ਭਵਿਖਤ ਵਾਕ ਮਿਲਦੇ ਹਨ।" ਉਹ ਗੁਰੂ ਹਰੀ ਸਿੰਘ ਜੀ ਨੂੰ ਸਿੰਘਾਂ ਦੇ ਤਕਲੀਫ਼ਾਂ ਝਲ ਕੇ ਆਉਣ ਤੋਂ ਵਰਜਦੇ ਵੀ ਹਨ ਅਤੇ ਹਾਲਾਤ ਸੁਖਾਵੇਂ ਹੋਣ ਤੇ ਆਉਣ ਬਾਰੇ ਲਿਖਦੇ ਹਨ:

- **"ਹੋਰ ਤੁਸੀਂ ਛੇਤੀ ਸਿੰਘ ਨਾ ਭੇਜਿਓ। ਕੁਛ ਸਰੂਪ ਸਿੰਘ ਦਾ ਮੇਲ ਦੇਖਕੇ ਆਵੇ।"** (ਹੁਕਮਨਾਮਾ ੧੧)

– **"ਰੂਸਾ ਕੇ ਆਏ ਤੇ ਆਵਾਗੇ"** (ਹੁਕਮਨਾਮਾ ੨੭)

"ਹੋਰ ਕੁਛ ਰੂਸ ਦੀ ਖ਼ਬਰ ਹੋਵੇ ਕਿ ਬੁਖਾਰੇ ਹੀ ਹੈ ਕੇ ਕਾਬਲ ਕੀ ਤਰਫ਼ ਚਲਿਆ ਹੈ ਕਿ ਨਾਹੀ।" (ਹੁਕਮਨਾਮਾ ੩੯)

– **"ਹੋਰੁ ਅਗੇ ਦੇਸ ਦਾ ਹਵਾਲੁ ਸਾਨੂੰ ਲਿਖਕੇ ਦੇਓ, ਦੇਸ ਦਾ ਕੈਸਾ ਹਾਲ ਹੈ? ਕੀ ਭਾਉ ਅਨਾਜੁ ਹੈ ਅਰੁ ਪਛੌਰ ਬਲ ਕੀ ਹਾਲੁ ਹੈ? ਰੂਸ ਆਇ ਪਹੁੰਚਾ ਹੈ ਕਾਬਲ ਦੇਸ਼ ਮੈ ਕਿ ਅਜੇ ਕਿਤੇ ਦੂਰ ਹੀ ਹੈ। ਜੈਸਾ ਹੈ ਤੈਸਾ ਹਵਾਲੁ ਲਿਖੋਂ।"** (ਹੁਕਮਨਾਮਾ ੪੯)

ਇਕ ਹੁਕਮਨਾਮੇ ਵਿੱਚ ਇਹ ਵੀ ਪੁਛਿਆ ਹੈ ਕਿ ਡੇਰੇ ਦੇ ਨੇੜੇ ਵਾਲੀ ਨਹਿਰ ਵਿੱਚ ਪਾਣੀ ਛੱਡਿਆ ਹੈ ਕਿ ਨਹੀਂ। ਜਦੋਂ ਸਤਿਗੁਰੂ ਜੀ ਗਏ ਸਨ ਉਦੋਂ ਇਹ ਨਹਿਰ ਪੁਟੀ ਜਾ ਰਹੀ ਸੀ। ਜਿਹੜੀ ਸਰਹਿੰਦ ਨਹਿਰ ਦੇ ਤੌਰ 'ਤੇ ਪ੍ਰਸਿੱਧ ਹੋਈ। ਇਕ ਹੁਕਮਨਾਮੇ ਵਿੱਚ ਇਹ ਵੀ ਪੁੱਛਦੇ ਹਨ ਕਿ ਡੇਰੇ ਭੈਣੀ ਸਾਹਿਬ ਵਿੱਚ ਲੰਗਰ ਦੀ ਹਾਲਤ ਕੈਸੀ ਹੈ। ਅਨਾਜ ਕਿੰਨਾ ਕੁ ਜਮ੍ਹਾਂ ਕੀਤਾ ਹੈ, ਲੋੜ ਜੋਗਾ ਹੈ ਜਾਂ ਥੋੜਾ ਹੈ?

ਸ਼ਾਹ ਮੁਹੰਮਦ ਭੂਤਰੀ ਸਿੱਖਾ ਸ਼ਾਹੀ ਦੀ ਦਸ਼ਾ ਆਪਣੇ ਕਿੱਸੇ ਵਿੱਚ ਇਉਂ ਬਿਆਨ ਕਰਦਾ ਹੈ:

"ਵੀਰ ਸਿੰਘ ਨੂੰ ਮਾਰਿਆ ਛਾਹ ਤੋਪਾਂ
ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।"

ਇਹ ਭਾਈ ਬੀਰ ਸਿੰਘ ਜੀ ਦਾ ਨੌਰੰਗਾਬਾਦ ਬਹੁਤ ਪ੍ਰਸਿੱਧ ਡੇਰਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦੋ ਸ਼ਹਿਜ਼ਾਦੇ ਉਹਨਾਂ ਦੀ ਸ਼ਰਨ ਆ ਗਏ ਸਨ। ਉਹਨਾਂ ਨੂੰ ਬਚਾਉਂਦਿਆਂ ਆਪ ਤੋਪ ਦੇ ਗੋਲੇ ਦਾ ਸ਼ਿਕਾਰ ਹੋ ਗਏ ਸਨ। ਆਪਣੇ ਸਿੰਘਾਂ ਨੂੰ, ਜੋ ਹਜ਼ਾਰਾਂ ਦੀ ਗਿਣਤੀ ਵਿਚ ਸਨ, ਚੜ੍ਹ ਕੇ ਆਈ ਸਿੱਖ ਸੈਨਾ 'ਤੇ ਹੱਥ ਨਾ ਚੁੱਕਣ ਦਾ ਪ੍ਰਣ ਉਹਨਾਂ ਪੱਕਿਆਂ ਕਰਵਾ ਲਿਆ ਸੀ। ਭਾਈ ਬੀਰ ਸਿੰਘ ਜੀ ਤੋਂ ਬਾਦ ਉਹਨਾਂ ਦੇ ਡੇਰੇ ਦੇ ਮੁਖੀ ਭਾਈ ਮਹਾਰਾਜ ਸਿੰਘ ਥਾਪੇ ਗਏ। ਰਾਵਲਪਿੰਡੀ ਦੇ ੧੮੪੯ ਈ. ਵਾਲੇ ਇਤਿਹਾਸਕ ਦਰਬਾਰ ਵਿੱਚ ਜਦੋਂ ਸਿਖ ਫ਼ੌਜ ਬੇਹਥਿਆਰੀ ਕੀਤੀ ਗਈ ਤਾਂ ਭਾਈ ਮਹਾਰਾਜ ਸਿੰਘ ਜੀ ਨੇ ਆਪਣੇ ਹਥਿਆਰ ਨਾ ਰੱਖੇ ਅਤੇ ਅੰਗਰੇਜ਼ਾਂ ਦੇ ਵਿਰੁੱਧ ਜੰਗ ਦਾ ਐਲਾਨ ਕਰਕੇ ਉਥੋਂ ਤੁਰ ਪਏ। ਪਿੱਛੇ ਪਿੱਛੇ ਅੰਗਰੇਜ਼ੀ ਸੈਨਾ। ਉਹ ਜਿਹੜੇ ਪਿੰਡ ਵਿਚ ਰੁਕਦੇ ਜੋ ਲੋਕ ਉਹਨਾਂ ਨੂੰ ਥੰਗਾ

Sri Satguru Jagjit Singh Ji eLibrary NamdhariElibrary@gmail.com

ਹੁੰਗਾਰਾ ਦਿੰਦੇ ਤਾਂ ਬਾਦ ਵਿਚ ਆਈ ਗੋਰੀ ਸੈਨਾ ਉਹ ਪਿੰਡ ਲੁਹਣ ਤਕ ਚਲੀ ਜਾਂਦੀ। ਮੇਰੇ ਪੁਰਖਿਆਂ ਦਾ ਪਿੰਡ ਝੱਬਰ (ਜ਼ਿਲ੍ਹਾ ਸ਼ੇਖੂਪੁਰਾ – ਪੱਛਮੀ ਪੰਜਾਬ) ਵੀ ਭਾਈ ਸਾਹਿਬ ਨੂੰ ਨਿਵਾਜਣ ਦੇ ਦੋਸ਼ ਵਿੱਚ ਅੰਗਰੇਜ਼ੀ ਹਕੂਮਤ ਨੇ ਅੱਗ ਲਾਕੇ ਸਾੜ ਦਿੱਤਾ ਸੀ। ਭਾਈ ਮਹਾਰਾਜ ਸਿੰਘ ਕਈ ਵਰ੍ਹੇ ਜ਼ੁਮੀਗਤ ਲੜਾਈ ਲੜਦੇ ਰਹੇ ਪਰ ਫਿਰ ਮੁਖ਼ਬਰਾਂ ਨੇ ਜੋ ਆਪਣੇ ਲੋਕ ਹੀ ਸਨ, ਫੜਵਾ ਦਿੱਤੇ। ਜਲਾਵਤਨ ਕੀਤੇ ਗਏ ਅਤੇ ਕੈਦ ਵਿੱਚ ਹੀ ੧੮੫੬ ਈ. ਵਿੱਚ ਅਕਾਲ ਚਲਾਣਾ ਕਰ ਗਏ। ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਆਪਣੇ ਲੋਕਾਂ (ਸਿੱਖ ਜਨਤਾ) ਨਾਲ ਇਹ ਵੱਡਾ ਗਿਲਾ ਹੈ ਕਿ ਉਹਨਾਂ ਦੁਆਰਾ ਵਿੱਢੇ ਸੁਤੰਤਰਤਾ ਸੰਗਰਾਮ ਵਿੱਚ, ਉਹਨਾ ਦੇ ਨਾਲ ਸ਼ਾਮਲ ਹੋਣ ਦੀ ਬਜਾਏ ਉਲਟਾ ਦੁਸ਼ਮਣਾਂ ਦਾ ਹੱਥ ਠੋਕਾ ਬਣਕੇ ਕੂਕਾ ਆਗੂਆਂ ਵਿਰੁੱਧ ਝੂਠ ਸੱਚ ਦੇ ਤੂਫ਼ਾਨ, ਬਦੇਸ਼ੀ ਸਰਕਾਰ ਦੇ ਕਹਿਣ ਤੇ ਝੁਲਾਉਂਦੇ ਰਹੇ। ਇਸ ਸੰਦਰਭ ਵਿੱਚ ਸਤਿਗੁਰੂ ਜੀ ਖ਼ੁਦ ਨੂੰ ਭਾਈ ਬੀਰ ਸਿੰਘ ਨੌਰੰਗਾਬਾਦੀਏ ਅਤੇ ਆਪਣੇ ਹੀ ਜ਼ਿਲ੍ਹੇ ਦੇ ਪਿੰਡ ਰੱਬੋਂ ਉਚੀ ਦੇ ਭਾਈ ਮਹਾਰਾਜ ਸਿੰਘ ਦੀ ਕਤਾਰ ਵਿੱਚ ਖਲੋਤੇ ਵੇਖਦੇ ਹਨ:

– **"ਐਸਾ ਪ੍ਰਮੇਸਰ ਦਾ ਭਾਣਾ ਵਰਤਿਆ, ਰਾਜੇ, ਰਈਅਤਿ, ਭੇਖ, ਹੋਰ ਲੋਕ ਸਭੇ ਮਾਰ ਮਾਰ ਕਰਦੇ ਹੈ, ਅਰੁ ਬਹੁਤ ਨਿੰਦਾ ਸੁਣਦੇ ਹਾਂ ਹੋਇ ਰਹੀ ਹੈ।.... ਅੱਗੇ ਆਪਣੇ ਖਾਲਸੇ ਵਿੱਚ ਤਾਂ ਏਹੁ ਵਰਤਾਰਾ ਵਰਤ ਗਿਆ ਅਜਕਲ ਕੇ ਸਮੇਂ ਮੈਂ। ਪਹਿਲਾ ਸਿਖਾ ਦੀ ਕਿਰਪਾ ਬੀਰ ਸਿੰਘ ਤੇ ਹੋਈ, ਫੇਰ ਮਹਾਰਾਜ ਸਿੰਘ ਤੇ ਹੋਈ। ਹੁਣ ਮੇਰੇ ਉਤੇ ਸਿਖਾ ਕੀ ਕਿਰਪਾ ਹੋਈ।"** (ਹੁਕਮਨਾਮਾ ੭)

ਸਤਿਗੁਰੂ ਜੀ ਨੂੰ ਆਪਣੀ ਨਿੰਦਿਆ ਦੀ ਪ੍ਰਵਾਹ ਨਹੀਂ। ਪਰੇਸ਼ਾਨੀ ਇਹ ਹੈ ਕਿ ਨਿੰਦਾ ਕਰਨ ਵਾਲੇ, ਸੰਤ ਜਨਾਂ ਦੇ ਇਸ ਪੂਰ ਵਿੱਚ ਸ਼ਾਮਲ ਹੋਣੋਂ ਰਹਿ ਗਏ। ਝੂਠ ਤੇ ਸੱਚ ਦਾ ਅੰਤਰ ਵੀ ਸਪਸ਼ਟ ਕਰਦੇ ਹਨ ਅਤੇ ਸੰਗਤਾਂ ਦਾ ਹੌਂਸਲਾ ਵੀ ਬੰਨ੍ਹਾਉਂਦੇ ਹਨ ਕਿ ਸਾਡੇ ਮਾੜੇ ਦਿਨ ਸਦਾ ਨਹੀਂ ਰਹਿਣੇ:

– **"ਅਰੁ ਮੈਨੂ ਤਾਂ ਨਿੰਦਿਆ ਦਾ ਕੁਛ ਦੁਖ ਨਹੀਂ, ਏਨਾ ਨਿੰਦਕਾ ਦਾ ਹੀ ਬੜਾ ਅਫ਼ਸੋਸ ਹੈ ਕਿ ਇਕ ਤਾਂ ਮਿਲੇ ਨਾ, ਨਾਲੇ ਸੰਤ ਖਾਲਸੇ ਨਾਲ ਵੈਰ ਬੰਨੀ ਫਿਰਦੇ ਹੈਨ ਬੇਅਰਥਾ।**

"ਭਾਈ ਨਿੰਦਕ ਹਾਰ ਜਾਣਗੇ ਠੀਕ, ਕਿਉ ਜੋ ਝੂਠ ਮੈ ਫੁਰਤੀ ਚਲਾਕੀ ਤਾ ਬਹੁਤ ਹੈ ਪਰ ਝੂਠ ਦਾ ਦਮ ਥੋੜਾ ਹੈ। ਸਚ ਬਰਾਬਰ ਦਮ ਨਹੀਂ। ਅਗੇ ਭਾਈ ਗੁਰੂ ਜਾਣੇ। ਕੁਛ ਖਬਰ ਨਹੀਂ ਗੁਰੂ ਜੀ ਨੂੰ ਕੌਣ ਅੜਾ ਲਗਦਾ ਹੈ। ਪਰ ਹਮੇਸ਼ਾ ਭੰਗੀ ਸਾਡੇ ਹੀ ਮਗਰ ਨਹੀਂ ਰਹਿਣੀ। ਹੁਣ ਦੇਖ ਲੈਣਾ ਕੀ ਰੰਗ ਖੁਲਦਾ ਹੈ। ਸਮਾ ਤੇ ਆਇ ਪੁਜਾ ਹੈ ਅਗੇ ਗੁਰੂ ਜੀ ਦੀ ਗੁਰੂ ਜਾਣੇ।" (ਹੁਕਮਨਾਮਾ ੪੩)

ਵਿਦੇਸ਼ੀ ਸਰਕਾਰ ਦੇ ਹੱਥ ਠੋਕੇ ਸਿਖ ਤਖ਼ਤਾਂ ਦੇ ਪੁਜਾਰੀਆਂ ਨੇ ਨਾਮਧਾਰੀ ਸੰਗਤ ਦੇ ਬਾਈਕਾਟ ਦੇ ਹੁਕਮ ਚਾੜ੍ਹ ਦਿੱਤੇ ਹਨ। ਸਤਿਗੁਰੂ ਦੇ ਪਵਿੱਤਰ ਨਾਮ ਬਾਰੇ ਇਹ ਪਰਚਾਰਿਆ ਕਿ ਕੂਕੇ ਕਲਾਮ ਦਿੰਦੇ ਹਨ। ਇਕ ਹੁਕਮਨਾਮਾ, ਭਾਈ ਸ਼ਾਮ ਸਿੰਘ ਸਿਰਹਾਲੀ ਦੀ ਮਾਰਫ਼ਤ ਇਹਨਾਂ ਤਖ਼ਤਾਂ ਦੇ ਪੁਜਾਰੀਆਂ ਲਈ ਉਚੇਚਾ ਲਿਖਿਆ ਹੈ ਤੇ ਉਹਨਾਂ ਨੂੰ ਤਾੜਨਾ ਕੀਤੀ ਹੈ ਕਿ ਗੁਰੂ ਦੀ ਸੰਗਤ ਨਾਲ ਅਕਾਰਣ ਵੈਰ ਵਿੱਢਣ ਦਾ ਲੇਖਾ ਤੁਹਾਨੂੰ ਦੇਣਾ ਪੈਣਾ ਹੈ:

– **"ਹਮਾਰਾ ਤਾ ਜੋ ਵਿਗੜਨਾ ਥਾ ਸੋ ਵਿਗੜ ਰਹਾ, ਅਬ ਤੁਮਾਰੀ ਬਾਰੀ ਹੈ ਨਾਲੇ ਤੁਹਾਡੇ ਪਖੀਆ ਕੀ।...**

"ਹੋਰ ਖਾਲਸਾ ਲਈ ਤੁਸਾ ਨੂੰ ਕਈ ਬਰਸ ਹੋਇ ਹੈ ਕਹਿੰਦਿਆ ਨੂੰ ਕਿ ਕੂਕਿਓ ਤੁਸੀਂ ਤਨਖਾਹਿ ਬਖਸਾਓ ਅਸੀਂ ਏਸ ਤੇ ਨਹੀਂ ਬਖਸਾਈ ਤੁਸਾਂ ਨੂੰ ਅਸੀਂ ਜਾਨਿਆ ਜੋ ਆਗੂ ਤੇ ਹੈਨ ਪਰ ਅੰਨ੍ਹੇ ਹੈ। ਮੋਤੀਆ ਫਿਰਾ ਹੈ ਏਨਾ ਦੇ ਬੁਧ ਰੂਪੀ ਨੇਤ੍ਰਾ ਉਤੇ। ਮੋਤੀਆ ਫਿਰਾ ਹੁੰਦਾ ਹੈ ਜਿਸਦੇ ਓਹੋ ਨੇਤ੍ਰ ਦੇਖਣ ਨੂੰ ਅਛੇ ਹੁੰਦੇ ਹੈ ਪਰ ਨਜਰ ਨਹੀਂ ਆਉਂਦਾ।

"ਦੂਹਾ ਬਾਤਾ ਮੇ ਇਕ ਕਰੇ ਬਿਨਾ ਹਮ ਤੁਮਾਰਾ ਪਿਛਾ ਨਹੀਂ ਛੋਡੇਂਗੇ, ਕੇ ਮਿਲੋ ਕੇ ਮਿਟਾਓ। (ਹੁਕਮਨਾਮਾ ੬੦)

ਸਤਿਗੁਰੂ ਜੀ ਦਾ ਕਹਿਣਾ ਹੈ ਕਿ ਜੋ ਨਾਮਧਾਰੀ ਪੰਥ, ਜਿਹੜੇ ਆਦਿ ਤੇ ਦਸਮ ਗਰੰਥ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਬਿਨਾਂ, ਹੋਰ ਕਿਸੇ ਗਰੰਥ ਤੇ ਨਿਸ਼ਚਾ ਨਹੀਂ ਰੱਖਦੇ, ਗੁਰੂ ਆਸ਼ੇ ਦੇ ਵਿਰੁੱਧ ਹੈ, ਤਾਂ ਪੁਜਾਰੀ ਸਜਣੋ ਸਿੰਘ ਸਭਾ ਜੋ ਨਵੀਂ ਨਵੀਂ ਬਣੀ ਹੈ, ਉਸ ਨੂੰ ਵੀ ਨਾਲ ਲੈ ਕੇ ਇਸ ਪੰਥ ਨੂੰ ਸਮਾਪਤ ਕਰ ਦਿਉ ਅਤੇ

Sri Satguru Jagjit Singh Ji eLibrary NamdhariElibrary@gmail.com

ਜੇ ਉਹ ਗੁਰੂ ਦੇ ਭਾਣੇ ਵਿਚ ਬਣਿਆ ਹੈ ਤਾਂ ਫਿਰ ਖ਼ੁਦ ਵੀ ਸਾਡੇ ਨਾਲ ਸ਼ਾਮਲ ਹੋ ਜਾਵੇ।

ਇਹਨਾਂ ਹੁਕਮਨਾਮਿਆਂ ਦਾ ਸਮਾਜਿਕ ਮਹੱਤਵ ਵੇਖਕੇ ਸ੍ਰੀ ਸਤਿਗੁਰੂ ਜੀ ਨੂੰ ਵਿਸ਼ਵ ਦੇ ਚੋਟੀ ਦੇ ਕੁਝ ਕੁ ਸੁਧਾਰਕ ਆਗੂਆਂ ਵਿਚ ਵੀ ਗਿਣਿਆ ਜਾ ਸਕਦਾ ਹੈ। ਸਾਡਾ ਮੱਧਕਾਲੀ ਸਾਹਿਤ ਸਾਰਾ ਹੀ ਇਸਤਰੀ ਭੰਡੀ ਨਾਲ ਭਰਿਆ ਪਿਆ ਹੈ:

"ਭੱਠ ਰੰਨਾਂ ਦੀ ਦੋਸਤੀ
ਖੁਰੀਂ ਜਿਹਨਾਂ ਦੀ ਮੱਤ।" (ਪੀਲੂ ਸ਼ਾਇਰ)

ਵਿਦੇਸ਼ੀ ਹਮਲਾਵਰਾਂ ਤੋਂ ਡਰਦਿਆਂ ਬਾਲ ਵਿਆਹ ਪ੍ਰਚਲਿਤ ਸੀ। ਅਜੋੜ ਵਿਆਹ ਅਤੇ ਵੱਟੇ ਦੇ ਸਾਕ ਹੁੰਦੇ ਸਨ ਜਿਸ ਨਾਲ ਇਕ ਔਰਤ ਦੇ ਹਿੱਸੇ ਦਾ ਕਸ਼ਟ ਅਕਾਰਣ ਹੀ ਦੂਸਰੀ ਨੂੰ ਭੁਗਤਣਾ ਪੈਂਦਾ ਸੀ। ਸਤਿਗੁਰੂ ਜੀ ਨੇ ਕੁੜੀਆਂ ਮਾਰਨ ਵਾਲਿਆਂ ਦੇ ਸਮਾਜਕ ਬਾਈਕਾਟ ਦਾ ਸੱਦਾ ਵੀ ਦਿੱਤਾ ਅਤੇ ਬਾਲ ਵਿਆਹ ਤੇ ਅਜੋੜ ਵਿਆਹ ਬੰਦ ਕਰਵਾਏ। ਉਹ ਪਹਿਲਾਂ ਲੜਕੀ ੧੫-੧੬ ਬਰਸ ਤੋਂ ਘੱਟ ਦੀ ਨਾ ਵਿਆਹੁਣ ਅਤੇ ਫਿਰ ੧੮ ਸਾਲ ਦੀ ਲੜਕੀ ਅਤੇ ੨੦ ਸਾਲ ਦੇ ਲੜਕੇ ਦੀ ਉਮਰ ਨੂੰ ਵਿਆਹ ਲਈ ਆਦਰਸ਼ ਉਮਰ ਆਪ ਦੇ, ਹੁਕਮਨਾਮਿਆਂ ਵਿਚ ਲਿਖਦੇ ਹਨ। ਨਾਰੀ ਜਾਤੀ ਪ੍ਰਤੀ ਆਪ ਦੇ ਮਨ ਵਿਚ ਕਿੰਨੇ ਕੋਮਲ ਵਿਚਾਰ ਹਨ:

"ਹੋਰੁ ਆਗੇ ਜੋ ਲੜਕੀ ਮਾਰ ਦੇਣੇ ਦਾ ਅਰੁ ਲੜਕੀ ਬੇਚਣੇ ਦਾ, ਬਟਾ ਕਰਿਨੇ ਦਾ ਬੜਾ ਪਾਪੁ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ ਜੋ ਲੜਕੀਆਂ ਮੈਂ ਬਹੁਤ ਹੀ ਗੁਣ ਹੈਨ, ਅਨੇਕ ਤਰ੍ਹਾਂ ਦੇ ਸੁੱਖ ਦਿੰਦੀਆਂ ਹੈਨ ਇਸਤਰੀਆਂ। ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਭੀ ਬਡਾ ਪਾਪੁ ਹੈ ਅਰੁ ਬਰੁ ਬੱਟਾ ਕਰਨੇ ਤੇ ਦੰਮ ਲੈਣੇ ਤੇ ਕੁੜੀ ਕੋ ਬਰੁ ਅਛਾ ਨਹੀਂ ਮਿਲਦਾ, ਕੇ ਬੁਢਾ ਕੇ ਕਿਸੇਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੇ ਕੁੜੀ ਦੇ ਘਰ ਰਿਜਕੁ ਨਹੀਂ ਰਹਿਦਾ। ਕੁੜੀ ਬਹੁਤ ਦੁਖੀ ਹੁੰਦੀ ਹੈ ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ...ਏਹੁ ਸਾਰੇ ਪਾਪੁ ਮਾਪਿਆਂ ਕੋ ਲਗਦੇ ਹੈ।" (ਹੁਕਮਨਾਮਾ ੨੯)

ਗ੍ਰਿਹਸਤ ਮਾਰਗ ਦੀ ਵੀ ਸਤਿਗੁਰੂ ਜੀ ਪ੍ਰਸ਼ੰਸਾ ਕਰਦੇ ਹਨ। ਉਮਰ ਤੇ ਹਾਣ ਪਰਵਾਣ ਰਿਸ਼ਤਿਆਂ ਨੂੰ ਮਨਜ਼ੂਰੀ ਦਿੰਦੇ ਹਨ।

ਸੁੱਧ ਸਿੰਘ ਸਪੁੱਤਰ ਸ੍ਰ. ਰਾਮ ਸਿੰਘ ਪਿੰਡ ਮਢੌਰ, ਜ਼ਿਲ੍ਹਾ ਅੰਬਾਲਾ ਨੂੰ ਲਿਖਦੇ ਹਨ:

- "ਚੰਗਾ ਹੋਆ ਵਿਆਹੁ ਕਰ ਲੀਆ। ਜੈਗ ਬਾਸਨਾ ਰਹਿੰਦੀ ਤਾ ਬਹੁਤ ਬੁਰੀ ਥੀ, ਨਾਲੇ ਨਾਂਗਾ ਰੰਡਾ ਬਾਲਾ ਆਧਾ ਹੁੰਦਾ ਸੀ ਅਬੇ ਛੜਾ ਤਾ ਪ੍ਰੇਤ ਹੁੰਦਾ ਹੈ। ਕਬੀਲਦਾਰ ਖਰ੍ਹਬੂਜ ਹੋਇ ਜਾਂਦਾ ਹੈ। ਘਰ ਕੀ ਕਬੀਲਦਾਰੀ ਦਾ ਫ਼ਿਕਰੁ ਬਹੁਤ ਹੋਇ ਜਾਂਦਾ ਹੈ। ਰਛਾ ਅਗੇ ਤੂੰ ਚਲਾ ਭਜਨੁ ਬਾਣੀ ਕਰਦਾ ਸੀ, ਜੇ ਲੜਕੇ ਬਾਲੇ ਹੋ ਗਏ ਦੋ ਚਾਰ ਸਾਧ ਦੇ, ਬਹੁਤ ਭਜਨ ਬਾਣੀ ਕਰਨਗੇ। ਬਖਸਣੇ ਤਾ ਸਾਰੇ ਗੁਰੂ ਮਹਾਰਾਜ ਨੇ ਹੈ, ਛੜੇ ਤੇ ਕਬੀਲਦਾਰ ਭੀ, ਗੁਰੂ ਗੁਰੂ ਜਪਿ ਤਕੜੇ ਹੋ ਕੇ।"
(ਹੁਕਮਨਾਮਾ ੫੯)

ਇਕ ਹੁਕਮਨਾਮੇ ਵਿਚ ਗੁਰੂ ਹਰੀ ਸਿੰਘ ਜੀ ਨੂੰ ਕਹਿੰਦੇ ਹਨ ਕਿ ਜੇ ਪਿੰਡ ਦਾ ਕੋਈ ਗਰੀਬ ਕਿਸਾਨ ਬੈਲ ਗੱਡਾ ਮੰਗਣ ਆਵੇ ਤਾਂ ਦੇ ਦੇਣਾ। ਇਕ ਸਿੰਘ ਨੂੰ ਲਿਖਦੇ ਹਨ ਕਿ ਥੋਹੜੇ ਕੰਮ ਧੰਦੇ ਤੇ ਸੀਰੀ ਨਾਲ ਵਿਗਾੜ ਨਹੀਂ ਪਾਉਣਾ। ਸੀਤ ਪ੍ਰਸਾਦ ਮੰਗਣ ਵਾਲੇ ਕਿਸੇ ਜਾਚਕ ਨੂੰ ਕਹਿੰਦੇ ਹਨ ਕਿ "ਜੂਠਾ ਖਾ ਕੇ ਬਬਾਨਾ ਤੇ ਚੜ੍ਹਦਾ" ਮੈਂ ਤਾਂ ਕੋਈ ਨਹੀ ਵੇਖਿਆ। ਉਹ ਬਚਨ ਮੰਨਣਾ ਨੂੰ ਹੀ ਸੀਤ ਪ੍ਰਸਾਦਿ ਛਕਣਾ ਲਿਖਦੇ ਹਨ। ਫਿਰ ਬਾਕੀਆਂ ਲਈ ਵੀ ਆਖਿਆ -

"ਸਭ ਕੋ ਹੁਕਮੁ ਸੁਣਾ ਦੇਣਾ ਨਾ ਕੋਈ ਜੂਠਾ ਦੇਵੇ ਕਿਸੇ ਕੋ, ਨਾ ਕੋਈ ਜੂਠਾ ਖਾਵੇ ਕਿਸੇ ਦਾ।" (ਹੁਕਮਨਾਮਾ ੬੧)

ਇਹ ਵੀ ਲਿਖਦੇ ਹਨ ਕਿ **"ਬਿਨਾ ਹੁਕਮ ਮੰਨੇ ਦੇਖ ਲੇਓ ਗੁਰੂ ਜੀ ਦੇ ਪੁਤ ਪਾਸ ਹੀ ਬੈਠੇ ਰਹੇ, ਗੁਰਿਆਈ ਅੰਗਦ ਜੀ ਨੂੰ ਮਿਲੀ, ਕਿਸੇ ਥਾਂ ਦੇ ਖਤਰੀ ਨੂੰ।"**

ਬਹੁਤ ਸਾਰੇ ਬਚਨ ਨੀਤੀ ਬਚਨਾਂ ਦਾ ਰੂਪ ਧਾਰਨ ਕਰ ਗਏ ਹਨ -

Sri Satguru Jagjit Singh Ji eLibrary NamdhariElibrary@gmail.com

"ਗੁਰੂ ਜੀ ਦਾ ਬਚਨ ਹੈ ਛੋਟੀ ਕਰਨੀ ਮਨੁਖਾ ਦਾ ਕੰਮ ਨਹੀਂ ਬੁਤਾ ਦਾ ਕੰਮ ਹੈ।" (ਹੁਕਮਨਾਮਾ ੬੦)

"ਹੋਰ ਭਾਈ ਦਰਬਾਰਾ ਸਿੰਘ ਜੀ ਹੁਣ ਪਿਛੇ ਬਾਲਾ ਕਰੜਾ ਸੁਭਾਉ ਨਹੀਂ ਰੱਖਣਾ।" (ਹੁਕਮਨਾਮਾ ੫੬)

"ਮਨ ਮਤਿ ਏਸ ਦਾ ਨਾਉ ਹੈ ਜੋ ਬਾਣੀ ਪੜੀ ਪਰ ਬਾਣੀ ਦਾ ਆਖਿਆ ਨਾ ਕੀਤਾ।"

"ਬਾਧਾ ਕਰਨੇ ਤੇ ਤਾ ਰਾਜਸੀਆ ਤੇ ਪਾਤਿਸਾਹੀਆ ਦਾ ਨਾਸ ਹੋਇ ਗਿਆ ਹੈ, ਪਰ ਤੁਸੀਂ ਬੀ ਜਰਾ ਧੀਰਜ ਰਖੋ।" (ਹੁਕਮਨਾਮਾ ੫੫)

"ਅਰ ਮਨੁਖਾ ਦਾ ਮੇਲ ਜਿਥੇ ਹੋਵੈ ਤਾ ਗੁਰਮੁਖਾ ਦਾ ਮੇਲਾ ਹੋਵੇ। ਅਰ ਮਨਮੁਖਾ ਦੀ ਸੰਗਤ ਤੇ ਰਖ ਲਈਂ।" (ਹੁਕਮਨਾਮਾ ੫੩)

"ਰੰਡੀ ਮੁੰਡੇ ਤੇ ਬਹੁਤ ਕਰਕੇ ਬਚਣਾ। ਏਹੁ ਤਾ ਨਿਰਾ ਘਾਟੇ ਦਾ ਈ ਥਾਉ ਹੈ, ਨਫਾ ਕੋਈ ਬੀ ਨਹੀਂ।" (ਹੁਕਮਨਾਮਾ ੪੯)

"ਜੋ ਕੋਈ ਗੁਰਦੁਆਰਿਆ ਦਾ ਮਾਨ ਕਰੇ ਤਾ ਸਭ ਤੇ ਬਡਾ ਗੁਰਿਦੁਆਰਾ ਗ੍ਰੰਥ ਸਾਹਿਬ ਜੀ ਹੈਨ, ਜੋ ਹਮਾਰੇ ਪਾਸ ਬੀ ਹੈਨ। ਤੁਸੀਂ ਰਖੋ ਗੁਰਦੁਆਰਿਆ ਕੋ।" (ਹੁਕਮਨਾਮਾ ੩੯)

"ਦੇਹਾ ਦਾ ਮੇਲਾ ਭੀ ਐਸਾ ਹੀ ਬਣਾ ਹੈ ਮਿਲਨਾ ਵਿਛੜ ਜਾਣਾ।"

(ਹੁਕਮਨਾਮਾ ੩੭)

"ਮੇਰੀ ਲਜਿਆ ਤੁਸੀਂ ਸਾਧ ਸੰਗਤ ਨੇ ਰਖਣੀ ਹੈ। ਜੇਕਰ ਤੁਸੀਂ ਭਲੇ ਹੋਵਹੁਗੇ ਤਾ ਮੈਨੂੰ ਬੁਰਾ ਕਿਸੇ ਨਹੀਂ ਆਖਣਾ। ਤੁਹਾਡੇ ਪਿੱਛੇ ਅਰ ਮੈਨੂੰ ਬੀ ਬਖਸ਼ ਦੇਊਗਾ ਗੁਰੂ।" (ਹੁਕਮਨਾਮਾ ੨)

"ਹੋਰ ਖਾਲਸਾ ਜੀ ਜੇ ਸਰਬੰਧੀ ਸਰੀਰ ਛੋੜ ਜਾਇ ਤਾ ਉਸ ਦੇ ਪਿਛੇ ਰੋਣਾ ਪਿਟਣਾ ਨਹੀਂ।" (ਹੁਕਮਨਾਮਾ ੩)

"ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂੰ ਨਿੰਦਾ ਕਾ, ਆਪ ਸਭ ਕੇ ਸਾਥ ਅਨੰਦ ਰਹਿਣਾ।" (ਹੁਕਮਨਾਮਾ ੩)

"ਅਰ ਭੁਖਾ ਕੋਈ ਭੀ ਹੋਵੇ ਚਾਹੇ, ਭੁਖੇ ਨੂੰ ਅੰਨ ਦੇਣ ਦਾ ਵਡਾ ਪੁੰਨ ਹੈ, ਗੁਰੂ ਸਾਹਿਬ ਦਾ ਹੁਕਮ ਹੈ।" (ਹੁਕਮਨਾਮਾ ੫)

"ਏਹੁ ਪ੍ਰਿਥੀ ਤਾ ਪ੍ਰਮੇਸਰ ਦੇ ਰਜਾਉਣ ਦੀ ਹੈ, ਮਨੁੱਖ ਦੇ ਰਜਾਉਣ ਦੀ ਨਹੀਂ ਹੈ। ਤੂੰ ਜਥਾ ਸਕਤਿ ਵਰਤੀ ਜੋ ਪੁਜਿ ਆਵੈ।" (ਹੁਕਮਨਾਮਾ ੧੧)

"ਲਾਰਾ ਦੇ ਕੇ ਜਵਾਬ ਦੇਣਾ ਬੜਾ ਦੋਸ ਹੈ।" (ਹੁਕਮਨਾਮਾ ੧੯)

"ਪੁੰਨ ਦਾਨ ਤੇ ਧਨ ਨਹੀਂ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।" (ਹੁਕਮਨਾਮਾ ੨੦)

"ਹੁਣ ਤਾ ਚਿਠੀ ਚਪਠੀ ਦਾ ਹੀ ਮੇਲਾ ਰਹਿ ਗਿਆ ਹੈ, ਦੇਹਾ ਦਾ ਗੁਰੂ ਮਿਲਾਊਗਾ ਤਾ ਮਿਲਾਂਗੇ।" (ਹੁਕਮਨਾਮਾ ੨੫)

"ਹੋਰੁ ਬਗਾਨੀ ਅੰਸ ਕਿਸੇ ਤਰਾ ਬੀ ਨਾ ਲੈਣੀ, ਨਾ ਚੁਰਾ ਕੇ, ਨਾ ਧੋਹ ਕੇ, ਨਾ ਠੱਗੀ ਕਰਕੇ। ਜੇ ਡਿਗੀ ਪਈ ਬੀ ਲਭੇ ਤਾ ਜਿਸਦੀ ਹੋਵੇ ਓਸਕੋ ਦੇ ਦੇਣੀ।" ਅਰੁ ਕਰਿਜਾ ਲੈ ਕੇ ਨਾ ਦੇਣਾ ਏਹੁ ਚੋਰੀ ਧਾੜੇ ਤੇ ਬੀ ਬਡਾ ਪਾਪੁ ਹੈ।" (ਹੁਕਮਨਾਮਾ ੨੮)

"ਅਰੁ ਬਜਿ ਕਰਦੇ ਕਿਸੇ ਕੋ ਫਿਕਾ ਬੀ ਨਹੀਂ ਬੋਲਣਾ।" (ਹੁਕਮਨਾਮਾ ੨੮)

"ਅਨੰਦ ਈ ਹੈ, ਕੋਈ ਭਾਮੇ ਠੋਕਾ (ਤਰਖਾਣ) ਕਹੋ ਭਾਮੇ ਕੁਛ ਹੋਰ ਕਹੋ।" (ਹੁਕਮਨਾਮਾ ੩੩)

ਅੰਮ੍ਰਿਤਸਰ ਬੁਚੜ ਬੱਧ ਦੇ ਸਾਕੇ ਦਾ ਮਫਰੂਰ ਭਾਈ ਮਿਹਰ ਸਿੰਘ ਲੋਪੋਕਿਆਂ ਵਾਲਾ ਬੇਨਤੀ ਕਰਦਾ ਹੈ ਕਿ ਜੇ ਹੁਕਮ ਹੋਵੇ ਤਾਂ ਉਹ ਵੀ ਦਰਸ਼ਨ ਕਰਨ ਆਵੇ। ਉਸ ਦੇ ਮਾਮਲੇ ਦੀ ਨਜ਼ਾਕਤ ਨੂੰ ਸਮਝ ਕੇ ਉਹਨੂੰ ਰਾਇ ਦਿੰਦੇ ਹਨ ਕਿ ਭਾਈ ਕੰਗ (ਲਹਿਰ) ਤਾਂ ਤੁਹਾਡੇ ਪੈਰੋਂ ਹੀ ਉਠੀ ਸੀ। ਇਸ ਲਈ ਉਧਰ ਹੀ ਲੁਕ ਛਿਪ ਕੇ ਦਿਨ ਕੱਟ ਲਵੇ ਏਧਰ

Sri Satguru Jagjit Singh Ji eLibrary NamdhariElibrary@gmail.com

ਆਇਆ ਫਸ ਸਕਦਾ ਹੈ। ਪਰ ਇਕ ਹੋਰ ਮਸ਼ਹੂਰ ਭਗਵਾਨ ਸਿੰਘ "ਅੜਬੰਗੀ" ਦਰਸ਼ਨ ਕਰ ਗਿਆ ਸੀ। ਸਤਿਗੁਰੂ ਜੀ ਨੂੰ ਮਾਝੇ, ਮਾਲਵੇ, ਦੁਆਬੇ, ਵਰਪ ਮੈਨ ਦੁਆਬ ਤੇ ਪੁਆਧ ਦੇ ਬਹੁਤ ਸਾਰੇ ਸਿੱਖਾਂ ਦੇ ਨਾਂ ਪਤੇ ਜ਼ਬਾਨੀ ਯਾਦ ਹਨਨ ਜਿਹਨਾਂ ਦੀ ਗਵਾਹੀ ਹੁਕਮਨਾਮਿਆਂ ਵਿਚੋਂ ਮਿਲਦੀ ਹੈ।

ਜਿੱਥੋਂ ਤੱਕ ਇਹਨਾਂ ਹੁਕਮਨਾਮਿਆਂ ਦੇ ਸਾਹਿਤਕ ਮਹੱਤਵ ਦਾ ਸੁਆਲ ਹੈ, ਇਹ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਗੱਦ ਰਚਨਾ ਦਾ ਉਤਕ੍ਰਿਸ਼ਟ ਪ੍ਰਮਾਣ ਹਨ। ਦਰਅਸਲ ਸਤਿਗੁਰੂ ਜੀ ਨੂੰ ਹੋਰ ਬਹੁਤ ਸਾਰੀਆਂ ਕਾਰਵਾਈਆਂ ਦੇ ਮੋਢੀ ਹੋਣ ਦੇ ਨਾਲ ਨਾਲ ਹੀ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਵੀ ਮੰਨਿਆ ਜਾ ਸਕਦਾ ਹੈ। ਉਸ ਸਮੇਂ ਦੇ ਹੋਰ ਪੰਜਾਬੀ ਵਾਰਤਕਕਾਰਾਂ ਸ਼ਰਧਾ ਰਾਮ ਫਲੌਰੀ, ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਗਿਆਨ ਸਿੰਘ ਹੋਰਾਂ ਦੀ ਗੱਦ ਰਚਨਾ ਨਾਲ ਜਦੋਂ ਹੁਕਮਨਾਮਿਆਂ ਦੀ ਵਾਰਤਕ ਦੀ ਤੁਲਨਾ ਕੀਤੀ ਜਾਵੇਗੀ ਤਾਂ ਇਹ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚਾਲੇ ਇਕ ਮਹੱਤਵਪੂਰਨ ਕੜੀ ਦੇ ਤੌਰ 'ਤੇ ਨਜ਼ਰ ਆਏਗੀ। ਇਸ ਵਿਚ ਇਹਲੌਕਿਕ ਤੇ ਪਾਰਲੌਕਿਕ ਦੋਵੇਂ ਰੰਗ ਹਨ। ਇਹ ਇਕ ਕਹਿਣੀ ਤੇ ਕਰਨੀ ਦੇ ਸੂਰਮੇ ਸਤਿਗੁਰੂ ਦੀ ਕਾਨੀ ਦੀ ਨੋਕ 'ਤੇ ਆਏ ਉਹ ਬਚਨ ਹਨ, ਜੋ ਉਹ ਆਪਣੇ ਪ੍ਰਾਣਾਂ ਤੋਂ ਵੀ ਪਿਆਰੇ, ਸਿੱਖਾਂ ਨਾਲ ਸਾਂਝੇ ਕਰਨੇ ਚਾਹੁੰਦੇ ਹਨ। ਸਤਿਗੁਰੂ ਜੀ ਦੇ ਜੀਵਨ ਵਿਚ ਨਿਜ ਨੂੰ ਸਮੂਹ ਤੋਂ ਨਿਖੇੜਣ ਵਾਲੀ ਰੇਖਾ ਅਲੋਪ ਹੋ ਚੁੱਕੀ ਹੈ। ਇਸ ਲਈ ਕਦੇ ਉਹਨਾਂ ਦਾ ਦਿਲ ਗੁਰਬਾਣੀ ਦਾ ਗਾਇਨ ਕਰਨ ਵਾਲੇ ਧੁਲੇਤੇ ਪਿੰਡ ਦੇ ਰਬਾਬੀ ਭਾਈ ਗੁਰਦਿੱਤੇ ਲਈ ਧੜਕਦਾ ਹੈ ਕਿ ਸੰਗਤ ਉਸ ਦੀ ਯਥਾਯੋਗ ਸਹਾਇਤਾ ਕਰੇ ਤੇ ਕਦੇ ਸਿਰਹਾਲੀ ਪਰਿਵਾਰ ਦੇ ਖਿਡਾਰੇਲ ਮੁੰਡੇ ਮੋਹਾਂ ਸਿੰਘ ਲਈ ਧੜਕਦਾ ਹੈ ਜੋ ਭਾਵੇਂ ਤਿੰਨ ਵੇਰ ਪ੍ਰਦੇਸ ਵਿਚ ਦਰਸ਼ਨ ਕਰਨ ਆਇਆ ਹੈ। ਮਾਇਆ ਵੀ ਲੈ ਕੇ ਆਉਂਦਾ ਹੈ, ਪਰ ਕੁਸੰਗ ਕਰਨ ਤੇ ਉਸਨੂੰ ਵੀ ਮਿੱਠੀਆਂ ਝਾੜਾਂ ਪਾਈਆਂ ਹਨ, ਜਿਹੋ ਜਿਹੀਆਂ ਪਿਤਾ ਵਲੋਂ ਅਲਕ ਵਛੇਰੇ ਜਹੇ ਪੁੱਤਰਾਂ ਨੂੰ ਪਾਈਆਂ ਜਾਂਦੀਆਂ ਹਨ।

"ਸੇਵਾ" ਵਜੋਂ ਅਰੰਭ ਵਿਚ ਕੁਝ ਲਿਖਣ ਵਾਲੇ "ਟਾਕੀਆਂ ਵਾਲੇ ਚੋਲੇ" ਵਾਲੇ ਪ੍ਰਸਿੱਧ ਪੰਜਾਬੀ ਆਲੋਚਕ ਡਾ. ਹਰਿਭਜਨ ਸਿੰਘ ਭਾਸ਼ਾ ਦੀ ਦ੍ਰਿਸ਼ਟੀ ਤੋਂ ਇਸ ਨੂੰ ਬਹੁਤ ਸਰਲ ਰਚਨਾ ਮੰਨਦੇ ਹੋਏ ਲਿਖਦੇ ਹਨ -

"ਅਸੀਂ ਕੁਝ ਐਸੇ ਪਾਠਕਾਂ ਨੂੰ ਵੀ ਜਾਣਦੇ ਹਾਂ ਜੋ ਇਸ ਲਿਖਤ ਨੂੰ ਪੜ੍ਹ ਕੇ ਅੱਜ ਵੀ ਮਸਤਾਨੇ ਹੋ ਜਾਂਦੇ ਹਨ। ਇਹ ਲਿਖਤ ਸਾਡੇ ਸਭਿਆਚਾਰ ਦਾ ਮਹਾਨ ਸਰਮਾਇਆ ਹੈ।"

"ਜਿਸ ਕਾਲ ਖੰਡ (ਉਨ੍ਹੀਵੀਂ ਸਦੀ ਦਾ ਦੂਜਾ ਅੱਧ) ਵਿਚ ਇਹ ਹੁਕਮਨਾਮੇ ਲਿਖੇ ਗਏ ਉਸ ਵੇਲੇ ਤੱਕ ਪੰਜਾਬੀ ਵਾਰਤਕ ਦਾ ਕੋਈ ਸਪੱਸ਼ਟ ਨਮੂਨਾ ਉਭਰ ਕੇ ਸਾਹਮਣੇ ਨਹੀਂ ਸੀ ਆਇਆ। ਸੋ ਸਤਿਗੁਰੂ ਜੀ ਆਪ ਹੀ ਇਸ ਸ਼ੈਲੀ ਦੇ ਸਿਰਜਕ ਸਨ। ਪੰਜਾਬੀ ਬੋਲਚਾਲ ਦੇ ਯੁੱਗ ਵਿਚੋਂ ਨਿਕਲਕੇ, ਲਿਖਤ ਦੇ ਯੁੱਗ ਵਿਚ ਪ੍ਰਵੇਸ਼ ਕਰ ਰਹੀ ਸੀ।"

ਇਸ ਦੀ ਉਪਭਾਸ਼ਾ ਲੁਧਿਆਣਾ ਜ਼ਿਲ੍ਹੇ ਦੇ ਬੇਟ ਇਲਾਕੇ ਵਿਚ ਬੋਲੀ ਜਾਣ ਵਾਲੀ ਪੁਆਧੀ ਹੈ। ਭਾਵੇਂ ਜੁਆਨੀ ਦੇ ਦਸ ਵਰ੍ਹੇ ਲਾਹੌਰ ਦਰਬਾਰ ਦੀ ਸੈਨਾ ਵਿਚ ਰਹਿਣ ਸਦਕਾ ਸਤਿਗੁਰੂ ਜੀ ਕੇਂਦਰੀ ਪੰਜਾਬੀ ਦੇ ਮੁਹਾਵਰੇ ਦੇ ਵੀ ਨੇੜੇ ਨੇੜੇ ਵਿਚਰਦੇ ਹਨ। ਡਾ. ਸਾਹਿਬ ਦੇ ਅਨੁਸਾਰ" ਲਿਖਤ ਨੂੰ ਬੋਲਚਾਲ ਦੇ ਮੁਹਾਵਰੇ ਵਿਚ ਪੇਸ਼ ਕਰਨਾ ਕਾਫ਼ੀ ਮੁਸ਼ਕਿਲ ਕੰਮ ਹੈ। ਸਤਿਗੁਰੂ ਜੀ ਇਸ ਮੁਸ਼ਕਿਲ ਉਪਰ ਸਹਿਜੇ ਹੀ ਵਸੀਕਾਰ ਪ੍ਰਾਪਤ ਕਰ ਲੈਂਦੇ ਹਨ।"

ਪ੍ਰਸਿੱਧ ਉੱਤਰ-ਆਧੁਨਿਕ ਪੰਜਾਬੀ ਆਲੋਚਕ ਡਾ. ਸੁਤਿੰਦਰ ਸਿੰਘ 'ਨੂਰ' ਇਹਨਾਂ ਹੁਕਮਨਾਮਿਆਂ ਨੂੰ ਪਹਿਲੇ ਸਤਿਗੁਰੂ ਸਾਹਿਬਾਨ ਦੇ ਹੁਕਮਨਾਮਿਆਂ ਨਾਲੋਂ ਵੱਧ ਵਿਸਤ੍ਰਿਤ ਮੰਨਦੇ ਹਨ। ਉਹ ੧੯ਵੀਂ ਸਦੀ ਦੀ ਪੰਜਾਬੀ ਵਾਰਤਕ ਵਿਚ ਭਾਸ਼ਾ ਤੇ ਸ਼ੈਲੀ ਦੇ ਪੱਖੋਂ ਇਹਨਾਂ ਦਾ ਵਿਸ਼ੇਸ਼ ਮਹੱਤਵ ਨਿਰੂਪਤ ਕਰਦੇ ਹਨ। ਉਹ ਲਿਖਦੇ ਹਨ -

"ਵਿਰੋਧ ਪੂਰੇ ਅੰਗਰੇਜ਼ ਸਾਮਰਾਜ ਨਾਲ ਹੈ। ਪਾਬੰਦੀਆਂ ਹਨ, ਨਜ਼ਰਬੰਦੀ ਹੈ, ਜਲਾਵਤਨੀ ਹੈ, ਪਰ ਪ੍ਰਵਚਨ ਤਾਂ ਬਹੁਤ ਹੀ ਨਿਮਰ ਹਨ। ਪ੍ਰਵਚਨ ਜਿੰਨਾ ਨਿਮਰ ਹੁੰਦਾ ਹੈ, ਵਾਕ ਓਨੇ ਹੀ ਛੋਟੇ ਤੇ ਸਰਲ ਹੁੰਦੇ ਹਨ, ਪਰ ਗੱਲਾਂ ਵੱਡੀਆਂ ਹੁੰਦੀਆਂ ਹਨ। ਧਰਮ, ਅਧਿਆਤਮ ਤੇ ਸਮਾਜਿਕ-ਰਾਜਸੀ ਜ਼ਿੰਮੇਵਾਰੀ ਦਾ ਅਹਿਸਾਸ ਸੰਗਠਿਤ ਹੁੰਦਾ

Sri Satguru Jagjit Singh Ji eLibrary NamdhariElibrary@gmail.com

ਹੈ। ਇਸ ਲਈ ਹੁਕਮਨਾਮਾ ਵਾਰਤਕ ਦੀ ਇਕ ਵੱਖਰੀ ਵਿਧਾ ਜਾਂ ਰੂਪਾਕਾਰ ਬਣ ਜਾਂਦਾ ਹੈ।"

"ਇਹ ਨਿਮਰਤਾ, ਸਰਲਤਾ ਤੇ ਪ੍ਰਵਚਨ ਦੀ ਸਹਿਜ ਵਿਧੀ, ਇਸ ਰੂਪ ਵਿਚ ਨਾਮਧਾਰੀ ਸੰਪ੍ਰਦਾਇ ਦਾ ਮੁੱਖ ਚਿਹਨ ਬਣ ਗਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵੀ ਜਦੋਂ ਪ੍ਰਵਚਨ ਕਰਦੇ ਹਨ ਤਾਂ ਇਸੇ ਸਹਿਜ-ਸ਼ੈਲੀ ਵਿਚ ਕਰਦੇ ਹਨ। ਛੋਟੇ ਛੋਟੇ ਸਰਲ ਵਾਕ, ਨਿਮਰਤਾ ਦਾ ਪ੍ਰਵਾਹ। ਇਹ ਸ਼ੈਲੀ ਇਨ੍ਹਾਂ ਹੁਕਮਨਾਮਿਆਂ ਨੇ ਪੰਜਾਬੀ ਵਾਰਤਕ ਵਿਚ ਪ੍ਰਵਾਹਤ ਕੀਤੀ। ਜਿਸਦਾ ਹੋਰ ਲਗਨ ਨਾਲ ਅਧਿਐਨ ਕੀਤਾ ਜਾਣਾ ਚਾਹੀਦਾ ਹੈ।"

ਜਸਵਿੰਦਰ ਸਿੰਘ, ਜੋ ਪਹਿਲਾਂ ਇਕ ਇਤਿਹਾਸਕਾਰ ਦੇ ਤੌਰ 'ਤੇ ਜਾਣੇ ਜਾਂਦੇ ਸਨ ਇਹਨਾਂ ਹੁਕਮਨਾਮਿਆਂ ਦੀ ਸਫਲ ਸੰਪਾਦਨਾ ਨਾਲ ਉਹ ਪੰਜਾਬੀ ਸਾਹਿਤਕ ਜਗਤ ਵਿਚ ਵੀ ਆਪਣੇ ਲਈ ਇਕ ਥਾਂ ਬਣਾ ਗਏ ਹਨ।

ਗੁਰੂ ਬਾਣੀ ਦੇ ਪਾਠ ਜਿਉਂ ਅਭਿਲਾਖੀ ਸਿੰਘ ਇਹਨਾਂ ਦੇ ਪਾਠ ਵਿਚੋਂ ਜਿਥੇ ਆਤਮਕ ਖੁਰਾਕ ਹਾਸਲ ਕਰਦੇ ਹਨ, ਲੋਕ ਲਹਿਰਾਂ ਦੇ ਪੜ੍ਹਚੋਲੀਏ ਇਸ ਵਿਚੋਂ ਉਨ੍ਹੀਵੀਂ ਸਦੀ ਦੇ ਲੋਕ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੇ ਮਨੋਭਾਵਾਂ ਨੂੰ ਸਮਝਣ ਲਈ ਸਮੱਗਰੀ ਹਾਸਲ ਕਰਨਗੇ।

Sri Satguru Jagjit Singh Ji eLibrary NamdhariElibrary@gmail.com

'ਲਾਲ ਏਹਿ ਰਤਨ' ਵਿਚ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ

ਪਿਤਾ ਗੁਰੂ ਹਰੀ ਸਿੰਘ ਜੀ ਅਤੇ ਮਾਤਾ ਜੀਵਨ ਕੌਰ ਜੀ ਦੇ ਗ੍ਰਿਹਿ ਵਿਖੇ, ਸੰਬਤ ਬਿਕ੍ਰਮੀ 1946 ਦੀ ਚੇਤ ਵਦੀ ਤੀਜ ਦਿਨ ਐਤਵਾਰ ਮੁਤਾਬਿਕ 9 ਮਾਰਚ, 1890 ਈ. ਨੂੰ, ਸ੍ਰੀ ਭੈਣੀ ਸਾਹਿਬ ਵਿਖੇ ਪ੍ਰਗਟ ਹੋਣ ਵਾਲੇ ਸਤਿਗੁਰੂ ਪਰਤਾਪ ਸਿੰਘ ਜੀ, ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਦੇ ਇਕ ਵਿਲੱਖਣ ਹਸਤਾਖ਼ਰ ਸਨ। ਆਪਣੀ ਆਯੂ ਦਾ ਤੀਜਾ ਹਿੱਸਾ, ਉਹਨਾਂ ਨੇ ਜਿਸ ਪਿਤਾ ਪੁਰਖੀ ਘਰ ਜਾਂ ਡੇਰੇ ਵਿਖੇ ਬਿਤਾਇਆ, ਉਸਦੇ ਬੂਹੇ ਅੱਗੇ ਅੰਗਰੇਜ਼ ਸਰਕਾਰ ਵਲੋਂ ਇਕ ਪੁਲੀਸ ਚੌਕੀ ਤਾਇਨਾਤ ਸੀ। ਭਾਵੇਂ ਹੌਲੇ ਹੌਲੇ ਕੁਝ ਪਾਬੰਦੀਆਂ ਘਟਾ ਦਿਤੀਆਂ ਗਈਆਂ ਪਰ ਕਿਸੇ ਦੇ ਬੂਹੇ ਅੱਗੇ 8-10 ਸਿਪਾਹੀ, ਹਵਾਲਦਾਰ ਆਦਿ ਚੌਵੀ ਘੰਟੇ ਬੈਠੇ ਰਹਿਣ, ਅੰਦਰੋਂ ਬਾਹਰ ਜਾਂ ਬਾਹਰੋਂ ਅੰਦਰ ਜਾਣ ਵਾਲੇ ਨੂੰ ਜਦੋਂ ਮਰਜ਼ੀ ਰੋਕ ਦੇਣ, ਇਸ ਪਰੇਸ਼ਾਨੀ ਨੂੰ ਤਾਂ ਕੋਈ ਭੁਗਤ ਭੋਗੀ ਹੀ ਸਮਝ ਸਕਦਾ ਹੈ। ਲੇਖਕ ਨੂੰ ਆਪਣੇ ਪਿਤਾ ਤੋਂ ਜਾਣਕਾਰੀ ਮਿਲੀ ਸੀ ਕਿ ਇਕ ਵੇਰ ਸਤਿਗੁਰੂ ਪਰਤਾਪ ਸਿੰਘ ਜੀ ਡੇਰੇ ਅੰਦਰਲੇ ਖੂਹ 'ਤੇ ਪਰਸ਼ਾਦਾ ਛਕਣ ਤੋਂ ਪਹਿਲਾਂ ਇਸ਼ਨਾਨ ਕਰ ਰਹੇ ਸਨ। ਬਦਲਣ ਵਾਲਾ ਕਛਹਿਰਾ ਤੇ ਹੋਰ ਬਸਤਰ ਲੈ ਕੇ ਗੁਰਮੁਖ ਸਿੰਘ ਭੰਬਰ ਅੰਦਰ ਜਾ ਰਿਹਾ ਸੀ, ਚੌਕੀ ਵਾਲਿਆਂ ਨੇ ਰੋਕ ਦਿਤਾ। ਉਸ ਬਥੇਰਾ ਆਖਿਆ ਕਿ ਸੱਚੇ ਪਾਤਸ਼ਾਹ ਅੰਦਰ ਗਿੱਲੇ ਕਛਹਿਰੇ ਵਿਚ ਹਨ, ਉਨ੍ਹਾਂ ਦਾ ਲੰਗਰ ਛਕਣ ਦਾ ਸਮਾਂ ਵੀ ਲੇਟ ਹੋ ਰਿਹਾ ਹੈ ਪਰ ਉਹ ਰਤਾ ਵੀ ਪਾਸੇ ਨਾ ਹੋਣ। ਬੋਲ ਬੁਲਾਰਾ ਸੁਣਕੇ ਸਤਿਗੁਰੂ ਜੀ ਅੰਦਰੋਂ ਬਾਹਰ ਆਏ ਅਤੇ ਪੁਲੀਸ ਵਾਲਿਆਂ ਨਾਲ ਧੱਕਾ ਮੁੱਕੀ ਕਰਕੇ ਅੰਦਰ ਲੰਘੇ। ਇਹ ਵਾਕਿਆ ਚੌਕੀ ਉੱਠਣ ਤੋਂ ਸਿਰਫ਼ ਸਾਲ ਛੇ ਮਹੀਨੇ ਪਹਿਲਾਂ ਦਾ ਹੈ, ਜਦੋਂ ਮੁਲਕ ਦੀ ਸਿਆਸੀ ਤਸਵੀਰ ਵੀ ਕਾਫ਼ੀ ਬਦਲ ਚੁੱਕੀ ਸੀ। ਇਸ ਤੋਂ ਪਹਿਲਾ ਸਮਾਂ ਕਿਹੋ ਜਿਹਾ ਹੋਵੇਗਾ, ਉਸ ਨੂੰ ਕਿਆਸ ਕਰਕੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ।

ਖ਼ੈਰ ਇਹੋ ਜਿਹੇ ਮਾਹੌਲ ਵਿਚ ਸਿਰਫ਼ 16 ਸਾਲਾਂ ਦੀ ਕਿਸ਼ੋਰ ਅਵਸਥਾ ਵਿਚ ਆਪ ਜੀ ਨੂੰ ਪਿਤਾ ਗੁਰੂ ਦੇ ਪਰਲੋਕ ਗਮਨ ਬਾਦ, ਸੰਤ-ਸਿਪਾਹੀਆਂ ਦੇ ਇਸ ਨਾਮਧਾਰੀ ਪੰਥ ਦੀ ਅਗਵਾਈ ਸੰਭਾਲ ਦਿਤੀ ਗਈ। ਬਚਪਨ ਵਿਚ ਆਪ ਨੇ ਗੁਰਬਾਣੀ ਅਤੇ ਸਿੱਖ ਧਾਰਮਿਕ ਸਾਹਿਤ ਦੇ ਅਧਿਐਨ ਤੋਂ ਇਲਾਵਾ ਸੰਸਕ੍ਰਿਤ ਵਿਚ 'ਲਘੂ ਕੌਮਦੀ', 'ਪੰਚਤੰਤਰ' ਅਤੇ 'ਹਿਤੋ ਪਦੇਸ਼' ਆਦਿ ਦੇ ਅਧਿਐਨ ਦੇ ਨਾਲ ਨਾਲ ਹਿੰਦੂ ਪੌਰਾਣਿਕ ਸਾਹਿਤ ਤੇ ਵੀ ਆਪਣਾ ਚੰਗਾ ਅਧਿਕਾਰ ਜਮਾ ਲਿਆ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਤਾਂ ਸੱਤ ਵਰ੍ਹਿਆਂ ਦੀ ਅਲਪ ਆਯੂ ਵਿਚ ਹੀ ਸਰਲ ਕਰ ਲਿਆ ਸੀ। ਆਪ ਦੇ ਪੰਜਾਬੀ ਦੇ ਪਹਿਲੇ ਅਧਿਆਪਕ ਉਸ ਸਮੇਂ ਦੇ ਨਾਮਧਾਰੀ ਇਤਿਹਾਸ ਲੇਖਕ ਸੰਤ ਸੰਤੋਖ ਸਿੰਘ ਬਾਹੋਵਾਲ ਅਤੇ ਭਾਈ ਧਿਆਨ ਸਿੰਘ ਕਾਦਰਾਬਾਦੀ ਸਨ। ਸੰਸਕ੍ਰਿਤ ਪੰਡਿਤ ਬਸੰਤ ਸਿੰਘ ਰਾਜੂ ਪਧਾਣਾ ਤੋਂ ਸਿੱਖੀ ਸੀ ਜਿਹਨਾਂ ਨੇ ਨਾਮਧਾਰੀ ਜਗਤ ਵਿਚ ਪੰਡਿਤ ਮਨਸਾ ਸਿੰਘ ਕੋਮੀ ਇਤਿਆਦਿਕ ਜਿਹਨੇ ਵਿਦਵਾਨ ਤਿਆਰ ਕੀਤੇ ਉਹਨਾਂ ਨੂੰ ਦੇਸ਼ ਭਗਤੀ ਦੀ ਚੇਟਕ ਲਾ ਕੇ ਕਾਂਗਰਸ ਦੇ ਸਰਗਰਮ ਕਾਰਜਕਰਤਾ ਵੀ ਤਿਆਰ ਕੀਤੇ। ਗੁਰਬਾਣੀ ਪਾਠ ਦੀ ਹਜ਼ੂਰ ਨੇ ਭਾਈ ਸੁਹੇਲ ਸਿੰਘ ਬਿਲਗਾ ਤੋਂ ਸੰਥਿਆ ਲਈ ਜੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਭੈਣੀ ਸਾਹਿਬ ਦੇ ਘੋੜਿਆਂ ਦੇ ਦਰੋਗਾ ਵੀ ਸਨ। ਸ੍ਰੀ ਦਸਮ ਗ੍ਰੰਥ ਸਾਹਿਬ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ-ਸਵੈਯੇ, ਦੀਵਾਨ ਭਾਈ ਨੰਦ ਲਾਲ ਗੋਯਾ ਦੀ ਫ਼ਾਰਸੀ ਰਚਨਾ, ਹਨੂਮਾਨ ਨਾਟਕ ਰਚਿਤ ਹਿਰਦੇ ਰਾਮ ਭੱਲਾ, ਪੰਡਿਤ ਗੁਲਾਬ ਸਿੰਘ ਜੀ ਦਾ ਭਾਵਸਿਮਰਤ ਗਰੰਥ, ਸਾਰ ਕੁਤਾਵਲੀ ਆਦਿ ਬਹੁਤ ਸਾਰੀਆਂ ਪੁਸਤਕਾਂ ਤਾਂ ਤਕਰੀਬਨ ਆਪ ਨੂੰ

Sri Satguru Jagjit Singh Ji eLibrary NamdhariElibrary@gmail.com

ਕੰਠਾਗਰ ਹੀ ਸਨ। ਗਿਆਨੀ ਗਿਆਨ ਸਿੰਘ ਜੀ ਦਾ 'ਪੰਥ ਪਰਕਾਸ਼' ਭਾਈ ਸੰਤੋਖ ਸਿੰਘ ਦਾ 'ਸ੍ਰੀ ਗੁਰ ਪਰਤਾਪ ਸੂਰਜ ਗਰੰਥ', ਭਾਈ ਕਾਲਾ ਸਿੰਘ ਨਾਮਧਾਰੀ ... ਕਵੀਆਂ ਦੇ ਸੰਗ੍ਰਹਿ ਨਾ ਸਿਰਫ਼ ਆਪ ਨੂੰ ਹਿਫ਼ਜ਼ ਸਨ, ਸਗੋਂ ਆਪ ਉਹਨਾਂ ਦੇ ਚੰਗੇ ਆਲੋਚਕ ਵੀ ਸਨ।

ਗੁਰਗੱਦੀ ਤੇ ਬਿਰਾਜਮਾਨ ਹੋਣ ਬਾਅਦ ਆਪ ਨੇ ਨਾਮਧਾਰੀ ਪੰਥ ਦੀ ਬੁਨਿਆਦ, ਨਾਮ-ਬਾਣੀ, ਕਥਾ-ਕੀਰਤਨ ਅਤੇ ਗੁਰਮਤ ਸੰਗੀਤ ਨੂੰ ਜੀਵਨ ਪਰਯੰਤ ਹਰ ਨਾਮਧਾਰੀ ਦੇ ਦੈਨਿਕ ਜੀਵਨ ਦੇ ਇਕ ਅੰਗ ਵਜੋਂ ਪ੍ਰਚਲਿਤ ਕੀਤਾ। ਨਹਿਰ ਵਾਲੇ ਡੇਰੇ ਤੇ, ਰਿਆਸਤ ਨਾਭਾ ਦੀ ਬੀੜ ਮਰਾਰਕੂ ਵਿਚ, ਅਤੇ 1947 ਤੋਂ ਬਾਦ ਨਵੀਂ ਸਥਾਪਿਤ ਨਾਮਧਾਰੀ ਬਸਤੀ ਦੇ ਟਿੱਬੇ ਵਾਲੇ ਖੂਹ, ਸ੍ਰੀ ਜੀਵਨ ਨਗਰ (ਸਿਰਸਾ) ਤੇ ਸਾਲਾਨਾ ਜਪ ਪ੍ਰਯੋਗ ਦੀ ਮਰਿਆਦਾ ਵੀ ਤਾ ਉਮਰ 22 ਅਗਸਤ 1959 ਈ. ਤੱਕ ਨਿਭਾਈ। ਇਹ ਸਮੂਹਿਕ ਨਾਮ ਸਿਮਰਨ, ਵੱਡੇ ਤੜਕੇ ਤੋਂ ਦਿਨ ਚੜ੍ਹੇ ਤੱਕ ਅਤੇ ਫਿਰ ਪਿਛਲੇ ਪਹਿਰ, ਘੱਟੋਂ ਘੱਟ ਅੱਠ ਘੰਟੇ ਰੋਜ਼ਾਨਾ ਅਤੇ 30 ਤੋਂ 40 ਦਿਨਾਂ ਤਕ ਹੁੰਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ੀ ਨਜ਼ਰਬੰਦੀ ਵਿਚੋਂ, ਨਾਮਧਾਰੀ ਸੰਗਤ ਨੂੰ ਲਿਖਿਆ ਕਿ ਮੇਰੇ ਨਮਿਤ ਵੱਧ ਤੋਂ ਵੱਧ ਪਾਠ ਸ੍ਰੀ ਆਦਿ ਗਰੰਥ ਸਾਹਿਬ ਦੇ ਕੀਤੇ ਜਾਣ। ਸਤਿਗੁਰੂ ਜੀ ਨੇ ਦੋ ਵਾਰ ਸਵਾ-ਸਵਾ ਲੱਖ ਸ੍ਰੀ ਆਦਿ ਗਰੰਥ ਸਾਹਿਬ ਦੇ ਪਾਠਾਂ ਦੇ ਭੋਗ ਪੁਆਏ। ਸਵਾ ਲੱਖ ਪਾਠਾਂ ਦੀ ਤੀਜੀ ਲੜੀ ਦੇ ਭੋਗ, ਆਪ ਦੇ ਮਹਾਂ ਪ੍ਰਸਥਾਨ ਤੋਂ ਬਾਦ, ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਈ. ਵਿਚ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਬਿਰਾਜਮਾਨ ਹੋਣ ਬਾਅਦ ਪੁਆ ਕੇ ਆਪ ਜੀ ਦਾ ਹੁਕਮ ਪੂਰਾ ਕੀਤਾ ਸੀ:

'ਮੇਰੀ ਖ਼ੁਸ਼ੀ ਨੂੰ ਖ਼ੁਸ਼ੀ ਜੋ ਸਮਝਦੇ ਓ, ਪੂਰਾ ਦਿਲੀ ਅਰਮਾਨ ਕਰਾ ਦੇਣਾ,
ਸਵਾ ਲੱਖ ਜੋ ਪਾਠ ਮੈਂ ਛੋੜਿਆ ਏ, ਭੋਗ ਐਤਕੀ ਹੋਲੇ ਤੇ ਪਾ ਦੇਣਾ।'

ਮਾ: ਅਜੀਤ ਸਿੰਘ 'ਚੀਮਾ'

ਗੁਰਮਤਿ ਜੀਵਨ ਜਾਚ ਤੋਂ ਇਲਾਵਾ ਅੰਗਰੇਜ਼ ਬਸਤੀਵਾਦੀਆਂ ਵਿਰੁਧ ਬੇਕਿਰਕ ਲੜਾਈ, ਨਾਮਧਾਰੀ ਭਾਈਚਾਰੇ ਦੀ ਹੋਂਦ ਦਾ ਕੇਂਦਰੀ-ਪੱਥਰ ਸੀ। ਇਸ ਸੰਬੰਧੀ ਪ੍ਰਸਿਧ ਪੰਜਾਬੀ ਸਾਹਿਤਕਾਰ ਅਤੇ ਪੱਤਰਕਾਰ ਸ. ਅਵਤਾਰ ਸਿੰਘ ਆਜ਼ਾਦ ਦੀ ਹੇਠਲੀ ਲਿਖਤ ਇਕ ਠੋਸ ਗਵਾਹੀ ਹੈ:

"1914 ਵਿਚ ਜਦ ਪਹਿਲਾ ਮਹਾ-ਯੁੱਧ ਆਰੰਭ ਹੋਇਆ ਤਾਂ ਅੰਗਰੇਜ਼ੀ ਸਰਕਾਰ ਨੇ ਮਿਲਵਰਤਣ ਕਰਨ ਦੀ ਸ਼ਰਤ ਉਤੇ ਨਾਮਧਾਰੀਆਂ ਤੋਂ ਕੁਲ ਪਾਬੰਦੀਆਂ ਦੂਰ ਕਰਨ ਦੀ ਪੇਸ਼ਕਸ਼ ਕੀਤੀ। ਆਪ ਨੇ ਇਸ ਨੂੰ ਸਵੀਕਾਰ ਕਰਨ ਦੀ ਥਾਂ ਠੁਕਰਾ ਦਿਤਾ ਅਤੇ ਜਦ ਦੇਸ਼ ਵਿਚ ਆਜ਼ਾਦੀ ਦਾ ਸੰਗਰਾਮ ਛਿੜਿਆ ਤਾਂ ਆਪ ਨੇ ਨਾਮਧਾਰੀ ਸਿੰਘਾਂ ਨੂੰ ਇਸ ਵਿਚ ਡਟ ਕੇ ਹਿਸਾ ਲੈਣ ਦੀ ਆਗਿਆ ਦੇ ਦਿਤੀ। ਸਵਰਗੀ ਸੰਤ ਮੰਗਲ ਸਿੰਘ ਜੀ 'ਅਰਸ਼ੀ ਫਰਿਸ਼ਤਾ' ਅਤੇ ਸੰਤ ਨਿਧਾਨ ਸਿੰਘ ਜੀ 'ਆਲਮ' ਆਦਿ ਤੋਂ ਛੁਟ ਆਪ ਜੀ ਦੇ ਦੋਵੇਂ ਛੋਟੇ ਭਰਾ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਨੇ ਇਸ ਲਹਿਰ ਵਿਚ ਕੁੱਦ ਕੇ ਅੰਗਰੇਜ਼ ਦੀ ਹਰ ਸਖਤੀ ਨੂੰ ਜੀਉ ਆਇਆਂ ਆਖਿਆ। ਐਨ ਜਵਾਨੀ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਪਰਲੋਕ ਗਮਨ ਕਰ ਗਏ ਅਤੇ ਉਹਨਾਂ ਦਾ ਇਸ ਸੰਸਾਰ ਤੋਂ ਚਲੇ ਜਾਣਾ ਜਿਥੇ ਆਪ ਲਈ ਇਕ ਮਹਾਨ ਜਾਤੀ ਸਦਮਾ ਸੀ, ਉਥੇ ਦੇਸ਼ ਦਾ ਅਤੇ ਨਾਮਧਾਰੀ ਪੰਥ ਦਾ ਵੀ ਇਕ ਵੱਡਾ ਨੁਕਸਾਨ ਸੀ। ਸਵਰਗੀ ਮਹਾਰਾਜ ਗੁਰਦਿਆਲ ਸਿੰਘ ਜੀ ਮਹਾਨ ਦੇਸ਼ ਭਗਤ ਸਨ ਅਤੇ ਮੈਨੂੰ ਚੇਤੇ ਹੈ ਕਿ ਜਦ ਪਹਿਲੀ ਵੇਰ ਅੰਮ੍ਰਿਤਸਰ ਮੇਰੀ ਉਹਨਾਂ ਨਾਲ ਭੇਟ ਹੋਈ ਸੀ, ਤਾਂ ਉਹਨਾਂ ਨੇ ਮੇਰੇ ਨਾਲ ਕਿੰਨਾ ਪਿਆਰ ਕੀਤਾ। ਨਾਮਧਾਰੀ ਇਤਿਹਾਸ ਨੂੰ ਲਿਖਵਾਉਣ ਦੀ ਲਗਨ ਉਹਨਾਂ ਵਿਚ ਕਮਾਲ ਦੀ ਸੀ ਅਤੇ ਇਸ ਸਬੰਧ ਵਿਚ ਉਹਨਾਂ ਨੇ ਆਪਣੇ ਸੰਖੇਪ ਜਿਹੇ ਜੀਵਨ ਵਿਚ ਚੋਖਾ ਇਤਿਹਾਸਕ ਮਸਾਲਾ ਇਕੱਠਾ ਵੀ ਕਰ ਲਿਆ ਸੀ।

"ਮਹਾਰਾਜ ਨਿਹਾਲ ਸਿੰਘ ਜੀ ਲਈ ਵੀ ਇਹ ਸਦਮਾ ਕੋਈ ਘਟ ਨਹੀਂ ਸੀ ਅਤੇ ਇਹ ਉਹਨਾਂ ਦੀ ਅਪੂਰਵ

Sri Satguru Jagjit Singh Ji eLibrary NamdhariElibrary@gmail.com

ਦੇਸ਼-ਭਗਤੀ ਦਾ ਅਸਰ ਹੀ ਸੀ ਕਿ ਆਪ ਨੇ ਦੇਸ਼ ਦੇ ਆਜ਼ਾਦ ਹੋਣ ਤੀਕ ਅਨੇਕ ਵਾਰ ਜੇਲ੍ਹ-ਯਾਤਰਾ ਕੀਤੀ।

"1929 ਵਿਚ ਜਦ ਕਾਂਗਰਸ ਦਾ ਰਾਵੀ ਦੇ ਕਿਨਾਰੇ ਸ੍ਰੀ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਵਿਚ ਇਤਿਹਾਸਕ ਸੈਸ਼ਨ ਹੋਇਆ ਤਾਂ ਪਰਧਾਨ ਦੇ ਜਲੂਸ ਦਾ ਅਕਾਲੀ ਸਿੱਖਾਂ ਨੇ ਨਹਿਰੂ ਰਿਪੋਰਟ ਦੀ ਵਿਰੋਧਤਾ ਦੇ ਕਾਰਨ ਬਾਈਕਾਟ ਕੀਤਾ ਸੀ। ... ਪਰਧਾਨ ਕਾਂਗਰਸ ਦੇ ਜਲੂਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰਨ ਲਈ ਸਵਰਗੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਨੇ ਮਹਾਰਾਜ ਨਿਹਾਲ ਸਿੰਘ ਅਤੇ ਸੰਤ ਮੰਗਲ ਸਿੰਘ ਜੀ ਦੀ ਅਗਵਾਈ ਵਿਚ ਬੜਾ ਵੱਡਾ ਹਿੱਸਾ ਪਾਇਆ। ਸਫੈਦ ਖੱਦਰਧਾਰੀ ਨਾਮਧਾਰੀ ਸਿੱਖਾਂ ਦੀ ਇਹ ਸ਼ਾਨ ਵੇਖਣ ਵਾਲੀ ਸੀ। ...ਮੈਂ ਇਸ ਜਲੂਸ ਦਾ ਇਹ ਮਨ ਮੋਹਣਾ ਨਜ਼ਾਰਾ ਲੁਹਾਰੀ ਮੰਡੀ ਦੇ ਚੌਕ ਵਿਚ ਖਲੋ ਕੇ ਵੇਖਿਆ ਸੀ।...ਜੇ ਉਸ ਜਲੂਸ ਵਿਚ ਨਾਮਧਾਰੀ ਸੰਗਤਾਂ ਸ਼ਾਮਲ ਨਾ ਹੁੰਦੀਆਂ ਤੇ ਮਾਤਾ ਜੀਵਨ ਕੌਰ ਜੀ ਲੰਗਰ ਦਾ ਇੰਤਜ਼ਾਮ ਨਾ ਕਰਦੇ ਤਾਂ ਉਸ ਦੇ ਅਸਫਲ ਰਹਿਣ ਵਿਚ ਕੋਈ ਸ਼ੱਕ ਨਹੀਂ ਸੀ।"[5]

ਇਸ ਤੋਂ ਇਲਾਵਾ ਬਹੁਤ ਸਾਰੇ ਸਮਾਜਿਕ, ਧਾਰਮਿਕ ਅਤੇ ਸੰਪ੍ਰਦਾਇਕ ਮਸਲਿਆਂ ਬਾਰੇ ਵੀ ਆਪ ਦੇ ਯਤਨਾਂ ਦਾ ਪੰਜਾਬੀ ਭਾਈਚਾਰੇ ਵਲੋਂ ਉਚ ਮੁਲੰਕਣ ਕੀਤਾ ਗਿਆ। ਸੰਨ 1934 ਈ. ਵਿਚ ਸ੍ਰੀ ਭੈਣੀ ਸਾਹਿਬ ਦੀ ਪਾਵਨ ਭੂਮੀ ਤੇ ਆਯੋਜਿਤ, ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ, ਅਤੇ ਇਸ ਤੋਂ ਬਾਦ ਪੰਜਾਬ ਦੇ ਹੋਰ ਵੱਡੇ ਸ਼ਹਿਰਾਂ ਵਿਚ ਇਸੇ ਲੜੀ ਤਹਿਤ ਕਾਨਫਰੰਸਾਂ ਕਰਨੀਆਂ, ਸਮੂਹ ਨਾਨਕ ਨਾਮ ਲੇਵਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ, ਫਿਰ ਹਿਦੂ-ਸਿੱਖ-ਮੁਸਲਿਮ ਮਿਲਾਪ ਕਾਨਫਰੰਸਾਂ ਕਰਕੇ, ਆਪ ਨੇ ਪੰਜਾਬੀ ਏਕਤਾ ਦਾ ਹੀ ਵੱਡਾ ਪਰੋਂਲ ਗੋਡ ਧਰਿਆ ਸੀ। ਨਾਨਕ ਪੰਥੀਆਂ ਦੇ ਆਪ ਦੇ ਏਕਤਾ ਮਿਸ਼ਨ ਤੋਂ ਪ੍ਰਭਾਵਿਤ ਹੋ ਕੇ ਹੀ, ਸਾਡੇ ਧੁੰਰਾ-ਕਵੀ ਮੋਹਨ ਸਿੰਘ ਦੀ ਕਵਿਤਾ, 'ਸਿੱਖੀ' ਲਿਖੀ ਗਈ ਮਲੂਮ ਹੁੰਦੀ ਹੈ, ਜਿਸ ਵਿਚ ਉਹ ਸਿੱਖੀ-ਬੂਟੇ ਦੀਆਂ ਅਨੇਕਾਂ ਲਗਰਾਂ-ਸ਼ਾਖਾਂ ਦੀ ਬਾਤ ਪਾਉਂਦਿਆਂ ਸਾਂਝੇ ਮੂਲ ਦਾ ਹੁੰਗਾਰਾ ਭਰਦੇ ਹਨ:

"ਕੀ ਹੋਇਆ ਜੇ ?
ਅੱਜ ਸ਼ਾਖਾਂ ਏਸ ਦੀਆਂ
ਅੱਜ ਲਗਰਾਂ ਏਸ ਦੀਆਂ
ਆਪੋ ਵਿਚ ਪਾਟ ਗਈਆਂ
ਕੋਈ ਪੂਰਬ ਚਲੀ ਗਈ
ਕੋਈ ਪੱਛਮ ਚਲੀ ਗਈ
ਕੋਈ ਪਿੰਡੀ ਜਾ ਬੈਠੀ
ਕੋਈ ਭੈਣੀ ਮੱਲ ਬੈਠੀ
ਪਰ ਮੁੱਢ ਤਾਂ ਇਕੋ ਏ
ਪਰ ਖ਼ੂਨ ਤਾਂ ਸਾਂਝਾ ਏ।" ('ਸਾਵੇ ਪੱਤਰ' ਰਚਿਤ ਪ੍ਰੋ. ਮੋਹਨ ਸਿੰਘ, ਪਹਿਲੀ ਛਾਪ, 1936 ਈ.)

ਪੰਜਾਬੀ ਨਾਲ ਪਿਆਰ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਤੋਂ, ਨਾਮਧਾਰੀ ਪੰਥ ਦੀ ਮਹਾਨ ਵਿਰਾਸਤ ਵਜੋਂ ਹਾਸਲ ਹੋਇਆ ਸੀ। ਉਹਨਾ ਦੇ ਸਮੂਹ ਸਮਕਾਲੀ ਪੰਜਾਬੀ ਸਾਹਿਤਕਾਰਾਂ ਨਾਲ ਇਕ ਅੱਧ ਅਪਵਾਦ ਨੂੰ ਛੱਡ ਕੇ ਬੜੇ ਜੀਵੰਤ ਸੰਬੰਧ ਸਨ। ਪਰਮਾਰਥ ਮਾਰਗ ਦੇ ਪਾਂਧੀ ਸਤਿਗੁਰੂ ਜੀ ਨਾਸਤਕ ਵਿਚਾਰਾਂ ਵਾਲੇ ਸ. ਗੁਰਬਖਸ਼ ਸਿੰਘ ਦੇ ਦਫ਼ਤਰ ਵਿਚ ਸਮਾਧ ਅਕਾਲੀ ਫੂਲਾ ਸਿੰਘ (ਨੌਸ਼ਹਿਰਾ ਛਾਉਣੀ ਦੇ ਲਾਗੇ, ਪੱਛਮੀ ਪੰਜਾਬ) ਵਿਚ ਜਦੋਂ ਪਹੁੰਚੇ ਤਾਂ ਸਰਦਾਰ ਸਾਹਿਬ ਨੇ ਅਚੰਭਿਤ ਹੋ ਕੇ ਪੁੱਛਿਆ, "ਧੰਨ ਭਾਗ ਪਰ ਮੇਰੇ ਵਰਗੀ ਮਜ਼੍ਹਬੀ ਅਛੂਤ ਦੀ ਸੋਅ ਆਪ ਵਰਗੇ ਮਜ਼੍ਹਬੀ ਆਗੂ ਤਕ ਕਿਵੇਂ ਪਹੁੰਚ ਗਈ ?"

"ਉਨ੍ਹਾਂ ਨੇ ਹਸ ਕੇ ਉੱਤਰ ਦਿਤਾ: ਆਪ ਦੀ 'ਪ੍ਰੀਤਲੜੀ' ਪ੍ਰ ਲਿਆਈ ਹੈ।" ਅੱਗੇ ਚੱਲ ਕੇ ਸ. ਗੁਰਬਖਸ਼

Sri Satguru Jagjit Singh Ji eLibrary NamdhariElibrary@gmail.com

ਸਿੰਘ, ਪੰਜਾਬੀ ਦੇ ਚੋਟੀ ਦੇ ਵਾਰਤਕਕਾਰ ਨੇ, ਆਪ ਦਾ ਚਰਿਤਰ ਚਿਤਰਣ ਇਉਂ ਕੀਤਾ ਹੈ:

"ਉਨ੍ਹਾਂ ਦੇ ਬੈਠਣ ਵਿਚ ਉਹ ਸਰਲਤਾ, ਬੋਲ ਵਿਚ ਉਹ ਨਿਰਮਾਣਤਾ, ਦ੍ਰਿਸ਼ਟੀ ਵਿਚ ਉਹ ਖੁਲ੍ਹਾਸਾਪਨ ਕਿ ਵੱਡੇ ਆਦਮੀ ਦੇ ਵਤੀਰੇ ਲਈ ਜਿਹੜੀਆਂ ਸ਼ਰਤਾਂ ਮੈਂ ਰਖੀਆਂ ਹੋਈਆਂ ਹਨ, ਉਹ ਲਗ ਭਗ ਸਭ ਪੂਰੀਆਂ ਹੋ ਗਈਆਂ। ਵੱਡੇ ਆਦਮੀਆਂ ਨੂੰ ਛੋਟੇ ਆਦਮੀਆਂ ਦੀ ਪ੍ਰੀਖਿਆ ਹੀ ਵਡਿੱਤਣ ਦਾ ਰੁਤਬਾ ਦੇਂਦੀ ਹੈ।

"ਹਸੂੰ ਹਸੂੰ ਕਰਦਾ ਚਿਹਰਾ, ਰੌਸ਼ਨ ਨੇਤਰ, ਸਵਦੇਸ਼ੀ ਪਹਿਰਾਵਾ, ਹਿਤੈਸ਼ੀ ਬੋਲ, ਅਗਲੇ ਨੂੰ ਦਲੇਰ ਕਰਨ ਵਾਲਾ ਵਤੀਰਾ, ਘਟ ਬੋਲਣ ਤੇ ਬਹੁਤਾ ਸੁਣਨ ਦਾ ਜਤਨ, ਦੂਜੇ ਦੀਆਂ ਸਿਫ਼ਤਾਂ ਢੂੰਡ ਕੇ ਪ੍ਰਸ਼ੰਸਾ ਕਰਨੀ।"[2]

ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਦੀ ਦੱਸੀ ਵਾਰਤਾ ਮੁਤਾਬਕ ਕਰਤਾਰ ਸਿੰਘ ਦੁੱਗਲ ਹੋਰੀਂ ਲਿਖਦੇ ਹਨ ਕਿ ਸਤਿਗੁਰੂ ਪਰਤਾਪ ਸਿੰਘ ਜੀ ਦਾ ਤੇਜਾ ਸਿੰਘ ਹੋਰਾਂ ਪਾਸ ਖੁੱਲ੍ਹਾ ਆਉਣ ਜਾਣ ਸੀ। ਜਦੋਂ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹਾਉਂਦੇ ਸਨ ਤਾਂ ਇਕ ਦਿਨ ਉਹਨਾਂ ਦੀ ਕੋਠੀ ਵਿਚ ਸਤਿਗੁਰੂ ਜੀ ਅਤੇ ਉਹਨਾਂ ਦੇ ਹਜ਼ੂਰੀ ਸੇਵਕਾਂ ਦਾ ਜਥਾ ਆਏ। "ਮਹਾਰਾਜ ਖ਼ੁਦ ਤਾਂ ਕੋਠੀ ਦੇ ਅੰਦਰ ਬੈਠਕ ਵਿਚ ਤੇਜਾ ਸਿੰਘ ਜੀ ਨਾਲ ਸਿੱਖ ਭਾਈਚਾਰੇ, ਪੰਥ ਦੀਆਂ ਸਮੱਸਿਆਵਾਂ, ਦੇਸ ਦੀ ਸਿਆਸਤ ਬਾਰੇ ਵਿਚਾਰ-ਵਟਾਂਦਰਾ ਕਰਦੇ, ਉਹਨਾਂ ਦੇ ਨਾਲ ਆਇਆ ਅਮਲਾ ਫੈਲਾ ਬਾਹਰ ਬੈਠਾ-ਖਲੋਤਾ ਰਹਿੰਦਾ। ਇਹਨਾਂ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਵਰਗੇ ਵਿਦਵਾਨ ਵੀ ਹੁੰਦੇ ਸਨ।

"ਤੇਜਾ ਸਿੰਘ ਤੇ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਕਾਫ਼ੀ ਬੇਤਕੱਲਫ਼ੀ ਸੀ, ਇਕ ਬੋਧਕ ਸਾਂਝ। ਉਹਨਾਂ ਦੇ ਮੇਲ-ਜੋਲ ਵਿਚ ਕੋਈ ਉਚੇਚ ਨਹੀਂ ਸੀ ਹੁੰਦਾ। ਇਕ ਦੂਜੇ ਨਾਲ ਖੁੱਲ੍ਹ ਕੇ ਗੱਲ ਕਰ ਲੈਂਦੇ ਸਨ।

"ਇਕ ਦਿਨ ਬੈਠੇ ਬੈਠੇ ਤੇਜਾ ਸਿੰਘ ਹੋਰਾਂ ਦੇ ਮਨ ਵਿਚ ਪਤਾ ਨਹੀਂ ਕੀ ਆਈ, ਉਹ ਮਹਾਰਾਜ ਪ੍ਰਤਾਪ ਸਿੰਘ ਜੀ ਨੂੰ ਕਹਿਣ ਲੱਗੇ – ਇਹ ਦੱਸੋ, ਕੀ ਤੁਸੀਂ ਗੁਰੂ ਹੋ? ਇਹ ਲੋਕ ਤੁਹਾਨੂੰ 'ਸਤਿਗੁਰੂ' ਕਹਿੰਦੇ ਨੇ।

ਗੁਰੂ ਤਾਂ ਮੇਰਾ ਬਾਬਾ ਨਾਨਕ ਹੈ...ਗੁਰੂ ਤਾਂ ਮੇਰਾ ਅਰਜਨ ਦੇਵ ਹੈ... ਗੁਰੂ ਤਾਂ ਮੇਰਾ ਬਾਜਾਂ ਵਾਲਾ ਹੈ...ਗੋਬਿੰਦ ਸਿੰਘ। ਗੁਰੂ ਤਾਂ...

"ਤੇਜਾ ਸਿੰਘ ਇਕ ਵੇਗ ਵਿਚ ਕਿਤਨਾ ਚਿਰ ਇੰਞ ਬੋਲਦੇ ਰਹੇ, ਬੋਲਦੇ ਰਹੇ। ਸਾਹਮਣੇ ਬੈਠੇ ਮਹਾਰਾਜ ਸੁਣ ਰਹੇ ਸਨ।...ਮਹਾਰਾਜ ਜੀ ਦੇ ਮੁੱਖੜੇ ਤੇ ਇਕ ਮੁਸਕਾਨ ਖੇਡ ਰਹੀ ਸੀ। ਕਹਿਣ ਲੱਗੇ – ਮੈਂ ਤੁਹਾਡੇ ਨਾਲ ਉੱਕਾ ਸਹਿਮਤ ਹਾਂ।...।

"ਤਾਂ ਫਿਰ ਤੁਸੀਂ 'ਗੁਰੂ' ਕਿਉਂ ਅਖਵਾਉਂਦੇ ਹੋ? ਤੇਜਾ ਸਿੰਘ ਨੇ ਮਹਾਰਾਜ ਜੀ ਨੂੰ ਟੋਕ ਕੇ ਕਿਹਾ।

"ਮੈਂ ਨਹੀਂ ਅਖਵਾਉਂਦਾ।" ਮਹਾਰਾਜ ਪ੍ਰਤਾਪ ਸਿੰਘ ਹੱਸਦੇ ਹੱਸਦੇ ਕਹਿਣ ਲੱਗੇ।

"ਤਾਂ ਫਿਰ ਇਹ ਜਿਹੜੇ ਬਾਹਰ ਤੁਹਾਡੇ ਨਾਮਧਾਰੀ ਖਲੋਤੇ ਨੇ, ਉਹਨਾਂ ਨੂੰ ਤੁਸੀਂ ਕਹਿੰਦੇ ਕਿਉਂ ਨਹੀਂ?" ਤੇਜਾ ਸਿੰਘ ਵਿਚ ਦਾ ਉਸਤਾਦ ਹੁੱਜਤ ਕਰ ਰਿਹਾ ਸੀ।

"ਮੈਂ ਤਿਆਰ ਹਾਂ।" ਮਹਾਰਾਜ ਪ੍ਰਤਾਪ ਸਿੰਘ ਜੀ ਨੇ ਹੁਣ ਸੰਜੀਦਾ ਹੋ ਕੇ ਕਿਹਾ।

"ਇਹਨਾਂ ਨੂੰ ਬੁਲਾ ਕੇ ਮੇਰੇ ਸਾਹਮਣੇ ਕਹਿ ਦਿਉ।" ਤੇਜਾ ਸਿੰਘ ਆਪਣੇ ਤਰਕ ਤੇ ਕਾਇਮ ਸੀ।

"ਬੇਸ਼ੱਕ"। ਮਹਾਰਾਜ ਜੀ ਨਿਠ ਕੇ ਬਹਿ ਗਏ। ਸ਼ਰਧਾਲੂ ਸਿੰਘ ਅੰਦਰ ਲਿਆਂਦੇ ਗਏ।

...ਮਹਾਰਾਜ ਪ੍ਰਤਾਪ ਸਿੰਘ ਜੀ ਆਪਣੇ ਮੁਖਾਰਬਿੰਦ ਤੋਂ ਫ਼ੁਰਮਾਉਣ ਲੱਗੇ:

"ਭਈ ਮੈਂ ਤੁਹਾਨੂੰ ਆਪਣੇ ਮਿੱਤਰ ਤੇਜਾ ਸਿੰਘ ਹੁਰਾਂ ਦੇ ਸਾਹਮਣੇ ਕਹਿੰਦਾ ਹਾਂ– ਮੈਂ ਗੁਰੂ ਨਹੀਂ। ਮੈਂ ਸਾਧਾਰਨ ਇਨਸਾਨ ਹਾਂ, ਤੁਹਾਡੇ ਵਰਗਾ। ਮੈਨੂੰ ਗੁਰੂ ਨਾ ਬੁਲਾਇਆ ਕਰੋ। ਮੈਂ ਗੁਰੂ ਨਹੀਂ। ਮੈਂ ਗੁਰੂ ਨਹੀਂ। ਮੈਂ ਗੁਰੂ ਨਹੀਂ...।"

"ਮਹਾਰਾਜ ਜੀ ਮੁੜ ਮੁੜ ਇਵੇਂ ਪੁਕਾਰ ਕੇ ਕਹਿ ਰਹੇ ਸਨ ਕਿ ਸੰਤ ਇੰਦਰ ਸਿੰਘ ਚੱਕਰਵਰਤੀ ਆਪਣੀ ਥਾਂ ਤੋਂ ਉਠੇ ਤੇ ਮਹਾਰਾਜ ਦੇ ਚਰਨਾਂ ਵਿਚ ਆਪਣਾ ਸੀਸ ਰੱਖ ਕੇ, ਛਲ ਛਲ ਅੱਖੀਆਂ ਵਿਚੋਂ ਹੰਝੂ ਵਹਿ ਰਹੇ, ਕਹਿਣ ਲੱਗੇ, "ਉਹ ਗੁਰੂਆ, ਤੈਨੂੰ ਕੀ ਪਤਾ ਤੂੰ ਕੌਣ ਏਂ?" ਮੁੜ ਮੁੜ ਇਹ ਕਹਿ ਰਹੇ ਸਨ ਤੇ ਮਹਾਰਾਜ ਪ੍ਰਤਾਪ ਸਿੰਘ ਹੋਰਾਂ

Sri Satguru Jagjit Singh Ji eLibrary NamdhariElibrary@gmail.com

ਦੇ ਚਰਨਾਂ ਨੂੰ ਆਪਣੇ ਅੱਥਰੂਆਂ ਦੀ ਝਲਾਰ ਨਾਲ ਧੋ ਰਹੇ ਸਨ।

"ਸੰਤ ਇੰਦਰ ਸਿੰਘ ਚੱਕਰਵਰਤੀ ਵਰਗੇ ਵਿਦਵਾਨ ਤੇ ਸਿਰਜਨਾਤਮਕ ਲੇਖਕ ਦਾ ਇਹ ਹਾਲ ਵੇਖ ਕੇ, ਤੇਜਾ ਸਿੰਘ ਵਿਹ ਦਾ ਬੁੱਧੀਜੀਵੀ, ਕਾਲਜ ਦਾ ਪ੍ਰੋਫ਼ੈਸਰ ਆਪਣੇ ਗਰੀਬਾਨ ਵਿਚ ਝਾਕਣ ਲੱਗ ਪਿਆ।"[3]

ਪੰਜਾਬੀ ਅਤੇ ਸਮੁੱਚੇ ਭਾਰਤੀ ਲੋਕਯਾਨ ਦੇ ਅਦੁੱਤੀ ਪਾਂਧੀ ਦਵਿੰਦਰ ਸਤਿਆਰਥੀ, 1936 ਈ. ਵਿਚ ਪੰਜਾਬੀ ਲੋਕ ਗੀਤਾਂ ਦੀ ਪਹਿਲੀ ਪੁਸਤਕ 'ਗਿੱਧਾ' ਛਪਣ ਨਾਲ ਹੀ ਕਿੰਨੇ ਚਰਚਿਤ ਹੋ ਗਏ ਸਨ ਅਤੇ ਸਤਿਗੁਰੂ ਜੀ ਦੀ ਪਾਰਖੂ ਨਜ਼ਰ ਤੋਂ ਕੋਈ ਵੀ ਨਵੀਂ ਸਾਹਿਤਕ ਕਲਮ ਕਿਵੇਂ ਬਚ ਨਹੀਂ ਸੀ ਸਕਦੀ, ਇਸ ਦਾ ਸਬੂਤ ਉਸੇ ਸਾਲ ਸੰਤ ਇੰਦਰ ਸਿੰਘ ਚੱਕਰਵਰਤੀ ਰਾਹੀਂ ਸਤਿਆਰਥੀ ਜੀ ਨੂੰ ਭੈਣੀ ਸਾਹਿਬ ਪੁੱਜਣ ਦਾ ਨਿਮੰਤਰਣ। ਸਤਿਗੁਰੂ ਜੀ ਨਾਲ ਹੋਈ ਇਸ ਪਹਿਲੀ ਯਾਦ ਨੂੰ, ਸਤਿਆਰਥੀ ਜੀ ਇਉਂ ਚੇਤੇ ਕਰਦੇ ਹਨ:

"ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ-ਲਾਭ ਦੇ ਨਾਲ ਨਾਲ ਸਰੋਪਾ ਪ੍ਰਾਪਤ ਕਰਨ ਦਾ ਸ਼ੁਭ ਅਵਸਰ ਵੀ ਹਾਸਿਲ ਹੋਇਆ।

"ਸਤਿਗੁਰੂ ਜੀ ਦੀ ਆਗਿਆ ਸਦਕਾ ਇਸ ਸ਼ੁਭ ਅਵਸਰ ਤੇ ਮੈਨੂੰ ਲੋਕ ਗੀਤਾਂ ਬਾਰੇ ਇਕ ਨਿੱਕਾ ਜਿਹਾ ਭਾਸ਼ਨ ਦੇਣ ਦਾ ਅਵਸਰ ਵੀ ਮਿਲਿਆ।

"ਮੈਨੂੰ ਕੱਲ੍ਹ ਦੀ ਗੱਲ ਵਾਂਗ ਯਾਦ ਹੈ ਕਿ ਮੈਂ ਭੀ ਸਦੀ ਸੰਕੋਚ ਰਹਿਤ ਹੋ ਕੇ ਗਿੱਧੇ ਦੀ ਇਹ ਬੋਲੀ ਵੀ ਸੁਣਾ ਛੱਡੀ ਸੀ:

"ਹਾਕਾਂ ਮਾਰਦੇ ਬੱਕਰੀਆਂ ਵਾਲੇ,
ਦੁੱਧ ਪੀ ਕੇ ਜਾਵੀਂ ਜੈ ਭੂਰੇ।"[4]

ਇਹਨਾਂ ਮਿਲਣੀਆਂ, ਬੈਠਕਾਂ, ਯਾਦਾਂ ਨੂੰ ਨੋਟ ਕਰਨ ਦਾ ਮਕਸਦ ਇਹ ਦੱਸਣਾ ਹੈ ਕਿ ਸਤਿਗੁਰੂ ਜੀ ਪੰਜਾਬੀ ਸਾਹਿਤ ਦੇ ਗਹਿਰੀ ਪੈਠ ਵਾਲੇ ਪਾਠਕ ਸਨ। ਆਪਣੇ ਸਮੇਂ ਦੇ ਸਾਰੇ ਸਾਹਿਤਕ ਰੁਝਾਨਾਂ ਬਾਰੇ ਜਾਣਕਾਰੀ ਰੱਖਣ ਦੀ ਉਹਨਾਂ ਨੂੰ ਸ਼ੌਂਸ ਸੀ। ਹਿੰਦੀ ਦੇ ਸ੍ਰੇਸ਼ਠ ਕਵੀਆਂ ਨਾਲ ਵੀ ਆਪ ਪ੍ਰੇਮ ਕਰਦੇ ਸਨ। ਉਹਨਾਂ ਦੇ ਉਪਦੇਸ਼ਾਂ ਵਿਚੋਂ ਝਲਕਦੇ ਜੀਵਨ ਫ਼ਲਸਫ਼ੇ ਨੂੰ ਸਮਝਣ ਲਈ ਇਹ ਸਾਹਿਤਕ ਸਬੰਧ ਪਿੱਠ ਭੂਮੀ ਜਿਉਂ ਦ੍ਰਿਸ਼ਟੀਗੋਚਰ ਹੁੰਦੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਇਹ ਉਪਦੇਸ਼ ਕਿਉਂਕਿ ਥਾਈਲੈਂਡ ਦੇ ਦੌਰਿਆਂ ਸਮੇਂ ਰੀਕਾਰਡ ਕਰ ਲਏ ਗਏ ਸਨ ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਹਨਾਂ ਨੂੰ ਪੁਸਤਕ ਰੂਪ ਦੇ ਦਿਤਾ ਗਿਆ। ਸੰਪਾਦਨ ਕਾਰਜ ਦੀ ਸੇਵਾ ਪ੍ਰਿੰਸੀਪਲ ਬੀਬੀ ਬੇਅੰਤ ਕੌਰ ਦਿੱਲੀ ਨੇ ਨਿਭਾਈ। ਗਰੰਥ ਦਾ ਨਾਮਕਰਨ, ਸੁਖਮਨੀ ਸਾਹਿਬ ਦੀ ਇਕ ਤੁਕ ਦੇ ਆਧਾਰ 'ਤੇ 'ਲਾਲ ਏਹਿ ਰਤਨ' ਵੀ ਵਰਤਮਾਨ ਸਤਿਗੁਰੂ ਜੀ ਨੇ ਹੀ ਕੀਤਾ। ਪਹਿਲੀਆਂ ਚਾਰ ਜਿਲਦਾਂ ਬੀਬੀ ਜੀ ਦੁਆਰਾ ਸੰਪਾਦਿਤ ਹਨ ਪਰ ਅੰਤਿਮ ਪੰਜਵੀਂ ਜਿਲਦ ਵਿਚ 2003 ਈ. ਵਿਚ ਬੀਬੀ ਜੀ ਦੇ ਅਕਾਲ ਚਲਾਣੇ ਸਦਕਾ ਕੁਝ ਸੇਵਾ ਉਹਨਾਂ ਦੇ ਪਤੀ ਦੇਵ ਸ. ਸੰਤ ਸਿੰਘ ਜੀ ਨੂੰ ਨਿਭਾਹੁਣੀ ਪਈ। ਸੰਨ 1948 ਈ. ਤੋਂ 1959 ਈ. ਤੱਕ ਦੇ 11 ਕੁ ਵਰ੍ਹਿਆਂ ਦੇ ਜੋ ਉਪਦੇਸ਼ ਜੋ ਰੀਕਾਰਡ ਹੋਏ, ਛਾਪੇ ਗਏ ਹਨ। ਪਹਿਲੀਆਂ 4 ਜਿਲਦਾਂ 1948 ਤੋਂ 1956 ਈ. ਤੱਕ ਦੇ ਸਿਆਮ ਦੇਸ (ਥਾਈਲੈਂਡ) ਦੇ ਦੌਰਿਆਂ ਨਾਲ ਸਬੰਧਿਤ ਹਨ, ਜਦੋਂ ਕਿ ਪੰਜਵੀਂ ਜਿਲਦ ਵਿਚ 1958, 1959 ਦੇ ਸਿਆਮ ਅਤੇ ਅਫ਼ਰੀਕਾ ਦੇ ਦੌਰਿਆਂ ਤੋਂ ਇਲਾਵਾ ਦਿੱਲੀ ਦੇ 1956 ਈ. ਦੇ ਅਤੇ ਸ੍ਰੀ ਭੈਣੀ ਸਾਹਿਬ ਦੀ 1957 ਦੇ ਸਾਲ ਦੇ ਰੀਕਾਰਡ ਹੋਏ ਉਪਦੇਸ਼ਾਂ ਦਾ ਸੰਕਲਨ ਹੈ। ਇਤਿਹਾਸਕ ਪੱਖ ਤੋਂ, ਪੰਜਵੀਂ ਜਿਲਦ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਦਿਤਾ ਉਪਦੇਸ਼ ਬਹੁਤ ਮਹੱਤਵਪੂਰਨ ਹੈ। ਇਸ ਵਿਚ ਸਤਿਗੁਰੂ ਜੀ ਦੇ ਬਚਪਨ ਅਤੇ ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਦੇ ਨਾਲ ਆਪ ਦੇ ਬਾਲ ਕਾਲ ਦਾ ਬੜਾ ਸਜੀਵ ਚਿਤਰਣ ਮਿਲਦਾ ਹੈ।

"ਐਨੀ ਗੱਲ ਯਾਦ ਹੈ ਬਈ, ਦੋ ਸਾਲ ਦੀ ਮੇਰੀ ਉਮਰ ਸੀ, ਜਦੋਂ ਮਾਤਾ ਨਿਕਲੀ ਸੀ। ...ਫਿਰ ਗੁਰੂ ਹਰੀ ਸਿੰਘ ਜੀ ਦੌਰੇ ਤੋਂ ਆਏ ਹਨ। ਪੰਜਾਹ ਸੰਮਤ ਹੀ ਬਣੇਗਾ, ਪੌਣੇ ਪੰਜ ਸਾਲ ਦੀ ਮੇਰੀ ਉਮਰ ਹੈ, ਛਤਾਲੀ (ਸੰਮਤ

Sri Satguru Jagjit Singh Ji eLibrary NamdhariElibrary@gmail.com

1946 ਬਿਕ੍ਰਮੀ) ਦਾ ਜਨਮ ਹੈ। ...ਨਹੀਂ ਇਕਵੰਜਾ (ਸੰਮਤ 1951 ਬਿਕ੍ਰਮੀ) ਬਣੇਗਾ।

"ਓਦੂੰ ਬਾਅਦ ਫਿਰ ਇਹ ਦੌਰਾ ਪੌਣੇ ਪੰਜ ਸਾਲ ਦੀ ਮੇਰੀ ਉਮਰ ਹੈ ਭੈਣੀ ਸਾਹਿਬ ਤੋਂ ਜਦੋਂ ਤੁਰੇ ਹਾਂ। ਇਸ ਤੋਂ ਪਹਿਲਾਂ ਬੈਲਦ ਲਿਆਂਦੇ ਹਨ ਚੌਂਦ੍ਹਾਂ ਇਕੱਠੇ ਖਰੀਦ ਕੇ। ਸਭ ਤੋਂ ਜ਼ਿਆਦਾ ਓਦੋਂ ਬੈਲਦ ਇਕ ਦੀ ਕੀਮਤ ਛਿਹੱਤਰ ਰੁਪਏ ਲੱਗੀ ਸੀ। ...ਪਹਿਲੇ ਦਿਨ ਤੁਰ ਕੇ ਭੈਣੀ ਸਾਹਿਬ ਤੋਂ ਲੋਹਗੜ੍ਹ ਦੌਰਾ ਆਇਆ ਹੈ। ਅਗਲੇ ਦਿਨ ਗੁੱਜਰਵਾਲ ਫਿਰ ਖੰਜਰ ਵਾਲ ਫੱਜਾ ਵਾਲ, ਰੂਮੀ, ਬੰਪਾਰਾਇ, ਐਨਾ ਕੁ ਮੈਨੂੰ ਪਤਾ ਹੈ।"[5]

ਮਾਲਵਾ, ਮਾਝਾ, ਦੁਆਬ ਅਤੇ ਪੁਆਧ ਦੇ ਬਹੁਤ ਸਾਰੇ ਪਿੰਡਾਂ, ਸ਼ਹਿਰਾਂ, ਨਾਲ ਜਾਣ ਵਾਲੇ ਸਿੱਖ-ਸੇਵਕਾਂ ਅਤੇ ਰਾਗੀਆਂ-ਰਬਾਬੀਆਂ, ਢਾਡੀਆਂ ਦੇ ਨਾਂ ਥਾਂ 1895 ਈ. ਤੋਂ 1900 ਈ. ਤੱਕ ਦੇ, ਗੁਰੂ ਹਰੀ ਸਿੰਘ ਜੀ ਦੇ ਦੌਰਿਆਂ ਸਬੰਧੀ ਇਤਿਹਾਸਕ ਸਮੱਗਰੀ ਇਸ ਉਪਦੇਸ਼ ਵਿਚ ਦਰਜ ਹੈ। ਪੁਲੀਸ ਅਤੇ ਜ਼ਿਲ੍ਹਾ ਅਧਿਕਾਰੀ ਕਿਵੇਂ ਮਨਜ਼ੂਰੀ ਦਿੰਦੇ ਸਨ, ਕਿਵੇਂ ਗੁਰੂ ਹਰੀ ਸਿੰਘ ਜੀ ਦੇ ਦੌਰੇ ਤੇ ਨਿਗਰਾਨੀ ਰੱਖਦੇ ਸਨ ਇਹ ਵੇਰਵੇ ਵੀ ਬਿਆਨ ਕੀਤੇ ਗਏ ਹਨ। ਸਾਡੀ ਨਵੀਂ ਪੀੜ੍ਹੀ ਬੈਲਾਂ ਨੂੰ ਕੰਨ੍ਹਾਂ ਪੈਣ ਜਾਂ ਚਾਂਦੀ ਪੈਣ ਤੋਂ ਅਨਜਾਣ ਹੈ, ਪਰ ਸਤਿਗੁਰੂ ਜੀ ਦੇ ਉਪਦੇਸ਼ਾਂ ਵਿਚ ਬੈਲ-ਗੱਡਾ, ਹਲ ਵਾਹੁਣ ਵਾਲਿਆਂ ਦੀ ਇਹ ਸਮੱਸਿਆ ਸ਼ਾਮਲ ਕਰਕੇ ਲੁਪਤ ਹੋਣ ਤੋਂ ਬਚਾ ਲਈ ਗਈ ਹੈ:

"ਬਿਲਾਸਪੁਰ ਜਾ ਕੇ ਫਿਰ ਅਸਾਂ ਬੈਲਦ ਲਿਆ ਗੱਡੀ ਵਾਸਤੇ। ਬੂਟਾ ਸਿੰਘ, ਸਿੰਘ ਸੀ ਉਥੇ ਨਾਮਧਾਰੀ, ਉਹਦੇ ਘਰ ਬੈਲਦ ਸੀ, ਉਹਦਾ ਕੰਨ੍ਹਾ ਖਰਾਬ ਹੋਇਆ ਹੋਇਆ ਸੀ। ਕੰਨ੍ਹੇ 'ਚ ਚਾਂਦੀ ਪਈ ਹੋਈ ਸੀ। ਚਾਂਦੀ ਕਹਿੰਦੇ ਹਨ ਜੇ ਜ਼ਖ਼ਮ ਹੋ ਜਾਏ। ਉਹਦਾ ਫਿਰ ਇਲਾਜ ਕੀਤਾ। ਬਾਬੇ ਵਜ਼ੀਰ ਸਿੰਘ ਹੁਰੀਂ ਸਾਨੂੰ ਖਿਡਾਉਂਦੇ ਹੁੰਦੇ ਸਨ ਜਿਹੜੇ, ਜਦੋਂ ਜਾ ਕੇ ਛੱਡਣਾ ਨਾ ਗੱਡੀਉਂ ਬੈਲਦ ਨੂੰ, ਉਦੋਂ ਇਕ ਹੱਥ ਨਾਲ ਠੰਢੇ ਪਾਣੀ ਦੀ ਧਾਰ ਪਾਈ ਜਾਣੀ, ਤੇ ਦੂਹੇ ਹੱਥ ਨਾਲ ਸਾਬਣ ਲਾਈ ਜਾਣਾ। ਉਹਦਾ ਕੰਨ੍ਹ ਉਹ ਠੀਕ ਕੀਤਾ ਸੀ ਇਸ ਤਰ੍ਹਾਂ।"[6]

ਅੰਗਰੇਜ਼ ਸਰਕਾਰ ਦੀਆਂ ਖੁਸ਼ਾਮਦਾਂ ਕਰਕੇ, ਆਪਣੀਆਂ ਝੋਲੀਆਂ ਭਰਨ ਵਾਲੇ, ਕਾਂਗਰਸ ਸਰਕਾਰ ਵਿਚ ਵੀ ਪੇਸ਼ ਨਜ਼ਰ ਆਉਂਦੇ ਹਨ। ਸਤਿਗੁਰੂ ਜੀ ਆਪਣੇ ਉਪਦੇਸ਼ਾਂ ਵਿਚ ਇਸ ਵਰਤਾਰੇ ਨੂੰ ਵੀ ਦੁਖੀ ਹਿਰਦੇ ਨਾਲ ਨੋਟ ਕਰ ਰਹੇ ਹਨ:

"ਜਿਹੜੇ ਆਈ ਸੀ ਐਸ. ਉਦੋਂ ਸਾਡੇ ਸਿਰ ਉਤੇ ਜੁੱਤੀ ਫੇਰਦੇ ਸੀ, ਉਹੀ ਅੱਜ ਸਾਡੇ ਸਿਰ ਦੇ ਉਤੇ ਚੜ੍ਹੇ ਹੋਏ ਹਨ। ....ਸਾਡੇ ਸਾਹਮਣੇ ਉਹ ਆਦਮੀ ਆਏ - ਮੈਨੂੰ ਇਕ ਸਰਦਾਰ ਮਿਲਿਆ। ਉਹਦਾ ਭਰਾ ਵੱਡਾ, ਵੱਡਾ ਅਫ਼ਸਰ ਹੈ। ਉਹ ਮੇਰੇ ਨਾਲ ਹੱਸਣ ਲੱਗ ਪਿਆ। ਉਹ ਮੈਨੂੰ ਕਹਿਣ ਲੱਗਾ, ਅਸੀਂ ਹੁਣ ਵੀ ਤੁਹਾਡੇ ਤੋਂ ਅੱਗੇ ਹੋ ਜਾਣਾ ਹੈ - ਸੰਤਾਲੀ (ਸੰਨ 1947) ਦੀ ਗੱਲ ਹੈ। ਮੈਂ ਕਿਹਾ ਕਿਉਂ ? ਕਹਿੰਦਾ - ਅਸੀਂ ਖੱਦਰ ਦੇ ਲੀੜੇ ਪਾ ਲੈਣੇ ਹਨ। ਅੱਗੇ ਉਹ ਗੌਰਮਿੰਟ ਦੇ ਅੱਗੇ ਰਹੇ ਹਾਂ, ਹੁਣ ਇਸ ਦੇ। ਹੁਣ ਮੈਂ ਦੇਖਦਾਂ, ਉਹ ਹੁਣ ਇਕ ਵੱਡੇ ਅਹੁਦੇ 'ਤੇ ਲੱਗਾ ਹੋਇਆ ਹੈ, ਦੂਜਾ ਭੀ ਸਾਥੋਂ ਅੱਗੇ ਹੈ।"

"ਮੈਂ ਗੌਰਮਿੰਟ ਨੂੰ ਵੀ ਇਹ ਚਿਤਾਵਨੀ ਦਿੰਨਾਂ ਕਿ ਕਾਂਗਰਸ ਦਾ ਵੱਕਾਰ ਭੀ ਖ਼ਰਾਬ ਹੋ ਰਿਹੈ। ਸਾਨੂੰ ਦੁੱਖ ਲਗਦਾ ਹੈ, ਜਿੱਥੇ ਤੁਅੱਲਕ ਹੁੰਦਾ ਹੈ, ਉੱਥੇ ਉਸ ਗੱਲ ਦਾ ਦੁਖ ਲਗਦਾ ਹੈ ਕਿ ਕਾਂਗਰਸ ਵਿਚ ਵੀ ਉਹ ਆਦਮੀ ਆ ਵੜੇ ਝੋਲੀ ਚੁੱਕ, ਜਿਹਨਾਂ ਨੇ ਅੰਗਰੇਜ਼ ਦੇ ਰਾਜ ਵਿਚ ਪਿਠ ਠੋਕੀ, ਔਰ ਉਧਰੋਂ ਉਹ ਲੈ ਕੇ ਆਏ, ਕਿਉਂ - ਉਹਨਾਂ ਨੂੰ ਬੜੀ ਖ਼ੁਸ਼ਾਮਦ ਕਰਨ ਦੀ ਜਾਚ ਹੈ। ਅਸੀਂ ਕਿਸੇ ਸਹੁਰੇ ਦੇ ਅੱਗੇ ਦਸ ਸਾਲ ਖੜ੍ਹੇ ਹੋ ਕੇ ਗੱਲ ਨਾ ਕੀਤੀ। ਸਾਨੂੰ ਇਹ ਭੀ ਗੱਲ ਮੁਸ਼ਕਲ ਹੋ ਗਈ।"[7]

15.09.1957 ਦੇ ਇਕ ਮੇਲੇ ਸਮੇਂ ਸ੍ਰੀ ਭੈਣੀ ਸਾਹਿਬ ਵਿਚ ਦਿੱਤੇ ਇਸ ਉਪਦੇਸ਼ ਵਿਚ ਸਤਿਗੁਰੂ ਜੀ, ਸਮਕਾਲੀ ਸਿਆਸੀ ਪਰਸੰਗ ਤੇ ਸਟੀਕ ਟਿੱਪਣੀ ਵੀ ਕਰ ਰਹੇ ਹਨ ਅਤੇ ਆਪਣੇ ਖ਼ੁਦਦਾਰ ਸੁਭਾਉ ਤੋਂ ਵੀ ਸ਼ਰੋਤਿਆਂ/ ਪਾਠਕਾਂ ਨੂੰ ਜਾਣੂ ਕਰਾ ਰਹੇ ਹਨ। ਉਹਨਾਂ ਨੂੰ ਅਹਿਸਾਸ ਹੋ ਰਿਹਾ ਹੈ ਕਿ ਨਵ ਉਸਰਿਆ ਭਾਰਤ ਦਾ ਜਮਹੂਰੀ ਸੰਸਦੀ ਗਣਤੰਤਰੀ ਢਾਂਚਾ, ਆਪਣੀਆਂ ਘੱਟ ਗਿਣਤੀਆਂ ਨਾਲ ਨਿਆਂ ਨਹੀਂ ਕਰ ਸਕੇਗਾ। ਭਵਿੱਖ ਦੇ ਗਰਭ ਵਿਚ ਲੁਕੀਆਂ

Sri Satguru Jagjit Singh Ji eLibrary NamdhariElibrary@gmail.com

ਤਲਖ਼ ਹਕੀਕਤਾਂ ਨੂੰ ਪਹਿਚਾਨਣ ਵਾਲੀ ਦ੍ਰਿਸ਼ਟੀ ਸੀ, ਆਪ ਦੇ ਪਾਸ।

ਪਹਿਲਾਂ ਅੰਗਰੇਜ਼ ਬਸਤੀਵਾਦ ਭਾਰਤ ਸਮੇਤ ਹੋਰਨਾਂ ਗ਼ੁਲਾਮ ਮੁਲਕਾਂ ਨੂੰ ਲੁੱਟਦਾ ਰਿਹਾ। ਹੁਣ ਇਹੋ ਕੰਮ ਅਮਰੀਕਨ ਸਾਮਰਾਜ ਦੇ ਜ਼ਿੰਮੇ ਹੈ। ਇਸ ਇਤਿਹਾਸਕ ਤਬਦੀਲੀ ਨੂੰ ਸਮਝਣ ਦੇ ਸਮਰੱਥ ਵੀ ਸਤਿਗੁਰੂ ਜੀ ਜਿਹੀ ਧੁੱਗ ਬੋਧ ਨਾਲ ਲੈਸ ਕੋਈ ਉਚ ਸ਼ਖ਼ਸੀਅਤ ਹੋ ਸਕਦੀ ਹੈ:

"ਅਸੀਂ ਅਜੇ ਦੇਖ ਰਹੇ ਹਾਂ ਕਿ ਅਜੇ ਅੰਗਰੇਜ਼ ਭਾਵੇਂ ਅਮਰੀਕਾ ਦੇ ਰੂਪ ਵਿਚ ਹੈ, ਕਿਸੇ ਰੂਪ ਵਿਚ ਹੈ, ਸਾਡੇ ਮੁਲਕ ਉਤੇ ਮੂੰਹ ਅੱਡੀ ਬੈਠਾ ਹੈ। ਸਾਨੂੰ ਅਜੇ ਭੀ ਉਹ ਚੂਭਦਾ ਹੈ।"[8]

ਸਤਿਗੁਰੂ ਜੀ ਦੇ ਸਮੇਂ ਪੰਜਾਬ ਦੀ ਭਾਸ਼ਾ ਕਿਹੜੀ ਹੋਵੇ ਅਤੇ ਫਿਰ ਇਸ ਭਾਸ਼ਾ ਦੀ ਲਿੱਪੀ ਕਿਹੜੀ ਹੋਵੇ, ਇਹ ਵਿਵਾਦ ਫ਼ਿਰਕੂ ਤਾਕਤਾਂ ਵੱਲੋਂ ਉਠਾਇਆ ਗਿਆ ਸੀ। ਚੋਖੇ ਪੰਜਾਬੀਆਂ ਨੇ ਇਸੇ ਫਿਰਕੂ ਸੋਚ ਕਾਰਨ ਮਾਂ ਬੋਲੀ ਤੋਂ ਮੂੰਹ ਮੋੜ ਲਿਆ ਸੀ। ਸਤਿਗੁਰੂ ਜੀ ਭਾਸ਼ਾ ਤੇ ਲਿਪੀ ਦੇ ਮਾਮਲੇ ਵਿਚ ਬੜੀ ਵਿਗਿਆਨਕ ਪਹੁੰਚ ਅਖ਼ਤਿਆਰ ਕਰਦੇ ਹੋਏ ਹਿੰਦੂ ਭਾਈਚਾਰੇ ਨੂੰ ਵੀ ਹਠ ਨੂੰ ਤਿਲਾਂਜਲੀ ਦੇਣ ਦੀ ਜਜ਼ਬਿਆਂ ਗੁੰਧੀ ਅਪੀਲ ਕਰ ਰਹੇ ਹਨ:

"ਮੇਰੇ ਭਰਾਵਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਮੇਰਾ ਐਡਾ ਵੱਡਾ ਮੁਲਕ ਹੈ। ਸਾਡੀਆਂ ਐਨੀਆਂ ਬੋਲੀਆਂ ਹਨ। ਇਹਨੂੰ ਗੁਰਮੁਖੀ ਨੂੰ ਉਤਾਂਹ ਲਿਜਾਣਾ ਚਾਹੀਦਾ ਹੈ, ਦਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਨੂੰ ਹੇਠਾਂ ਨਹੀਂ ਸੁੱਟਣਾ ਚਾਹੀਦਾ, ਸਾਡੀ ਮਾਦਰੀ ਜ਼ੁਬਾਨ ਹੈ, ਸਾਡੀ ਘਰ ਦੀ ਚੀਜ਼ ਹੈ। ਇਹਦੇ 'ਚ ਜੇ ਅਗਰ ਕੋਈ ਮੇਰੇ ਤੇ ਨਾਰਾਜ਼ ਹੈ ਤਾਂ ਬੇਸ਼ਕ ਹੋਵੇ–ਅਸੀਂ ਪੰਜਾਬੀ ਹਾਂ, ਪੰਜਾਬੀ ਸਾਡਾ ਹੱਕ ਹੈ ਬੋਲਣਾ। ਸਾਨੂੰ ਬੋਲਣਾ ਚਾਹੀਦਾ ਹੈ ਔਰ ਸਾਡੀ ਗੁਰਮੁਖੀ ਲਿਪੀ ਜਿਹੜੀ ਹੈ, ਕਦੇ ਤਿਰਸਕਾਰ ਨਹੀਂ ਇਹਦਾ ਹੋਣਾ ਚਾਹੀਦਾ। ਮੈਂ ਜਦ ਹਿੰਦੀ ਦਾ ਐਡਾ ਸਨਮਾਨ ਕਰਦਾ ਹਾਂ, ਤਾਂ ਹਿੰਦੀ ਵਾਲੇ ਮੇਰੇ ਭਰਾਵਾਂ ਨੂੰ ਵੀ ਮੇਰੀ ਅਰਜ਼ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਆਪਸ ਵਿਚ ਰਲ ਕੇ ਬੈਠ ਕੇ ....।"[9]

ਜਦੋਂ ਆਪ ਨੂੰ ਨਾਮਧਾਰੀ ਪੰਥ ਦੀ ਅਗਵਾਈ ਕਰਦਿਆਂ 51 ਸਾਲ ਪੂਰੇ ਹੋ ਚੁੱਕੇ ਸਨ ਤਾਂ ਇਸ ਵਕਤ ਵਿਚ ਨਾਮਧਾਰੀ ਸੰਗਤ ਵਲੋਂ, ਆਪ ਦੇ ਹਰ ਹੁਕਮ ਤੇ ਜਿਵੇਂ ਫੁੱਲ ਚੜ੍ਹਾਏ ਗਏ ਇਸ ਨੂੰ ਯਾਦ ਕਰਦਿਆਂ ਵੀ ਆਪ ਭਾਵ ਵਿਭੋਰ ਹੋ ਜਾਂਦੇ ਹਨ– ਇਹ ਹੁਕਮ ਭਾਵੇਂ ਧਾਰਮਿਕ ਮਰਿਆਦਾ, ਪਾਠ ਪੂਜਾ, ਹਵਨ, ਸੁੱਚ ਸੋਧ, ਨਾਮ ਬਾਣੀ ਅਤੇ ਗੁਰੂ ਕੇ ਲੰਗਰ ਦੇ ਅਤੁੱਟ ਪਰਵਾਹ ਚਲਾਉਣ ਬਾਰੇ ਸੀ। ਭਾਵੇਂ ਸਮਾਜਿਕ ਰਸਮਾਂ ਦੀ ਸਿੱਧੀ ਸਾਦੀ ਪੂਰਤੀ ਬਾਰੇ ਸੀ। ਭਾਵੇਂ ਕਿਸੇ ਸਿੰਘ ਨੂੰ ਕੋਈ ਵਿਅਕਤੀਗਤ ਸੇਵਾ ਲਾਈ ਜਾਂ ਫਿਰ ਪਿਛਲੀਆਂ ਤੇ ਵਰਤਮਾਨ ਲੋਕ ਵਿਰੋਧੀ ਸਰਕਾਰਾਂ ਵਿਰੁੱਧ ਕੋਈ ਕਰੜਾ ਪੈਂਤੜਾ ਧਾਰਨ ਕਰਨ ਬਦਲੇ ਸੀ। ਆਪ ਫੁਰਮਾਉਂਦੇ ਹਨ:

"ਨਾਮਧਾਰੀ ਪੰਥ ਦੀ ਸੇਵਾ ਕਰਵਾ ਸਕਦੇ ਹਨ ਸਤਿਗੁਰ। ਉਹਨਾਂ ਦਾ ਹੱਥ ਨਾ ਹੋਵੇ ਤਾਂ ਕੁਝ ਨਹੀਂ ਹੋ ਸਕਦਾ। ਇਹਨਾਂ ਸਾਲਾਂ ਵਿਚ ਜੋ ਕੁਝ ਹੋਇਆ, ਸਾਧ ਸੰਗਤ ਨੇ– ਮੈਂ ਕਹਿਨਾਂ ਕਿ ਮੇਰੇ ਖ਼ਿਆਲ ਵਿਚ – ਸਤਿਗੁਰੂ ਰਾਮ ਸਿੰਘ ਦਾ ਐਨਾ ਹੁਕਮ ਨਹੀਂ ਮੰਨਿਆ ਜਿੰਨਾ ਮੇਰਾ ਮੰਨਿਐ। ਮੈਨੂੰ ਫ਼ਖ਼ਰ ਹੈ ਇਹਨਾਂ ਉੱਤੇ।"[10]

ਨਾਮਧਾਰੀ ਪੰਥ ਦਾ ਧਾਰਮਿਕ ਆਧਾਰ ਨਿਰੰਤਰ ਨਾਮ ਬਾਣੀ ਨਾਲ ਜੁੜੇ ਰਹਿਣਾ। ਇਸ ਸਬੰਧ ਵਿਚ ਸ੍ਰੀ ਭੈਣੀ ਸਾਹਿਬ ਦੀ ਪੁਰਾਤਨ ਰੀਤੀ ਕੈਸੀ ਸੀ ਅਤੇ ਅੱਜ ਦੇ ਸਿੰਘ ਭਜਨ ਬਾਣੀ ਦੀ ਬਜਾਏ ਪਰ–ਨਿੰਦਾ ਵਿਚੋਂ ਅਨੰਦ ਕਿਉਂ ਭਾਲਦੇ ਹਨ ਇਹ ਪ੍ਰਸ਼ਨ ਸਤਿਗੁਰੂ ਜੀ ਸਿਆਮ ਦੀ ਨਾਮਧਾਰੀ ਸੰਗਤ ਨਾਲ 1950 ਈ. ਵਿਚ ਸਾਂਝੇ ਕਰਦੇ ਹਨ:

"ਪੁਰਾਣੇ ਸਾਧੂ ਕਹਿੰਦੇ ਹਨ ਕਿ ਜਿਸ ਵੇਲੇ ਦੌਰੇ ਵਿਚ ਵੀ ਸਤਿਗੁਰੂ (ਰਾਮ ਸਿੰਘ) ਸੱਚੇ ਪਾਤਸ਼ਾਹ ਜਾਂਦੇ ਸੀ ਨਾਮਧਾਰੀ ਸਿੰਘ ਉਦੋਂ ਗੱਲ ਨਹੀਂ ਸੀ ਕੋਈ ਕਰਦਾ। ਜੇ ਦੋ ਤੁਰੇ ਜਾਂਦੇ ਹਨ ਇਕੱਠੇ ਤੇ ਸ਼ਬਦ ਪੜ੍ਹਦੇ ਜਾਂਦੇ ਹਨ ਜੇ ਕੱਲਾ ਜਾਂਦਾ ਹੈ ਤਾਂ ਬਾਣੀ ਪੜ੍ਹਦਾ ਜਾਂਦਾ ਹੈ ਜਾਂ ਭਜਨ ਕਰਦਾ ਜਾਂਦਾ ਹੈ, ਗੱਲ ਨਹੀਂ ਸੀ ਕੋਈ ਕਰਦਾ।"

"ਭਾਈ ਗੰਗਾ ਸਿੰਘ ਜੀ ਉਪਦੇਸ਼ਕ ਸਿੰਘ ਸਭਾ ਦੇ ਪੁਰਾਣੇ ਆਦਮੀ ਹਨ, ਜਿਹੜੇ ਤੇਜਾ ਸਿੰਘ ਬਾਬੂ ਭਸੌੜ

Sri Satguru Jagjit Singh Ji eLibrary NamdhariElibrary@gmail.com

ਵਾਲੇ ਨਾਲ ਰਹੇ। ਉਹ ਮੈਨੂੰ ਮਿਲਦੇ ਮਿਲੇ, ਕਹਿੰਦੇ ਹਨ, "ਮੈਂ ਭੈਣੀ ਸਾਹਿਬ ਗਿਆ, ਮੈਂ ਉਸ ਵੇਲੇ ਜੋ ਕੁਝ ਜਾ ਕੇ ਦੇਖਿਆ, ਭਾਈ ਜਿਹੜਾ ਲੱਕੜਾਂ ਢੋਂਦਾ ਹੈ- ਉਹ ਵੀ ਬਾਣੀ ਪੜ੍ਹਦਾ ਹੈ ਜਾਂ ਭਜਨ ਕਰਦਾ ਹੈ, ਜਿਹੜਾ ਘੋੜੇ ਨੂੰ ਖਰਖਰਾ ਕਰਦਾ ਹੈ – ਉਹ ਵੀ ਉਹੋ ਕੁਛ ਕਰਦਾ ਹੈ, ਜਿਹੜਾ ਲੰਗਰ ਕਰਦਾ ਹੈ।" – ਪਰ ਹੁਣ ਤਾਂ ਸਾਨੂੰ ਇਹੋ ਕੁਛ ਨਹੀਂ ਮੁੱਕਦਾ – ਸੇਠ ਦਿਆਲ ਸਿੰਘ ਨੇ ਫਲਾਨੀ ਗੱਲ ਕਰ ਦਿੱਤੀ, ਨਰੈਣ ਸਿੰਘ ਨੇ ਆਹ ਕੁਛ ਕਰ ਦਿਤਾ, ਬਾਬੂ ਮੰਗਲ ਦਾਸ ਇਉਂ ਕਰਦਾ ਹੈ, ਪੰਡਿਤ ਰਘੂ ਨਾਥ ਇਹ ਕਰਦਾ, ਪਰਤਾਪ ਸਿੰਘ ਇਹ ਕਰਦਾ ਹੈ, ਆਲ੍ਹਾ ਸਿੰਘ ਕਰਦਾ ਹੈ, ਫਲਾਣਾ ਇਹ ਕਰਦਾ ਹੈ। ਜੇ ਹੋਵੇ ਕਿਸੇ ਦੀ ਨਿੰਦਿਆ ਤਾਂ ਬੜਾ ਕੰਨਾਂ ਨੂੰ ਸੁਆਦ ਆਉਂਦਾ ਹੈ, ਉਥੇ ਕੋਲ ਬਹਿ ਕੇ...ਸੁਣੀਦੀ ਹੈ – ਜੇ ਹੋਵੇ ਕਿਸੇ ਦੀ ਉਸਤਤ ਫਿਰ ਉਥੇ ਚੁੱਪ ਕਰ ਕੇ ਭੱਜਣ ਦੀ ਕਰੀਦੀ ਹੈ...।"[11]

ਲਾਹੌਰ ਭਾਈ ਤਾਰੂ ਸਿੰਘ ਦੇ ਸ਼ਹੀਦ ਗੰਜ ਦੇ ਮੁਆਮਲੇ ਵਿਚ ਪਿਛਲੀ ਸਦੀ ਦੇ ਚੌਥੇ ਦਹਾਕੇ ਵਿਚ ਵਾਹਵਾ ਵਿਵਾਦ ਭਖ ਗਿਆ ਸੀ। ਉਸ ਵੇਲੇ ਦੇ ਗਵਰਨਰ ਪੰਜਾਬ ਨੇ ਇਹ ਸਮਝ ਕੇ ਕਿ ਕੂਕੇ ਅਕਾਲੀ ਸਿੱਖਾਂ ਤੋਂ ਵੱਖਰੇ ਹਨ ਕੁਝ ਮੁੱਦਿਆਂ ਤੇ, ਸਤਿਗੁਰੂ ਜੀ ਪਾਸ ਇਸ ਮਾਮਲੇ ਵਿਚ ਮੱਦਦ ਦੀ ਗੁਹਾਰ ਲਾਈ। ਪਰ ਸਤਿਗੁਰੂ ਜੀ ਸਮੁੱਚੇ ਸਿੱਖ ਪੰਥ ਦੀ ਏਕਤਾ ਨੂੰ ਕਦੇ ਵੀ ਅਖੋਂ ਪਰੋਖੇ ਨਹੀਂ ਸਨ ਹੋਣ ਦਿੰਦੇ। ਆਪ ਦੇ ਉਪਦੇਸ਼ਾਂ ਵਿਚ, ਇਸ ਵਾਕਿਆ ਤੇ ਪੰਛੀ ਝਾਤ ਵੀ ਹੈ ਤੇ ਗਵਰਨਰ ਪੰਜਾਬ ਨੂੰ ਸਪਸ਼ਟ ਤਾੜਨਾ ਭਰੇ ਲਫਜ਼ਾਂ ਵਿਚ ਕੌਮੀ ਏਕਤਾ ਬਾਰੇ ਕਿਸੇ ਭੁਲੇਖੇ ਵਿਚ ਨਾ ਰਹਿਣ ਲਈ ਕਿਹਾ ਗਿਆ ਹੈ:

"ਇਹ ਉਹਨਾਂ ਦਿਨਾਂ ਦੀ ਗੱਲ ਹੈ, ਜਿਸ ਵੇਲੇ ਸ਼ਹੀਦ ਗੰਜ ਦਾ ਮਾਮਲਾ ਲਾਹੌਰ ਵਾਲਾ, ਬਾਬੇ ਤਾਰੂ ਸਿੰਘ ਵਾਲਾ ਚੱਲ ਰਿਹਾ ਸੀ। ਇਹ ਇਕ ਖ਼ਾਸ ਗੱਲ ਹੈ, ਧਿਆਨ ਦੇ ਕੇ ਵੇਖਣ ਵਾਲੀ ਗੱਲ ਹੈ, ਓਦੋਂ ਤਕ ਵੀ ਸਾਡੇ ਮਹਾਤਮਾ, ਸਾਡੇ ਸਿੱਖ, ਮੈਂ ਨਾਮ ਨਹੀਂ ਉਹਨਾਂ ਦਾ ਲੈਂਦਾ...। ਜਿਸ ਦਿਨ ਉਹ (ਹੈਨਰੀ ਕਰੇਗ) ਗਵਰਨਰ ਬਣ ਕੇ ਆਇਆ, ਫੇਰ ਮੇਰੇ ਨਾਲ ਉਹਦਾ ਪਿਆਰ ਪੈ ਗਿਆ। ...ਮੈਂ ਉਹਨੂੰ ਗਵਰਨਰੀ ਦੀ ਵਧਾਈ ਦੇਣ ਗਿਆ, ਮੈਨੂੰ ਕਹਿਣ ਲੱਗਾ, "ਮੈਂ ਤੇਰੇ ਨਾਲ ਇਕ ਗੱਲ ਕਰਨੀ ਚਾਹੁੰਦਾ ਹਾਂ।"

ਮੈਂ ਕਿਹਾ, "ਦੱਸ।"

"ਕੁਝ ਸਿੱਖ ਕਹਿੰਦੇ ਹਨ, ਅਸੀ ਐਲਾਨ ਕਰ ਦੇਨੇ ਹਾਂ, ਮੁਸਲਮਾਨਾਂ ਨਾਲ ਰਾਜ਼ੀਨਾਮਾ ਕਰ ਲੈਂਦੇ ਹਾਂ, ਸ਼ਹੀਦ ਗੰਜ ਵਾਸਤੇ।"

"ਮੈਂ ਉਸ ਨੂੰ ਕਿਹਾ, ਦੇਖੀਂ, ਤੂੰ ਪੰਜਾਬੀ ਦਾ ਲਫ਼ਜ਼ ਹੈ- ਦਹੀਂ ਦੇ ਭੁਲੇਖੇ ਕਪਾਹ ਦੀਆਂ ਫੁੱਟੀਆਂ ਨਾ ਖਾ ਲਈਂ।" ਮੈਂ ਉਹਨੂੰ ਇਹ ਗੱਲ ਕਹੀ, "ਸਿੱਖ ਪੰਥ ਐਸ ਵੇਲੇ- ਪੰਜ ਸੱਤ ਸਰਦਾਰ ਨਹੀਂ, ਜਿਹੜੇ ਤੁਹਾਡੇ ਕੋਲੋਂ ਜਗੀਰਾਂ ਲੈਂਦੇ ਨੇ – ਸਾਰਾ ਪੰਥ ਐਸ ਵੇਲੇ ਤੁਲਿਆ ਹੋਇਆ ਹੈ ਖ਼ਬਰਦਾਰ- ਇਸ ਚੀਜ਼ ਉਤੇ ਕਿ ਸਾਰੇ ਮਰ ਮਿਟਣਗੇ, ਪੰਜਾਬ ਸਾਰੇ 'ਚ ਰੌਲਾ ਪੈ ਜਾਏਗਾ। ਤੂੰ ਖ਼ਬਰਦਾਰ- ਇਸ ਕੰਮ ਦੇ ਨੇੜੇ ਨਾ ਜਾਈਂ। ਇਹ ਮੈਂ ਤੈਨੂੰ ਪੱਕੀ ਸਲਾਹ ਦਿੰਦਾ ਹਾਂ।"

"ਉਸਦੇ ਦਿਲ ਵਿਚ ਖ਼ਿਆਲ ਸੀ ਕਿ ਅਕਾਲੀ ਹੋਰ ਹਨ, ਤੇ ਇਹ ਕੂਕਾ ਹੈ ਸ਼ਾਇਦ ਸਾਡੇ ਪੱਖ ਦੀ ਗੱਲ ਕਰੇ। ਲੇਕਿਨ ਅਕਾਲੀ ਕੂਕੇ ਦਾ ਤਾਂ ਸੁਆਲ ਹੀ ਨਹੀਂ, ਸੁਆਲ ਤਾਂ ਏਸ ਚੀਜ਼ ਦਾ ਹੈ ਕਿ ਦੇਸ਼ ਧਰੋਹੀ ਕਿਹੜੇ ਹਨ ਔਰ ਕੌਮ ਪ੍ਰਸਤ ਕੌਣ ਹਨ।"

"...ਉਹਨੇ ਮੇਰੀ ਗੱਲ ਮੰਨ ਲਈ। ਗੁਰੂ ਨੇ ਕਿਰਪਾ ਕਰੀ, ਉਹ ਤੁਹਾਡਾ ਕੰਮ ਜਿਹੜਾ ਸੀ, ਉਸੇ ਤਰ੍ਹਾਂ ਦਾ ਉਸੇ ਤਰ੍ਹਾਂ ਰਿਹਾ।"[12]

ਬੈਂਕੌਕ, ਥਾਈਲੈਂਡ ਦੀ ਸੰਗਤ ਨੂੰ ਉਪਦੇਸ਼ ਕਰਦਿਆਂ, ਉਸ ਵੇਲੇ ਦੀ ਵਿਸ਼ਵ ਸਥਿਤੀ ਦਾ ਅਵਲੋਕਨ ਵੀ ਕਰ ਰਹੇ ਹਨ, ਚੀਨ, ਵੀਅਤਨਾਮ, ਕੋਰੀਆ ਆਦਿ ਕਮਿਊਨਿਸਟ ਦੇਸ਼ ਬਣ ਚੁੱਕੇ ਸਨ ਅਤੇ ਆਪਣੇ ਅਕੀਦੇ ਮੁਤਾਬਿਕ ਨਾਮਧਾਰੀ ਸਿੱਖਾਂ ਨੂੰ ਨਾਮ ਬਾਣੀ ਨਾਲ ਜੁੜਨ ਦੀ ਪਰੇਰਨਾ ਵੀ ਕਰਦੇ ਹਨ। ਮਨੁੱਖਵਾਦ, ਸਤਿਗੁਰੂ ਪਰਤਾਪ ਸਿੰਘ ਜੀ ਦੀ ਸਿੱਖਿਆ ਦਾ ਕੇਂਦਰੀ ਸਾਰ ਹੈ:

Sri Satguru Jagjit Singh Ji eLibrary NamdhariElibrary@gmail.com

"ਭਾਈ ਸੱਜਣੋ, ਸਤਿਗੁਰੂ ਅੱਗੇ ਅਰਦਾਸ ਕਰਿਆ ਕਰੋ। ਤੁਸੀਂ ਏਥੇ ਬੈਠੇ ਹੋ, ਦੂਸਰਾ ਮੁਲਕ ਹੈ, ਮੈਨੂੰ ਬਹੁਤ ਚੰਗੀ ਤਰ੍ਹਾਂ ਤਾਂ ਵਾਕਫੀਅਤ ਨਹੀਂ ਦੁਨੀਆਂ ਦੀ, ਪਰ ਤੁਸੀਂ ਇਕ ਛੋਟੇ ਜਿਹੇ ਥਾਂ ਵਿਚ ਘਿਰੇ ਹੋਏ ਬੈਠੇ ਹੋ, ਜਿਨ੍ਹਾਂ ਦੇ ਦੁਆਲੇ ਦੁਆਲੇ ਸਾਰੇ ਕਮਿਊਨਿਜ਼ਮ ਆ ਰਿਹਾ ਹੈ।

"ਤੋਪ, ਬੰਦੂਕ ਅੰਰ ਐਟਮ ਤੁਹਾਡੀ ਰੱਖਿਆ ਨਹੀਂ ਕਰ ਸਕਦੇ। ਰੱਖਿਆ ਕਰ ਸਕਦਾ ਹੈ ਤੁਹਾਡਾ ਆਤਮਾ ਸ਼ੁੱਧ ਹੋ ਕੇ। ਸਤਿਗੁਰੂ ਦੇ ਚਰਨਾਂ ਨਾਲ ਜੁੜੋ, ਤੁਸੀਂ ਨਾਮ ਜਪੋ, ਤੁਸੀਂ ਇੱਕ ਦੂਜੇ ਨਾਲ ਪਿਆਰ ਕਰੋ, ਤੁਸੀਂ ਇਕ ਦੂਜੇ ਨਾਲ ਦੁੱਖ ਵੰਡਾਓ। ਇਹ ਨਾ ਧਿਆਨ ਕਰੋ – ਇਹ ਕੌਣ ਹੈ। ਸਭ ਤੋਂ ਦੂਰ ਚਲੋ ਤਾਂ ਇਹ ਮਨੁੱਖ ਹੈ, ਫਿਰ ਹਿਂਦੁਸਤਾਨੀ ਹੈ, ਫਿਰ ਪੰਜਾਬੀ ਹੈ, ਫਿਰ ਸਾਡਾ ਭਰਾ ਹੈ – ਜੋ ਕਰ ਸਕਦੇ ਹੋ। ਸਤਿਗੁਰੂ ਰਾਮ ਸਿੰਘ ਰੰਗੂਨ ਆਏ। ਇੱਥੋਂ ਹੁਕਮਨਾਮੇ ਵਿਚ ਲਿਖ ਕੇ ਭੇਜਿਆ – ਗਊ ਦੀ ਰੱਤ ਦੀ ਭਿੱਜੀ ਹੋਈ ਛੁਰੀ ਲੈ ...। ਕਿਸ ਵਾਸਤੇ ਐਸੀ ਸਿੱਖ ਤੋਪਾਂ ਨਾਲ ਉੱਡੇ। ਦਸ ਗਿਆਰਾਂ ਫਾਂਸੀਆਂ ਉੱਤੇ ਲਟਕੇ। ਸਤਿਗੁਰੂ ਜੀ ਪਰਦੇਸ ਗਏ; ਸੂਬੇ ਪਰਦੇਸ। ਅਜੇ ਤੱਕ, 1872 ਈ. ਤੋਂ ਲੈ ਕੇ 1923 – ਅਸੀਂ ਉਥੇ ਹੀ ਜੰਮੇ ਹਾਂ, ਉਹਨਾਂ ਦੇ ਘਰ ਹੀ ਸਮਝੋ। ਸਾਡੇ ਦੁਆਲੇ ਪਹਿਰਾ, ਮਾਈ ਜੀ ਸਾਡਿਆਂ ਨੂੰ ਫੜੀ ਫਿਰੇ – 19 ਸਾਲ ਦੀ ਉਮਰ ਵਿਚ, 3 ਮਹੀਨੇ ਪੁਲਿਸ ਘਸੀਟੀ ਫਿਰੀ ਬੁਖਾਰ ਚੜ੍ਹਦੇ ਵਿਚ ਇਕੱਲਿਆਂ ਨੂੰ, ਨਾਲ ਨਾ ਕਿਸੇ ਨੂੰ ਰਹਿਣ ਦੇਣ।... ਇਤਲਾਹ ਦੇ ਕੇ ਬਾਹਰ ਜਾਈਦੇ ਜਰਾਇਮ ਪੇਸ਼ੇ ਵਾਂਗ, ਜੇ ਉਸ ਪਿੰਡ ਵਾਲੇ – ਅਗਲੇ, ਇਤਲਾਹ ਕੋਈ ਨਾ ਲਿਖੇ ਬਈ ਏਥੇ ਆਏ ਨੇ ਤਾਂ ਮਗਰੋਂ ਫਿਰ ਪੁਲਿਸ ਨੇ ਸੱਦਣਾ। ਤੁਸੀਂ ਕਹਿੰਦੇ ਸਉ ਕਿ ਉਥੇ ਗਏ – ਨਹੀਂ ਆਏ।" [13]

ਉਪਰੋਕਤ ਲੰਮੇ ਵੇਰਵੇ ਅਤੇ ਦਿਲ ਕੰਬਾਉਣ ਵਾਲੇ ਨਾਮਧਾਰੀ ਇਤਿਹਾਸ ਦੀ ਹੱਡਬੀਤੀ, ਸਤਿਗੁਰੂ ਜੀ ਇਸ ਲਈ ਸੁਣਾ ਰਹੇ ਹਨ ਕਿ ਜਿਸ ਗਊ–ਰੱਖਿਆ ਨੂੰ, ਦੇਸ਼ ਭਗਤੀ ਦੇ ਇਕ ਅੰਗ ਜਿਉਂ ਪਾਲਦਿਆਂ ਕੂਕਿਆਂ ਨੇ ਅਥਾਹ ਕੁਰਬਾਨੀਆਂ ਦਿਤੀਆਂ, ਸਤਿਗੁਰਾਂ ਦਾ ਹੁਕਮ ਹੈ ਕਿ ਉਹ ਗਊ ਘਾਤੀ ਵੀ ਜੇ ਤੁਹਾਡੇ ਬੂਹੇ ਤੇ ਆ ਗਿਆ ਤਾਂ ਇੱਥੋਂ ਭੁੱਖਾ ਨਹੀਂ ਮੁੜੇਗਾ। ਇਹ ਨੇ ਉਹ ਉੱਚੇ ਸੁੱਚੇ ਅਸੂਲ ਜਿਹਨਾਂ ਤੇ ਨਾਮਧਾਰੀ ਪੰਥ ਦੀ ਨੀਂਹ ਧਰੀ ਗਈ ਸੀ। ਇੱਥੇ ਵਿਰੋਧੀ ਨੂੰ ਉਹਦੀ ਭਾਸ਼ਾ ਵਿਚ ਜੁਆਬ ਨਹੀਂ ਦਿਤਾ ਜਾਂਦਾ। 'ਸੂਰਜ ਪਰਕਾਸ਼' ਵਿਚ ਇਕ ਪਰਸੰਗ ਹੈ ਕਿ ਸਿੱਖਾਂ ਨੇ ਦਸਵੇਂ ਪਾਤਸ਼ਾਹ ਜੀ ਨੂੰ ਬੇਨਤੀ ਕੀਤੀ ਕਿ ਤੁਰਕ ਤਾਂ ਹਿੰਦੂ ਸਿੱਖਾਂ ਦੀ ਕਾਬੂ ਆਈਆਂ ਔਰਤਾਂ ਦੀ ਬੇਪਤੀ ਕਰਦੇ ਹਨ ਪ੍ਰੰਤੂ ਤੁਸੀਂ ਸਾਡੇ ਤੇ ਉਹਨਾਂ ਦੀਆਂ ਔਰਤਾਂ ਨਾਲ ਕਿਸੇ ਮਾੜੇ ਵਿਹਾਰ ਦੀ ਸਖਤ ਮਨਾਹੀ ਕਰਦੇ ਹੋ। ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਸਤਿਗੁਰੂ ਜੀ ਦਾ ਉਤਰ ਸੀ – "ਹਮ ਲੇ ਜਾਵਹਿ ਪੰਥ ਉਚੇਰੇ।" ਇਸ ਵਿਸ਼ਾਲਤਾ ਨੇ ਹੀ ਪੰਥ ਦੀ ਬੁਲੰਦੀ ਦੀ ਜ਼ਾਮਨੀ ਬਣਨਾ ਸੀ।

ਸੁਵਰਨ ਸਿੰਘ ਸਨੇਹੀ, ਨਾਮਧਾਰੀ ਇਤਿਹਾਸ ਦੇ ਸੋਮਿਆਂ ਦਾ ਜ਼ਿਕਰ ਕਰਦਿਆਂ, ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਕੂਕਾ ਗਾਥਾ ਦਾ ਭੰਡਾਰ ਛੁਪੇ ਹੋਣ ਦੀ ਗੱਲ ਕਰਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਵੀ ਲਿਖਿਆ ਹੈ ਕਿ ਜਿੰਨੀ ਜਾਣਕਾਰੀ ਨਾਮਧਾਰੀ ਇਤਿਹਾਸ ਦੀ ਆਪ ਨੂੰ ਸੀ ਹੋਰ ਕਿਸੇ ਨੂੰ ਨਹੀਂ ਹੋ ਸਕਦੀ। ਬਾਗਾਂ ਵਾਲਾ (ਮਹਿਰਾਜ) ਬੁੱਚੜ ਬੱਧ ਸਾਕੇ ਵਿਚ, ਜੋ 1871 ਈ. ਦੇ ਅਖ਼ੀਰ ਜਿਹੇ ਵਿਚ ਵਾਪਰਿਆ ਸੀ ਭਾਈ ਧੌਂਕਲ ਸਿੰਘ ਗ੍ਰਿਫਤਾਰ ਕੀਤੇ ਗਏ ਸਨ। ਜੀਵਤ ਘਰ ਨਹੀਂ ਆਏ। ਨਾ ਪਤਾ ਲੱਗਿਆ ਕਿ ਉਹਨਾਂ ਨਾਲ ਕੀ ਬਣਿਆ। ਉਹ ਘੋਰ ਅਮਲੀ ਸਨ, ਕੂਕਾ ਬਣਨ ਤੋਂ ਪਹਿਲਾਂ। ਉਹਨਾਂ ਦੇ ਜੀਵਨ ਵਿਚ ਆਏ ਇਸ ਨਾਟਕੀ ਮੋੜ ਦਾ ਸਤਿਗੁਰੂ ਜੀ ਦੇ ਉਪਦੇਸ਼ਾਂ ਵਿਚ ਜ਼ਿਕਰ ਆਉਂਦਾ ਹੈ। ਸ਼ੈਲੀ ਵਿਚ ਉੱਘੜਦਾ ਲੋਕ ਰੰਗ ਵੀ ਵੇਖਣ ਵਾਲਾ ਹੈ:

"ਇਕ ਭਾਈ ਧੌਂਕਲ ਸਿੰਘ ਉੱਥੋਂ ਦਾ ਹੀ ਰਾਇਪੁਰ ਦਾ। ਰਾਏ ਪੁਰ ਦੀ ਮਸ਼ਹੂਰ ਗੱਲ ਸੀ ਕਿ ਰਾਇਪੁਰ ਦੇ ਤਾਂ ਖੋਤੇ ਵੀ ਅਮਲੀ ਹਨ, ਕਿਉਂਕਿ ਪੋਸਤ ਏਨਾ ਲੋਕ ਪੀਂਦੇ ਸਨ, ਟਿੰਡਾਂ ਗਲ 'ਚ ਪਾ ਕੇ ਰੱਖਦੇ ਹਰ ਵੇਲੇ ਪੋਸਤ ਦੀਆਂ, ਮਲ ਕੇ ਪੀਈ ਜਾਣਾ। ਉਹਨੇ ਆਖਿਆ, "ਮਹਾਰਾਜ, ਮੈਂ ਪੰਜ ਪੰਜ ਤੋਲੇ ਤਾਂ ਫੀਮ ਖਾ ਲੈਨਾਂ, ਚਾਰ–ਚਾਰ, ਪੰਜ–ਪੰਜ ਬੋਤਲਾਂ ਸ਼ਰਾਬ ਦੀਆਂ ਪੀ ਲੈਨਾਂ, ਮੈਂ ਏਨਾ ਸੁੱਖਾ ਥੀਨਾਂ।"

Sri Satguru Jagjit Singh Ji eLibrary NamdhariElibrary@gmail.com

"ਸਤਿਗੁਰਾਂ ਆਖਿਆ, "ਆ ਉਰੇ, ਤੈਨੂੰ ਇਕ ਸਾਰਿਆਂ ਤੋਂ ਵੱਡਾ ਅਮਲ ਦੇਈਏ।"

"ਮਾਰੀ ਜਿਸ ਵੇਲੇ ਕੰਨ ਵਿਚ ਫੂਕ– ਸਭ ਕੁਝ ਭੁਲਾ ਦਿਤਾ। ਬੱਸ, ਭਜਨ ਕਰਨ ਲੱਗੇ ਪਏ। ਬਾਗਾਂ ਵਾਲੇ ਦੇ ਗਊਕਸ਼ੀ ਦੇ ਕੇਸ ਵਿਚ ਉਹਨੂੰ ਫੜ ਕੇ ਲੈ ਗਏ ਨੇ। ਪਤਾ ਨਹੀਂ ਲੱਗਿਆ – ਫਿਰ ਪਿੰਜਰੇ 'ਚ ਪਾ ਕੇ ਲੈ ਗਏ, ਬੜਾ ਭਾਰਾ ਜਵਾਨ ਸੀ – ਬਈ, ਕੀ ਉਹਦੇ ਨਾਲ ਹੋਇਆ।"[14]

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਤੇ ਜੋ ਮਹਾਨ ਉਪਕਾਰ ਕੀਤੇ, ਲੜਕੀਆਂ ਦਾ ਮਾਰਨਾ, ਵੇਚਣਾ, ਵੱਟਾ ਕਰਨਾ ਆਦਿ ਬੰਦ ਕਰਵਾਇਆ, ਇਸ ਨੂੰ ਵੀ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ਾਂ ਵਿਚ ਗਾਹੇ-ਬਗਾਹੇ ਦੁਹਰਾਉਂਦੇ ਰਹਿੰਦੇ ਸਨ। ਉਹ ਗੁਰਿਬ ਨਾਮਾ ਆਦਿਕ ਗ੍ਰੰਥਾਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਬਾਰੇ ਵਾਕਾਂ ਦਾ ਜ਼ਿਕਰ ਕਰਿਆ ਕਰਦੇ ਸਨ ਕਿ ਕਿਵੇਂ ਆਪ ਨੇ ਯੁੱਗ ਬਦਲ ਦਿਤਾ ਸੀ। ਕਲਿਜੁਗ ਦੇ ਪਹਿਰੇ ਵਿਚ ਆਪਣੀ ਸੰਗਤ ਦੇ ਉੱਚੇ ਸੁੱਚੇ ਕਿਰਦਾਰ ਨਾਲ ਸਤਿਜੁਗੀ ਸੁਭਾਅ ਪ੍ਰਚਲਿਤ ਕਰ ਦਿਤੇ:

"ਕਲਿਜੁਗ ਤੋਂ ਜੋ ਸਤਿਜੁਗ ਹੋ ਜਾਵੇਗਾ।... ਕੀ ਕਲਿਜੁਗ ਸੀ ? ਦੋ ਇਲਾਕੇ ਖ਼ਾਸ ਸਨ ਪੰਜਾਬ ਦੇ – ਇਕ ਲੁਧਿਆਣੇ ਦੇ ਨਜ਼ਦੀਕ 'ਗਰੇਵਾਲ' ਸਰਦਾਰ ਆਪਣੇ ਆਪ ਨੂੰ ਕਹਾਉਣ ਵਾਲੇ, ਬਾਰ੍ਹਾਂ, ਚੌਦਾਂ, ਪੰਦਰਾਂ, ਵੀਹ ਪਿੰਡ ਉਹਨਾਂ ਦੇ ਸਨ, ਜਿਨ੍ਹਾਂ 'ਚ ਇਕ ਕੁੜੀ ਨਹੀਂ ਸੀ ਉਹ ਰਹਿਣ ਦਿੰਦੇ। ਏਸੇ ਤਰ੍ਹਾਂ ਇਕ ਇਲਾਕਾ ਤਰਨ ਤਾਰਨ ਦੇ ਨਜ਼ਦੀਕ ਸੰਧੂਆਂ ਦਾ। ਸੰਧੂ ਇਕ ਲੜਕੀ ਸਹਿਰਾਲੀ ਵਾਲੇ ਨਹੀਂ ਸਨ ਰਹਿਣ ਦਿੰਦੇ। ਸਤਿਗੁਰੂ ਰਾਮ ਸਿੰਘ ਆਇਆ। ਸਤਿਗੁਰੂ ਨੇ ਆ ਕੇ ਮਾਈਆਂ ਬੀਬੀਆਂ ਤੇ ਤਾਂ ਜੋ ਸਤਿਗੁਰੂ ਰਾਮ ਸਿੰਘ ਨੇ ਉਪਕਾਰ ਕੀਤੇ – ਅਗਰ ਇਹ ਦੇਖਣ ਤਾਂ ਇਹਨਾਂ ਨੂੰ ਕਿਸੇ ਯੁੱਗ 'ਚ ਇਹ ਚੀਜ਼ ਨਹੀਂ ਪ੍ਰਾਪਤ ਹੋਈ, ਜੋ ਸਤਿਗੁਰੂ ਨੇ ਇਹਨਾਂ ਨੂੰ ਦਿੱਤੀ। ਪਹਿਲੇ ਤਾਂ ਲੜਕੀਆਂ ਮਾਰਨ ਵਾਲਿਆਂ ਨੂੰ ਹਟਾਇਆ। ਦੇਖੋ ਹੁਕਮਨਾਮੇ 'ਚ ਲਿਖਿਐ – ਲੜਕੀ ਮਾਰੇ, ਵੇਚੇ, ਵੱਟਾ ਕਰੇ ਉਹਦੇ ਘਰ ਦਾ, ਹੱਥ ਦਾ ਅੰਨ ਜਲ ਨਹੀਂ ਵਰਤਣਾ।"[15]

ਇਹਨਾਂ ਉਪਦੇਸ਼ਾਂ ਦੇ ਵਸਤੂ-ਪੱਖ ਤੋਂ ਤਾਂ ਕੁਝ ਪੰਛੀ ਝਾਤ ਪੁਆ ਦਿਤੀ ਗਈ ਹੈ। ਹੁਣ ਅਸੀਂ ਰੂਪਕ ਪੱਖ ਦੀ ਚਰਚਾ ਵੀ ਵਿਦਵਾਨ ਸੰਪਾਦਿਕਾ ਪ੍ਰਿੰ: ਬੀਬੀ ਬੇਅੰਤ ਕੌਰ ਦੇ ਸ਼ਬਦਾਂ ਵਿਚ ਕਰਨ ਦੀ ਖ਼ੁਸ਼ੀ ਲਵਾਂਗੇ, ਜਿਸ ਵਿਚ ਵਸਤੂ ਨੂੰ ਵੀ ਛੋਹਿਆ ਗਿਆ ਹੈ:

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਬਚਨ, ਸਿੱਧੇ ਹਿਰਦੇ ਅੰਦਰ ਧੱਸ ਜਾਣ ਦੀ ਸਮਰਥਾ ਰਖਦੇ ਹਨ, ਕਿਉਂਕਿ ਸਤਿਗੁਰੂ ਜੀ ਕਿਧਰੇ ਉਕਦੇ ਨਹੀਂ, ਉਹਨਾਂ ਦੇ ਸ਼ਬਦਾਂ ਦਾ ਅਥਾਹ ਭੰਡਾਰ ਹੈ। ਇਸੇ ਕਰਕੇ ਹਰ ਤਰ੍ਹਾਂ ਦੇ ਭਾਵਾਂ ਨੂੰ ਬੜੀ ਪ੍ਰਭਾਵਸ਼ਾਲੀ ਸ਼ੈਲੀ, ਸੁੰਦਰ ਸਪਸ਼ਟ ਸ਼ਬਦਾਂ ਰਾਹੀਂ ਤੇ ਰਸੀਲੀ ਆਵਾਜ਼ ਰਾਹੀਂ ਵਿਅਕਤ ਕੀਤਾ ਹੈ। ਉਹਨਾਂ ਦੇ ਸ਼ਬਦਾਂ ਦੀ ਗੁੰਜਾਰ ਪਾਠਕਾਂ ਦੇ ਕੰਨਾਂ ਵਿਚ ਅੰਮ੍ਰਿਤ ਭਰਪੂਰ ਰਸ ਘੋਲ ਦਿੰਦੀ ਹੈ।... ਕਿਉਂਕਿ ਉਸ ਕੋਲ ਬਚਨਾਂ ਦਾ ਭਰਪੂਰ, ਅਨਮੋਲ ਵਡਮੁੱਲਾ ਖ਼ਜ਼ਾਨਾ ਹੈ, ਜਿਉਂ ਜਿਉਂ ਗੁਰਸਿੱਖ ਇਹਨਾਂ ਦੀ ਵਰਤੋਂ ਕਰਦਾ ਹੈ, ਇਹਨਾਂ ਦੀ ਪਾਲਣਾ ਕਰਦਾ ਹੈ, ਉਸ ਦੇ ਗਿਆਨ ਅਤੇ ਸ਼ਰਧਾ ਵਿਚ ਦੁੱਗਣਾ, ਚੌਗੁਣਾ ਵਾਧਾ ਹੋ ਜਾਂਦਾ ਹੈ।... ਇਹ ਅੰਮ੍ਰਿਤ ਭਰਪੂਰ ਬਚਨ ਕਾਲ ਤੇ ਸੀਮਾ ਤੋਂ ਪਰੇ ਹਨ।...ਇਹ ਸਿਰਫ਼ ਇਕ ਵਿਸ਼ੇਸ਼ ਵਿਅਕਤੀ ਅਥਵਾ ਸੰਪ੍ਰਦਾ ਦੀ ਸੰਪਤੀ ਨਹੀਂ, ਸਗੋਂ ਸਰਬਤ ਦੇ ਭਲੇ ਲਈ ਹਨ, ਸਮੁਚੀ ਮਾਨਵਤਾ ਦੇ ਕਲਿਆਣ ਤੇ ਲਾਭ ਲਈ ਹਨ...।"[16]

ਪੰਜਾਬੀ ਸਾਹਿਤ ਦੇ ਸਿਰਮੌਰ ਵਿਦਵਾਨਾਂ ਵਿਚੋਂ ਇਕ, ਪ੍ਰੋ. ਪ੍ਰੀਤਮ ਸਿੰਘ ਜੀ ਪਟਿਆਲੇ ਵਾਲੇ, ਬੀਬੀ ਬੇਅੰਤ ਕੌਰ ਦੇ ਸੰਪਾਦਕੀ ਕਾਰਜ ਦਾ ਉਚ ਮੁਲੰਕਣ ਕਰਦੇ ਹੋਏ ਲਿਖਦੇ ਹਨ:

"ਅਜਿਹੇ ਹਵਾਲਿਆਂ ਤੋਂ ਛੁੱਟ ਇਹਨਾਂ ਭਾਸ਼ਣਾਂ ਵਿਚ ਬਹੁਤ ਕੁਝ ਹੈ, ਜਿਸ ਨੂੰ ਸਹਿਜੇ ਹੀ ਪੰਜਾਬ ਦੇ ਇਕ ਵੱਡ-ਪ੍ਰਤਾਪੀ ਮਹਾਂ ਪੁਰਖ ਵੱਲੋਂ ਮਨੁੱਖਤਾ ਦੇ ਰੂਹਾਨੀ ਖ਼ਜ਼ਾਨੇ ਲਈ ਪੇਸ਼ ਕੀਤਾ ਤੋਹਫ਼ਾ ਮੰਨਿਆ ਜਾ ਸਕਦਾ ਹੈ। ਆਖ਼ਰ, ਜਿਹਨਾਂ ਮਹਾਂ ਪੁਰਸ਼ਾਂ ਦਿਆਂ ਬੋਲਾਂ ਨੂੰ, ਹਜ਼ਾਰਾਂ ਨਰ-ਨਾਰੀ ਸ੍ਵਾਂਤੀ ਬੂੰਦ ਵਾਂਗ ਤਰ੍ਹਾਂ ਉਡੀਕਦੇ ਰਹਿੰਦੇ ਹਨ, ਉਹ ਲੋਕ ਆਪਣਾ ਸੁਨੇਹਾ ਕੇਵਲ ਆਪਣੇ ਸਾਹਮਣੇ ਬੈਠੇ ਗਿਣਤੀ ਦੇ ਕੁਝ ਸ਼ਰਧਾਲੂਆਂ ਤਕ ਹੀ ਗੁਪਤ ਰੱਖਣਾ ਕਦੀ ਵੀ

Sri Satguru Jagjit Singh Ji eLibrary NamdhariElibrary@gmail.com

ਪਸੰਦ ਨਹੀਂ ਕਰ ਸਕਦੇ।... ਇਹੋ ਜਿਹੇ ਲੱਖਾਂ ਰੋਗੀ ਭਾਲਦੇ ਫਿਰਦੇ ਹਨ ਅਜਿਹੇ ਵਾਗੀਆਂ ਨੂੰ, ਜਿਹੜੇ ਆਪਣੇ ਅਧਿਆਤਮਿਕ ਨੁਸਖੇ ਸਿਰਫ਼ ਆਪਣੇ ਛੋਟੇ ਜਿਹੇ ਵੱਗ ਲਈ ਹੀ ਰਾਖਵੇਂ ਨਾ ਰੱਖਦੇ ਹੋਣ, ਸਗੋਂ ਸਾਰੀ ਦੁਨੀਆਂ ਨੂੰ ਆਪਣਾ ਵੱਗ ਸਮਝਕੇ ਸਭ ਦੇ ਕਲਿਆਣ ਲਈ ਫ਼ਿਕਰਮੰਦ ਹੋਣ।"[17]

ਪੰਜਾਬੀ ਦੇ ਉੱਘੇ ਕਵੀ ਅਧਿਆਪਕ ਅਤੇ ਆਲੋਚਕ ਡਾ. ਹਰਭਜਨ ਸਿੰਘ ਦਿੱਲੀ ਵਾਲੇ ਇਸ ਰਚਨਾ ਦੇ ਸੱਭਿਆਚਾਰਕ ਮੁੱਲਾਂ ਨੂੰ ਚੇਤੇ ਕਰਦੇ ਹਨ:

"ਇਸ ਰਚਨਾ ਦਾ ਇਕ ਵੱਡਾ ਗੁਣ ਇਹ ਹੈ ਕਿ ਇਹ ਸਾਡੇ ਸੱਭਿਆਚਾਰ ਦੇ ਧੁਰ ਡੂੰਘ ਵਿਚ ਟਿਕੇ ਮੁੱਲਾਂ ਨਾਲ ਜੁੜੀ ਰਹਿੰਦੀ ਹੈ। ਆਧੁਨਿਕ ਸਮੇਂ ਵਿਚ ਆਪਣੇ ਪੈਰਾਂ ਤੇ ਟਿਕਣ ਲਈ ਪੁਰਾਤਨ ਨਾਲ ਜੁੜਨਾ ਵੀ ਜ਼ਰੂਰੀ ਹੈ। ਮਨੁੱਖ ਦੀ ਤੋਰ ਐਸੀ ਹੈ ਕਿ ਇਸ ਦਾ ਇਕ ਕਦਮ ਜਦੋਂ ਅਗਾਂਹ ਪੈਂਦਾ ਹੈ ਤਾਂ ਦੂਜਾ ਪਿਛਾਂਹ ਟਿਕਿਆ ਰਹਿੰਦਾ ਹੈ। ਪੁਰਾਤਨ ਸੰਸਕ੍ਰਿਤ ਰਿਸ਼ੀਆਂ ਦਾ ਕਥਨ ਹੈ ਕਿ ਮਨੁੱਖ ਇਕ ਕਦਮ ਨਾਲ ਚਲਦਾ ਹੈ, ਤੇ ਇਕ ਕਦਮ ਨਾਲ ਟਿਕਦਾ ਠਹਿਰਦਾ ਹੈ।

ਇਹ ਪੁਸਤਕ ਸਾਨੂੰ ਵਰਤਮਾਨ ਅਤੇ ਅਤੀਤ ਵਿਚਕਾਰ ਸਮ-ਤੋਲ ਬਣਾਈ ਰੱਖਣ ਦੇ ਯੋਗ ਬਣਾਉਂਦੀ ਹੈ।"[18]

ਪੰਜਾਬੀ ਸਾਹਿਤ ਦੇ ਇਤਿਹਾਸਕਾਰ, ਪ੍ਰੋ. ਕਿਰਪਾਲ ਸਿੰਘ 'ਕਸੇਲ' ਵੀ ਵਸਤੂ ਤੇ ਰੂਪਕ ਪੱਖ ਤੇ ਆਪਣੀ ਪੜਚੋਲਵੀਂ ਨਜ਼ਰ ਇਉਂ ਟਿਕਾਉਂਦੇ ਹਨ:

"ਜੇ ਇਹਨਾਂ ਗੁਰ ਉਪਦੇਸ਼ਾਂ ਵਿਚ ਉਦਾਹਰਣਾਂ ਤੇ ਪ੍ਰਮਾਣਾਂ ਵਜੋਂ ਵਰਤੇ ਗਏ ਨਾਵਾਂ ਥਾਵਾਂ ਦੇ ਵੇਰਵੇ ਨੂੰ ਲਿਆ ਜਾਵੇ ਤਾਂ ਸਤਿਗੁਰੂ ਜੀ ਦੇ ਸੋਚ ਦੀ ਤਹਿ ਤਕ ਪੁੱਜਣ ਲਈ ਕੀਤੇ ਯਤਨਾਂ, ਲਗਨ ਅਤੇ ਖੋਜ ਦੀ ਬਿਰਤੀ ਤੋਂ ਚਕ੍ਰਿਤ ਰਹਿ ਜਾਈਦਾ ਹੈ, ਕਿਵੇਂ ਇਕੋ ਵਿਅਕਤੀ ਨੇ ਇਹ ਸਾਰੀ ਵਸਤੂ ਸਮੱਗਰੀ ਤੇ ਮਨੁੱਖੀ ਸਮੂਹਾਂ ਨੂੰ ਆਪਣੀ ਘੁਟਣੀ ਵਿਚ ਸਮੋਇਆ ਹੋਇਆ ਹੈ। ਇਹ ਆਪਣੀ ਮਿਸਾਲ ਆਪ ਹੈ ਜਦੋਂ ਆਪ ਪ੍ਰਵਚਨ ਕਰਦੇ ਹਨ ਤਾਂ ਗਿਆਨ ਧਾਰਾ ਦਾ ਸਿੰਧੂ ਪਰਵਾਹ ਚਲ ਪੈਂਦਾ ਹੈ।... ਦਰਦ ਤੇ ਪ੍ਰੇਮ ਦੀ ਭੀਣੀ ਬਾਣ-ਬਰਖਾ ਹੋਣ ਲਗ ਪੈਂਦੀ ਹੈ, ਅਤੇ ਏਥੇ ਹੀ ਬਸ ਨਹੀਂ ਹੁੰਦੀ, ਸ੍ਰੀ ਸਤਿਗੁਰੂ ਜੀ ਇਸ ਭਵ ਸਾਗਰ ਵਿਚੋਂ ਸਹਿਜ ਦੀ ਅਡੋਲਤਾ ਦੁਆਰਾ ਪਾਰ ਵੀ ਕਰਾ ਦਿੰਦੇ ਹਨ।"[19]

ਆਧੁਨਿਕ ਸਮੇਂ ਦੇ ਉੱਘੇ ਪੰਜਾਬੀ ਸਮੀਖਿਅਕ ਡਾ. ਸੁਰਿੰਦਰ ਸਿੰਘ ਨੂਰ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹਨਾਂ ਪ੍ਰਵਚਨਾਂ ਦਾ ਵੀ ਸਾਹਿਤ ਵਿਚ ਸਥਾਨ ਸੁਨਿਸ਼ਚਿਤ ਕੀਤਾ ਹੈ ਅਤੇ ਸੰਕਲਨ ਕਰਤਾ ਬੀਬੀ ਬੇਅੰਤ ਕੌਰ ਦੀ ਮਿਹਨਤ ਦੀ ਵੀ ਮੁਕਤ-ਕੰਠ ਨਾਲ ਪ੍ਰਸ਼ੰਸਾ ਕੀਤੀ ਹੈ।

"ਪ੍ਰਵਚਨਾਂ ਵਿਚ ਸੰਬੋਧਨ ਹੈ, ਤਸ਼ਬੀਹਾਂ ਹਨ, ਸਰਲਤਾ ਹੈ, ਵਿਚਾਰ ਹੈ, ਤਰਕ ਹੈ। ਇਸਨੂੰ ਸਾਂਭਦਿਆਂ ਤੇ ਅੰਕਿਤ ਕਰਦਿਆਂ ਇਹਨਾਂ ਸਭ ਗੱਲਾਂ ਦੀ ਚੇਤਨਾ ਲੇਖਕ ਦੇ ਅੰਦਰ ਹੋਣੀ ਚਾਹੀਦੀ ਹੈ। ਪ੍ਰਿ: ਬੇਅੰਤ ਕੌਰ ਨੇ 'ਪ੍ਰਵਚਨ' ਅੰਕਿਤ ਕਰਨ ਦੀ ਇਸ ਜ਼ਿੰਮੇਦਾਰੀ ਨੂੰ ਭਲੀ ਭਾਂਤ ਸਮਝਿਆ ਹੈ।

"ਇਉਂ ਪ੍ਰਿ: ਬੇਅੰਤ ਕੌਰ ਨੇ ਇਹਨਾਂ ਪੁਸਤਕਾਂ ਵਿਚ ਮਿਹਨਤ, ਲਗਨ ਤੇ ਗਿਆਨ ਦਾ ਇਕ ਪ੍ਰਤਿਮਾਨ ਪੈਦਾ ਕੀਤਾ ਹੈ। ਉਹਨਾਂ ਦੇ ਵਿਦਾ ਹੋ ਜਾਣ ਬਾਅਦ ਵੀ ਇਹ ਪੁਸਤਕਾਂ ਉਹਨਾਂ ਦੀ ਸਿਮਰਤੀ ਨੂੰ ਅਮਰ ਰੱਖਣਗੀਆਂ।"[20]

ਇਉਂ ਇਹਨਾਂ ਉਪਦੇਸ਼ਾਂ ਦਾ ਸੰਕਲਨ ਕਰਕੇ ਪੰਜ ਭਾਗਾਂ ਵਿਚ ਪ੍ਰਕਾਸ਼ਿਤ ਕਰਵਾਇਆ ਜਾਣਾ ਕੂਕਾ ਲਹਿਰ ਦੇ ਪੰਜਾਬੀ ਸਾਹਿਤ ਵਿਚ ਇਕ ਨਿਗਰ ਵਾਧਾ ਹੈ। ਇਸ ਵਿਚ ਵੀਹਵੀਂ ਸਦੀ ਦੇ ਪਹਿਲੇ ਅੱਧ ਦੀ ਪੰਜਾਬੀ ਭਾਸ਼ਾ, ਜੋ ਉੱਚ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਹਸਤੀਆਂ ਦੁਆਰਾ ਵਰਤੀ ਜਾਂਦੀ ਸੀ, ਉਸ ਦੇ ਦਰਸ਼ਨ ਹੁੰਦੇ ਹਨ। ਭਾਵੇਂ ਬੋਲਚਾਲ ਦੀ ਭਾਸ਼ਾ ਹੋਣ ਕਾਰਨ ਇਸ ਦਾ ਜਨ ਸਾਧਾਰਨ ਦੀ ਭਾਸ਼ਾ ਨਾਲੋਂ ਬਹੁਤਾ ਵਖਰੇਵਾਂ ਨਹੀਂ। ਸਿਵਾਇ ਉਸ ਧਾਰਮਿਕ ਸ਼ਬਦਾਵਲੀ ਦੇ ਜੋ ਧਰਮ ਗਰੰਥ ਦੇ ਗਹਿਰੇ ਅਧਿਐਨ ਕਾਰਨ ਸਤਿਗੁਰੂ ਜੀ ਦੇ ਵਸੀਕਾਰ

Sri Satguru Jagjit Singh Ji eLibrary NamdhariElibrary@gmail.com

ਵਿਚ ਸੀ। ਸਤਿਗੁਰੂ ਜੀ ਦਾ ਨਿਵਾਸ ਪੁਆਧ ਵਿਚ ਸੀ ਅਤੇ ਉਹਨਾਂ ਦੀ ਮਾਤਾ, ਮਾਲਵੇ ਖਿੱਤੇ ਦੇ ਉਪ ਖਿੱਤੇ ਜੰਗਲ ਦੇ ਉਸ ਕੋਨੇ ਦੀ ਵਸਨੀਕ ਸੀ, ਜਿਥੇ ਮਲਵਈ, ਬਾਗੜੀ ਅਤੇ ਘੱਗਰ ਨਾਲੀ ਦੇ ਕੰਢੇ ਤੇ ਆਬਾਦ ਮੁਸਲਮਾਨ ਵਾਹੀਵਾਨਾਂ ਦੀ ਪਚਾਧੀ ਉਪਭਾਖਾ ਬੋਲੀ ਜਾਂਦੀ ਸੀ। ਵੈਸੇ ਮਾਤਾ ਜੀਵਨ ਕੌਰ ਜੀ ਦੀ ਮਾਂ-ਬੋਲੀ ਨੂੰ ਭਟਨੌਰੀ ਵੀ ਕਿਹਾ ਜਾ ਸਕਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸੰਭਾਲਣ ਵਾਲੇ ਸਿੱਖ ਸੇਵਕ ਮਾਝੇ ਦੇ ਵੀ ਸਨ ਅਤੇ ਉਹਨਾਂ ਦੇ ਸਿਖਿਆ ਦਾਤੇ ਜ਼ਿਆਦਾਤਰ ਦੁਆਬੀਏ ਸਨ। ਇਉਂ ਇਕ ਕਿਸਮ ਦੇ ਕੇਂਦਰੀ ਸੁਭਾਅ ਵਾਲੀ ਪੰਜਾਬੀ ਇਹਨਾਂ ਭਾਸ਼ਣਾਂ ਵਿਚ ਵਿਦਮਾਨ ਹੈ।

ਇਹਨਾਂ ਉਪਦੇਸ਼ਾਂ ਵਿਚ ਜਿੱਥੇ ਸਤਿਗੁਰੂ ਰਾਮ ਸਿੰਘ ਦੁਆਰਾ ਵਿੱਢੇ ਸੁਤੰਤਰਤਾ ਸੰਗਰਾਮ, ਸਵਦੇਸ਼ੀ, ਅਸਹਿਯੋਗ ਅੰਦੋਲਨ ਅਤੇ ਸਰਬ ਸਾਂਝੀਵਾਲਤਾ ਦੀ ਸਿਖਿਆ ਤੇ ਆਧਾਰਿਤ ਸਮਾਜਿਕ ਆਰਥਿਕ ਪਰਬੰਧ ਦੀ ਉਸਾਰੀ ਵੱਲ ਸੰਕੇਤ ਮਿਲਦਾ ਹੈ, ਸਾਦਾ ਜੀਵਨ ਜਾਚ ਜਾਂ ਸਾਤਵਿਕ ਖਾਣ ਪਾਣ ਅਤੇ ਸੀਮਤ ਪਰਿਵਾਰ ਰੱਖਣ ਦਾ ਵੀ ਸਤਿਗੁਰੂ ਜੀ ਵਲੋਂ ਸੰਕੇਤ ਹੈ। ਪ੍ਰੰਤੂ ਉਹ ਸੀਮਤ ਪਰਿਵਾਰ ਲਈ ਵਰਤੇ ਜਾਣ ਵਾਲੇ ਬਨਾਉਟੀ ਤਰੀਕਿਆਂ ਦੀ ਥਾਂ, ਆਤਮਿਕ ਉਚਤਾ ਵਾਲੀ ਨੈਤਿਕ ਸਿਖਿਆ ਤੇ ਜ਼ੋਰ ਦਿੰਦੇ ਹਨ। ਉਹ ਭਾਰਤ ਸਰਕਾਰ ਦੁਆਰਾ ਗਊ ਬੱਧ ਤੇ ਮੁਕੰਮਲ ਰੋਕ ਲਾਉਣ ਅਤੇ ਸਮਤਾਵਾਦੀ ਸਮਾਜ ਦੀ ਥਾਂ ਭ੍ਰਿਸ਼ਟਾਚਾਰੀ ਰਾਜ ਪ੍ਰਬੰਧ ਜਿਸ ਵਿਚ ਵੋਟਾਂ ਵਾਸਤੇ ਗੁੰਡਿਆਂ ਅਤੇ ਹੇਂਕੜਬਾਜ਼ਾਂ ਨੂੰ ਉਤਸ਼ਾਹਿਤ ਕਰਕੇ, ਚੋਰ ਉਚੱਕੇ ਚੌਧਰੀ ਥਾਪੇ ਜਾਂਦੇ ਹਨ, ਇਸ ਨੀਤੀ ਦਾ ਵੀ ਸਖਤ ਵਿਰੋਧ ਕਰਦੇ ਹਨ। ਅਸੂਲ ਦੇ ਸੁਆਲ ਤੇ ਸਤਿਗੁਰੂ ਜੀ ਵੱਡੀ ਤੋਂ ਵੱਡੀ ਸਾਂਝ ਨੂੰ ਕੁਰਬਾਨ ਕਰ ਸਕਦੇ ਹਨ। ਉਹ ਘੋੜ ਦੌੜਾਂ ਵਿਚ ਹਿੱਸਾ ਲੈ ਕੇ ਪਹਿਲੀਆਂ ਥਾਵਾਂ ਤੇ ਆਉਂਦੇ ਰਹੇ। ਪਰ ਇਸ ਨਾਲ ਜੁੜੇ ਲੱਖਾਂ ਰੁਪੈ ਕਮਾਉਣ ਵਾਲੇ ਧੰਦੇ ਨੂੰ, ਜੂਏ ਦੀ ਇਕ ਕਿਸਮ ਦੱਸ ਕੇ ਸਲਾਹੁਣਯੋਗ ਦੀ ਗੱਲ ਨਹੀਂ ਮੰਨਦੇ। ਇਹਨਾਂ ਭਾਸ਼ਣਾਂ ਵਿਚ ਸਤਿਗੁਰੂ ਰਾਮ ਸਿੰਘ ਦਾ ਬਿਰਹਾ ਥਾਂ ਪੁਰ ਥਾਂ ਰੜਕਦਾ ਹੈ। ਗੁਰੂ ਹਰੀ ਸਿੰਘ ਤੇ ਉਹਨਾਂ ਦੇ ਵੇਲੇ ਦੀਆਂ ਸੰਗਤ ਵਲੋਂ ਭੋਗੀਆਂ ਤੰਗੀਆਂ ਦਾ ਜੀਵੰਤ ਵਰਣਨ ਹੈ। ਸ਼ਹੀਦ ਹੋਣ ਵਾਲੇ ਅਤੇ ਗੁਰੂ ਦਰਸ਼ਨਾਂ ਲਈ ਸਾਗਰ ਪਾਰ ਜਾਣ ਵਾਲੇ ਸਿੰਘਾਂ ਪ੍ਰਤੀ ਇਕ ਗਹਿਰਾ ਸਤਕਾਰ ਨਜ਼ਰ ਆਉਂਦਾ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੀ ਮਹਾਨ ਮਨੁੱਖਤਾਵਾਦੀ ਸੋਚ ਸੀ, ਉਹ ਸੰਸਾਰ ਦੀਆਂ ਅਗਾਂਹਗਾਮੀ ਸ਼ਕਤੀਆਂ ਨਾਲ ਅਮਨ ਲਹਿਰ ਦੇ ਮੰਚ ਤੋਂ ਇਕਜੁੱਟਤਾ ਪ੍ਰਗਟ ਕਰਦੇ ਰਹੇ ਪਰ ਉਹਨਾਂ ਨੂੰ ਆਪਣਾ ਘਰ ਅਤੇ ਆਪਣੀ ਮਹਾਨ ਵਿਰਾਸਤ ਕਦੇ ਵੀ ਵਿਸਰਦੀ ਨਹੀਂ ਸੀ। ਸ. ਕਪੂਰ ਸਿੰਘ ਆਈ.ਸੀ.ਐਸ. ਵਰਗੇ ਸ਼੍ਰੋਮਣੀ ਸਿੱਖ ਚਿੰਤਕ, ਉਹਨਾਂ ਦੇ ਕਿਰਪਾਲੂ ਸੁਭਾਅ ਸਦਕਾ ਸਤਿਗੁਰੂ ਜੀ ਦੀ ਦਰਸ਼ਨ ਦਾਤ ਨਾਲ ਨਿਵਾਜੇ ਜਾਂਦੇ ਸਨ। ਸ. ਕਪੂਰ ਸਿੰਘ ਨੂੰ ਬਚਨ ਬਿਲਾਸ ਵਿਚ ਆਪ ਨੇ ਦੱਸਿਆ, "ਸਤਿਗੁਰੂ ਰਾਮ ਸਿੰਘ ਜੀ ਜਦੋਂ ਕਦੀ ਵੀ ਕੋਈ ਬਚਨ ਸਿੰਘਾਂ ਪ੍ਰਤੀ ਕਰਦੇ ਸਨ ਤਾਂ ਇਉਂ ਕਿਹਾ ਕਰਦੇ ਸਨ, ਇਹ ਮੈਂ ਆਪਣੇ ਵੱਲੋਂ ਨਹੀਂ ਕਹਿੰਦਾ, ਦਸਮ ਪਾਤਸ਼ਾਹ ਦਾ ਹੁਕਮ ਹੈ।"[2]

ਸ਼ਾਇਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਪਾਰਖੂ ਨਜ਼ਰ ਨਾਲ ਯੁਵਾ ਕਪੂਰ ਸਿੰਘ ਦੀ ਵਿਲੱਖਣ ਬੌਧਿਕ ਪ੍ਰਤਿਭਾ ਨੂੰ ਤਾੜ ਲਿਆ ਸੀ ਅਤੇ ਉਹ ਇਸ ਕੌਮੀ ਜਜ਼ਬੇ ਨਾਲ ਲਬਰੇਜ਼ ਉੱਭਰਦੇ ਸਿੱਖ ਚਿੰਤਕ ਨੂੰ, ਕੌਮੀ ਚਿੰਤਨ ਦੇ ਆਕਾਸ਼ ਤੇ ਇਕ ਚਮਕਦੇ ਸਿਤਾਰੇ ਦੇ ਰੂਪ ਵਿਚ ਵੇਖਣ ਦੇ ਖ਼ਾਹਿਸ਼ਮੰਦ ਸਨ। ਉਹਨਾਂ ਦੇ ਕਿਆਫ਼ੇ ਅਕਸਰ ਠੀਕ ਨਿਕਲਦੇ ਸਨ।

ਫੁੱਟ ਨੋਟ:

1. ਸਤਿਜੁਗ ਦਾ ਸਤਿਗੁਰੂ ਪਰਤਾਪ ਸਿੰਘ ਸ਼ਰਧਾਂਜਲੀ ਅੰਕ, ਸ੍ਰੀ ਜੀਵਨ ਨਗਰ - 15 ਅੱਸੂ 2016 ਬਿ. ਸਫ਼ਾ 9-10
2. ਮੰਜ਼ਿਲ ਦਿਸ ਪਈ -2, ਪ੍ਰੀਤ ਨਗਰ (ਅੰਮ੍ਰਿਤਸਰ)- ਛਾਪ 1969 ਈ. ਸਫ਼ਾ 137

Sri Satguru Jagjit Singh Ji eLibrary NamdhariElibrary@gmail.com

3. ਮਹਾਂ ਨੂਰ (ਸ. ਪ੍ਰੀਤਮ ਸਿੰਘ 'ਆਰਸ਼ੀ') – 1992 ਈ. ਦਿੱਲੀ, ਸਫ਼ਾ 85-86
4. ਉਹੀ – ਸਫ਼ਾ 88-89
5. ਲਾਲ ਏਹਿ ਰਤਨ -੫, ਸਫ਼ਾ 61-62
6. ਉਹੀ – ਸਫ਼ਾ 63
7. ਉਹੀ – ਸਫ਼ਾ 147-48
8. ਉਹੀ – ਸਫ਼ਾ 151
9. ਉਹੀ – ਸਫ਼ਾ 136
10. ਉਹੀ – ਸਫ਼ਾ 137
11. ਲਾਲ ਏਹਿ ਰਤਨ -੧, 1995 ਈ. , ਸ੍ਰੀ ਭੈਣੀ ਸਾਹਿਬ, ਸਫ਼ਾ 268-69
12. ਲਾਲ ਏਹਿ ਰਤਨ – ੨, 1999 ਈ., ਬੰਗਲੌਰ, ਸਫ਼ਾ 37-38
13. ਲਾਲ ਏਹਿ ਰਤਨ – ੩, 2002 ਈ. ਬੰਗਲੌਰ, ਸਫ਼ਾ 253-54
14. ਉਹੀ – ਸਫ਼ਾ 216
15. ਲਾਲ ਏਹਿ ਰਤਨ – ੪, 2003 ਈ., ਸ੍ਰੀ ਭੈਣੀ ਸਾਹਿਬ, ਸਫ਼ਾ 239
16. ਉਹੀ – ਸਫ਼ਾ 20-21
17. ਲਾਲ ਏਹਿ ਰਤਨ -੩, ਸਫ਼ਾ 29
18. ਲਾਲ ਏਹਿ ਰਤਨ -੨, ਸਫ਼ਾ 26-27
19. ਲਾਲ ਏਹਿ ਰਤਨ -੧, ਸਫ਼ਾ 17
20. ਲਾਲ ਏਹਿ ਰਤਨ -੫, 2005 ਈ., ਸ੍ਰੀ ਭੈਣੀ ਸਾਹਿਬ, ਸਫ਼ਾ 58
21. ਪੰਚ ਨਾਦ – ਸਿਰਦਾਰ ਕਪੂਰ ਸਿੰਘ (ਸੰ: ਜੀ ਤੇਗ ਸਿੰਘ ਅਨੰਤ) – 2009 ਈ., ਚੰਡੀਗੜ੍ਹ – ਸਫ਼ਾ 97

000

Sri Satguru Jagjit Singh Ji eLibrary NamdhariElibrary@gmail.com

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

"ਪ੍ਰਵਚਨ – ਸ੍ਰੀ ਸਤਿਗੁਰੂ ਜਗਜੀਤ ਸਿੰਘ", ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਵਲੋਂ 2001 ਈ. ਵਿਚ ਪ੍ਰਕਾਸ਼ਿਤ ਹੋਈ ਇਕ ਵਡਮੁੱਲੀ ਰਚਨਾ ਹੈ। ਇਹ ਸਮੇਂ ਸਮੇਂ ਵਿਭਿੰਨ ਸਥਾਨਾਂ 'ਤੇ, ਸ੍ਰੀ ਸਤਿਗੁਰੂ ਜੀ ਵਲੋਂ ਸੰਗਤ ਨੂੰ ਦਿਤੇ ਗਏ 105 ਉਪਦੇਸ਼ਾਂ ਦਾ ਸੰਕਲਨ ਹੈ। ਜਿਸ ਦੇ ਸੰਕਲਨ-ਕਰਤਾ ਨਾਮਧਾਰੀ-ਦਰਬਾਰ ਦੇ ਪਰਧਾਨ, ਸ੍ਰੀ ਹਰਵਿੰਦਰ ਸਿੰਘ ਹੰਸਪਾਲ ਹਨ। ਹੰਸਪਾਲ ਜੀ ਇਕ ਟਕਸਾਲੀ ਨਾਮਧਾਰੀ ਪਰਿਵਾਰ ਨਾਲ ਸੰਬੰਧਿਤ ਹਨ। ਭਾਈ ਸੰਤੋਖ ਸਿੰਘ ਬਾਹੋਵਾਲ, ਆਪਣੇ ਗਰੰਥ ਦੇ ਦੂਜੇ ਭਾਗ ਵਿਚ, ਗੁਰੂ ਹਰੀ ਸਿੰਘ ਜੀ ਦੇ ਸਮੇਂ ਪਿੰਡ ਬਾਠਾਂ ਵਾਲਾ (ਜ਼ਿਲ੍ਹਾ ਸਿਆਲਕੋਟ – ਪੱਛਮੀ ਪੰਜਾਬ) ਦੇ ਮਿਸਤਰੀ ਠਾਕੁਰ ਸਿੰਘ ਹੋਰਾਂ ਦੁਆਰਾ, ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਆਟਾ ਪੀਹਣ ਲਈ ਖਰਾਸ ਲਾਉਣ ਅਤੇ ਧੂੰਆਂ ਰਹਿਤ ਵੱਡੇ ਚੁੱਲ੍ਹੇ ਬਣਾਉਣ ਦੀ, 1895 ਅਤੇ 1897 ਈ. ਵਿਚ ਕੀਤੀ ਸੇਵਾ ਦਾ ਜ਼ਿਕਰ ਕਰਦਾ ਹੈ। ਇਹ ਭਾਈ ਠਾਕਰ ਸਿੰਘ ਜੀ ਹੰਸਪਾਲ ਜੀ ਦੇ ਪੜਦਾਦਾ ਜੀ ਸਨ ਜੋ ਪੰਜਾਬ ਵਿਚ ਕੂਕਿਆਂ ਦੀ ਸਭ ਤੋਂ ਸੰਘਣੀ ਵੱਸੋਂ ਵਾਲੇ ਜ਼ਿਲ੍ਹੇ ਨਾਲ ਸਬੰਧਿਤ ਸਨ।

ਹਰਵਿੰਦਰ ਸਿੰਘ ਹੰਸਪਾਲ ਦਾ ਜਨਮ ਪਿਤਾ ਸ੍ਰ. ਗਿਆਨ ਸਿੰਘ ਅਤੇ ਮਾਤਾ ਰਜਿੰਦਰ ਕੌਰ ਦੇ ਘਰ ਬਾਠਾਂ ਵਾਲਾ ਵਿਖੇ ਹੀ 4 ਮਈ 1938 ਨੂੰ ਹੋਇਆ। ਉਹਨਾਂ ਨੇ ਵਿਗਿਆਨ ਵਿਸ਼ੇ ਵਿਚ ਸਨਾਤਕ ਦੀ ਉਪਾਧੀ ਹਾਸਲ ਕੀਤੀ। ਪੰਥਕ ਪਰਿਵਾਰ ਵਾਲਾ ਪਿਛੋਕੜ ਹੋਣ ਕਾਰਨ, ਸ਼ੁਰੂ ਤੋਂ ਹੀ ਗੁਰੂ ਘਰ ਦੇ ਸੰਪਰਕ ਵਿਚ ਰਹੇ। 1962-63 ਈ. ਵਿਚ ਯੁਵਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਕਟਤਾ ਹਾਸਲ ਕੀਤੀ। ਸਤਿਗੁਰੂ ਜੀ ਨਾਲ ਵਿਚਾਰ-ਵਟਾਂਦਰਿਆਂ ਬਾਅਦ, ਨਾਮਧਾਰੀ ਵਿਦਿਆਰਥੀਆਂ ਨੂੰ, ਵਿਦਿਅਕ ਜਥੇ ਵਿਚ ਸੰਗਠਿਤ ਕਰਨ ਲਈ ਆਪ ਵੀ ਸਹਾਇਕ ਬਣੇ। ਇਸ ਤਰ੍ਹਾਂ 1965 ਦਾ ਸ੍ਰੀ ਭੈਣੀ ਸਾਹਿਬ ਵਿਖੇ ਗਰਮੀਆਂ ਵਿਚ ਹੋਇਆ ਪਹਿਲਾ ਵਿਦਿਅਕ ਸੰਮੇਲਨ ਇਤਿਹਾਸਕ ਹੋ ਨਿਬੜਿਆ। ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਨਿਵਾਸ, ਪੰਥਕ ਸੇਵਾ ਲਈ ਉਪਯੋਗੀ ਸਿੱਧ ਹੋਏ। ਵਿਦਿਅਕ ਜਥਿਆਂ ਵਿਚ ਸੌਂਪੀਆਂ ਜ਼ਿੰਮੇਵਾਰੀਆਂ ਤੋਂ ਬਾਅਦ, ਫਿਰ ਸਤਿਗੁਰੂ ਜੀ ਇਕ ਤੋਂ ਬਾਅਦ ਦੂਜੀ ਸੇਵਾ ਇਹਨਾਂ ਤੋਂ ਲਈ ਗਏ। ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਤੋਂ ਬਾਅਦ ਹੁਣ ਚੋਖੇ ਸਮੇਂ ਤੋਂ ਪ੍ਰਧਾਨਗੀ ਦੀ ਸੇਵਾ ਨਿਭਾਅ ਰਹੇ ਹਨ। ਸਤਿਗੁਰੂ ਜੀ ਦੀ ਕਿਰਪਾ ਸਦਕਾ ਲਗਾਤਾਰ ਦੋ ਵੇਰ ਰਾਜ ਸਭਾ ਦੇ ਮੈਂਬਰ ਚੁਣੇ ਗਏ ਸਨ। ਇਸ ਦੌਰਾਨ 1981 ਵਿਚ ਸੰਯੁਕਤ ਰਾਸ਼ਟਰ (ਯੂ.ਐਨ.) ਵਿਚ ਲਗਾਤਾਰ ਤਿੰਨ ਮਹੀਨੇ, ਭਾਰਤ ਦੀ ਪ੍ਰਤੀਨਿਧਤਾ ਕਰਦਿਆਂ, ਅਹਿਮ ਜ਼ਿੰਮੇਵਾਰੀ ਨਿਭਾਅ ਕੇ ਕੌਮਾਂਤਰੀ ਮੰਚ ਤੇ ਨਾਮਧਾਰੀ ਸਰੂਪ ਦਾ ਪ੍ਰਦਰਸ਼ਨ ਕਰਦੇ ਰਹੇ।

ਨਾਮਧਾਰੀ ਦਰਬਾਰ ਦੀਆਂ ਪ੍ਰਕਾਸ਼ਨਾਵਾਂ ਵਿਚ ਆਪ ਦੇ ਸੇਵਾ-ਕਾਲ ਵਿਖੇ ਅਭੂਤਪੂਰਵ ਵਾਧਾ ਹੋਇਆ ਹੈ ਅਤੇ ਹੋਈ ਜਾ ਰਿਹਾ ਹੈ। ਪਹਿਲੋਂ ਹੁਕਮ ਅਨੁਸਾਰ "ਨਾਮਧਾਰੀ ਨਿਤਨੇਮ" ਦੀਆਂ ਕਈ ਐਡੀਸ਼ਨਾਂ, ਸੰਤ ਤਰਨ ਸਿੰਘ ਵਹਿਮੀ ਦੇ ਜੱਸ ਜੀਵਨ ਦੀਆਂ ਮਰਾਸਲੀਆਂ ਤਿੰਨ ਜਿਲਦਾਂ ਅਤੇ ਫਿਰ ਪਹਿਲੀ ਜਿਲਦ, ਸੰਤ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਦੀਆਂ ਦੋ ਜਿਲਦਾਂ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸਤਿਗੁਰੂ ਬਿਲਾਸ ਕ੍ਰਿਤ ਸੰਤ ਧਿਆਨ ਸਿੰਘ ਕਾਦਰਾਬਾਦੀ, ਆਲਿਮ ਜੀ ਦੀਆਂ ਪੁਸਤਕਾਂ ਅਤੇ ਹੋਰ ਬਹੁਤ ਕੁਝ ਵੀ ਛਪਵਾਇਆ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਸੈਮੀਨਾਰ ਰਾਜਧਾਨੀ ਵਿਚ ਕਰਵਾਏ ਅਤੇ ਉਹਨਾਂ ਨਾਲ ਸਬੰਧਿਤ ਬਹੁਤ ਸਾਰੀਆਂ

Sri Satguru Jagjit Singh Ji eLibrary NamdhariElibrary@gmail.com

ਪੁਸਤਕਾਂ ਵੀ ਸੰਪਾਦਿਤ ਕਰਵਾ ਕੇ ਛਪਵਾਈਆਂ। ਜਦੋਂ ਤੋਂ ਸਤਿਜੁਗ, ਹਫ਼ਤਾਵਾਰ ਦਿੱਲੀ ਤੋਂ ਛਪਣਾ ਸ਼ੁਰੂ ਹੋਇਆ ਹੈ, ਉਦੋਂ ਤੋਂ ਇਸ ਦੇ ਮੁੱਖ ਸੰਪਾਦਕ ਚਲੇ ਆ ਰਹੇ ਹਨ। ਹਰ ਵਰ੍ਹੇ ਇਸ ਦੇ ਮਿਸਾਲੀ ਸਾਲਾਨਾ ਅੰਕ ਪ੍ਰਕਾਸ਼ਿਤ ਕਰਵਾ ਰਹੇ ਹਨ, ਜਿਸ ਵਿਚ ਨਾਮਧਾਰੀ ਪੰਥ ਵਿਚੋਂ ਅਤੇ ਬਾਹਰੋਂ ਵੀ ਪ੍ਰੇਰ ਕੇ ਉਚਕੋਟੀ ਦੇ ਲੇਖਕਾਂ ਤੋਂ ਲਿਖਵਾਇਆ ਜਾਂਦਾ ਹੈ। "ਨਾਮਧਾਰੀ ਸਿਖਜ਼ – ਦੀ ਪਾਇਨੀਅਰ ਆਫ਼ ਫਰੀਡਮ ਸਟਰਗਲ" ਅੰਗ੍ਰੇਜ਼ੀ ਵਿਚ ਜਾਣਕਾਰੀ ਭਰਪੂਰ ਪੁਸਤਕ ਵੀ ਲਿਖੀ। ਹੁਣ ਗੁਰਸਿੱਖਾਂ, ਇਤਿਹਾਸਕਾਰਾਂ ਅਤੇ ਭਾਵੀ ਪੀੜ੍ਹੀਆਂ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਦਾ ਸੰਗ੍ਰਹਿ ਛਪਵਾਉਣ ਬਾਦ, 'ਕੂਕਾ ਮੂਵਮੈਂਟ' ਨੂੰ ਭਾਰਤ ਸਰਕਾਰ ਤੋਂ ਆਜ਼ਾਦੀ ਦੀ ਲਹਿਰ ਮਨਵਾਉਣ ਵਿਚ ਵੀ ਯੋਗਦਾਨ ਪਾਇਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਰਕਾਸ਼ 22 ਨਵੰਬਰ 1920 ਈ. ਨੂੰ ਪਿਤਾ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ, ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। ਉਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਕੂਕਾ-ਅੰਦੋਲਨ ਨੂੰ ਬਸਤੀਵਾਦੀ ਅੰਗਰੇਜ਼ ਸਰਕਾਰ ਨੇ ਆਪਣੀ ਸੱਤਾ ਲਈ ਵੱਡਾ ਖ਼ਤਰਾ ਸਮਝ ਲਿਆ ਸੀ। ਸੋ ਕੂਕੇ ਸਿੱਖਾਂ ਨੂੰ ਮੌਤ ਦੀਆਂ ਸਜ਼ਾਵਾਂ, ਕੈਦਾਂ, ਜਾਇਦਾਦ ਜ਼ਬਤੀਆਂ, ਦੇਸ ਨਿਕਾਲੇ ਭੁਗਤਣੇ ਪਏ। ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ, ਉਹਨਾਂ ਦੇ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਸੰਭਾਲੀ। ਉਹਨਾਂ ਦੇ ਦੇਹ ਦਾ ਓਹਲਾ ਕਰਨ ਬਾਅਦ ਉਹਨਾਂ ਦੇ ਵੱਡੇ ਸਪੁੱਤਰ ਸਤਿਗੁਰੂ ਪਰਤਾਪ ਸਿੰਘ ਜੀ ਨੇ 1906 ਈ. ਵਿਚ ਗੁਰਤਾ ਗੱਦੀ ਪਰਾਪਤ ਕੀਤੀ। ਉਸ ਸਮੇਂ ਕਿਸ ਤਰ੍ਹਾਂ ਦੇ ਹਾਲਾਤ ਸਨ, ਡੇਰਾ ਸ੍ਰੀ ਭੈਣੀ ਸਾਹਿਬ ਦੇ 'ਪ੍ਰਵਚਨ' ਇਹਨਾਂ 'ਤੇ ਰੋਸ਼ਨੀ ਪਾਉਂਦੇ ਹਨ:

"ਸਾਡਾ ਘਰ 1872 ਈ. ਤੋਂ 1923 ਈ. ਤਕ ਜੇਲ੍ਹ ਸੀ। ਓਥੇ ਮਿਲਣ ਲਈ ਅੰਦਰ ਆਉਣ ਵਾਸਤੇ ਪੰਜ-ਪੰਜ ਆਦਮੀ ਜਾ ਸਕਦੇ ਸਨ। ਪਿੰਡਾਂ ਵਿਚ ਢੋਲ ਵਜਾ ਕੇ ਪੁਛਿਆ ਜਾਂਦਾ ਸੀ ਕਿ ਕੋਈ ਕੂਕਾ ਤਾਂ ਨਹੀਂ, ਅੰਗਰੇਜ਼ਾਂ ਵਲੋਂ ਫਿਰ ਉਹਨਾਂ 'ਤੇ ਸਖ਼ਤੀ ਕੀਤੀ ਜਾਂਦੀ ਸੀ। ਓਸੇ ਜੇਲ੍ਹ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦਾ ਜਨਮ ਹੋਇਆ, ਮੇਰਾ ਜਨਮ ਵੀ ਉਹਦੇ ਵਿਚ ਹੀ ਹੋਇਆ।"[1]

ਇਕਵੰਜਾ ਵਰ੍ਹੇ ਤੋਂ ਵੱਧ ਸਮਾਂ ਕੂਕਾ-ਕੇਂਦਰ ਦੇ ਪਰਵੇਸ਼-ਦੁਆਰ ਤੇ ਪੁਲੀਸ ਦੀ ਚੌਕੀ ਬਿਠਾਈ ਰੱਖੀ ਗਈ ਸੀ। ਸਾਮਰਾਜੀ ਵਿਦੇਸ਼ੀ ਸਰਕਾਰ ਵਿਰੁੱਧ ਰੋਹ ਆਪ ਨੂੰ ਵਿਰਸੇ ਵਿਚ ਮਿਲਿਆ ਸੀ। ਇਸ ਲਈ ਬਰਤਾਨਵੀ ਸਰਕਾਰ ਵਿਰੁਧ ਲੜਨ ਵਾਲੇ, ਭਾਵੇਂ ਉਹ ਸ਼ਾਂਤਮਈ ਗਾਂਧੀਵਾਦੀਏ ਹੁੰਦੇ ਅਤੇ ਭਾਵੇਂ ਹਥਿਆਰਾਂ ਦੇ ਬਲ ਨਾਲ ਸਰਕਾਰ ਦਾ ਬਿਸਤਰਾ ਗੋਲ ਕਰਨ ਦੀਆਂ ਯੋਜਨਾਵਾਂ ਬਣਾਉਣ ਵਾਲੇ ਜੁੱਗ-ਗਰਦ ਹੁੰਦੇ, ਕੂਕੇ ਸਾਰਿਆਂ ਦੇ ਕੁਦਰਤੀ ਸੰਗੀ ਸਨ। ਪਿਛਲੀ ਸਦੀ ਦੇ ਚੌਥੇ ਦਹਾਕੇ ਦੇ ਪਹਿਲੇ ਅੱਧ ਵਿਚ ਰਤਨ ਸਿੰਘ ਬੱਬਰ ਦਾ ਨਾਂ ਅੰਗਰੇਜ਼ ਸਰਕਾਰ ਦੀ ਪੁਲੀਸ ਅਤੇ ਪ੍ਰਸ਼ਾਸਨ ਲਈ ਹਊਆ ਬਣਿਆ ਹੋਇਆ ਸੀ। ਉਸ ਦੇ ਪਿਛੇ ਪਿਛੇ ਪੁਲੀਸ ਦੀਆਂ ਗਾਰਦਾਂ ਸਨ ਅਤੇ ਉਹ ਡੇਰਾ ਭੈਣੀ ਸਾਹਿਬ ਵਿਚੋਂ, ਵੇਲੇ ਦੇ ਪ੍ਰਬੰਧਕਾਂ ਦੀ ਸੂਝ-ਬੂਝ ਅਤੇ ਦਲੇਰੀ ਸਦਕਾ ਸੁਰੱਖਿਅਤ ਲੰਘਾ ਦਿੱਤਾ ਗਿਆ ਸੀ। ਸਤਿਗੁਰੂ ਜੀ ਉਦੋਂ ਬਚਪਨ ਵਿਚ ਸਨ, ਪਰ ਇਸ ਘਟਨਾ ਦੀ ਪੈੜ-ਚਾਲ ਉਹਨਾਂ ਦੇ ਮਨ ਮਸਤਕ ਤੇ ਗਹਿਰੀ ਉਕਰੀ ਹੋਈ ਸੀ, ਜਿਸ ਦਾ ਵਿਵਰਣ ਇਉਂ ਮਿਲਦਾ ਹੈ:

"ਇਕ ਰਤਨ ਸਿੰਘ ਬੱਬਰ ਅਕਾਲੀ ਸੀ। ਬੱਬਰਾਂ ਦੀ ਬੜੀ ਲਹਿਰ ਚੱਲੀ ਸੀ। ਉਹਦੇ ਕੋਲ ਰਾਇਫ਼ਲ ਸੀ। ਉਹ ਅੱਗੇ ਦੌੜਿਆ ਜਾਂਦਾ ਸੀ ਮਗਰ ਉਸਦੇ ਪੁਲੀਸ। ਸਤਿਗੁਰੂ ਪਰਤਾਪ ਸਿੰਘ ਜੀ ਓਥੇ ਹੈ ਨਹੀਂ ਸਨ, ਮੈਂ ਸਾਂ – ਮੇਰੇ ਛੋਟਿਆਂ ਹੁੰਦਿਆਂ ਦੀ ਗੱਲ ਹੈ – ਸ੍ਰੀ ਭੈਣੀ ਸਾਹਿਬ ਬਾਗ਼ ਦੇ ਵਿਚ ਆ ਗਿਆ ਰਤਨ ਸਿੰਘ। ਤੁਹਾਨੂੰ ਪਤੇ ਐਸੀ ਹਾਲਤ ਵਿਚ ਕਦੇ ਏਹੋ ਜਿਹਾ ਬੰਦਾ ਬੰਦੂਕ ਕਿਤੇ ਰੱਖਦਾ ਨਹੀਂ। ਉਹਨੇ ਬੰਦੂਕ ਰੱਖ ਕੇ ਮੈਨੂੰ ਮੱਥਾ ਟੇਕਿਆ। ਮੱਥਾ ਟੇਕਣ ਤੋਂ ਬਾਅਦ ਉਹ ਆਪਣੇ ਰਾਹ ਪਿਆ ਤੇ ਪੁਲਿਸ ਵਾਲੇ ਏਨੇ ਉਹਦੇ ਤੋਂ ਡਰਦੇ ਸਨ ਕਿ ਜਿਸ ਪਾਸੇ ਉਹ ਗਿਆ, ਪੁਲਿਸ ਵਾਲਿਆਂ ਨੇ ਦੂਜੇ ਪਾਸੇ ਘੋੜੇ ਭਜਾ ਲਏ। ਭਾਵ ਕਾਰਵਾਈ ਵੀ ਹੋ ਜਾਏ ਤੇ ਉਹਦੀ ਗੋਲੀ ਤੋਂ ਮਰੀਏ ਵੀ ਨਾ।

Sri Satguru Jagjit Singh Ji eLibrary NamdhariElibrary@gmail.com

ਸੀ ਇਸ ਤਰ੍ਹਾਂ ਦੇ ਬਹੁਤ ਸਾਰੇ ਸਰੀਰ ਸਨ, ਜਿਹਨਾਂ ਨੂੰ ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਪਨਾਹ ਦਿੱਤੀ।"

ਬਾਲ ਮਹਾਰਾਜ ਜਗਜੀਤ ਸਿੰਘ ਜੀ ਦੇ ਰੂਪ ਵਿਚ, ਇਕ ਕ੍ਰਾਂਤੀਕਾਰੀ ਨੇ, ਬਰਤਾਨਵੀ ਭਾਰਤ ਵਿਚ ਉਸ ਸਮੇਂ ਦੇ ਹਾਕਮਾਂ ਦੇ, ਸਭ ਤੋਂ ਵੱਡੇ ਵਿਰੋਧੀ, ਸਤਿਗੁਰੂ ਰਾਮ ਸਿੰਘ ਜੀ ਦੀ ਇਨਕਲਾਬੀ ਗੱਦੀ ਸਾਹਵੇਂ ਸਜਦਾ ਕੀਤਾ ਸੀ।

ਇਹਨਾਂ ਪ੍ਰਵਚਨਾਂ ਵਿਚੋਂ ਨਾਮਧਾਰੀ ਇਤਿਹਾਸ ਦੀ ਰੂਹ ਦੇ ਸ਼ਾਖਸ਼ਾਤ ਦਰਸ਼ਨ ਹੁੰਦੇ ਹਨ। ਨਾਮਧਾਰੀ ਸਤਿਗੁਰੂ ਸਾਹਿਬਾਨ, ਵਿਸ਼ੇਸ਼ ਕਰਕੇ ਸਤਿਗੁਰੂ ਰਾਮ ਸਿੰਘ ਜੀ ਕਿਹੋ ਜਿਹਾ ਸਮਾਜਿਕ ਆਰਥਿਕ ਢਾਂਚਾ ਸਿਰਜਣਾ ਚਾਹੁੰਦੇ ਸਨ, ਉਸ ਦੀਆਂ ਕਨਸੋਆਂ ਮਿਲਦੀਆਂ ਹਨ। ਕੂਕਿਆਂ ਦੀਆਂ ਕੁਰਬਾਨੀਆਂ, ਜਿਹਨਾਂ ਗਦਰ ਲਹਿਰ ਵਾਲਿਆਂ ਦਾ ਪ੍ਰੇਰਣਾ ਸਰੋਤ ਬਣੀਆਂ, ਉਸ ਦਾ ਰੋਚਕ ਵਰਣਨ ਹੈ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੇ ਸੁਤੰਤਰਤਾ ਸੰਗਰਾਮ ਵਿਚ, ਅੰਗ੍ਰੇਜ਼ੀ ਮਾਲ ਅਤੇ ਸੰਸਥਾਵਾਂ ਦੇ ਮੁਕੰਮਲ ਬਾਈਕਾਟ ਦਾ ਸੱਦਾ ਕਿਵੇਂ ਗਾਂਧੀ ਜੀ ਦੇ ਅਸਹਿਯੋਗ ਅੰਦੋਲਨ ਵਿਚ ਪ੍ਰਵਰਤਿਤ ਹੁੰਦਾ ਹੈ, ਇਸ ਦੇ ਵੇਰਵੇ ਪ੍ਰਸਿੱਧ ਇਤਿਹਾਸਕਾਰਾਂ ਅਤੇ ਇਤਿਹਾਸਕ ਵਿਅਕਤੀਆਂ ਦੀ ਅਗਵਾਈ ਨਾਲ ਪੇਸ਼ ਕੀਤੇ ਗਏ ਸਹਨ। ਭਾਵੇਂ ਰਾਸ਼ਟਰ ਪਿਤਾ ਦਾ ਖ਼ਿਤਾਬ ਮਹਾਤਮਾ ਗਾਂਧੀ ਜੀ ਨੂੰ ਮਿਲ ਗਿਆ, ਪਰ ਇਕ ਪ੍ਰਮੁੱਖ ਗਾਂਧੀ-ਭਗਤ ਪੰਡਿਤ ਸੁੰਦਰ ਲਾਲ (ਕਰਤਾ -"ਭਾਰਤ ਮੇਂ ਅੰਗ੍ਰੇਜ਼ੀ ਰਾਜ"ਨਾਮੀ ਵੱਡ-ਅਕਾਰੀ ਗ੍ਰੰਥ) ਜੀ ਦੇ ਹਵਾਲੇ ਨਾਲ ਸਤਿਗੁਰੂ ਜੀ ਫੁਰਮਾਉਂਦੇ ਹਨ:

"ਪੰਡਿਤ ਸੁੰਦਰ ਲਾਲ ਜੀ ਦਾ ਨਾਂ ਤੁਸਾਂ ਬਹੁਤ ਸੁਣਿਐ। ਉਹ ਕਹਿੰਦੇ ਹੁੰਦੇ ਸਨ ਗੁਰੂ ਰਾਮ ਸਿੰਘ ਜੀ ਮੇਰੇ ਦਾਦਾ ਗੁਰੂ ਹਨ। ਫਿਰ ਆਪੇ ਹੀ ਉਹਨਾਂ ਨੇ ਆਖਣਾ ਕਿ ਆਪ ਪੂਛੇਂਗੇ ਕਿ ਵੋਹ ਦਾਦਾ ਗੁਰੂ ਕੈਸੇ ਥੇ ਆਪ ਕੇ? ਉਹਨਾ ਨੇ ਆਖਣਾ, "ਮੇਰੇ ਗੁਰੂ ਮਹਾਤਮਾ ਗਾਂਧੀ ਹੈਂ, ਸਤਿਗੁਰੂ ਰਾਮ ਸਿੰਘ ਜੀ ਕੇ ਪ੍ਰੇਰਣਾ ਸੇ ਉਨ੍ਹੋਂ ਨੇ ਕਾਮ ਕੀਆ ਇਸ ਲੀਏ ਸਤਿਗੁਰੂ ਰਾਮ ਸਿੰਘ ਜੀ ਮੇਰੇ ਦਾਦਾ ਗੁਰੂ ਹੈਂ।""

ਆਪਣੇ ਜੀਵਨ ਪੰਧ ਦੇ ਆਖ਼ਰੀ ਸਮੇਂ ਵਿਚ ਗਦਰ ਪਾਰਟੀ ਦੇ ਬਾਨੀ ਪਰਧਾਨ ਬਾਬਾ ਸੋਹਣ ਸਿੰਘ ਭਕਨਾ ਹੋਰਾਂ ਨੇ, ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦੀ ਖ਼ਾਹਿਸ਼ ਕਿਸੇ ਪ੍ਰੇਮੀ ਪਾਸ ਰੱਖੀ। ਸਤਿਗੁਰੂ ਜੀ ਤੁਰੰਤ ਪੁੱਜੇ। ਬਾਬਾ ਜੀ ਨੇ ਚਰਨਾਂ 'ਤੇ ਨਮਸਕਾਰ ਕੀਤੀ। ਕੁਝ ਸੰਕਾਲੂਆਂ ਦੇ ਪੁੱਛਣ ਤੇ ਕਿ ਆਯੂ ਵਿਚ ਆਪਣੇ ਤੋਂ ਅੱਧੀ ਸਦੀ ਛੋਟੇ ਵਿਅਕਤੀ ਦੇ ਚਰਨ ਕਿਉਂ ਛੋਹੇ? ਬਾਬਾ ਜੀ ਦਾ ਜੁਆਬ ਸੀ ਕਿ ਪੰਜਾਬ ਦੇ ਸੁੱਤੇ ਲੋਕਾਂ ਨੂੰ, ਸਭ ਤੋਂ ਪਹਿਲਾਂ ਆਜ਼ਾਦੀ ਸੰਗਰਾਮ ਦੀਆਂ ਕੂਕਾਂ ਨਾਲ ਜਾਗਰਿਤ ਕਰਨ ਵਾਲੇ ਮਹਾਨ-ਇਨਕਲਾਬੀ, ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ ਨੂੰ, ਮੈਂ ਹਮੇਸ਼ਾਂ ਨਮਸਕਾਰ ਕਰਦਾ ਰਿਹਾ ਹਾਂ। ਬਾਬਾ ਜੀ ਕੈਸੇ ਖ਼ੂਬਸੂਰਤ ਇਨਸਾਨ ਤੇ ਮਹਾਨ ਮਾਨਵਤਾਵਾਦੀ ਸਨ, ਇਸ ਦਾ ਰੌਚਕ ਵਰਣਨ ਵੀ 'ਪ੍ਰਵਚਨਾਂ' ਦੇ ਪਾਠ ਵਿਚੋਂ ਉਪਲਬਧ ਹੈ:

"ਬਾਬਾ ਸੋਹਣ ਸਿੰਘ ਭਕਨਾ ਨਾਲ, ਕੋਈ ਪੌਣੇ ਦੋ ਘੰਟੇ ਮੇਰੀ ਗੱਲਬਾਤ ਹੋਈ ਹੈ। ਇਕ ਭਗਵਾਨ ਸਿੰਘ ਸੀ ਇਹਨਾਂ ਵਿਚੋਂ ਹੀ, ਉਹ ਸ੍ਰ. ਪ੍ਰਤਾਪ ਸਿੰਘ ਕੈਰੋਂ ਕੋਲ ਜਾਂਦਾ ਹੁੰਦਾ ਸੀ। ਉਹਨੇ ਬਾਬਾ ਸੋਹਣ ਸਿੰਘ ਨੂੰ ਆਖਿਆ, "ਤੈਨੂੰ ਮੈਂ ਸ੍ਰ. ਪ੍ਰਤਾਪ ਸਿੰਘ ਕੈਰੋਂ ਕੋਲ ਲੈ ਜਾਂਦਾ ਹਾਂ।" ਉਹਨਾਂ ਆਖਿਆ, "ਮੈਂ ਨਹੀਂ ਜਾਣਾ।" ਉਹਨੂੰ ਆਫ਼ਰ ਕੀਤਾ ਗਿਆ – ਆਖਿਆ ਗਿਆ ਕਿ ਤੂੰ ਬਿਮਾਰ ਹੈਂ, ਤੇਰਾ ਰੂਸ ਵਿਚ ਜਾ ਕੇ ਅਸੀਂ ਇਲਾਜ ਕਰਵਾਉਂਦੇ ਹਾਂ, ਰੂਸੀਆਂ ਨੇ ਵੀ ਆਖਿਆ, ਉਸ ਆਖਿਆ, "ਮੇਰੇ ਨਾਲੋਂ ਬਹੁਤ ਗ਼ਰੀਬ, ਮੇਰੇ ਨਾਲੋਂ ਬਹੁਤ ਬਿਮਾਰ ਮੇਰੇ ਦੇਸ਼ ਵਿਚ ਹੈ ਨੇ, ਮੈਂ ਇਹਨਾਂ ਨੂੰ ਛੱਡ ਕੇ ਕਿਵੇਂ ਚਲਾ ਜਾਵਾਂ? ਮੈਂ ਨਹੀਂ ਜਾਣਾ।" ਉਸੇ ਬਾਬਾ ਸੋਹਣ ਸਿੰਘ ਨੇ ਮੈਨੂੰ ਆਖਿਆ ਕਿ ਮੇਰੇ ਤੇ ਕਿਰਪਾ ਕਰੋ ਮੈਂ ਏਥੇ ਹੀ ਸਮਾ ਜਾਵਾਂ। ਛੋਟੀ ਜਿਹੀ ਕੋਠੜੀ ਸੀ ਜਿੱਥੇ ਉਹ ਬਾਹਰ ਰਹਿੰਦੇ ਹੁੰਦੇ ਸਨ। ਉਹਨਾਂ ਆਖਿਆ, "ਮੈਂ ਕਰ ਕੁਝ ਨਹੀਂ ਸਕਦਾ ਪਰ ਮੈਂ ਆਪਣੇ ਗ਼ਰੀਬ ਦੇਸ਼ ਵਾਸੀਆਂ ਨੂੰ ਵੇਖ ਕੇ ਔਖਾ ਤੇ ਹੋ ਲੈਂਦਾ ਹਾਂ।"

"ਇਹ ਕਿਸ ਤਰ੍ਹਾਂ ਹੋਇਆ? ਇਹ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਹੋਇਆ। ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਉਪਰ ਕਿਰਪਾ ਕੀਤੀ। ਬਾਬਾ ਕੇਸਰ ਸਿੰਘ ਨੇ ਬਾਬਾ ਸੋਹਣ

Sri Satguru Jagjit Singh Ji eLibrary NamdhariElibrary@gmail.com

ਸਿੰਘ ਤੇ ਕਿਰਪਾ ਕੀਤੀ।...ਉਹ ਬਾਬਾ ਸੋਹਣ ਸਿੰਘ ਕਹਿੰਦਾ ਹੁੰਦਾ ਸੀ, "ਭਾਈ ਆਜ਼ਾਦੀ ਜਿਹੜੀ ਸਤਿਗੁਰੂ ਰਾਮ ਸਿੰਘ ਨੇ ਲੈ ਕੇ ਦਿਤੀ ਸੀ, ਆਜ਼ਾਦੀ ਉਹ ਹੀ ਸੀ। ਹੁਣ ਆਜ਼ਾਦੀ ਲੰਗੜੀ ਹੋ ਗਈ ਏ। ਹੁਣ ਆਜ਼ਾਦੀ ਵਿਚ ਲੋਭ ਏ, ਲਾਲਚ ਏ, ਪਾਖੰਡ ਵੀ ਏ – ਕਈ ਕੁਝ ਉਹਨਾਂ ਦੱਸਿਐ – ਮੇਰੇ ਕੋਲ ਟੇਪ ਵਿਚ ਰਿਕਾਰਡ ਹੋਇਆ ਪਿਆ ਏ। ਜਿੰਨਾ ਚਿਰ ਇਹ ਚੀਜ਼ਾਂ ਨਹੀਂ ਨਿਕਲਦੀਆਂ ਓਨਾ ਚਿਰ ਸਾਡੀ ਆਜ਼ਾਦੀ ਨੂੰ ਖ਼ਤਰਾ ਹੀ ਖ਼ਤਰਾ ਹੈ।"

ਆਜ਼ਾਦੀ ਮਿਲਣ ਤੋਂ ਕੁਝ ਚਿਰ ਪਹਿਲਾਂ ਸ਼ਿਮਲੇ ਵਿਚ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਸੰਗਠਨਾਂ ਦੇ ਲੋਕ, ਆਪੋ ਆਪਣੀਆਂ ਮੰਗਾਂ ਦੇ ਸੰਬੰਧ ਵਿਚ ਭਾਰਤ ਦੇ ਅੰਗਰੇਜ਼ ਹਾਕਮਾਂ ਨੂੰ ਮਿਲ ਰਹੇ ਸਨ, ਜਿਸ ਨੂੰ 'ਵੇਵਲ ਕਾਨਫਰੰਸ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਵੇਵਲ ਉਸ ਸਮੇਂ ਭਾਰਤ ਦੇ ਵਾਇਸਰਾਏ ਸਨ। ਪੰਡਿਤ ਜਵਾਹਰ ਲਾਲ ਨਹਿਰੂ ਤੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਇਕ ਮੁਲਾਕਾਤ ਵੀ ਉੱਥੇ ਸਬੱਬੀ ਹੋਈ। ਉਹ ਵੇਰਵਾ ਵੀ ਅਤੇ ਉਸ ਬਾਰੇ ਮੌਲਾਨਾ ਅਬੁਲ ਕਲਾਮ ਆਜ਼ਾਦ ਦੀ, ਬਾਦ ਵਿਚ ਕੀਤੀ ਟਿੱਪਣੀ ਵੀ, ਸਤਿਗੁਰੂ ਜੀ ਆਪਣੀਆਂ ਯਾਦਾਂ ਵਿਚ ਇਉਂ ਅੰਕਿਤ ਕਰਦੇ ਹਨ:

"ਜਦੋਂ ਵੇਵਲ ਕਾਨਫਰੰਸ ਸ਼ਿਮਲੇ ਵਿਚ ਹੋਈ। ਉਸ ਵੇਲੇ ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਸ਼ਿਮਲੇ ਵਿਚ ਸਨ, ਬਾਰਿਸ਼ ਹੋ ਰਹੀ ਸੀ। ਸਤਿਗੁਰੂ ਜੀ ਇਕ ਭਗਤ ਜਸਵੰਤ ਸਿੰਘ ਨਾਮਧਾਰੀ ਦੇ ਘਰ ਨੂੰ ਜਾਂਦੇ ਹੋਏ ਜੋ ਕਿ ਲੋਅਰ ਬੈਂਕ ਵਿਚ ਸੀ – ਇਕ ਹਵਾ ਘਰ ਵਿਚ ਰੁਕ ਗਏ ਸਨ।...ਕੁਦਰਤੀ ਐਸੀ ਗੱਲ ਬਣੀ ਕਿ ਪੰਡਿਤ ਜਵਾਹਰ ਲਾਲ ਨਹਿਰੂ ਤੇ ਮੌਲਾਨਾ ਆਜ਼ਾਦ ਆਦਿ ਵੱਡੇ-ਵੱਡੇ ਲੀਡਰ ਵੀ ਉਧਰੋਂ ਲੰਘਦੇ ਹੋਏ, ਉਸੇ ਹਵਾ ਘਰ ਵਿਚ ਆ ਗਏ। ਪੰਡਿਤ ਜਵਾਹਰ ਲਾਲ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਪੁੱਛਿਆ, ਤੁਸੀਂ ਦੱਸੋ ਤੁਹਾਨੂੰ ਕੀ ਚਾਹੀਦੈ? ਸਤਿਗੁਰਾਂ (ਸਤਿਗੁਰੂ ਪਰਤਾਪ ਸਿੰਘ ਜੀ) ਨੇ ਆਖਿਆ, "ਮੈਨੂੰ ਕੁਝ ਨਹੀਂ ਚਾਹੀਦਾ, ਮੈਂ ਅੰਗਰੇਜ਼ਾਂ ਕੋਲੋਂ ਕੁਛ ਨਹੀਂ ਲੈਣਾ। ਮੈਂ ਕੋਰੇ ਕਾਗਜ਼ ਉਤੇ ਦਸਤਖ਼ਤ ਕਰ ਦੇਂਦਾ ਹਾਂ, ਜੇ ਤੁਹਾਨੂੰ ਕੋਈ ਫ਼ਾਇਦਾ ਹੁੰਦਾ ਹੈ ਤਾਂ ਲੈ ਲਓ।"

ਆਜ਼ਾਦੀ ਮਿਲਣ ਤੋਂ ਬਾਅਦ ਮੌਲਾਨਾ ਆਜ਼ਾਦ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨ ਦੇਂਦੇ ਸਨ, ਮੈਂ ਵੀ ਨਾਲ ਗਿਆ। ਉਸ ਆਖਿਆ, "ਜਿਸ ਦਿਨ ਤੁਸਾਂ ਵੇਵਲ ਕਾਨਫਰੰਸ ਵੇਲੇ ਇਹ ਗੱਲ ਆਖੀ ਸੀ ਕਿ ਮੈਂ ਕੋਰੇ ਕਾਗਜ਼ ਉਤੇ ਦਸਤਖ਼ਤ ਕਰ ਦੇਂਦਾ ਹਾਂ – ਉਹ ਸ਼ਬਦ ਬਹੁਤ ਹੀ ਮੁਲਾਇਮ ਤੇ ਗੰਭੀਰ ਸਨ। ਮੌਲਾਨਾ ਆਜ਼ਾਦ ਕਹਿੰਦੇ ਨੇ, "ਉਸ ਵੇਲੇ ਮੇਰੇ ਅੰਦਰ ਇਕ ਰੋਸ਼ਨੀ ਆਈ ਸੀ, ਉਸ ਤੋਂ ਵੱਡੀ ਰੋਸ਼ਨੀ ਹੋ ਨਹੀਂ।"...ਇਹ ਵੀ ਤੇ ਕੂਕਿਆਂ ਦੀ ਇਕ ਕੁਰਬਾਨੀ ਸੀ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੇ ਰਾਹੀਂ।"

ਸਤਿਗੁਰੂ ਰਾਮ ਸਿੰਘ ਜੀ ਨੇ ਕਿਵੇਂ ਬੜੇ ਵੱਡੇ ਗੰਧਰਬ ਅਮਲੀਆਂ ਨੂੰ ਝੂਠੇ ਨਸ਼ਿਆਂ ਤੋਂ ਮੁਕਤ ਕਰਾ ਕੇ ਦੇਸ਼-ਪ੍ਰੇਮ ਅਤੇ ਨਾਮ-ਬਾਣੀ ਦੇ ਨਸ਼ੇ ਦੇ ਲੜ ਲਾ ਦਿੱਤਾ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਨਕਸ਼ੇ ਕਦਮਾਂ ਤੇ ਚੱਲਣ ਸਦਕਾ ਹੀ ਸੰਭਵ ਹੋਇਆ – ਆਜ਼ਾਦ ਹਿੰਦੋਸਤਾਨ ਅਤੇ ਫਿਰ ਹੋਰਨਾਂ ਬਹੁਤ ਸਾਰੇ ਦੇਸ਼ਾਂ ਵਿਚ ਵੀ ਆਜ਼ਾਦੀ ਦੀ ਨਵ-ਪਰਭਾਤ ਦਾ ਆਗਮਨ ਹੋਇਆ। ਇਹ ਸਭ ਕਿਵੇਂ ਸੰਭਵ ਹੋਇਆ – ਪ੍ਰਵਚਨ – ਸਾਨੂੰ ਦੱਸ ਰਹੇ ਹਨ:

"ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਆਪਣੀ ਇਕ ਟੀਮ ਬਣਾਈ, ਜਿਸ ਵਿਚ ਬਹੁਤ ਸਾਰੇ ਸਰੀਰ ਸਨ, ਜਿਹੜੇ ਪਹਿਲਾਂ ਮਾਸ ਸ਼ਰਾਬ ਬਹੁਤ ਵਰਤਦੇ ਸਨ। ਖ਼ਾਸ ਕਰਕੇ ਗਰੇਵਾਲਾਂ ਦੇ ਜਿਹੜੇ ਸਨ, ਸ੍ਰ. ਦਰਬਾਰਾ ਸਿੰਘ ਕਿਲ੍ਹਾ ਰਾਏਪੁਰ ਤੋਂ, ਉਹਨਾਂ ਦਾ ਵਿਹਾਰ ਸੀ, ਸ਼ਰਾਬ ਦੇ ਇਕ ਪੂਰ ਵਿਚ, ਪੰਜ ਸੌ ਚਿੜਾ, ਸੌ ਮੁਰਗਾ, ਪੰਜ ਬੱਕਰੇ ਪਾ ਕੇ ਸ਼ਰਾਬ ਕੱਢਣੀ ਤੇ ਅਫ਼ੀਮ ਉਹਨਾਂ ਦਿਨਾਂ ਵਿਚ ਬੰਦ ਨਹੀਂ ਸੀ ਹੁੰਦੀ, ਦਰਖ਼ਤਾਂ ਨੂੰ ਲਾ ਛੱਡਣੀ ਕਿ ਜੰਗਲ ਜਾਵਾਂਗੇ ਤਾਂ ਖਾਵਾਂਗੇ। ਇਹ ਹਾਲਤ ਸੀ ਉਹਨਾਂ ਦੀ। ਸਤਿਗੁਰਾਂ ਨੇ ਉਹਨਾਂ ਨੂੰ ਇਕ ਨਾਮ ਦਾ ਨਸ਼ਾ ਦਿਤਾ।...

"ਤੁਹਾਨੂੰ ਪਤੈ ਜੇ ਜ਼ਮੀਨ ਨਾ ਹੋਵੇ, ਫ਼ਸਲ ਨਹੀਂ ਹੋ ਸਕਦੀ, ਏਸੇ ਤਰ੍ਹਾਂ ਹੀ ਔਰਤ ਦਾ ਜਾਮਾ ਨਾ ਹੋਵੇ ਤਾਂ ਮਰਦ ਪੈਦਾ ਨਹੀਂ ਹੋ ਸਕਦੇ। ਜਿਹੜੇ ਗਰੇਵਾਲ ਜੱਟ ਸਨ, ਇਹ ਕੁੜੀ ਨਹੀਂ ਸਨ ਰਹਿਣ ਦੇਂਦੇ ਆਂਹਦੇ ਸਨ, ਸਾਡਾ ਵੀ ਕੋਈ ਜਵਾਈ ਬਣੇਗਾ। ਮਾਰ ਦੇਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਕਿਰਪਾ ਕੀਤੀ ਤੇ ਉਹ ਕੁੜੀਆਂ ਮਾਰਨੋਂ

Sri Satguru Jagjit Singh Ji eLibrary NamdhariElibrary@gmail.com

ਹਟਾਏ। ਵਿਧਵਾਵਾਂ ਦੇ ਵਿਆਹ ਕੀਤੇ, ਮਾਈਆਂ ਨੂੰ ਅੰਮ੍ਰਿਤ ਸਤਿਗੁਰੂ ਰਾਮ ਸਿੰਘ ਜੀ ਨੇ ਛਕਾਇਆ, ਬਰਾਬਰਤਾ ਲਿਆਂਦੀ।...

"ਸ੍ਰੀ ਸਤਿਗੁਰੂ ਰਾਮ ਸਿੰਘ ਨੇ ਉਹ ਟੀਮ ਬਣਾਈ। ਉਹਨਾਂ ਦੇ ਖਿਡਾਰੀਆਂ ਨੇ ਭਾਰਤ ਨੂੰ ਜਿਤਿਆ ਤੇ ਫੇਰ ਉਸ ਟੀਮ ਦੇ ਪੈਰ ਚਿਨ੍ਹਾਂ 'ਤੇ ਤੁਰਕੇ, ਅਫਰੀਕਾ ਤੇ ਹੋਰ ਕਈ ਦੇਸ਼ਾਂ ਨੇ ਆਜ਼ਾਦੀ ਪ੍ਰਾਪਤ ਕੀਤੀ। ਜਦੋਂ ਏਨੀਆਂ ਤੋਪਾਂ ਬੰਦੂਕਾਂ ਤੇ ਐਨੇ ਹਥਿਆਰ ਸਨ। ਉਨ੍ਹਾਂ ਦਾ ਮੁਕਾਬਲਾ ਮਾਲਾ ਨੇ ਕੀਤਾ, ਉਨ੍ਹਾਂ ਦਾ ਮੁਕਾਬਲਾ ਸ਼ਾਂਤੀ ਨੇ ਕੀਤਾ, ਸਹਿਣਸ਼ੀਲਤਾ ਨੇ ਕੀਤਾ।"[੬]

22 ਦਸੰਬਰ, 2008 ਨੂੰ ਪ੍ਰਧਾਨ ਮੰਤਰੀ ਸ੍. ਮਨਮੋਹਨ ਸਿੰਘ ਵਲੋਂ ਪਾਰਲੀਮੈਂਟ ਦੇ ਸੈਂਟਰਲ ਹਾਲ, ਦਿੱਲੀ ਵਿਖੇ, ਕੁਝਨਾਂ ਹੋਰ ਵਿਭੂਤੀਆਂ ਸਮੇਤ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਿਤਰ ਤੋਂ ਪਰਦਾ ਹਟਾਇਆ ਗਿਆ ਹੈ। ਪਾਰਲੀਮੈਂਟ ਵਿਚ ਸਤਿਗੁਰੂ ਜੀ ਦਾ ਚਿਤਰ ਸੁਸ਼ੋਭਿਤ ਹੋਵੇ ਇਹ ਸਤਿਗੁਰੂ ਜਗਜੀਤ ਸਿੰਘ ਹੋਰਾਂ ਦੀ ਚਿਰੋਕਣੀ ਰੀਝ ਸੀ ਜਿਸ ਦਾ ਵਿਵਰਣ ਆਪ ਦੇ ਪ੍ਰਵਚਨਾਂ ਵਿਚ ਦਰਜ ਹੈ:

"ਆਪ ਸਭ ਜਾਣਦੇ ਹੋ ਨੀਂਹ ਦੀ ਇੱਟ ਦਿਸਦੀ ਨਹੀਂ, ਪਰ ਜੇ ਨੀਂਹ ਦੀ ਇੱਟ ਕੱਢ ਦੇਈਏ ਮਕਾਨ ਰਹਿੰਦਾ ਨਹੀਂ। ਇਤਿਹਾਸ ਵਿਚ ਕੂਕੇ ਸਿਖ ਨੀਂਹ ਦੀ ਇੱਟ ਹਨ। ਅੰਗਰੇਜ਼ ਨੇ ਕੂਕੇ ਸਿੱਖਾਂ ਦੀ ਸਾਰੀ ਕੌਮ ਨੂੰ ਬਾਗ਼ੀ ਕਰਾਰ ਦਿਤਾ। ਹੋਰ ਕਿਸੇ ਵਾਸਤੇ ਉਸਨੇ ਇਸ ਤਰ੍ਹਾਂ ਨਹੀਂ ਲਿਖਿਆ। ਬੀ ਬੀਜਣ ਬਾਅਦ ਬੋਹੜ ਦਾ ਦਰਖ਼ਤ ਬਹੁਤ ਸਾਲਾਂ ਵਿਚ, ਹੌਲੀ ਹੌਲੀ ਵੱਡਾ ਹੁੰਦਾ ਹੈ। ਇਸ ਹੀ ਨਾਮਧਾਰੀ ਸਿੱਖਾਂ ਨੇ ਕੁਰਬਾਨੀ ਦਾ ਬੀ ਬੀਜਿਆ। ਜਿਉਂ ਜਿਉਂ ਸਮਾਂ ਬੀਤੇਗਾ, ਇਸ ਦਾ ਇਤਿਹਾਸ ਬੋਹੜ ਵਾਂਗੂ ਵਧੇ ਫੁਲੇਗਾ।...ਮੈਂ ਲੇਖਕਾਂ ਨਾਲ ਬੈਠਕੇ ਗੱਲ ਕਰਨਾ ਚਾਹੁੰਦਾ ਹਾਂ। ਪਾਰਲੀਮੈਂਟ ਵਿਚ ਨਹਿਰੂ, ਗਾਂਧੀ, ਮੌਲਾਨਾ ਆਜ਼ਾਦ ਆਦਿ ਦੀਆਂ ਤਸਵੀਰਾਂ ਹਨ। ਸਤਿਗੁਰਾਂ ਦੀ ਤਸਵੀਰ ਨਹੀਂ। ਫਿਰ ਸ੍ਰੀ ਭੈਣੀ ਸਾਹਿਬ ਵਿੱਦਵਾਨਾਂ ਨੂੰ ਇਕੱਠੇ ਕਰਕੇ ਇਹ ਗੱਲ ਵਿਚਾਰਾਂਗੇ। ਥੋੜ੍ਹੀ ਕੀਮਤ ਦਾ ਥੋੜ੍ਹਾ ਜਿਹਾ ਬੀਜ। ਬਹੁਤ ਮੁੱਲ ਦੀ ਬਹੁਤ ਵਸਤ ਪੈਦਾ ਕਰ ਜਾਂਦਾ ਹੈ।

"ਸਾਹਿਤ ਦੀ ਜਿੰਨੀ ਸੇਵਾ ਹੋਵੇ, ਅਸੀਂ ਕਰਾਂਗੇ।"[੭]

1996 ਈ. ਵਿਚ ਸਿਰਸਾ ਵਿਖੇ ਸੰਤ ਤਰਨ ਸਿੰਘ ਵਹਿਮੀ ਹੋਰਾਂ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਵਿਚ ਆਪ ਨੇ ਉਪਰੋਕਤ ਉਦਗਾਰ ਵੀ ਪ੍ਰਗਟ ਕੀਤੇ ਸਨ। ਨਾਮਧਾਰੀ ਇਤਿਹਾਸ ਦੀਆਂ ਕੁਰਬਾਨੀਆਂ ਦਾ ਸਿਮਰਨ ਵੀ ਕੀਤਾ। ਇਸ ਦੇ ਦਿਨੋ-ਦਿਨ ਪ੍ਰਫੁੱਲਤ ਹੋਣ ਦੀ ਭਵਿਖਬਾਣੀ ਵੀ ਕੀਤੀ ਅਤੇ ਸਾਹਿਤ ਸੇਵਾ ਲਈ ਆਪਣੀ ਤਤਪਰਤਾ ਦਾ ਸਪਸ਼ਟ ਇਜ਼ਹਾਰ ਵੀ ਕੀਤਾ ਸੀ। ਇਹ ਵੀ ਇਕ ਸੁਖਦਾਈ ਸੰਜੋਗ ਮੇਲ ਹੀ ਹੈ ਕਿ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣ ਬਾਅਦ, ਸਤਿਗੁਰੂ ਜੀ ਦਾ ਪਹਿਲਾ ਲੋਕ-ਭਾਸ਼ਣ ਲੁਧਿਆਣਾ ਵਿਖੇ 3 ਅਕਤੂਬਰ 1959 ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੀ, ਤੀਜੀ ਸਰਬ ਹਿੰਦ ਪੰਜਾਬੀ ਲੇਖਕ ਕਾਨਫਰੰਸ ਵਿਚ ਹੋਇਆ ਸੀ, ਜਿਸ ਵਿਚ 'ਸਾਹਿਤ ਅਤੇ ਜੀਵਨ' ਨੂੰ ਇਕ ਪੱਧਰ 'ਤੇ ਲਿਆਉਣ' ਦਾ ਸੁਝਾਅ ਦਿੰਦਿਆਂ ਆਪ ਨੇ ਹੋਰ ਕਈ ਨਿਰਾਰਥਕ ਮਸਲਿਆਂ ਤੋਂ ਸੁਚੇਤ ਕੀਤਾ, ਜਿਹੜੇ ਬਾਅਦ ਵਿਚ 'ਪੰਜਾਬ ਸਮੱਸਿਆ' ਦਾ ਮੁੱਖ ਕਾਰਨ ਬਣੇ। ਆਪ ਦਾ ਕਥਨ ਸੀ:

"ਇਸ ਦੇ ਨਾਲ ਹੀ ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਭਾਸ਼ਾ ਸੰਬੰਧੀ ਕੋਈ ਨਿਰਮੂਲ ਝਗੜਾ ਉਠਾਉਣਾ ਵੀ ਸ਼ੋਭਾ ਨਹੀਂ ਦਿੰਦਾ ਅਤੇ ਸਾਰੇ ਪੰਜਾਬੀਆਂ ਨੂੰ ਆਪਣੀ ਮਾਤ-ਭਾਸ਼ਾ ਤੇ ਪੰਜਾਬੀ (ਗੁਰਮੁਖੀ) ਲਿੱਪੀ ਨਾਲ ਪਿਆਰ ਕਰਨਾ ਚਾਹੀਦਾ ਹੈ।

"ਇਕ ਜ਼ਰੂਰੀ ਚੀਜ਼ ਏਹ ਹੈ ਕਿ ਅਸੀਂ ਮਿਲ ਕੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਪੂਰਾ ਦਰਜਾ ਦਿਵਾਈਏ, ਕਿਉਂਕਿ ਅੰਗਰੇਜ਼ੀ ਦਾ ਕੇਂਦਰੀ ਵਿਹਾਰਾਂ ਤੇ ਸਰਕਾਰ ਵਿਚ ਕਾਇਮ ਰਹਿਣਾ, ਬੀਤ ਚੁੱਕੀ ਗ਼ੁਲਾਮੀ ਦਾ ਚਿੰਨ੍ਹ ਹੈ। ਹਿੰਦੀ ਇਸ ਯੋਗ ਹੈ ਕਿ ਉਹ ਰਾਸ਼ਟਰ ਭਾਸ਼ਾ ਦਾ ਕੰਮ ਸੰਭਾਲ ਸਕੇ। ਸਾਨੂੰ ਜਤਨ ਕਰਨਾ ਚਾਹੀਦਾ ਹੈ ਕਿ ਉਹ ਜਿਸ ਮਾਣ ਦੀ ਹੱਕਦਾਰ ਅਤੇ ਜਿਸ ਲਈ ਯੋਗ ਹੈ, ਉਸ ਜਗਾਹ ਦਾ ਸਨਮਾਨ ਉਸ ਨੂੰ ਮਿਲੇ।

Sri Satguru Jagjit Singh Ji eLibrary NamdhariElibrary@gmail.com

"ਪੰਜਾਬੀ ਲੇਖਕਾਂ ਅੱਗੇ ਏਨੀ ਅਪੀਲ ਹੈ ਕਿ ਉਹ ਪੰਜਾਬੀ ਦੀ ਸਰਲਤਾ ਨੂੰ ਤਬਾਹ ਨਾ ਕਰਨ। ਦੂਜੀਆਂ ਬੋਲੀਆਂ ਦੇ ਓਪਰੇ, ਭਾਰੇ ਤੇ ਕੋਸ਼ਾਂ ਦੀ ਲੋੜ ਮਹਿਸੂਸ ਕਰਵਾਣ ਵਾਲੇ ਸ਼ਬਦ, ਪੰਜਾਬੀ ਵਿਚ ਘਸੋੜ ਕੇ ਸੁਹਣੀ, ਸਰਲ ਤੇ ਠੁੱਲ੍ਹੀ ਬੋਲੀ ਨੂੰ ਬੋਝਲ ਨਾ ਬਣਾਣ।"[8]

ਸਤਿਗੁਰੂ ਜੀ ਦੇ ਉਪਦੇਸ਼ਾਂ ਦਾ ਸਾਰ-ਤੱਤ ਇਹ ਹੈ ਕਿ ਗੁਰਸਿੱਖ ਜੀਵਨ-ਜਾਚ ਨੂੰ ਕਿਵੇਂ ਸੁਦ੍ਰਿੜ੍ਹ ਕੀਤਾ ਜਾਵੇ। ਇਸ ਲਈ ਉਹ ਆਪਣੇ ਹਰ ਪ੍ਰਵਚਨ ਵਿਚ ਨਾਮ ਬਾਣੀ, ਸ਼ੁੱਧ ਕਾਰ ਵਿਹਾਰ, ਉਚ ਆਤਮਿਕ ਜੀਵਨ ਬਿਤਾਉਣ, ਸਿਦਕ, ਭਰੋਸਾ, ਹੁਕਮ, ਰਜ਼ਾ, ਭਾਣਾ ਮੰਨਣ ਅਤੇ ਦੁਖ ਸੁਖ ਵਿਚ ਸਮਬਿਰਤੀ ਧਾਰਨ ਕਰਨ ਦੀ ਸੂਝ ਸਿੱਖਿਆ ਦੇ ਰਹੇ ਹਨ। ਉਹ ਆਪਣੇ ਘਰਾਂ ਪਰਿਵਾਰਾਂ ਵਿਚ ਨਾਮਧਾਰੀ ਸਾਹਿਤ ਦੇ ਪਠਨ-ਪਾਠਨ ਲਈ ਸਮਾਂ ਕੱਢਣ ਵਾਸਤੇ ਵੀ ਪ੍ਰੇਰਦੇ ਰਹਿੰਦੇ ਹਨ। ਉਹ ਸਿਰਫ਼ ਦੁਨਿਆਵੀ ਕਾਰ-ਵਿਹਾਰ ਤੱਕ ਆਪਣੀ ਸੰਗਤ ਨੂੰ ਸੀਮਿਤ ਹੋਇਆ ਨਹੀਂ ਵੇਖਣਾ ਚਾਹੁੰਦੇ:

"ਤੁਸੀਂ ਨਾਮਧਾਰੀ ਸਾਹਿਤ, ਸਤਿਗੁਰੂ ਬਿਲਾਸ, ਜਸ ਜੀਵਨ ਆਦਿ ਦੀ ਚਰਚਾ ਘਰਾਂ ਵਿਚ ਕਰਿਆ ਕਰੋ। ਤੁਸੀਂ ਮੁਰੱਬਿਆਂ ਦੇ ਮਾਲਕ ਹੋ, ਤੁਹਾਡੇ ਮੁੰਡੇ ਵਕੀਲ, ਡਾਕਟਰ ਬਣਨ ਜਾਂ ਹੋਰ ਕੁਝ ਬਣਨ, ਪਰ ਸਭ ਤੋਂ ਪਹਿਲਾਂ ਸਿੱਖ ਜ਼ਰੂਰ ਬਣਨ।...

"ਮੇਰੇ ਕੋਲ ਬੜੇ ਆਉਂਦੇ ਨੇ ਕਿ ਮੇਰੇ ਲੜਕੇ ਨੂੰ ਵਿਦੇਸ਼ ਭੇਜ ਦੇਵੋ। ਏਜੰਟ ਏਨੇ ਪੈਸੇ ਖਾ ਗਿਆ ਹੈ ਆਦਿ ਪਰ ਅਸਲ ਕੰਮ ਭਜਨ ਬਾਣੀ ਤੇ ਸਾਧ ਸੰਗਤ ਵਾਲਾ ਭੁਲਦੇ ਜਾਂਦੇ ਹਾਂ।"[9]

ਗੁਰਮਤਿ, ਗੁਰ ਆਸ਼ੇ ਅਨੁਸਾਰ ਜੀਵਨ ਜਾਚ ਵਿਚ ਪਰਪੱਕ ਹੋਣਾ ਇਹਨਾਂ ਸਮੂਹ ਪ੍ਰਵਚਨਾਂ ਦਾ ਕੇਂਦਰੀ ਧੁਰਾ ਹੈ। ਗੁਰਮਤਿ ਵਿਚ ਸਤਿਗੁਰੂ ਦੇ ਦਰਸ਼ਨਾਂ ਦਾ ਬਹੁਤ ਮਹਾਤਮ ਦੱਸਿਆ ਹੈ। ਆਪਣੇ ਸਤਿਗੁਰਾਂ ਵਿਚ ਭਰੋਸਾ ਹੀ ਸਿੱਖ ਨੂੰ ਪਾਰ ਲਾਉਂਦਾ ਹੈ। ਨਾਮਧਾਰੀ ਇਤਿਹਾਸ ਦੀਆਂ ਘਟਨਾਵਾਂ ਅਤੇ ਸਾਖੀਆਂ ਦੁਆਰਾ, ਸਤਿਗੁਰੂ ਜੀ, ਸੰਗਤ ਵਿਚ ਗੁਰੂ ਭਗਤੀ ਦੀਆਂ ਬਾਰੀਕੀਆਂ ਨੂੰ ਇਉਂ ਸਮਝਾਉਂਦੇ ਹਨ:

"ਸਤਿਗੁਰੂ ਰਾਮ ਸਿੰਘ ਜੀ ਕੋਲ ਸਿੱਖਾਂ ਅਰਜ਼ ਕੀਤੀ ਕਿ ਜਦੋਂ ਮੈਂ ਆਪ ਜੀ ਕੋਲ ਆਉਂਦਾ ਹਾਂ ਤਾਂ ਮੇਰਾ ਨਿਤਨੇਮ ਛੁਟ ਜਾਂਦਾ ਹੈ। ਸਤਿਗੁਰਾਂ ਬਚਨ ਕੀਤਾ, ਜਿਸ ਵਾਸਤੇ ਤੂੰ ਨਿਤਨੇਮ ਕਰਦਾ ਹੈਂ, ਉਹ ਤੇਰਾ ਕੰਮ ਹੋ ਜਾਂਦਾ ਹੈ ਫਿਰ ਨਿਤਨੇਮ ਛੁੱਟਣ ਦੀ ਗੱਲ ਨਹੀਂ।"[10]

"ਸਤਿਗੁਰੂ ਰਾਮ ਸਿੰਘ ਜੀ ਕੋਲ ਸਿੱਖਾਂ ਅਰਜ਼ ਕੀਤੀ, "ਸੱਚੇ ਪਾਤਸ਼ਾਹ, ਤੁਸੀਂ ਕਿਹੜੇ ਤੇ ਰਾਜ਼ੀ ਰਹਿੰਦੇ ਓ।" ਤਾਂ ਪਾਤਸ਼ਾਹ ਨੇ ਬਚਨ ਕੀਤਾ, "ਜਿਹੜਾ ਰਜ਼ਾ ਵਿਚ ਰਾਜ਼ੀ ਰਹੇ।" ਭਾਵ ਬੱਚਾ ਜੰਮ ਪਿਆ ਤਾਂ ਬਹੁਤ ਸੁਖ ਨਹੀਂ ਜਾਪਦਾ, ਮਰ ਗਿਆ ਏ ਤਾਂ ਦੁਖ ਨਹੀਂ। ਤੁਹਾਡਾ ਤਾਂ ਐਸਾ ਇਤਿਹਾਸ ਹੈ।

"ਇਕ ਨਾਮਧਾਰੀ ਇਕ ਪਿੰਡ ਵਿਚ ਰਹਿੰਦਾ ਸੀ। ਉਹ ਰੰਬੀ ਦਾ ਕੰਮ ਕਰਦਾ ਸੀ। ਉਸ ਕੋਲ ਸਿੱਖ ਆਏ, ਉਹਨਾਂ ਕਿਸੇ ਦਾ ਵਿਆਹ ਕਰਵਾਉਣਾ ਸੀ। ਉਸ ਨੇ ਉਹ ਵਿਆਹ ਕਰਵਾ ਦਿਤਾ। ਜਿਸ ਵੇਲੇ ਉਹ ਤੁਰਨ ਲੱਗੇ ਤਾਂ ਉਸ ਸਿੱਖ ਨੇ ਅਰਜ਼ ਕੀਤੀ, "ਸਾਧ ਸੰਗਤ ਜੀ ਤੁਸੀਂ ਪ੍ਰਸ਼ਾਦਾ ਪਾਣੀ ਛਕ ਲਿਆ ਹੈ। ਤੁਸੀਂ ਤਿਆਰੀ ਵਿਚ ਹੋ, ਮੇਰਾ ਇਕ ਕੰਮ ਕਰ ਕੇ ਜਾਓ।" ਉਹਨਾਂ ਜਦ ਕੰਮ ਪੁੱਛਿਆ ਤਾਂ ਉਸ ਆਖਿਆ, "ਰਾਤੀਂ ਮੇਰਾ ਬੱਚਾ ਚੜ੍ਹਾਈ ਕਰ ਗਿਆ ਹੈ, ਉਸ ਦਾ ਸਸਕਾਰ ਕਰਾ ਕੇ ਜਾਇਓ।"

ਉਹ ਕਹਿਣ ਲੱਗੇ, "ਸਾਨੂੰ ਤੁਸਾਂ ਪਹਿਲਾਂ ਨਹੀਂ ਦੱਸਿਆ।" ਉਸ ਨੇ ਕਿਹਾ, "ਆਉਣ ਜਾਣ ਦਾ ਕੰਮ ਤਾਂ ਸਤਿਗੁਰੂ ਦੇ ਵੱਸ ਏ। ਆਉਣ ਵਾਲੇ ਨੇ ਆਉਣਾ ਹੀ ਏ। ਜਾਣ ਵਾਲੇ ਨੇ ਚਲੇ ਜਾਣਾ ਏ। ਮੈਂ ਤੁਹਾਡੇ ਰੰਗ ਵਿਚ ਭੰਗ ਨਹੀਂ ਸੀ ਪਾਉਣਾ ਚਾਹੁੰਦਾ।"

"ਇਹ ਸਿੱਖੀ ਏ ਜਿਹੜੀ ਸਤਿਗੁਰਾਂ ਕੋਲੋਂ ਸਾਨੂੰ ਮਿਲੀ ਹੈ। ਇਹ ਕਿਸੇ ਮੁੱਲ ਤੋਂ 'ਬਜ਼ਾਰੋਂ' ਕਿਸੇ ਥਾਉਂ ਸਾਨੂੰ ਨਹੀਂ ਮਿਲ ਸਕਦੀ, ਬਗੈਰ ਸਤਿਗੁਰਾਂ ਦੀ ਸੰਗਤ ਤੋਂ। ਇਸ ਸਿੱਖੀ ਵਾਲੇ ਪਾਸੇ ਸਦਾ ਧਿਆਨ ਦਿਓ ਤੇ ਸਤਿਗੁਰੂ ਨੂੰ

Sri Satguru Jagjit Singh Ji eLibrary NamdhariElibrary@gmail.com

ਯਾਦ ਰੱਖ।"[11]

ਸਤਿਗੁਰੂ ਜੀ ਨੂੰ ਆਪਣੇ ਸਮੇਂ ਦੀਆਂ ਸਿਆਸੀ, ਧਾਰਮਕ, ਸਾਹਿਤ ਅਤੇ ਕਲਾ ਖੇਤਰ ਦੀਆਂ ਉਚ ਸ਼ਖਸੀਅਤਾਂ ਨਾਲ ਵਿਚਰਣ ਦਾ ਵੀ ਮੌਕਾ ਮਿਲਦਾ ਰਹਿੰਦਾ ਹੈ, ਜੋ ਉਹਨਾਂ ਦੇ ਪ੍ਰੇਮੀ ਹਨ। ਉਹਨਾਂ ਨਾਲ ਸਬੰਧਿਤ ਸੰਸਮਰਣਾਂ ਵਿਚੋਂ ਵੀ, ਆਪ ਆਪਣੀ ਸੰਗਤ ਦੇ ਭਲੇ ਲਈ ਮਿਸਾਲਾਂ ਲੱਭ ਕੇ ਪੇਸ਼ ਕਰਦੇ ਰਹਿੰਦੇ ਹਨ। ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਖ਼ਾਨ ਆਪ ਦੇ ਪਰਮ ਸ਼ਰਧਾਲੂਆਂ ਵਿਚ ਗਿਣੇ ਜਾਂਦੇ ਹਨ। ਉਹਨਾਂ ਦਾ ਹਵਾਲਾ, ਉਹਨਾਂ ਦੀ 'ਉਚੀ ਬਿਰਤੀ' ਸਮੇਤ ਇਉਂ ਹਾਜ਼ਰ ਹੈ:

"ਵਲਾਇਤ ਖ਼ਾਂ ਬਿਮਾਰ ਸਨ। ਮੈਂ ਉਹਨਾਂ ਦਾ ਪਤਾ ਲੈਣ ਗਿਆ। ਉਹਨਾਂ ਦੀ ਇਕ ਕਾਰ ਜੋ ਬਾਹਰੋਂ ਆਈ ਸੀ, ਕਸਟਮ ਵਿਚ ਫਸੀ ਪਈ ਸੀ। ਮੈਂ ਸਿਹਤ ਦਾ ਹਾਲ ਚਾਲ ਪੁੱਛਣ ਉਪਰੰਤ ਕਾਰ ਬਾਰੇ ਗੱਲ ਕੀਤੀ ਤਾਂ ਉਹਨਾਂ ਅੱਗੋਂ ਕਿਹਾ, ਸਚੇ ਪਾਤਸ਼ਾਹ ਕ੍ਰਿਪਾ ਕਰੋ ਅਜਿਹੀਆਂ ਦੁਨੀਆਵੀ ਚੀਜ਼ਾਂ ਦੀ ਖ਼ਾਹਸ਼ ਹੀ ਨਾ ਰਵ੍ਹੇ। ਉਹਨਾਂ ਦੀ ਏਨੀ ਉੱਚੀ ਬਿਰਤੀ ਸੀ ਉਸ ਵੇਲੇ। ਸਾਧ ਸੰਗਤ ਜੀ ਤੁਸੀਂ ਵੀ ਟੀ.ਵੀ., ਸਿਨੇਮਾ ਵਗੈਰਾ ਮਨ ਵਿਚੋਂ ਕੱਢੋ ਫਿਰ ਸੱਚ, ਭਜਨ ਤੇ ਨਾਮ ਮਨ ਵਿਚ ਆਵੇਗਾ।"[12]

ਫਰੀਦ ਜੀ ਦੀ ਸਿਖਿਆ ਹੈ ਕਿ ਬੁਰੇ ਦਾ ਵੀ ਭਲਾ ਕਰਨਾ ਹੈ – ਜਿਹੜਾ ਤੁਹਾਨੂੰ ਮੁੱਕੀਆਂ ਮਾਰਦਾ ਹੈ ਕੁੱਟਦਾ ਹੈ ਘਰ ਆਇਆਂ ਦੇ ਉਹਨਾਂ ਦੇ ਵੀ ਚਰਨ ਚੁੰਮੋ। ਨਾਮਧਾਰੀ ਸਿਘਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਨਾਲ ਇਸ ਤਰ੍ਹਾਂ ਦਾ ਜੀਵਨ ਹੰਢਾਇਆ। ਮਲੇਰਕੋਟਲੇ ਦੇ ਸਾਕੇ ਦੇ ਸ਼ਹੀਦ ਭਾਈ ਦੇਵਾ ਸਿੰਘ ਲੋਹਗੜ੍ਹ (ਲੁਧਿਆਣੇ) ਦੇ ਭਾਈ ਅਤਰ ਸਿੰਘ ਨੂੰ ਮੁਕਤਸਰ ਮੇਲੇ ਤੇ ਗਿਆਂ ਇਕ ਨਿਹੰਗ ਸਿੰਘ ਨੇ ਸਖ਼ਤ ਫੱਟੜ ਕਰ ਦਿਤਾ ਸੀ। ਉਸ ਨਿਹੰਗ ਸਿੰਘ ਦੀ ਬੀਮਾਰੀ ਦੀ ਹਾਲਤ ਵਿਚ ਅਤਰ ਸਿੰਘ ਹੋਰਾਂ ਬੜੀ ਸੇਵਾ ਕਰਕੇ ਉਸਨੂੰ ਅਰੋਗ ਕੀਤਾ। ਇਹ ਸਾਖੀ, ਗੁਰਬਾਣੀ ਦੀਆਂ ਤੁਕਾਂ ਨੂੰ ਸਾਰਥਕ ਕਰਨ ਵਾਲੀ, ਸਤਿਗੁਰੂ ਜੀ ਦੇ ਪ੍ਰਵਚਨਾਂ ਵਿਚ ਦਰਜ ਹੈ:

"ਮਾਰਨ ਵਾਲੇ ਤੇ ਰੋਸ ਨਾ ਕਰਕੇ, ਸਗੋਂ ਉਸ ਦਾ ਕਾਜ ਸੁਆਰ ਕੇ, ਸਤਿਗੁਰੂ ਦੇ ਸਿੱਖਾਂ ਨੇ ਐਸੀਆਂ ਤੁਕਾਂ ਨੂੰ ਵੀ ਅਮਲ ਵਿਚ ਲਿਆਂਦਾ ਹੈ। ਇਕ ਨਾਮਧਾਰੀ ਦੀ ਗੱਲ ਹੈ. ਉਹ ਮੁਕਤਸਰ ਸਾਹਿਬ ਮੇਲੇ 'ਤੇ ਗਿਆ। ਉਥੇ ਇਕ ਨਿਹੰਗ ਸਿੰਘ ਨੇ ਉਸ ਨਾਲ ਝਗੜਾ ਕੀਤਾ ਤੇ ਉਸਨੂੰ ਮਾਰਿਆ। ਉਸ ਦਾ ਸਿਰ ਪਾੜ ਦਿਤਾ ਪਰ ਉਸ ਨੇ ਕੁਝ ਨਹੀਂ ਕਿਹਾ। ਸਮਾਂ ਲੰਘਦਾ ਗਿਆ। ਉਹ ਮੇਲੇ ਜਾਂਦਾ ਰਿਹਾ। ਇਕ ਸਾਲ ਮੇਲੇ ਸਮੇਂ ਹੀ ਬਿਮਾਰੀ ਫੈਲ ਗਈ। ਬਸ ਜਿਸ ਨੂੰ ਦਸਤ ਲੱਗ ਜਾਣ ਉਹ ਬੇਹੋਸ਼ ਹੋਵੇ ਤੇ ਮਰ ਜਾਏ।

"ਇਤਫ਼ਾਕ ਨਾਲ ਉਹ ਨਿਹੰਗ ਬਾਹਰ ਮੈਦਾਨ ਹੋਣ ਗਿਆ। ਉਸਨੂੰ ਦਸਤ ਆਏ ਤੇ ਉਹ ਬੇਹੋਸ਼ ਹੋ ਕੇ ਡਿਗ ਪਿਆ। ਜਿਸ ਨਾਮਧਾਰੀ ਸਿੰਘ ਨੂੰ ਉਸ ਨੇ ਮਾਰਿਆ ਸੀ, ਉਹ ਕੁਦਰਤੀ ਉਸ ਪਾਸਿਉਂ ਲੰਘਿਆ। ਉਸ ਨੇ ਵੇਖਿਆ ਕਿ ਸਿੰਘ ਉਥੇ ਪਿਆ ਹੈ, ਉਸ ਨੇ ਉਸਨੂੰ ਬੇਹੋਸ਼ ਪਏ ਨੂੰ ਘਰ ਲਿਆਂਦਾ ਤੇ ਉਸ ਦੀ ਸੇਵਾ ਕੀਤੀ। ਜਦ ਨਿਹੰਗ ਨੂੰ ਹੋਸ਼ ਆਈ ਤਾਂ ਉਸ ਨੇ ਵੇਖਿਆ ਕਿ ਇਹ ਤਾਂ ਉਹੀ ਬੰਦਾ ਹੈ, ਜਿਸਨੂੰ ਮੈਂ ਮਾਰਿਆ ਸੀ। ਉਹ ਡਰ ਗਿਆ।

ਨਾਮਧਾਰੀ ਸਿੰਘ ਨੇ ਕਿਹਾ, "ਤੂੰ ਡਰ ਨਾ ਮੈਂ ਤੈਨੂੰ ਮਾਰਨ ਵਾਸਤੇ ਨਹੀਂ ਲਿਆਂਦਾ, ਮੈਂ ਤਾਂ ਤੈਨੂੰ ਬਿਮਾਰ ਪਏ ਨੂੰ ਸੇਵਾ ਕਰਨ ਵਾਸਤੇ ਲਿਆਇਆ ਹਾਂ।"

ਉਸ ਨੇ ਆਖਿਆ, "ਤੂੰ ਕੀਹਦਾ ਸਿੱਖ ਹੈਂ?"

ਮੈਂ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਹਾਂ।"

"ਉਸਨੇ ਆਖਿਆ ਮੈਨੂੰ ਵੀ ਸਤਿਗੁਰੂ ਰਾਮ ਸਿੰਘ ਦਾ ਸਿੱਖ ਬਣਾ ਲੈ।

"ਤੁਕਾਂ ਗੁਰਬਾਣੀ ਵਿਚ ਲਿਖੀਆਂ ਨੇ: **ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨਾ ਕੀਨੋ ਰੋਸੁ ॥**

"ਤਿਖੇ ਸ਼ਸਤਰਾਂ ਨਾਲ ਕਟਿਆ ਉਹਨੂੰ ਪਰ ਉਸਨੇ ਰੋਸ ਨਹੀਂ ਕੀਤਾ, ਸਗੋਂ **ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨਾ ਦੀਨੋ ਦੋਸੁ ॥**

Sri Satguru Jagjit Singh Ji eLibrary NamdhariElibrary@gmail.com

"ਜਿਸ ਨੇ ਉਸ ਨੂੰ ਮਾਰਿਆ ਸੀ, ਉਸ ਦਾ ਕੰਮ ਸਵਾਰਿਆ ਕਿਸੇ ਨੂੰ ਦੋਸ਼ ਨਹੀਂ ਦਿਤਾ। ਇਹਨਾਂ ਤੁਕਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਜੀਵਨ ਵਿਚ ਢਾਲ ਕੇ ਦੱਸਿਆ।"[13]

ਨਾਮਧਾਰੀਆਂ ਦਾ ਮੱਕਾ ਹੈ – ਸ੍ਰੀ ਭੈਣੀ ਸਾਹਿਬ। ਜਿੱਥੇ ਸ੍ਰੀ ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਡੇਢ੍ਹ ਸਦੀ ਤੋਂ ਵੱਧ ਸਮੇਂ ਤੋਂ ਗੁਰਬਾਣੀ, ਗੁਰਸਿੱਖ ਮਾਰਗ ਦੀ ਕਥਾ ਕੀਰਤਨ, ਨਾਮ ਦਾਨ ਇਸ਼ਨਾਨ ਅਤੇ ਸਤਿਗੁਰੂ ਜੀ ਦੇ ਦਰਸ਼ਨ ਦੁਆਰਾ ਸੋਝੀ ਕਰਵਾਉਂਦੇ ਆ ਰਹੇ ਹਨ। ਆਪਣੇ ਕੇਂਦਰ ਨਾਲ ਜੁੜਨਾ ਹਰ ਨਾਮਧਾਰੀ ਜਾਂ ਕੂਕੇ ਸਿੱਖ ਦਾ ਪ੍ਰਥਮ ਕਰਤਵ ਹੈ। ਇਸ ਦਾ ਇਤਿਹਾਸ ਕੁਰਬਾਨੀਆਂ ਭਰਿਆ ਅਤੇ ਅਨੇਕਾਂ ਇਤਿਹਾਸ ਪੁਰਖਾਂ ਦੀਆਂ ਯਾਦਾਂ ਆਪਣੇ ਵਿਚ ਸਮੋਈ ਬੈਠਾ ਹੈ। ਇਸ ਲਈ ਮੇਲਿਆਂ, ਸ਼ਹੀਦੀ ਸਮਾਗਮਾਂ ਜਾਂ ਜਪ ਪ੍ਰਯੋਗ ਸਮੇਂ ਇੱਥੇ ਆਉਣ ਵਾਲੀ ਸੰਗਤ ਨੂੰ ਸਤਿਗੁਰੂ ਜੀ ਇਸ ਅਸਥਾਨ ਦੀ ਮਹੱਤਤਾ ਦਾ ਬੋਧ ਕਰਵਾਉਂਦੇ ਰਹਿੰਦੇ ਹਨ:

"ਸਾਡੇ ਬੱਚਿਆਂ ਨੂੰ ਏਥੇ ਆ ਕੇ ਸਿਖਿਆ ਮਿਲੇ ਕਿ ਇਹ ਸਾਡਾ ਘਰ ਹੈ। ਸਾਡਾ ਸਾਰਾ ਕੁਝ ਏਥੇ ਸ੍ਰੀ ਭੈਣੀ ਸਾਹਿਬ ਹੈ। ਇਹ ਮੁੱਢ ਹੈ। ਇਸਦੇ ਵਾਸਤੇ ਆਪਣੇ ਬੱਚਿਆਂ ਨੂੰ ਦ੍ਰਿੜ੍ਹ ਕਰਵਾਉਣਾ ਹੈ। ਉਹ ਇਸ ਪਾਸੇ ਪੂਰਾ ਧਿਆਨ ਦੇਣ। ਮਾਈਆਂ-ਰੰਗਦਾਰ ਕੱਪੜੇ ਪਾ ਕੇ ਖ਼ੁਸ਼ਬੂਦਾਰ ਤੇਲ ਲਾ ਕੇ ਵਖਾਲਾ ਕਰਨ ਦੀ ਥਾਂ ਆਪਣੇ ਬੱਚਿਆਂ ਨੂੰ ਇਹ ਸਿਖਿਆ ਦੇਣ ਕਿ ਏਥੇ ਆ ਕੇ ਅਸਾਂ ਇਹ ਕੁਝ ਸਿੱਖਣਾ ਹੈ। ਭੁੰਜੇ ਲੰਮੇ ਪੈਣ ਏਥੇ ਆ ਕੇ, ਮੰਜੇ ਤੇ ਨਾ ਸੌਣ। ਕਿਉਂ? ਇਹੋ ਜਿਹਾ ਤੁਹਾਡਾ ਸਰੀਰ ਬਣੇ ਕਿ ਤੁਹਾਨੂੰ ਕਿਸੇ ਔਖੇ ਵੇਲੇ ਤਕਲੀਫ਼ ਨਾ ਆਵੇ।...

"ਸਰੀਰ ਕੰਮ ਦੇਂਦਾ ਰਹਿਣਾ ਚਾਹੀਦਾ ਹੈ। ਹਰ ਆਏ ਦਿਨ ਤਾਜ਼ਗੀ ਸਾਡੇ ਸਰੀਰ ਵਿਚ ਹੋਵੇ। ਇਹ ਤਾਜ਼ਗੀ ਸਾਨੂੰ ਭਜਨ ਬੰਦਗੀ ਵਾਲੇ ਪਾਸੇ ਲਾਵੇ। ਇਹ ਸਾਨੂੰ ਆਪਣੇ ਘਰ ਬਾਰੇ ਸੋਚਣ ਵਲ ਲਾਵੇ। ਸਾਡਾ ਧਿਆਨ ਏਥੇ ਰਹਿਣ ਲਈ ਵਧੀਆ ਥਾਵਾਂ ਵੱਲ ਨਾ ਜਾਵੇ। ਸਗੋਂ ਇਸ ਪਾਸੇ ਜਾਵੇ ਕਿ ਸਾਡਾ ਸਾਰਾ ਕੁਝ ਏਥੇ ਸ੍ਰੀ ਭੈਣੀ ਸਾਹਿਬ ਹੀ ਹੈ। ਸਾਡਾ ਇਤਿਹਾਸ, ਸਾਡਾ ਭਜਨ ਬੰਦਗੀ ਤੇ ਸਿਖਿਆ ਦਾ ਕੇਂਦਰ, ਸਾਡਾ ਔਗੁਣ ਸਵਾਰਨ ਦਾ ਸਾਧਨ।"[14]

ਸਤਿਗੁਰੂ ਜੀ ਦੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਉਹ ਆਪਣਾ ਇਕ ਇਕ ਪਲ ਕਿਵੇਂ ਸਾਰਥਕ ਕਰੀ ਜਾਂਦੇ ਹਨ – ਸਿਰਫ਼ ਦੋ ਘੰਟੇ ਵਿਸ਼ਰਾਮ ਕੇ ਹੀ – ਇਸ ਲਈ ਉਹ ਖ਼ੁਦ ਨੂੰ ਤਰਬੀਅਤ ਦੇਣ ਵਾਲੇ, ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਪ੍ਰਤੀ ਵੀ ਇਹਨਾਂ ਪ੍ਰਵਚਨਾਂ ਵਿਚ ਆਭਾਰ ਪ੍ਰਗਟ ਕਰਦੇ ਹਨ ਅਤੇ ਸਤਿਗੁਰੂ ਜੀ ਦੇ ਬਹੁਤ ਸਾਰੇ ਉੱਤਮ ਮਨੁੱਖੀ ਗੁਣਾ ਦਾ ਵਰਣਨ ਵੀ ਭਾਵੀ ਇਤਿਹਾਸਕਾਰਾਂ ਲਈ ਇਉਂ ਕਰਦੇ ਹਨ:

"ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਬੜੀ ਕਿਰਪਾ ਕੀਤੀ, ਉਹ ਆਪ ਕਈ ਖੇਡਾਂ ਦੇ ਖਿਡਾਰੀ ਸਨ। ਨੇਜ਼ਾਬਾਜ਼ੀ ਦੇ ਮਾਹਰ ਸਨ। ਘੋੜੀ 'ਤੇ ਚੜ੍ਹਨਾ ਤਾਂ ਆਪਣੇ ਕੰਨ ਫੜਕੇ ਉੱਪਰ ਚੜ੍ਹ ਜਾਣਾ। ਫੇਰ ਘੋੜੀ ਤੇ ਚੜ੍ਹ ਕੇ ਜਾ ਕੇ ਘੋੜੀ ਤੋਂ ਊਠ 'ਤੇ ਚੜ੍ਹ ਜਾਣਾ ਤੇ ਉਹਨੂੰ ਫੜ ਲਿਆਉਣਾ। ਇਹ ਵੀ ਇਕ ਬੜਾ ਵੱਡਾ ਗੁਣ ਹੈ ਖਿਡਾਰੀਆਂ ਦਾ। ਸਭ ਤੋਂ ਪਹਿਲੀ ਚੀਜ਼ ਇਹ ਹੈ ਜੇ ਦੇਹੀ ਰਹੇਗੀ ਤਾਂ ਹੀ ਭਜਨ ਬਾਣੀ ਹੋਏਗਾ। ਸਤਿਗੁਰੂ ਪ੍ਰਤਾਪ ਸਿੰਘ ਘੁਲਦੇ ਵੀ ਹੁੰਦੇ ਸਨ ਫਿਰ ਉਹ ਕੱਪੜਿਆਂ ਦੀ ਕਾਟ ਦੇ ਬੜੇ ਮਾਹਰ ਸਨ, ਚੋਲਾ, ਅਚਕਨ, ਕੁੜਤਾ, ਪਜਾਮਾ, ਕਛਹਿਰਾ ਆਦਿ ਸਾਰਾ ਕੁਝ, ਕਿਸੇ ਦਰਜ਼ੀ ਕੋਲੋਂ ਏਨਾ ਕਪੜਾ ਨਹੀਂ ਸੀ ਬਚਦਾ, ਜਿਨਾ ਉਹ ਬਚਾ ਲੈਂਦੇ ਸਨ। ਫਿਰ ਪਾਣੀ ਵਿਚ ਤਰਨਾ ਬਹੁਤ ਵਧੀਆ ਆਉਂਦਾ ਸੀ ਉਨ੍ਹਾਂ ਨੂੰ। ਸਾਡੇ ਤੇ ਕਿਰਪਾ ਕੀਤੀ ਸੱਚੇ ਪਾਤਸ਼ਾਹ ਨੇ ਸਾਨੂੰ ਏਸ ਪਾਸੇ ਲਾਇਆ, ਫੁੱਟਬਾਲ ਖੇਡਣ ਵੱਲ ਲਾਇਆ, ਦੌੜਨ ਵਾਸਤੇ ਲਾਇਆ। ਫੁੱਟਬਾਲ ਦੀ ਟੀਮ ਵਿਚ ਮੈਂ ਬਹੁਤ ਚਿਰ ਖੇਡਦਾ ਰਿਹਾ ਹਾਂ। ਥੋੜ੍ਹਾ ਚਿਰ ਵਾਲੀਵਾਲ ਵੀ ਖੇਡਦਾ ਰਿਹਾ ਹਾਂ। ਬੈਡਮਿੰਟਨ ਮੈਂ ਹੁਣ ਵੀ ਖੇਡ ਲੈਂਦਾ ਹਾਂ, ਦੌੜਦਾ ਵੀ ਰਿਹਾ ਹਾਂ। ਘੋੜੇ ਦੀ ਸਵਾਰੀ ਵੀ ਕਰਦਾ ਰਿਹਾ। ਛੋਟੀ ਉਮਰ ਵਿਚ ਸੱਚੇ ਪਾਤਸ਼ਾਹ ਏਨੇ ਕੰਮ ਦਿੰਦੇ ਸਨ ਜਿਹੜੇ ਗਿਣ ਨਹੀਂ ਸਕਦਾ ਆਦਮੀ। ਚੁੱਭੀ ਮਾਰ ਕੇ ਤਰਨਾ ਬਹੁਤ ਦੂਰ ਤਕ। ਇਕ ਵੇਰ ਮੈਂ ਜਗਤਾਰ ਸਿੰਘ ਪਨਿਹਾਰੀ ਵਾਲਿਆਂ ਨੂੰ ਆਖਿਆ, ਮੇਰਾ ਟਾਇਮ ਨੋਟ ਕਰਿਓ ਮੈਂ ਕਿੰਨੀ ਦੇਰ ਚੁੱਭੀ ਮਾਰੀ। 2 ਮਿੰਟ ਤੇ 17 ਸੈਕਿੰਡ ਟਾਇਮ ਉਹਨਾਂ ਨੇ ਨੋਟ

Sri Satguru Jagjit Singh Ji eLibrary NamdhariElibrary@gmail.com

ਕੀਤਾ। ਇਹ ਸਤਿਗੁਰਾਂ ਦੀ ਕਿਰਪਾ ਨਾਲ ਸਾਰਾ ਕੁਝ ਹੁੰਦਾ ਹੈ।

"ਇਕ ਉਹ ਨੇ ਜਿਹਨਾਂ ਨਾਲ ਅੰਮ੍ਰਿਤ ਵੇਲੇ ਦੋ ਵਜੇ ਉਠਣਾ ਹੁੰਦੈ ਤੇ ਇਕ ਉਹ ਨੇ ਜਿਹਨਾਂ ਨਾਲੋਂ ਅਲੱਗ ਹੋ ਕੇ ਰਾਤ ਨੂੰ ਬਾਰਾਂ ਵਜੇ ਸੌਣਾ ਹੁੰਦਾ ਹੈ ਪਰ ਸਤਿਗੁਰਾਂ ਦੀ ਕਿਰਪਾ ਨਾਲ ਸਾਰਿਆਂ ਨਾਲ ਪੂਰੇ ਆਇਆ ਜਾਂਦਾ ਹੈ।"[55]

ਚੰਗਾ ਹੁੰਦਾ ਜੇ ਸੰਗ੍ਰਹਿ ਕਰਤਾ ਹਰ ਪ੍ਰਵਚਨ ਦਾ ਸਮਾਂ ਸਥਾਨ ਵੀ ਲਿਖ ਦਿੰਦਾ। ਇਸ ਨਾਲ ਭਾਵੀ ਇਤਿਹਾਸ ਲੇਖਕਾਂ ਦਾ ਕੰਮ ਅਸਾਨ ਹੋ ਜਾਣਾ ਸੀ। ਫਿਰ ਵੀ ਪਿਛਲੀ ਅੱਧੀ ਸਦੀ ਤੋਂ ਨਾਮਧਾਰੀ ਸੰਗਤ ਅਤੇ ਹੋਰ ਪ੍ਰੇਮੀਆਂ ਨੂੰ, ਆਪਣੇ ਦੈਨਿਕ ਅਧਿਆਤਮਕ ਜੀਵਨ ਵਿਚ ਰੂ-ਬ-ਰੂ ਹੁੰਦੇ ਆ ਰਹੇ ਸਤਿਗੁਰੂ ਜੀ ਦੇ, ਕੁਝ ਚੁਨਿੰਦਾ ਪ੍ਰਵਚਨ ਛਾਪ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਅਸੀਂ ਸਮਝਦੇ ਹਾਂ ਕਿ ਅਜੇ ਪ੍ਰਵਚਨਾਂ ਦੀ ਗ੍ਰੰਥਾਵਲੀ ਦੀਆਂ ਹੋਰ ਜਿਲਦਾਂ ਵੀ ਅਵੱਸ਼ ਛਾਪੇ ਦਾ ਜਾਮਾ ਪਹਿਰਨਗੀਆਂ। ਫਿਰ ਵੀ ਇਹ ਪਹਿਲਾ ਯਤਨ ਬੜਾ ਸਾਰਥਕ ਉਪਰਾਲਾ ਹੋ ਨਿਬੜਿਆ ਹੈ। ਆਧੁਨਿਕ ਤਕਨੀਕ ਭਾਵੇਂ ਇਹਨਾਂ ਪ੍ਰਵਚਨਾਂ ਨੂੰ ਮੂਲ ਰੂਪ ਵਿਚ ਦ੍ਰਿਸ਼ਾਵਲੀ ਸਮੇਤ ਵੀ ਸਾਂਭ ਸਕਦੀ ਹੈ, ਪਰ ਇਸ ਨੂੰ ਪੁਸਤਕ ਰੂਪ ਦੇ ਕੇ ਨਾਮਧਾਰੀ ਪੰਜਾਬੀ ਸਾਹਿਤ ਵਿਚ ਇਕ ਸਜੀਵ ਵਾਧਾ ਕਰ ਦਿਤਾ ਗਿਆ ਹੈ। ਸਤਿਗੁਰੂ ਜੀ ਦੇ ਇਹਨਾਂ ਪ੍ਰਵਚਨਾਂ ਦੇ ਵਿਸ਼ਾ ਵਸਤੂ ਬਾਰੇ ਤਾਂ ਅਸੀਂ ਪਾਠਕਾਂ ਨੂੰ ਪੰਛੀ-ਝਾਤ ਪੁਆਉਣ ਦਾ ਯਤਨ ਕੀਤਾ ਹੈ। ਇਕ ਸਤਰ ਵਿਚ ਕਹਿਣਾ ਹੋਵੇ ਤਾਂ ਅਸੀਂ ਇਸਨੂੰ ਗੁਰਮਤਿ ਸਾਹਿਤ ਦਾ ਹੀ ਇਕ ਭਾਗ ਆਖ ਸਕਦੇ ਹਾਂ। ਸਤਿਗੁਰੂ ਜਗਜੀਤ ਸਿੰਘ ਦੀ ਸਿੱਖਿਆ ਦਾ ਕੇਂਦਰ ਬਿੰਦੂ ਇਹੋ ਹੈ, "ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਗੁਰਬਾਣੀ, ਜਿਹੜੀ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਲਿਖੀ ਹੋਈ ਹੈ – ਉਸਦੇ ਮੁਤਾਬਿਕ ਆਪਣਾ ਜੀਵਨ ਬਣਾ ਕੇ ਤੁਰਦੇ ਹਾਂ।" ਇਹਨਾਂ ਉਪਦੇਸ਼ਾਂ ਵਿਚ ਥਾਂ-ਥਾਂ ਤੇ ਗੁਰਬਾਣੀ ਦੀਆਂ ਤੁਕਾਂ ਦੁਆਰਾ ਆਪਣੇ ਬਚਨਾਂ ਨੂੰ ਸਜਾਇਆ ਗਿਆ ਹੈ। ਸਤਿਗੁਰੂ ਜੀ ਦਾ ਰਾਗ ਸੰਗੀਤ ਕੀਰਤਨ ਪ੍ਰਤੀ ਪ੍ਰੇਮ ਵੀ ਝਲਕਦਾ ਹੈ ਅਤੇ ਪੁਰਾਤਨ ਗੁਰਮਤ ਸ਼ੈਲੀ ਵਾਲੇ ਕੀਰਤਨ ਦੀਆਂ ਰੀਤਾਂ ਦੀ ਸੰਭਾਲ ਬਾਰੇ, ਆਪ ਜੀ ਦੀ ਫ਼ਿਕਰਮੰਦੀ ਵੀ।

ਸਤਿਗੁਰੂ ਜੀ ਦੀ ਭਾਸ਼ਾ ਪੂਰਬ ਸਤਿਗੁਰੂ ਸਾਹਿਬਾਨ ਨਾਲੋਂ ਭਿੰਨ ਹੈ। ਸਤਿਗੁਰੂ ਰਾਮ ਸਿੰਘ (ਹੁਕਮਨਾਮਿਆਂ ਅਨੁਸਾਰ), ਅਤੇ ਸਤਿਗੁਰੂ ਪਰਤਾਪ ਸਿੰਘ (ਰੀਕਾਰਡ ਹੋਏ ਉਪਦੇਸ਼ਾਂ – ਜੋ "ਲਾਲ ਏਹ ਰਤਨ" ਪੰਜ ਭਾਗਾਂ ਵਿਚ ਛਪੇ ਮੁਤਾਬਿਕ), ਪੁਆਧੀ ਉਪਭਾਸ਼ਾ ਵਾਲਾ ਉਚਾਰਣ ਵਰਤਦੇ ਹਨ। ਪ੍ਰੰਤੂ ਸਤਿਗੁਰੂ ਜਗਜੀਤ ਸਿੰਘ ਜੀ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਇਸ ਦਾ ਕਾਰਨ ਇਹ ਹੈ ਕਿ ਬਚਪਨ ਵਿਚ ਆਪ ਦੀ ਸੰਭਾਲ ਕੇਂਦਰੀ ਪੰਜਾਬ ਦੇ ਸਿੰਘਾਂ ਦੁਆਰਾ ਹੋਈ। ਦੂਜਾ ਇਹ ਵੀ ਹੋ ਸਕਦਾ ਹੈ ਕਿ ਆਪ ਦੇ ਸਮੇਂ ਡੇਰੇ ਵਿਚ ਵੀ ਮਾਝੇ ਦੇ ਸਿੰਘ ਜ਼ਿਆਦਾ ਰਹਿਣ ਲੱਗ ਪਏ ਸਨ। ਕੁਝ ਆਪ, ਜਿਸ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀ ਰਹੇ, ਉਥੋਂ ਦੇ ਹਮ-ਜਮਾਤੀਆਂ ਦਾ ਪ੍ਰਭਾਵ ਵੀ ਹੁੰਦਾ ਹੈ ਜਿਹਨਾ ਵਿਚੋਂ ਕਾਫ਼ੀ ਕੇਂਦਰੀ ਪੰਜਾਬ ਦੇ ਸਨ ਅਤੇ ਸ੍ਰੀ ਭੈਣੀ ਸਾਹਿਬ ਤੋਂ ਛਪਣ ਵਾਲੇ ਸਪਤਾਹਿਕ 'ਸਤਿਜੁਗ' ਅਖ਼ਬਾਰ ਦੀ ਭਾਸ਼ਾ ਵੀ ਕੇਂਦਰੀ ਪੰਜਾਬੀ ਹੀ ਸੀ।

ਹੁਕਮਨਾਮਿਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਸ਼ੈਲੀ ਦੀ ਚਰਚਾ ਕਰਦਿਆਂ ਪ੍ਰੋ. ਸਤਿੰਦਰ ਸਿੰਘ ਨੂਰ ਆਪ ਦੀ ਸ਼ੈਲੀ ਦਾ ਵਰਣਨ ਵੀ ਕਰ ਜਾਂਦੇ ਹਨ: "ਵਿਰੋਧ ਪੂਰੇ ਅੰਗਰੇਜ਼ ਸਾਮਰਾਜ ਨਾਲ ਹੈ। ਪਾਬੰਦੀਆਂ ਹਨ, ਨਜ਼ਰਬੰਦੀ ਹੈ, ਜਲਾਵਤਨੀ ਹੈ, ਪਰ ਪ੍ਰਵਚਨ ਤਾਂ ਬਹੁਤ ਹੀ ਨਿਮਰ ਹਨ। ਪ੍ਰਵਚਨ ਜਿੰਨਾ ਨਿਮਰ ਹੁੰਦਾ ਹੈ, ਵਾਕ ਉਨੇ ਹੀ ਛੋਟੇ ਤੇ ਸਰਲ ਹੁੰਦੇ ਹਨ, ਪਰ ਗੱਲਾਂ ਵੱਡੀਆਂ ਹੁੰਦੀਆਂ ਹਨ।

"ਇਹ ਨਿਮਰਤਾ, ਸਰਲਤਾ ਤੇ ਪ੍ਰਵਚਨ ਦੀ ਸਹਿਜ ਵਿਧੀ ਇਸ ਰੂਪ ਵਿਚ ਨਾਮਧਾਰੀ ਸੰਪ੍ਰਦਾਇ ਦਾ ਮੁਖ ਚਿਹਨ ਬਣ ਗਈ ਹੈ। ਸਤਿਗੁਰੂ ਜਗਜੀਤ ਸਿੰਘ ਜੀ ਵੀ ਜਦੋਂ ਪ੍ਰਵਚਨ ਕਰਦੇ ਹਨ ਤਾਂ ਇਸੇ ਸਹਿਜ-ਸ਼ੈਲੀ ਵਿਚ ਕਰਦੇ ਹਨ। ਛੋਟੇ ਛੋਟੇ ਸਰਲ ਵਾਕ, ਨਿਮਰਤਾ ਦਾ ਪਰਵਾਹ। ਇਹ ਸ਼ੈਲੀ ਇਹਨਾਂ ਹੁਕਮਨਾਮਿਆਂ ਨੇ ਪੰਜਾਬੀ ਵਾਰਤਕ ਵਿਚ ਪ੍ਰਵਾਹਿਤ ਕੀਤੀ, ਜਿਸਦਾ ਹੋਰ ਲਗਨ ਨਾਲ ਅਧਿਐਨ ਕੀਤਾ ਜਾਣਾ ਚਾਹੀਦਾ ਹੈ।"[56]

ਆਸ਼ਾ ਕਰਦੇ ਹਾਂ ਕਿ ਪੰਜਾਬੀ ਅਧਿਆਤਮਕ ਵਾਰਤਕ ਸਾਹਿਤ ਵਿਚ "ਪ੍ਰਵਚਨਾਂ" ਨੂੰ ਬਣਦਾ ਸਥਾਨ ਮਿਲੇਗਾ।

Sri Satguru Jagjit Singh Ji eLibrary NamdhariElibrary@gmail.com

ਫੁਟਨੋਟ:

1. ਪ੍ਰਵਚਨ - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ (ਸੰਗ੍ਰਹਿ ਕਰਤਾ -ਹਰਵਿੰਦਰ ਸਿੰਘ ਹੰਸਪਾਲ), 2001 ਈ. ਸ੍ਰੀ ਭੈਣੀ ਸਾਹਿਬ ਸਫ਼ਾ 118
2. ਉਹੀ, ਸਫ਼ਾ 66
3. ਉਹੀ, ਸਫ਼ਾ ਉਹੀ
4. ਉਹੀ, ਸਫ਼ਾ 64-65
5. ਉਹੀ, ਸਫ਼ਾ 65-66
6. ਉਹੀ, ਸਫ਼ਾ 161-162
7. ਉਹੀ, ਸਫ਼ਾ 46
8. ਉਹੀ, ਸਫ਼ਾ 12
9. ਉਹੀ, ਸਫ਼ਾ 158
10. ਉਹੀ, ਸਫ਼ਾ 159
11. ਉਹੀ, ਸਫ਼ਾ 124
12. ਉਹੀ, ਸਫ਼ਾ 76
13. ਉਹੀ, ਸਫ਼ਾ 131
14. ਉਹੀ, ਸਫ਼ਾ 102
15. ਉਹੀ, ਸਫ਼ਾ 171
16. ਹੁਕਮਨਾਮੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) -1998 - ਸ੍ਰੀ ਭੈਣੀ ਸਾਹਿਬ, ਸਫ਼ਾ 19-20.

Sri Satguru Jagjit Singh Ji eLibrary NamdhariElibrary@gmail.com

ਗਿਆਨੀ ਗਿਆਨ ਸਿੰਘ ਦੁਆਰਾ ਰਚਿਤ
ਕੂਕਿਆਂ ਬਾਰੇ 28 ਕਬਿੱਤ

ਗਿਆਨੀ ਗਿਆਨ ਸਿੰਘ ਜੀ ਸਿੱਖ ਪੰਥ ਦੇ ਉੱਘੇ ਇਤਿਹਾਸਕਾਰ ਹੋਏ ਹਨ। ਉੱਨ੍ਹੀਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਵਿਚ, ਉਹਨਾਂ ਕਵਿਤਾ ਅਤੇ ਵਾਰਤਕ ਵਿਚ ਸੰਪੂਰਨ ਸਿੱਖ ਇਤਿਹਾਸ ਲਿਖ ਦਿਤਾ ਹੈ। ਕਵਿਤਾ ਦੀ ਪੁਸਤਕ 'ਸ੍ਰੀ ਗੁਰੂ ਪੰਥ ਪ੍ਰਕਾਸ਼' ਬ੍ਰਿਜ ਭਾਸ਼ਾ ਵਿਚ ਛੰਦਾਬੰਦੀ ਵਿਚ ਹੈ ਅਤੇ ਵਾਰਤਕ ਵਿਚ 'ਤਵਾਰੀਖ ਗੁਰੂ ਖ਼ਾਲਸਾ' ਦੋ ਭਾਗਾਂ ਵਿਚ ਛਪੀ ਮਿਲਦੀ ਹੈ। ਉਹਨਾਂ ਦਾ ਵਿਸ਼ਾਲ ਜੀਵਨ ਅਨੁਭਵ, ਨਿਰਮਲੇ ਸੰਤਾਂ ਪਾਸ ਰਹਿ ਕੇ ਗੁਰਬਾਣੀ, ਭਾਸ਼ਾ, ਕਾਵਿ ਆਦਿ ਦਾ ਗਿਆਨ ਹਾਸਲ ਕਰਨਾ ਅਤੇ ਗੁਰ ਇਤਿਹਾਸ ਨਾਲ ਸਬੰਧਿਤ ਦੂਰ ਦਰਾਜ ਥਾਵਾਂ ਦੀ ਤੀਰਥ ਯਾਤਰਾ ਨੇ ਉਹਨਾਂ ਨੂੰ ਇਕ ਟਕਸਾਲੀ ਇਤਿਹਾਸ ਲੇਖਕ ਬਨਾਉਣ ਵਿਚ ਹਿੱਸਾ ਪਾਇਆ। ਭਾਵੇਂ ਸਿੱਖ ਇਤਿਹਾਸ ਲਿਖਦਿਆਂ ਉਹ ਪੌਰਾਣਿਕ ਕਥਾਵਾਂ ਦੇ ਪ੍ਰਭਾਵ ਵਿਚ ਵੀ ਆ ਜਾਂਦੇ ਰਹੇ ਹਨ ਪਰ ਕੂਕਿਆਂ ਦਾ ਇਤਿਹਾਸ ਤਾਂ ਉਹਨਾਂ ਦੇ ਸਾਹਵੇਂ ਵਾਪਰਿਆ ਸੀ। ਇਕ ਵੇਰ ਫਲੌਰ ਦੇ ਪੱਤਣ ਤੋਂ ਬੇੜੀ 'ਤੇ ਦਰਿਆ ਪਾਰ ਕਰਦੇ ਸਮੇਂ ਉਹਨਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਅਤੇ ਫਿਰ ਉਹ ਪੂਰੇ 22 ਦਿਨ ਆਪ ਦੀ ਸੰਗਤ ਵਿਚ ਰਹਿ ਕੇ ਰੋਜ਼ਾਨਾ ਗੁਰ ਇਤਿਹਾਸ ਦੀ ਕਥਾ ਵੀ ਕਰਦੇ ਰਹੇ। ਇਸ ਦੌਰੇ ਵਿਚ ਗਿਆਨੀ ਜੀ ਅੰਮ੍ਰਿਤਸਰ ਦੀ ਦੀਵਾਲੀ ਦੇ ਪੁਰਬ ਤੱਕ ਇਸ ਇਲਾਹੀ ਸੰਗਤ ਦਾ ਰੰਗ ਮਾਣਦੇ ਰਹੇ ਹਨ। ਕੂਕਿਆਂ ਬਾਰੇ ਉਹਨਾਂ ਦੀ ਰਚਨਾ ਵਿਚ ਸਮਕਾਲੀ ਤੱਥਾਂ ਦੀ ਪ੍ਰੋੜ੍ਹਤਾ ਸਿੱਧ ਹੁੰਦੀ ਹੈ, ਇਸ ਵਿਚ ਕਿਤੇ ਵੀ ਪੌਰਾਣਿਕ ਅੰਸ਼ ਭਾਰੂ ਨਹੀਂ ਹੁੰਦੇ।

ਗਿਆਨੀ ਜੀ ਦੇ ਇਹਨਾਂ ਕਬਿੱਤਾਂ ਨੂੰ ਨਾਮਧਾਰੀਆਂ ਨਾਲ ਸਬੰਧਿਤ ਹਰ ਰਚਨਾ ਵਿਚ, ਏਨੀ ਵਾਰ ਦੁਹਰਾਇਆ ਜਾ ਚੁੱਕਾ ਹੈ ਕਿ ਗਿਆਨੀ ਜੀ ਦੇ ਜ਼ਿਕਰ ਤੋਂ ਬਿਨਾ ਸਾਨੂੰ ਵੀ ਕੂਕਾ ਲਹਿਰ ਦੇ ਸਾਹਿਤ ਦਾ ਵਰਣਨ ਅਧੂਰਾ ਮਾਲੂਮ ਹੁੰਦਾ ਹੈ। ਰਚਨਾ ਦੇ ਕਾਵਿਕ ਮੁੱਲ ਵੀ ਅਕੱਟ ਇਤਿਹਾਸ ਨਾਲ ਜੁੜ ਕੇ ਇਸ ਨੂੰ ਇਕ ਅਮਰ ਕ੍ਰਿਤੀ ਬਨਾਉਣ ਦੇ ਸਮਰੱਥ ਹਨ। ਗਿਆਨੀ ਜੀ ਦਾ ਭਾਸ਼ਾ ਸ਼ਿਲਪ, ਕਬਿੱਤ ਛੰਦ ਉੱਤੇ ਉਹਨਾਂ ਦੀ ਪਕੜ, ਕਵਿਤਾ ਦੀ ਚਾਲ ਵਿਚ ਉਹਨਾਂ ਦੀ ਰਵਾਨੀ, ਮੁਹਾਵਰੇਦਾਰ ਸ਼ੈਲੀ ਅਤੇ ਕੁਝ ਅਟੱਲ ਸੱਚਾਈਆਂ ਦੇ ਵਰਣਨ ਸਦਕਾ, ਇਹਨਾਂ ਕਬਿੱਤਾਂ ਦਾ ਉਚਕੋਟੀ ਦਾ ਕਲਾ ਪੱਖ ਉਜਾਗਰ ਹੁੰਦਾ ਹੈ। ਕੂਕਿਆਂ ਪ੍ਰਤੀ ਗਿਆਨੀ ਜੀ ਦੇ ਯਥਾਰਥਵਾਦੀ ਦ੍ਰਿਸ਼ਟੀਕੋਣ ਨੂੰ, ਕੁਝ ਨਾ ਅੰਗਰੇਜ਼ ਸਰਕਾਰ ਪ੍ਰਤੀ ਹੇਜ ਰੱਖਣ ਵਾਲੇ, ਸਿਖ ਵਿਦਵਾਨਾਂ ਨੇ ਹਜ਼ਮ ਨਾ ਕੀਤਾ। ਇਸ ਲਈ 1946 ਬ੍ਰਿਕਮੀ ਭਾਵ 1890 ਈ. ਤੋਂ ਬਾਅਦ ਛਪਣ ਵਾਲੇ ਪੰਥ ਪਰਕਾਸ਼ ਦੇ ਐਡੀਸ਼ਨਾਂ ਵਿਚੋਂ, ਕੂਕਿਆਂ ਨਾਲ ਸਬੰਧਿਤ ਬਹੁਤੇ ਕਬਿੱਤ ਕੱਢ ਦਿਤੇ ਗਏ ਸਨ। ਗਿਆਨੀ ਜੀ ਉਮਰ ਦੇ ਪਿਛਲੇ ਪਹਿਰੇ ਵਿਚ ਬਿਰਧ, ਬੀਮਾਰ, ਇੱਕੋ ਇੱਕ ਲੜਕਾ ਗੁਜ਼ਰ ਜਾਣ ਸਦਕਾ ਅਤਿ ਮਾਯੂਸੀ ਦੀ ਹਾਲਤ ਵਿਚੋਂ ਲੰਘ ਰਹੇ ਸਨ। ਇਸ ਸਮੇਂ ਅਖੌਤੀ ਪੰਥ-ਪ੍ਰੇਮੀਆਂ ਵੱਲੋਂ ਪੰਥਕ ਲਿਖਤ ਉਤੇ ਕੀਤੇ ਕੁਠਾਰਘਾਤ ਨੂੰ ਗਿਆਨੀ ਜੀ ਤਾਉਮਰ ਨਹੀਂ ਭੁੱਲ ਸਕੇ।

ਗਿਆਨੀ ਗਿਆਨ ਸਿੰਘ ਜੀ ਦਾ ਜਨਮ ਸ. ਭਾਗ ਸਿੰਘ ਦੇ ਘਰ ਮਾਤਾ ਦੇਸਾਂ ਦੀ ਕੁੱਖੋਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਲੌਂਗੋਵਾਲ ਵਿਖੇ 1822 ਈ. ਨੂੰ ਹੋਇਆ। ਆਪ ਸ਼ਹੀਦ ਭਾਈ ਮਨੀ ਸਿੰਘ ਦੀ ਪੰਜਵੀਂ ਪੀੜ੍ਹੀ ਵਿਚੋਂ ਸਨ। ਆਪ ਦੁੱਲਟ ਗੋਤ ਦੇ ਜੱਟ ਪਰਿਵਾਰ ਨਾਲ ਸਬੰਧਿਤ ਸਨ। ਉਂਞ ਆਪ ਜੀ ਦਾ ਸ਼ਹੀਦ ਮਨੀ ਸਿੰਘ ਦੇ ਪਰਿਵਾਰ ਵਿਚੋਂ ਹੋਣਾ, ਇਸ ਤੁਕ ਦੇ ਨਾਲ ਜੋੜਿਆ ਜਾਂਦਾ ਹੈ ਜੋ ਭਾਈ ਜੀ ਦੀ ਸ਼ਹੀਦੀ ਦੀ ਸਾਖੀ ਲਿਖਦਿਆਂ ਆਪ ਵਰਤਦੇ ਹਨ -, "ਹਮ

Sri Satguru Jagjit Singh Ji eLibrary NamdhariElibrary@gmail.com

ਸੇਵਿਓ ਤਬ ਮੋਰ ਪਿਤਾਮਾ।" ਕੁਝ ਗ੍ਰੰਥਾਂ ਵਿਚ ਭਾਈ ਮਨੀ ਸਿੰਘ ਜੀ ਦਾ ਟਿਕਾਣਾ ਲੌਂਗੋਵਾਲ ਦੀ ਬਜਾਏ ਪੱਛਮੀ ਪੰਜਾਬ ਵਿਚ ਵੀ ਲਿਖਿਆ ਮਿਲਦਾ ਹੈ। ਇਸ ਲਈ ਇਹ ਵਿਵਾਦਮਈ ਤੱਥ ਹੈ। ਉਹਨਾਂ ਬਾਰੇ ਇਹ ਵੀ ਜ਼ਿਕਰ ਮਿਲਦਾ ਹੈ ਕਿ ਉਹ ਕੁਝ ਸਮਾਂ ਲਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਨੂੰ ਰੋਜ਼ਾਨਾ ਸੁਖਮਨੀ ਸਾਹਿਬ ਦਾ ਪਾਠ ਸੁਣਾਇਆ ਕਰਦੇ ਸਨ। ਸਿੱਖ ਸਰਦਾਰਾਂ ਬਾਰੇ ਜੋ ਟਿੱਪਣੀਆਂ ਉਹਨਾਂ ਪੰਥ ਪਰਕਾਸ਼ ਵਿਚ ਕੀਤੀਆਂ ਹਨ, ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਗਿਆਨੀ ਜੀ ਨੇ ਉਹਨਾਂ ਦਾ ਸਿੱਖ ਵਿਰੋਧੀ ਚਾਲ ਚਲਨ ਨੇੜਿਓਂ ਹੋ ਕੇ ਵੇਖਿਆ ਹੋਏਗਾ। ਫਿਰ ਉਹ ਪਟਿਆਲੇ ਦੇ ਰਾਜੇ ਕਰਮ ਸਿੰਘ ਦੀ ਸੇਵਾ ਵਿਚ ਵੀ ਆ ਰਹੇ। ਮੁਦਕੀ ਦੀ ਲੜਾਈ ਸਮੇਂ ਉਹ ਅੰਗਰੇਜ਼ਾਂ ਦੀ ਮਦਦ ਲਈ ਪਟਿਆਲੇ ਦੀ ਫੌਜ ਨਾਲ ਮੁਦਕੀ ਵੀ ਗਏ ਅਤੇ 1849-50 ਵਿਚ ਰਿਆਸਤ ਜੀਂਦ ਦੇ ਰਾਜਾ ਸਰੂਪ ਸਿੰਘ ਵਿਰੁੱਧ ਉਠੀ ਬਗਾਵਤ ਦਬਾਣ ਲਈ ਪਟਿਆਲੇ ਦੀਆਂ ਫ਼ੌਜਾਂ ਨਾਲ ਗਏ। ਇੱਥੇ ਆਪ ਦੇ ਪੱਟ ਵਿਚ ਗੋਲੀ ਲੱਗੀ ਅਤੇ ਲੱਤ ਨਕਾਰੀ ਹੋ ਗਈ। ਹੁਣ ਉਹ ਨਾ ਖੇਤੀ ਕਰ ਸਕਦੇ ਸਨ ਨਾ ਸੈਨਿਕ ਜੀਵਨ ਕਾਇਮ ਰਿਹਾ। ਇਸ ਲਈ ਖ਼ਾਨਦਾਨੀ ਦੋਵੇਂ ਕਿੱਤੇ ਛੁੱਟ ਜਾਣ ਕਾਰਨ ਉਹਨਾਂ ਨੂੰ ਕਲਮ ਫੜਨੀ ਪਈ। ਉਹਨਾਂ ਦਾ ਸ੍ਵੈਕਥਨ ਹੈ:

"ਕੁਲ ਕਾਰਜ ਮਮ ਦੋਊ ਥੇ ਖੇਤੀ ਔ ਸੰਗਰਾਮ।
ਲਾਤ ਨਿਕਾਰੀ ਹੋਨ ਤੇ ਛੁਟ ਗਏ ਦੋਨੋਂ ਕਾਮ।"

ਇਸ ਤੋਂ ਬਾਅਦ 1854 ਈ. ਦੇ ਲਾਗੇ ਚਾਗੇ ਪਟਿਆਲੇ ਗ੍ਰੰਥੀ ਲਗ ਗਏ। ਫਿਰ ਹੋਰਨਾਂ ਸਾਧਾਂ ਤੋਂ ਵਿਦਿਆ ਹਾਸਲ ਕੀਤੀ। 'ਪੰਡਿਤ ਤਾਰਾ ਸਿੰਘ ਨਰੋਤਮ ਨੂੰ ਗਿਆਨੀ ਜੀ ਨੇ ਆਪਣਾ ਵਿਦਿਆ ਗੁਰੂ ਧਾਰਨ ਕੀਤਾ।' ਬਹੁਤ ਸਾਰੇ ਸਾਧੂਆਂ ਨਾਲ ਮਿਲ ਕੇ ਦੇਸ਼ਾਟਨ ਕੀਤਾ। 1857 ਦੇ ਗ਼ਦਰ ਸਮੇਂ ਆਪ ਨੂੰ ਜਸੂਸ ਸਮਝ ਕੇ ਗ੍ਰਿਫ਼ਤਾਰ ਵੀ ਕੀਤਾ ਗਿਆ। ਭਿਆਨਕ ਜੰਗਲਾਂ ਵਿਚ ਸ਼ੇਰਾਂ, ਚੀਤਿਆਂ ਅਤੇ ਵਹਿਸ਼ੀ ਭੀਲਾਂ ਵਿਚ ਵੀ ਘੁੰਮਣਾ ਪਿਆ। ਯਾਤਰਾ ਸੰਪੂਰਨ ਕਰਕੇ ਪਟਿਆਲੇ ਡੇਰਾ ਲਾਇਆ। ਮਹਾਰਾਜਾ ਕ੍ਰਿਪਿੰਦਰ ਸਿੰਘ ਦਾ ਅਨੰਦ ਵੀ ਆਪ ਨੇ ਪੜ੍ਹਾਇਆ ਸੀ। ਉਪਰ ਵਰਣਿਤ ਦੋ ਵੱਡ-ਆਕਾਰੀ ਪੁਸਤਕਾਂ ਤੋਂ ਬਿਨਾਂ ਵੀ ਆਪ ਨੇ 'ਨਿਰਮਲ ਪੰਥ ਪ੍ਰਦੀਪਿਕਾ" (1891) 'ਰਿਪੁਦਮਨ ਪ੍ਰਕਾਸ਼' 1917 ਵਿਚ, ਭੁਪਿੰਦਰਾ ਨੰਦ, "ਖ਼ਾਲਸਾ ਧਰਮ ਪਤਿਤ ਪਾਵਨ", 'ਤਵਾਰੀਖ਼ ਸ੍ਰੀ ਅੰਮ੍ਰਿਤਸਰ', 'ਤਵਾਰੀਖ਼ ਲਾਹੌਰ', 'ਇਤਿਹਾਸ ਰਿਆਸਤ ਬਾਗੜੀਆਂ', 'ਇਤਿਹਾਸ ਭਾਈ ਰੂਪ ਚੰਦ ਅਤੇ ਆਪਣੀ ਸ੍ਵੈ-ਜੀਵਨੀ ਆਦਿਕ ਬਹੁਤ ਪੁਸਤਕਾਂ ਲਿਖੀਆਂ ਜੋ ਸਾਰੀਆਂ ਅਜੇ ਤਕ ਵੀ ਛਪ ਨਹੀਂ ਸਕੀਆਂ। "ਅਨੇਕ ਸਾਖੀਆਂ ਉਹਨਾਂ ਮਹਾਂ ਪੁਰਖਾਂ ਦੇ ਮੂੰਹੋਂ ਸੁਣ ਕੇ ਲਿਖੀਆਂ ਜਿਹਨਾਂ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਂ ਅੱਖੀਂ ਵੇਖਿਆ ਸੀ। ਆਪ ਦੇ ਇਤਿਹਾਸ ਲਿਖਣ ਦਾ ਤਰੀਕਾ ਕਾਫ਼ੀ ਹੱਦ ਤਕ ਸੰਪਰਦਾਈ ਹੈ ਪਰ ਨਜ਼ਰੀਆ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸੱਖਣਾ ਨਹੀਂ।...ਆਪ ਦੀਆਂ ਲਿਖਤਾਂ ਦੀਰਘ ਅਧਿਐਨ ਤੇ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਜਾਣੂ ਹੋਣ ਦੀ ਗਵਾਹੀ ਭਰਦੀਆਂ ਹਨ। 24 ਸਤੰਬਰ, 1921 ਨੂੰ ਇਸ ਮਹਾਨ ਵਿਦਵਾਨ ਦਾ ਦੇਹਾਂਤ ਹੋ ਗਿਆ।"[5]

ਸ੍ਰੀ ਗੁਰੂ ਪੰਥ ਪਰਕਾਸ਼ ਦੀ ਪਹਿਲੀ ਛਾਪ ਸੰਮਤ 1936 ਬਿਕ੍ਰਮੀ ਵਿਚ ਹਾਫ਼ਜ਼ ਅਜ਼ੀਜ਼ੁਦੀਨ ਦੇ ਪ੍ਰਬੰਧ ਹੇਠ ਮਤਬਾ ਮੁਰਤਜ਼ਵੀ ਦਿਲੀ ਵਿਚ ਪੱਥਰ ਦੇ ਛਾਪੇ 'ਚ ਛਪਵਾਈ। ਦੂਜੀ ਵਾਰ ਜ਼ਰੂਰੀ ਵਾਧਿਆਂ ਤੇ ਸੋਧਾਂ ਸਮੇਤ, 1946 ਬਿਕਰਮੀ ਵਿਚ ਦੀਵਾਨ ਬੂਟਾ ਸਿੰਘ ਦੇ ਆਫ਼ਤਾਬ ਪ੍ਰਿੰਟਿੰਗ ਪ੍ਰੈਸ, ਲਾਹੌਰ ਵਿਖੇ ਛਪਿਆ। ਇਸੇ ਹੀ ਸਾਲ ਕਾਕਾ ਸਿੰਘ ਸਾਧੂ ਨੇ ਅੰਮ੍ਰਿਤਸਰ ਵਿਚ ਤੀਜੀ ਐਡੀਸ਼ਨ ਛਾਪਾ ਪੱਥਰ ਵਿਚ ਛਪਵਾਈ। ਚੌਥੀ ਟਾਈਪ ਐਡੀਸ਼ਨ 'ਵਜ਼ੀਰ ਹਿੰਦ ਪ੍ਰੈਸ', ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਛਪਵਾਈ ਗਈ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਆਪਣੇ ਦੁਆਰਾ ਸੰਪਾਦਿਤ ਇਸ ਗ੍ਰੰਥ ਦੀ ਭੂਮਿਕਾ ਵਿਚ ਲਿਖਦੇ ਹਨ ਕਿ ਕਿਉਂਕਿ ਵਜ਼ੀਰ ਹਿੰਦ ਪ੍ਰੈਸ ਵਾਲੇ ਸੱਜਣਾਂ ਨੂੰ ਗਿਆਨੀ ਜੀ ਦਾ ਅੰਗਰੇਜ਼ ਸਰਕਾਰ ਦੀ ਗ਼ੁਲਾਮੀ ਦਾ ਅਹਿਸਾਸ ਕਰਵਾਉਣ ਵਾਲੀਆਂ ਤੁਕਾਂ ਪਸੰਦ ਨਾ ਆਈਆਂ ਇਸ ਲਈ ਉਹ ਚੌਥੀ ਐਡੀਸ਼ਨ ਵਿਚੋਂ ਹੇਠ ਲਿਖੀਆਂ ਤੁਕਾਂ ਖਾ ਗਏ:

Sri Satguru Jagjit Singh Ji eLibrary NamdhariElibrary@gmail.com

"ਕੌਨ ਛੁਡਾਵੇ ਇਨ ਤੇ ਦਿਲੀ। ਫੜਕੇ ਨ ਕਮਾਨ ਨਿਜ ਢਿਲੀ।
ਕਿਉਂ ਕੁਦਤੇ ਅੰਗਰੇਜਨ ਦਿਲੀ। ਕਿਉਂ ਠੁਕਵਾਤੇ ਗਰਦਨ ਕਿੱਲੀ।"

ਇਸੇ ਲਈ ਬਾਅਦ ਵਾਲੀਆਂ ਐਡੀਸ਼ਨਾਂ ਵਿਚੋਂ ਕੂਕਿਆਂ ਨਾਲ ਸੰਬੰਧਿਤ ਬਹੁਤ ਸਾਰੇ ਕਬਿੱਤ ਵੀ ਕੱਢ ਦਿੱਤੇ ਗਏ। ਹੋਰ ਤੇ ਹੋਰ ਭਾਸ਼ਾ ਵਿਭਾਗ ਵਲੋਂ ਛਪੀ ਐਡੀਸ਼ਨ ਵਿਚ ਵੀ ਇਹ ਕਬਿੱਤ ਪੂਰੇ ਨਹੀਂ ਹਨ। ਗਿਆਨੀ ਕਿਰਪਾਲ ਸਿੰਘ ਹੋਰਾਂ ਨੇ ਗਿਆਨੀ ਦੀ ਰੂਹ ਨਾਲ ਅਨਿਆਇ ਰੋਕਣ ਲਈ ਬਾਅਦ ਵਿਚ ਹੋਈਆਂ ਆਪੇਖਕਾਰੀਆਂ ਨੂੰ ਰੱਦ ਕਰਕੇ ਪੰਥ ਪ੍ਰਕਾਸ਼ ਦਾ ਪ੍ਰਮਾਣਿਕ ਮਤਨ ਤਿਆਰ ਕਰਨ ਦਾ ਸੁਚੱਜਾ ਯਤਨ ਕੀਤਾ ਹੈ।

ਇਸ ਲਈ ਨਾਮਧਾਰੀ ਸਿੰਘਾਂ ਨੇ ਇਸ ਘਾਟ ਨੂੰ ਪੂਰਾ ਕਰਨ ਲਈ ਅਤੇ ਗਿਆਨੀ ਜੀ ਦੀ ਇਸ ਉਚਪਾਇ ਦੀ ਰਚਨਾ ਨੂੰ ਪੰਜਾਬੀ ਪਾਠਕਾਂ ਦੇ ਘੇਰੇ ਵਿਚੋਂ ਬਾਹਰ ਕੱਢਣ ਲਈ, ਡਾ. ਹਰਿਭਜਨ ਸਿੰਘ ਦਿੱਲੀ ਵਾਲਿਆਂ ਤੋਂ ਅੰਗਰੇਜ਼ੀ ਵਿਚ ਅਨੁਵਾਦਿਤ ਕਰਕੇ, ਇਹ 28 ਕਬਿੱਤ ਮੂਲ ਪੰਜਾਬੀ ਲਿਪੀ ਅਤੇ ਨਾਲ ਹੀ ਅੰਗਰੇਜ਼ੀ ਭਾਸ਼ਾ ਵਿਚ ਛਪਵਾ ਕੇ ਇਹ ਵਡਮੁੱਲਾ ਕਾਰਜ ਕੀਤਾ ਹੈ ਤਾਂ ਜੁ ਇਹ ਕਬਿੱਤ ਆਮ ਸੰਗਤ, ਸਾਹਿਤਕਾਰ ਅਤੇ ਇਤਿਹਾਸ ਖੋਜੀਆਂ ਦੀ ਲੋੜ ਪੂਰੀ ਕਰਦੇ ਰਹਿਣ। "ਨਾਮਧਾਰੀ ਸਿੱਖ-ਸੰਖੇਪ ਵਿਵਰਨ" ਨਾਂ ਤਹਿਤ ਇਹ ਪੁਸਤਕ 1988 ਈ. ਵਿਚ ਜੀਵਨ ਨਗਰ (ਸਿਰਸਾ) ਤੋਂ ਪ੍ਰਕਾਸ਼ਿਤ ਕੀਤੀ ਗਈ। "ਭੂਮਿਕਾ ਲੇਖਕ" ਆਰੰਭ ਵਿਚ ਹੀ ਲਿਖਦਾ ਹੈ: "ਨਾਮਧਾਰੀ ਇਤਿਹਾਸ, ਕੋਈ ਵਿਸਤ੍ਰਿਤ ਅਤੇ ਕੋਈ ਸੰਖੇਪ ਲਿਖੇ ਗਏ ਹਨ, ਪਰ ਗਿਆਨੀ ਗਿਆਨ ਸਿੰਘ ਜੀ ਦੇ ਇਹ 28 ਕਬਿੱਤ, ਨਾਮਧਾਰੀ ਇਤਿਹਾਸ ਦੇ ਅਤਿ ਸੰਖੇਪ ਵਰਣਨ ਦੀ ਅਦੁੱਤੀ ਤਸਵੀਰ ਹਨ। ਨਾਮਧਾਰੀ ਪੰਥ ਦੇ ਸਿਰਜਨਹਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਹੋਣ ਕਰਕੇ, ਗਿਆਨੀ ਜੀ ਦੇ ਇਹਨਾਂ ਕਬਿੱਤਾਂ ਦੀ ਹੋਰ ਲੇਖਕਾਂ ਨਾਲੋਂ ਇਤਿਹਾਸਕ ਵਿਸ਼ੇਸ਼ਤਾ ਦਾ ਸਥਾਨ ਸਰਵ ਪ੍ਰਥਮ ਹੈ।"

ਪਹਿਲੇ ਕਬਿੱਤ ਵਿਚ ਹੀ ਗਿਆਨੀ ਜੀ ਨਾਮਧਾਰੀ ਪੰਥ ਦੀ ਉਤਪਤੀ ਦਾ ਜ਼ਿਕਰ, ਇਸ ਨੂੰ ਸਮੁੱਚੇ ਸਿੱਖ ਪੰਥ ਦੇ ਇਕ ਅੰਗ ਵਜੋਂ ਹੀ ਕਰਦੇ ਹਨ। ਡਾ. ਹਰਿਭਜਨ ਸਿੰਘ ਹੋਰਾਂ ਦੇ ਮੁਤਾਬਿਕ ਨਾਮਧਾਰੀਆਂ ਵਾਲੇ ਕਬਿੱਤ, ਉਹਨਾਂ 1946 ਬਿਕਰਮੀ ਵਾਲੀ ਛਾਪ ਵਿਚ ਛਾਪੇ ਸਨ ਜਿਸ ਕਾਰਨ ਹੀ ਉਹ ਇਸ ਪੰਥ ਨੂੰ 30 ਕੁ ਸਾਲਾਂ ਤੋਂ ਚਲਿਆ ਮੰਨਦੇ ਸਨ। ਜੋ ਕਿ 1914 ਬਿਕ੍ਰਮੀ ਦੀ ਵੈਸਾਖੀ ਜਾਂ 1857 ਈ. ਦੀ 12 ਅਪ੍ਰੈਲ ਸਹੀ ਤਾਰੀਖ ਸੀ। ਇਸ ਲਈ ਕਵਿਤਾ ਛਪਣ ਤੋਂ ਕੋਈ ਸਾਲ ਦੋ ਸਾਲ ਪਹਿਲਾਂ ਉਹਨਾਂ ਰਚਨ 'ਤੇ ਵੀ ਸਮਾਂ ਲਾਇਆ ਹੋਵੇਗਾ। ਬਹੁਤ ਸਾਰੇ ਲੋਕ ਕੂਕਾ ਮੱਤ ਬਾਰੇ ਇਹ ਭੰਡੀ ਪਰਚਾਰ ਵੀ ਕਰਦੇ ਹਨ ਕਿ ਇਹਨਾਂ ਦਾ ਪਹਿਲਾ ਨਾਮ ਕੂਕੇ ਸੀ ਅਤੇ ਬਾਅਦ ਵਿਚ ਸਮਾਂ ਪਾ ਕੇ ਜਿਵੇਂ ਜਿਵੇਂ ਸਰਕਾਰ ਬਰਤਾਨੀਆਂ ਖਿਲਾਫ਼ ਇਹਨਾਂ ਦੀ ਨੀਤੀ ਨਰਮ ਹੋਈ, ਇਹ ਖੁਦ ਨੂੰ ਨਾਮਧਾਰੀ ਅਖਵਾਉਣ ਲੱਗ ਪਏ। ਪਰ ਗਿਆਨੀ ਜੀ ਨਾਮਧਾਰੀ ਨੂੰ ਸਹੀ ਜਾਂ ਪੁਰਾਣਾ ਨਾਮ ਦੱਸਦੇ ਹਨ ਅਤੇ ਰੌਲੇ ਦੇ ਦੀਵਾਨਾਂ ਵਿਚ ਉਚੀ ਉਚੀ ਸ਼ਬਦ ਪੜ੍ਹਨ ਕਾਰਨ ਕੂਕੇ ਸੰਗਿਆ ਮਿਲੀ ਦੱਸਦੇ ਹਨ, ਲੋਕਾਂ ਦੁਆਰਾ ਅਤੇ ਦੀਵਾਨਾਂ ਵਿਚ ਮਸਤਾਨੇ ਹੋ ਕੇ ਸਿਰ ਤੋਂ ਦਸਤਾਰ ਲਹਿ ਜਾਣ ਬਿਨਾਂ, ਗਿਆਨੀ ਜੀ ਦੇ ਸ਼ਬਦਾਂ ਵਿਚ ਬਾਕੀ ਸਾਰੀ ਰਹੁ ਰੀਤ ਉਹ ਕੂਕਿਆਂ ਅਤੇ ਸਿੱਖਾਂ ਦੀ ਇਕੋ ਜਿਹੀ ਸਮਝਦੇ ਹਨ:

ਕਬਿੱਤ ॥

"ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ
ਤੀਸਕ ਬਰਸ ਤੇ ਜੋ ਵਿਦਤੇ ਮਹਾਨ ਹੈਂ।
ਸ਼ਬਦ ਕੀ ਮਸਤੀ ਮੈਂ ਹਾਲ ਤੇ ਬੇਹਾਲ ਹੋਇ
ਸਿਰ ਤੈ ਉਤਾਰ ਜਾਤ ਦਸਤਾਰ ਸ਼ਾਨ ਹੈਂ।
ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ,
ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈ।

Sri Satguru Jagjit Singh Ji eLibrary NamdhariElibrary@gmail.com

ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤਿ,
ਚਾਹੀਅਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈ।"[3]

ਜਿਸ ਗੱਲ ਦਾ ਸਿੱਖ-ਤਖਤਾਂ ਦੇ ਪੁਜਾਰੀਆਂ ਨੇ 1867 ਈ. ਤੋਂ ਸਤਿਗੁਰੂ ਰਾਮ ਸਿੰਘ ਨਾਲ ਝਗੜਾ ਪਾਇਆ ਸੀ ਕਿ ਤੇਰੇ ਸਿੱਖ ਪੱਗ ਲਾਹ ਦਿੰਦੇ ਹਨ ਕੀਰਤਨ ਕਰਦਿਆਂ, ਗਿਆਨੀ ਜੀ ਨੇ ਉਸੇ ਇਕੋ ਨੁਕਤੇ ਨੂੰ ਹੀ ਆਪਣੇ ਪਹਿਲੇ ਕਬਿੱਤ ਵਿਚ ਵਰਤਿਆ ਹੈ ਅਤੇ ਫਿਰ ਅੱਗੇ ਚੱਲ ਕੇ ਪੁਜਾਰੀਆਂ ਦੀ ਇਸ ਮੰਦੀ ਰੁਚੀ ਦਾ ਨਿਖੇਧ ਵੀ ਆਪਣੀ ਰਚਨਾ ਵਿਚ ਕੀਤਾ ਹੈ। ਜਦੋਂ ਉਹ ਲਿਖਦੇ ਹਨ ਇਹਨਾਂ ਪੁਜਾਰੀਆਂ ਨੇ ਪੰਥ ਰੂਪੀ ਦੁੱਧ ਵਿਚ, ਕੂਕਿਆਂ ਨੂੰ ਛੇਕਣ ਵਾਲੀ ਕਾਂਜੀ ਪਾ ਕੇ, ਏਕਤਾ ਦੇ ਰਾਹ ਵਿਚ ਰੋੜੇ ਅਟਕਾਏ ਹਨ:

"ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੇ,
ਮੇਲ ਹੋਨ ਦੇਤ ਨਾ ਸਰੂਪੀ ਮੰਦ ਧੀ ਕਬੇ।"[4]

ਗਿਆਨੀ ਜੀ ਇਹ ਵੀ ਲਿਖਦੇ ਹਨ ਕਿ ਜਿਸ ਤਰ੍ਹਾਂ ਹੁਣ ਕੂਕੇ ਇਹਨਾਂ ਦੇ ਨਿਸ਼ਾਨੇ ਤੇ ਹਨ, ਇਸੇ ਤਰ੍ਹਾਂ ਇਹਨਾਂ ਪੁਜਾਰੀਆਂ ਨੇ ਨਿਰਮਲੇ ਸਿੱਖਾਂ ਨਾਲ ਵੀ ਟਕਰਾਉ ਵਾਲਾ ਰਵੱਈਆ ਧਾਰਨ ਕਰਕੇ, ਉਹਨਾ ਨੂੰ ਵੀ ਸਿੱਖ ਪੰਥ ਦੀ ਮੁੱਖ ਧਾਰਾ ਤੋਂ ਦੂਰ ਰੱਖਣ ਦਾ ਚਾਰਾ ਕੀਤਾ ਹੈ। ਇਸ ਲਈ ਗਿਆਨੀ ਜੀ ਇਕ ਅਹਿਮ ਪ੍ਰਸ਼ਨ ਦੀ ਪਿੱਠਭੂਮੀ ਵਿਚ ਡੂੰਘੇ ਉਤਰੇ ਨਜ਼ਰ ਆਉਂਦੇ ਹਨ ਕਿ ਕੂਕਿਆਂ ਨੂੰ ਕਿਵੇਂ ਸੋਚ ਸਮਝ ਕੇ ਬਰਤਾਨਵੀ ਸਰਕਾਰ ਦੀ ਸ਼ਹਿ ਤੇ ਇਕੱਲਿਆਂ ਕਰ ਦੇਣ ਦੀ ਅਖੌਤੀ ਧਰਮ ਮੁਖੀਆਂ ਵਲੋਂ ਸਜ਼ਾ ਦਿਤੀ ਗਈ ਸੀ। ਇਹੋ ਗਿਆਨੀ ਜੀ ਦੀ ਸੁਹਿਰਦਤਾ ਹੈ ਜੋ ਉਹ ਘਟਨਾ ਵਰਣਨ ਸਮੇਂ ਬਣੀਆਂ ਬਣਾਈਆਂ ਮਨਾਉਤਾਂ ਤੇ ਚੱਲਣ ਦੀ ਥਾਂ ਆਪਣੀ ਵਿਵੇਕ ਦ੍ਰਿਸ਼ਟੀ ਤੋਂ ਕੰਮ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਨਿਖੇੜ ਦਿਤਾ ਹੈ।

ਜਿਹਲਮ ਅਤੇ ਸਿੰਧ ਦਰਿਆਵਾਂ ਦੇ ਵਿਚਕਾਰਲੇ ਦੇਸ਼ ਨੂੰ ਪੋਠੋਹਾਰ ਕਿਹਾ ਜਾਂਦਾ ਹੈ। ਗਿਆਨੀ ਜੀ ਨੇ ਪੋਠੋਹਾਰ ਦੀ ਤੁਲਨਾ, ਉਸ ਦੇ ਪ੍ਰਾਕ੍ਰਿਤਕ ਨਜ਼ਾਰਿਆਂ ਸਦਕਾ ਦੇਵਤਿਆਂ ਦੀ ਪੁਰੀ 'ਅਮਰਾਵਤੀ' ਨਾਲ ਕੀਤੀ ਹੈ ਜਿੱਥੇ ਉਹਨਾਂ ਦੇ ਮੁਤਾਬਿਕ 1856 ਬਿਕ੍ਰਮੀ ਵਿਚ ਛੋਟੀ ਦਰਿਆ ਜੋ ਅਟਕ ਨਦੀ ਦੇ ਕੰਢੇ 'ਤੇ ਹੈ ਉੱਥੇ ਗੁਰੂ ਬਾਲਕ ਸਿੰਘ ਅਰੋੜੇ ਸਿੱਖਾਂ ਦੇ ਘਰ ਪ੍ਰਗਟ ਹੋਏ। ਦੂਸਰਿਆਂ ਗ੍ਰੰਥਾਂ ਵਿਚ ਜਨਮ ਤਿਥੀ ਅਤੇ ਸਥਾਨ ਦਾ ਕੁਝ ਭਿੰਨ ਵੇਰਵਾ ਵੀ ਮਿਲਦਾ ਹੈ। ਗੁਰੂ ਬਾਲਕ ਸਿੰਘ ਜੀ ਬਾਰੇ ਕੂਕੇ ਸਿੱਖ ਇਹ ਭਵਿੱਖਤ ਵਾਕ ਸਾਖੀਆਂ ਦੇ ਹਵਾਲੇ ਨਾਲ ਪੜ੍ਹਿਆ ਕਰਦੇ ਹਨ: "ਗੁਪਤ ਗਿਆਰ੍ਹਵਾਂ ਖੇਲਸੀ ਕੋਈ ਨਾ ਪਾਵੈ ਪਾਰ।" ਗਿਆਨੀ ਜੀ ਇਕ ਬੜੇ ਸੁੰਦਰ ਰੂਪਕ ਦੀ ਵਰਤੋਂ ਕਰਦੇ ਹਨ ਕਿ ਗੁਰੂ ਬਾਲਕ ਸਿੰਘ ਜੀ ਦਾ ਪ੍ਰਕਾਸ਼ ਉਸ ਦੀਪਕ ਦੀ ਰੋਸ਼ਨੀ ਨਿਆਈਂ ਸੀ, ਜੋ ਦੀਵਾ ਕਿਸੇ ਘੜੇ ਵਿਚ ਹੀ ਜਗਦਾ ਹੋਵੇ ਅਤੇ ਉਸ ਦਾ ਪ੍ਰਕਾਸ਼ ਬਾਹਰ ਨਾ ਫੈਲਦਾ ਹੋਵੇ। ਕਿਉਂਕਿ ਇਸ ਦੀਪਕ ਦਾ ਪ੍ਰਕਾਸ਼ ਘੜੇ ਤੋਂ ਬਾਹਰ ਪ੍ਰਗਟ ਕਰਕੇ ਸ੍ਰਿਸ਼ਟੀ ਵਿਚ ਫੈਲਾਉਣ ਦਾ ਕਾਰਜ, ਗੁਰੂ ਬਾਲਕ ਸਿੰਘ ਜੀ ਤੋਂ ਵਰੋਸਾਏ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਸੀ।

ਹੇਠਲੇ ਕਬਿੱਤ ਵਿਚ ਕਵੀ ਜੀ ਬ੍ਰਿਜ ਭਾਸ਼ਾ ਦੇ ਸੁੰਦਰ ਸ਼ਬਦਾਂ ਦਾ ਅਤੇ ਸਰਲ ਚਾਲ ਵਿਚ ਕਬਿੱਤ ਛੰਦ ਦੀ ਰਚਨਾ ਕਰਕੇ ਗੁਰੂ ਬਾਲਕ ਸਿੰਘ ਜੀ ਦੇ ਉਚ ਗੁਣਾਂ ਦਾ ਵਿਵਰਣ ਦਿੰਦੇ ਹਨ। ਇਹ ਵੀ ਕਹਿੰਦੇ ਹਨ ਕਿ ਉਹਨਾਂ ਦਾ ਨਾਮ ਭਾਵੇਂ "ਬਾਲਕ" ਹੈ; ਪ੍ਰੰਤੂ ਉਹ ਤੇ ਪੈਗੰਬਰਾਂ ਨੂੰ ਪਾਲਣ ਵਾਲੇ ਤੇ ਬੁਰਾਈਆਂ ਨੂੰ ਗਾਲਣ ਵਾਲੇ ਹੀ ਨਿਬੜੇ ਹਨ:

"ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਯਾਗੀ ਹੈਂ।
ਟਾਲਕ ਰਹੇ ਹੈਂ ਏਕ ਖਾਲਕ ਸੈਂ ਸਾਲਕ ਸੇ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ
ਸਜ ਮਤਿ ਭਗਤਿ ਵਿਰਕਿਤ ਅਦਾਗੀ ਹੈਂ।

Sri Satguru Jagjit Singh Ji eLibrary NamdhariElibrary@gmail.com

ਕੀਰਤਨ ਕਥਾ ਸਤਸੰਗ, ਜਥਾ ਜੋਗ ਤਥਾ,
ਰਾਖਤ ਥਾ, ਭਾਖਤ ਥਾ ਭਜਨ ਸਜਾਗੀ ਹੈ।"

ਗਿਆਨੀ ਜੀ ਦੇ ਮੁਤਾਬਕ ਗੁਰੂ ਬਾਲਕ ਸਿੰਘ ਜੀ ਦੀ ਪ੍ਰਕਿਰਤਾ ਵਿਚ, ਵਿਸ਼ੇ ਕਰਕੇ ਭਜਨ ਅਤੇ ਨਾਮ ਦੇ ਜਾਪ ਸਦਕਾ, ਈਸ਼ਵਰੀ ਅੰਸ਼ ਸੰਮਿਲਤ ਸਨ:

"ਸੰਮਤ ਅਠਾਰਾਂ ਸੈ ਛਿਪੰਜਾ ਮੈਂ ਬਾਲਕ ਸਿੰਘ,
ਭਯੋ ਅਵਤਾਰ ਤਾਹਿੰ ਈਸ਼ ਅੰਸ਼ ਭਾਵ ਤੇ।
ਜਾਤਿ ਕਾ ਅਰੋੜਾ ਭਯੋ ਭਗਤ ਅਮੋੜਾ,
ਨਾਮ ਜਪਯੋ ਨਾ ਥੋੜਾ ਛੋੜਾ ਵਿਸ਼ੇ ਰਸ ਯਾਵਤੇ।"

ਫਿਰ ਜਦੋਂ 1885 ਬਿਕ੍ਰਮੀ ਵਿਚ ਗੁਰੂ ਬਾਲਕ ਸਿੰਘ ਜੀ ਦੇ ਵੱਡੇ ਭਾਈ (ਮੰਨਾ ਸਿੰਘ) ਨੇ ਹਜ਼ਰੋਂ ਸਾਹਿਬ ਵਿਖੇ ਆਪਣੀ ਦੁਕਾਨ ਪਾ ਲਈ ਤਾਂ ਗੁਰੂ ਬਾਲਕ ਸਿੰਘ ਜੀ ਦੇ ਵੀ ਉਥੇ ਆ ਵੱਸਣ ਅਤੇ ਨਾਮ ਬਾਣੀ ਦੇ ਪ੍ਰਵਾਹ ਚਲਾਉਣ ਸਦਕਾ ਹਜ਼ਰੋ ਨਗਰੀ ਦੀ ਉਪਮਾ ਅਯੁੱਧਿਆ ਪੁਰੀ (ਰਾਮ ਜੀ ਦੀ ਜਨਮ ਭੂਮੀ ਅਤੇ ਨਿਵਾਸ ਸਥਾਨ) ਜੈਸੀ ਲਿਖ ਦਿਤੀ ਹੈ ਜਿੱਥੋਂ ਸਾਰੀਆਂ ਮੁਸੀਬਤਾਂ ਦੂਰ ਹੋ ਗਈਆਂ:

"ਤਾਹਿ ਕੇ ਪ੍ਰਤਾਪ ਕਰ ਹਜਰੋ ਅਪਾਪ ਵਰ
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।"

ਇਸ ਤਰ੍ਹਾਂ ਦੀ ਉਚੀ ਬਿਰਤੀ-ਸੁਰਤਿ ਮਤਿ ਮਨ ਬੁਧ - ਵਾਲੇ ਗੁਰੂ ਬਾਲਕ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਸਮੇਂ ਦਰਸ਼ਨ ਦੇ ਕੇ ਫੁਰਮਾਇਆ ਸੀ ਕਿ ਰਾਮ ਸਿੰਘ ਮੇਰਾ ਅਵਤਾਰ ਹੋਵੇਗਾ ਅਤੇ ਮੈਂ ਆਪਣੀ ਸ਼ਕਤੀ ਉਸੇ ਵਿਚ - ਹੋਰ ਕਿਸੇ ਵਿਚ ਨਹੀਂ - ਪ੍ਰਗਟ ਕਰਾਂਗਾ - ਇਹ ਸਪਸ਼ਟ ਅਤੇ ਪੱਕਾ ਆਦੇਸ਼ ਦਿਤਾ:

"ਐ ਪੈ ਗੁਰ ਦਸਮ ਦਰਸ ਦੇ ਜੋ ਕਹਯੋ ਤਾਂਹਿ
ਮੇਰੋ ਅਵਤਾਰ-ਅੰਸ਼ ਰਾਮ ਸਿੰਘ ਹ੍ਵੈ ਭਰੇ।
ਜਾਂਹਿ ਹੇਤ ਤਾਹਿ, ਨਾਹਿ ਔਰ ਕਾਂਹਿ ਮਾਂਹਿ
ਨਿਜ ਸ਼ਕਤਿ ਰਖਾਈ, ਗੁਰ ਵਾਕ ਦਿਢ ਜੋ ਧਰੇ।"

ਸੰਬਤ 1898 ਬਿਕ੍ਰਮੀ ਮੁਤਾਬਿਕ 1841-42 ਈ., ਵਿਚ ਜਦੋਂ ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚ (ਗੁਰੂ) ਰਾਮ ਸਿੰਘ ਜੀ ਨੇ ਵੱਡਾ ਥਾਂ ਅਤੇ ਧਰਮ ਦੀ ਰ੍ਹਿਤ ਸਮਝ ਕੇ ਨੌਕਰੀ ਕੀਤੀ ਸੀ, ਕੁਝ ਵਰ੍ਹੇ ਪਹਿਲਾਂ ਉਹ ਹਜ਼ਰੋਂ ਵਿਖੇ ਆਪਣੀ ਪਲਟਨ ਨਾਲ ਗਏ। ਕਿਉਂਕਿ ਉਹਨਾਂ ਨੂੰ ਸੰਤਾਂ ਭਗਤਾਂ ਨਾਲ ਮਿਲਣ ਦਾ ਮਹਾਨ ਸ਼ੌਕ ਸੀ ਇਸ ਲਈ ਉਹ ਗੁਰੂ ਬਾਲਕ ਸਿੰਘ ਜੀ ਨੂੰ ਮਿਲੇ। ਗੁਰੂ ਬਾਲਕ ਸਿੰਘ ਜੀ ਨੇ ਉਹਨਾਂ ਨੂੰ ਈਸ਼ਵਰੀ ਅਵਤਾਰ ਅਤੇ ਯੋਗ ਉਤਰ-ਅਧਿਕਾਰੀ ਸਮਝ ਕੇ ਨਾਮ ਦੀ ਦਾਤ ਬਖ਼ਸ਼ ਦਿਤੀ:

"ਪੇਖ ਅਧਿਕਾਰੀ ਈਸ਼-ਅੰਸ਼ ਅਵਤਾਰੀ
ਤਬ ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਪਾਇ ਕੈ।"

ਇਸ ਤੋਂ ਪਹਿਲਾਂ ਜਿਵੇਂ ਆਮ ਲੋਕ, ਕਿਸੇ ਲਹਿਰ ਜਾਂ ਜਥੇਬੰਦੀ ਦੇ ਵਾਧੇ ਤੋਂ ਪਰੇਸ਼ਾਨ ਹੋ ਕੇ ਝੂਠੀਆਂ ਊਂਜਾਂ ਘੜ ਲੈਂਦੇ ਹਨ, ਕੂਕਿਆਂ ਬਾਰੇ ਵੀ ਇਹ ਊਂਜ ਘੜੀ ਗਈ ਕਿ ਗੁਰੂ ਰਾਮ ਸਿੰਘ ਤਾਂ ਕਿਸੇ ਸੰਪਰਦਾਈ ਦਾ ਚੇਲਾ ਹੈ ਅਤੇ ਉਸ ਤੋਂ ਲਈ ਕਲਾਮ ਹੀ ਉਹ ਅੱਗੇ ਆਪਣੇ ਸਿੱਖਾਂ ਜਾਂ ਚੇਲਿਆਂ ਨੂੰ ਦਿੰਦਾ ਹੈ। ਗਿਆਨੀ ਗਿਆਨ ਸਿੰਘ ਜੀ ਆਪਣੇ ਜਾਤੀ ਅਨੁਭਵ ਦੇ ਅਧਾਰ 'ਤੇ ਇਸ ਝੂਠ ਦਾ ਪਰਦਾ ਫਾਸ਼ ਕਰਦੇ ਹਨ ਜਦੋਂ ਉਹ ਲਿਖਦੇ ਹਨ ਕਿ ਗੁਰੂ ਬਾਲਕ ਸਿੰਘ ਜੀ ਨੇ ਕਿਹੜਾ ਮੰਤਰ ਗੁਰੂ ਰਾਮ ਸਿੰਘ ਨੂੰ ਦਿਤਾ - ਉਹ ਸਭ ਤੋਂ ਵੱਡਾ ਮੰਤਰ ਜਿਸ ਦੇ ਤੁੱਲ ਹੋਰ ਕੋਈ ਨਹੀਂ ਜਿਹੜਾ ਸਾਰੇ ਕਾਰਜ ਪੂਰੇ ਕਰਦਾ ਹੈ:

Sri Satguru Jagjit Singh Ji eLibrary NamdhariElibrary@gmail.com

"ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਂਹਿ ਸਮ ਔਰ ਨ ਦਰਾਜ ਫਲ ਦਾਇਕੈ।
ਕੋਊ ਜੋ ਕਹਿਤ ਥੇ ਕਲਾਮ ਦੇਤ ਸੱਜਦਾਨੀ,
ਸੋਊ ਸਭ ਕੂਰ ਹਮ ਪੇਖਯੋ ਆਜਮਾਇ ਕੈ।"[8]

ਫਿਰ ਇਸੇ ਨਾਮ ਨੂੰ ਜਿਹਬਾ ਨਾਲ ਜਪਿਆ, ਸਰੀਰ ਨੂੰ ਕਠਿਨ ਤਪੱਸਿਆ-ਸਾਧਨਾ ਵਿਚ ਰੁਝੇਂਦਿਆ ਅਤੇ ਮਨ ਨੂੰ ਮਹਿਬੂਬ ਨਾਲ ਇਕਮਿਕ ਕਰ ਲਿਆ ਗੁਰੂ ਰਾਮ ਸਿੰਘ ਨੇ:

"ਜੀਹ ਨਾਮ ਜਪ ਮਾਂਹਿ ਤਨ ਰਾਖੇ ਤਪ ਮਾਂਹਿ,
ਮਨ ਮਹਿਬੂਬ ਮਾਂਹਿ ਖੂਬ ਰਾਖਯੋ ਗਹਿ ਹੈਂ।"

ਜਦੋਂ ਇਸ ਤਰ੍ਹਾਂ ਬੰਦਗੀ ਵਿਚ ਵੀਹ ਕੁ ਵਰ੍ਹੇ ਲਗ ਪਗ ਬੀਤ ਗਏ (ਉਂਞ 16-17 ਸਾਲ ਜੋ ਪ੍ਰਮਾਣਿਕ ਹਨ) ਤਾਂ ਆਪ ਨੂੰ ਇਹ "ਦਰਗਾਹੀ-ਆਦੇਸ਼" ਹੋਇਆ ਕਿ ਹੁਣ ਦਸਵੇਂ ਗੁਰੂ ਜੀ ਵਾਲੀ ਸਿਖੀ ਦਾ ਮੁੜ ਨਵੇਂ ਸਿਰਿਓਂ ਪਰਚਾਰ ਕਰੋ ਅਤੇ ਦੱਸੋ ਕਿ ਖ਼ਾਲਸਾ ਸਿੱਧਾ ਹੀ ਅਕਾਲ ਪੁਰਖ ਨਾਲ ਸਬੰਧਿਤ ਹੈ:

"ਭਈ ਧੌਂ ਅਕਾਸ਼ ਬਾਨੀ ਖ਼ਾਸ ਯੌ ਮਹਾਨੀ ਤਾਂਹਿ
ਦੇਹੁ ਨਾਮ ਜੀਵਨ ਕੋ ਸੀਖ ਭੇਗ ਦਾਇਕੈ।
ਪੰਥ ਗੁਰੂ ਦਸਮ ਕੋ ਰਸਮ ਬਢਾਵੋ ਜਗਿ
ਖਸਮ ਕਾ ਖਾਲਸਾ ਹੈ ਖਾਸ ਯੋ ਲਖਾਇ ਕੈ।"[9]

ਫਿਰ ਸਤਿਗੁਰੂ ਜੀ ਨੇ ਇਸ ਹੁਕਮ ਅੱਗੇ ਸਿਰ ਨਿਵਾਉਂਦਿਆਂ ਗੁਰਮਤਿ-ਉਪਦੇਸ਼ ਦੇਣਾ ਸ਼ੁਰੂ ਕਰ ਦਿਤਾ। ਜਗਤ-ਜੂਠ ਤੰਬਾਕੂ ਅਤੇ ਕੇਸਾਂ ਦੀ ਬੇਅਦਬੀ ਬੰਦ ਕਰਵਾ ਕੇ ਚੰਗੇ ਭਾਗਾਂ ਵਾਲਿਆਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਦਿਤੀ। ਉਹਨਾਂ ਦਾ ਜੱਸ ਅਤੇ ਸਿਖ ਪੰਥ ਵੀ ਫੈਲਦਾ ਗਿਆ। ਹਰ ਤਰ੍ਹਾਂ ਦੇ ਨਸ਼ੇ-ਵਿਕਾਰ ਛੱਡਣ ਨਾਲ ਕਲਿਜੁਗ ਵਿਚ ਦੁਬਾਰਾ ਸਤਿਜੁਗ ਦਾ ਪਹਿਰਾ ਆ ਗਿਆ:

"ਪਾਇ ਏਹ ਹੁਕਮ ਪ੍ਰਭੇਸ ਕਾ ਬਿਸੇਸ ਫਿਰ
ਰਾਮ ਸਿਰਕੇਸ ਉਪਦੇਸ ਦੇਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮਾਨਵੋਂ ਕੇ,
ਸੁਧਾ ਛਕ ਪਾਇ ਸਿਖ ਭਾਗ ਜਿਨੈ ਜਾਗਿਓ।
ਫੈਲਯੋ ਜੱਸ ਭਾਰੀ ਸਿਖ ਕੀਏ ਤਾਂਹਿ ਕੇ ਅਪਾਰੀ,
ਸਿਖ ਪੰਥ ਬਿਰਧਾਇਓ ਨਾਮ ਰਸ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜਿ ਕੀਏ ਸੰਤ ਸਤਿਜੁਗ ਆਗਿਓ।"[10]

ਕਿਉਂਕਿ ਗੁਰ-ਮੰਤਰ ਕੰਨ ਵਿਚ ਗੁਪਤ ਦਿਤਾ ਜਾਂਦਾ ਸੀ ਅਤੇ ਹੋਰ ਕਿਸੇ ਨੂੰ ਦੱਸਣ ਦਾ ਹੁਕਮ ਨਹੀਂ ਸੀ ਅਭਿਲਾਖੀ ਤੋਂ ਬਿਨਾਂ ਅਤੇ ਜਿਹੜਾ ਕੂਕਾ-ਕਾਰ ਵਿਚ ਆਉਣਾ ਪਰਵਾਨ ਕਰਦਾ ਸੀ, ਉਸੇ ਨੂੰ ਦਸਿਆ ਜਾਂਦਾ ਸੀ ਇਸ ਲਈ ਬਹੁਤ ਸਾਰੇ ਲੋਕ ਇਹਨੂੰ 'ਕਲਾਮ' ਆਖਣ ਲੱਗ ਪਏ ਸਨ:

"ਦੇਤ ਭੇਤ ਨਾਹਿ ਕਬੀ ਦੂਸਰੇ ਕੋ ਵਾਹਿ
ਯਾਹਿ ਤੇ ਕਲਾਮ ਬਹੁ ਲੋਗ ਸੋ ਬਤਾਇ ਹੈਂ।"

ਅਤੇ ਉਹਨਾਂ ਦਾ ਸਾਕ-ਨਾਤਾ, ਵਰਤੋਂ-ਵਿਹਾਰ, ਲੈਣ ਦੇਣ ਵੀ ਕੂਕਿਆਂ ਤਕ ਸੀਮਿਤ ਹੋ:

"ਬਿਨਾ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ,

Sri Satguru Jagjit Singh Ji eLibrary NamdhariElibrary@gmail.com

ਸਾਂਝ ਰਾਖ ਹੈਂ ਨਾ ਕਹੂੰ ਸੰਗ ਜਗ ਮੇਂ ਸਗੀ।"

ਪੁਰਾਣੀਆਂ ਮਨਾਉਤਾਂ ਛਡ ਦਿਤੀਆਂ ਹਨ। ਬਾਹਮਣਾਂ ਦੀ ਪੂਜਾ ਦੀ ਫੱਟ ਲਾਹ ਦਿਤੀ ਹੈ। ਆਪਣਾ ਸੁਤੰਤਰ ਖਾਲਸਾ ਰਾਜ ਕਾਇਮ ਕਰਨ ਦੀ ਇੱਛਿਆ ਸਭ ਦੇ ਮਨਾਂ ਵਿਚ ਹੈ। ਵਿਆਹ ਸ਼ਾਦੀਆਂ ਬ੍ਰਾਹਮਣਾਂ ਦੀ ਬਜਾਏ ਅਨੰਦ-ਮਰਿਆਦਾ ਨਾਲ ਸ਼ੁਰੂ ਕੀਤੀਆਂ। ਸਭ ਤੋਂ ਵੱਡਾ ਅਵਤਾਰ ਸਤਿਗੁਰੂ ਰਾਮ ਸਿੰਘ ਨੂੰ ਮੰਨਿਆ ਜਾਂਦਾ ਹੈ। ਇਉਂ ਇਹ ਕਬਿੱਤ ਕੂਕਾ ਲਹਿਰ ਦੇ ਸਮਾਜ ਸੁਧਾਰ ਅਤੇ ਸੱਤਾ ਪਰਾਪਤੀ ਦੇ ਇਨਕਲਾਬੀ ਪੱਖ ਵੱਲ ਵੀ ਸੰਕੇਤ ਕਰਦਾ ਹੈ:

"ਦੇਵ-ਥਾਨ ਤੀਰਥ ਪੁਰਾਨ ਸਾਧ ਬਿਪਰੋਂ ਕੋ,
ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਭੀ।
ਆਪਸ ਮੇਂ ਦੇਤ ਲੇਤ ਹੈਂ, ਸਹੇਤ ਸਾਕ ਨਾਤਾ,
ਰਾਜ ਲੈਨ ਕੇਰੀ ਇੱਛਯਾ ਮਨ ਸਭਿ ਕੇ ਫਬੀ।
ਮਰਣੇ ਔ ਪਰਣੇ ਮੇਂ ਬਿੱਪਰੋਂ ਬੁਲਾਵੇਂ ਨਾਹਿੰ,
ਆਨੰਦ ਪੜ੍ਹਾਵੇਂ ਰੀਤਿ ਗੁਰੂ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਪੀਰ ਜਾਨੈ
ਜੋ ਬਖਾਨੈਂ ਵਹਿ ਸੋਊ ਮਾਨ ਹੈ ਸਭੀ।"[54]

ਪੁਰਾਣੀਆਂ ਮੜ੍ਹੀਆਂ-ਮਸਾਣਾਂ, ਕਬਰਾਂ-ਦਰਗਾਹਾਂ, ਪੀਰਾਂ-ਫ਼ਕੀਰਾਂ, ਗੁੱਗੇ-ਭੈਰੋਂ, ਦੇਵੀ-ਦੇਵਤਿਆਂ ਦੀ ਕੂਕਿਆਂ ਦੁਆਰਾ ਮਾਨਤਾ ਖ਼ਤਮ ਕਰਨ ਅਤੇ ਲੋਕਾਂ ਦੇ ਅੰਧ ਵਿਸ਼ਵਾਸ ਦੀਆਂ ਪ੍ਰਤੀਕ ਇਹ ਨਿਸ਼ਾਨੀਆਂ ਢਾਹ ਢੇਰੀ ਕਰ ਦੇਣ ਤੇ ਸਰਕਾਰ ਨੇ ਕੂਕਿਆਂ 'ਤੇ ਮੁਕੱਦਮੇ ਚਲਾ ਕੇ ਉਹਨਾਂ ਨੂੰ ਸਜ਼ਾਵਾਂ ਵੀ ਦਿੱਤੀਆਂ ਅਤੇ ਹਿੰਦੂ-ਮੁਸਲਮਾਨ ਅਤੇ ਸਿੱਖਾਂ ਦਾ ਪੁਰੋਹਿਤ ਵਰਗ- ਸਿੱਖ ਤਖ਼ਤਾਂ ਗੁਰਧਾਮਾਂ ਦੇ ਪੁਜਾਰੀ ਉਹਨਾਂ ਨਾਲ ਈਰਖਾ ਵੀ ਰੱਖਣ ਲੱਗ ਪਏ। ਕਿਉਂਕਿ ਪਹਿਲੋਂ ਦੀ ਧਾਰਮਿਕ ਤੌਰ 'ਤੇ ਕਾਬਿਜ਼ ਧਿਰ ਦੀ ਪੂਜਾ ਅਰਚਨਾ ਖ਼ਤਮ ਹੋਣ ਨਾਲ, ਉਹਨਾਂ ਦਾ ਆਰਥਿਕ ਨੁਕਸਾਨ ਵੀ ਹੋ ਰਿਹਾ ਸੀ। ਇਸ ਲਈ ਜਗ੍ਹਾ ਜਗ੍ਹਾ ਲੋਕ ਕੂਕਿਆਂ ਦੀਆਂ ਗੱਲਾਂ ਹੀ ਕਰ ਰਹੇ ਸਨ। ਉਹਨਾਂ ਦੀ ਸੰਖਿਆ ਵੀ ਵਧ ਰਹੀ ਸੀ ਅਤੇ ਉਹ ਖ਼ਾਲਸੇ ਜਿਉਂ ਹੀ ਹਿੰਦੂ-ਤੁਰਕ ਦੋਹਾਂ ਤੋਂ ਨਿਆਰਾ ਸਰੂਪ ਧਾਰਨ ਕਰ ਚੁੱਕੇ ਸਨ:

"ਠੌਰ ਹੀ ਠੌਰ ਰੌਲਾ ਗੌਰਾ ਕੂਕਯੋਂ ਕਾ ਦੇਸਨ ਮੇਂ,
ਖਾਲਸੇ ਅਤਿ ਭਾਰੇ ਹਿੰਦੂ ਤੁਰਕਨ ਤੇ ਨਿਆਰੇ ਹੈਂ।"

ਗਊ ਦੇਸ਼ ਦੀ ਆਰਥਿਕਤਾ ਦਾ ਧੁਰਾ ਸੀ। ਖੇਤੀ ਬੈਲਾਂ 'ਤੇ ਅਧਾਰਿਤ ਸੀ। ਨਾਮਧਾਰੀ ਪੰਥ ਦਾ ਉਦਗਮ, ਸਤਿਗੁਰੂ ਰਾਮ ਸਿੰਘ ਦੁਆਰਾ, ਗਊ ਗਰੀਬ ਦੀ ਰਾਖੀ ਲਈ ਹੀ ਕੀਤਾ ਗਿਆ ਸੀ। 1849 ਈ. ਤਕ ਪੰਜਾਬ ਵਿਚ ਗਊ-ਬੱਧ ਨਹੀਂ ਸੀ ਹੁੰਦਾ। ਪੰਜਾਬ 'ਤੇ ਕਬਜ਼ੇ ਬਾਅਦ ਜਗ੍ਹਾ ਜਗ੍ਹਾ ਗਊ ਘਾਤ ਹੋਣ ਲੱਗਾ। ਬੁੱਚੜਖ਼ਾਨੇ ਖੁਲ੍ਹ ਗਏ। ਅੰਗਰੇਜ਼ਾਂ ਦਾ ਮਕਸਦ ਇਸ ਢੰਗ ਦੁਆਰਾ ਪੰਜਾਬੀਆਂ ਦੀ ਫ਼ਿਰਕੂ ਏਕਤਾ ਨੂੰ ਛਿੰਨ ਭਿੰਨ ਕਰਨਾ ਸੀ। ਕੂਕਿਆਂ ਨੇ ਇਸ ਚਾਲ ਨੂੰ ਸਮਝਿਆ ਅਤੇ ਇਸ ਵੰਗਾਰ ਨੂੰ ਪਰਵਾਨ ਵੀ ਕੀਤਾ। ਉਹਨਾਂ ਨੇ ਅੰਮ੍ਰਿਤ ਸਰੋਵਰ ਦੀ ਪਵਿੱਤਰਤਾ ਲਈ ਪਹਿਲਾਂ ਬੁੱਚੜਾਂ ਨੂੰ ਸੋਧਿਆ, ਫਿਰ ਜਦੋਂ ਬੇਦੋਸ਼ ਉਥੋਂ ਹਿੰਦੂ ਆਗੂ ਸ਼ਹਿਰ ਦੇ ਸਰਕਾਰ ਫਾਹੇ ਲਾਉਣ ਲੱਗੀ। ਕੂਕਿਆਂ ਨੇ ਆਪਣਾ ਜੁਰਮ ਵੀ ਕਬੂਲਿਆ। ਵਰਤੇ ਗਏ ਹਥਿਆਰ ਵੀ ਸਬੂਤਾਂ ਲਈ ਪੇਸ਼ ਕੀਤੇ। ਖ਼ੁਸ਼ੀ ਖ਼ੁਸ਼ੀ ਹੋ ਕੇ ਸਿਰ ਭੇਟਾ ਕਰ ਗਏ। ਇਸ ਵੱਡੇ ਇਤਿਹਾਸਕ ਸਾਕੇ ਦੀ ਅੱਖੀਂ ਡਿੱਠੀ ਗਵਾਹੀ, ਕੂਕਿਆਂ ਦੇ ਪੱਖ ਵਿਚ, ਗਿਆਨੀ ਜੀ ਤੋਂ ਬਿਹਤਰ ਕਿਹੜਾ ਭੁਗਤਾ ਸਕਿਆ ਹੈ:

"ਹਿੰਮਤ ਕਮਰ ਬਾਂਧ ਨਾਮਧਾਰੀ ਸਿੰਘੋਂ ਤਬਿ,
ਬੁੱਚੜ ਬਿਦਾਰੇ ਹਤਯਾਰੇ ਘਰੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,

Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ੀ ਸ਼ਾਹਿ ਹੈ ਦੁਖਦਾਰੇ ਕੀਨ ਗੌਰ ਪੈ।
ਦੇਨ ਲਾਗੀ ਫਾਂਸੀ ਜਬ ਆਏ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਭਏ ਈਸ ਲੋਕ ਮਾਂਹਿ,
ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ।''

ਕੂਕਿਆਂ ਦਾ ਮਲੇਰਕੋਟਲੇ ਵਿਖੇ 17-18 ਜਨਵਰੀ 1872 ਈ. ਨੂੰ ਤੋਪਾਂ ਅੱਗੇ ਉਡਾਏ ਜਾਣ ਦਾ ਦ੍ਰਿਸ਼ ਗਿਆਨੀ ਜੀ ਨੇ ਆਪਣੇ ਨੇਤਰਾਂ ਨਾਲ ਨਿਹਾਰਿਆ ਹੈ। ਉਹ ਪੰਥ ਪਰਕਾਸ਼ ਵਿਚ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦਾ ਸਾਕਾ ਬਿਆਨ ਕਰ ਰਹੇ ਹਨ ਕਿ ਕਿਵੇਂ ਉਹਨਾਂ ਨੂੰ ਸੌ ਕੁ ਸਿੰਘਾਂ ਸਮੇਤ ਸ਼ਹੀਦ ਕੀਤਾ ਗਿਆ ਅਤੇ ਇਹਨਾਂ ਵਿਚੋਂ ਇਕ ਵੀ ਸਿੰਘ ਨੇ ਧਰਮ ਤਿਆਗ ਕੇ ਜਾਨ ਬਚਾਉਣੀ ਪਰਵਾਨ ਨਹੀਂ ਕੀਤੀ। ਇਹ ਲਿਖਦੇ ਲਿਖਦੇ ਗਿਆਨੀ ਜੀ ਮਲੇਰ ਕੋਟਲੇ ਦੇ ਕੂਕਾ-ਸ਼ਹੀਦਾਂ ਦੀ ਗਾਥਾ ਨੂੰ ਚੇਤੇ ਕਰਕੇ ਭਾਵ ਵਿਭੋਰ ਹੋ ਗਏ ਅਤੇ ਕਹਿੰਦੇ ਹਨ ਕਿ ਇਹਨਾਂ (ਬਾਬਾ ਬੰਦਾ ਬਹਾਦਰ ਦੇ ਨਾਲ ਦਿਆਂ) ਸਿੰਘਾਂ ਦਾ ਜ਼ਿਕਰ ਤਾਂ ਮੈਂ ਕਿਤਾਬਾਂ ਵਿਚ ਪੜ੍ਹਿਆ ਹੈ - ਸੁਣੋ ਮੈਂ ਤੁਹਾਨੂੰ ਉਹਨਾਂ ਕੂਕੇ ਸਿੰਘਾਂ ਦੀ ਗਾਥਾ ਸੁਣਾਵਾਂ ਜਿਹਨਾਂ ਦੀਆਂ ਸ਼ਹੀਦੀਆਂ ਮੈਂ ਅੱਖੀਂ ਵੇਖੀਆਂ ਹਨ ਅਤੇ ਜਿਹਨਾਂ ਨੇ ਦੀਵੇ ਤੇ ਜਾਣ ਵਾਲੇ ਪਤੰਗੇ ਜਿਉਂ, ਸਨਮੁਖ ਹੋ ਹੋ ਕੇ ਸੀਸ ਭੇਟ ਕੀਤੇ ਹਨ।28 ਕਬਿੱਤਾਂ ਵਾਲੀ ਪੁਸਤਕ ਦੇ ਅੰਤ 'ਤੇ, ਭਾਸ਼ਾ ਵਿਭਾਗ ਪੰਜਾਬ ਵੱਲੋਂ ਛਾਪੇ ਪੰਨਾ 518-19 'ਤੇ ਦਰਜ ਇਸ ਸਾਕੇ ਨੂੰ, ਅੰਤਿਕਾ ਵਜੋਂ ਦੇ ਕੇ ਇਸ ਦੀ ਮਹੱਤਤਾ ਨੂੰ ਹੋਰ ਵੀ ਚਿਰ-ਸਥਾਈ ਕਰ ਦਿਤਾ ਗਿਆ ਹੈ ਅਤੇ ਅੰਗਰੇਜ਼ ਸਰਕਾਰ ਦੇ ਇਸ ਝੂਠ ਦਾ ਪਰਦਾਫ਼ਾਸ਼ ਵੀ ਕੀਤਾ ਹੈ ਕਿ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ। ਬੰਨ੍ਹ ਕੇ ਉਡਣ ਵਾਲੇ, ਦੀਵੇ 'ਤੇ ਆਉਣ ਵਾਲੇ ਪਤੰਗੇ ਜਿਉਂ ਭੱਜ ਭੱਜ ਨਹੀਂ ਸਨ ਆਉਂਦੇ ਜਿਹਨਾਂ ਲਈ ਗਿਆਨੀ ਜੀ ਨੇ ਇਹ ਤਸ਼ਬੀਹ ਵਰਤੀ ਹੈ:

''ਦੋਹਿਰਾ॥
ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ ਸੋ ਅਬ ਸਾਚ ਸੁਨਾਂਹਿ।
ਚੌਪਈ॥
ਸੰਮਤ ਉਨੀ ਸੈ ਅਠਾਈ। ਕੂਕੇ ਸਿੰਘ ਮਿਲੇ ਤਬ ਆਈ।
ਜੋ ਬੂਚੜ ਗਊਆਂ ਕੇ ਮਾਰਕ। ਤਿਨਕੋ ਸੋ ਸਿੰਘ ਭਏ ਬਿਦਾਰਕ।
ਜਬ ਸਿੰਘ ਸਾਠਕ ਪਕਰੇ ਗਏ। ਫੜੇ ਮਲੇਰ ਕੋਟਲੇ ਆਏ।
ਉਨ ਹਿਤ ਹੁਕਮ ਅੰਗਰੇਜ਼ੀ ਆਯੋ। ਇਨ ਕੋ ਤੋਪਨ ਸੰਗ ਉਡਾਯੋ।
ਜਬ ਇਹ ਹੁਕਮ ਉਨੋਂ ਸੁਨ ਪਾਯੋ। ਖੁਸ਼ੀ ਭਏ ਅਤਿ ਹੀਯ ਹੁਲਸਾਯੋ।
ਮੁਖ ਪਰ ਲਾਲੀ ਚੜ੍ਹੀ ਬਧੇਰੇ। ਗਾਵਤ ਗੁਰ ਕੇ ਸ਼ਬਦ ਉਚੇਰੇ।
ਦੀਵੇ ਪਰ ਜਯੋਂ ਆਇ ਪਤੰਗੇ। ਤਯੋਂ ਤੋਪਨ ਵਿਸ ਜਾਇ ਨਿਸੰਗੇ।
ਉਡੇ ਖੁਸ਼ੀ ਹ੍ਵੈ ਹ੍ਵੈ ਕਰ ਸਾਰੇ। ਜਰਾ ਨ ਕੀਨੇ ਧਰਾਨ ਪਜਾਰੇ।
ਇਹ ਹਮ ਨੇਂ ਖੁਦ ਨੈਨ ਨਿਹਾਰੇ। ਦੇਖਤ ਥੇ ਜੋ ਲੋਗ ਅਪਾਰੇ।
ਰਹੇ ਹਿਰਾਨ ਤਿਨੈ ਪਿਖ ਸਾਰੇ। ਇਹ ਸਿੰਘਨ ਕੀ ਰੀਤੀ ਵਰਨੀ।
ਸਸਤ੍ਰ ਕੀ ਮ੍ਰਿਤ ਤੇ ਨਹੀ ਡਰ ਹੈ। ਸੰਮੁਖ ਸੌਤ੍ਰ ਜੰਗ ਮੇ ਜੈ ਹੈ।
ਮਰਨ ਮਾਰਨੋ ਨਾਹਿ ਟਰੇ ਹੈਂ।''

ਸਤਿਗੁਰੂ ਜੀ ਨੂੰ 18 ਜਨਵਰੀ 1872 ਈ. ਨੂੰ ਪ੍ਰਮੁੱਖ ਸੂਬਿਆਂ ਸਮੇਤ ਸ੍ਰੀ ਭੈਣੀ ਸਾਹਿਬ ਹੀ ਨਹੀਂ ਸਗੋਂ

Sri Satguru Jagjit Singh Ji eLibrary NamdhariElibrary@gmail.com

ਪੰਜਾਬ ਜਾਂ ਭਾਰਤ ਦੀ ਧਰਤੀ ਤੇ ਵੀ ਨਹੀਂ ਰਹਿਣ ਦਿੱਤਾ। ਉਹਨਾਂ ਦੇ ਉਤਰਾ ਅਧਿਕਾਰੀ ਵੱਲ ਇਸ਼ਾਰਾ ਗੁਰੂ ਹਰੀ ਸਿੰਘ ਜੀ ਦੇ ਪਹਿਲੇ ਨਾਮ ਬੁੱਧ ਸਿੰਘ ਨਾਲ ਹੀ ਗਿਆਨੀ ਜੀ ਲਿਖ ਗਏ ਹਨ:

"ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਹਿ,
ਅਬ ਹੈ ਮਹੰਤ ਕੰਤ ਕੂਕਯੋਂ ਕਾ ਹੇਰ ਪੈ।"

ਗਿਆਨੀ ਜੀ ਕੂਕਿਆਂ ਦੁਆਰਾ ਬੀਰ ਰਸ ਪੈਦਾ ਕਰਨ ਲਈ ਚੰਡੀ ਦੀ ਵਾਰ ਦਾ ਪਾਠ ਕਰਨ, ਸਫੈਦ ਬਸਤਰ, ਚਿਟੀ ਮਾਲਾ ਸਿਧਾ ਦਸਤਾਰਾ ਤੇ ਦਾਹੜਾ, ਹਵਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਆਦਿ ਦਾ ਜ਼ਿਕਰ ਕਰਦਿਆਂ ਇਹਨਾਂ ਦੇ ਜੇਹੇ ਲੱਛਣ ਹਨ, ਜੋ ਵੇਖੇ ਹਨ, ਉਹਨਾਂ ਨੇ ਉਸ ਤੋਂ ਉਹਨਾਂ ਦੇ ਅਡੋਲ ਨਿਸ਼ਚੇ ਵਾਲੇ ਦਸਵੇਂ ਗੁਰੂ ਦੇ ਸੱਚੇ ਸਿੱਖ ਹੋਣ ਦਾ ਉਹਨਾਂ ਦਾ ਜ਼ਿਕਰ ਕਰਦਿਆਂ, ਸਿਆਸੀ ਨਿਸ਼ਾਨਾ ਰਾਜ ਲੈਣਾ ਵੀ ਦੱਸ ਗਏ ਹਨ:

"ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ, ਸਭਿ
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।"

ਪ੍ਰਸਿੱਧ ਕਵੀ ਭਾਈ ਵੀਰ ਸਿੰਘ, ਵਜ਼ੀਰ ਸਿੰਘ ਅਤੇ ਤਰਲੋਚਨ ਸਿੰਘ ਦੀ ਇਕ ਤਰਿੱਕੜੀ, ਜੋ ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਅਖਵਾਉਂਦੇ ਸਨ, ਉਹਨਾਂ ਨੇ ਗਿਆਨੀ ਜੀ ਦੇ ਸਾਰੇ ਅਣਛਪੇ ਗ੍ਰੰਥ ਛਾਪਣ ਲਈ ਲੈ ਲਏ, ਇਹਨਾਂ ਪਾਸੋਂ ਅਤੇ ਖ਼ਾਲਸਾ ਟਰੈਕਟ ਸੁਸਾਇਟੀ ਵੱਲੋਂ ਛਾਪਣ ਦਾ ਇਕਰਾਰ ਅਤੇ ਮਾਸਿਕ ਪੈਨਸ਼ਨ ਤਾਉਮਰ ਦੇਣ ਦਾ ਭਰੋਸਾ ਦਿਤਾ ਪਰ ਬਚਨ ਤੇ ਕਾਇਮ ਨਾ ਰਹੇ। ਗਿਆਨੀ ਜੀ ਦੀਆਂ ਲਿਖਤਾਂ ਵਿਚੋਂ ਇਸ ਬਦਸਲੂਕੀ ਦਾ ਵੇਰਵਾ ਦੁਖੀ ਹਿਰਦੇ ਨਾਲ ਲਿਖਿਆ ਮਿਲਦਾ ਹੈ। ਇਸ ਦੇ ਉਲਟ ਸਤਿਗੁਰੂ ਪਰਤਾਪ ਸਿੰਘ ਜੀ ਨੇ, ਚਲਾਣੇ ਤੋਂ 6 ਕੁ ਮਹੀਨੇ ਪਹਿਲਾਂ ਗਿਆਨੀ ਜੀ ਵਾਸਤੇ ਮਾਇਆ, ਬਸਤਰ, ਦਸਤਾਰ, ਮਾਲਾ ਆਦਿ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਹੱਥ 1921 ਈ. ਵਿਚ ਨਾਭੇ ਭੇਜੇ ਸਨ। ਨਾਮਧਾਰੀ ਦਰਬਾਰ ਦਾ ਸਤਿਕਾਰ ਸਨਮਾਨ ਹਾਸਲ ਕਰਕੇ ਗਿਆਨੀ ਜੀ ਦੇ ਨੇਤਰਾਂ ਵਿਚੋਂ ਵੈਰਾਗ ਦੇ ਅੱਥਰੂ ਆਏ ਤੇ ਆਖਿਓਨੇ – ਹੁਣ ਮੇਰਾ ਮਰਨਾ ਸੁਖਾਲਾ ਹੋ ਜਾਏਗਾ।

ਫੁੱਟ ਨੋਟ:

1. ਪੰਜਾਬ ਕੋਸ਼ (ਜਿਲਦ ਪਹਿਲੀ) - 2004, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਸਫ਼ਾ 705-706
2. ਨਾਮਧਾਰੀ ਸਿੱਖ : ਵਿਸ਼ੇਸ਼ ਵਰਣਨ 28 ਕਬਿੱਤ -ਗਿਆਨੀ ਗਿਆਨ ਸਿੰਘ ਜੀ, 1988, ਸ੍ਰੀ ਜੀਵਨ ਨਗਰ (ਸਿਰਸਾ), ਸਫ਼ਾ 7-8
3. ਉਹੀ - ਸਫ਼ਾ 34
4. ਉਹੀ - ਸਫ਼ਾ 78
5. ਉਹੀ - ਸਫ਼ਾ 38
6. ਉਹੀ - ਸਫ਼ਾ 36
7. ਉਹੀ - ਸਫ਼ਾ 42
8. ਉਹੀ - ਸਫ਼ਾ 50
9. ਉਹੀ - ਸਫ਼ਾ 54
10. ਉਹੀ - ਸਫ਼ਾ 56
11. ਉਹੀ - ਸਫ਼ਾ 64
12. ਉਹੀ - ਸਫ਼ਾ 91-92

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ
ਪੁਸਤਕ ਨੰ.
ਅਲਮਾਰੀ
ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਭਾਈ ਸੰਤੋਖ ਸਿੰਘ ਬਾਹੋਵਾਲ ਕ੍ਰਿਤ
'ਸਤਿਗੁਰੂ ਬਿਲਾਸ' ਭਾਗ ਪਹਿਲਾ

ਨਾਮਧਾਰੀ ਲਿਖਾਰੀ ਭਾਈ ਸੰਤੋਖ ਸਿੰਘ ਨੇ, ਨਾਮਧਾਰੀ ਪੰਥ ਦੇ ਪ੍ਰਵਰਤਕ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਛੋਟੇ ਭਾਈ ਤੇ ਜਾਨਸ਼ੀਨ ਗੁਰੂ ਹਰੀ ਸਿੰਘ ਜੀ ਦੀਆਂ ਜੀਵਨ ਘਟਨਾਵਾਂ ਅਤੇ ਹੋਰ ਸਬੰਧਿਤ ਸਮਾਚਾਰਾਂ ਨੂੰ ਬਿਆਨਣ ਲਈ, ਉਨ੍ਹੀਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਦੇ ਉਦੈਕਾਲ ਵਿੱਚ ਇਕ ਵਾਰਤਕ ਗ੍ਰੰਥ "ਸਤਿਗੁਰੂ ਬਿਲਾਸ" ਦੀ ਰਚਨਾ ਕੀਤੀ ਹੈ। ਇਸ ਰਚਨਾ ਨੂੰ ਨਾਮਧਾਰੀ ਇਤਿਹਾਸ ਦਾ ਮੂਲਸ੍ਰੋਤ ਹੋਣ ਦਾ ਮਾਣ ਹਾਸਲ ਹੈ। ਕੂਕਿਆਂ ਜਾਂ ਨਾਮਧਾਰੀਆਂ ਬਾਰੇ ਲਿਖਣ ਵਾਲੇ ਕਿਸੇ ਵੀ ਸੱਜਣ ਨੇ ਇਸ ਪੁਸਤਕ ਦੇ ਹਵਾਲੇ ਨਾਲ ਆਪਣੀ ਲਿਖਤ ਨੂੰ ਸ਼ਿੰਗਾਰਿਆ ਹੈ। ਆਪਣੇ ਰਚਨਾ ਕਾਲ ਤੋਂ ਤਕਰੀਬਨ ਇਕ ਸਦੀ ਤੱਕ ਇਸ ਕਿਤਾਬ ਨੂੰ ਛਾਪੇ ਦਾ ਜਾਮਾ ਨਸੀਬ ਨਹੀਂ ਹੋਇਆ। ਹੁਣ ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਅਨੁਸਾਰ, ਸ. ਜਸਵਿੰਦਰ ਸਿੰਘ 'ਹਿਸਟੋਰੀਅਨ' ਨੇ ਇਸ ਨੂੰ ਸੰਪਾਦਿਤ ਕਰਨ ਦੀ ਸੇਵਾ ਨਿਭਾਈ ਹੈ ਅਤੇ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਵੱਲੋਂ ਅਕਤੂਬਰ ੨੦੦੨ ਈ. ਵਿੱਚ ਇਸ ਦਾ ਪ੍ਰਿਥਮ ਭਾਗ ਸਾਹਿਤ ਖੋਜੀਆਂ, ਇਤਿਹਾਸ ਪ੍ਰੇਮੀਆਂ ਅਤੇ ਸ਼ਰਧਾਲੂ ਪਾਠਕਾਂ ਦੇ ਹੱਥਾਂ ਵਿਚ ਪੁੱਜਦਾ ਕੀਤਾ ਹੈ। ਪਹਿਲਾ ਭਾਗ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ (੧੮੧੬ ਈ.) ਤੋਂ ਪ੍ਰਦੇਸ਼ ਗਵਨ (੧੮੭੨ ਈ.) ਤੱਕ ਫੈਲਿਆ ਹੈ। ਦੂਜੇ ਹਿੱਸੇ ਵਿੱਚ ਗੁਰੂ ਹਰੀ ਸਿੰਘ ਜੀ ਦੁਆਰਾ ਨਾਮਧਾਰੀ ਸੰਗਤ ਦੀ ਅਗਵਾਈ ਸੰਭਾਲਣ ਤੋਂ ਲੈ ਕੇ ਉਨ੍ਹਾਂ ਦੇ ਜੋਤੀ ਜੋਤ ਸਮਾਉਣ (੧੯੦੬ ਈ.) ਤੱਕ ਦੇ ਸਮਾਚਾਰ ਕਲਮਬੱਧ ਹਨ।

ਛਾਪੇ ਤੋਂ ਪਹਿਲਾਂ ਇਸ ਗ੍ਰੰਥ ਦੀ ਮਹਿਮਾ ਤੋਂ ਨਾਮਧਾਰੀ ਸੰਗਤ ਤਾਂ ਭਲੀ ਭਾਂਤ ਪਰੀਚਿਤ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ (੧੮੯੦-੧੯੫੯ ਈ.) ਨੇ ਇਸ ਨੂੰ "ਕਾਫ਼ੀ ਸਿਲਸਿਲੇਵਾਰ ਅਤੇ ਠੀਕ ਕਰਵਾਇਆ, ਸਾਫ਼ ਸੁਥਰਾ ਲਿਖਵਾਇਆ ਅਤੇ ਫੇਰ ਸਾਰੇ ਨੂੰ ਟਾਈਪ ਕਰਵਾਇਆ। ਉਨ੍ਹਾਂ ਦੇ ਸਮੇਂ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ (੧੯੨੦ ਈ.) ਦੇ ਸਮੇਂ ਵਿੱਚ ਨਾਮਧਾਰੀ ਦੀਵਾਨਾਂ ਹੋਲਿਆਂ, ਮੇਲਿਆਂ ਸਮੇਂ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਇਸ ਪੁਸਤਕ ਦੀ ਕਥਾ ਕੀਤੀ ਜਾਂਦੀ। ਗੁਰੂ ਭਗਤੀ ਅਤੇ ਅਥਾਹ ਸ਼ਰਧਾ ਵਿੱਚ ਗੁੱਝੇ ਪਰਸੰਗ ਸੁਣ ਕੇ, ਜਿੱਥੇ ਸੰਗਤ ਭਾਵ ਵਿਭੋਰ ਹੋ ਉਠਦੀ ਉਥੇ ਨਾਮਧਾਰੀ ਮਸਤਾਨਿਆਂ ਤੇ ਮਸਤੀ ਦਾ ਆਲਮ ਅਤੇ ਵਜਦ ਤਾਰੀ ਹੋ ਜਾਂਦਾ। ਜਦੋਂ ਸੰਪਾਦਕ ਦੀ ਸੇਵਾ ਜ਼ਿੰਮੇ ਲੱਗਣ ਬਾਅਦ, ਸ. ਜਸਵਿੰਦਰ ਸਿੰਘ ਹੋਰਾਂ ਨੇ ਇਸ ਦਾ ਪਾਠ ਅਰੰਭਿਆ ਤਾਂ ਕੁਝ ਐਸੇ ਪਰਸੰਗਾਂ ਦੇ ਪਾਠ ਸਮੇਂ, ਉਨ੍ਹਾਂ ਤੇ ਵੀ ਮਸਤਾਨੀ ਬ੍ਰਿਤੀ ਹਾਵੀ ਹੋ ਜਾਂਦੀ।

ਅਜੇਹੀ ਕਰਤਾਰੀ ਰਚਨਾ ਦਾ ਲੇਖਕ ਭਾਈ ਸੰਤੋਖ ਸਿੰਘ ਕੌਣ ਸੀ, ਕਿੱਥੋਂ ਸੀ? ਇਸ ਦੀ ਬਹੁਤ ਘੱਟ ਜਾਣਕਾਰੀ ਸਾਨੂੰ ਉਪਲਬਧ ਹੁੰਦੀ ਹੈ। ਬੱਸ ਏਨਾ ਕੁ ਪਤਾ ਲਗਦਾ ਹੈ ਕਿ ਉਹ ਜਾਤੀ ਦਾ ਕਲਾਲ (ਆਹਲੂਵਾਲੀਆ) ਅਤੇ ਪਿੰਡ ਬਾਹੋਵਾਲ ਜੋ ਹੁਸ਼ਿਆਰਪੁਰ ਨਗਰ ਤੋਂ ਚੌਦਾਂ ਕਿਲੋਮੀਟਰ ਤੇ ਵਾਕਿਆ ਸੀ, ਦਾ ਰਹਿਣ ਵਾਲਾ ਸੀ। ਸ੍ਰੀ ਭੈਣੀ ਸਾਹਿਬ ਨਿਵਾਸੀ ਇਕ ਬਜ਼ੁਰਗ ਬਖ਼ਸ਼ੀ ਹਰਦੇਵ ਸਿੰਘ ਨੇ ਨਖਸ਼ਿਖ ਇਉਂ ਵਰਣਨ ਕੀਤੇ: "ਸੰਤੋਖ ਸਿੰਘ ਦਾ ਕੱਦ ਲਗਪਗ ੫ ਫੁੱਟ ੬ ਇੰਚ, ਰੰਗ ਸਾਫ਼, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ।" ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿੱਚ ਡੇਰੇ ਸ੍ਰੀ ਭੈਣੀ ਸਾਹਿਬ ਆਉਣ ਦੀ ਵਿਥਿਆ ਲੇਖਕ ਨੇ ਗ੍ਰੰਥ ਦੇ ਦੂਸਰੇ ਭਾਗ ਵਿੱਚ ਇਉਂ ਬਿਆਨ ਕੀਤੀ ਹੈ, "ਰਾਮਦਾਸਪੁਰੇ ਸਾਹਿਬ ਗੁਰੂ ਹਰੀ ਸਿੰਘ ਜੀ ਕਾ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਇਹ ਨਿਸ਼ਚਾ

Sri Satguru Jagjit Singh Ji eLibrary NamdhariElibrary@gmail.com

ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਧਾਰੀ ਹੈ। ...ਸੰਤੋਖ ਸਿੰਘ ਨੇ ਕਈ ਭੇਖ ਦੇਖੇ ਸ਼ਾਂਤ ਨਾ ਆਈ। ਸੁਥਰਾ ਪਰਮਹੰਸ ਨਾਂਗਾ ਭੀ ਹੋਇਆ, ਮੋਨ ਭੀ ਧਾਰਿਆ। ਫੇਰ ਨਿਰਮਲਿਆਂ ਦਾ ਉਪਦੇਸ਼ ਮਹਾਂਵਾਕ ਦਾ ਭੀ ਲਿਆ। ਏਤਨੇ ਭੇਖ ਫਿਰਿਆ ਪਰ ਸ਼ਾਂਤ ਨਾ ਆਈ। ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਲਿਆ ਚੇਤ ਚੰਦੇ ਪਰ ਸੰਮਤ ੧੯੩੯ (੧੮੮੨ ਈ.) ... ਜਾਂ ਸਤਿਗੁਰੂ ਜੀ ਦਾ ਭਜਨ ਲਿਆ ਤਾਂ ਸ਼ਾਂਤ ਆਈ।"

ਜਸਵਿੰਦਰ ਸਿੰਘ ਹੋਰਾਂ ਦੀ ਲਿਖਤ ਮੁਤਾਬਿਕ ਭਾਈ ਸੰਤੋਖ ਸਿੰਘ ਦਾ ਜਨਮ ੧੮੪੫ ਈ. ਵਿੱਚ ਤੇ ਅੰਤ ਸਮਾਂ ੧੯੦੯ ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਹੀ ਆਇਆ। ਉਹ ਡੇਰੇ ਆਉਣ ਸਮੇਂ ਨਿਹੰਗ ਸਿੰਘਾਂ ਦੇ ਬਾਣੇ ਵਿੱਚ ਸੀ ਫਿਰ ਸਿੱਧੀ ਗੁਰਮੁਖੀ ਦਸਤਾਰ ਧਾਰਨ ਕਰ ਲਈ। ਜਗਿਆਸੂ ਸੁਭਾ ਨੇ ਉਸ ਨੂੰ ਨਾ ਘਰ ਤੇ ਨਾ ਹੋਰਨਾਂ ਭੇਖਾਂ ਵਿੱਚ ਕਿਤੇ ਵੀ ਇਕ ਥਾਂ ਟਿਕਣ ਦਿੱਤਾ। ਲਗਾਤਾਰ ਸਤਾਈ ਵਰ੍ਹੇ ਉਸ ਦੇ ਸ੍ਰੀ ਭੈਣੀ ਸਾਹਿਬ ਬਤੀਤ ਹੋਏ ਸਿੱਧ ਕਰਦੇ ਹਨ ਕਿ ਉਹ ਆਪਣੇ ਇਤਿਹਾਸ ਦੇ ਅੰਤ ਕਠਿਨ ਦੌਰ ਵਿਚੋਂ ਲੰਘਦੇ ਹੋਏ, ਕੂਕਾ ਰੰਗ ਵਿੱਚ ਪੂਰੀ ਤਰ੍ਹਾਂ ਰੰਗਿਆ ਗਿਆ ਸੀ। ਇਹ ਸਮਾਂ ਦੇਸੀ ਅਤੇ ਬਦੇਸੀ ਤਾਕਤਾਂ ਵੱਲੋਂ ਨਾਮਧਾਰੀਆਂ ਦਾ ਤਿੱਖੀ ਘੇਰੇਬੰਦੀ ਦਾ ਸਮਾਂ ਸੀ। ਉਨ੍ਹਾਂ ਦਾ ਇਕ ਇਸ਼ਟ, ਸਤਿਗੁਰੂ ਰਾਮ ਸਿੰਘ, ਸਾਗਰ ਪਾਰ ਬ੍ਰਿਟਿਸ਼ ਬਰਮਾ ਦੀ ਜੇਲ੍ਹ ਵਿਚ ਕੈਦ ਸੀ ਅਤੇ ਦੂਜਾ ਗੁਰੂ ਹਰੀ ਸਿੰਘ, ਆਪਣੇ ਘਰ ਸ੍ਰੀ ਭੈਣੀ ਸਾਹਿਬ ਵਿਖੇ ਹੀ ਪੁਲੀਸ ਪਹਿਰੇ ਹੇਠ ਨਜ਼ਰਬੰਦ ਸੀ। ਨਾ ਦੋਹਾਂ ਭਾਈਆਂ ਵਿਚਾਲੇ ਅਤੇ ਨਾ ਬਰਮਾ ਵਾਲੇ "ਸ਼ਾਹੀ ਕੈਦੀ" ਅਤੇ ਉਸ ਦੇ ਲੱਖਾਂ ਪਿਆਰਿਆਂ ਵਿਚਾਲੇ ਕਿਸੇ ਕਿਸਮ ਦੇ ਪੱਤਰਾਚਾਰ ਦੀ ਖੁੱਲ੍ਹ ਸੀ। ਅੱਠੀ ਪਹਿਰੀਂ ਪਹਿਲ੍ਹਾਂ ਪੰਜ ਅਤੇ ਫਿਰ ਦਸਾਂ ਗੁਰਸਿੱਖਾਂ ਨੂੰ ਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦੀ ਖੁੱਲ੍ਹ ਮਿਲਦੀ ਸੀ" ਇਸ ਦੌਰਾਨ ਉਹ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਜੂਹ ਵਿੱਚ ਲੁਕ ਛਿਪ ਕੇ ਆਪਣੀ ਵਾਰੀ ਦੀ ਇੰਤਜ਼ਾਰ ਕਰਦੇ। ਅਜਿਹੇ ਸਮੇਂ ਗੁਰਦੁਆਰੇ ਵਿੱਚ ਰਹਿਣ ਵਾਲੇ ਸਿੰਘਾਂ ਨੂੰ ਵੀ ਆਨੇ ਬਹਾਨੇ ਪ੍ਰੇਸ਼ਾਨ ਕਰਨ ਵਿਚ ਹਾਕਮ ਕੋਈ ਕਸਰ ਨਹੀਂ ਸਨ ਛੱਡਦੇ। ਸੰਤੋਖ ਸਿੰਘ ਲੰਮਾ ਸਮਾਂ ਅਦ੍ਰਿਸ਼ ਰੂਪ ਵਿੱਚ ਡੇਰੇ ਵਿੱਚ ਰਿਹਾ। ਫਿਰ ਉਹ ਰਤਾ ਨੇੜੇ ਆ ਕੇ ਰਹਿਣ ਲੱਗ ਪਏ ਅਕਾਲ ਬੁੰਗੇ ਤੋਂ ਖਰਾਸ ਵਾਲੇ ਕੋਠੇ ਤੱਕ। ਪ੍ਰਸਿੱਧ ਧਾੜਕੂ ਨਾਮਧਾਰੀ ਭਗਵਾਨ ਸਿੰਘ ਅੜਬੰਗੀ ਦਾ ਅੰਤ ਸਮਾਂ ਵੀ, ਇਸੇ ਖਰਾਸ ਵਾਲੇ ਕੋਠੇ ਵਿਚ ੧੯੧੨ ਈ. ਵਿੱਚ ਬਤੀਤ ਹੋਇਆ ਸੀ। ਭਗਵਾਨ ਸਿੰਘ ਹੋਰਾਂ ਦੇ ਜੀਵਨ ਦੇ ਵਚਿੱਤਰ ਨਾਟਕ ਦਾ ਅਵਲੋਕਨ, ਭਾਈ ਸੰਤੋਖ ਸਿੰਘ ਨੇ ਨੇੜਿਓਂ ਹੋ ਕੇ ਕੀਤਾ ਸੀ ਇਸ ਲਈ ਉਨ੍ਹਾਂ ਨਾਲ ਸਬੰਧਿਤ ਘਟਨਾਵਾਂ ਦਾ ਬੜਾ ਸਜੀਵ ਵਰਣਨ ਭਾਈ ਸੰਤੋਖ ਸਿੰਘ ਦੀ ਰਚਨਾ ਵਿੱਚ ਵੀ ਮਿਲਦਾ ਹੈ। ਸੰਤੋਖ ਸਿੰਘ ਦੇ ਭੈਣੀ ਸਾਹਿਬ ਵਾਲੇ ਜੀਵਨ ਬਾਰੇ ਉਹ ਆਪ ਆਪਣੀ ਅਮਰ ਰਚਨਾ ਵਿੱਚ ਲਿਖ ਗਏ ਹਨ, ਜਿਸ ਦੇ ਆਧਾਰ 'ਤੇ ਗ੍ਰੰਥ ਦਾ ਸੰਪਾਦਕ ਲਿਖਦਾ ਹੈ: "ਸੰਤ ਸੰਤੋਖ ਸਿੰਘ ਜੀ ਸ੍ਰੀ ਭੈਣੀ ਸਾਹਿਬ ਡੇਰੇ ਵਿੱਚ ਸਥਾਈ ਤੌਰ 'ਤੇ ਰਹਿਣ ਵਾਲਿਆਂ ਦੀ ਸੂਚੀ ਵਿੱਚ ਨਹੀਂ ਸਨ। ਪਹਿਲਾਂ ਉਹ ਅਕਾਲ ਬੁੰਗੇ ਕੋਲ ਇਕ ਛੋਟੇ ਜਿਹੇ ਝੌਂਪੜੇ ਵਿੱਚ ਰਹਿੰਦੇ ਸੀ ਅਤੇ ਫਿਰ ਖਰਾਸ ਦੇ ਕੋਲ ਆ ਕੇ ਰਹਿਣ ਲੱਗ ਪਏ। ਡੇਰੇ ਵਿੱਚ "ਲਿਹਾਜ਼" ਨਾਲ ਰਹਿਣ ਵਾਲਿਆਂ ਵਿੱਚ ਉਹ ਸ਼ਾਮਲ ਸਨ। ਗੋਹੇ ਕੂੜੇ ਦੀ ਸੇਵਾ ਕਰਨੀ ਅਤੇ ਡੇਰੇ ਦੀ ਸਫ਼ਾਈ ਕਰ ਦੇਣੀ। ਪੁਲਿਸ ਵਾਲੇ ਵੀ ਉਨ੍ਹਾਂ ਨੂੰ ਦੇਖ ਕੇ ਅਣਡਿੱਠ ਕਰ ਛੱਡਦੇ ਸਨ ਕਿਉਂਕਿ ਉਨ੍ਹਾਂ ਨੂੰ ਡੇਰੇ 'ਚੋਂ ਰਸਦ, ਦੁੱਧ ਘਿਓ ਅਤੇ ਹੋਰ ਵਸਤ ਮਿਲ ਜਾਣੀ। ਫੇਰ ਵੀ ਕਈ ਐਸੇ ਸਮੇਂ ਆਏ ਜਦੋਂ ਪੁਲਿਸ ਵਾਲਿਆਂ ਲੇਖਕ ਨੂੰ ਡੇਰੇ ਵਿੱਚੋਂ ਕੱਢ ਦਿੱਤਾ ਅਤੇ ਉਨ੍ਹਾਂ ਨਾਲ ਲੜਾਈ ਝਗੜਾ ਕੀਤਾ। ਇਕ ਐਸੇ ਝਗੜੇ ਵਿੱਚ ਪੁਲਿਸ ਵਾਲਿਆਂ ਝੂਠੇ ਗਵਾਹ ਬਣਾ ਕੇ ਸੰਤੋਖ ਸਿੰਘ ਨੂੰ ਛੇ ਮਹੀਨੇ ਦੀ ਕੈਦ ਕਰਵਾ ਦਿੱਤੀ ਸੀ, ਪਰ ਇਹ ਗੁਰੂ ਦੇ ਪਿਆਰੇ ਜੇਲ੍ਹ ਖ਼ਾਨੇ 'ਚੋਂ ਛੁੱਟ ਕੇ ਫੇਰ ਸਿੱਧੇ ਡੇਰੇ ਸ੍ਰੀ ਭੈਣੀ ਸਾਹਿਬ ਆ ਆਪਣੇ ਨਿਤਾਪ੍ਰਤੀ ਕੰਮ ਵਿਚ ਲੱਗ ਗਏ। ਇਹੀ ਗੁਰੂ ਕਰਨੀ ਹੈ" ਇਸ ਭੈਣੀ ਸਾਹਿਬ ਨਿਵਾਸ ਨੇ ਲੇਖਕ ਨੂੰ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਸਮੱਗਰੀ ਤੋਂ ਜਾਣੂ ਕਰਵਾਇਆ, ਜਿਸ ਦੀ ਵਰਤੋਂ ਉਹ ਆਪਣੀ ਲਿਖਤ ਵਿੱਚ ਸੁਚੱਜ ਨਾਲ ਕਰਨ ਦੇ ਸਮਰੱਥ ਹੋ ਸਕਿਆ ਹੈ। ਇਤਿਹਾਸ ਦੇ ਜਿਉਂਦੇ ਪਾਤਰਾਂ ਨਾਲ ਨਿੱਜੀ ਮੁਲਾਕਾਤਾਂ ਨੇ ਉਨ੍ਹਾਂ ਦੇ ਮਨ ਮਸਤਕ ਬਾਰੇ ਜਾਨਣ ਦਾ ਮੌਕਾ ਲੇਖਕ ਨੂੰ ਪ੍ਰਦਾਨ ਕੀਤਾ।

Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਕੇਵਲ ਪਹਿਲਾਂ ਦੋ ਸਿੱਖ ਇਤਿਹਾਸ ਗ੍ਰੰਥ ਕਵਿਤਾ ਵਿੱਚ ਸਨ ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰਬਿਲਾਸ ਪਾਤਸ਼ਾਹੀ ਦਸਵੀਂ, 'ਸ੍ਰੀ ਗੁਰੂ ਸੋਭਾ' ਇਤਿਆਦਿਕ। ਸਤਿਗੁਰੂ ਬਿਲਾਸ ਦਾ ਕਰਤਾ ਕਹਿੰਦਾ ਹੈ ਕਿ ਹੁਣ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਸਾਨੂੰ ਪ੍ਰਾਪਤ ਹੋਏ ਹਨ ਤਾਂ ਉਹ ਪੰਜਾਬੀ ਬੋਲੀ ਵਿੱਚ ਹਨ ਤਾਂ ਤੇ ਜਾਣਿਆ ਜੋ ਗੁਰੂ ਬਾਰ੍ਹਵੇਂ ਕੀ ਬਾਣੀ ਪੰਜਾਬੀ ਬੋਲੀ ਵਿੱਚ ਹੋਵੇਗੀ। ਕਿਉਂਕਿ ਦੇਸਾਂ ਪ੍ਰਦੇਸਾਂ ਮੇਂ ਜਾਣੀ ਹੈ ਇਹ ਬਾਣੀ ਪੰਜਾਬੀ ਸਿੱਖ ਜਾਨਣਗੇ। ਕਵਿਤਾ ਪਹਿਲੇ ਤਾਂ ਅਨਜਾਣ ਨੂੰ ਪੜ੍ਹਨੀ ਨਹੀਂ ਔਂਦੀ ਹੈ, ਜੇ ਪੜ੍ਹੇ ਭੀ ਤਾਂ ਅਰਥ ਨਹੀਂ ਸਮਝਦੇ ਜਾਂਦੇ ਹੈਂ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ। ਇਸ ਗ੍ਰੰਥ ਦਾ ਰਚਨਕਾਲ ੧੮੮੨ ਈ. ਤੋਂ ੧੯੦੬ ਈ. ਤੱਕ ਦਾ ਹੈ। ਇਸ ਤਰ੍ਹਾਂ ਇਹ ਗ੍ਰੰਥ ਉਨ੍ਹੀਵੀਂ ਸਦੀ ਦੇ ਅਖੀਰ ਦੇ ਪੰਜਾਬੀ ਵਾਰਤਕ ਦਾ ਸ਼ਾਨਦਾਰ ਨਮੂਨਾ ਹੈ।"

ਜਨਮ ਸਾਖੀ ਸ਼ੈਲੀ ਵਿੱਚ ਲਿਖਿਆ ਗਿਆ ਇਹ ਗ੍ਰੰਥ ਜਿੱਥੇ ਸਾਡੇ ਸੁਤੰਤਰਤਾ ਸੰਗਰਾਮ ਦੀ ਗੌਰਵ ਗਾਥਾ ਬਿਆਨ ਕਰ ਕੇ, ਇਤਿਹਾਸਕ ਦਸਤਾਵੇਜ਼ ਜਹੀ ਮਹੱਤਤਾ ਰੱਖਦਾ ਹੈ, ਉੱਥੇ ਗੁਰੂ ਤੇ ਸਿੱਖਾਂ ਦੇ ਸਬੰਧਾਂ ਨੂੰ ਮਜ਼ਬੂਤੀ ਪ੍ਰਦਾਨ ਕਰ ਕੇ, ਸਤਿਗੁਰੂ ਦੀ ਕੇਂਦਰੀ ਸੱਤਾ ਦਾ ਨਿਰੂਪਣ ਵੀ ਕੀਤਾ ਗਿਆ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਬਹੁ ਆਯਾਮੀ ਜੀਵਨ ਅਨੁਭਵ, ਗੁਰੂ ਹਰੀ ਸਿੰਘ ਦਾ ਸੰਕਟ ਕਾਲ ਨਾਲ ਮੱਥਾ ਲਾਉਣਾ, ਇਸ ਪੁਸਤਕ ਦੇ ਕਲੇਵਰ ਵਿੱਚ ਆਉਂਦੇ ਹਨ। ਬੁੱਧ ਦੀਆਂ ਜਾਤਕ ਕਥਾਵਾਂ ਅਤੇ ਇਸਲਾਮੀ ਸਾਹਿਤ ਦਾ ਜਨਮ ਸਾਖੀ ਸਾਹਿਤ ਉੱਤੇ ਵਿਸ਼ੇਸ਼ ਪ੍ਰਭਾਵ ਪਿਆ ਹੈ। ਕਿਸੇ ਨੁਕਤੇ ਨੂੰ ਸਪਸ਼ਟ ਕਰਨ ਲਈ ਪਰਾਲੌਕਿਕ ਸ਼ਕਤੀਆਂ ਨੂੰ ਵੰਗਾਰਿਆ ਜਾਂਦਾ ਸੀ। ਲੇਖਕ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਭਰਾਤਾ ਗੁਰੂ ਹਰੀ ਸਿੰਘ ਨੂੰ ਅਵਤਾਰੀ ਪੁਰਖਾਂ ਦੀ ਸ਼੍ਰੇਣੀ ਵਿਚ ਰੱਖ ਕੇ ਉਨ੍ਹਾਂ ਦਾ ਸਤੁਤੀਗਾਨ ਕਰਦਾ ਹੈ। ਕਿਸੇ ਵੀ ਲਹਿਰ ਦੇ ਨਾਇਕ ਦਾ ਪ੍ਰਭਾਮੰਡਲ ਹੀ ਅਣੇਖਾਂ ਲੋਕਾਂ ਨੂੰ ਉਸ ਵੱਲ ਆਕਰਸ਼ਿਤ ਕਰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨਾ ਕੇਵਲ ਪੰਜਾਬ, ਸਗੋਂ ਵਿਸ਼ਵ ਇਤਿਹਾਸ ਦੀ ਬੇਜੋੜ ਸ਼ਖ਼ਸੀਅਤ ਹਨ ਜਿਨ੍ਹਾਂ ਦੀ ਅਗਵਾਈ ਸਦਕਾ, ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਕੂਕਾ ਲਹਿਰ ਲੋਕ ਲਹਿਰ ਵਿੱਚ ਪਰਵਰਤਿਤ ਹੋ ਗਈ। ਕੂਕਿਆਂ ਦੇ ਸਾਰੇ ਵਿਸ਼ਵਾਸ ਨਰੋਏ ਸਨ, ਸਾਰੀਆਂ ਰੀਤਾਂ ਭਾਵੇਂ ਪਰੰਪਰਾ ਨਾਲ ਵੀ ਨਹੀਂ ਸਨ ਟਕਰਾਉਂਦੀਆਂ। ਇਕ ਨਵੇਂ ਸ਼ੋਸ਼ਣ ਮੁਕਤ ਮਨੁੱਖ ਦੀ ਸਿਰਜਣਾ ਹੋ ਰਹੀ ਸੀ। ਬਸਤੀਵਾਦ ਨਾਲ ਸਿੱਝਣ ਦੀ ਭਾਰਤੀ ਲੋਕਾਂ ਦੀ ਤਤਪਰਤਾ ਦਾ ਵੀ ਮੁਲੰਕਣ ਇਹ ਰਚਨਾ ਕਰਦੀ ਹੈ। ਪੰਜਾਬ ਦੀ ਜਗੀਰਦਾਰ ਅਤੇ ਪਰੋਹਿਤ ਸ਼੍ਰੇਣੀ ਦੀ ਪਿੱਛਲ ਖੁਰੀ ਸੋਚ ਨਾਲ ਸਿੱਝਣ ਲਈ ਜੁਗ ਗਰਦਾਂ ਦੀਆਂ ਟੋਲੀਆਂ ਉੱਠ ਰਹੀਆਂ ਸਨ। ਸੰਤੋਖ ਸਿੰਘ ਨਰੋਈ ਸੋਚ ਤੇ ਜਾਗਦੀ ਜ਼ਮੀਰ ਵਾਲੇ ਲੋਕਾਂ ਦਾ ਪ੍ਰਸੰਸਕ ਹੈ।

ਸੰਤੋਖ ਸਿੰਘ ਨੂੰ ਉਸ ਦੇ ਗ੍ਰੰਥ ਦੀ ਮਾਨਤਾ, ਰੋਜ਼ ਇਸਦਾ ਪਾਠ ਸੁਣਨ ਵਾਲੇ, ਸੁਣ ਕੇ ਸੋਧਣ ਵਾਲੇ ਗੁਰੂ ਹਰੀ ਸਿੰਘ ਜੀ ਤੋਂ ਮਿਲ ਗਈ, ਜਿਨ੍ਹਾਂ ਇਸ ਨੂੰ 'ਗੁਰਬਿਲਾਸ' ਹੋਣ ਦਾ ਵਰ ਦੇ ਕੇ ਨਿਵਾਜਿਆ ਸੀ। ਬ੍ਰਿਟਿਸ਼ ਸਰਕਾਰ ਤੇ ਪੰਜਾਬ ਦੀ ਰਜਵਾੜਾਸ਼ਾਹੀ, ਪੁਰੋਹਿਤ ਸ਼੍ਰੇਣੀ ਨੇ ਵੀ ਮਾਮੂਲੀ ਅਪਵਾਦ ਛੱਡ ਕੇ, ਕੂਕਿਆਂ ਤੇ ਜੋ ਸਖ਼ਤੀਆਂ ਕੀਤੀਆਂ 'ਸਤਿਗੁਰੂ ਬਿਲਾਸ' ਉਨ੍ਹਾਂ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਲੇਖਕ ਦੀ ਵਿਸ਼ੇਸ਼ ਪ੍ਰਤਿਭਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਗੁਰੂ ਹਰੀ ਸਿੰਘ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ (ਸਤਿਗੁਰੂ) ਪਰਤਾਪ ਸਿੰਘ ਹੋਰਾਂ ਦੀ ਗੁਰਮੁਖੀ ਅੱਖਰਾਂ ਨਾਲ ਪਹਿਲੀ ਜਾਣ-ਪਛਾਣ ਕਰਵਾਉਣ ਦੀ ਸੇਵਾ ਵੀ ਭਾਈ ਸੰਤੋਖ ਸਿੰਘ ਦੇ ਜ਼ਿੰਮੇ ਲਾਈ ਸੀ। ਸਰਕਾਰੀ ਰਿਕਾਰਡ ਵਿਚ ਕੂਕਾ ਗਤੀਵਿਧੀਆਂ ਦਾ ਜ਼ਿਕਰ ੧੮੬੩ ਈ. ਤੋਂ ਸ਼ੁਰੂ ਹੁੰਦਾ ਹੈ। ਇਸ ਤੋਂ ਪਹਿਲਾਂ ਦਾ ਗੁਰੂ ਰਾਮ ਸਿੰਘ ਜੀ ਦਾ ਜੀਵਨ ਵਿਵਰਣ ਅਤੇ ਨਾਮਧਾਰੀ ਅਕੀਦੇ ਅਨੁਸਾਰ ਗਿਆਰ੍ਹਵੇਂ ਗੁਰੂ ਬਾਲਕ ਸਿੰਘ ਜੀ ਦੇ ਕੁਝ ਸਮਾਚਾਰਾਂ ਲਈ, ਸਤਿਗੁਰੂ ਪਰਤਾਪ ਸਿੰਘ ਜੀ ਦੇ ਬਚਪਨ, ਅਵਤਾਰ ਧਾਰਨ ਦੀਆਂ ਸਾਖੀਆਂ ਅਤੇ ਗੁਰਤਾ ਤੇ ਬਿਰਾਜਮਾਨ ਹੋਣ ਦੇ ਪਰਸੰਗਾਂ ਲਈ ਵੀ ਅਸੀਂ ਭਾਈ ਸੰਤੋਖ ਸਿੰਘ ਹੋਰਾਂ ਦੀ ਇਸ ਵੱਡਮੁੱਲੀ ਲਿਖਤ 'ਤੇ ਹੀ ਨਿਰਭਰ ਰਹਿੰਦੇ ਹਾਂ। ਭਾਵੇਂ ਬਹੁਤ ਸਾਰੇ ਕੌਤਕ ਸਾਖੀਆਂ, ਸਤਿਗੁਰੂ ਸਾਹਿਬਾਨ ਨਾਲ ਸੰਬੰਧਿਤ ਅਜਿਹੀਆਂ ਮਿਲਦੀਆਂ ਹਨ ਜੋ ਤਰਕ ਤੇ ਵਿਗਿਆਨਿਕ ਸੋਚ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ,

Sri Satguru Jagjit Singh Ji eLibrary NamdhariElibrary@gmail.com

ਫਿਰ ਵੀ ਸਮਕਾਲੀ ਘਟਨਾਵਾਂ, ਵਿਅਕਤੀਆਂ, ਵਰਤਾਰਿਆਂ ਅਤੇ ਸਮਾਜਿਕ ਆਰਥਿਕ ਸਿਆਸੀ ਢਾਂਚੇ ਦੀਆਂ ਬਰੀਕੀਆਂ ਨੂੰ ਬੀਜ ਰੂਪ ਵਿੱਚ ਸਮਝਣ ਲਈ ਇਹ ਪੌਰਾਣਿਕ ਸਾਹਿਤ ਵੀ ਚੋਖਾ ਮੁੱਲਵਾਨ ਹੁੰਦਾ ਹੈ। ਇਸੇ ਲਈ "ਸਤਿਗੁਰੂ ਬਿਲਾਸ" ਵਿੱਚ ਛਿਪੇ ਇਸ ਬੇਸ਼ਕੀਮਤੀ ਖਜ਼ਾਨੇ ਨੂੰ ਜਦੋਂ ਵੀ ਜੌਹਰੀਆਂ ਦੀ ਨਜ਼ਰ ਪਈ, ਮਾਲਾਮਾਲ ਹੋ ਜਾਣਗੇ।

ਬਾਰਾਂ ਗੁਰਾਂ ਕਾ ਮੰਗਲਾ ਚਰਣ, ਜਿਵੇਂ ਪ੍ਰਮੇਸਰ ਜੀ ਸ੍ਰਿਸ਼ਟੀ ਰਚੀ, ਚਹੁੰ ਵੇਦਾਂ ਕੇ ਮਹਾਂਵਾਕ, ਸਤਿਪ੍ਰਸ਼ਨ, ਗੋਸਟ ਆਤਮੇ ਪਰਮਾਤਮੇ ਕੀ, ਜੁਗਾਵਾਲੀ, ਕਰਨੀ ਨਾਮਾ, ਗੁਰਿਭ ਨਾਮਾ, ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ 'ਗੋਸਟਿ ਅਜਿੱਤੇ ਰੰਧਾਵੇ ਨਾਲ', ਸਤਿਗੁਰੂ ਬਿਲਾਸ ਦੇ ਅੰਤ ਵਿੱਚ ਨਾਮਧਾਰੀ ਮਨਾਉਤਾਂ ਨਾਲ ਸਬੰਧਿਤ ਇਹ ਲਿਖਤਾਂ ਦਰਜ ਕਰਕੇ ਇਕ ਥਾਂ ਸੰਕਲਿਤ ਕਰਨ ਦਾ ਕਾਰਜ ਵੀ ਭਾਈ ਹੋਰਾਂ ਨੇ ਕਰ ਦਿੱਤਾ ਹੈ।

ਸਤਿਗੁਰੂ ਜੀ ਦਾ ਪਰਕਾਸ਼ ੧੮੭੨ ਬਿਕਰਮੀ ਦੀ ਮਾਘ ਸੁਦੀ ਪੰਜਵੀਂ ਤੇ ਛੇਵੀਂ ਦੀ ਵਿਚਕਾਰਲੀ ਰਾਤ ਅੱਧੀ ਰਾਤ ਤੋਂ ਬਾਅਦ ਰਾਈਆਂ ਨਗਰ ਵਿੱਚ ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਹੋਇਆ। ਸਤਿਗੁਰੂ ਜੀ ਦੇ ਨਾਨਕੇ ਨੰਗਲ ਪਿੰਡ ਵਿੱਚ ਸਨ। ਬਾਬਾ ਜੱਸਾ ਸਿੰਘ ਰਾਮ-ਰਾਮ ਦਾ ਜਾਪ ਕਰਨ ਵਾਲਾ ਮਿਹਨਤੀ, ਤਿਆਗੀ, ਸੰਜਮੀ, ਮਿਲਣਸਾਰ ਅਤੇ ਉਦਾਰ ਸੁਭਾਉ ਦਾ ਸੀ। ਸਤਿਗੁਰੂ ਜੀ ਦੇ ਪਰਗਟ ਹੋਣ ਤੋਂ ਛੇਤੀ ਬਾਅਦ ਬਾਬਾ ਜੱਸਾ ਸਿੰਘ ਪਰਿਵਾਰ ਸਹਿਤ ਰਾਈਆਂ ਤੋਂ ਭੈਣੀ ਸਾਹਿਬ ਆ ਗਏ ਸਨ। ਗੁਰੂ ਹਰੀ ਸਿੰਘ ਜੋ ਆਪ ਤੋਂ ਚਾਰ ਵਰ੍ਹੇ ਛੋਟੇ ਸਨ ਉਨ੍ਹਾਂ ਦਾ ਅਵਤਾਰ ਭੈਣੀ ਸਾਹਿਬ ਵਿਖੇ ਹੀ ਹੋਇਆ ਸੀ। ਪੰਜਾਂ ਵਰ੍ਹਿਆਂ ਦੀ ਉਮਰ ਵਿੱਚ ਧੂੜਾਂ ਪਿੰਡ ਦੇ ਸਾਹਿਬ ਸਿੰਘ ਮਿਸਤਰੀ ਨੇ ਆਪਣੀ ਪੁੱਤਰੀ ਦਾ ਰਿਸ਼ਤਾ ਦੇ ਕੇ ਮੰਗਣਾ ਕਰ ਦਿੱਤਾ। ਸੱਤਾਂ ਵਰ੍ਹਿਆਂ ਦੀ ਉਮਰ ਵਿਚ ਵੇਦ ਰੀਤੀ ਨਾਲ ਵਿਆਹ ਹੋ ਗਿਆ। ਪੰਜਾਂ ਸਾਲਾਂ ਦੀ ਆਯੂ ਵਿੱਚ ਹੀ ਆਪ ਨੇ ਪੈਂਤੀ ਅੱਖਰੀ ਲਿਖਣੀ ਸ਼ੁਰੂ ਕਰ ਦਿੱਤੀ। ਅੱਠਾਂ ਸਾਲਾਂ ਦੀ ਉਮਰ ਵਿੱਚ ਪਸ਼ੂ ਚਾਰਨ ਲੱਗ ਪਏ। ਬਾਹਰ ਖੇਤਾਂ ਵਿੱਚ ਸਮਾਧੀ ਲਾ ਛੱਡਣੀ। ਗੱਭਰੂ ਹੋਏ ਭਜਨ ਬਾਣੀ ਕਰਨ ਲੱਗ ਪਏ। ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਇਉਂ ਦਰਸ਼ਨ ਹੁੰਦੇ ਹਨ:

"ਨਾਮ ਕੀ ਮਸਤੀ ਮੇਂ ਮਸਤ ਰੈਂਹਦੇ ਹੈਂ। ਸ੍ਰੀ ਸਤਿਗੁਰੂ ਜੀ ਕੇ ਮੁਖ ਪਰ ਲਾਲੀ, ਮਸਤਕ ਚੌੜਾ, ਭਵਾਂ ਕਮਾਨ ਨਿਆਈਂ, ਨੇਤ੍ਰ ਮਾਨੋਂ ਚੰਦਰਮਾ, ਸੂਰਜ ਚੜ੍ਹੇ ਹੈਂ। ਕਵਲਾਂ ਕੀ ਤਰ੍ਹਾਂ ਖਿੜੇ ਹੈਂ। ਸੁੰਦਰ ਕਪੋਲ, ਨੱਕ ਤਿੱਖਾ ਖੰਡੇ ਕੀ ਨਿਆਈਂ ਬਿੰਬ ਫਲ ਸਮਾਨ, ਦੋਨੋਂ ਹੋਠ ਪਤਲੇ ਲਾਲ, ਕਰਨ ਸੇਵਕਾਂ ਕੋ ਨਿਹਾਲ, ਚੰਦ ਮੋਤੀਆਂ ਕੀਆਂ ਪੰਗਤੀਆਂ ਲੱਗੀਆਂ ਹੋਈਆਂ ਹੈਂ। ਠੋਡੀ ਸੇਬ ਕੇ ਸਮਾਨ ਹੈ। ਛਾਤੀ ਚੌੜੀ ਲੱਕ ਪਤਲਾ ਕੇਹਰ ਕੀ ਨਿਆਈਂ। ਆਜਾਨੁ ਬਾਹੂ, ਲੰਬੀਆਂ ਭੁਜਾ ਹੈਨ। ਗਰਦਨ ਹੰਸ ਕੀ ਮਾਨਿੰਦ ਲੰਬੀ, ਲੱਤਾਂ ਕੇਲੇ ਕੀ ਤਰ੍ਹਾਂ ਹੈਨ। ਚਰਨ ਕੰਵਲ ਮੇਂ ਪਦਮ ਹੈ। ਖ੍ਰਿਗਲਤਾ ਹੈ ਪਿੰਨ ਪਰ। ਸੱਜੇ ਗੋਡੇ ਉੱਤੇ ਲਾਲ ਲਸਨ ਹੈ ਨਿੰਮ ਕੇ ਪੱਤੇ ਕੀ ਤਰ੍ਹਾਂ। ਸਰੀਰ ਪਤਲਾ ਸਰੂ ਵਾਂਗੂੰ। ਦੇਖ ਕੇ ਧੀਰਜ ਆਇ ਜਾਂਦੀ ਹੈ। ਜੀਆਂ ਵਾਂਗੂ ਸਰੀਰ ਮੇਂ ਗੰਧ ਨਹੀਂ ਹੈ।"

ਆਪ ਦਾ ਬਹਿਨੋਈ ਕਾਬਲ ਸਿੰਘ ਪਿੰਡ ਰਾਇਪੁਰ (ਲੁਧਿਆਣਾ) ਦਾ ਵਸਨੀਕ, ਖ਼ਾਲਸਾ ਫੌਜ ਵਿੱਚ ਲਾਹੌਰ ਜਮਾਂਦਾਰ ਸੀ। ਬਾਈ ਸਾਲ ਦੀ ਉਮਰ ਵਿੱਚ ਨੌ ਨਿਹਾਲ ਸਿੰਘ ਵਾਲੀ ਪਲਟਣ ਵਿੱਚ ਭਰਤੀ ਹੋ ਗਏ। ਤਕਰੀਬਨ ੮-੯ ਸਾਲ ਫ਼ੌਜ ਵਿਚ ਰਹੇ। ਰਣਜੀਤ ਸਿੰਘ ਤੱਕ ਤਾਂ ਸੰਤੋਖ ਸਿੰਘ ਦੇ ਲਿਖਣ ਦੇ ਮੁਤਾਬਿਕ ਧਰਮ ਦਾ ਰਾਜ ਰਿਹਾ ਜਿਸ ਵਿੱਚ ਨਿਹੰਗਾਂ ਤੇ ਨਿਰਮਲਿਆਂ ਦਾ ਜ਼ੋਰ ਸੀ। ਰਣਜੀਤ ਸਿੰਘ ਤੋਂ ਬਾਅਦ 'ਖ਼ਾਲਸਾ ਭ੍ਰਸ਼ਟਧੀ ਹੋਇਆ।' 'ਕਲਿਜੁਗ ਕਾ ਜ਼ੋਰ ਹੋਇਆ।' ਫ਼ੌਜ ਕਿਸੇ ਸਰਕਾਰੀ ਕੰਮ ਲਾਹੌਰ ਤੋਂ ਪਿਸ਼ਾਵਰ ਜਾ ਰਹੀ ਸੀ। ਹਜ਼ਰੋਂ ਸਾਹਿਬ ਵਿਚ ਰੁਕਣਾ ਪਿਆ। ਇਥੇ ਹੀ ਭਾਈ ਜਮੀਅਤ ਸਿੰਘ ਗਿੱਲਾਂ ਵਾਲੇ, ਗੁਰੂ ਬਾਲਕ ਸਿੰਘ ਤੋਂ ਭਜਨ ਚੌਅੱਖਰੇ ਦੀ ਦਾਤ ਲੈ ਆਏ ਸਨ ਜੋ ਫੌਜੀ ਜੀਵਨ ਦੇ ਸਾਥੀ ਸਨ, ਕਾਹਨ ਸਿੰਘ ਚੱਕ, ਧਿਆਨ ਸਿੰਘ ਮਲਵਈ, ਦੂਲਾ ਸਿੰਘ ਰਾਜੋਆਣਾ, ਜੀਤ ਸਿੰਘ ਠਰੂ, ਰਾਜਾ ਸਿੰਘ ਰਰਾਂਛੀ ਆਦਿ ਜਿਉਂ ਸੋਅ ਸੁਣ ਕੇ ਜਦੋਂ ਆਪ ਗੁਰੂ ਬਾਲਕ ਸਿੰਘ ਦੇ ਪਾਸੋਂ ਭਜਨ ਲੈਣ ਗਏ ਤਾਂ ਉਨ੍ਹਾਂ ਭਜਨ ਦੇ ਕੇ ਫੁਰਮਾਇਆ, "ਠਾਕੁਰੋ ਅਸੀਂ" ਤਾਂ ਰਾਖੇ ਹੀ ਬੈਠੇ ਹਾਂ, ਤੁਹਾਨੂੰ ਉਡੀਕਦੇ ਸੇ। ਸੋ ਤੁਸੀਂ ਆਇ ਗਏ ਹੋ। ਏਉਂ ਨਾਮ ਕਾ ਗੱਡਾ ਤੁਸੀਂ ਹੀ ਵਰਤਾਵਣਾ ਹੈ। ਨਾਮ ਦੇ ਖ਼ਜ਼ਾਨੇ ਨੂੰ ਕੁੰਜੀ ਤੁਸੀਂ ਹੀ ਲਾਵਣੀ ਹੈ। ਏਹ ਕਤਲਾ

Sri Satguru Jagjit Singh Ji eLibrary NamdhariElibrary@gmail.com

ਤੁਸਾਂ ਦੇ ਹੱਥੋਂ ਹੀ ਵਰਤਣਾ ਹੈ।... ਕਲੂ ਕਾਲ ਮੈਂ ਨਾਮ ਹੀ ਸੁਖ ਹੈ। ਰਸਨਾ ਕਰਕੇ ਜਪੇ ਤਾਂ ਮਹਾਤਮ ਹੈ।" ਗੁਰੂ ਬਾਲਕ ਸਿੰਘ ਜੀ ਨੇ ਫਿਰ ਉਪਦੇਸ਼ ਕੀਤਾ।

"ਨਾਮ ਕਾ ਰਸ ਤਾਂ ਆਉਂਦਾ ਹੈ ਜੇਕਰ ਕਿਸੇ ਕੀ ਔਸ ਨਾ ਖਾਏ। ਜੇ ਕਿਸੇ ਸਿੱਖ ਦੇ ਜਾਵੇ ਤਾਂ ਆਪਣਾ ਖਰਚਾ ਲੈ ਜਾਵੇ। ਪ੍ਰਸਾਦਾ ਲੂਣ ਨਾਲ ਔਠੀਂ ਪਹਿਰੀਂ ਭਾਵੇਂ ਛਕੇ, ਸਿਆਲ ਊਨ ਕੀ ਟਾਕੀ ਨਾਲ ਕੱਟ ਲਵੇ। ਹੁਨਾਲ ਕੱਪੜੇ ਦੀ ਟਾਕੀ ਨਾਲ ਕਟ ਲਵੇ। ਬੇ-ਰਸ ਹੋ ਕਰ ਰਹੇ ਤਾਂ ਨਾਮ ਕਾ ਰਸ ਔਂਦਾ ਹੈ।" ਜਨਮ ਸਾਖੀ ਸ਼ੈਲੀ ਵਿੱਚ ਭਾਈ ਸਾਹਿਬ ਨੇ ਫੌਜੀ ਜੀਵਨ ਨਾਲ ਸਬੰਧਿਤ ਬਹੁਤ ਸਾਰੀਆਂ ਸਾਖੀਆਂ ਦਰਜ ਕੀਤੀਆਂ ਹਨ। ਸਤਿਗੁਰੂ ਜੀ ਦੀ ਮਸਤਾਨੀ ਬਿਰਤੀ ਬਾਰੇ ਭੀ ਅਨੇਕ ਸਾਖੀਆ ਦਰਜ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਮਸਤਾਨੀ ਬਿਰਤੀ ਤਾਂ ਸਾਨੂੰ ਆਦਿ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਮਿਲੀ ਹੋਈ ਹੈ। ਨਵੇਂ ਪੰਥ, ਨਵੇਂ ਰਾਹ, ਦਾਨਿਆਂ ਤੋਂ ਨਹੀਂ, ਮਸਤਾਨਿਆਂ ਤੋਂ ਹੀ ਚੱਲੇ ਹਨ। ਫੌਜ ਵਿੱਚ ਆਪ ਦੇ ਰਹਿਣ ਕਾਰਨ ਆਪ ਵਾਲੀ ਸਾਰੀ ਫੌਜ "ਭਗਤਾਂ ਦੀ ਫੌਜ" ਹੀ ਅਖਵਾਉਂਦੀ ਸੀ। ਸਿੱਖ ਸੈਨਾ ਅਤੇ ਲਾਹੌਰ ਦਰਬਾਰ ਦੇ ਆਗੂਆਂ ਦੇ ਅੰਗਰੇਜ਼ਾਂ ਨਾਲ ਰਲੇ ਹੋਣ ਦਾ ਭੇਦ ਸ੍ਰੀ ਸਤਿਗੁਰੂ ਜੀ ਦੀ ਪਾਰਖੂ ਅੱਖ ਨੇ ਤਾੜ ਲਿਆ ਸੀ। ਇਸ ਲਈ ਮੁਦਕੀ ਦੀ ਲੜਾਈ ਸਮੇਂ (੧੮ ਦਸੰਬਰ ੧੮੪੫ ਈ.) ਨੂੰ ਸਤਿਲੁਜ ਦਾ ਪੱਤਣ ਲੰਘਣ ਸਮੇਂ ਬੰਦੂਕ ਦਰਿਆ ਵਿਚ ਸੁੱਟ ਦਿੱਤੀ। "ਸਿੰਘਾਂ ਪੁੱਛਿਆ ਏਹ ਕੀ ਸਾਂਗ ਹੈ? ਬਚਨ ਕੀਤਾ ਗੁਰੂ ਜੀ ਧੁਆਡੇ ਸਰਦਾਰ ਫਰੰਗੀ ਨਾਲ ਮਿਲੇ ਹੋਏ ਹਨ। ਤੁਸੀਂ ਸਾਰੇ ਏਥੇ ਡੁੱਬਰੋ ਸਣੇ ਸਰਦਾਰੀ। ਤਾਂ ਤੇ ਮੈਂ ਅੱਗੇ ਹੀ ਸੁੱਟ ਦਿੱਤੀ ਹੈ ਬੰਦੂਕ।" ਇਹ ਬਚਨ ਠੀਕ ਸਿੱਧ ਹੋਏ। ਲੁਧਿਆਣੇ ਮਾਮੇ ਹਰੀ ਸਿੰਘ ਦੇ ਘਰ ਆਇਆਂ ਪਤਾ ਲੱਗਾ ਕਿ ਆਪ ਦੇ ਮਹਿਲ ਬੀਬੀ ਜੱਸਾਂ ਦੇ ਲੜਕਾ ਪੈਦਾ ਹੋ ਕੇ ਔਠਾਂ ਦਿਨਾਂ ਬਾਦ ਚੜ੍ਹ ਗਿਆ। ਆਪ ਦੀ ਭੈਣ ਰੂਪਾਂ ਚੰਧਾਰੀ ਪਿੰਡ ਵਿਖੇ ਵਿਆਹੀ ਸੀ। ਉਸ ਨੂੰ ਰਾਤ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਮਾਮੀ ਰਾਮੀ ਨਾਲ ਗਏ ਅਤੇ ਨਗਰ ਦੀ ਜੂਹ ਵਿੱਚ ਦਾਖਲ ਹੁੰਦਿਆਂ ਲੋਕਾਚਾਰ ਨੂੰ ਮੁੱਖ ਰੱਖ ਕੇ ਧਾਹ ਵੀ ਮਾਰੀ ਕਿਉਂਕਿ ਮਾਮੀ ਨੂੰ ਕਿਹਾ ਸੀ "ਜੇ ਘਰ ਚੁੱਪ ਕੀਤੇ ਗਏ ਤਾਂ ਜੱਸਾਂ ਕਹੇਗੀ ਨਪੁੱਤੇ ਨੂੰ ਮੋਹ ਨਾ ਸੀ।" ਦਾਣੇ ਭਾਵੇਂ ਘਰ ਖਾਣ ਜੋਗੇ ਵੀ ਨਾ ਹੁੰਦੇ ਆਏ ਸੁਆਲੀ ਨੂੰ ਬੁਕਾ ਦਿੰਦੇ। ਆਪ ਦੀ ਭੂਆ ਜਿੰਦਾਂ ਮੁੰਡੀਆਂ ਪਿੰਡ ਵਿੱਚ ਵਿਆਹੀ ਸੀ। ਉਥੇ ਵੀ ਕਈ ਦਿਨ ਰਹਿ ਆਉਂਦੇ।

ਫੌਜ ਵਿੱਚੋਂ ਆ ਕੇ ਵਧੇਰਾ ਮਸਤਾਨੇ ਹੀ ਰਹੇ। ਫਿਰ ਮਾਤਾ ਜੱਸਾਂ ਦੇ ਗਹਿਣੇ ਵੇਚ ਕੇ ਦੋ ਬੈਲ ਖ਼ਰੀਦ ਲਏ। ਪਹਿਲੇ ਦੋ ਬਰਸ ਸੁੱਖੂ, ਜੋ ਪਿੰਡ ਦਾ ਲੰਬੜਦਾਰ ਸੀ, ਉਸ ਨਾਲ ਖੇਤੀ ਕੀਤੀ। ਫਿਰ ਖੇਮੇ ਨਾਲ ਕੀਤੀ। ਕਮਾਦ ਦੀ ਸੱਕਰ ਵੀ ਪਾਈ ਬੂਰੇ ਵਰਗੀ ਅਤੇ ਚਰਸ ਵਗ ਕੇ ਖੂਹ ਤੋਂ ਸਿੰਚਾਈ ਵੀ ਕੀਤੀ। ਫਿਰ ਰਾਈਆਂ ਦੇ ਜਿਉਣ ਸਿੰਘ ਨੰਬਰਦਾਰ ਨਾਲ ਖੇਤੀ ਕਰਨ ਦਾ ਜ਼ਿਕਰ ਵੀ ਆਉਂਦਾ ਹੈ, ਮੁੰਢਲੇ ਪਿੰਡ ਜਾ ਕੇ। ਬਾਲ ਸਖਾਈ ਮਿੱਤਰ ਲਹਿਣਾ ਸਿੰਘ ਦੇ ਕਹਿਣ ਤੇ ਫਿਰ ਵਾਪਸ ਭੈਣੀ ਸਾਹਿਬ ਆ ਗਏ। ਖੇਮਾ ਤੇ ਬੁੱਗਾ ਵੀ ਸੱਦਣ ਗਏ ਸਨ ਕਿ ਸਾਡੇ ਨਾਲ ਖੇਤੀ ਸਾਂਝੀ ਕਰ ਲਓ। ਲਹਿਣਾ ਸਿੰਘ ਦੁਆਰਾ ਪ੍ਰਦਾਨ ਕੀਤੀ ਗਈ ਭੂਮੀ ਤੇ, ਜੋ ਉਸ ਦੇ ਘਰਾਂ ਪਿੱਛੇ ਸ਼ਾਮਲਾਟ ਸੀ। ਦੋਵਾਂ ਭਾਈਆਂ ਨੇ ਇੱਟਾਂ ਪੱਥ ਕੇ ਸਤਿਗੁਰੂ ਜੀ ਦੇ ਬਿਰਾਜਮਾਨ ਹੋਣ ਲਈ ਤਖਤ ਵੀ ਰਚਿਆ ਅਤੇ ਡੇਰੇ ਦੇ ਹੋਰ ਮਕਾਨਾਂ ਦੀ ਰਚਨਾ ਵੀ ਕੀਤੀ। ਜਿਤਨਾ ਚਿਰ ਭਵਨ ਤਿਆਰ ਨਾ ਹੋਏ ਓਨਾ ਚਿਰ ਖੇਮੇ ਜੱਟ ਦੇ ਘਰ ਨਿਵਾਸ ਵੀ ਕੀਤਾ। ਖੇਮੇ ਅਤੇ ਗੁਰੂ ਹਰੀ ਸਿੰਘ ਜੀ ਦਾ ਜਨਮ ਇੱਕੋ ਰਾਤ ਦਾ ਹੀ ਸੀ।

ਸੰਤਾਨ ਦੇ ਤੌਰ 'ਤੇ ਹਜ਼ੂਰ ਦੀਆਂ ਦੋ ਪੁੱਤਰੀਆਂ ਹੀ ਸਨ। ਵੱਡੀ ਬੀਬੀ ਨੰਦਾਂ ਧਟੜੇ (ਲੁਧਿਆਣੇ) ਅਤੇ ਛੋਟੀ ਬੀਬੀ ਦਇਆ ਕੌਰ ਨਾਰੰਗਵਾਲ (ਲੁਧਿਆਣਾ) ਵਿਆਹੀਆਂ ਸਨ। ਵੱਡੀ ਦੇ ਤਿੰਨ ਪੁੱਤਰ ਸਨ ਜਿਨ੍ਹਾਂ ਵਿਚੋਂ ਸੁਰਤ ਸਿੰਘ ਵੈਦ ਅਤੇ ਕਵੀ ਵੀ ਸੀ। ਉਸ ਦਾ ਸਾਰਾ ਜੀਵਨ ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਹੀ ਬਤੀਤ ਹੋਇਆ। ਛੋਟੀ ਪੁੱਤਰੀ ਦੇ ਘਰ ਵਾਲਾ ਗੁਰ ਸਿੱਖੀ ਧਾਰਨ ਨਹੀਂ ਸੀ ਕਰਦਾ ਜਿਸ 'ਤੇ ਬੀਬੀ ਉਸ ਨਾਲ ਜਾਂਦੀ ਨਹੀਂ ਸੀ। ਇਸੇ ਦੁਬਿਧਾ ਵਿਚ ਬੀਬੀ ਉਸ ਕੋਲੋਂ ਕਤਲ ਹੋ ਗਈ ਅਤੇ ਉਹ ਫਾਹੇ ਲੱਗ ਗਿਆ। ਫਿਰੋਜ਼ਪੁਰ ਛਾਉਣੀ ਸੜਕਾਂ ਬਣ

Sri Satguru Jagjit Singh Ji eLibrary NamdhariElibrary@gmail.com

ਰਹੀਆਂ ਸਨ। ਆਪ ਦੇ ਮਾਮੇ ਹਰੀ ਸਿੰਘ ਦਾ ਪੁੱਤਰ ਖ਼ਜ਼ਾਨ ਸਿੰਘ ਉਥੇ ਚਿਣਾਈ ਦਾ ਕੰਮ ਕਰਦਾ ਕਰਵਾਉਂਦਾ ਸੀ। ਸਤਿਗੁਰੂ ਜੀ ਕੁਝ ਸਮਾਂ ਉਥੇ ਜਾ ਕੇ ਰਾਜਗੀਰੀ ਕਰਦੇ ਰਹੇ। ਫਿਰ ਦੇਵਨੰਦ ਮਾਮਾ ਅਤੇ ਉਸ ਦਾ ਪੁੱਤਰ ਬੋਹੜੇ ਵਕਫ਼ੇ ਬਾਅਦ ਚਲਾਣਾ ਕਰ ਗਏ। ਮਾਮੀ ਨੇ ਆਪਣੇ ਵੱਲੋਂ ਕੁਝ ਮਾਇਆ ਦੇ ਕੇ ਵਣਜ ਵਿਉਪਾਰ ਕਰਨ ਲਈ ਉਤਸਾਹਿਤ ਕੀਤਾ। ਇਸ ਤਰ੍ਹਾਂ ਪਿੰਡ ਵਿੱਚ ਹੱਟੀ ਸ਼ੁਰੂ ਹੋ ਗਈ। ਜਿਸ ਦੇ ਮੁਨਾਫ਼ੇ ਨਾਲ ਆਈ ਸਾਧ ਸੰਗਤ ਦਾ ਲੰਗਰ ਪਾਣੀ ਚੱਲਣ ਲੱਗ ਪਿਆ। ਖੇਤੀ ੧੮੫੨ ਈ. ਤੱਕ ਕੀਤੀ ੬ ਸਾਲ। ਫਿਰੋਜ਼ਪੁਰ ਤਿੰਨ ਸਾਲ ੧੮੫੫ ਈ. ਤੱਕ ਰਹੇ।

੧੯੧੪ ਬਿਕ੍ਰਮੀ (੧੮੫੭ ਈ.) ਦੀ ਵੈਸਾਖੀ ਦੇ ਦਿਨ ਸ੍ਰੀ ਭੈਣੀ ਸਾਹਿਬ ਪੰਜ ਸਿੰਘਾਂ ਨੂੰ ਸ੍ਰੀ ਦਸਮੇਸ਼ ਜੀ ਦੀ ਰੀਤੀ ਅਨੁਸਾਰ ਅੰਮ੍ਰਿਤ ਛਕਾਇਆ ਅਤੇ ਇਸ ਤਰ੍ਹਾਂ 'ਸੰਤ ਖਾਲਸਾ' ਪ੍ਰਗਟ ਕਰ ਦਿੱਤਾ। ਇਹ ਸਿੰਘ ਸਨ ਕਾਹਨ ਸਿੰਘ ਨਿਹੰਗ ਪਿੰਡ ਚੱਕ ਰਿਆਸਤ ਮਾਲੇਰਕੋਟਲਾ, ਲਾਭ ਸਿੰਘ ਰਾਗੀ ਨਿਵਾਸੀ ਨਵਾਂ ਸ਼ਹਿਰ, ਆਤਮਾ ਸਿੰਘ ਆਲੋਮੁਹਾਰ (ਸਿਆਲਕੋਟ), ਨੈਣਾ ਸਿੰਘ ਵਰਿਆਂਹ (ਅੰਮ੍ਰਿਤਸਰ) ਅਤੇ ਸੁੱਧ ਸਿੰਘ ਦੁਰਗਾਪੁਰ (ਜਲੰਧਰ)। ਸਿੱਖੀ ਜੀਵਨ ਵਿੱਚ ਕਿਰਤ ਦੀ ਕਿੰਨੀ ਮਹੱਤਤਾ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਨਾ ਸਤਿਗੁਰੂ ਜੀ ਆਪ ਵਿਹਲੇ ਰਹਿੰਦੇ ਸਨ ਅਤੇ ਨਾ ਪਰਿਵਾਰ ਦੇ ਜੀਆਂ ਨੂੰ ਰਹਿਣ ਦਿੰਦੇ ਸਨ। ਭਾਈ ਸਾਹਿਬ ਲਿਖਦੇ ਹਨ "ਚੱਕੀਆਂ ਨਾਲ ਈ ਗੁਜ਼ਾਰਾ ਹੁੰਦਾ ਸੀ। ਮਾਤਾ ਜੱਸਾਂ ਜੀ ਭੀ ਪੀਂਹਦੇ ਸੇ। ਬੀਬੀ ਦਇਆ ਕੌਰ ਭੀ ਪੀਸਿਆ ਕਰੇ। ਇਕ ਦਿਨ ਸ੍ਰੀ ਸਤਿਗੁਰੂ ਜੀ ਜੱਸਾਂ ਨਾਲ ਪਿਸਾਵਣ ਲੱਗੇ। ਫੇਰ ਸੁੱਧ ਸਿੰਘ ਭੀ ਆਇ ਲੱਗਾ, ਸਤਿਗੁਰੂ ਜੀ ਹਟਾਇ ਦਿੱਤੇ। ਕੱਈ ਪ੍ਰੇਮ ਨਾਲ ਕੰਮ ਕਰੇ ਤਾਂ ਕਰੇ ਨਹੀਂ ਤਾਂ ਕਹਿਣਾ ਨਹੀਂ। ਬੀਬੀ ਦਇਆ ਕੌਰ ਪਹਿਲੇ ਪੀਸਿਆ ਕਰੇ, ਫੇਰ ਦੁੱਧ ਰਿੜਕਣਾ, ਫੇਰ ਘਾਸ ਕੀ ਪੰਡ ਲਿਆਵਣੀ। ਪ੍ਰਸ਼ਾਦ ਭੀ ਬਣਾਉਣਾ, ਫੇਰ ਪਾਣੀ ਅਕਾਲ ਬੁੰਗੇ ਵਾਲੇ ਖੂਹ ਤੋਂ ਭਰਨਾ, ਫੇਰ ਪੰਜ ਗ੍ਰੰਥੀ ਬਾਣੀ ਭੀ ਪੜ੍ਹਨੀ।" ਸਤਿਗੁਰੂ ਰਾਮ ਸਿੰਘ ਜੀ ਉਚ ਨੀਚ ਦੀਆਂ ਸਾਰੀਆਂ ਵਿੱਥਾਂ ਮਿਟਾ ਕੇ ਉਦੇ ਆਸਤ ਲੋ ਸਾਰੀ ਲੁਕਾਈ ਨੂੰ ਨਾਮ ਦੇ ਰੰਗ ਵਿੱਚ ਰੰਗੀ ਹੋਈ ਵੇਖਣ ਦੇ ਇੱਛੁਕ ਹਨ। ਮੁੰਡੀਆਂ ਦੇ ਇਕ ਸੁਜਾਨ ਸਿੰਘ ਨੂੰ ਭਜਨ ਲੈਣ ਦਾ ਹੁਕਮ ਕੀਤਾ। ਉਸ ਕਿਹਾ ਜੀ ਮੈਂ ਗਰੀਬ ਹਾਂ ਆਏ ਸਿੱਖ ਸਾਧ ਦੀ ਸੇਵਾ ਨਹੀਂ ਕਰ ਸਕਦਾ, "ਗੁਰੂ ਜੀ ਬਚਨ ਕੀਤਾ ਜੇਕਰ ਪਰਸ਼ਾਦਾ ਨਾ ਹੋਵੇ ਆਏ ਸਿੱਖ ਕੋ ਆਦਰ ਸੇ ਜਲ ਕਾ ਛੰਨਾ ਲੈ ਕੇ ਹੀ ਮਿਲ ਪਈਏ, ਜਗ੍ਹਾ ਦੇ ਦਈਏ ਤਾਂ ਪਰਸ਼ਾਦੇ ਨਾਲੋਂ ਭੀ ਜ਼ਿਆਦਾ ਫਲ ਹੈ। ਆਏ ਸਿੰਘ ਕੋ ਉਠਾਵੇ ਨਾ, ਮਿੱਠਾ ਬੋਲਾ ਕਰੇ ਤਾਂ ਭੀ ਸਿੱਖੀ ਰਹਿ ਆਉਂਦੀ ਹੈ। ਸੁਜਾਨ ਸਿੰਘ ਨੇ ਭਜਨ ਲੈ ਲਿਆ। ਮਾੜੇ ਕਰਮਾਂ ਦਾ ਤਿਆਗ ਕੀਤਾ।"

੧੮੫੮ ਈ. ਮੁਤਾਬਿਕ ੧੯੧੫ ਬਿਕ੍ਰਮੀ ਨੂੰ ਪੰਜੀ ਸਿੰਘਾਂ ਨੂੰ ਨਾਲ ਲੈ ਕੇ ਹਜ਼ੂਰ ਸਾਹਿਬ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਨੂੰ ਗਏ। ਗੁਰੂ ਬਾਲਕ ਸਿੰਘ ਜੀ ਨੇ ਕਈ ਦਿਨ ਰੱਖ ਕੇ ਹਜ਼ਰੋ ਸਾਹਿਬ ਦੇ ਇਕ ਇਕ ਸਿੱਖ ਦੇ ਘਰ ਆਪਦੇ ਚਰਨ ਲੰਗਰ ਦੇ ਬਹਾਨੇ ਪੁਆਏ। ਭਾਈ ਦਸਤੀ ਰਾਮ ਸਿਰਫ਼ ਬਾਣੀ ਹੀ ਪੜ੍ਹਦਾ ਸੀ। ਕੰਨਾਂਗਰ ਸੀ ਕਾੜ੍ਹੀ ਬਾਣੀ। ਉਸ ਨੂੰ ਫੁਰਮਾਇਆ ਕਿ ਭਜਨ ਵੀ ਕਰਿਆ ਕਰ। ਖੰਡ ਘਿਓ ਰਲਾ ਕੇ ਛਕਣਾ ਚਾਹੀਦਾ ਹੈ। ਮੁੜਦਿਆਂ ਮੁੱਠਕੇ ਨਗਰ ਵਿੱਚ ਵਜ਼ੀਰੇ ਲੁਹਾਰ ਨੂੰ ਸਭ ਤੋਂ ਪਹਿਲਾਂ ਭਜਨ ਦਿੱਤਾ। ੧੮੫੯-੬੦ ਈ. ਵਿੱਚ ਹੀ ਬਾਬਾ ਸਾਹਿਬ ਸਿੰਘ (ਬਾਅਦ ਵਿੱਚ ਬਣਿਆ ਪ੍ਰਮੁੱਖ ਸੂਬਾ) ਹਜ਼ੂਰੀ ਵਿਚ ਆਇਆ। ਪਹਿਲਾਂ ਮੱਝਾਂ ਚਾਰਦਾ ਰਿਹਾ, ਫਿਰ ਬੱਚਿਆਂ ਨੂੰ ਵਿੱਦਿਆ ਦਾਨ ਦੇਣ ਲੱਗਾ। ੧੯੧੭ ਦੇ ਕਾਲ ਸਮੇਂ ਭਾਉ ਨਾਲੋਂ ਦੋ ਸੇਰ ਦਾਣੇ ਆਪਣੀ ਦੁਕਾਨ ਤੋਂ ਵਧ ਦੇਣੇ ਅਤੇ ਲੰਗਰ ਵਿਚੋਂ ਪਰਸ਼ਾਦਾ ਵੀ ਛਕਾਉਣਾ।

ਭਾਈ ਸੰਤੋਖ ਸਿੰਘ ਭਾਵੇਂ ਵਾਰਤਕ ਲਿਖਾਰੀ ਹੈ ਪਰ ਕਵਿਤਾ ਵੀ ਉਸਦੇ ਵੱਸ ਵਿੱਚ ਹੈ। ਸਤਿਗੁਰੂ ਜੀ ਦੇ ਦਰਸ਼ਨਾਂ ਦਾ ਵਰਣਨ ਇਸ ਕਬਿੱਤ ਵਿੱਚ ਬੜਾ ਮਨਮੋਹਕ ਹੈ:

"ਮੁੱਖ ਬੜਾ ਆਬ ਹੈ ਜਿਉਂ ਕਮਲ ਗੁਲਾਬ ਹੈ
ਸਰੀਰ ਖਾਸ ਭਾਗ ਹੈ ਜੋ ਆਪ ਨਿਰੰਕਾਰ ਹੈ।
ਸੰਗਤ ਕੇ ਬੀਚ ਬੈਠੇ ਸੋਭਤੇ ਹੈਂ ਏਸ ਤੌਰ,

Sri Satguru Jagjit Singh Ji eLibrary NamdhariElibrary@gmail.com

ਤਾਰਿਆਂ ਕੇ ਬੀਚ ਜੈਸੇ ਸਸੀ ਕਾ ਅਕਾਰ ਹੈ।
ਸੋਹਦੀ ਗ੍ਰੀਵਾ ਊਂਚੀ ਜੈਸੇ ਸਰੂ ਬਾਗ ਵਿੱਚ,
ਕੋਮਲ ਸੇ ਅੰਗ ਰੰਗ ਕਨਕ ਸਮਾਰ ਹੈ।
ਕੱਟ ਜਾਏ ਪਾਪ ਕਈ ਜਨਮਾਂ ਦੇ ਕਵੀ ਸਿੰਘਾ,
ਜੋੜਾ ਨੈਨੀ ਦੇਖੇ ਇਕ ਵਾਰ ਹੀ ਨਿਹਾਰ ਹੈ।"

ਅਪ੍ਰੈਲ ੧੮੬੧ ਈ. ਵਿੱਚ ਅੱਧ ਕੁੰਭੀ ਦਾ ਮੇਲਾ ਹਰਿਦੁਆਰ ਵਿਖੇ ਸੀ। ਭਾਈ ਸੰਤੋਖ ਸਿੰਘ ਦੇ ਕਥਨਾਨੁਸਾਰ ਸਤਿਗੁਰੂ ਜੀ ਗੰਗਾ ਦੀ ਸੌਂਤਿਆ ਕੱਢ ਸ੍ਰੀ ਭੈਣੀ ਸਾਹਿਬ ਵਿਖੇ ਬਣੇ ਸਰੋਵਰ, ਰਾਮ ਸਰ ਵਿਖੇ ਪਾ ਦੇਣਗੇ। ਪੁਰਾਣੇ ਸੰਕਲਪਾਂ ਦੀ ਥਾਂ 'ਤੇ ਨਵੇਂ ਸੰਕਲਪ ਇਸ ਤਰ੍ਹਾਂ ਹੀ ਉਸਰਦੇ ਹਨ। ਨਵੇਂ ਮਨੁੱਖ ਦੀ ਸਿਰਜਣਾ ਦੇ ਆਹਰ ਹੋ ਰਹੇ ਹਨ। ਗੰਗਾ ਲੋਕ ਮਨ ਵਿਚ ਕਿੰਨੀ ਡੂੰਘੀ ਉੱਤਰੀ ਹੋਈ ਸੀ:

"ਮਿੱਤਰਾ ਧਰਮ ਕਰੀਂ,
ਮੇਰੇ ਫੁੱਲ ਗੰਗਾ ਵਿੱਚ ਪਾਉਣੇ।" – ਲੋਕਗੀਤ

ਪੁਰਾਣੀਆਂ ਦੀ ਥਾਂ ਹੁਣ ਨਵੀਆਂ ਮਨਾਉਤਾਂ ਦਾ ਸਮਾਂ ਆ ਗਿਆ ਹੈ। ਪੁਨਰ ਜਾਗਰਣ ਵੀ ਇਸੇ ਨੂੰ ਕਹਿੰਦੇ ਹਨ। ਸਤਿਗੁਰੂ ਜੀ ਸੈ ਭੇਖ ਸੈ ਸਿੰਘਾਂ ਦੇ ਵਹੀਰ ਸਮੇਤ ਗੰਗਾ 'ਤੇ ਪਹੁੰਚੇ। ਭਾਈ ਨੈਣਾ ਸਿੰਘ ਵਰਿਆਂਹ ਵਾਲੇ ਦੇ ਪੈਰਾਂ 'ਤੇ ਕੁਹਾੜਾ ਮਾਰ ਕੇ ਵੱਟਣ ਕਰਨਾ, ਪੱਧਰੀ ਵਾਲੀ ਮਾਈ ਸਾਹਿਬੋ ਤੇ ਉਸ ਦੇ ਪੁੱਤਰ ਲਾਲ ਸਿੰਘ ਦੀ ਅਗਨੀ ਪ੍ਰੀਖਿਆ, ਛੋਟੇ ਭਾਈ ਬੁੱਧ ਸਿੰਘ ਨੂੰ ਨਾਲ ਲਾ ਕੇ ਦਿਆਰ ਦੀ ਭਾਰੀ ਗੇਲੀ ਦੋਵਾਂ ਭਰਾਵਾਂ ਚੁੱਕ ਕੇ, ਨਾਮਧਾਰੀ ਪੰਥ ਦੀ ਭਾਰੀ ਕਾਰ ਚੁੱਕਣ ਦੇ ਦੋਹਾਂ ਦੇ ਹੀ ਸਮਰੱਥ ਹੋਣ ਦਾ ਦ੍ਰਿਸ਼ਟਾਂਤ ਆਦਿਕ ਪਰਸੰਗ ਗੰਗਾ ਯਾਤਰਾ ਸਮੇਂ ਹੀ ਵਾਪਰੇ ਸਨ। ਸਤਿਗੁਰੂ ਜੀ ਦੀ ਕੌਮਾਂਤਰੀ ਦ੍ਰਿਸ਼ਟੀ ਦੇ ਦਰਸ਼ਨ ਵੀ ਇਸ ਦੌਰ ਵਿਚੋਂ ਹੁੰਦੇ ਹਨ। ਅੰਗਰੇਜ਼ ਬਸਤੀਵਾਦੀਆਂ ਵਿਰੁੱਧ, ਪ੍ਰਭੂਸੱਤਾ ਸੰਪੰਨ ਰੂਸੀ ਸਰਕਾਰ ਦਾ ਸਹਿਯੋਗ ਕੂਕਿਆਂ ਦੇ ਏਜੰਡੇ 'ਤੇ ਰਿਹਾ ਹੈ। ਸਤਿਗੁਰੂ ਜੀ ਮਸਤਾਨੀ ਬਿਰਤੀ ਵਿੱਚ ਭੱਬੂ-ਕਾਲੂ ਦਾ ਯੁੱਧ ਕਰਦੇ ਹਨ। "ਭੱਬੂ ਨਾਮ ਫਰੰਗੀਆਂ ਕਾ ਹੈ ਤੇ ਕਾਲੂ ਨਾਮ ਰੂਸਾਂ ਕਾ ਹੈ।" ਹਜ਼ਰੋ ਸਾਹਿਬ ਕੀ ਸੰਗਤ ਵੀ ਗੰਗਾ ਤੇ ਪੁੱਜੀ। ਸਤਿਕਾਰ ਵਜੋਂ ਉਨ੍ਹਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਸਤਿਗੁਰੂ ਜੀ ਨੇ ਮੰਗ ਕੇ ਲਈ। ਹਰਨਾਮ ਸਿੰਘ ਛੂਤੀਏ ਨੂੰ ਦੱਸਿਆ ਕਿ ਮੈਂ ਆਪਣੀ ਕ੍ਰਿਆ ਆਪ ਕਰਨ ਦੇ ਸਮਰੱਥ ਹਾਂ ਤੇ ਫਿਰ ਤੇਰੇ ਦੁਆਰਾ ਕੱਢੇ ਗੜਵੇ ਦੇ ਜਲ ਨਾਲ ਇਸ਼ਨਾਨ ਨਹੀਂ ਕਰਾਂਗਾ। ਉਹ ਪਾਣੀ ਡੋਹਲ ਕੇ ਆਪ ਕੱਢ ਕੇ ਇਸ਼ਨਾਨ ਕੀਤਾ। ਆਪ ਹੱਥੀਂ ਕੰਮ ਕਰਨ ਨੂੰ ਸਦਾ ਵਡਿਆਉਂਦੇ ਰਹੇ ਹਨ। ਵਿਹਲੜਾਂ ਤੇ ਨਖੱਟੂਆਂ ਤੋਂ ਆਪਣੇ ਪੰਥ ਨੂੰ ਮੁਕਤ ਰੱਖਿਆ।

ਸੰਮਤ ਬਿਕ੍ਰਮੀ ੧੯੧੮ ਮੁਤਾਬਿਕ ਜਨਵਰੀ ੧੮੬੨ ਈ. ਨੂੰ ਮੁਕਤਸਰ ਮਾਘੀ ਦਾ ਮੇਲਾ ਵੇਖਣ ਚੱਲੇ। ਫਰੀਦਕੋਟ ਦੇ ਰਾਜੇ ਨੇ ਲੰਗਰ ਵਾਸਤੇ ਬਰਤਨ ਵੀ ਨਾ ਦਿੱਤੇ ਅਤੇ ਇਕ ਮੁਖਬਰ ਨਾਈ ਭੇਜ ਕੇ ਸੰਗਤ ਦੇ ਕਫ਼ਹਿਰੇ ਪੈਸੇ ਉਸ ਤੋਂ ਚੁਰਵਾ ਲਏ। "ਸਿੰਘ ਸੁਣ ਸੁਣ ਕੇ ਦੂਰੋਂ ਦੂਰੋਂ ਆਏ। ਬਹੁਤ ਖ਼ਾਲਸਾ ਇਕੱਠਾ ਹੋਇਆ। ਸਿੰਘਾਂ ਕੋ ਦੇਖ ਕੇ ਫ਼ਰੰਗੀਆਂ ਕੋ ਭੀ ਭੈ ਪ੍ਰਾਪਤ ਹੂਆ। ਨਯਾ ਪੰਥ ਪੈਦਾ ਹੋਇਆ ਹੈ। ਬਿਨਾਂ ਦਮਾਂ ਬੀ ਆਇਕੇ ਸੀਸ ਵੇਚਦੇ ਹੈਂ। ਐਸੇ ਹਮਾਰੇ ਨੌਕਰ ਨਹੀਂ ਕਹਾ ਮੰਨਦੇ ਜੈਸੇ ਇਹ ਮੰਨਦੇ ਹੈਂ। ਤੇਜ ਪ੍ਰਤਾਪ ਸਭ ਪਰ ਛਾਇ ਗਿਆ ਹੈ। ਜੈਸੇ ਸੂਰਜ ਕੇ ਚੜ੍ਹੇ ਤੋ ਚਾਨਣਾ ਹੋ ਆਉਂਦਾ ਹੈ।"

੧੮੬੨ ਈ. ਵਾਲੇ ਮੱਘਰ ਦੀ ਪੁੰਨਿਆ ਨੂੰ ਗੁਰੂ ਬਾਲਕ ਸਿੰਘ ਜੀ ਜੋਤੀ ਜੋਤਿ ਸਮਾ ਗਏ। ਸਮਾਵਣ ਤੋਂ ਪਹਿਲਾਂ ਇਕ ਅਰਦਾਸ ਸਤਿਗੁਰੂ ਰਾਮ ਸਿੰਘ ਜੀ ਵੱਲ ਭੇਜੀ ਸੀ, "ਅਰਦਾਸ ਮੇਂ ਇਹ ਲਿਖਾ ਸੀ ਕਿ ਠਾਕੁਰੋ ਅਸਾਂ ਤਾਂ ਚੜ੍ਹਾਈ ਕੀ ਤਿਆਰੀ ਕੀਤੀ ਹੈ, ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ, ਥਾਪੀ ਜਾਤ ਹੋ, ਐਸੀ ਚੂਨੇ ਇਟ ਲਾਉਣੀ ਜੋਹੜੀ ਫੇਰ ਨਾ ਉੱਖੜੇ। ਅਸੀਂ ਤੁਸਾਡੇ ਪਾਸ ਹਰ ਵਕਤ ਹਾਜ਼ਰ ਰਹਾਂਗੇ। ਕੁੰਜੀ ਤੁਹਾਨੂੰ ਬਖ਼ਸ਼ੀ ਹੈ। ਕੁੰਜੀ ਲਾਵੋ ਖਜ਼ਾਨੇ ਨੂੰ ਤੇ ਵਰਤੋ। ਅਸੀਂ ਤੇ ਸਹਿਜਧਾਰੀ ਸਿੱਖੀ ਕੀਤੀ ਹੈ, ਤੁਸੀਂ ਕੇਸਾਧਾਰੀ ਖਾਲਸਾ ਵਧਾਓ। ਤੁਸੀਂ ਦਸਵੇਂ

Sri Satguru Jagjit Singh Ji eLibrary NamdhariElibrary@gmail.com

ਪਾਤਸ਼ਾਹ ਵਾਲੀ ਰੀਤੀ ਤੋਰੋ।" ਸਤਿਗੁਰੂ ਜੀ ਇਸ ਅਵਸਰ 'ਤੇ ਹਜ਼ਰੋ ਸਾਹਿਬ ਨੂੰ ਚੱਲੇ। ਵਜ਼ੀਰਾਬਾਦ ਦੇ ਪੱਤਣ 'ਤੇ ਹਜ਼ਰੋ ਸਾਹਿਬ ਦੀ ਸੰਗਤ ਗੁਰੂ ਬਾਲਕ ਸਿੰਘ ਜੀ ਦੇ ਫੁੱਲ ਗੰਗਾ ਵਿਚ ਪਾਉਣ ਲਈ ਆਉਂਦੀ ਮਿਲੀ। ਇਥੋਂ ਆਪ ਵੀ ਗੁਰੂ ਬਾਲਕ ਸਿੰਘ ਦੇ ਫੁੱਲਾਂ ਦੇ ਸਤਕਾਰ ਵਿੱਚ ਵਾਪਸ ਆ ਗਏ। ਗਿੱਲਾਂ ਦੀ ਸੰਗਤ ਨੇ ਬਾਬੇ ਜਮੀਅਤ ਸਿੰਘ ਹੋਰਾਂ ਦੀ ਅਗਵਾਈ ਵਿੱਚ ਸੇਵਾ ਕੀਤੀ ਅਤੇ ਗੁਰੂ ਬਾਲਕ ਸਿੰਘ ਜੀ ਦੀ ਦਸਤਾਰ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਬੰਧਾਈ।

੧ ਜੂਨ ੧੮੬੩ ਈ. ਨੂੰ ਸਿਆਹੜ ਪਿੰਡ ਵਿਖੇ ਸਤਿਗੁਰੂ ਜੀ ਨੇ ਮਾਈਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਕਛਹਿਰੇ ਵੀ ਪੁਆਏ। ਫਿਰ ੩ ਜੂਨ ੧੮੬੩ ਈ. ਨੂੰ ਖੋਟੇ ਪਿੰਡ ਵਿਖੇ ਗੁਰੂ ਰੀਤੀ ਅਨੁਸਾਰ ਅੰਤਰ ਜਾਤੀ ੬ ਜੋੜਿਆਂ ਦੇ ਅਨੰਦ ਕਾਰਜ ਕਰ ਕੇ ਅਨੰਦ ਮਰਿਆਦਾ ਦਾ ਮੁੱਢ ਬੰਨ੍ਹਿਆ। ਪੰਡਿਤਾਂ ਦੇ ਵਿਰੋਧ ਕਰਨ ਤੇ ਸਤਿਗੁਰੂ ਜੀ ਨੂੰ ਨਾਕਿਉਂ ਨਾਕੀ ਬਾਘੇ ਪੁਰਾਣੇ ਤੋਂ ਭੈਣੀ ਸਾਹਿਬ ਪੁਚਾਇਆ ਗਿਆ। ਇਸ ਰੀਤੀ ਦੁਆਰਾ ਤੀਸਰੇ ਪੰਥ ਖਾਲਸੇ ਦਾ ਨਿਆਰਾਪਣ ਵੀ ਪ੍ਰਗਟ ਕਰ ਦਿੱਤਾ, ਪਹਿਲੇ ਦੋਹਾਂ ਪੰਥਾਂ ਤੋਂ। ਜੂਨ ੧੮੬੩ ਈ. ਤੋਂ ਮਾਰਚ ੧੮੬੭ ਈ. ਤੱਕ ਸਤਿਗੁਰੂ ਜੀ ਸਰਕਾਰੀ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਰਹੇ। ਛੁੱਟੀ ਲੈ ਕੇ ਲੁਧਿਆਣੇ ਜ਼ਿਲ੍ਹੇ ਦਾ ਦੌਰਾ ਕੀਤਾ ਗਿਆ। ਸੂਬਾ ਪਹਾੜਾ ਸਿੰਘ ਨੇ ਖੂਹ 'ਤੇ ਇਸ਼ਨਾਨ ਕਰਦੇ ਸਮੇਂ ਕਿਸੇ ਦੂਜੇ ਸਿੰਘ ਨੂੰ ਜਲ ਨਾ ਛਕਾਇਆ ਕਿ ਗੜਵਾ ਫਿਰ ਮਾਂਜਣਾ ਪਵੇਗਾ। ਸਤਿਗੁਰੂ ਜੀ ਨੇ ਗੰਭੀਰਤਾ ਨਾਲ ਇਸ ਅਵੱਗਿਆ ਨੂੰ ਲਿਆ ਅਤੇ ਸੂਬਾ ਜੀ ਨੂੰ ਸਵਾ ਮਣ ਕਣਕ ਪੀਹਣ ਦੀ ਸਜ਼ਾ ਲਾਈ।

ਮਾਰਚ ੧੮੬੭ ਈ. ਦਾ ਹੋਲਾ ਮੁਹੱਲਾ ਆਨੰਦਪੁਰ ਵਿਖੇ ਮਨਾਇਆ ਗਿਆ। ਸਤਿਗੁਰੂ ਜੀ ਦੀ ਚੜ੍ਹਦੀ ਕਲਾ ਵੇਖ ਕੇ, ਪਹਿਲਾਂ ਨਾਂਹ ਨੁੱਕਰ ਕਰਦੀ, ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸੰਗਤ ਸਮੇਤ ਅਨੰਦਪੁਰ ਸਾਹਿਬ ਜਾਣ ਦੀ ਆਗਿਆ ਦੇ ਦਿੱਤੀ। ਖਮਾਣੋਂ ਪਹਿਲਾ ਪੜਾਅ ਕੀਤਾ। ਸਰਦਾਰ ਪਰਤਾਪ ਸਿੰਘ ਨੂੰ ਤਿੰਨ ਸੌ ਰੁਪੈ ਭੇਟਾ ਕਰਨ ਤੇ ਕਿਹਾ ਕਿ ਭੇਟਾ ਕਾਹਨੂੰ ਲਿਆਉਣੀ ਸੀ "ਕਹਿਣੇ ਲਗਾ ਜੀ ਅਜੇ ਤਾਂ ਹੋਰ ਲਿਆਵਣ ਦਾ ਸੰਕਲਪ ਸੀ। ਏਸ ਤੋਂ ਤਾਂ ਮੈਂ ਜ਼ਿਆਦਾ ਦੀ ਸ਼ਰਾਬ ਪੀ ਜਾਂਦਾ ਸੀ। ਪਰ ਹੁਣ ਤੁਹਾਡੀ ਕਿਰਪਾ ਹੋ ਗਈ ਹੈ। ਦੀਵਾਨ ਲੱਗਾ ਤੇ ਕਿਤਨੇ ਹੀ ਸਿੰਘ ਸਜੇ ਅੰਮ੍ਰਿਤ ਛਕ ਕੇ।" ਖੋਟੇ ਕਰਮ ਕਰਨ ਵਾਲਿਆਂ ਨੂੰ ਸੰਗਤ ਵਿੱਚ ਭੁੱਲ ਮੰਨ ਕੇ ਅੱਗੇ ਤੋਂ ਸੁਚੇਤ ਰਹਿਣ ਲਈ ਕਿਹਾ ਜਾਂਦਾ। ਅਨੰਦਪੁਰ ਸਾਹਿਬ ਤੱਕ ਪੁੱਜਦਿਆਂ ਨਾਮਧਾਰੀ ਸਿੱਖਾਂ ਦੇ ਵਿਸ਼ਾਲ ਇਕੱਠ ਨੂੰ ਵੇਖਕੇ ਅੰਗ੍ਰੇਜ਼ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ (ਮਿ. ਪਰਕਿਨਜ਼) ਨੇ ਕਿਹਾ ਜੀ ਬੜਾ ਇਕੱਠ ਕਰਕੇ ਲਿਆਏ ਹੋ। ਉਹ ਪੁਜਾਰੀਆਂ ਨਿਹੰਗਾਂ ਵੱਲੋਂ ਨਾਮਧਾਰੀ ਸਿੰਘਾਂ ਨਾਲ ਕਿਸੇ ਸੰਭਾਵੀ ਭਿੜੰਤ ਤੋਂ ਚਿੰਤਾਤੁਰ ਸੀ ਕਿ ਜੇ ਦੰਗਾ ਹੋ ਗਿਆ ਤਾਂ ਲੰਦਨ ਤੋੜੀ ਸਾਡੀ ਬਦਨਾਮੀ ਹੋਵੇਗੀ। "ਸਤਿਗੁਰੂ ਜੀ ਬਚਨ ਕੀਤਾ ਸਾਡੀ ਤਾਂ ਦੰਗੇ ਦੀ ਮਨਸ਼ਾ ਬਿਲਕੁਲ ਨਹੀਂ ਹੈ। ਤੁਸੀਂ ਭਾਵੇਂ ਸਾਨੂੰ ਫੇਕਬਾਨੀ ਕਰੋ ਪਰ ਅਸੀਂ ਹੌਲ ਬਿਲਕੁਲ ਨਹੀਂ ਖੜਾ ਕਰਨਾ, ਸਾਡੀ ਸਾਰੀ ਸੰਗਤ ਤਾਂ ਨਹੀਂ ਆਈ, ਸਿਰਫ਼ ਕਿਸੇ ਕਿਸੇ ਨਗਰ ਤੋਂ ਇਕ ਇਕ ਆਦਮੀ ਆਇਆ ਹੈ। ਡੀ.ਸੀ. ਦੀ ਮੇਮ ਦਰਸ਼ਨਾਂ ਲਈ ਆਪਣੇ ਤੰਬੂ ਵਿੱਚ ਲੈ ਗਈ। ਪੰਜੀ ਮੋਹਰਾਂ ਰੱਖ ਕੇ ਉਸ ਮੱਥਾ ਟੇਕਿਆ ਅਤੇ ਕਿਹਾ ਕਿ "ਆਪ ਤਾਂ ਸਾਨੂੰ ਈਸਾ ਕੇ ਸਮਾਨ ਹੋ।" ਮੋਹਰਾਂ ਨਾ ਰੱਖੀਆਂ। ਜਦੋਂ ਚੀਨੀ ਘੋੜੀ 'ਤੇ ਸਵਾਰ ਹੋ ਕੇ, ਬੇਦੀ ਜੋ ਹਾਥੀਆਂ 'ਤੇ ਸਵਾਰ ਸਨ ਉਨ੍ਹਾਂ ਨਾਲ ਮਹੱਲਾ ਖੇਡਣਾ ਸੀ ਤਾਂ ਦੋਵਾਂ ਧਿਰਾਂ ਵਿਚਾਲੇ ਜ਼ਾਬਤਾ ਬਣਾਈ ਰੱਖਣ ਲਈ ਪੰਜ ਫਰੰਗੀ ਅਧਿਕਾਰੀ ਘੁੜ ਸਵਾਰ ਮੌਜੂਦ ਸਨ। ਹੁਣ ਸੱਚੇ ਪਾਤਸ਼ਾਹ ਨੇ ਵਿਸ਼ਾਲ ਸਿੱਖ ਪਰਿਵਾਰ ਦੀ ਏਕਤਾ ਦਰਸਾਉਣ ਲਈ ਫਰੰਗੀ ਹਾਕਮਾਂ ਨੂੰ ਕਿਹਾ ਕਿ ਤੁਸੀਂ ਵਿਚਾਲਿਓਂ ਹਟ ਜਾਓ। "ਅਸੀਂ ਸਾਰਾ ਇਕੋ ਟੱਬਰ ਹਾਂ" ਨਾਮਧਾਰੀ ਸਰੋਤਾਂ ਅਨੁਸਾਰ ਇਸ ਸਮੇਂ ੨੪੦੦੦ ਸੰਤ ਖਾਲਸਾ ਹਾਜ਼ਰ ਸੀ।

੧੯੨੪ ਬਿਕ੍ਰਮੀ ਮੁਤਾਬਿਕ ਅਕਤੂਬਰ ੧੮੬੭ ਈ. ਦੀ ਦੀਪਮਾਲਾ ਸਮੇਂ ਅੰਮ੍ਰਿਤਸਰ ਫਿਰ ਸੰਗਤਾਂ ਦੇ ਵਿਸ਼ਾਲ ਸਮੂਹ ਵਿੱਚ ਦਰਸ਼ਨ ਦਿੱਤੇ। ਅਕਾਲ ਬੁੰਗੇ ਦੇ ਪੁਜਾਰੀਆਂ ਨੇ ਅਰਦਾਸ ਨਾ ਕੀਤੀ ਇਸ ਬਹਾਨੇ ਕਿ ਤੁਹਾਡੇ ਸਿੱਖਾਂ ਦੀ ਦਸਤਾਰ ਦੀਵਾਨ ਵਿਚ ਲਹਿ ਜਾਂਦੀ ਹੈ ਅਤੇ "ਤੁਸਾਂ ਭੈਣੀ ਮੇਂ ਆਪਣਾ ਨਿਆਰਾ ਪੰਥ ਪੈਦਾ ਕੀਤਾ ਹੈ।" ਸਤਿਗੁਰੂ ਜੀ ਆਪੇ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇ ਦਿੱਤਾ। ਬਚਨ ਕੀਤਾ ਅਸੀਂ ਤਿੰਨ ਵੇਲੇ ਸਣੇ ਕੇਸੀ

Sri Satguru Jagjit Singh Ji eLibrary NamdhariElibrary@gmail.com

ਇਸ਼ਨਾਨ ਕਰਦੇ ਹਾਂ ਤੇ ਬਾਣੀਆਂ ਪੜ੍ਹਦੇ ਹਾਂ। ਤੁਸੀਂ ਸਾਨੂੰ ਤਨਖਾਹੀਏ ਕਹਿੰਦੇ ਹੋ ? ਹਰਿਮੰਦਿਰ ਸਾਹਿਬ ਦੇ ਪੁਜਾਰੀਆਂ ਨੇ ਅਰਦਾਸ ਕਰਕੇ ਭੇਟਾ ਸਵੀਕਾਰ ਲਈ ਅਤੇ ਸਤਿਗੁਰੂ ਜੀ ਨੂੰ ਸਿਰੋਪਾਓ ਵੀ ਦਿੱਤਾ। ਗੁਰਦੁਆਰੇ ਦੇ ਸਰਬਰਾਹ ਸ. ਮੰਗਲ ਸਿੰਘ ਰਾਮਗੜ੍ਹੀਏ ਅਤੇ ਰਾਜਾ ਸਾਂਸੀ ਦੇ ਸਰਦਾਰ ਸ਼ਮਸ਼ੇਰ ਸਿੰਘ ਸੰਧਾਂਵਾਲੀਏ ਨੇ ਅਕਾਲ ਬੁੰਗੇ ਦੇ ਪੁਜਾਰੀਆਂ ਦਾ ਨਾਮਧਾਰੀ ਸੰਗਤ ਨਾਲ ਵਿਰੋਧ ਪਸੰਦ ਨਾ ਕੀਤਾ। ਇਸੇ ਮੇਲੇ ਸਮੇਂ ਹਾਇਕੋਟ ਵਾਲੇ ਰਾਏ ਕੱਲ੍ਹੇ ਪਠਾਣ ਦੇ ਵੰਸ਼ਜ ਨੇ ਜਿਸ ਪਾਸ ਦਸਮੇਸ਼ ਜੀ ਦਾ ਬਖਸ਼ਿਆ ਸ੍ਰੀ ਸਾਹਿਬ ਸੀ, ਅੰਮ੍ਰਿਤਸਰ ਆ ਕੇ ਹਜ਼ੂਰ ਦੇ ਚਰਨ ਪਰਸੇ ਅਤੇ ਇਤਿਹਾਸਕ ਸ੍ਰੀ ਸਾਹਿਬ ਦੇ ਦਰਸ਼ਨ ਵੀ ਸੰਗਤ ਨੂੰ ਕਰਵਾਏ। ਇਸੇ ਮੇਲੇ ਸਮੇਂ ਸੰਗਤ ਦੀ ਭਾਰੀ ਭੀੜ ਵੇਖ ਕੇ ਬਚਨ ਕੀਤਾ ਕਿ ਹੁਣ ਤਾਂ ਮੈਨੂੰ ਤੁਸੀਂ ਇਕੱਲੇ ਨੂੰ ਚੀਤਾ ਭੀ ਨਹੀਂ ਫੜਨ ਦਿੰਦੇ। ਯਾਦ ਰੱਖਿਓ ਇਕ ਦਿਨ ਤੁਹਾਡੇ ਵਿਚੋਂ ਹੀ ਨਿਕਲ ਕੇ ਪਾਸੇ ਜਾ ਬਹਾਂਗਾ। ਲੱਭਿਆਂ ਨਹੀ ਲੱਭਾਂਗਾ। 'ਫੇਰ ਉੱਚੀ ਆਵਾਜ਼ ਸੇ ਬੋਲਾ ਕੀਤਾ, ਅਬ ਰਾਮ ਸਿੰਘ ਸਸਤਾ ਹੈ ਕਿਸੇ ਦਿਨ ਕੋ ਮਹਿੰਗਾ ਹੋ ਜਾਊਗਾ। ਫੇਰ ਨਾ ਆਖਿਓ ਕਿ ਪਹਿਲੇ ਨਾ ਸੀ ਖ਼ਬਰ ਕੀਤੀ।" ਏਥੇ ਹੀ ਬਾਬੇ ਜਵਾਹਰ ਸਿੰਘ ਨੂੰ ਕਿਹਾ, 'ਗਊਆਂ ਕਸਾਈਆਂ ਕੋ ਵੇਚਣ ਵਾਲੇ ਅਤੇ ਕੁੜੀਆਂ ਮਾਰਨ ਵਾਲੇ, ਕੁੜੀਆਂ ਦਾ ਪੈਸਾ ਲੈਣ ਵਾਲੇ ਇਹ ਮੇਰੇ ਚਰਨੀ ਹੱਥ ਕਿਉਂ ਲਾਉਂਦੇ ਹੈਂ ? ਏਨਾ ਕੋ ਹੱਥ ਲਾਵਣ ਸੇ ਤੁਸੀਂ ਹਟਾਂਵਦੇ ਨਹੀਂ ਹੋ। ਬਾਬੇ ਜਵਾਹਰ ਸਿੰਘ ਜੀ ਬੇਨਤੀ ਕੀਤੀ ਜੀ ਆਪ ਮੁੜ ਚੱਲੋ ਹੁਣ ਅਸੀਂ ਹਟਾਵਾਂਗੇ।" ਲੁਧਿਆਣੇ ਵਾਇਸਰਾਏ ਹਿੰਦ ਦੇ ਸੱਦੇ ਤੇ ਗਏ ਉਸ ਨੂੰ ਕਿਹਾ ਕਿ ਸਾਹੂਕਾਰ ਗਰੀਬਾਂ ਤੋਂ ਵਿਆਜ ਨਾ ਲੈਣ, ਲੋਕ ਕੁੜੀਆਂ ਦਾ ਪੈਸਾ ਨਾ ਲੈਣ, ਮਿਰਗ ਆਦਿਕ ਵਣ ਜੀਵਾਂ ਨੂੰ ਸੰਰਖਸ਼ਣ ਦਿੱਤਾ ਜਾਏ। ਤੁਸੀਂ ਗਊਬੰਧ ਨਾ ਕਰੋ। ਫਿਰ ਵਰਖਾ ਵੀ ਹੋਵੇਗੀ ਤੇ ਪਰਜਾ ਵੀ ਸੁਖੀ ਵੱਸੇਗੀ। ਸਬ ਰਾਜੇ ਵੇਖਦੇ ਰਹੇ ਕਿ "ਸਾਡੀ ਤਾਂ ਅਜੇ ਮਿਲਣੀ ਵੀ ਨਹੀ ਹੋਈ ਅਤੇ ਗੁਰੂ ਰਾਮ ਸਿੰਘ ਜੀ ਮਿਲਕੇ ਚਲੇ ਭੀ ਗਏ।"

੧੯੨੪ ਬਿਕ੍ਰਮੀ (ਜਨਵਰੀ ੧੮੬੮ ਈ.) ਦੀ ਮਾਘੀ ਤੇ ਮੁਕਤਸਰ ਗਏ। ਇੱਥੇ ਤੰਬੂ ਸਾਹਿਬ ਦੇ ਨਿਹੰਗਾਂ ਨੀਲੀ ਦਸਤਾਰ ਭੇਟ ਕੀਤੀ ਜੋ ਉੱਪਰ ਦੀ ਸਜਾ ਲਈ। ਪੁਜਾਰੀਆਂ ਦੇ ਕਹਿਣ ਤੇ ਕਿ ਪਹਿਲਾਂ ਤਨਖਾਹ ਲੁਆਓ ਜੋੜਿਆਂ ਵਾਲੀ ਜਗ੍ਹਾ ਵਿਚ ਚਲੇ ਗਏ। ਨਿਹੰਗਾ ਪੁਜਾਰੀਆਂ ਨੇ ਤਲਾ ਦੀ ਇਕ ਬਾਹੀ ਬਨਵਾਉਣ ਲਈ ਕਿਹਾ ਤਨਖਾਹ ਵਜੋਂ। "ਸ੍ਰੀ ਸਤਿਗੁਰੂ ਜੀ ਬਚਨ ਕੀਤਾ ਮੈਂ ਤਾਂ ਗ਼ਰੀਬ ਤਰਖਾਣ ਹਾਂ। ਇਹ ਜੋ ਸਿੰਘ ਤੁਹਾਨੂੰ ਦਿਸਦੇ ਹੈਂ ਸੋ ਇਨ ਕੋ ਆਏ ਗਏ ਸਿੰਘ ਕੋ ਪ੍ਰਸ਼ਾਦ ਛਕਾਉਣ ਦੀ ਸਮਰਥਾ ਹੈ ਜ਼ਿਆਦਾ ਨਹੀਂ ਹੈ। ਮੈਂ ਏਨ੍ਹਾਂ ਕੋ ਕੈਹ ਭੀ ਕੁਝ ਨਹੀਂ ਸਕਦਾ। ਫੇਰ ਪੁਜਾਰੀਆਂ ਨੇ ਆਖਿਆ ਐਂਵਾ ਅਕੇਤ੍ਰ ਸੇ ਰੁਪਯਾ ਦੇ। ਬਚਨ ਕੀਤਾ ਕਿਸ ਤਰ੍ਹਾਂ ਦਾ ਰੁਪਯਾ ਤੁਸੀਂ ਮੰਗਦੇ ਹੋ। ਪੁਜਾਰੀਆਂ ਨੇ ਆਖਿਆ ਤਨਖਾਹ ਕਾ। ਗੁਰੂ ਜੀ ਤੇਜੀ ਮੈਂ ਹੋਇਕੇ ਬਚਨ ਕੀਤਾ ਤਨਖਾਹ ਤਾਂ ਚੋਰਾਂ ਯਾਰਾਂ ਨੂੰ ਲਾਈਦੀ ਹੈ। ਜੋ ਨੀਲੀ ਦਸਤਾਰ ਸੀ ਸੋ ਝੱਟ ਪਟ ਲਾਹ ਕੇ ਲੀਰਾਂ ਕਰ ਦਿੱਤੀ ਅਤੇ ਗੱਜ ਕੇ ਬਚਨ ਕੀਤਾ ਤੁਸਾਂ ਮੈਨੂੰ ਕੀ ਜਾਣਿਆ ਹੈ, ਭੇਖ ਸੇ ਭਰਮ ਹੋਏ ਹਨ ਧੁਆਨੂੰ ਪੂਜਾ ਖਾਂਦਿਆਂ ਨੂੰ ਅਤੇ ਧੁਆਡੇ ਤੇ ਤਲਾਅ ਭੀ ਨਹੀਂ ਬਣਿਆ ?"

ਸਤਿਗੁਰੂ ਜੀ ਨੂੰ ਆਪਣੀ ਬਿੰਦੀ ਉਲਾਦ ਨਾਲੋਂ ਨਾਦੀ ਉਲਾਦ ਸੰਤ ਖਾਲਸੇ ਨਾਲ ਬਹੁਤ ਸਨੇਹ ਸੀ। ਆਪ ਦੇ ਮਹਿਲ ਮਾਤਾ ਜੱਸਾਂ ਨੇ ਜਿਸ ਦੇ ਲੜਕਾ ਕੋਈ ਨਹੀਂ ਸੀ ਇਕ ਵੇਰ ਪੁੱਤਰ ਲਈ ਅਰਜ਼ ਕੀਤੀ। "ਬਚਨ ਕੀਤਾ ਜੇ ਲੜਕਾ ਹੁੰਦਾ ਤਾਂ ਬੜਾ ਦੁੱਖ ਪਾਉਂਦੀ। ਉਸ ਨੇ ਤੇਰਾ ਬਚਨ ਨਹੀਂ ਸੀ ਮੰਨਣਾ। ਖੋਟਿਆਂ ਪੁਰਸ਼ਾਂ ਦਾ ਸੰਗ ਕਰਨਾ ਸੀ। ਅਸੀਂ ਉਸ ਕੋ ਕਹਿਣਾ ਸੀ, ਉਸ ਨੇ ਮੰਨਣਾ ਨਹੀਂ ਸੀ। ਸਗੋਂ ਹੋਰ ਦੁੱਖ ਖੜਾ ਹੋਇ ਜਾਣਾ ਸੀ। ਹੁਣ ਖ਼ਾਲਸਾ ਸਾਡਾ ਬਚਨ ਮੰਨਦਾ ਹੈ ਜਿਵੇਂ ਅਸੀਂ ਆਖਦੇ ਹਾਂ। ਏਹ ਸਾਡੇ ਪੁੱਤਰ ਹੈਨ। ਜੋ ਸੁਖ ਸਾਨੂੰ ਪੁੱਤਰਾਂ ਨੇ ਦੇਣਾ ਸੀ ਸੋ ਸੁਖ ਸਾਨੂੰ ਖ਼ਾਲਸਾ ਦੇਵੇਗਾ।"

ਸਤਿਗੁਰੂ ਜੀ ਦਾ ਉਪਦੇਸ਼ ਸੀ ਕਿ ਸੇਵਾ ਕਰਨੀ ਭਜਨ ਬਾਣੀ ਤੋਂ ਵੀ ਉੱਤਮ ਹੈ। ਇਕ ਸਿੰਘ ਨੇ ਖੁੱਲ੍ਹੇ ਹੋ ਜਾਣ ਦੇ ਡਰੋਂ ਦੂਜੇ ਖੁੱਲ੍ਹੇ ਸਿੰਘ ਨੂੰ ਜਲ ਨਾ ਛਕਾਇਆ ਕਿ ਗੜਵਾ ਫਿਰ ਮਾਂਜਣਾ ਪਵੇਗਾ। ਸਤਿਗੁਰੂ ਜੀ ਨੇ ਉਸ ਦੇ ਦਰਿੰਦਰੀ ਸੁਭਾਉ ਦੀ ਖਿੱਲੀ ਉਡਾਈ। ਸੁਖਿਆਂ ਨੂੰ ਵੀ ਸ਼ੁੱਧ ਬਾਣੀ ਦੇ ਪਾਠ ਦੀ ਆਪ ਸਿੱਖਿਆ ਦਿੰਦੇ ਸਨ। ਸ. ਹਰੀ ਸਿੰਘ ਨਲਵੇ, ਪ੍ਰਸਿੱਧ ਸਿੱਖ ਜਰਨੈਲ ਦੇ ਜੁਆਈ ਲਹਿਣਾ ਸਿੰਘ ਪਿੰਡ ਖਰ ਜਾਖ (ਗੁਜਰਾਂਵਾਲਾ), ਜਮੀਅਤ ਸਿੰਘ

Sri Satguru Jagjit Singh Ji eLibrary NamdhariElibrary@gmail.com

ਕਾਹਨਾ ਕਾਛਾ (ਲਾਹੌਰ) ਦੇ ਪੂਰੇ ਅਤੇ ਜਮੀਅਤ ਸਿੰਘ ਗਿੱਲ (ਸਿਆਲਕੋਟ) ਔਧਾ, ਇਹ ਢਾਈ ਸਿੱਖ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਵਿਚੋਂ ਮਿਲੇ। ਬਾਕੀ ਸਾਰੇ ਨਵੇਂ ਬਣਾਏ। ਬਾਬਾ ਗਿੱਲ ਔਧਾ ਤਾਂ ਉਹ ਵਿਆਜ ਲੈ ਲੈਂਦਾ ਸੀ। ਇਸਲਾਮ ਦਾ ਵਿਆਜ ਨਾ ਲੈਣ ਦਾ ਅਸੂਲ ਸਤਿਗੁਰੂ ਜੀ ਨੇ ਵੀ ਪ੍ਰਚਲਿਤ ਕੀਤਾ। ਸਿੱਖਾਂ ਨੂੰ ਬਚਨ ਕਰਨਾ ਤੁਹਾਨੂੰ ਪਰਮ ਸੁਖ ਦੇਵਾਂਗੇ। ਫਰਨ (ਸ਼ੇਖੂਪੁਰਾ) ਪਿੰਡ ਗਏ ਤਾਂ ਇਕ ਰਾਗੀ ਮਾੜਚੂ ਜਿਹਾ ਦੋਤਾਰਾ ਵਜਾ ਕੇ ਸ਼ਬਦ ਪੜ੍ਹਦਾ ਸੀ। ਉਸ ਨੂੰ ਦੋ ਰੁਪਏ ਦੇਣ ਦਾ ਹੁਕਮ ਕੀਤਾ। "ਸਾਹਿਬ ਸਿੰਘ ਨੇ ਕਹਿਆ ਚੁਆਨੀ ਅਠਿਆਨੀ ਦੇਣ ਦੇ ਲਾਇਕ ਹੈ। ਗੁਰੂ ਜੀ ਉੱਤੇ ਪਸ਼ਮੀਨੇ ਦੀ ਚਾਦਰ ਸੀ। ਸੋ ਲਾਹਕੇ ਦੇ ਦਿੱਤੀ ਇੱਕੋ ਰੁਪਈਏ ਵਾਲੀ।" ਸੰਮਤ ੧੯੨੫ ਬਿਕ੍ਰਮੀ ਮਾਰਚ ੧੮੬੯ ਈ. ਦਾ ਹੋਲਾ ਮੁਹੱਲਾ ਮਾਨਾਂਵਾਲੇ ਸਿਆਲਕੋਟ ਮਾਨ ਸਰਦਾਰ ਹੀਰਾ ਸਿੰਘ ਦੀ ਅਰਜ਼ ਤੇ ਉੱਥੇ ਕੀਤਾ। ਇਸ ਸਰਦਾਰ ਪਾਸ ਦਸਵੇਂ ਗੁਰੂ ਜੀ ਦੀ ਸੌ ਸਾਖੀ ਸੀ। ਜਿਸ ਦੇ ਆਧਾਰ 'ਤੇ ਉਹ ਅਵਤਾਰੀ ਲੱਛਣ ਵਾਲੇ ਸਤਿਗੁਰੂ ਜੀ ਦੀ ਉਡੀਕ ਕਰ ਰਿਹਾ ਸੀ। ਇਥੇ ਹੀ ਘੋੜੇ ਦੀ ਫੇਟੀ ਨਾਲ ਮੂਰਛਿਤ ਹੋਇਆ ਬੱਚਾ ਹਜ਼ੂਰ ਦੀ ਚਰਨ ਛੋਹ ਨਾਲ ਉੱਠ ਬੈਠਾ ਸੀ। ਦੂਰ ਦੂਰ ਤੱਕ ਧੰਨ ਧੰਨ ਹੋ ਰਹੀ ਸੀ। ਕਿਸੇ ਪਿੰਡ ਮੁਸਲਮਾਨ ਖੂਹ ਤੋਂ ਪਾਣੀ ਭਰ ਰਿਹਾ ਸੀ। ਸਿੱਖਾਂ ਦੇ ਕਹਿਣ 'ਤੇ ਨਾ ਹਟਿਆ। ਉਨ੍ਹਾਂ ਕੁੱਟ ਕੱਢਿਆ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਤਾੜਿਆ ਕਿ ਬੇਦੋਸ਼ੇ ਨੂੰ ਮਾਰਿਆਂ ਤੁਹਾਡੀ ਸਾਰੀ ਭਜਨ ਬੰਦਗੀ ਵਿਅਰਥ ਜਾਏਗੀ। ੧੮੬੯ ਈ. ਵਿੱਚ ਅੰਮ੍ਰਿਤਸਰ ਦੀ ਵੈਸਾਖੀ ਤੇ ਅੰਗਰੇਜ਼ ਹਾਕਮ ਨੇ ਪੁੱਛਿਆ ਤੁਹਾਡੇ ਕਿੰਨੇ ਪੁੱਤਰ ਹਨ। ਸੰਗਤ ਵੱਲ ਹੱਥ ਕਰਕੇ ਕਿਹਾ ਇਹ ਸਾਰੇ ਹੀ ਮੇਰੇ ਪੁੱਤਰ ਹਨ।

ਫਰਵਰੀ ੧੮੬੯ ਈ. ਵਿੱਚ ਬਰਾਜ ਵਾਲੇ ਦੋ ਭਾਈ ਸਮੁੰਦ ਸਿੰਘ ਉਰਫ਼ ਮਸਤਾਨ ਸਿੰਘ ਦੇ ਨਾਲ ਢਾਈ ਤਿੰਨ ਸੌ ਖ਼ਾਲਸਾ, ਘਰਾਂ ਦਾ ਗਹਿਣਾ ਗੱਟਾ ਨਕਦੀ ਆਦਿ ਲੈ ਕੇ, ਬੂਹੇ ਖੁੱਲ੍ਹੇ ਛੱਡ ਕੇ, ਸਮੇਤ ਪਰਿਵਾਰਾਂ ਦੇ ਆਇ ਜੁੜੇ। ਉਨ੍ਹਾਂ ਦਾ ਮਾਰਾ ਬਕਾਰਾ ਸੁਣ ਕੇ ਪੁਲਿਸ ਦੇ ਅਧਿਕਾਰੀਆਂ ਨਾਲ ਝਗੜਾ ਵੀ ਹੋਇਆ। ੪੪ ਸਿੰਘ ਡੀ.ਸੀ. ਫਿਰੋਜ਼ਪੁਰ ਦੇ ਪੇਸ਼ ਹੋਏ। ੩੮ ਚਿਤਾਵਨੀ ਦੇ ਕੇ ਛੱਡ ਦਿੱਤੇ। ਛਿਆਂ ਨੂੰ ਸਜ਼ਾਵਾਂ, ਭਾਈ ਮਸਤਾਨ ਸਿੰਘ ਡੇਢ ਸਾਲ ਕੈਦ ਰਹੇ। ਪਹਿਲਾਂ ਪੁਲਿਸ ਅਧਿਕਾਰੀ ਇਨ੍ਹਾਂ ਸਿੱਖਾਂ ਨੂੰ ਤੋਪਾਂ ਨਾਲ ਉਡਾਉਣਾ ਚਾਹੁੰਦੇ ਸਨ ਕਿ ਬਾਗ਼ੀ ਹੋ ਗਏ ਹਨ ਇਹ ਸਾਰੇ। ਪਰ ਸਿਆਣੇ ਅਫ਼ਸਰ ਨੇ ਕਿਹਾ ਕਿ ਇਸ ਕਾਰਵਾਈ ਤੋਂ ੧੮੫੭ ਈ. ਵਾਲੇ ਗ਼ਦਰ ਵਰਗੀ ਘਟਨਾ ਹੋ ਸਕਦੀ ਹੈ। ਮਸਤਾਨ ਸਿੰਘ ਤੋਂ ਬਾਅਦ ਰਿਖੀ ਸਿੰਘ ਸੁਆਂਗ ਪਿੰਡ ਦੇ ਵਿਚ ਚਮਤਕਾਰ ਹੋਣ ਲੱਗਾ। ਉਸ ਨੂੰ ਤੇ ਉਸਦੇ ਮੁਕਤਸਰੀ ਜਥੇ ਨੂੰ ਡੇਰੇ ਸ੍ਰੀ ਭੈਣੀ ਸਾਹਿਬ ਹੀ ਟਿਕਾ ਦਿੱਤਾ ਗਿਆ। ਬਾਅਦ ਵਿੱਚ ਇਹ ਜਥਾ ਸਰਹਿੰਦ ਨਹਿਰ ਦੀ ਪੁਟਾਈ ਦੀ ਕਾਰ ਤੇ ਵੀ ਲੱਗਾ ਰਿਹਾ। "ਇਕ ਸਮੇਂ ਬਲਾਕੀ ਮੈਂ ਗੁਰਚਰਨ ਸਿੰਘ ਨੇ ਮੇਲਾ ਕੀਤਾ। ਸਰਦਾਰ ਮੰਗਲ ਸਿੰਘ ਪੰਜ ਸੌ ਰੁਪਯਾ ਆਇ ਧਰਿਆ। ਬਚਨ ਕੀਤਾ ਭਾਈ ਮੰਗਲ ਸਿੰਘ ਗੁਰੂ ਧਨ ਨਾਲ ਨਹੀਂ ਰੀਝਦਾ, ਸਿਦਕ ਸੰਤੋਖ ਨਾਲ ਰੀਝਦਾ ਹੈ।"

ਕਾਹਨ ਸਿੰਘ ਬਾਜੇ ਵਾਲੇ ਦੇ ਮਿਸਤਰੀ ਲੱਗੇ ਹੋਏ ਸਨ ਦਰਵਾਜ਼ਾ ਪਾਉਣ। ਆਉਂਦੇ ਸਮੇਂ ਦਾ ਵਰਤਾਰਾ ਜਾਣ ਕੇ ਸਤਿਗੁਰੂ ਜੀ ਨੇ ਦਰਵਾਜ਼ੇ ਦਾ ਕੰਮ ਵਿਚੇ ਛੁੜਾ ਦਿੱਤਾ। ਉੱਤਮ ਸਿੰਘ ਲੰਬੜਦਾਰ ਰਾਇਸਰੀਏ ਦਾ ਆਵਾ ਲੱਗਾ ਹੋਇਆ ਸੀ ਹਵੇਲੀ ਪਾਉਣ ਲਈ। ਉਸ ਨੂੰ ਕਹਿ ਕੇ ਆਵਾ ਵਿਕਵਾ ਦਿੱਤਾ। ਸਰਦਾਰ ਮੰਗਲ ਸਿੰਘ ਨੇ ਵੀ ਇਸ ਕੰਮ ਲਈ ਆਵਾ ਲਾਇਆ ਸੀ। ਉਸ ਵੀ ਹਵੇਲੀ ਨਾ ਪਾਈ। ਉਨ੍ਹਾਂ ਇੱਟਾਂ ਨਾਲ ਗੁਰਦੁਆਰੇ ਭੈਣੀ ਸਾਹਿਬ ਦਰਵਾਜ਼ੇ ਕੋਲ ਵੱਡਾ ਖੂਹ ਲਾ ਲਿਆ। ਇਕ ਦਿਨ ਖੁਸ਼ਾਲ ਸਿੰਘ ਸੂਬਾ ਪਿੰਡ ਬਰਾਜ (ਸਿਰਸਾ) ਨੂੰ "ਮਿਹਰਬਾਨ ਹੋਇ ਕੇ ਬਚਨ ਕੀਤਾ ਮੀਰੀ, ਪੀਰੀ, ਫਕੀਰੀ, ਵਜ਼ੀਰੀ, ਕਰੀਰੀ, ਦਰਦਵੰਦੀ, ਦਰਵੇਸ਼ੀ, ਰਾਗੀ ਦਾ ਰਾਗ ਭਾਗੀ ਕਾ ਭਾਗ, ਜਤੀ ਕਾ ਜਤ, ਤਪੀ ਕਾ ਤਪ, ਸਤੀ ਕਾ ਸਤ, ਬ੍ਰਹਮੇ ਕਾ ਬ੍ਰਹਮ, ਬਿਸ਼ਨ ਕਾ ਬਿਸ਼ਨ ਸ਼ਿਵ ਦਾ ਸ਼ਿਵ, ਇਹ ਦਾਤਾਂ ਖਾਲਸੇ ਕੋ ਬਖਸ਼ੀਆਂ ਹੈਨ।"

ਵਿਦੇਸ਼ਾਂ ਨਾਲ ਨਾਮਧਾਰੀਆਂ ਦੇ ਸਬੰਧਾਂ ਦਾ ਵੀ ਪੁਸਤਕ ਦੇ ਇਸ ਪਹਿਲੇ ਭਾਗ ਵਿਚ ਕੁਝ ਕੁ ਜ਼ਿਕਰ

Sri Satguru Jagjit Singh Ji eLibrary NamdhariElibrary@gmail.com

ਮਿਲਦਾ ਹੈ। ਸੂਬਾ ਬਿਸ਼ਨ ਸਿੰਘ ਅਰੋੜਾ ਕਾਬਲ ਰਹਿੰਦਾ ਹੈ। ਰੂਸ ਦੇ ਮੱਧ ਏਸ਼ੀਆ ਵਾਲੇ ਇਲਾਕੇ ਤੱਕ ਜਿੱਥੇ ਭਾਰਤੀ ਵਿਓਪਾਰੀ ਕਾਫ਼ੀ ਗਿਣਤੀ ਵਿੱਚ ਹਨ, ਸਿੱਖੀ ਪਰਚਾਰ ਲਈ ਘੁੰਮਦਾ ਹੈ। ਫੱਤੋਵਾਲ (ਅੰਮ੍ਰਿਤਸਰ) ਦਾ ਕਿਸ਼ਨ ਸਿੰਘ ਨੇਪਾਲ ਗਿਆ ਤਾਂ ਉਸ ਤੋਂ ਸਤਿਗੁਰੂ ਜੀ ਦੀ ਸੋ ਸੁਣ ਕੇ ਰਾਣਾ ਜੰਗ ਬਹਾਦਰ ਨੇਪਾਲ ਨੇ ਗੁਰੂ ਦਰਬਾਰ ਨਾਲ ਆਪਣੇ ਸਬੰਧ ਕਾਇਮ ਕੀਤੇ।

੧੪ ਜੂਨ ੧੮੭੧ ਈ. ਨੂੰ ਅੰਮ੍ਰਿਤਸਰ ਦੇ ਬੁੱਚੜਾਂ ਨੂੰ, ਜੋ ਸ਼ਰੇਆਮ ਅੰਗਰੇਜ਼ੀ ਹਾਕਮਾਂ ਦੀ ਸ਼ਹਿ 'ਤੇ ਗਊ ਘਾਤ ਕਰਦੇ ਸਨ, ਨਾਮਧਾਰੀ ਸਿੰਘਾਂ ਨੇ ਤੇਗ ਦੀ ਧਾਰ ਲੰਘਾ ਦਿੱਤਾ। ਬਾਰਾਂ ਬੇਦੋਸ਼ ਸ਼ਹਿਰੀ ਫੜੇ ਗਏ। ਸਖ਼ਤੀਆਂ ਕਰਕੇ ਪੁਲਿਸ ਨੇ ਐਵੇਂ ਹੀ ਇਕਬਾਲ ਕਰਾ ਕੇ ਵਾਅਦੇ ਮੁਆਫ਼ ਬਣਾ ਲਏ ਤੇ ਫਾਹੇ ਦੇਣ ਲੱਗੇ ਸਨ। ਜਦੋਂ ਬਾਬੇ ਜੱਸਾ ਸਿੰਘ, ਸਤਿਗੁਰਾਂ ਦੇ ਪਿਤਾ ਨੇ ਕਿਹਾ ਕਿ ਕੰਮ ਤੁਹਾਡੇ ਸਿੰਘਾਂ ਦਾ ਹੈ ਫਾਂਸੀ ਬੇਦੋਸ਼ ਆਉਣ ਤਾਂ ਵੱਡਾ ਗੁਨਾਹ ਹੋਵੇਗਾ। "ਜੇਹੜੇ ਸਿੰਘ ਭਾਣੇ ਵਾਲੇ ਆਏ ਹੋਏ ਸੇ ਰਾਮਦਾਸਪੁਰੇ ਤਿਨਾਂ ਨੂੰ ਬਚਨ ਕੀਤਾ ਸਤਿਗੁਰੂ ਜੀ ਜਾਵੋ ਸੀਸ ਦਿਓ। ਖੁੱਲ੍ਹੀ ਦਰਵਾਜ਼ੀ ਗੁਰੂ ਕੀ ਪੁਰੀ ਨੂੰ ਜਾਓਗੇ। ਸਿੰਘ ਹਾਜ਼ਰ ਹੋਏ। ਬੰਦੀਆਂ ਨੂੰ ਛੁਡਾ ਕੇ ਆਪ ਫਾਂਸੀਆਂ 'ਤੇ ਝੂਲ ਗਏ। ਉਸ ਵੇਲੇ ਦਾ ਵਰਣਨ ਭਾਈ ਸਾਹਿਬ ਇਉਂ ਕਰਦੇ ਹਨ। "ਬੀੜ੍ਹਾ ਸਿੰਘ ਨੇ ਅਰਦਾਸਾ ਕੀਤਾ ਅਤੇ ਆਏ ਫਾਂਸੀ ਵਾਲੀ ਜਗ੍ਹਾ। ਸਿੰਘਾਂ ਕੇ ਚਿਹਰਿਆਂ ਉੱਪਰ ਲਾਲੀਆਂ ਦਗਦੀਆਂ ਹੈਨ। ਬੇ-ਗ਼ਮ ਹੈਂ ਜਿਨ੍ਹਾਂ ਕੇ ਮਨ ਮੇਂ ਮੌਤ ਕਾ ਭੈ ਨਹੀਂ। ਨਿਰਭੈ ਸ਼ਬਦ ਪੜ੍ਹਦੇ ਤਖ਼ਤ ਪਰ ਚੜ੍ਹੇ। ਅਰਦਾਸਾ ਰਜ਼ਾਈ ਕਾ ਕੀਤਾ ਤੇ ਬੋਲਾ ਇਹ ਕੀਤਾ ਜੋ ਮੈਂ ਤੇਰੇ ਪਰਤਾਪ ਸੇ ਤਖ਼ਤ (ਤਖ਼ਤੇ) ਪਰ ਚੜ੍ਹਿਆ ਹਾਂ। ਬੜੀ ਨੇਕ ਨਾਮੀ ਪਾਈ ਹੈ। ਬੜ੍ਹਾ ਔਹਦਾ ਹੋਇਆ ਹੈ। ਬੜੇ ਹੌਸਲੇ ਵਾਲਿਆਂ ਨੇ ਜੱਲਾਦ ਨੇੜੇ ਨਹੀਂ ਔਣ ਦਿੱਤਾ। ਆਪਣੀ ਹੱਥੀਂ ਰੱਸਾ ਕੇ ਰੱਸੀ ਗਲਾਂ ਮੇਂ ਪਾਏ।"

੧੮੭੧ ਈ. ਵਿੱਚ ਹੀ ੫ ਜੁਲਾਈ ੧੮੭੧ ਈ. ਨੂੰ ਬਾਗ਼ਾਂ ਵਾਲੇ (ਮੋਰਿੰਡਾ) ਵਿਖੇ ਵੀ ਨਾਮਧਾਰੀ ਸਿੰਘਾਂ ਨੇ ਬੁੱਚੜ ਖਾਨੇ ਸੋਧਣ ਲਈ ਇਕ ਚੌਕੀਦਾਰ ਸੋਧ ਦਿੱਤਾ ਸੀ। ਇਸ ਘਟਨਾ ਦਾ ਜ਼ਿਕਰ ਭਾਈ ਜੀ ਵਾਲੇ ਗਰੰਥ ਵਿੱਚ ਹੀ ਮਿਲਦਾ ਹੈ। ਰਾਇਕੋਟ ਦੀ ਬੁਚੜ ਬੰਧ ਘਟਨਾ ਵੀ ਇਸੇ ਸਾਲ ਦੀਆਂ ਗਰਮੀਆਂ ਵਿੱਚ ਵਾਪਰੀ ਸੀ। ਕਾਹਨਾ ਦੱਲੂ ਤੇ ਗੁਲਾਬੂ ਤਿੰਨ ਮੁਖ਼ਬਰ ਬੱਸੀਏ ਦੀ ਕੋਠੀ ਹਾਕਮਾਂ ਦੇ ਸੱਦੇ ਤੇ ਸਤਿਗੁਰੂ ਜੀ ਦੇ ਆਇਆਂ ਉਨ੍ਹਾਂ ਤੇ ਵਰ੍ਹੇ "ਆਪ ਤੇਰੇ ਹੈਂ ਖਰਚਾ ਦੇ ਕੇ ਬੁੱਚੜਾਂ ਨੂੰ ਜਾਓ ਵੱਢੋ।" ਗੋਪਾਲ ਸਿੰਘ ਵਹੀ ਲੈ ਆਇਆ ਜਿਸ ਵਿੱਚ ਕਿਸੇ ਰਾਇਕੋਟ ਵਾਲੇ ਸਿੰਘ ਨੂੰ ਦਿੱਤੇ ਖ਼ਰਚੇ ਦਾ ਇੰਦਰਾਜ ਨਾ ਨਿਕਲਣ ਤੇ ਸਤਿਗੁਰੂ ਜੀ ਨੂੰ ਰੁਖ਼ਸਤ ਕਰ ਦਿੱਤਾ ਗਿਆ। ਤਿੰਨ ਸਿੰਘ ਰਾਇਕੋਟ ਵਾਲੇ ਸਾਕੇ ਵਿੱਚ ਫਾਂਸੀ ਲਾ ਕੇ ਸ਼ਹੀਦ ਕੀਤੇ ਅਤੇ ਦੋ ਬੇਦੋਸ਼ੇ ਹੀ ਸੂਬਾ ਗਿਆਨੀ ਸਿੰਘ (ਰਤਨ ਸਿੰਘ ਅਸਲ ਨਾਂ) ਤੇ ਦੂਜਾ ਰਤਨ ਸਿੰਘ ਨਾਈ ਵਾਲਾ ਨੂੰ ੨੬ ਨਵੰਬਰ ੧੮੭੧ ਈ. ਲੁਧਿਆਣੇ ਫਾਂਸੀ ਤੇ ਲਟਕਾ ਦਿੱਤਾ ਗਿਆ। ਛੋਟਾ ਰਤਨ ਸਿੰਘ ਥੋੜ੍ਹਾ ਡੋਲ ਗਿਆ। ਭਾਈ ਸੰਤੋਖ ਸਿੰਘ ਲਿਖਦੇ ਹਨ, "ਰਤਨ ਸਿੰਘ ਨੇ ਦਿਲ ਵਿਚ ਖੇਦ ਕੀਤਾ ਕਿ ਮੈਨੂੰ ਫਾਂਸੀ ਦੇ ਦੇਣਗੇ।... ਬਾਬੇ ਗਿਆਨੀ ਸਿੰਘ ਨੇ ਉਸ ਨੂੰ ਕਿਹਾ ਤਕੜਾ ਹੋ ਚਮੜਾ ਛੱਡਣਾ ਹੀ ਹੈ। ਚਾਰ ਦਿਨ ਅੱਗੇ ਕੀ ਤੇ ਚਾਰ ਦਿਨ ਪਿੱਛੇ ਕੀ। ਇਹ ਤਾਂ ਚਲਣੀ ਸਰਾਇ ਹੈ। ਇਥੇ ਇਸਥਿਰ ਤਾਂ ਨਹੀਂ ਰਹਿਣਾ ਹੈ। ਇਕ ਦਿਨ ਚਲਣਾ ਹੀ ਹੈ। ...ਭਾਣੇ ਵਿੱਚ ਚੜ੍ਹੇਂਗਾ ਤੇਰਾ ਨਾਉਂ ਰਹਿ ਜਾਏਗਾ। ਗਊਆਂ ਕੇ ਨਮਿਤ ਸੀਸ ਲੱਗੇ ਹੈਂ। ਬੜੀਆਂ ਦਲੇਰੀ ਦੀਆਂ ਤੇ ਹੌਸਲੇ ਦੀਆਂ ਬਾਤਾਂ ਕੀਤੀਆਂ।" ਇਨ੍ਹਾਂ ਬੇਦੋਸ਼ ਸਿੰਘਾਂ ਦੀਆਂ ਸ਼ਹੀਦੀਆਂ ਨੇ ਮਲੇਰ ਕੋਟਲਾ ਦੇ ਸਾਕੇ ਦਾ ਮੁੱਢ ਬੰਨ੍ਹਣ ਵਿੱਚ ਹਿੱਸਾ ਪਾਇਆ।

ਸੰਮਤ ੧੯੨੮ ਦੀ ਕੱਤਕ ਵਦੀ ਨੂੰ ਮਾਤਾ ਜੱਸਾਂ ਮਹਿਲ ਸਤਿਗੁਰੂ ਜੀ ਦੇ ਚੜ੍ਹਾਈ ਕਰ ਗਏ। ਗਿਆਨੀ ਸਿੰਘ ਸੂਬਾ ਮਾਈਸਰਖਾਨੇ ਦੀ ਬੀਬੀ ਅਤਰੀ ਨਾਲ ਸਤਿਗੁਰੂ ਜੀ ਦਾ ਦੁਬਾਰਾ ਅਨੰਦ ਪੜ੍ਹਾਉਣਾ ਚਾਹੁੰਦਾ ਸੀ। ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ ਕਿ ਹੁਣ ਸਮਾਂ ਨਹੀਂ ਇਸੇ ਸੰਮਤ ਦੀ ਮਾਘੀ ਮੁਤਾਬਿਕ ੧੨ ਜਨਵਰੀ ੧੮੭੨ ਈ. ਨੂੰ ਮਾਤਾ ਜੀ ਦੇ ਨਮਿਤ ਭੈਣੀ ਸਾਹਿਬ ਵਿਖੇ ਪਾਠਾਂ ਦੇ ਭੋਗ ਪਾਏ ਗਏ ਅਤੇ ਸੰਗਤ ਦੂਰ ਨੇੜਿਓਂ ਕਾਫ਼ੀ ਜੁੜੀ। ਭਾਈ ਹੀਰਾ ਸਿੰਘ ਸਕਰੌਦੀ ਦਾ ਪਿਤਾ ਪਟਿਆਲੇ ਦਾ ਅਹਿਲਕਾਰ ਸੀ। ਉਨ੍ਹਾਂ ਦੀ ਮਾਤਾ ਨੇ ਸੂਬਾ ਕਾਹਨ ਸਿੰਘ

Sri Satguru Jagjit Singh Ji eLibrary NamdhariElibrary@gmail.com

ਨਿਹੋਰਾ ਤੋਂ ਭਜਨ ਲਿਆ ਸੀ। ਮਾਤਾ ਨੇ ਇਕ ਵਾਰ ਸਤਿਗੁਰੂ ਜੀ ਨੂੰ ਕਿਹਾ ਸੀ ਕਿ ਹੀਰਾ ਸਿੰਘ ਤੇ ਵੀ ਕਿਰਪਾ ਹੋਵੇ ਤਾਂ ਆਪ ਨੇ ਫੁਰਮਾਇਆ ਸੀ ਕਿ ਜਦੋਂ ਹੀਰਾ ਸਿੰਘ ਨੇ ਭਜਨ ਲੈ ਲਿਆ ਤੂੰ ਵਾਹਣਾਂ ਵਿੱਚ ਰੋਂਦੀ ਫਿਰਨਾ ਹੈ। ਹੀਰਾ ਸਿੰਘ ਹੋਰਾਂ ਨੇ ਸੂਬਾ ਬਿਸ਼ਨ ਸਿੰਘ ਕਾਬਲ ਵਾਲੇ ਦੀ ਸੰਗਤ ਵੀ ਮਾਣੀ ਕੁਝ ਸਮਾਂ। ਸਿੰਘਣੀ ਦੇ ਕਹਿਣੇ ਸੂਬਾ ਜੀ ਨੂੰ ਮੱਥਾ ਟੇਕ ਦਿੱਤੇ। ਹਲ ਵਾਲੇ ਤੇ ਖੇਤੀ ਦੇ ਸੰਦ ਸਾੜ ਦਿੱਤੇ। ਸ਼ਹੀਦੀ ਜੱਥਾ ਬਣਾ ਲਿਆ। ਹੋਰਨਾਂ ਸਿੰਘਾਂ ਨੂੰ ਸ਼ਾਮਲ ਕਰ ਲਿਆ। ਸਿੰਘਾਂ ਨੂੰ ਮਾਰਾ ਬਕਾਰਾ ਕਰਦਿਆਂ ਸੁਣ ਕੇ ਹਟਾਉਣ ਲਈ ਲੱਖਾ ਸਿੰਘ ਸੂਬੇ ਨੂੰ ਭੇਜਿਆ। ਪਰ ਉਸ ਦੀ ਬੇਵਸੀ ਤੇ ਫਿਰ ਆਪ ਗਏ। "ਅਕਾਲ ਬੁੰਗੇ ਆਪ ਆਇ ਕੇ ਬਚਨ ਕੀਤਾ ਓਧਰੋਂ ਫਰੰਗੀ ਜ਼ੋਰਾਵਰ ਹੈ ਏਧਰੋਂ ਖਾਲਸਾ ਜ਼ੋਰਾਵਰ ਹੈ, ਮੈਂ ਗਰੀਬ ਵਿਚਾਲੇ ਆਇ ਗਿਆ ਹਾਂ।" ਬਾਬਾ ਸਾਹਿਬ ਸਿੰਘ ਸੂਬਾ ਵੀ ਮਸਤਾਨਿਆਂ ਨੂੰ ਹਟਕਣ ਗਿਆ। ਉਸ ਨੂੰ ਵੀ ਕਿਹਾ "ਜਿਨਾ ਚਿਰ ਗਿਆਨੀ ਸਿੰਘ ਕਾ ਬੈਰ ਲੈਂਦੇ ਨਹੀਂ, ਉਨਾ ਚਿਰ ਸਾਨੂੰ ਪ੍ਰਸਾਦਾ ਛਕਣਾ ਭੀ ਹਰਾਮ ਹੈ। ਨਾਲੇ ਗਊਆਂ ਕੇ ਗਲ ਬਢੀਦੇ ਹੈਂ, ਛੱਤਰੀ ਕੋ ਪ੍ਰਸਾਦਾ ਛਕਣਾ ਕੈਸੇ ਸੋਂਹਦਾ ਹੈ।" ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੁਕਮ ਨੂੰ ਨਾ ਮੋੜਨ ਸਦਕਾ ਸਤਿਗੁਰੂ ਜੀ ਨੇ ਹੀਰਾ ਸਿੰਘ ਲਹਿਣਾ ਸਿੰਘ ਦੇ ਸ਼ਹੀਦੀ ਜਥੇ ਨੂੰ ਵਿਦਾਇਗੀ ਦੇ ਦਿੱਤੀ, ਹੱਥੀਂ ਪ੍ਰਸ਼ਾਦ ਛਕਾ ਕੇ। ਮਲੌਦ ਤੋਂ ਹਥਿਆਰ ਖੋਹ ਕੇ ਸਿੰਘਾਂ ਨੇ ਮਲੇਰ ਕੋਟਲੇ ਧਾਵਾ ਬੋਲਿਆ, ੧੫ ਜਨਵਰੀ ੧੮੭੨ ਨੂੰ ਸਵੇਰੇ, ਕੁਝ ਸਿੰਘ ਸ਼ਹੀਦ ਹੋਏ ਕੁਝ ਬੁੱਚੜ ਤੇ ਉਨ੍ਹਾਂ ਦੇ ਹਮਾਇਤੀ ਸਿੰਘਾਂ ਨੇ ਪਾਰ ਬੁਲਾਏ। ਸਿੰਘ ਰੜ੍ਹ ਦੇ ਥੇਹ 'ਤੇ ਜਾ ਬੈਠੇ। ਉਥੋਂ ਪਟਿਆਲੇ ਦੇ ਰਸਾਲੇ ਨੇ ਗ੍ਰਿਫਤਾਰੀ ਲਈ ਤਿਆਰ ਬੈਠੇ ਲਿਆ ਕੇ ਸਿੰਘਾਂ ਨੂੰ ਸ਼ੇਰਪੁਰ ਦੇ ਥਾਣੇ ਵਿਚ ਦੇ ਦਿੱਤੇ। ਫਿਰ ਜਿਵੇਂ ਤੋਪਾਂ ਸਿੱਖ ਰਿਆਸਤਾਂ ਦੀਆਂ ਨਾਲ ਬਿਨਾਂ ਮੁਕੱਦਮਾਂ ਚਲਾਏ ਉਡਾ ਦੇਣਾ ਸਾਡੇ ਕੌਮੀ ਸੰਗਰਾਮ ਦਾ ਇਕ ਸਰਬ ਵਿਦਿਤ ਅਧਿਆਇ ਹੈ। ਸਿੰਘਾਂ ਨੇ ਸ਼ਹੀਦੀਆਂ ਵਰਣ ਦੀਆਂ ਉਚੀਆਂ ਮਿਸਾਲਾਂ ਕਾਇਮ ਕਰ ਦਿੱਤੀਆਂ। ਸ੍ਰੀ ਸਤਿਗੁਰੂ ਜੀ ਨੂੰ ੧੭-੧੮ ਜਨਵਰੀ ਦੀ ਵਿਚਕਾਰਲੀ ਰਾਤ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਸੱਦ ਕੇ, ਇਲਾਹਾਬਾਦ ਨਜ਼ਰਬੰਦ ਕਰ ਦਿੱਤਾ। ਇਸ ਤੋਂ ਅਗਲੀ ਗਾਥਾ ਦੂਜੇ ਭਾਗ ਵਿੱਚ ਆਉਂਦੀ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਭਾਈ ਸੰਤੋਖ ਸਿੰਘ ਦਾ ਸਤਿਗੁਰੂ ਬਿਲਾਸ ਨਵੇਂ ਸਿਰਿਉਂ ਸਿੱਖੀ ਘੜਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੀ ਗੌਰਵ ਗਾਥਾ ਨੂੰ 'ਬੜੇ ਸੁਚੱਜੇ ਢੰਗ ਨਾਲ ਸਮਕਾਲੀ ਹਵਾਲਿਆਂ' ਦੁਆਰਾ ਬਿਆਨਦਾ ਹੈ। ਬਹੁਤ ਸਾਰੇ ਵਿਅਕਤੀਆਂ ਅਤੇ ਘਟਨਾਵਾਂ ਨੂੰ ਇਤਿਹਾਸਕਤਾ ਸਿਰਫ਼ ਇਸ ਲਈ ਪ੍ਰਦਾਨ ਹੋ ਗਈ ਕਿ ਭਾਈ ਸੰਤੋਖ ਸਿੰਘ ਦੀ ਕਲਮ ਨੇ ਉਨ੍ਹਾਂ ਨੂੰ ਵਿਸਿਮ੍ਰਤੀ ਦੇ ਗਰਭ ਵਿੱਚ ਜਾਣ ਤੋਂ ਬਚਾ ਲਿਆ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਸ਼ਹਿਰਾਂ ਕਸਬਿਆਂ, ਤੀਰਥਾਂ ਮੇਲਿਆਂ ਮਸਾਧਿਆਂ ਦਾ ਦਿਲਚਸਪ ਵਰਣਨ ਹੈ। ਭਾਈ ਜੀ ਨੇ ਲੋਕ ਭਾਖਾ ਵਿੱਚ ਬੜੀ ਨੁੱਕਰਦਾਰ ਸ਼ੈਲੀ ਵਿੱਚ, ਸ਼ਰਧਾ ਰਸ ਵਿੱਚ ਭਿੱਜ ਕੇ ਇਹ ਰਚਨਾ ਕੀਤੀ ਹੈ। ਸੰਤੋਖ ਸਿੰਘ ਨੇ ਸਤਿਗੁਰੂ ਬਿਲਾਸ ਨੂੰ ਇਕ ਅਮਰ ਰਚਨਾ ਦੇ ਰੂਪ ਵਿੱਚ ਪੇਸ਼ ਕੀਤਾ ਹੈ ਅਤੇ ਸਤਿਗੁਰੂ ਬਿਲਾਸ ਨੇ ਸੰਤੋਖ ਸਿੰਘ ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਹੈ, ਠੀਕ ਉਵੇਂ ਜਿਵੇਂ "ਵਾਰਿਸ" ਤੇ "ਹੀਰ" ਦੇ ਰਿਸ਼ਤੇ ਬਾਰੇ ਵਿਧਾਤਾ ਸਿੰਘ ਤੀਰ ਲਿਖ ਗਏ ਹਨ:

"ਮੇਰੀ ਬੋਲੀ ਦੇ ਵਾਰਸਾ ਸੱਚ ਮੰਨੀਂ,
ਮੰਨਾਂ ਮੈਂ ਪੰਜਾਬੀ ਦਾ ਪੀਰ ਤੈਨੂੰ।
ਦਿੱਤੀ ਜਿੰਦ ਤੂੰ ਹੀਰ ਸਲੇਟੜੀ ਨੂੰ,
ਦੇ ਗਈ ਸਦਾ ਦੀ ਜ਼ਿੰਦਗੀ ਹੀਰ ਤੈਨੂੰ।"

ਫੁੱਟ ਨੋਟ

ਇਸ ਲੇਖ ਵਿਚ ਪ੍ਰਤੋ ਕਾਮਿਆ ਵਾਲੇ ਹਵਾਲੇ ਭਾਈ ਸੰਤੋਖ ਸਿੰਘ ਰਚਿਤ ਸਤਿਗੁਰੂ ਬਿਲਾਸ (ਸੰਪਾਦਕ ਜਸਵਿੰਦਰ ਸਿੰਘ ਸ੍ਰੀ ਭੈਣੀ ਸਾਹਿਬ, ੨੦੦੨ ਈ.) ਵਿਚੋਂ ਕ੍ਰਮਵਾਰ 15, 9, 9, 14, 20, 102, 109, 110, 131, 153, 159-60, 167, 210, 246, 249, 266, 267, 270, 271-72, 283, 306, 327, 386, 430, 444, 458 ਸਫ਼ਿਆਂ ਤੋਂ ਲਏ ਗਏ ਹਨ।

Sri Satguru Jagjit Singh Ji eLibrary NamdhariElibrary@gmail.com

ਭਾਈ ਸੰਤੋਖ ਸਿੰਘ ਬਾਹੋਂਵਾਲ ਕ੍ਰਿਤ
'ਸਤਿਗੁਰੂ ਬਿਲਾਸ' ਭਾਗ ਦੂਜਾ

ਭਾਰਤੀ ਨਵ ਜਾਗਰਣ ਦੇ ਸਬੰਧ ਵਿਚ ਪੰਜਾਬ ਦੀ ਚਰਚਾ ਕਰਦੇ ਹੋਏ ਪ੍ਰਸਿੱਧ ਮਾਰਕਸਵਾਦੀ ਚਿੰਤਕ ਅਤੇ ਪ੍ਰਗਤੀਸ਼ੀਲ ਸਾਹਿਤ ਸਮੀਖਿਅਕ ਪ੍ਰੋ. ਗੁਰਬਖਸ਼ ਸਿੰਘ ਫਰੈਂਕ ਲਿਖਦੇ ਹਨ:-

"ਪੰਜਾਬ ਉੱਪਰ ਅੰਗ੍ਰੇਜ਼ਾਂ ਦੇ ਕਬਜ਼ੇ ਨੂੰ ਕਦੇ ਵੀ ਪੰਜਾਬੀ ਲੋਕ ਕਬੂਲ ਨਹੀਂ ਕਰ ਸਕੇ। ਇਸ ਲਈ ਸ਼ਾਇਦ ਹੀ ਕੋਈ ਦਹਾਕਾ ਅਜਿਹਾ ਲੰਘਿਆ ਹੋਵੇਗਾ ਜਿਸ ਵਿਚ ਪੰਜਾਬ ਅੰਦਰ ਆਜ਼ਾਦੀ ਲਈ ਕੋਈ ਬਹੁਤ ਵੱਡਾ ਪ੍ਰਯਤਨ ਨਾ ਕੀਤਾ ਗਿਆ ਹੋਵੇ। ਅਜਿਹਾ ਹੀ ਇਕ ਬਹੁਤ ਵੱਡਾ ਪ੍ਰਯਤਨ ਨਾਮਧਾਰੀਆਂ ਦਾ ਸੀ। ਦੂਜੀਆਂ ਗੱਲਾਂ ਤੋਂ ਇਲਾਵਾ, ਨਾਮਧਾਰੀ ਸੰਘਰਸ਼ ਦਾ ਇਕ ਪੱਖ, ਅੰਗ੍ਰੇਜ਼ਾਂ ਦੀ ਹਰੇਕ ਵਸਤੂ ਦਾ ਬਾਈਕਾਟ, ਜਿਸ ਵਿਚ ਅੰਗ੍ਰੇਜ਼ੀ ਪਹਿਰਾਵਾ, ਅੰਗ੍ਰੇਜ਼ੀ ਸਿੱਖਿਆ, ਅੰਗ੍ਰੇਜ਼ੀ ਵਸਤਾਂ ਅਤੇ ਇੱਥੋਂ ਤੱਕ ਕਿ ਅੰਗ੍ਰੇਜ਼ੀ ਯਾਤਾਯਾਤ ਅਤੇ ਸੰਚਾਰ ਦੇ ਸਾਧਨ ਵੀ ਸ਼ਾਮਿਲ ਹਨ। ਇਹ ਮਹਾਤਮਾ ਗਾਂਧੀ ਦਾ ਸੁਦੇਸ਼ੀ ਦਾ ਨਾਅਰਾ ਹੀ ਸੀ ਜੋ ਉਨ੍ਹਾਂ ਤੋਂ ਕੁਝ ਦਹਾਕੇ ਪਹਿਲਾਂ ਦਿੱਤਾ ਗਿਆ ਸੀ। ਨਾਮਧਾਰੀਆਂ ਦੇ ਧਾਰਮਿਕ ਪੱਖ ਦਾ ਉਪਯੋਗ ਕਰਦਿਆਂ ਹੋਇਆਂ (ਉਹ ਗਊ ਰੱਖਿਆ ਲਈ ਅੰਧ ਵਿਸ਼ਵਾਸ ਦੀ ਹੱਦ ਤੱਕ ਉਤਸ਼ਾਹੀ ਸਨ) ਅੰਗ੍ਰੇਜ਼ਾਂ ਨੇ ਮੁਸਲਮਾਨਾਂ ਨਾਲ ਉਨ੍ਹਾਂ ਦੇ ਝਗੜਿਆਂ ਨੂੰ ਤਿੱਖੇਰਾ ਕਰ ਦਿੱਤਾ ਅਤੇ ਇਸ ਬਹਾਨੇ ਨਾਲ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਉਨ੍ਹਾਂ ਦੇ ਗੁਰੂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ।"[1]

ਨਾਮਧਾਰੀ ਗੁਰੂ, ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਦੇ ਪੂਰੇ ਇਕ ਦਹਾਕੇ ਬਾਅਦ ਪਿੰਡ ਬਾਹੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਇਕ ਐਸਾ ਸ਼ਖਸ ਭੈਣੀ ਸ੍ਰੀ ਭੈਣੀ ਸਾਹਿਬ ਵਿਚ ਆਇਆ ਜਿਸ ਬਾਰੇ ਉਸ ਸਮੇਂ ਕਿਸੇ ਨੇ ਕਿਆਸਿਆ ਤੱਕ ਨਹੀਂ ਹੋਵੇਗਾ ਕਿ ਇਸ ਦੀ ਕੀਰਤੀ ਦੇਸ਼ ਕਾਲ ਦੀਆਂ ਸਾਰੀਆਂ ਸੀਮਾਵਾਂ ਨੂੰ ਪਾਰ ਕਰਕੇ ਚੋਹ ਕੂਟਾਂ ਵਿਚ ਫੈਲ ਜਾਵੇਗੀ। ਇਹ ਵਿਅਕਤੀ ਭਾਈ ਸੰਤੋਖ ਸਿੰਘ ਬਾਹੋਵਾਲ ਸੀ ਅਤੇ ਉਸ ਦੀ ਅਮਰਤਾ ਦਾ ਕਾਰਨ ਉਸ ਦੁਆਰਾ ਰਚਿਤ ਵੱਡ ਆਕਾਰੀ ਗ੍ਰੰਥ 'ਸਤਿਗੁਰੂ ਬਿਲਾਸ' ਹੈ, ਜਿਸ ਦਾ ਪਹਿਲਾ ਭਾਗ ਜੋ ੧੮੭੨ ਈ. ਤੱਕ ਦਾ ਨਾਮਧਾਰੀ ਇਤਿਹਾਸ ਬਿਆਨ ਕਰਦਾ ਹੈ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਵੱਲੋਂ ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੀ ਸੰਪਾਦਨਾ ਹੇਠ ੨੦੦੨ ਈ. ਵਿਚ ਛਪ ਚੁੱਕਾ ਹੈ, ਆਪਣੇ ਰਚੇ ਜਾਣ ਤੋਂ ਤਕਰੀਬਨ ਇਕ ਸਦੀ ਬਾਅਦ ਅਤੇ ਹੁਣ ੧੯੦੬ ਈ. ਤੱਕ ਦੇ ਗੁਰੂ ਇਤਿਹਾਸ ਨੂੰ ਬਿਆਨ ਕਰਨ ਵਾਲਾ ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ ਨਾਲ ਸਬੰਧਿਤ ਦੂਜਾ ਭਾਗ ੨੦੦੫ ਈ. ਦੇ ਅਕਤੂਬਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰਿਲੀਜ਼ ਕੀਤਾ ਗਿਆ ਹੈ। ਇਸ ਅਵਸਰ 'ਤੇ ਸੰਪਾਦਕ ਜਸਵਿੰਦਰ ਸਿੰਘ ਦੀ ਘਾਲਣਾ ਦਾ ਉਚ ਮੁਲੰਕਣ ਕਰਦੇ ਹੋਏ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।

ਆਪਣੇ ਭੈਣੀ ਸਾਹਿਬ ਆਗਮਨ ਦਾ ਜ਼ਿਕਰ ਅਤੇ ਪ੍ਰਯੋਜਨ ਸੰਤੋਖ ਸਿੰਘ ਹੋਰਾਂ ਨੇ ਇਸ ਤਰ੍ਹਾਂ ਕੀਤਾ ਹੈ, ਜਿਸ ਵਿਚ ਵਰਣਿਤ ਗਰੀਬ ਜੀਵਨ ਦੀ ਝਲਕੀ ਤੋਂ ਲੇਖਕ ਦੇ ਉਚ ਆਤਮਾ ਮਹਾਂ ਪੁਰਖ ਹੋਣ ਦੇ ਝਲਕਾਰੇ ਵੀ ਮਿਲਦੇ ਹਨ ਅਤੇ ਉਸ ਰਸ ਦਾ ਵਰਣਨ ਵੀ ਹੈ ਜੋ ਉਸ ਨੂੰ ਗੁਰੂ ਦਰਸ਼ਨਾਂ ਤੋਂ ਪ੍ਰਾਪਤ ਹੁੰਦਾ ਹੈ। "ਰਾਮਦਾਸਪੁਰੇ ਸਾਹਿਬ (ਸ੍ਰੀ ਭੈਣੀ ਸਾਹਿਬ ਦਾ ਗੁਰੂ ਰਾਮ ਸਿੰਘ ਜੀ ਦੁਆਰਾ ਰੱਖਿਆ ਨਾਉਂ) ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਨ ਸੰਤੋਖ

Sri Satguru Jagjit Singh Ji eLibrary NamdhariElibrary@gmail.com

ਸਿਘ ਆਇਆ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਇਹ ਤਾਂ ਬੜਾ ਗਰੀਬ ਸਾਧ ਹੈ। ਏਕ ਪਰਨਾ ਤੀਨ ਹਾਥ ਕਾ ਤੇ ਦੋ ਕਛਹਿਰੇ ਤਿੰਨੇ ਬਸਤਰ ਸੇ। ਦੀਨ ਦਿਆਲ ਜੀ ਕੁੜਤਾ, ਚਾਦਰ, ਪੈਰਾਂ ਨੂੰ ਜੋੜਾ ਤੇ ਸੀਸ ਕੋ ਪਰਨਾ ਦੀਆ। ਬਚਨ ਕੀਤਾ ਸੰਸਾ ਨਾ ਕਰੇ, ਜੋ ਬਸਤਰ ਪਾਟੇ ਸੋ ਸਾਥੋਂ ਲਵੇ। ਭਜਨ ਕਰੇ, ਬਾਣੀ ਪੜ੍ਹੇ, ਸੰਤੋਖ ਸਿੰਘ ਦਾ ਐਸਾ ਮਨ ਪ੍ਰੇਰਿਆ ਕਿ ਸੇਵਾ ਕਰੇ ਗੁਰੂ ਜੀ ਕੇ ਘਰ ਕੀ। ਗੁਰੂ ਮਹਾਰਾਜ ਜੀ ਅੰਦਰ ਕੀ ਜਾਣ ਕੇ ਬਚਨ ਕੀਤਾ ਨੱਥਾ ਸਿੰਘ ਮਜ਼੍ਹਬੀ (ਪਿੰਡ ਸਿਰਹਾਲੀ, ਜ਼ਿਲ੍ਹਾ ਅੰਮ੍ਰਿਤਸਰ) ਨਾਲ ਕੰਮ ਕਰਾਓ। ਨੱਥਾ ਸਿੰਘ ਲੰਗਰ ਵਾਸਤੇ ਅੱਕ ਪੁੱਟਦਾ ਹੁੰਦਾ ਸੀ। ਸੰਤੋਖ ਸਿੰਘ ਉਸ ਦੇ ਨਾਲ ਕੁਝ ਕੰਮ ਕਰੌਣਾਂ।"

ਸੰਪਾਦਕ ਜਸਵਿੰਦਰ ਸਿੰਘ, ਇਸ ਅਨੂੰਠੀ ਇਤਿਹਾਸਿਕ ਗ੍ਰੰਥ ਦੀ ਭੂਮਿਕਾ ਵਿਚ ਭਾਈ ਸੰਤੋਖ ਸਿੰਘ ਦੁਆਰਾ ਘਾਲੀਆਂ ਘਾਲਨਾਵਾਂ ਅਤੇ ਉਸ ਦੇ ਗ੍ਰੰਥ ਦੇ ਸ੍ਰੋਤਾਂ ਅਤੇ ਪ੍ਰਮਾਣਿਕਤਾ ਨੂੰ ਇਉਂ ਕਲਮਬੰਦ ਕਰਦੇ ਹਨ: "ਇਸ ਗ੍ਰੰਥ ਦਾ ਲੇਖਕ ਸੰਤ ਸੰਤੋਖ ਸਿੰਘ ੧੧੯੮ ਈ. ਵਿਚ ਸ੍ਰੀ ਭੈਣੀ ਸਾਹਿਬ ਡੇਰੇ ਆਇਆ ਸੀ। ਸਖ਼ਤੀਆਂ ਦਾ ਸਾਰਾ ਸਮਾਂ ਉਸ ਨੇ ਆਪਣੀ ਅੱਖੀਂ ਦੇਖਿਆ ਅਤੇ ਹੰਢਾਇਆ। ਉਸ ਨੂੰ ਵੀ ਪਿੰਡ ਦੇ ਲੋਕਾਂ ਅਤੇ ਗਾਰਦ ਦੀਆਂ ਗਾਲ੍ਹਾਂ ਖਾਣੀਆਂ ਪਈਆਂ ਅਤੇ ਕੈਦ ਵੀ ਕੱਟਣੀ ਪਈ ਲੇਕਿਨ ਜੇਲ੍ਹ 'ਚੋਂ ਰਿਹਾਅ ਹੋ ਕੇ ਘਰ ਜਾਣ ਦੀ ਬਜਾਏ ਲੇਖਕ ਫੇਰ ਡੇਰੇ ਆ ਸੇਵਾ ਕਰਦਾ ਰਿਹਾ। ਲੇਖਕ ਸੰਤ ਸੰਤੋਖ ਸਿੰਘ ਵਲੋਂ ਅੱਖੀਂ ਦੇਖੇ ਅਤੇ ਆਪੂੰ ਹੰਢਾਏ ਸਖ਼ਤੀਆਂ ਦੇ ਦੌਰ ਬਾਰੇ ਉਸ ਦੀ ਕਲਮ 'ਕਠੋਰ ਸੱਚ' ਬਿਆਨ ਕਰਦੀ ਹੈ ਜਿਸ 'ਤੇ ਰੰਚਕ ਮਾਤਰ ਵੀ ਸ਼ੰਕਾ ਨਹੀਂ ਕੀਤੀ ਜਾ ਸਕਦੀ।

"ਸਤਿਗੁਰੂ ਬਿਲਾਸ" ਗ੍ਰੰਥ ਦੀ ਪ੍ਰਮਾਣਿਕਤਾ ਸ਼ੰਕਾ ਰਹਿਤ ਹੈ। ਲੇਖਕ ਨੇ ਆਪਣੇ ਗ੍ਰੰਥ ਵਿਚ ਦਰਜ ਘਟਨਾਵਾਂ ਉਨ੍ਹਾਂ ਸਿੰਘਾਂ ਸਾਧਾਂ ਪਾਸੋਂ ਪੁੱਛ-ਪੁੱਛ ਕੇ ਲਿਖੀਆਂ ਸਨ ਜੋ ਆਪ ਉਨ੍ਹਾਂ ਘਟਨਾਵਾਂ ਨਾਲ ਸਬੰਧਿਤ ਅਤੇ ਚਸ਼ਮਦੀਦ ਗਵਾਹ ਸਨ। ਲੇਖਕ ਡੇਰੇ ਆਏ ਸਿੰਘਾਂ ਪਾਸੋਂ ਤਾਂ ਸਾਖੀਆਂ ਪੁੱਛ ਸੁਣ ਕੇ ਲਿਖਦਾ ਹੀ ਹੁੰਦਾ ਸੀ, ਸਤਿਗੁਰੂ ਹਰੀ ਸਿੰਘ ਜੀ ਨਾਲ ਦੌਰੇ 'ਤੇ ਗਿਆਂ ਹੋਇਆਂ ਵੀ ਜਦੋਂ ਮੌਕਾ ਮਿਲਦਾ ਪੁੱਛ-ਪੁੱਛ ਗੁਰੂ ਜੱਸ ਲਿਖਦਾ। ਸੰਤ ਸੰਤੋਖ ਸਿੰਘ ਦੇ ਪ੍ਰੇਰਨਾ ਸ੍ਰੋਤ ਸਨ ਸਤਿਗੁਰੂ ਹਰੀ ਸਿੰਘ ਜੀ, ਜਿਨ੍ਹਾਂ ਦੇ ਹੁਕਮਾਨੁਸਾਰ ਸੰਤ ਜੀ ਨੇ ਲਿਖਣਾ ਸ਼ੁਰੂ ਕੀਤਾ ਸੀ। ਸਾਖੀਆਂ ਲਿਖੇ ਜਾਣ ਤੋਂ ਬਾਅਦ ਸਤਿਗੁਰੂ ਜੀ ਆਪ ਲਿਖੀਆਂ ਗਈਆਂ ਸਾਖੀਆਂ ਦੀ ਪੜਤਾਲ ਕਰਦੇ ਤੇ ਆਪ ਵੀ ਲਿਖਵਾਉਂਦੇ। ਇਸ ਤੱਥ ਦੀ ਪੁਸ਼ਟੀ 'ਸਤਿਗੁਰੂ ਬਿਲਾਸ' ਗ੍ਰੰਥ ਵਿਚੋਂ ਹੀ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਵਾਪਸ ਭੇਜ ਦਿੱਤੇ ਗਏ ਸੂਬਿਆਂ ਅਤੇ ਸੇਵਕ ਨਾਨੂੰ ਸਿੰਘ ਪਾਸੋਂ ਵੀ ਸੰਤ ਸੰਤੋਖ ਸਿੰਘ ਨੇ ਬਹੁਤ ਸਾਰੀਆਂ ਘਟਨਾਵਾਂ ਸੁਣ ਕੇ ਲਿਖੀਆਂ।"

ਬਾਹੋਵਾਲ ਜੀ ਦੀ ਰਚਨਾ ਦੇ ਪਾਠ ਤੋਂ ਗਿਆਤ ਹੁੰਦਾ ਹੈ ਕਿ ਆਪ ਆਪਣੇ ਸਮੇਂ ਦੇ ਮਾਪਦੰਡਾਂ ਮੁਤਾਬਿਕ ਚੰਗੇ ਪੜ੍ਹੇ ਲਿਖੇ ਸੱਜਣ ਸਨ। ਉਹ ਗੁਰਬਾਣੀ ਅਤੇ ਗੁਰੂ ਇਤਿਹਾਸ ਤੋਂ ਇਲਾਵਾ ਭਾਰਤੀ ਪੌਰਾਣਿਕ ਸਾਹਿਤ ਵਿਚ ਵੀ ਪਰਬੀਨ ਸਨ। ਜਿਸ ਪੁਨਰ ਜਾਗਰਣ ਦਾ ਉੱਪਰ ਜ਼ਿਕਰ ਆਇਆ ਹੈ ਉਸ ਲਈ ਆਪਣੀ ਬੋਲੀ ਅਤੇ ਭਾਸ਼ਾ ਨਾਲ ਜੁੜਨਾ ਵੀ ਇਕ ਲੋੜੀਂਦੀ ਸ਼ਰਤ ਸੀ। ਮੁਗ਼ਲ ਕਾਲ ਵਿਚ ਤਾਂ ਉਹ ਰਾਜ ਭਾਸ਼ਾ ਰਹਿਣੀ ਹੀ ਸੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਵੀ ਪੰਜਾਬ ਸਰਕਾਰ ਦੀ ਰਾਜ ਭਾਸ਼ਾ ਫ਼ਾਰਸੀ ਹੀ ਰਹੀ। ਇਹ ਭਾਈ ਸੰਤੋਖ ਸਿੰਘ ਬਾਹੋਵਾਲ ਹੀ ਸਨ ਜਿਨ੍ਹਾਂ ਨੇ ਪਹਿਲੇ ਸਤਿਗੁਰੂ ਸਾਹਿਬਾਨ ਦੀਆਂ ਜਨਮ ਸਾਖੀਆਂ ਪੰਜਾਬੀ ਵਿਚ ਲਿਖੇ ਜਾਣ ਤੋਂ ਪ੍ਰਭਾਵਿਤ ਹੋ ਕੇ ਹੀ ਬਾਰ੍ਹਵੇਂ ਪਾਤਸ਼ਾਹ (ਸਤਿਗੁਰੂ ਰਾਮ ਸਿੰਘ) ਦਾ ਗ੍ਰੰਥ ਪੰਜਾਬੀ ਵਿਚ ਲਿਖੇ ਜਾਣਾ ਬਿਹਤਰ ਸਮਝਿਆ ਸੀ। ਪੰਜਾਬ ਵਿਚ ਪੁਨਰ ਸੁਰਜੀਤੀ ਦੀਆਂ ਦੋ ਧਾਰਾਵਾਂ ਚੱਲ ਰਹੀਆਂ ਸਨ। ਇਕ ਪਾਸੇ ਅੰਗਰੇਜ਼ ਪ੍ਰਸਤ 'ਸਿੰਘ ਸਭਾ' ਅਤੇ ਫਿਰ ਚੀਫ਼ ਖ਼ਾਲਸਾ ਦੀਵਾਨ ਵਾਲੇ ਸਨ, ਦੂਜੇ ਬੰਨੇ ਨਾਮਧਾਰੀ ਸਿੰਘਾਂ ਨਾਲ ਹਮਦਰਦੀ ਰੱਖਣ ਵਾਲੇ, ਅੰਗਰੇਜ਼ਾਂ ਵਿਰੁੱਧ ਹਿਰਦੇ ਵਿਚ ਗੁਪਤ ਵਿਰੋਧ ਰੱਖਣ ਵਾਲੇ ਬਾਬਾ ਖ਼ੇਮ ਸਿੰਘ ਬੇਦੀ, ਮਹਾਰਾਜਾ ਬਿਕਰਮਜੀਤ ਸਿੰਘ ਫ਼ਰੀਦਕੋਟੀਆ ਅਤੇ ਮਹਾਰਾਜਾ ਦਲੀਪ ਸਿੰਘ ਲਈ ਪੰਜਾਬ ਵਿਚ ਬਗ਼ਾਵਤੀ ਭੂਮੀ ਤਿਆਰ ਕਰਨ ਵਾਲੇ, ਸ. ਠਾਕੁਰ ਸਿੰਘ ਸੰਧਾਵਾਲੀਆ ਅਤੇ 'ਖ਼ੁਰਸ਼ੀਦ ਖ਼ਾਲਸਾ' ਪੁਸਤਕ ਦੇ ਲੇਖਕ ਬਾਵਾ ਨਿਹਾਲ ਸਿੰਘ ਆਦਿ ਸਨ। ਸਰਕਾਰ ਪ੍ਰਸਤਾਂ ਦਾ

Sri Satguru Jagjit Singh Ji eLibrary NamdhariElibrary@gmail.com

ਕਬਜ਼ਾ, ਸਿੱਘ ਸਭਾ ਲਾਹੌਰ ਤੇ ਸੀ ਅਤੇ ਵਤਨ ਪ੍ਰਸਤਾਂ ਦੀ ਟੇਕ ਅੰਮ੍ਰਿਤਸਰ ਦੀ ਸਿੰਘ ਸਭਾ ਤੇ ਸੀ। ਇਸ ਪਿਛੋਕੜ ਵਿਚ ਭਾਈ ਬਾਹੋਵਾਲ ਦੁਆਰਾ ਪੰਜਾਬੀ ਭਾਸ਼ਾ ਵਿਚ ਆਪ ਦਾ ਪੁਸਤਕ ਰਚਨਾ ਵਿਸ਼ੇਸ਼ ਰਾਜਨੀਤਿਕ ਮਹੱਤਵ ਦਾ ਲਖਾਇਕ ਵੀ ਬਣ ਜਾਂਦਾ ਹੈ। ਸਿੰਘ ਸਭਾ ਲਾਹੌਰ ਦੇ ਮੋਢੀਆਂ ਵਿਚੋਂ ਇਕ ਗਿਆਨੀ ਦਿੱਤ ਸਿੰਘ ਹੋਰਾਂ ਨਾਲ ਸ੍ਰੀ ਭੈਣੀ ਸਾਹਿਬ ਡੇਰੇ ਵਿਚ, ਭਾਈ ਸੰਤੋਖ ਸਿੰਘ ਹੋਰਾਂ ਦੀ ਗਿਆਨ ਚਰਚਾ ਹੋਣਾ ਵੀ, ਸੰਤੋਖ ਸਿੰਘ ਦੇ ਰੁਤਬੇ ਨੂੰ ਨਿਸ਼ਚਿਤ ਕਰਦਾ ਹੈ।[8]

ਸ. ਸੁੰਦਰ ਸਿੰਘ ਮਜੀਠੀਆ, ਗਿਆਨੀ ਠਾਕੁਰ ਸਿੰਘ ਅਤੇ 'ਪੰਚ ਖੰਡ ਦੀਵਾਨ' ਵਾਲੇ ਤੇਜਾ ਸਿੰਘ ਭਸੌੜੀਆ ਆਦਿਕ ਕਦੇਕੇ ਅੰਗ੍ਰੇਜ਼ ਪੱਖੀ ਅਤੇ ਕੂਕਾ ਵਿਰੋਧੀ ਸਿੱਖ ਆਗੂਆਂ ਦੇ ਗਾਹੇ ਬਗਾਹੇ ਭੈਣੀ ਸਾਹਿਬ ਆਉਣ ਤੋਂ ਵੀ, ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਨਿਸ਼ਚਿਤ ਹੁੰਦੀਹੈ ਜਿਸ ਦਾ ਵੇਰਵਾ ਸਿਰਫ਼ ਤੇ ਸਿਰਫ਼ ਬਾਹੋਵਾਲ ਜੀ ਦੇ ਦੂਜੇ ਭਾਗ ਤੋਂ ਹੀ ਮਿਲਦਾ ਹੈ। ਇਉਂ ਇਹ ਗ੍ਰੰਥ ਇਤਿਹਾਸਕ ਸਮੱਗਰੀ ਸਦਕਾ ਇਕ ਬੇਜੋੜ ਗ੍ਰੰਥ ਬਣ ਜਾਂਦਾ ਹੈ।

ਭਾਵੇਂ ਇਸ ਪੁਸਤਕ ਵਿਚ ਮੁੱਖ ਤੌਰ 'ਤੇ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਗੁਰਤਾ ਕਾਲ (੧੮੭੨-੧੯੦੬) ਦੇ ਪ੍ਰਸੰਗ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਇਲਾਹਾਬਾਦ ਦੇ ਪਾਸ ਚੁਨਾਰ ਫੋਰਟ (ਪੌਣੇ ਛੁ ਦੋ ਮਹੀਨੇ) ਵਿਚ ਰੰਗੂਨ (ਸਾਢੇ ਅੱਠ ਵਰ੍ਹੇ) ਅਤੇ ਮਰਗੋਈ ਟਾਪੂ (੫ ਵਰ੍ਹੇ ਦੇ ਕਰੀਬ) ਰਹਿਣ ਸਮੇਂ ਦੇ ਬ੍ਰਿਤਾਂਤ ਵੀ ਮਿਲਦੇ ਹਨ।

ਪ੍ਰਯਾਗ ਰਾਜ ਕਿਲੇ ਵਿਚ ਇਕ ਦਿਨ ਹੋਇਆ ਬਚਨ ਭਾਈ ਜੀ ਨੇ ਇਉਂ ਲਿਖਿਆ ਹੈ, "ਇਕ ਦਿਨ ਸ੍ਰੀ ਸਤਿਗੁਰੂ ਜੀ ਕਿਲੇ ਵਿਚ ਬੈਠਿਆਂ ਬਚਨ ਕੀਤਾ ਕਿ ਬਾਣੀ ਬੜੀ ਚੀਜ਼ ਹੈ। ਫਿਰ ਕਿਹਾ ਕਿ ਬਾਣੀ ਤਾਂ ਨਾੜ ਹੈ ਸਿੱਟਾ ਨਾਮ ਹੈ। ਫੇਰ ਥੋੜ੍ਹੇ ਚਿਰ ਪਿੱਛੋਂ ਬਚਨ ਕੀਤਾ ਕਿ ਨਾਮ ਵੀ ਤੋਹ (ਦਾਣੇ ਤੋਂ ਖ਼ਾਲੀ ਸਿੱਟਾ) ਹੀ ਹੈ। ਤਾਂ ਬਾਬਾ ਜਵਾਹਰ ਸਿੰਘ ਜੀ ਪਿੱਟਣ ਲੱਗ ਪਏ ਤੇ ਕਹਿਣ ਲੱਗੇ ਕਿ ਦੱਸੋ ਦਾਣਾ ਕਿਹੜੀ ਚੀਜ਼ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਬਾਬਾ ਜੀ ਦਾਣਾ ਸਿਦਕ ਹੈ। ਜੇ ਬਾਣੀ ਪੜ੍ਹ ਕੇ, ਨਾਮ ਜਪ ਕੇ, ਸਤਿਗੁਰੂ 'ਤੇ ਸਿਦਕ ਨਾ ਹੋਇਆ ਤਾਂ ਕਿਸੇ ਕੰਮ ਨਹੀਂ।"[4]

ਇਸੇ ਕਿਲੇ ਵਿਚ ਹੀ ਜਦੋਂ ਸੂਬੇ ਤੇ ਸਤਿਗੁਰੂ ਜੀ ਕੈਦ ਸਨ ਤਾਂ ਬਾਬੇ ਜਵਾਹਰ ਸਿੰਘ ਜੀ ਪੁੱਛਿਆ ਨਾਨੂੰ ਸਿੰਘ ਕਿੱਲਾ ਕੀ ਕਹਿੰਦਾ ਹੈ? ਨਾਨੂੰ ਸਿੰਘ ਨੇ ਕਿਹਾ ਕਿ ਫਾਂਸੀ ਦਾ ਹੁਕਮ ਦੱਸ ਗਿਆ ਹੈ।' ਭਾਈ ਸੰਤੋਖ ਸਿੰਘ ਮੁਤਾਬਿਕ 'ਜਿਸ ਫਰੰਗੀ ਨੇ ਸਤਿਗੁਰੂ ਜੀ ਕੋ ਫਾਂਸੀ ਕਾ ਹੁਕਮ ਸੁਣਾਇਆ ਸੀ ਉਹ ਹਿੰਦ ਦਾ ਵਾਇਸਰਾਏ (ਲਾਰਡ ਮੇਓ) ਸੀ। ਇਕ ਪਠਾਣ ਸ਼ੇਰ ਅਲੀ ਖਾਂ ਦੀ ਅਪੀਲ ਉਸ ਨੇ ਨਾ-ਮਨਜ਼ੂਰ ਕਰ ਦਿੱਤੀ ਸੀ ਜੋ ਅੰਡੇਮਾਨ ਟਾਪੂ ਵਿਚ ਕੈਦ ਸੀ। ਅੰਡੇਮਾਨ ਟਾਪੂ ਦੇ ਦੌਰੇ 'ਤੇ ਗਏ ਲਾਰਡ ਮੇਓ ਨੂੰ ਉਪਰੋਕਤ ਪਠਾਣ ਨੇ ਛੁਰਾ ਮਾਰ ਕੇ ਪਾਰ ਬੁਲਾ ਦਿੱਤਾ ਤੇ ਇਸ ਤਰ੍ਹਾਂ ਸੂਬਿਆਂ ਸਮੇਤ ਸਤਿਗੁਰੂ ਜੀ ਨੂੰ ਫਾਂਸੀ ਦੇਣ ਦੇ ਉਸ ਦੇ ਮਨਸੂਬੇ ਵਿਚੇ ਧਰੇ ਰਹਿ ਗਏ। ਮੇਓ ਦੇ ਮਰਨ ਦੀ ਘਟਨਾ ੮ ਫਰਵਰੀ ੧੮੭੨ ਈ. ਦੀ ਹੈ।

ਕੂਕਿਆਂ ਤੇ ਸਖ਼ਤੀਆਂ ਦਾ ਦੌਰ ਸ਼ੁਰੂ ਹੋ ਗਿਆ। ਸ੍ਰੀ ਭੈਣੀ ਸਾਹਿਬ ਵਿਚ ਵੀ ਤੇ ਬਾਕੀ ਪੰਜਾਬ ਵਿਚ ਵੀ, ਜਿਸ ਜਿਸ ਜਗ੍ਹਾ ਤੇ ਸਿੰਘ ਰਹਿੰਦੇ ਸਨ। "ਸਾਹਲਿਆਂ ਪੁਰ ਜ਼ਿਲ੍ਹਾ ਗੁਜਰਾਂ ਵਾਲੇ ਵਾਲਿਆਂ ਕੋ ਭੀ ਫੜ ਕੇ ਲੈ ਗਏ। ਲੋਕ ਕਹਿਣ ਤੋਪਾਂ ਨਾਲ ਉਡਾਇ ਦੇਣਗੇ। ਜ਼ਮਾਨਤਾਂ ਲੈ ਕੇ ਛੱਡੇ। ਨਾਮਧਾਰੀਆਂ ਨੂੰ ਲੋਕ ਮਸ਼ਕਰੀਆਂ ਕਰਦੇ ਹੈਂ ਹੋਰ ਬਣੋ ਕੂਕੇ। ਹੁਣ ਤੋਪਾਂ ਨਾਲ ਉੱਡੋਗੇ। ਨਿੰਦਕ ਦੁਸ਼ਟ ਤਾਂ ਕਹਿੰਦੇ ਹੈਂ ਸਾਡੇ ਸਿਰੋਂ ਬਲਾ ਟਲੀ ਹੈ। ਹੁਣ ਪੰਥ ਬੰਦ ਹੋ ਜਾਵੇਗਾ।"[5]

ਹਜ਼ੂਰ ਸਾਹਿਬ ਤੱਕ ਨਾਮਧਾਰੀ ਸਿੰਘਾਂ ਦੀ ਪੁੱਛ ਪੜਤਾਲ ਹੁੰਦੀ ਰਹੀ। ਬਹੁਤੇ ਮੁੱਕਰ ਜਾਂਦੇ ਕੋਈ ਵਿਰਲ ਗੁਰਦੇ ਵਾਲਾ ਹੀ ਕਹਿੰਦਾ ਪੁੱਛਣ ਤੇ ਕਿ ਹਾਂ ਮੈਂ ਨਾਮਧਾਰੀ ਹਾਂ ਕਿਉਂਕਿ ਉਸ ਸਮੇਂ ਕੂਕੇ ਹੋਣ ਦਾ ਇਕਬਾਲਨਾਮਾ, ਫਾਂਸੀ, ਤੋਪ, ਜਾਇਦਾਦ ਜ਼ਬਤੀ ਅਤੇ ਕਾਲੇ ਪਾਣੀਆਂ ਦਾ ਰਾਹ ਵਿਖਾ ਸਕਦਾ ਸੀ। ਗੁਰੂ ਹਰੀ ਸਿੰਘ ਜੀ ਨੂੰ, ਬੁੱਧ ਸਿੰਘ ਦੀ ਬਜਾਏ, ਇਹ ਨਾਉਂ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਵਿਚੋਂ ੧੮੭੫ ਈ. ਦੇ ਜਨਵਰੀ ਮਹੀਨੇ,

Sri Satguru Jagjit Singh Ji eLibrary NamdhariElibrary@gmail.com

ਦਰਬਾਰਾ ਸਿੰਘ ਰਾਇਪੁਰੀਏ ਦੇ ਹੱਥ ਭੇਜੇ, ਹੁਕਮਨਾਮੇ ਵਿਚ ਦਿੱਤਾ ਸੀ। ਪਹਿਲਾਂ ਇਲਾਹਬਾਦ ਕਿਲ੍ਹੇ ਵਿਚੋਂ ਆਪਣੇ ਘਰ ਦੀਆਂ ਕੁੰਜੀਆਂ, ਛੋਟੇ ਭਾਈ ਮਹਾਰਾਜ ਬੁੱਧ ਸਿੰਘ ਨੂੰ ਸੰਭਾਲਣ ਦਾ ਹੁਕਮ ਵੀ ਅੰਗ੍ਰੇਜ਼ ਅਫਸਰਾਂ ਦੀ ਮਾਰਫ਼ਤ ਸਤਿਗੁਰੂ ਜੀ ਨੇ ਹੀ ਭੇਜਿਆ ਸੀ। ਇਸ ਸਮੇਂ ਪੰਜ ਤੋਂ ਵੱਧ ਨਾਮਧਾਰੀਆਂ ਦੇ ਇਕੱਠੇ ਹੋਣ ਅਤੇ ਬਿਨਾਂ ਸਰਕਾਰ ਤੋਂ ਪੂਰਵ ਆਗਿਆ ਅਖੰਡ ਪਾਠ ਕਰਨ ਜਾਂ ਘਰੋਂ ਬਾਹਰ ਜਾਣ, ਖਾਸ ਕਰਕੇ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਉਨ੍ਹਾਂ ਦੇ ਪ੍ਰਵੇਸ਼ ਕਰਨ ਤੇ ਵੀ ਅੰਗ੍ਰੇਜ਼ੀ ਸਰਕਾਰ ਨੇ ਕਨੂੰਨਨ ਰੋਕ ਲਾ ਦਿੱਤੀ ਅਤੇ ਰਿਆਸਤਾਂ ਦੇ ਰਾਜਿਆਂ ਨੇ ਵੀ ਆਪੋ ਆਪਣੇ ਇਲਾਕੇ ਦੇ ਨਾਮਧਾਰੀਆਂ ਨੂੰ, ਕੂਕ ਪੁਣਾ ਛੱਡਣ ਦੇ ਹੁਕਮ ਚਾੜ੍ਹ ਦਿੱਤੇ। ਮਹਾਰਾਜ ਬੁੱਧ ਸਿੰਘ ਜੀ ਨੇ ਸਤਿਗੁਰੂ ਦਰਸ਼ਨਾਂ ਹਿੱਤ, ਅਖੰਡ ਪਾਠਾਂ ਦੇ ਚੋਰੀ ਛਿਪੇ ਭੋਗ ਪੁਆਉਣੇ ਸ਼ੁਰੂ ਕੀਤੇ ਤਾਂ ਅੰਗ੍ਰੇਜ਼ ਅਧਿਕਾਰੀ ਭੈਣੀ ਸਾਹਿਬ ਪੁੱਜ ਗਏ। "ਬਟਨ ਚੜ੍ਹ ਕੇ ਆਇਆ। ਭੋਗ ਪੈ ਚੁੱਕੇ ਸੇ। ਬਟਨ (ਜੇ. ਪੀ. ਬਾਰਬਰਟਨ – ਡੀ. ਐਸ.ਪੀ. ਲੁਧਿਆਣਾ) ਨੇ ਦੇਖਿਆ ਪਾਠ ਤਾਂ ਕੋਈ ਨਹੀਂ ਹੈ। ਕਹਿਣੇ ਲਗਾ ਮਹਾਰਾਜ ਜੀ ਕੋ ਕਿ ਜੇਕਰ ਭਾਈ ਮਾਂਗੂ ਕਰੇਂਗਾ ਤਾਂ ਤੇਨੂੰ ਬੀ ਓਧੇ ਹੀ ਪਾਸ ਭੇਜਾਂਗੇ। ਭੋਗ ਨਾ ਪਾਵੇਂ। ਦੀਵਾਨ ਲਾਇਕੇ ਸ਼ਬਦ ਭੀ ਨਾ ਪੜ੍ਹੇ ਅਰ ਇਥੇ ਸਿੰਘ ਬੀ ਨਾ ਐਣੇ ਦੇਓ।...ਫਰੰਗੀ ਨੇ ਹੁਕਮ ਦੀਆ ਕਿ ਜੇਕਰ ਭੋਗ ਪਾਇਆ ਜਾਂ ਪਾਂਚ ਸਿੰਘ ਭੀ ਇਕੱਠੇ ਹੋਏ ਦੇਖ ਲਏ ਤਾਂ ਛੇ ਮਹੀਨੇ ਕੀ ਕੈਦ ਕਰਾਂਗੇ। ਜੋ ਜੋ ਨਾਮਧਾਰੀਆ ਸੀ ਸਭ ਨੂੰ ਸੁਣਾਇਆ ਗਿਆ ਇਹ ਹੁਕਮ।"

ਭੈਣੀ ਸਾਹਿਬ ਗੁਰਦੁਆਰੇ ਸਾਹਵੇਂ ਬੈਠੀ ਪੁਲਿਸ ਦੀ ਗਾਰਦ ਬਾਹਰੋਂ ਆਉਣ ਵਾਲੇ ਸਿੰਘਾਂ ਤੇ ਕਰੜੀ ਨਿਗਰਾਨੀ ਰੱਖਦੀ। ਨਾ ਉਨ੍ਹਾਂ ਨੂੰ ਡੇਰੇ ਦੇ ਅੰਦਰ ਗੁਰੂ ਦਰਸ਼ਨਾਂ ਲਈ, ਨਾ ਹੀ ਉਨ੍ਹਾਂ ਲਈ ਪ੍ਰਸ਼ਾਦਾ ਪਾਣੀ ਬਾਹਰ, ਜਾਣ ਦਿੰਦੀ। ਕੁਝ ਸਮੇਂ ਬਾਅਦ ਅੱਠਾਂ ਪਹਿਰਾਂ ਵਿਚ ਸਿਰਫ਼ ਪੰਜ ਸਿੰਘਾਂ ਨੂੰ ਗੁਰਦੁਆਰੇ ਦੇ ਅੰਦਰ ਜਾ ਕੇ ਦਰਸ਼ਨਾਂ ਦੀ ਇਜਾਜ਼ਤ ਮਿਲੀ। ਕਾਫ਼ੀ ਸਮੇਂ ਬਾਅਦ ਇਹ ਛੋਟ ਦਸ ਸਿੰਘਾਂ ਨੂੰ ਮਿਲਣ ਲੱਗੀ। "ਸਿਪਾਹੀਆਂ ਭੁੱਖੇ ਸਿੰਘਾਂ ਕੋ ਧੱਕੇ ਦੇਣੇ, ਗਾਲ੍ਹਾਂ ਕੱਢਣੀਆਂ, ਪ੍ਰਸ਼ਾਦਾ ਨਾ ਲੈਣ ਦੇਨਾ। ਮਹਾਰਾਜ ਜੀ ਤਤਕਾਲ ਦਾਓ ਬਚਾਇਕੇ ਦਰਸ਼ਨ ਦੇ ਐਣਾ। ਬਗਲ ਮੇਂ ਪ੍ਰਸ਼ਾਦਾ ਲੈ ਕੇ ਉਤੋਂ ਦੀ ਬੁੱਕਲ ਮਾਰ ਕੇ ਅੱਖ ਬਚਾਇਕੇ ਪ੍ਰਸ਼ਾਦਾ ਪੁਚਾਇ ਦੇਣਾ। ਜੇ ਰਾਤ ਪੈ ਜਾਏ ਤਾਂ ਰੇਤੇ ਮੇਂ ਬਿਸਤਰਾ ਕਰਕੇ ਸਿੰਘਾਂ ਰਾਤ ਕੱਟ ਲੈਣੀ। ਜਲ ਦਾ ਆਸਰਾ ਦੇਖ ਕੇ। ...ਹਨੇਰੇ ਹਨੇਰੇ ਸਿੰਘਾਂ ਨੇ ਨਿਕਲ ਕੇ ਚਲੇ ਜਾਣਾ। ਮਹਾਰਾਜ ਜੀ ਇਹ ਬਚਨ ਕਰਨਾ ਦਰਸ਼ਨ ਦੇਵਿਆ ਕਰੋ, ਸਤਿਗੁਰੂ ਜੀ ਭੀ ਆਇਆਂ ਜਾਣੋ। ਭਜਨ ਕਰੋ ਬਾਣੀਆਂ ਪੜ੍ਹੋ। ਭੋਗ ਗ੍ਰੰਥ ਸਾਹਿਬ ਜੀ ਦਾ ਪਾਵੋ ਧੁਆਡਾ ਭਲਾ ਹੋਵੇਗਾ। ਜਹਾਂ ਜਹਾਂ ਜਾਮੋਂ ਤਹਾਂ ਤਹਾਂ ਸਾਡੀ ਫਤੇ ਬੁਲਾਉਣੀ।"

ਗੁਰੂ ਹਰੀ ਸਿੰਘ, ਉਨ੍ਹਾਂ ਦੇ ਪਰਿਵਾਰ ਦੇ ਜੀਆਂ ਅਤੇ ਨਾਮਧਾਰੀ ਸੰਗਤ ਨੇ, ਜੋ ਅਕਹਿ ਤੇ ਅਸਹਿ ਕਸ਼ਟ ਇਸ ਦੌਰ ਵਿਚ ਆਪਣਿਆਂ ਅਤੇ ਬੇਗਾਨਿਆਂ ਦੇ ਹੱਥੋਂ ਭੁਗਤੇ, 'ਸਤਿਗੁਰੂ ਬਿਲਾਸ' ਉਨ੍ਹਾਂ ਦਾ ਦਸਤਾਵੇਜ਼ੀ ਵਿਵਰਣ ਪੇਸ਼ ਕਰਨ ਵਿਚ, ਸਰਕਾਰੀ ਰਿਕਾਰਡ ਤੋਂ ਵੀ ਵੱਧ ਮਹੱਤਵਪੂਰਨ ਹੈ। ਸਰਕਾਰੀ ਦ੍ਰਿਸ਼ਟੀਕੋਣ ਤਾਂ ਹਰ ਥਾਂ ਵਿਦਮਾਨ ਹੁੰਦਾ ਹੈ ਪਰ ਕੂਕੇ ਉਸ ਦੌਰ ਵਿਚ ਕਿਵੇਂ ਸੋਚਦੇ ਸਨ, ਉਨ੍ਹਾਂ ਦੇ ਨਜ਼ਰੀਏ ਦੇ ਦਰਸ਼ਨ ਸਾਨੂੰ ਬਾਰੇਵਾਲ ਜੀ ਤੋਂ ਬਿਨਾਂ ਕਿਹੜੇ ਪ੍ਰਤੱਖ ਦਰਸ਼ੀ ਨੇ ਕਰਵਾਉਣੇ ਸਨ? ਇਸ ਗ੍ਰੰਥ ਦਾ ਲਿਖਣ ਕਾਰਜ ਉਨ੍ਹਾਂ ਨੂੰ ਧੰਨਤਾ ਪ੍ਰਦਾਨ ਕਰ ਗਿਆ ਹੈ।

ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਤੋਂ ਦੋ ਕੁ ਸਾਲ ਬਾਅਦ, ੧੮੭੪ ਈ. ਵਿਚ ਆਪ ਦੇ ਪਿਤਾ ਬਾਬਾ ਜੱਸਾ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨਮਿੱਤ ਪਾਠ ਕਰਨ ਦੀ ਅਰਜ਼ੀ ਦੇ ਕੇ ਆਗਿਆ ਲਈ ਸਰਕਾਰ ਤੋਂ। ਹੁਣ ਪਾਠ ਵੀ ਹੋਣ ਲੱਗੇ ਅਤੇ ਰਾਗੀ ਸਿੰਘ ਦੁਆਬੇ ਵਿਚੋਂ ਆਏ ਤਾਂ ਦੋ ਵਕਤ ਦਾ ਦੀਵਾਨ ਲੱਗਣਾ ਸ਼ੁਰੂ ਹੋਇਆ। ਬਾਰ ਬਟਨ ਦੀ ਮੋਮ ਤੋਂ ਸੂਹ ਲੈ ਕੇ ਬਾਬਾ ਦਰਬਾਰਾ ਸਿੰਘ ਗੁਰੂ ਹਰੀ ਸਿੰਘ ਜੀ (ਮਹਾਰਾਜ ਬੁੱਧ ਸਿੰਘ) ਦਾ ਭੇਜਿਆ ੧੮੭੫ ਈ. ਵਿਚ ਰੰਗੂਨ ਪੁੱਜਾ। ਦਰਸ਼ਨ ਕਰ ਕੇ ਨਿਹਾਲ ਹੋਇਆ। ਸਾਰੇ ਪੰਥ ਦੀ ਸੁੱਖ ਸਾਂਦ ਸਤਿਗੁਰੂ ਜੀ ਨੂੰ ਦੱਸੀ। ਜਦੋਂ ਭੈਣੀ ਸਾਹਿਬ ਵਾਪਸ ਜਾ ਕੇ ਬਾਬਾ ਦਰਬਾਰਾ ਸਿੰਘ ਨੇ ਹੁਕਮਨਾਮਾ ਵੀ ਦਿੱਤਾ ਅਤੇ ਹੋਰ ਜ਼ਰੂਰੀ ਜਾਣਕਾਰੀ ਵੀ ਤਾਂ ਗੁਰੂ ਦਰਸ਼ਨਾਂ ਦੇ ਭੌਰੇ ਸਿੰਘ ਖੁਸ਼ੀ ਵਿਚ ਖੀਵੇ ਹੋ ਗਏ, "ਸਿੰਘ ਸੁਨਕੇ ਹਰੇ ਹੋਏ ਤੇ ਕੈਹਨ ਰੰਗੂਨ ਤਾਂ ਸਾਨੂੰ ਇਹ ਖਬ੍ਹੀ ਹੈ।" ਸਤਿਗੁਰੂ ਰਾਮ ਸਿੰਘ ਜੀ ਨੇ ਪੰਥ ਦੀ ਵਾਗ ਡੋਰ ਛੋਟੇ ਭਾਈ ਗੁਰੂ ਹਰੀ ਸਿੰਘ ਜੀ ਨੂੰ ਸੰਭਾਲਦਿਆਂ ਇਹ ਵੀ ਲਿਖ

Sri Satguru Jagjit Singh Ji eLibrary NamdhariElibrary@gmail.com

ਭੇਜਿਆ। ਭੁੱਖੇ ਨੂੰ ਪ੍ਰਸ਼ਾਦਾ, ਨੰਗੇ ਨੂੰ ਕੱਪੜਾ ਦੇਣਾ, ਮੇਰੇ ਨਮਿੱਤ", ਇਹ ਵੀ ਲਿਖ ਭੇਜਿਆ ਜਿਸ ਕਿਸੇ ਦੀ ਅਮਾਨਤ ਰੱਖੀ ਹੋਈ ਹੈ ਸੋ ਦੇ ਦਿਓ।'

ਪਿੰਡ ਭਾਣੇ ਦੇ ਹਰਨਾਮ ਸਿੰਘ ਅਤੇ ਉਸ ਦੀ ਸਿੰਘਣੀ ਮਾਈ ਚੰਦੋ ਦਰਬਾਰਾ ਸਿੰਘ ਹੋਰਾਂ ਤੋਂ ਬਾਅਦ, ਪੰਜਾਬ ਸਰਕਾਰ ਤੋਂ ਇਜਾਜ਼ਤ ਲੈ ਕੇ ੧੮੭੫ ਈ. ਵਿਚ ਹੀ ਰੰਗੂਨ ਜਾ ਕੇ ਸਤਿਗੁਰੂ ਜੀ ਦਾ ਦਰਸ਼ਨ ਕਰ ਆਏ। ਰੰਗੂਨ ਵਾਲਿਆਂ ਨੇ ਲਾਹੌਰ ਨੂੰ ਫਿਰ ਲਿਖ ਭੇਜਿਆ ਕਿ ਅੱਗੇ ਤੋਂ ਕਿਸੇ ਨੂੰ ਗੁਰੂ ਰਾਮ ਸਿੰਘ ਦੇ ਦਰਸ਼ਨਾਂ ਦੀ ਇਜਾਜ਼ਤ ਨਾ ਦਿੱਤੀ ਜਾਵੇ। ਅਸੀਂ ਮਿਲਣ ਨਹੀਂ ਦਿਆਂਗੇ। ਜੋ ਸਰਕਾਰ ਹਿੰਦ ਦੀ ਹਦਾਇਤ ਹੈ। ਸੁਧੇਗ ਸਿੰਘ ਮਹਰਾਣਾ (ਅੰਮ੍ਰਿਤਸਰ) ਵਾਲੇ ਹੱਥ ਭੇਜੇ ਹੁਕਮਨਾਮੇ ਵਿਚ ਸਤਿਗੁਰੂ ਜੀ ਨੇ ਅਖੰਡ ਪਾਠ ਦੀ ਵਿਧੀ ਲਿਖ ਭੇਜੀ ਜਿਸ ਮੁਤਾਬਿਕ ਹੁਣ ਭੈਣੀ ਸਾਹਿਬ ਡੇਰੇ ਵਿਚ ਗੁਪਤ ਪਾਠ ਕੀਤੇ ਜਾਣ ਲੱਗੇ। ਭਾਈ ਜੀ ਨੇ ਆਪਣੇ ਗ੍ਰੰਥ ਵਿਚ ਅਖੰਡ ਪਾਠ, ਹਵਨ ਅਤੇ ਅੰਮ੍ਰਿਤ ਤਿਆਰ ਕਰਨ, ਜਨਮ ਅਤੇ ਅਨੰਦ ਕਾਰਜ ਦੀ ਮਰਿਆਦਾ ਤੇ 'ਪ੍ਰਾਣੀ ਚੜ੍ਹੇ ਤੇ ਰੀਤੀ', ਵਰਨੀ ਜਪੁ ਸਾਹਿਬ ਕੀ, ਮਾਲਾ ਦੀ ਵਰਨੀ, ਭਗਉਤੀ ਦੀ ਮਾਲਾ ਆਦਿ ਬਾਰੇ ਲਿਖ ਕੇ ਨਾਮਧਾਰੀ ਰਹਿਤ ਮਰਿਆਦਾ ਨੂੰ ਸਿੱਕੇਬੰਦ ਕਰਨ ਦਾ ਵਿਸ਼ੇਸ਼ ਯਤਨ ਕੀਤਾ ਹੈ। ਇਹ ਠੀਕ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਆਪਣੇ ਸਮਿਆਂ ਵਿਚ ਸੰਗਤ ਦੇ ਭਲੇ ਲਈ ਮਰਿਆਦਾ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ, ਜੋ ਵੇਲੇ ਦੇ ਸਤਿਗੁਰੂ ਦਾ ਵਿਸ਼ੇਸ਼ਾਧਿਕਾਰ ਵੀ ਹੁੰਦਾ ਹੈ।

ਗੁਰੂ ਹਰੀ ਸਿੰਘ ਜੀ ਦਾ ਜੱਸ ਸੁਣ ਕੇ ਪੰਜਾਬ ਦਾ ਲਾਟ ਲੁਧਿਆਣੇ ਆਇਆ। ਗੁਰੂ ਹਰੀ ਸਿੰਘ ਜੀ ਨੂੰ ਦਰਸ਼ਨਾਂ ਲਈ ਬੁਲਾ ਭੇਜਿਆ। ਆਮ ਲੋਕ ਸੋਚਣ ਲੱਗੇ ਕਿ ਕਿਤੇ ਇਨ੍ਹਾਂ ਨਾਲ ਵੀ ਵੱਡੇ ਭਾਈ ਵਾਲੀ ਪ੍ਰਦੇਸ਼ ਗਮਨ ਵਾਲੀ ਕਾਰ ਨਾ ਵਰਤ ਜਾਵੇ। ਪਰ ਉਸੀ ਵਕਤ ਲਾਟ ਨੇ ਰੁਖ਼ਸਤ ਦੇ ਦਈ। ਦਰਸ਼ਨ ਕਰ ਕੇ ਲਾਟ ਬੜਾ ਪ੍ਰਸੰਨ ਹੋਇਆ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਪੁਲਿਸ ਅਫ਼ਸਰ ਬਾਰ ਬਟਨ ਲੰਗਰ ਦੀ ਉਗਰਾਹੀ ਵਿਚ ਵਿਘਨ ਪਾਉਣ ਲਈ ਗੱਡੇ ਤੁਰਨੋਂ ਵੀ ਰੋਕ ਦਿੰਦਾ ਰਿਹਾ ਕਿ 'ਨਾ ਬਾਹਰੋਂ ਰਸਤ ਆਵੇ ਤੇ ਨਾ ਲੰਗਰ ਚਲੇ ਤੇ ਨਾ ਏਤਨੇ ਸਿੰਘ ਇਕੱਠੇ ਹੋਵਣ।' ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਜਿਉਂ ਹੀ ਲਾਗਲੇ ਪਿੰਡ ਗੁਰੂ ਸਰ (ਲੱਲ੍ਹਾਂ) ਵੀ ਪੁਲਿਸ ਦਾ ਪਹਿਰਾ ਰਹਿੰਦਾ ਸੀ ਕਿ ਇਸ ਗੁਰਦੁਆਰੇ ਵਿਚੋਂ ਵੀ ਕੂਕੇ ਪ੍ਰਸਾਦਾ ਨਾ ਛਕ ਸਕਣ। ਪਰ ਉਥੋਂ ਦਾ ਮਹੰਤ ਭਾਈ ਮਾਘਾ ਸਿੰਘ, ਪੁਲਿਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਸਿੰਘਾਂ ਨੂੰ ਪ੍ਰਸਾਦ ਪਾਣੀ ਪੁਚਾਉਂਦਾ, ਉਹ ਜਿੱਥੇ ਵੀ ਲੁਕੇ ਹੁੰਦੇ। ਗੁਰੂ ਹਰੀ ਸਿੰਘ ਜੀ ਕੁਝ ਸਮੇਂ ਦੀ ਛੁੱਟੀ ਹਾਕਮਾਂ ਤੋਂ ਲੈ ਕੇ ਦੌਰੇ 'ਤੇ ਜਾਂਦੇ। ਭਾਣੇ ਸਾਹਿਬ ਮੁਤਾਬਿਕ ਆਪ ਦੇ ਦਰਸ਼ਨਾਂ ਤੋਂ "ਸਿੰਘਾਂ ਨੂੰ ਮਾਨੋ ਪੂਰਨਮਾਸ਼ੀ ਦਾ ਚੰਦ ਚੜ੍ਹਿਆ ਹੈ। ਸੁੱਕੇ ਜੀਵ ਹਰੇ ਹੋਏ।'"

ਸਤਿਗੁਰੂ ਰਾਮ ਸਿੰਘ ਜੀ ਦੇ ਨਿਰਵਾਸਿਤ ਜੀਵਨ ਦੇ ਇਤਿਹਾਸਕ ਬਚਨਾਂ ਦਾ ਭੰਡਾਰ ਹੈ ਇਹ ਸਤਿਗੁਰੂ ਬਿਲਾਸ। ਅੰਗ੍ਰੇਜ਼ ਅਧਿਕਾਰੀਆਂ ਨਾਲ ਸੁਆਲ ਜੁਆਬ ਸਮੇਂ ਸਤਿਗੁਰੂ ਜੀ ਕਿਸ ਨਿਰਭੈ ਅਵਸਥਾ ਤੇ ਚੜ੍ਹਦੀ ਕਲਾ ਵਿਚ ਹੁੰਦੇ ਸਨ, ਇਹ ਹੇਠਲੇ ਬਚਨਾਂ ਤੋਂ ਸਹਿਜ ਹੀ ਅਨੁਮਾਨ ਲੱਗ ਜਾਂਦਾ ਹੈ:

"ਏਕ ਦਿਨ ਏਕ ਫਰੰਗੀ ਆਇ ਪੁੱਛਿਆ ਤੁਮਾਰੀ ਉਮਰ ਕਿਤਨੀ ਹੈ? ਦੀਨਾ ਨਾਥ ਜੀ ਬਚਨ ਕੀਤਾ ਕੇ ਜਦ ਕੇ ਮਧੁ ਕੈਟਬ (ਪੌਰਾਣਿਕ ਕਾਲ ਵਿਚ ਵਿਸ਼ਨੂੰ ਨਾਲ ਸਬੰਧਿਤ ਦੋ ਦੈਂਤ ਭਾਈ) ਹੋਏ ਹੈਂ। ਫਰੰਗੀ ਨੇ ਨਾਨੂੰ ਸਿੰਘ ਸੇ ਪੁੱਛਿਆ ਕਿ ਮਧੁ ਕੈਟਬ ਕੈਸਾ ਹੁੰਦਾ ਹੈ। ਕਿਹਾ ਕਿ ਉਨ੍ਹਾਂ ਸੇ ਪੁੱਛੋ।

"ਏਕ ਫਰੰਗੀ ਨੇ ਕਿਹਾ ਰਾਜਾ ਰਾਮ ਸਿੰਘ ਰਾਜੀ ਹੈ? ਦੀਨਾ ਨਾਥ ਜੀ ਬਚਨ ਕੀਤਾ ਜੈਸੇ ਅਸੀਂ ਰਾਜੀ ਹੈਂ। ਐਸੇ ਰਾਜੀ ਤੁਮਕੋ ਗੁਰੂ ਨਾਨਕ ਸਾਹਿਬ ਕਰੇਂ। ਤੁਆਡੇ ਦੁਆਲੇ ਭੀ ਸੰਗੀਨਾਂ ਵਾਲੇ ਗੁਰੂ ਲਿਆਵੇ, ਜਿਸ ਤਰ੍ਹਾਂ ਸਾਡੇ ਦੁਆਲੇ ਸੰਗੀਨਾਂ ਵਾਲੇ ਹੈਂ।

"...ਇਕ ਦਿਨ ਚਿੜੀ ਚੁਗਦੀ ਸੀ। ਬਿੱਲੀ ਨੇ ਸਹਿ ਕੇ ਹੋਲੀ ਹੋਲੀ ਨੇੜੇ ਜਾਇਕੇ ਐਸੀ ਝਪਟ ਮਾਰੀ ਚਿੜੀ

Sri Satguru Jagjit Singh Ji eLibrary NamdhariElibrary@gmail.com

ਫੜ ਲਈ। ਦੀਨਾ ਨਾਥ ਜੀ ਬਚਨ ਕੀਤਾ ਇਹੋ ਜੇਹੀ ਮੌਤ ਹੈ ਬਿੱਲਿਆਂ ਕੀ, ਜ਼ਹਿਰ ਕੇ ਮਾਰਦੇ ਹੈ।"[1]

ਰਾਜਨੀਤੀ ਦਾ ਕੋਈ ਗਹਿਰ ਗੰਭੀਰ ਵਿਸ਼ਲੇਸ਼ਕ ਹੀ ਸੰਗਤਾਂ ਪਾਸੋਂ, ਕਿਸੇ ਜਾਤੀ ਵਿਸ਼ੇਸ਼ ਬਾਰੇ, ਅਜਿਹੀਆਂ ਸਾਰਥਕ ਟਿੱਪਣੀਆਂ ਕਰ ਸਕਦਾ ਹੈ। ਇਹ ਸਤਿਗੁਰੂ ਜੀ ਦੀਆਂ ਨਜ਼ਰਾਂ ਸਾਹਮਣੇ ਹੀ ਵਾਪਰਿਆ ਸੀ ਕਿ ਅੰਗ੍ਰੇਜ਼ਾਂ ਨੇ ਸੁਤੰਤਰ ਸਿੱਖ ਰਾਜ ਲਾਹੌਰ ਦਰਬਾਰ ਪ੍ਰਤੀ, ਵਰ੍ਹਿਆਂ ਤੱਕ ਜ਼ਹਿਰ ਮਾਰਨ ਦੀ ਨੀਤੀ ਧਾਰੀ ਰੱਖੀ ਸੀ ਅਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਬਾਅਦ ਲਾਹੌਰ ਦਰਬਾਰ ਵਿਚ ਆਪਣੀਆਂ ਗੋਟੀਆਂ ਫਿੱਟ ਕਰ ਕੇ ਉਸ ਨੂੰ ਅੰਗ੍ਰੇਜ਼ਾਂ ਨਾਲ ਉਲਝਾ ਕੇ, ਕੂਟਨੀਤੀ ਨਾਲ ਜੰਗਾਂ ਵਿਚ ਸਿੱਖਾਂ ਨੂੰ ਭਾਂਜ ਦੇ ਕੇ ਪੰਜਾਬ ਸਾਂਭ ਲਿਆ ਸੀ। ਇਸ ਲਈ ਵਿਦੇਸ਼ੀ ਸਰਕਾਰ ਦੇ ਸੁਭਾਅ ਅਤੇ ਦਾਅ ਪੇਚਾਂ ਬਾਰੇ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਸੁਚੇਤ ਕਰਦੇ ਰਹਿੰਦੇ ਸਨ।

ਹੁਣ ਗੁਰੂ ਦਰਸ਼ਨਾਂ ਲਈ ਪੰਜਾਬ ਤੋਂ ਸਿੱਖਾਂ ਦੀ ਲਾਮਡੋਰੀ ਬੱਝ ਗਈ। ਇਹ ੧੮੭੫ ਈ. ਤੋਂ ੧੮੮੧ ਈ. ਤੱਕ ਦਾ ਸਮਾਂ ਹੈ ਜਿਸ ਵਿਚ ਇਕ ਸੈਂਕੜੇ ਦੇ ਲਗਪਗ ਸਿੰਘ ਸਾਗਰੋਂ ਪਾਰ ਜਾ ਕੇ ਗੁਰੂ ਦਰਸ਼ਨਾਂ ਨਾਲ ਨਿਹਾਲ ਹੋ ਕੇ ਆਏ। ਏਧਰਲੇ ਸੁੱਖ-ਸੁਨੇਹੜੇ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਬਿਰਾਜਣ ਵਾਲੇ ਗੁਰੂ ਹਰੀ ਸਿੰਘ ਜੀ ਅਤੇ ਪੰਜਾਬ ਦੀਆਂ ਹੋਰ ਸੰਗਤਾਂ ਬਾਰੇ ਹੁੰਦੇ। ਉਧਰੋਂ ਸਤਿਗੁਰੂ ਜੀ ਦੇ ਹੁਕਮਨਾਮੇ, ਸੂਮ ਦੇ ਧਨ ਜਿਉਂ ਸਾਂਭ ਸਾਂਭ ਕੇ ਸਿੰਘ ਪੰਜਾਬ ਲੈ ਆਉਂਦੇ। ਹੁਕਮਨਾਮਿਆਂ ਦੇ, ਪੱਤਰਾਂ ਦੇ ਆਦਾਨ ਪ੍ਰਦਾਨ ਦੀ ਤਕਨੀਕ ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ, "ਖਾਲਸੇ ਦਾ ਬਹੀਰ ਪੈ ਚੱਲਿਆ। ਇਕ ਦੋ ਚਾਰ ਆਵੇਂ ਅਤੇ ਦੋ ਚਾਰ ਜਾਵੇਂ। ਪਹਿਲੇ ਸਿੰਘ ਰਾਮਦਾਸਪੁਰੇ ਆਇਕੇ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਕੇ ਜਾਣਾ। ਜੇਤੀ ਕੋਈ ਅਰਦਾਸ ਬਿਵਹਾਰ ਕੀ ਹੋਵੇ ਸੋ ਸਭ ਲਿਖਕੇ ਦਿੰਦੇ ਹੈ। ਚਲੇ ਜਾਣਾ ਜੇੜ੍ਹੇ ਪੈਂਡ੍ਹੇ ਦੱਸੇ ਹੋਏ ਹੋਣੇ, ਓਹਨੀ ਪੈਂਡ੍ਹੀ ਰੰਗੂਨ ਜਾਇ ਰਹਿਣਾ, ਦਰਸ਼ਨ ਕਰਨਾ ਸ੍ਰੀ ਸਤਿਗੁਰੂ ਜੀ ਕਾ। ਹੁਕਮਨਾਮਾ ਲਿਖ ਦੇਣਾ ਸਿੱਖਾਂ ਨੂੰ। ਪਹਿਰੇ ਕੀ ਅੱਖ ਬਚਾਇਕੇ ਚੁੱਕ ਲੇਂਦੇ ਹੈਂ ਸਿੰਘ। ਬਖਸ਼ੀਸ਼ਾਂ ਬਖਸ਼ਦੇ ਹੈਂ, ਬਹੁਤਿਆਂ ਕੋ ਬਰ ਵੀ ਦਿੰਦੇ ਹੈਂ।

"ਜਾਂ ਸਿੰਘ ਜਾਣ ਤਾਂ ਨਾਨੂੰ ਸਿੰਘ ਨੇ ਕਹਿਣਾ ਮੈਂ ਬੋਲਾ ਕਰਾਂਗਾ ਤੂੰ ਤੁਰਦਾ ਤੁਰਦਾ ਈ ਸਮਝ ਲਈਂ। ਜੋ ਸਤਿਗੁਰੂ ਜੀ ਲਿਖ ਦਿੰਦੇ ਹੈਂ ਸੋ ਨਾਨੂੰ ਸਿੰਘ ਸਿੱਖਾਂ ਕੋ ਸੁਣਾਇ ਦਿੰਦਾ ਹੈ। ਸਿੱਖਾਂ ਨੇ ਗਰਦਨ ਭੀ ਸਿੱਧੀ ਰੱਖਣੀ, ਸਿੱਧਾ ਮੂੰਹ ਰੱਖ ਕੇ ਤੁਰੇ ਜਾਣਾ, ਨੇਤਰਾਂ ਸੇ ਦੀਦਾਰ ਹੋਇ ਜਾਣਾ। ਨਾਨੂੰ ਸਿੰਘ ਨੇ ਜੋ ਬਚਨ ਕਰਨਾ, ਸੋ ਤੁਰੇ ਜਾਂਦੇ ਈ ਸਿੱਖਾਂ ਨੇ ਸਮਝ ਲੈਣਾ। ਪੰਜਾਬੀ ਬੋਲੀ ਮੇਂ ਓਹਨਾਂ ਲੋਕਾਂ ਕੋ ਸਮਝ ਨਾ ਸੀ ਪੈਂਦੀ। ਤੁਰੇ ਜਾਂਦਿਆਂ ਸਿੱਖਾਂ ਅਰਦਾਸ ਬਾਹਰੋਂ ਅੰਦਰ ਸੁੱਟ ਦੇਣੀ। ਉੱਤਰ ਲਿਖ ਕੇ ਸਤਿਗੁਰੂ ਜੀ ਬਾਹਰ ਸੁੱਟ ਦੇਣੀ, ਤੁਰੇ ਜਾਂਦੇ ਈ ਸਿੱਖਾਂ ਨੇ ਚੁੱਕ ਲੈਣੀ। ਬੋਲਦੇ ਨਾ ਥੇ। ਲਿਖ ਕੇ ਬਚਨ ਹੁੰਦੇ ਹੈਂ ਦੋਹੀਂ ਪਾਸੀਂ। ਸੰਤਰੀ ਭੀ ਕੋਈ ਕੋਈ ਚੰਗਾ ਹੁੰਦਾ ਗੱਲ ਕਰਵਾਇ ਦੇਂਦਾ ਹੈ। ਦਿਨ ਕੋ ਮਦਰਾਸੀਆਂ ਕਾ ਪੈਹਰਾ ਹੈ, ਰਾਤ ਨੂੰ ਗੋਰਿਆਂ ਕਾ ਪੈਹਰਾ। ਪਦਾਰਥ ਭੀ ਛਕਾਇ ਦੇਂਦੇ ਹੈਂ, ਕਿਸੇ ਕਿਸੇ ਸੰਤਰੀ ਨੂੰ। ਜੋ ਨਵਾਂ ਸਿਪਾਹੀ ਔਂਦਾ ਸੀ ਸੋ ਕਰੜਾਈ ਕਰਦਾ ਸੀ।"[2]

ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਪ੍ਰਦੇਸ ਦੀ ਮਾਰ ਝੱਲਣ ਵਾਲੇ ਕੁਝ ਕੁ ਸਿੱਖਾਂ ਦੇ ਨਾਮ ਨਾਮ ਸਾਨੂੰ ਭਾਈ ਜੀ ਦੇ ਗ੍ਰੰਥ ਵਿਚੋਂ ਇਉਂ ਮਿਲਦੇ ਹਨ: ਭਗਵਾਨ ਸਿੰਘ ਭੋਰਖਾਂ, ਹਰਨਾਮ ਸਿੰਘ ਮੋਰੋਂ, ਨੈਣਾ ਸਿੰਘ ਦਰਿਆਹ, ਨਿਧਾਨ ਸਿੰਘ ਚੋਬਾ, ਭਗਵਾਨ ਸਿੰਘ ਫੱਤੇਵਾਲ, ਹਮੀਰ ਸਿੰਘ ਦੁਰਗਾਪੁਰ, ਚਤੁਰ ਸਿੰਘ ਕੂਪਾਲ ਵਾਲਾ, ਉਸ ਦੀ ਸਿੰਘਣੀ ਮਾਈ ਲਛਮੀ ਕੂਪਾਲ ਵਾਲਾ, ਟਹਿਲ ਸਿੰਘ ਸੇਖਵਾਂ, ਅਰੂੜ ਸਿੰਘ ਮਹਾਰਨ, ਗੁਰਦਿੱਤ ਸਿੰਘ ਬੋਕੇਂ, ਸਰਮੁਖ ਸਿੰਘ ਲੱਲੂ ਵਾਲਾ, ਸਮੁੰਦ ਸਿੰਘ ਖੇਟੇ, ਗੁਰਦਿੱਤ ਸਿੰਘ ਧਰਮਕੋਟ, ਨਰੈਣ ਸਿੰਘ ਰੋੜ, ਲਾਲ ਸਿੰਘ ਗੁਮਟੀ ਵਾਲਾ ਅਤੇ ਉਸ ਦੀ ਸਿੰਘਣੀ ਪ੍ਰਤਾਪ ਕੌਰ, ਕਾਹਨ ਸਿੰਘ ਬੁਰਜ, ਨੱਥਾ ਸਿੰਘ ਗਾਦੜੀ, ਸੌਦਾ ਸਿੰਘ ਅੰਮ੍ਰਿਤਸਰ, ਨਰੈਣ ਸਿੰਘ ਫਲੌਰ, ਜਿਉਣ ਸਿੰਘ ਸਿਰਹਾਲੀ, ਸੁਬੇਗ ਸਿੰਘ ਮਹਰਾਣਾ, ਮੀਹਾਂ ਸਿੰਘ ਸਿਰਹਾਲੀ, ਮੂਲਾ ਸਿੰਘ ਅਤੇ ਕਾਲਾ ਸਿੰਘ ਦੋਵੇਂ ਫੱਤੇਵਾਲ, ਜੁਆਲਾ ਦੇਵੀ ਅੰਮ੍ਰਿਤਸਰ (ਇਹ ਮਾਈ ਕਲਕੱਤੇ ਤੋਂ ਅੱਗੇ ਨਹੀਂ ਗਈ), ਬਘੇਲ ਸਿੰਘ ਨਾਰਲੀ, ਸ਼ਾਮ ਸਿੰਘ ਸਿਰਹਾਲੀ, ਗੁਰਦਿੱਤਾ ਰਾਮ ਰਬਾਬੀ, ਬੂਟਾ ਰਾਮ ਕਲਕੱਤੇ ਵਾਲਾ, ਭਗਵਾਨ ਸਿੰਘ ਮਰਾਣਾ, ਸੁੰਦਰ ਸਿੰਘ

Sri Satguru Jagjit Singh Ji eLibrary NamdhariElibrary@gmail.com

ਚੀਮੇ, ਮਤਾਬ ਸਿੰਘ ਪਕੋਕੀਆ ਅੰਮ੍ਰਿਤਸਰ, ਪੈਨਾ ਸਿੰਘ ਗੁਮਟੀ, ਕਿਰਪਾਲ ਸਿੰਘ ਰਾਗੀ ਭਦੌੜ, ਸੋਭਾ ਸਿੰਘ ਹਰਨਾਮ ਸਿੰਘ ਨਬਾਣਾ, ਹਰਨਾਮ ਸਿੰਘ ਗੁਲਾਬੇ ਦੀ ਮੰਡੀ, ਸੋਣ ਸਿੰਘ ਰੋੜੇ, ਹੀਰਾ ਸਿੰਘ ਸਥੌਰਾ, ਸਾਹਿਬ ਸਿੰਘ ਜੋਹਲਾਂ, ਵਸਾਖਾ ਸਿੰਘ ਭੋਮਾ ਵਡਾਲਾ, ਚੰਦਾ ਸਿੰਘ ਸਕਰੂ ਨੰਗਲ, ਲਾਲ ਸਿੰਘ ਲਤਾਲਾ, ਈਸ਼ਰ ਸਿੰਘ ਚੂੰਨੀ, ਸੁੰਦਰ ਸਿੰਘ ਕਲੇਹਰੀ, ਭਗਵਾਨ ਸਿੰਘ ਵਿਰਕ, ਮਸਤਾਨ ਸਿੰਘ ਰਾਈਆਂ... ਇਤਿਆਦਿਕ।

ਸਤਿਗੁਰੂ ਜੀ ਦਰਸ਼ਨ ਅਭਿਲਾਖੀ ਸਿੱਖਾਂ ਨੂੰ ਕਿਵੇਂ ਚੜ੍ਹਦੀ ਕਲਾ ਵਿਚ ਰੱਖਣ ਦੇ ਬਚਨ ਕਰਦੇ ਸਨ, ਸੁਣੋ ਬਾਹੋਵਾਲ ਜੀ ਤੋਂ "ਸ਼ਾਮ ਸਿੰਘ (ਸਿਰਹਾਲੀ) ਨੇ ਪੁੱਛਿਆ ਜੀ ਕਦ ਆਵੋਗੇ। ਆਸਾਂ ਕਰਦੇ ਕਈ ਸਿੰਘ ਚੜ੍ਹ ਗਏ ਹੈਂ ਕਈ ਟੁੱਟ ਗਏ ਹੈਂ। ਬਾਕੀ ਬ੍ਰਿਧ ਹੋਇ ਗਏ ਹੈਂ। ਦਰਸ਼ਨ ਕਦ ਹੋਊਗਾ? ਦਿਆਲੂ ਗੁਰਾਂ ਨੇ ਬਚਨ ਕੀਤਾ ਜੋੜੇ ਮਰ ਗਏ ਹੈਂ ਸੋ ਸਭ ਮੇਰੇ ਪਾਸ ਆਇ ਗਏ ਹੈਂ। ਜੇਹੜੇ ਟੁੱਟ ਗਏ ਹੈਂ ਜਦ ਅਸੀਂ ਆਵਾਂਗੇ ਪੰਜਾਬ ਦੇਸ ਮੇਂ ਤਾਂ ਸਭ ਜਾਗ ਔਣਗੇ। ਜੈਸੇ ਪਹਿਲੇ ਛੱਲੇ ਕਾ ਮੀਂਹ ਪੈਂਦਾ ਹੈ ਤਾਂ ਡੱਡੂ ਜਾਗ ਔਂਦੇ ਹੈਂ, ਗੁਜ਼ੈਂ ਗੁਜ਼ੈਂ ਕਰਦੇ ਹੈਂ, ਤਿਸੀ ਤਰ੍ਹਾਂ ਟੁੱਟੇ ਜਾਗ ਪੈਣਗੇ। ਜਿਹੜੇ ਬ੍ਰਿਧ ਹੋਇ ਗਏ ਹੈਂ ਓਹਨਾ ਦੇ ਵਾਸਤੇ ਘਿਓ ਰੱਖਿਆ ਹੋਇਆ ਹੈ। ਓਹ ਘਿਓ ਜਿਸ ਨੂੰ ਛਕਾਵਾਂਗੇ ਸੋ ਬਾਰਾਂ ਬਰਸ ਕੇ ਹੋਇ ਜਾਣਗੇ। ਧੌਲਿਆਂ ਥੀਂ ਕਾਲੇ ਹੋਇ ਜਾਣਗੇ।"[10]

ਫਿਰ ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਹਰੀ ਸਿੰਘ ਨੂੰ ਲਿਖ ਕੇ ਭੇਜਿਆ ਕਿ ਸਿੱਖ ਧਨ ਪਦਾਰਥ ਖ਼ਰਚ ਕਰਕੇ, ਬਿਪਤਾ ਝਾਗ ਕੇ ਇਥੇ ਆਉਂਦੇ ਹਨ। ਫਰੰਗੀ ਨਾ ਮਿਲਣ ਦਿੰਦੇ ਹਨ, ਨਾ ਬਚਨ ਕਰਨ ਦਿੰਦੇ ਹਨ, ਨਾ ਅਸੀਂ ਆਏ ਸਿੱਖਾਂ ਦੀ ਜਲ ਪਾਣੀ ਪਰਸ਼ਾਦੇ ਦੀ ਸੇਵਾ ਕਰ ਸਕਦੇ ਹਾਂ। ਇਤਨੀ ਦੂਰੋਂ ਆ ਕੇ ਜਦੋਂ ਸਿੱਖ ਬਿਨਾਂ ਮਿਲਿਆਂ ਵਾਪਸ ਮੁੜਦੇ ਹਨ ਤਾਂ ਵੱਡੀ ਤਕਲੀਫ਼ ਹੁੰਦੀ ਹੈ। ਇਸ ਲਈ ਹੁਣ ਸਿੱਖਾਂ ਨੂੰ ਸਖ਼ਤੀ ਨਾਲ ਰੋਕ ਦਿਓ ਕਿ ਇਧਰ ਨਾ ਆਉਣ। ਜੋ ਖ਼ਰਚਾ ਇਧਰ ਆਉਣ 'ਤੇ ਕਰਨਾ ਹੈ ਉਹ ਗੁਰੂ ਕੇ ਲੰਗਰ ਵਿਚ ਸ੍ਰੀ ਭੈਣੀ ਸਾਹਿਬ ਪਾ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ। "ਦੀਨ ਦਿਆਲ ਜੀ ਲਿਖਿਆ ਜਿਨ੍ਹਾਂ ਨੇ ਹੁਕਮ ਮੰਨਿਆ ਹੈ ਉਹ ਸਦਾ ਹੀ ਮੇਰੇ ਪਾਸ ਹੈਨ ਅਰ ਮੈਂ ਉਨ੍ਹਾਂ ਕੋਲ ਹਾਂ।" ਇਸ ਲਈ ੧੯੯੧ ਈ. ਤੋਂ ਬਾਅਦ ਦਰਸ਼ਨ ਕਰਨ ਆਉਣ ਵਾਲਿਆਂ ਦਾ ਵੇਰਵਾ ਨਹੀਂ ਮਿਲਦਾ ਹੈ।

ਮੀਹਾਂ ਸਿੰਘ ਸਿਰਹਾਲੀ ਕੂਕਾ ਸਰਕਾਰ ਦਾ ਇਕ ਕੂਟਨੀਤਕ ਪੱਤਰ, ਸ਼ੁਰੂ ੧੯੯੧ ਈ. ਵਿਚ ਮਰਗੋਈ ਦੇ ਟਾਪੂ ਵਿਚ ਸਤਿਗੁਰੂ ਜੀ ਨੂੰ ਪੁਚਾਉਣ ਵਿਚ ਵੱਡੀ ਦਲੇਰੀ ਤੇ ਹਿੰਮਤ ਨਾਲ ਸਫਲ ਹੋ ਗਿਆ। ਬਾਅਦ ਵਿਚ ਪਕੜਿਆ ਗਿਆ। "ਫਿਰ ਵੱਡੇ ਫਰੰਗੀ ਕੋਲ ਭੇਜ ਦੀਆ। ਫਰੰਗੀ ਨੇ ਪੁੱਛਿਆ ਤੁਮ ਅੰਦਰ ਗਏ? ਕਹਾ ਕਿ ਹਾਂ ਅੰਦਰ ਗਏ। ਕਹਾ ਕਿ ਤੁਮ ਤੋ ਕਹਿਤੇ ਥੇ ਕਿ ਰਾਜਾ ਸਾਹਿਬ (ਸਤਿਗੁਰੂ ਰਾਮ ਸਿੰਘ ਜੀ) ਕੋਲ ਨਹੀਂ ਜਾਂਦੇ, ਨੌਕਰੀ ਕੋ ਆਏ ਹੈਂ? ਮੀਹਾਂ ਸਿੰਘ ਨੇ ਕਹਾ ਕਿ ਏਸ ਨੌਕਰੀ ਕੋ ਆਏ ਸੇ, ਸੋ ਨੌਕਰੀ ਕਰ ਲਈ ਹੈ। ਪੂਛਾ ਕਿ ਤੁਮ ਕੋਈ ਚਿੱਠੀ ਲਿਆਏ ਹੋ? ਕਹਾ ਕਿ ਹੋਰ ਚਿੱਠੀ ਕੀ ਕਰਨੀ ਹੈ ਮੈਂ ਜੋ ਸਾਢੇ ਤੀਨ ਹੱਥ ਚਿੱਠੀ ਹਾਂ। ਤਾਂ ਹਵਾਲਾਤ ਮੇਂ ਦੁਆਇ ਦੀਆ।"[11]

ਪੌਣੇ ਦਸ ਵਰ੍ਹੇ ਸਤਿਗੁਰੂ ਜੀ ਦੀ ਸੇਵਾ ਵਿਚ ਕੱਟਣ ਬਾਅਦ ਭਾਈ ਨਾਨੂੰ ਸਿੰਘ ਨੂੰ ਮਰਗੋਈ ਟਾਪੂ ਤੋਂ ਵਾਪਸ ਪੰਜਾਬ ਜਾਣ ਦੀ ਛੁੱਟੀ ਦੁਆਉਣ ਲਈ ਸਤਿਗੁਰੂ ਜੀ ਨੇ ਕਈ ਕੌਤਕ ਕੀਤੇ, ਕਈ ਸਾਂਗ ਧਾਰੇ। "ਦੇਸ ਆਏ ਤੋ ਨਾਨੂੰ ਸਿੰਘ ਕੋ ਫਰੰਗੀ ਨੇ ਪੁੱਛਿਆ ਕਿ ਕੀ ਇਨਾਮ ਲੈ ਆਂਦਾ ਹੈ? ਨਾਲ ਜਾਣੇ ਮੇਂ ਕੀ ਹਾਸਲ ਹੋਇਆ ਹੈ? ਭੈਣੀ ਮੇਂ ਨਹੀਂ ਜਾਣਾ। ਨਾ ਕੋਈ ਕੂਕਾ ਤੁਮਾਰੇ ਪਾਸ ਆਵੇ ਨਾ ਤੁਮ ਕਿਸੇ ਕੋਲ ਜਾਓ।"[12]

ਭੈਣੀ ਸਾਹਿਬ ਪੁਲਿਸ ਚੌਕੀ ਵਿਚ ਪਹਿਲਾਂ ਤਾਂ ਇਕ ਕਾਣਾ ਹੌਲਦਾਰ ਕਾਫ਼ੀ ਸਮਾਂ ਰਿਹਾ ਜੋ ਡੇਰੇ ਵਿਚ ਰਹਿਣ ਵਾਲੇ ਤੇ ਆਉਣ ਜਾਣ ਵਾਲੇ ਸਿੱਖਾਂ ਨੂੰ ਬਹੁਤ ਤੰਗ ਕਰਿਆ ਕਰਦਾ ਸੀ। "ਫੇਰ ਗੋਂਦਾ ਸਿਪਾਹੀ ਆਇਆ ਰਾਮਦਾਸਪੁਰੇ ਮੇਂ ਨੌਕਰੀ ਲਵਾਇਕੇ। ਵਾਹਯਾਤ ਬਕਣਾ। ਆਪਣਾ ਬੜਾ ਜੋਰ ਜਣਾਵੇ। ਕਹੇ ਕਿ ਮੇਰੇ ਸਾਮ੍ਹਣੇ ਦੋ ਸਿੰਘ ਆਵਣ ਤਾਂ ਭੀ ਮੈਂ ਕੁਝ ਨਹੀਂ ਜਾਣਦਾ ਹਾਂ। ਦੋ ਦੋ ਨੂੰ ਝੜ੍ਹਕੇ ਮਾਰ ਦੇਵਾਂ। ਸਿੱਖਾਂ ਕੀ ਬੇਅਦਬੀ ਕਰਨੇ ਲੱਗਾ। ਗਾਲ੍ਹਾਂ ਕੱਢਣੀਆਂ, ਇੱਜ਼ਤ ਭੀ ਲਾਹੁਣੀ, ਧੱਕੇ ਭੀ ਦੇਣੇ ਆਏ ਸਿੱਖਾਂ ਨੂੰ। ਬੜਾ ਹੰਕਾਰੀ ਜੀਵ ਸੀ। ਨਾਲੇ ਘੂਰੇ ਨਾਲੇ ਖਾਵੇ।

Sri Satguru Jagjit Singh Ji eLibrary NamdhariElibrary@gmail.com

ਜੇ ਲਿਖਨ ਵੇਲੇ ਤੋਂ ਬਾਅਦ ਸਿਖ ਆਇ ਜਾਵੇ ਧੱਕੇ ਦੇ ਕੇ ਕੱਢ ਦੇਣਾ, ਪਟੜੀ ਸੇ ਬਾਹਰ ਕਰਨਾ।"[13]

ਇਸ ਨੂੰ ਅੰਮ੍ਰਿਤਸਰ ਬੁੱਚੜ ਬੱਧ ਦੇ ਸਾਕੇ ਵਿਚਲੇ ਮਸ਼ਹੂਰ ਭਾਈ ਭਗਵਾਨ ਸਿੰਘ ਉਰਫ਼ ਅੜਬੰਗੀ ਪਿੰਡ ਮਰਹਾਣਾ (ਅੰਮ੍ਰਿਤਸਰ) ਨੇ ਜਨਵਰੀ ੧੮੭੩ ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਆਇਆਂ, ਆਪਣੇ ਖੂੰਡੇ ਦੇ ਵਾਰ ਨਾਲ ਹੀ ਪਾਰ ਬੁਲਾ ਦਿੱਤਾ ਸੀ ਜਦੋਂ ਉਹ ਅੜਬੰਗੀ ਦੇ ਸਿਰ ਤੇ ਰੱਖੇ ੫੦੦ ਰੁਪੈ ਇਨਾਮ ਦੇ ਲਾਲਚ ਵਿਚ ਇਸ ਦਾ ਪਿੱਛਾ ਕਰਦਾ, ਪਹਿਲਾਂ ਭੈਣੀ ਸਾਹਿਬ ਦੀ ਜੂਹ ਲੰਘ ਕੇ, ਕੋਟ ਰੰਗੂ ਰਾਏ ਦੀ ਜੂਹ ਵਿਚ ਤੇ ਫਿਰ ਨੀਲੋਂ ਦੀ ਜੂਹ ਵਿਚ ਪੁੱਜ ਗਿਆ ਸੀ। ਅੜਬੰਗੀ ਬਹੁਤ ਤੀਖਣ ਬੁੱਧੀ ਵਿਅਕਤੀ ਸੀ, ਉਹ ਪਹਿਲਾਂ ਤਾਂ ਗੋਂਦੇ ਨੂੰ ਲਾਲਚ ਵੀ ਦਿੰਦਾ ਰਿਹਾ ਕਦੇ ਰੁਪੈ ਸੁੱਟੇ, ਕਦੇ ਲੋਈ, ਕਦੇ ਪਿੰਨੀਆਂ ਵਾਲਾ ਗੜਵਾ ਕਿ ਮੈਂ ਜਿੰਨਾ ਵੀ ਭੈਣੀ ਸਾਹਿਬ ਦੀ ਜੂਹ ਤੋਂ ਦੂਰ ਜਾ ਕੇ ਇਸ ਦਾ ਸ਼ਿਕਾਰ ਕਰਾਂਗਾ, ਉਤਨਾ ਹੀ ਗੁਰੂ ਹਰੀ ਸਿੰਘ ਜੀ ਤੇ ਡੇਰੇ ਦੀ ਹਦੂਦ ਵਿਚ ਨਜ਼ਰਬੰਦ ਰਹਿਣ ਵਾਲੇ ਸਿੰਘ, ਕਤਲ ਦੀ ਕਨੂੰਨੀ ਕਾਰਵਾਈ ਤੋਂ ਸੁਰੱਖਿਅਤ ਰਹਿਣਗੇ। ਪਹਿਲਾਂ ਤਾਂ ਹੌਲਦਾਰ ਨੇ ਇਹ ਖ਼ਬਰ ਭੇਜੀ ਕਿ ਕੂਕਿਆਂ ਨੇ ਗਾਰਦ ਵੱਢ ਦਿੱਤੀ ਹੈ। ਪਰ ਉਸੇ ਹੌਲਦਾਰ ਨੇ ਗੁਰੂ ਹਰੀ ਸਿੰਘ ਜੀ ਸਮੇਤ ਡੇਰੇ ਦੇ ਸਭ ਸਿੰਘਾਂ ਨੂੰ ਤਬੇਲੇ ਵਿਚ ਬੰਦ ਕਰ ਕੇ ਬਾਹਰੋਂ ਜਿੰਦਰੇ ਲਾ ਦਿੱਤੇ। ਸੋ ਜਦੋਂ ਮੌਕੇ 'ਤੇ ਆ ਕੇ ਵੱਡੇ ਅਫ਼ਸਰ ਬਟਨ ਨੇ ਗੁਰੂ ਹਰੀ ਸਿੰਘ ਜੀ ਨੂੰ ਪੁੱਛਿਆ, "ਖ਼ੂਨ ਕੈਸੇ ਹੋਇਆ ਹੈ" ਤਾਂ ਉਨ੍ਹਾਂ ਦੱਸਿਆ ਕਿ ਅਸੀਂ ਤਾਂ ਜੰਦਰਿਆਂ ਵਿਚ ਸਾਂ ਕੀ ਜਾਣੀਏ। ਬਟਨ ਹੌਲਦਾਰ ਨੂੰ ਝਈਆਂ ਲੈ ਲੈ ਪਵੇ ਕਿ ਤੁਸੀਂ ਸਰਕਾਰ ਦਾ ਹਰਜਾ ਕੀਤਾ ਹੈ। ਸਰਕਾਰ ਚਾਹੁੰਦੀ ਸੀ ਗੁਰੂ ਹਰੀ ਸਿੰਘ ਜੀ ਨੂੰ ਇਸ ਕੇਸ ਵਿਚ ਫਸਾਉਣਾ, ਪਰ ਉਹ ਤੇ ਕਤਲ ਦੀ ਸੋਅ ਸੁਣਦਿਆਂ ਹੀ ਬੰਦ ਕਰ ਦਿੱਤੇ ਗਏ ਸਨ। ਇਸ ਕਤਲ ਤੋਂ ਬਾਅਦ ਵੀ ਕੁਹਾੜੇ ਤੱਕ ਤੋਪਾਂ ਬੀੜੀਆਂ ਗਈਆਂ ਅਤੇ ਫੌਜ ਮੱਕੜੀ ਦਲ ਵਾਂਗੂ ਭੈਣੀ ਸਾਹਿਬ ਪੁੱਜ ਗਈ। ਵੱਡੇ ਅਫ਼ਸਰ ਸ਼ਾਇਦ ਡੀ.ਸੀ. ਲੁਧਿਆਣਾ "ਫਰੰਗੀ ਨੇ ਬਟਨ ਸੇ ਪੂਛਾ। ਬਟਨ ਨੇ ਕਹਾ ਕਿ ਉਡਾਇ ਦੇਣੇ ਚਾਹੀਏ ਹੈਂ। ਫਰੰਗੀ ਨੇ ਬਟਨ ਕੋ ਕਹਾ ਕਿ ਦੇਖੋ ਮਲੇਰਕੋਟਲੇ ਮੇਂ ਜਿਸ ਫਰੰਗੀ ਨੇ ਉਡਾਏ ਥੇ ਉਸ ਕੋ ਉਜਾੜੂ (ਬਰਤਰਫ਼) ਕਰ ਦੀਆ ਥਾ, ਅਬ ਦਰ ਦਰ ਖਰਾਬ ਹੋਤਾ ਫਿਰਤਾ ਹੈ। ਦੋ ਦਿਨ ਕਰਤਾਈ ਰਹੀ। ਤੀਏ ਦਿਨ ਬੰਗ ਫੀਲ (ਜਾਪਦਾ ਹੈ ਇਹ ਕੋਈ ਇਸਾਈ ਮਿਸ਼ਨਰੀ ਸੀ, ਰੱਬ ਦੇ ਭੈਅ ਵਾਲਾ) ਨੇ ਕਿਹਾ ਕਿ ਇਨਕੇ ਜ਼ੁੰਮੇ ਕੀ ਗੁਨਾਹ ਹੈ। ਖ਼ੂਨ ਜੰਗਲ ਮੇਂ ਜਾਇ ਕੇ ਹੋਇਆ ਹੈ ਦੋ ਕੋਸ ਪਰ। ਨਿਮਕ ਹਰਾਮ ਇਨ ਕੋ ਬੰਦ ਕਰਤਾ ਫਿਰਤਾ ਹੈ ਹੌਲਦਾਰ, ਅਰ ਖ਼ੂਨੀ ਕੇ ਮਗਰ ਨਹੀਂ ਗਿਆ। ਪੇਟੀ ਲਾਹ ਦੇਣੀ ਚਾਹੀਦੀ ਹੈ। ਫੇਰ ਬਟਨ ਨੇ ਕਹਾ ਕਿ ਜੇਕਰ ਪੇਟੀ ਅਬ ਲਾਹੇਂਗੇ ਤਾਂ ਕੂਕੇ ਬਿਗੜ ਜਾਏਂਗੇ। ਬਟਨ ਨੇ ਬਹੁਤ ਭਾਧੇ ਘਾਟੇ ਦੀਆਂ ਕਹੀਆਂ।"[14]

ਇਸ ਕਤਲ ਤੋਂ ਬਾਅਦ ਲੰਬੜਦਾਰਾਂ, ਚੌਕੀਦਾਰਾਂ ਨੂੰ ਕਿਹਾ ਗਿਆ ਸੀ ਕਿ ਜਿਥੇ ਜਿਥੇ ਵੀ ਕੂਕਾ ਮਿਲੇ ਭੈਣੀ ਸਾਹਿਬ ਦੇ ਆਲੇ ਦੁਆਲੇ ਦੇ ਪਿੰਡਾਂ ਵਿਚ ਉਸ ਨੂੰ ਫੜ ਕੇ ਲੈ ਆਵੇ। ਲੇਖਕ ਭਾਈ ਸੰਤੋਖ ਸਿੰਘ ਨੂੰ ਵੀ ਗੁਆਂਢੀ ਪਿੰਡ ਤੱਖਰਾਂ ਦੇ ਚੌਕੀਦਾਰ ਨੇ ਫੜ ਕੇ ਤਬੇਲੇ ਵਿਚ ਇਕੱਠੇ ਕੀਤੇ ਸਿੰਘਾਂ ਪਾਸ ਪੁਚਾ ਦਿੱਤਾ। 'ਬੰਗ ਫੀਲ' ਫਰੰਗੀ ਦੇ ਕਹਿਣ 'ਤੇ ਗੁਰੂ ਹਰੀ ਸਿੰਘ ਜੀ ਅਤੇ ਸਾਰੇ ਸਿੰਘ ਛੱਡ ਦਿੱਤੇ ਗਏ। ਸਿੰਘਾਂ ਨੇ ਮਹਿਸੂਸ ਕੀਤਾ ਕਿ ਗੋਂਦੇ ਦੇ ਕਤਲ ਵਾਲੀ ਜਿਹੜੀ ਹਨੇਰੀ ਆਈ ਸੀ ਉਹ ਲੰਘ ਗਈ ਹੈ ਅਤੇ ਹੁਣ ਜੋ ਭੈ ਥਾ ਸੋ ਚੁੱਕਿਆ ਹੈ।" ਬਾਅਦ ਵਿਚ ਅੜਬੰਗ ਸਿੰਘ ਇਸ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਸੈਸ਼ਨ ਜੱਜ ਲੁਧਿਆਣਾ ਨੇ ਸਬੂਤਾਂ ਦੇ ਅਭਾਵ ਵਿਚ ਉਸ ਨੂੰ ਬਰੀ ਕਰ ਦਿੱਤਾ ਸੀ। ਪਰ ਅੜਬੰਗੀ ਦੇ ਮੁਕੱਦਮੇ ਦਾ ਵੇਰਵਾ ਭਾਈ ਜੀ ਦੀ ਰਚਨਾ ਵਿਚੋਂ ਨਹੀਂ ਮਿਲਦਾ।

ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਹੱਥ ਕਰਤਾ ਭਾਈ ਸੰਤੋਖ ਸਿੰਘ ਜੀ ਨੇ ਲਾਹੌਰ ਕਮਿਸ਼ਨਰ ਦੇ ਬੂਹੇ ਅੱਗੇ ਜਾ ਕੇ ਦਿਨੇ ਹੀ ਮਸ਼ਾਲ ਬਾਲ ਦਿੱਤੀ। "ਸਭ ਕਚਹਿਰੀ ਬਾਹਰ ਨਿਕਲ ਆਈ। ਪੁੱਛਣੇ ਲਗੀ ਤੁਮ ਨੇ ਕਿਉਂ ਮਸ਼ਾਲ ਬਾਲੀ ਹੈ? ਕਹਾ ਕਿ ਤੁਸੀਂ ਅਦਾਲਤ ਨਹੀਂ ਕਰਦੇ ਹੋ। ਦਿਨ ਨੂੰ ਅੰਧੇਰ ਪੈ ਗਿਆ ਹੈ। ਅੰਨ੍ਹਿਆਂ ਨੂੰ ਚਾਨਣ ਕੀਤਾ ਹੈ। ਹੋਰ ਤਾਂ ਰਾਤ ਕੋ ਅੰਨ੍ਹੇ ਹੈਂ ਅਦਾਲਤੀ ਦਿਨ ਕੋ ਅੰਨ੍ਹੇ ਹੈਂ। ਉਨ੍ਹਾਂ ਨੇ ਪੁੱਛਿਆ ਕਿਉਂ ਅੰਨ੍ਹੇ ਹੋ? ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋ ਫੜ ਕੇ ਲੈ ਗਏ ਹੈਂ। ਕੀ ਗੁਨਾਹ ਕੀਤਾ ਸੀ? ਜਿਨ੍ਹਾਂ ਸਿੰਘਾਂ ਨੇ ਹਮਲਾ ਕੀਤਾ ਸੀ ਸੋ

Sri Satguru Jagjit Singh Ji eLibrary NamdhariElibrary@gmail.com

ਉਡਾਇ ਦੀਏ ਥੇ। ਸਤਿਗੁਰੂ ਜੀ ਪਹਿਲੋਂ ਇਤਲਾਹ ਦਿੱਤੀ ਸੀ ਕਿ ਸਿਖ ਸਾਥੋਂ ਬੇਬੱਸ ਹੈਂ। ਸਰਕਾਰ ਨੇ ਨਾ ਬੰਦੋਬਸਤ ਕੀਤਾ। ਸਤਿਗੁਰੂ ਜੀ ਬੇਗੁਨਾਹਿਆਂ ਕੋ ਫੜ ਕੇ ਲੈ ਗਏ ਹੈਂ। ਫਰ ਹੋਰ ਏਤਨੀਆਂ ਅਰਜੀਆਂ ਦਿੱਤੀਆਂ ਹੈ ਕੋਈ ਉੱਤਰ ਨਹੀਂ ਦਿੰਦੇ ਹੋ ਕਿ ਕਿੱਥੇ ਹਨ। ਨਾ ਦੀਦਾਰ ਕਰਨ ਦਿੰਦੇ ਹੋ, ਨਾ ਚਿੱਠੀ ਭੇਜਣ ਦਿੰਦੇ ਹੋ। ਸਤਿਗੁਰੂ ਜੀ ਤੇ ਸੂਬਿਆਂ ਕੋ ਕੇਹੜੀ ਅਦਾਲਤ ਨਾਲ ਫੜਕੇ ਲੇ ਗਏ ਹੋ। ਏਸ ਬਾਰਤਾ ਕਾ ਉੱਤਰ ਦਿਓ। ਏਸ ਵਾਸਤੇ ਅੰਨੇ ਅਦਾਲਤੀਆਂ ਕੋ ਚਾਨਣ ਕੀਤਾ ਹੈ। ਅਦਾਲਤ ਨਹੀਂ ਰਹੀ ਹੈ। ਅੰਧੇਰ ਪੈ ਗਿਆ ਹੈ ਦਿਨ ਕੋ।"[11]

ਸਰਕਾਰੀ ਅਧਿਕਾਰੀਆਂ ਨੂੰ ਭਾਈ ਸੰਤੋਖ ਸਿਘ ਨੇ ਆਪਣੇ ਬੁੱਧ ਬਲ ਨਾਲ ਵਾਹਵਾ ਠਿੱਠ ਕੀਤਾ ਅਤੇ ਸਾਬਤ ਕੀਤਾ ਕਿ ਕੂਕੇ ਸਿਘ, ਸਰਕਾਰੀ ਦਮਨ ਚੱਕਰ ਵਿਚ ਲਿਫੇ ਨਹੀਂ, ਸਗੋਂ ਸ਼ੇਰ ਬਣ ਕੇ ਦੁਸ਼ਮਣ ਦੀਆਂ ਅਦਾਲਤਾਂ ਮੂਹਰੇ ਬੁੱਕਦੇ ਰਹੇ ਹਨ। ਇਸ ਤਰ੍ਹਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਰਕਾਰ ਪ੍ਰਸਤ ਮਹੰਤਾਂ ਪੁਜਾਰੀਆਂ ਦਾ ਪਾਜ ਉਧੇੜਨ ਲਈ ਵੀ ਮਸ਼ਾਲ ਬਾਲੀ ਕਿ ਤੁਸੀਂ ਸਾਰੇ ਰਲ ਮਿਲ ਕੇ ਸਤਿਗੁਰੂ ਜੀ ਖਿਲਾਫ਼ ਕਰਤੂਤਾਂ ਕਰ ਰਹੇ ਹੋ। ਜਦੋਂ ਲੁਧਿਆਣੇ ਮਸ਼ਾਲ ਬਾਲੀ ਤਾਂ ਨਾਸ਼ਕਰੀਏ ਮੁਕਬਰ ਨੇ ਫੜਾ ਦਿੱਤਾ। ਤੀਜੇ ਦਿਨ ਬਾਰਬਟਨ ਸਾਹਵੇਂ ਪੇਸ਼ ਕੀਤੇ। ਉਹ ਵੀ ਸਰਕਾਰ ਸਾਹਵੇਂ ਬੋਲ ਦੀ ਭਾਈ ਜੀ ਦੀ ਦਲੇਰੀ ਤੋਂ ਪ੍ਰਭਾਵਿਤ ਹੋਇਆ। "ਬਟਨ ਨੇ ਕਿਹਾ ਕਿ ਤੁਮ ਗੁਰੂ ਹਰੀ ਸਿਘ ਕਿਉਂ ਕਹਿਦੇ ਹੋ, ਉਸਕਾ ਨਾਮ ਤੋ ਬੁੱਧ ਸਿਘ ਹੈ। ਸੰਤੋਖ ਸਿਘ ਕਹਾ ਬ੍ਰਿਛ ਕਾ ਬੂਟਾ ਸੁੱਕਾ ਤੇ ਪਾਣੀ ਪਾਏ ਤੇ ਹਰਾ ਹੋਇ ਜਾਂਦਾ ਹੈ। ਇਸੀ ਤਰ੍ਹਾਂ ਸਤਿਗੁਰੂ ਰਾਮ ਸਿਘ ਜੀ ਕੇ ਜਾਣੇ ਸੇ ਸੰਗਤ ਸੁੱਕ ਗਈ ਸੀ। ਇਸ ਮੂਰਤੀ ਦਾ ਦਰਸ਼ਨ ਕਰਕੇ ਦਿਲ ਹਰਾ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ, ਇਸ ਦਾ ਨਾਮ ਹਰੀ ਸਿਘ ਹੈ, ਮੇਰਾ ਰੂਪ ਕਰਕੇ ਜਾਨਣਾ। ਇਸੀ ਕਰਕੇ ਗੁਰੂ ਹਰੀ ਸਿਘ ਜੀ ਕਹਿਦੇ ਹੈ ਸਿਖ।"[14]

ਭਾਈ ਸੰਤੋਖ ਸਿਘ ਨੇ ਪੁਲਿਸ ਚੌਕੀ ਦੇ ਕਰਮਚਾਰੀਆਂ ਨੂੰ, ਇਕ ਦਿਨ ਡੇਰੇ ਵਿਚੋਂ ਪ੍ਰਸ਼ਾਦਾ ਲੈਣ ਤੋਂ ਵਰਜਿਆ। ਉਹ ਡੇਰੇ ਵਿਚ ਪੱਕੀ ਤੌਰ 'ਤੇ ਰਹਿਣ ਵਾਲਿਆਂ ਦੀ ਲਿਸਟ ਵਿਚ ਸ਼ਾਮਿਲ ਨਹੀਂ ਸੀ। ਪੁਲਿਸ ਚੌਕੀ ਨੂੰ ਮੁਆ ਮਿਆ ਕੇ ਲਿਹਾਜ ਨਾਲ ਰਹਿਣ ਵਾਲੇ ਸਿੰਘਾਂ ਵਿਚੋਂ ਸੀ। ਉਹ ਹੌਲਦਾਰ ਨਾਲ ਉਲਝ ਗਿਆ। ਉਸ ਦੀ ਦਾਹੜੀ ਪੁੱਟ ਦਿੱਤੀ। ਕਿਉਂਕਿ ਪਹਿਲਾਂ ਉਹਨੇ ਸੰਤੋਖ ਸਿਘ ਦੇ ਦਾਹੜੇ ਨੂੰ ਹੱਥ ਪਾਇਆ ਸੀ। ਜੇ ਬਾਬਾ ਦਰਬਾਰਾ ਸਿਘ ਵਿਚੋਂ ਨਾ ਛੁਡਾਉਂਦਾ ਤਾਂ ਲੇਖਕ ਦੋ ਪੁਲਸੀਆਂ ਦੀਆਂ ਗਰਦਨਾਂ ਫੜ ਕੇ ਟਕਰਾ ਕੇ ਉਨ੍ਹਾਂ ਨੂੰ ਪਾਰ ਬੁਲਾ ਸਕਦਾ ਸੀ। ਇਸ ਜੁਰਮ ਵਿਚ ਉਹਨੂੰ ਛੇ ਮਹੀਨੇ ਲੁਧਿਆਣੇ ਕੈਦ ਕੱਟਣੀ ਪਈ। ਕੈਦ ਕੱਟਣ ਬਾਅਦ ਰੈਬੀਤ ਹੋ ਕੇ ਘਰ ਜਾਂ ਹੋਰ ਕਿਸੇ ਪਾਸੇ ਨਹੀਂ ਗਿਆ ਸਿੱਧਾ ਡੇਰੇ ਭੈਣੀ ਸਾਹਿਬ ਆਇਆ। 'ਗਊ, ਭੈਸਾਂ, ਘੋੜਿਆਂ ਦਾ ਝਾੜੂ ਕਰਨੇ ਲੱਗਾ ਨਾਲੇ ਪੁੱਛ-ਪੁੱਛ ਕੇ ਸਾਖੀਆਂ ਲਿਖਣੇ ਲੱਗਾ ਬਾਰਮੇਂ ਗੁਰੂ ਕੀਆਂ।'

ਸੁਤੰਤਰਤਾ ਸੰਗਰਾਮ ਦੀ ਜੁਆਲਾ ਵੀ ਪਰਚੰਡ ਹੋ ਰਹੀ ਸੀ। ਲਾਹੌਰ ਦਾ ਅੰਤਿਮ ਸਿੱਖ ਮਹਾਰਾਜਾ ਦਲੀਪ ਸਿਘ ਰੂਸ ਪੁੱਜ ਗਿਆ ਸੀ। 'ਕਾਬਲ ਵਾਲੇ ਨੇ ਸਿਘਾਂ ਨੂੰ ਕਹਿ ਭੇਜਿਆ ਤੁਸੀਂ ਨਾ ਲੜੋ ਅਟਕੋਂ ਪਾਰ ਰੂਸੀਂ ਤੇ ਉਰਾਰ ਅਸੀਂ। ਤੁਸੀਂ ਸਾਹਮਣੇ ਨਾ ਆਵੋ ਤਾਂ ਅਸੀਂ ਫਰੰਗੀਆਂ ਨੂੰ ਚੁਣ ਚੁਣ ਲੈਂਦੇ ਹਾਂ।" ਅੰਗ੍ਰੇਜ਼ ਅਧੀਨ ਸਿੱਖ ਫੌਜ ਵੀ ਦਲੀਪ ਸਿਘ ਦੇ ਆਉਣ 'ਤੇ ਆਕੀ ਹੋ ਸਕਦੀ ਸੀ। ਪੰਜਾਬ ਦੇ ਲਾਟ ਦੇ ਕਹਿਣ 'ਤੇ ਸਰਕਾਰ ਦਾ ਇਕ ਸਕੱਤਰ ਦਲੀਪ ਸਿਘ ਬਾਰੇ ਪੁੱਛ-ਗਿੱਛ ਕਰਨ ਗੁਰੂ ਹਰੀ ਸਿਘ ਪਾਸ ਭੈਣੀ ਸਾਹਿਬ ਵੀ ਆਇਆ। ਪਹਿਲਾਂ ਸਤਿਗੁਰਾਂ ਨੂੰ ਉਸ ਲੁਧਿਆਣੇ ਸੱਦ ਭੇਜਿਆ ਸੀ।

ਮਾਈਸਰ ਖ਼ਾਨੇ ਦੀ ਬੀਬੀ ਅਤਰ ਕੌਰ ਸੀ। ਜਦੋਂ ਸਤਿਗੁਰੂ ਰਾਮ ਸਿਘ ਜੀ ਦੇ ਮਹਿਲ ਮਾਤਾ ਜੱਸਾਂ ਹੁਕਮ ਸੱਤ ਹੋ ਗਏ ਤਾਂ ਨਾਮਧਾਰੀ ਸਿਘਾਂ, ਵਿਸ਼ੇਸ਼ ਕਰਕੇ ਸੂਬਾ ਗਿਆਨੀ ਸਿਘ ਜੀ ਦੀ ਰੁਚੀ ਸੀ ਕਿ ਇਸ ਬੀਬੀ ਨਾਲ ਜੋ ਆਯੂ ਵਿਚ ਸਤਿਗੁਰੂ ਜੀ ਤੋਂ ੩੦-੩੫ ਵਰ੍ਹੇ ਛੋਟੀ ਸੀ, ਆਪ ਜੀ ਦਾ ਅਨੰਦ ਪੜ੍ਹਾ ਦਿੱਤਾ ਜਾਵੇ। ਪਰ ਸਤਿਗੁਰੂ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਹੁਣ ਅਨੰਦ ਦਾ ਨਹੀਂ ਭਜਨ ਬਾਣੀ ਦਾ ਸਮਾਂ ਹੈ। ਛੇਤੀ ਹੀ ਸਤਿਗੁਰੂ ਜੀ ਪ੍ਰਦੇਸ ਗਮਨ ਕਰ ਗਏ। ਅਤਰ ਕੌਰ ਆਪਣੇ ਮਨ ਵਿਚ ਇਸ ਅਨੰਦ ਦੀਆਂ ਕਿਆਸਅਰਾਈਆਂ ਕਰਦੀ ਰਹੀ ਅਤੇ ਆਪਣੇ

Sri Satguru Jagjit Singh Ji eLibrary NamdhariElibrary@gmail.com

ਆਪ ਨੂੰ ਸਤਿਗੁਰੂ ਜੀ ਦੀ ਮੰਗੇਤਰ ਦੱਸ ਕੇ ਕਹਿੰਦੀ ਰਹੀ ਕਿ ਪ੍ਰਦੇਸ ਤੋਂ ਆ ਕੇ ਉਹ ਮੇਰੇ ਨਾਲ ਅਨੰਦ ਪੜ੍ਹਾ ਲੈਣਗੇ। ਇਸ ਕਾਰਨ ਨਾਮਧਾਰੀ ਜਗਤ ਵਿਚ ਉਹ ਮਾਈ ਅਤਰੀ ਦੇ ਤੌਰ 'ਤੇ ਪ੍ਰਸਿੱਧ ਤੇ ਪ੍ਰਤਿਸ਼ਠ ਹੋ ਗਈ। ਸਤਿਗੁਰੂ ਜੀ ਨੇ ਹੁਕਮਨਾਮਿਆਂ ਵਿਚ ਬਾਰ ਬਾਰ ਲਿਖਿਆ ਕਿ ਉਮਰ ਦੇ ਫ਼ਰਕ ਕਾਰਨ, ਸਮਾਜਿਕ ਬਣਤਰ ਦੇ ਫ਼ਰਕ ਕਾਰਨ ਅਤੇ ਅੰਗ੍ਰੇਜ਼ ਸਰਕਾਰ ਦੇ ਉਨ੍ਹਾਂ ਨੂੰ ਨਿਰੰਤਰ ਬੰਦੀ ਜੀਵਨ ਵਿਚ ਰੱਖਣ ਦੇ ਹਠ ਕਾਰਨ ਇਹ ਵਿਆਹ ਕਿਵੇਂ ਵੀ ਹੋਣ ਦੇ ਜੋਗ ਨਹੀਂ। ਇਸ ਨੂੰ ਭੁੱਲ ਜਾਵੇ। ਪਰ ਅਤਰੀ ਇਹ ਗੱਲ ਭੁੱਲ ਨਾ ਸਕੀ। ਫਿਰ ਸਤਿਗੁਰੂ ਜੀ ਨੇ ਅਤਰੀ ਦੇ ਮਾਪਿਆਂ ਨੂੰ, ਚਾਚੇ ਮਨੀ ਸਿੰਘ ਦੇ ਨਾਂ ਹੁਕਮਨਾਮੇ ਵਿਚ, ਇਕ ਨਹੀਂ ਅਨੇਕ ਹੁਕਮਨਾਮਿਆਂ ਵਿਚ, ਬਾਰ ਬਾਰ ਤਾਕੀਦ ਕੀਤੀ ਕਿ ਇਹ ਤਾਂ ਕਮਲੀ ਹੈ, ਤੁਸੀਂ ਸਿਆਣੇ ਹੋ, ਕੋਈ ਸਿੱਖਾਂ ਦਾ ਲੜਕਾ ਵੇਖ ਕੇ ਅਨੰਦ ਪੜ੍ਹਾ ਦਿਓ। ਮੇਰੇ ਵਾਲੀ ਮ੍ਰਿਗ ਤ੍ਰਿਸ਼ਨਾ ਵਿਚੋਂ ਇਸ ਨੂੰ ਕੁਝ ਵੀ ਹਾਸਲ ਨਹੀਂ ਹੋਣਾ। ਫਿਰ ਇਹ ਵੀ ਕਿਹਾ ਕਿ ਜੇ ਅਨੰਦ ਵਾਲੀ ਗੱਲ ਨਹੀਂ ਕਰਨੀ ਤਾਂ ਭਜਨ ਬਾਣੀ ਵਿਚ ਲੀਨ ਹੋ ਕੇ ਸਾਤਵਿਕ ਜੀਵਨ ਬਿਤਾਵੇ। ਦੇਵੀ ਰੂਪ ਹੋ ਜਾਏਗੀ। ਪ੍ਰੰਤੂ ਅਤਰੀ ਦੇ ਚਰਿੱਤਰ ਵਿਚੋਂ ਰਾਜਸੀ ਸੁਭਾਉ ਵੀ ਪ੍ਰਗਟ ਹੁੰਦਾ ਸੀ। ਉਹ 'ਡਾਰਾਂ ਬੰਨ੍ਹ ਕੇ' ਭੈਣੀ ਸਾਹਿਬ ਤੱਕ ਜਾਂਦੀ ਸੀ। ਆਪਣਾ ਡੇਰਾ ਮਾਈਸਰ ਖਾਨੇ ਵਿਚ ਚਲਾਉਂਦੀ ਸੀ ਤੇ ਸਾਰੇ ਪੰਜਾਬ ਵਿਚ ਨਾਮਧਾਰੀ ਸਿੰਘ ਜਿਥੇ ਜਿਥੇ ਸਨ ਦੌਰੇ ਕਰਦੀ ਤੇ ਪੂਜਾ ਮਾਨਤਾ ਵੀ ਕਰਵਾਉਂਦੀ ਸੀ। ਸਤਿਗੁਰੂ ਜੀ ਇਸ ਗੱਲ ਤੇ ਵੀ ਨਾਰਾਜ਼ ਸਨ ਕਿ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਇਕ ਹੀ ਪੰਥ-ਪਤੀ ਹੋ ਸਕਦਾ ਸੀ ਤੇ ਉਹ ਗੁਰੂ ਹਰੀ ਸਿੰਘ ਸਨ। ਅਤਰੀ ਦੀਆਂ ਰਾਜਨੀਤਿਕ ਬ੍ਰਿਟਿਸ਼ ਸਰਕਾਰ ਵਿਰੋਧੀ ਸਰਗਰਮੀਆਂ ਤੋਂ ਚਿੜ ਕੇ ਤੇ ਇਹ ਗੱਲ ਭਾਂਪ ਕੇ ਕੂਕਿਆਂ ਦੇ ਉਸ ਦੁਆਲੇ ਜੁੜਨ ਦੀਆਂ ਵੀ ਸੰਭਾਵਨਾਵਾਂ ਸਨ, ਅਤਰੀ ਨੂੰ ਭੈਣੀ ਸਾਹਿਬ ਦਰਸ਼ਨਾਂ ਲਈ ਆਉਣ ਸਮੇਂ ਲਾਟੋ ਦੀ ਢੱਕੀ ਵਿਚੋਂ ਗ੍ਰਿਫ਼ਤਾਰ ਵੀ ਕੀਤਾ ਗਿਆ। ਕਿਉਂਕਿ ਉਹ ਰਿਆਸਤ ਪਟਿਆਲਾ ਦੀ ਨਾਗਰਿਕ ਸੀ, ਇਸ ਲਈ ਉਸ ਨੂੰ ਬਹਾਦਰਗੜ੍ਹ ਦੇ ਕਿਲੇ ਵਿਚ ਤਿੰਨ ਵਰ੍ਹੇ ਕੈਦ ਰੱਖਿਆ ਗਿਆ। "ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ। ਸਿੰਘ ਆਂਦੇ ਜਾਂਦੇ ਰਹੇ। ਜਦ ਹਾਕਮ ਨੇ ਪੁੱਛਣਾ ਤੂੰ ਕਿੱਥੇ ਰਹਿਣੇ ਮੇਂ ਰਾਜ਼ੀ ਹੈਂ, ਆਖਣਾ ਕਿ ਮੈਂ ਭੈਣੀ ਸਾਹਿਬ ਰਹਾਂਗੀ, ਮੇਰਾ ਘਰ ਹੈ। ਬਹਾਦਰਗੜ੍ਹ ਤੀਨ ਬਰਸ ਰਹੀ। ਤਾਂ ਬਾਬਾ ਖੁਸ਼ਾਲ ਸਿੰਘ ਗਿਆ ਪਟਿਆਲੇ ਮੇਂ। ਨਾਲ ਮਾਈ ਜਿਊਣ ਕੌਰ ਮਾਈ ਵੱਤੋ ਕੌਰ ਹੈ। ਗੰਡਾ ਸਿੰਘ ਬਖਸ਼ੀ ਨੇ ਰਿਹਾਇ ਕਰਵਾਇ ਦਿੱਤੀ। ਕਹਾ ਕਿ ਜਹਾਂ ਤੁਮਾਰੀ ਰਜ਼ਾ ਹੈ ਰਹਾਂ ਰਹੋ। ਫੇਰ ਘਾਨੇ ਨੂੰ ਗਈ। ਸੱਤ ਦਿਨ ਰਹਿ ਕੇ ਰਾਮਦਾਸ ਪੁਰੇ ਸਾਹਿਬ ਮੇਂ ਆਈ। ਨਾਲ ਮਾਈ ਵੱਤੋ ਕੌਰ ਤੇ ਜਿਊਣ ਕੌਰ। ਕੋਈ ਕੁ ਦਿਨ ਰਹਿ ਕੇ ਮੁੜ ਗਈਆਂ ਬਰਾੜ ਨੂੰ।"

ਸਤਿਗੁਰੂ ਜੀ ਆਪਣੇ ਹੁਕਮਨਾਮਿਆਂ ਦੁਆਰਾ ਗੁਰੂ ਹਰੀ ਸਿੰਘ ਜੀ ਨੂੰ ਵੀ ਤਾੜਨਾ ਕਰਦੇ ਰਹਿੰਦੇ ਸਨ ਕਿ ਕਿਸੇ ਦੇ ਕਹੇ ਕਹਾਏ ਤੇ ਅਤਰੀ ਗਲ ਨਾ ਪਾ ਲਈਂ। ਅਤਰੀ ਨੇ ਭੈਣੀ ਸਾਹਿਬ ਕਿਆਮ ਤੋਂ ਬਾਅਦ ਆਪਣੀ ਸੇਵਾ ਲਈ ਡੇਰਾ ਸ੍ਰੀ ਭੈਣੀ ਸਾਹਿਬ ਵਿਖੇ ਮਾਈ ਜਿਊਣ ਕੌਰ ਦੇ ਰਹਿਣ ਦੀ ਇਜਾਜ਼ਤ ਵੀ ਸਰਕਾਰ ਤੋਂ ਹਾਸਲ ਕਰ ਲਈ। ਸਰਕਾਰ ਪਹਿਲਾਂ ਤਾਂ ਟਾਲਾ ਕਰਦੀ ਰਹੀ ਕਿ ਪ੍ਰਸਿੱਧ ਨਾਮਧਾਰੀ ਸੂਬੇ ਖੁਸ਼ਹਾਲ ਸਿੰਘ ਦੀ ਸਪੁੱਤਰੀ ਦਾ ਡੇਰੇ ਵਿਚ ਨਿਵਾਸ ਉਨ੍ਹਾਂ ਦੇ ਰਾਜ ਦੀ ਸਲਾਮਤੀ ਲਈ ਸ਼ੁਭ ਸ਼ਗਨ ਨਹੀਂ ਹੋਵੇਗਾ। ਪਰ ਬਾਅਦ ਵਿਚ ਅਤਰੀ ਦੇ ਹਠ ਅੱਗੇ ਸਰਕਾਰ ਨੂੰ ਝੁਕਣਾ ਪਿਆ। ਡੇਰੇ ਦੀ ਪ੍ਰਬੰਧ ਵਿਵਸਥਾ ਨੂੰ ਸੁਧਾਰਨ ਲਈ ਗੁਰੂ ਹਰੀ ਸਿੰਘ ਜੀ ਨੇ ਕਾਨ ਸਿੰਘ ਰੋੜਿਆਂ ਵਾਲੇ ਦੀ ਜਗ੍ਹਾ ਮਾਈ ਅਤਰੀ ਨੂੰ ਮੁੱਖ ਪ੍ਰਬੰਧਕ ਨਿਯੁਕਤ ਕੀਤਾ ਅਤੇ ਉਸ ਨੇ ਡੇਰੇ ਦੇ ਪ੍ਰਬੰਧ ਨੂੰ ਠੀਕ ਲੀਹਾਂ 'ਤੇ ਪਾ ਕੇ, ਫ਼ਾਲਤੂ ਖ਼ਰਚ ਸਭ ਹਟਾਏ ਅਤੇ ਸਾਰਿਆਂ ਤੋਂ ਸਮਰੱਥਾ ਮੁਤਾਬਿਕ ਕੰਮ ਲੈ ਕੇ ਆਪਣੀ ਪ੍ਰਬੰਧਕੀ ਯੋਗਤਾ ਨੂੰ ਸਿੱਧ ਕੀਤਾ। "ਜਿਹੜਾ ਬਚਨ ਮੰਨੇ ਉਸ ਪਰ ਰਾਜ਼ੀ ਜਿਹੜਾ ਬਚਨ ਨਾ ਮੰਨੇ ਉਸ ਪਰ ਨਾਰਾਜ਼। ਗੁਰੂ ਹਰੀ ਸਿੰਘ ਜੀ ਕਾ ਤੇ ਮਾਈ ਜਿਊਣ ਕੌਰ ਦਾ ਅਰਦਾਸਾ ਕਰ ਦੀਆ। ਮਹਾਰਾਜ ਪ੍ਰਤਾਪ ਸਿੰਘ ਜੀ ਆਇ ਨਿਵਾਸ ਲੀਆ ਦਸ ਮਹੀਨੇ ਪਾਛੇ ਪ੍ਰਕਾਸ਼ ਕੀਤਾ।

"ਸੰਮਤ ੧੯੪੬ ਮੇ ਚੇਤ ਵਦੀ ਤੀਜ ਤਿੱਥ ਸੀ। ਦਿਨ ਐਤਵਾਰ ਥਾ (੯ ਮਾਰਚ ੧੮੯੦ ਈ.) ਦਿਨ ਕਾ ਛਪਾ ਥਾ। ਕਣੀਆਂ ਵੀ ਉਸ ਵਕਤ ਵਰ੍ਹੀਆਂ ਮਾਨੋ ਦੇਵਤੇ ਦਰਸ਼ਨ ਕੋ ਆਏ ਹੈਂ। ਸਿੰਘਾਂ ਨੇ ਜੈਕਾਰਾ ਬੁਲਾਇਆ।

Sri Satguru Jagjit Singh Ji eLibrary NamdhariElibrary@gmail.com

ਵਧੀ ਵੇਲਿ ਬਹੁ ਪੀੜੀ ਚਾਲੀ। ਧਰਮ ਕਲਾ ਹਰਿ ਬੰਧ ਬਹਾਲੀ॥

"ਗੁਰੂ ਮਹਾਰਾਜ ਜੀ ਬੀਮਾਰ ਥੇ, ਉਠ ਕੇ ਕੁਰਸੀ ਪਰ ਬੈਠ ਗਏ। ਗੁੜ ਪ੍ਰਸ਼ਾਦ ਵਰਤਣ ਲੱਗਾ ਅਤੇ ਗਰੀਬ ਲੋਕ ਹਰਾ ਘਾਓ ਲਿਆਇ ਕੇ ਅੱਗੇ ਧਰਨ ਅਤੇ ਮੱਥਾ ਟੇਕਣ ਤੇ ਵਧਾਈਆਂ ਦੇਣ... ਅਗਲੇ ਦਿਨ ਸਿਖਾਂ ਨੇ ਵੀ ਦੀਦਾਰ ਕੀਤਾ। ਬੜੇ ਪ੍ਰਸੰਨ ਹੋਏ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਬੜੇ ਬਲੀ ਤੇ ਪਰਤਾਪ ਵਾਲੇ ਹੋਨ।

"ਦਰਵੱਜੇ ਪਰ ਭੀ ਨਰਮਾਈ ਹੋਈ ਦਿਨੋ ਦਿਨ ਕਿਉਂਕਿ ਬੜੇ ਪਰਤਾਪ ਵਾਲੇ ਜਨਮੇ ਹੈਂ। ਸੋ ਐਸਾ ਪਰਤਾਪ ਫੈਲਿਆ ਗਾਰਦ ਕੀ ਜੋ ਕਰੜਾਈ ਕੀਤੀ ਹੋਈ ਸੀ ਸਭ ਦੂਰ ਹੋਈ। ਫੇਰ ਦਿਨੋ ਦਿਨ ਨਰਮਾਈ ਹੁੰਦੀ ਗਈ, ਕਰੜਾਈ ਨਹੀਂ ਹੋਈ ਨਿੰਦਕ ਭੀ ਸਭ ਦੂਰ ਹੋਇ ਗਏ।"[18]

ਇਉਂ ਅਸੀ ਵੇਖਦੇ ਹਾਂ ਕਿ "ਸਤਿਗੁਰੂ ਬਿਲਾਸ" ਗ੍ਰੰਥ ਵਿਚ ਨਾਮਧਾਰੀ ਗੁਰੂ ਸਾਹਿਬਾਨ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਸਬੰਧਿਤ ਜੀਵਨ ਸਮਾਚਾਰਾਂ ਦਾ ਵੇਰਵਾ ਮਿਲਦਾ ਹੈ। ਭਾਗ ਦੂਜੇ ਦੀ ਮਹੱਤਤਾ ਇਸ ਲਈ ਵਧ ਜਾਂਦੀ ਹੈ ਕਿ ੧੮੯੨ ਈ. ਤੋਂ ੧੯੦੬ ਈ. ਤੱਕ ਵਾਪਰੀਆਂ ਘਟਨਾਵਾਂ ਦਾ ਤਾਂ ਸਾਡਾ ਲੇਖਕ ਪ੍ਰਤੱਖ ਦਰਸ਼ੀ ਹੈ।

੧੯੪੯ ਬਿਕ੍ਰਮੀ ਮੁਤਾਬਿਕ ੧੮੯੨ ਈ. ਵਿਚ ਆਪਣੇ ਦੋਹਤੇ ਦੀ ਸ਼ਾਦੀ ਲਈ ਗੁਰੂ ਹਰੀ ਸਿੰਘ ਜੀ ਨੂੰ ਪੰਦਰਾਂ ਦਿਨਾ ਦੀ ਛੁੱਟੀ ਮਨਜ਼ੂਰ ਹੋਈ। ਅੰਮ੍ਰਿਤਸਰ ਅਤੇ ਤਰਨ ਤਾਰਨ ਦਾ ਗੁਰੂ ਜੀ ਨੇ ਦੌਰਾ ਕੀਤਾ। ਭਾਈ ਸੰਤੋਖ ਸਿੰਘ ਗੁਰੂ ਸੰਗਤਾਂ ਦੇ ਪ੍ਰਸਪਰ ਦਰਸ਼ਨ ਨੂੰ ਆਪਣੀ ਅਨੂੰਠੀ ਅਲੰਕਾਰਿਕ ਸ਼ੈਲੀ ਵਿਚ ਇਉਂ ਚਿਤਰਦੇ ਹਨ: 'ਗੁਰੂ ਹਰੀ ਸਿੰਘ ਜੀ ਅੰਮ੍ਰਿਤਸਰ ਜੀ ਆਇ ਦਰਸ਼ਨ ਦੀਆ। ਅੱਗੇ ਸਭ ਸਿੰਘ ਖੜ੍ਹੇ ਉਡੀਕਦੇ ਸੀ ਦੂਜੀ ਚੰਦ ਕੀ ਮਾਨਿੰਦ। ਚਕੋਰ ਦੀ ਤਰ੍ਹਾਂ ਸਿੰਘ ਪ੍ਰਸੰਨ ਹੋਏ। ਸ਼ਬਦ ਹੁੰਦੇ ਆਏ ਧਰਮਸਾਲਾ ਮੇਂ। ਸਭ ਸਿੰਘ ਸੁਣ ਸੁਣ ਕੇ ਔਣੇ ਲੱਗੇ।

"ਗੁਰੂ ਜੀ ਕਾ ਦਰਸ਼ਨ ਮਾਨੋ ਔੜ ਮੇਂ ਬਾਰਿਸ਼ ਹੋਈ ਹੈ (ਸਾਡਾ ਲੇਖਕ ਪੰਜਾਬੀ ਕਿੱਸਾ ਕਾਵਿ ਦਾ ਡਾਢਾ ਜਾਣੂ ਜਾਪਦਾ ਹੈ। "ਵਾਰਿਸ ਸ਼ਾਹ ਕਿਰਸਾਨ ਜਿਉਂ ਹੋਣ ਰਾਜ਼ੀ, ਮੀਂਹ ਔੜ ਦੇ ਸਮੇਂ ਵਿਚ ਵੱਸਿਆ ਈ") ਪਿਛਲੇ ਪਹਿਰ ਕਾ ਦੀਵਾਨ ਲੱਗਾ ਤਾਂ ਲੋਕ ਦਰਸ਼ਨ ਨੂੰ ਆਏ। ਕਹਿਣ ਸ੍ਰੀ ਸਤਿਗੁਰੂ ਜੀ ਕੇ ਭਾਈ ਹੈਂ। ਮਾਨੋਂ ਚੰਦਰਮਾ ਕੋ ਪ੍ਰਵਾਰ ਲੱਗਾ ਹੈ। ਫਰੰਗੀ ਨੇ ਕਹਾ ਕਿ ਹਮਕੋ ਸੂਤਰ (ਸਿਖਾਂ ਦਾ ਮਸਤਾਨੇ ਹੋਣਾ) ਸੇ ਡਰ ਆਉਂਦਾ ਹੈ। ਬਚਨ ਕੀਤਾ ਕਿ ਸੂਤਰ ਨਾ ਨਿਕਲੂਗਾ।"[19]

ਗੁਰੂ ਹਰੀ ਸਿੰਘ ਜੀ ਪ੍ਰਤੀ ਨਾਮਧਾਰੀ ਸੰਗਤਾਂ ਦੇ ਵਧਦੇ ਆਕ੍ਰਸ਼ਨ ਤੋਂ ਭੈਭੀਤ ਹੋ ਕੇ ਬ੍ਰਿਟਿਸ਼ ਸਰਕਾਰ ਦੇ ਹਾਕਮ ਆਪ ਨੂੰ ਦੀਵਾਲੀ ਬੀਤਣ ਤੋਂ ਬਾਅਦ, ਅੰਮ੍ਰਿਤਸਰ ਜਾਣ ਦੀ ਅਤੇ ਮਾਘੀ ਲੰਘਣ ਤੋਂ ਬਾਅਦ ਮੁਕਤਸਰ ਜਾਣ ਦੀ ਇਜਾਜ਼ਤ ਦਿਆ ਕਰਦੇ ਸਨ। ਲੇਖਕ ਭਾਈ ਸੰਤੋਖ ਸਿੰਘ ਵੀ ਇਨ੍ਹਾਂ ਦੌਰਿਆਂ ਸਮੇਂ ਹਾਜ਼ਰ ਰਹਿੰਦਾ ਸੀ। ਕਿਤੇ ਕਵੀਸ਼ਰੀ ਦਾ ਦੀਵਾਨ ਲਾਉਂਦਾ ਕਿਤੇ ਅਖੰਡ ਪਾਠ ਕਰਦਾ ਅਤੇ ਕਿਤੇ ਅਨੰਦ ਕਾਰਜਾਂ ਸਮੇਂ ਗ੍ਰੰਥ ਸਾਹਿਬ ਜੀ ਵਿਚੋਂ ਲਾਵਾਂ ਦਾ ਪਾਠ ਕਰਦਾ। ਕਦੇ ਹਵਨ ਕਰਦਾ। ਇਸੇ ਲਈ ਇਕ ਇਕ ਪੜਾਅ ਦਾ ਪਿੰਡ ਵਾਰ ਵਰਣਨ, ਕਿਹੜੇ ਸਿੱਖਾਂ ਵੱਲ ਦੌਰਾ ਗਿਆ, ਸਭ ਦਰਜ ਹੈ।

ਅੱਗੇ ਇਹ ਵੀ ਜ਼ਿਕਰ ਹੈ ਕਿ ਭਾਈ ਸੰਤੋਖ ਸਿੰਘ ਲੋਹ ਤੇ ਪ੍ਰਸ਼ਾਦੇ ਵੀ ਪਕਾਉਂਦਾ ਸੀ। ਲੰਗਰ ਲਈ ਬਾਲਣ ਵੀ ਲਿਆਉਂਦਾ ਸੀ।

ਇਕ ਪ੍ਰੇਮ ਸਿੰਘ ਨਾਮੀ ਸਿੰਘ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਉਗਰਾਹੀ ਕਰਨ ਮਾਲਵੇ ਵਿਚ ਗਿਆ ਸੀ। ਉਸ ਨੂੰ ਤਿੰਨ ਸਿੰਘ ਸੱਦ ਕੇ ਲੈ ਗਏ ਕਿ ਮਾਈ ਅਤਰੀ ਸੱਦਦੀ ਹੈ। ਫਿਰ ਉਸ ਸਿੰਘ ਦੀ ਕਿਤਿਓਂ ਵੀ ਉੱਘ ਸੁੱਘ ਨਾ ਨਿਕਲੀ। ਗੁਰੂ ਹਰੀ ਸਿੰਘ ਜੀ ਨੇ ਉਸ ਦੇ ਕਤਲ ਦਾ ਖੁਰਾ ਖੋਜ ਲੱਭਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ। ਸ਼ੱਕ ਦੀ ਸੂਈ ਮਾਈ ਅਤਰੀ ਵੱਲ ਹੀ ਜਾਂਦੀ ਸੀ। ਇਸ ਘਟਨਾ ਬਾਰੇ ਜਾਣ ਕੇ ਸਿੰਘਾਂ ਦੀ ਸ਼ਰਧਾ ਅਤਰੀ ਤੇ ਹਟ ਗਈ ਕਿ ਮਾਂ ਕਾਸ ਦੀ ਹੋਈ ਜੋ ਖ਼ੂਨ ਕਰਾਉਂਦੀ ਹੈ, ਡੈਣ ਹੈ।' ਇਸ ਕਤਲ ਦੀ ਪੁੱਛ ਗਿੱਛ ਕਾਰਨ ਮਾਈ ਅਤਰੀ ਮੁਕਤਸਰ ਦੇ ਦੌਰੇ

Sri Satguru Jagjit Singh Ji eLibrary NamdhariElibrary@gmail.com

'ਤੇ ਗਿਆਂ ਗੁਰੂ ਹਰੀ ਸਿੰਘ ਜੀ ਨੂੰ ਵੀ ਵੱਧ ਘੱਟ ਬੋਲਦੀ ਰਹੀ।

ਜਦੋਂ ਨਵੀਆਂ ਬਾਰਾਂ ਆਬਾਦ ਹੋ ਰਹੀਆਂ ਸਨ ਤਾਂ 'ਜਿਲ੍ਹੇ ਵਾਲਾ ਫਰੰਗੀ' ਗੁਰੂ ਹਰੀ ਸਿੰਘ ਜੀ ਨੂੰ ਭੈਣੀ ਸਾਹਿਬ ਆ ਕੇ ਕਹਿਣ ਲੱਗਾ 'ਨਵੀਆਂ ਜ਼ਮੀਨਾਂ ਨਿਕਲੀਆਂ ਹਨ ਤੁਮ ਮੁਰੱਬੇ ਜ਼ਮੀਨ ਕੇ ਲਵੋ। ਗੁਰੂ ਮਹਾਰਾਜ ਜੀ ਬਚਨ ਕੀਤਾ ਅਸੀਂ ਨਹੀਂ ਲੈਣੇ ਹੈਂ। ਜ਼ੈਲਦਾਰਾਂ ਨੂੰ, ਨੰਬਰਦਾਰਾਂ ਨੂੰ ਵੀ ਕਹੋ ਕਿ ਤੁਮ ਜ਼ਮੀਨਾਂ ਲਵੋ। ਲੁਧਿਹਾਣੇ ਮੇਂ ਅਰਜ਼ੀ ਦੇਵੇ ਜਿਸ ਲੈਣੀ ਹੋ।' ਪਰ ਨਾਮਧਾਰੀ ਸਿੰਘ ਤਾਂ ਆਪਣੇ ਬਾਈਕਾਟ ਤੇ ਕਾਇਮ ਸਨ। ੧੯੫੬ ਬਿਕ੍ਰਮੀ ਦੇ ਕਾਲ ਸਮੇਂ ਗਰੀਬ ਲੋਕਾਂ ਦੀ ਅੰਨ ਜਲ, ਨੀਰੇ ਪੱਠੇ ਨਾਲ ਸੇਵਾ ਕਰਨ ਤੋਂ ਕਾਇਲ ਹੋ ਕੇ ਵੀ, ਫਿਰ ਅੰਗ੍ਰੇਜ਼ਾਂ ਨੇ ਗੁਰੂ ਜੀ ਨੂੰ ੫੨ ਮੁਰੱਬੇ ਜ਼ਮੀਨ ਲੰਗਰ ਲਈ ਲੈ ਲੈਣ ਦੀ ਪੇਸ਼ਕਸ਼ ਕੀਤੀ ਸੀ ਜੋ ਆਪ ਨੇ ਪ੍ਰਵਾਨ ਨਾ ਕੀਤੀ।' ਸਗੋਂ ਉਸ ਤੇ ਚੋਟ ਵੀ ਕੀਤੀ ਕਿ ਜੇ ਦੇ ਸਕਦਾ ਹੈਂ ਤਾਂ ਵਲੈਤ ਵਿਚ ਦੇ।

ਰੋਜ਼ਾਨਾ ਗੁਰੂ ਹਰੀ ਸਿੰਘ ਤਿੰਨ ਵੇਰ ਇਸ਼ਨਾਨ ਕਰਦੇ ਸਨ। ਪ੍ਰਸ਼ਾਦਾ ਔਠੀਂ ਪਹਿਰੀਂ ਛਕਦੇ ਸਨ ਅਤੇ ਘੋੜੀ ਦੀ ਸਵਾਰੀ ੧੦੦ ਮੀਲ ਤੱਕ ਕਰ ਲੈਂਦੇ ਸਨ। ਸੁਭਾਉ ਧੀਰਜ ਖਿਮਾਂ ਅਤੇ ਸਹਿਨਸ਼ੀਲਤਾ ਵਾਲਾ ਸੀ। ਨਿਮਰਤਾ ਦੇ ਆਪ ਪੁੰਜ ਸਨ। ਜਦੋਂ ਇਕ ਮਸਤਾਨੇ ਨੇ ਆਪ ਨੂੰ 'ਜੋਤ ਕਾ ਜਾਮਾ' ਆਖ ਕੇ ਸੰਬੋਧਿਤ ਕੀਤਾ ਤਾਂ ਫੁਰਮਾਇਆ 'ਜੋਤ ਕਾ ਜਾਮਾ ਤਾਂ ਨਹੀਂ ਹਾਂ ਵਾਲੇ ਭੰਗਣ ਵਾਲਾ ਲੁਹਾਰ ਹਾਂ। ਮਸਤਾਨੇ ਨੇ ਕਿਹਾ ਆਪ ਨੇ ਚੰਗਾ ਬਚਨ ਕੀਤਾ ਹੈ। ਸਾਡੇ ਮਨ ਜੋ ਵਾਲਾਂ ਕੀ ਤਰ੍ਹਾਂ ਵਿੰਗੇ ਹੋਏ ਹੈਂ ਓਨਾ ਕੋ ਚੋੜ ਕੇ ਸਿੱਧੇ ਕਰਦੇ ਹੋ। ਬਚਨ ਹੋਇਆ ਕੁਛ ਤਾਂ ਭੰਗੇ ਹੈਂ। ਹੌਲੀ ਹੌਲੀ ਸਭ ਭੰਗੇ ਜਾਣਗੇ।[੬੦]

ਸੁੱਧ ਸਿੰਘ ਬਰਾਲੀ ਨੇ ਡੇਰੇ ਦੀ ਮੁਖਤਿਆਰ ਗੁਰਦੇਈ ਦੀ ਸ਼ਿਕਾਇਤ ਕੀਤੀ ਕਿ ਉਸਨੇ 'ਸੈਂਕੜੇ ਸਿੰਘ ਨਾਸ਼ਕਰ ਕਰ ਦਿੱਤੇ ਹੈਂ। ਗੁਰੂ ਕਾ ਘਰ ਜਾਣਕੇ ਸਭ ਨੇ ਸੁਆਲ ਪਾਵਣਾ ਹੈ। ਇਸ ਨੇ ਥੋੜੀ ਚੀਜ਼ ਤੇ ਭੀ ਜਵਾਬ ਦੇ ਦੇਣਾ। ਗੁਰਦੇਈ ਤੁਸਾਂ ਖਾਲਸੇ ਦੀ ਬਰਤਾਵੀ ਲਾਇ ਛੱਡੀ ਹੈ। ਖਾਲਸਾ ਗੁਰੂ ਕਾ ਭੈ ਕਰਕੇ ਵਿੱਚੇ ਵਿੱਚ ਚੁਪ ਕਰ ਰਹਿੰਦਾ ਹੈ। ਏਹ ਕੁੰਜੀਆਂ ਜੇ ਦੇਣੀਆਂ ਹੈਨ ਤਾਂ ਮਾਈ ਜਿਊਣ ਕੌਰ ਨੂੰ ਦੇਵੋ ਜਿਨ੍ਹਾਂ ਨੂੰ ਸਾਰੇ ਖਾਲਸੇ ਦੀ ਸਾਰ ਹੈ।

"ਮਾਤਾ ਜੀਊਣ ਕੌਰ ਪਾਸ ਖਜ਼ਾਨੇ ਕੀਆਂ ਕੁੰਜੀਆਂ ਆਈਆਂ ਸੰਮਤ ੧੯੫੬ ਜੇਠ ਬਦੀ ਦਸਮੀ (ਮੁਤਾਬਿਕ ੧ ਅਗਸਤ ੧੮੯੯ ਈ.) ਕੋ। ਘਰ ਕੀ ਬਸਤ ਘਰ ਮੇਂ ਆਈ। ਸਰਬ ਖਾਲਸਾ ਸੁਣਕੇ ਖੁਸ਼ੀ ਹੋਇਆ ਕਿ ਮਾਲਵਾਂ ਕੋਲ ਕੁੰਜੀਆਂ ਆਈਆਂ ਹੈਂ, ਸਭ ਕੀ ਖਬਰ ਰੱਖਣਗੇ। ਬਾਬਾ ਕੁਸ਼ਾਲ ਸਿੰਘ ਕੇ ਘਰ ਕੁਝ ਪ੍ਰਵਾਹ ਨਹੀਂ ਸੀ। ਉਥੇ ਦੀਆਂ ਕੁੰਜੀਆਂ ਭੀ ਵੱਡੇ ਮਾਈ ਜੀ ਦੇ ਅਖਤਿਆਰ ਸਨ, ਭਾਵੇਂ ਕਿਸੇ ਬਰਤਨ ਕਦੇ ਕਿਸੇ ਨਾ ਸੀ ਪੁੱਛਿਆ।'[੬੧] ਮਾਤਾ ਜੀ ਦੀ ਉਦਾਰਤਾ ਪੇਕਿਆਂ ਵੱਲੋਂ ਵੀ ਸੀ।

ਗੁਰੂ ਹਰੀ ਸਿੰਘ ਜੀ ਸਰਕਾਰੇ ਦਰਬਾਰੇ ਅਰਜ਼ੀਆਂ ਪੰਜਾਬੀ ਭਾਸ਼ਾ ਗੁਰਮੁਖੀ ਲਿੱਪੀ ਵਿਚ ਭਿਜਵਾ ਦਿੰਦੇ ਸਨ ਭਾਵੇਂ ਜੁਆਬ ਅੰਗ੍ਰੇਜ਼ੀ, ਫ਼ਾਰਸੀ ਜਾਂ ਉਰਦੂ ਵਿਚ ਲਿਖਕੇ ਦੇਣ ਦਾ ਆ ਜਾਂਦਾ ਸੀ। ਇਹ ਉਹਨਾਂ ਦਾ ਆਪਣੀ ਬੋਲੀ, ਭਾਸ਼ਾ, ਲਿੱਪੀ ਪ੍ਰਤੀ ਪ੍ਰੇਮ ਹੀ ਤਾਂ ਸੀ। ਗੁਰੂ ਹਰੀ ਸਿੰਘ ਜੀ ਕਿਹਾ ਕਰਦੇ ਸਨ ਕਿ ਲੜਕੀ ਮਾਰਨ ਵਾਲੇ ਨਾਲੋਂ ਲੜਕੀ ਵੇਚਣ ਵਾਲਾ ਚੰਗਾ ਹੈ। ਭਾਵੇਂ ਇਸਦਾ ਮਤਲਬ ਇਹ ਨਹੀਂ ਸੀ ਕਿ ਉਹ ਲੜਕੀਆਂ ਵੇਚਣ ਦੇ ਹਾਮੀ ਸਨ। ਅੱਜ ਦੇ ਕੰਨਿਆ ਭਰੂਣ ਹੱਤਿਆ ਦੇ ਸਿਲਸਿਲੇ ਵਿਚ ਉਹਨਾਂ ਦੀ ਇਹ ਸਿੱਖਿਆ ਬੜੀ ਸਟੀਕ ਹੈ। "ਨੰਗਲ ਵਾਲਾ ਕਾਲ੍ਹਾ ਸਿੰਘ ਜਿਸ ਨੇ ਬਾਰਾਂ ਮਾਹ ਬਣਾਇਆ ਸੀ ਦਰਜੀ ਸਿੰਘ ਸੀ। ਤਿਸਨੇ ਆਪਣੀ ਧੀ ਦੇ ਕੇ ਵੱਟੇ ਪਰ ਭਰਾ ਬਿਆਹ ਲੀਆ ਰਾਮਦਾਸ ਪੁਰੇ ਜਾਹਿਰ ਆਇਆ। ਗੁਰੂ ਜੀ ਵਚਨ ਕੀਤਾ ਬੜੀ ਮਾੜੀ ਕੀਤੀ। ਨਾਲੇ ਉਹ ਕੁੜੀਮਾਰ ਹੋਨ ਨਾਲੋਂ ਤੇਨੇ ਵੱਟਾ ਕੀਤਾ। ਭਾਈ ਕੀ ਜਗਾ ਦਿੱਤੀ। ਮਨ ਕੀ ਮੌਜ ਕੀਤੀ। ਤਨਖਾਹੀਆ ਹੋਇਆ। ਪਾਂਚ ਰੁਪਈਏ ਤੇ ਗ੍ਰੰਥ ਸਾਹਿਬ ਜੀ ਕਾ ਭੋਗ ਤਨਖਾਹ ਲਾਈ।[੬੨] ਸਤਿਗੁਰੂ ਜੀ ਵਾਲੀ ਮਰਿਆਦਾ ਆਪ ਨੇ ਕਾਇਮ ਰੱਖੀ।

ਨਾਮਧਾਰੀਆ ਵਿਚ ਕਿਰਤ ਸੱਭਿਆਚਾਰ ਨੂੰ ਵਿਸ਼ੇਸ਼ ਪ੍ਰਮੁੱਖਤਾ ਦਿੱਤੀ ਜਾਂਦੀ ਰਹੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਬੀਬੀ ਨੰਦਾ ਦੇ ਪੁੱਤਰਾਂ, ਆਪਣੇ ਸਕੇ ਦੋਹਤਰਿਆਂ ਨੂੰ ਵੀ ਡੇਰੇ ਵਿਚ ਵਿਹਲੇ ਨਾ ਰਹਿਣ ਦਾ ਹੁਕਮਨਾਮਾ,

Sri Satguru Jagjit Singh Ji eLibrary NamdhariElibrary@gmail.com

ਬੀਬੀ ਨੂੰ ਭੇਜਿਆ ਸੀ। ਗੁਰੂ ਹਰੀ ਸਿੰਘ ਜੀ ਕਿਨੇ ਸਬਰ ਜਾਨ ਮਿਹਨਤੀ ਸਨ ਅਤੇ ਸੰਗਤ ਦੀ ਗੁਰੂ ਘਰ ਦੀ ਟਹਿਲ ਸੇਵਾ ਕਰਨ ਵਾਲਿਆਂ ਨੂੰ, ਕਿਵੇਂ ਖ਼ੁਸ਼ੀਆਂ ਬਖਸ਼ਿਆ ਕਰਦੇ ਸਨ, ਪੜ੍ਹੋ ਬਾਹੋਵਾਲ ਜੀ ਦੇ ਸ਼ਬਦਾਂ ਵਿਚ: "ਦੀਨ ਦਿਆਲ ਜੀ ਬਚਨ ਕੀਤਾ ਭਾਈ ਸਾਨੂੰ ਲੋਕ ਛੱਟਣ ਦੇ ਦਾਣੇ ਦਿੰਦੇ ਸੇ ਲੁਹਾਰ ਜਾਣਕੇ। ਦੇਖੋ ਗੁਰੂ ਜੀ ਕਾ ਪ੍ਰਤਾਪ ਕਿਤਨਾ ਕੁ ਹੋਇਆ ਹੈ। ਮੈਂ ਜਦ ਕੰਮ ਕਰਦਾ ਸੀ ਤਾਂ ਪੰਜਾਂ ਸਰੀਰਾਂ ਕਾ ਕੰਮ ਸੀ, ਮੈਂ ਇਕੱਲਾ ਹੀ ਕਰਦਾ ਸੀ। ਥਕੇਵਾਂ ਨਾ ਸੀ ਹੁੰਦਾ। ਸ੍ਰੀ ਸਤਿਗੁਰੂ ਜੀ (ਸਤਿਗੁਰੂ ਰਾਮ ਸਿੰਘ) ਕੀ ਥੋੜਾ ਚਿਰ ਖੇਤੀ ਕੀਤੀ। ਸਤਿਗੁਰਾਂ ਦੇ ਹੱਥਾਂ ਪਰ ਬਿਆਈਆਂ ਪਾਟਈਆਂ। ਜੇੜ੍ਹੇ ਕੰਮ ਨੂੰ ਲੱਗਦੇ ਸੇ ਕੰਮ ਅੱਗੇ ਉਡਿਆ ਫਿਰਦਾ ਸੀ। ਹੁਣ ਦੇ ਜੁਆਨ ਲੁਕੇ ਫਿਰਦੇ ਹੈਂ ਟਹਿਲੋ ਥੀਂ। ਟਹਿਲਾ ਕਿਸੇ ਵੇਲੇ ਹੱਥ ਨਹੀਂ ਔਂਦਾ ਹੈ। ਟਹਿਲਾ ਕਰਨ ਵਾਲਿਆਂ ਕੋ ਬੇਅੰਤ ਸੁਖ ਹੋਣਗੇ। ਜੇੜ੍ਹੇ ਸਿੰਘ ਟਹਿਲੋ ਥੀਂ ਮੂੰਹ ਮੋੜਦੇ ਹੈਂ ਸੋ ਚਲੇ ਜਾਓ।[੬੭]

੧੯੦੩ ਈ. ਦਾ ਹੋਲਾ ਬਾਰ ਵਾਲੇ ਗਿੱਲਾਂ ਵਿਚ ਅਤੇ ੧੯੦੪ ਈ. ਦਾ ਗੁਰੂ ਚੱਕ (ਸਿਆਲਕੋਟ) ੧੯੦੫ ਈ. ਦਾ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ। ਨੱਥਾ ਸਿੰਘ ਗਾਦੜੀ ਵਾਲੇ ਨੇ ੧੯੩੪ ਬਿਕ੍ਰਮੀ ਵਿਚ ਅੰਗ੍ਰੇਜ਼ਾਂ ਦੀ ਲਾਮ ਵਾਸਤੇ ਘੋੜੇ ਖਰੀਦੇ ਸਨ। ਗੁਰੂ ਹਰੀ ਸਿੰਘ ਜੀ ਨੇ ਕਹਿ ਭੇਜਿਆ ਸੀ ਜੋ ਲਾਮ ਲਈ ਘੋੜੇ ਖਰੀਦੇਗਾ ਸੋ ਤਨਖਾਹੀਆ ਹੈ। ਉਸ ਤੁਰੰਤ ੧੫੦੦ ਰੁਪਏ ਤਨਖਾਹ ਵੀ ਤਾਰੀ ਅਤੇ ਘੋੜੇ ਲਿਆ ਕੇ ਸ੍ਰੀ ਭੈਣੀ ਸਾਹਿਬ ਭੇਟਾ ਕਰ ਦਿੱਤੇ। ਗੁਰੂ ਹਰੀ ਸਿੰਘ ਸਮੇਂ ਨਾਮਧਾਰੀ ਸਿੱਖਾਂ ਦਾ ਬਰਤਾਨਵੀ ਸਰਕਾਰ ਨਾਲ ਅਸਹਿਯੋਗ ਪੂਰੇ ਜੋਬਨ 'ਤੇ ਰਿਹਾ।

ਫਤੇਹ ਸਿੰਘ ਫਲਟੋਹਾ ਪਿੰਡ ਦਾ ਬਲਵਾਨ ਵੀ ਗੁਰੂ ਹਰੀ ਸਿੰਘ ਜੀ ਦਾ ਸ਼ਰਧਾਵਾਨ ਸਿੱਖ ਸੀ। ਬਹੁਤ ਬਲੀ ਸੀ। ਪਹਿਲਾਂ ਫੌਜ ਵਿਚ ਸੀ। ਗੋਰਿਆਂ ਨਾਲ ਲੜਾਈ ਹੋ ਪਈ। ੪੦੦ ਗੋਰਾ ਕੁੱਟਿਆ। ਫੇਰ ਇਕ ਵੇਰ ਭੌਰੀਆਂ ਵਾਲੀ ਤੋਪ ਮੋਢੇ ਤੇ ਚੁੱਕੀ। ਠਰੂ ਦਾ ਭਾਈ ਜਿਊਣ ਸਿੰਘ ਉਹਨਾਂ ਦੇ ਜੋੜ ਦਾ ਬਲਵਾਨ ਸੀ। ਕਿੱਕਰ ਸਿੰਘ ਰੁਸਤਮੇ ਹਿੰਦ ਵੀ ਇਹਨਾਂ ਦੋਹਾਂ ਦੇ ਚਰਨ ਛੂੰਹਦਾ ਸੀ। ਗੁਰੂ ਹਰੀ ਸਿੰਘ ਜੀ ਦਾ ਹੁਕਮ ਮੰਨ ਕੇ ਫਤੇਹ ਸਿੰਘ ਨੇ ਆਪਣੀ ਸਿੱਖਣੀ ਦਾ ਬਚਨ ਕਦੇ ਨਾ ਮੋੜਿਆ।

ਭਾਈ ਸੰਤੋਖ ਸਿੰਘ ਦੇ ਲਿੱਖੇ ਲਿੱਖੇ ਪਰਸੰਗ ਵੱਡੇ ਅਰਥ ਰੱਖਦੇ ਹਨ। ਗੁਰੂ ਹਰੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦਾ ਕਿਵੇਂ ਸਤਿਕਾਰ ਕਰ ਕੇ ਉਹਨਾਂ ਦਾ ਘਰ ਸਾਂਭ ਰਹੇ ਹਨ ਇਹ ਵਾਰਤਾ ਜ਼ਿਕਰਯੋਗ ਹੈ: "ਅਤਰ ਸਿੰਘ ਕੇ ਬੈਠੇ ਏਕ ਸਿੰਘ ਨੇ ੫੦੦ ਰੁਪਯਾ ਆਇ ਮੱਥਾ ਟੇਕਿਆ। ਗਿਣ ਕੇ ਲੈ ਲਏ ਅਤਰ ਸਿੰਘ ਕਹਾ ਕਿ ਜੀ ਸ੍ਰੀ ਸਤਿਗੁਰੂ ਜੀ ਅਗੇ ਰੁਪਏ ਮੱਥਾ ਟੇਕਦੇ ਸੇ ਤਾਂ ਇਕ ਰੁਪਈਆ ਲੈਂਦੇ ਸੇ ਬਹੀ ਮੋੜ ਕਰਕੇ। ਤੁਸੀਂ ਐਉਂ ਲੈ ਲਏ ਹਨ ਜਿਸ ਤਰ੍ਹਾਂ ਕਰਜ਼ਾ ਲਈਦਾ ਹੈ। ਗੁਰੂ ਜੀ ਬਚਨ ਕੀਤਾ ਓਹ ਮਾਲਕ ਹੈਂ ਮੈਂ ਇਸ ਘਰ ਕਾ ਸੇਵਕ ਹਾਂ। ਏਸ ਘਰ ਜੇ ਮੈਂ ਨਾ ਲਵਾਂ ਤਾਂ ਦੇਣਦਾਰ ਹੋਵਾਂ।[੬੮] ਸੰਗਤ ਨੂੰ ਗੁਰੂ ਹਰੀ ਸਿੰਘ ਜੀ ਅਕਸਰ ਖ਼ੁਸ਼ੀਆਂ ਬਖਸ਼ਦੇ ਹੁੰਦੇ ਸਨ। 'ਜਦ ਬਚਨ ਕਰਨਾ ਏਹੋ ਕਰਨਾ ਬੜੇ ਰੰਗ ਦਿਖਾਵਾਂਗੇ ਬੜੇ ਸੁਖ ਹੋਣਗੇ।'

ਭਾਈ ਸੰਤੋਖ ਸਿੰਘ ਨੇ ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਆਪਣੇ ਗਰੰਥ ਸਤਿਗੁਰੂ ਬਿਲਾਸ ਦੀ ਜਿਸਨੂੰ ਉਹ 'ਗ੍ਰੰਥ ਬਾਦੂਵੇਂ ਗੁਰੂ ਜੀ ਕਾ' ਵੀ ਕਹਿੰਦਾ ਹੈ, ਆਪ ਦੇ ਸਾਹਵੇਂ 'ਆਦਿ ਥੀ ਲੈ ਕੇ ਅੰਤ ਪ੍ਰਯੰਤ ਦੋ ਵਾਰ ਕਥਾ ਕੀਤੀ। ਸਤਿਗੁਰੂ ਜੀ ਦੀ ਪ੍ਰਵਾਨਗੀ ਅਤੇ ਖ਼ੁਸ਼ੀਆਂ ਲਈਆਂ।' 'ਏਕ ਦਿਨ ਬਚਨ ਕੀਤਾ ਸੰਤੋਖ ਸਿੰਘ ਧੰਨ ਜਨਮ ਹੈ ਤੇਰਾ, ਤੈਨੇ ਸਾਖੀਆ ਲਿਖੀਆਂ ਹੈ ਗੁਰੂ ਜੀ ਕੀਆਂ। ਸੰਤੋਖ ਸਿੰਘ ਨੇ ਕਹਿਆ ਕਿ ਮਾਰੇ ਗਰੀਬਾਂ ਨੂੰ। ਧੰਨ ਜਨਮ ਪ੍ਰਮਾਤਮਾ ਹੈ ਜਿਨਾਂ ਕੇ ਦਰਸਨ ਨਾਲ ਸ਼ਾਂਤੀ ਆਇ ਜਾਂਦੀ ਹੈ। ਆਪਨੇ ਲੱਖਾਂ ਜੀਵ ਧਰਮ ਵੱਲੀ ਲਾਏ ਹੈਂ।[੬੯]

੧੯੬੨ ਬਿਕ੍ਰਮੀ ਦੇ ਹੋਲੇ ਸਮੇਂ, ਮਾਨਾਂ ਵਾਲੇ ਉਥੋਂ ਦਾ ਸਰਦਾਰ ਸੁੰਦਰ ਸਿੰਘ ਮਾਨ ਅਰਜ਼ ਕਰ ਕੇ ਲੈਣ ਆਇਆ ਸੀ। 'ਗੁਰੂ ਜੀ ਬਚਨ ਕੀਤਾ ਸਾਹਿਬਜ਼ਾਦੇ ਪਰਤਾਪ ਸਿੰਘ ਨੂੰ ਹੁਣ ਤੁਸੀਂ ਕਰੋ ਦੌਰੇ, ਅਸੀਂ ਕਰ ਚੁੱਕੇ ਹਾਂ। ਤਿੰਨੇ ਸਾਹਿਬਜ਼ਾਦੇ ਨਾਲ ਮਾਈ ਜਿਉਣ ਕੌਰ, ਮਾਨਾਂ ਵਾਲੇ ਹੋਲੇ 'ਤੇ ਗਏ।

Sri Satguru Jagjit Singh Ji eLibrary NamdhariElibrary@gmail.com

ਕੁਝ ਦਿਨ ਬੀਮਾਰ ਰਹਿ ਕੇ, ਆਪਣੇ ਚਲਾਣੇ ਬਾਬਤ ਸਿੱਖਾਂ ਨੂੰ ਅਗਾਊਂ ਕਹਿ ਕੇ, ਘਰ ਦੇ ਮਾਲਕ ਮਾਈ ਜਿਉਣ ਕੌਰ (ਸਤਿਗੁਰੂ) ਪ੍ਰਤਾਪ ਸਿੰਘ, (ਮਹਾਰਾਜ) ਨਿਹਾਲ ਸਿੰਘ ਤੇ (ਮਹਾਰਾਜ) ਗੁਰਦਿਆਲ ਸਿੰਘ ਨੂੰ ਥਾਪ ਕੇ, ਗੱਦੀ ਵਾਰਸ ਵੱਡੇ ਸਾਹਿਬਜ਼ਾਦੇ, ਸਤਿਗੁਰੂ ਪਰਤਾਪ ਸਿੰਘ ਨੂੰ ਐਲਾਨ ਕੇ, ਗੁਰੂ ਹਰੀ ਸਿੰਘ ਜੀ ੧੯੬੩ ਜੇਠ ਵਦੀ ਦਸਵੀਂ ਵੀਰਵਾਰ ਮੁਤਾਬਿਕ ੧੭ ਮਈ ੧੯੦੬ ਈ. ਨੂੰ ਜੋਤੀ ਜੋਤ ਸਮਾ ਗਏ। "ਧਰਤੀ ਨੇ ਭ੍ਰਕਮ ਕੀਤਾ ਗੁਰੂ ਮਹਾਰਾਜ ਜੀ ਕੇ ਜਾਣੇ ਕਾ, ਪੌਣ ਨੇ ਭੀ ਸ਼ੋਰ ਕੀਤਾ। ਅੰਨ੍ਹ ਪਹਿਰ ਕਿਸੇ ਨੇ ਕਿਸੇ ਕਾ ਪਤਾ ਨਹੀਂ ਲੀਆ।" ਸਸਕਾਰ ਉਸੇ ਸ਼ਾਮ ਕਰ ਦਿੱਤਾ ਹਾਲਾਂਕਿ ਭਾਈ ਕੰਧਾਰਾ ਸਿੰਘ ਰਾਤ ਰੱਖਣ ਲਈ ਕਹਿੰਦਾ ਰਿਹਾ ਕਿ ਸਤਿਗੁਰੂ ਜੀ ਸਮਾਧੀ ਵਿਚ ਹਨ। ਪਰ ਇਹ ਗੁਰ ਮਰਿਆਦਾ ਨਹੀਂ ਸੀ। ਕੰਧਾਰਾ ਸਿੰਘ ਨੂੰ ਚਿਖਾ ਵਿਚ ਡਿੱਗਦੇ ਨੂੰ ਵੀ ਸਿੱਖਾਂ ਖਿੱਚ ਕੇ ਕੱਢਿਆ। ਰਾਤ ਭਰ ਵਿਜੋਗੀ ਸਿੱਖਾਂ ਦੇ ਛਰੇ ਚਿਖਾ ਤੇ ਪਹਿਰੇ ਰਹੇ। ਅਗਲੀ ਸਵੇਰ ਆਸਾ ਦੀ ਵਾਰ ਦੇ ਦੀਵਾਨ ਵਿਚ ਹੀਰਾ ਸਿੰਘ ਟਿੱਕੋ ਅਤੇ ਬੀਰ ਸਿੰਘ ਚੂੰਨ੍ਹੀ ਨੇ ਆਸਣ ਵਿਛਾ ਕੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਮੱਥਾ ਟੇਕਿਆ। ਨਿਮਾਣੀ ਦੇ ਮੌਕੇ ਤੇ ਗੁਰੂ ਹਰੀ ਸਿੰਘ ਦੇ ਨਮਿਤ ਪਾਠਾਂ ਦੇ ਭੋਗ ਸਮੇਂ ਬਹੁਤ ਵੱਡਾ ਮੇਲਾ ਹੋਇਆ ਜਿਸ ਵਿਚ ਸਮੁੱਚਾ ਨਾਮਧਾਰੀ ਪੰਥ ਤੇ ਹੋਰ ਭੇਖਾਂ ਦੇ ਲੋਕ ਵੀ ਜੁੜੇ ਸ਼ਰਧਾ ਸਤਿਕਾਰ ਭੇਟ ਕਰਨ।

ਭਾਈ ਸੰਤੋਖ ਸਿੰਘ ਦੀ ਸ਼ੈਲੀ ਪ੍ਰਮਾਣੀ ਹੈ। ਸ਼ੈਲੀ ਆਪਣੀ ਨਿਵੇਕਲੀ। ਜਿਸ ਵਿਚ ਸਪਸ਼ਟਤਾ, ਸੰਜਮ ਅਤੇ ਸਰਲਤਾ ਹੈ। ਵਾਕ ਬਣਤਰ ਢੁੱਕਵੀਂ ਅਤੇ ਢੰਬਵੀਂ ਹੈ। ਛੋਟੇ ਛੋਟੇ ਵਾਕ ਘਟਨਾ ਵਰਣਨ ਜਾਂ ਪਰਸੰਗ ਦੀ ਲੜੀ ਟੁੱਟਣ ਨਹੀਂ ਦਿੰਦੇ। ਛੋਟੇ ਵਾਕਾਂ ਦੀ ਪਹਿਲਾਂ ਵਰਤੋਂ ਸਤਿਗੁਰੂ ਰਾਮ ਸਿੰਘ ਜੀ ਆਪਣੇ ਹੁਕਮਨਾਮਿਆਂ ਵਿਚ ਕਰ ਚੁੱਕੇ ਹਨ ਅਤੇ ਭਾਈ ਸੰਤੋਖ ਸਿੰਘ ਆਪਣੀ ਰਚਨਾ ਵਿਚ ਉਹਨਾਂ ਦਾ ਪ੍ਰਭਾਵ ਕਬੂਲ ਕੇ ਹੀ ਛੋਟੀ ਵਾਕ ਬਣਤਰ ਵੱਲ ਰੁਚਿਤ ਹੁੰਦਾ ਹੈ। ਉਹ ਨਿਸ਼ਚੇ ਹੀ ਸ਼ਰਧਾ ਰਾਮ ਫਲੌਰੀ ਨਾਲੋਂ ਵੱਧ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀਆਂ ਜਿਹਾ ਸਤਿਕਾਰਿਤ ਸਥਾਨ ਰੱਖਦਾ ਹੈ। ਉਹ ਗੁਰਬਾਣੀ ਦਾ ਵੀ ਚੰਗਾ ਗਿਆਤਾ ਹੈ ਅਤੇ ਅਨੇਕ ਕਥਾਵਾਂ ਤੇ ਸਮੇਂ ਸਥਾਨ ਤੇ ਢੁੱਕਦੀਆਂ ਤੁਕਾਂ ਦੀ ਵਰਤੋਂ ਕਰਦਾ ਹੈ। ਪੰਜਾਬੀ ਦੇ ਮੱਧਕਾਲੀ ਕਿੱਸਾ ਕਾਵਿ ਦਾ ਭਾਈ ਜੀ ਤੇ ਵਿਆਪਕ ਪ੍ਰਭਾਵ ਹੈ। ਸਾਡੇ ਕਿੱਸਾਕਾਰ ਦੇਸ ਵਾਸਤੇ ਸ਼ਬਦ ਵਿਲਾਇਤ ਵਰਤਦੇ ਹਨ:

"ਫੇਰ ਵਲਾਇਤ ਸ਼ਿਅਰ ਸੁਖਨ ਦੀ ਅਹਿਮਦ ਯਾਰ ਸੰਭਾਲੀ।
ਧੌਂਸਾ ਮਾਰ ਤਖ਼ਤ ਪਰ ਬੈਠਾ ਮਲਿ ਪੰਜਾਬ ਹਵਾਲੀ।"

ਭਾਈ ਜੀ ਲਿਖਦੇ ਹਨ – "ਫਰੰਗੀ ਨੇ ਚੇਤਾ ਸਿੰਘ ਨੇ ਪੁੱਛਿਆ ਸਾਡੀ ਵਲਾਇਤ ਕਾ ਸਤਿਗੁਰੂ ਰਾਮ ਸਿੰਘ ਆਇਆ ਹੋਇਆ ਹੈ ਉਸ ਕਾ ਦਰਸ਼ਨ ਕਰਨਾ ਹੈ ?"

ਸ਼੍ਰੋਮਣੀ ਕਿੱਸਾਕਾਰ ਵਾਰਿਸ ਸ਼ਾਹ ਲਿਖਦਾ ਹੈ – 'ਤਕਦੀਰ ਸੇਤੀ ਮੇਰਾ ਫੇਰ ਹੋਇਆ – ਭਾਈ ਸੰਤੋਖ ਸਿੰਘ ਲਾਰਡ ਮੇਓ ਦੇ ਕਤਲ ਦੀ ਘਟਨਾ ਦੀ ਪਿੱਠ ਭੂਮੀ ਇਉਂ ਬਿਆਨਦੇ ਹਨ, "ਐਸਾ ਸਬੱਬ ਜਦ ਛੇਟੇ ਵਲ ਲਾਟ ਆਉਂਦਾ ਸੀ, ਅਗੋਂ ਉਹ ਪਠਾਨ ਮਿਲ ਪਿਆ ਗੁਲਸ਼ੇਰ ਖਾਂ। ਤਕਦੀਰ ਕਾ ਤੇ ਕਾਲ ਕਾ ਜੋ ਪ੍ਰੇਰਕ ਹੈ ਅੰਤਰਜਾਮੀ, ਉਸ ਦੇ ਪ੍ਰੇਰੇ ਹੋਏ ਨੇ ਕੋਲੋਂ ਕੱਢ ਕੇ ਛੁਰਾ ਲਾਟ ਕੇ ਪੇਟ ਮੇਂ ਛੇਤੀ ਸੇ ਦੇਹ ਦੀਆ। ਫਰੰਗੀ ਪਾਣੀ ਮੇਂ ਜਾਇ ਪਿਆ"

ਸੰਖੇਪ ਵਾਕ ਬਣਤਰ ਵਿਚ ਭਾਈ ਜੀ ਨੂੰ ਕਮਾਲ ਹਾਸਿਲ ਹੈ। ਇਉਂ ਭਾਸਦਾ ਹੈ ਜਿਵੇਂ ਉਹ ਛੋਟੀ ਬਹਿਰ ਦੀ ਗ਼ਜ਼ਲ ਕਹਿ ਰਹੇ ਹਣ। ਸਿਪਾਹੀਆਂ ਲਈ ਸ਼ਬਦ 'ਟੋਡਿਆਂ' ਦੀ ਵਰਤੋਂ ਵੀ ਨਿਵੇਕਲੀ ਸ਼ੈਲੀ ਦੀ ਸੂਚਕ ਹੈ। ਇਸ ਵਿਚ ਇਤਿਹਾਸ ਦੇਸ਼ ਭਗਤੀ, ਦਲੇਰੀ, ਸੱਭਿਆਚਾਰ ਤੇ ਸਾਹਿਤ ਸਭ ਕੁਝ ਇੱਕ ਜਗ੍ਹਾ ਇਕੱਠਾ ਹੋਇਆ ਹੈ – "ਹੌਲਦਾਰ ਨਵਾਂ ਆਇਆ ਸੀ। ਪੌਂਡੀ ਰਸਤ ਮੰਗੀ। ਨਾ ਦੇਂਦੇ ਸੇ ਸਿੱਖਾਂ ਕੋ ਗਾਲ ਕੱਢੀ। ਸਿੰਘ ਮਾਝੇ ਕੇ ਸੇ। ਏਕ ਸਿਪਾਹੀ ਨੂੰ ਕਹਿਆ, ਇਸ ਕੀ ਦਾਹੜੀ ਪੁੱਟ। ਸਿਪਾਹੀ ਨੇ ਕਹਿਆ ਮੈਨੂੰ ਦਾਹੜੀ ਪੁੱਟਣ ਕਾ ਹੁਕਮ ਨਹੀਂ। ਗੁਰੂ ਜੀ ਸੁਣਿਆ ਤਾਂ ਬਚਨ ਹੋਇਆ, ਸਾਨੂੰ ਨਹੀਂ ਹੈ ਡਰ ਟੋਡਿਆਂ ਕਾ। ਰਸਤ ਨਹੀਂ ਪੌਂਡੀ ਦੇਣੀ। ਜਿਵੇਂ ਅੱਗੇ ਖਾਂਦੇ ਹੋ ਤਿਵੇਂ ਹੀ ਖਾਈ ਜਾਵਣ।"

Sri Satguru Jagjit Singh Ji eLibrary NamdhariElibrary@gmail.com

ਭਾਈ ਜੀ ਨੇ ਆਪਣੇ ਗਰੰਥ ਵਿਚ ਕੁਝ ਨਵੀਆਂ ਕਹਾਵਤਾਂ ਵੀ ਗੁਰਸਿੱਖਾਂ ਦੀਆਂ ਦਰਜ ਕੀਤੀਆਂ ਹਨ – 'ਸਤਿਗੁਰ ਮੇਰਾ ਲੋੜੀਦਾ। ਸਭ ਕੁਟਮ ਕਬੀਲਾ ਤੋੜੀਦਾ।'

ਇਸ ਤਰ੍ਹਾਂ ਇਸ ਮਹਾਨ ਗਰੰਥ ਦੀ ਪੰਜਾਬੀ ਵਾਰਤਕ ਦਾ ਮੂੰਹ ਮੁਹਾਂਦਰਾ ਨਿਖਾਰਨ ਵਾਲੀ ਪੁਸਤਕ ਦੇ ਰੂਪ ਵਿਚ ਵੀ ਇਕ ਵੱਖਰੀ ਪਹਿਚਾਣ ਸਥਾਪਤ ਹੁੰਦੀ ਹੈ। ਇਸ ਨੂੰ ਗੁਰੂ ਹਰੀ ਸਿੰਘ ਜੀ ਦੇ ਵਿਸਤ੍ਰਿਤ ਜੀਵਨ ਵੇਰਵੇ ਪੇਸ਼ ਕਰਨ ਲਈ ਜੀਵਨੀ ਸਾਹਿਤ ਵਿਚ ਵੀ ਮਹੱਤਵਪੂਰਨ ਵਾਧਾ ਮੰਨਿਆ ਜਾ ਸਕਦਾ ਹੈ ਅਤੇ ਪੰਜਾਬ ਵਿਚ ਚੱਲਣ ਵਾਲੇ ਕੂਕਾ ਅੰਦੋਲਨ ਦਾ ਤਾਂ ਇਹ ਇਕ ਇਤਿਹਾਸਕ ਦਸਤਾਵੇਜ਼ ਹੈ। ਪੰਜਾਬੀ ਜਨ-ਜੀਵਨ ਅਤੇ ਸਭਿਆਚਾਰ ਦੇ ਝਲਕਾਰੇ ਵੀ ਇਸ ਵਿਚੋਂ ਮਿਲਦੇ ਹਨ।

ਇਸ ਦੀ ਸੰਪਾਦਨਾ ਦਾ ਬਿਖਮ ਕਾਰਜ ਸ੍ਰ. ਜਸਵਿੰਦਰ ਸਿੰਘ ਹਿਸਟੋਰੀਅਨ ਨੇ ਨਿਭਾਇਆ ਪਹਿਲੇ ਭਾਗ ਜਿਉਂ ਹੀ। ਲੱਗਦਾ ਹੈ ਕਿ ਬਾਹੋਵਾਲ ਜੀ ਨੂੰ ਦਰਗਾਹੀ ਸੱਦੇ ਪੁਸਤਕ ਦਾ ਤਤਕਰਾ ਲਿਖਣ ਤੋਂ ਵੀ ਪਹਿਲਾਂ ਹੀ ਆ ਗਏ ਸਨ। ਹਿਸਟੋਰੀਅਨ ਹੋਰਾਂ ਨੂੰ ਤਤਕਰੇ ਤੋਂ ਇਲਾਵਾ ਹੈਡਿੰਗ ਤੇ ਉਪ ਹੈਡਿੰਗ ਵੀ ਖ਼ੁਦ ਦੇਣੇ ਪਏ। ਉਹਨਾਂ ਨੇ ਘਟਨਾਵਾਂ ਨੂੰ ਤਰਤੀਬਵਾਰ ਵੀ ਕੀਤਾ। ਭਾਈ ਜੀ ਨੇ ਤਾਂ ਬਿਕਰਮੀ ਸੰਮਤ ਅਤੇ ਸੁਦੀ ਵਦੀ ਦੀਆਂ ਤਾਰੀਖ਼ਾਂ ਦਿੱਤੀਆਂ ਸਨ। ਮਹੱਤਵਪੂਰਨ ਘਟਨਾਵਾਂ ਦੀਆਂ ਅੰਗ੍ਰੇਜ਼ੀ ਤਰੀਕਾਂ, ਦਿਨ ਵਾਰ ਅਤੇ ਸਰਕਾਰੀ ਹਵਾਲੇ ਨਾਲ ਫੁਟ ਨੋਟਾਂ ਵਿਚ ਦੇਣ ਦਾ ਔਖਾ ਕੰਮ ਵੀ ਆਪ ਨੇ ਨੇਪਰੇ ਚਾੜ੍ਹਿਆ। ਨਾਮਧਾਰੀ ਸਿੱਖਾਂ ਜਿਨ੍ਹਾਂ ਦੇ ਨਾਮ ਇਸ ਗ੍ਰੰਥ ਵਿਚ ਆਏ, ਉਨ੍ਹਾਂ ਦੇ ਪਿਤਾ, ਪਿੰਡ, ਸ਼ਹਿਰ ਆਦਿ ਦੇ ਨਾਮ ਵੀ ਫੁਟ ਨੋਟਾਂ ਵਿਚ ਦੇ ਦਿੱਤੇ ਗਏ ਹਨ। ਅਲਾਹਾਬਾਦ ਦਾ ਕਿਲਾ, ਨੈਗੂਨ ਮਰਗੋਈ ਦੇ ਬੰਗਲੇ ਆਦਿ ਜਿੱਥੇ ਸਤਿਗੁਰੂ ਜੀ ਟਿਕੇ ਸਨ, ਉਹਨਾਂ ਦੇ ਫੋਟੋ ਨਕਸ਼ੇ ਆਦਿ ਅਤੇ ਕੁਝ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਸਤ ਕਮਲਾਂ ਦੁਆਰਾ ਲਿਖਿਤ ਹੁਕਮਨਾਮਿਆਂ ਦੇ ਫੋਟੋ ਚਿਤਰ ਛਾਪਣ ਨਾਲ, ਸੋਨੇ ਤੇ ਸੁਹਾਗੇ ਵਾਲਾ ਕੰਮ ਹੋਇਆ ਹੈ।

ਸਮੁੱਚਾ ਪੰਜਾਬੀ ਸਾਹਿਤਕ ਜਗਤ ਅਜੇਹੀ ਪ੍ਰਕਾਸ਼ਨਾ ਨਾਲ ਸਮ੍ਰਿਧ ਹੋਇਆ ਹੈ। ਇਸ ਭਾਰੀ ਗੌਰੀ ਰਚਨਾ ਦਾ ਬਹੁਕਾਂਤੀ ਮਹੱਤਵ ਜਿਵੇਂ ਜਿਵੇਂ ਸਮਾਂ ਬੀਤਦਾ ਜਾਏਗਾ, ਵਧਦਾ ਜਾਏਗਾ।

ਫੁਟ ਨੋਟ

1. ਪੰਜਾਬ ਦਾ ਇਤਿਹਾਸ ਅੰਕ (੪੩-੪੪ ਸਾਂਝਾ ਅੰਕ) (ਨਵੰਬਰ ਦਸੰਬਰ ੧੯੯੧ ਜਨਵਰੀ ਫਰਵਰੀ ੧੯੯੨ ਜੈਤਸਪੁਰ ਸਫ਼ਾ ੧੪੨।
2. ਸਤਿਗੁਰ ਬਿਲਾਸ (ਭਾਗ ਦੂਜਾ) – ਸੰਪਾਦਕ ਜਸਵਿੰਦਰ ਸਿੰਘ – ਸ੍ਰੀ ਭੈਣੀ ਸਾਹਿਬ ੨੦੦੫ ਈ. ਸਫ਼ਾ 50
3. ਸਤਿਗੁਰੂ ਬਿਲਾਸ – ਸਫ਼ਾ ੨੧੧
4. ਸਤਿਗੁਰੂ ਬਿਲਾਸ – ਸਫ਼ਾ ੩੨
5. ਸਤਿਗੁਰੂ ਬਿਲਾਸ – ਸਫ਼ਾ ੩੨
6. ਸਤਿਗੁਰੂ ਬਿਲਾਸ – ਸਫ਼ਾ ੩੪
7. ਸਤਿਗੁਰੂ ਬਿਲਾਸ – ਸਫ਼ਾ ੩੮
8. ਸਤਿਗੁਰੂ ਬਿਲਾਸ – ਸਫ਼ਾ ੬੪-੬੫
9. ਸਤਿਗੁਰੂ ਬਿਲਾਸ – ਸਫ਼ਾ ੧੦੧
10. ਸਤਿਗੁਰੂ ਬਿਲਾਸ – ਸਫ਼ਾ ੧੧੧
11. ਸਤਿਗੁਰੂ ਬਿਲਾਸ – ਸਫ਼ਾ ੧੪੭
12. ਸਤਿਗੁਰੂ ਬਿਲਾਸ – ਸਫ਼ਾ ੧੪੯
13. ਸਤਿਗੁਰੂ ਬਿਲਾਸ – ਸਫ਼ਾ ੧੫੭

Sri Satguru Jagjit Singh Ji eLibrary NamdhariElibrary@gmail.com

14. ਸਤਿਗੁਰੂ ਬਿਲਾਸ - ਸਫਾ ੧੬੧
15. ਸਤਿਗੁਰੂ ਬਿਲਾਸ - ਸਫਾ ੧੬੫
16. ਸਤਿਗੁਰੂ ਬਿਲਾਸ - ਸਫਾ ੧੬੬
17. ਸਤਿਗੁਰੂ ਬਿਲਾਸ - ਸਫਾ ੧੭੧
18. ਸਤਿਗੁਰੂ ਬਿਲਾਸ - ਸਫਾ ੧੭੨-੭੩
19. ਸਤਿਗੁਰੂ ਬਿਲਾਸ - ਸਫਾ ੧੭੫
20. ਸਤਿਗੁਰੂ ਬਿਲਾਸ - ਸਫਾ ੨੧੫
21. ਸਤਿਗੁਰੂ ਬਿਲਾਸ - ਸਫਾ ੨੨੧
22. ਸਤਿਗੁਰੂ ਬਿਲਾਸ - ਸਫਾ ੩੧੯-੨੦
23. ਸਤਿਗੁਰੂ ਬਿਲਾਸ - ਸਫਾ ੩੧੯-੨੦
24. ਸਤਿਗੁਰੂ ਬਿਲਾਸ - ਸਫਾ ੩੦੧
25. ਸਤਿਗੁਰੂ ਬਿਲਾਸ - ਸਫਾ ੩੮੩
26. ਸਤਿਗੁਰੂ ਬਿਲਾਸ - ਸਫਾ ੩੯੯
27. ਸੈਂਚ ਮਜ਼ਹਬ ਭਾਗ ਪਿਛਲਾ ੧੯੭੧ - ਸਫਾ ੬੫੯
28. ਸਤਿਗੁਰੂ ਬਿਲਾਸ ਭਾਗ ਦੂਜਾ ੧੯੭੧ - ਸਫਾ ੨੬੯
29. ਸਤਿਗੁਰੂ ਬਿਲਾਸ ਭਾਗ ਦੂਜਾ- ਸਫਾ ੨੪
30. ਸਤਿਗੁਰੂ ਬਿਲਾਸ ਭਾਗ ਦੂਜਾ- ਸਫਾ ੨੬੬

Sri Satguru Jagjit Singh Ji eLibrary NamdhariElibrary@gmail.com

ਬਾਰਾਂ ਮਾਂਹ ਭਾਈ ਚੰਦਾ ਸਿੰਘ ਝੱਬਰ

ਪੰਜਾਬੀ ਸਾਹਿਤ ਵਿਚ ਬਾਰਾ ਮਾਹ ਵੰਨਗੀਆਂ ਵਾਲੇ ਕਾਵਿ ਰੂਪ ਪੁਰਾਤਨ ਕਾਲ ਤੋਂ ਹੀ ਮਿਲਦੇ ਆਉਂਦੇ ਹਨ। ਕਿਉਂਕਿ ਹਰ ਦੋ ਮਹੀਨਿਆ ਬਾਅਦ ਪੰਜਾਬ ਵਿਚ ਰੁੱਤ ਬਦਲ ਜਾਂਦੀ ਹੈ। ਇਸ ਲਈ ਖਾਣ-ਪਾਣ ਅਤੇ ਹੋਰ ਆਦਤਾਂ ਬਾਰੇ ਦੋ-ਦੋ ਮਹੀਨਿਆਂ ਦੇ ਜੋਟੇ ਬਣਾ ਕੇ ਹਦਾਇਤਾਂ ਲੋਕ ਮਨਾਂ ਵਿਚ ਇਉਂ ਸੀਨੇ-ਬਸੀਨੇ ਤੁਰੀਆਂ ਆਉਂਦੀਆਂ ਹਨ।

"ਚੇਤਰ-ਵੈਸਾਖ ਭੌਂਵੀਏ,
ਜੇਠ-ਹਾੜ ਸੌਂਵੀਏ,
ਸਾਵਣ-ਭਾਦੋਂ ਨਹਾਈਏ
ਅੱਸੂ-ਕੱਤੇ ਥੋੜਾ ਖਾਈਏ,
ਮੱਘਰ-ਪੋਹ ਊਨ ਹੰਢਾਈਏ
ਮਾਘ-ਫੱਗਣ ਤੇਲ ਮਲਾਈਏ,
ਪਾਸ ਨਾ ਵੈਦ-ਹਕੀਮ ਦੇ ਜਾਈਏ।"

ਬਦਲਦੀਆਂ ਰੁੱਤਾਂ ਦੇ ਨਾਲ ਨਾਲ ਆਪਣੀ ਬਦਲਦੀ ਮਨੋਦਸ਼ਾ ਨੂੰ ਮਿਲਾ ਕੇ ਉਸਦਾ ਵਰਣਨ ਕਰਨਾ, ਵਿਛੋੜੇ ਦੀ ਤਲਖ਼ੀ ਦੇ ਵਾਧੇ-ਘਾਟੇ ਨੂੰ, ਗਰਮੀ, ਸਰਦੀ, ਵਰਖਾ, ਘਾਮ ਆਦਿ ਰੁੱਤਾਂ ਦੀ ਤੀਬਰਤਾ ਨਾਲ ਜੋੜ ਕੇ ਪੇਸ਼ ਕਰਨਾ ਇਕ ਵਿਸਮਾਦੀ ਕਾਰਜ ਹੋ ਨਿਬੜਦਾ ਹੈ। ਬ੍ਰਿਹੁੰ ਵਿਛੁੰਨਿਆਂ ਦੀਆਂ ਸੰਵੇਦਨਾਵਾਂ ਦੇ ਸਫਲ ਪ੍ਰਗਟਾਵੇ ਦਾ ਕਾਵਿ-ਰੂਪ ਹੋ ਨਿਬੜਿਆ ਹੈ ਬਾਰਾ ਮਾਹ। ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਤੁਖਾਰੀ ਰਾਗ ਦੇ ਬਾਰਾਂ ਮਾਹ ਵਿਚ ਬਾਬੇ ਦੇ ਜਨਮ-ਸਥਾਨ, ਸਾਂਦਲ ਬਾਰ ਦੇ ਕੁਦਰਤੀ ਦ੍ਰਿਸ਼ਾਂ ਦਾ ਭਰਪੂਰ ਵਰਣਨ ਮਿਲਦਾ ਹੈ। ਕਾਲੀ ਦਾਸ ਦੇ ਮੇਘਦੂਤ ਜਿਉਂ ਸਾਉਣ ਦੇ ਮਹੀਨੇ ਵਿਚ ਬਿਜਲੀ ਬੱਦਲਾਂ ਦਾ ਚਮਕਣਾ ਵਿਜੋਗਣਾ ਦੇ ਬ੍ਰਿਹਾ ਰੋਗ ਨੂੰ ਹੋਰ ਗੂਹੜਾ ਕਰ ਦਿੰਦਾ ਹੈ। ਭਾਵੇਂ ਦੁਨਿਆਵੀ ਪ੍ਰੇਮ ਦੇ ਮੁਹਾਵਰੇ ਵਿਚ ਹੀ ਗੁਰੂ ਸਾਹਿਬ ਆਤਮ ਰੰਗ ਦਾ ਜ਼ਿਕਰ ਕਰਦੇ ਹਨ:-

"ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨਾ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਜਿ ਪਿਰ ਕੈ ਅੰਕ ਸਮਾਵਏ ॥"

ਮਾਝ ਮਹਲਾ ਪੰਜਵਾਂ ਦੇ ਬਾਰਾਂ ਮਾਹ ਦੀ ਦੇਸੀ ਮਹੀਨੇ ਦੀ ਸੰਗਰਾਂਦ ਵਾਲੇ ਦਿਨ, ਪਾਠ ਕਰਨ ਦੀ ਗੁਰਦੁਆਰਿਆਂ ਅਤੇ ਘਰਾਂ ਵਿਚ ਰਵਾਇਤ ਹੈ। ਇਸ ਵਿਚ ਵੀ ਸੰਸਾਰਿਕ ਮੁਹਾਵਰੇ ਵਿਚ ਪ੍ਰਮਾਰਥ ਦੀਆਂ ਗੁੰਝਲਾਂ ਖੋਹਲਣ ਦੀ ਵਿਉਂਤ ਹੈ। ਇਸ ਦੀ ਕੱਲੀ ਕੱਲੀ ਤੁਕ ਤਾਂ ਲੋਕੋਕਤੀ ਦਾ ਦਰਜਾ ਗ੍ਰਹਿਣ ਕਰ ਗਈ ਹੈ। ਇਸ ਕਾਵਿ ਰੂਪ ਦੇ ਵਿਆਪਕ ਪ੍ਰਚਲਨ ਦਾ ਸਬੂਤ ਹੋ ਨਿਬੜਦਾ ਹੈ ਇਹ ਬਾਰਾਂ ਮਾਹ :-

Sri Satguru Jagjit Singh Ji eLibrary NamdhariElibrary@gmail.com

"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰ ਮਿਹਰਬਾਨੁ ॥੧੨॥"

ਪੰਜਾਬੀ ਜਨ ਜੀਵਨ ਦਾ ਸਜੀਵ ਚਿਤਰਣ ਵੀ ਉਪਰੋਕਤ ਬਾਰਾਂ ਮਾਹ ਦੀਆਂ ਵਿਸ਼ੇਸ਼ਤਾਵਾਂ ਵਿਚ ਹੋਰ ਵਾਧਾ ਕਰਦਾ ਹੈ। ਸ੍ਰੀ ਦਸਮ ਗ੍ਰੰਥ ਵਿਚ ਵਰਣਿਤ ਬਾਰਾਂ ਮਾਹ ਵਿਚ ਬਿਰਹੋਂ ਰੰਗ ਦੀ ਵਧੇਰੇ ਤੀਬਰਤਾ ਦੇ ਦਰਸ਼ਨ ਹੁੰਦੇ ਹਨ। ਇਹ ਕਾਵਿ ਰੂਪ ਮੁੱਖ ਤੌਰ 'ਤੇ ਬ੍ਰਿਹੋਂ ਕੁੱਠੇ ਹਿਰਦਿਆਂ ਦੀਆਂ ਸੰਵੇਦਨਾਵਾਂ ਪ੍ਰਗਟਾਉਣ ਵਾਲਾ ਕਾਵਿ ਰੂਪ ਹੈ। ਸਾਡੇ ਲੋਕ ਗੀਤ ਵੀ ਇਸ ਦੀ ਪੁਸ਼ਟੀ ਕਰਦੇ ਹਨ:-

"ਜੇਠ ਘੋੜਾ ਹੇਠ, ਵੇ ਲੈ ਆਇਉਂ ਨਾ।
ਹਾੜ ਪਈ ਮੈਨੂੰ ਧਾੜ, ਵੇ ਘਬਰਾਇਉਂ ਨਾ।
ਸਾਵਣ ਤੇਰਾ ਆਵਣ, ਹੋਇਆ ਬੀਬਾ ਨਾ।
ਭਾਦਉਂ ਕਰਮ ਭੁਲਾਣੀ, ਬਾਝ ਨਸੀਬਾਂ ਨਾ।"

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਜਾਂ ਇਸ ਤੋਂ ਕੁਝ ਦਹਾਕੇ ਪਹਿਲਾਂ ਇਕ ਭਾਈ ਬੀਰ ਸਿੰਘ ਜੀ ਹੋਏ ਹਨ। ਜਿਨ੍ਹਾਂ ਦਾ "ਬਾਰਾਂ ਮਾਹ ਗੁਰੂ ਗੋਬਿੰਦ ਸਿੰਘ ਜੀ ਕਾ" ਕੋਈ ਸਵਾ ਸਦੀ ਕੁ ਪਹਿਲਾਂ ਦਾ ਛਪਿਆ ਮਿਲਦਾ ਹੈ। ਇਸ ਬਾਰਾਂ ਮਾਹ ਦਾ ਵਿਸ਼ਾ ਦਸਵੇਂ ਸਤਿਗੁਰੂ ਜੀ ਦੀਆਂ ਲੜਾਈਆਂ, ਖਾਲਸਾ ਪੰਥ ਸਾਜਣਾ, ਮਸੰਦ ਸਾੜਨੇ ਅਤੇ ਫਿਰ ਮਿਸਲਾਂ ਦੇ ਤਹਿਤ ਸਿੱਖ ਸੱਤਾ ਦਾ ਸਥਾਪਿਤ ਹੋਣਾ ਹੈ। ਹੋ ਸਕਦਾ ਹੈ ਇਹ ਰਚਨਾ ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਹਥਿਆਉਣ ਤੋਂ ਪਹਿਲਾਂ ਦੀ ਹੋਵੇ। ਇਸ ਕਵਿਤਾ ਵਿਚ ਵਰਤੀ ਗਈ ਚਾਲ ਨੂੰ ਕਵੀ ਅਦਭੁੱਤ ਛੰਦ ਕਹਿੰਦਾ ਹੈ। ਇਸ ਦਾ ਨਮੂਨਾ ਏਨਾਂ ਇਸ ਆਸ਼ੇ ਤਹਿਤ ਪੇਸ਼ ਕੀਤਾ ਜਾ ਰਿਹਾ ਹੈ ਕਿ ਸਾਡੀ ਹੱਥਲੀ ਰਚਨਾ "ਬਾਰਾਂ ਮਾਹ ਭਾਈ ਚੰਦਾ ਸਿੰਘ "ਭੰਬਰ" ਵੀ ਕਵੀ ਬੀਰ ਸਿੰਘ ਜੀ ਦੇ ਰੰਗ ਵਿਚ ਹੀ ਰੰਗੀ ਹੋਈ ਹੈ। (ਵਿਸ਼ਾ ਭਾਵੇਂ ਉਹਨਾਂ ਦਾ ਆਪਣਾ ਹੈ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ) - ਕਵੀ ਬੀਰ ਸਿੰਘ ਲਿਖਦਾ ਹੈ

"ਚੜ੍ਹੇ ਵਿਸਾਖ ਸੁ ਮਨ ਮਸਤਾਨਾ ॥
ਸਤਿਗੁਰ ਕੀਤਾ ਸੁਧ ਧਿਆਨਾ ॥
ਪੈਸਾ ਘਨੀਅਰ ਜਿਉਂ ਘੁਰ ਰਾਨਾ ॥
ਸੁਣਕੇ ਕੰਬਿਆ ਸਭ ਤੁਰਕਾਨਾ ॥
ਕੜ ਕੜ ਕੜਕੀਆਂ ਸਖਤ ਕਮਾਨਾਂ ॥
ਚੜ੍ਹਿਆ ਗੋਬਿੰਦ ਸਿੰਘ ਬਲਵਾਨਾਂ ॥
ਤੁਰਕ ਸੰਘਾਰਨੇ ॥੧॥"

ਗੁਰੂ ਜੀ ਦੀ ਹਜ਼ੂਰੀ ਵਿਚ ਕੀ ਜੱਟ ਤੇ ਕੀ ਰੰਘਰੇਟੇ (ਦਲਿਤ) ਸਿੱਖ ਇਕੱਠੇ ਹੋ ਕੇ ਜੂਝਦੇ ਸਨ, ਇਸ ਵਿਰਾਸਤ ਤੋਂ ਮੂੰਹ ਮੋੜਨ ਸਦਕਾ ਹੀ "ਤੌਲੂਣ" ਵਰਗੇ ਬਦਨੁਮਾ ਦਾਗ, ਪੰਜਾਬ ਦੀ ਵਰਤਮਾਨ ਸਿਆਸਤ ਤੇ ਲੱਗ

Sri Satguru Jagjit Singh Ji eLibrary NamdhariElibrary@gmail.com

ਰਹੇ ਹਨ:-

"ਮੂਹਰੇ ਲੜਦੇ ਸਿੰਘ ਜਟੇਰੇ,
ਰਣ ਵਿਚ ਰੋਹ ਭਰੇ ਰੰਘਰੇਟੇ,
ਜਿਉਂ ਕਰ ਰਾਸ ਮਚੀ ਨਟ ਥੇਟੇ,
ਛਿੰਗਣ ਪਲਾਣ ਤਿਉਂ ਪਠਣੇਟੇ,
ਦੁਰਜਨ ਤੜਫਣ ਧੂੜ ਲਪੇਟੇ,
ਜਿਉਂ ਸਿਰ ਸੰਕਰੇ ॥੨॥"

ਭਾਈ ਚੰਦਾ ਸਿੰਘ ਅੱਖਾਂ ਤੋਂ ਸੂਰਮਾ ਸਿੰਘ ਸੀ। ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖੂਪੁਰਾ ਦੇ ਪ੍ਰਸਿੱਧ ਪਿੰਡ "ਭੰਬਰ" ਦੇ ਕਾਰੀਗਰ ਸਿੰਘਾਂ ਦੇ ਘਰ ਦਾ ਜਨਮ ਸੀ। ਪਰ ਉਸਦਾ ਜ਼ਿਆਦਾ ਵਕਤ ਗੁਜਰਾਂਵਾਲਾ ਜ਼ਿਲ੍ਹਾ ਦੇ ਪਿੰਡ ਸਹਾਰਨ ਵਿਖੇ ਦੀਵਾਨ ਸਿੰਘ ਪਾਸ ਹੀ ਬਤੀਤ ਹੁੰਦਾ ਸੀ ਜੋ ਹੋ ਸਕਦਾ ਹੈ ਉਸ ਦਾ ਗੁਰਭਾਈ ਹੋਵੇ। ੧੮੬੭ ਈ. ਵਿਚ ਜਦੋਂ ਸਤਿਗੁਰੂ ਰਾਮ ਸਿੰਘ ਜੀ ਪਿੰਡ ਭੰਬਰਾਂ ਵਿਚ ਆਏ ਤਾਂ ਪਿੰਡ ਦੇ ਹੋਰ ਸਿੰਘਾਂ ਨਾਲ ਭਾਈ ਚੰਦਾ ਸਿੰਘ ਵੀ ਨਾਮਧਾਰੀ ਸਿੰਘ ਸਜ ਗਿਆ। ਬਾਰਾ ਮਾਹ ਭਾਈ ਚੰਦਾ ਸਿੰਘ ਦੀਆਂ ਪਹਿਲੀਆਂ ਛਾਪਾਂ ਵਿਚ ਇਤਨੀ ਕੁ ਜਾਣਕਾਰੀ ਹੀ ਮਿਲਦੀ ਸੀ:-

"ਚੰਦਾ ਸਿੰਘ ਭੰਬਰਾਂ ਦਾ ਸੂਰਮਾ,
ਰਹੇ ਸਹਾਰਨ ਦੀਵਾਨ ਸਿੰਘ ਕੇ ਪਾਸ।
ਬਾਰਾਂ ਮਾਹ ਸ੍ਰੀ ਸਤਿਗੁਰੂ ਕਾ
ਮਾਨੋ ਗੁਰੂ ਬਿਲਾਸ।"

ਉਹ ਦੁਨੀਆਂਦਾਰੀ ਦੇ ਪੱਖ ਬਿਹੰਗਮ ਸਾਧ ਸੀ ਤੇ ਗੁਰੂ ਤੇ ਉਸਦੀ ਸੰਗਤ ਬਿਨਾਂ ਹੋਰ ਆਸਰਾ ਕੋਈ ਨਹੀਂ ਸੀ:-

"ਗੁਰੂ ਚਰਨਾਂ ਦੀ ਟੇਕ ਹੈ,
ਹੋਰ ਨਾ ਕੋਈ ਆਸ।
ਗੁਰ ਸੰਗਤ ਭੁੱਲ ਚੁਕ ਬਖਸ਼ ਲੈ
ਜਾਨ ਦਾਸਾਂ ਦਾ ਦਾਸ।"

ਪ੍ਰੋ. ਤਾਰਾ ਸਿੰਘ ਅਨਜਾਣ ਅਨੁਸਾਰ ਉਹ ਨਾਮਧਾਰੀ ਸਿੰਘਾਂ ਵਿਚੋਂ ਪਹਿਲਾ ਕਵੀ ਹੋਣ ਦਾ ਮਾਣ ਪ੍ਰਾਪਤ ਕਰਨ ਦਾ ਹੱਕਦਾਰ ਹੈ। ਉਸਦੇ ਮਾਤਾ ਪਿਤਾ ਦਾ ਨਾਂ ਹੁਣ ਭੂਤ ਦੀ ਗਰਤ ਵਿਚ ਸਮਾ ਚੁੱਕਾ ਹੈ ਪਰ ਉਸਦੀ ਅਦੁੱਤੀ ਰਚਨਾ ਸਦਕਾ ਉਹਦਾ ਆਪਣਾ ਨਾਂ ਨਾ ਕੇਵਲ ਨਾਮਧਾਰੀ ਜਗਤ ਵਿਚ ਸਗੋਂ ਸਮੁੱਚੇ ਪੰਜਾਬੀ ਸਾਹਿਤ ਵਿਚ ਆਪਣਾ ਸਥਾਨ ਸੁਨਿਸ਼ਚਿਤ ਕਰ ਗਿਆ ਹੈ। ਉਸਦੀ ਰਚਨਾ ਦਾ ਕੇਂਦਰੀ ਵਿਸ਼ਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਨਾਮਧਾਰੀ ਸੰਗਤ ਅਤੇ ਦੇਸ ਪੰਜਾਬ ਤਾਂ ਪਿਆ ਵਿਛੋੜਾ ਹੈ ਅਤੇ ਵਿਛੋੜੇ ਦੀ ਇਸ ਕਸਕ ਨੂੰ ਪ੍ਰਗਟਾਉਣ ਲਈ, ਵਿਯੋਗੀਆਂ ਦੀ ਇਸੇ ਸ਼ੈਲੀ ਵਿਚ ਭਾਈ ਚੰਦਾ ਸਿੰਘ ਨੇ ਆਪਣੇ ਬਾਰਾਂ ਮਾਹ ਦੀ ਰਚਨਾ ਕੀਤੀ ਹੈ। ਇਸ ਵਿਚ ਨਾਮਧਾਰੀ ਇਤਿਹਾਸ ਦੇ ਹਵਾਲੇ ਵੀ ਹਨ। ਖੂੰਦਰਬੰਧ ਸਾਕਿਆਂ ਦਾ ਵਰਣਨ ਵੀ ਹੈ। ਨਿੰਦਕਾਂ ਮੁਖ਼ਬਰਾਂ ਦੇ ਹਵਾਲੇ ਵੀ ਹਨ। ਰੂਸ ਦੀ ਸਹਾਇਤਾ ਨਾਲ ਪੰਜਾਬ ਵਿਚ ਸੁਤੰਤਰ ਰਾਜ ਕਾਇਮ ਕਰਨ ਦੀਆਂ ਯੋਜਨਾਵਾਂ ਦੇ ਖ਼ਾਕੇ ਵੀ ਹਨ। ਸੂਬਾ ਬਿਸ਼ਨ ਸਿੰਘ ਕਾਬੁਲ ਵਰਗੇ ਇਤਿਹਾਸਕ ਪਾਤਰਾਂ ਦੀ ਜੀਵਨੀ ਨੂੰ ਵੀ ਚਿਰ ਸਥਾਈ ਬਣਾ ਦਿੱਤਾ ਗਿਆ ਹੈ। ਨਾਮਧਾਰੀਆਂ ਦੀ ਜੀਵਨ ਜਾਚ ਅਤੇ ਕੂਕਾ ਸੱਭਿਆਚਾਰ ਬਾਰੇ ਵੀ ਭਰਪੂਰ ਹਵਾਲਿਆਂ ਨਾਲ ਇਹ ਰਚਨਾ ਮਾਲੋ ਮਾਲ ਹੈ। ਇਸ ਦਾ ਆਕਾਰ ਭਾਵੇਂ ਛੋਟਾ ਹੈ ਪਰ ਸਾਹਿਤਕ, ਸਮਾਜਿਕ, ਸਿਆਸੀ ਅਤੇ ਸੱਭਿਆਚਾਰਕ ਮਹੱਤਵ ਬਹੁਤ ਵੱਡਾ ਹੈ।

੨੭ ਜੂਨ ੧੮੮੪ ਈ. ਨੂੰ ਪੰਜਾਬ ਸਰਕਾਰ ਦੇ ਕਾਰਜਕਾਰੀ ਸਕੱਤਰ ਸੀ.ਐੱਲ. ਟੱਪਰ ਵਲੋਂ ਹਿੰਦ ਸਰਕਾਰ

Sri Satguru Jagjit Singh Ji eLibrary NamdhariElibrary@gmail.com

ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਭੇਜੇ ਪੱਤਰ ਵਿਚ ਇਸ ਬਾਰਾਂ ਮਾਂਹ ਦਾ ਨਾ ਕੇਵਲ ਕੂਕਿਆਂ ਦਾ ਅੰਗਰੇਜ਼ ਤੇ ਭੈ ਪਾਉਣ ਵਾਲੀ ਰਚਨਾ ਦੇ ਤੌਰ ਤੇ ਜ਼ਿਕਰ ਕੀਤਾ ਹੈ ਸਗੋਂ ਰੂਸ ਦੀ ਸਹਾਇਤਾ ਨਾਲ ਅੰਗਰੇਜ਼ਾਂ ਨੂੰ ਕੱਢ ਕੇ ਗੁਰੂ ਰਾਮ ਸਿੰਘ ਜੀ ਮੁੜ ਦੇਸ ਵਿਚ ਲਿਆਉਣ ਦੀਆਂ ਯੋਜਨਾਵਾਂ ਦਾ ਵੀ ਵਰਣਨ ਹੈ।

ਪੰਜਾਬ ਪੁਲੀਸ ਦੇ ਸਹਾਇਕ ਆਈ. ਜੀ. ਮੈਕਕਰੇਕਨ ਨੇ ਹੋਰ ਵਿਸਥਾਰ ਵਿਚ ਇਸ ਰਚਨਾ ਦਾ ਨੋਟਿਸ ਲਿਆ ਹੈ। ਉਹਦੇ ਮੁਤਾਬਿਕ ਅੰਮ੍ਰਿਤਸਰ ਦੇ ਪੁਲੀਸ ਕਪਤਾਨ ਨੇ ਸੂਚਨਾ ਭੇਜੀ ਹੈ ਕਿ ਇਕ ਚੇਤਾ ਸਿੰਘ ਪਿੰਡ ਸ਼ਾਹਬਾਜ਼ਪੁਰ (ਫ਼ੀਰੋਜ਼ਪੁਰ) ਨੇ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਵਿਚ ਜਦੋਂ ੧੦ ਅਪ੍ਰੈਲ ੧੯੨੪ ਈ. ਨੂੰ ਇਹ ਬਾਰਾਂ ਮਾਂਹ ਪੜ੍ਹ ਕੇ ਸੁਣਾਇਆ ਤਾਂ ਸਰੋਤਿਆਂ ਵਿਚ ਚੋਖਾ ਜੋਸ਼ ਪੈਦਾ ਹੋ ਗਿਆ, ਉਹਨਾਂ ਚੋਂ ਕੁਝ ਆਪਣੀਆਂ ਛਾਤੀਆਂ ਪਿੱਟਣ ਲੱਗ ਪਏ, ਕਈਆਂ ਦੀਆਂ ਦਸਤਾਰਾਂ ਉਤਰ ਗਈਆਂ ਤੇ ਮਸਤਾਨੇ ਹੋ ਗਏ।" ਉਹ ਫਿਰ ਲਿਖਦਾ ਹੈ ਕਿ ਇਸ ਤਰ੍ਹਾਂ ਦੀ ਸ਼ਾਇਰੀ ਲੋਕਾਂ ਵਿਚ ਬੜੀ ਹਰਮਨ ਪਿਆਰੀ ਹੈ ਅਤੇ ਇਸ ਦੀਆਂ ਛਪੀਆਂ ਕਾਪੀਆਂ ਭਾਈ ਚੰਦਾ ਸਿੰਘ ਵੰਡਦਾ ਰਿਹਾ ਹੈ ਅਤੇ ਕਈ ਹੋਰ ਵੀ ਏਥੇ ਛਪਾਈਆਂ ਗਈਆਂ ਹਨ।

"ਇਸ ਵਿਚ ਕੂਕਿਆਂ ਦਾ ਆਪਣੇ ਪਰਦੇਸੀ ਸਤਿਗੁਰੂ ਰਾਮ ਸਿੰਘ ਪ੍ਰਤੀ ਡੁੱਲ੍ਹ ਡੁੱਲ੍ਹ ਪੈਂਦੇ ਪ੍ਰੇਮ ਦਾ ਵਰਣਨ ਹੈ ਜਿਹਨਾਂ ਨੂੰ ਉਹ ਬਾਰ੍ਹਵਾਂ ਪਾਤਸ਼ਾਹ ਕਹਿੰਦੇ ਹਨ।"[5]

ਅੱਗੇ ਇਸ ਸਮੁੱਚੀ ਰਚਨਾ ਦਾ ਮੂਲ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਵੀ ਭਾਰਤ ਸਰਕਾਰ ਦੀ ਸੁਵਿਧਾ ਲਈ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਬਰਤਾਨਵੀ ਸਰਕਾਰ ਦੁਆਰਾ ਨੋਟਿਸ ਵਿਚ ਲਈ ਜਾਣ ਵਾਲੀ ਪਹਿਲੀ ਪੰਜਾਬੀ ਕਵਿਤਾ ਵੀ ਹੋ ਨਿਬੜਦੀ ਹੈ।

ਭਾਈ ਬੀਰ ਸਿੰਘ ਆਪਣਾ ਬਾਰਾਂ ਮਾਂਹ ਇਉਂ ਸ਼ੁਰੂ ਕਰਦੇ ਹਨ:-

"ਤੇਰਾ ਨਾਮ ਅਕਾਲ ਜੀ, ਜਪੀ ਸੁ ਹਿੱਤ ਚਿੱਤ ਲਾਇ
ਗਣਪਤ ਗੌਰਾਂ ਸਾਰਦਾ ਯਾਤੋਂ ਹੋਹ ਸਹਾਇ ॥"

ਤੇ ਭਾਈ ਚੰਦਾ ਸਿੰਘ ਜੀ ਵੀ ਹਿੰਦੂ ਸਿੱਖ ਸੱਭਿਆਚਾਰ ਦੇ ਇਸ ਮਿੱਸੇ ਰੂਪ ਨੂੰ ਇਉਂ ਬਰਕਰਾਰ ਰੱਖ ਰਹੇ ਹਨ:-

"ਗਣਪਤ ਗੌਰਾਂ ਸਾਰਦਾ, ਸਰਨ ਗੁਰਾਂ ਦੀ ਲੇਹਿ।
ਨਾਨਕ ਨਿਹਫਲ ਜਾਤ ਹੈ, ਭਜਨ ਬਿਨਾ ਜੋ ਦੇਹਿ।"

ਉਹ ਗੁਰੂ ਬਾਲਕ ਸਿੰਘ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਇਉਂ ਮੰਗਲ ਕਰਦੇ ਹਨ:-

"ਹਜ਼ਰੋ ਸ਼ਹਿਰ ਸੁਹਾਵਣਾ ਸ੍ਰੀ ਸਤਿਗੁਰੂ ਲੀਆ ਅਵਤਾਰ।
ਜੋ ਨਰ ਦਰਸ਼ਨ ਪਾਂਵਦੇ, ਸੋ ਭਉਜਲ ਉਤਰੇ ਪਾਰ।"

"ਜਗ ਮਗ ਜੋਤ ਜਗਾਈਆ, ਰਾਮ ਦਾਸ ਪੁਰੇ ਹਜ਼ੂਰ।
ਜੋ ਨਰ ਸ਼ਰਨੀ ਜਾ ਪਏ, ਉਧਰੇ ਜਾਨ ਜ਼ਰੂਰ।"

ਬਾਰਾਂ ਮਾਂਹ ਦੇ ਹੋਰ ਕਵੀਆਂ ਜਿਉਂ ਸੰਤ ਜੀ ਵੀ ਚੇਤਰ ਦੇ ਮਹੀਨੇ ਤੋਂ ਆਰੰਭ ਕਰਦੇ ਹਨ:-

"ਚੜ੍ਹਦੇ ਚੇਤਰ ਚਿਤ ਉਦਾਸ,
ਚੱਲੀਏ ਸਤਿਗੁਰਾਂ ਦੇ ਪਾਸ,
ਕਰੀਏ ਹੱਥ ਜੋੜ ਅਰਦਾਸ,
ਸਾਨੂੰ ਰੱਖ ਆਪਣੇ ਪਾਸ,
ਦੇਹੋ ਚਰਨਾਂ ਵਿਚ ਨਿਵਾਸ,
ਮੈਂ ਔਗੁਣ ਹਾਰੀਆਂ।"

ਤੇ ਅੱਗੇ ਪੰਜਾਬੀ ਲੋਕ ਜੀਵਨ ਨੂੰ ਰੂਪਮਾਨ ਕੀਤਾ ਗਿਆ ਹੈ:-

Sri Satguru Jagjit Singh Ji eLibrary NamdhariElibrary@gmail.com

"ਜਦ ਮੈਂ ਹੋ ਵਿਰਾਗਣ ਚੱਲੀ,
ਦਰਖੇ ਤੰਦ ਨਾ ਲਾਹੀ ਛੱਲੀ,
ਘਰ ਤੋਂ ਤੁਰਕੇ ਭਈ ਅਕੱਲੀ,
ਮੈਨੂੰ ਲੋਕ ਆਖਦੇ ਝੱਲੀ,
ਕਿਸੇ ਦੀ ਗੱਲ ਨਾ ਲਗਦੀ ਭੱਲੀ
ਮੈਂ ਬਲਿਹਾਰੀਆਂ।"

ਨੂੰਹ ਸੱਸ ਦਾ ਝਗੜਾ ਕਿੱਥੇ ਨਹੀਂ ਹੁੰਦਾ ਤੇ ਇਥੇ ਕੂਕਿਆਂ ਦੇ ਬਹਾਨੇ ਸੱਸ ਨੂੰਹ ਤੇ ਹਮਲੇ ਕਰਦੀ ਹੈ:-

"ਸੁਣ ਲਓ ਸੰਤ ਜਨਾਂ ਗੱਲ ਹੋਰ,
ਮੈਨੂੰ ਭਜਨ ਲੈਣ ਦੀ ਲੋੜ,
ਜਾਂ ਮੈਂ ਪਹੁੰਚੀ ਸਤਿਗੁਰ ਕੋਲ,
ਲਿਆ ਭਜਨ ਮੈਂ ਕਰ ਕੇ ਜ਼ੋਰ,
ਘਰ ਵਿਚ ਰਹੇ ਹਮੇਸ਼ਾ ਸ਼ੋਰ,
ਸੱਸ ਕੱਢੇਂਦੀ ਮੰਦੇ ਬੋਲ,
ਨੀਂ ਤੈਂ ਜਾਣਾ ਕੂਕਿਆਂ ਕੋਲ,
ਇਹ ਮਿਹਣੇ ਮਾਰਦੀ।"

ਜਿਹਨਾਂ ਘਰਾਂ ਵਿਚ ਸ਼ਬਦ ਦਾ ਵਾਸਾ ਹੋ ਗਿਆ ਹੈ, ਉਥੇ "ਸਿੱਖਾਂ ਦੇ ਮਨਾਂ ਵਿਚ ਸ਼ਾਦੀਆਂ ਹਨ।" ਸਿੱਖ ਕੜਾਹ ਪਰਸਾਦ ਕਰਕੇ ਪਾਠਾਂ ਦੇ ਭੋਗ ਪੁਆ ਰਹੇ ਹਨ ਅਤੇ ਆਉਣ ਵਾਲੇ ਸਿੱਖ "ਗੁਰਾਂ ਦਾ ਜੱਸ ਪੜ੍ਹਦੇ" ਆ ਰਹੇ ਹਨ। ਰਾਗੀ ਸ਼ਬਦ ਸੋਹਣੇ ਸੁਣਾ ਰਹੇ ਹਨ, ਸਿੱਖ ਲਟਬੌਰੇ ਹੋ ਰਹੇ ਹਨ। ਗੁਰੂ ਦਰਸ਼ਨ, ਸੰਗਤ ਦਰਸ਼ਨ ਸਭਨਾਂ ਦੇ ਭਾਗ ਵਿਚ ਤਾਂ ਨਹੀਂ। ਘਰ ਤੇ ਸੰਸਾਰੀ ਕਾਰ ਵਿਹਾਰ ਦੇ ਤਿਆਗੀਆਂ ਨੂੰ ਹੀ ਇਹ ਲਾਹਾ ਮਿਲਦਾ ਹੈ ਕਿਉਂ ਜੁ ਉਹਨਾਂ ਨੂੰ ਪਹਿਲਾਂ ਹੀ "ਸ਼ਬਦ ਦੀ ਚੋਟ" ਲੱਗ ਚੁੱਕੀ ਹੁੰਦੀ ਹੈ। ਤੇ ਇਸ ਤਰ੍ਹਾਂ ਪੁੱਜ ਜਾਂਦੇ ਹਨ ਰਾਮਦਾਸ ਪੁਰੇ (ਭੈਣੀ ਸਾਹਿਬ) ਵਿਚ ਗੁਰੂ ਪਿਆਰੇ ਸਿੱਖ ਦਰਸ਼ਨ ਦਾਤ ਲਈ।

ਹੁਣ ਅੰਗਰੇਜ਼ ਸਰਕਾਰ ਆਪਣੇ ਉਤਲੇ ਵਲਾਇਤ ਵਾਲਿਆਂ ਨੂੰ ਲਿਖ ਰਹੀ ਹੈ ਕਿ ਨਾਮਧਾਰੀ ਸਿੱਖ ਅਕਾਲ ਪੁਰਖ ਤੋਂ ਬਿਨਾ ਕਿਸੇ ਦੀ ਈਨ ਹੀ ਨਹੀਂ ਮੰਨ ਰਹੇ। ਸਾਡਾ ਜ਼ਹਿਰ ਵੀ ਉਨ੍ਹਾਂ ਉਤੇ ਨੂੰ ਵਿਰਦੇ ਹਨ। ਸ੍ਰੀ ਸਤਿਗੁਰੂ ਜੀ ੧੮੬੭ ਈ. ਦੀ ਦੀਵਾਲੀ ਤੇ ਅੰਮ੍ਰਿਤਸਰ ਦਰਸ਼ਨ ਦਿੰਦੇ ਹਨ ਤਾਂ ਅੰਗਰੇਜ਼ ਹਾਕਮਾਂ ਨੇ ਅੱਗੋਂ ਸਭ ਪ੍ਰਬੰਧ ਕੀਤੇ ਹਨ। ਕਿਉਂ ਜੁ ਸੰਗਤ ਵੀਹ ਤੋਂ ਤੀਹ ਹਜ਼ਾਰ ਤੱਕ ਸੀ ਅਤੇ ਉਸ ਸਮੇਂ ਦੇ ਮੁਤਾਬਿਕ ਇਹ ਕੋਈ ਥੋੜ੍ਹੀ ਗਿਣਤੀ ਨਹੀਂ ਸੀ, ਜਦੋਂ ਸਾਰੇ ਸਿੱਖਾਂ ਦੀ ਗਿਣਤੀ ਦਸ ਬਾਰਾਂ ਲੱਖ ਹੀ ਸੀ:-

"ਸਤਿਗੁਰ ਅੰਮ੍ਰਿਤਸਰ ਜੀ ਆਵਣ,
ਅੱਗੋਂ ਗੋਰੇ, ਥਾਉਂ ਰੁਕਾਵਣ,
ਸਿੱਖ ਜਾ ਕੇ ਆਸਣ ਲਾਵਣ,
ਸੰਗਤਾਂ ਗੁਰ ਦੇ ਦਰਸ਼ਨ ਪਾਵਣ,
ਟੋਕਣ ਅੱਗੇ ਦਰਬ ਚੜ੍ਹਾਵਣ,
ਸਤਿਗੁਰ ਕੰਨ ਵਿਚ ਭਜਨ ਸੁਣਾਵਣ,
ਕਿਰਪਾ ਧਾਰਦੇ।"

ਗੋਰਾ ਮੂੰਹ ਵਿਚ ਉਂਗਲਾਂ ਪਾ ਰਿਹਾ ਹੈ, ਸਿੱਖਾਂ ਦੀ ਬਹੁਤ ਵੇਖਕੇ, ਉਸਦਾ ਕਲੇਜਾ ਧੜਕ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਗੁਲਾਮਦਾਰੀ ਦੇ ਯੁੱਗ ਤੋਂ ਹੀ ਰਾਜ ਸੱਤਾ ਅਤੇ ਪੁਰੋਹਿਤ ਸੱਤਾ ਵਿਚਾਲੇ, ਸਾਧਾਰਨ ਜਨ ਨੂੰ ਆਪਣੇ ਥੱਲੇ ਲਾਈ ਰੱਖਣ ਲਈ ਨਾਪਾਕ ਗਠਬੰਧਨ ਹੋ ਗਿਆ ਸੀ। ਇਥੇ ਵੀ ਪੁਜਾਰੀ ਵਰਗ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਤੇ ਸਤਿਗੁਰੂ ਜੀ ਦੇ ਪਰਤਾਪ ਤੋਂ ਖੁਣਸ ਖਾ ਰਿਹਾ ਸੀ। ਕਵੀ ਜੀ ਭਵਿੱਖ ਬਾਣੀ ਕਰਦੇ ਹਨ ਕਿ ਇਹਨਾ ਪੁਜਾਰੀਆਂ ਦੀ ਵੀ ਕਦੇ ਵਾਰੀ ਆਵੇਗੀ ਜਦੋਂ ਇਹਨਾਂ ਤੋਂ ਗੁਰਧਾਮ ਸੁਤੰਤਰ ਕਰਵਾ ਲਏ ਜਾਣਗੇ:-

"ਚੰਦਾ ਸਿੰਘ ਗੁਰ ਤੋਂ ਬਲਿਹਾਰੀ,
ਜਿਸ ਨੇ ਅਚਰਜ ਕਲਾ ਦਿਖਾਰੀ,
ਨਿੰਦਿਆ ਕਰਦੇ ਸਭ ਪੁਜਾਰੀ,
ਉਨ੍ਹਾਂ ਦੀ ਮੱਤ ਪੂਜਾ ਨੇ ਮਾਰੀ,
ਕਦੀ ਆਊ ਉਨ੍ਹਾਂ ਦੀ ਵਾਰੀ,
ਜਾਂ ਵੱਸ ਪੈਣ ਦਿਆਲ ਦੇ।"

ਸਿੱਖ ਸਣਕੇਸੀ ਇਸ਼ਨਾਨ ਕਰਦੇ ਹਨ। ਹਾੜ ਦੇ ਮਹੀਨੇ ਵਿਚ ਆਈਆਂ ਸੰਗਤਾਂ ਨੂੰ ਸ਼ਰਬਤ ਘੋਲ ਕੇ ਪਿਆਉਂਦੇ ਹਨ। ਮੂੰਹੋਂ "ਅੰਮ੍ਰਿਤ ਬੋਲ" ਬੋਲ ਰਹੇ ਹਨ। ਹੌਲੇ ਦੇ ਦੀਵਾਨ ਦਾ ਜੋ ਸਜੀਵ ਚਿਤਰਣ ਭਾਈ ਚੰਦਾ ਸਿੰਘ ਨੇ ਕੀਤਾ ਹੈ, ਬੇਜੋੜ ਹੈ:-

"ਵੱਜੇ ਢੋਲਕ, ਛੈਣੇ ਖੜਕਣ,
ਹੌਲੇ ਦੇ ਸ਼ਬਦ ਕਲੇਜੇ ਰੜਕਣ,
ਬੀਬੀਆਂ ਵਾਂਗ ਕਬੂਤਰ ਫੜਕਣ,
ਕਰਦੀਆਂ ਨ੍ਰਿਤ ਰਤਾ ਨਹੀਂ ਅਟਕਣ,
ਖੁੱਲ੍ਹੇ ਕੇਸ ਗਲੇ ਵਿਚ ਲਟਕਣ,
ਸ਼ੋਭਾ ਪਾਂਵਦੇ।"

ਸੰਗਤ ਵਿਚ ਆਉਣ ਵਾਲੇ ਪ੍ਰੇਮੀ ਸਿੱਖ ਮੁੱਠੀਆਂ ਭਰਕੇ ਪੱਖੇ ਝੱਲਕੇ, ਬਰਤਨ ਮਾਂਜ ਕੇ ਟਹਿਲ ਕਮਾ ਰਹੇ ਹਨ। ਕੈਸਾ ਸਤਿਜੁਗੀ ਨਜ਼ਾਰਾ ਹੈ।

ਇਹ ਉਹ ਸਮਾਂ ਹੈ ਜਦੋਂ ਸਤਿਗੁਰੂ ਜੀ ਨੂੰ ੧੮੬੩ ਈ. ਤੋਂ ੧੮੬੭ ਈ. ਤੱਕ ਚਾਰ ਸਾਲਾਂ ਲਈ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ ਗਿਆ ਸੀ। ਭਾਈ ਚੰਦਾ ਸਿੰਘ ਦੇ ਮੁਤਾਬਿਕ ਸਤਿਗੁਰੂ ਜੀ ਨਿਉਣ ਸਾਰ ਜਾਣਦੇ ਹਨ:-

"ਅੱਗੋਂ ਸਾਵਣ ਮਹੀਨੇ ਚੜ੍ਹਦੇ,
ਗੋਰੇ ਬਹਿਕੇ ਕੌਂਸਲ ਕਰਦੇ,
ਸਾਡੇ ਚਿਤ ਗੁਰਾਂ ਤੋਂ ਡਰਦੇ,
ਇਹ ਸਿੱਖ ਸ਼ੋਰ ਸ਼ਰਾਬੇ ਕਰਦੇ,
ਸਤਿਗੁਰੂ ਬਹਿ ਜਾਵੋ ਵਿਚ ਘਰਦੇ,
ਗੋਰਾ ਆਖਦਾ।"

"ਗੋਰੇ ਬਚਨ ਏਤਨਾ ਕਹਿਆ,
ਸਤਿਗੁਰਾਂ ਸਤਿ ਬਚਨ ਮੰਨ ਲਇਆ,
ਜਿਹੜਾ ਨਿੰਵਿਆ ਸੋ ਜਿਣ ਗਇਆ,
ਕਿਹੜਾ ਫਿਕਰ ਤੁਹਾਨੂੰ ਪਇਆ,
ਜਿਹੜਾ ਲਿਖਿਆ ਕਦੇ ਨਾ ਰਹਿਆ,

Sri Satguru Jagjit Singh Ji eLibrary NamdhariElibrary@gmail.com

ਹੁਕਮ ਅਕਾਲ ਦਾ।"

ਭਾਈ ਚੰਦਾ ਸਿਘ ਹਿੰਦੂ ਪੌਰਾਣਿਕ ਸਾਹਿਤ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਜਿਵੇਂ ਜ਼ਾਲਮ ਕੰਸ ਰਾਜੇ ਨੂੰ ਮਾਰਨ ਲਈ ਕ੍ਰਿਸ਼ਨ ਚੰਦਰ ਅਵਤਾਰ ਆਇਆ ਇਵੇਂ ਹੀ ਇਸ ਜ਼ਾਲਮ ਗੋਰਾਸ਼ਾਹੀ ਦਾ ਮੂਲ ਪੱਟਣ ਲਈ ਸਤਿਗੁਰੂ ਰਾਮ ਸਿਘ ਜੀ ਆਏ ਹਨ। ਸਤਿਗੁਰੂ ਜੀ ਤੇ ਨਿਵਾਰਕ ਨਚਰਬੰਦੀ ਹੈ ਉਹਨਾਂ ਹੁਣ ਆਪਣੇ ਪਰਚਾਰ ਲਈ ਸੂਬੇ ਥਾਪ ਦਿੱਤੇ ਹਨ ਤੇ ਸੂਬੇ ਕੌਣ ਹਨ "ਜਿਹੜੇ ਆਦਿ ਅੰਤ ਦੇ ਯਾਰ। ਜੁੱਗ ਜੁੱਗ ਧਾਰਨ ਨਾਲ ਅੰਤਾਰ।"

ਭਾਈ ਬੀਰ ਸਿਘ ਦੀ ਉਤਕ੍ਰਿਸ਼ਟ ਰਚਨਾ ਦਾ ਭਾਈ ਚੰਦਾ ਸਿਘ ਜੀ ਤੇ ਐਸਾ ਪ੍ਰਭਾਵ ਪਿਆ ਹੈ ਕਿ ਕਿਤੇ ਕਿਤੇ ਪੂਰੀਆਂ ਤੁਕਾਂ ਉਹਨਾਂ ਵਾਲੀਆਂ ਵਰਤ ਲਈਆਂ ਗਈਆਂ ਹਨ।

ਬੀਰ ਸਿਘ ਜੀ ਲਿਖਦੇ ਹਨ:-

"ਜਪਦੇ ਜਾਪ ਗੁਰੂ ਦਾ ਪੂਰੇ,
ਰਹਿੰਦੇ ਸਤਿਗੁਰ ਪਾਸ ਹਜ਼ੂਰੇ,
ਕੇਸਾਧਾਰੀ ਸੁੰਦਰ ਸੂਰੇ,
ਕੀਤੀ ਟਹਿਲ ਪਈ ਮਨਜ਼ੂਰੇ,
ਬਖਸ਼ੀ ਰਿੱਧ ਸਿੱਧ ਭਰਪੂਰੇ,
ਖੇਤੀ ਕਰਨ ਹੋਵਾਵਨ ਭੂਰੇ,
ਤੇ ਅਬ ਸਰਦਾਰ ਹੈਂ।"

ਤੇ ਭਾਈ ਚੰਦਾ ਸਿਘ ਜੀ ਦਾ ਵਰਨਨ ਵੀ ਇਸੇ ਰੰਗ ਵਿਚ ਹੀ ਹੈ:-

"ਭਾਦਰੋਂ ਭਰਮ ਕੀਤਾ ਗੁਰ ਦੂਰ,
ਪਹੁੰਚੇ ਸਤਿਗੁਰ ਪਾਸ ਹਜ਼ੂਰ,
ਕੀਤੀ ਟਹਿਲ ਪਈ ਮਨਜ਼ੂਰ,
ਬਖਸ਼ੀ ਰਿਧ ਸਿੱਧ ਭਰਪੂਰ,
ਆਪਣੇ ਖ਼ਾਲਸੇ।"

ਚੰਗੀ ਕਵਿਤਾ ਆਪਣੀ ਸ਼ਕਤੀ ਦਾ ਲੋਹਾ ਆਉਣ ਵਾਲੇ ਕਵੀਆਂ ਤੋਂ ਇਜ ਹੀ ਮਨਵਾ ਲਿਆ ਕਰਦੀ ਹੈ। ਪਿੰਡਾਂ ਵਿਚ ਭਜਨ ਬਾਣੀ ਕਰਨ ਕਰਵਾਉਣ ਲਈ ਪ੍ਰਿੰਹੰਗਮ ਸਿੰਘਾਂ ਦੇ ਡੇਰੇ ਲਾਅ ਦਿੱਤੇ ਹਨ ਤੇ ਸਤਿਗੁਰੂ ਜੀ ਦੇ ਹੁਕਮ ਨਾਲ ਘਰ ਘਰ ਵਿਚ ਲੰਗਰ ਚਲ ਰਹੇ ਹਨ ਜਿਥੋਂ ਕੋਈ ਲੋੜਵੰਦ ਖ਼ਾਲੀ ਨਹੀਂ ਮੁੜਦਾ। ਨਵਾਂ ਪੰਥ ਜਿਹਨੂੰ ਅੰਗਰੇਜ਼ ਕਹਿੰਦੇ ਸਨ ਬਹੁਤ ਸਾਰੇ ਨਿੰਦਕ/ਮੁਖ਼ਬਰ ਉਸਦੀਆਂ ਚੁਗਲੀਆਂ ਸਰਕਾਰ ਕੋਲ ਕਰਦੇ ਹਨ ਅਤੇ ਆਪਣੇ ਸਿਰਾਂ ਤੇ ਭਾਰਾ ਵਧਾ ਰਹੇ ਹਨ।

ਸਿੱਖੀ ਦਾ ਕੇਂਦਰੀ ਧੁਰਾ ਸਤਿਗੁਰੂ ਦੀ ਸ਼ਖਸੀਅਤ ਹੈ ਅਤੇ ਭਾਈ ਚੰਦਾ ਸਿਘ ਇਸੇ ਲਈ ਲਿਖਦੇ ਹਨ:-

"ਅੱਜੂ ਆਸ ਗੁਰਾਂ ਦੀ ਰੱਖੀ,
ਨਿੱਤ ਮੈਂ ਦਰਸ਼ਨ ਦੇਖਾਂ ਅੱਖੀਂ,
ਸਤਿਗੁਰੂ ਨਾਮ ਪਦਾਰਥ ਦਿੱਤਾ,
ਬੈਠ ਕਿਨਾਰੇ ਚੱਖੀ,
ਕੀ ਪਰਵਾਹ ਕਿਸੇ ਦੀ ਉਹਨਾਂ,
ਗੁਰੂ ਜਿਨ੍ਹਾਂ ਦਾ ਪੱਖੀ।
ਸਤਿਗੁਰ ਬਿਰਦ ਤੁਮਾਰਾ ਕਹੀਏ,

Sri Satguru Jagjit Singh Ji eLibrary NamdhariElibrary@gmail.com

ਲਾਜ ਬਿਰਦ ਦੀ ਰੱਖੀ।
ਬਿਰਦ ਬੀਚਾਰਕੇ।"

ਸਤਿਗੁਰੂ ਜੀ ਦੀ ਸਵਾਰੀ ਨਿਕਲਦੀ ਹੈ, ਚੀਨੀ ਘੋੜੀ ਤੇ, ਅੜਦਲ ਵਿਚ ਸਿੰਘ ਮਸਤਾਨੇ ਇਉਂ ਭਾਸਦੇ ਹਨ ਜਿਵੇਂ ਲੰਕਾ ਫਤੇਹ ਕਰਨ ਵੇਲੇ ਸ੍ਰੀ ਰਾਮ ਦੀ ਸੈਨਾ ਚੱਲ ਰਹੀ ਹੋਵੇ। ਚੰਦ ਸੂਰਜ ਇਹ ਜਲੌਅ ਵੇਖ ਕੇ ਭੈ-ਭੀਤ ਹਨ। ਸਤਿਗੁਰ ਤੇ ਸੂਬੇ ਜਿਵੇਂ ਹੰਸਾਂ ਦੀ ਡਾਰ ਹੋਵਣ। ਜਿਵੇਂ ਚੰਦ ਆਪਣੇ ਪਰਿਵਾਰ ਵਿਚ ਸੋਭਾ ਪਾਉਂਦਾ ਹੈ। ਜਿਵੇਂ ਸਰਦਾਰ/ਸੈਨਾਪਤੀ ਆਪਣੀਆਂ ਫੌਜਾਂ ਵਿਚ ਸੋਭਦਾ ਹੈ।

ਸਤਿਗੁਰੂ ਜੀ ਦੇ ਗਲ ਵਿਚ ਮਾਲਾ ਤੇ ਸੀਸ ਤੇ ਬੰਧੀ ਦਸਤਾਰ ਵਿਚ ਖੰਡਾ ਇਉਂ ਸੋਭ ਰਿਹਾ ਹੈ, ਭਾਈ ਚੰਦਾ ਸਿੰਘ ਦੇ ਕਥਨ ਮੁਜਬ ਜਿਵੇਂ ਸ਼ਿਵ ਜੀ ਦੇ ਮੱਥੇ ਤੇ ਚੰਦਰਮਾ ਸ਼ੋਭਾ ਪਾਉਂਦਾ ਹੈ। ਕਿਉਂ ਜੁ:-

"ਗੁਰ ਕੀ ਮਹਿਮਾ ਬਰਨ ਨਾ ਜਾਈ,
ਅਪਰ ਅਪਾਰ ਦੀ।"

ਗੁਰਵਾਕ "ਮੜ੍ਹੀ ਗੋਰ ਦੇਵਲ ਮਸੀਤੇ ਗਿਰਾਏ" ਅਨੁਸਾਰ ਕੂਕਿਆਂ ਨੇ ਮੜ੍ਹੀਆਂ ਕਬਰਾਂ ਢਾਹ ਸੁੱਟੀਆਂ। ਹਿੰਦੂ ਤੁਰਕ ਦੋਹਾਂ ਨੂੰ ਸੰਤ ਖਾਲਸੇ ਦਾ ਭੈ ਮਾਲੂਮ ਹੋ ਰਿਹਾ ਹੈ। ਮਾਸ-ਸ਼ਰਾਬ, ਨੀਲ ਦੀ ਵਰਤੋਂ ਹਟਾ ਕੇ ਸਿੰਘਾਂ ਨੂੰ ਸੱਚ ਤੇ ਸੁੱਚ ਤੇ ਦ੍ਰਿੜ੍ਹ ਕਰਵਾ ਦਿੱਤਾ ਹੈ। ਸਿੰਘਾਂ ਦੀ ਦੈਨਿਕ ਕਿਰਿਆ ਕੈਸੀ ਹੈ:-

"ਕਰਦੇ ਪਹਿਰ ਰਾਤੀਂ ਇਸ਼ਨਾਨ,
ਪੜ੍ਹਦੇ ਬਾਣੀ ਲਾਏ ਧਿਆਨ,
ਢਾਹੁਣ ਮੜ੍ਹੀਆਂ ਗੋਰ ਮੁਕਾਮ,
ਸਤਿਗੁਰ ਬਹਿੰਦੇ ਲਾਇ ਦੀਵਾਨ,
ਰਾਗੀ ਵਾਰ ਆਸਾ ਦੀ ਲਾਣ,
ਸਿੰਘ ਹੋ ਮਸਤਾਨੇ ਜਾਣ,
ਉਹ ਭਬਕਾਂ ਮਾਰਦੇ।"

ਤੇ ਅਗਲੀਆਂ ਤੁਕਾਂ ਵਿਚ ਬੁੱਚੜ ਬੱਧ ਦੇ ਸਾਕਿਆਂ ਦੀ ਭੂਮਿਕਾ ਦਾ ਬੀਜ ਰੂਪ ਹੈ। ਜਿਸ ਕਾਰਨ ਨਾਮਧਾਰੀ ਇਤਿਹਾਸ ਨੇ ਇਕ ਹੋਰ ਕਰਵਟ ਬਦਲ ਲਈ:-

"ਸਤਿਗੁਰ ਹੋਰ ਹੁਕਮ ਚੜ੍ਹਾਏ,
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਛ ਲੰਦਨੋਂ ਆਏ,
ਏਨ੍ਹਾਂ ਬੁੱਚੜ ਖਾਨੇ ਲਾਏ,
ਸਾਨੂੰ ਦੇਖ ਗਊਆਂ ਦਾ ਧਾਏ,
ਸਿੰਘ ਸੀਸ ਦੇਵਣੇ ਆਏ,
ਨਾਇ ਕਰਤਾਰ ਦੇ।"

ਅੰਮ੍ਰਿਤਸਰ, ਰਾਇਕੋਟ ਆਦਿ ਦੇ ਬੁੱਚੜ ਬੱਧ ਦੇ ਸਾਕਿਆਂ ਦੇ ੧੮੭੧ ਈ. ਵਿਚ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਨੂੰ ਭਾਈ ਚੰਦਾ ਸਿੰਘ ਜੀ ਇਉਂ ਸ਼ਰਧਾਂਜਲੀ ਭੇਟ ਕਰਦੇ ਹਨ:-

"ਜਿਨ੍ਹਾਂ ਗੁਰ ਦੇ ਬਚਨ ਕਮਾਏ,
ਉਹ ਤੇ ਫੇਰ ਜੂਨ ਨਹੀਂ ਆਏ,
ਵੱਸੇ ਜਾਇ ਸ਼ਹੀਦੀ ਥਾਏ,

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਬਾਹੋਂ ਪਕੜ ਲੰਘਾਏ,
ਭਵਜਲ ਪਾਰ ਤੇ।"

ਇੱਥੇ ਗੁਰੂ ਜੀ ਦੇ ਬਚਨ ਮੰਨਣ ਦਾ ਭਾਵ ਹੈ, ਬੇਦੋਸ਼ਿਆਂ ਨੂੰ ਛੁਡਾ ਕੇ ਆਪ ਪੇਸ਼ ਹੋ ਕੇ ਫਾਂਸੀ ਲੱਗਣ ਵਾਲੇ ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦ। ਇਹ ਇਤਿਹਾਸਕ ਤੱਥ ਨਿਰਵਿਵਾਦ ਹੈ ਕਿ ਸਤਿਗੁਰੂ ਜੀ ਬੁੱਚੜਾਂ ਦੇ ਖ਼ਿਲਾਫ਼ ਸਿੱਧੀ ਕਾਰਵਾਈ ਕਰਨ ਦੀ ਕਦੇ ਵੀ ਆਗਿਆ ਨਹੀਂ ਸਨ ਦਿੰਦੇ। ਇਸ ਲਈ ਭਾਈ ਚੰਦਾ ਸਿੰਘ ਜੀ ਕਿਤੇ ਕਿਤੇ ਆਪਣੇ ਵਰਣਨ ਵਿਚ ਇਹ ਉਕਾਈ ਕਰ ਗਏ ਹਨ ਜਿਹਾ ਕਿ "ਸਤਿਗੁਰ ਹੋਰ ਹੁਕਮ ਚਲ੍ਹਾਏ" ਵਾਲੀ ਤੁਕ ਵਿਚ।

੧੮੭੨ ਈ. ਦੇ ਮਾਘੀ ਦੇ ਮੇਲੇ ਵਾਲੇ ਦੁਖਾਂਤ ਨੂੰ ਨਾਮਧਾਰੀ ਸੰਗਤ ਅਜੇ ਤੱਕ ਵੀ ਭੁਲਾ ਨਹੀਂ ਸਕੀ। ਮਲੇਰਕੋਟਲੇ ਦਾ ਸਾਕਾ ਅਤੇ ਸਤਿਗੁਰੂ ਜੀ ਦੀ ਜਲਾਵਤਨੀ। ਇਸ ਮੇਲੇ ਲਈ ਸੰਗਤ ਕਿੱਥੋਂ ਕਿੱਥੋਂ ਆਈ ਕਵੀ ਜੀ ਦੇ ਸ਼ਬਦਾਂ ਵਿਚ :-

"ਸਿੰਘ ਹੋਏ ਸਭ ਤਿਆਰ,
ਮਾਲਵਾ, ਮਾਝਾ, ਦੁਆਬ ਤੇ ਬਾਰ,
ਆਏ ਜਮਨਾਂ ਦੇ ਸਰਦਾਰ,
ਔਗੇ ਜੋ ਭਾਵੇ ਕਰਤਾਰ,
ਮਾਈਆਂ ਬੀਬੀਆਂ ਹੋਰ ਹਜ਼ਾਰ,
(ਜਿਨ੍ਹਾਂ) ਲਾਹ ਕੇ ਸੁੱਟੇ ਹਾਰ-ਸ਼ਿੰਗਾਰ,
ਗੁਰਾਂ ਦੇ ਸਾਹਮਣੇ।"

ਸੂਬਾ ਗਿਆਨੀ ਸਿੰਘ ਰਾਇਕੋਟ ਵਾਲੇ ਸਾਕੇ ਵਿਚ ਬੇਦੋਸ਼ ਛੁੱਟੇ ਰਤਨ ਸਿੰਘ ਨਾਲ ੧੮੭੧ ਈ. ਦੇ ਨਵੰਬਰ ਮਹੀਨੇ ਲੁਧਿਆਣੇ ਫਾਂਸੀ ਲੱਗੇ ਸਨ। ਸਿੱਖਾਂ ਨੂੰ ਉਹਨਾਂ ਦੀ ਨਜਾਇਜ਼ ਕਾਨੂੰਨੀ ਹੱਤਿਆ ਤੇ ਬਹੁਤ ਰੋਹ ਚੜ੍ਹਿਆ ਸੀ। ਉਹ ਅਣਵਿਆਹੇ ਸਨ। ਇਸ ਲਈ ਮਸਤਾਨੇ ਜਦੋਂ ਮਾਘੀ ਮੇਲੇ ਤੋਂ ਮਲੇਰਕੋਟਲੇ ਤੇ ਹਮਲੇ ਲਈ ਤਿਆਰ ਹੋਏ ਤਾਂ ਉਹ ਸੰਗਤ ਨੂੰ ਇਹ ਕਹਿ ਕੇ ਨਾਲ ਚਲਣ ਲਈ ਪ੍ਰੇਰ ਰਹੇ ਸਨ ਕਿ ਆਓ ਗਿਆਨੀ ਸਿੰਘ ਹੋਰਾਂ ਦੀ ਜੰਞ ਚੜ੍ਹਨ ਲਗੀ ਹੈ, ਸ਼ਾਮਲ ਹੋਵੋ। ਇਸ ਇਤਿਹਾਸਕ ਨੁਕਤੇ ਦੀ ਵਿਆਖਿਆ ਭਾਈ ਚੰਦਾ ਸਿੰਘ ਤੋਂ ਬਿਹਤਰ ਕਿਸੇ ਲੇਖਕ ਜਾਂ ਕਵੀ ਨੇ ਨਹੀਂ ਕੀਤੀ:-

"ਚੰਦਾ ਸਿੰਘ ਗੁਰ ਰਹਿਆ ਭਾਣਾ,
ਸਿੰਘ ਕਰਦੇ ਜ਼ੋਰ ਧਿਙਾਣਾ,
ਕਹਿੰਦੇ ਮਲੇਰ ਕੋਟਲੇ ਧਾਣਾ,
ਜੰਞੇ ਗਿਆਨੀ ਸਿੰਘ ਦੀ ਜਾਣਾ,
ਬਦਲਾ ਲੈਣਾ ਪਾਸ ਪਠਾਣਾ,
ਇਹ ਮਨ ਵਿਚਾਰਦੇ।"

ਤੇ ਸਿੰਘ ਤੋਪਾਂ ਨਾਲ ਉਡਾ ਦਿੱਤੇ ਗਏ, ਸਤਿਗੁਰ ਪਰਦੇਸ ਚਲੇ ਗਏ। ਸਿੰਘਾਂ ਦੇ ਮਨਾਂ ਵਿਚ ਉਦਾਸੀਆਂ ਦੇ ਮੌਸਮ ਛਾ ਗਏ ਹਨ। ਰਾਮ ਬਨਵਾਸ ਫਿਰ ਦੁਹਰਾਇਆ ਗਿਆ। ਉਦੋਂ ਸੀਤਾ ਤੇ ਲਛਮਣ ਸਾਥ ਗਏ ਸਨ। ਹੁਣ ਭਾਈ ਨਾਨੂੰ ਸਿੰਘ ਰੁੜਕੀ (ਅੰਬਾਲਾ ਜ਼ਿਲ੍ਹਾ) ਗਏ ਹਨ। ਜਿਸ ਤਰ੍ਹਾਂ ਭਰਤ ਨੂੰ ਪਿੱਛੇ ਉਡੀਕਣਾ ਪਿਆ ਸੀ। ਇਵੇਂ ਹੁਣ ਗੁਰੂ ਹਰੀ ਸਿੰਘ ਜੀ ਵੱਡੇ ਭਾਈ ਦੀ ਉਡੀਕ ਵਿਚ ਦੀਵੇ ਗਾਲ ਬੈਠੇ:-

"ਮਹੀਨੇ ਫੱਗਣ ਕੀਆ ਪਰਵਾਸ,
ਸਤਿਗੁਰ ਕੀਤਾ ਚਿਤ ਉਦਾਸ,

Sri Satguru Jagjit Singh Ji eLibrary NamdhariElibrary@gmail.com

ਜਿਵੇਂ ਰਾਮ ਚੱਲੇ ਬਨਵਾਸ,
ਸੀਤਾ ਲਛਮਣ ਲੈ ਗਏ ਸਾਥ,
ਏਥੋਂ ਨਾਨੂੰ ਸਿਘ ਲੈ ਗਏ,
ਪਿੱਛੇ ਵਾਂਗ ਭਰਤ ਭਾਈ ਰਹੇ,
ਦੁਖ ਸੁਖ ਜਿਸਤੇ ਸੰਗਤ ਸਹੇ,
ਮੈਂ ਬਲਿਹਾਰੀਆਂ।"
ਜਿਵੇਂ ਵਾਰਿਸ ਸ਼ਾਹ ਲਿਖਦਾ ਹੈ:-
"ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ
ਜਿਹੜਾ ਜਿਊ ਦਾ ਰੋਗ ਵੰਞਾਂਵਦਾ ਈ।
ਵੰਡਾਂ ਚੂਰੀਆਂ ਘਿਓ ਦੇ ਬਾਲ ਦੀਵੇ
ਵਾਰਿਸ ਸ਼ਾਹ ਜੇ ਸੁਣਾ ਮੈਂ ਆਂਵਦਾ ਈ।"
ਇਵੇਂ ਹੀ ਵਾਰਿਸ ਦੇ ਪਿੰਡ ਜੰਡਿਆਲੇ ਸ਼ੇਰ ਖ਼ਾਂ ਦੇ ਗੁਆਂਢੀ ਪਿੰਡ ਭੰਬਰਾਂ ਦਾ ਚੰਦਾ ਸਿਘ ਆਖਦਾ ਹੈ:-
"ਸਤਿਗੁਰ ਬਾਝੋਂ ਚੈਨ ਨਾ ਕੋਈ,
ਸੰਗਤ ਸਭ ਉਦਾਸੀ ਹੋਈ,
ਰਾਤੀਂ ਨੈਣੀਂ ਨੀਂਦ ਨਾ ਆਵੇ,
ਤਾਰੇ ਗਿਣਦਿਆਂ ਰੈਣ ਵਿਹਾਵੇ,
ਸਾਨੂੰ ਪਾਣੀ ਅੰਨ ਨਾ ਭਾਵੇ,
ਦਿਨ ਦਿਨ ਗ਼ਮ ਗੁਰਾਂ ਦਾ ਖਾਵੇ,
ਐਸਾ ਕੌਣ ਜੋ ਆਣ ਮਿਲਾਵੇ,
ਮੈਂ ਕਰਾਂ ਸਿਰ ਵਾਰਨੇ।"

ਜਿਥੇ ਸਤਿਗੁਰੂ ਜੀ ਜਾ ਬੈਠੇ ਕਵੀ ਜੀ ਮੁਤਾਬਿਕ ਉਸ ਦੇਸ਼ ਦੇ ਭਾਗ ਜਾਗ ਪਏ ਹਨ ਅਤੇ ਇਧਰਲਿਆਂ ਦੇ ਭਾਗ ਸੌਂ ਗਏ ਹਨ। ਸੰਗਤ ਹੁਣ ਮੈਲੇ ਵੇਸ ਵਿਚ ਰਹਿੰਦੀ ਹੈ। ਬਹੁਤ ਸਾਰੇ ਸੂਰਮੇ ਤੇ ਸਿਦਕੀ ਸਿਘ ਖਾਰਾ ਸਾਗਰ ਲੰਘ ਕੇ ਦਰਸ਼ਨ ਦਾਤ ਪ੍ਰਾਪਤ ਕਰਕੇ ਆਏ ਹਨ:-

"ਜਿਹੜੇ ਸਿਘ ਗੁਰਾਂ ਦੇ ਪਿਆਰੇ,
ਲੰਘ ਕੇ ਗਏ ਸਮੁੰਦਰ ਖਾਰੇ,
ਸਤਿਗੁਰ ਬੈਠੇ ਵਿਚ ਚੁਬਾਰੇ,
ਫੇਰਨ ਮਾਲਾ ਤਪ ਨੂੰ ਧਾਰੇ,
ਜਪਦੇ ਨਾਮ ਨੂੰ।"
ਤੇ ਭੈਣੀ ਸਾਹਿਬ ਅਤੇ ਪੰਜਾਬ ਦੀ ਸੰਗਤ ਕਿਵੇਂ ਉਡੀਕਦੀ ਹੈ:-
"ਸੰਗਤ ਸਾਧ ਉਡੀਕਣ ਸਾਰੇ
ਜਿਉਂ ਅਜੁੱਧਿਆ ਰਾਮ ਨੂੰ।"
ਦੁਨਿਆਵੀ ਰਿਸ਼ਤੇ ਵਿਚੋਂ ਗੁਰੂ ਪੋਤਰੀ ਬੀਬੀ ਨੰਦਾ ਦੇ ਵਿਰਾਗੀ ਮਨ ਦਾ ਚਿਤਰਣ ਇਉਂ ਕੀਤਾ ਗਿਆ ਹੈ:-
"ਬੀਬੀ ਨੰਦਾ ਸਾਡੀ ਭੈਣ,
ਪਿਤਾ ਬਿਨ ਰਤੀ ਨਾ ਆਵੇ ਚੈਨ,

Sri Satguru Jagjit Singh Ji eLibrary NamdhariElibrary@gmail.com

ਹੋਇ ਬਿਰਾਗਣ ਭਰਦੀ ਨੈਣ,
ਪੁੱਛਦੀ ਬਾਣੀ ਸੱਜਣ ਸੈਣ,
ਸਤਿਗੁਰ ਕਦੋਂ ਕੂ ਦਰਸ਼ਨ ਦੇਣ,
ਮਿਲਾਂ ਗਲ ਪਾਇ ਕੇ।"

ਕਲ ਨਾਰਦ ਸੰਵਾਦ ਦੀ ਜੁਗਤ ਵਿਸਥਾਰ ਵਰਤਦੇ ਰਹੇ ਹਨ। ਕਵੀ ਦੇ ਸ਼ਬਦਾਂ ਵਿਚ ਕਲ ਮਾਤਾ ਸਤਿਗੁਰੂ ਜੀ ਨੂੰ ਕਹਿੰਦੀ ਹੈ ਕਿ ਮੇਰੀਆਂ ਫੌਜਾਂ ਭੁੱਖੀਆਂ ਹਨ। ਸਤਿਗੁਰੂ ਜੀ ਕਹਿੰਦੇ ਹਨ ਕਿ ਤੂੰ ਪਠਾਣਾਂ ਦੇ ਦੇਸ਼ ਵਿਚ ਜਾ, ਉਥੇ ਨਾਰਦ ਡਮਰੂ ਖੜਕਾ ਕੇ ਤੇਰੀ ਸੁੱਤੀ ਕਲਾ ਜਗਾ ਦੇਵੇਗਾ। ਰੂਸ ਦੀ ਸਹਾਇਤਾ ਨਾਲ ਪੰਜਾਬ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਦੀ ਕੂਕਿਆਂ ਦੀ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿਚ ਪੂਰੀ ਯੋਜਨਾ ਬੱਝੀ ਹੋ ਰਹੀ ਸੀ। ਮਹਾਰਾਜਾ ਦਲੀਪ ਸਿੰਘ, ਆਖਰੀ ਸਿੱਖ ਪਾਤਸ਼ਾਹ ਵੀ ਇਸ ਲਈ ਯਤਨਸ਼ੀਲ ਸੀ। ਇਹਨਾਂ ਸੰਕੇਤਾਂ ਦੇ ਕੁਝ ਕਾਵਿਕ ਚਿਹਨ ਭਾਈ ਚੰਦਾ ਸਿੰਘ ਨੇ ਲਿਖੇ ਹਨ ਜੋ ਵਡੇਰੀ ਇਤਿਹਾਸਕ ਖੋਜ ਤੇ ਛਾਣਬੀਣ ਦੇ ਮੁਥਾਜ ਹਨ:-

"ਸਤਿਗੁਰ ਬੋਲੇ ਮੁਖ ਥੀਂ ਬੈਣ,
ਘੱਲੇ ਸ਼ਹੀਦ ਰੂਸ ਨੂੰ ਲੈਣ,
ਉਹਦੇ ਜਾਇ ਪਲੰਘ 'ਤੇ ਬਹਿਣ,
ਫੜ ਸਲੋਤਰ ਮਾਰਨ ਪੈਣ,
ਲਿਖੇ ਹੁਕਮਨਾਮੇ ਹੱਥ ਦੇਣ,
ਆਪ ਅਕਾਲ ਦੇ।"

ਦੋਹਿਰਾ

"ਹੁਕਮਨਾਮਾ ਹੱਥ ਦੇ ਕੇ
ਬਚਨ ਸੁਣਾਇਆ ਏਹ।
ਤੈਨੂੰ ਹੁਕਮ ਅਕਾਲ ਦਾ,
ਚੜ੍ਹ ਲਾਹੌਰ ਲੈ ਦੇਹ।"

"ਜਦੋਂ ਰੂਸ ਕਚਹਿਰੀ ਆਇਆ,
ਪਾਸ ਸੱਦ ਵਜ਼ੀਰ ਬਹਾਇਆ,
ਰਾਤੀਂ ਨਜ਼ਰ ਖਾਲਸਾ ਆਇਆ,
ਉਸ ਨੇ ਭਵਜਲ ਬੁਰਾ ਦਿਖਾਇਆ,
ਮੁੱਖ ਥੀਂ ਕਰੜਾ ਬਚਨ ਸੁਣਾਇਆ,
ਚੜ੍ਹੋ ਲਾਹੌਰ ਤੇ।"

ਮੱਧ ਏਸ਼ੀਆ ਤੱਕ ਆਪਣੀਆਂ ਸਿਆਸੀ ਸਰਗਰਮੀਆਂ ਅਤੇ ਗੋਰੇ ਹਾਕਮਾਂ ਵਿਰੁੱਧ ਵਿਆਪਕ ਵਿਊਹ ਰਚਨਾਵਾਂ ਕਰਨ ਸਦਕਾ ਚਰਚਿਤ ਹੋ ਚੁੱਕੇ ਸੂਬਾ ਬਿਸ਼ਨ ਸਿੰਘ ਕਾਬੁਲ ਵਾਲਿਆਂ ਦਾ ਪਾਤਰ ਵੀ ਇਸ ਬਾਰਾਂ ਮਾਂਹ ਵਿਚੋਂ ਆਪਣੀ ਪਛਾਣ ਬਣਾਉਂਦਾ ਹੈ:-

"ਬਿਸ਼ਨ ਸਿੰਘ ਗੁਰੂ ਕਾ ਲਾਲ,
ਫੌਜਾਂ ਰਹਿਣ ਸ਼ਹੀਦੀ ਨਾਲ,
ਕੀਤੇ ਸਤਿਗੁਰ ਨਾਲ ਕਰਾਰ,

Sri Satguru Jagjit Singh Ji eLibrary NamdhariElibrary@gmail.com

ਉਹ ਵੀ ਹੋਇਆ ਨਾਲ ਤਿਆਰ,
ਐਂਗੇ ਜੋ ਭਾਵੇ ਕਰਤਾਰ
ਹੁਕਮ ਅਕਾਲ ਦਾ।"

'ਰੂਸ ਪੰਜਾਬੇ ਆਵੇ' ਸੰਤ ਚੰਦਾ ਸਿੰਘ ਦੇ ਬਾਰਾਂ ਮਾਹ ਦੀਆਂ ਹੀ ਹਨ ਜਿਹੜੀਆਂ ਬਹੁਤ ਸਾਰੇ ਓਥੜਾਂ ਨੇ "ਸੌ ਸਾਖੀ" ਦੀਆਂ ਪਰਚਾਰੀਆਂ ਹਨ। ਇਹਨਾਂ ਤੁਕਾਂ ਵਿਚ ਕਿਤੇ ਕਿਤੇ ਉਸ ਵੇਲੇ ਦਾ ਅੰਗਰੇਜ਼ ਬਸਤੀਵਾਦੀਆਂ ਦਾ ਸਰਕਾਰੀ ਪਰਚਾਰ ਵੀ ਝਲਕਦਾ ਹੈ। ਪ੍ਰਸਿੱਧ ਹਿੰਦ ਵਿਗਿਆਨੀ ਮਾਈ ਲੁਸਤਰਨਿਕ ਨੇ ਲੇਖਕ ਨੂੰ ੧੯੮੧ ਫਰਵਰੀ ਵਿਚ ਤੱਤਕਾਲੀਨ ਲੈਨਿਨਗਾਰਦ ਵਿਖੇ ਆਪਣੇ ਨਿਵਾਸ ਤੇ ਦੱਸਿਆ ਸੀ ਕਿ ਭਾਰਤੀ ਕੌਮ ਪ੍ਰਸਤਾਂ ਦਾ ਧਿਆਨ ਆਪਣੀ ਸਰਕਾਰ ਦੀਆਂ ਕੁਟਲ ਨੀਤੀਆਂ ਤੋਂ ਲਾਂਭੇ ਮੋੜਨ ਲਈ ਭਾਰਤ ਤੇ ਰੂਸੀ ਹਮਲੇ ਦੀ ਮਿੱਥ ਅੰਗਰੇਜ਼ਾਂ ਨੇ ਵੀ ਘੜੀ ਸੀ ਕਿ ਰੂਸੀ ਸਭ ਤੋਂ ਪਹਿਲਾਂ ਪੰਜਾਬ ਵਿਚ ਹੀ ਆਉਣਗੇ। ਦੁੱਧ ਚੋਣਗੇ। ਤੁਹਾਨੂੰ ਸਾਇਬੇਰੀਆ ਵਿਚ ਲੈ ਜਾਣਗੇ ਜੋ ਕਾਲੇ ਪਾਣੀ ਤੋਂ ਕਿੰਨੀ ਦੂਰ ਹੈ। ਉਥੇ ਬਰਫ ਵਿਚ ਤੁਹਾਡੀਆਂ ਹੱਡੀਆਂ ਰੁਲ ਜਾਣਗੀਆਂ ਆਦਿ। ਫੇਰ ਨਾਮਧਾਰੀ ਸਿੰਘ ਉਦੋਂ ਵੀ ਰੂਸ ਨੂੰ ਇਕ ਮੁਕਤੀ ਦਾਤੇ ਮਿੱਤਰ ਰਾਸ਼ਟਰ ਵਜੋਂ ਹੀ ਵੇਖਦੇ ਸਨ। ਭਾਵੇਂ ਉਹ ਵੀ ਜ਼ਾਰਸ਼ਾਹੀ ਸਾਮਰਾਜੀ ਰੂਸ ਹੀ ਸੀ। ਸਮਾਜਵਾਦੀ ਰੂਸ ਵੇਲੇ ਪੰਜਾਬ ਦੀਆਂ ਇਹਨਾਂ ਕੂਕਾ ਕੋਸ਼ਿਸ਼ਾਂ ਦਾ ਉੱਚ ਮੁਲੰਕਣ ਕੀਤਾ ਜਾਂਦਾ ਰਿਹਾ ਹੈ। ਬਾਬਾ ਚੰਦਾ ਸਿੰਘ ਜੀ ਲਿਖਦੇ ਹਨ :- ਨਾਮਧਾਰੀ ਸਿੱਖਾਂ ਦਾ ਅਕੀਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਆਉਣ ਤੇ ਹੀ ਧਰਮ ਦਾ ਰਾਜ, ਸਾਂਝੀਵਾਲਤਾ ਜਾਂ ਸਮਾਜਵਾਦੀ ਵਿਚਾਰਾਂ ਦੀ ਜਿੱਤ ਹੋਣੀ ਹੈ। ਸਾਡਾ ਕਵੀ ਵੀ ਇਧਰ ਸੰਕੇਤ ਕਰਦਾ ਹੈ:-

"ਸਤਿਗੁਰ ਫੇਰ ਪੰਜਾਬੇ ਆਵਣ,
ਅਗਲੀਆਂ ਸੜਾਂ ਸਭ ਉਠਾਵਣ,
ਨਵੇਂ ਹੋਰ ਨਿਸ਼ਾਨ ਝੁਲਾਵਣ,
ਜੱਗ ਵਿਚ ਸ੍ਰੀ ਅਕਾਲ ਜਪਾਵਣ,
ਅਸੁਰ ਸੰਘਾਰ ਕੇ।"

ਇਉਂ ਅਸੀਂ ਵੇਖਦੇ ਹਾਂ ਕਿ ਨਾ ਕੇਵਲ ਆਪਣੀ ਦੇਸ਼ ਭਗਤੀ ਪੂਰਣ, ਆਜ਼ਾਦੀ ਅਤੇ ਸਮਾਨਤਾ ਭਾਵੀ ਅੰਦੋਲਨ ਦੀ ਵੱਥ ਕਾਰਨ, ਕੌਮੀ ਜਜ਼ਬੇ ਨਾਲ ਲਬਰੇਜ਼ ਇਸ ਰਚਨਾ ਸਦਕਾ, ਸਗੋਂ ਫਰੀਦ, ਬੁੱਲ੍ਹੇ, ਵਾਰਿਸ ਤੇ ਹਾਸ਼ਮ ਜਿਉਂ ਬਿਰਹਾ ਕਾਵਿ ਦੀ ਇਕ ਵੰਨਗੀ ਵਜੋਂ ਭਾਈ ਚੰਦਾ ਸਿੰਘ ਦਾ ਬਾਰਾਂ ਮਾਹ ਇਕ ਬੇਮਿਸਾਲ ਰਚਨਾ ਹੈ। ਇਹ ਉਹ ਰਚਨਾ ਹੈ ਜਿਸਨੂੰ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਇਲਾਵਾ ਹੋਰ ਅਨੇਕਾਂ ਨਾਮਧਾਰੀ ਪਰਚਾਰਕਾਂ/ਜਥੇਦਾਰਾਂ ਨੇ ਪਿਛਲੀ ਇਕ ਸਦੀ ਤੋਂ ਆਪਣੇ ਦੀਵਾਨਾਂ ਵਿਚ ਪੇਸ਼ ਕੀਤਾ ਹੈ। ਲੇਖਕਾਂ ਨੇ ਇਸ ਵਿਚੋਂ ਟੂਕਾਂ ਦਿੱਤੀਆਂ ਹਨ। ਪੰਜਾਬੀ ਜਨ ਜੀਵਨ ਦੀ ਸਫਲ ਪੇਸ਼ਕਾਰੀ ਸਦਕਾ ਇਹ ਸੂਫੀ ਕਵਿਤਾ ਨਾਲ ਮੱਥੇ ਮੇਚਦੀ ਹੈ। ਪੰਜਾਬ ਦੀ ਜੰਗਜੂ ਪਰੰਪਰਾ ਨੂੰ ਕਾਇਮ ਰੱਖਣ ਲਈ ਇਸ ਵਿਚ ਸ਼ਾਹ ਮੁਹੰਮਦ ਜਿਹਾ ਬੀਰ ਰਸ ਹੈ। ਨੇਕੀ ਤੇ ਬਦੀ ਦੀ ਲੜਾਈ ਵਜੋਂ ਇਹਦਾ ਸਥਾਨ ਚੰਡੀ ਦੀ ਵਾਰ ਦੇ ਨੇੜੇ ਹੈ ਤੇ ਰਾਮ ਵਿਓਗੀਆਂ ਦੇ ਬਾਰਾਂ ਮਾਹ ਵਿਚੋਂ ਇਸਦਾ ਸਥਾਨ ਸ਼ੋਮਣੀ ਹੈ। ਪੰਜਾਬੀ ਦੇ ਸਾਹਿਤ ਸਮੀਖਿਆਕਾਰਾਂ ਨੂੰ ਇਸਦਾ ਬਣਦਾ ਧਿਆਨ ਕਰਨਾ ਚਾਹੀਦਾ ਹੈ।

ਫੁਟ ਨੋਟ:

1. ਸਫਾ ੨੯੪, ਕੂਕਾ ਮੂਵਮੈਂਟ, ਜਸਵਿੰਦਰ ਸਿੰਘ
2. ਸਫਾ ੨੯੪ ਤੇ ੨੯੫, ਉਹੀ।

Sri Satguru Jagjit Singh Ji eLibrary NamdhariElibrary@gmail.com

ਭਾਈ ਧਿਆਨ ਸਿੰਘ ਕਾਦਰਾਬਾਦੀ ਰਚਿਤ
ਸ੍ਰੀ ਸਤਿਗੁਰ ਬਿਲਾਸ ਪਾਤਸ਼ਾਹੀ ਬਾਰ੍ਹਵੀਂ

ਪੁਰਾਤਨ ਰਚਨਾਕਾਰਾਂ ਨੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਬ੍ਰਿਜ ਭਾਸ਼ਾ ਵਿਚ ਲਿਖਿਆ ਸੀ। ਦੋਹਰੇ, ਚੌਪਾਈਆਂ ਵਿਚ ਲਿਖੀ 'ਤੁਲਸੀ ਰਮਾਇਣ' ਜਾਂ 'ਸ੍ਰੀ ਰਾਮ ਚਰਿਤ੍ਰ ਮਾਨਸ' ਦੀ ਅਪਾਰ ਪ੍ਰਸਿੱਧੀ ਨੂੰ ਵੇਖ ਕੇ ਅਜਿਹਾ ਹੋਇਆ ਹੋਵੇਗਾ। ਭਾਈ ਸੰਤੋਖ ਸਿੰਘ ਦਾ 'ਸ੍ਰੀ ਗੁਰੂ ਪ੍ਰਤਾਪ ਸੂਰਜ' ਨਾਮੀ ਵੱਡ-ਅਕਾਰੀ ਗ੍ਰੰਥ, ਭਾਈ ਕਵੀ ਸੈਨਾਪਤੀ, ਭਾਈ ਕੋਇਰ ਸਿੰਘ, ਭਾਈ ਸੁੱਖਾ ਸਿੰਘ ਅਤੇ ਸੁਮੇਰ ਸਿੰਘ ਆਦਿ ਨੇ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਚਰਿੱਤਰ ਬ੍ਰਿਜ ਭਾਸ਼ਾ ਵਿਚ ਰਚੀ ਕਵਿਤਾ ਵਿਚ ਲਿਖਿਆ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਬਿਲਾਸ, ਭਗਤ ਸਿੰਘ ਆਦਿ ਕਵੀਆਂ ਨੇ ਲਿਖਿਆ ਹੈ। ਉਪਰੋਕਤ ਸ਼ੈਲੀ ਵਿਚ ਰਚੇ ਗਏ ਗ੍ਰੰਥਾਂ ਜਿਉਂ ਹੀ ਉਦੋਂ ਸਾਹਿਤਕ ਹਲਕਿਆਂ ਵਿਚ ਬ੍ਰਿਜ ਭਾਸ਼ਾ ਹੀ ਕਾਵਿ ਸੰਚਾਰ ਦਾ ਮਾਧਿਅਮ ਸੀ ਪੰਜਾਬ ਸਮੇਤ ਸਾਰੇ ਉੱਤਰੀ ਭਾਰਤ ਵਿਚ। ਦੁਨਿਆਵੀ ਪ੍ਰੇਮ ਪਰਸੰਗ ਅਤੇ ਕਿੱਸੇ ਭਾਵੇਂ ਸੋਲ੍ਹਵੀਂ ਤੋਂ ਉਨ੍ਹੀਵੀਂ ਸਦੀ ਤੱਕ ਪੰਜਾਬੀ ਭਾਸ਼ਾ ਵਿਚ ਹੀ ਲਿਖੇ ਜਾਂਦੇ ਰਹੇ, ਪਰ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਅਧਿਆਤਮਕ ਮੰਡਲ ਦੀਆਂ ਗਾਥਾਵਾਂ ਨੂੰ ਪੰਜਾਬੀ ਕਵਿਤਾ ਵਿਚ ਸ਼ਾਇਦ ਇਸ ਲਈ ਵੀ ਨਾ ਲਿਖਿਆ ਗਿਆ ਕਿ ਇਸ ਤਰ੍ਹਾਂ ਉਨ੍ਹਾਂ ਦਾ ਰੁਤਬਾ ਦੂਜੇ ਮੱਤਾਵਲੰਬੀਆਂ ਦੀਆਂ ਨਜ਼ਰਾਂ ਵਿਚ ਘਟ ਨਾ ਜਾਏ ਜਾਂ ਇਉਂ ਹੀ ਕਹਿ ਸਕਦੇ ਹਾਂ ਕਿ ਬ੍ਰਿਜ ਭਾਸ਼ਾ ਨੇ, ਪੰਜਾਬੀ ਦੇ ਇਹ ਲੌਕਿਕ ਚੌਗਿਰਦੇ ਦੇ ਮੁਕਾਬਲੇ, ਇਕ ਪਾਰਲੌਕਿਕ ਆਵਰਣ ਓੜ੍ਹਿਆ ਹੋਇਆ ਸੀ ਇਸ ਲਈ ਧਰਮ ਕਰਮ ਅਤੇ ਅਵਤਾਰੀ ਪੁਰਖਾਂ ਦੀ ਗਾਥਾ ਬਿਆਨ ਕਰਨ ਲਈ ਇਸ ਨੂੰ ਵਧੇਰੇ ਉਪਯੁਕਤ ਸਮਝਿਆ ਜਾਂਦਾ ਸੀ।

ਕੂਕਾ ਜਾਂ ਨਾਮਧਾਰੀ ਮੱਤ ਦੇ ਪ੍ਰਵਰਤਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ਾਲ ਜੀਵਨ ਚਰਿੱਤਰ ਦੀਆਂ ਕੁਝ ਕੁ ਤਹਿਆਂ ਪਾਠਕਾਂ ਸਾਹਮਣੇ ਖੋਲ੍ਹਣ ਲਈ ਭਾਈ ਧਿਆਨ ਸਿੰਘ ਕਾਦਰਾਬਾਦੀ ਦੀ ਅਮਰ ਰਚਨਾ 'ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ' ਵੀ ਬ੍ਰਿਜ ਭਾਸ਼ਾ ਵਿਚ ਲਿਖੀ ਗਈ ਇਕ ਪੁਸਤਕ ਹੈ। ਇਸ ਦੇ ਦੋ ਐਡੀਸ਼ਨ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਅੱਜ ਤੋਂ ੬੦-੭੦ ਵਰ੍ਹੇ ਪਹਿਲਾਂ ਗੁਰਮੁਖੀ ਅੱਖਰਾਂ ਵਿਚ ਛਪ ਚੁੱਕੇ ਸਨ। ਹੁਣ ਇਸ ਦਾ ਤੀਜਾ ਐਡੀਸ਼ਨ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਲੈ ਕੇ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ (ਲੁਧਿਆਣਾ) ਨੇ ੧੯੯੮ ਈ. ਵਿਚ ਪ੍ਰਕਾਸ਼ਿਤ ਕਰਵਾਇਆ। 'ਭਾਰਤ ਛੱਡੋ ਅੰਦੋਲਨ' ਵਾਲੇ ਵਰ੍ਹੇ ੧੯੪੨ ਈ. ਵਿਚ ਇਸ ਪੁਸਤਕ ਦੀ 'ਪਰਵੇਸ਼ਿਕਾ' ਲਿਖਦਿਆਂ ਪ੍ਰਸਿੱਧ ਪੰਜਾਬੀ ਸਾਹਿਤਕਾਰ ਸੰਤ ਇੰਦਰ ਸਿੰਘ 'ਚੱਕਰਵਰਤੀ' ਇਸ ਪੁਸਤਕ ਦੇ ਰਚਨਾਕਾਰ ਬਾਰੇ ਇਉਂ ਸੰਖਿਪਤ ਜਾਣਕਾਰੀ ਪ੍ਰਦਾਨ ਕਰਦੇ ਹਨ।

'ਇਸਦਾ ਲੇਖਕ ਇਕ ਨਾਮਧਾਰੀ ਸੰਤ ਹੈ। ਨਾਮ ਧਿਆਨ ਸਿੰਘ ਵਾਸੀ ਕਾਦਰਾਬਾਦ, ਜ਼ਿਲ੍ਹਾ ਮਿੰਟਗੁਮਰੀ। ਜਨਮ ਵੈਸਾਖ ਦੀ ੨੫ ਸੰਮਤ ੧੯੦੯ ਨੂੰ ਹੋਇਆ। ਬਚਪਨ ਵਿਚ ਹੀ ਸੰਤਾਂ ਜਿਹੇ ਲੱਛਣ ਪ੍ਰਗਟ ਹੋਣ ਲੱਗੇ। ਚੁੱਪ ਰਹਿਣਾ, ਕੌਲਿਆਂ ਬੈਠ ਸਮਾਧੀ ਸਥਿਰ ਹੋਣਾ। ਸਤਿਸੰਗ ਲਈ ਗੁਰਦੁਆਰੇ ਜਾਣਾ। ਗੁਰਮੁਖੀ ਅੱਖਰ ਬਾਬਾ ਚਰਨ ਸਿੰਘ ਜੀ ਤੋਂ ਸਿੱਖੇ। ਗੁਰਮੁਖੀ ਤੋਂ ਜਾਣੂ ਹੋ ਇਕ ਮੌਲਵੀ ਤੋਂ ਕੁਰਆਨ ਦੇ ਮਾਅਨੇ ਪੜ੍ਹੇ ਤੇ ਇਸ ਨੂੰ ਹਿਫ਼ਜ਼ ਕੀਤਾ। ਪੰਜ ਜਮਾਤਾਂ ਤੱਕ ਉਰਦੂ ਫ਼ਾਰਸੀ ਦੀ ਤਾਲੀਮ ਆਪਣੇ ਗੁਆਂਢੀ ਪਿੰਡੋਂ (ਜੇਠਪੁਰ) ਪਾਈ। ਅੰਗ੍ਰੇਜ਼ੀ ਦੀ ਵੀ ਚੰਗੀ ਵਾਕਫ਼ੀ ਹੋ ਗਈ। ਆਪਣੇ ਸੰਗੀਆਂ ਨਾਲ ਸੁਆਦਲੀ ਚਰਚਾ ਹੋਣ ਲੱਗੀ। ਕੁਦਰਤ ਕੁਤਰਫ਼ੀ ਫੈਲ ਗਈ। ਕਥਾ ਵਾਰਤਾ ਸੁਣ

Sri Satguru Jagjit Singh Ji eLibrary NamdhariElibrary@gmail.com

ਕੇ ਸੁਤੇ ਨਿਉਛਾਵਰ ਹੋਣ ਲੱਗੇ। ਆਲੇ-ਦੁਆਲੇ ਵਿਚ ਹਰਿ ਚਰਚਾ ਤੇ ਸਤਿਸੰਗ ਕਰ ਕੇ ਚੰਗਾ ਵਾਯੂਮੰਡਲ ਕਾਇਮ ਕਰ ਲਿਆ। ਜ਼ਰਾ ਕੁ ਵਡੇਰੇ ਹੋ ਦਰਬਾਰ ਸਾਹਿਬ ਦੇ ਅਖੰਡ ਪਾਠੀ ਹੋਣ ਦੀ ਮਿਹਨਤ ਕੀਤੀ। ਇਸ ਪਾਸੇ ਏਨੀ ਪ੍ਰਵਿਰਤੀ ਵਧੀ ਕਿ ਅੱਠੀਂ ਪਹਿਰੀਂ ਇਕੋ ਚੌਂਕੜੇ ਤੇ ਸਾਰਾ ਪਾਠ ਕਰ ਕੇ ਭੋਗ ਪਾਇਆ ਜਾਂਦਾ। ਦੁਆਲੇ ਦੇ ਪਿੰਡਾਂ ਵਿਚ ਪਾਠਾਂ ਦਾ ਚੰਗਾ ਅਸਰ ਹੋਇਆ। ਸੱਦੇ ਤੇ ਸੱਦਾ ਆਇਆ ਕਰੇ। ਖ਼ਾਸ ਕਰ ਕੇ ਕਈ ਨਾਮਧਾਰੀ ਸਿੰਘ ਉਚੇਚਾ ਪਾਠ ਕਰਵਾਇਆ ਕਰਦੇ। ਸੰਤ ਬ੍ਰਿਤੀ ਵਿਚ ਉਦੋਂ ਇਕ ਜ਼ਬਰਦਸਤ ਉਥਲ-ਪੁਥਲ ਹੋ ਗਈ ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਭਜਨ ਪੁੱਛਿਆ ਗਿਆ।

"ਨਾਮ ਦੀ ਰੰਗਣ ਚੜ੍ਹ ਗਈ ਅੱਠੇ ਪਹਿਰ ਇਸੇ ਲਿਵ ਵਿਚ ਗੁਜ਼ਰਨ ਲੱਗੇ। ਵੇਸ਼ ਭੂਸ਼ਾ ਨਾਮਧਾਰੀਆਂ ਜੈਸੀ ਹੋ ਗਈ। ਕਵਿਤਾ ਦਾ ਠਰਕ ਵੀ ਆਪ ਨੂੰ ਏਨ੍ਹੀਂ ਦਿਨੀਂ ਹੀ ਲੱਗਾ। ਛੋਟੇ ਛੋਟੇ ਦੀਵਾਨਾਂ ਵਿਚ ਆਪ ਸਤਿਗੁਰੂ ਜੱਸ ਦੀਆਂ ਕਵਿਤਾਵਾਂ ਬਣਾ ਕੇ ਸੁਣਾਂਦੇ। ਸਹਿਜੇ ਸਹਿਜੇ ਸੰਤ ਕਾਵਿ-ਕਲਾ ਵਿਚ ਖ਼ਾਸੇ ਨਿਪੁੰਨ ਹੋ ਗਏ। ਸਥਾਨਿਕ ਮੇਲਿਆਂ ਵਿਚ ਆਪ ਦੀ ਕਵਿਤਾ ਰੰਗ ਖਿੜਾਉਣ ਲੱਗੀ। ਭਜਨ ਪੁੱਛਣ ਤੋਂ ਬਾਅਦ ਘਰ ਬਾਰ ਵਲੋਂ ਨਿਰਮੋਹ ਹੋ ਕੇ ਸੰਤ ਸਮਾਗਮਾਂ ਤੇ ਸਤਿਗੁਰੂ ਚਰਨਾਂ ਵਿਚ ਹੀ ਬਾਹਲਾ ਸਮਾਂ ਰਹੇ।

"...ਆਪ ਸ੍ਰੀ ਹਜ਼ੂਰ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਵਿੱਦਿਆ ਦਾਤਾ ਹਨ।

'ਆਪ ਦੀ ਪਹਿਲੀ ਸ਼ਾਦੀ ਸ. ਝੰਡਾ ਸਿੰਘ ਥਾਣੇਦਾਰ ਦੀਪਾਲਪੁਰ ਦੀ ਸਪੁੱਤਰੀ ਨਰੈਣ ਕੌਰ ਨਾਲ ਹੋਈ। ਏਹ ਬੀਬੀ ਜਦ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਨ ਲਈ ਗਈ ਤਾਂ ਵਾਪਸ ਨਾ ਪਰਤੀ... ਸ਼ਾਇਦ ਕਿਤੇ ਡੁੱਬ ਗਈ। ਦੂਜਾ ਵਿਆਹ ਰਾਠੌੜ ਸਿੱਖਾਂ ਦੇ ਕਿਸੇ ਚੰਗੇ ਉਚੇ ਘਰਾਣੇ ਦਾ ਕੀਤਾ। ਬੀਬੀ ਦਾ ਨਾਮ ਪਾਰਬਤੀ ਸੀ। ਸੰਤਾਨ ਦੋਵਾਂ ਪਤਨੀਆਂ 'ਚੋਂ ਨਹੀਂ ਹੋਈ। ਆਪ ਦੀ ਸੰਤਾਨ ਆਪ ਦੀ ਅਮਰ ਪੁਸਤਕ ਹੈ ਜੋ ਸਦਾ ਨਾਮਧਾਰੀ ਜਨਤਾ ਨੂੰ ਗੁਰੂ ਜੱਸ ਯਾਦ ਕਰਵਾਇਆ ਕਰੇਗੀ।

'ਆਪ ਜੀ ਦੇ ਪਿਤਾ ਚੰਗੀ ਜ਼ਮੀਨ ਦੇ ਮਾਲਿਕ ਸਨ। ਨਾਮ ਸ. ਤ੍ਰਿਲੋਕ ਸਿੰਘ ਜੀ ਅਰੋੜ ਬੰਸ ਵਿਚੋਂ ਸਨ ਤੇ ਮਾਤਾ ਦਾ ਨਾਮ ਵੀ ਨਰਾਇਣ ਕੌਰ ਸੀ। ਦੋ ਆਪ ਤੋਂ ਛੋਟੇ ਭਰਾ ਸਨ - ਭਾਈ ਹੁਕਮ ਸਿੰਘ ਤੇ ਭਾਈ ਰਣਜੀਤ ਸਿੰਘ ਜੀ। ਭਾਈ ਹੁਕਮ ਸਿੰਘ ਜੀ ਨੇ ਸੂਬਾ ਮਿਹਰ ਸਿੰਘ ਜੀ ਜ਼ਿਲ੍ਹਾ ਮਿੰਟਗੁਮਰੀ ਤੋਂ ਭਜਨ ਪੁੱਛਿਆ ਤੇ ਕੁਰੀਆਂ ਪਾ ਕੇ ਸ੍ਰੀ ਭੈਣੀ ਸਾਹਿਬ ਵਿਖੇ ਸੇਵਾਮਈ ਤੇ ਸਾਦਾ ਜੀਵਨ ਬਸਰ ਕੀਤਾ। ਭਾਈ ਰਣਜੀਤ ਸਿੰਘ ਜੀ ਅਜੇ ਜੀਵਤ ਹਨ (੧੦ ਫੱਗਣ-੧੯੯੯ ਬਿਕ੍ਰਮੀ) ਆਪ ਸ੍ਰੀ ਅੰਮ੍ਰਿਤਸਰ ਜੀ ਰਹਿੰਦੇ ਹਨ।

'ਸੰਤ ਜੀ ਨੇ ਇਸ ਅਸਾਰ ਸੰਸਾਰ ਦੀ ੫੫ ਸਾਲ ਯਾਤਰਾ ਕੀਤੀ। ਬੜੀ ਪਿਆਰੀ ਤੇ ਮਿਠੀ ਜਿਹੀ ਜੀਵਨੀ ਨੂੰ ੧੯੬੪ ਸੰਮਤ ਵਿਚ ਤਿਆਗ ਕੇ ਪਰਮ ਆਤਮਾ ਵਿਚ ਲੀਨ ਹੋ ਗਏ। ਇਹ ਕੁਦਰਤੀ ਘਟਨਾ ਗੁਜਰਾ ਜ਼ਿਲ੍ਹਾ ਮਿੰਟਗੁਮਰੀ ਵਿਚ ਘਟੀ।"[1]

ਇਸ ਗ੍ਰੰਥ ਦੀ ਰਚਨਾ ਦਾ ਸਮਾਂ ੧੯੦੪ ਈ. ਤੋਂ ਲੈ ਕੇ ੧੯੦੬ ਈ. ਦਾ ਪਹਿਲਾ ਅੱਧ ਹੋ ਸਕਦਾ ਹੈ ਕਿਉਂਕਿ ਇਸ ਵਿਚ ੧੯੦੪ ਈ. ਜਾਂ ੧੯੬੧ ਬਿਕ੍ਰਮੀ ਵਿਚ ਸੰਤ ਜੀ ਦਾ ਨਨਕਾਣਾ ਸਾਹਿਬ ਦਰਸ਼ਨ ਕਰਨ ਜਾਣ ਅਤੇ ਉਥੋਂ ਛੱਬਰਕਾ (ਲਾਹੌਰ) ਦੇ ਪਿੰਡ ਦੇ ਭਾਈ ਸ਼ੇਰ ਸਿੰਘ ਦੇ ਘਰ ਪਾਠਾਂ ਦੇ ਭੋਗ ਸਮੇਂ ਮੇਲੇ 'ਤੇ ਪਹੁੰਚਣ ਦਾ ਜ਼ਿਕਰ ਹੈ ਜਿਥੇ ਉਨ੍ਹਾਂ ਨੂੰ ਰਾਜਾ ਜੰਗ (ਲਾਹੌਰ) ਦੇ ਸੂਬਾ ਕੇਸਰ ਸਿੰਘ ੧੮੭੧ ਈ. ਦੇ ਸਤਿਗੁਰੂ ਰਾਮ ਸਿੰਘ ਜੀ ਦੇ ਅਨੰਦਪੁਰ ਸਾਹਿਬ ਹੋਲੇ ਤੇ ਜਾਣ ਦਾ ਪ੍ਰਸੰਗ ਸੁਣਾਉਂਦੇ ਹਨ ਜੋ ਭਾਈ ਜੀ ਕਲਮਬੰਦ ਕਰ ਲੈਂਦੇ ਹਨ। ਇਹ ਸੰਤ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਧੇ ਦਰਸ਼ਨਾਂ ਦਾ ਲਾਭ ਤਾਂ ਨਹੀਂ ਉਠਾ ਸਕੇ ਪਰ ਭਾਈ ਹਰਮੀਤ ਸਿੰਘ ਅਤੇ ਹੋਰ ਗੁਰੂ ਪਿਆਰਿਆਂ ਤੋਂ ਉਨ੍ਹਾਂ ਦੇ ਅਨੇਕਾਂ ਬਚਨ/ਪ੍ਰਸੰਗ ਸੁਣ ਸੁਣ ਕੇ ਵੈਰਾਗੀ ਅਵਸਥਾ ਵਿਚ ਵਿਚਰਦੇ ਹਨ। ਸਤਿਗੁਰੂ ਪ੍ਰੇਮ ਦੀ ਇਸ ਬਿਰਹੋਂ ਕੁੱਠੀ ਅਤੇ ਰਸ ਭਿੰਨੀ ਹਾਲਤ ਦਾ ਜ਼ਿਕਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਹੋਏ ਉਪਦੇਸ਼ਾਂ ਵਿਚ ਇਸ ਤਰ੍ਹਾਂ ਮਿਲਦਾ ਹੈ:-

"ਜਿਹੜਾ ਸੰਤਾਂ ਦਾ ਸਤਿਗੁਰੂ ਬਿਲਾਸ, ਇਥੇ ਬਹਿੰਦੇ ਬਹਿੰਦੇ ਮੈਂ ਪੜ੍ਹਦਾ ਰਿਹਾ ਹਾਂ, ਧਿਆਨ ਸਿੰਘ ਹੁਰਾਂ ਦਾ,

---

ਕੂਕਾ ਲਹਿਰ ਦਾ ਪੰਜਾਬੀ ਸਾਹਿਤ-੧੧੧

Sri Satguru Jagjit Singh Ji eLibrary NamdhariElibrary@gmail.com

ਤੁਸਾਂ ਦੇਖਿਆ ਹੈ। ਇਨ੍ਹਾਂ ਮਹਾਤਮਾ ਕੋਲ ਮੈਂ ਪੜ੍ਹਦਾ ਰਿਹਾ ਹਾਂ। ਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਜਿੰਨਾ ਚਿਰ ਇਹ ਬੈਠੇ ਰਹਿੰਦੇ ਸੀ, ਇਨ੍ਹਾਂ ਦੇ ਨੇਤਰਾਂ ਦਾ ਜਲ ਨਹੀਂ ਸੀ ਬੰਦ ਹੁੰਦਾ, ਕਥਾ ਕਰੀ ਜਾਂਦੇ ਸੀ, ਨੇਤਰ ਵਗਦੇ ਜਾਂਦੇ ਸੀ। ਤਾਂ ਚੀਜ਼ ਹੈ ਇਹ, ਦੁਨੀਆਂ ਵਿਚ ਕਿਸੇ ਚੀਜ਼ ਦੀ ਹੋਰ ਗੱਲ ਨਹੀਂ। ਉਨ੍ਹਾਂ ਨੇ ਇਕੋ ਹੀ ਚੀਜ਼ ਦੇਖੀ, ਇੱਕੋ ਨੂੰ ਮੰਨਿਆ ਔਰ ਆਖ਼ਿਰ ਉਹ ਬਣੇ ਸਤਿਗੁਰੂ ਦੇ।"[੭]

ਇਸ ਤਰ੍ਹਾਂ ਦੀ ਕਰੁਣਾ ਮੂਰਤੀ ਜਦੋਂ ਆਪਣੀ ਵਿੱਦਿਆ ਦੁਆਰਾ ਆਪਣੇ ਇਸ਼ਟ ਦਾ ਗੁਣਗਾਨ ਕਰਦੀ ਹੈ ਤਾਂ ਸਤਿਗੁਰੂ ਬਿਲਾਸ ਵਰਗੀ ਭਗਤੀ ਰਸ ਨਾਲ ਭਰਪੂਰ ਰਚਨਾ ਮੂਰਤੀਮਾਨ ਹੁੰਦੀ ਹੈ। ਇਹ ਇਤਿਹਾਸ ਦੀ ਕੋਈ ਵਿਸਤ੍ਰਿਤ ਪੁਸਤਕ ਨਹੀਂ। ਪਰ ਆਪਣੀਆਂ ਕਲਮ ਛੋਹਾਂ ਦੇ ਨਾਲ ਜਿਸ ਤਰ੍ਹਾਂ ਉਨ੍ਹੀਵੀਂ ਸਦੀ ਦੇ ਇਸ ਯੁੱਗ ਨਾਇਕ ਦੀਆਂ ਪ੍ਰਾਪਤੀਆਂ ਨੂੰ ਸਾਕਾਰ ਕੀਤਾ ਹੈ, ਸਤਿਗੁਰੂ ਜੀਵਨ ਚਰਿੱਤਰ ਦੇ ਬਹੁਤ ਸਾਰੇ ਅਛੋਪਲੇ ਪੱਖ ਆਪਣੇ ਨਿਵੇਕਲੇ ਅੰਦਾਜ਼ ਵਿਚ ਪਾਠਕਾਂ ਸਰੋਤਿਆਂ ਦੇ ਸਾਹਮਣੇ ਪ੍ਰਗਟ ਹੁੰਦੇ ਹਨ। ਪ੍ਰਸਿੱਧ ਸਾਹਿਤਕਾਰ ਡਾ. ਅਮਰ ਭਾਰਤੀ ਵੀ ਤੀਜੀ ਐਡੀਸ਼ਨ ਦੀ ਭੂਮਿਕਾ ਵਿਚ ਇਸੇ ਨੁਕਤੇ ਨੂੰ ਇਉਂ ਸਪੱਸ਼ਟ ਕਰਦੇ ਹਨ...

'ਇਹ ਪੁਸਤਕ ਮੁਖ ਰੂਪ ਵਿਚ ਇਤਿਹਾਸਿਕ ਪੁਸਤਕ ਨਹੀਂ ਸਗੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੌਤਕਾਂ ਦਾ ਭਗਤੀ ਪੂਰਨ ਵਰਣਨ ਹੈ। ਫਿਰ ਵੀ ਇਸ ਪੁਸਤਕ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਨਾਮਧਾਰੀ ਸਮਾਜ ਦੀ ਬੁਨਿਆਦ, ਉਸ ਦੀ ਚੜ੍ਹਤ ਤੇ ਉਸ ਦੀਆਂ ਵਿਸ਼ੇਸ਼ ਇਤਿਹਾਸਕ ਘਟਨਾਵਾਂ ਉੱਪਰ ਇਕ ਐਸੀ ਸਟੀਕ ਟਿੱਪਣੀ ਮੌਜੂਦ ਹੈ, ਜੋ ਹੋਰ ਕਿਸੇ ਵੀ ਇਤਿਹਾਸਕ ਗ੍ਰੰਥ ਦੇ ਮੁਕਾਬਲੇ ਸੰਵੇਦਨਸ਼ੀਲ, ਮਨੋਵਿਗਿਆਨਕ ਤੇ ਇਤਿਹਾਸਕ ਪੱਖ ਤੋਂ ਪ੍ਰਮਾਣੀਕ ਹੈ।'[੮]

ਇਸ ਪੁਸਤਕ ਦੇ ੨੧ ਅਧਿਆਇ ਹਨ। ਕੁਝਨਾਂ ਅਧਿਆਵਾਂ ਵਿਚ ਨਾਮਧਾਰੀ ਜਾਂ ਕੂਕਾ ਇਤਿਹਾਸ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਅਤੇ ਕੁਝ ਗੁਰੂ ਜੱਸ ਨਾਲ ਭਰਪੂਰ, ਗੁਰੂ ਮਹਿਮਾ ਨੂੰ ਦ੍ਰਿੜ੍ਹ ਕਰਵਾਉਣ ਵਾਲੀਆਂ ਸਾਖੀਆਂ ਦਾ ਸ਼ਰਧਾਮਈ ਸ਼ੈਲੀ ਵਿਚ ਵਰਣਨ ਹੈ। ਦੂਸਰੇ ਪੱਖ ਵਿਚ, ਭਾਈ ਹਰਮੀਤ ਸਿੰਘ ਨਾਂ ਦਾ ਇਕ ਪਾਤਰ, ਜੋ ਪਿੰਡ ਸਾਂਦੇ ਵਾਲਾ ਵਿਖੇ ਰਹਿੰਦਾ ਹੈ ਅਤੇ ਅਨੇਕਾਂ ਵਾਰ ਉਹ ਸ੍ਰੀ ਭੈਣੀ ਸਾਹਿਬ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਆਇਆ ਹੈ, ਉਸ ਤੋਂ ਸੁਣੀਆਂ ਸਾਖੀਆਂ ਜਾਂ ਕੌਤਕਾਂ ਦਾ ਬਖਾਨ ਹੈ। ਜਿਸ ਤਰ੍ਹਾਂ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਭਾਈ ਸੰਤੋਖ ਸਿੰਘ ਜੀ, ਇਸ ਤਰ੍ਹਾਂ ਦੀਆਂ ਸਾਖੀਆਂ ਜਾਂ ਪਰਸੰਗ ਭਾਈ ਰਾਮ ਕੁਇਰ ਸਾਹਿਬ ਰਾਹੀਂ ਬਿਆਨ ਕਰਦੇ ਹਨ। ਕੁਝ ਪਰਸੰਗ ਭਾਈ ਰਾਇ ਸਿੰਘ ਅਤੇ ਭਾਈ ਅਨੋਖ ਸਿੰਘ ਨਾਲ ਸਬੰਧਿਤ ਵੀ ਮਿਲਦੇ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ, ਸਿੱਖ ਤੀਰਥਾਂ ਉਤੇ ਨਾਮਧਾਰੀ ਸਿੰਘਾਂ ਦੀ ਭਾਰੀ ਗਿਣਤੀ ਸਹਿਤ ਸਤਿਗੁਰੂ ਜੀ ਦੇ ਜਾਣ, ਪੁਜਾਰੀ ਸਮੁਦਾਇ ਨਾਲ ਬਹਿਸ ਮੁਬਾਹਿਸੇ ਅਤੇ ਮੁੱਖ ਵਿਚ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ ਦੇ ਵੀ ਰੌਚਿਕ ਪਰਸੰਗ ਦਰਜ ਹਨ। ਪੁਸਤਕ ਦੀ ਸਮਾਪਤੀ ਅੰਮ੍ਰਿਤਸਰ ਮਲੇਰਕੋਟਲਾ ਬੁੱਚੜ ਬੱਧ ਦੇ ਸਾਕਿਆਂ ਅਤੇ ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਵਾਲੇ ਪਰਸੰਗਾਂ ਨਾਲ ਹੁੰਦੀ ਹੈ। ਡੇਰਾ, ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੀ ਉਸਾਰੀ ਲਈ ਸਿੰਘਾਂ ਨੂੰ ਜੋ ਜੋ ਕਸ਼ਟ ਝਾਲਣੇ ਪਏ, ਉਸ ਵੇਰਵੇ ਦਾ ਵੀ ਬੜਾ ਕਲਾਤਮਕ ਵਰਣਨ ਮਿਲਦਾ ਹੈ। ਸਤਿਗੁਰੂ ਜੀ ਪਿੰਡ ਦੇ ਲੰਬੜਦਾਰ ਸੁੱਖੂ ਨੂੰ ਥੋੜ੍ਹੀ ਜਗ੍ਹਾ ਹੋਣ ਕਾਰਨ, ਲੰਗਰ ਤਬੇਲੇ ਆਦਿ ਲਈ, ਕੁਝ ਹੋਰ ਜਗ੍ਹਾ ਦੇਣ ਦੀ ਸਲਾਹ ਦਿੰਦੇ ਹਨ ਤਾਂ ਉਹ, ਸਤਿਗੁਰੂ ਸੂਰਜ ਦੀਆਂ ਰਿਸ਼ਮਾਂ ਮਾਨਣ ਵਾਲੀਆਂ ਅੱਖਾਂ ਦੀ ਅਣਹੋਂਦ ਸਦਕਾ, ਕਹਿ ਬੈਠਦਾ ਹੈ ਕਿ ਚਾਰ ਦਿਨਾਂ ਨੂੰ, ਜਿਹੜੇ ਦਾਹੀ ਟੱਟੂ, ਤੇਰੇ ਪਾਸ ਆਉਂਦੇ ਹਨ, ਇਹ ਵੀ ਨਹੀਂ ਰਹਿਣੇ। ਜ਼ਮੀਨ, ਜਾਇਦਾਦ, ਔਰਤ ਮੰਗਿਆਂ ਕੌਣ ਦਿੰਦਾ ਹੈ -

ਦੋਹਰਾ ॥
"ਅੰਨ ਖਾਹਿ ਨਰ ਸੈਂਕੜੇ ਗਾਡੀ, ਊਂਟ ਤੁਰੰਗ।
ਆਵਹਿੰਗੇ ਜੋਹਾਂ ਚਲੇ ਭੂਮੀ ਥੋਰੀ ਤੰਗ।

Sri Satguru Jagjit Singh Ji eLibrary NamdhariElibrary@gmail.com

ਬੋਲਾ ਸੁੱਖੂ ਹੱਸ ਕਰ ਸੁਣ ਭਾਈ ਰਾਮਿਆ ਬਾਤ।
ਪੈਰਾਂ ਉੱਪਰ ਚਲਾ ਜਾਹੁ ਤੂੰ ਬਾਢੀ ਕੇ ਤਾਤ।
ਲੰਗਰ ਘੋੜੇ ਬੈਲ ਕਹਾਂ ਪੈਨ ਗਾਡੀਆਂ ਭੂਰ।
ਕੈ ਦਿਨ ਕੇ ਇਹ ਚਾਰ ਨਰ ਭੀ ਹੋ ਜਾਸਨ ਦੂਰ।
ਮੈਂ ਭੂਮੀ ਨਹੀਂ ਦੇਵਣੀ ਸਾਚੀ ਸਾਚੀ ਬਾਤ।
ਇਸ ਪੀਛੇ ਲੜ ਮਰਹ ਹੈਂ ਚਾਚਾ ਭਤੀਜਾ ਭ੍ਰਾਤ।
ਤ੍ਰਿਅ ਧਰਤੀ ਕੇ ਮਾਂਗਬੇ ਸਿਆਣੇ ਨਰ ਕਹਾ ਦੇਤ।
ਭਾਬਾ ਭਾਵੇਂ ਖੋਹ ਲਵੇ ਪ੍ਰਾਨ ਨਿਕਾਸੇ ਖੇਤ।'

ਸਤਿਗੁਰੂ ਜੀ ਆਪਣੇ ਪੰਥ ਨੂੰ 'ਅਕਾਲ ਦਾ ਪੰਥ' ਦੱਸਦੇ ਹਨ ਅਤੇ ਇਸ ਨਾਲ ਵਾਦ-ਵਿਵਾਦ ਕਰਨ ਵਾਲਿਆਂ ਦੇ 'ਦੋਹੀਂ ਜਹਾਨੀਂ ਖੁਆਰ ਹੋਣ ਦੀ ਘੋਸ਼ਣਾ ਕਰਦੇ ਹਨ:-

'ਇਹ ਅਕਾਲ ਕਾ ਪੰਥ ਹੈ ਕਬੀ ਨਾ ਹੋਵੇ ਦੂਰ।
ਕੋੜੀ ਭਖ ਭਖ ਇਨੇਂ ਸੰਗ ਹੁੱਟ ਮਰੈ ਹੁਇ ਚੂਰ।
ਜੈਕਾਰਾ ਸੁਨ ਇਨੈਂ ਕਾ ਸਭ ਕਰ ਹੈਂ ਜੈਕਾਰ।
ਵਾਦੀ ਹੋਇ ਜੋ ਮੂੜ ਜਨ ਇਤ ਉਤ ਹੋਸੀ ਖੁਆਰ।'

ਸੁੱਖੂ' ਨੂੰ 'ਸ਼ਹੀਦ ਸਿੰਘ' ਸੋਧਾ ਲਾਉਂਦੇ ਹਨ ਤਾਂ ਇਸ ਦੀ ਮਾਤਾ ਸਤਿਗੁਰੂ ਜੀ ਪਾਸ ਫਰਿਆਦੀ ਹੁੰਦੀ ਹੈ-

'ਵੇ ਰਾਮਿਆ! ਪੁੱਤ ਜੀਵੇ ਮੇਰਾ।
ਲੈ ਭੂਮੀ ਜੇਤਾ ਜੀ ਤੇਰਾ।'

ਸਤਿਗੁਰੂ ਜੀ ਮਾਈ ਨੂੰ ਫੁਰਮਾਉਂਦੇ ਹਨ ਕਿ ਥੋੜ੍ਹੇ ਦਿਨਾਂ ਦੀ ਜੀਵਨ ਖੇਡ ਵਿਚ ਮਨੁੱਖ ਦਾ 'ਮੈਂ ਮੇਰੀ' ਦੀ ਰਟ ਲਾਉਣਾ ਉਚਿਤ ਨਹੀਂ। ਉਹ ਪੌਰਾਣਿਕ ਹਵਾਲੇ ਨਾਲ ਸਪੱਸ਼ਟ ਕਰਦੇ ਹਨ ਕਿ ਜਿਹਨਾਂ ਦੇ ਰੱਥ ਦੇ ਪਹੀਆਂ ਕਾਰਨ ਸਮੁੰਦਰ ਬਣ ਗਏ ਸਨ ਉਹ ਲੋਕ ਵੀ ਇਸ ਧਰਤੀ ਨੂੰ ਛੱਡ ਗਏ ਹਨ। ਜੀਵਨ ਵਿਚ ਨਿੱਜੀ ਮਾਲਕੀ ਤੋਂ ਉਪਜਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚਣ ਲਈ ਹੀ ਉਹ ਸਤ ਸੰਗਤ ਦਾ ਲੜ ਫੜ ਕੇ ਆਪਣੇ ਆਪ ਨੂੰ ਸਮੂਹ ਨਾਲ ਆਤਮਸਾਤ ਕਰਨ ਦੀ ਸਿੱਖਿਆ ਦਿੰਦੇ ਹਨ। ਸਤਿਗੁਰੂ ਜੀ ਨੇ ਸੁੱਖੂ ਨੂੰ 'ਅਭੈ ਦਾਨ' ਦੇਣ ਬਾਅਦ ਆਪਣੇ ਹਸਤ ਕਮਲਾਂ ਨਾਲ ਕਿੱਲੇ ਘੜ ਕੇ, ਗੱਡ ਕੇ, ਲੰਗਰ ਅਤੇ ਤਬੇਲੇ ਦੀ ਰਚਨਾ ਕਰਵਾ ਦਿੱਤੀ।

ਠੰਢੇ ਜਲ ਵਾਲੀ ਖੂਹੀ ਦੇ ਕੋਲ ਇਕ ਅਲਮਾਰੀ ਸੀ ਜਿਥੋਂ ਅਭਿਆਗਤਾਂ ਨੂੰ ਬਿਨਾਂ ਪੰਥ, ਨਸਲ, ਵਰਣ ਦੇ ਵਿਤਕਰੇ ਤੋਂ ਅੱਠੇ ਪਹਿਰ ਪਰਸ਼ਾਦ ਪਾਣੀ ਮਿਲਦਾ ਸੀ। ਹੇਠਲੇ ਕਬਿੱਤ ਵਿਚ ਭਾਈ ਧਿਆਨ ਸਿੰਘ ਜੀ ਭਵਨ ਨਿਰਮਾਣ, ਲੰਗਰ ਜਾਰੀ ਕਰਨ, ਨਾਮਧਾਰੀ ਪੰਥ ਰੂਪੀ ਜਹਾਜ਼ ਦੁਆਰਾ ਭਵ ਸਾਗਰ ਪਾਰ ਕਰਨ ਅਤੇ ਪੂਰੇ ਵੈਦ ਸਤਿਗੁਰੂ ਦੀ ਸਿਫ਼ਤ ਸਲਾਹ ਇਉਂ ਸੁੰਦਰ ਸ਼ਬਦਾਂ ਵਿਚ ਕਰਦੇ ਹਨ -

'ਕਰੀ ਜੋ ਤਿਆਰੀ ਗੁਰੂ ਮੋਹਨ ਮੁਰਾਰੀ
ਰਚੇ ਧਾਮ ਹਿਤ ਕਾਰੀ ਕਰ ਸੁੰਦਰ ਬਿਓਂਤ ਹੈ
ਕਰੀ ਦੇਗ ਜਾਰੀ ਪਾਸ ਕੂਪ ਸੀਤ ਬਾਰੀ
ਛਕੇਂ ਅੰਨ ਨਰ ਨਾਰੀ ਭੂਖ ਪਿਆਸ ਸਾਰੀ ਖੋਤ ਹੈ।
ਸਬਦ ਅਧਾਰੀ ਪਰਲੋਕ ਭੀ ਸਵਾਰੀ
ਛੁਟੇ ਕਾਨ ਜਮ ਜਾਰੀ ਨਾਮਧਾਰੀ ਪੋਤ ਹੈ।
ਬੇਦਨਾਂ ਹਮਾਰੀ ਕਟੀ ਨੈਨਨ ਬਿਮਾਰੀ

Sri Satguru Jagjit Singh Ji eLibrary NamdhariElibrary@gmail.com

ਐਸੋ ਮਿਲਾ ਵੈਦ ਕਾਰੀ ਬਾਝ ਉਸ ਸਾਰੀ ਰੋਤ ਹੈ।'[7]

ਅਤੇ ਇਸ ਗੁਰੂ ਦਰਬਾਰ ਵਿਚ ਆ ਕੇ ਜੋ ਸੇਵਾ ਵਿਚ ਜੁੱਟ ਗਏ ਹਨ, ਭਾਈ ਜੀ ਦੇ ਮੁਤਾਬਿਕ ਮਨੁੱਖਾ ਜਨਮ ਦੀ ਪੂਰੀ ਕੀਮਤ ਉਨ੍ਹਾਂ ਸਿੱਖਾਂ ਨੇ ਹੀ ਵੱਟੀ ਹੈ-

'ਸੇਵਾ ਦਾਰ ਧੰਨ ਤਨ ਮਨ ਤੇ ਜੋ ਕਰੇ ਸੇਵ
ਜਨਮ ਮਨੁੱਖ ਕੋ ਸੋ ਸਿਖ ਦਾਮ ਵਟੇ ਹੈਂ।'[8]

ਭਾਈ ਹਰਮੀਤ ਸਿੰਘ ਨਾਲ ਜਦੋਂ ਭਾਈ ਧਿਆਨ ਸਿੰਘ ਜੀ ਦਾ ਮੇਲ ਹੁੰਦਾ ਹੈ ਤਾਂ ਉਹ ਆਪਣੇ ਨਾਲ ਵਾਪਰੀਆਂ ਸਾਖੀਆਂ ਨੂੰ ਲਿਖਣ ਵਾਲੇ ਕਿਸੇ ਲਿਖਾਰੀ ਦੀ ਭਾਲ ਵਿਚ ਹਨ ਤਾਂ ਕਿ ਗੁਰੂ ਜੱਸ ਸਾਂਭਿਆ ਵੀ ਜਾਵੇ ਤੇ ਲਿਖਣ ਵਾਲੇ ਦੀ ਕੀਰਤੀ ਵੀ ਸਮੇਂ ਸਥਾਨ ਦੀਆਂ ਹੱਦਾਂ ਤੋਂ ਸੁਤੰਤਰ ਹੋ ਜਾਏ। ਦੋਵਾਂ ਧਿਰਾਂ ਦੀ ਲੋੜ ਇਉਂ ਪੂਰੀ ਹੁੰਦੀ ਹੈ-

'ਪ੍ਰੀਤਿ ਲਗੀ ਦਿਨ ਪ੍ਰਤਿ ਤਿਸ ਭਾਰੀ।
ਕੋ ਹੋਵੈ ਗੁਰ ਕਥਾ ਲਿਖਾਰੀ।
ਮੈਂ ਦੇਖੀ ਗੁਰ ਗਾਥ ਅਲਾਵੋਂ।
ਛੰਦਨ ਬੀਚ ਖਿਲੇ ਲਿਖਵਾਵੋਂ।
ਦੁਨੀਆਂ ਦਾ ਜੀਵਨ ਦਿਨ ਚਾਰ।
ਪੀਛੇ ਗੁਰ ਕੇ ਸਿਖ ਉਦਾਰ।
ਦੇਖ ਪੜ੍ਹੇ ਤੋਂ ਕਰਹਿ ਯਾਦ।
ਕ੍ਰਿਪਾ ਦ੍ਰਿਸ਼ਟਿ ਬਖਸ਼ੇ ਅਹਿਲਾਦ।'[9]

ਭਾਈ ਹਰਮੀਤ ਸਿੰਘ ਦੱਸਦੇ ਹਨ ਕਿ ਉਹ 'ਪੀਰ ਬੰਦਗੀ' ਦੇ ਮੇਲੇ ਤੇ ਜਿੱਥੇ ਸਭ ਧਰਮਾਂ ਦੇ ਲੋਕ ਸ਼ਾਮਿਲ ਹੁੰਦੇ ਸਨ 'ਸ਼ੇਰ ਗੜ੍ਹ' ਨਗਰ ਵਿਖੇ ਪੁੱਜਦੇ ਹਨ। ਉੱਥੇ ਇਕ ਨਾਮਧਾਰੀ ਸਿੰਘ ਚੱਕਰ, ਕੜੇ ਤੇ ਉਮਦਾ ਕਿਰਪਾਨਾਂ ਆਦਿ ਸਰਬ ਲੋਹ ਦਾ ਸਮਾਨ ਵੇਚਣ ਲਈ ਲਿਆਇਆ। ਰਾਤ ਨੂੰ ਉਹ ਧਰਮਸ਼ਾਲਾ ਵਿਚ ਕੀਰਤਨ ਕਰਦਾ ਢੋਲਕ ਛੈਣਿਆਂ ਨਾਲ। ਉਸ ਦੇ ਕੀਰਤਨ ਤੇ ਇਕ ਬਾਲਕ ਕਿਰਪਾਲ ਸਿੰਘ ਮਸਤਾਨਾ ਹੋ ਕੇ ਪਾਸ ਬਲਦੇ ਅੱਗ ਦੇ ਅੰਗੀਠੇ ਵਿਚ ਵੀ ਸੇਕ ਤੋਂ ਬੇਪ੍ਰਵਾਹ ਹੋ ਕੇ ਜਾ ਪੈਂਦਾ ਕਿਉਂਕਿ ਸ਼ਬਦ ਦੀ ਚੋਟ ਉਸ ਲਈ ਅਸਹਿ ਸੀ। ਹਰਮੀਤ ਸਿੰਘ ਹੋਰਾਂ ਦੇ ਬਾਲਕ ਅਤੇ ਉਸ ਨਾਲ ਆਏ ਦੁਕਾਨਦਾਰ ਸਿੰਘ ਨੂੰ ਪੁੱਛਣ ਤੇ ਉਹਨਾਂ ਨੇ ਗੱਜ ਵੱਜ ਕੇ ਆਪਣੇ ਨਾਮਧਾਰੀ ਪੁਣੇ ਦਾ ਇਉਂ ਇਜ਼ਹਾਰ ਕੀਤਾ-

'ਸ੍ਰੀ ਅੰਮ੍ਰਿਤਸਰ ਕੇ ਬਾਸਿੰਦੇ।
ਸਿਖ ਨਾਮਧਾਰੀ ਹਮ ਹੁੰਦੇ।'[10]

ਤੇ ਫਿਰ ਭਾਈ ਹਰਮੀਤ ਸਿੰਘ ਆਪਣੀ ਜਗਿਆਸਾ ਸ਼ਾਂਤ ਕਰਨ ਲਈ ਪੁੱਜਦਾ ਹੈ, ਨਾਮ ਦੀ ਦਾਤ ਲੈਣ ਲਈ ਸ੍ਰੀ ਸਤਿਗੁਰੂ ਜੀ ਪਾਸ। ਸਤਿਗੁਰੂ ਜੀ, ਭਾਈ ਰਾਇ ਸਿੰਘ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਦੀ ਸਾਰੀ ਮਰਿਆਦਾ ਮੰਗਵਾ ਚੁੱਕੇ ਹਨ ਜੋ ਪਹਿਲੇ ਅਧਿਆਵਾਂ ਵਿਚ ਵੇਰਵੇ ਸਹਿਤ ਦਰਜ ਹੈ ਅਤੇ ਹੁਣ ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਾਲੀ ਹੀ ਸਿਖ ਪੰਥ ਦੀ ਮਹਾਨ ਮਰਿਆਦਾ ਦੇ ਦਰਸ਼ਨ ਹੁੰਦੇ ਹਨ-

'ਬਾਣੀ ਢੋਲਕ ਛੈਨਿਨ ਸੰਗ
ਪੜ੍ਹੈਂ ਸਿਖ ਬਹੁ ਲਾਗਿਓ ਰੰਗ।
... ...
ਕਿਤੇ ਛੁਡਾਵਤ ਦੁਨੀਆ ਪਾਸਾ।
ਸਾਚੋ ਪੰਥ ਚਲਾਵੈ ਖਾਸਾ।

Sri Satguru Jagjit Singh Ji eLibrary NamdhariElibrary@gmail.com

ਗੁਰੂ ਰਾਮ ਸਿੰਘ ਬੀਚ ਸੁਹੰਤੇ।
ਤਾਰਕ ਜੋਗ ਕਟਾਵੈ ਮੰਤੇ।

... ...

ਐਸੀ ਮੌਜ ਫੌਜ ਕੇ ਵਾਲੀ।
ਮਸਤ ਗੰਭੀਰ ਤਬ੍ਹਾ ਲੈ ਥਾਲੀ।
ਸੋਗ ਹਰਖ ਤੇ ਸਦਾ ਅਤੀਤਾ।
ਗੁਰ ਦਸਵੇਂ ਕੀ ਧਾਰੀ ਰੀਤਾ।
ਬਾਰ ਬਾਰ ਜੈਕਾਰਾ ਗਾਜੈ।
ਸੁਣਤ ਜਿਸੈ ਭੈ ਜਮ ਕੌ ਭਾਜੈ।
ਬੀਚ ਦਿਮਾਨ ਫਿਰੈ ਮਸਤਾਨੇ।
ਮੈ ਮੋਹਿਤ ਹੋਯੋ ਜਿਸ ਬਾਨੇ।
ਛੋਡਨ ਕੋ ਚਿਤ ਚਾਹੈ ਨਾਂਹੀ।
ਜੋ ਆਵੈ ਮਨ ਰਹੈ ਇਥਾਹੀ।

... ...

ਚਲੇ ਹਾਟ ਬਿਨ ਤੋਲ ਤਰਾਜੂ।
ਪੂਰਨ ਕਾ ਪੂਰਨ ਸਭ ਸਾਜੂ।
ਕਈ ਸੈਂਕੜੇ ਸੰਗਤਿ ਆਵੈ।
ਸਭਦ ਅੰਨ ਮਨ ਭਾਵਤ ਪਾਵੈ।"[30]

ਤੇ ਇਉਂ ਇਕ ਟਿਕੀ ਰਾਤ ਵਿਚ ਭਾਈ ਹਰਮੀਤ ਸਿੰਘ ਨੂੰ ਨਾਮ ਦੀ ਦਾਤ ਦੇ ਕੇ ਸਤਿਗੁਰੂ ਜੀ ਨੇ ਉਸ ਦੇ ਜੀਵਨ ਦਾ ਹਨੇਰਾ ਦੂਰ ਕਰ ਦਿੱਤਾ।

ਇਕ ਦਿਨ ਭਾਈ ਹਰਮੀਤ ਸਿੰਘ ਗੁਰੂ ਦਰਸ਼ਨਾਂ ਹਿੱਤ ਟਾਂਗੇ ਦੀ ਸਵਾਰੀ ਕਰ ਰਹੇ ਹਨ। ਇੰਦਰ ਦੀ ਇਸਤਰੀ 'ਸਚੀ' ਜਿਉਂ ਰੂਪਵੰਤ ਇਕ ਭਗਵਾ ਵੇਸ ਧਾਰਨੀ ਸਾਧਣੀ ਦੇ ਬਾਣੇ ਵਿਚ ਜੋਬਨ ਮੱਤੀ ਵੀ ਉਸੇ ਵਿਚ ਸਵਾਰ ਹੁੰਦੀ ਹੈ। ਕਵੀ ਜੀ ਲਿਖਦੇ ਹਨ ਕਿ ਐਸੀ ਸੁੰਦਰ ਫੱਬਵੇਂ ਸਰੂਪ ਵਾਲੀ ਜਿਹਨੂੰ ਵੇਖ ਕੇ ਕਾਜ਼ੀ ਨਮਾਜ਼ ਪੜ੍ਹਨੀ ਭੁੱਲ ਜਾਣ। ਉਹ ਭਾਈ ਸਾਹਿਬ ਨੂੰ ਕਹਿੰਦੀ ਹੈ ਕਿ ਉਸ ਦਾ ਕਿਰਾਇਆ ਵੀ ਉਹ ਭਰ ਦੇਣ ਅਤੇ ਫੇਰ ਮਨ ਦੀਆਂ ਮੁਰਾਦਾਂ ਪੂਰੀਆਂ ਕਰਨ। ਭਾਈ ਜੀ ਹੁਣ ਦੁਬਿਧਾ ਵਿਚ ਪੈ ਗਏ ਹਨ ਛੱਡਣ ਤੇ ਮਨ ਨਹੀਂ ਕਰਦਾ ਪਰ ਦੂਜੇ ਬੰਨੇ ਗੁਨਾਹਾਂ ਦੀ ਪੰਡ ਹੇਠ ਸਿਰ ਦੇਣ ਤੋਂ ਵੀ ਤ੍ਰਹਿ ਰਹੇ ਹਨ। ਫਿਰ ਸੋਚਦੇ ਹਨ ਕਿ ਚਾਰ ਦਿਨਾਂ ਦੇ ਜੀਵਨ ਵਾਸਤੇ ਐਵੇਂ ਕਾਲਖ਼ ਲੁਆਉਣੀ ਹੈ ਕੁਕਰਮ ਕਰ ਕੇ। ਮੇਰਾ ਮਕਸਦ ਉੱਚਾ ਹੈ ਗੁਰੂ ਦਰਸ਼ਨਾਂ ਦਾ। ਇਹ ਖ਼ਬਰੇ ਕਿੱਥੇ ਡੰਗ ਮਾਰਨ ਜਾ ਰਹੀ ਹੈ। ਹੁਣ ਭਾਈ ਜੀ ਉਸ ਨੂੰ ਕਹਿੰਦੇ ਹਨ ਕਿ ਮੈਂ ਤੇਰੇ ਲਈ ਕੋਈ ਕੌਡੀ ਵੀ ਖਰਚਣ ਨੂੰ ਤਿਆਰ ਨਹੀਂ। ਏਨੇ ਨੂੰ ਉਹਨੂੰ ਕੋਈ ਹੋਰ ਸੱਜਣ ਮਿਲ ਗਿਆ ਉਹ ਜਾਂਦੀ ਜਾਂਦੀ ਭਾਈ ਜੀ ਨੂੰ ਜੋ ਮਿਹਣਾ ਮਾਰਦੀ ਹੈ, ਉਸ ਦਾ ਚਿਤਰਣ ਕਵੀ ਜੀ ਠੇਠ ਪੰਜਾਬੀ ਵਿਚ ਕਰਦੇ ਹਨ।

"ਕਹੇ ਢੋਲ ਤੂੰ ਫੋਕਾ ਢੋਲ। ਮੈਂ ਕਿਉਂ ਬੈਠੀ ਤੇਰੇ ਕੋਲ।"[31]

ਹਜ਼ਰੋ ਵਿਖੇ ਨਿਵਾਸ ਰੱਖਣ ਵਾਲੇ, ਗੁਰੂ ਬਾਲਕ ਸਿੰਘ ਜੀ ਨੂੰ ਕਵੀ ਜਮਾਂ ਦੀ ਫਾਂਸੀ ਕੱਟਣ ਵਾਲੇ ਦੱਸਦਾ ਹੈ। ਉਹਨਾਂ ਵਿਚ ਨਾ ਜਰੀਆਂ ਜਾਣ ਵਾਲੀਆਂ ਸ਼ਕਤੀਆਂ ਨੂੰ ਜਰਨ ਦੀ ਸਮਰੱਥਾ ਹੈ। ਉਹ ਆਪਣਾ ਗੁਰਤਾ ਕਾਲ ਗੁਪਤ ਰਹਿ ਕੇ ਬਤੀਤ ਕਰਦੇ ਹਨ। ਆਪਣੀ ਮਿਹਰ ਦੀ ਬੇੜੀ ਤੇ ਚੜ੍ਹਾ ਕੇ ਸੇਵਕਾਂ ਨੂੰ ਪਾਰ ਲਾਉਂਦੇ ਹਨ। ਉਹ 'ਨਾਮ'

Sri Satguru Jagjit Singh Ji eLibrary NamdhariElibrary@gmail.com

ਰੂਪੀ ਹੀਰਿਆਂ ਦੀ ਖਾਣ ਦੇ ਮਾਲਕ ਹਨ। ਉਹ ਆਪਣਾ ਧਿਆਨ ਖ਼ਲਕਤ ਦੇ ਖ਼ਾਲਕ ਵਿਚ ਬਿਨਾਂ ਆਲਸ ਤੋਂ ਰੱਖਦੇ ਹਨ ਅਤੇ ਨਾਮਧਾਰੀ ਪੰਥ ਦੇ ਅਕੀਦੇ ਅਨੁਸਾਰ ਜੋ ਦੱਸਵੇਂ ਗੁਰੂ ਜੀ ਨੇ ਗੁਰੂਤਾਰੂਪੀ ਅਮਾਨਤ ਠਾਕੁਰ ਜੀ (ਸਤਿਗੁਰੂ ਰਾਮ ਸਿੰਘ ਜੀ) ਨੂੰ ਅਰਪਣ ਹਿਤ ਸਉਂਪੀ ਸੀ ਉਸ ਨੂੰ ਨੇਕ ਨੀਅਤ ਨਾਲ ਉਹਨਾਂ ਦੇ ਹਵਾਲੇ ਕਰਦੇ ਹਨ। ਉਹ ਇਸ ਤਰ੍ਹਾਂ ਗੁਰੂ ਬਾਲਕ ਸਿੰਘ ਜੀ ਦਾ ਜੱਸ ਗਾਇਨ ਕਰਦੇ ਹਨ।

"ਹਜਰੋ ਨਿਵਾਸੀ, ਸੁਖ ਰਾਸੀ ਅਬਿਨਾਸੀ ਨਾਥ,
ਕਾਟੇ ਜਮ ਫਾਸੀ, ਦਾਸ ਦਾਸਨ ਲਖਾਇਕੇ।
ਅਜਰ ਜਰੱਯਾ, ਗੁਰ ਗੁਪਤ ਰਹੱਯੋ ਬਪੁ,
ਕਰੋ ਪਾਰ ਸਈਆ ਜਿਹਰ ਨਈਆ ਪੈ ਚੜਾਇਕੇ।
ਬਾਲਕ ਸਮਾਨ, ਖਾਨ ਹੀਰਨ ਕੇ ਮਾਲਕ ਹੋ
ਰਹੇ ਧਿਆਨ ਖਾਲਕ ਸੋਂ ਆਲਸ ਮਿਟਾਇਕੇ
ਦਸਮ ਕੀ ਗੁਰਤਾ, ਅਮਾਨਤ ਸੋ ਠਾਕੁਰੋਂ ਕੋ
ਦਿਆਨਤ ਸੋਂ ਦਈ ਬਿਨ ਖਿਆਨਤ ਬੁਲਾਇ ਕੇ।"[2]

ਗੁਰੂ ਬਾਲਕ ਸਿੰਘ ਜੀ ਦੇ ਉਸਤਤ ਗਾਇਨ ਸਾਅਦ ਕਵੀ ਜੀ ਆਪਣੇ ਗ੍ਰੰਥ ਦੇ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਦਾ ਬਖਾਨ ਜਿਨ੍ਹਾਂ ਸ਼ਬਦਾਂ ਵਿਚ ਕਰਦੇ ਹਨ ਇਹ ਵੀ ਉਨ੍ਹਾਂ ਦੇ ਕਾਵਿਕ ਕੌਸ਼ਲ ਅਤੇ ਕਲਾ ਪਰਪੱਕਤਾ ਦੇ ਸੂਚਕ ਹਨ। ਕਵੀ ਜੀ ਮੁਤਾਬਿਕ ਆਪ ਸਾਗਰ ਅਤੇ ਇਸ ਦੇ ਪਾਰ ਵਾਲੇ ਵਾਸੀਆਂ ਨੂੰ ਤਾਰਨ ਲਈ, ਪੁਰਾਣੀ ਦੇਵ ਰੀਤੀ ਅਤੇ ਧਰਮ ਨੂੰ ਸਥਾਪਿਤ ਕਰਨ ਲਈ ਆਏ ਹਨ। ਗਊ ਗਰੀਬ ਦੀ ਰੱਖਿਆ ਕਰਨ ਲਈ, ਅੰਮ੍ਰਿਤ ਛਕਾ ਕੇ, ਚੰਗੀ ਮੱਤ ਦੇਣ ਲਈ ਉਨ੍ਹਾਂ ਨੇ ਪੰਥ ਸਾਜਿਆ ਹੈ। ਸਾਂਵਲੇ ਕਾਹਨ ਵਾਂਗੂ ਹੰਕਾਰੀਆਂ ਦਾ ਹੰਕਾਰ ਮਲਣ ਵਾਸਤੇ ਅਤੇ ਦੈਂਤਾਂ ਜਿਹੇ ਲੋਕਾਂ ਨੂੰ ਦਲਣ ਲਈ ਪ੍ਰਗਟ ਹੋਏ ਹਨ। ਕਵੀ ਜੀ (ਬਾਬਾ) ਜੱਸਾ ਸਿੰਘ ਦੇ ਉਸ ਜਾਏ ਨੂੰ ਨਮਸਕਾਰ ਕਰਦੇ ਹਨ ਜੋ ਨਿਸਤੇਜ ਹੋਏ ਖਾਲਸਾ ਪੰਥ ਦਾ ਤੇਜ ਵਧਾਉਣ ਵਾਲੇ ਗੁਰੂ ਰਾਮ ਸਿੰਘ ਸਹਿਨਸ਼ਾਹ ਹਨ। ਕਵੀ ਜੀ ਦੇ ਅਲੌਕਿਕ ਸ਼ਬਦਾਂ ਦੀ ਆਭਾ ਵੇਖਿਆਂ ਹੀ ਬਣਦੀ ਹੈ-

"ਸਾਗਰ ਕੇ ਤਾਰਬੇ ਕੋ, ਧਰਮ ਉਧਾਰਬੇ ਕੋ,
ਦੇਵਰੀਤ ਧਾਰਬੇ ਕੋ, ਮੂਰਤਿ ਦਿਖਾਇ ਹੈਂ।
ਗਊ ਦੀਨ ਰਾਖਿਬੇ ਕੋ, ਅਮੀ ਰਸ ਚਾਖਿਬੇ ਕੋ,
ਸੁਭ ਮਤ ਭਾਖਿਬੇ ਕੋ, ਪੰਥ ਸੁ ਸੁਜਾਇ ਹੈਂ।
ਮਾਨਨ ਮਲੱਯਾ, ਅਰੁ ਦੈਤਨ ਦਲੱਯਾ ਜਿਵੇਂ,
ਸਾਵਰ ਕਨ੍ਹਯਾ, ਪ੍ਰਗਟਾਏ ਇਸ ਭਾਇ ਹੈਂ।
ਮੇਰੀ ਨਮੋ ਭਯਾ, ਆਹਿ ਜੱਸਾ ਸਿੰਘ ਜੱਯਾ,
ਸਿੰਘ ਤੇਜ ਕੇ ਬਢੱਯਾ, ਗੁਰੂ ਰਾਮ ਸਿੰਘ ਰਾਇ ਹੈਂ।"[3]

ਕੁਝ ਨਿਵੇਕਲੇ ਇਤਿਹਾਸਿਕ ਹਵਾਲੇ ਵੀ 'ਕਾਦਰਾਬਾਦੀ' ਕ੍ਰਿਤ ਰਚਨਾ ਵਿਚ ਹੀ ਮਿਲਦੇ ਹਨ ਜਿਵੇਂ ਗੁਰਤਾ ਅਰਪਣ ਉਪਰੰਤ ਗੁਰੂ ਬਾਲਕ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੂੰ ਕਹਿੰਦੇ ਹਨ, ਜੋ ਉਸ ਸਮੇਂ ਲਾਹੌਰ ਦਰਬਾਰ ਦੀ ਸੈਨਾ ਵਿਚ ਸਨ, "ਅਬ ਭੈਣੀ ਸਾਹਿਬ ਕੋ ਜਾਵੋ। ਛੋਡ ਨੌਕਰੀ ਦੇਰ ਚਲਾਵੋ।" ਇਹ ਵੱਖਰੀ ਗੱਲ ਹੈ ਕਿ ਸੈਨਾ ਦਾ ਆਪਣਾ ਅਨੁਸ਼ਾਸਨ ਹੁੰਦਾ ਹੈ ਅਤੇ ਨੌਕਰੀ ਛੱਡਣ ਦੇ ਹਾਲਾਤ ਸਿਰਜਣ ਲਈ ਸਤਿਗੁਰੂ ਜੀ ਨੂੰ ਤਿੰਨ ਚਾਰ ਵਰ੍ਹੇ ਹੋਰ ਲੱਗ ਗਏ ਸਨ। ਗੁਰੂ ਬਾਲਕ ਸਿੰਘ ਜੀ ਆਪ ਦੇ ਮੇਲ ਸਮੇਂ ਇਤਨੇ ਪਰਸੰਨ ਹੁੰਦੇ ਸਨ, ਅਧਿਕਾਰੀ ਨੂੰ ਆਇਆ ਜਾਣ ਕੇ ਕਿ ਬਹੁਤ ਵਰਦਾਨਾਂ ਦੀ ਬਖਸ਼ਿਸ਼ ਵੀ ਆਪ ਤੇ ਕਰਦੇ ਹਨ। ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਤਰਖਾਣ "ਤਰ ਮੁੱਢ

Sri Satguru Jagjit Singh Ji eLibrary NamdhariElibrary@gmail.com

ਜਿਉਂ ਬਿਰਛ ਸਵਾਰੇ। ਤਿਉਂ ਟੇਢੇ ਸੀਧੇ ਕਰ ਡਾਰੇ।" ਦੁਨੀਆ ਦੇ ਲੋਕਾਂ ਦੇ ਵਲਵਿੰਗ ਕਢਣੇ ਹੁਣ ਬਾਰ੍ਹਵੇਂ ਪਾਤਸ਼ਾਹ ਜੀ ਦੇ ਜ਼ਿੰਮੇ ਲਾਏ ਗਏ ਸਨ ਅਤੇ ਇਹ ਪੰਥ ਪਹਿਲੇ ਸਤਿਗੁਰਾਂ ਦੀ ਸਿੱਖੀ ਤੋਂ ਵੱਖਰਾ ਨਹੀਂ ਹੋਏਗਾ। ਸਗੋਂ ਗੁਰੂ ਬਾਲਕ ਸਿੰਘ ਕਹਿੰਦੇ ਹਨ "ਗੁਰੂ ਗੋਬਿੰਦ ਸਿੰਘ ਜੀ ਕੀ ਨੀਂਹੋ। ਦੂਹ ਸੰਭਾਲਹੁ ਤੁਮ ਸੁਭ ਗੇਹੋ।" ਫਿਰ ਹੋਰ ਬਖਸ਼ਿਸ਼ਾਂ ਦੇ ਭੰਡਾਰੇ ਖੋਲ੍ਹਦੇ ਹਨ ਕਿ ਤੇਰੇ ਵਰਗਾ ਨਾ ਕੋਈ ਹੋਇਆ ਹੈ ਅਤੇ ਨਾ ਹੀ ਕੋਈ ਹੋਵੇਗਾ। (ਹੋਇ ਨ ਹੋਇਓ ਤੋਹਿ ਸਮਾਨ) ਅਤੇ ਨਵੇਂ ਸੱਜਣ ਵਾਲੇ ਸਿੱਖਾਂ ਪ੍ਰਤੀ ਵੀ ਖੁਸ਼ੀਆਂ ਬਖਸ਼ਦੇ ਹਨ - "ਤੁਮਰੋ ਪੰਥ ਚਲੈ ਬਲਵਾਨਾ। ਸਿੰਘ ਸੂਰਮੇ ਸਿਦਕ ਮਹਾਨਾ।"

ਜਦੋਂ ਭਾਈ ਰਾਇ ਸਿੰਘ ਸ੍ਰੀ ਹਜ਼ੂਰ ਸਾਹਿਬ ਤੋਂ ਦਸਮ ਗੁਰੂ ਜੀ ਵਾਲੀ ਮਰਿਆਦਾ ਦਾ ਪੂਰਾ ਵੇਰਵਾ ਲੈ ਕੇ ਸ੍ਰੀ ਭੈਣੀ ਸਾਹਿਬ ਸੰਗਤ ਦੇ ਦੀਵਾਨ ਵਿਚ ਪੁੱਜਦੇ ਹਨ ਤਾਂ ਉਸ ਦੀਵਾਨ ਦੀ ਨਿਰਾਲੀ ਛਬ ਦਾ ਵਰਣਨ, ਜਿਥੇ ਗੁਰੂ ਨਾਨਕ ਜੀ ਦੀ ਅੰਮ੍ਰਿਤ ਬਾਣੀ ਦੀ ਵਰਖਾ ਹੋ ਰਹੀ ਹੈ ਬੜੇ ਸਰਲ ਕਾਵਿਕ ਅੰਦਾਜ਼ ਵਿਚ ਕਵੀ ਜੀ ਕਰਦੇ ਹਨ -

"ਮਾਝੇ ਦੇਸ ਮਾਲਵੇ ਸੰਗਤਿ।
ਭੈਣੀ ਏਕ ਲਗੀ ਤਹਿ ਪੰਗਤ।
ਢੋਲਕ ਛੈਣਣ ਕੀ ਧੁਨਿ ਲਾਗੀ।
ਸਬਦ ਪੜਤ ਹੋਵਤ ਵੈਰਾਗੀ।
ਗੁਰ ਨਾਨਕ ਕੀ ਅੰਮ੍ਰਿਤ ਬਾਣੀ।
ਬਾਣੀ ਸਭ ਹ੍ਰੈ ਕੈ ਮਨ ਭਾਣੀ।
ਭਾਣੀ ਜਿਨ ਨਿਸਚੈ ਕਰ ਜਾਣੀ।
ਜਾਣੀ ਛੂਟੀ ਕਾਣ ਜਮਾਣੀ।
ਮਾਣੀ ਮੌਜ ਤਿਨੈ ਮੁਕਤਾਣੀ
ਤਾਣੀ ਸਿਖਨ ਹੋਤ ਵਖਾਣੀ।
ਖਾਣੀ ਚਾਰ ਜਪੇ ਨਿਰਵਾਣੀ।
ਨਿਰਬਾਣੀ ਜਾਣੀ ਗੁਣ ਖਾਣੀ।"[4]

ਅੰਮ੍ਰਿਤਸਰ ਸ਼ਹਿਰ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਤਰਾ ਦਾ ਪਰਸੰਗ ਵੀ ਕਵੀ ਜੀ ਨੇ ਇਸ ਤਰ੍ਹਾਂ ਚਿਤਰਿਆ ਹੈ ਜਿਵੇਂ ਉਹ ਹਜ਼ੂਰ ਦੀ ਹਾਜ਼ਰੀ ਵਿਚ ਰਹੇ ਹੋਣ। ਅੰਗਰੇਜ਼ ਅਧਿਕਾਰੀ ਸਤਿਗੁਰੂ ਜੀ ਨੂੰ ਟੋਪੀ ਲਾਹ ਕੇ ਨਮਸਕਾਰ ਕਰਦੇ ਹਨ। ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਅਤੇ ਪੁਲਿਸ ਕਪਤਾਨ ਸਤਿਗੁਰੂ ਜੀ ਦੀ ਅਗਵਾਈ ਲਈ ਆਉਂਦੇ ਹਨ। ਪਰਸਪਰ ਪ੍ਰੇਮ ਪਿਆਰ ਦੇ ਬਚਨ ਹੁੰਦੇ ਹਨ। ਕਵੀ ਜੀ ਇਸ ਦ੍ਰਿਸ਼ ਨੂੰ ਦੁਆਪਰ ਯੁੱਗ ਵਿਚ ਬੱਧਕ ਹੱਥੋਂ ਤੀਰ ਖਾਣ ਵਾਲੇ ਭਗਵਾਨ ਕ੍ਰਿਸ਼ਨ ਨਾਲ ਜੋੜ ਕੇ ਪੇਸ਼ ਕਰਦੇ ਹਨ ਕਿ ਜਿਵੇਂ ਆਪਣੇ ਹਤਿਆਰੇ ਨੂੰ ਭਗਵਾਨ ਨੇ ਗਲੇ ਲਾਇਆ ਸੀ ਇਵੇਂ ਸਤਿਗੁਰੂ ਜੀ ਅੰਗਰੇਜ਼ ਅਫ਼ਸਰਾਂ ਨਾਲ ਖੁਸ਼ੀ ਹੋ ਕੇ ਵਾਰਤਾਲਾਪ ਕਰਦੇ ਹੋਏ ਉਨ੍ਹਾਂ ਦੀ ਰਾਜ਼ੀ ਖੁਸ਼ੀ ਪੁੱਛਦੇ ਹਨ। ਜਾਣ ਲੱਗੇ ਉਹ ਥਾਣੇਦਾਰ ਸਿਪਾਹੀਆਂ ਸਮੇਤ ੧੦ ਆਦਮੀ ਸਤਿਗੁਰੂ ਜੀ ਦੀ ਸੇਵਾ ਵਿਚ ਸੌਂਪ ਜਾਂਦੇ ਹਨ। ਪੁਜਾਰੀ ਕਹਿੰਦੇ ਹਨ ਕਿ ਤਨਖਾਹ ਲੁਆਉਗੇ ਤਾਂ ਤੁਹਾਡੀ ਅਰਦਾਸ ਕਰਾਂਗੇ। ਦੋਸ਼ ਇਹ ਕੱਢਦੇ ਹਨ ਕਿ ਤੁਹਾਡੇ ਸਿੰਘ ਸ਼ਬਦ ਬਾਣੀ ਪੜ੍ਹਦੇ ਸਮੇਂ ਦਸਤਾਰ ਉਤਾਰ ਦਿੰਦੇ ਹਨ ਇਉਂ ਕੇਸਾਂ ਦੀ ਬੇਅਦਬੀ ਕਰਦੇ ਹਨ। ਸਤਿਗੁਰੂ ਜੀ ਉਨ੍ਹਾਂ ਨੂੰ ਜਵਾਬ ਦਿੰਦੇ ਹਨ ਕਿ ਸ਼ਬਦ ਦੀ ਮਸਤੀ ਵਿਚ, ਜਦੋਂ ਗੁਰੂ ਨਾਨਕ ਦੀ ਅੰਮ੍ਰਿਤ ਬਾਣੀ ਉਨ੍ਹਾਂ ਦੇ ਲੂੰ ਲੂੰ ਵਿਚ ਧਸ ਚੁੱਕੀ ਹੁੰਦੀ ਹੈ ਸਰੀਰ ਦੀ ਸੁੱਧ ਹੀ ਕਿਹਨੂੰ ਰਹਿੰਦੀ ਹੈ। ਉਹ ਖੂਹ ਵਿਚ ਵੀ ਡਿੱਗ ਸਕਦੇ ਹਨ ਤੇ ਚਿੱਕੜ ਵਿਚ ਵੀ, ਪੱਥਰ 'ਤੇ ਵੀ ਡਿੱਗ ਪੈਂਦੇ ਹਨ ਅਤੇ ਕੰਡਿਆਂ 'ਤੇ ਵੀ ਕਿਉਂ ਜੁ "ਪਿਆਰਾ ਸੀਸ ਦਾ ਜਾਨ ਨਾ ਜਾ ਕੈ। ਸ਼ਗ ਕਾਮ ਕਿਆ ਦੇਖੇ ਤਾਕੈ।"[5]

Sri Satguru Jagjit Singh Ji eLibrary NamdhariElibrary@gmail.com

ਉਹ ਪੁਜਾਰੀਆਂ ਨੂੰ ਉਨ੍ਹਾਂ ਦੀ ਅਸਲੀਅਤ ਦੱਸਦੇ ਹਨ -

"ਸਮ ਬਗਲੇ ਤੁਮ ਜਿਤੇ ਪੁਜਾਰੀ। ਏਕ ਟਾਂਗ ਧਰ ਮਛਲੀ ਮਾਰੀ"[13]

ਡਾ. ਅਮਰ ਭਾਰਤੀ ਲਿਖਦੇ ਹਨ - "ਸਤਿਗੁਰਾਂ ਦੇ ਮਨ ਵਿਚ ਗੁਰਦੁਆਰਾ ਸ੍ਰੀ ਹਰਿਮੰਦਿਰ ਸਾਹਿਬ ਦੇ ਪ੍ਰਤੀ ਕੈਸੀ ਬੇਮਿਸਾਲ ਸ਼ਰਧਾ ਭਗਤੀ ਸੀ। ਦੂਜੇ ਪਾਸੇ ਪੁਜਾਰੀਆਂ ਦੇ ਇਕ ਵਰਗ ਦੇ ਮਨ ਵਿਚ ਤੰਗ ਨਜ਼ਰੀ ਸੀ ਤੇ ਪੁਜਾਰੀਆਂ ਦੇ ਇਕ ਦੂਜੇ ਵਰਗ ਦੇ ਮਨ ਵਿਚ ਸਤਿਗੁਰਾਂ ਦੇ ਪ੍ਰਤੀ ਆਜਜ਼ੀ ਅਤੇ ਸ਼ਰਧਾ ਦਾ ਭਾਵ ਸੀ।

'ਸਤਿਗੁਰ ਬਿਲਾਸ ਵਿਚ ਦਿੱਤੇ ਦੋਵਾਂ ਤਰ੍ਹਾਂ ਦੇ (ਗੁਰਦੁਆਰਾ) ਪਰਸੰਗ ਨੂੰ ਜੇ ਮਿਸਾਲ ਮੰਨ ਲਿਆ ਜਾਵੇ ਤਾਂ ਇਸ ਨੂੰ ਅੱਜ ਦੇ ਨਾਮਧਾਰੀ ਸਿੱਖ ਸਮਾਜ ਅਤੇ ਗ਼ੈਰ ਨਾਮਧਾਰੀ ਸਿੱਖ ਸਮਾਜ - ਸਮੇਤ ਗੁਰਧਾਮਾਂ ਤੇ ਰਹਿਤ ਮਰਿਆਦਾ - ਪਰਸਪਰ ਮਿਲ ਬਹਿਣ ਲਈ ਸਾਂਝੇ ਦ੍ਰਿਸ਼ਟੀਕੋਣ ਦਾ ਆਧਾਰ ਬਣਾਇਆ ਜਾ ਸਕਦਾ ਹੈ।"[14]

ਸਤਿਗੁਰੂ ਜੀ ਆਪ ਨੂੰ ਤਨਖਾਹ ਲਾਉਣ ਵਾਲੇ ਪੁਜਾਰੀਆਂ ਨੂੰ ਕਹਿੰਦੇ ਹਨ - "ਪੂਜਾ ਧਾਨ ਤੁਮਰੀ ਮਤ ਮਾਰੀ। ਰਾਖੇ ਤੁਮ ਕੌਡੀ ਕੀ ਯਾਰੀ।' ਫਿਰ ਸਤਿਗੁਰੂ ਜੀ ਆਪਣੀ ਸੰਗਤ ਬਾਬਤ ਦੱਸਦੇ ਹਨ ਜਿਸ ਨੂੰ ਬਹੁਤ ਸਾਰੇ ਵਿਕਰਮਾਂ ਤੋਂ ਆਪ ਨੇ ਮੁਕਤ ਕਰ ਦਿੱਤਾ ਹੈ। ਚੋਰੀ ਯਾਰੀ, ਮਾਸ ਸ਼ਰਾਬ, ਝੂਠ, ਜੂਆ ਸਭ ਤਰ੍ਹਾਂ ਦੇ ਨਸ਼ੇ ਅਫ਼ੀਮ, ਧੂਮਰਪਾਨ ਆਦਿ ਦਾ ਉਨ੍ਹਾਂ ਦੇ ਭਾਈਚਾਰੇ ਵਿਚ ਕੋਈ ਨਾਂ ਲੈਣ ਵਾਲਾ ਵੀ ਨਹੀਂ। ਫਿਰ ਸਤਿਗੁਰੂ ਜੀ ਕਹਿੰਦੇ ਹਨ ਕਿ ਜੇ ਕੋਈ ਬਬੇਕੀ ਸਿੰਘ ਤੁਹਾਡੇ ਵਿਚ ਹੈ ਤਾਂ ਉਹ ਮੈਨੂੰ ਤਨਖਾਹ ਲਾ ਸਕਦਾ ਹੈ। ਤਾਂ ਪੁਜਾਰੀ ਕਹਿੰਦੇ ਹਨ ਕਿ ਇਕ ਐਸਾ ਸਿੰਘ ਤਾਂ ਹੈ ਪਰ ਉਹ ਅੱਜ ਘਰ ਨਹੀਂ ਪਰਸੋਂ ਆਵੇਗਾ ਤੇ ਫਿਰ ਆਪ ਨੂੰ ਤਨਖਾਹ ਲਾਏਗਾ। ਇਸ ਤੇ ਸਤਿਗੁਰੂ ਜੀ ਕਹਿੰਦੇ ਹਨ 'ਕਾਮ ਨ ਦੇ ਮਾਂਗੀ ਤਲਵਾਰੇ। ਕਹਾ ਅਹੋ ਤੁਮ ਬੈਂਧੇ ਪਿਆਰੇ।' ਸਤਿਗੁਰੂ ਜੀ ਦੀ ਵਾਕ ਚਤੁਰਤਾ ਤੇ ਨਿਹਾਲ ਹੋ ਕੇ, ਭਾਈ ਧਿਆਨ ਸਿੰਘ ਜੀ ਲਿਖਦੇ ਹਨ, ਗੋਰੇ ਅਸ਼ ਅਸ਼ ਕਰ ਉੱਠੇ ਅਤੇ ਪੁਜਾਰੀਆਂ ਵੱਲ ਵੇਖ ਕੇ ਉਨ੍ਹਾਂ ਦੀ ਢਹਿੰਦੀ ਕਲਾ ਤੇ ਹੱਸਣ ਲੱਗ ਪਏ। ਫਿਰ ਜਦੋਂ ਹਰਿਮੰਦਰਿ ਸਾਹਿਬ ਦੇ ਪੁਜਾਰੀ ਨੇ ਦੁਸ਼ਾਲਾ, ਦਸਤਾਰ, ਬਹੁ ਮੁੱਲੇ ਬਸਤਰ ਅਤੇ ਮਿਸਰੀ ਦੇ ਦਸ ਗੰਟੇ ਹਜ਼ੂਰ ਦੀ ਨਜ਼ਰ ਕਰਨੇ ਚਾਹੇ ਤਾਂ ਆਪ ਨੇ ਕਿਹਾ ਕਿ ਮੈਂ ਤਾਂ ਇਸ ਦਰਬਾਰ ਦੇ ਦਾਸਾਂ ਦਾ ਵੀ ਦਾਸ ਹਾਂ। ਸੇਵਕ ਨੂੰ ਇਥੋਂ ਕੁਝ ਵੀ ਲੈਣਾ ਨਹੀਂ ਸੋਭਦਾ। ਬਾਕੀ ਵਸਤਾਂ ਗੁਰ ਦਰਬਾਰ ਦੇ ਸੇਵਕਾਂ ਨੂੰ ਭੇਟ ਕਰ ਕੇ ਸਿਰਫ਼ ਮਿਸਰੀ ਦੇ ਗੰਟੇ ਗੁਰੂ ਕੇ ਪਰਸ਼ਾਦ ਵਜੋਂ ਰੱਖ ਲਏ। ਸਤਿਗੁਰੂ ਜੀ ਦੀ ਨਿਮਰਤਾ ਨੇ ਸਭ ਨੂੰ ਪ੍ਰਭਾਵਿਤ ਕੀਤਾ। ਇਸ ਅੰਮ੍ਰਿਤਸਰ ਫੇਰੀ ਸਮੇਂ ਸਤਿਗੁਰੂ ਜੀ ਨਾਲ ਸੰਗਤ ਦਾ ਏਨਾ ਵਿਸ਼ਾਲ ਇਕੱਠ ਹੋ ਕਿ ਕਾਦਰਾਬਾਦੀ ਜੋ ਲਿਖਦੇ ਹਨ -

'ਮਾਰਿਓ ਤਿਲ ਨ ਜ਼ਿਮੀ ਪੈ ਆਇ। ਤਬ ਸਭ ਕੌ ਗੁਰ ਵਡੇ ਬੁਲਾਏ। ਗੋਰਿਓਂ ਕੋ ਮੁਖ ਸੇ ਫੁਰਮਾਇ॥ ਦੇਹੁ ਸਰਬ ਅਬ ਲੋਕ ਹਟਾਇ।"[15]

ਕਿਉਂਕਿ ਹੁਣ ਸ੍ਰੀ ਸਤਿਗੁਰੂ ਜੀ ਹਰਿਮੰਦਰਿ ਸਰੋਵਰ ਦੀ ਪਰਕਰਮਾ ਕਰਨ ਜਾ ਰਹੇ ਸਨ। ਇਥੇ ਹੀ ਆਪ ਜੀ ਨੇ ਭਾਈ ਹਰਮੀਤ ਸਿੰਘ ਨੂੰ ਮੁਖ਼ਾਤਿਬ ਹੋ ਕੇ ਕਿਹਾ ਸੀ ਕਿ ਹੁਣ ਇਹ ਸਿੰਘ ਮੈਨੂੰ ਇਕ ਮਿੰਟ ਵੀ ਇਕੱਲਿਆਂ ਨਹੀਂ ਹੋਣ ਦਿੰਦੇ ਇਕ ਸਮਾਂ ਆਏਗਾ ਜਦੋਂ ਇਹ ਕਛਹਿਰੇ ਲਾਹ ਲਾਹ ਕੇ ਸੁੱਟ ਦੇਣਗੇ ਕਿਉਂਕਿ ਜ਼ਾਲਮ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਕਛਹਿਰਾ ਕੂਕਪੁਣੇ ਦਾ ਚਿੰਨ੍ਹ ਸੀ।

੧੯੨੧ ਈ. ਦੇ ਹੋਲੇ ਮਹੱਲੇ ਸਮੇਂ ਸਤਿਗੁਰੂ ਜੀ, ਅਨੰਦਪੁਰ ਸਾਹਿਬ ਗਏ, ਭਾਰੀ ਸੰਗਤ ਸਮੇਤ 'ਹੋਲੇ' ਦਾ ਬੜਾ ਰੰਗ ਬੱਝਾ। ਹੁੱਕੇ ਵਾਲਾ, ਸ਼ਰਾਬੀ, ਸਿੰਘਾਂ ਦੇ ਨੇੜੇ ਨਹੀਂ ਆਉਂਦਾ। ਜਿਹੜਾ ਆਉਂਦਾ ਹੈ ਉਹ ਸੋਧਿਆ ਜਾਂਦਾ ਹੈ। ਸਿੰਘ ਬੇਨਤੀ ਕਰਦੇ ਹਨ - 'ਆਠੋ ਸਾਲ ਭੀ ਆਵੇ ਯਹਾਂ।' ਇਸ ਤੇ ਸਾਡਾ ਕਵੀ ਪੁਰਾਣ ਸਾਖੀਆਂ ਵਿਚ ਭਾਵੀ ਜਾਂ ਹੋਣੀ ਦੇ ਵਰਤਣ ਦੇ ਕਿੱਸੇ ਛੋਹ ਲੈਂਦਾ ਹੈ। ਰਾਮ ਨੂੰ ਰਾਜ ਤਿਲਕ ਦੀ ਤਿਆਰੀ ਸੀ, ਬਨਬਾਸ ਮਿਲ ਗਿਆ। ਇਸ ਤਰ੍ਹਾਂ ਸ਼ਿਸ਼ਪਾਲ ਤੇ ਰੁਕਮਣੀ ਦਾ ਪਰਸੰਗ ਹੈ। ਸਤਿਗੁਰੂ ਜੀ ਆਉਣ ਵਾਲੇ ਸਮੇਂ ਨੂੰ ਇਉਂ ਨਿਹਾਰ ਰਹੇ ਹਨ -

"ਪਰਾਲਬਧ ਸੇ ਦੇਖੋ ਹੋਲਾ।

ਜਾਇ ਬਦੇਸ਼ ਕੋਇ ਦਿਨ ਚੋਲਾ।

Sri Satguru Jagjit Singh Ji eLibrary NamdhariElibrary@gmail.com

ਇਹੋ ਮਹੱਲਾ ਹੋਲਾ ਖੇਲੇਂ।
ਨਦੀਆਂ ਵਾਹ ਸੰਜੋਗੀ ਮੇਲੇ।
ਕੈ ਦਿਨ ਹੋਇ ਸਿੰਘਨ ਭੀ ਰੌਕਾ।
ਫਿਰ ਬਿਛਰੇ ਨਿਰਭੈ ਬਿਨ ਸੋਕਾ।
ਐਸੇ ਕਹਿ ਕਰ ਦੀਓ ਉਪਦੇਸੁ।
ਕਰੋ ਬੰਦਗੀ ਮਿਟੇ ਕਲੇਸੁ।
ਸਬਦ ਸਾਥ ਜਿਉਂ ਜਿਉਂ ਚਿਤ ਲਾਵੈ।
ਤਿਉਂ ਤਿਉਂ ਸਰਬ ਸੁਖ ਧਨ ਪਾਵੈ।"[14]

ਭਾਈ ਜੀ ਦੇ ਅਨੁਸਾਰ ਇਸੇ ਹੋਲੇ ਮਹੱਲੇ ਸਮੇਂ ਇਕ ਪਹਾੜੀ ਰਾਜੇ [illegible] ਵੀਨੇ ਲੱਕ ਵਾਲੇ ਦੀਵਾਨ ਨੇ ਰਾਜੇ ਦੀ ਸੈਨਾ ਲਈ ਇਕ ਹਜ਼ਾਰ ਨਾਮਧਾਰੀ ਸਿੰਘ ਭੇਜਣ ਦੀ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਹੁਣ ਇਨ੍ਹਾਂ ਦੇ ਭੇਜਣ ਦਾ ਸਮਾਂ ਨਹੀਂ। ਅਜੇ ਆਵੀ ਕੱਚੀ ਹੈ। ਸਮਾਂ ਆਏਗਾ ਜਦੋਂ ਤੁਹਾਡੇ ਸਿੰਘ ਰਾਜ ਕਰਨ ਵਾਲਿਆਂ ਦਾ ਤੇਜ ਹਰ ਲੈਣਗੇ।

ਇਸ ਅਲੌਕਿਕ ਹੋਲੇ ਮੁਹੱਲੇ ਸਮੇਂ ਬਣੀ ਗੁਰ ਦੀਵਾਨ ਦੀ ਅਨੂਠੀ [illegible] ਦਾ ਵਰਣਨ ਕਵੀ ਜੀ ਨੇ ਤਿਰਭੰਗੀ ਛੰਦ ਵਿਚ ਜਿਸ ਮਨੋਹਰ ਸ਼ੈਲੀ ਵਿਚ ਕੀਤਾ ਹੈ, ਉਹ ਅੱਜ ਵੀ ਨਾਮਧਾਰੀ ਦੀਵਾਨਾਂ ਵਿਚ ਸੁਨਾਉਣ ਵਾਲੇ ਜਥੇਦਾਰ, ਸੰਗਤ ਨੂੰ ਭਾਵ ਬਿਹਬਲ ਕਰ ਦਿੰਦੇ ਹਨ–

'ਯਾ ਬਿਧ ਗੁਰ ਪੂਰੇ ਜਾਹਿ ਹਜੂਰੇ,
ਚਲਤ ਸਦੂਰੇ ਨਿਤ ਨਵੇਂ।
ਜਲਤੇ ਨਰ ਕੂਰੇ ਕਪਟੀ ਭੂਰੇ,
ਤਪਤੇ ਸੂਰੇ ਸਤਿ ਲਵੇਂ।
ਸਦ ਆਨੰਦ ਮੰਗਲ ਪ੍ਰਭ ਥਿਰ ਰੰਗਲ,
ਦੁਨੀਆ ਜੰਗਲ ਫੇਰ ਹਰਾ।
ਹਰਦਮ ਹਰਿ ਚਰਚਾ ਬਾਣੀ ਪਰਚਾ,
ਪੂਜਾ ਅਰਚਾ ਹੋਮ ਧਰਾ।
ਕਹੂੰ ਜਪ ਗੁਰ ਮੰਤੇ ਊਚ ਰਟੰਤੇ,
ਸਬਦ ਸੁਨੰਤੇ ਕੰਨ ਗੁਰੂ।
ਕਹੂੰ ਢੋਲਕ ਬਾਜਤ ਛੈਣੇ ਛਾਜਤ,
ਧਰਮ ਸੇ ਗਾਜਤ ਧੰਨ ਗੁਰੂ।
ਹੈ ਹੈ ਮਸਤਾਨੇ ਨਚਤ ਦਿਵਾਨੇ,
ਲਾਜ ਭੁਲਾਨੇ ਪ੍ਰੇਮ ਬਸੀ।
ਸਭ ਲਾਲੇ ਲਾਲੇ ਹਿਰਦ ਗੁਪਾਲੇ,
ਬਹੁਤ ਖੁਸਹਾਲੇ ਨੇਮਬਸੀ।"[15]

ਸੰਮਤ ੧੯੨੯ ਬਿਕ੍ਰਮੀ ਦੀ ਸਿਆਲ ਰੁੱਤ ਵਿਚ, ਕਵੀ ਜੀ [illegible] ਮੁਤਾਬਿਕ ਹੀਰਾ ਸਿੰਘ, ਲਹਿਣਾ ਸਿੰਘ ਅਤੇ ਅਤਰ ਸਿੰਘ ਦੀ ਅਗਵਾਈ ਵਿਚ ਮਸਤਾਨੇ ਸਿੰਘ ਸਤਿਗੁਰੂ ਜੀ ਦੇ [illegible] ਸ਼ਨ ਕਰਕੇ ਪੂਰਾ ਡੇਢ ਮਹੀਨਾ ਅਕਾਲ ਬੁੰਗੇ ਵਿਖੇ ਸ੍ਰੀ ਭੈਣੀ ਸਾਹਿਬ ਹੀ ਟਿਕੇ ਰਹਿੰਦੇ ਹਨ। ਤਿੰਨ ਵੇਰ ਉਹ ਸ੍ਰੀ [illegible] ਸੰਪਟ ਦੀ ਬੇਨਤੀ ਕਰਦੇ ਹਨ। ਸਤਿਗੁਰੂ ਜੀ

[illegible]

Sri Satguru Jagjit Singh Ji eLibrary NamdhariElibrary@gmail.com

ਧੀਰਜ ਕਰਨ ਲਈ ਆਖਦੇ ਹਨ ਕਿ ਅਜੇ ਪਨੀਰੀ ਛੋਟੀ ਹੈ। ਫਿਰ ਉਹ ਬਸਤਰ ਧੋਣ ਲਈ ਸਾਬਣ ਮੰਗਦੇ ਹਨ। ਸਤਿਗੁਰੂ ਜੀ ਦੇ ਪੁੱਛਣ ਤੇ ਕਿ ਜੰਞ ਕਿੱਧਰ ਚੜ੍ਹੇਗੀ ਬਸਤਰ ਧੋ ਕੇ। ਉਹ ਮਲੇਰ ਕੋਟਲੇ ਦੀ ਜੂਹ ਵੱਲ ਬੁੱਚੜ ਸੋਧਣ ਲਈ ਜਾਣ ਦੀ ਇੱਛਾ ਪ੍ਰਗਟ ਕਰਦੇ ਹਨ। ਇਸ ਤੇ ਸਤਿਗੁਰੂ ਜੀ ਕਹਿੰਦੇ ਹਨ ਕਿ ਮੇਰੇ ਹਟਾਇਆਂ ਇਹ ਹਟਦੇ ਨਹੀਂ ਹੁਣ ਇਨ੍ਹਾਂ ਨੂੰ ਸਾਬਣ ਦੇ ਦਿੱਤਾ ਜਾਵੇ। ਭਾਈ ਹੀਰਾ ਸਿੰਘ ਜਿਨਾ ਸਮਾਂ ਸਿੰਘ ਇਥੇ ਰਹੇ ਪੰਜ ਰੁਪੈ ਦਾ ਕੜਾਹ ਪ੍ਰਸ਼ਾਦ ਅਤੇ ਸ਼ਹੀਦੀ ਦੇਗ ਆਪਣੇ ਪੱਲਿਓਂ ਕਰਵਾਉਂਦਾ ਰਿਹਾ। ਜਦੋਂ ਹੀਰਾ ਸਿੰਘ ਲਕੀਰ ਖਿੱਚ ਕੇ ਧਰਮ ਹੇਤ ਸੀਸ ਦੇਣ ਵਾਲਿਆਂ ਨੂੰ ਹੀ ਲੰਘਣ ਲਈ ਆਖਦਾ ਹੈ ਤਾਂ ੧੪੦ ਸਿੰਘ ਲੰਘਦੇ ਹਨ ਬਾਕੀ ਜਿਨ੍ਹਾਂ ਦੇ ਕਲੇਜੇ ਧੜਕਣ ਲੱਗ ਪਏ ਉਹ ਵਾਪਸ ਮੁੜ ਗਏ। ਇਥੇ ਫਿਰ ਨਾਮਧਾਰੀ ਪੰਥ ਅਤੇ ਸ਼ਹੀਦ ਸਿੰਘਾਂ ਤੇ ਵਰਤਣ ਵਾਲੀ ਭਾਵੀ ਦਾ ਕਵੀ ਜੀ ਪੌਰਾਣਿਕ ਤੇ ਸਿੱਖ ਇਤਿਹਾਸ ਦੇ ਹਵਾਲਿਆਂ ਨਾਲ ਕਰੁਣਾਮਈ ਵਰਣਨ ਕਰਦੇ ਹਨ। ਕਵੀ ਜੀ ਇਸ ਨੂੰ ਸੰਤ ਦਾ ਮਾਰਗ ਅਤੇ ਧਰਮ ਦੀ ਪਉੜੀ ਦੱਸਦੇ ਹਨ ਗੁਰਬਾਣੀ ਦੇ ਹਵਾਲੇ ਨਾਲ। ਉਨ੍ਹਾਂ ਦੇ ਮੁਤਾਬਿਕ 'ਭਗਤਿ ਉਦਾਸ ਸੂਰਮੇ ਧਰਮੀ। ਇਨ ਬਿਨ ਸਗਲ ਕੋਟ ਲਖ ਵਰਨੀ'। ਉਨ੍ਹਾਂ ਦੇ ਇਥੋਂ ਉਥੋਂ ਦੇ ਸਾਰੇ ਤਰਾਸ ਮਿਟ ਗਏ ਹਨ ਅਤੇ ਗੁਰੂ ਨੇ ਉਨ੍ਹਾਂ ਨੂੰ ਮੁਕਤੀ ਦੇ ਦਵਾਰੇ ਵਿਖਾ ਦਿੱਤੇ ਹਨ। ਕਵੀ ਜੀ ਮੁਤਾਬਿਕ ਇਹ ਮਸਤਾਨੇ ਹੀ ਅਸਲੀ ਦਾਨੇ ਸਨ। ਆਪਣੇ ਪਤੀਆਂ ਨਾਲ ਸ਼ਹੀਦ ਹੋਣ ਵਾਸਤੇ ਆਈਆਂ ਦੋਵਾਂ ਮਾਈਆਂ ਨੇ ਵੀ ਘਰਾਂ ਦੀਆਂ ਸਭ ਵਸਤਾਂ ਵੇਚ ਵੱਟ ਕੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਪੁਚਾ ਦਿੱਤੀਆਂ ਸਨ। ਜਦੋਂ ਸਿੰਘਾਂ ਨੂੰ ਤੋਪਾਂ ਨਾਲ ਉਡਾਉਣ ਸਮੇਂ ਪਿੱਠ ਕਰ ਕੇ ਖੜ੍ਹੇ ਹੋਣ ਲਈ ਕਿਹਾ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ – "ਪੀਠ ਦਿਵੈਂ ਨਹੀਂ ਕਾਇਰ ਕੂੜੇ। ਸਨਮੁਖ ਮੁਖ ਮਰਹਿਗੀ ਮੂੜੇ।" ਜਿਸ ਸਿੰਘ ਨੂੰ ਇਹ ਕਹਿ ਕੇ ਛੱਡਣਾ ਚਾਹਿਆ ਕਿ ਤੋਪ ਉੱਚੀ ਹੈ ਤੂੰ ਮਧਰਾ ਹੈਂ ਉਸ ਨੇ ਢੀਮਾਂ ਇਕੱਠੀਆਂ ਕਰਕੇ ਦੇਹ ਵਧਾ ਲਈ ਉਪਰ ਖੜ੍ਹੇ ਹੋ ਕੇ ਅਤੇ ਕਿਹਾ "ਮੈਂ ਤੂ ਉਚਾ ਤੋਪ ਨਿਵੇਰੀ। ਸਾਥ ਚਲਾ ਮਮ ਕਰੋ ਨ ਡੇਰੀ।'

ਇਨ੍ਹਾਂ ਸਿੰਘਾਂ ਦੀਆਂ ਸ਼ਹੀਦੀਆਂ ਤੋਂ ਪ੍ਰਭਾਵਿਤ ਹੋ ਕੇ ਕਵੀ ਜੀ ਲਿਖਦੇ ਹਨ ਕਿ ਸਿੱਖੀ ਤਾਂ ਤਿੱਖੀ ਦੋਧਾਰੀ ਤਲਵਾਰ ਹੈ ਕੋਈ ਸੂਰਮਾ ਹੀ ਇਸ ਨੂੰ ਧਾਰਨ ਕਰ ਸਕਦਾ ਹੈ। ਤਲਵਾਰ ਵੱਲ ਸਿੱਧੇ ਮੂੰਹ ਆਉਣ ਵਾਲੇ ਹੀ ਸਿੱਖੀ ਦਾ ਆਨੰਦ ਮਾਣ ਸਕਦੇ ਹਨ। ਸਿੱਖੀ ਕਮਾਦ ਦੇ ਉਸ ਬੂਟੇ ਵਰਗੀ ਹੈ ਜਿਸ ਨੂੰ ਵੇਲਣੇ ਵਿਚੋਂ ਲੰਘਾਇਆ ਜਾਂਦਾ ਹੈ। ਫਿਰ ਉਹ ਕਹਿੰਦੇ ਹਨ ਉਨ੍ਹਾਂ ਪੁਰਾਤਨ ਸਿੰਘਾਂ ਨਾਲ ਤੁਲਨਾ ਕਰ ਕੇ ਕਿ ਅਸੀਂ ਤਾਂ ਸਿਰਫ਼ ਨਾਮ ਦੇ ਸਿੱਖ ਹਾਂ। ਸਿੱਖੀ ਦਾ ਆਨੰਦ ਅਸਾਂ ਕਦੋਂ ਮਾਣਿਆ ਹੈ। ਅਸੀਂ ਤਾਂ ਧੀ ਪੁੱਤ ਅਤੇ ਪਤਨੀ ਦੇ ਹੀ ਸਿੱਖ ਹਾਂ। ਤਨ, ਮਨ ਤੇ ਧਨ ਵਾਰਨ ਬਾਅਦ ਸਿੱਖੀ ਨਸੀਬ ਹੁੰਦੀ ਹੈ। ਫਰੰਗੀ ਹਾਕਮ ਇਨ੍ਹਾਂ ਬੁੱਚੜ ਯੁੱਧ ਦੇ ਸਾਕਿਆਂ ਤੋਂ ਭੈ ਭੀਤ ਹੋ ਕੇ, ਫੌਜ ਲੈ ਕੇ, ਸ੍ਰੀ ਭੈਣੀ ਸਾਹਿਬ ਗਿਰਦੇ ਤੋਪਾਂ ਬੀੜ ਦਿੰਦੇ ਹਨ। ਭਾਈ ਸਾਹਿਬ ਲਿਖਦੇ ਹਨ 'ਧਾਜੇ ਘੇਰਾ ਕਹਿਓ ਅਬ ਡੇਰਾ ਦੇਹੁ ਉਠਾਇ।' ਸਰਕਾਰ ਕਹਿ ਰਹੀ ਹੈ–

'ਕੂਕਾ ਸਿਖ ਨਾ ਕੋਈ ਛੋਰ।
ਫਾਸੀ ਕੈਦ ਤੋਪ ਨਦ ਘੋਰ।
ਇਸ ਮਗ ਕਾ ਕੋਈ ਰਹਿਣ ਨਾ ਪਾਵੈ।
ਪੰਥ ਕਸਾਈ ਇਹ ਦ੍ਰਿਸਟਾਵੈ।'

ਸਿੰਘਾਂ ਤੋਂ ਇਹ ਸੁਣ ਕੇ ਫਰੰਗੀ ਇਸ ਤਰ੍ਹਾਂ ਕਹਿ ਰਹੇ ਹਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਲਾਹੀ ਬੋਲੇ ਕਰਦੇ ਹਨ–

"ਸਿੰਘ ਪਿਆਰਿਓ ਖੇਲ ਗੁਰੂ ਕੇ।
ਸੂਰ ਚੜੇ ਨਾ ਦਿਸੈ ਉਰੂ ਕੇ।
ਪੰਥ ਦਿਨੋ ਦਿਨ ਹੋਇ ਸਵਾਯਾ।
ਇਹ ਨਹੀ ਕਿਸ ਤੈ ਜਾਇ ਹਟਾਯਾ।

Sri Satguru Jagjit Singh Ji eLibrary NamdhariElibrary@gmail.com

ਕੋੜੀ ਛੁਟਸੀ ਪਾ ਪਾ ਝੇਰੇ।
ਸਦਾ ਆਬਾਦ ਖਾਲਸੇ ਡੇਰੇ।
ਦੂਤੀ ਦੁਸਟ ਨਾ ਆਵੈ ਨੇਰੇ।
ਨਾਮ ਜਪੋ ਤੁਮ ਸਾਂਝ ਸਵੇਰੇ।

... ...

ਕੇਤਿਕ ਦਿਨ ਮੈਂ ਪੰਥ ਸੁ ਫੈਲੇ।
ਅਬ ਹਮ ਜਾਏ ਬਿਦੇਸਨ ਸੈਲੇ ।[20]

ਅੰਤ ਦੀਆਂ ਕਠਿਨ ਹਾਲਤਾਂ ਵਿਚ ਵੀ ਗੁਰਵਾਕਾਂ ਦੁਆਰਾ ਧੀਰਜ ਬਨਾਉਣ ਦਾ ਕਾਰਜ ਕਰ ਕੇ ਭਾਈ ਧਿਆਨ ਸਿੰਘ ਕਾਦਰਾਬਾਦੀ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਵੇਖਣ ਦੇ ਇੱਛੁੱਕ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਦੇ ਕਵੀ ਦੇ ਤੌਰ ਤੇ ਵੀ ਯਾਦ ਕਰ ਸਕਦੇ ਹਾਂ।

ਭਾਈ ਜੀ ਲਿਖਦੇ ਹਨ ਕਿ ਗੋਰਿਆਂ ਨੇ ਤੋਪਾਂ ਹਟਾ ਕੇ, ਸਤਿਗੁਰੂ ਜੀ ਨੂੰ ਆਖਿਆ ਕਿ ਬਿਨਾ ਦੇਰੀ ਸਾਡੇ ਨਾਲ ਚੱਲੋ। ਬਹੁਤ ਰੌਲਾ ਪੈ ਗਿਆ। ਸਿੱਖ ਵੈਰਾਗੀ ਹੋ ਗਏ। ਸਭ ਦੇ ਮਨ ਸ਼ੋਕ ਸਮੁੰਦਰ ਵਿਚ ਡੁਬਕੀਆਂ ਲਾ ਰਹੇ ਹਨ। ਸਤਿਗੁਰੂ ਜੀ ਕਿਸੇ ਸਿੱਖ ਨੂੰ ਆਪਣੀ ਟਹਿਲ ਸੇਵਾ ਲਈ ਨਾਲ ਲੈ ਜਾਣਾ ਚਾਹੁੰਦੇ ਹਨ। ਛੋਟੇ ਮਹਾਰਾਜ (ਬਾਬਾ ਬੁੱਧ ਸਿੰਘ ਬਾਦ ਵਾਲੇ ਗੁਰੂ ਹਰੀ ਸਿੰਘ ਜੀ) ਜਾਣਾ ਚਾਹੁੰਦੇ ਹਨ। ਪਰ ਸਤਿਗੁਰੂ ਜੀ ਉਨ੍ਹਾਂ ਨੂੰ ਪ੍ਰਵਾਨਗੀ ਨਹੀਂ ਦਿੰਦੇ ਕਿ ਤੁਸੀਂ ਇਥੇ ਰਹਿ ਕੇ ਸੰਗਤ ਨੂੰ ਭਜਨ ਬਾਣੀ ਕਰਵਾਓ। ਇਸ ਇਤਿਹਾਸਕ ਵਾਰਤਾਲਾਪ ਨੂੰ ਸਾਡੇ ਕਵੀ ਜੀ ਨੇ ਇਉਂ ਕਾਨੀਬੱਧ ਕੀਤਾ ਹੈ:

'ਸ੍ਰੀ ਗੁਰੂ ਬੋਲੇ ਹੈ ਕੋ ਸਿਘ।
ਚਾਲੇ ਜੋ ਅਬ ਹਮਰੇ ਸੰਗ।
ਮਹਾਰਾਜ ਛੋਟੇ ਤਬ ਕਹੇ।
ਦਾਸ ਪ੍ਰਭੂ ਜੀ ਹਾਜਰ ਅਹੇ।
ਬੋਲੇ ਤੁਮ ਪੀਛੇ ਸਭ ਸਾਰਾ।
ਈਹਾ ਰਾਖੋ ਭਲੋ ਪ੍ਰਕਾਰਾ।
ਕਰੀਓ ਭਜਨ ਕਰਾਵੋ ਔਰਨ।
ਬਿਨਾ ਨਾਮ ਕਾਹੂੰ ਕੋਊ ਨੌਰਨ।
ਸਾਰ ਸਮਾਲ ਰਖੋ ਸਭ ਸੰਗਤ।
ਇਤ ਦਰ ਕੀ ਹੋਵੇ ਲਖ ਪੰਗਤ।
ਤੁਮ ਨਿਰਭੈ ਬੈਠੋ ਨਿਸਗਾਮਾ।
ਬੀਚ ਭਜਨ ਕਾਟੋ ਕੁਛ ਸਮਾਂ।
ਬਾਣੀ ਅਖੰਡ ਕਰਾਵੋ ਪਾਠ।
ਸਦਾ ਅਟਲ ਸਾਚੇ ਕੋ ਠਾਟ ।'[21]

ਸਤਿਗੁਰੂ ਜੀ ਨੂੰ ਪਹਿਲਾਂ ਰੰਗੂਨ ਅਤੇ ਫੇਰ 'ਮੇਰਮਈ' ਟਾਪੂ ਵਿਖੇ ਲੈ ਗਏ। ਜਿਥੇ ਅਨੇਕਾਂ ਸਿੱਖ ਉਨ੍ਹਾਂ ਦੇ ਦਰਸ਼ਨ ਕਰਕੇ ਆਏ ਕਿਉਂਕਿ ਆਪ ਦੇ ਦਰਸ਼ਨ ਮਾਤਰ ਨਾਲ ਹੀ ਪਾਪਾਂ ਦਾ ਨਾਸ ਹੋ ਜਾਂਦਾ ਹੈ। ਸਤਿਗੁਰੂ ਜੀ ਆਪਣੇ ਸਰੀਰ ਤੋਂ ਮਸਤ ਹੋ ਕੇ ਬੇਪ੍ਰਵਾਹੀ ਦੀ ਅਵਸਥਾ ਵਿਚ ਰਹਿੰਦੇ ਹਨ। ਦਰਸ਼ਨ ਕਰਨ ਜਾਣ ਵਾਲੇ ਸਿੱਖਾਂ ਨੂੰ ਹੁਕਮਨਾਮੇ ਬਖਸ਼ਦੇ ਹਨ। ਆਪਣੇ ਦਸਤਖ਼ਤਾਂ ਵਾਲੇ ਇਕ ਇਸ ਤਰ੍ਹਾਂ ਦੇ ਹੁਕਮਨਾਮੇ ਵਿਚ ਭਾਈ ਬੁੱਧ ਸਿੰਘ ਦਾ ਨਾਮ ਹਰੀ ਸਿੰਘ

Sri Satguru Jagjit Singh Ji eLibrary NamdhariElibrary@gmail.com

ਰੱਖ ਦਿੱਤਾ ਅਤੇ ਉਨ੍ਹਾਂ ਦੁਆਰਾ ਸਿੱਖੀ ਹਰੀ ਰੱਖੇ ਜਾਣ ਦਾ ਵਰ ਵੀ ਦੇ ਦਿੱਤਾ। ਗੁਰੂ ਹਰੀ ਸਿੰਘ ਜੀ ਨੇ ਹਰੀ ਨਾਮ ਦੀ ਵਰਖਾ ਕਰਕੇ ਹਜ਼ਾਰਾਂ ਪਤਿਤਾਂ ਦਾ ਉਧਾਰ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਵਾਰ ਵਾਰ ਤਾਕੀਦ ਕੀਤੀ ਕਿ ਉਹ ਇਕ ਵੀ ਸੁਆਸ ਨਾਮ ਤੋਂ ਬਿਨਾਂ ਬਿਰਥਾ ਨਾਜਾਣ ਦੇਣ। ਇਉਂ ਵੱਡੇ ਮਨੋਰਥਾਂ ਵਾਲੇ ਸਿਰਜੇ ਸਿੱਖਾਂ ਦੇ ਅਧਿਆਤਮਕ ਮੰਡਲ ਦੇ ਦਰਸ਼ਨ ਕਵੀ ਜੀ ਦੀ ਇਸ ਸਾਰ ਗ੍ਰਭਿਤ ਰਚਨਾ ਵਿਚ ਹੁੰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦਾ ਇਸ ਧਰਤੀ ਤੇ ਆਗਮਨ ਗਊ ਅਤੇ ਗਰੀਬ ਦੀ ਰਾਖੀ ਲਈ ਹੋਇਆ ਸੀ। ਬਿਨਾਂ ਸੀ ਕੀਤਿਆਂ ਸਿਰ ਦੇਣ ਵਾਲੇ ਸਿੱਖਾਂ ਤੋਂ ਸਾਡੇ ਕਵੀ ਜੀ ਬਲਿਹਾਰੇ ਜਾਂਦੇ ਹਨ। ਜਿਨ੍ਹਾਂ ਨੇ ਗਊਆਂ ਲਈ ਮੁਸ਼ਕਿਲਾਂ ਸਰੀਰ ਤੇ ਸਹਾਰ ਕੇ ਬੁੱਚੜਾਂ ਨੂੰ ਮਾਰ ਕੇ ਗਊਆਂ ਨੂੰ ਬਚਾਇਆ। ਕਵੀ ਜੀ ਦੇ ਇਕ ਅਕਸਰ ਦੁਹਰਾਏ ਜਾਣ ਵਾਲੇ, ਸ਼ਹੀਦ ਸਿੱਖਾਂ ਨੂੰ ਸਮਰਪਿਤ ਸਵੈਯੇ ਦੇ ਨਾਲ ਹੀ ਅਸੀਂ "ਸ੍ਰੀ ਸਤਿਗੁਰੂ ਬਿਲਾਸ" (ਪਾਤਸ਼ਾਹੀ ਬਾਰ੍ਹਵੀਂ) ਦੀ ਚਰਚਾ ਸਮੇਟਦੇ ਹਾਂ।

"ਸੀਸ ਦੀਏ ਅਰ ਸੀ ਨ ਕਰੀ ਜਿਨ,
ਸਿਖਨ ਤਾਹਿ ਕੇ ਮੈਂ ਬਲਿਹਾਰੀ।
ਗੋ ਹਿਤ ਗੋਇ ਤਨੀ ਸਹਿ ਕੇ,
ਜਿਨ ਬੁੱਚੜ ਮਾਰ ਕੇ ਧੈਨ ਉਬਾਰੀ।
ਤੇ ਸਿਖ ਵਾ ਗੁਰ ਕੇਹਰਿ ਰਾਮੁ ਸੁ,
ਧਿਆਨ ਮਰਿੰਦ ਕਰੋਰ ਜੁਹਾਰੀ।
ਗੋਇ ਗਰੀਬਨ ਪਾਲਨ ਕੈ ਹਿਤ,
ਰਾਮ ਮ੍ਰਿਗਿੰਦ ਅਏ ਤਨ ਧਾਰੀ।"

ਫੁਟ ਨੋਟ:

1. ਸਫ਼ਾ ੧੩-੧੪, ਸ੍ਰੀ ਸਤਿਗੁਰੂ ਬਿਲਾਸ, ਪਾਤਸ਼ਾਹੀ ਬਾਰ੍ਹਵੀਂ - ੧੯੯੬ ਈ. ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ
2. ਲਾਲ ਲੇਹਿ ਰਤਨ (ਸੰਪਾਦਿਤ ਪ੍ਰਿੰਸੀਪਲ ਬਿਅੰਤ ਕੌਰ) ਜਿਲਦ ਚੌਥੀ
3. ਸ੍ਰੀ ਸਤਿਗੁਰੂ ਬਿਲਾਸ- ਪਾਤਸ਼ਾਹੀ ਬਾਰ੍ਹਵੀਂ-ਸਫ਼ਾ ੬
4. ਉਹੀ -ਸਫ਼ਾ ੫੧
5. ਉਹੀ -ਸਫ਼ਾ ੫੨
6. ਉਹੀ -ਸਫ਼ਾ ੫੨
7. ਉਹੀ -ਸਫ਼ਾ ੫੪
8. ਉਹੀ -ਸਫ਼ਾ ੫੬-੫੭
9. ਉਹੀ -ਸਫ਼ਾ ੫੯
10. ਉਹੀ -ਸਫ਼ਾ ੬੨
11. ਉਹੀ -ਸਫ਼ਾ ੧੧੧
12. ਉਹੀ -ਸਫ਼ਾ ੧੧੬
13. ਉਹੀ -ਸਫ਼ਾ ੫੦
14. ਉਹੀ -ਸਫ਼ਾ ੪੯
15. ਉਹੀ -ਸਫ਼ਾ ੭੫

Sri Satguru Jagjit Singh Ji eLibrary NamdhariElibrary@gmail.com

16. ਉਹੀ -ਸਫਾ ੬ ਅਤੇ ੯
17. ਉਹੀ -ਸਫਾ ੨੯
18. ਉਹੀ -ਸਫਾ ੧੨੧
15. ਉਹੀ -ਸਫਾ ੧੨੨
16. ਉਹੀ -ਸਫਾ ੧੩੪
17. ਉਹੀ -ਸਫਾ ੧੩੫
18. ਉਹੀ -ਸਫਾ ੨੪

Sri Satguru Jagjit Singh Ji eLibrary NamdhariElibrary@gmail.com

ਬਾਰਾਂ ਮਾਂਹ - ਸੰਤ ਨਿਹਾਲ ਸਿੰਘ

ਭਾਈ ਚੰਦਾ ਸਿੰਘ ਭੁੱਬਰ ਤੋਂ ਬਾਦ, ਬਾਰਾਂ ਮਾਂਹ ਕਾਵਿ ਰੂਪ 'ਤੇ, ਆਪਣੀ ਕਲਮ ਦੇ ਜੌਹਰ ਅਜਮਾਉਣ ਵਾਲਾ, ਦੂਸਰਾ ਨਾਮਧਾਰੀ ਕਵੀ ਹੈ - ਭਾਈ ਨਿਹਾਲ ਸਿੰਘ। ਭਾਈ ਨਿਹਾਲ ਸਿੰਘ ਕੌਣ ਸੀ ? ਕਿਸ ਨਗਰ ਗਿਰਾਂ ਦਾ ਸੀ ? ਕਿਹੜੇ ਮਾਪਿਆਂ ਦਾ ਪੁੱਤਰ ਸੀ ? ਕਿਹਨਾਂ ਭੈਣਾਂ ਦਾ ਵੀਰ ਸੀ ? ਕਿਹਨਾਂ ਤੋਤਲੇ ਬੋਲਾਂ ਵਾਲੇ ਬਾਲਾਂ ਜਾਂ ਉਹਨਾਂ ਦੀ ਮਾਤਾ ਦੀ ਸਿਰ ਦੀ ਛਾਂ ਸੀ ? ਉਪਜੀਵਿਕਾ ਕਿਵੇਂ ਕਮਾਉਂਦਾ ਸੀ ? ਇਸ ਬਾਰੇ ਸਾਡਾ ਇਤਿਹਾਸ ਜਾਂ ਹੋਰ ਸਮਕਾਲੀ ਲਿਖਤਾਂ ਖ਼ਾਮੋਸ਼ ਹਨ। ਇਕੋ ਹੀ ਗੱਲ ਸਪੱਸ਼ਟ ਹੈ ਕਿ ਉਹ ਇਕ ਨਾਮਧਾਰੀ ਸੰਤ ਸੀ। ਉਸ ਸਮੇਂ ਦੇ ਹੋਰਨਾਂ ਅਣਗਿਣਤ ਨਾਮਧਾਰੀ ਮਸਤਾਨਿਆਂ ਜਿਹਾ, ਇਕ ਮਸਤਾਨਾ ਸੀ ਜੋ ਆਪਣੇ ਸਤਿਗੁਰੂ ਦੇ ਇਕ ਬਚਨ ਤੋਂ, ਆਪਣਾ ਜੋ ਕੁਝ ਵੀ ਉਸ ਪਾਸ ਸੀ, ਨਿਉਛਾਵਰ ਕਰਨ ਲਈ ਤਿਆਰ ਰਹਿੰਦਾ ਸੀ। ਸਤਿਗੁਰੂ ਜੀ ਦੇ ਪ੍ਰਦੇਸ ਗਵਨ ਬਾਦ, ਨਾਮਧਾਰੀ ਪੰਥ ਤੇ ਵਾਪਰਨ ਵਾਲੇ, ਇਸ ਅਨੋਖੇ ਬਿਰਹੋਂ ਦੀ ਅਗਨੀ ਵਿਚ, ਨਦੀਆਂ ਚੀਰਨ ਵਾਲੀ 'ਸੋਹਣੀ' ਜਿਉਂ ਉਸਦੀ ਛਾਤੀ ਵੀ ਤਪਦੀ ਰਹਿੰਦੀ ਸੀ। ਕਵੀ ਹਾਸ਼ਮ ਦੀਆਂ ਇਹ ਤੁਕਾਂ ਉਸ 'ਤੇ ਵੀ ਵਾਰਦ ਹੁੰਦੀਆਂ ਸਨ -

"ਆਤਸ਼ ਜਾਣ ਬਿਰ੍ਹੋਂ ਦੀ ਆਤਸ਼ ਵਿਚ ਤੇਜੀ ਖੁਬ ਪਛਾਤੀ।
ਸੋਹਣੀ ਰੋਜ਼ ਮਿਲੇ ਤਰ ਨਦੀਆਂ ਪਰ ਸਰਦ ਨਾ ਹੋਵੇ ਛਾਤੀ।"

ਉਹ ਕਬੀਰ ਜਿਉਂ ਬਿਰ੍ਹੋਂ ਨਾਗ ਦਾ ਡੰਗਿਆ ਸੀ, ਜਿਸ 'ਤੇ ਹੁਣ ਕੋਈ ਮੰਤਰ ਨਹੀਂ ਸੀ ਚੱਲ ਰਿਹਾ-

"ਨਾਗ ਛੇੜ ਲਿਆ ਕਾਲਾ
ਮੰਤਰ ਯਾਦ ਨਹੀਂ।"

ਉਸ ਦੀ ਹਾਲਤ ਕਬੀਰ ਜਿਉਂ ਹੀ ਉਸ ਰਾਮ-ਵਿਯੋਗੀ ਵਰਗੀ ਸੀ, ਜਿਹੜਾ ਆਪਣੇ ਪ੍ਰੀਤਮ ਪਿਆਰੇ ਤੋਂ ਵਿੱਛੜ ਕੇ, ਜੀਵਤ ਨਹੀਂ ਰਹਿ ਸਕਦਾ ਤੇ ਜੇ ਸਬੱਬੀਂ ਜਿਊਂਦਾ ਬਚ ਵੀ ਜਾਵੇ ਤਾਂ ਫਿਰ ਬਉਰਾ ਹੋ ਜਾਂਦਾ ਹੈ, ਦੁਨੀਆਂ ਦੀਆਂ ਨਜ਼ਰਾਂ ਵਿਚ ਸ਼ੁਦਾਈ:

"ਕਬੀਰ ਬਿਰਹੁ ਭੁਯੰਗਮ ਮਨਿ ਬਸੈ ਮੰਤੁ ਨ ਮਾਨੈ ਕੋਇ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥"

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਰੀਕਾਰਡ ਹੋਏ ਉਪਦੇਸ਼ਾਂ ਵਿਚ, ਬਾਰਾਂ ਮਾਂਹ ਦੇ ਜਿਹਨਾਂ ਦੋ ਲਿਖਾਰੀਆਂ/ ਸ਼ਾਇਰਾਂ ਨੂੰ, ਵਿਸ਼ੇਸ਼ ਸਨਮਾਨ ਦੀ ਦ੍ਰਿਸ਼ਟੀ ਨਾਲ ਨਿਹਾਰਦੇ ਹਨ, ਉਹਨਾਂ ਵਿਚੋਂ ਪਹਿਲੇ ਹਨ ਉਪਰ ਵਰਣਿਤ ਬਾਬਾ ਚੰਦਾ ਸਿੰਘ ਜੀ ਅਤੇ ਦੂਸਰੇ, ਭਾਈ ਨਿਹਾਲ ਸਿੰਘ ਜੀ। ਲੱਗਦਾ ਹੈ ਕਿ ਸਤਿਗੁਰੂ ਜੀ ਦੇ ਬਾਲ ਅਵਸਥਾ ਵਿਚੋਂ ਬਾਹਰ ਆਉਣ ਤੱਕ, ਇਹ ਦੋਵੇਂ ਸੱਜਣ ਆਪਣਾ ਜੀਵਨ ਪੰਧ ਮੁਕਾ ਚੁੱਕੇ ਸਨ। ਪਰ ਦੋਹਾਂ ਵਿਚੋਂ ਵੀ ਭਾਈ ਨਿਹਾਲ ਸਿੰਘ ਕੁਝ ਸਮਾਂ ਪਹਿਲਾਂ ਟੁਰ ਗਏ ਮਲੂਮ ਹੁੰਦੇ ਹਨ। ਨਹੀਂ ਤਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ, ਉਹਨਾਂ ਦੇ ਦੇਸ ਕਾਲ ਬਾਰੇ, ਕੋਈ ਜਾਣਕਾਰੀ ਜ਼ਰੂਰ ਦੇਣੀ ਸੀ, ਜਿਹਾ ਕਿ ਚੰਦਾ ਸਿੰਘ ਹੋਰਾਂ ਨੂੰ, ਆਪ ਜੀ ਨੇ ਪਿੰਡ ਭੁੱਬਰਾਂ ਦਾ ਨਿਵਾਸੀ ਦੱਸਿਆ ਹੈ।

ਨਿਹਾਲ ਸਿੰਘ ਹੋਰਾਂ ਦਾ ਇਹ ਬਾਰਾਂ ਮਾਂਹ ਹੁਣ ਤਕ ਵਿਸਮ੍ਰਿਤੀ ਦੇ ਗਰਭ ਵਿਚ ਜਾਣ ਤੋਂ, ਕਿਵੇਂ ਬਚਿਆ ? ਇਹ ਵੀ ਇੱਕ ਰੋਚਕ ਪਰਸੰਗ ਹੈ। ਜੇ ਇਹ ਨਾ ਵਾਪਰਦਾ ਤਾਂ ਚੰਗਾ ਅਤੇ ਦੋਹਰ ਜਾਂ ਹੋਰ ਇਕ ਅੱਧੂ ਮਹੀਨੇ ਦੀਆਂ

Sri Satguru Jagjit Singh Ji eLibrary NamdhariElibrary@gmail.com

ਤੁਕਾਂ, ਜੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ ਹਨ, ਜਾਂ ਜਿਨ੍ਹਾਂ ਨੂੰ ਨਾਮਧਾਰੀ ਜਥੇਦਾਰ ਆਪਣੇ ਦੀਵਾਨਾਂ ਵਿਚ ਪੜ੍ਹਿਆ ਕਰਦੇ ਸਨ, ਉਹਨਾਂ ਤੋਂ ਬਿਨਾਂ ਬਾਕੀ ਅਨਮੋਲ ਖਜ਼ਾਨਾ ਹੁਣ ਤੱਕ ਗੁਆਚ ਜਾਣਾ ਸੀ। ਵਾਰਤਾ ਇਉਂ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ, ਆਪਣੀ ਚੜ੍ਹਦੀ ਜਵਾਨੀ ਦੇ ਮੁੱਢਲਿਆਂ ਵਰ੍ਹਿਆਂ ਵਿਚ ਇਕ ਮੇਲੇ ਸਮੇਂ ਸੰਗਤਾਂ ਨੂੰ ਸੰਬੋਧਿਤ ਹੁੰਦਿਆਂ ਫੁਰਮਾਇਆ ਕਿ ਸੰਤ ਨਿਹਾਲ ਸਿੰਘ ਜੀ ਦਾ ਬਾਰਾਂ ਮਾਹ ਪੁਰਾਣੇ ਸਿੰਘਾਂ ਤੋਂ ਸੁਣਦੇ ਰਹੇ ਹਾਂ। ਉਸ ਦੀ ਕੋਈ ਲਿਖਤ ਜਾਂ ਛਪੀ ਕਾਪੀ, ਸਾਡੇ ਪਾਸ ਨਹੀਂ ਮਿਲਦੀ। ਕੋਈ ਸਿੰਘ ਐਸਾ ਇੱਥੇ ਹੋਵੇ ਜਾਂ ਤੁਹਾਡੇ ਵਿਚੋਂ ਕੋਈ ਉਸਨੂੰ ਜਾਣਦਾ ਹੋਵੇ, ਜਿਸ ਪਾਸੋਂ ਇਹ ਰਚਨਾ ਮਿਲ ਸਕੇ ਤਾਂ ਪਤਾ ਦੇਣਾ। ਹੁਕਮ ਸੁਣ ਕੇ ਇਕ ਗੁਰੂ ਪਿਆਰਾ ਉਠਿਆ ਅਤੇ ਉਸ ਮੰਚ 'ਤੇ ਆ ਕੇ ਇਹ ਸਾਰਾ ਬਾਰਾਂ ਮਾਹ ਜ਼ੁਬਾਨੀ ਸੁਣਾ ਦਿੱਤਾ। ਉਸ ਪਾਸੋਂ ਨੋਟ ਕਰਕੇ, ਉਸ ਵੇਲੇ ਦੇ 'ਸਤਿਜੁਗ' ਦੇ ਸੰਪਾਦਕ, ਸ੍ਰੀ ਪ੍ਰੀਤਮ ਸਿੰਘ ਕਵੀ ਨੇ ਇਸਨੂੰ ਆਪਣੇ ਪਰਚੇ ਦੇ ਬਸੰਤ ਅੰਕ ਬਿਕ੍ਰਮੀ 2022, 27 ਫੱਗਣ ਵਿਚ ਛਾਪਕੇ ਅਲੋਪ ਹੋਣ ਤੋਂ ਬਚਾ ਲਿਆ।

ਰਚਨਾ ਦਾ ਪਾਠ ਕਰਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਕਰਤਾ ਕੇਂਦਰੀ ਪੰਜਾਬ, ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ, ਗੁਜਰਾਂਵਾਲਾ ਆਦਿ ਵਿਚੋਂ ਕਿਸੇ ਇਕ ਜ਼ਿਲ੍ਹੇ ਨਾਲ ਸਬੰਧਿਤ ਹੋ ਸਕਦਾ ਹੈ ਕਿਉਂਕਿ ਰਚਨਾ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਉਹ ਪੰਜਾਬੀ ਦਾ ਚੰਗਾ ਗਿਆਤਾ ਤਾਂ ਹੈ ਹੀ, ਉਸ ਦਾ ਸਿੱਖ ਧਰਮ ਗ੍ਰੰਥਾਂ ਦਾ ਵੀ ਵਾਹਵਾ ਮੁਤਾਲਿਆ ਮਾਲੂਮ ਹੁੰਦਾ ਹੈ। ਉਸਦੀ ਇਸ ਰਚਨਾ ਤੇ ਗੁਰਬਾਣੀ ਅਤੇ ਭਾਈ ਗੁਰਦਾਸ ਦਾ ਪ੍ਰਭਾਵ ਪ੍ਰਤੱਖ ਹੈ:

"ਸਾਵਣ ਸਾਹਿਬ ਦੀ ਪਰੀਤ, ਔਖੀ ਸਭਨਾਂ ਤੋਂ ਰੀਤ
ਗੌਣ ਸਤਿਗੁਰਾਂ ਦੇ ਗੀਤ, ਤਿਨਾਂ ਵਿਟਹੁ ਕੁਰਬਾਨ ਜੀ।
ਛੱਡ ਮਾਸ ਤੇ ਕਬਾਬ, ਨਹੀਂ ਪੀਵਣੀ ਸ਼ਰਾਬ,
ਕਿਉਂ ਹੋਇਆ ਗ਼ਰਕਾਬ, ਕਿਧਰ ਗਿਆ ਹੈ ਧਿਆਨ ਜੀ।
ਨਾਮ ਜਪ ਇਕ ਵਾਰੀ, ਬਾਜ਼ੀ ਜਿੱਤ ਕੇ ਕਿਉਂ ਹਾਰੀ
ਕੇਹੀ ਨੀਤ ਮਨੇ ਧਾਰੀ, ਕਿਉਂ ਹੋਇਆ ਬੇਈਮਾਨ ਜੀ।
ਨਿਹਾਲ ਸਿੰਘ ਕਹੇ ਭਾਈ, ਆਖ ਬੇਨਤੀ ਸੁਣਾਈ,
ਅੰਤ ਹੋਵਣੀ ਸਹਾਈ, ਸਤਿਗੁਰੂ ਮਿਹਰਬਾਨ ਜੀ।"[1]

ਉਪਰੋਕਤ ਕਬਿੱਤ ਦੀ ਅੰਤਿਮ ਸਤਰ ਤੋਂ, ਸੂਖਮ ਜਿਹਾ ਸੰਕੇਤ ਇਹ ਵੀ ਮਿਲਦਾ ਹੈ ਕਿ ਸ਼ਾਇਦ ਨਿਹਾਲ ਸਿੰਘ ਹੋਰੀਂ, ਕਿਸੇ ਗੁਰਦੁਆਰੇ ਵਿਚ, ਗਰੰਥੀ ਦੀ ਸੇਵਾ ਨਿਭਾਉਂਦੇ ਰਹੇ ਹੋਣ। ਘਰ ਪਰਿਵਾਰ ਨਾ ਵਸਾਇਆ ਹੋਵੇ ਅਤੇ ਸੰਗਤਾਂ ਵਿਚ ਵਿਚਰਦੇ ਰਹਿੰਦੇ ਹੋਣ। ਨਹੀਂ ਤਾਂ ਕਿਤੇ ਨਾ ਕਿਤੇ, ਉਹਨਾਂ ਦੇ ਵਾਰਸਾਂ ਦੀ, ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਨਾਲ ਕਦੇ ਨਾ ਕਦੇ, ਕਿਸੇ ਨਾ ਕਿਸੇ ਪਾਸਿਓਂ ਕੋਈ ਤਾਰ ਜੁੜਦੀ, ਜਿਸ ਦਾ ਜ਼ਿਕਰ ਕਿਸੇ ਲਿਖਤ ਵਿਚੋਂ ਪੜ੍ਹਨ ਸੁਣਨ ਨੂੰ ਨਹੀਂ ਮਿਲਦਾ।

ਇਸ ਰਚਨਾ ਨੂੰ ਪਹਿਲਾਂ 'ਚਾਰ ਇਤਿਹਾਸਕ ਬਾਰਾਂ ਮਾਹ' ਵਿਚ ਭਾਈ ਚੰਦਾ ਸਿੰਘ, ਗਿਆਨੀ ਕਾਲਾ ਸਿੰਘ ਨੰਗਲ ਅਤੇ ਇਕਬਾਲ ਸਿੰਘ ਮਨਚੰਦਾ ਦੇ ਬਾਰਾਂਮਾਹ ਸਮੇਤ, ਸੰਪਾਦਕ 'ਸਤਿਜੁਗ', ਸੰਤ ਆਤਮਾ ਸਿੰਘ ਸਨਅਤਕਾਰੀ ਨੇ 1968 ਈ. ਵਿਚ ਸ੍ਰੀ ਜੀਵਨ ਨਗਰ ਵਿਚ ਦਫਤਰ 'ਸਤਿਜੁਗ' ਵਲੋਂ ਪ੍ਰਕਾਸ਼ਿਤ ਕਰਵਾਇਆ ਸੀ। ਉਹ ਪੁਸਤਕ ਖ਼ਤਮ ਹੋ ਜਾਣ ਬਾਦ ਸੰਗਤਾਂ ਦੀ ਮੰਗ ਤੇ, 'ਸਤਿਜੁਗ' ਦੇ ਨਵੇਂ ਸੰਪਾਦਕ ਤਾਰਾ ਸਿੰਘ ਅਨਜਾਣ ਨੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਤੇ ਤਿੰਨ ਹੋਰ ਬਾਰਾਂਮਾਹ (ਸੂਬਾ ਮੀਹਾਂ ਸਿੰਘ ਗੁਰੂ ਸਰ, ਸੰਤ ਤੇਜਾ ਸਿੰਘ ਸੰਬਲ-ਜਗਜੀਤ ਨਗਰ ਅਤੇ ਸ. ਚਤਰ ਸਿੰਘ ਬੀਰ -ਦਿੱਲੀ) ਸ਼ਾਮਲ ਕਰਕੇ, 'ਰਾਮ ਵਿਜੋਗੀਆਂ ਦੇ ਬਾਰਾਂਮਾਹ' ਪੁਸਤਕ 1995 ਈ. ਵਿਚ ਛਪਵਾਈ।

Sri Satguru Jagjit Singh Ji eLibrary NamdhariElibrary@gmail.com

ਪ੍ਰਸਿੱਧ ਸਾਹਿਤ ਸ਼ਾਸਤਰੀ ਅਤੇ ਪੰਜਾਬੀ ਸ਼ਾਇਰ ਡਾ. ਹਰਿਭਜਨ ਸਿੰਘ ਆਪਣੀ ਪੁਸਤਕ 'ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ' ਵਿਚ ਸੰਤ ਨਿਹਾਲ ਸਿੰਘ ਹੋਰਾਂ ਦੀ ਰਚਨਾ ਬਾਰੇ ਆਪਣੇ ਬਹੁਮੁੱਲੇ ਵਿਚਾਰ ਇਉਂ ਪ੍ਰਗਟ ਕਰਦੇ ਹਨ:

"ਇਹ ਰਚਨਾ ਜਨ ਸਾਧਾਰਨ ਦੇ ਬਹੁਤ ਨੇੜੇ ਹੈ। ਕਲਪਨਾ ਦੀ ਉਚ ਉਡਾਰੀ ਜਾਂ ਭਾਸ਼ਕ ਸ਼ਿਲਪ ਦੇ ਜਟਿਲ ਪ੍ਰਗਟਾਵੇ ਵਿਚ ਕਵੀ ਦੀ ਕੋਈ ਰੁਚੀ ਨਹੀਂ। ਨਿਰੋਲ ਸ਼ਰਧਾ ਦੀ ਸਰਲਤਾ ਇਸ ਰਚਨਾ ਦੇ ਆਰ ਪਾਰ ਫੈਲੀ ਹੋਈ ਹੈ। ਇਸ ਰਚਨਾ ਦਾ ਸੁਭਾਅ, ਤਤਕਾਲੀਨ ਸਾਦਾ ਨਾਮਧਾਰੀ ਜੀਵਨ-ਜਾਚ ਦੇ ਹੀ ਅਨੁਕੂਲ ਹੈ, ਨਾਮ, ਇਸ਼ਨਾਨ, ਸਾਦਾ ਵੇਸ, ਕੀਰਤਨ, ਮਾਸ ਸ਼ਰਾਬ ਪ੍ਰਤੀ ਅਰੁਚੀ, ਗੁਰੂ ਪ੍ਰਤੀ ਸਮਰਪਨ-ਭਾਵਨਾ, ਨਿੰਦਕਾਂ ਪ੍ਰਤੀ ਰੋਸ, ਅੰਗ੍ਰੇਜ਼ੀ ਰਾਜ ਕਾਜ ਵਿਚ ਵਾਪਰੇ (ਸਤਿਗੁਰੂ) ਬਾਬਾ ਰਾਮ ਸਿੰਘ ਦੇ ਦੇਸ ਨਿਕਾਲੇ ਆਦਿ ਦਾ ਸੰਖੇਪ ਵਰਣਨ, ਇਸ ਰਚਨਾ ਵਿਚ ਅਲੰਕਾਰਾਂ ਤੋਂ ਬਗੈਰ ਹੋਇਆ ਹੈ।"

ਸ੍ਰ. ਪਿਆਰਾ ਸਿੰਘ 'ਪਦਮ' ਨੇ ਵੀ 'ਪੰਜਾਬੀ ਬਾਰਾਂ ਮਾਹੇ' ਨਾਮੀ ਆਪਣੀ ਪ੍ਰਸਿੱਧ ਪੁਸਤਕ ਵਿਚ, ਭਾਈ ਨਿਹਾਲ ਸਿੰਘ ਦੇ ਬਾਰਾਂ ਮਾਂਹ ਨੂੰ ਉਹਨਾਂ ਬਾਰਾਂ ਮਾਹਾਂ ਵਿਚ ਸ਼ਾਮਲ ਕੀਤਾ ਹੈ, ਜਿਹਨਾਂ ਵਿਚ "ਕਿਤੇ ਕਿਤੇ ਦਰਦ ਦਾ ਰੰਗ ਚੰਗਾ ਉਘੜਿਆ ਹੈ।"

ਭਾਈ ਨਿਹਾਲ ਸਿੰਘ ਬਾਰਾ ਮਾਹ ਦੇ ਪਹਿਲੇ ਕਬਿੱਤ ਵਿਚ ਹੀ ਨਾਮਧਾਰੀ ਸਿੰਘਾਂ ਦੀ ਆਮ ਲੋਕਾਂ ਨਾਲੋਂ ਵਿਲੱਖਣਤਾ ਪ੍ਰਗਟ ਕਰਦਾ ਹੈ। ਇਸ ਵਿਚ ਕੂਕਾ ਜੀਵਨ ਜਾਂਚ ਦੇ, ਮੁੱਢਲੇ ਸੂਤਰ ਕਲਮਬੰਦ ਕੀਤੇ ਹਨ। ਮਸਤਾਨੇ ਸਿੰਘ ਸਿੱਖ ਪੰਥ ਵਿਚੋਂ, ਸਿਰਫ਼ ਨਾਮਧਾਰੀ ਸਿੰਘਾਂ ਦੇ ਹਿੱਸੇ ਵਿਚ ਹੀ ਆਏ ਹਨ। ਸਿੱਖ ਤਖ਼ਤਾਂ ਦੇ ਅੰਗਰੇਜ਼ ਸਰਕਾਰ-ਪ੍ਰਸਤ ਪੁਜਾਰੀਆਂ ਦੀਆਂ ਅੱਖਾਂ ਵਿਚ ਵੀ ਅਤੇ ਸਰਕਾਰ ਅੰਗ੍ਰੇਜ਼ੀ ਦੀਆਂ ਅੱਖਾਂ ਵਿਚ ਵੀ ਇਹੋ ਮਸਤਾਨੇ ਸਭ ਤੋਂ ਵੱਧ ਰੜਕਦੇ ਸਨ। ਇਸ ਲਈ ਸਰਕਾਰ ਨੇ ਉਹਨਾਂ ਨੂੰ ਤੋਪਾਂ ਨਾਲ ਉਡਾ ਕੇ, ਘਰ ਘਾਟ ਜ਼ਬਤ ਕਰਕੇ, ਕਾਲੇ ਪਾਣੀ ਭੇਜ ਕੇ ਆਪਣਾ ਕਲੇਜਾ ਠੰਢਾ ਕੀਤਾ ਅਤੇ ਪੁਜਾਰੀਆਂ ਨੇ ਉਹਨਾਂ ਨੂੰ ਅਸਿੱਖ ਹੋਣ ਦਾ ਫ਼ਤਵਾ ਦਿੱਤਾ। ਨਾਮਧਾਰੀ ਸਿੰਘਾਂ ਦੇ ਢੋਲਕ ਛੈਣਿਆਂ ਨਾਲ, ਰੌਲੇ ਦੇ ਦੀਵਾਨ ਵੀ ਸਰਕਾਰ ਨੂੰ ਪਰੇਸ਼ਾਨ ਕਰਦੇ ਰਹੇ। ਇਸ ਲਈ ਭਾਈ ਨਿਹਾਲ ਸਿੰਘ ਆਪਣੀ ਗੱਲ ਇੱਥੋਂ ਹੀ ਸ਼ੁਰੂ ਕਰਦਾ ਹੈ:

"ਚੇਤਰ ਚਾਲ ਹੈ ਨਿਆਰੀ, ਇਕ ਪੰਥ ਨਾਮਧਾਰੀ
ਸਿੰਘ ਹੋਇ ਖੈਰਖ਼ਾਹੀ, ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕਿਰਪਾਨ, ਕੱਛ ਕੜਾ ਇਹ ਪਛਾਨ,
ਇਹੋ ਸਿੰਘਾਂ ਦੇ ਨਿਸ਼ਾਨ, ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ, ਸਾਰਾ ਵੇਖਦਾ ਜਹਾਨ,
ਇਕ ਹੋਣ ਮਸਤਾਨੇ, ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ, ਬੈਠ ਪੜ੍ਹਦੇ ਗ੍ਰੰਥ,
ਇਕ ਉਠ ਪਰਭਾਤੇ ਵਾਰ ਆਸਾ ਦੀ ਲਗਾਂਵਦੇ।"[1]

ਸੰਕੇਤਾਂ ਦੁਆਰਾ ਹੀ ਭਾਈ ਨਿਹਾਲ ਸਿੰਘ ਕੂਕਾ ਪੰਥ ਦੇ ਵਧ ਰਹੇ ਬਦੇਸ਼ੀ ਸੰਪਰਕਾਂ ਦਾ ਵੀ ਜ਼ਿਕਰ ਕਰ ਜਾਂਦਾ ਹੈ। ਤੰਤੀ ਸਾਜ਼ਾਂ ਨਾਲ ਸ਼ਬਦ ਗਾਇਨ ਦੀ ਪੁਰਾਤਨ ਗੁਰਸਿੱਖ ਪਰੰਪਰਾ ਨੂੰ ਵੀ ਕੂਕਿਆਂ ਵਿਚ ਮੂਰਤੀਮਾਨ ਹੋਈ ਵੇਖਕੇ ਗਦਗਦ ਹੋ ਰਿਹਾ ਹੈ। ਜਾਪਦਾ ਹੈ ਸ਼ਾਹ ਮੁਹੰਮਦ ਦੇ ਜੰਗਨਾਮੇ ਤੋਂ ਵੀ ਸਾਡਾ ਕਵੀ ਪ੍ਰਭਾਵਿਤ ਹੈ ਕਿਉਂਕਿ ਸ਼ਾਹ ਮੁਹੰਮਦ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਦੀ ਧਮਕ ਕਿੱਥੋਂ ਤੱਕ ਪੈਂਦੀ ਦੱਸਦਾ ਹੈ -

"ਪਈ ਧਮਕ ਸਾਰੇ ਹਿੰਦੁਸਤਾਨ ਅੰਦਰ,
ਦਿਲੀ ਆਗਰੇ ਹਾਂਸੀ ਹਿਸਾਰ ਮੀਆਂ।"

Sri Satguru Jagjit Singh Ji eLibrary NamdhariElibrary@gmail.com

ਤੇ ਸੰਤ ਜੀ ਇਥੋਂ ਤੱਕ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦੀ ਧਮਕ ਪੈਂਦੀ ਵੇਖ ਰਹੇ ਹਨ -

"ਹਾਰ ਹੋਰ ਗੱਲ ਚੰਗੀ, ਵੱਜੇ ਸਾਰਦਾ ਸਾਰੰਗੀ,
ਸ਼ਬਦ ਪੜ੍ਹਦੇ ਬੇਅੰਤ ਅੰਤ ਰਹੇ ਨਾ ਸਵਾਦ ਦਾ।
ਅੰਮ੍ਰਿਤਸਰ ਤੇ ਲਾਹੌਰ, ਲੁਧਿਆਣਾ, ਕਲਾਨੌਰ
ਸ਼ਹਿਰ ਜਿਹਲਮ ਪਸ਼ੌਰ, ਸਾਰਾ ਇਲਾਕਾ ਹੈ ਪੰਜਾਬ ਦਾ।
ਸਿੱਖੀ ਕਾਬਲ ਕੰਧਾਰ, ਨਾਲੇ ਬਲਖ ਤੇ ਬੁਖਾਰ,
ਦਿੱਲੀ, ਆਗਰਾ, ਹਿਸਾਰ, ਹੋਰ ਅੰਤ ਨਾ ਹਿਸਾਬ ਦਾ।
ਸਿੰਘ ਆਖਦਾ ਨਿਹਾਲ, ਏਹੁ ਖਾਲਸੇ ਦੀ ਚਾਲ
ਜਪੈ ਕਾਲ ਤੇ ਅਕਾਲ, ਜਿਹੜਾ ਨਾਮ ਸੱਚੇ ਸਾਹਿਬ ਦਾ।"[5]

ਮਾਈਆਂ, ਬੀਬੀਆਂ ਨੂੰ ਵੀ ਭਾਈਆਂ ਦੇ ਬਰਾਬਰ ਇਸ ਅੰਦੋਲਨ ਵਿਚ ਸ਼ਾਮਲ ਕਰਨ ਲਈ, ਸਤਿਗੁਰੂ ਜੀ ਨੇ ਉਹਨਾਂ ਨੂੰ ਕਛਹਿਰੇ ਪੁਆਏ ਤੇ ਅੰਮ੍ਰਿਤ ਦੀ ਦਾਤ ਵੀ ਬਖ਼ਸ਼ੀ, ਜਿਸ ਦਾ ਪਹਿਲੋਂ ਸਿੱਖ ਸਮਾਜ ਵਿਚ ਪਰਚਲਨ ਨਹੀਂ ਸੀ। ਹੁਣ ਉਹਨਾਂ ਨੇ ਰੋਜ਼ ਸਕੇਸ ਇਸ਼ਨਾਨ ਕਰਨਾ ਹੁੰਦਾ ਹੈ, ਇਸ ਲਈ ਉਹਨਾਂ ਨੇ ਸਿਰਾਂ ਤੋਂ ਮੀਢੀਆਂ, ਪਰਾਂਦੇ ਖੋਹਲ ਦਿੱਤੇ ਹਨ। ਭਾਈ ਚੰਦਾ ਸਿੰਘ ਰੱਬਰ ਦੇ ਬਾਰਾਂ ਮਾਹੇ ਵਿਚ "ਖੁੱਲ੍ਹੇ ਕੇਸ ਗਲੇ ਵਿਚ ਅਟਕਣ- ਸ਼ੋਭਾ ਪਾਂਵਦੇ" ਦਾ ਜ਼ਿਕਰ ਹੈ। ਭਾਈ ਨਿਹਾਲ ਸਿੰਘ ਨੇ ਆਪਣੀ ਇਹ ਰਚਨਾ ਵੀ ਚੰਦਾ ਸਿੰਘ ਹੋਰਾਂ ਦੇ ਪ੍ਰਭਾਵ ਵਿਚ ਰਚੀ ਹੈ, ਇਸ ਲਈ ਇਸਦਾ ਰਚਨਾ ਕਾਲ, ਅਸੀਂ 1885 ਈ. ਦੇ ਲਾਗੇ ਚਾਗੇ ਦਾ ਮਿਥ ਸਕਦੇ ਹਾਂ। ਸਿੱਖਾਂ ਤੇ ਭਜਨ ਬਾਣੀ ਦਾ ਪਰਤਾਪ, ਵੈਰਾਗੀ ਦਸ਼ਾ ਦੇ ਰੂਪ ਵਿਚ ਕਿਵੇਂ ਪ੍ਰਗਟ ਹੋ ਰਿਹਾ ਹੈ -

"ਚੜ੍ਹੇ ਭਾਦਰੋਂ ਮਹੀਨੇ, ਲੱਗਾ ਗਿਆਨ ਵਿਚ ਸੀਨੇ,
ਸਿੰਘ ਜਪਦੇ ਨੇ ਨਾਮ, ਖੁੱਲ੍ਹੇ ਗਲ ਵਿਚ ਕੇਸ ਜੀ।
ਸਿੰਘ ਹੋਏ ਨੇ ਬੈਰਾਗੀ, ਸ਼ਬਦ ਪੜ੍ਹਦੇ ਨੇ ਰਾਗੀ,
ਬੋਲ ਬੋਲਦੇ ਸ਼ਤਾਬੀ, ਨਾਮ ਜਪਦੇ ਹਮੇਸ਼ ਜੀ।
ਇਹਨਾਂ ਬੀਬੀਆਂ ਤੇ ਮਾਈਆਂ, ਤੇੜ ਕੱਛਾਂ ਹੈਨ ਪਾਈਆਂ,
ਸਿਰੋਂ ਖੋਲ੍ਹ ਕੇ ਪਰਾਂਦੇ, ਹੋ ਵੈਰਾਗਣਾਂ ਦੇ ਵੇਸ ਜੀ।
ਨਿਹਾਲ ਸਿੰਘ ਜਪ ਨਾਮ, ਮੁੱਖੋਂ ਬੋਲ ਰਾਮ ਰਾਮ
ਗੁਰੂ ਰੱਖੇ ਤੇਰੀ ਗਾਮ, ਦੂਰ ਹੋਣਗੇ ਕਲੇਸ਼ ਜੀ।"[6]

ਇਸ ਬਾਰਾਂ ਮਾਂਹ ਦੀ ਸੁਰ ਭਾਵੇਂ ਭਾਈ ਚੰਦਾ ਸਿੰਘ ਵਾਲੇ ਬਾਰਾਂ ਮਾਂਹ ਦੇ ਮੁਕਾਬਲੇ ਵਿਚ ਰਾਜਨੀਤਕ ਆਸ਼ਿਆਂ ਬਾਰੇ, ਧੀਮੀ ਹੈ, ਪਰ ਸੰਕੇਤਾਂ ਵਿਚ ਕੂਕਿਆਂ ਜਾਂ ਨਾਮਧਾਰੀਆਂ ਵਲੋਂ ਖਾਲਸਾ ਪੰਥ ਦੀ ਪੁਨਰ ਸਥਾਪਨਾ ਦੇ ਉਪਰਾਲਿਆਂ ਦਾ ਜ਼ਿਕਰ ਜ਼ਰੂਰ ਮਿਲਦਾ ਹੈ। ਨਾਮਧਾਰੀਆਂ ਦੇ ਰੋਜ਼ਾਨਾ ਜੀਵਨ ਵਿਚ, ਉਹਨਾਂ ਦੇ ਸਾਮਾਜਿਕ, ਧਾਰਮਿਕ ਕਰਤਵਾਂ ਤੋਂ ਇਲਾਵਾ, 'ਜੰਗੀ ਲਾਣ' ਦਾ ਉਹਨਾਂ ਤੋਂ ਭੈਅ ਖਾਣਾ, ਨਿਰੋਲ ਸਿਆਸੀ ਅਕਾਂਖਿਆ ਕਰਕੇ ਹੀ ਹੈ।

"ਕੱਤੇ ਅਕਾਲ ਅਕਾਲ ਕਰਦੇ, ਹੱਥੀਂ ਸਲੋਤਰ ਫੜਦੇ,
ਮਰਨੋਂ ਮਾਰਨੋਂ ਨਾ ਡਰਦੇ, ਖੋਫ਼ ਕਰਦੀ ਲੁਕਾਈ ਹੈ।
ਸਿੰਘ ਰੰਗਲੇ ਰੰਗੀਲੇ, ਨਹੀਂ ਛਾਪਦੇ ਛਪਾਏ,
ਗੁਰੂ ਨਾਮ ਜਪਵਾਏ, ਕੈਸੀ ਰਚਨਾ ਰਚਾਈ ਹੈ।
ਢੱਠੇ ਦੇਵੀ ਦੇ ਦੁਆਰੇ, ਵੱਡੇ ਵੱਡੇ ਥਾਨ ਭਾਰੇ,
ਢਾਹੀਆਂ ਕਬਰਾਂ, ਮਸੀਤਾਂ, ਧੁੰਦ ਖਾਲਸੇ ਮਚਾਈ ਹੈ।

Sri Satguru Jagjit Singh Ji eLibrary NamdhariElibrary@gmail.com

ਨਿਹਾਲ ਸਿੰਘ ਜੋ ਫਰੰਗੀ, ਖੌਫ਼ ਖਾਏ ਲਾਟ ਜੰਗੀ,
ਆਇਆ ਬਾਰ੍ਹਵਾਂ ਅਵਤਾਰ, ਫਿਰੀ ਅਕਾਲ ਦੀ ਦੁਹਾਈ ਹੈ।"5

ਇਸ ਵਿਚ ਅੰਮ੍ਰਿਤਸਰ, ਰਾਏਕੋਟ, ਮਲੇਰ ਕੋਟਲਾ ਆਦਿ ਬੁੱਚੜ ਬੰਧ ਦੇ ਸਾਕਿਆਂ ਦਾ ਵਰਣਨ ਕੂਟਨੀਤਕ ਤੌਰ ਤੇ ਕਵੀ ਨੇ ਨਹੀਂ ਕੀਤਾ। ਸਤਿਗੁਰੂ ਜੀ ਦੇ ਪਰਦੇਸ ਗਵਨ ਬਾਦ ਨਾਮਧਾਰੀ ਪੰਥ ਤੇ ਸਖਤੀਆਂ ਦੇ ਜੋ ਝੱਖੜ ਝੁੱਲੇ ਹਨ, ਜਿਵੇਂ ਪਿੰਡ ਪਿੰਡ ਦੇ ਨਾਮਧਾਰੀ ਸਿੱਖਾਂ ਦੀ ਰੋਜ਼ ਰੀਪੋਰਟ ਲੈਂਦੇ ਹਨ ਸਰਕਾਰੀ ਕਾਰਿੰਦੇ, ਕਿਸ ਤਰ੍ਹਾਂ ਸਿੱਖਾਂ ਦੇ ਉੱਤੇ ਮੁਖ਼ਬਰ ਤੇ ਸਰਕਾਰੀ ਸੂਹੀਏ ਪੜਤਾਲੀਆ ਨਜ਼ਰਾਂ ਰੱਖਦੇ ਹੋਏ, ਤੇਤਰ ਨੂੰ ਸਮਝਾ ਰਹੇ ਹਨ ਕਿ ਇਹ ਤੁਹਾਡਾ ਰਾਜ ਵੀ ਖੋਹ ਸਕਦੇ ਹਨ। ਗੁਰੂ ਹਰੀ ਸਿੰਘ ਕਾਲ ਦੀਆਂ ਇਹਨਾਂ ਸਖਤੀਆਂ ਦਾ ਜ਼ਿਕਰ ਭਾਈ ਨਿਹਾਲ ਸਿੰਘ ਬੜੇ ਢੁੱਕਵੇਂ ਸ਼ਬਦਾਂ ਵਿਚ ਕਰਦਾ ਹੈ:

"ਪੋਚ ਪਾਪੀ ਅਪਰਾਧੀ, ਵੱਡੇ ਚੁਗਲ ਫ਼ਸਾਦੀ,
ਜਾਕੇ ਆਖਦੇ ਤਸੀਲੇ, ਕਰੋ ਸਿੱਖਾਂ ਦਾ ਇਲਾਜ ਜੀ।
ਕਰਨ ਜ਼ੋਰ ਹੋ ਸਰਾਬਾ, ਸਾਨੂੰ ਖੌਫ਼ ਬੜਾ ਡਾਢਾ,
ਐਸੀ ਕਰੋ ਤਦਬੀਰ, ਮੌਤ ਹੋਵੇ ਨਾ ਫ਼ਸਾਦ ਜੀ।
ਬਾਤ ਸੁਣੀ ਅੰਗਰੇਜ਼ ਬੈਠ ਕਰਦੇ ਵਿਚਾਰ,
ਐਸੀ ਹੋਵੇ ਨਾ ਕੋਈ ਕਾਰ, ਦੂਰ ਕਰਨ ਸਾਡਾ ਰਾਜ ਜੀ।
ਪਿੰਡ ਪਿੰਡ ਤਕਰਾਈ, ਬੈਠ ਗਏ ਨੇ ਸਿਪਾਹੀ
ਨਿਹਾਲ ਸਿੰਘ ਲਿਖਣ ਨਾਮ, ਲੈਣ ਹਾਜ਼ਰੀ ਹਿਸਾਬ ਜੀ।"6

ਕਵੀ ਜੀ ਨੇ ਆਪਣੇ ਸਿਆਸੀ ਮਨੋਰਥ ਨੂੰ ਬੜੇ ਢੁਕਵੇਂ ਸ਼ਬਦਾਂ ਵਿਚ ਪੇਸ਼ ਵੀ ਕਰ ਦਿੱਤਾ ਹੈ। ਉਹਨਾਂ ਦੀ ਸ਼ੈਲੀ ਆਪਣੀ ਹੈ। ਸਰਕਾਰ ਦੇ ਕਿਸੇ ਇਕ ਬਾਗ਼ੀ ਵਲੋਂ ਲਿਖਿਆ ਹੋਣਾ ਹੀ ਇਸ ਰਚਨਾ ਦੇ ਇਤਿਹਾਸਕ ਮਹੱਤਵ ਨੂੰ ਸਿੱਧ ਕਰਦਾ ਹੈ। ਉਸ ਸਮੇਂ ਜਦੋਂ ਆਮ ਸਿੱਖ, ਰਾਜ ਭਗਤੀ ਦੀ ਮਦ ਵਿਚ ਚੂਰ, ਹਰ ਅਰਦਾਸ ਪਿਛੋਂ ਇਹ ਸ਼ਬਦ ਪੜ੍ਹਿਆ ਕਰਦੇ ਸਨ - 'ਜੁੱਗ ਜੁੱਗ ਰਾਜ ਸਵਾਇਆ, ਟੋਪੀ ਵਾਲੇ ਦਾ।'' ਤਾਂ ਕਿਸੇ ਨਾਮਧਾਰੀ ਕਵੀ ਵਲੋਂ, ਰਾਜ ਖੋਹ ਲੈਣ ਦੀਆਂ ਗੱਲਾਂ ਕਰਦੀ ਹੋਈ ਕੋਈ ਲਘੂ ਆਕਾਰੀ ਰਚਨਾ ਵੀ, ਦੀਰਘ ਮਹੱਤਵ ਵਾਲੀ ਹੋ ਨਿਬੜਦੀ ਹੈ।

ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਗਿਆ ਹੈ; ਇਸ ਦਾ ਵਿਸ਼ਾ ਨਾਮਧਾਰੀ ਸਤਿਗੁਰੂ ਜੀ ਦੇ ਵਿਛੋੜੇ ਤੇ ਕੇਂਦਰਿਤ ਹੈ। ਇਹ ਉਹ ਵਿਛੋੜਾ ਹੈ ਜਿਸ ਦਾ ਵਰਣਨ ਸਾਡੇ ਭਗਤੀ ਸਾਹਿਤ ਵਿਚ ਹੈ, ਸੂਫ਼ੀ ਸਾਹਿਤ ਵਿਚ ਹੈ, ਗੁਰਬਾਣੀ ਵਿਚ ਹੈ ਅਤੇ ਕਿੱਸਾ ਕਾਵਿ ਵਿਚ ਵੀ ਹੈ। ਭਾਈ ਨਿਹਾਲ ਸਿੰਘ ਦੇ ਸ਼ਬਦ ਭਾਵੇਂ ਆਲਿਮਾਨਾ ਰਹੱਸਵਾਦੀ ਸ਼ਬਦ ਨਹੀਂ, ਇਹ ਇਕ ਅਤੀ ਸਾਧਾਰਨ ਵਿਅਕਤੀ ਦੇ ਹਿਰਦੇ ਵਿਚੋਂ ਨਿਕਲੇ ਸ਼ਬਦ ਹੋਣ ਕਰਕੇ, ਆਪਣੀ ਪਰਸੰਗਕਤਾ, ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਣਾਈ ਰੱਖਣ ਦੇ ਸਮਰੱਥ ਹਨ। ਇਹਨਾਂ ਸਰਲ, ਸੁਬੋਧ, ਸਾਦੇ ਅਤੇ ਸਪਸ਼ਟ ਸ਼ਬਦਾਂ ਵਿਚ ਆਪਣੀ ਗੱਲ ਕਰਨ ਸਦਕਾ, ਨਿਹਾਲ ਸਿੰਘ ਹੋਰਾਂ ਦੀ ਕਵਿਤਾ ਡੂੰਘੇ ਅਰਥ ਗ੍ਰਹਿਣ ਕਰ ਗਈ ਹੈ। ਨਿਹਾਲ ਸਿੰਘ ਹੋਰਾਂ ਦਾ ਹੇਠਲਾ ਕਬਿੱਤ ਇਕ ਸਦੀ ਤੋਂ ਵੀ ਲੰਮਾ ਸਮਾਂ ਕੂਕਾ ਦੀਵਾਨਾਂ ਦੀ ਹਾਜ਼ਰੀ ਭਰਦਾ ਆ ਰਿਹਾ ਹੈ, ਜਿਸ ਵਿਚ ਉਹ ਆਪਣੇ ਮਿੱਤਰ-ਪਿਆਰੇ ਸਤਿਗੁਰੂ ਅੱਗੇ, ਉਸ ਦੀ ਸੰਗਤ ਦੀ ਫਰਿਆਦ ਇਹਨਾਂ ਦਰਦੀਲੇ ਸ਼ਬਦਾਂ ਵਿਚ ਕਰਦਾ ਹੈ:

"ਫੱਗਣ ਫੇਰ ਕਦੀ ਆਵੀਂ, ਮੁੱਖ ਆਪਣਾ ਵਿਖਾਵੀਂ,
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਹੋਈ ਹਾਲ ਤੋਂ ਬੇਹਾਲ ਖੁਲ੍ਹੇ ਗਲ ਵਿਚ ਵਾਲ,
ਫਿਰ ਥਕੀ ਢੂੰਡ ਭਾਲ ਨੈਣੀਂ ਨੀਂਦ ਨਹੀਂ ਆਂਵਦੀ।

Sri Satguru Jagjit Singh Ji eLibrary NamdhariElibrary@gmail.com

ਬੁਰਾ ਗੁਰਾਂ ਦਾ ਵਿਛੋੜਾ ਜੈਸੇ ਜਿਗਰ ਵਿਚ ਫੋੜਾ
ਦਿਨ ਰਾਤ ਇਹੋ ਝੋਰਾ ਕੋਈ ਗੱਲ ਨਹੀਂ ਭਾਂਵਦੀ।
ਨਿਹਾਲ ਸਿੰਘ ਔਗੁਣਹਾਰ, ਆਇਆ ਤੇਰੇ ਦਰਬਾਰ
ਗੁਰੂ ਭੁੱਲ ਚੁੱਕ ਬਖ਼ਸ਼ ਸੰਗਤ ਸੀਸ ਹੈ ਨਿਵਾਂਵਦੀ।" [7]

ਇਸ ਬੇਸਿਰਨਾਵੇਂ ਕਵੀ ਦਾ ਸਿਰਨਾਵਾਂ, ਨਾਮਧਾਰੀ ਪੰਜਾਬੀ ਸਾਹਿਤ ਵਿਚ ਸਦਾ ਲਈ ਦਰਜ ਹੋ ਚੁੱਕਾ ਹੈ।

ਫੁੱਟ ਨੋਟ:

1 ਤੋਂ 7 'ਰਾਮ ਵਿਯੋਗੀਆਂ ਦੇ ਬਾਰਾਂ ਮਾਹੇ' (ਸੰਪਾਦਕ ਤਾਰਾ ਸਿੰਘ ਅਨਜਾਣ, ਦਿੱਲੀ) ਸਫ਼ਾ ਕ੍ਰਮਵਾਰ 51, 49, 50-51, 51, 52-53, 53, 54

Sri Satguru Jagjit Singh Ji eLibrary NamdhariElibrary@gmail.com

"ਪੈਂਤੀ ਅੱਖਰੀ" ਅਤੇ ਗਿਆਨੀ ਕਾਹਲਾ ਸਿੰਘ 'ਨੰਗਲ' ਦੀ ਹੋਰ ਰਚਨਾ

ਵਿਖਿਆਤ ਪੰਜਾਬੀ ਸਾਹਿਤਕਾਰ ਡਾ. ਹਰਿਭਜਨ ਸਿੰਘ ਜੀ ਨੇ ਆਪਣੀ ਪੁਸਤਕ 'ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ' ਵਿਚ, ਨਾਮਧਾਰੀ ਲਹਿਰ ਦੇ ਇਕ ਮੁੱਢਲੇ ਕਵੀ, ਕਾਹਲਾ ਸਿੰਘ ਹੋਰਾਂ ਦੀ ਇਉਂ ਜਾਣਕਾਰੀ ਦਿੱਤੀ ਹੈ "ਕਵੀ ਕਾਹਲਾ ਸਿੰਘ ਨਾਮਧਾਰੀ ਲਹਿਰ ਦੇ ਮੁੱਢਲੇ ਕਵੀਆਂ ਵਿਚੋਂ ਪ੍ਰਮੁਖ ਹੈ। ਆਪਣੀ ਰਚਨਾ "ਸ਼ਹੀਦ ਬਿਲਾਸ" ਵਿਚ ਉਹਨੇ ਆਪਣੀ ਜੀਵਨੀ ਬਾਰੇ ਸੰਖੇਪ ਜਾਣਕਾਰੀ ਦਿਤੀ ਹੈ, ਜੋ ਇਸ ਪ੍ਰਕਾਰ ਹੈ - ਜੱਦੀ ਪਿੰਡ ਨੰਗਲ (ਵੱਡਾ) ਜ਼ਿਲ੍ਹਾ ਲੁਧਿਆਣਾ, ਨਿਵਾਸ ਪਿੰਡ ਪੱਖੋਵਾਲ, ਜਾਤ ਨਾਮਾਬੰਸ, ਗੋਤ ਨਿੱਝਰ, ਪਿਤਾ ਰਾਮ ਸਿੰਘ, ਮਾਤਾ ਕਰਮ ਕੌਰ, ਕਿੱਤਾ ਠਠਿਆਰਾ। ਜਦੋਂ ਨਾਮਧਾਰੀ ਸਿੰਘ ਰਾਇਕੋਟ ਵਿਚ ਸ਼ਹੀਦ ਕੀਤੇ ਗਏ ਤਾਂ ਉਹ ਸੱਤਾਂ ਸਾਲਾਂ ਦਾ ਸੀ। ਨਾਮਧਾਰੀ ਸੰਤ ਖ਼ਾਲਸੇ ਵਿਚ ਪ੍ਰਵੇਸ਼ ਗੁਰੂ ਹਰੀ ਸਿੰਘ ਹੱਥੀਂ ਹੋਇਆ। ਉਹਨੇ ਆਪਣੇ ਦੋ ਪੁੱਤਰਾਂ ਦੇ ਨਾਮ - ਹੀਰਾ ਸਿੰਘ ਤੇ ਬਿਸ਼ਨ ਸਿੰਘ ਵੀ ਦਿੱਤੇ ਹਨ...

"ਜ਼ਾਹਰ ਹੈ ਕਿ ਕਵੀ ਉਨ੍ਹੀਵੀਂ ਸਦੀ ਵਿਚ (ਜਨਮ ੧੮੬੫ ਈ. ਦੇ ਲਾਗੇ) ਜੰਮਿਆ। ਇਸ ਕਵੀ ਦੀਆਂ ਅਨੇਕ ਰਚਨਾਵਾਂ ਮਿਲਦੀਆਂ ਹਨ। ਜਿਨ੍ਹਾਂ ਵਿਚੋਂ ਇਕ ਉਸਤਤਨਾਮਾ (ਸ੍ਰੀ ਸਤਿਗੁਰੂ ਰਾਮ ਸਿੰਘ) ਦਾ ਰਚਨਾਕਾਲ ਕਵੀ ਦੇ ਆਪਣੇ ਦਸਤਖ਼ਤ ਨਾਲ ਦਰਜ ਹੈ। ਜੇਠ ਸੁਦੀ ਨੌਵੀਂ ਬੁੱਧਵਾਰ ਬਿਕ੍ਰਮੀ ੧੯੪੬, ਦਸਤਖ਼ਤ ਕਵੀ ਕਾਹਲਾ ਸਿੰਘ ਨਾਮਧਾਰੀ ਨੰਗਲ ਵੱਡਾ, ਡਾਕਖ਼ਾਨਾ ਪੱਖੋਵਾਲ, ਜ਼ਿਲ੍ਹਾ ਲੁਧਿਆਣਾ। ਸਪਸ਼ਟ ਹੈ ਕਿ ਇਹ ਰਚਨਾ ੧੮੮੯ ਈ. ਦੀ ਹੈ। ਅਸੀਂ ਏਸੇ ਰਚਨਾ ਦੀ ਵੰਨਗੀ ਆਪਣੇ ਸੰਕਲਨ ਵਿਚ ਸ਼ਾਮਲ ਕਰਨੀ ਉਚਿਤ ਸਮਝੀ ਹੈ।

"ਉਸਤਤਨਾਮਾ ਕਵੀ ਕਾਹਲਾ ਸਿੰਘ ਦੀ ਗੁਰੂ-ਭਗਤੀ ਅਤੇ ਸ਼ਰਧਾ ਦਾ ਸਰਲ ਅਤੇ ਸਪਸ਼ਟ ਪ੍ਰਗਟਾਵਾ ਹੈ। ਰਚਨਾ ਵਿਚ ਨਾ ਕਲਪਨਾ ਦੀ ਉਡਾਨ ਹੈ, ਨਾ ਸ਼ਬਦ ਚਮਤਕਾਰ ਦਾ ਵਿਖਾਲਾ ਪਾਉਣ ਦਾ ਉਚੇਚ। ਇਸ ਰਚਨਾ ਦਾ ਰਚਨਹਾਰ ਕਵੀ ਤੋਂ ਵਧੀਕ ਸ਼ਰਧਾਲੂ ਉਸਤਤਕਾਰ ਹੈ। ਪਹਿਲਾਂ ਇਕ ਬੈਂਤ ਅਤੇ ਚੌਦਾਂ ਕਬਿਤਾਂ ਵਿਚ ਗੁਰੂ ਰਾਮ ਸਿੰਘ ਦੀ ਉਸਤਤ ਦਾ ਗਾਇਨ ਹੈ, ਫਰ ਦੋਹਿਆਂ, ਕਬਿਤਾਂ, ਸਵੱਈਆਂ ਵਿਚ ਗੁਰੂ ਹਰੀ ਸਿੰਘ ਦਾ ਜਸ ਗਾਇਆ ਜਾਂਦਾ ਹੈ। ਸਿੱਧ-ਪੱਧਰੀ ਬੋਲੀ ਵਿਚ ਸਰਲਚਿਤ ਭਗਤੀ ਦਾ ਸਾਦ-ਮੁਰਾਦਾ ਪ੍ਰਗਟਾਵਾ ਹੈ।"[1]

ਉਸਤਤਨਾਮਾ ਦੀ ਭੂਮਿਕਾ ਵਿਚ ਗਿਆਨੀ ਕਾਹਲਾ ਸਿੰਘ ਦਾ ਸਪੁੱਤਰ ਭਾਈ ਬਿਸ਼ਨ ਸਿੰਘ ਹਿਸਟੋਰੀਅਨ ਲਿਖਦਾ ਹੈ "ਬਾਬਾ ਕਾਹਲਾ ਸਿੰਘ ਜੀ ਨਾਮਧਾਰੀ ਕਵੀ ਨੰਗਲ ਪਿੰਡ ਦੇ ਬਿਕ੍ਰਮੀ ੧੯੪੨ ਵਿਚ ਭੈਣੀ ਸਾਹਿਬ ਆਏ।... ਸ੍ਰੀ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਪਰਸੇ। ਬਿਕ੍ਰਮੀ ੧੯੪੬ ਵਿਚ ਦੋ ਟ੍ਰੈਕਟ ਲਿਖ ਪ੍ਰਕਾਸ਼ਿਤ ਕੀਤੇ। ਪੈਂਤੀਸ ਅੱਖਰੀ (ਜੰਗਨਾਮਾ) ਅਤੇ ਉਸਤਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਤਾਂ ਜ਼ਬਤ ਹੋ ਗਿਆ। ਆਪ ਦੋ ਸਾਲ ਪਿੰਡ ਵਿਚ ਨਜ਼ਰਬੰਦ ਕਰ ਦਿੱਤੇ ਗਏ। ਈਸਵੀ ੧੯੧੨ ਵਿਚ ਨਾਮਦੇਵ ਪ੍ਰਕਾਸ਼ ਸਾਖੀ ਅਤੇ ਸ਼ਹੀਦ ਬਿਲਾਸ ਰਾਇਕੋਟ ਤੇ ਸ੍ਰੀ ਅੰਮ੍ਰਿਤਸਰ ਦੇ, ਸ਼ਹੀਦ ਬਿਲਾਸ ਮਲੇਰਕੋਟਲਾ, ਸਿਮਨ ਸੁਮਣ, ਸਾਕਾ ਤਰਨ ਤਾਰਨ ਪ੍ਰਕਾਸ਼ਿਤ ਕੀਤੇ ਗਏ। ਉਹ ਬਿਕ੍ਰਮੀ ੧੯੮੫ ਦੇ ੨੬ ਮਾਘ ਫਰਵਰੀ ੧੯੨੯ ਈ. ਨੂੰ ਸੱਚਖੰਡ ਜਾ ਵੱਸੇ।" ਇਸ ਤਰ੍ਹਾਂ ਉਹਨਾਂ ਨੇ ੬੪ ਸਾਲ ਦਾ ਜੀਵਨ ਭੋਗਿਆ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਸੰਪਾਦਨਾ ਹੇਠ ਸ੍ਰੀ ਭੈਣੀ ਸਾਹਿਬ ਤੋਂ ਛਪਣ ਵਾਲੇ 'ਸਤਿਜੁਗ' ਦੇ ਪਹਿਲੇ ਬਸੰਤ ਅੰਕ (੧੯੮੬ ਬਿਕ੍ਰਮੀ) ਵਿਚ ਇਕ ਪੂਰੇ ਸਫ਼ੇ 'ਤੇ ਗਿਆਨੀ ਜੀ ਦਾ ਫੋਟੋ ਚਿੱਤਰ ਛਾਪ ਕੇ ਨਾਮਧਾਰੀ ਦਰਬਾਰ ਨੇ ਆਪਣੇ ਇਸ ਪ੍ਰਸਿੱਧ ਕਵੀ ਨੂੰ ਯਾਦ ਕੀਤਾ ਸੀ।

Sri Satguru Jagjit Singh Ji eLibrary NamdhariElibrary@gmail.com

ਜਿੱਥੋਂ ਤੱਕ ਆਪ ਦੀਆਂ ਕਾਵਿ ਰਚਨਾਵਾਂ ਦੇ ਮਹੱਤਵ ਦਾ ਸੁਆਲ ਹੈ, ਇਹ ਇਕ ਸਮਕਾਲੀ ਕਵੀ ਦੁਆਰਾ ਕੂਕਾ ਲਹਿਰ ਨਾਲ ਸਬੰਧਿਤ ਸ਼ਹੀਦੀ ਸਾਕਿਆਂ ਅਤੇ ਹੋਰ ਇਤਿਹਾਸਕ ਘਟਨਾਵਾਂ ਦਾ ਚਿਤਰਣ ਹੋਣ ਕਾਰਨ ਜਾਂ ਮੌਕੇ ਦੇ ਪ੍ਰਤੱਖ ਦਰਸ਼ੀਆਂ ਤੋਂ ਗਵਾਹੀ ਪੁਆ ਕੇ ਲਿਖੀਆਂ ਰਚਨਾਵਾਂ ਹੋਣ ਕਾਰਨ, ਮਹੱਤਵਪੂਰਨ ਹਨ ਹੀ, ਲਹਿਰ ਵਿਚ ਜਿਊਂਦੇ ਜੁੜੇ ਕਵੀ ਦੀ ਰਚਨਾ ਹੋਣੀ ਵੀ ਛੋਟੀ ਗੱਲ ਨਹੀਂ। ਆਪ ਦੀ ਸਭ ਤੋਂ ਮਹੱਤਵਪੂਰਨ ਰਚਨਾ 'ਪੰਥ ਪ੍ਰਕਾਸ਼ - ਸਿੱਖਾਂ ਨਾਮਧਾਰੀਆਂ ਦਾ' ਸੀ ਜਿਸ ਦੀ ਇਕ ਅੱਧ ਛਾਪ ਦਾ ਜ਼ਿਕਰ ਮਿਲਦਾ ਹੈ। ਹੁਣ ਤੱਕ ਇਹ ਪੁਸਤਕ ਨਾਯਾਬ ਹੋ ਚੁੱਕੀ ਹੈ। ਮਾਲੂਮ ਹੁੰਦਾ ਹੈ ਕਿ ਗਿਆਨੀ ਜੀ ਦੇ ਸਪੁੱਤਰ ਹਿਸਟੋਰੀਅਨ ਸਾਹਿਬ ਨੇ ਇਸੇ ਪੰਥ ਪ੍ਰਕਾਸ਼ ਵਿਚੋਂ ਹੀ ਤਿੰਨੇ ਸ਼ਹੀਦ ਬਿਲਾਸ - ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲਾ ਵਾਲੇ ਬਾਦ ਵਿਚ ਵੱਖ ਵੱਖ ਕਰਕੇ ਛੋਟੇ ਟਰੈਕਟਾਂ ਦੇ ਰੂਪ ਵਿਚ ਛਾਪ ਦਿੱਤੇ। ਬਿਸ਼ਨ ਸਿੰਘ ਦੁਆਰਾ ਸ਼ਹੀਦ ਬਿਲਾਸ ਅੰਮ੍ਰਿਤਸਰ ਅਤੇ ਰਾਇਕੋਟ ਵਿਚ ਉਹਨਾਂ ਦੁਆਰਾ ਕੀਤੀ ਆਖੇਪਕਾਰੀ ਵੀ ਸਪਸ਼ਟ ਹੈ। ਭਾਈ ਨਾਹਰ ਸਿੰਘ ਐਮ.ਏ. ਦੁਆਰਾ ਲਿਖਤ "ਨਾਮਧਾਰੀ ਇਤਿਹਾਸ" ਵਿਚ ੧੯੫੭ ਈ. ਵਿਚ ਜੋ ਤੱਥ ਪਹਿਲੀ ਵਾਰ ਆਮ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋਏ ਸਨ, ਬਿਸ਼ਨ ਸਿੰਘ ਹੋਰਾਂ ਨੇ ੧੯੧੩-੧੪ ਈ. ਵਿਚ ਛਪੇ ਪੰਥ ਪ੍ਰਕਾਸ਼ ਵਿਚ ਉਹ ਤੁਕਾਂ ੧੯੬੦ ਈ. ਤੋਂ ੧੯੭੫ ਈ. ਤੱਕ ਛਪਣ ਵਾਲੇ ਟਰੈਕਟਾਂ ਵਿਚ ਗਿਆਨੀ ਕਾਹਲਾ ਸਿੰਘ ਹੋਰਾਂ ਦੇ ਨਾਮ ਹੇਠ ਪਾ ਦਿੱਤੀਆਂ।

ਜਨਮ ਸਾਖੀ ਭਗਤ ਨਾਮਦੇਵ ਜੀ ਅਤੇ ਜਨਮ ਸਾਖੀ ਭਗਤ ਰਵਿਦਾਸ ਜੀ, ਪੰਜਾਬੀ ਕਵਿਤਾ ਵਿਚ ਰਚੇ ਉਹਨਾਂ ਦੇ ਦੋ ਕਾਵਿ ਪੁਸਤਕ ਪੈਂਤੀ ਅੱਖਰੀ ਅਤੇ ਉਸਤਤਨਾਮਾ ਅਤੇ ਗਿਆਨੀ ਜੀ ਦਾ ਬਾਰਾਂ ਮਾਂਹ ਹੀ ਐਸੀਆਂ ਰਚਨਾਵਾਂ ਹਨ, ਜਿਹਨਾਂ ਦੀ ਪ੍ਰਮਾਣਿਕਤਾ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ।

ਕਵੀ ਜੀ ਨੂੰ ਸਭ ਤੋਂ ਵੱਧ ਪ੍ਰਸਿੱਧੀ ਉਹਨਾਂ ਦੀ ਕਾਵਿ ਰਚਨਾ "ਪੈਂਤੀ ਅੱਖਰੀ" ਸਦਕਾ ਹੀ ਮਿਲੀ, ਮਲੇਰਕੋਟਲੇ ਦੇ ਸਾਕੇ ਤੇ ਆਧਾਰਿਤ ਹੋਣ ਕਾਰਨ ਇਸ ਨੂੰ ਜੰਗਨਾਮਾ ਵੀ ਕਿਹਾ ਜਾਂਦਾ ਹੈ। ਇਸ ਇਕੱਲੀ ਸੰਖੇਪ ਰਚਨਾ ਸਦਕਾ ਹੀ ਗਿਆਨੀ ਜੀ ਦਾ ਨਾਮ ਨਾਮਧਾਰੀ ਇਤਿਹਾਸ ਅਤੇ ਪੰਜਾਬੀ ਸਾਹਿਤ ਵਿਚੋਂ ਖਾਰਜ ਕਰਨਾ ਸੰਭਵ ਨਹੀਂ। ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਵਿਖਿਆਨਾਂ ਵਿਚ, ਵਿਸ਼ੇਸ਼ ਕਰਕੇ ਜਦੋਂ ਉਹ ਭਾਈ ਧਿਆਨ ਸਿੰਘ ਕਾਦਰਾਬਾਦੀ ਦੀ ਪੁਸਤਕ 'ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ' ਦੀ ਕਥਾ ਕਰਿਆ ਕਰਦੇ ਸਨ, ਤਾਂ ਮਲੇਰਕੋਟਲੇ ਦੇ ਸਾਕੇ ਦੇ ਵਰਣਨ ਸਮੇਂ 'ਪੈਂਤੀ ਅੱਖਰੀ' ਦੀਆਂ ਤੁਕਾਂ ਦਾ ਭਰਪੂਰ ਵਰਣਨ ਕਰਦੇ ਸਨ। ਉਹ ਭਾਵੇਂ ਕਵੀ ਜੀ ਦੇ 'ਪੰਥ ਪ੍ਰਕਾਸ਼ - ਸਿੱਖਾਂ ਨਾਮਧਾਰੀਆਂ' ਦੇ ਹਵਾਲੇ ਵੀ ਕਾਫ਼ੀ ਦਿੰਦੇ ਹਨ, ਪਰ ਪੈਂਤੀ ਅੱਖਰੀ ਦੀ ਕਾਵਿਕਤਾ ਨੂੰ ਉੱਚ ਪਾਏ ਦੀ ਕਹਿ ਕੇ ਸਤਿਕਾਰਦੇ ਹਨ। ਸਤਿਗੁਰੂ ਜੀ ਅਨੁਸਾਰ ਪ੍ਰਸਿੱਧ ਬਾਰਾਮਾਹ ਦੇ ਕਵੀ ਭਾਈ ਚੰਦਾ ਸਿੰਘ 'ਭੰਖਰ' ਨਾਮਧਾਰੀ ਪੰਥ ਦੇ ਪਹਿਲੇ ਕਵੀ ਸਨ। "ਦੂਸਰੇ ਕਵੀ - ਇਹ ਭਾਈ ਸਾਹਿਬ ਕਾਲਾ ਸਿੰਘ ਜੀ ਸਨ, ਜਿਨ੍ਹਾਂ ਦਾ ਜਨਮ ਨੌਗਲ, ਜ਼ਿਲ੍ਹਾ ਲੁਧਿਆਣਾ ਦਾ ਔਰ ਇਹ ਦਰਜ਼ੀਆਂ ਦਾ ਕੰਮ ਕਰਦੇ ਸਨ। ਇਹਨਾਂ ਨੇ ਆਪਣਾ ਸਾਰਾ ਹਾਲ ਉੱਥੇ ਦੱਸਿਆ ਕਿ ਸਤਿਗੁਰਾਂ ਦੇ ਜਾਣ ਤੋਂ ਬਾਅਦ ਪਹਿਲਾਂ ਇਹਨਾਂ ਨੇ ਇਕ ਪੈਂਤੀ ਅੱਖਰੀ ਲਿਖੀ, ਜਿਹੜੀ ਬੜੀ ਇਕ ਖ਼ਾਸ ਚੀਜ਼ ਹੈ, ਜਿਹਦੇ ਵਿਚ ਸਾਰਾ ਮਲੇਰਕੋਟਲੇ ਦਾ ਸਾਕਾ ਬਿਆਨ ਕੀਤਾ ਹੋਇਆ ਹੈ। ਉਹ ਇਕ ਖ਼ਾਸ ਚੀਜ਼ ਉਹਨਾਂ ਨੇ ਬਣਾਈ ਜਿਸ ਵਕਤ ਉਹਨਾਂ ਵਿਚ ਸ਼ੁਰੂ ਦਾ ਪ੍ਰੇਮ ਸੀ। ਉਸ ਤੋਂ ਬਾਅਦ ਇਹ ਪੁਸਤਕ (ਪੰਥ ਪ੍ਰਕਾਸ਼) ਉਹਨਾਂ ਨੇ ਲਿਖੀ। ਇਸ ਪੁਸਤਕ ਦੇ ਵਕਤ ਉਹਨਾਂ ਦੀ ਬਿਰਤੀ ਜਿਹੜੀ ਸੀ, ਪਹਿਲੇ ਵਾਲੀ ਥਾਂ ਉੱਤੇ ਨਹੀਂ ਸੀ ਰਹੀ... ਪ੍ਰੇਮ ਦੇ ਥਾਂ ਵਿਵਹਾਰਕ ਹੋ ਗਈ ਸੀ। ਕੋਈ ਚੀਜ਼ ਆ ਜਾਂਦੀ ਹੈ - ਆਦਮੀ ਦੇ ਵਿਚ, ਪਤਾ ਨਹੀਂ ਉਹਨੂੰ ਲੱਗਦਾ। ਇੱਕ ਵਕਤ ਉਹ ਹੁੰਦਾ ਹੈ ਕਿ ਜਿਸ ਵਕਤ ਉਹ ਪ੍ਰੇਮ ਦੇ ਵਿਚ ਹੋਏ-ਹੋਏ ਨੂੰ ਕੋਈ ਚੀਜ਼ ਦਾ ਪਤਾ ਨਹੀਂ ਲੱਗਦਾ, ਉਹਦੇ ਵਿਚ ਕੁਛ ਸੁਆਦ ਹੋਰ ਚੀਜ਼ ਹੈ, ਜਦੋਂ ਵਿਹਾਰ ਵਿਚ ਆਦਮੀ ਪੈਂਦਾ ਹੈ ਉਹਦਾ ਕੁਛ ਹੋਰ ਸੁਆਦ ਹੈ।

'ਇਸੇ ਤਰ੍ਹਾਂ ਇਸ ਗ੍ਰੰਥ ਵਿਚ ਹੁਣ ਉਹ ਜਿਸ ਤਰ੍ਹਾਂ ਮਲੇਰਕੋਟਲੇ ਦਾ ਸਾਕਾ ਹੈ, ਉਹਦਾ ਹਾਲ ਦੱਸਦੇ ਹਨ... ਪਹਿਲੇ ਹਾਲ 'ਚ ਉਹਨਾਂ ਨੇ ਉਹਦੇ ਪਿੱਛੇ ਕਬਿਤ ਲਿਖੇ ਸਨ - ਪੈਂਤੀਸ ਅੱਖਰੀ ਦੇ:-

Sri Satguru Jagjit Singh Ji eLibrary NamdhariElibrary@gmail.com

"ਜੀਹਨੂੰ ਆਖਦੇ ਅਕਾਲ, ਮੁਰਕਾ ਲੋਕ ਤੇ ਪਇਆਲ,
ਸੋਈ ਪ੍ਰਗਟਿਆ ਗੁਪਾਲ, ਰਾਮ ਸਿੰਘ ਜੋ ਕਹਾਂਵਦਾ।
ਜਿਹੜਾ ਸੁਣੀਦਾ ਸੀ ਦੂਰ, ਸੋਈ ਦੇਖਿਆ ਹਜ਼ੂਰ,
ਜੀਕੂੰ ਪਾਣੀ ਉੱਤੇ ਬੂਰ, ਪੌਣ ਛਿਨ ਮੈਂ ਹਟਾਂਵਦਾ।
ਕੀਤੀ ਧਰਤ ਨੇ ਪੁਕਾਰ, ਜੋ ਮੈਂ ਹੋਈ ਆਂ ਲਾਚਾਰ,
ਮੈਨੂੰ ਦੇਣਾ ਜੀ ਦੀਦਾਰ, ਭਾਰ ਚੁੱਕਿਆ ਨਹੀਂ ਜਾਂਵਦਾ।
ਸੁਣੀ ਅਰਜੋਈ ਮਹਾਰਾਜ ਮੰਨੀ ਸੋਈ,
ਫਿਰ ਧਾਰਕੇ ਅਵਤਾਰ ਤੇ ਧਰਤ ਉੱਤੇ ਆਂਵਦਾ।"

ਬਾਬਾ ਕਾਹਲਾ ਸਿੰਘ ਆਪਣੀ ਇਤਿਹਾਸਕ ਰਚਨਾ "ਪੈਂਤੀਸ ਅੱਖਰੀ" ਵਿਚ ਆਪਣੇ ਪਰਿਵਾਰ, ਕਬੀਲੇ, ਪਿੰਡ ਬਾਰੇ ਵੀ ਜਾਣਕਾਰੀ ਦਰਜ ਕਰ ਗਏ ਹਨ ਅਤੇ ਨਾਮਧਾਰੀ ਬਣਨ ਜਾਂ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੇ ਪ੍ਰਥਮ ਦਰਸ਼ਨਾਂ ਦੇ ਸਾਲ ਦਾ ਵੇਰਵਾ ਵੀ ਕਲਮਬੰਦ ਕਰ ਗਏ ਹਨ:

"ਨੰਗਲ ਵੱਡਾ ਪੱਖੋਵਾਲ ਪਾਸ ਮੇਰਾ,
ਭੈਣੀ ਸਾਹਿਬੋਂ ਮੇਲਾਂ ਕੋਹ ਧਾਮ ਹੈ ਜੀ।
ਸੁੰਦਰ ਸਿੰਘ ਮਤਾਬ ਹੈ ਸਿੰਘ ਭਾਈ,
ਨਾਮਾਂ ਭੈਸੀਆਂ ਦਾ ਸਾਡਾ ਜਾਮ ਹੈ ਜੀ।
ਸਾਲ ਉਨੀ ਸੈ ਵਿਚ ਬਤਾਲੀਏ ਦੇ,
ਅਸੀਂ ਪੁੱਛਿਆ ਗੁਰੂ ਦਾ ਨਾਮ ਹੈ ਜੀ।
ਸਤਿਗੁਰੂ ਬਰੀਰ ਅੰਧੇਰ ਸਾਰੇ,
ਓਧੀ ਬੰਦਗੀ ਵਿਚ ਆਰਾਮ ਹੈ ਜੀ।
ਰਾਮ ਸਿੰਘ ਲੱਭਾ ਗੁਰੂ ਭੁੱਲਿਆਂ ਨੂੰ,
ਮਿਲੀ ਸੰਥ ਜੋ ਗੁਰੂ ਦੀ ਸਾਮ ਹੈ ਜੀ।"

ਆਮ ਤੌਰ ਤੇ ਕਵੀ ਜਾਂ ਲੇਖਕ ਆਪਣੇ ਮਾਤਾ ਪਿਤਾ ਦਾ ਨਾਂ ਰਚਨਾ ਦੇ ਅੰਤ ਜਾਂ ਆਰੰਭ ਵਿਚ ਦੇ ਕੇ ਪਰਿਵਾਰਕ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਬਾਬਾ ਕਾਹਲਾ ਸਿੰਘ ਹੋਰਾਂ ਆਪਣੇ ਮਾਤਾ ਪਿਤਾ ਦੇ ਨਾਵਾਂ ਦਾ ਵੇਰਵਾ ਕਿਸੇ ਹੋਰ ਰਚਨਾ ਵਿਚ ਦੇ ਦਿਤਾ ਹੋ... ਪੈਂਤੀ ਅੱਖਰੀ ਵਿਚ ਆਪਣੇ ਦੋਹਾਂ ਭਰਾਵਾਂ ਦਾ ਨਾਂ ਦੇ ਕੇ ਉਹਨਾਂ ਨੂੰ ਅਮਰਤਾ ਪ੍ਰਦਾਨ ਕਰ ਗਏ ਹਨ। ਇੱਥੋਂ ਇਹ ਵੀ ਪਤਾ ਚੱਲਦਾ ਹੈ ਕਿ ਭਾਈ ਕਾਹਲਾ ਸਿੰਘ ਇਕ ਸਮਾਜਿਕ ਵਿਅਕਤੀ ਸਨ ਜੋ ਆਪਣੇ ਭਰਾਵਾਂ ਨਾਲ ਚੰਗਾ ਪ੍ਰੇਮ ਰੱਖਦੇ ਹਨ।

'ਪੈਂਤੀਸ ਅੱਖਰੀ' ਇਕ ਇਤਿਹਾਸਕ ਕਾਵਿ ਰਚਨਾ ਹੈ। ਆਕਾਰ ਪੱਖੋਂ ਬਹੁਤ ਸੰਖੇਪ ਰਚਨਾ ਹੈ। ਚਾਰ ਚਾਰ ਤੁਕਾਂ ਵਾਲੇ ਚਾਲ੍ਹੀਆਂ ਤੋਂ ਇਕ ਦੋ ਬੰਦ ਘੱਟ ਹਨ। ਜਾਪਦਾ ਇਹ ਕਵੀ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਤੋਂ ਅੱਛਾ ਖਾਸਾ ਪ੍ਰਭਾਵਿਤ ਹੈ। ਸੰਜਮ ਤੇ ਸੰਖੇਪਤਾ, ਸ਼ਬਦ ਸੁਹਜ ਅਤੇ ਅਰਥ ਦੀ ਸਪਸ਼ਟਤਾ ਜਹੇ ਗੁਣ ਕਾਹਲਾ ਸਿੰਘ ਨੇ ਸ਼ਾਹ ਮੁਹੰਮਦ ਤੋਂ ਗ੍ਰਹਿਣ ਕੀਤੇ ਹਨ। ਜੰਗਨਾਮਾ – ਸਿੰਘਾਂ ਤੇ ਫਰੰਗੀਆਂ ਰਚਿਤ ਸ਼ਾਹ ਮੁਹੰਮਦ ਤੇ ਕਾਹਲਾ ਸਿੰਘ ਰਚਿਤ ਪੈਂਤੀ ਅੱਖਰੀ ਦੇ ਰਚੇ ਜਾਣ ਵਿਚ ਅੱਧੀ ਸਦੀ ਤੋਂ ਵੀ ਘੱਟ ਵਿੱਥ ਹੈ।

ਸ਼ਾਹ ਮੁਹੰਮਦ ਦੇ ਕਿੱਸੇ ਦਾ ਅੰਤਿਮ ਬੰਦ ਇਉਂ ਹੈ:

"ਸੰਮਤ ਉਨੀ ਸੈ ਦੂਸਰਾ ਵਰਤਿਆ ਸੀ,
ਜਦੋਂ ਹੋਇਆ ਫ਼ਰੰਗੀ ਦਾ ਜੰਗ ਮੀਆਂ।

Sri Satguru Jagjit Singh Ji eLibrary NamdhariElibrary@gmail.com

ਹੋਸੀ ਖ਼ੂਨ ਦੀ ਉਹ ਜ਼ਮੀਨ ਪਿਆਸੀ,
ਹੋਇਆ ਸੁਰਖ਼ ਸ਼ਰਾਬ ਦੇ ਰੰਗ ਮੀਆਂ।
ਧਰਤੀ ਵੱਢਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ।"

ਤੇ ਕਾਹਲਾ ਸਿੰਘ ਜੀ ਸਾਕਾ ਮਲੇਰ ਕੋਟਲੇ ਨਾਲ ਸਬੰਧਿਤ ਆਪਣੀ ਰਚਨਾ ਵਿਚ ਨਾਮਧਾਰੀ ਸੰਤ ਖਾਲਸਾ ਨਾਲ ਵਾਬਸਤਾ ਇਸ ਸਾਕੇ ਨੂੰ ਵੀ ਜੰਗ ਦਾ ਹੀ ਰੁਤਬਾ ਦਿੰਦੇ ਹਨ। ਉਹ ਇਸ ਘਟਨਾ ਤੋਂ ਪੂਰੇ ਚੌਦਾਂ ਵਰ੍ਹੇ ਬਾਦ ਨਾਮਧਾਰੀ ਸਿੰਘ ਸਜਣ ਦਾ ਜ਼ਿਕਰ ਵੀ ਕਰਦੇ ਹਨ। ਹੇਠਲੀਆਂ ਤੁਕਾਂ, ਸ਼ਾਹ ਮੁਹੰਮਦ ਦੇ ਪ੍ਰਭਾਵ ਦਾ ਸਪਸ਼ਟ ਚਿਤਰਣ ਕਰਦੀਆਂ ਹਨ:-

"ਵਣਾ ਵਿਚ ਜਹਾਨ ਦੇ ਖ਼ਬਰ ਹੋਈ,
ਕਾਲਾ ਸੁਰਖ਼ ਅਕਾਸ਼ ਦਾ ਰੰਗ ਹੋਇਆ।
ਸਾਲ ਉਨ ਸੌ ਨਾਈਆ ਬਰਤਿਆ ਸੀ,
ਸੰਤ ਖਾਲਸੇ ਦਾ ਜਦੋਂ ਜੰਗ ਹੋਇਆ।
ਕਈ ਮੁਕਬਰਾਂ ਸਿੰਘ ਫੜਾਇ ਦਿੱਤੇ,
ਸਿਦਕ ਕਈਆਂ ਦਾ ਅੰਗ ਤੇ ਭੰਗ ਹੋਇਆ।

... ...

ਕਾਲ੍ਹਾ ਸਿੰਘ ਨੂੰ ਚੌਦਮੇਂ ਬਰਸ ਪਿੱਛੋਂ,
ਸਤਿਗੁਰੂ ਦੇ ਸ਼ਬਦ ਦਾ ਸੰਗ ਹੋਇਆ।

ਗਿਆਨੀ ਜੀ ਤੇ ਪੰਜਾਬੀ ਰੁਮਾਨੀ ਕਿੱਸਾਕਾਰ ਵਾਰਿਸ ਸ਼ਾਹ ਹੋਰਾਂ ਦੀ ਅਮਰ ਰਚਨਾ 'ਹੀਰ' ਦਾ ਪ੍ਰਭਾਵ ਵੀ ਸਪਸ਼ਟ ਹੈ। ਵਾਰਿਸ ਸ਼ਾਹ ਹੋਰੀ ਫ਼ੁਰਮਾਉਂਦੇ ਹਨ ਕਿ ਜਦੋਂ ਤੋਂ ਬਾਬਾ ਸ਼ੇਖ਼ ਫ਼ਰੀਦ-ਉਦ-ਦੀਨ ਮਸਊਦ 'ਸ਼ੱਕਰ ਗੰਜ" (੧੧੭੩-੧੨੬੬ ਈ.) ਨੇ ਪੰਜਾਬ ਦੀ ਧਰਤੀ ਨੂੰ ਆਪਣੀ ਚਰਨਛੋਹ ਬਖ਼ਸ਼ੀ, ਉਦੋਂ ਤੋਂ ਪੰਜਾਬ ਦੀਆਂ ਸੱਤੇ ਖ਼ੈਰਾਂ ਹਨ-

"ਸ਼ੱਕਰ ਗੰਜ ਨੇ ਆਣ ਮੁਕਾਮ ਕੀਤਾ,
ਦੁੱਖ ਦਰਦ ਪੰਜਾਬ ਦਾ ਦੂਰ ਹੈ ਜੀ।"

ਭਾਈ ਕਾਹਲਾ ਸਿੰਘ ਜੀ ਲਿਖਦੇ ਹਨ ਸਤਿਗੁਰੂ ਰਾਮ ਸਿੰਘ ਜੀ ਨੇ ਡੇਰਾ ਤਾਂ ਭਾਵੇਂ ਪੰਜਾਬ ਵਿਚ ਲਾਇਆ ਹੈ, ਪਰ ਉਹਨਾਂ ਦੇ ਸਮਤਾਵਾਦੀ ਮੂਲ ਉਪਦੇਸ਼ਾਂ ਤੇ ਅਮਲ ਹੋਣ ਨਾਲ ਪੰਜਾਬ ਤਾਂ ਕੀ ਸਾਰੇ ਸੰਸਾਰ ਦੇ ਦੁੱਖ ਦਲਿੱਦਰ ਕੱਟੇ ਜਾ ਸਕਦੇ ਹਨ:

"ਗੁਰੂ ਬਾਰ੍ਹਮਾਂ ਹੈ ਰਾਮ ਸਿੰਘ ਸੋਈ,
ਜੀਹਦੇ ਖਾਲਸਾ ਪੰਥ ਹਜ਼ੂਰ ਹੋਇਆ।

... ...

ਗੁਰੂ ਵਿਚ ਪੰਜਾਬ ਮਕਾਮ ਕੀਤਾ,
ਦੁੱਖ ਦਰਦ ਜਹਾਨ ਦਾ ਦੂਰ ਹੋਇਆ।"

ਸੱਯਦ ਵਾਰਿਸ ਸ਼ਾਹ 'ਅਵੱਲ ਹਮਦ ਖ਼ੁਦਾਇ ਦਾ ਵਿਰਦ ਕੀਚੇ' ਨਾਲ ਆਪਣੀ ਗੱਲ ਸ਼ੁਰੂ ਕਰਦੇ ਹਨ ਤੇ

Sri Satguru Jagjit Singh Ji eLibrary NamdhariElibrary@gmail.com

ਬਾਬਾ ਕਾਹਲਾ ਸਿੰਘ ਜੀ ਆਪਣੇ ਇਸ਼ਟ, ਆਪਣੇ ਸਤਿਗੁਰੂ ਅੱਗੇ ਇਸ ਤਰ੍ਹਾਂ ਜੋਦੜੀਆਂ ਕਰਦੇ ਹਨ:-

"ਸਤਿਗੁਰੂ ਸੱਚੇ ਅੱਗੇ ਅਰਜ਼ ਮੇਰੀ,
ਸੁਣਨਹਾਰ ਕਰਤਾਰ ਗੋਵਿੰਦ ਹੈਂ ਤੂੰ।
ਤੂੰ ਹੀ ਮਾਣਸਾਂ ਤੇ ਗੁਰੂ ਦੇਵ ਕੀਤੇ,
ਸੰਤ ਖਾਲਸਾ ਪੰਥ ਕਰਿੰਦ ਹੈਂ ਤੂੰ।
ਤੂੰ ਹੀ ਕੋਟਲੇ ਦੇ ਵਿਚ ਖੇਲ ਕੀਤਾ,
ਕਰਨਹਾਰ ਅਪਾਰ ਗੋਵਿੰਦ ਹੈਂ ਤੂੰ।
ਅਰਜ਼ ਖ਼ਾਲਸੇ ਦੀ ਗੁਰੂ ਰਾਮ ਸਿੰਘਾ,
ਸ਼ਰਨ ਪਿਆਂ ਦੀ ਲਾਜ ਰੱਖਿੰਦ ਹੈਂ ਤੂੰ।"

ਕਵੀ ਦੇ ਮੁਤਾਬਿਕ ਸਤਿਗੁਰੂ ਰਾਮ ਸਿੰਘ ਦੁਆਰਾ ਦੱਸੇ ਨਾਮ ਦੇ ਸਿਮਰਨ ਨਾਲ ਅਤੇ ਉਹਨਾਂ ਦੇ ਦਰਸ਼ਨ ਮਾਤਰ ਨਾਲ ਹੀ ਭਵ-ਸਾਗਰ ਤੋਂ ਬੇੜਾ ਪਾਰ ਲਾਇਆ ਜਾ ਸਕਦਾ ਹੈ। ਉਹ ਨਾਮਧਾਰੀ ਸਿੰਘਾਂ ਦੇ ਪ੍ਰਗਟ ਹੋਣ ਨੂੰ ਇਲਾਹੀ ਵਰਦਾਨ ਦੱਸਦਾ ਹੈ। ਖਾਲਸਾ ਜੋ ਹਿੰਦੂ ਤੁਰਕ ਦੋਹਾਂ ਤੋਂ ਨਿਆਰਾ ਹੈ, ਉਸਦੇ ਪ੍ਰਗਟ ਹੋਣ ਤੇ ਮਲੇਛ ਕੌਮ (ਬਰਤਾਨਵੀ ਸ਼ਾਸਕ ਤੇ ਉਹਨਾਂ ਦੀ ਵਫ਼ਾਦਾਰ ਹਿੰਦੂ ਸਿੱਖ ਪਰਜਾ) ਪਰੇਸ਼ਾਨੀ ਮੰਨ ਰਹੀ ਹੈ -

"ਇਕ ਨਗਰ ਭੈਣੀ ਸਤਿਗੁਰਾਂ ਦਾ
ਜਿੱਥੇ ਖਾਲਸਾ ਪੰਥ ਅਟੱਲ ਹੋਸੀ।
ਹਿੰਦੂ ਤੁਰਕ ਤੇ ਖਾਲਸਾ ਪੰਥ ਕੀਤਾ,
ਵੱਡਾ ਕੌਮ ਮਲੇਛ ਨੂੰ ਸੱਲ ਹੋਸੀ।
ਮੰਦਰ ਗਊ ਦੀ ਹੈ ਵੈਰੀ ਬੁੱਚੜਾਂ ਦਾ,
ਸੱਚੇ ਖੰਡ ਹੋ ਖਾਲਸਾ ਘੋਲ ਹੋਸੀ।
ਤੁਰਕ ਰੜਕਦੇ ਨੇਤ੍ਰੀਂ ਮਿਰਚ ਵਾਂਗੂੰ,
ਦਰਦ ਗਊ ਦਾ ਨਾ ਜਦੋਂ ਝੱਲ ਹੋਸੀ।'

ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਾਂਝੇ ਪੰਜਾਬੀ ਰਾਜ ਵਿਚ ਤਕਰੀਬਨ ੬੫ ਵਰ੍ਹੇ ਇੱਥੇ ਗਊ ਕੁਸ਼ੀ ਨਹੀਂ ਹੋਈ ਸੀ। ਵੱਖ ਵੱਖ ਧਰਮਾਂ ਦੇ ਅਨੁਯਾਈਆਂ ਦੇ ਖਾਣ ਪੀਣ ਦੇ ਮਾਮਲੇ ਵਿਚ ਕਥਿਤ ਸੁਤੰਤਰਤਾ ਦੇ ਅਧਿਕਾਰ ਤੋਂ ਬਾਦ ਅੰਗਰੇਜ਼ ਹਾਕਮਾਂ ਨੇ ਪੰਜਾਬ ਵਿਚ ਬੁੱਚੜਖ਼ਾਨੇ ਖੋਹਲ ਦਿੱਤੇ, ਜਿੱਥੇ ਦਿਨ ਦੀਵੀਂ ਗਊ ਘਾਤ ਹੋਣ ਲੱਗ ਪਿਆ। ਪੰਜਾਬ ਦੀ ਖੇਤੀ ਬਾੜੀ ਵੀ ਗਊ ਦੇ ਜਾਏ ਤੇ ਨਿਰਭਰ ਕਰਦੀ ਸੀ। ਥੋਹੜੇ ਸਾਲਾਂ ਬਾਅਦ ਹੀ ਪੰਜਾਬ ਵਿਚ ਖੇਤੀ ਲਈ ਬੈਲ ਮਿਲਣ ਦੀ ਸਮੱਸਿਆ ਕਈ ਜ਼ਿਲ੍ਹਿਆਂ ਵਿਚ ਵਿਕਟ ਰੂਪ ਧਾਰਨ ਕਰ ਗਈ ਜਿਸ ਕਰਕੇ ਉਹਨਾਂ ਇਲਾਕਿਆਂ ਵਿਚ ਸੰਢੇ ਜਾਂ ਸੰਢਾਂ ਨਾਲ ਵੀ ਖੇਤੀ ਕਰਨੀ ਮਜਬੂਰੀ ਬਣ ਗਈ ਤੇ ਬੈਲਾਂ ਦੀ ਥਾਂ ਇਹ ਬਦਲਵਾਂ ਪ੍ਰਬੰਧ ਕਰਨ ਵਾਲੇ ਕਿਸਾਨਾਂ ਦੀ ਖੇਤੀ ਲਾਜ਼ਮੀ ਤੌਰ ਤੇ ਪਛੜਨੀ ਹੀ ਸੀ। ਸੋ ਗਊ ਰੱਖਿਆ ਪੰਜਾਬ ਦੀ ਇਸ ਲੋਕ ਲਹਿਰ ਕੂਕਾ ਅੰਦੋਲਨ ਲਈ ਇਕ ਆਰਥਿਕ ਪ੍ਰੋਗਰਾਮ ਵੀ ਸੀ ਤੇ ਗਊ ਪ੍ਰਤੀ ਭਾਰਤੀ ਮਨ ਵਿਚ ਪੀੜ੍ਹੀਆਂ ਤੋਂ ਵੱਸੇ ਲਗਾਉ ਕਾਰਨ ਇਕ ਧਾਰਮਿਕ ਜਜ਼ਬਾ ਵੀ ਸੀ। ਮੁਗ਼ਲ ਬਾਦਸ਼ਾਹ ਬਾਬਰ ਆਪਣੀ ਸ੍ਵੈਜੀਵਨੀ ਵਿਚ ਆਪਣੇ ਪੁੱਤਰ ਹਿਮਾਯੂੰ ਨੂੰ ਹਿੰਦੁਸਤਾਨ ਵਿਚ ਕਦੇ ਵੀ ਗਊਬੱਧ ਦੀ ਖੁੱਲ੍ਹ ਨਾ ਦੇਣ ਲਈ ਹਦਾਇਤ ਕਰਦਾ ਹੈ; ਕਿਉਂਕਿ ਇਸ ਮੁਲਕ ਦੇ ਬਾਸ਼ਿੰਦੇ ਗਊ ਨੂੰ ਮਾਤਾ ਤੁੱਲ ਪੂਜਨੀਕ ਮੰਨਦੇ ਹਨ। ਅੰਗਰੇਜ਼ ਸਰਕਾਰ ਦੁਆਰਾ ਪੰਜਾਬ ਤੇ ਕਬਜ਼ਾ ਕਰਨ ਬਾਅਦ ਬੁੱਚੜਖ਼ਾਨੇ ਖੋਹਲਣ ਦੀ ਮਨਜ਼ੂਰੀ ਦੇਣ ਪਿੱਛੇ ਇਕ ਤਾਂ ਸਿਵਿਲ ਪ੍ਰਸ਼ਾਸਨ ਅਤੇ ਸੈਨਾ ਵਿਚ ਰਹਿਣ ਵਾਲੇ, ਸਾਰੇ ਅੰਗਰੇਜ਼ਾਂ ਜਾਂ ਯੋਰਪੀਨਾਂ ਦੀਆਂ ਭੋਜਨ ਲੋੜਾਂ ਦੀ ਪੂਰਤੀ ਦਾ ਸੁਆਲ ਸੀ, ਕਿਉਂ ਜੋ ਇਹ ਲੋਕ ਗਊ-ਭਖਸ਼ਕ ਸਨ।

Sri Satguru Jagjit Singh Ji eLibrary NamdhariElibrary@gmail.com

ਦੂਜਾ ਇਹ ਇਕ ਸੋਚਿਆ ਸਮਝਿਆ ਕੂਟਨੀਤਕ ਪੈਂਤੜਾ ਵੀ ਸੀ, ਜਿਸ ਨਾਲ ਪੰਜਾਬੀ ਲੋਕਾਂ ਦੀ ਏਕਤਾ ਨੂੰ ਛਿੰਨ ਭਿੰਨ ਕਰ ਕੇ, ਸਰਕਾਰ ਵਿਰੁੱਧ ਉਠਣ ਵਾਲੇ ਕਿਸੇ ਵੀ ਵਿਰੋਧ ਤੋਂ ਬਚਣਾ ਸੀ, ਨਾਮਧਾਰੀਆਂ ਦੁਆਰਾ ਬੁੱਚੜਖਾਨਿਆਂ ਤੇ ਹਮਲੇ ਦੇ ਰੂਪ ਵਿਚ, ਦਰਅਸਲ ਅੰਗਰੇਜ਼ ਸਰਕਾਰ ਦੀਆਂ ਅਜੇਹੀਆਂ ਕੋਝੀਆਂ ਹਰਕਤਾਂ ਤੇ ਸਾਜਿਸ਼ਾਂ ਉਪਰ ਹੀ ਹਮਲਾ ਸੀ। ਗਾਂ ਖਾਣ ਵਾਲਾ ਜਾਂ ਉਹਨਾਂ ਦਾ ਕੋਈ ਵੀ ਦੇਸੀ ਮੱਦਦਗਾਰ, ਭਾਵੇਂ ਉਹ ਸਿੱਖ ਹੋਵੇ, ਹਿੰਦੂ ਹੋਵੇ ਜਾਂ ਮੁਸਲਮਾਨ, ਨਾਮਧਾਰੀਆਂ ਲਈ ਮਲੇਛ ਸੀ। ਨਾਮਧਾਰੀ ਮੁਸਲਮਾਨਾਂ ਦੇ ਜਾਤੀ ਵਿਰੋਧੀ ਨਹੀਂ ਸਨ। ਜੇ ਅਜੇਹਾ ਹੁੰਦਾ ਤਾਂ ੧੯੪੭ ਈ. ਦੇਸ਼ ਵੰਡ ਸਮੇਂ ਹੋਏ ਘੱਲੂਘਾਰੇ ਸਮੇਂ ਭੈਣ ਦੇ ਇਲਾਕੇ ਦਾ ਇਕ ਵੀ ਮੁਸਲਮਾਨ ਜਿਊਂਦਾ ਪਾਕਿਸਤਾਨ ਨਾ ਜਾਂਦਾ। ਸੋ ਸਾਕਾ ਮਲੇਰ ਕੋਟਲਾ ਅਤੇ ਹੋਰ ਬੁੱਚੜ ਬੱਧ ਦੇ ਨਾਮਧਾਰੀ ਸਾਕਿਆਂ ਦੀ ਪਰਖ ਪੜਚੋਲ ਸਮੇਂ ਇਸ ਨੁਕਤੇ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸਾਡਾ ਕਵੀ ਕਾਹਲਾ ਸਿੰਘ ਮੁਸਲਮਾਨਾਂ ਤੋਂ ਇਲਾਵਾ ਹਿੰਦੂਆਂ ਦੀ ਵੀ ਇਸ ਗੱਲ ਲਈ ਆਲੋਚਨਾ ਕਰਦਾ ਹੈ ਕਿ ਸੰਤ ਖਾਲਸੇ ਦਾ ਨਿਸ਼ਾਨਾ ਤੇ ਬੜਾ ਸਾਫ ਤੇ ਉੱਚਾ ਸੀ ਗਊ ਘਾਤੀਆਂ ਨੂੰ ਸਜ਼ਾ ਦੇ ਕੇ ਇਸਨੂੰ ਖ਼ਤਮ ਕਰਵਾ ਕੇ "ਗਊ-ਗਰੀਬ" ਦੀ ਰੱਖਿਆ ਕਰਨ ਵਾਲਾ ਉਦਾਤ ਮਾਨਵੀ ਸਰੋਕਾਰ, ਪੰਤੂ ਫਿਰ ਵੀ ਜਿਆਦਾਤਰ ਲੋਕਾਂ ਨੇ ਸਰਕਾਰੀ ਅਸਰ ਕਬੂਲਦਿਆਂ, ਨਾਮਧਾਰੀ ਸਿੰਘਾਂ ਦੀਆਂ ਇਹਨਾਂ ਕਾਰਵਾਈਆਂ ਦਾ ਸਾਥ ਤਾਂ ਕੀ ਦੇਣਾ ਸੀ; ਸਗੋਂ ਵਿਰੋਧ ਕੀਤਾ। ਨਾਮਧਾਰੀਆਂ ਦਾ ਨਿਸ਼ਾਨਾ ਸਪਸ਼ਟ ਸੀ:

"ਹਾਹਾ ਹੱਦ ਮਲੇਛ ਨੇ ਤੋੜ ਦਿੱਤੀ,
ਸੰਤ ਖਾਲਸੇ ਨੂੰ ਵੱਡੀ ਰੋਸ ਹੋਈ।
ਲਹਿਣਾ ਸਿੰਘ ਹੀਰਾ ਸਿੰਘ ਸੂਰਮੇ ਜੋ,
ਵੱਡੀ ਧਰਮ ਦੀ ਜਿਨ੍ਹਾਂ ਨੂੰ ਹੋਸ਼ ਹੋਈ।
ਛੁਰੀ ਗਊ ਉਤੇ ਵਗੇ ਖਾਲਸਾ ਜੀ,
ਹਿੰਦੂ ਕਰੇ ਨਾਂਹੀ ਅਫਸੋਸ ਕੋਈ।
ਫੇਨੇ ਠੀਕਰਾ ਤੁਰਕ ਦੇ ਬਾਰ ਜਾ ਕੇ,
ਸਾਨੂੰ ਮਰਦਿਆਂ ਨੂੰ ਨਹੀਂ ਦੋਸ਼ ਕੋਈ।"

ਮਸਤਾਨਾ ਦਲ ਜਦੋਂ ਸ੍ਰੀ ਭੈਣੀ ਸਾਹਿਬ ਵਿਖੇ ਭਵਿਖ ਯੋਜਨਾ ਉਲੀਕਦਾ ਹੈ, ਤਾਂ ਉਸ ਦਾ ਸਫਲ ਚਿਤਰਣ ਭਾਈ ਕਾਹਲਾ ਸਿੰਘ ਜਿਹਾ ਵਧੀਆ ਕਵੀ ਹੀ, ਇਉਂ ਕਰ ਸਕਦਾ ਹੈ – ਕਿਉਂ ਜੁ ਪਰਸੰਗ ਜਿਹਨਾਂ ਸੂਰਬੀਰਾਂ ਦਾ ਹੈ ਉਹਨਾਂ ਤਾਂ ਮਰਨ ਮੰਗਿਆ ਹੈ, ਮੌਤ ਵਰਨ ਜਾਣ ਲਈ ਉਹ ਅਗਾਊਂ ਇਕ ਦੂਜੇ ਨੂੰ ਵਧਾਈਆਂ ਵੀ ਦੇ ਰਹੇ ਹਨ:

"ਖੱਖਾ ਖਾਲਸੇ ਬੈਠ ਸਲਾਹ ਕੀਤੀ,
ਲਿਖਣ ਚਿੱਠੀਆਂ ਨਾਲ ਵਧਾਈਆਂ ਦੇ।
ਅਸੀਂ ਧਰਮ ਉਤੇ ਤੇਗ਼ ਖੜਕਣੀ ਹੈ,
ਧਰਮ ਰੱਖਦੇ ਨੇ ਪੁੱਤਰ ਮਾਈਆਂ ਦੇ।
ਹਿੰਦੂ ਕੋਈ ਨਾ ਏਸ ਵਿਚ ਦਖਲ ਦੇਵੇ,
ਅਸੀਂ ਕੱਟਣੇ ਮੂੰਡ ਕਸਾਈਆਂ ਦੇ।
ਜਹਾਂ ਸਿੰਘ ਸਰਦਾਰ ਜਗੀਰ ਵਾਲੇ,
ਤਹਾਂ ਚਿੱਠੀਆਂ ਲਿਖ ਪਹੁੰਚਾਈਆਂ ਦੇ।"

ਪਰ ਮਸਤਾਨਿਆਂ ਨੂੰ ਕੀ ਪਤਾ ਸੀ ਕਿ ਇਹਨਾਂ ਜਗੀਰਦਾਰਾਂ ਨੇ, ਹੁਣ ਨਵੇਂ ਮਾਲਕਾਂ ਦੀ ਮੱਦਦ ਹੀ ਕਰਨੀ ਹੈ। ਸਤਿਗੁਰੂ ਰਾਮ ਸਿੰਘ ਜੀ ਵੀ ਸਿੰਘਾਂ ਨੂੰ ਕਹਿ ਰਹੇ ਹਨ – 'ਕੋਈ ਛੇੜ ਨਾ ਛੇੜਿਓ ਹੋਰ ਭਾਈ।' ਉਹ ਅਜੇ ਲਹਿਰ ਦੀ ਮੁਕੰਮਲ ਤਿਆਰੀ ਵਿਚ ਜੁੱਟੇ ਹੋਏ ਹਨ ਅਤੇ ਸਮਝਦੇ ਹਨ ਕਿ ਪੰਜਾਬ ਦੀ ਜਨਤਾ ਦਾ ਵਿਆਪਕ ਜਨ-ਸਮਰਥਨ

Sri Satguru Jagjit Singh Ji eLibrary NamdhariElibrary@gmail.com

ਹਾਸਲ ਕਰਕੇ, ਫਰੰਗੀ ਨਾਲ ਵੀ ਸਿੰਝ ਲਵਾਂਗੇ ਅਤੇ ਇਹ ਮਸਲੇ ਵੀ ਹੱਲ ਹੋ ਜਾਣਗੇ। ਪਰ ਸਿਖਾਂ ਨੂੰ ਤਾਂ ਜਿਵੇਂ ਸ਼ਹੀਦੀਆਂ ਦਾ ਚਾਅ ਚੜ੍ਹ ਗਿਆ ਹੈ। ਉਹ ਅਨੰਦ ਦੀ ਇਸ ਅਵਸਥਾ ਵਿਚ ਹੀ ਪਰਮ-ਅਨੰਦ ਨਾਲ ਲੀਨ ਹੋਣ ਲਈ ਕਾਹਲੇ ਪੈ ਰਹੇ ਹਨ। ਉਹ ਸਤਿਗੁਰੂ ਜੀ ਨੂੰ ਕਹਿ ਰਹੇ ਹਨ ਕਿ ਇਹ ਸਭ ਕਰਾਮਾਤ ਤੁਹਾਡੇ ਉਸ ਚੌਅੱਖਰੇ ਭਜਨ ਦੀ ਹੈ ਜੋ ਤੁਸਾਂ ਬਖਸ਼ ਦਿੱਤਾ ਹੈ-

'ਛੇਵਾਂ ਗੁਰੂ ਅੱਗੇ ਸਿਖਾਂ ਅਰਜ਼ ਕੀਤੀ,
ਖੁਸ਼ੀ ਹੋਇਕੇ ਹੁਕਮ ਸੁਣਾਇ ਸਾਨੂੰ।
ਗੋਲਾ ਦਾਰੂ ਦਾ ਸਿੱਟ ਕੇ ਕੰਨ ਬਾਣੀ,
ਦਿਤੀ ਅੱਗ ਅਗੰਮ ਦੀ ਲਾਇ ਸਾਨੂੰ।
ਜਨਮ ਜਨਮ ਦੇ ਵਿੱਛੜੇ ਮੇਲ ਦਿਤੇ,
ਚਾਰ ਅੱਖਰ ਦਾ ਸ਼ਬਦ ਸੁਣਾਇ ਸਾਨੂੰ।
ਕਾਲ੍ਹਾ ਸਿੰਘ ਕੀਤੀ ਅਰਜ਼ ਖਾਲਸੇ ਨੇ,
ਖੁਸ਼ੀ ਹੋਇਕੇ ਬਖਸ਼ ਰਜ਼ਾਇ ਸਾਨੂੰ।'[10]

ਮਸਤਾਨਿਆਂ ਦੇ ਇਹ ਕਹਿਣ ਤੇ ਕਿ 'ਨੌਮੇ ਗੁਰੂ ਨੇ ਸੀਸ ਲਗਾਇ ਦਿੱਤੀ', ਸਤਿਗੁਰੂ ਜੀ ਹੁਣ ਉਹਨਾਂ ਨੂੰ ਹੋਰ ਸਮਝਾਉਣ ਦੀ ਜਾਂ ਰੋਕਣ ਦੀ ਬਜਾਏ "ਜੇਹੜਾ ਹੁਕਮ ਅਕਾਲ ਦਾ ਕਰੋ ਸੋਈ" ਦਾ ਬਚਨ ਕਰਦੇ ਹਨ। ਸਿੱਖ ਸਤਿਗੁਰੂ ਜੀ ਨਾਲ ਵਿਚਾਰ ਵਿਮਰਸ਼ ਕਰਦੇ ਹਨ: "ਕਦੋਂ ਗੁਰੂ ਜੀ ਧਰਮ ਦੀ ਕਾਰ ਚੱਲੇ" ਜਿਸ ਦਾ ਜੁਆਬ ਆਉਂਦਾ ਹੈ "ਮਰੇ ਬਾਝ ਨਾ ਧਰਮ ਦੀ ਕਾਰ ਚੱਲੇ"। ਸ੍ਰੀ ਭੈਣੀ ਸਾਹਿਬ ੧੯੭੨ ਈ. ਦੀ ਮਾਘੀ ਮੇਲੇ ਦੀ ਹਾਜ਼ਰੀ ਸਰਕਾਰੀ ਰਿਪੋਰਟਾਂ ਬਹੁਤ ਘਟਾ ਕੇ ਦੱਸਦੀਆਂ ਹਨ, ਪਰ ਗਿਆਨੀ ਜੀ ਇਸ ਨੂੰ ਕਿਸੇ ਤਰ੍ਹਾਂ ਵੀ ਦਸ ਹਜ਼ਾਰ ਤੋਂ ਘੱਟ ਨਹੀਂ ਮੰਨਦੇ:

"ਭੱਭਾ ਭੀੜ ਸੀ ਸਿਖਾਂ ਦਾ ਬਹੁਤ ਭਾਰਾ,
ਦਸ ਬੀਸ ਹਜ਼ਾਰ ਜੋ ਦਾਨਿਆਂ ਦਾ।
ਪੂਰਾ ਸੌ ਤੇ ਬੀਹਾਂ ਸਿਘ ਅੱਡ ਹੋਇਆ,
ਜੇਹੜਾ ਪੰਥ ਸੀ ਵਿਚ ਦਿਵਾਨਿਆਂ ਦਾ।
ਰੀਠੇ ਘੱਟ ਕੇ ਦੇਗ ਤਿਆਰ ਕੀਤੀ,
ਹੋਯਾ ਹੋਇਆ ਸੀ ਫੇਰ ਮਸਤਾਨਿਆਂ ਦਾ।
ਚੜ੍ਹੇ ਧਰਮ ਸ਼ਹੀਦ ਜਹਾਜ਼ ਉੱਤੇ,
ਨਹੀਂ ਕੰਮ ਇਹ ਕੁਝ ਬਹਾਨਿਆਂ ਦਾ।"[11]

ਇਸ ਦਸ ਵੀਹ ਹਜ਼ਾਰ ਦੇ ਭਾਰੀ ਇਕੱਠ ਵਿਚੋਂ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਲਈ ੧੪੦ ਸਿਖਾਂ ਦੇ ਨਿੱਤਰਨ ਦੀ ਗੱਲ ਹੀ ਸਾਡੇ ਪੁਰਾਤਨ ਇਤਿਹਾਸਕਾਰਾਂ ਅਤੇ ਸਰਕਾਰੀ ਲਿਖਤਾਂ ਵਿਚੋਂ ਮਿਲਦੀ ਹੈ। ਸਿਖਾਂ ਦੀ ਬਹੁਤ ਦਾ ਰੰਗ ਕਵੀ ਕਾਹਲਾ ਸਿੰਘ 'ਸ਼ਾਹ ਮੁਹੰਮਦੀ' ਰੰਗ ਵਿਚ ਹੀ ਪੇਸ਼ ਕਰਦਾ ਹੈ:

"ਵਦਾ ਜਾਇ ਕੇ ਤੇ ਸੱਚੇ ਗੁਰੂ ਕੋਲੋਂ,
ਹੱਥ ਜੋੜ ਕੇ ਸਾਰੇ ਖੁਸ਼ੀ ਮੰਗਦੇ ਜੀ।
ਹੁਕਮ ਹੋਵੇ ਤਾਂ ਧਰਮ ਦੀ ਤੇਗ ਫੜੀਏ,
ਸਿੱਖ ਮਰਨ ਤੇ ਮੂਲ ਨਾ ਸੰਗਦੇ ਜੀ।
ਸਤਿ ਸ੍ਰੀ ਅਕਾਲ ਬੁਲਾਉਣ ਸਾਰੇ,
ਕਮਰ ਕੱਸੇ ਲਗਾਇਕੇ ਜੰਗ ਦੇ ਜੀ।

Sri Satguru Jagjit Singh Ji eLibrary NamdhariElibrary@gmail.com

ਭੈਣੀ ਸਾਹਿਬ ਤੋਂ ਖਾਲਸਾ ਕੂਚ ਹੋਇਆ,
ਵਾਂਗ ਛੁੱਟਿਆ ਕਟਕ ਪਤੰਗ ਦੇ ਜੀ।"[50]

ਮਲੌਦ ਦੇ ਸਰਦਾਰ ਬਦਨ ਸਿੰਘ ਨੇ ਖਾਲਸੇ ਨੂੰ 'ਕੋਈ ਸੇਵਾ ਦੱਸਣ ਦੀਆਂ' ਅਰਜ਼ੋਈਆਂ ਕਈ ਵੇਰ ਕੀਤੀਆਂ ਸਨ। ਹੁਣ ਮਸਤਾਨੇ ਸਿੰਘ ਹਥਿਆਰ ਘੋੜਿਆਂ ਆਦਿ ਦੀ ਸਹਾਇਤਾ ਲੈਣ ਉਸ ਕੋਲ ਅੱਪੜਦੇ ਹਨ। ਪਰ ਅੰਗਰੇਜ਼ ਸਰਕਾਰ ਦੇ ਗੁੱਸੇ ਤੋਂ ਡਰਦਾ, ਸਰਦਾਰ ਅੰਦਰ ਵੜ ਗਿਆ ਮੱਦਦ ਦੇਣ ਸਮੇਂ। ਇਸ ਤੇ ਮਸਤਾਨੀ ਮਾਈ ਇੰਦਰ ਕੌਰ ਦੇ ਮੂੰਹੋਂ ਕਵੀ ਜੀ ਕਹਿਵਾਉਂਦੇ ਹਨ "ਮਾਈ ਆਖਦੀ ਪੁੱਤ ਹੈ ਕੰਜਰੀ ਦਾ, ਤਾਂ ਹੀ ਅਸਾਂ ਦਾ ਨਹੀਂ ਖ਼ਿਆਲ ਕੀਤਾ। ਪਹਿਲੇ ਏਸ ਦੀ ਰੜਕ ਮੁਕਾਇ ਦੇਵੋ, ਬਚਨ ਖਾਲਸੇ ਨੇ ਗੁੱਸੇ ਨਾਲ ਕੀਤਾ।" ਇਥੋਂ ਕੋਈ ਵਿਸ਼ੇਸ਼ ਪ੍ਰਾਪਤੀ ਸਿੰਘਾਂ ਨੂੰ ਨਾ ਹੋਣ ਕਾਰਨ ਕਵੀ ਦੇ ਸ਼ਬਦਾਂ ਵਿਚ:

"ਟਾਣਾ ਛੋਰੀਆਂ ਢਾਹ ਕੇ ਸਿੰਘ ਕਹਿੰਦੇ,
ਕਾਹਨੂੰ ਆਇ ਸੇ ਹਿਰਦ ਦੇ ਜ਼ੋਰ ਉੱਤੇ।
ਘੋੜੇ, ਦੋਮੇਂ ਤਲਵਾਰ ਸੀ ਹੱਥ ਆਈ,
ਚਲੋ ਚਲੀਏ ਪੈਣ ਨਾ ਹੋਰ ਭੁੱਤੇ।"[51]

ਹਿੰਦੂ ਸਿੱਖ ਜਨਤਾ ਦਾ ਇਸ ਮਾਮਲੇ ਵਿਚ ਅਸਹਿਯੋਗ ਮਸਤਾਨੇ ਸਿੰਘਾਂ ਲਈ ਸ਼ਾਇਦ ਅਣਕਿਆਸਿਆ ਸੀ। ਮਲੌਦ ਤੋਂ ਅੱਗੇ ਤੁਰਨ ਵੇਲੇ ਗਿਆਨੀ ਜੀ ਦੇ ਮੁਤਾਬਿਕ ਹੀਰਾ ਸਿੰਘ ਜਥੇਦਾਰ ਦੇ ਲਕੀਰ ਖਿਚਣ ਤੇ ਹੁਣ ਸਿਰਫ਼ ਅੱਸੀ ਸਿੰਘ ਹੀ ਅੱਗੇ ਜਾਂਦੇ ਹਨ। ਇਹ ਘਟਨਾ ਦੱਸਦੀ ਹੈ ਕਿ ਸ਼ੌਕ ਵਜੋਂ ਜਥੇ ਵਿਚ ਰਲੇ ਝੂਠੇ ਮਸਤਾਨੇ ਝੁਕਰਮੀ ਲੋਕ ਵੀ ਸਨ ਤੇ ਉਹ ਹੀ ਇੱਥੇ ਖਾਲਸੇ ਦਾ ਸਾਥ ਛੱਡ ਗਏ। "ਜਿਹਨਾਂ ਵੇਲੀਆਂ ਵੇਲ ਦੀ ਲਈ ਸਿੱਖੀ, ਗਏ ਖਾਲਸੇ ਦਾ ਛੱਡ ਸੀਰ ਓਦੀ।" ਇਸ ਲੜਾਈ ਵਿਚ ਜੋ ਮਲੇਰਕੋਟਲੇ ਹੋਈ, ਕੂਕੇ ਮਸਤਾਨੇ ਸਾਧਾਰਨ ਹਥਿਆਰਾਂ ਨਾਲ ਲੜੇ। ਕਵੀ ਜੀ ਦੇ ਦੱਸਣ ਮੁਤਾਬਿਕ ਕਈ ਸਿੰਘ ਬੇਹਥਿਆਰੇ ਹੀ ਲੜ ਰਹੇ ਸਨ। ਜੇ ਸਥਾਨਕ ਵੱਸੋਂ ਦਾ ਇਕ ਭਾਈਚਾਰਾ ਵੀ ਉਹਨਾਂ ਦੀ ਮਦਦ ਕਰ ਦਿੰਦਾ ਤਾਂ ਸ਼ਾਇਦ ਉਹ ਸਫਲ ਹੋ ਜਾਂਦੇ। ਇੱਕ ਇੱਕ ਸਿੰਘ ਨੇ ਵੀਹ ਵੀਹ ਭੁੱਚਰਾਂ ਨੂੰ ਅੱਗੇ ਲਾ ਲਿਆ-

"ਨਨਾ ਨਾਸ ਮਲੇਛ ਦਾ ਬਹੁਤ ਕੀਤਾ,
ਬਰੇ ਇਕ ਮੁਰਕੇ ਬੀਸ ਲੱਠ ਕੇ ਜੀ।
ਕਿਸੇ ਕੋਲ ਛੋਹੀ, ਸਫਾ ਜੰਗ ਚੱਕਰ,
ਕੋਈ ਮਾਰਦਾ ਹੈ ਮੁੱਕਾ ਝਟਕੇ ਜੀ।
ਕੋਈ ਮਾਰਦਾ ਝੋਲ ਉਭਾਰਕੇ ਤੇ,
ਕੋਈ ਸਿੱਟਦਾ ਤੁਰਕ ਨੂੰ ਵੱਟਕੇ ਜੀ।
ਮਦਤ ਕਰੀ ਮਲੇਛ ਦੀ ਹਿੰਦੂਆਂ ਨੇ,
ਸਿੰਘ ਬੀਜ ਹੋਏ ਨਹੀਂ ਪੱਟਕੇ ਜੀ।"[52]

ਇਕ ਤੁਰਕ (ਸਮੁੰਦ ਖਾਨ ਪਠਾਣ) ਦੇ ਹੀਰਾ ਸਿੰਘ ਹੱਥੋਂ ਮਾਰੇ ਜਾਣ ਦਾ ਵੀ ਜ਼ਿਕਰ ਹੈ। ਸਿੰਘਾਂ ਨੇ ਮਲੇਰਕੋਟਲੇ ਦੇ ਹੱਲੇ ਤੋਂ ਬਾਅਦ ਰੜ ਪਿੰਡ ਵਿਚ ਕਿਆਮ ਕੀਤਾ। ਇੱਥੇ ਹੀ ਸ਼ੇਰਪੁਰ ਦੀ ਪੁਲੀਸ ਦੁਆਰਾ ਲੰਗਰ ਛਕਾਉਣ ਦੇ ਬਹਾਨੇ, ਮੁਖ਼ਬਰਾਂ ਨੇ ਧੋਖੇ ਨਾਲ ਪੰਜ-ਪੰਜ ਸਿੰਘ ਅੰਦਰ ਲਿਜਾ ਕੇ ਬੇੜੀਆਂ ਲਾ ਦਿੱਤੀਆਂ। ਭਾਵੇਂ ਨਿਰਪੱਖ ਇਤਿਹਾਸਕਾਰ ਇਸ ਮੱਤ ਦੇ ਹਨ ਕਿ ਕੂਕੇ ਸਿੰਘਾਂ ਨੇ ਆਤਮ ਸਮਰਪਣ ਕੀਤਾ ਸੀ। ਕਵੀ ਲਿਖਦਾ ਹੈ ਕਿ ਸ਼ਹੀਦ ਤਾਂ ਸਾਰੇ ਭਜਨ ਬੰਦਗੀ ਕਰਨ ਵਾਲੇ ਹਨ, ਪਰ ਮੁਖ਼ਬਰ ਅੱਜ ਲੋਕਾਂ ਵਿਚ ਕੁੱਤਿਆਂ ਵਾਂਗ ਦੁਰਕਾਰੇ ਜਾ ਰਹੇ ਹਨ। ਹਿੰਦੂ ਭਾਈਚਾਰੇ ਦੀ ਇਸ ਕੂਕਾ ਕਾਜ ਪ੍ਰਤੀ ਠੰਢੀ ਪਹੁੰਚ ਬਾਰੇ ਸਾਡਾ ਕਵੀ ਇਕ ਤੋਂ ਵੱਧ ਵਾਰ ਅਫ਼ਸੋਸ ਪ੍ਰਗਟ ਕਰਦਾ ਹੈ: 'ਸਿੰਘਾਂ ਗਊ ਦੇ ਵਾਸਤੇ ਉਜਰ ਕੀਤਾ, ਵੈਰੀ ਹਿੰਦੂਆਂ ਨੂੰ ਨਜ਼ਰ ਆਉਣ ਲੱਗਾ' ਕਵੀ ਲਿਖਦਾ ਹੈ ਸਿੰਘਾਂ

Sri Satguru Jagjit Singh Ji eLibrary NamdhariElibrary@gmail.com

ਦੀ ਗ੍ਰਿਫ਼ਤਾਰੀ ਤੇ ਹਿੰਦੂ-ਮੁਸਲਮਾਨ (ਸਮੇਤ ਸਰਕਾਰ ਪ੍ਰਸਤ ਸਿੱਖਾਂ ਦੇ) ਸ਼ੁਕਰ ਮਨਾ ਰਹੇ ਸਨ। ਅੰਗਰੇਜ਼ ਦੇ ਪਾਸ ਅਦਲ-ਇਨਸਾਫ਼ ਨਹੀਂ, ਜ਼ੋਰ-ਜ਼ੁਲਮ ਹੀ ਹੈ। ਇਸ ਮੌਕੇ ਨਾਭਾ ਪਟਿਆਲਾ ਆਦਿ ਸਿਖ ਰਿਆਸਤਾਂ ਦੇ ਤੋਪਖਾਨੇ ਲੈ ਕੇ ਕੂਕਿਆਂ ਨੂੰ ਸ਼ਹੀਦ ਕਰਨ ਆਏ ਸਿੱਖ ਫ਼ੌਜੀਆਂ ਨਾਲ ਭਾਈ ਜੀ ਨੇ ਸੁਹਣਾ ਸੰਵਾਦ ਰਚਾਇਆ ਹੈ। ਇਹ ਵੀ ਕਿਹਾ ਹੈ ਕਿ ਉਹ ਹੁਣ ਭਾਵੇਂ ਆਪਣੀ ਮੌਜ ਦੇ ਮਾਲਕ ਹਨ, ਪਰ ਇਕ ਦਿਨ ਮਲੇਛਾਂ ਸਮੇਤ ਉਹਨਾਂ ਨੂੰ, ਇਸ ਕਾਰੇ ਲਈ ਸ਼ਰਮਸ਼ਾਰ ਜ਼ਰੂਰ ਹੋਣਾ ਪਵੇਗਾ:

"ਰਾਰਾ ਰੰਗ ਵਟਾਏ ਕਿਉਂ ਖਾਲਸਾ ਜੀ,
ਤੁਸੀਂ ਸਿਘ ਸਰਦਾਰ ਦੀ ਫ਼ੌਜ ਦੇ ਹੋ।
ਲਾਹਿ ਕਾਲੀਆਂ ਵਰਦੀਆਂ ਦੂਰ ਦੇਵੋ,
ਤੁਸੀਂ ਚਿੱਟੀਆਂ ਦੇ ਨਾਲ ਸੋਂਜਦੇ ਹੋ।
ਤੋਪਾਂ ਚੱਕੀ ਆਏ ਸਾਡੇ ਮਾਰਨੇ ਨੂੰ,
ਕਾਹਨੂੰ ਵਿਚ ਹਿੰਦ-ਰੈਣ ਦੇ ਖਜਦੇ ਹੋ।
ਪੱਛੋਤਾਓ ਮਲੇਛ ਦੇ ਨਾਲ ਰਲਕੇ,
ਤੁਸੀਂ ਮਾਲਕੀ ਆਪਣੀ ਮੌਜਦੇ ਹੋ।"[13]

ਸਿਘ ਬੜੇ ਹੌਂਸਲੇ ਨਾਲ ਸ਼ਹੀਦ ਹੁੰਦੇ ਹਨ। ਜਮਾਲਪੁਰ ਪਿੰਡ ਦੇ ਨੇੜੇ ਜਿੱਥੇ ਮਲੇਛਾਂ ਨੇ ਤੋਪਖ਼ਾਨਾ ਜੋੜਿਆ ਹੈ। ਪਰ ਸਿੱਖਾਂ ਦੀ ਇਸ ਬਹਾਦਰ ਨਾਲ ਮਲੇਛ ਭਾਵ ਅੰਗਰੇਜ਼ ਸਰਕਾਰ ਨੂੰ ਪੱਕਾ ਰੰਗ ਲਾ ਦਿੱਤਾ ਗਿਆ ਹੈ। ਗੁਰੂ ਨੂੰ ਆਪਣੇ ਸਿੱਖਾਂ ਤੋਂ ਇਹੋ ਉਮੀਦ ਸੀ ਕਿ ਉਹ ਸੀਸ ਦੇ ਕੇ ਆਪਣੇ ਪਿਤਾ-ਪੁਰਖੀ ਧਰਮ ਤੇ ਪੂਰੇ ਉਤਰ ਜਾਣ। ਕਾਹਲਾ ਸਿਘ ਅਨੁਸਾਰ ਸਤਿਗੁਰੂ ਦੀ ਕ੍ਰਿਪਾ ਨਾਲ ਨਰਕਾਂ ਵਿਚ ਜਾਣ ਵਾਲੇ ਜੀਵ ਵੀ ਹੁਣ ਬੈਕੁੰਠ ਵਿਚ ਪਹੁੰਚ ਰਹੇ ਹਨ। ਸਤਿਗੁਰੂ ਰਾਮ ਸਿਘ ਸੱਚੇ ਪਾਤਸ਼ਾਹ ਨੇ ਜਮਡੰਡ ਦਾ ਤਰਾਸ ਮਿਟਾ ਦਿਤਾ ਹੈ। ਹਰ ਤਰ੍ਹਾਂ ਦੀ ਈਰਖਾ ਬਖੀਲੀ ਅਤੇ ਜਨਮ ਕਰਮਾਂ ਦੇ ਰੋਗ ਮਿਟ ਗਏ ਹਨ। ਭੁੱਲੀ ਭਟਕੀ ਲੋਕਾਈ ਨੂੰ ਸੱਚੇ ਗੁਰੂ ਦੇ ਰੂਪ ਵਿਚ ਸਤਿਗੁਰੂ ਜੀ ਨੇ ਆਪਣੀ ਸੰਗਤ ਨੂੰ ਜਿਹੜਾ ਭਜਨ ਬਖ਼ਸ਼ਿਆ ਹੈ, ਉਹ ਸਿਰਫ਼ ਸ਼ਾਂਤਮਈ ਦਾ ਭਜਨ ਨਹੀਂ, ਸਗੋਂ ਪੁਰਾਤਨ ਸਿੱਖਾਂ ਦੀ ਪਰੰਪਰਾ ਦੇ ਮੁਤਾਬਿਕ "ਜੂਝਣ ਕੋ ਦਾਉ" ਵਾਲਾ ਜੋਗੀ ਭਜਨ ਹੈ, ਜਿਸਨੂੰ ਸੁਣਕੇ ਗੁਰੂ ਦੇ ਸਿੱਖ ਹਰ ਬਿਪਤਾ ਦਾ, ਖਿੜੇ ਮੱਥੇ ਸੁਆਗਤ ਕਰਕੇ, ਆਪਾ ਵਾਰਨ ਲਈ, ਸਦੈਵ ਤਤਪਰ ਰਹਿੰਦੇ ਹਨ। ਖਾਲਸੇ ਦੀ ਰਹਿਤ ਮਰਿਆਦਾ ਵੀ ਸੈਨਿਕਾਂ ਵਾਲੀ ਹੈ। ਸਤਿਗੁਰੂ ਜੀ ਖ਼ੁਦ ਸੈਨਿਕ ਸਨ। ਗੁਰੂ ਦਾ ਤਿਆਰ-ਬਰ-ਤਿਆਰ ਖਾਲਸਾ ਜਿਸ ਤਾਰੇ ਚੜ੍ਹੇ ਹਾਲੀਆਂ ਦੇ ਹਲ ਜੋੜਣ ਤੋਂ ਪਹਿਲਾਂ ਹੀ ਇਸ਼ਨਾਨ ਸੋਧ ਲੈਣਾ ਹੈ ਤੇ ਫਿਰ ਆਪਣੀਆਂ ਧਾਰਮਕ ਰਹੁ ਰੀਤਾਂ ਨਿਭਾਅ ਕੇ, ਉਹ ਬਾਕੀ ਸ੍ਰਿਸ਼ਟੀ ਦੇ ਉੱਠਣ ਤੋਂ ਪਹਿਲਾਂ ਹੀ, ਆਪਣੇ ਕਾਰਜਾਂ ਨੂੰ ਸਰੰਜਾਮ ਦੇਣ ਲਈ ਕਮਰ ਕੱਸੇ ਕਰੀ ਖੜ੍ਹਾ ਹੈ। ਮਹਾਰਾਜਾ ਦਲੀਪ ਸਿੰਘ, ਅੰਤਿਮ ਸਿੱਖ ਮਹਾਰਾਜਾ, ਰੂਸ ਪਾਸ ਅੰਗ੍ਰੇਜ਼ਾਂ ਵਿਰੁਧ ਸਹਾਇਤਾ ਲੈਣ ਜਾਂਦਾ ਹੈ, ੧੮੮੬ ਈ. ਦੇ ਨੇੜੇ ਤੇੜੇ। ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਜੀ ਵੀ ਉਸਦੀ ਸਹਾਇਤਾ ਲਈ ਰੂਸ ਨਾਲ ਕੂਕਿਆਂ ਦੇ ਸੰਬੰਧ ਜੋੜਨ ਲਈ ਤਤਪਰ ਹਨ। ਸਾਡੇ ਕਵੀ ਨੂੰ ਇਹਨਾਂ ਕੂਟਨੀਤਿਕ ਵਰਤਾਰਿਆਂ ਦਾ ਵੀ ਭਾਸ ਹੈ ਅਤੇ ਇਹ ਵੀ ਮਾਲੂਮ ਹੁੰਦਾ ਹੈ ਕਿ ਉਹਨਾਂ ਦੀ ਇਹ ਵੱਡਮੁੱਲੀ ਰਚਨਾ ੧੮੯੦ ਈ. ਲਾਗੇ ਚਾਗੇ ਲਿਖੀ ਗਈ ਹੈ। ਕਾਹਲਾ ਸਿੰਘ ਦੀਆਂ ਇਹ ਦੋ ਤੁਕਾਂ ਮਹੱਤਵਪੂਰਨ ਹਨ –

"ਜੋਗੀ ਭਜਨ ਤੇ ਰਹਿਤ ਹੈ ਜੋਗੀਆਂ ਦੀ,
ਸੋ ਭੀ ਰੂਸ ਫ਼ਰੰਗ ਦਾ ਯਾਰ ਹੋਇਆ।
ਸ਼ਰਨ ਪਿਆਂ ਨੂੰ ਬਖ਼ਸ਼ਣਾ ਮਿਹਰਵਾਨਾਂ,
ਸਤਿਗੁਰੂ ਬਖਸ਼ਿੰਦਗੀ ਹਾਰ ਹੋਇਆ।"[14]

Sri Satguru Jagjit Singh Ji eLibrary NamdhariElibrary@gmail.com

ਕਾਹਲਾ ਸਿੰਘ ਹੋਰਾਂ ਦੇ ਸਮੇਂ ਅੰਗਰੇਜ਼ ਪੰਜਾਬ ਵਿਚ ਆਪਣੀ ਸੱਤਾ ਨੂੰ ਸਥਾਪਿਤ ਕਰ ਚੁੱਕੇ ਸਨ। ਉਹ ਨਹਿਰਾਂ, ਰੇਲਾਂ, ਸੜਕਾਂ ਦੀ ਉਸਾਰੀ ਕਰ ਰਹੇ ਸਨ। ਇਸੇ ਲਈ ਪੱਕੀ ਸੜਕ ਦੇ ਮੁਕਾਬਲੇ ਸਾਡਾ ਕਵੀ ਸਾਨੂੰ "ਨਾਮ ਰੂਪੀ ਸੜਕ ਬੰਨ੍ਹਣ" ਦਾ ਬਿੰਬ ਵਿਖਾਲਦਾ ਹੈ ਜਿਸ ਵਿਚ ਅਲੰਕ੍ਰਿਤ ਭਾਸ਼ਾ ਅਤੇ ਕਾਵਿ ਦਾ ਆਪਣਾ ਕਮਾਲ ਪੇਸ਼ ਕੀਤਾ ਹੈ ਅਤੇ ਪ੍ਰਕਿਰਤੀ ਚਿਤਰਣ ਦਾ ਸਹਾਰਾ ਵੀ ਲਿਆ ਗਿਆ ਹੈ -

"ਸਿੱਖੀ ਤੋਰੀ ਹੈ ਨਧੜਕ; ਬੱਧੀ ਨਾਮ ਦੀ ਸੜਕ,
ਪੈਂਦੀ ਬਰਖਾ ਵਾਂਗੂੰ ਧਮਕ; ਜਿਥੇ ਸ਼ਬਦ ਮਿਲ ਗਾਉਂਦਾ।
ਕੜਾ ਕੱਛ ਤੇ ਕਿਰਪਾਨ; ਸਣੇ ਕੇਸੀ ਇਸ਼ਨਾਨ,
ਧਰਨਾ ਸਤਿਗੁਰਾਂ ਦਾ ਧਿਆਨ; ਹੋਰ ਆਸਰਾ ਹਟਾਉਂਦਾ।
ਜਿਹੜੀ ਮੀਆਂ ਦੀ ਮਸੀਤ; ਓਹਦੀ ਕਰਦੇ ਨਾ ਪ੍ਰਤੀਤ,
ਛੱਡ ਪੱਥਰਾਂ ਦੀ ਪੂਜਾ; ਦੇਹਰਾ ਸੱਚ ਦਾ ਬਣਾਉਂਦਾ।
ਜਿੱਥੇ ਖਾਲਸੇ ਦਾ ਸਾਹਾ; ਨਹੀਂ ਬਾਮ੍ਹਣਾਂ ਨੂੰ ਲਾਹਾ,
ਘਰ ਹੋਣ ਜੇ ਸਕਤ; ਮੇਲਾ ਖਾਲਸੇ ਦਾ ਲਾਉਂਦਾ।"[17]

ਬਾਬਾ ਕਾਹਲਾ ਸਿੰਘ ਜੀ ਦੀ ਇਸ ਸਾਕੇ ਦੀ ਜਾਣਕਾਰੀ ਦਾ ਸਰੋਤ ਮਲੇਰਕੋਟਲੇ ਦੇ ਸ਼ਹੀਦੀ ਜਥੇ ਵਿਚ ਸ਼ਾਮਲ ਦੋ ਮਾਈਆਂ ਖੇਮ ਕੌਰ ਤੇ ਇੰਦ ਕੌਰ ਵਿਚੋਂ ਮਾਈ ਇੰਦ ਕੌਰ ਸੀ। "ਬਾਬਾ ਜੀ ਦੇ ਸਪੁੱਤ੍ਰ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੇ ਲਿਖਣ ਅਨੁਸਾਰ ਮਾਈ ਇੰਦ ਕੌਰ ਨੇ ਸਾਰੇ ਹਾਲਾਤ ਬਾਬਾ ਜੀ ਨੂੰ ੧੯੪੨ ਬਿਕ੍ਰਮੀ ਵਿਚ ਉਨ੍ਹਾਂ ਦੇ ਪਿੰਡ ਨੰਗਲ ਖੁਰਦ ਜਾ ਕੇ ਦੱਸੇ ਸਨ। ਨਾਲ ਹੀ ਇਕ ਖੰਡਾ, ਦੋ ਸਲੋਤਰ, ਇਕ ਸਵਾ ਜੋੜਾ ਸ਼ਹੀਦ ਲਹਿਣਾ ਸਿੰਘ ਦਾ ਬਾਬਾ ਜੀ ਨੂੰ ਦਿਤਾ ਸੀ। ਇਕ ਸਲੋਤਰ ਸਰਦਾਰ ਹੀਰਾ ਸਿੰਘ ਸ਼ਹੀਦ ਦਾ ਸੀ। ਬਾਬਾ ਜੀ ਦਾ ਇਕਬਾਲ ਹੈ:

"ਕੌਲਰ ਕੋਟਲੇ ਵਿਚ ਗੁਰੂ ਰਾਮ ਸਿੰਘ ਜੀ।
ਸ਼ਹੀਦ ਸਿੰਘਾਂ ਨੂੰ ਦਿਤਾ ਦੀਦਾਰ ਹੈ ਜੀ।
ਮਾਈ ਇੰਦ ਕੌਰ ਦੱਸਿਆ ਦਾਸ ਤਾਈਂ,
ਤਾਂ ਹੀ ਲਿਖਿਆ ਕਲਮ ਪਸਾਰ ਹੈ ਜੀ।"[18]

ਸਤਿਗੁਰੂ ਜੀ ਦੇ ਇਹ 'ਇਲਾਹੀ ਦਰਸ਼ਨ' ਸ਼ਹੀਦ ਸਿੰਘ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸਨ। ਉਂਝ ਇਸ ਦਿਨ ਸਤਿਗੁਰੂ ਜੀ ਮਲੇਰਕੋਟਲੇ ਦੇ ਇਸ ਰੱਕੜ ਜਮਾਲਪੁਰ ਵਾਲੇ ਦੇ ਲਾਗੇ ਹੀ ਸਿਆਹੜ ਪਿੰਡ ਵਿਚ ਬਿਰਾਜ ਰਹੇ ਸਨ।

੧੯ ਜਨਵਰੀ ੧੮੭੨ ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਮਲੇਰਕੋਟਲੇ ਦੇ ਸਾਕੇ ਦੇ ਬਹਾਨੇ ੧੮੧੮ ਈ. ਦੇ ਬੰਗਾਲ ਰੈਗੂਲੇਸ਼ਨ III। ਦੇ ਤਹਿਤ ਦੇਸ਼ ਬਦਰ ਕਰ ਦਿਤਾ ਗਿਆ। ਪਹਿਲਾਂ ਪੌਣੇ ਕੁ ਦੋ ਮਹੀਨੇ ਉਹਨਾਂ ਨੂੰ ਪ੍ਰਯਾਗ ਰਾਜ ਦੇ ਕਿਲ੍ਹੇ (ਇਲਾਹਾਬਾਦ) ਵਿਚ, ਫਿਰ ਬ੍ਰਹਮਾ ਦੇਸ਼ ਦੀ ਰਾਜਧਾਨੀ ਰੰਗੂਨ ਵਿਚ ਅਤੇ ਮੁੜ ਮਰਗੋਈ ਟਾਪੂ ਵਿਚ ਰੱਖਿਆ ਗਿਆ। ਉਹਨਾਂ ਦੀ ਨਜ਼ਰਬੰਦੀ ਦਾ ਸਮਾਂ ੧੪ ਕੁ ਸਾਲ ਹੈ। ਫਿਰ ਉਹ ਆਪਣੀ ਰਜ਼ਾਅ ਵਿਚ ਕਿਤੇ ਚਲੇ ਗਏ ਹਨ। ਪੰਜਾਬ ਦੀ ਨਾਮਧਾਰੀ ਸੰਗਤ ਨੂੰ ਉਹ ਇਸੇ ਦੇਹ ਵਿਚ ਮੁੜ ਆਉਣ ਦਾ ਦਿਲਾਸਾ ਦੇ ਕੇ ਗਏ ਹਨ। ਸੋ ਨਾਮਧਾਰੀ ਸੰਗਤ ਲਈ ਪ੍ਰਾਣ ਪਿਆਰੇ ਸਤਿਗੁਰੂ ਜੀ ਦਾ ਬਿਰਹਾ ਤਾਂ ਇਤਿਹਾਸਕ ਹੋ ਨਿੱਬੜਿਆ ਹੈ। ਨਾਮਧਾਰੀਆਂ ਦੀਆਂ ਕਈ ਪੀੜ੍ਹੀਆਂ ਉਸ ਪ੍ਰਦੇਸੀ ਪ੍ਰੀਤਮ ਦੀ ਵਾਪਸੀ ਨੂੰ ਉਡੀਕਦਿਆਂ, ਹੌਕੇ ਹਾਵੇ ਭਰਦਿਆਂ ਪਰਵਾਨ ਚੜ੍ਹੀਆਂ ਹਨ। ਗੁਰੂ ਵਿਛੋੜੇ ਤੋਂ ਵੱਡਾ ਉਹਨਾਂ ਲਈ ਹੋਰ ਕੋਈ ਦੁੱਖ ਨਹੀਂ ਅਤੇ ਸਤਿਗੁਰੂ ਦਰਸ਼ਨਾਂ ਤੋਂ ਵਧ ਕੇ ਕੋਈ ਸੁਖ ਨਹੀਂ। ਇਹਨਾਂ ਪ੍ਰੇਮੀ ਹਿਰਦਿਆਂ ਦੀ ਵੇਦਨਾ ਦਾ ਪ੍ਰਗਟਾਵਾ ਸ੍ਰੀ ਸਤਿਗੁਰੂ ਅਤੇ ਸਿੱਖਾਂ ਦੇ ਇਸ ਦੁਵੱਲੀ ਰਿਸ਼ਤੇ ਦੀ ਤਰਜਮਾਨੀ ਕਰਨ ਲਈ, ਅਨੇਕ ਨਾਮਧਾਰੀ ਸਿੰਘ ਸਰਕਾਰ ਅੰਗ੍ਰੇਜ਼ੀ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਰੰਗੂਨ ਅਤੇ

Sri Satguru Jagjit Singh Ji eLibrary NamdhariElibrary@gmail.com

ਮਰਗੋਈ ਪੁੱਜੇ। ਆਪਣੀਆਂ ਅਰਦਾਸਾਂ ਸਤਿਗੁਰੂ ਜੀ ਤੱਕ ਪਹੁੰਚਾਈਆਂ ਤੇ ਉਹਨਾਂ ਦੇ ਹੁਕਮਨਾਮੇ ਆਪਣੇ ਅਤੇ ਪੰਜਾਬ ਦੀ ਸੰਗਤ ਦੇ ਨਾਮ ਲੈ ਕੇ ਵਾਪਸ ਆਉਂਦੇ। ਇਸ ਅਲੌਕਿਕ ਵਿਛੋੜੇ ਦਾ ਚਿਤਰਣ ਨਾਮਧਾਰੀ ਕਵੀਆਂ ਦੁਆਰਾ ਰਚਿਤ ਬ੍ਰਿਹਾ ਕਾਵਿ, ਬਾਰਾਂ ਮਾਹ ਵਿਚ ਮਿਲਦਾ ਹੈ। ਭਾਈ ਚੰਦਾ ਸਿੰਘ, ਭਾਈ ਨਿਹਾਲ ਸਿੰਘ ਅਤੇ ਭਾਈ ਕਾਹਲਾ ਸਿੰਘ ਹੋਰਾਂ ਦੇ ਬਾਰਾਂ ਮਾਹ ਬਹੁਤ ਪ੍ਰਸਿੱਧ ਹੋਏ ਹਨ। ਇਹਨਾਂ ਵਿਚ ਸਤਿਗੁਰੂ ਦਰਸ਼ਨਾਂ ਦੀਆਂ ਪੌਦੀਆਂ ਕਸਕਾਂ ਵੀ ਹਨ ਅਤੇ ਸੰਖੇਪ ਵਿਚ ਨਾਮਧਾਰੀਆਂ ਦੇ ਇਤਿਹਾਸ, ਸੱਭਿਆਚਾਰ ਅਤੇ ਸੰਸਕ੍ਰਿਤੀ ਦੇ ਹਵਾਲਿਆਂ ਦੀਆਂ ਛੋਹਾਂ ਵੀ ਮਿਲਦੀਆਂ ਹਨ। ਹੇਠਾਂ ਅਸੀਂ ਆਪਣੇ ਉਪਰੋਕਤ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਕਾਹਲਾ ਸਿੰਘ ਹੋਰਾਂ ਦੇ ਬਾਰਾਂ ਮਾਹ ਦੇ ਕੁਝ ਅੰਸ਼ ਪੇਸ਼ ਕਰਦੇ ਹਾਂ:

"ਵਿਸਾਖ ਵਿਸਾਰਿਆ ਨਾਮ ਜਿਨ੍ਹਾਂ ਨੂੰ
ਰਾਹ ਅਵੱਲੜੇ ਜਾਂਦੇ ਨੇ।
ਦੇਵੀ ਦੇਵਤੇ ਪੂਜਣ ਵਾਲੇ ਦਰ ਦਰ ਚੋਟਾਂ ਖਾਂਦੇ ਨੇ।
ਮੜ੍ਹੀ, ਮਸਾਣੀ, ਗੁੱਗਾ, ਭੈਰੋਂ, ਪੂਜ ਨਰਕ ਨੂੰ ਜਾਂਦੇ ਨੇ।
ਗੁਰੂ ਰਾਮ ਸਿੰਘ ਨਾਮ ਜਪਾ ਕੇ ਨਰਕ ਵਿਚੋਂ ਕੱਢ ਲਿਆਂਦੇ ਨੇ।
... ...
"ਹਾੜ੍ਹ ਹੁਕਮ ਕਰ ਰਹਿਤ ਦਖਾਈ,
ਪੰਥ ਗੁਰਾਂ ਦਾ ਸੱਚਾ ਜੀ।
ਕੰਨ ਵਿਚ ਭਜਨ ਸੁਣਾਉਂਦੇ ਸਤਿਗੁਰ,
ਝੂਠ ਨਾ ਬੋਲਣ ਔਖਾ ਜੀ।
ਚੋਰੀ ਯਾਰੀ ਠੱਗੀ ਛੱਡਣੀ,
ਨਿੰਦਾ ਕੰਮ ਉਚੱਕਾ ਜੀ।
ਗੁਰੂ ਮੰਤ ਨੂੰ ਧਾਰਨ ਕਰਨਾ,
ਰਹੀਂ ਨਾਮ ਵਿਚ ਰੱਤਾ ਜੀ।"
... ...
"ਅੱਸੂ ਅਕਸਰ ਲੋਕ ਕੁਸੰਗੀ
ਨਿੰਦਾ ਗੁਰਾਂ ਦੀ ਕਰਦੇ ਨੇ।
ਗੁਰੂ ਰਾਮ ਸਿੰਘ ਪੰਥ ਚਲਾਇਆ,
ਧਰਮੋ ਕਦੇ ਨਾ ਟਲਦੇ ਨੇ।
ਬ੍ਰਾਹਮਣ ਕੂਮ ਫ਼ਕੀਰ ਪੁਜਾਰੀ
ਵੇਖ ਸਿੰਘਾਂ ਨੂੰ ਸੜਦੇ ਨੇ।
ਆਖਣ ਗੰਗਾ ਫੁੱਲ ਨਾ ਪਾਵਣ,
ਮੋਹਣੇ ਦੇ ਕੌ ਲੜਦੇ ਨੇ।"[14]

ਆਪਣੇ ਬਾਰਾਂ ਮਾਹ ਵਿਚ ਭਾਈ ਕਾਹਲਾ ਸਿੰਘ, ਉਸ ਭਿਆਨਕ ਸਮੇਂ ਦਾ ਵੀ ਜ਼ਿਕਰ ਕਰਦਾ ਹੈ, ਜਦੋਂ ਪੰਜਾਬ ਵਿਚ ਰਾਜ ਸੱਤਾ ਅਤੇ ਸਿੱਖ ਤਖ਼ਤਾਂ ਦੇ ਪੁਜਾਰੀਆਂ ਦੀ ਪ੍ਰਚਲਤ ਧਰਮ ਸੱਤਾ, ਸਮੇਤ ਰਾਜੇ ਰਈਸ ਰਜਵਾੜੇ, ਸਾਹੂਕਾਰ, ਸੇਠ, ਜਗੀਰਦਾਰ ਅਤੇ ਲੋਕਾਂ ਦੇ ਸਿਰੋਂ ਧਾਰਮਿਕ ਕ੍ਰਿਆਵਾਂ ਕਰਕੇ ਰੋਟੀ ਖਾਣ ਵਾਲੇ ਪੁਰੋਹਿਤ, ਮੌਲਵੀ ਆਦਿ ਸਾਰੇ ਸਮੁਦਾਇ, ਕੂਕਿਆਂ ਦੇ ਜਾਨੀ ਵੈਰੀ ਬਣ ਖਲੋਤੇ ਸਨ। ਕਿਸੇ ਨੂੰ ਕੌਮੀ, ਮੁਲਕੀ ਜਾਂ ਸਮੁਦਾਇਕ,

Sri Satguru Jagjit Singh Ji eLibrary NamdhariElibrary@gmail.com

ਧਾਰਮਿਕ ਮੁੱਖ ਧਾਰਾ ਵਿਚੋਂ ਨਿਖੇੜ ਦੇਣਾ ਵੀ ਇਕ ਸਜ਼ਾ ਹੁੰਦੀ ਹੈ, ਤੇ ਇਹ ਸਜ਼ਾ ਕੂਕਿਆਂ ਨੇ ਵੱਡੇ ਜੇਰੇ ਨਾਲ ਭੁਗਤੀ ਹੈ ਅਤੇ ਭੁਗਤ ਵੀ ਰਹੇ ਹਨ:

"ਮੱਘਰ ਮਹੀਨੇ ਦੇਸਾਂ ਅੰਦਰ ਸਤਿਗੁਰ ਕਰਦੇ ਮੇਲਾ ਜੀ।
ਦੂਰੋਂ ਨੇੜਿਓਂ ਸੰਗਤ ਆ ਕੇ ਕਰਦੇ ਜਨਮ ਸੁਹੇਲਾ ਜੀ।
ਵਾਰ ਵਾਰ ਗੁਰ ਕਹਿਣ ਸਿੱਖਾਂ ਨੂੰ,
ਭਜਨ ਕਰੋ ਹੁਣ ਵੇਲਾ ਜੀ।
ਕਾਹਲਾ ਸਿੰਘ ਇਕ ਵਰਤੇ ਭਾਣਾ,
ਰਹਿਸੀ ਸਿੰਘ ਅਕੇਲਾ ਜੀ।"[੪੪]

ਗਿਆਨੀ ਜੀ ਰਚਿਤ "ਜਨਮ ਸਾਖੀ ਸ੍ਰੀ ਭਗਤ ਰਵਿਦਾਸ ਜੀ ਦੀ" ਪੰਜਾਬੀ ਕਵਿਤਾ ਵਿਚ ਲਿਖੀ ਦੀ ਤੀਸਰੀ ਐਡੀਸ਼ਨ ਸੰਬਤ ੨੦੧੦ ਬਿਕ੍ਰਮੀ ਦਾ ਮੈਂ ਅਵਲੋਕਨ ਕੀਤਾ ਹੈ। ਇਸ ਰਚਨਾ ਦੀ ਪ੍ਰੇਰਣਾ ਗਿਆਨੀ ਜੀ ਨੂੰ ਨਾਮਧਾਰੀ ਸੰਗਤਾਂ ਪਾਸੋਂ ਆਪਣੇ ਪੂਰਵ ਰਚਿਤ ਗਰੰਥਾਂ 'ਸ਼ਹੀਦ ਬਿਲਾਸ' ਅਤੇ 'ਪੰਥ ਪ੍ਰਕਾਸ਼' ਆਦਿ ਦੇ ਪਾਠ ਕਰਨ ਸਮੇਂ ਪ੍ਰਾਪਤ ਹੋਈ। ਉਹ ਆਪ ਲਿਖਦੇ ਹਨ:

"ਨਿਤਨੇਮ ਸਿੰਘ ਨਾਮਧਾਰੀਏ ਦੀਵਾਨ ਲੈਣ,
ਸੰਗਤਾਂ ਬੇਅੰਤ ਆਈਆਂ ਹੁੰਮ ਹੁੰਮਾਏ ਸਨ।
ਪੰਥ ਪ੍ਰਕਾਸ਼ ਨਾਮਧਾਰੀ ਇਤਿਹਾਸ ਕਾਵਿ,
ਕਥਾ ਕੀਤੀ ਤਾਹਿ ਮਾਹਿ ਸਿੰਘ ਹੁਲਸਾਏ ਸਨ।
ਵਾਰ ਵਾਰ ਸੰਗਤਾਂ ਨੇ ਆਖਿਆ ਸੀ ਦਾਸ ਤਾਈਂ,
ਸਾਖੀ ਨਾਮ ਦੇਵ ਲਿਖ ਆਪ ਜੋ ਛਪਾਏ ਸਨ।
ਓਸੇ ਤਰ੍ਹਾਂ ਹੁਣ ਸ੍ਰੀ ਭਗਤ ਰਵਿਦਾਸ ਲਿਖੋ,
ਬੈਂਤਾਂ ਵਿਚ ਕਾਵਿ ਸਿੱਧੀ ਬੋਲੀ ਜੋ ਲਖਾਏ ਸਨ।"[੪੫]

ਭਗਤ ਰਵਿਦਾਸ ਜੀ ਦੀ ਸਿਖਿਆ, ਗਿਆਨੀ ਕਾਹਲਾ ਸਿੰਘ ਜੀ ਨੂੰ ਗੁਰਬਾਣੀ ਦੇ ਆਸ਼ੇ ਅਨੁਸਾਰ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦਰਸਾਏ ਮਾਰਗ ਨਾਲ, ਰਲਦੀ ਮਿਲਦੀ ਜਾਪਦੀ ਹੈ। ਇਸ ਲਈ ਉਹ ਜਾਤੀ ਅਭਿਮਾਨ ਵਿਚ ਗ੍ਰਸੇ, ਕਥਿਤ ਉੱਚੀਆਂ ਜਾਤੀਆਂ, ਬ੍ਰਾਹਮਣਾਂ ਆਦਿਕ ਦੀ ਖਿੱਲੀ ਉਡਾਉਂਦੇ ਹਨ ਅਤੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਮਾਈ ਕਰਨ ਵਾਲਿਆਂ ਨੂੰ, ਵਡਿਆ ਕੇ ਉਹਨਾਂ ਵਿਚ ਸ੍ਵੈ-ਵਿਸ਼ਵਾਸ ਪੈਦਾ ਕਰਨਾ ਚਾਹੁੰਦੇ ਹਨ। ਪੰਜਾਬ ਦੇ ਦਲਿਤ, ਜੋ ਅੱਜ ਸਾਰੇ ਦੇਸ ਵਿਚੋਂ, ਸਭ ਪ੍ਰਾਂਤਾਂ ਤੋਂ ਵੱਧ ਜਾਗਰੂਕ ਅਤੇ ਸੰਗਠਿਤ ਹੋ ਰਹੇ ਹਨ, ਤਾਂ ਇਸ ਵਿਚ ਵੀ ਮੈਨੂੰ ਗੁਰਬਾਣੀ, ਭਗਤ ਬਾਣੀ ਅਤੇ ਗਿਆਨੀ ਕਾਹਲਾ ਸਿੰਘ ਜਹੇ ਸ਼ਾਇਰਾਂ, ਲੇਖਕਾਂ, ਬੁੱਧੀਜੀਵੀਆਂ ਦਾ ਮੁੱਢਲਾ ਕਾਰਜ ਆਪਣਾ ਯੋਗਦਾਨ ਪਾਉਂਦਾ ਦਿਸਦਾ ਹੈ। ਗਿਆਨੀ ਜੀ ਮੁਤਾਬਿਕ, ਪਰਮੇਸ਼ਰ ਭਾਰਤਵਰਸ਼ ਦੀ ਸਥਿਤੀ ਤੇ, ਇਉਂ ਨਜ਼ਰ ਪਾ ਰਿਹਾ ਹੈ, ਭਗਤ ਜੀ ਦੇ ਰੂਪ ਵਿਚ ਪ੍ਰਕਾਸ਼ ਧਾਰਨ ਤੋਂ ਪਹਿਲਾਂ:

"ਸੱਚ ਖੰਡ ਅੰਦਰ ਨਿਰਾਕਾਰ ਪ੍ਰਭੂ,
ਬੈਠੇ ਦੇਖਦੇ ਧਿਆਨ ਨੂੰ ਪਾਏ ਕੇ ਜੀ।
ਉੱਤਰ ਦੱਖਣ, ਪੱਛਮ ਪੂਰਬ, ਦਿਸ਼ਾ ਚਾਰੇ,
ਨੌਂ ਖੰਡ ਦੇਖੇ ਧਿਆਨ ਲਾਇਕੇ ਜੀ।
ਕਈ ਠਾਕਰਾਂ ਦਾ ਬੈਠੇ ਜਾਪ ਕਰਕੇ,
ਸ਼ਿਵਲਿੰਗ ਪੂਜਣ ਮਨ ਲਾਇ ਕੇ ਜੀ।

Sri Satguru Jagjit Singh Ji eLibrary NamdhariElibrary@gmail.com

ਗੋਰ ਮੜ੍ਹੀ ਮਸਾਣੀ ਤੇ ਸਖੀ ਸਰਵਰ,
ਗੁੱਗੇ ਭੈਰੋਂ ਨੂੰ ਮੰਨਣ ਮੁਨਾਇਕੇ ਜੀ।
ਜੰਤਰ, ਮੰਤਰ, ਤੰਤਰ, ਅਗਨੀ ਪੌਣ ਪਾਣੀ,
ਚੰਦ ਸੂਰਜ ਨੂੰ ਮੱਥੇ ਘਸਾਇਕੇ ਜੀ।
ਬ੍ਰਾਹਮਣ ਵਿਚ ਹੰਕਾਰ ਦੇ ਭਰੇ ਹੋਏ,
ਪੈਰ ਪੂਜਦੇ ਰੱਬ ਭੁਲਾਇ ਕੇ ਜੀ।
ਸੂਦਰ, ਖੱਤਰੀ, ਵੈਸ਼ ਤੇ ਪੰਥ ਜੋਗੀ,
ਬੈਠੇ ਆਪਣੇ ਮੱਤ ਬਨਾਇਕੇ ਜੀ।
ਫਸੇ ਹੋਏ ਨੇ ਜਾਤ ਅਭਿਮਾਨ ਅੰਦਰ,
ਬੈਠੇ ਗੋਰਵਾਂ ਦੇ ਉੱਤੇ ਜਾਇਕੇ ਜੀ।
ਛੂਤ ਛੂਤ ਕਰਕੇ ਬੁਰਾ ਆਖਦੇ ਸਨ,
ਨੀਚ ਜਾਤਾਂ ਨੂੰ ਕਹਿਣ ਦਬਾਇਕੇ ਜੀ।
ਦੇਖ ਬੰਦਿਆਂ ਨੂੰ ਵੱਡਾ ਕਹਿਣ ਮਾੜਾ,
ਪਰ੍ਹੇ ਹੋਵੋ ਸਾਥ ਕਹਿੰਦੇ ਧਾਇਕੇ ਜੀ।
ਜੇਹੜੇ ਭੂਤ ਪਰੇਤਾਂ ਨੂੰ ਮੰਨਦੇ ਨੇ,
ਕਹੀਏ ਓਹਨਾਂ ਨੂੰ ਕਿਵੇਂ ਸਮਝਾਇਕੇ ਜੀ।
ਨੀਚ ਕੌਮ ਕੁਮਾਰ ਦੇ ਜਨਮ ਲੈ ਕੇ,
ਉੱਚੇ ਕਰੀਏ ਇਹਨਾਂ ਨੂੰ ਜਾਇਕੇ ਜੀ।
ਨਾਲ ਦੇਵਤਿਆਂ ਕਰ ਸਲਾਹ ਪਹਿਲਾਂ,
ਰੂਪ ਆਪਣਾ ਧਾਰ ਭਗਵਾਨ ਆਏ।
ਬਾਹਲਾ ਸਿੰਘ ਅਕਾਲ ਦਿਆਲ ਸੁਆਮੀ,
ਨੀਚ ਜਾਤ ਦਾ ਕਰਨ ਕਲਿਆਨ ਆਏ।"

ਇਸ ਗ੍ਰੰਥ ਦੀ ਰਚਨਾ ਦੇ ਸ਼ੁਰੂ ਵਿਚ ਕਵੀ ਜੀ ਆਪਣੇ ਨਾਮਧਾਰੀ ਸਤਿਗੁਰੂ ਸਾਹਿਬਾਨ ਦਾ ਸਤਿਗੁਰੂ ਪ੍ਰਤਾਪ ਸਿੰਘ ਤੱਕ ਮੰਗਲ ਕਰਕੇ, ਗੁਰੂ ਹਰੀ ਸਿੰਘ ਜੀ ਦੁਆਰਾ ਉਹਨਾਂ ਨੂੰ ਕਵਿਤਾ ਦਾ ਵਰ ਦਿਤੇ ਜਾਣ ਦਾ ਜ਼ਿਕਰ ਵੀ ਕਾਲੀਬੱਧ ਕਰ ਗਏ ਹਨ:

"ਗੁਰੂ ਹੈ ਬਾਲਕ ਸਿੰਘ ਗਿਆਰ੍ਹਵਾਂ ਸਰੂਪ ਜਾਣੋ,
ਸਤਿਗੁਰੂ ਰਾਮ ਸਿੰਘ ਬਾਰ੍ਹਵੇਂ ਜੋ ਆਇਓਹੈਂ।
ਬਾਦੀਆਂ ਦੀ ਬੇਸ ਭੈਣੀ ਸਾਹਿਬ ਜੋ ਨਿਵਾਸ ਕੀਨਾ,
ਨਾਮਧਾਰੀ ਪੰਥ ਜਿੰਤ ਖਾਲਸਾ ਚਲਾਇਓ ਹੈ।
ਗੁਰੂ ਹਰੀ ਸਿੰਘ ਜੀ ਨੇ ਦਾਸ ਤਾਈਂ ਵਰ ਦਿਤੇ,
ਅਨਭਵਕਰ ਕਾਵਿ ਦਾਸ ਨੇ ਰਚਾਇਓ ਹੈ।
ਰਾਜਨ ਕੇ ਰਾਜ ਮਹਾਰਾਜ ਪਰਤਾਪ ਸਿੰਘ,
ਤੀਨ ਲੋਕ ਪਤਿ ਕੇ ਚਰਨ ਸਿਰ ਨਾਇਓ ਹੈ।"

ਬਿਸ਼ਨ ਸਿੰਘ ਹਿਸਟੋਰੀਅਨ ਤੋਂ ਵੱਡਾ ਗਿਆਨੀ ਜੀ ਦਾ ਪੁੱਤਰ ਭਾਈ ਹੀਰਾ ਸਿੰਘ ਸੀ। ਇਸ ਜਨਮ ਸਾਖੀ

Sri Satguru Jagjit Singh Ji eLibrary NamdhariElibrary@gmail.com

ਵਿਚ ਕੁਝ ਬੰਦ ਹੀਰਾ ਸਿੰਘ ਦੇ ਲਿਖੇ ਹੋਏ ਛਪੇ ਹਨ, ਪੁਸਤਕ ਦੇ ਆਰੰਭ ਵਿਚ। ਪਰ ਉਹ ਛੋਟੀ ਹੀ, ਜੋਬਨ ਰੁੱਤ ਵਿਚ ਹੀ ਵਿਦਾ ਹੋ ਗਿਆ। ਗੱਭਰੂ ਪੁੱਤਰ ਦੇ ਸੱਲ ਦਾ ਜ਼ਿਕਰ ਵੀ, ਕਵੀ ਜੀ ਇਸੇ ਰਚਨਾ ਵਿਚ ਕਰਦੇ ਹਨ। ਇਹ ਰਚਨਾ ੧੯੭੫ ਬਿਕ੍ਰਮੀ ਵਿਚ ਲਿਖਣੀ ਸ਼ੁਰੂ ਕੀਤੀ ਸੀ, ਉਦੋਂ ਹੀ ਹੀਰਾ ਸਿੰਘ ਗੁਜ਼ਰ ਜਾਂਦਾ ਹੈ। ਫਿਰ ਨੌਂ ਸਾਲ ਆਪ ਨੇ ਕਲਮ ਦਾ ਸਫ਼ਰ ਰੋਕੀ ਰੱਖਿਆ। ਨੌਂ ਸਾਲਾਂ ਬਾਅਦ ਪੂਰੇ ਗੁਰੂ ਤੋਂ ਸ਼ਾਂਤ ਹਾਸਲ ਕਰਕੇ, ਦੁਬਾਰਾ ਸਾਖੀ ਲਿਖੀ:

"ਸੰਮਤ ਉਨੀ ਸੌ ਵਿਚ ਪੰਜੱਤਰੇ ਦੇ,
ਸਾਖੀ ਰਚ ਪ੍ਰਸੰਗ ਬਣਾਇਆ ਸੀ।
ਹੋਣੀ ਸਿਰ ਤੇ ਕੂਕਦੀ ਬੰਦਿਆਂ ਦੇ,
ਉਸ ਆਣ ਕੇ ਦਰਸ ਦਿਖਾਇਆ ਸੀ।
ਨੌਂਤਕ ਵਦੀ ਗਿਆਰਾਂ ਵੀਰਵਾਰ ਤੜਕੇ,
ਕਲਮ ਰੱਖ ਸਰੀਰ ਸਮਾਇਆ ਸੀ।
ਛੱਬੀ ਸਾਲ ਉਮਰ ਹੀਰਾ ਸਿੰਘ ਜੀ ਦੀ,
ਮੌਤ ਆਣ ਘੇਰਾ ਛੱਟ ਪਾਇਆ ਸੀ।
... ...
ਪੁੱਤਰ ਗੁਜ਼ਰਿਆਂ ਦੇ ਬੜੇ ਸੱਲ ਹੁੰਦੇ,
ਖ਼ੂਨ ਜਿਗਰ ਦਾ ਸਾਰਾ ਹੀ ਸੁੱਕ ਜਾਂਦਾ।
ਕੰਮ ਲੱਖ ਹੋਵੇ ਕੋਈ ਕਰਨ ਵਾਲਾ,
ਮੌਤ ਸਾਹਮਣੇ ਸਭ ਹੀ ਰੁਕ ਜਾਂਦਾ।
ਮੌਤ ਪੁੱਤਰ ਦੀ ਤੇ ਪਿਤਾ ਮਰੇ ਪਹਿਲਾ,
ਦੁਖ ਸੁਖ ਵਾਲਾ ਪੈਂਡਾ ਮੁੱਕ ਜਾਂਦਾ।
ਹੈ ਗੱਲ ਮਸ਼ਹੂਰ ਜਹਾਨ ਅੰਦਰ,
ਫੁੱਲ ਟੁੱਟਿਆ ਤੇ ਬੂਟਾ ਸੁੱਕ ਜਾਂਦਾ।"[54]

ਇਸ ਪੁਸਤਕ ਦੀ ਤੀਜੀ ਛਾਪ ਦੀ ਭੂਮਿਕਾ ਪ੍ਰਸਿੱਧ ਇਤਿਹਾਸਕਾਰ ਸ੍. ਨਾਹਰ ਸਿੰਘ ਐਮ.ਏ. ਨੇ ਲਿਖੀ ਹੈ, ਜੋ ਉਸ ਸਮੇਂ ਭਾਰਤ ਸਰਕਾਰ ਦੇ ਡਿਪਟੀ ਡੀਫੈਂਸ ਮਨਿਸਟਰ, ਸ੍. ਸੁਰਜੀਤ ਸਿੰਘ ਮਜੀਠੀਆ ਦੇ ਸਕੱਤਰ ਸਨ ਅਤੇ ਗਿਆਨੀ ਜੀ ਦੇ ਗਰਾਈਂ ਸਨ। ਗਿਆਨੀ ਕਾਹਲਾ ਸਿੰਘ ਬਾਰੇ ਇਸ ਭੂਮਿਕਾ ਵਿਚ ਦਿਤਾ ਕੁਝ ਵੇਰਵਾ, ਦਰਜ ਕਰਨਾ ਕੁਥਾਂ ਨਹੀਂ ਹੋਵੇਗਾ, ਕਿਉਂਕਿ ਸਮਕਾਲੀ ਦੀ ਗਵਾਹੀ ਮਹੱਤਵਪੂਰਨ ਹੁੰਦੀ ਹੈ:

'ਭਗਤ ਰਵਿਦਾਸ ਜੀ ਦੀ ਜਨਮ ਸਾਖੀ ਦੇ ਕਰਤਾ' ਸ੍ਰੀ ਬਾਬਾ ਕਾਹਲਾ ਸਿੰਘ ਜੀ ਨੰਗਲ ਪਿੰਡ ਦੇ ਵਿਚ ਮਸ਼ਹੂਰ ਵਿਦਵਾਨ ਮਹਾਤਮਾ ਹੋ ਗੁਜ਼ਰੇ ਹਨ।...ਪੁਰਾਣੇ ਖ਼ਿਆਲ ਦੇ ਨਾਮਧਾਰੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਤੇ ਬਹੁਤ ਸ਼ਰਧਾ ਸੀ। ਹਰ ਰੋਜ਼ ੨੫ ਪੱਤਰੇ ਪੜ੍ਹਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਰਮਾਇਣ, ਮਹਾਂਭਾਰਤ, ਵੇਦਾਂ ਦੇ ਸਲੋਕ ਆਦਿ ਧਾਰਮਕ ਅਤੇ ਪੁਰਾਤਨ ਗ੍ਰੰਥਾਂ ਵਿਚੋਂ ਬਹੁਤ ਬਾਣੀ ਜ਼ਬਾਨੀ ਯਾਦ ਸੀ। ਸੋਹਣੇ, ਸਜੀਲੇ, ਉਚੇ ਲੰਬੇ, ਗੁਰਮੁਖੀ ਦਾਹੜੇ ਵਾਲੇ ਬਜ਼ੁਰਗ ਸਨ। ਹਰ ਗੱਲ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਕਰਦੇ ਸਨ। ਜਿੱਥੇ ਕੰਮ ਕਾਜ ਲਈ ਔਝਾ ਗੌਲਦੇ ਸਨ, ਗੁਰਬਾਣੀ, ਇਤਿਹਾਸ, ਚੁਟਕਲੇ, ਹਾਸਰਸ, ਸ਼ਿੰਗਾਰ ਰਸ ਦੀਆਂ ਕਵਿਤਾਵਾਂ, ਸੁਣਨ ਵਾਲਿਆਂ ਅਤੇ ਘਰੋਗੀ ਮੁਆਮਲਿਆਂ ਵਿਚ ਸਲਾਹਾਂ ਲੈਣ ਵਾਲਿਆਂ ਦੀ, ਭੀੜ ਲੱਗੀ ਰਹਿੰਦੀ ਸੀ। ਕੂਕਾ ਲਹਿਰ ਦਾ ਇਤਿਹਾਸ ਜਗ੍ਹਾ ਜਗ੍ਹਾ ਪਹੁੰਚ ਕੇ ਖੋਜ ਕੀਤੀ, ਸਭ ਜ਼ਬਾਨੀ ਯਾਦ ਸੀ। ਨਾਵਾਂ ਅਤੇ ਥਾਵਾਂ ਦੀ ਵਾਕਫ਼ੀਅਤ ਕਮਾਲ ਦੀ ਸੀ। ਬੈਠੇ ਬੈਠੇ ਹੀ ਕਬਿੱਤ, ਬੈਂਤ, ਦਵੱਈਆ,

Sri Satguru Jagjit Singh Ji eLibrary NamdhariElibrary@gmail.com

ਸਵੈਯਾ, ਕੋਰੜਾ ਛੰਦ ਆਦਿ ਉਚਾਰਨ ਕਰ ਦਿੰਦੇ ਸਨ।

"ਪੱਛੜੀਆਂ ਸ਼੍ਰੇਣੀਆਂ ਵਿਚ ਜਾਗਰਤ ਪੈਦਾ ਕਰਨ ਦੀ ਲਗਨ ਸੀ। ਇਸ ਹੀ ਲਗਨ ਅਨੁਸਾਰ ਭਗਤ ਰਵਿਦਾਸ ਜੀ ਦੀ ਜਨਮ ਸਾਖੀ ਬਾਬਾ ਕਾਹਲਾ ਸਿੰਘ ਜੀ ਨੇ ਲਿਖੀ ਅਤੇ ਇਸ ਦਾ ਪਰਚਾਰ ਕੀਤਾ। ਪੱਛੜੀਆਂ ਸ਼੍ਰੇਣੀਆਂ ਦੇ ਵਿਹੜਿਆਂ ਵਿਚ ਜਾ ਕੇ ਸੋਹਣੀ ਗਰਜਵੀਂ ਸੁਰ ਨਾਲ ਪੜ੍ਹ ਪੜ੍ਹ ਕੇ ਸਰੋਤਿਆਂ ਨੂੰ ਸੁਣਾਇਆ ਕਰਦੇ ਸਨ। ਹਾਲਾਂਕਿ ਬਹੁਤ ਸੱਜਣਾਂ ਨੂੰ ਕਵਿਤਾ ਬੋਧ ਸਿਖਾਇਆ ਅਤੇ ਅੰਮ੍ਰਿਤ ਛਕਾ ਕੇ ਕੂਕੇ (ਨਾਮਧਾਰੀ) ਸਿੱਖ ਸਜਾਏ।

"ਸਾਰੀ ਉਮਰ ਕੱਟੜ ਨਾਮਧਾਰੀ ਰਹੇ। ੧੯੬੨ ਬਿ: ਵਿਚ ਸਿੱਖ ਸਜ ਕੇ, ਮਹਾਰਾਜ ਬਾਬਾ (ਗੁਰੂ) ਹਰੀ ਸਿੰਘ ਜੀ ਪਾਸੋਂ ਨਾਮ ਦਾਨ ਲਿਆ। ਅੰਗਰੇਜ਼ਾਂ ਦੀ ਬਦੇਸ਼ੀ ਹਕੂਮਤ ਦੇ ਉਲਟ, ਪਰ੍ਹੇ ਪੰਚਾਇਤਾਂ ਵਿਚ ਖੁੱਲ੍ਹਮ ਖੁੱਲ੍ਹਾ ਬੋਲਣ ਤੋਂ ਕਦੇ ਸੰਕੋਚ ਨਹੀਂ ਕਰਦੇ ਸਨ। ਬ੍ਰਾਹਮਣਾਂ ਦੇ ਪਾਖੰਡਾਂ ਦੇ ਸਖ਼ਤ ਵਿਰੋਧੀ ਸਨ। ਗੁਰਦਵਾਰਾ ਸੁਧਾਰ ਦੇ ਪੱਕੇ ਹਾਮੀ ਅਤੇ ਕਾਂਗਰਸ ਦੇ ਸੱਚੇ ਸਿਪਾਹੀ ਸਨ। ੧੯੨੦-੨੧ ਈ. ਦੀ ਕਾਂਗਰਸ ਲਹਿਰ ਵਿਚ ਇਰਦ-ਗਿਰਦ ਦੇ ਬਹੁਤ ਸਾਰੇ ਸੱਜਣਾਂ ਨੂੰ, ਆਪਣੇ ਜਾਤੀ ਅਸਰ ਨਾਲ ਕਾਂਗਰਸ ਵਿਚ ਆਂਦਾ। ਅੰਗਰੇਜ਼ਾਂ ਦੇ ਹਾਕਮ ਬਹੁਤ ਵਾਰੀ ਸਾਰੇ ਟੱਬਰ ਨੂੰ ਹਾੜ ਦੇ ਮਹੀਨੇ ਨੰਗੀ ਪੈਰੀਂ ਤੁਰਕੇ, ਪੇਸ਼ ਹੋਣ ਦਾ ਹੁਕਮ ਦੇਂਦੇ ਹੁੰਦੇ ਸਨ।

"ਮੈਨੂੰ ਖ਼ੁਸ਼ੀ ਹੈ ਕਿ ਸ੍ਰੀ ਬਾਬਾ ਕਾਹਲਾ ਸਿੰਘ ਜੀ ਦੇ ਸਪੁੱਤਰ, ਭਾਈ ਬਿਸ਼ਨ ਸਿੰਘ ਜੀ ਨੇ, ਮੇਰੀ ਪ੍ਰੇਰਨਾ ਤੇ ਇਹ ਜਨਮ ਸਾਖੀ ਛਪਵਾਈ ਹੈ। ਸਿੱਧੀ ਸਾਦੀ ਬੋਲੀ ਵਿਚ ਲਿਖੀ ਹੋਈ ਇਸ ਪੁਸਤਕ ਦਾ ਅਸਰ, ਪੱਛੂ ਪਛੜੀਆਂ ਸ਼੍ਰੇਣੀਆਂ ਦੇ ਸੱਜਣਾਂ ਤੇ ਬਹੁਤ ਹੀ ਚੰਗਾ ਪੈ ਸਕਦਾ ਹੈ। ਕਈ ਪੁਸਤਕਾਂ ਕੇਵਲ ਵਿਦਵਾਨਾਂ ਲਈ ਲਿਖੀਆਂ ਜਾਂਦੀਆਂ ਹਨ ਅਤੇ ਬਹੁਤ ਸਾਰੀਆਂ ਆਮ ਜਨਤਾ ਲਈ।"[5]

ਇਉਂ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀ ਲਹਿਰ ਦੇ ਮੁੱਢਲੇ ਕਵੀਆਂ ਵਿਚੋਂ ਇੱਕ, ਗਿਆਨੀ ਕਾਹਲਾ ਸਿੰਘ ਜੀ ਨੌਗਲ, ਪੱਛੜੀਆਂ ਸ਼੍ਰੇਣੀਆਂ ਦਾ ਦੁੱਖ ਦਰਦ ਬੜੀ ਸ਼ਿੱਦਤ ਨਾਲ ਮਹਿਸੂਸ ਕਰਨ ਵਾਲੇ, ਆਮ ਜਨਤਾ ਦੇ ਕਵੀ ਸਨ। ਆਪਣੇ ਲਿਖਣ-ਕਾਲ ਸਦਕਾ, ਐਸੀ ਚੇਤਨਾ ਦੀ ਚਿਣਗ, ਕਿਸੇ ਕਮਾਏ ਕਿਰਦਾਰ ਵਾਲੇ ਮੱਥੇ ਦਾ ਹੀ ਨਸੀਬਾ ਬਣਦੀ ਹੈ। ਨਾਮਧਾਰੀਆਂ ਦੁਆਰਾ ਰਚੇ ਪੰਜਾਬੀ ਸਾਹਿਤ ਅਤੇ ਪੰਜਾਬੀ ਕਵਿਤਾ ਵਿਚ, ਵਸਤੂ ਅਤੇ ਰੂਪ ਪੱਖੋਂ ਗਿਆਨੀ ਜੀ ਦੀ ਦੇਣ ਨੂੰ, ਸਦਾ ਯਾਦ ਕੀਤਾ ਜਾਂਦਾ ਰਹੇਗਾ। ਆਪਣੇ ਮੋਢੀਆਂ ਨੂੰ ਚੇਤੇ ਕਰਨਾ, ਇਤਿਹਾਸ ਦੇ ਰਿਣ ਮੁਕਤ ਹੋਣ ਜਿਹਾ ਕਾਰਨਾਮਾ ਹੈ।

ਫੁਟ ਨੋਟ:

1. ਸਤਿਜੁਗ (ਸਪਤਾਹਿਕ), ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ ੨੦੫੯ ਬਿ. ਦਿੱਲੀ ਸਫ਼ਾ ੨੪
2. ਲਾਲ ਰੰਗ ਰਸਨ – ਸੰਪਾਦਿਕਾ ਪ੍ਰਿ. ਬੇਅੰਤ ਕੌਰ – ਸ੍ਰੀ ਭੈਣੀ ਸਾਹਿਬ, ੧੯੯੫ ਈ. ਸਫ਼ਾ ੨੨
3. ਪੰਚਰੰਗ ਅੰਜਲੀ – ਸ੍ਰੀ ਜੀਵਨ ਨਗਰ – ੨੦੫੧ ਬਿ. ਸਫ਼ਾ ੧੪-੧੫
4. " ਉਪਰੋਕਤ ਸਫ਼ਾ ੧੪
5. " ਉਪਰੋਕਤ ਸਫ਼ਾ ੨
6. " ਉਪਰੋਕਤ ਸਫ਼ਾ ੧
7. " ਉਪਰੋਕਤ ਸਫ਼ਾ ੨
8. " ਉਪਰੋਕਤ ਸਫ਼ਾ ੩
9. " ਉਪਰੋਕਤ ਸਫ਼ਾ ੩-੪
10. " ਉਪਰੋਕਤ ਸਫ਼ਾ ੫
11. " ਉਪਰੋਕਤ ਸਫ਼ਾ ੬

Sri Satguru Jagjit Singh Ji eLibrary NamdhariElibrary@gmail.com

12. " ਉਪਰੋਕਤ ਸਫਾ ੬-੭
13. " ਉਪਰੋਕਤ ਸਫਾ ੮
14. " ਉਪਰੋਕਤ ਸਫਾ ੧੦
15. " ਉਪਰੋਕਤ ਸਫਾ ੧੩
16. " ਉਪਰੋਕਤ ਸਫਾ ੧੫
17. " ਉਪਰੋਕਤ ਸਫਾ ੧੬
18. ਸਾਕਾ ਮਲੇਰ ਕੋਟਲਾ – ਕਵੀ ਨਿਰੰਜਨ ਸਿੰਘ ਮ੍ਰਿਗੇਸ਼ ਸੰਪਾਦਕ ਸੁਵਰਨ ਸਿੰਘ ਸਨੇਹੀ ਅੰਮ੍ਰਿਤਸਰ ਖੁਰਦ (ਹਰਿਆਣਾ) ੨੦੦੫ ਈ. ਸਫਾ ੨੩
19. ਰਾਮ ਵਿਰਿਨਤਿਆਂ ਦੇ ਬਾਰਾਂ ਮਾਂਹ – ਸੰਪਾਦਕ ਤਾਰਾ ਸਿੰਘ ਅਨਜਾਣ – ਸ੍ਰੀ ਭੈਣੀ ਸਾਹਿਬ ੧੯੯੫ ਈ. ਸਫਾ ੫੬, ੫੭, ੫੮
20. " ਉਪਰੋਕਤ ਸਫਾ ੫੯, ੬੦
21. ਜਨਮ ਸਾਖੀ ਭਗਤ ਰਵਿਦਾਸ ਜੀ, ਅੰਮ੍ਰਿਤਸਰ, ੨੦੭੦ ਬਿ. ਸਫਾ ੧੦-੧੧
22. " ਉਪਰੋਕਤ ਸਫਾ ੧੨-੧੩
23. " ਉਪਰੋਕਤ ਸਫਾ ੯-੧੦
24. " ਉਪਰੋਕਤ ਸਫਾ ੧੯-੨੦
25. " ਉਪਰੋਕਤ ਸਫਾ ਭੂਮਿਕਾ (ਅ-ੲ)

Sri Satguru Jagjit Singh Ji eLibrary NamdhariElibrary@gmail.com

ਸੰਤ ਨਿਧਾਨ ਸਿੰਘ ਆਲਮ ਅਤੇ ਉਨ੍ਹਾਂ ਦੀ ਰਚਨਾ

ਇਤਿਹਾਸ ਵਿਚ ਵਿਅਕਤੀ ਦੀ ਭੂਮਿਕਾ ਇਕ ਜਟਿਲ ਵਰਤਾਰਾ ਹੈ। ਲੋਕ-ਲਹਿਰਾਂ ਆਪਣੇ ਨਾਇਕ ਆਪ ਸਿਰਜ ਲੈਂਦੀਆਂ ਹਨ ਤੇ ਮੁੜ ਇਹ ਨਾਇਕ ਆਪਣੇ ਸਮੇਂ ਦੇ ਇਤਿਹਾਸ ਨੂੰ ਪ੍ਰਭਾਵਿਤ ਕਰਦੇ ਹਨ। ਸੱਚ ਸਦਾ ਸਾਪੇਖਿਕ ਹੁੰਦਾ ਹੈ। ਇਹ ਸਮੇਂ ਤੇ ਸਥਿਤੀ ਨਾਲ ਬਦਲਦਾ ਰਹਿੰਦਾ ਹੈ। ਇਕ ਧਿਰ ਦਾ ਸੱਚ ਜ਼ਰੂਰੀ ਨਹੀਂ ਦੂਜੀ ਧਿਰ ਨੂੰ ਵੀ ਪਰਵਾਨ ਹੋਵੇ। ਇਤਿਹਾਸ ਦੀ ਚਾਲਕ ਸ਼ਕਤੀ ਦੇ ਤੌਰ 'ਤੇ ਭਾਵੇਂ ਮੁੱਖ ਭੂਮਿਕਾ ਸਾਧਾਰਨ ਜਨ ਦੀ ਹੁੰਦੀ ਹੈ, ਪਰ ਕਿਸੇ ਵੀ ਸਮਾਜ ਦੇ ਆਧਾਰ ਉੱਪਰ ਵਿਕਸਤ ਉਪਰਲੇ ਉਸਾਰ ਦੀ ਵੀ ਸਮਾਜੀ ਤੋਰ ਵਿਚ ਆਪਣੀ ਭੂਮਿਕਾ ਹੁੰਦੀ ਹੈ। ਵਿਸ਼ੇਸ਼ ਪ੍ਰਤਿਭਾ ਸੰਪੰਨ ਵਿਅਕਤੀ ਇਸੇ ਉਸਾਰ ਦਾ ਇਕ ਭਾਗ ਹੁੰਦੇ ਹਨ। ਨਾਮਧਾਰੀ ਜਾਂ ਕੂਕਾ ਲਹਿਰ, ਸੁਤੰਤਰਤਾ ਸੰਗਰਾਮ ਸਮੇਂ ਪੰਜਾਬ ਵਿਚੋਂ ਚੱਲੀਆਂ ਲੋਕ ਲਹਿਰਾਂ ਵਿਚੋਂ ਇਕ ਅਤੀ ਮਹੱਤਵਪੂਰਨ ਲੋਕ ਲਹਿਰ ਸੀ ਜਿਸ ਦੇ ਪ੍ਰਥਮ ਨਾਇਕ ਸਤਿਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਤੋਂ ਪਿਛਲੇ ਨਾਮਧਾਰੀ ਗੁਰੂ ਸਾਹਿਬਾਨ ਸਨ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਤੀਖਣ ਬੁੱਧੀ ਵਿਅਕਤੀ ਵੀ ਆਪਣੀ ਕਰਨੀ ਸਦਕਾ ਲਹਿਰ ਦੇ ਘੇਰੇ ਅਤੇ ਇਸ ਤੋਂ ਬਾਹਰ ਵੀ ਲੋਕਾਂ ਦੇ ਚੇਤਿਆਂ ਵਿਚ ਵਸਣ ਵਾਲਾ ਸਥਾਨ ਗ੍ਰਹਿਣ ਕਰੀ ਬੈਠੇ ਹਨ। ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ ਤਾਂ ਬਹੁਤ ਚੜ੍ਹਦੀ ਕਲਾ ਵਾਲਾ ਸਮਾਂ ਸੀ ਅਤੇ ਉਸ ਸਮੇਂ ਤਾਂ "ਘਰ ਘਰ ਰਾਮ ਸਿੰਘ" ਵਾਲੀ ਖੇਡ ਵਾਪਰ ਰਹੀ ਸੀ। (ਸਤਿਗੁਰਾਂ ਦੀ ੧੮੬੩ ਈ. ਵਾਲੀ ਭੈਣੀ ਸਾਹਿਬ ਵਾਲੀ ਪਹਿਲੀ ਨਜ਼ਰਬੰਦੀ ਸਮੇਂ ਅੰਗਰੇਜ਼ ਹਾਕਮਾਂ ਨੇ ਪੁੱਛਿਆ ਸੀ ਕਿ 'ਬਾਬਾ ਸਾਹਿਬ ਹੁਣ ਆਪਣੇ ਮਿਸ਼ਨ ਦਾ ਪਰਚਾਰ ਕਿਵੇਂ ਕਰੋਗੇ ਤਾਂ ਆਪ ਦਾ ਜਵਾਬ ਸੀ "ਇਕ ਰਾਮ ਸਿੰਘ ਤੇ ਰੋਕਾਂ ਲਾਉਂਦੇ ਹੋ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।") ਗੁਰੂ ਹਰੀ ਸਿੰਘ ਜੀ ਦੇ ਸਮੇਂ ਹੋਰਨਾਂ ਤੋਂ ਇਲਾਵਾ ਦੋ ਉੱਘਰਵੇਂ ਨਾਮਧਾਰੀ ਵਿਦਵਾਨਾਂ ਜਾਂ ਪਰਚਾਰਕਾਂ ਦਾ ਜ਼ਿਕਰ ਆਉਂਦਾ ਹੈ। ਸੰਤ ਭਗਤ ਸਿੰਘ ਜੀ ਪਿੰਡ ਦਾਤੇਵਾਲ ਅਤੇ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਪਿੰਡ ਵਰੂਹੀ ਚੱਕ। ਦੋਵੇਂ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨੀ ਪੰਜਾਬ) ਨਾਲ ਸਬੰਧਿਤ ਸਨ। ਦੋਵੇਂ ਆਲਿਮ ਫ਼ਾਜ਼ਿਲ ਸਨ। ਗੁਰਬਾਣੀ ਦੇ ਡੂੰਘੇ ਗਿਆਤਾ ਸਨ ਅਤੇ ਜਦੋਂ ਰੋਂਗ ਵਿਚ ਹੋ ਕੇ ਬੋਲਦੇ ਸਨ ਤਾਂ ਸਮਾਂ ਖਲੋ ਜਾਂਦਾ ਸੀ। ਜੇ ਕਿਸੇ ਦੀਵਾਨ ਵਿਚ ਸੰਤ ਮੰਗਲ ਸਿੰਘ ਜੀ ਬੋਲ ਰਹੇ ਹਨ ਅਤੇ ਸ਼ਹੁ ਦਰਿਆ ਦਾ ਉਛਾਲਾ ਦਾਤੇਵਾਲੀਏ ਸੰਤਾਂ ਦੇ ਅੰਦਰ ਵੱਜਣ ਲੱਗਾ ਤਾਂ ਉਨ੍ਹਾਂ ਖਲੋ ਕੇ ਆਖਣਾ "ਬਹਿ ਜਾ ਓਇ ਮੰਗਲਾ" ਉਹ ਸਤ ਬਚਨ ਆਖ ਬੈਠ ਜਾਂਦੇ, ਸੰਤ ਭਗਤ ਸਿੰਘ ਸ਼ੁਰੂ ਹੋ ਜਾਂਦੇ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਵੀ ਭਾਵੇਂ ਉਪਰੋਕਤ ਜੋਗ ਵਗਦੀ ਰਹੀ ਪਰ ਜਿਹੜੇ ਦੋ ਨਾਅ ਉਨ੍ਹਾਂ ਦੇ ਕਾਲ ਨਾਲ ਜੁੜ ਗਏ (ਹੋਰਨਾਂ ਸਤਿਕਾਰਤ ਸ਼ਖਸੀਅਤਾਂ ਤੋਂ ਖਿਮਾ ਸਹਿਤ) ਉਹ ਸਨ ਸੰਤ ਨਿਧਾਨ ਸਿੰਘ 'ਆਲਿਮ' ਅਤੇ ਸੰਤ ਇੰਦਰ ਸਿੰਘ ਚੱਕਰਵਰਤੀ।

ਸੰਤ ਨਿਧਾਨ ਸਿੰਘ ਆਲਿਮ, ਚੱਕਰਵਰਤੀ ਜੀ ਜਿਉਂ ਟਕਸਾਲੀ ਨਾਮਧਾਰੀ ਪਰਿਵਾਰ ਵਿਚੋਂ ਨਹੀਂ ਆਏ ਸਨ। ਉਨ੍ਹਾਂ ਦੀ ਮਾਤਾ ਇੰਦ ਕੌਰ ਹੀ ਕੁਝ ਕੁਝ ਨਾਮਧਾਰੀ ਸਾਧਾਂ ਸੰਤਾਂ ਦੇ ਪ੍ਰਭਾਵ ਵਿਚ ਸੀ। ਪਿਤਾ ਸੋਹਣ ਸਿੰਘ 'ਔਲਖ' ਗੋਤ ਦੇ ਜੱਟ ਸਿੱਖ ਦੇ ਘਰ ਜੋ ਮਾਝੇ ਦੇ ਮਸ਼ਹੂਰ ਪਿੰਡ ਲੋਪੋਕੇ ਤੋਂ ਫੌਜੀ ਨੌਕਰੀ ਵਿਚ ਬਰਮਾ ਗਿਆ ਸੀ ਜਿਥੇ ੧੮੯੯ ਈ. ਵਿਚ ਆਲਿਮ ਜੀ ਦਾ ਜਨਮ ਹੋਇਆ ਸੀ। ਅੰਮ੍ਰਿਤਸਰ ਬੁੱਚੜ ਬੰਧ ਵਾਲੇ ਨਾਮਧਾਰੀ ਸਿੰਘਾਂ ਦੇ ਸਾਕੇ ਵਿਚ ਇਸ ਪਿੰਡ ਦਾ ਨਾਂ ਬੋਲਦਾ ਸੀ ਅਤੇ ਗਦਰ ਪਾਰਟੀ ਲਹਿਰ ਦਾ ਮੋਢੀ ਸ਼ਹੀਦ ਮੇਵਾ ਸਿੰਘ ਵੀ ਲੋਪੋਕੇ ਪਿੰਡ ਤੋਂ ਹੀ ਬਾਹਰ ਗਿਆ ਸੀ। ਪੰਜਾਬੀ ਜਨ ਜੀਵਨ ਦਾ ਸਫਲ ਚਿਤੇਰਾ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਵੀ ਇਸੇ ਪਿੰਡ

Sri Satguru Jagjit Singh Ji eLibrary NamdhariElibrary@gmail.com

ਦੀ ਮਿੱਟੀ ਵਿਚ ਪਰਵਾਨ ਚੜ੍ਹਿਆ ਸੀ। ਨਾਮਧਾਰੀ ਸੰਗਤ ਦੇ ਪ੍ਰਭਾਮੰਡਲ ਵੱਲ ਗੱਭਰੂ ਨਿਧਾਨ ਸਿੰਘ ਦੇ ਆਕਰਸ਼ਿਤ ਹੋਣ ਦੀ ਗਾਥਾ ਵੀ ਬੜੀ ਨਿਰਾਲੀ ਅਤੇ ਦਿਲਚਸਪ ਹੈ। ਸੋਹਣ ਸਿੰਘ ਵਿਚਾਰਾਂ ਵੱਲੋਂ ਸਿੰਘ ਸਜੀਆ ਸੀ। ਬਰਮਾ ਵਿਚ ੩੦ ਸਾਲ ਫੌਜੀ ਨੌਕਰੀ ਕੀਤੀ ਸੀ। ਸੂਬੇਦਾਰੀ ਦਾ ਨੰਬਰ ਕਮਾਨ ਅਫ਼ਸਰ ਨਾਲ ਸ਼ਰਾਬ ਪੀ ਕੇ ਲੜਨ ਕਾਰਨ ਕਾਰਨ ਕੱਟਿਆ ਗਿਆ। ਫਿਰ ਕੋਰਟ ਮਾਰਸ਼ਲ ਹੋ ਕੇ ਫੌਜੀ ਨੌਕਰੀ ਤੋਂ ਵੀ ਹੱਥ ਧੋ ਬੈਠੇ ਸਨ। ਨਿਧਾਨ ਸਿੰਘ ਵੀ ਆਪ ਦੇ ਦਫ਼ਤਰ ਵਿਚ ਕਲਰਕ ਦੇ ਕੰਮ ਵਾਲਾ ਸਿਪਾਹੀ ਸੀ। ਉਸ ਦਾ ਵੀ ਨਾਵਾਂ ਕਟਾ ਕੇ ਦੋਵੇਂ ਪਿਉ ਪੁੱਤਰ ਪਿੰਡ ਲੋਪੋਕੇ ਆ ਗਏ। ਘਰ ਵਿਚ ਖ਼ੁਸ਼ੀ ਦਾ ਕੋਈ ਸਮਾਗਮ ਸੀ। ਮਾਤਾ ਇੰਦ ਕੌਰ ਨੇ ਨਿਧਾਨ ਸਿੰਘ ਨੂੰ ਕਿਹਾ ਕਿ ਪਿੰਡ ਦੇ ਦੂਜੇ ਬੰਨੇ ਭਾਈ ਸੁੰਦਰ ਸਿੰਘ ਨਾਮਧਾਰੀ ਦੇ ਕਾਰਖ਼ਾਨੇ ਬਾਬਾ ਕੇਸਰ ਜੀ ਮੁਹਾਵੇ ਵਾਲੇ ਆਏ ਹਨ ਤੇ ਚੇਲੇਕਿਆਂ ਵਾਲੇ ਮਹੰਤ ਬਿਸ਼ਨ ਸਿੰਘ ਜੀ ਵੀ ਉਨ੍ਹਾਂ ਨਾਲ ਹਨ ਅਤੇ ਤੂੰ ਅਰਜ਼ ਕਰਕੇ ਉਨ੍ਹਾਂ ਨੂੰ ਘਰ ਲੈ ਆ। ਪਹਿਲਾਂ ਤਾਂ ਨਿਧਾਨ ਸਿੰਘ ਮਾਤਾ ਨਾਲ ਕਾਫ਼ੀ ਖਹਿਬੜਿਆ ਕਿ ਜੇ ਤੂੰ ਕਹੇਂ ਤਾਂ ਔਧਾ ਪਿੰਡ ਇਕੱਠਾ ਕਰ ਲੈਂਦਾ ਹਾਂ ਪਰ ਇਸ ਕਮਲੇ ਕੇਸਰ ਖੁਣੋਂ ਆਪਣਾ ਕੀ ਥੁੜਿਆ ਹੈ। ਅਖ਼ੀਰ ਮਾਤਾ ਦੇ ਮਜਬੂਰ ਕਰਨ ਤੇ ਨਿਧਾਨ ਸਿੰਘ ਸੁੰਦਰ ਸਿੰਘ ਦੇ ਕਾਰਖ਼ਾਨੇ ਚਲਾ ਜਾਂਦਾ ਹੈ। ਹੁਣ ਇਹ ਸੰਤ ਸੁੰਦਰ ਸਿੰਘ ਕੈਸੇ ਉਚ-ਕੋਟੀ ਦੇ ਸਿੱਖ ਸਨ ਕਿ ਪਿੰਡ ਵਿਚ ਇਕ ਸਿੰਘ ਦੀ ਲੜਕੀ ਦਾ ਅਨੰਦ ਕਾਰਜ ਆਪ ਨੇ ਕਰਨਾ ਸੀ। ਪਹਿਲੀ ਰਾਤ ਆਪ ਦਾ ਪੰਜ ਕੁ ਸਾਲ ਦਾ ਪੁੱਤਰ ਚੜ੍ਹਾਈ ਕਰ ਗਿਆ। ਚੁੱਪ ਚਾਪ ਲੜਕੀ ਵਾਲੇ ਸਿੰਘ ਦੇ ਘਰ ਗਏ। ਅਨੰਦ ਭੁਗਤਾ ਕੇ ਬਾਅਦ ਵਿਚ ਸੰਗਤ ਨੂੰ ਅਰਜ਼ ਕੀਤੀ ਕਿ ਆਉ ਰਾਤ ਭੁਜੰਗੀ ਪੂਰਾ ਹੋ ਗਿਆ ਹੈ ਉਸ ਦਾ ਸਸਕਾਰ ਕਰੀਏ। ਉਸ ਦੇ ਕਾਰਖ਼ਾਨੇ ਵਿਚ ਆਲਿਮ ਜੀ ਦੀ ਹੱਡ-ਬੀਤੀ ਉਨ੍ਹਾਂ ਦੀ ਜ਼ੁਬਾਨੀ ਸੁਣੀਏ: "ਕਾਰਖ਼ਾਨੇ ਦੇ ਪਿਛਲੇ ਪਸਾਰ ਵਿਚ ਸੰਗਤ ਜੁੜੀ ਹੋਈ ਸੀ। ਬਾਬਾ ਕੇਸਰ ਜੀ ਮਹਾਰਾਜ ਮੰਜੇ ਤੇ ਸਿਰਹਾਣੇ ਵੱਲ ਬੈਠੇ ਸਨ। ਮੰਜੇ ਦੇ ਅੱਗੇ ਸਫ਼ਾਂ 'ਤੇ ਸਾਧ ਸੰਗਤ ਬੈਠੀ ਸੀ, ਜੋ ਕਿ ਠਾਕੁਰ ਜੀ ਦੇ ਬਚਨ ਬੜੀ ਸ਼ਰਧਾ ਨਾਲ ਸੁਣ ਰਹੀ ਸੀ। ਮੈਂ ਅਜੇ ਨਵਾਂ ਨਵਾਂ ਬਰਮਾ 'ਚੋਂ ਆਇਆ ਸਾਂ। ਚੀਨੀ ਅਲਪਾਕੇ ਦਾ ਕੋਟ, ਦੋਹਰੀ ਫਿਫਟੀ ਵਾਲੀ ਪੱਗ, ਲੱਠੇ ਪਜਾਮਾ ਚੂੜੀਦਾਰ, ਬੂਟ ਕੱਸੇ ਹੋਏ ਤੇ ਹੱਥ ਵਿਚ ਚਾਂਦੀ ਦੇ ਸੰਮ ਵਾਲੀ ਸੋਟੀ ਮੈਂ ਬੂਹੇ ਵਿਚ ਖਲੋ ਕੇ ਆਕੜ ਕੇ ਆਖਿਆ – "ਵਾਹਿਗੁਰੂ ਜੀ ਕਾ ਖ਼ਾਲਸਾ– ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ।" ਏਸ ਸੰਤ ਮੰਡਲ ਵਿਚ ਏਸ ਤਰੀਕੇ ਦੀ ਫ਼ਤਹਿ ਅਸਚਰਜ ਦ੍ਰਿਸ਼ਟੀ ਨਾਲ ਤੱਕੀ ਗਈ। ਠਾਕੁਰ ਜੀ ਮਹਾਰਾਜ ਨੇ ਮੇਰੇ ਵੱਲ ਇਕ ਖ਼ਾਸ ਅੰਦਾਜ਼ ਨਾਲ ਤੱਕ ਕੇ, ਇਕ ਖ਼ਾਸ ਹੀ ਲਹਿਜੇ ਵਿਚ ਬਚਨ ਕੀਤਾ – "ਆ ਪੁੱਤਰ, ਆ ਗਿਆ ਏਂ ?" ਆਪ ਦਾ ਇਹ ਪ੍ਰਸ਼ਨ ਕਿਸੇ ਕੋਮਲ ਭਾਵ ਦਾ ਨਮੂਨਾ, ਅਤੇ ਮੇਰੇ ਪਿਛਲੇ ਜੀਵਨ ਨੂੰ ਖ਼ਤਮ ਕਰ ਕੇ ਨਵੀਂ ਜ਼ਿੰਦਗੀ ਅਰੰਭ ਕਰਨ ਦਾ ਸ੍ਰੀ ਗਣੇਸ਼ ਸੀ। ਇਨ੍ਹਾਂ ਸ਼ਬਦਾਂ ਦਾ ਮੇਰੇ ਕੰਨਾਂ ਦੇ ਰਸਤੇ ਮਨ ਮੰਦਿਰ ਵਿਚ ਪ੍ਰਵੇਸ਼ ਕਰਦਿਆਂ ਹੀ ਮੇਰੇ ਅੰਦਰ ਝਰਨਾਟ ਜਿਹੀ ਛਿੜ ਪਈ। ਮੈਂ ਉਸੇ ਵੇਲੇ ਬੇਸੁੱਧ ਹੋ ਕੇ ਧਰਤੀ ਤੇ ਡਿੱਗ ਪਿਆ। ਪੱਗ ਲੱਥੀ ਹੋਈ, ਕੇਸ ਖਿੱਲਰੇ ਹੋਏ, ਦੰਦਾਂ 'ਚੋਂ ਲਹੂ ਵਗੇ, ਗੋਡੇ, ਗਿੱਟੇ ਤੇ ਅਰਕਾਂ ਛਿੱਲੀਆਂ ਹੋਈਆਂ। ਪਰ ਰਸਨਾ ਵਿਚੋਂ ਭਜਨ ਫਰਨ ਫਰਨ ਫੁਰੇ। ਮੈਨੂੰ ਐਉਂ ਜਾਪੇ ਜਿਵੇਂ ਮੈਂ ਪਹਿਲੇ ਵਾਲਾ ਨਹੀਂ ਬਲਕਿ ਮੇਰੀ ਕਾਇਆ ਪਲਟ ਗਈ ਹੈ। ਮੈਂ ਪੜ੍ਹਿਆ ਹੁੰਦਾ ਸਾਂ – "ਪਰਾ ਕਲੇਜੇ ਛੇਕ" ਅਤੇ "ਆਕਲ ਬਿਕਲ ਭਈ" ਸੋ ਅੱਜ ਮੈਂ ਆਪਣੇ ਤੇ ਹੀ ਇਹ ਤੁਕਾਂ ਘਟਦੀਆਂ ਅਨੁਭਵ ਕੀਤੀਆਂ। ਹੁਣ ਮੈਨੂੰ ਇਕ ਆਰਿਫ਼ ਦੇ ਇਨ੍ਹਾਂ ਮਿਸਰਿਆਂ ਦੀ ਸਮਝ ਪਈ ਕਿ

– "ਸੋਫ਼ ਹੋ ਜਿਸਕੀ ਜ਼ੁਬਾਂ ਸ਼ਮਸ਼ੀਰ ਕੀ ਹਾਜਤ ਨਹੀਂ।
ਸਾਫ਼ ਹੋ ਜਿਸਕੀ ਨਿਗਾਹ, ਉਸੇ ਤੀਰ ਕੀ ਹਾਜਤ ਨਹੀਂ।"

ਇਸ ਤਰ੍ਹਾਂ ਸੰਤਾਂ ਦੇ ਹੁਕਮ ਅਨੁਸਾਰ ਪਿਛਲਾ ਨਿਧਾਨ ਸਿੰਘ ਖ਼ਤਮ ਤੇ ਨਵਾਂ ਸ਼ੁਰੂ ਹੋ ਗਿਆ। ਇਹ ਰੂਪਾਂਤਰਣ ੧੯੧੪ ਈ. ਵਿਚ ਵਾਪਰਿਆ ਸੀ। ਕੁਝ ਸਮੇਂ ਬਾਅਦ ਆਪ ਆਪਣੇ ਨਗਰ ਦੇ ਹੀ ਜਥੇਦਾਰ ਸੰਤ ਨੱਥਾ ਸਿੰਘ ਜੀ ਦੇ ਜਥੇ ਵਿਚ ਹਾਰਮੋਨੀਅਮ ਵਜਾਉਣ ਲੱਗ ਪਏ। ਉਨ੍ਹਾਂ ਨੇ ਨਾਮਧਾਰੀ ਪੰਥ ਦਾ ਬਹੁਤ ਪਰਚਾਰ ਕੀਤਾ ਸੀ ਅਤੇ ਸੈਂਕੜੇ ਸਿੰਘ ਸਜਾਏ ਸਨ। ਸੰਤ ਮੰਗਲ ਸਿੰਘ ਜੀ 'ਰਾਮ ਦਾਹਲੀ' ਚੌਂਕੜ (ਅੰਮ੍ਰਿਤਸਰ) ਪਿੰਡ ਵਿਖੇ ਸਜਾਧਾਂ ਦੀ

Sri Satguru Jagjit Singh Ji eLibrary NamdhariElibrary@gmail.com

ਪ੍ਰੇਮਿਆਂ ਨੂੰ ਭਾਦਰੋਂ ਮਹੀਨੇ ਵਿਖੇ ਇਕ ਵੱਡਾ ਜੋੜ-ਮੇਲਾ ਕਰਿਆ ਕਰਦੇ ਸਨ। ਅਜਿਹੇ ਹੀ ਇਕ ਮੇਲੇ 'ਤੇ ਸੰਤ ਨੱਥਾ ਸਿੰਘ ਜੀ ਆਸਾ ਦੀ ਵਾਰ ਦੇ ਕੀਰਤਨ ਵਿਚ ਸ਼ਬਦ ਪੜ੍ਹ ਰਹੇ ਸਨ। "ਰਾਮ ਰਸ ਪੀਆ ਰੇ ਬਿਸਰ ਗਏ ਰਸ ਅਉਰ" ਠਾਕੁਰ ਜੀ ਮਹਾਰਾਜ ਵੀ ਇਕ ਬੰਨਿਉਂ ਰਾਰਾ ਰਾਰਾ ਕਰਦੇ ਆ ਜਾਂਦੇ ਹਨ। ਹੱਥਾਂ ਵਿਚ ਪਊਏ ਖੜਤਾਲਾਂ ਵਾਂਗ ਵਜਾਂਦੇ ਹੋਏ ਦੀਵਾਨ ਵਿਚ ਨ੍ਰਿਤਕਾਰੀ ਕਰ ਰਹੇ ਹਨ। ਹੋਰ ਵੀ ਕਈ ਸਾਧ ਮਸਤਾਨੇ ਹੋ ਜਾਂਦੇ ਹਨ। ਕਿਲਕਾਂ ਵੱਜਦੀਆਂ ਹਨ। ਬੋਲੇ ਹੋ ਰਹੇ ਹਨ। ਸੰਗਤ ਮਹਾਨ ਅਨੰਦ ਵਿਚ ਹੈ। ਲੋਕ ਅਸ਼-ਅਸ਼ ਕਰ ਰਹੇ ਹਨ। ਕਿੰਨਾ ਚਿਰ ਇਹ ਰੰਗ ਬੱਝਾ ਰਿਹਾ। ਦੀਵਾਨ ਦਾ ਭੋਗ ਪੈਂਦਾ ਹੈ। ਠਾਕੁਰ ਜੀ ਮੇਰੇ ਸਿਰ 'ਤੇ ਪਿਆਰ ਦੇ ਕੇ ਆਖਦੇ ਹਨ - "ਬੱਚਾ ਤੇਰੀ ਚਾਰ ਚੱਕ ਵਿਚ ਉਜਾਗਰੀ ਹੋਊ। ਤੇਰੀਆਂ ਸੋਆਂ ਸੁਣਕੇ ਲੋਕ ਹਰੇ ਹੋਣਗੇ। ਲੋਕ ਤੇਰਾ ਰਾਹ ਤੱਕਿਆ ਕਰਨਗੇ। ਕਈ ਤੇਰਾ ਨਾਂ ਸੁਣ ਕੇ ਹੀ ਰੂਹਿ ਉਠਿਆ ਕਰਨਗੇ। ਬੱਚਾ ਤੂੰ ਮੈਨੂੰ ਆਸਾ ਦੀ ਵਾਰ ਸੁਣਾਈ ਹੈ ਤੇਰੇ ਸਿਰ 'ਤੇ ਛੱਤਰ ਝੁੱਲੇਗਾ।"...ਮੈਨੂੰ ਕੋਈ ਇਨ੍ਹਾਂ ਗੱਲਾਂ ਤੇ ਪਰਤੀਤ ਨਾ ਆਈ ਕਿਉਂਕਿ ਮੈਨੂੰ ਆਪਣੀ ਯੋਗਤਾ ਦਾ ਪਤਾ ਸੀ। ਮੈਨੂੰ ਤਾਂ ਇਲਾਕੇ ਤੋਂ ਬਾਹਰ ਕੋਈ ਜਾਣਦਾ ਵੀ ਨਹੀਂ ਸੀ। ਹੈਰਾਨ ਸਾਂ ਕਿ ਮੈਂ ਏਡਾ ਵੱਡਾ ਆਦਮੀ ਜਿੰਨਾ ਕਿ ਬਾਬਾ ਆਖਦਾ ਹੈ ਕਿਵੇਂ ਬਣ ਜਾਵਾਂਗਾ। ਮੇਰੇ ਦਿਲ ਨੇ ਇਹੀ ਫ਼ੈਸਲਾ ਕੀਤਾ ਕਿ ਇਹ ਬਾਬੇ ਦੇ ਸੁਖ ਨਿਧਾਨ ਦੀ ਮੌਜ ਹੈ - ਭੰਗ ਦੇ ਤਰੰਗ ਹਨ, ਇਸ ਤੋਂ ਬਿਨਾਂ ਹੋਰ ਕੁਝ ਨਹੀਂ।"[5]

ਪਰੰਤੂ ਜਦੋਂ ਮੁਕਤਸਰ ਵਿਖੇ ਆਲਿਮ ਜੀ ਫ਼ਿਦਾਏ ਵਤਨ ਲਾਲਾ ਲਾਜਪਤ ਰਾਏ ਜੀ ਦੇ ਨਾਲ ਕਾਂਗਰਸ ਦੀ ਇਕ ਕਾਨਫਰੰਸ ਵਿਚ ਭਾਗ ਲੈਣ ਗਏ ਤਾਂ ਸਟੇਸ਼ਨ ਤੋਂ ਲਾਲਾ ਜੀ ਨੂੰ ਤਾਂ ਪ੍ਰਬੰਧਕ ਅਫ਼ਾਪਲੇ ਹੀ ਲੈ ਗਏ, ਪਰ ਆਲਿਮ ਜੀ ਨੂੰ ਸੇਠਾਂ, ਸ਼ਾਹੂਕਾਰਾਂ, ਰਈਸਾਂ ਦੁਆਰਾ ਖਿਚੀ ਜਾਂਦੀ ਇਕ ਬੱਘੀ ਵਿਚ ਬਿਠਾ ਕੇ ਸ਼ਹਿਰ ਵਿਚੋਂ ਜਲੂਸ ਕੱਢਿਆ। ਇਕ ਸ਼ਰੀਫ਼ ਉਨ੍ਹਾਂ ਦੇ ਸਿਰ 'ਤੇ ਛਤਰ ਵੀ ਲਈ ਖੜ੍ਹਾ ਸੀ। ਫੁੱਲ ਵਰਖਾ ਹੋ ਰਹੀ ਸੀ। ਬੇਸ਼ਕ ਇਹ ਨਾਮਧਾਰੀ ਅੰਦੋਲਨ ਦਾ ਹੀ ਸਤਿਕਾਰ ਸੀ, ਪਰ ਆਲਿਮ ਜੀ ਇਸ ਵਾਕਿਆ ਤੇ ਬਹੁਤ ਦਰਵਿਤ ਹੋਏ ਅਤੇ ਹੁਣ ਗੁਜ਼ਰ ਚੁੱਕੇ ਬਾਬੇ ਕੇਸਰ ਦੇ ਸਤਿਕਾਰ ਵਿਚ ਉਨ੍ਹਾਂ ਦਾ ਸਿਰ ਝੁਕ ਗਿਆ ਸੀ। ਬਾਬਾ ਕੇਸਰ ਉਸ ਸਮੇਂ ਲੋਕ ਗੀਤਾਂ ਦਾ ਪਾਤਰ ਬਣ ਚੁੱਕਾ ਸੀ। ਮਾਈਆਂ ਬੀਬੀਆਂ ਤ੍ਰਿੰਞਣਾਂ ਵਿਚ ਉਸ ਦੇ ਨਾਂ ਦੇ ਸ਼ਬਦ ਪੜ੍ਹਿਆ ਕਰਦੀਆਂ ਸਨ - "ਘਰ ਆ ਜਾ ਬਾਬਾ ਕੇਸਰਾ, ਮੈਂ ਕੇਸਰ ਕੇਸਰ ਕਰਦੀ...

"ਘਰ ਆ ਜਾ ਮੇਰੇ ਠਾਕਰਾ, ਮੈਂ ਠਾਕੁਰ ਠਾਕੁਰ ਕਰਦੀ"[6]

ਇਸ ਤਰ੍ਹਾਂ ਦੀ ਮਹਾਨ ਹਸਤੀ ਤੋਂ ਵਰੋਸਾਏ ਸੰਤ ਨਿਧਾਨ ਸਿੰਘ ਆਲਿਮ ਕਿਸੇ ਪੱਖੋਂ ਊਣੇ ਕਿਵੇਂ ਰਹਿ ਸਕਦੇ ਸਨ। ਉਹ ਹਿੰਦੀ, ਪੰਜਾਬੀ, ਅਰਬੀ, ਫਾਰਸੀ, ਉਰਦੂ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਚੰਗੇ ਜਾਣਕਾਰ ਸਨ। ਆਪਣੀ ਇਲਮੀ ਯੋਗਤਾ ਨੂੰ ਉਨ੍ਹਾਂ ਦੇਸ਼ ਸੇਵਾ ਲਈ ਸਮਰਪਿਤ ਕਰਨ ਵਾਸਤੇ ਹੀ ਨਾਮਧਾਰੀ ਸੰਗਤ ਵਾਲਾ ਰਸਤਾ ਚੁਣਿਆ ਸੀ। ਜਲ੍ਹਿਆਂ ਵਾਲੇ ਬਾਗ਼ ਦੇ ਭਿਆਨਕ ਖੂਨੀ ਕਾਂਡ ਤੋਂ ਬਾਅਦ ਸਾਰਾ ਦੇਸ਼ ਆਮ ਕਰਕੇ ਅਤੇ ਪੰਜਾਬ ਖ਼ਾਸ ਕਰਕੇ ਝਕਝੋਰਿਆ ਗਿਆ ਸੀ। ਕੂਕਿਆਂ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਆਜ਼ਾਦੀ ਲਈ ਕੀਤੇ ਉਨ੍ਹਾਂ ਦੇ ਪਹਿਲੇ ਉਪਰਾਲਿਆਂ ਸਮੇਂ ਜਿਥੇ ਦੇਸ਼ ਵਾਸੀਆਂ ਦਾ ਹੁੰਗਾਰਾ ਮੱਠਾ ਸੀ ਹੁਣ ਪੰਜਾਬ ਵਿਚ ਕਾਂਗਰਸ, ਖਿਲਾਫ਼ਤ, ਜ਼ਿਮੀਂਦਾਰਾ ਲੀਗ, ਅਕਾਲੀ ਤੇ ਬੱਬਰ ਅਕਾਲੀ, ਕਿਰਤੀ ਕਿਸਾਨ ਲਹਿਰਾਂ ਦੇ ਸੱਦੇ ਨੂੰ ਲੋਕੀਂ ਭਰਪੂਰ ਸਮਰਥਨ ਦੇ ਰਹੇ ਸਨ। ਪੂਰਨੇ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਪਾਏ ਸਨ, ਅਸਹਿਯੋਗ ਅੰਦੋਲਨ, ਸਵਦੇਸ਼ੀ ਅੰਦੋਲਨ ਵਾਲੇ ਉਨ੍ਹਾਂ ਉੱਤੇ ਹੀ ਕੌਮੀ ਮੁਕਤੀ ਅੰਦੋਲਨ ਦੀ ਗੂੜ੍ਹੀ ਇਬਾਰਤ ਲਿਖੀ ਜਾ ਰਹੀ ਸੀ।

ਆਲਿਮ ਜੀ ਤਹਿਰੀਰ ਅਤੇ ਤਕਰੀਰ ਦੋਹਾਂ ਦੇ ਧਨੀ ਸਨ। ਆਪਣੀ ਕਲਮ ਨਾਲ ਉਨ੍ਹਾਂ ੧੯੨੦ ਈ. ਤਾ ਛਪਣ ਵਾਲੇ ਨਾਮਧਾਰੀ ਦਰਬਾਰ ਦੇ ਸਪਤਾਹਿਕ ਪਰਚੇ 'ਸਤਿਜੁੱਗ', ਲਾਹੌਰ ਤੋਂ ਉਨ੍ਹਾਂ ਦੀ ਐਡੀਟਰੀ ਹੇਠ ਨਿਕਲਣ ਵਾਲੇ ਰੋਜ਼ਾਨਾ ਪੰਜਾਬੀ ਅਖ਼ਬਾਰ 'ਕੂਕਾ', ਫਿਰ 'ਆਲਿਮ' ਅਤੇ 'ਮਸਤਾਨਾ' ਆਦਿ ਪਰਚਿਆਂ ਦੁਆਰਾ ਦੇਸ਼ ਕੌਮ ਦੀ ਬੇਮਿਸਾਲ ਸੇਵਾ ਕੀਤੀ। ਹੁਣ ਉਹਨਾਂ ਨੇ ਮਹਾਰਾਜ ਗੁਰਦਿਆਲ ਸਿੰਘ ਜੀ (੧੯੯੭ ਈ - ੧੯੨੯ ਈ.) ਜੋ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਸਨ, ਉਨ੍ਹਾਂ ਦੀ ਅਗਵਾਈ ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਵਿਚ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਗੁਰਮੁਖੀ ਤੋਂ ਇਲਾਵਾ ਉਰਦੂ, ਫ਼ਾਰਸੀ ਅਤੇ ਅੰਗਰੇਜ਼ੀ ਦੇ ਵੀ ਵਿਦਵਾਨ ਸਨ। ਸਰਕਾਰੀ ਦਸਤਾਵੇਜ਼ਾਂ ਵਿਚੋਂ ਕੂਕਿਆਂ ਨਾਲ ਸਬੰਧਿਤ ਸਮੱਗਰੀ ਦਾ ਅਵਲੋਕਨ ਕਰਨ ਵਾਲੇ ਉਹ ਪਹਿਲੇ ਨਾਮਧਾਰੀ ਸਨ। ਇਸ ਤਰ੍ਹਾਂ ਆਲਿਮ ਜੀ ਦੇ ਹਿਰਦੇ ਵਿਚ ਨਾਮਧਾਰੀ ਇਤਿਹਾਸ ਦੀ ਪਰਖ-ਪੜਚੋਲ, ਖੋਜ-ਘੋਖ ਅਤੇ ਲਿਖਣ-ਸੰਭਾਵਨਾ ਦੀ ਰੁਚੀ ਸ੍ਰੀ ਮਹਾਰਾਜ ਜੀ ਦੀ ਸੰਗਤ ਵਿਚੋਂ ਹੀ ਅੰਕੁਰਿਤ ਹੋਈ। ਮਹਾਰਾਜ ਗੁਰਦਿਆਲ ਸਿੰਘ ਜੀ ੧੯੨੧ ਈ. ਦੀ ਅਹਿਮਦਾਬਾਦ ਕਾਂਗਰਸ ੧੯੨੨ ਈ. ਦੀ ਗਯਾ ਕਾਂਗਰਸ ਅਤੇ ੧੯੨੩ ਈ. ਦੀ ਬੈਲਗਾਮ ਕਾਂਗਰਸ ਵਿਚ ਬਤੌਰ ਮੈਂਬਰ ਆਲ ਇੰਡੀਆ ਕਾਂਗਰਸ ਦੇ ਸ਼ਾਮਿਲ ਹੋਏ ਸਨ। ਭਾਈ ਨਿਰੰਕਾਰ ਸਿੰਘ ਚੇਤਨ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਤੋਂ ਬਾਅਦ ਆਲਿਮ ਜੀ ਲਾਹੌਰ ਤੋਂ ਛਪਣ ਵਾਲੇ ਪਰਚੇ 'ਸਤਿਜੁੱਗ' ਦੇ ਤੀਸਰੇ ਸੰਪਾਦਕ ਬਣਾਏ ਗਏ ਸਨ।

ਪੰਜਾਬੀ ਕੁੰਡਲੀਏ ਦੇ ਸਿਰਤਾਜ ਕਵੀ ਰੌਂਧਾ ਸਿੰਘ ਜੱਟ (ਗੁਰਬਖਸ਼ ਸਿੰਘ, ਜੋਆ ਬੰਗਾ- ਲਾਹੌਰ) ਹੋਰਾਂ ਮੈਨੂੰ ੧੯੬੫ ਈ. ਵਿਚ ਵਸਤੀ ਨੌਕਾਂ ਵਾਲੀ ਨਿਕਟ ਫ਼ੀਰੋਜ਼ਪੁਰ ਛਾਉਣੀ ਵਿਖੇ ਉਨ੍ਹਾਂ ਨਾਲ ਹੋਈ ਪ੍ਰਥਮ ਮੁਲਾਕਾਤ ਵਿਚ ਦੱਸਿਆ ਸੀ ਕਿ ਉਹ ਵਰਨੈਕੂਲਰ ਮਿਡਲ ਦਾ ਇਮਤਿਹਾਨ ਪਾਸ ਕਰਨ ਬਾਅਦ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਸਰਕਾਰੀ ਅਧਿਆਪਕ ਭਰਤੀ ਹੋ ਗਏ ਸਨ। ਕੁਝ ਸਮੇਂ ਬਾਅਦ ਲਾਹੌਰ ਦੇ ਇਕ ਮਸ਼ਹੂਰ ਪਿੰਡ ਰਾਏਵਿੰਡ ਵਿਖੇ ਜ਼ਿਮੀਂਦਾਰਾ ਲੀਗ ਦੀ ਸਾਲਾਨਾ ਕਾਨਫਰੰਸ ਸਮੇਂ ਸੰਤ ਨਿਧਾਨ ਸਿੰਘ ਆਲਿਮ, ਮਹਿੰਦਰ ਸਿੰਘ ਵਿਦ, ਚੌਧਰੀ ਛੋਟੂ ਰਾਮ (ਉਦੋਂ ਅਜੇ ਸਰ ਨਹੀਂ ਸੀ ਬਣਿਆ), ਕੇਦਾਰ ਨਾਥ ਸਹਿਗਲ ਅਤੇ ਨੌਜੁਆਨ ਭਾਰਤ ਸਭਾ ਦੇ ਭਗਤ ਸਿੰਘ, ਦੇਵੀ ਪਾਰਬਤੀ ਕਮਾਲੀਆ ਆਦਿ ਆਏ ਸਨ। ਜਲਸੇ ਤੋਂ ਬਾਅਦ ਵਿਚਾਰ ਵਟਾਂਦਰੇ ਸਮੇਂ ਸੰਤ ਨਿਧਾਨ ਸਿੰਘ ਆਲਿਮ ਨੇ ਉਸ ਨੂੰ ਸਰਕਾਰੀ ਨੌਕਰੀ ਛੱਡ ਕੇ ਦੇਸ਼ ਆਜ਼ਾਦੀ ਦੇ ਘੋਲ ਵਿਚ ਕੁੱਦਣ ਦੀ ਅਪੀਲ ਕੀਤੀ ਜੋ ਜੱਟ ਹੋਰਾਂ ਤੁਰੰਤ ਪਰਵਾਨ ਕਰ ਲਈ ਅਤੇ ਤਾ-ਉਮਰ ਲੋਕ ਹਿੱਤੂ ਮੋਰਚਿਆਂ ਤੇ ਸਰਗਰਮ ਰਹੇ। ਇਹੋ ਜਿਹੇ ਪਤਾ ਨਹੀਂ ਕਿਤਨੇ ਸੰਭਾਵਨਾਵਾਂ ਭਰਪੂਰ ਨੌਜੁਆਨਾਂ ਨੂੰ ਆਲਿਮ ਜੀ ਨੇ ਦੇਸ਼ ਆਜ਼ਾਦੀ ਦਾ ਜੋਗ ਦਿੱਤਾ ਹੋਵੇਗਾ।

ਨਾਮਧਾਰੀ ਸੰਗਤ ਵੱਲੋਂ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਕੀਤੇ ਗਏ ਪਹਿਲੇ ਸ਼ਹੀਦੀ ਸਮਾਰੋਹ ਜੋ ੧੭-੧੮-੧੯ ਜਨਵਰੀ ੧੯੨੧ ਈ. ਨੂੰ ਮੁਠੱਡਾ ਕਲਾਂ (ਜਲੰਧਰ) ਵਿਖੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਇਆ ਸੀ, ਵਿਚ ਪੰਜਾਬ ਦੇ ਤਤਕਾਲੀਨ ਉੱਘੇ ਸੁਤੰਤਰਤਾ ਸੰਗਰਾਮੀਆਂ- ਮਹਾਰਾਜ ਗੁਰਦਿਆਲ ਸਿੰਘ, ਮਹਾਰਾਜ ਨਿਹਾਲ ਸਿੰਘ, ਚੌਧਰੀ ਰਾਮਭਜ ਦੱਤ, ਮੌਲਾਨਾ ਸਈਅਦ ਹਬੀਬ ਐਡੀਟਰ ਸਿਆਸਤ ਲਾਹੌਰ, ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਚੌਧਰੀ ਗੁਲਾਮ ਹੈਦਰ (ਐਡੀਟਰ ਸਿਆਸਤ) ਲਾਲਾ ਕਿਦਾਰ ਨਾਥ ਸਹਿਗਲ, ਸ਼ਹੀਦੇ ਆਜ਼ਮ ਸ: ਭਗਤ ਸਿੰਘ ਤੇ ਉਨ੍ਹਾਂ ਦੇ ਪਿਤਾ ਸ: ਕਿਸ਼ਨ ਸਿੰਘ, ਮਹਿਤਾ ਅਨੰਦ ਕਿਸ਼ੋਰ ਲਾਹੌਰ, ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਸਮੇਤ ਸੰਤ ਨਿਧਾਨ ਸਿੰਘ ਆਲਿਮ ਵੀ ਸ਼ਾਮਿਲ ਹੋਏ। ਦੂਜਾ ਇਜਲਾਸ ਇਸੇ ਤਰ੍ਹਾਂ ਦਾ ਸਿਆੜ੍ਹ (ਲੁਧਿਆਣਾ) ਵਿਖੇ ਹੋਇਆ ਜਿਸ ਦੀ ਪ੍ਰਧਾਨਗੀ ਆਲਿਮ ਜੀ ਨੇ ਕੀਤੀ। ਇਸ ਕਾਨਫਰੰਸ ਵਿਚ ਵੀ ਨਾਮੀ-ਗਰਾਮੀ ਆਗੂ ਸ਼ਾਮਿਲ ਹੋਏ ਅਤੇ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਕੀ ਤੁਰੰਤ ਚੁੱਕੇ ਜਾਣ ਦਾ ਮਤਾ ਵੀ ਪਾਸ ਕੀਤਾ ਗਿਆ। ਚੌਕੀ ਨਾ ਚੁੱਕੇ ਜਾਣ ਦੀ ਸੂਰਤ ਵਿਚ ਸਤਿਆਗ੍ਰਹਿ ਕਰਨ ਲਈ ਜਥੇ ਭਰਤੀ ਕਰਨ ਦਾ ਕਾਰਜ ਵੀ ਆਲਿਮ ਹੋਰਾਂ ਦੀ ਅਗਵਾਈ ਵਿਚ ਚੱਲ ਰਿਹਾ ਸੀ। ਫਿਰ ਇਸ ਤਰ੍ਹਾਂ ਦਾ ਚੌਥਾ ਦੀਵਾਨ ਹੁਸ਼ਿਆਰਪੁਰ ਵਿਖੇ ਹੋਇਆ। ਜਿਸ ਤੋਂ ਬਾਅਦ ਪੁਲਿਸ ਚੌਕੀ ਉਠਾ ਲਈ ਗਈ।

ਲਾਹੌਰ ਦੇ ੧੯੨੯ ਈ. ਵਾਲੇ ਕਾਂਗਰਸ ਦੇ ਕੌਮੀ ਇਜਲਾਸ ਦੀ ਇਹ ਮਹੱਤਤਾ ਹੈ ਕਿ ਇਸ ਵਿਚ ਦੇਸ਼ ਲਈ ਮੁਕੰਮਲ ਆਜ਼ਾਦੀ ਦਾ ਮਤਾ, ਕਾਂਗਰਸ ਦੇ ਕਿਸੇ ਸਮਾਗਮ ਵਿਚ ਪਹਿਲੀ ਵੇਰ ਪਾਸ ਹੋਇਆ ਸੀ। ਹੁੰਦਾ ਵੀ ਕਿਵੇਂ ਨਾ, ਜਿਸ ਇਜਲਾਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿੰਘਾਂ ਨੇ ਸ਼ਾਮਿਲ ਹੋ ਕੇ ਅਕਾਲੀ ਆਗੂ ਬਾਬਾ

Sri Satguru Jagjit Singh Ji eLibrary NamdhariElibrary@gmail.com

ਖੜਕ ਸਿੰਘ ਦੀ ਇਸ ਵੰਗਾਰ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਸੀ ਕਿ ਕਾਂਗਰਸ ਦੇ ਇਜਲਾਸ ਵਿਚ ਜਾਣ ਵਾਲਿਆਂ ਨੂੰ ਸਿੱਖ ਨਹੀਂ ਸਮਝਿਆ ਜਾਏਗਾ। ਮਾਤਾ ਜੀਵਨ ਕੌਰ ਜੀ ਦੀ ਅਗਵਾਈ ਵਿਚ ਲੰਗਰ ਦਾ ਪ੍ਰਬੰਧ ਸੀ ਜਿਥੋਂ ਲੱਖਾਂ ਲੋਕਾਂ ਨੇ ਪ੍ਰਸ਼ਾਦਾ ਪਾਣੀ ਛਕਿਆ। ਇਸ ਤੋਂ ਅਗਲੀਆਂ ਮਹੱਤਵਪੂਰਨ ਸਮਕਾਲੀ ਘਟਨਾਵਾਂ ਫਿਰ ਆਲਿਮ ਜੀ ਦੀ ਜ਼ੁਬਾਨੀ ਸੁਣੀਏ।

"ਕਾਂਗਰਸ ਸੈਸ਼ਨ ਲਾਹੌਰ ਦੇ ਪਿੱਛੋਂ ਪੰਜਾਬ ਕਾਂਗਰਸ ਨੂੰ ਗੈਰ ਕਾਨੂੰਨੀ ਜਮਾਤ ਕਰਾਰ ਦੇ ਦਿੱਤਾ ਗਿਆ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਪੰਜਾਬ ਕਾਂਗਰਸ ਦੇ ਡਿਕਟੇਟਰ ਦੀ ਹੈਸੀਅਤ ਵਿਚ ਸ਼ਰਾਬ ਦੀ ਦੁਕਾਨ 'ਤੇ ਪਿਕਟਿੰਗ ਕਰਦੇ ਹੋਏ ਗ੍ਰਿਫ਼ਤਾਰ ਹੋ ਗਏ। ੬ ਮਹੀਨਿਆਂ ਦੀ ਸਜ਼ਾ ਹੋਣ ਉਪਰੰਤ ਆਪ ਨੂੰ ਗੁਜਰਾਤ (ਪੰਜਾਬ) ਦੀ ਸਪੈਸ਼ਲ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ ਪੰਜਾਬ ਦੇ ਲਗਪਗ ਸਾਰੇ ਹੀ ਕਾਂਗਰਸੀ ਨੇਤਾ ਬੰਦ ਸਨ। ਆਪ ਤੋਂ ਪਿੱਛੋਂ ਹੀ ਪੰਡਿਤ ਮਨਸਾ ਸਿੰਘ ਜੀ ਕੌਮੀ ਡਿਕਟੇਟਰ ਬਣ ਕੇ ਗ੍ਰਿਫ਼ਤਾਰ ਹੋਏ ਮਹਾਰਾਜ ਗੁਰਦਿਆਲ ਸਿੰਘ ਜੀ ਕਾਂਗਰਸ ਦਾ ਕੰਮ ਕਰਦੇ ਹੋਏ ਪਹਿਲੋਂ ਹੀ ਸੁਰਗਵਾਸ ਹੋ ਚੁੱਕੇ ਸਨ। ਲਾਹੌਰ ਵਿਚ ਕਾਂਗਰਸ ਦੀਆਂ ਸਰਗਰਮੀਆਂ ਸ਼ਾਂਤ ਹੋ ਚੁੱਕੀਆਂ ਸਨ। ਨਾ ਕੋਈ ਜਲੂਸ ਨਿਕਲਦਾ ਨਾ ਜਲਸਾ ਹੁੰਦਾ। ਪੰਜਾਬ ਸੂਬਾ ਕਾਂਗਰਸ ਕਮੇਟੀ ਦਾ ਦਫ਼ਤਰ ਬਰੈਡਲਾ ਹਾਲ ਖਾਲੀ ਪਿਆ ਸੀ। ਮੈਂ ਲਾਹੌਰ ਤੋਂ ਬਾਹਰ ਗੁਜਰਾਂਵਾਲੇ ਸਾਂ। ਮਹਾਰਾਜ ਨਿਹਾਲ ਸਿੰਘ ਜੀ ਨੇ ਜੇਲ੍ਹ ਵਿਚੋਂ ਮੈਨੂੰ ਲਿਖਿਆ ਸੀ ਕਿ ਇਸ ਵੇਲੇ ਬਰੈਡਲਾ ਹਾਲ ਵਿਚ ਡੇਰਾ ਲਾ ਕੇ ਸੂਬਾ ਕਾਂਗਰਸ ਦਾ ਚਾਰਜ ਸੰਭਾਲਣ ਦੀ ਲੋੜ ਹੈ। ਲਾਹੌਰ ਪੁੱਜੋ ਤਾਂ ਕਿ ਕੁਝ ਨਾ ਕੁਝ ਕੰਮ ਹੁੰਦਾ ਰਹੇ।

"ਮੈਂ ਆਪਣੇ ਚੰਦ ਸਾਥੀਆਂ ਸਮੇਤ ਇਕ ਦੋ ਦਿਨਾਂ ਵਿਚ ਲਾਹੌਰ ਪੁੱਜਾ ਅਤੇ ਬਰੈਡਲਾ ਹਾਲ ਵਿਚ ਡੇਰਾ ਲਾ ਦਿੱਤਾ। ਸ਼ਹਿਰ ਵਿਚ ਜਲਸਿਆਂ ਦਾ ਆਰੰਭ ਕਰਕੇ ਕਾਂਗਰਸ ਦੀ ਰੁਕੀ ਹੋਈ ਗੱਡੀ ਚਾਲੂ ਕਰ ਦਿੱਤੀ ਅਤੇ ਨਾਲ ਹੀ "ਸੈਂਟਰਲ ਕੂਕਾ ਕਾਂਗਰਸ ਦਲ' ਦੇ ਨਾਉਂ ਤੇ ਇਕ ਨਵੀਂ ਸੰਸਥਾ ਜਥੇਬੰਦ ਕਰ ਦਿੱਤੀ। ਇਸਦਾ ਮਨੋਰਥ ਕਾਂਗਰਸ ਦੇ ਅਸੂਲਾਂ ਦਾ ਪਰਚਾਰ ਕਰਦਿਆਂ, ਹਰ ਲੋੜੀਂਦੀ ਕੁਰਬਾਨੀ ਦਾ ਸਵਾਗਤ ਕਰਨਾ ਸੀ। ਸਾਡੀ ਪ੍ਰਸੰਨਤਾ ਦੀ ਕੋਈ ਹੱਦ ਨਹੀਂ ਰਹੀ, ਜਦ ਕਿ ਸਾਡੀ ਸਹਾਇਤਾ ਲਈ ਪਰਮ ਪੂਜਨੀਕ ਮਾਤਾ ਸ੍ਰੀ ਜੀਵਨ ਕੌਰ ਅਤੇ ਫਤਹਿ ਕੌਰ ਜੀ ਵੀ ਲਾਹੌਰ ਆ ਗਏ। ਉਨ੍ਹਾਂ ਨੇ ਸਾਨੂੰ ਆਪਣਾ ਹਾਰਦਿਕ ਅਸ਼ੀਰਵਾਦ ਦਿੱਤਾ। ਮੋਰੀ ਦਰਵਾਜ਼ੇ ਦੇ ਇਕ ਜਲਸੇ ਵਿਚ ਜਿਸ ਵਿਚ ੩੦-੪੦ ਹਜ਼ਾਰ ਦੀ ਹਾਜ਼ਰੀ ਹੋਵੇਗੀ, ਪੂਜ ਮਾਤਾਵਾਂ ਸਟੇਜ ਤੇ ਸੁਸ਼ੋਭਿਤ ਸਨ। ਜਦੋਂ ਜਨਤਾ ਦੇ ਸਾਹਮਣੇ ਉਨ੍ਹਾਂ ਦੀ ਜਾਣ ਪਛਾਣ ਕਰਾਈ ਗਈ ਤਾਂ ਬੰਦੇ-ਮਾਤਰਮ ਦੇ ਨਾਹਰਿਆਂ ਨਾਲ ਅਕਾਸ਼ ਗੂੰਜ ਉੱਠਿਆ। ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਪਿੱਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸਮੇਤ, ਉਨ੍ਹਾਂ ਦੀ ਭੈਣੀ ਸਾਹਿਬ ਵਿਚ ਸਾਲਾਂ ਬੱਧੀ ਨਜ਼ਰਬੰਦ ਰਹਿਣ ਅਤੇ ਕਰੜੀਆਂ ਪਾਬੰਦੀਆਂ ਸਹਾਰਨ ਦੀਆਂ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀਆਂ ਘਟਨਾਵਾਂ ਸੁਣ ਕੇ, ਜਨਤਾ ਵਿਚ ਕਰੁਣਾ ਰਸ ਦਾ ਪ੍ਰਵਾਹ ਜਾਰੀ ਹੋ ਗਿਆ। ਜਦ ਦੱਸਿਆ ਗਿਆ ਕਿ ਸਾਡੀਆਂ ਪੂਜਯ ਮਾਤਾਵਾਂ ਨੇ ਸਾਰੀ ਉਮਰ ਸ਼ੁੱਧ ਖੱਦਰ ਪਹਿਨਿਆ ਹੈ ਅਤੇ ਬਦੇਸ਼ੀ ਰੇਲ ਨੂੰ ਅੰਗ ਨਾਲ ਨਹੀਂ ਲਾਇਆ ਤਾਂ ਲੋਕਾਂ ਨੇ ਪੁਰਜ਼ੋਰ ਤਾਲੀਆਂ ਨਾਲ ਮਾਤਾ ਜੀਵਨ ਕੌਰ ਦੀ ਜੈ ਦੇ ਨਾਅਰੇ ਲਾਏ। ਇਸੇ ਤਰ੍ਹਾਂ ਹੋਰ ਵੀ ਕਈ ਜਲਸੇ ਹੋਏ, ਜਿਨ੍ਹਾਂ ਨੂੰ ਅੰਗਰੇਜ਼ ਹਾਕਮ ਸਹਾਰ ਨਾ ਸਕੇ, ਉਹ ਬੌਖਲਾ ਉੱਠੇ ਅਤੇ ਇਕ ਵਾਰ ਫਿਰ ਸਰਕਾਰ ਦਾ ਲਾਹੌਰੀ ਸਿੰਘਾਸਨ ਡੋਲ ਉੱਠਿਆ।

"ਮੈਨੂੰ ਵੀ ਬਰੈਡਲਾ ਹਾਲ ਤੋਂ ਗ੍ਰਿਫ਼ਤਾਰ ਕਰਕੇ ਬੋਰਸਟਲ ਜੇਲ੍ਹ ਵਿਚ ਪੁਚਾ ਦਿੱਤਾ ਗਿਆ। ਮੇਰੇ ਵਿਰੁੱਧ ੧੨੪ ਅਲਫ ਦੇ ਅਧੀਨ ਬਗਾਵਤ ਦਾ ਕੇਸ ਰਜਿਸਟਰ ਕੀਤਾ ਗਿਆ। ਇਕ ਸਾਲ ਮੁਕੱਦਮਾ ਚਲਦਾ ਰਿਹਾ ਅਤੇ ਜਦੋਂ ਮੁੱਕਦਮਾ ਮੁੱਕਣ ਤੇ ਆਇਆ ਤਾਂ "ਗਾਂਧੀ ਇਰਵਿਨ ਪੈਕਟ" ਹੋ ਗਿਆ। ਉਸ ਵਿਚ ਗਾਂਧੀ ਜੀ ਦੀ ਇਹ ਵੀ ਸ਼ਰਤ ਸੀ ਕਿ ਸਾਰੇ ਪੁਲੀਟੀਕਲ ਕੈਦੀ ਛੱਡ ਦਿੱਤੇ ਜਾਣ ਤੇ ਚੱਲ ਰਹੇ ਮੁੱਕਦਮੇ ਵਾਪਸ ਲੈ ਲਏ ਜਾਣ। ਮੇਰਾ ਮੁਕੱਦਮਾ ਵੀ ਬਾਕੀਆਂ ਨਾਲ ਵਾਪਸ ਲੈ ਲਿਆ ਗਿਆ ਤੇ ਉਧਰ ਮਹਾਰਾਜ ਨਿਹਾਲ ਸਿੰਘ ਜੀ ਵੀ ਜੇਲ੍ਹ ਵਿਚੋਂ ਰਿਹਾ ਹੋ ਕੇ ਘਰ ਪੁੱਜ ਗਏ।

Sri Satguru Jagjit Singh Ji eLibrary NamdhariElibrary@gmail.com

"ਇਹ ਘਟਨਾਵਾਂ ਪੰਥ ਦੀਆਂ ਉਨ੍ਹਾਂ ਕੁਰਬਾਨੀਆਂ ਨੂੰ ਪ੍ਰਗਟ ਕਰਦੀਆਂ ਹਨ, ਜੋ ਪੰਜਾਬ ਕਾਂਗਰਸ ਨੂੰ ਗੈਰ-ਕਾਨੂੰਨੀ, ਜਮਾਤ ਕਰਾਰ ਦੇਣ ਸਮੇਂ ੧੯੩੨ ਵਿਚ ਕੀਤੀਆਂ ਗਈਆਂ। ਸ੍ਰੀ ਹਜ਼ੂਰ ਮਹਾਰਾਜ ਨਿਹਾਲ ਸਿੰਘ ਜੀ ਤੋਂ ਇਲਾਵਾ ਹੋਰ ਅਨੇਕਾਂ ਸੱਜਣਾਂ ਨੇ ਇਸ ਲਹਿਰ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਉਨ੍ਹਾਂ ਵਿਚੋਂ ਸ੍ਰੀਮਾਨ ਸੰਤ ਅਣਖਾ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਰੂਹੀ ਚੱਕ, ਸੰਤ ਮਨਸਾ ਸਿੰਘ ਬਧਨਾਲਾ ਜ਼ਿਲ੍ਹਾ ਗੁਜਰਾਂਵਾਲਾ, ਪੰਡਿਤ ਮਨਸਾ ਸਿੰਘ ਜੀ ਕੌਮੀ, ਸੰਤ ਦੀਵਾਨ ਸਿੰਘ ਜੀ ਹੜਪ, ਸੰਤ ਚਰਨ ਸਿੰਘ ਜੀ ਗਿੱਲ (ਬਾਰ) ਅਤੇ ਸੰਤ ਭਰੋਸਾ ਸਿੰਘ ਜੀ ਗਿਆਨੀ ਮਾਨਾਂਵਾਲਾ (ਬਾਰ) ਆਦਿਕ ਦੇ ਨਾਉਂ ਵਰਨਣਯੋਗ ਹਨ।"

ਇਉਂ ਇਸ ਲੰਮੀ ਟੂਕ ਤੋਂ ਇਹ ਭਲੀ ਭਾਂਤ ਵਿਦਿਤ ਹੁੰਦਾ ਹੈ ਕਿ ਆਲਿਮ ਜੀ ਅਤੇ ਉਨ੍ਹਾਂ ਦੇ ਹੋਰ ਸਮਕਾਲੀ ਨਾਮਧਾਰੀ ਬੁੱਧੀਜੀਵੀਆਂ ਦੀ ਆਜ਼ਾਦੀ ਦੀ ਲੜਾਈ ਵਿਚ ਭੂਮਿਕਾ ਕਿਤਨੀ ਅਹਿਮ ਸੀ। ਸ਼ਾਇਦ ਇਹੋ ਕਾਰਨ ਸੀ ਕਿ ਵੰਡ ਤੋਂ ਫੌਰਨ ਬਾਅਦ ਪੰਜਾਬ ਕਾਂਗਰਸ ਨੇ ਉਨ੍ਹਾਂ ਨੂੰ ਰਾਜਾਸਾਂਸੀ ਵਿਧਾਨ ਸਭਾ ਸੀਟ ਤੋਂ ਅਸਫਲ ਚੋਣ ਲੜਨ ਦਾ ਇਕ ਮੌਕਾ ਵੀ ਦਿੱਤਾ ਸੀ। ਵੰਡ ਤੋਂ ਬਾਅਦ ਉਨ੍ਹਾਂ ਨੇ ਪੱਛਮੀ ਪੰਜਾਬ ਤੋਂ ਆਏ ਹਿੰਦੂ ਸਿੱਖਾਂ ਦੇ ਮੁੜ-ਵਸੇਬੇ ਲਈ ਵੀ ਕਾਫ਼ੀ ਤਰੱਦਦ ਕੀਤਾ। ਇਸ ਸਮੇਂ ਉਨ੍ਹਾਂ ਆਪਣੀ ਰਿਹਾਇਸ਼ ਲੁਧਿਆਣਾ ਵਿਖੇ ਬਣਾ ਲਈ ਜਿਥੇ ੧੯ ਅਕਤੂਬਰ ੧੯੫੬ ਈ. ਨੂੰ ਉਹ ਹੁਕਮ ਸੱਤ ਹੋ ਗਏ।

ਅੱਜ ਕੱਲ੍ਹ ਉਨ੍ਹਾਂ ਦਾ ਪਰਿਵਾਰ ਪਟਿਆਲਾ ਵਿਖੇ ਰਹਿ ਰਿਹਾ ਹੈ। ੧੩ ਅਕਤੂਬਰ ੧੯੯੮ ਈ. ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਆਲਿਮ ਜੀ ਅਤੇ ਚੱਕਰਵਰਤੀ ਜੀ ਦੀ ਯਾਦ ਵਿਚ ਇਕ ਵੱਡਾ ਸਾਹਿਤਕ ਸਮਾਗਮ ਰਚ ਕੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ ਸੀ, ਜਿਸ ਵਿਚ ਪੰਜਾਬੀ ਸਾਹਿਤ ਨਾਲ ਸਬੰਧਿਤ, ਉੱਘੀਆਂ ਸ਼ਖ਼ਸੀਅਤਾਂ ਸ਼ਾਮਿਲ ਹੋਈਆਂ ਸਨ।

ਆਲਿਮ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਹਿੰਦੁਸਤਾਨ, ਅਫ਼ਰੀਕਾ ਅਤੇ ਸਿਆਮ ਵਿਚ ਕੋਈ ੪੦ ਵਰ੍ਹੇ ਨਾਮਧਾਰੀ ਪੰਥ ਦਾ ਪਰਚਾਰ ਆਪਣੇ ਦੀਵਾਨਾਂ ਕੀਰਤਨ ਅਤੇ ਵਖਿਆਨਾਂ ਦੁਆਰਾ ਹੀ ਨਹੀਂ ਕੀਤਾ ਸਗੋਂ ਆਪਣੀ ਨ੍ਰਿਤਕਾਰੀ ਨਾਲ ਵੀ ਸਰੋਤਿਆਂ/ਦਰਸ਼ਕਾਂ ਨੂੰ ਮੰਤਰ-ਮੁਗਧ ਕਰ ਦਿਆ ਕਰਦੇ ਸਨ। ਇਸੇ ਲਈ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਮਾਸਟਰ (ਬਾਦ ਵਿਚ ਪ੍ਰਿੰਸੀਪਲ) ਅਜੀਤ ਸਿੰਘ 'ਚੀਮਾ' ਨੇ ਇਕ ਹੋਰ ਚੁੱਕੇ ਨ੍ਰਿਤਕਾਰ ਜ਼ੈਲਦਾਰ ਅਤਰ ਸਿੰਘ ਸੰਭਲ ਵਾਲੀਏ ਨਾਲ ਜੋੜ ਕੇ ਆਲਿਮ ਜੀ ਨੂੰ ਇਉਂ ਯਾਦ ਕੀਤਾ ਸੀ:

"ਕੀ ਤੂੰ ਸਮਝਿਆ ਅੱਜ ਦੇ ਸੇਵਕਾਂ 'ਤੋਂ,
ਤੈਨੂੰ ਲੱਭਦਾ ਯਾਰ ਪੁਰਾਣਾ ਹੀ ਨਹੀਂ ?
ਕੀ ਤੂੰ ਸਮਝਿਆ ਸੰਤ ਗਿਆਨ ਸਿੰਘ ਤੋਂ,
ਬਿਨਾਂ ਕਿਸੇ ਨੇ ਵਾਰਾਂ ਸੁਣਾਣਾ ਹੀ ਨਹੀਂ ?
ਕੀ ਤੂੰ ਸਮਝਿਆ ਆਲਿਮ ਤੇ ਅਤਰ ਸਿੰਘ ਤੋਂ,
ਬਿਨਾਂ ਕਿਸੇ ਨੇ ਨਾਚ ਵਿਖਾਣਾ ਹੀ ਨਹੀਂ ?
ਭੂਰੀ ਵਾਲਿਆਂ ਤੇ ਆਲਾ ਸਿੰਘ ਬਾਝੋਂ,
ਤੈਨੂੰ ਕਿਸੇ ਨੇ ਚੌਰ ਝੁਲਾਣਾ ਹੀ ਨਹੀਂ ?"

ਇਕ ਲੇਖਕ ਦੇ ਤੌਰ 'ਤੇ ਉਹ ਸੰਤ ਇੰਦਰ ਸਿੰਘ ਚੱਕਰਵਰਤੀ ਜਿਉਂ ਭਾਵੇਂ ਬਹੁ ਵਿਧਾਵੀ ਲੇਖਕ ਨਹੀਂ ਸਨ, ਪਰ ਕਵਿਤਾ ਅਤੇ ਵਾਰਤਕ ਵਿਚੋਂ ਵੱਖ-ਵੱਖ ਰੰਗ ਝਲਕਦੇ ਸਨ। ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ ਜਿਨ੍ਹਾਂ ਪੁਸਤਕਾਂ ਨੇ ਦਿੱਤੀ ਉਨ੍ਹਾਂ ਵਿਚ ਸ਼ਾਮਿਲ ਹਨ – "ਗੁਰੂਪਦ ਪ੍ਰਕਾਸ਼' ਹਿੱਸੇ ਤਿੰਨ, ਜੁੱਗ ਪਲਟਾਊ ਸਤਿਗੁਰੂ, ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਸਿੱਖ ਧਰਮ ਤੇ ਮਾਸ, ਸੁੰਦਰ ਦਰਸ਼ਨ (ਇਹ ਸਭ ਵਾਰਤਕ ਰਚਨਾਵਾਂ) ਅਤੇ ਇਕ ਕਾਵਿ ਪ੍ਰਸੰਗ ਸੰਗ੍ਰਹਿ "ਰੂਹਾਨੀ ਟੈਲੀਫ਼ੋਨ" ਇਤਿਆਦਿ। ਸਤਿਯੁਗ ਦੇ ਬਸੰਤ ਅੰਕਾਂ ਅਤੇ ਹੋਰ ਵੱਖ-ਵੱਖ ਅੰਕਾਂ ਵਿਚ ਵੀ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਦੇ ਲੇਖ ਕਵਿਤਾਵਾਂ ਛਪਦੀਆਂ ਰਹੀਆਂ ਹਨ। ਕਰਾਂਤੀਕਾਰ ਸਤਿਗੁਰੂ, ਨਾਮਧਾਰੀ ਸਿਧਾਂਤ ਪਰਿਚਯ, ਸਿਖ ਧਰਮ ਏਵਮ ਮਾਸ ਹਿੰਦੀ ਵਿਚ ਵੀ ਛਪੀਆਂ। ਮਗਰਲੀਆਂ ਦੋਹਾਂ ਦੀ ਅਨੁਵਾਦਕ ਬੀਬੀ ਜਸਪਾਲ ਕੌਰ ਹੈ।

"ਗੁਰੂ ਪਦ ਪਰਕਾਸ਼" ਪਿਛਲੀ ਸਦੀ ਦੇ ਤੀਹਵਿਆਂ ਵਿਚ ਤਿੰਨ ਭਾਗਾਂ ਵਿਚ ਛਪੀ ਸੀ, ਪਰ ਹੁਣ ਇਹ ੧੯੯੯ ਈ. ਵਿਚ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਨੇ ਇਕੋ ਜਿਲਦ ਵਿਚ ਛਾਪ ਦਿੱਤੀ ਹੈ। ਇਹ ਨਾਮਧਾਰੀ ਮੱਤ ਦੀ ਬਹੁਤ ਮਹੱਤਵਪੂਰਨ ਪੁਸਤਕ ਹੈ। ਕਿਉਂਕਿ ਨਾਮਧਾਰੀ ਸਿੱਖ ਦੇਹਧਾਰੀ ਗੁਰੂ ਦੇ ਉਪਾਸਕ ਹਨ। ਵੀਹਵੀਂ ਸਦੀ ਦੇ ਪਹਿਲਾਂ ਦੇਹਧਾਰੀ ਗੁਰੂ ਦੇ ਸਵਾਲ ਤੇ ਪੰਜਾਬ ਦੇ ਬੌਧਿਕ ਵਾਯੂ ਮੰਡਲ ਵਿਚ ਬਹੁਤ ਤਿੱਖੀ ਬਹਿਸ ਛਿੜ ਗਈ ਸੀ। ਇਕ ਪੱਖ ਦੀ ਤਰਜਮਾਨੀ ਭਾਈ ਸੇਵਾ ਸਿੰਘ ਖਾਲਸਾ ਸਮਾਚਾਰ, ਅੰਮ੍ਰਿਤਸਰ ਵਾਲੇ ਕਰਦੇ ਸਨ, ਦੂਜੇ ਪਾਸੇ ਨਾਮਧਾਰੀ ਪਰਚਾ ਸਤਿਜੁਗ ਅਤੇ ਸੰਤ ਨਿਧਾਨ ਸਿੰਘ ਆਲਿਮ ਸਨ। ਭਾਈ ਸੇਵਾ ਸਿੰਘ ਹੋਰਾਂ ਦੀਆਂ ਦੋ ਪੁਸਤਕਾਂ "ਗੁਰੂ ਪਦ ਨਿਰਣਯ" ਛਪੀਆਂ ਤੇ ਆਲਿਮ ਜੀ ਨੇ "ਗੁਰੂ ਪਦ ਪ੍ਰਕਾਸ਼" ਤਿੰਨ ਭਾਗਾਂ ਵਿਚ ਇਨ੍ਹਾਂ ਦਾ ਜਵਾਬ ਦਿੱਤਾ। ਹਵਾਲੇ ਦੋਹਾਂ ਧੀਆਂ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਵਿਚੋਂ ਲੈ ਕੇ ਆਪੋ ਆਪਣੇ ਪੱਖ ਦਾ ਮੰਡਨ ਅਤੇ ਦੂਜੇ ਦਾ ਖੰਡਨ ਕਰਨ ਦੀ ਕੋਸ਼ਿਸ਼ ਕੀਤੀ। ਭਾਵੇਂ ਇਸ ਤਰ੍ਹਾਂ ਦੀਆਂ ਰਚਨਾਵਾਂ ਨਾਲ ਵਾਤਾਵਰਣ ਵਿਚ ਕੁਝ ਕੁੜੱਤਣ ਪੈਦਾ ਹੋਣੀ ਵੀ ਸੁਭਾਵਿਕ ਹੁੰਦੀ ਹੈ, ਪਰ ਇਸ ਦਾ ਇਹ ਵੀ ਮਤਲਬ ਨਹੀਂ ਕਿ ਕਿਸੇ ਵੀ ਦੇਸ਼, ਪ੍ਰਾਂਤ ਜਾਂ ਸਮੁਦਾਇ ਵਿਚ ਵਸਣ ਵਾਲੀ ਬਹੁਗਿਣਤੀ ਆਪਣੇ ਅਕੀਦਿਆਂ ਨੂੰ ਘੱਟ ਗਿਣਤੀ ਤੇ ਠੋਸ ਕੇ ਤਾਨਾਸ਼ਾਹੀ ਲਈ ਰਾਹ ਸਾਫ਼ ਕਰੇ। ਸਿੱਖਾਂ ਵਿਚ ਨਾਮਧਾਰੀ ਸਿੱਖਾਂ ਦੀ ਘੱਟ ਗਿਣਤੀ ਦੇ ਪੈਂਤੜੇ ਤੇ ਖਲੋ ਕੇ ਸੰਤ ਨਿਧਾਨ ਸਿੰਘ ਆਲਿਮ ਨੇ ਜੋ ਕਠਿਨ ਕਾਰਜ ਨਿਭਾਇਆ ਉਹ ਅੱਜ ਵੀ ਦੇਸ਼ ਦੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਦੇ ਹੱਲ ਲਈ ਰਾਹ ਦਿਖਾਵੇ ਦਾ ਕਾਰਜ ਕਰ ਸਕਦਾ ਹੈ। ਭਾਰਤ ਵਰਗੇ ਬਹੁ ਭਾਸ਼ਾਈ, ਬਹੁ ਧਾਰਮਿਕ ਵਿਸ਼ਵਾਸਾਂ ਵਾਲੇ ਤੇ ਬਹੁਤ ਕੌਮੀਅਤਾਂ ਵਾਲੇ ਮੁਲਕ ਦੀਆਂ ਸਮੱਸਿਆਵਾਂ, ਬੁਨਿਆਦਵਾਦ ਅਤੇ ਕੱਟੜਤਾ ਦੇ ਰਾਹ ਤੇ ਕੌਮਾਂਤਰੀ ਭਾਈਚਾਰੇ ਵਿਚ ਵੀ ਤਰੇੜਾਂ ਪੈਦਾ ਕਰਦੀਆਂ ਹਨ। ਇਸੇ ਲਈ ੧੯੨੦ ਈ. ਦੇ ਲਾਗੇ ਲਾਹੌਰ ਤੋਂ ਛਪਣ ਵਾਲੇ ਦੈਨਿਕ ਪਰਚੇ 'ਕੂਕਾ' ਵਿਚ ਆਲਿਮ ਜੀ ਨੇ ਲਿਖਿਆ ਸੀ ਕਿ ਉਹ ਅਕਾਲੀ ਭਰਾਵਾਂ ਦੇ ਅੰਗਰੇਜ਼ ਸਰਕਾਰ ਤੇ ਉਸਦੇ ਪਿੱਠੂ ਮਹੰਤਾਂ ਨਾਲ ਲਾਏ ਸ਼ਾਂਤਮਈ ਮੋਰਚਿਆਂ ਦੇ ਤਾਂ ਪਰਸੰਸਕ ਹਨ ਪਰ ਜੇ ਕਦੇ ਦਰਬਾਰ ਸਾਹਿਬ ਤਰਨਤਾਰਨ ਦੀਆਂ ਪਰਕਰਮਾ ਵਿਚ ਆਪਣੇ ਅਕੀਦੇ ਅਨੁਸਾਰ ਸ਼ਬਦ ਕੀਰਤਨ ਕਰਦੇ ਕੂਕੇ ਜਾਂ ਨਾਮਧਾਰੀ ਵੀਰ ਸਾਹਮਣੇ ਨਜ਼ਰ ਆ ਜਾਣ ਤਾਂ ਫਿਰ ਅਕਾਲੀ ਵੀਰਾਂ ਦੀ ਸ਼ਾਂਤਮਈ, ਡੰਡੇ ਸੋਟੇ ਦੀ ਵਰਤੋਂ ਵਿਚ ਕਿਉਂ ਤਬਦੀਲ ਹੋ ਜਾਂਦੀ ਹੈ। ਯਾਦ ਰਹੇ ਕਿ ਸੰਨ 1921 ਈ. ਵਿਚ ਤਰਨਤਾਰਨ ਚੇਤ ਚੌਦੇ ਦੀ ਮੱਸਿਆ ਉੱਤੇ ਇਨ੍ਹਾਂ ਸਮਿਆਂ ਵਿਚ ਹੀ ਅਕਾਲੀ ਸਿੰਘਾਂ ਦੀ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਨਾਮਧਾਰੀ ਸਿੱਖਾਂ ਵਿਚ ਸੰਤ ਨਿਧਾਨ ਸਿੰਘ ਆਲਿਮ ਅਤੇ ਇੰਦਰ ਸਿੰਘ ਚੱਕਰਵਰਤੀ ਵੀ ਸਨ। ਫਿਰ ਉਦੋਂ ਦੇ ਅਕਾਲੀ ਆਗੂਆਂ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਆਪਸੀ ਸੂਝ-ਬੂਝ ਨਾਲ ਵਿਵਾਦ ਨਿਪਟਾਇਆ ਗਿਆ ਸੀ।

"ਜੁਗ ਪਲਟਾਊ ਸਤਿਗੁਰੂ" ਆਲਿਮ ਜੀ ਦੁਆਰਾ ਪੰਜਾਬੀ ਵਿਚ ਲਿਖੀ ਨਾਮਧਾਰੀ ਇਤਿਹਾਸ ਜਾਂ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਗਾਥਾ ਅਤੇ ਸੰਗਰਾਮ ਨੂੰ ਬਿਆਨਣ ਵਾਲੀ ਰੋਚਿਕ ਸ਼ੈਲੀ ਵਿਚ ਲਿਖੀ ਗਈ ਵਾਰਤਕ ਰਚਨਾ ਹੈ। ਇਸ ਤੋਂ ਪਹਿਲਾਂ ਡਾ. ਗੰਡਾ ਸਿੰਘ ਹੋਰਾਂ ਦੀ ਆਪਣੇ ਨਜ਼ਰੀਏ ਤੋਂ ਲਿਖੀ "ਕੂਕਿਆਂ ਦੀ ਵਿਥਿਆ" ਛੱਪ ਚੁੱਕੀ ਹੈ। ਆਲਿਮ ਜੀ ਨੇ ਨਾਮਧਾਰੀ ਅਕੀਦੇ ਅਤੇ ਸਰਕਾਰੀ ਦਸਤਾਵੇਜ਼ਾਂ ਦੀ ਛਾਣਬੀਣ ਕਰਕੇ ਇਕ ਸੰਤੁਲਿਤ ਪਹੁੰਚ ਅਪਣਾਈ ਸੀ ਜਿਸ ਕਾਰਨ ਭਾਈ ਸਰਦੂਲ ਸਿੰਘ 'ਕਵੀਸ਼ਰ' ਜਿਹੇ ਪ੍ਰਸਿੱਧ ਸੁਤੰਤਰਤਾ ਸੰਗਰਾਮੀਏ ਨੂੰ ਇਸ ਪੁਸਤਕ ਦੇ ਮੁੱਖ-ਬੰਦ ਵਿਚ ਨਾਮਧਾਰੀ ਲਹਿਰ ਦੀਆਂ ਨਰਮ ਤੇ ਗਰਮ ਧਰਾਵਾਂ ਦਾ ਜ਼ਿਕਰ ਕਰਕੇ ਇਕ ਨੂੰ ਗਾਂਧੀ ਜੀ ਨਾਲ ਅਤੇ ਦੂਜੀ ਨੂੰ ਸੁਭਾਸ਼ ਚੰਦਰ 'ਬੋਸ' ਨਾਲ ਜੋੜਨਾ ਪਿਆ ਸੀ। ਕਵੀਸ਼ਰ ਜੀ ਲਿਖਦੇ ਹਨ:

Sri Satguru Jagjit Singh Ji eLibrary NamdhariElibrary@gmail.com

"ਅਸੀਂ ਸੰਤ ਨਿਧਾਨ ਸਿੰਘ 'ਆਲਿਮ' (ਪ੍ਰਧਾਨ) ਨਾਮਧਾਰੀ ਦਰਬਾਰ ਦੇ ਸਹੀ ਤੌਰ 'ਤੇ ਧੰਨਵਾਦੀ ਹਾਂ ਜਿਹਨਾਂ ਨੇ ਵਰਤਮਾਨ ਸਮੇਂ ਦੇ ਸਭ ਤੋਂ ਵੱਡਿਆਂ ਆਗੂਆਂ ਵਿਚੋਂ ਇਕ ਦਾ ਜੀਵਨ ਚਿੱਤਰ ਖਿੱਚ ਕੇ ਸਾਨੂੰ ਕ੍ਰਿਤਾਰਥ ਕੀਤਾ ਹੈ। ਇਹ ਉਨ੍ਹਾਂ ਮਹਾਂਪੁਰਖਾਂ ਦੇ ਜੀਵਨ ਚਿੱਤਰ ਖਿਚਣ ਦਾ ਪਹਿਲਾ ਤਰਤੀਬਵਾਰ ਅਤੇ ਸਰਕਾਰੀ ਬਿਆਨਾਂ ਰਾਹੀਂ ਸਾਬਿਤ ਕੀਤਾ ਗਿਆ ਪੁਰਸ਼ਾਰਥ ਹੈ, ਜੋ ਆਪਣੇ ਅੰਦਰ ਗਜ਼ਬ ਦੀ ਦਲੇਰੀ, ਵਿਚਾਰ ਸ਼ਕਤੀ ਅਤੇ ਜਥੇਬੰਦੀ ਦੀ ਯੋਗਤਾ ਆਦਿਕ ਵਿਸ਼ੇਸ਼ਣ ਰੱਖਦੇ ਹਨ, ਜੋ ਹਾਰੀ ਸਾਰੀ ਮਨੁੱਖਾਂ ਵਿਚ ਘੱਟ ਹੀ ਪਾਏ ਜਾਂਦੇ ਹਨ। ਅਸੀਂ ਇਸ ਜੀਵਨ ਨਕਸ਼ੇ ਵਿਚ ਨਾ ਕੇਵਲ ਗਾਂਧੀ ਜੀ ਦਾ ਧਾਰਮਿਕ ਉਤਸ਼ਾਹ ਅਤੇ ਸਦਾਚਾਰਕ ਉਤਸ਼ਾਹ ਹੀ ਦੇਖਦੇ ਹਾਂ, ਸਗੋਂ ਇਸ ਵਿਚ ਨੇਤਾ ਜੀ (ਸੁਭਾਸ਼ ਚੰਦਰ ਬੋਸ) ਦੀ ਅਸਲੀ ਬਹਾਦਰਾਨਾ ਅਤੇ ਜੱਦੋਜਹਿਦ ਵਾਲੀ ਸਪਿਰਿਟ ਵੀ ਦਿਖਾਈ ਦਿੰਦੀ ਹੈ।

"ਬਾਬਾ ਰਾਮ ਸਿੰਘ ਜੀ ਦੀ ਜੀਵਨੀ ਦਾ ਇਹ ਚਿੱਤਰ ਵਾਚਣ ਤੋਂ ਪਿਛੋਂ ਇਕ ਆਦਮੀ ਆਸਾਨੀ ਨਾਲ ਕਹਿ ਸਕਦਾ ਹੈ ਕਿ ਗਾਂਧੀ ਜੀ ਅਤੇ ਨੇਤਾ ਜੀ ਨੇ ਭਾਵੇਂ ਆਪੋ ਆਪਣੇ ਕੰਮ ਦੀ ਉਸਾਰੀ ਵੱਖੋ-ਵੱਖ ਢੰਗਾਂ ਨਾਲ ਕੀਤੀ ਪਰ ਗਿਆਤ ਜਾਂ ਅਗਿਆਤ ਰੂਪ ਵਿਚ ਉਨ੍ਹਾਂ ਨੇ ਆਪਣੇ ਜੀਵਨ ਕੰਮਾਂ ਵਿਚ ਪੰਜਾਬ ਦੇ ਇਸ ਵੱਡੇ ਨਾਇਕ ਦੀ ਜ਼ਿੰਦਗੀ ਤੋਂ ਹੀ ਚਾਨਣਾ ਪ੍ਰਾਪਤ ਕੀਤਾ।"[7]

"ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਪੁਸਤਕ ਆਪ ਜੀ ਨੇ ਅੰਤਿਮ ਸਮੇਂ ਦੇ ਲਾਗੇ-ਚਾਗੇ ੧੯੫੫ ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਅਤੇ (ਹੁਣ ਦੇ ਸਤਿਗੁਰੂ) ਬਾਬਾ ਜਗਜੀਤ ਸਿੰਘ ਜੀ ਦੀ ਆਗਿਆ ਅਨੁਸਾਰ ਲਿਖੀ ਤਾਂ ਜੁ ਨਾਮਧਾਰੀ ਸਿੱਖਾਂ ਦੇ ਸਿਧਾਂਤਕ ਵਿਚਾਰਧਾਰਕ ਆਧਾਰ, ਜੀਵਨ ਜਾਚ, ਖਾਣ-ਪੀਣ ਅਤੇ ਹੋਰ ਵਿਸ਼ਵਾਸਾਂ ਦੀ ਸੰਖੇਪ ਚਰਚਾ ਕੀਤੀ ਜਾ ਸਕੇ। ਪ੍ਰਸਿੱਧ ਵਿਦਵਾਨ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਲੇਖਕ ਪ੍ਰੋ: ਕਿਰਪਾਲ ਸਿੰਘ ਕਸੇਲ ਜੀ ਦੇ ਸ਼ਬਦਾਂ ਵਿਚ - "ਰੱਬਲੀ ਪੁਸਤਕ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਆਪਣੇ ਵਿਸ਼ੇ ਦੀ ਮੌਲਿਕ ਰਚਨਾ ਹੈ। ਇਸ ਵਿਚ ਗੁਰਮਤਿ ਦੇ ਪ੍ਰਮੁੱਖ ਸਿਧਾਂਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਅਤੇ ਉਨ੍ਹਾਂ ਬਾਰੇ ਸੰਖੇਪ ਵਿਚ ਇਤਨੀ ਮਹੱਤਵਪੂਰਨ ਜਾਣਕਾਰੀ ਵੱਲ ਸੰਕੇਤ ਕੀਤੇ ਗਏ ਹਨ ਕਿ ਇਸ ਤੋਂ ਗੁਰਮਤਿ ਦੇ ਪ੍ਰਮੁੱਖ ਸਿੱਖੀ ਸਿਧਾਂਤ ਦਾ ਸੰਪੂਰਨ ਬੋਧ ਪ੍ਰਾਪਤ ਹੋ ਜਾਂਦਾ ਹੈ। ਨਾਮ, ਸਤਿਗੁਰੂ, ਗੁਰਬਾਣੀ ਤੇ ਸਿੱਖ ਦੀ ਰਹਿਤ-ਮਰਿਆਦਾ ਤੇ ਹੋਰ ਪ੍ਰਚਲਿਤ ਤੇ ਪ੍ਰਮੁੱਖ ਧਾਰਮਿਕ ਰੀਤੀਆਂ ਬਾਰੇ ਇਸ ਪੁਸਤਕ ਵਿਚ ਸ੍ਰੀ ਆਲਿਮ ਜੀ ਨੇ ਗਿਆਨ ਸਰੋਵਰ ਦੇ ਡੂੰਘੇ ਤਲਾਂ ਵਿਚ ਚੁੱਭੀਆਂ ਮਾਰ ਕੇ ਜਿਹੜੇ ਅਮੋਲਕ ਮਾਣਕ ਮੋਤੀ ਇਸ ਪੁਸਤਕ ਦੇ ਥਾਲ ਵਿਚ ਪਰੋਸੇ ਹਨ ਉਨ੍ਹਾਂ ਨਾਲ ਜਗਿਆਸੂਆਂ ਤੇ ਵਿਦਵਾਨਾਂ ਦੋਵਾਂ ਦੀ ਹੀ ਸੰਤੁਸ਼ਟੀ ਹੋ ਜਾਂਦੀ ਹੈ।"[8]

ਇਸੇ ਪੁਸਤਕ ਵਿਚ ਅੱਗੇ ਚੱਲ ਕੇ ਆਲਿਮ ਜੀ ਲਿਖਦੇ ਹਨ "ਨਾਮਧਾਰੀ ਦੀਵਾਨਾਂ ਵਿਚ ਮਸਤਾਨੇ ਸਿੱਖਾਂ ਦੇ ਮਸਤ ਹੋ ਜਾਣ ਨੂੰ ਨਾਮਧਾਰੀ ਸੰਕੇਤ ਅਨੁਸਾਰ 'ਸੂਤਰ' ਆਖਦੇ ਹਨ। ਅਸਲ ਵਿਚ ਨਾਮਧਾਰੀਆਂ ਦਾ ਸੂਤਰ ਤੇ ਸੂਫੀਆਂ ਦਾ ਵਜਦ ਇਕੋ ਹੀ ਚੀਜ਼ ਹਨ। ਆਮ ਬੋਲ ਚਾਲ ਵਿਚ ਇਸ ਨੂੰ ਮਸਤੀ ਆਖਦੇ ਹਨ। ਮਸਤ ਆਦਮੀ ਵਲ-ਛਲ, ਕਪਟ ਅਤੇ ਵਰੋਧ ਤੋਂ ਖ਼ਾਲੀ ਹੋਣ ਦੇ ਕਾਰਨ ਸਿੱਧਾ ਤੁੱਕ ਹੁੰਦਾ ਹੈ ਅਤੇ ਸਿਧਾਈ ਵਾਸਤੇ - 'ਸੂਤਰ' ਸ਼ਬਦ ਦੀ ਵਰਤੋਂ ਕਾਫ਼ੀ ਹੀ ਸਾਰਥਕ ਕਹੀ ਜਾ ਸਕਦੀ ਹੈ। 'ਸੂਤਰ' ਪਦ ਪੰਜਾਬੀ ਵਿਚ ਧਾਗੇ ਦਾ ਵਾਚਕ ਵੀ ਹੈ। ਮਿਸਤਰੀ ਲੋਕ ਜਿਸ ਲੱਕੜੀ ਨੂੰ ਸਿੱਧੀ ਕਰਕੇ ਕਾਰ-ਆਮਦ ਕਰਨਾ ਚਾਹੁਣ, ਉਸ ਤੇ ਜਿਸ ਧਾਗੇ ਨਾਲ ਨਿਸ਼ਾਨ ਲਾਇਆ ਜਾਵੇ ਉਸ ਦਾ ਨਾਉਂ ਵੀ "ਸੂਤਰ" ਹੈ, ਜਿਵੇਂ ਸੂਤਰ ਵਿੰਗ ਕੱਢਕੇ ਲੱਕੜੀ ਨੂੰ ਸਿੱਧੀ ਕਰ ਦਿੰਦਾ ਹੈ, ਤਿਵੇਂ ਹੀ ਸੂਤਰੀ ਸਿੱਖ ਵਲ ਛਲ ਅਤੇ ਕਪਟ ਦੇ ਵਿੰਗਾਂ ਤੋਂ ਰਹਿਤ ਹੋ ਕੇ ਆਤਮਕ ਪਦ ਨੂੰ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ।"[9] ਇਉਂ ਉਨ੍ਹਾਂ ਨੇ ਬੜੇ ਸਰਲ, ਸੰਖੇਪ ਤੇ ਭਾਵਪੂਰਤ ਸ਼ਬਦਾਂ ਵਿਚ ਗੈਰ-ਨਾਮਧਾਰੀਆਂ ਲਈ ਇਸ ਅਲੌਕਿਕਤਾਪੂਰਕ ਕ੍ਰਿਆ ਦੀ ਵਿਆਖਿਆ ਕੀਤੀ ਹੈ। ਕਦੇ ਨਾਮਧਾਰੀ ਦੀਵਾਨਾਂ ਦੀ ਪਹਿਚਾਣ ਹੀ ਇਹ ਸੂਤਰੀਏ ਸਿੰਘ ਸਿੰਘਣੀਆਂ ਹੁੰਦੇ ਸਨ। ਸ਼ਬਦ ਦੀ ਚੋਟ ਨਾਲ ਘਾਇਲ ਹਿਰਦੇ ਲੋਟ ਪੋਟ ਹੁੰਦੇ ਹਨ। ਕੇਸਾਂ ਦਾ ਚਵਰ ਝੁਲਾਉਂਦੇ ਸਨ ਅਤੇ ਨਾ ਪਹਿਚਾਨਣ

Sri Satguru Jagjit Singh Ji eLibrary NamdhariElibrary@gmail.com

ਵਾਲਿਆਂ ਨੂੰ ਇਹ ਸਿੱਖੀ ਦੀ ਬੇਅਦਬੀ ਮਲੂਮ ਹੁੰਦੀ ਸੀ।

ਵੈਸੇ ਤਾਂ ਸਤਿਜੁਗ ਸਪਤਾਹਿਕ ਪੰਜਾਬੀ ਪਰਚੇ ਵਿਚ ਅਤੇ ਬਸੰਤ ਅੰਕ ਆਦਿ ਵਿਸ਼ੇਸ਼ ਅੰਕਾਂ ਵਿਚ ਆਲਿਮ ਜੀ ਦੇ ਲੇਖ ਕਵਿਤਾਵਾਂ ਛਪਦੇ ਰਹਿੰਦੇ ਸਨ ਪਰ ਸੰਮਤ ੧੯੯੬ ਬਿਕ੍ਰਮੀ ਦੇ ੯ ਚੇਤਰ ਨੂੰ ਛਪਣ ਵਾਲੇ "ਸੰਤ ਅੰਕ" ਦੀ ਤਿਆਰੀ ਵਿਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਸੀ। ਸੰਪਾਦਕ ਸਤਿਜੁਗ ਮਾਸਟਰ ਬਲਵੰਤ ਸਿੰਘ ਦੇ ਮੁਤਾਬਿਕ ਇਸ ਅੰਕ ਦੀ ਤਜਵੀਜ਼ ਹੀ ਆਲਿਮ ਜੀ ਵੱਲੋਂ ਆਈ ਸੀ ਤੇ ਆਪਣੀ ਕਿਸਮ ਦੇ ਇਸ ਅਨੂਠੇ ਅੰਕ ਵਿਚ "ਚੰਗੇ ਚੰਗੇ ਮਹਾਂਪੁਰਖਾਂ ਦੇ ਜੀਵਨ ਅਤੇ ਕਵਿਤਾਵਾਂ ਲਿਖਕੇ ਵੀ ਇਸ ਦੀ ਸ਼ਾਨ ਨੂੰ ਚਾਰ ਚੰਨ ਲਾਣ ਦਾ ਪੂਰਾ ਪੂਰਾ ਯਤਨ ਕੀਤਾ।" ਇਸ ਅੰਕ ਵਿਚ ਬਾਬਾ ਕੇਸਰ ਸਿੰਘ ਜੀ ਠਾਕੁਰ ਮੁਹਾਵੇ ਵਾਲਿਆਂ ਦਾ ਜੀਵਨ ਬ੍ਰਿਤਾਂਤ ਵਿਸਤਾਰ ਸਹਿਤ ਲਿਖਣਾ ਵੀ ਆਪ ਦੇ ਹਿੱਸੇ ਆਇਆ ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਇਸ ਮਹਾਨ ਸੰਤ ਤੋਂ ਜਿੱਥੇ ਗਦਰ ਪਾਰਟੀ ਦਾ ਬਾਨੀ ਪ੍ਰਧਾਨ ਸੋਹਣ ਸਿੰਘ ਭਕਨਾ ਵਰੋਸਾਇਆ ਸੀ ਉਥੇ ਆਲਿਮ ਜੀ ਤੇ ਵੀ ਉਨ੍ਹਾਂ ਸੰਤਾਂ ਦੀ ਅਪਾਰ ਕ੍ਰਿਪਾ ਹੋਈ ਸੀ। ਪਹਿਲਾ ਲਾਹੌਰ ਸਾਜ਼ਿਸ਼ ਕੇਸ ੧੯੧੫ ਵਿਚ ਅਮਰ ਸ਼ਹੀਦ ਕਰਤਾਰ ਸਿੰਘ ਸਰਾਭੇ ਨਾਲ ਫਾਂਸੀ ਲੱਗਣ ਵਾਲੇ ਜਿਹੜੇ ੨੦ ਹੋਰ ਸੱਜਣ ਸਨ ਉਨ੍ਹਾਂ ਵਿਚ ਬਾਬਾ ਭਕਨਾ ਵੀ ਸੀ। ਫਾਂਸੀ ਦੇ ਦਿਨ ਤੋਂ ਇਕ ਦਿਨ ਪਹਿਲਾ ਬਾਬਾ ਕੇਸਰ ਜੀ ਨੇ ਆਪਣੇ ਪੁੱਤਰ ਬੇਲਾ ਸਿੰਘ ਤੇ ਭਾਈ ਹੀਰਾ ਸਿੰਘ ਰਾਗੀ ਮੁਹਾਵੇ ਵਾਲੇ ਨੂੰ ਸੋਹਣ ਸਿੰਘ ਨਾਲ ਮੁਲਾਕਾਤ ਕਰਨ ਲਈ ਲਾਹੌਰ ਜੇਲ੍ਹ ਵਿਚ ਇਸ ਸੁਨੇਹੇ ਨਾਲ ਭੇਜਿਆ ਸੀ ਕਿ "ਸੋਹਣੇ ਦੀ ਫਾਂਸੀ ਕੱਟੀ"। ਹੋਇਆ ਇਉਂ ਕਿ ਵਲੈਤ ਤੋਂ ਇਹ ਤਾਰ ਆ ਗਈ ਸੀ ਕਿ ਜਿਹੜੇ ੨੪ ਜਣੇ ਕਾਮਾਗਾਟਾ ਮਾਰੂ ਜਹਾਜ਼ ਤੋਂ ਉਤਰਦੇ ਹੀ ਕਲਕੱਤੇ ਗ੍ਰਿਫ਼ਤਾਰ ਕਰ ਲਏ ਗਏ ਸਨ ਉਨ੍ਹਾਂ ਦੀ ਫਾਂਸੀ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ। ਬਾਬਾ ਭਕਨਾ ਜੀ ਵੀ ਉਨ੍ਹਾਂ ਵਿਚੋਂ ਇਕ ਸਨ। ਬਾਬਾ ਭਕਨਾ ਆਪਣੀਆਂ ਲਿਖਤਾਂ ਵਿਚ ਮੁਹਾਵੇ ਵਾਲੇ ਠਾਕੁਰ ਜੀ ਬਾਰੇ ਦਿਲੀ ਆਭਾਰ ਪ੍ਰਗਟ ਕਰਦੇ ਰਹੇ ਹਨ, ਜਿਨ੍ਹਾਂ ਦੀ ਸੰਗਤ ਨਾਲ ਉਨ੍ਹਾਂ ਦਾ ਨਿਰਾਰਥ ਜਾ ਰਿਹਾ ਜੀਵਨ ਸਾਰਥਕ ਹੋ ਕੇ ਦੇਸ਼ ਸੇਵਾ ਦੇ ਲੇਖੇ ਲੱਗਾ।

ਸੰਮਤ ੨੦੧੦ ਬਿਕ੍ਰਮੀ ਦੇ ਸਤਿਜੁਗ ਦੇ ਬਸੰਤ ਅੰਕ ਵਿਚ ਆਲਿਮ ਜੀ ਦਾ ਇਕ ਕਹਾਣੀਨੁਮਾ ਲੇਖ ਛਪਿਆ "ਕੂਕਾ ਇਤਿਹਾਸ ਦਾ ਇਕ ਸ਼ਾਨਦਾਰ ਵਰਕਾ"- 'ਅਖੰਡ ਪਾਠਾਂ ਦੀ ਸਜ਼ਾ ਕੈਦ, ਜੁਰਮਾਨਾ ਤੇ ਮੌਤ ? ਇਸ ਵਿਚ ਲੰਗਰਗੜ੍ਹ (ਲੁਧਿਆਣਾ) ਦੇ ਸੰਤ ਅਤਰ ਸਿੰਘ ਹੋਰਾਂ ਦਾ ਜ਼ਿਕਰ ਹੈ ਜਿਨ੍ਹਾਂ ਦਾ ਭਾਈ ਦੇਵਾ ਸਿੰਘ ਮਲੇਰਕੋਟਲੇ ਸ਼ਹੀਦ ਹੋਇਆ ਸੀ। ਸੰਤਾਂ ਦੇ ਘਰ ਲੜਕਾ ਹੋਣ ਦੀ ਖੁਸ਼ੀ ਵਿਚ ਸਰਕਾਰ ਤੋਂ ਪੰਜ ਅਖੰਡ ਪਾਠ ਕਰਵਾਉਣ ਦੀ ਮਨਜ਼ੂਰੀ ਲੈ ਕੇ ਪਾਠ ਰੱਖ ਦਿੱਤੇ ਸਨ। ਪ੍ਰੰਤੂ ਬਾਅਦ ਵਿਚ ਥਾਣੇਦਾਰ ਨੇ ਮਨਜ਼ੂਰੀ ਵਾਲਾ ਕਾਗਜ਼ ਪਾੜ ਕੇ ਸਾਰੇ ਪਾਠੀ, ਧੂਪੀਏ, ਲਾਂਗਰੀ, ਪਹਿਰੂਏ ਤੇ ਹੋਰ ਇਕੱਤਰ ਹੋਏ ਸਿੰਘ ਗ੍ਰਿਫ਼ਤਾਰ ਕਰ ਲਏ। ਭਾਈ ਅਤਰ ਸਿੰਘ ਸਮੇਤ, ਜਿਨ੍ਹਾਂ ਨੂੰ ਪੰਜ ਸਾਲ ਸਖਤ ਕੈਦ ਅਤੇ ਹੋਰ ਸਿੰਘਾਂ ਨੂੰ ਵੀ ਵੱਖ-ਵੱਖ ਮਿਆਦ ਦੀਆਂ ਸਜ਼ਾਵਾਂ ਦਿੱਤੀਆਂ। ਭਾਈ ਅਤਰ ਸਿੰਘ ਇਸ ਕੈਦ ਦੇ ਦੌਰਾਨ ਹੀ ਲੁਧਿਆਣੇ ਜੇਲ੍ਹ ਵਿਚ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਮਾਤਾ ਸਾਹਿਬ ਕੌਰ ਤੇ ਧਰਮ ਪਤਨੀ ਜੀਵਨ ਕੌਰ ਜੀ ਮੁਲਾਕਾਤ ਵਾਸਤੇ ਗਏ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਸੰਤ ਜੀ ਸ਼ਹੀਦ ਹੋ ਗਏ ਹਨ। ਉਨ੍ਹਾਂ ਦੀ ਦਰਖ਼ਾਸਤ ਤੇ ਸੰਤਾਂ ਦਾ ਮਿਰਤਕ ਸਰੀਰ ਵੀ ਉਨ੍ਹਾਂ ਦੇ ਹਵਾਲੇ ਨਾ ਕੀਤਾ ਗਿਆ। ਬਹੁਤ ਅਰਜ਼ਾਂ ਕਰਨ 'ਤੇ ਸਤਲੁਜ ਦੇ ਕੰਢੇ ਉਨ੍ਹਾਂ ਦੀ ਬਲਦੀ ਚਿਤਾ ਵਿਖਾ ਦਿੱਤੀ ਗਈ ਸੀ।"[10]

ਵਾਰਤਕ ਰਚਨਾਵਾਂ ਵਿਚ ਉਹ ਟਕਸਾਲੀ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਸਨ। ਉਨ੍ਹਾਂ ਦੀ ਸ਼ੈਲੀ ਦੇ ਰੌਚਿਕਤਾ, ਸਪੱਸ਼ਟਤਾ, ਸੰਜਮ ਆਦਿ ਮੋਹੀ ਗੁਣ ਸਨ। ਲੋੜ ਅਨੁਸਾਰ ਉਹ ਪੰਜਾਬੀ ਦੀਆਂ ਉਪ-ਭਾਸ਼ਾਵਾਂ ਦੇ ਸ਼ਬਦਾਂ ਦੀ ਵਰਤੋਂ ਵੀ ਪਾਤਰਾਂ ਦੇ ਮੂਡਾਂ ਅਨੁਸਾਰ ਕਰ ਲੈਂਦੇ ਸਨ। ਉਨ੍ਹਾਂ ਦੀ ਵਾਰਤਕ ਤੇ ਗੁਰਬਾਣੀ ਦਾ ਸਪੱਸ਼ਟ ਪ੍ਰਭਾਵ ਵੀ ਨਜ਼ਰ ਆਉਂਦਾ ਸੀ। ਉਹ ਸ਼ਬਦਾਂ ਦੀ ਬੇਲੋੜੀ ਭਰਤੀ ਅਤੇ ਵਰਤੋਂ ਦੇ ਹੱਕ ਵਿਚ ਨਹੀਂ ਸਨ। ਇਕ ਸਫ਼ਲ ਪੱਤਰਕਾਰ ਹੋਣ ਨਾਤੇ ਸਰਲਤਾ ਅਤੇ ਰਵਾਨਗੀ ਵੀ ਉਨ੍ਹਾਂ ਦੀ ਵਾਰਤਕ ਵਿਚ ਝਲਕਦੀ ਸੀ। ਉਹ

Sri Satguru Jagjit Singh Ji eLibrary NamdhariElibrary@gmail.com

ਕਵਿਤਾ ਦੇ ਚੰਗੇ ਪਾਰਖੂ ਅਤੇ ਕਦਰਦਾਨ ਸਨ ਜਿਸ ਦਾ ਸਬੂਤ ਉਨ੍ਹਾਂ ਦੁਆਰਾ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਮਹਾਂਕਾਵਿ "ਮਾਲਵੇਂਦ੍ਰ" ਦੀ ਲਿਖੀ ਭੂਮਿਕਾ ਵਿਚ ਮਿਲਦਾ ਹੈ। ਉਨ੍ਹਾਂ ਨੇ ਨਾਮਧਾਰੀ ਇਤਿਹਾਸ ਦੀਆਂ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰ ਦੀਆਂ ਪੁਸਤਕਾਂ ਵੀ ਰਚਣੀਆਂ ਸਨ ਪਰ ਉਮਰ ਨੇ ਉਨ੍ਹਾਂ ਨਾਲ ਵਫ਼ਾ ਨਾ ਕੀਤੀ।

ਆਲਿਮ ਜੀ ਪੰਜਾਬੀ ਦੇ ਸਮਰੱਥ ਕਵੀ ਸਨ। ਉਨ੍ਹਾਂ ਦੀਆਂ ਕਵਿਤਾਵਾਂ ਦਾ ਵਿਸ਼ਾ ਸਤਿਗੁਰੂ ਭਗਤੀ, ਸੰਤਾਂ ਦੀ ਮਹਿਮਾ, ਦੇਸ਼ ਪ੍ਰੇਮ, ਸਵਦੇਸ਼ੀ, ਅਸਹਿਯੋਗ ਅੰਦੋਲਨ ਅਤੇ ਆਜ਼ਾਦੀ ਲਈ ਤੜਪ ਸੀ। ਉਨ੍ਹਾਂ ਨੇ ਬੈਂਤ, ਕਬਿੱਤ, ਦਵੱਈਆ, ਕੋਰੜਾ, ਡਿਓਢ ਆਦਿ ਛੰਦਾਂ ਦੀ ਅਤੇ ਕਾਫ਼ੀ ਆਦਿ ਕਾਵਿ ਰੂਪਾਂ ਦੀ ਭਰਪੂਰ ਵਰਤੋਂ ਕੀਤੀ। ਕਿਉਂਕਿ ਉਹ ਇਕ ਪ੍ਰਬੀਨ ਸੰਗੀਤਕਾਰ ਅਤੇ ਗਵੱਈਏ ਵੀ ਸਨ, ਇਸ ਲਈ ਤੋਲ ਤੁਕਾਂਤ, ਕਾਫੀਆ ਰਦੀਫ਼, ਛੰਦ ਚਾਲ ਦਾ ਕੋਈ ਦੋਸ਼ ਨਹੀਂ ਮਿਲਦਾ ਸੀ। ਅਲੰਕਾਰਾਂ ਦੀ ਅਤੇ ਜੀਵੰਤ ਬਿੰਬਾਂ ਦੀ ਸਫਲਤਾ ਪੂਰਬਕ ਵਰਤੋਂ ਕਰਦੇ ਸਨ। ਪ੍ਰਕਿਰਤੀ ਦੇ ਵਿਭਿੰਨ ਰਸ ਰੰਗ ਇਸ ਕਵਿਤਾ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੇ ਸਨ। ਲੋਕ ਜੀਵਨ ਦੇ ਨੇੜੇ ਦੀ ਲੋਕ ਸ਼ੈਲੀ ਵਿਚ ਲਿਖੀਆਂ ਹੋਣ ਕਾਰਨ ਇਹ ਕਵਿਤਾਵਾਂ ਪਾਠਕਾਂ ਸਰੋਤਿਆਂ ਨੂੰ ਸਦਾ ਟੁੰਬਣ ਦੇ ਯੋਗ ਹਨ।

ਨਾਮਧਾਰੀ ਕਵੀ ਹੋਵੇ, ਤਾਂ ਉਹ ਆਪਣੇ ਇਸ਼ਟ, ਸਤਿਗੁਰੂ ਰਾਮ ਸਿੰਘ, ਜਿਨ੍ਹਾਂ ਨੂੰ ਸੰਗਤ ਚੀਨੀ ਵਾਲਾ ਕਹਿ ਕੇ ਯਾਦ ਕਰਦੀ ਹੈ, ਜੋ ਬਸੰਤ ਦੇ ਦਿਨ ਅਵਤਰੇ ਸਨ, ਤਾਂ ਉਹ ਬਸੰਤ ਬਾਰੇ ਕਿਉਂ ਨਾ ਲਿਖੇ:

"ਆਈ ਹੈ ਬਸੰਤ ਕੌਰ ਬੰਨ੍ਹਕੇ ਬਸੰਤੀ ਸਾੜ੍ਹੀ,
ਠੁਮਕ ਠੁਮਕ ਚਾਲ ਅਜਬ ਸੁਹਾਈ ਹੈ।
ਸੁਹਾਈ ਹੈ ਅਜਬ ਗੁਲਜ਼ਾਰ ਲਾਲਾ ਜ਼ਾਰ ਵਿਚ,
ਗੁੰਚਿਆਂ ਟਹਿਕ ਕੇ ਬਹਾਰ ਖ਼ੂਬ ਲਾਈ ਹੈ।
ਲਾਈ ਹੈ ਬਹਾਰ ਖ਼ੂਬ ਥਿੱਤ ਅੱਜ ਪੰਚਮੀ ਹੈ,
ਘਰ ਘਰ ਵਿਚ ਗਾਏ ਮੰਗਲ ਲੁਕਾਈ ਹੈ।
ਲੁਕਾਈ ਹੈ ਮਨਾ ਰਹੀ ਪੁਰਬ ਚੀਨੀ ਵਾਲੜੇ ਦਾ,
ਕੁੱਲ ਆਲਮ ਦੇ ਤਾਈਂ ਦੇਵੇ 'ਆਲਮ' ਵਧਾਈ ਹੈ।"[1]

ਕੌਮੀ ਫੁੱਟ ਬਾਰੇ ੮ ਅਕਤੂਬਰ ੧੯੨੨ ਈ. ਨੂੰ ਆਲਿਮ ਜੀ ਨੇ ਹੁਸ਼ਿਆਰਪੁਰ ਦੇ ਜਲਸੇ ਵਿਚ ਇਹ ਕਵਿਤਾ ਪੜ੍ਹੀ ਸੀ:

"ਅਸਾਂ ਕਿਸੇ ਦੇ ਤਾਈਂ ਸਮਝਾਵਣਾ ਕੀ,
ਸਾਡਾ ਵਿਗੜਿਆ ਹੈ ਖ਼ਾਨਦਾਨ ਜਦੋਂ।
ਨਾਲ ਕਿਸੇ ਦੇ ਸਾਡਾ ਮੁਕਾਬਲਾ ਕੀ,
ਆਪਸ ਵਿਚ ਹੀ ਪਿਆ ਘਮਸਾਨ ਜਦੋਂ।
ਅਸਾਂ ਹਿੰਦ ਨੂੰ ਕੀ ਆਜ਼ਾਦ ਕਰਨਾ,
ਡੁੱਲੇ ਵੱਡਿਆਂ ਵਾਲੇ ਨਿਸ਼ਾਨ ਜਦੋਂ।
ਹੀਰ ਦੇਸ਼ ਵਾਲੇ ਵਿਦਿਆ ਹੋਣ ਕੀਕਣ,
ਭਾਈ ਭਾਈ ਦਾ ਕਰੇ ਚਲਾਨ ਜਦੋਂ।
ਜ਼ਾਲਮ ਹਿੰਦ ਦੇ ਨਾ ਪਾਪੀ ਨਾਲ ਹੁੰਦੇ,
ਡਾਇਰ ਕੌਣ ਸੀ ਗੋਲੀ ਚਲਾਨ ਵਾਲਾ।
ਮਦਦ ਦੇਂਦੇ ਨਾ ਕੌਣ ਜੰਮਿਆ ਸੀ,

Sri Satguru Jagjit Singh Ji eLibrary NamdhariElibrary@gmail.com

ਮਦਨ ਮੋਹਨ ਨੂੰ ਲੈਮਿਆਂ ਪਾਣ ਵਾਲਾ।"

ਇਸ ਕਵਿਤਾ ਕਾਰਨ ਆਲਿਮ ਜੀ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਆਲਿਮ ਜੀ ਨੇ ਹਵਾਲਾਤ ਵਿਚੋਂ ਹੀ ਵੰਗਾਰ ਲਿਖ ਭੇਜੀ, ਜੋ ੧੯ ਅਕਤੂਬਰ ਨੂੰ ਲਾਹੌਰ ਤੋਂ ਛਪਦੇ "ਕੂਕਾ" ਅਖ਼ਬਾਰ ਵਿਚ ਛਪੀ:

"ਕੀ ਹੋਇਆ ਜੇ ਗਿਆ ਵੇ ਇਕ ਆਲਮ,
ਲੱਖਾਂ ਹੋਰ ਵੀ ਅਸੀਂ ਤਿਆਰ ਬੈਠੇ।
ਪਿੱਛੇ ਅਸੀਂ ਸਵਰਾਜ ਫਕੀਰ ਹੋਏ,
ਲਾ ਕੇ ਧੂਣੀਆਂ ਨਾਲ ਪਿਆਰ ਬੈਠੇ।
ਲੈਣਾ ਅਸਾਂ ਸਵਰਾਜ ਹੈ ਹਿੰਦੀਆਂ ਨੇ,
ਨਾਮਿਲਵਰਤਨ ਦਾ ਫੜ ਹਥਿਆਰ ਬੈਠੇ।
ਨਹੀਂ ਹੁਣ ਜੀਵਣਾ ਬਿਨ ਸਵਰਾਜ ਸਾਡਾ
ਲਾ ਆਜ਼ਾਦੀ ਦੇ ਨਾਲ ਪਿਆਰ ਬੈਠੇ।"[12]

ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸਖ਼ਸ਼ੀਅਤ ਨੂੰ ਆਪ ਨੇ ਇਉਂ ਕਾਨੀਬੱਧ ਕੀਤਾ ਹੈ:-

ਕੰਬਦੇ ਸੀ ਰਾਜੇ, ਮਹਾਂ ਰਾਜਿਆਂ ਨੂੰ ਖੌਫ਼ ਉਹਦਾ,
ਝੱਲਦਾ ਨਾ ਕੋਈ ਉਸ ਪ੍ਰੀਤਮ ਦੀ ਝਾਲਾ ਸੀ।
ਥਿੜਕਦੇ ਫਰੰਗੀ, ਉਹਦੀ ਵੇਖ ਜਥੇਬੰਦੀ,
ਲੱਖਾਂ ਸੇਵਕਾਂ ਨੂੰ ਵੇਖ ਚਿੱਤ ਹੋਂਵਦਾ ਦੁਖਾਲਾ ਸੀ।
ਚੋਰ ਧਾੜਵੈਲ ਡਾਕੂ ਆਂਵਦੇ ਜੋ ਪਾਸ ਉਹਦੇ,
ਪੁੱਛਕੇ ਭਜਨ ਗਲ ਪਹਿਨ ਲੈਂਦੇ ਮਾਲਾ ਸੀ।
ਚੜ੍ਹਦਾ ਜਾਂ ਦੌਰੇ ਪੈਂਦਾ ਵਖਤ ਸਾਰੇ ਹਾਕਮਾਂ ਨੂੰ,
ਜੀਭ ਉਹਦੀ ਜਾਲਾ ਤੇ ਨਿਰਾਲੀ ਉਹਦੀ ਚਾਲਾ ਸੀ।[13]

ਪੁਸਤਕ 'ਰੂਹਾਨੀ ਟੈਲੀਵਿਨ' ਵਿਚ ਪੌਰਾਣਿਕ ਕਥਾਵਾਂ ਤੇ ਆਧਾਰਿਤ ਅਤੇ ਸਿੱਖ ਇਤਿਹਾਸ ਜਾਂ ਨਾਮਧਾਰੀ ਅੰਦੋਲਨ ਬਾਰੇ ਵੀ ਕਵਿਤਾਵਾਂ ਮਿਲਦੀਆਂ ਹਨ।

ਇਉਂ ਅਸੀਂ ਵੇਖਦੇ ਹਾਂ ਕਿ ਸੰਤ ਜੀ ਨੇ ਪੰਥਕ ਅਤੇ ਕਾਂਗਰਸ ਜਥੇਬੰਦੀ ਦੇ ਬਿਖਮ ਕਾਰਜ ਨਿਭਾਉਂਦਿਆਂ ਵੀ, ਨਜ਼ਮ ਅਤੇ ਨਸਰ ਵਿਚ ਚੋਖੀ ਰਚਨਾ ਕੀਤੀ। ਉਹਨਾਂ ਦੀ ਪ੍ਰਸਿੱਧੀ ਦਾ ਇਹ ਆਲਮ ਸੀ - "੧੯੨੨-੨੩ ਈ. ਵਿਚ ਲਾਹੌਰ ਕਾਂਗਰਸ ਦੇ ਦਿਨਾਂ ਵਿਚ ਆਪ ਜੀ ਦੀ ਘਰ ਘਰ ਚਰਚਾ ਸੀ। ਜਿਸ ਪੁਲੀਟੀਕਲ ਜਲਸੇ ਵਿਚ ਆਪ ਨਾ ਜਾਂਦੇ ਲੋਕੀਂ ਪਰੇਸ਼ਾਨ ਹੋ ਜਾਂਦੇ। ਆਪ (ਨਾਮਧਾਰੀ) ਪ੍ਰਚਾਰਕ ਮੰਡਲ ਦੇ ਪ੍ਰਧਾਨ ਅਤੇ ਲਾਹੌਰ ਦੇ ਸੂਬੇ ਰਹਿ ਚੁੱਕੇ ਸਨ।...ਖ਼ਾਲਸਾ ਕਾਲਜ (ਅੰਮ੍ਰਿਤਸਰ) ਵਿਚ ਤਾਲੀਮ ਹਾਸਲ ਕਰ ਕੇ ਕੁਝ ਚਿਰ ਫੌਜੀ ਨੌਕਰੀ ਕੀਤੀ। ੧੯੧੪ ਈ. ਵਿਚ ਨੌਕਰੀ ਛੱਡ ਕੇ ਦੇਸ਼ ਸੇਵਾ ਵਿਚ ਲੱਗੇ।...ਨਾਮਧਾਰੀ ਪੰਥ ਦੇ ਪਰਚਾਰ ਦਾ ਅਤੇ ਬਿਹਤਰੀ ਦਾ ਆਪ ਸਦੀਵ ਖਿਆਲ ਰੱਖਦੇ ਹਨ।"[14]

ਸੰਤ ਨਿਧਾਨ ਸਿੰਘ ਜੀ ਆਲਿਮ ਦੀਆਂ "ਕੂਕਾ" 'ਆਲਿਮ' ਤੇ 'ਸਤਿਜੁਗ' ਅਖ਼ਬਾਰਾਂ ਵਿਚ ਛਪੀਆਂ ਜੇ ਸਾਰੀਆਂ ਸਿਆਸੀ ਕਵਿਤਾਵਾਂ ਨੂੰ ਇਕੱਠਾ ਕੀਤਾ ਜਾਵੇ ਤਾਂ ਇਕ ਵੱਖਰੀ ਪੁਸਤਕ ਬਣ ਸਕਦੀ ਹੈ। ਸਾਡੇ ਸਾਹਿਤ ਪ੍ਰੇਮੀਆਂ ਅਤੇ ਖੋਜ ਅਦਾਰਿਆਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਬਹੁਪੱਖੀ ਪ੍ਰਤਿਭਾ ਦੇ ਧਨੀ ਆਲਿਮ ਜੀ ਵਰਗੀਆਂ ਹਸਤੀਆਂ ਕਦੇ ਕਦੇ ਹੀ ਵੇਖਣ ਸੁਣਨ ਨੂੰ ਮਿਲਦੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਫੁਟ ਨੋਟ:

1. ਸਤਿਜੁਗ ਦਾ ਸੰਤ ਅੰਕ - ੧੯੯੬ ਬਿਕ੍ਰਮੀ - ਸ੍ਰੀ ਭੈਣੀ ਸਾਹਿਬ – ਸਫ਼ਾ ੧੦੫
2. ਉਹੀ ਸਫ਼ਾ ੧੦੮-੯
3. ਉਹੀ ਸਫ਼ਾ ੧੯੧
4. ਮਾਲਵੇਂਦ੍ਰ - ਸੰਤ ਇੰਦਰ ਸਿੰਘ ਚੱਕਰਵਰਤੀ - ੧੯੫੭ ਦਿੱਲੀ ਭੂਮਿਕਾ- ਸੰਤ ਨਿਧਾਨ ਸਿੰਘ ਆਲਿਮ ਸਫ਼ਾ, ਥ-ਛ
5. ਉਹੀ - ਭੂਮਿਕਾ ਸਫ਼ਾ- ਜ, ਝ, ਞ
6. ਸਤਿਜੁਗ - ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸ਼ਤਾਬਦੀ ਅੰਕ - ਸ੍ਰੀ ਜੀਵਨ ਨਗਰ, ੨੦੧੬ ਬਿਕ੍ਰਮੀ - ਸਫ਼ਾ ੧੨੧
7. ਜੁੱਗ ਪਲਟਾਊ ਸਤਿਗੁਰੂ - ਪਹਿਲੀ ਛਾਪ- ਦਿੱਲੀ, ੧੯੮੩ ਈ. ਸਫ਼ਾ ੪
8. ਨਾਮਧਾਰੀ ਸਿਧਾਂਤ ਪ੍ਰਦਰਸ਼ਨ - ਸ੍ਰੀ ਭੈਣੀ ਸਾਹਿਬ, ੧੯੯੮ ਈ., ਸਫ਼ਾ ੧੦
9. ਉਹੀ, ਸਫ਼ਾ ੬੯
10. ਸਤਿਜੁਗ - ਬਸੰਤ ਅੰਕ - ਸ੍ਰੀ ਜੀਵਨ ਨਗਰ – ਮਾਘ ਫੱਗਣ ੨੦੧੦ ਬਿਕ੍ਰਮੀ, ਸਫ਼ਾ ੧੫੯
11. ਸਤਿਜੁਗ ਬਸੰਤ ਅੰਕ – ਸ੍ਰੀ ਭੈਣੀ ਸਾਹਿਬ - ੧੯੯੮ ਬਿਕ੍ਰਮੀ
12. ਸਤਿਜੁਗ - ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ ੨੦੫੯ ਬਿਕ੍ਰਮੀ, ਨਵੀਂ ਦਿੱਲੀ, 'ਕੂਕ ਆਜ਼ਾਦੀ ਦੀ' – ਜਸਵਿੰਦਰ ਸਿੰਘ ਹਿਸਟੋਰੀਅਨ – ਸਫ਼ਾ ੫੭-੫੮
13. ਸਤਿਜੁਗ ਬਸੰਤ ਅੰਕ – ਸ੍ਰੀ ਭੈਣੀ ਸਾਹਿਬ ੧੨ ਮਾਘ ੧੯੯੫ ਬਿਕ੍ਰਮੀ - ਸਫ਼ਾ ੨
14. ਸਤਿਜੁਗ ਬੀਰ ਅੰਕ – ੧੮ ਮਾਘ ੧੯੯੯ ਬਿਕ੍ਰਮੀ ਸਫ਼ਾ ੧੨੫

Sri Satguru Jagjit Singh Ji eLibrary NamdhariElibrary@gmail.com

ਭਾਈ ਹਰਨਾਮ ਸਿੰਘ ਬਗਲੀ ਵਾਲਾ ਅਤੇ ਉਨ੍ਹਾਂ ਦੀ ਅਮਰ ਰਚਨਾ 'ਸੰਤ ਖਾਲਸਾ' - ਤਵਾਰੀਖ ਨਾਮਧਾਰੀ

"ਪੰਜਾਬ ਦੇ ਇਤਿਹਾਸ ਦਾ ਜੇ ਗਹੁ ਨਾਲ ਡੂੰਘਾ ਅਧਿਐਨ ਕੀਤਾ ਜਾਵੇ ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਹਜ਼ਾਰਾਂ ਸਾਲ ਤਬਾਹੀ ਅਤੇ ਲਗਾਤਾਰ ਮੁੜ ਉਸਾਰੀ ਦਾ ਅਮਲ ਹੀ ਪੰਜਾਬ ਦੇ ਇਤਿਹਾਸ ਦਾ ਦੂਸਰਾ ਨਾਂ ਹੈ। ਅਜਿਹੀ ਇਤਿਹਾਸਕ ਸਥਿਤੀ ਵਿਚ ਪੰਗਰਦੀ ਮਾਨਸਿਕਤਾ ਦੀ ਹੋਂਦ, ਵਿਧੀ ਅਤੇ ਸੁਭਾਅ ਦੋ ਵਿਰੋਧੀ ਪਾਸਾਰਾਂ, ਗ਼ਲਬਾ, ਤਬਾਹੀ, ਨਾਬਰੀ ਅਤੇ ਪੁਨਰ-ਉਸਾਰੀ ਦੀ ਦੁਅੰਦਾਤਮਕ ਏਕਤਾ ਤੇ ਹੀ ਨਿਰਭਰ ਕਰ ਸਕਦੀ ਹੈ। ਨਿਰੰਤਰ ਦਬਾਉ ਥੱਲੇ ਪਲਣ ਵਾਲੀ ਮਾਨਸਿਕਤਾ ਜਾਂ ਤਾਂ ਬੀਮਾਰ, ਬੌਣੀ ਅਤੇ ਅਵਿਕਸਿਤ ਸ਼ਖ਼ਸੀਅਤ ਦੀ ਸਿਰਜਣਾ ਕਰਦੀ ਹੈ ਜਾਂ ਜੇ ਇਸ ਦਬਾਉ ਦੇ ਵਿਰੁੱਧ ਉਸ ਦਾ ਰੁਖ਼ ਨਾਬਰੀ ਵਾਲਾ ਹੋਵੇ ਤਾਂ ਇਕ ਤੰਦਰੁਸਤ, ਸਿਰਜਣਾਤਮਕ ਸ਼ਕਤੀਸ਼ਾਲੀ ਅਤੇ ਇਨਕਲਾਬੀ ਸੁਭਾਅ ਦੀ ਸ਼ਖ਼ਸੀਅਤ ਦੀ ਉਸਾਰੀ ਦਾ ਆਧਾਰ ਬਣਦੀ ਹੈ। ਪੰਜਾਬੀ ਮਾਨਸਿਕਤਾ ਨੇ ਨਿਰੰਤਰ ਇਤਿਹਾਸਕ ਦਬਾਉ ਪ੍ਰਤੀ ਮੁੱਖ ਤੌਰ ਤੇ ਦੂਸਰੀ ਕਿਸਮ ਦਾ ਹੁੰਗਾਰਾ ਹੀ ਭਰਿਆ ਹੈ। ਭਾਵੇਂ ਵੱਖ-ਵੱਖ ਇਤਿਹਾਸਕ ਪੜਾਵਾਂ ਵਿਚ ਇਸ ਦਾ ਸੁਭਾਅ ਵੱਖਰਾ-ਵੱਖਰਾ ਅਤੇ ਬਦਲਦਾ ਰਿਹਾ ਹੈ। ਨਿਰੰਤਰ ਇਤਿਹਾਸਕ ਦਬਾਉ ਪ੍ਰਤੀ ਅਜਿਹੇ ਹੁੰਗਾਰੇ ਨੇ ਹੀ ਇਕ ਪਾਸੇ ਪੰਜਾਬੀ ਸੁਭਾਅ ਨੂੰ ਜ਼ਿਆਦਾ ਵਿਹਾਰਕ, ਵਰਤਮਾਨ-ਕੇਂਦ੍ਰਿਤ, ਪ੍ਰਗਤੀ ਮੁਖੀ, ਲੋਕਵਾਦੀ, ਖਾਊ-ਹੰਢਾਊ ਵਾਦੀ, ਜਲਦੀ ਭੜਕ ਪੈਣ ਵਾਲਾ ਬਣਾਇਆ ਅਤੇ ਦੂਜੇ ਪਾਸੇ ਤਬਾਹੀ ਪ੍ਰਤੀ ਪੁਨਰ ਉਸਾਰੀ ਦੇ ਹੁੰਗਾਰੇ ਨੇ ਇਸੇ ਸੁਭਾਅ ਨੂੰ, ਸੰਸਲੇਸ਼ਣਾਤਮਕ, ਨਵੇਂ ਹਾਲਾਤ ਤੋਂ ਭੱਜਣ ਦੀ ਥਾਂ ਜੂਝਣ ਵਾਲਾ, ਮੁਕਾਬਲਤਨ ਜਮਹੂਰੀ, ਨਾਬਰ, ਗੰਭੀਰ ਮਾਨਸਿਕ ਗੁੰਝਲਾਂ ਤੋਂ ਮੁਕਤ ਅਤੇ ਹਰ ਖੇਤਰ ਵਿਚ ਆਪਣੇ ਆਪ ਨੂੰ ਜਨੂੰਨ ਦੀ ਹੱਦ ਤਕ ਪ੍ਰਗਟ ਕਰਨ ਵਾਲਾ ਰੂਪ ਦਿੱਤਾ ਹੈ।

"ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਲੋਕ-ਚੇਤਨਾ ਦੇ ਇਸ ਗੁੰਝਲਦਾਰ ਸੁਭਾਅ ਵਿਚੋਂ ਨਾਬਰੀ ਦਾ ਪਹਿਲੂ ਪੰਜਾਬੀ ਕਿੱਸਾ-ਕਾਵਿ ਦੇ ਸਾਹਿਤਕ ਚਿਤਰਾਂ ਦਾ ਇਕ ਹੋਰ ਬੁਨਿਆਦੀ ਅੰਗ ਹੈ। ਸਰਲ ਅਰਥ ਦੀ ਪੱਧਰ ਤੇ ਭਾਵੇਂ ਇਹ ਨਾਬਰੀ ਸਾਧਾਰਣ ਹੋਵੇ, ਪਰ ਸਾਹਿਤਕ ਚਿਤਰਾਂ ਦੇ ਨਿਖੇੜੇ ਵਿਚ, ਇਹੋ ਨਾਬਰੀ ਸਮਕਾਲੀ ਯਥਾਰਥ ਵਿਚ ਉੱਭਰ ਰਹੀਆਂ ਇਤਿਹਾਸਕ ਸ਼ਕਤੀਆਂ, ਨਿਮਨ ਵਰਗ ਦੀ ਵਿਚਾਰਧਾਰਾ ਅਤੇ ਅਧਿਕ ਮਾਨਵੀ ਕੀਮਤਾਂ ਦੇ ਸੁਭਾਅ ਦੀ ਧਾਰਣੀ ਹੋ ਨਿਬੜਦੀ ਹੈ।"..... (ਡਾ. ਰਵਿੰਦਰ ਸਿੰਘ ਰਵੀ, ਪੁਸਤਕ "ਰਵੀ-ਚੇਤਨਾ" ਸਫ਼ਾ ੮੯-੯੦)

ਪੰਜਾਬੀ ਕਿੱਸਾਕਾਰੀ ਦਾ ਮੁੱਢ ਭਾਵੇਂ ਦਮੋਦਰ ਦੁਆਰਾ "ਹੀਰ ਰਾਂਝੇ" ਦੀ ਪ੍ਰੀਤ ਕਥਾ ਦੇ ਵਰਨਣ ਨਾਲ ਬੱਝਿਆ ਬਿਆਨਿਆ ਜਾਂਦਾ ਹੈ, ਭਾਵੇਂ ਇਹ ਪੀਲੂ ਸ਼ਾਇਰ ਦਾ ਕਿੱਸਾ "ਮਿਰਜ਼ਾ ਸਾਹਿਬਾਂ" ਹੈ ਜਾਂ ਮੁਕਬਲ, ਅਹਿਮਦ, ਵਾਰਿਸ, ਕਿਸ਼ਨ ਸਿੰਘ, ਭਗਵਾਨ ਸਿੰਘ ਆਦਿ ਤੋਂ ਲੈ ਕੇ ਗੁਰਾ ਸਿੰਘ ਤੱਕ ਹੀਰ ਕਾਵਿ ਹੈ ਜਾਂ ਹਾਸ਼ਮ ਦੀ ਸੱਸੀ, ਕਾਦਰ ਯਾਰ ਦਾ ਪੂਰਨ ਭਗਤ, ਫਜ਼ਲ ਸ਼ਾਹ ਦੀ ਸੋਹਣੀ ਹੈ - ਇਹਨਾਂ ਸਾਰੀਆਂ ਪ੍ਰੀਤ ਕਹਾਣੀਆਂ ਦੇ ਨਾਇਕ ਨਾਇਕਾਵਾਂ ਪੰਜਾਬੀ ਜੀਵਨ ਵਿਚ ਸੂਰਮਿਆਂ ਵਾਂਗ ਵਿਚਰਦੇ, ਸਥਾਪਿਤ ਸਮਾਜੀ, ਸਦਾਚਾਰਕ ਕਦਰਾਂ ਕੀਮਤਾਂ ਵਿਰੁੱਧ ਬਗ਼ਾਵਤ ਦੀ ਹੱਦ ਤਕ ਜਾਂਦੇ ਵਿਦਰੋਹੀ ਹਨ, ਇਉਂ ਉਹ ਪੰਜਾਬੀ ਸੁਭਾਅ ਦੇ ਅੰਗ ਬਣਕੇ ਕਬੂਲੇ ਗਏ ਹਨ। ਇਸਲਾਮੀ ਅਤੇ ਭਾਰਤੀ ਮਿਥਿਹਾਸ ਵੀ ਸਾਡੇ ਬਹੁਤ ਸਾਰੇ ਕਿੱਸਾਕਾਰਾਂ ਨੇ ਆਪਣੇ ਕਲੇਵਰ ਵਿਚ ਲਿਆ। ਜੰਗਨਾਮੇ ਅਤੇ ਵਾਰਾਂ ਵੀ ਪੰਜਾਬੀ ਵੀਰ ਪਰੰਪਰਾ ਦੇ ਅਨੁਰੂਪ ਹਨ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਵਿਧਾਤਾ

Sri Satguru Jagjit Singh Ji eLibrary NamdhariElibrary@gmail.com

ਸਿੱਧ ਤੀਰ ਆਦਿ ਨੇ ਸਿੱਖ ਗੁਰੂਆਂ, ਸਿੱਖ ਯੋਧਿਆਂ, ਸ਼ਹੀਦਾਂ, ਮਿਸਲਦਾਰਾਂ ਅਤੇ ਰਾਜਿਆਂ ਦੇ ਜੀਵਨ ਚਰਿੱਤਰਾਂ ਨੂੰ ਆਪਣੀ ਕਲਮ ਨਾਲ ਸ਼ਿੰਗਾਰ ਕੇ, ਪੰਜਾਬੀ ਕਿੱਸਾ ਕਾਵਿ ਦੇ ਖੇਤਰ ਨੂੰ ਹੋਰ ਵਿਸ਼ਾਲਤਾ ਪ੍ਰਦਾਨ ਕੀਤੀ। ਇਸੇ ਲੜੀ ਵਿਚ ਹੀ ਆਉਂਦਾ ਹੈ, ਸੰਤ ਹਰਨਾਮ ਸਿੰਘ ਬਗਲੀ ਦੁਆਰਾ ਰਚਿਤ ਕਿੱਸਾ "ਸੰਤ ਖਾਲਸਾ" ਅਰਥਾਤ "ਤਵਾਰੀਖ਼ ਨਾਮਧਾਰੀ"। ਜਦੋਂ ਅੰਗਰੇਜ਼ੀ ਰਾਜ ਸਮੇਂ ਪਹਿਲੀ ਵਾਰ ੧੯੩੬ ਈ. ਵਿਚ ਛਪੀ ਤਾਂ ਇਸਨੂੰ ਛਾਪਣ ਵਾਲੇ "ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ" ਸ੍ਰੀ ਭੈਣੀ ਸਾਹਿਬ, ਜਿੱਥੋਂ ਨਾਮਧਾਰੀ ਦਰਬਾਰ ਦਾ ਹਫ਼ਤਾਵਾਰੀ ਅਖ਼ਬਾਰ 'ਸਤਿਜੁਗ' ਛਪਦਾ ਸੀ, ਉਸਦੀ ਜ਼ਮਾਨਤ ਮੰਗ ਲਈ ਗਈ ਸੀ। ਅਜਿਹਾ ਇਸ ਕਵਿਤਾ ਦੀ ਸ਼ਕਤੀ ਕਾਰਨ ਸੀ ਜਿਸ ਤੋਂ ਬਰਤਾਨਵੀ ਸਰਕਾਰ ਲੋਕਾਂ ਦੇ ਉਤੇਜਿਤ ਹੋ ਉੱਠਣ ਦੇ ਡਰੋਂ ਭੈ-ਭੀਤ ਹੋ ਗਈ ਸੀ। ਇਸੇ ਲਈ ਇਸ ਪੁਸਤਕ ਨੂੰ ਅੰਗ੍ਰੇਜ਼ ਸਰਕਾਰ ਨੇ ਜ਼ਬਤ ਵੀ ਕਰ ਲਿਆ ਸੀ।

ਇਸ ਕਾਵਿ ਗ੍ਰੰਥ ਦਾ ਆਕਾਰ ਭਾਵੇਂ ਬਹੁਤ ਵੱਡਾ ਨਹੀਂ, ਪਰ ਇਸਦੀ ਮਹਿਮਾ ਬਹੁਤ ਵੱਡੀ ਹੈ। ਸਿੱਧੇ ਸਾਦੇ ਸ਼ਬਦਾਂ, ਠੇਠ ਪੰਜਾਬੀ ਬੈਂਤਾਂ ਵਿਚ ਰਚੀਆਂ ਇਸਦੀਆਂ ਤੁਕਾਂ ਸਰੋਤਿਆਂ/ਪਾਠਕਾਂ ਦੇ ਦਿਲਾਂ ਦੀਆਂ ਧੁਰ ਡੂੰਘਾਣਾਂ ਵਿਚ ਉਤਰ ਜਾਂਦੀਆਂ ਹਨ। ਤਕਰੀਬਨ ਪੌਣੀ ਸਦੀ ਤੋਂ ਇਹ ਕਵਿਤਾ ਨਾਮਧਾਰੀ ਦੀਵਾਨਾਂ ਵਿਚ ਗੂੰਜਦੀ ਰਹੀ ਹੈ। ਹਰਨਾਮ ਸਿੰਘ ਬਗਲੀ ਨੇ ਭਾਵੇਂ ਹੋਰ ਵੀ ਕਾਵਿ ਪੁਸਤਕ ਲਿਖੇ - ਜਿਹਾ ਕਿ "ਮਹੀਂਵਾਲ ਸੋਹਣੀ", "ਹੁਸਨ ਕਟਾਰ", ਅਕਾਲੀ ਲਹਿਰ ਬਾਰੇ "ਖ਼ੂਨ ਖਾਲਸਾ" ਅਤੇ "ਤਾਜ ਦਿੱਲੀ" ਆਦਿ- ਪ੍ਰੰਤੂ ਉਸਨੂੰ ਨਾਮਧਾਰੀ ਪੰਥ ਅਤੇ ਪੰਜਾਬੀ ਸਾਹਿਤ ਵਿਚ ਚਿਰਜੀਵੀ ਸਥਾਨ ਦੁਆਉਣ ਦਾ ਸਬੱਬ ਬਣਨ ਵਾਲੀ ਉਸ ਦੀ ਰਚਨਾ "ਸੰਤ ਖਾਲਸਾ" ਹੀ ਸਿੱਧ ਹੋਈ ਹੈ। ਇਸ ਪੁਸਤਕ ਦੀ ਉਸਾਰੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਅਤੇ ਉਹਨਾਂ ਦੁਆਰਾ ਸਾਜੇ ਸੰਤ ਖਾਲਸੇ ਦੀਆਂ ਸ਼ਹੀਦੀਆਂ ਅਤੇ ਮਹਾਨ ਕੁਰਬਾਨੀਆਂ ਉੱਤੇ ਕੀਤੀ ਗਈ ਹੈ। ਹਰਨਾਮ ਸਿੰਘ ਦਾ ਪਿੰਡ ਬਗਲੀ ਜ਼ਿਲ੍ਹਾ ਲੁਧਿਆਣਾ ਦੇ ਰੇਲਵੇ ਸਟੇਸ਼ਨ ਚਾਵਾ ਪਾਇਲ ਦੇ ਲਾਗੇ ਹੀ ਲੱਗਦਾ ਹੈ। ਕਵੀ ਟਕਸਾਲੀ ਨਾਮਧਾਰੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਇਸ ਲਈ ਇਹਨਾਂ ਇਤਿਹਾਸਕ ਘਟਨਾਵਾਂ ਸੰਬੰਧੀ ਉਸਦੀ ਜਾਣਕਾਰੀ ਹੋਰ ਇਤਿਹਾਸਕ ਸੋਮਿਆਂ ਤੋਂ ਇਲਾਵਾ ਬਜ਼ੁਰਗਾਂ ਤੋਂ ਸੁਣੀਆਂ ਸੀਨਾ-ਬਸੀਨਾ ਤੁਰੀਆਂ ਆਉਂਦੀਆਂ ਸਾਖੀਆਂ ਵੀ ਹਨ। ਉਸਦੇ ਪਿਤਾ ਸੁੱਧ ਸਿੰਘ ਦਾ ਜ਼ਿਕਰ ਸਰਕਾਰ ਦੁਆਰਾ ਹੀ ਜਾਰੀ ੧੮੮੧ ਈ. ਦੀ ਮਹੱਤਵਪੂਰਨ ਕੂਕਿਆਂ ਦੀ ਲਿਸਟ ਵਿਚ ਲੁਧਿਆਣਾ ਜ਼ਿਲ੍ਹੇ ਦੇ ੧੦੬ ਨੰਬਰ ਤੇ ਆਉਂਦਾ ਹੈ। ਉਸਦੇ ਤਾਇਆ ਬੁੱਧ ਸਿੰਘ ਨੇ ਵੀ ਸਰਕਾਰੀ ਰੀਕਾਰਡ ਮੁਤਾਬਿਕ ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਡੇਰਾ ਭੈਣੀ ਸਾਹਿਬ ਦੇ ਲੰਗਰ ਵਿਚ ਪਾ ਦਿੱਤੀ ਅਤੇ ਆਪਣੇ ਪੰਥ ਦੇ ਵਿਰੋਧੀਆਂ ਨਾਲ ਮਰਨ ਮਾਰਨ ਵਾਸਤੇ ਸਦਾ ਤਿਆਰ ਰਹਿੰਦਾ ਸੀ। ਇਸ ਲਿਸਟ ਵਿਚ ਬਗਲੀ ਕਲਾਂ ਪਿੰਡ ਦੇ ਛੇ ਕੂਕਿਆਂ ਦੇ ਨਾਮ ਦਰਜ ਹੋਣੇ, ਨਾਮਧਾਰੀ ਇਤਿਹਾਸ ਵਿਚ ਬਗਲੀ ਕਲਾਂ ਦੇ ਸਥਾਨ ਦੀ ਨਿਸ਼ਾਨਦੇਹੀ ਕਰਦੇ ਹਨ। ਕਵੀ ਜੀ ਦੇ ਦਾਦੇ ਦਾ ਨਾਂ ਸੁੱਖਾ ਸਿੰਘ ਸੀ ਅਤੇ ਉਪਰੋਕਤ ਰੀਕਾਰਡ ਮੁਤਾਬਿਕ ਸੁੱਖਾ ਸਿੰਘ ਦਾ ਵੱਡਾ ਪੁੱਤਰ ਵਜ਼ੀਰ ਸਿੰਘ ਸੀ, ਜੋ ਰਿਆਸਤ ਪਟਿਆਲਾ ਵਿਚ ਦੋਰਾਹਾ ਦੇ ਨੇੜੇ ਗੜ੍ਹ ਬਾਣਾ ਪਿੰਡ ਵਿਚ ਜਾ ਵੱਸਿਆ ਸੀ। ਕਵੀਸ਼ਰ ਜੀ ਆਪਣੀ ਜ਼ੁਬਾਨੀ ਆਪਣੇ ਪਰਿਵਾਰਿਕ ਪਿਛੋਕੜ ਦਾ ਵੇਰਵਾ ਗ੍ਰੰਥ ਦੀ ਸਮਾਪਤੀ ਸਮੇਂ ਇਉਂ ਦਿੰਦੇ ਹਨ -

"ਸਾਡੇ ਪਿਤਾ ਜੀ ਤੇ ਦੋਨੋਂ ਤਾਏ ਚਾਚੇ,
ਸਤਿਗੁਰ ਹਰੀ ਸਿੰਘ ਦੇ ਤਾਬਿਆਦਾਰ ਹੋਏ।
ਮਨੋਂ ਤਨੋਂ ਤੇ ਧਨੋਂ ਕੁਰਬਾਨ ਹੋ ਕੇ,
ਭੈਣੀ ਸਾਹਿਬ ਜਾ ਕੇ ਸੇਵਾਦਾਰ ਹੋਏ।
ਕਰੀਆਂ ਕੋਲੋਂ ਦੀਆਂ ਘਰ ਜ਼ਮੀਨ ਸਾਰੀ,
ਲੰਗਰ ਪਾਇਕੇ ਸ਼ੁਕਰ ਗੁਜ਼ਾਰ ਹੋਏ।
ਚਰਨਾਂ ਸਤਿਗੁਰਾਂ ਵਿਚ ਹੀ ਉਮਰ ਕੱਟੀ,

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ

Sri Satguru Jagjit Singh Ji eLibrary NamdhariElibrary@gmail.com

ਓਹਨਾਂ ਨਾਲ ਸਤਿਗੁਰਾਂ ਦੇ ਪਿਆਰ ਹੋਏ।
ਸ਼ੁੱਧ ਸਿਘ ਦੀ ਅਸੀਂ ਉਲਾਦ ਸਮਝੋ,
ਭੈਣਾਂ ਦੋ ਭਾਈ ਅਸੀਂ ਚਾਰ ਹੋਏ।
ਵੱਡੇ ਭਾਈ ਗੁਰਮੁਖ ਸਿਘ ਬਿਸ਼ਨ ਸਿਘ ਥੇ,
ਕਰਮ ਸਿਘ ਜੀ ਸਵਰਗ ਸਿਧਾਰ ਹੋਏ।
ਇਕ ਭੈਣ ਸਾਡੀ ਕੋਟ ਰੰਗੂ ਰਾਇ ਦੇ,
ਚੰਗੇ ਭੈਣ ਦੇ ਅੱਗੋਂ ਪਰਵਾਰ ਹੋਏ।
ਦੂਜੀ ਭੈਣ ਦੁਆਬੇ ਰੜ੍ਹੀ ਪਿੰਡ ਸਾਡੀ,
ਹਰ ਗੁਰ ਨਾਮ ਦੇ ਨਾਲ ਉਚਾਰ ਹੋਏ।
ਰਿਆਸਤ ਨਾਹਣ ਥਰਾਲ ਹੈ ਪਿੰਡ ਬੱਸਦਾ,
ਦੇਵਾ ਸਿਘ ਓਥੇ ਨੰਬਰਦਾਰ ਹੋਏ।
ਲੜਕੀ ਓਸ ਦੀ ਅਸਾਂ ਦੀ ਧਰਮ ਪਤਨੀ,
ਸੰਤ ਕੌਰ ਜੀ ਨਾਮ ਬਿਚਾਰ ਹੋਏ।
ਅੱਗੇ ਦਾਸ ਦੇ ਭੀ ਪੁੱਤਰ ਚਾਰ ਹੈਣ ਜੇ,
ਸਾਰੇ ਨਹੀਂ ਮੇਰੇ ਆਗਿਆਕਾਰ ਹੋਏ।
ਮਹਿੰਦਰ ਸਿਘ ਰਘਬੀਰ ਸਿਘ ਨਾਲ ਸਾਡੇ,
ਬੇਟੇ ਬੜੇ ਦੋ ਖੁਦ ਮੁਖਤਿਆਰ ਹੋਏ।
ਭਰਥ ਸਿਘ ਗੁਰਦਿਆਲ ਸਿਘ ਨਾਮ ਉਨੇ,
ਜੰਗੀ ਖਾਲਸੇ ਤਿਆਰ ਬਰ ਤਿਆਰ ਹੋਏ।
ਛੋਟੀ ਨੂੰਹ ਪ੍ਰਕਾਸ਼ ਕੌਰ ਨਾਮ ਜਿਸਕਾ,
ਸੂੰਡ ਪਿੰਡ ਵਿਚੋਂ ਰਿਸ਼ਤੇਦਾਰ ਹੋਏ।
ਜਸਵੰਤ ਕੌਰ ਵੱਡੀ ਲੜਕੀ ਅਸਾਂ ਦੀ ਹੈ,
ਪਤੀ ਜਿਹਨਾਂ ਦੇ ਨੇ ਸੂਬੇਦਾਰ ਹੋਏ।
ਛੋਟੀ ਬੀਬੀ ਗੁਰਦਿਆਲ ਕੌਰ ਨਾਮ ਜਿਸਦਾ,
ਪਤੀ ਇਹਨਾਂ ਦੇ ਭੀ ਅਹੁਦੇਦਾਰ ਹੋਏ।"

ਸੰਖੇਪ ਵਿਚ ਪਰਿਵਾਰ ਦੀ ਸਾਰੀ ਅਗੇਤਰ ਪਛੇਤਰ ਦੀ ਜਾਣਕਾਰੀ ਨੂੰ, ਕਵੀ ਵਿਰਕਤਤਾ ਦੇ ਭਾਵ ਨਾਲ ਇੰਜ ਸਮੇਟਦਾ ਹੈ –

"ਨਾ ਕੋਈ ਧੀ ਨਾ ਪੁੱਤ ਨਾ ਭੈਣ ਭਾਈ,
'ਕੱਠੇ ਬ੍ਰਹਮ ਦੀ ਮਾਇਆ ਅਨੁਸਾਰ ਹੋਏ।
ਟੱਬਰ ਟੀਹਰ ਘਰ ਬਾਰ ਹਰਨਾਮ ਸਿੰਘਾ!
ਸਾਰੇ ਮਿੱਥਿਆ ਵਿਚ ਸੰਸਾਰ ਹੋਏ।

ਕਵੀ ਜੀ ਦਾ ਪਰਿਵਾਰ ਬਗਲੀ ਕਲਾਂ ਅਤੇ ਰਿਆਸਤ ਨਾਹਣ ਦੇ ਪਿੰਡ ਥਰਾਲ, ਨੇੜੇ ਪਉਂਟਾ ਸਾਹਿਬ, ਦੋਹਾਂ ਥਾਵੀਂ ਰਹਿੰਦਾ ਰਿਹਾ ਹੈ। ਉਹ ਸਵੈਚ ਗੋਤ ਦੇ ਕਿਸਾਨ ਪਰਿਵਾਰ ਨਾਲ ਸੰਬੰਧਿਤ ਸਨ। ਪਹਿਲੀ ਉਮਰ ਵਿਚ ਰਾਜਾ ਨਾਹਣ (ਸਿਰਮੌਰ) ਦੇ ਡਰਾਇਵਰ ਵੀ ਰਹੇ। ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸ਼ਰਧਾਵਾਨ ਸਿੱਖ ਸਨ।

Sri Satguru Jagjit Singh Ji eLibrary NamdhariElibrary@gmail.com

ਇਹਨਾਂ ਦੇ ਪੁੱਤਰ ਅਤੇ ਪੋਤਰੇ ਅਮਰਜੀਤ ਸਿੰਘ ਹੁਣ ਇਸੇ ਪਿੰਡ ਬਰਾਲ ਜਾਂ ਬਹਿਰਾਲ (ਹਿਮਾਚਲ ਪ੍ਰਦੇਸ਼) ਵਿਚ ਵੱਸਦੇ ਹਨ। ਸੰਤ ਖਾਲਸੇ ਦੀ ਤੀਜੀ ਛਾਪ, ਜੋ ਕੱਤਕ ੨੦੫੩ ਬਿਕ੍ਰਮੀ ਵਿਚ ਛਪੀ ਹੈ, ਵਿਚ ਉਪਲਬਧ ਫੋਟੋ ਮੁਤਾਬਿਕ ਹਰਨਾਮ ਸਿੰਘ ਦਾ ਦਾਹੜਾ ਤੇ ਮੁਚਿਹਰੇ ਸਿੱਧੇ ਸੰਘਣੇ ਦਰਮਿਆਨੇ, ਰੰਗ ਸਾਂਵਲਾ, ਮਸਤਕ ਵਿਸ਼ਾਲ, ਨੇਤਰ ਚੌੜੇ, ਨੱਕ ਉੱਚਾ ਤੇ ਤਿੱਖਾ, ਸਰੀਰ ਗਠਿਆ ਹੋਇਆ ਫੁਰਤੀਲਾ, ਉੱਜਲ ਗੁਰਮੁਖੀ ਬਾਣਾ ਅਤੇ ਸਫੇਦ ਜਟਕਾ ਦਸਤਾਰਾ, ਸਮੁੱਚੀ ਦਿੱਖ ਨੂੰ ਮਨਮੋਹਣਾ ਅਤੇ ਪ੍ਰਭਾਵਸ਼ਾਲੀ ਬਣਾਉਣ ਵਾਲਾ ਹੈ।

ਮੱਧਕਾਲੀ ਕਿੱਸਾ ਸਾਹਿਤ ਦੇ ਅਰੰਭ ਵਿਚ ਕਵੀ ਪ੍ਰਮਾਤਮਾ ਦੀ ਸਿਫ਼ਤ ਸਲਾਹ ਨਾਲ ਆਪਣੀ ਗੱਲ ਕਰਦਾ ਹੈ। ਸਾਡਾ ਚੋਟੀ ਦਾ ਕਿੱਸਾਕਾਰ ਵਾਰਿਸਸ਼ਾਹ ਆਪਣੀ ਹੀਰ ਨੂੰ ਇਉਂ ਅਰੰਭ ਕਰਦਾ ਹੈ -

"ਅਵੱਲ ਹਮਦ ਖ਼ੁਦਾਇ ਦਾ ਵਿਰਦ ਕੀਜੈ,
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲੋਂ ਆਪ ਹੈ ਰੱਬ ਨੇ ਇਸ਼ਕ ਕੀਤਾ,
ਮਾਸ਼ੂਕ ਨੇ ਨਬੀ ਰਸੂਲ ਮੀਆਂ।"

ਭਾਵੇਂ ਅਜੋਕੇ ਵਿਗਿਆਨਿਕ ਸੋਚ ਨੂੰ ਪ੍ਰਨਾਏ ਸ਼ਾਇਰ ਨੇ ਇਉਂ ਵੀ ਲਿਖਿਆ ਹੈ-

"ਜਿੱਥੇ ਜਾ ਕੇ ਮਰ ਗਿਆ ਹੈ ਹੌਂਸਲਾ ਇਨਸਾਨ ਦਾ,
ਰੱਬ ਪੈਦਾ ਹੋ ਗਿਆ ਏ ਬੰਦਗੀ ਦੇ ਵਾਸਤੇ।"

– ਹਰਿਭਜਨ ਸਿੰਘ ਰੇਣੂ

ਪ੍ਰਸਿੱਧ ਰੂਸੀ ਲੇਖਕ ਗੋਰਕੀ ਕਹਿੰਦਾ ਹੈ ਕਿ ਗ਼ਰੀਬ ਰੱਬ ਨੂੰ ਇਸ ਲਈ ਮੰਨਦਾ ਹੈ ਕਿ ਉਸਦੇ ਪਾਸ ਰੱਬ ਤੋਂ ਬਿਨਾ ਕੁਝ ਵੀ ਤੇ ਹੁੰਦਾ ਨਹੀਂ ਤੇ ਅਮੀਰ ਇਸ ਲਈ ਮੰਨਦਾ ਹੈ ਕਿ ਹੋਰ ਸਭ ਕੁਝ ਉਹਦੇ ਪਾਸ ਹੈ, ਇਸ ਰੱਬ ਤੇ ਵੀ ਕਿਤੇ ਗ਼ਰੀਬਾਂ ਦਾ ਹੀ ਕਬਜ਼ਾ ਨਾ ਹੋਵੇ। ਇਸ ਵਰਗ-ਵੰਡ ਤੋਂ ਕਬੀਰ ਜੀ ਵੀ ਜਾਣੂ ਸਨ-

"ਉਨ ਘਰ ਲਾਖ ਕਰੋੜੀ ਹਸਤੀ
ਹਮ ਘਰ ਏਕ ਮੁਰਾਰੀ।"

ਰੱਬ ਦਾ ਤਸੱਵਰ, ਵਰਗ-ਵੰਡ ਵਾਲੇ ਸਮਾਜ ਦਾ ਮੁੱਢ ਬੱਝਣ ਤੋਂ ਲੈ ਕੇ ਤੁਰਿਆ ਆਉਂਦਾ ਹੈ। ਇਹ ਵਿਚਾਰ ਬੰਦਾ ਮਾਂ ਦੇ ਦੁੱਧ ਨਾਲ ਹੀ ਗ੍ਰਹਿਣ ਕਰ ਲੈਂਦਾ ਹੈ। ਇਸ ਲਈ ਉਹਨਾਂ ਤੋਂ ਮੁਕੰਮਲ ਤੌਰ ਤੇ ਮੁਕਤ ਹੋਣ ਲਈ ਉਚੇਰੀਆਂ ਸਮਾਜਿਕ ਆਰਥਿਕ ਹਾਲਤਾਂ ਵਾਲੇ ਸਮਾਜ ਦੀ ਸਿਰਜਣਾ ਦੀ ਲੋੜ ਹੈ। ਸਾਡਾ ਕਿੱਸਾਕਾਰ ਭਾਈ ਹਰਨਾਮ ਸਿੰਘ ਵੀ ਆਪਣੀ ਇਸ ਇਤਿਹਾਸਕ ਰਚਨਾ ਦਾ ਅਰੰਭ ਪ੍ਰਚਲਿਤ ਢੰਗ ਨਾਲ ਇਉਂ ਕਰਦਾ ਹੈ-

"ਸਕਲ ਸ੍ਰਿਸ਼ਟ ਕੇ ਸਾਜਨੇਹਾਰ ਜਿਹੜਾ,
ਨਿਰਾਕਾਰ ਹੈ ਪੁਰਖ ਅਕਾਲ ਓਹੀ।
ਜਲਾਂ ਥਲਾਂ ਬ੍ਰਹਿਮੰਡਾਂ ਦੇ ਰਚਣ ਵਾਲਾ,
ਜੀਵ ਜੰਤ ਸੰਦਾ ਪ੍ਰਤਿਪਾਲ ਓਹੀ।
ਪੂਰਣ ਪੁਰਖ ਪ੍ਰਮਾਤਮਾ ਰੱਬ ਸੱਚਾ,
ਦੀਨਾ ਨਾਥ ਅਕਾਲ ਦਿਆਲ ਓਹੀ।
ਜ਼ਰਰੇ ਜ਼ਰਰੇ ਦੇ ਵਿਚ ਹਰਨਾਮ ਸਿੰਘਾ,
ਵਿਆਪ ਰਿਹੈ ਕ੍ਰਿਪਾਲ ਗੋਪਾਲ ਓਹੀ। (ਸੰਤ ਖਾਲਸਾ, ਸਫ਼ਾ 1)

ਰੱਬ ਤੋਂ ਬਾਦ ਸਾਡੇ ਕਿੱਸਾਕਾਰ ਆਪਣੇ ਇਸ਼ਟ ਦੇਵ ਦੀ ਅਰਾਧਨਾ [illegible] ਰਿਆ ਕਰਦੇ ਸਨ। ਇੱਥੇ ਇਸ਼ਟ ਦੇਵ ਵੀ ਓਹੀ ਹੈ ਤੇ ਰਚਨਾ ਦਾ ਕੇਂਦਰੀ ਪਾਤਰ ਵੀ- ਸਤਿਗੁਰੂ ਰਾਮ ਸਿੰਘ। [illegible] ਨਾਮਧਾਰੀ ਸਿੱਖਾਂ ਦੇ ਅਕੀਦੇ ਮੁਤਾਬਿਕ [illegible] ਪੰਜਾਬੀ [illegible] ਲਹਿਰ ਦਾ [illegible]

Sri Satguru Jagjit Singh Ji eLibrary NamdhariElibrary@gmail.com

ਉਹਨਾਂ ਦਾ, ਗੁਰੂ ਨਾਨਕ ਦੀ, ਗੁਰੂ ਬੰਸਾਵਲੀ ਮੁਤਾਬਿਕ ਬਾਰਵਾਂ ਗੁਰੂ। ਕਵੀ ਜੀ ਮੰਗਲਾਚਾਰ ਵਜੋਂ ਲਿਖਦੇ ਹਨ-

"ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ,
ਤੇਰਾ ਨਾਮ ਲੈ ਕਲਮ ਉਠਾਂਵਦਾ ਹਾਂ।
ਤੇਰੇ ਪ੍ਰੇਮ ਪਿਆਰ ਦਾ ਹਾਲ ਦੂਲੇ,
ਛੰਦਾ ਬੰਦੀ ਦੇ ਵਿਚ ਬਨਾਂਵਦਾ ਹਾਂ।
ਆਪਣੇ ਕਾਜ ਤੂੰ ਆਪ ਹੀ ਸਿਰੇ ਚਾੜ੍ਹੀਂ,
ਜੱਸ ਆਪ ਦਾ ਹੀ ਦੂਲੇ ਗਾਂਵਦਾ ਹਾਂ।
ਤਾਕਤ ਲਿਖਣ ਦੀ ਬਖ਼ਸ਼ ਹਰਨਾਮ ਸਿੰਘ ਨੂੰ,
ਤੇਰੇ ਚਰਨਾਂ ਤੇ ਸੀਸ ਝੁਕਾਂਵਦਾਂ ਹਾਂ।" (ਉਹੀ, ਸਫਾ ੧)

ਸਤਿਗੁਰੂ ਜੀ ਦੇ ਪ੍ਰਗਟ ਹੋਣ ਦਾ ਹਾਲ, ਸਮਾਂ ਸਥਾਨ ਅਤੇ ਖ਼ਾਨਦਾਨ ਦਾ ਵੇਰਵਾ ਸੰਖੇਪ ਵਿਚ ਹੀ ਕਵੀ ਜੀ ਦੇ ਰਹੇ ਹਨ -

"ਸੰਮਤ ਠਾਰਾਂ ਸੋ ਸਾਲ ਬਹੱਤਰੇ ਦੀ,
ਮਾਘ ਪੰਚਮੀ ਸੁਦੀ ਪ੍ਰਧਾਨ ਸਮਝੋ।
ਭੈਣੀ ਸਾਹਿਬ ਨਗਰ ਜ਼ਿਲ੍ਹਾ ਲੁਦੇਹਾਣਾ,
ਰਾਮਗੜ੍ਹੀਆ ਦਾ ਖ਼ਾਨਦਾਨ ਸਮਝੋ।
ਜੱਸਾ ਸਿੰਘ ਪਿਤਾ ਸਦਾ ਕੌਰ ਮਾਤਾ,
ਪ੍ਰਗਟ ਹੋਈ ਏ ਜੋਤ ਭਗਵਾਨ ਸਮਝੋ।
ਜਾਮਾ ਬਾਰ੍ਹਵਾਂ ਧਾਰਿਆ ਸਤਿਗੁਰਾਂ ਨੇ,
ਹੋਈ ਰੋਸ਼ਨੀ ਚਮਕ ਜਹਾਨ ਸਮਝੋ।
ਬਾਲ ਲੀਲ੍ਹਾ ਸਤਿਗੁਰਾਂ ਦੀ ਬਹੁਤ ਭਾਰੀ,
ਕਿਵੇਂ ਲਿਖਾਂ ਸਾਰਾ ਦਾਸਤਾਨ ਸਮਝੋ।
ਬੀਸ ਬਰਸ ਦੇ ਹੋਏ ਹਰਨਾਮ ਸਿੰਘਾ,
ਪੂਰੇ ਜੁਆਨ ਭਾਰੇ ਬਲੀਵਾਨ ਸਮਝੋ। (...ਉਹੀ, ਸਫਾ ੧-੨)

ਸਤਿਗੁਰੂ ਜੀ ਦਾ ਬਹਿਨੋਈ ਕਾਬਲ ਸਿੰਘ ਲਾਹੌਰ ਦਰਬਾਰ ਦੇ ਤੋਪਖ਼ਾਨੇ ਵਿਚ ਨੌਕਰੀ ਕਰਦਾ ਸੀ। ੧੮੯੨ ਬਿਕ੍ਰਮੀ ਵਿਚ ਉਹ ਸਤਿਗੁਰੂ ਜੀ ਨੂੰ ਵੀ ਆਪਣੇ ਨਾਲ ਲਾਹੌਰ ਲੈ ਗਿਆ। ਤਕਰੀਬਨ ੯ ਸਾਲ ਆਪ ਨੇ ਲਾਹੌਰ ਦਰਬਾਰ ਦੀ ਸੈਨਾ ਵਿਚ ਨੌਕਰੀ ਕੀਤੀ। ਆਪ ਦੇ ਅਸਰ ਨਾਲ ਉਸ ਪਲਟਨ ਦਾ ਨਾਮ ਹੀ "ਭਗਤਾਂ ਵਾਲੀ ਪਲਟਨ" ਪੈ ਗਿਆ। ਸਾਡਾ ਕਿੱਸਾਕਾਰ ਇਸ ਸਾਰੀ ਕਿਰਿਆ ਨੂੰ ਥੋਹੜੇ ਸ਼ਬਦਾਂ ਵਿਚ ਹੀ ਬਿਆਨਦਾ ਹੈ -

"ਸੰਮਤ ਠਾਰਾਂ ਸੋ ਬਾਨਵੇਂ ਸਾਲ ਅੰਦਰ,
ਪਹੁੰਚੇ ਗੁਰੂ ਲਾਹੌਰ ਮੈਂ ਜਾਇ ਬੇਲੀ।
ਕਾਬਲ ਸਿੰਘ ਨੇ ਸਤਿਗੁਰੂ ਰਾਮ ਸਿੰਘ ਦਾ,
ਦਿਤਾ ਫੌਜ ਮੇ ਨਾਮ ਲਿਖਾਇ ਬੇਲੀ।
ਭਜਨ ਬੰਦਗੀ ਰਾਤ ਦਿਨ ਗੁਰੂ ਕਰਦੇ,
ਬਿਰਤੀ ਫੱਕਰਾਂ ਵਾਂਗ ਬਣਾਇ ਬੇਲੀ।

... ...

Sri Satguru Jagjit Singh Ji eLibrary NamdhariElibrary@gmail.com

ਸਾਰੇ ਕਾਰਨਾਮੇ ਜੇਕਰ ਜਹਾਂ ਦੱਸਾਂ,
ਬਹੁਤ ਗ੍ਰੰਥ ਦਾ ਹੋਊ ਵਧਾਇ ਬੇਲੀ।
ਮਸਤ ਸਤਿਗੁਰੂ ਰਹਿਣ ਹਰਨਾਮ ਸਿੰਘਾ।
ਚੋਜ ਲੋਕਾਂ ਨੂੰ ਰਹੇ ਵਿਖਾਇ ਬੇਲੀ। (...ਉਹੀ, ਸਫ਼ਾ ੩)

ਨਾਮਧਾਰੀ ਸਿੰਘਾਂ ਦੀ ਰਵਾਇਤ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ, ਹਜ਼ਰੋਂ ਜ਼ਿਲ੍ਹਾ ਅਟਕ (ਪੱਛਮੀ ਪੰਜਾਬ) ਵਾਸੀ ਨੂੰ ਦਰਸ਼ਨ ਦੇ ਕੇ ਗੁਰਤਾ ਅਰਪਨ ਕੀਤੀ ਸੀ ਅਤੇ ਇਹ ਕਿਹਾ ਸੀ ਕਿ ਮੈਂ ਰਾਮ ਸਿੰਘ ਦੇ ਰੂਪ ਵਿਚ ਆ ਕੇ ਆਪਣੀ ਵਸਤ ਤੁਹਾਥੋਂ ਪ੍ਰਾਪਤ ਕਰ ਲਵਾਂਗਾ। ਫੌਜੀ ਸੇਵਾ ਸਮੇਂ ਗੁਰੂ ਰਾਮ ਸਿੰਘ ਜੀ ਨੂੰ ੧੮੪੧ ਈਸਵੀ ਵਿਚ ਹਜ਼ਰੋਂ ਜਾਣ ਦਾ ਸਬੱਬ ਬਣਿਆ ਤਾਂ ਉਸ ਇਤਿਹਾਸਕ ਘਟਨਾ ਨੂੰ ਇਉਂ ਕਾਨੀਬੰਦ ਕੀਤਾ ਗਿਆ ਹੈ-

"ਬਾਲਕ ਸਿੰਘ ਬਾਬਾ ਗੁਰੂ ਗਿਆਰ੍ਹਵਾਂ ਸੀ,
ਕਰਦਾ ਸਤਿਗੁਰਾਂ ਦੀ ਇੰਤਜ਼ਾਰ ਹਜ਼ਰੋਂ।
ਏਧਰ ਗੁਰੂ ਲਾਹੌਰ ਦੀਆਂ ਛੌਣੀਆਂ ਤੋਂ
ਜਾਣ ਲਈ ਹੋ ਗਏ ਤਿਆਰ ਹਜ਼ਰੋਂ।

... ...

ਮਿਲੇ ਦੂਰ ਆ ਕੇ ਰਾਮ ਸਿੰਘ ਜੀ ਨੂੰ,
ਬਾਲਕ ਸਿੰਘ ਜੀ ਰੂਪ ਕਰਤਾਰ ਹਜ਼ਰੋਂ।
ਦਸਮ ਪਾਤਸ਼ਾਹ ਦੀ ਚੀਜ਼ ਸੌਂਪ ਦਿੱਤੀ,
ਭਾਰੀ ਲਾਹਿਕੇ ਇਕ ਦਰਬਾਰ ਹਜ਼ਰੋਂ।

... ...

ਸਤਿਗੁਰੂ ਰਾਮ ਸਿੰਘ ਦੇ ਉਥੇ ਜਾਣ ਕਰਕੇ,
ਮਸ਼ਹੂਰ ਹੋ ਗਈ ਸੰਸਾਰ ਹਜ਼ਰੋਂ।
ਪੁਸਤਕ ਵਧੂਗਾ ਬਹੁਤ ਹਰਨਾਮ ਸਿੰਘਾ।
ਜੇਕਰ ਲਿਖਾਂ ਸਾਰੇ ਸਮਾਚਾਰ ਹਜ਼ਰੋਂ।" (...ਉਹੀ ਸਫ਼ਾ ੬)

ਸਿੱਖ ਸੈਨਾ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਦ, ਵੱਡੀ ਗਿਣਤੀ ਵਿਚ ਬੁਰਛਾਗਰਦੀ ਹੋਣ ਲੱਗੀ। ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ-

"ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।"

ਫੌਜੀਆਂ ਦੀਆਂ ਵਧੀਕੀਆਂ ਤੋਂ ਆਮ ਲੋਕ ਦੁਖੀ ਸਨ। ਉਹ ਆਪਣੀ ਤਨਖ਼ਾਹ ਨਿੱਤ ਨਵੇਂ ਦਿਨ ਵਧਾਉਣ ਦੇ ਮੁਤਾਲਬੇ ਕਰਦੇ ਅਤੇ ਇਹ ਪੈਸਾ ਜ਼ੋਰੀ ਨਾਲ ਵਸੂਲਦੇ। ਸੈਨਾਪਤੀ ਦੁਸ਼ਮਣਾਂ ਨਾਲ ਮਿਲੇ ਹੋਏ ਸਨ। ਮੁੱਦਕੀ ਦੀ ਜੰਗ ਸਮੇਂ ਸਿਖ ਸੈਨਾ ਦੀ ਸਥਿਤੀ ਦਰਸਾਉਂਦੇ ਨਕਸ਼ੇ ਇਹਨਾਂ ਗੱਦਾਰਾਂ ਦੀ ਕ੍ਰਿਪਾ ਨਾਲ ਪਹਿਲਾਂ ਹੀ ਅੰਗ੍ਰੇਜ਼ਾਂ ਪਾਸ ਪੁੱਜ ਗਏ ਸਨ। ਇਸ ਲਈ ਖ਼ਾਲਸਾ ਫ਼ੌਜ ਦੀ ਗੱਦਾਰਾਂ ਦੀ ਵਜ੍ਹਾ ਕਾਰਨ, ਜਿੱਤ ਨੂੰ ਹਾਰ ਵਿਚ ਯਕੀਨੀ ਤੌਰ ਤੇ ਬਦਲਣ ਦਾ ਆਭਾਸ, ਸਤਿਗੁਰੂ ਜੀ ਵਾਂਗ, ਹੋਰ ਸਿਆਣਿਆਂ ਨੂੰ ਵੀ ਪਹਿਲੋਂ ਹੀ ਹੋ ਗਿਆ ਸੀ; ਤਾਂ ਹੀ ਉਹ ਆਪਣੀ ਬੰਦੂਕ ਦਰਿਆ ਵਿਚ ਸੁੱਟ ਕੇ ਘਰ ਨੂੰ ਚਾਲੇ ਮਾਰ ਗਏ ਸਨ। ਨਾਲ ਦੇ ਸਿਪਾਹੀਆਂ ਦੇ ਕਹਿਣ ਤੇ ਕਿ "ਮਸਤਾਨਿਆ ਇਹ ਕੀ ਕੀਤਾ ਈ", ਆਪ ਨੇ ਜੁਆਬ ਦਿੱਤਾ ਸੀ, "ਮੈਂ ਅੱਜ ਸੁੱਟੀ ਹੈ ਤੁਸੀਂ ਭਲਕੇ ਸੁੱਟ ਦਿਓਗੇ।" ਸਤਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਸਮਝਦੇ ਸਨ ਕਿ ਹੁਣ ਗੱਦਾਰਾਂ ਵਾਸਤੇ ਲੜਨ ਦਾ ਕੀ ਫ਼ਾਇਦਾ ਹੈ। ਆਪ ਦੀ ਸਮਝ ਕਿਵੇਂ ਖਰੀ ਉੱਤਰੀ, ਸਾਡਾ ਕਿੱਸਾਕਾਰ ਲਿਖਦਾ ਹੈ-

"ਬਚਨ ਸਤਿਗੁਰਾਂ ਦੇ ਪੂਰੇ ਕੌਲ ਹੋਏ,
ਮੱਚੇ ਮੁੱਦਕੀ ਮੇਂ ਘੱਲੂਘਾਨ ਵੀਰੋ।
ਫ਼ਾਰਾ ਨਾਲ ਅੰਗ੍ਰੇਜ਼ ਦੇ ਯੁੱਧ ਹੋਇਆ,
ਰਿਹਾ ਬਹੁਤ ਦਿਨ ਗਰਮ ਮੈਦਾਨ ਵੀਰੋ।
... ...
ਸਰਸੋਂ ਜਗ੍ਹਾ ਬਾਰੂਦ ਦੀ ਆਉਣ ਲੱਗੀ,
ਜਥੇਦਾਰ ਹੋ ਗਏ ਬੇਈਮਾਨ ਵੀਰੋ।
ਤੇਜਾ ਸਿੰਘ ਬਾਹਮਣ ਬੇਈਮਾਨ ਹੋਇਆ,
ਏਸ ਜੰਗ ਦਾ ਵਹੀ ਪ੍ਰਧਾਨ ਵੀਰੋ।
ਜਦ ਵਾੜ ਹੀ ਖੇਤ ਨੂੰ ਖਾਣ ਲੱਗੀ,
ਦੋਸ਼ ਫੇਰ ਕੀ ਕਰੂ ਕਿਰਸਾਨ ਵੀਰੋ।
ਯਾਦ ਰਹੂ ਅੰਗਰੇਜ਼ਾਂ ਨੂੰ ਮੁੱਦਕੀ ਦੀ,
ਵਾਹੀ ਪੰਥ ਨੇ ਬਹੁਤ ਕਿਰਪਾਨ ਵੀਰੋ।
ਫੌਜਾਂ ਜਿੱਤ ਕੇ ਅੰਤ ਨੂੰ ਹਾਰ ਗਈਆਂ,
ਲਿਆ ਕੇ ਤੇਜਾ ਦਾ ਗਜ਼ਬ ਤੂਫ਼ਾਨ ਵੀਰੋ।
ਲਿਖਿਆ ਸ਼ਾਹ ਮੁਹੰਮਦ ਨੇ ਦੇਖ ਅੱਖੀਂ,
ਪੜ੍ਹੋ ਮੁਦਕੀ ਦਾ ਦਾਸਤਾਨ ਵੀਰੋ।
ਪੂਰੇ ਗੁਰਾਂ ਦੇ ਬਚਨ ਹਰਨਾਮ ਸਿੰਘਾ!
ਪੰਜ ਸਾਲ ਪਿੱਛੋਂ ਹੋਏ ਆਨ ਵੀਰੋ। (...ਉਹੀ ਸਫ਼ਾ 8)

ਇਸ ਜੰਗ ਦੇ ਸਮਕਾਲੀ ਮਟਕ ਕਵੀ ਵੀ ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਮਿਸਰ ਲਾਲ ਸਿੰਘ ਅਤੇ ਪ੍ਰਧਾਨ ਸੈਨਾਪਤੀ ਤੇਜ ਸਿੰਘ ਬਾਰੇ ਲਿਖਿਆ ਸੀ-

"ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।
ਰਣ ਵਿਚ ਪਿੱਠ ਦਿਖਾਇਕੇ, ਮੋੜਾ ਆਏ ਫੇਰ।"

ਇਹ ਮੁੱਦਕੀ ਦੀ ਲੜਾਈ ਹੀ ਸੀ ਜਿਸ ਵਿਚ ਸਾਧਾਰਨ ਸਿਖ ਸੈਨਿਕਾਂ ਦੀ ਵੀਰਤਾ ਦੇ ਕਿੱਸੇ ਪੰਜਾਬ ਦੇ ਇਤਿਹਾਸ ਨੂੰ ਚਾਰ ਚੰਨ ਲਾ ਗਏ ਹਨ। ਅੰਗ੍ਰੇਜ਼ ਮੂੰਹ ਵਿਚ ਘਾਹ ਲੈ ਕੇ, ਗਊ ਉਹਨਾਂ ਤੋਂ ਉਚਾਰੀ ਨਹੀਂ ਸੀ ਜਾਂਦੀ, "ਕਊ ਕਊ" ਕਹਿ ਕੇ ਜਾਨ ਦੀ ਭੀਖ ਮੰਗਦੇ ਸਨ। ਕਨਿੰਘਮ ਲਿਖਦਾ ਹੈ ਕਿ ਜੇ ਇਕ ਵੀ ਸ਼ਾਮ ਸਿੰਘ ਅਟਾਰੀ ਵਾਲਾ ਸਿੱਖਾਂ ਪਾਸ ਹੋਰ ਹੁੰਦਾ ਤਾਂ ਪੰਜਾਬ ਅਤੇ ਈਸਟ ਇੰਡੀਆ ਕੰਪਨੀ ਦਾ ਇਤਿਹਾਸ ਹੋਰ ਹੁੰਦਾ। ਕਨਿੰਘਮ ਵੀ ਇਸ ਲੜਾਈ ਵਿਚ ਲੜਿਆ ਸੀ ਅੰਗ੍ਰੇਜ਼ਾਂ ਵੱਲੋਂ। ਸੱਚਾ ਸਿੱਖ ਇਤਿਹਾਸ ਇਹਨਾਂ ਜੰਗਾਂ ਦੇ ਬਾਰੇ ਲਿਖਣ ਕਰਕੇ ਉਹਦੀ ਨੌਕਰੀ ਅਤੇ ਪੈਨਸ਼ਨ ਵੀ ਗਈ। ਭਾਈ ਹਰਨਾਮ ਸਿੰਘ ਹੋਰਾਂ ਨੇ ਥੋਹੜੀਆਂ ਜਿਹੀਆਂ ਤੁਕਾਂ ਵਿਚ ਇਸ ਲਾਸਾਨੀ ਯੁੱਧ ਦਾ ਜੋ ਵਰਣਨ ਕੀਤਾ ਹੈ ਉਹ ਸ਼ਾਹ ਮੁਹੰਮਦ ਦੇ ਸਤਰ ਨੂੰ ਜਾ ਛੂੰਹਦਾ ਹੈ। ਇਕ ਪ੍ਰਸਿੱਧ ਆਲੋਚਕ ਨੇ ਭਾਈ ਹਰਨਾਮ ਸਿੰਘ ਦੀ ਇਸ ਕਿੱਸੇ ਵਿਚਲੀ ਕਵਿਤਾ ਨੂੰ ਸਾਧਾਰਨ ਆਖ ਕੇ ਜੋ ਤੁਹਮਤ ਲਾਈ ਹੈ ਉਸ ਦਾ ਮੂੰਹ ਤੋੜਵਾਂ ਜੁਆਬ ਤਾਂ ਸਾਰਾ ਕਿੱਸਾ ਹੀ ਦੇ ਰਿਹਾ ਹੈ, ਪਰ ਇਸ ਇੱਕੋ ਤੁਕ ਦਾ ਪਾਠ ਵਾਰ ਵਾਰ ਮੇਰੇ ਜ਼ਿਹਨ ਵਿਚ ਉਭਰ ਕੇ ਇਤਿਹਾਸ

Sri Satguru Jagjit Singh Ji eLibrary NamdhariElibrary@gmail.com

ਦੀ ਤਲਖ਼ ਹਕੀਕਤ ਨੂੰ ਜਿਵੇਂ ਬਿਆਨ ਕਰਦਾ ਹੈ, ਉਹ ਮਹਾਨ ਕਵਿਤਾ ਤੋਂ ਉਰ੍ਹਾਂ ਦੀ ਕੋਈ ਗੱਲ ਨਹੀਂ -

"ਯਾਦ ਰਹੂ ਅੰਗ੍ਰੇਜ਼ਾਂ ਨੂੰ ਮੁੱਦਕੀ ਵੀ,
ਵਾਹੀ ਪੰਥ ਨੇ ਬਹੁਤ ਕ੍ਰਿਪਾਨ ਵੀਰੋ"

ਇੱਥੇ ਮੇਵਾ ਸਿੰਘ ਤੇ ਮਾਖੇ ਖਾਂ (ਪ੍ਰਸਿੱਧ ਤੋਪਖ਼ਾਨੇ ਦੇ ਦੋਵੇਂ ਜਰਨੈਲ) ਪੰਥ ਦੇ ਕਲੇਵਰ ਵਿਚ ਲੈ ਆਂਦੇ ਹਨ। ਜਦੋਂ ਇਸ ਕਵਿਤਾ ਦਾ ਚਿੰਨ੍ਹ ਵਿਗਿਆਨਕ ਅਧਿਐਨ ਹੋਇਆ ਤਾਂ ਬਹੁਤ ਨਵੀਆਂ ਗੁੱਥੀਆਂ ਖੁੱਲ੍ਹਣਗੀਆਂ।

ਕਿੱਸਾਕਾਰੀ ਦੇ ਵਿਚ ਜਿੱਥੇ ਪ੍ਰਸੰਗ ਦੀ ਲੜੀ ਚਲਦੀ ਰਹਿੰਦੀ ਹੈ ਉੱਥੇ ਇਸ ਵਿਚ ਪ੍ਰਸੰਗ ਤੋਂ ਲਾਂਭੇ ਜਾ ਕੇ ਆਪਣੇ ਸੁਤੰਤਰ ਵਿਚਾਰ ਵਿਅਕਤ ਕਰਨ ਲਈ ਕਿੱਸਾਕਾਰ "ਵਾਕ ਕਵੀ" ਦਾ ਸਹਾਰਾ ਲਿਆ ਕਰਦੇ ਸਨ। ਇਸ ਵਿਚ ਦਾਰਸ਼ਨਿਕ ਵਿਚਾਰ ਵੀ ਜਿਹੋ ਜਿਹੇ ਉਸ ਯੁੱਗ ਦੇ ਹੁੰਦੇ ਹਨ, ਅਗਰਗਾਮੀ ਜਾਂ ਪ੍ਰਤੀਗਾਮੀ ਉਹ ਪ੍ਰਗਟਾਏ ਜਾਂਦੇ ਹਨ। ਭਾਵੇਂ ਸਾਡਾ ਅਜੋਕਾ ਕਵੀ ਬਾਵਾ ਬਲਵੰਤ ਇਉਂ ਲਿਖਦਾ ਹੈ-

"ਜਗਤ ਕੁਝ ਨਹੀਂ ਇਹ ਗੱਲ ਕਹਿਣ ਵਾਲਾ,
ਪੈਗ਼ੰਬਰ ਹੋਵੇ ਜਾਂ ਕੋਈ ਅੱਲਾ ਤਾਅਲਾ,
ਉਹ ਜਾਣੇ ਅਣਜਾਣੇ ਹੈ ਸ਼ਾਹਾਂ ਦਾ ਬੇਲੀ
ਗ਼ਰੀਬੀ ਗ਼ੁਲਾਮੀ ਵਧੀ ਏਸ ਥੀ ਹੀ।"

ਪ੍ਰੰਤੂ ਇਹ ਵੀ ਇਕ ਹਕੀਕਤ ਹੈ ਕਿ ਸਮਾਂ ਪਰਿਵਰਤਨਸ਼ੀਲ ਹੈ, ਇਹ ਤਬਦੀਲੀ ਨਿਮਨ ਤੋਂ ਉੱਚਤਰ ਸਤਰਾਂ ਵੱਲ ਵਾਪਰਦੀ ਹੈ। ਬਿਹਤਰੀ ਵਾਸਤੇ ਤਬਦੀਲੀ। ਸਿੱਖ ਰਾਜ ਦੇ ਪਤਨ ਤੇ ਸਾਡੇ ਕਵੀ ਦਾ ਹਿਰਦਾ ਇਉਂ ਟੁੱਟਿਆ ਜਾਂਦਾ ਹੈ ਕਿ ਉਹ ਕਾਲ ਦੀ ਗਤੀ ਦੇ ਅਨੁਰੂਪ ਹੋਣ ਵਾਲੀਆਂ ਤਬਦੀਲੀਆਂ ਦੀ ਗੱਲ ਕਰਕੇ ਹਾਰੀ ਕੌਮ ਨੂੰ ਧਾਰਸ ਬੰਨ੍ਹਾਉਂਦਾ ਹੈ-

"ਸਦਾ ਰਹੇ ਨਾ ਕਿਸੇ ਦੀ ਬਾਦਸ਼ਾਹੀ,
ਸਦਾ ਰਹਿਣ ਨਾ ਫ਼ੀਲ ਤੁਰੰਗ ਲੋਕੋ।
ਸਦਾ ਜ਼ੋਰ ਇਕਬਾਲ ਵੀ ਨਹੀਂ ਰਹਿੰਦੇ,
ਸਦਾ ਨਹੀਂ ਰਹਿੰਦੇ ਭੁੱਖ ਨੰਗ ਲੋਕੋ।
ਸਦਾ ਅਮਨ ਅਮਾਨ ਭੀ ਨਹੀਂ ਰਹਿੰਦੇ,
ਸਦਾ ਨਹੀਂ ਰਹਿੰਦੇ ਲੱਗੇ ਜੰਗ ਲੋਕੋ।"

... ...

ਮਿਲਦੇ ਵਿਛੜਦੇ ਯਾਰ ਹਮੇਸ਼ਾਂ ਰਹਿੰਦੇ,
ਸਦਾ ਨਹੀਂ ਰਹਿੰਦੇ ਸਾਥੀ ਸੰਗ ਲੋਕੋ।
ਪੈਂਦਾ ਵਕਤ ਆਇ ਰਾਜੇ ਰਾਣਿਆਂ ਤੇ,
ਬਾਦਸ਼ਾਹ ਭੀ ਹੋਣ ਮਲੰਗ ਲੋਕੋ।
ਚੱਕਰ ਚਲਣ ਸੰਸਾਰ ਦਾ ਪਿਆ ਘੁੰਮਦਾ,
ਸਮੇਂ ਬਦਲਦੇ ਰੰਗ ਬਰੰਗ ਲੋਕੋ।(... ਉਹੀ ਸਫ਼ਾ ੫)

ਕਵੀ ਦੇ ਪਾਸ ਇਕ ਸੰਵੇਦਨਸ਼ੀਲ ਕਵੀ ਦਾ ਹਿਰਦਾ ਹੈ। ਉਹ ਨਾਮਧਾਰੀ ਇਤਿਹਾਸ ਨੂੰ ਕਾਲੀਬੱਧ ਕਰਦਾ ਹੋਇਆ ਸਿੱਖ ਇਤਿਹਾਸ ਦੀਆਂ ਦਰਦ ਫ਼ਿਰਾਕ ਦੀਆਂ ਬਾਤਾਂ ਪਾਉਣ ਤੋਂ ਗੁਰੇਜ਼ ਨਹੀਂ ਕਰਦਾ। ਜਦੋਂ ਸੂਬਾ ਮਾਨ ਸਿੰਘ ਅਤੇ ਹੁਕਮਾ ਸਿੰਘ ਹੋਰਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਦ ਇਲਾਹਾਬਾਦ ਦੇ ਕਿਲੇ, ਪਰਿਆਗ ਰਾਜ ਹਿੰਦੂ ਤੀਰਥ ਉਤੇ ਉਸਰੇ ਚੁਨਾਰ ਦੇ ਕਿਲੇ ਵਿਚ ਕੈਦ ਕਰਨ ਦਾ ਜ਼ਿਕਰ ਕਰਦਾ ਹੈ, ਤਾਂ ਉਸਦੇ

Sri Satguru Jagjit Singh Ji eLibrary NamdhariElibrary@gmail.com

ਚਿਹਨ ਵਿਚੋਂ 'ਸ਼ੇਰੇ ਪੰਜਾਬ' ਦੀ ਵਿਧਵਾ ਮਹਾਰਾਣੀ ਜਿੰਦ ਕੌਰ ਦਾ ਇਸੇ ਕਿਲੇ ਵਿਚ ਕੈਦ ਹੋਣ ਅਤੇ ਇੱਥੋਂ ਨੱਸਣ ਦਾ ਬਿੰਬ ਉਭਰਦਾ ਹੈ। ਜਿੰਦ ਕੌਰ ਅਤੇ ਉਸਦੇ ਪੁੱਤਰ ਆਖ਼ਰੀ ਸਿੱਖ ਮਹਾਰਾਜਾ ਦਲੀਪ ਸਿੰਘ ਦਾ ਦੁਖਾਂਤ ਸਾਰੀ ਪੰਜਾਬੀ ਕੌਮ ਦਾ ਦੁਖਾਂਤ ਹੋ ਨਿੱਬੜਦਾ ਹੈ। ਸੰਤ ਸਿੰਘ ਸੇਖੋਂ ਹੋਰਾਂ ਲਿਖਿਆ ਹੈ ਕਿ ਪੂਰਨ ਭਗਤ ਦੀ ਵੇਦਨਾ ਨੂੰ ਜਿਵੇਂ ਕੋਈ ਪੰਜਾਬੀ ਹਿਰਦਾ ਮਹਿਸੂਸ ਕਰਦਾ ਹੈ ਹੋਰ ਲੋਕ ਤਾਂ ਨਹੀਂ ਕਰ ਸਕਦੇ। ਇਵੇਂ ਹੀ ਜਿੰਦਾਂ ਦੀ ਹੋਣੀ ਨਾਲ, ਕੂਕਿਆਂ ਦੀ ਕੁਰਬਾਨੀ ਅਤੇ ਆਪਣੀ ਕੌਮੀ ਅਣਖ ਨੂੰ ਆਤਮਸਾਤ ਕਰਦਿਆਂ ਸਾਡਾ ਕਿੱਸਾਕਾਰ ਇਤਿਹਾਸ ਦੀਆਂ ਪੈੜਾਂ ਵਿਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ–

"ਕਿਲੇ ਵਿਚ ਚੁਨਾਰ ਗੜ੍ਹ ਕੈਦ ਕੀਤੇ,
ਪੰਥ ਰਤਨ ਦੋਨੋਂ ਸੂਬੇਦਾਰ ਵੀਰੋ।
ਭਰ ਨੀਰ ਆਇਆ ਮੇਰੀਆਂ ਅੱਖੀਆਂ 'ਚ,
ਕਿਲਾ ਯਾਦ ਆ ਗਿਆ ਚੁਨਾਰ ਵੀਰੋ।
ਏਸੇ ਕਿਲੇ ਅੰਦਰ ਜਿੰਦਾਂ ਮਹਾਰਾਣੀ,
ਹੋਈ ਕੈਦ ਸਾਡੀ ਤਾਜਦਾਰ ਵੀਰੋ।
ਭੱਜ ਜਾਣਾ ਅੰਗਰੇਜ਼ਾਂ ਦੀ ਕੈਦ ਵਿਚੋਂ,
ਏਥੇ ਰਾਣੀ ਦੀ ਹੋਈ ਵੀਚਾਰ ਵੀਰੋ।
ਦਰਦ ਭਰਿਆ ਇਕ ਛੰਦ ਵੈਰਾਗ ਰਸ ਦਾ,
ਅੱਗੇ ਆਪਦੇ ਦਵਾਂ ਉਚਾਰ ਵੀਰੋ।
ਅੱਧੀ ਰਾਤ ਵੇਲੇ ਜਿੰਦਾਂ ਮਹਾਰਾਣੀ,
ਕੈਦਕ ਕਿਲੇ 'ਚੋਂ ਹੋਈ ਫ਼ਰਾਰ ਵੀਰੋ।
ਨੇਰ੍ਹੀ ਰਾਤ ਪਾਣੀ ਠਾਠਾਂ ਮਾਰਦੇ 'ਚੋਂ,
ਟੱਪ ਗਈ ਦਰਿਆ ਦੀ ਧਾਰ ਵੀਰੋ।
ਸਿਰੋਂ ਨੰਗੀ ਪੈਰੋਂ ਨੰਗੀ ਮਹਾਰਾਣੀ,
ਰੋਂਦੀ ਉੱਚੀ ਉੱਚੀ ਭੁੱਬਾਂ ਮਾਰ ਵੀਰੋ।
ਬਣ ਗਈ ਸਾਧਣੀ ਸਿਰ ਵਿਚ ਖ਼ਾਕ ਪਾ ਕੇ,
ਦੇਖੋ ਗੌਰ ਸੇ ਰੰਗ ਕਰਤਾਰ ਵੀਰੋ।
ਜਿਨ੍ਹਾਂ ਵਾਲਾਂ ਵਿਚ ਅਤਰ ਫੁਲੇਲ ਪਾ ਕੇ,
ਲਾਉਂਦੀਆਂ ਗੋਲੀਆਂ ਸੋਲਾਂ ਸ਼ਿੰਗਾਰ ਵੀਰੋ।
ਓਹਨਾਂ ਵਾਲਾਂ ਵਿਚ ਬੈਠ ਕੇ ਖ਼ਾਕ ਪਾਈ,
ਲਾਈ ਰਾਖ ਸਮਾਰ ਸਮਾਰ ਵੀਰੋ।
ਬਲੀ ਸ਼ੇਰ ਪੰਜਾਬ ਦੀ ਮਹਾਰਾਣੀ,
ਜੀਹਦੇ ਕੰਬਦੇ ਕਾਬਲ ਕੰਧਾਰ ਵੀਰੋ।
ਉਹ ਅਜ ਬਣ ਗਈ ਫ਼ਕੀਰਨੀ ਹੈ,
ਕੁਦਰਤ ਰੱਬ ਦੀ ਭਾਗਾਂ ਦੀ ਹਾਰ ਵੀਰੋ।
... ...
ਰਾਣੀ ਮੰਗਦੀ ਖਾਂਦੀ ਹਰਨਾਮ ਸਿੰਘਾ!

Sri Satguru Jagjit Singh Ji eLibrary NamdhariElibrary@gmail.com

ਪਹੁੰਚ ਗਈ ਨੇਪਾਲ ਦਰਬਾਰ ਵੀਰੋ।" (...ਉਹੀ, ਸਫਾ ੫੬)

ਹਰਨਾਮ ਸਿੰਘ ਦਾ ਇਹ ਕਿੱਸਾ ਨੀਤੀ ਬਚਨਾਂ ਨਾਲ ਭਰਪੂਰ ਹੈ। ਉਸਨੇ ਲੜਾਈ ਝਗੜੇ ਦੁਸ਼ਮਣੀ ਦੇ ਵੀ ਅਸੂਲ ਲਿਖੇ ਹਨ ਅਤੇ ਚੋਰੀ ਕਰਨ ਵਾਲਿਆਂ ਵਾਸਤੇ ਵੀ ਕੁਝ ਅਸੂਲ ਤੈਅ ਕੀਤੇ ਹਨ, ਜਿਸ ਤਰ੍ਹਾਂ –

"ਚੋਰੀ ਨਹੀਂ ਕਰੀਏ ਰੰਡੀ ਇਸਤਰੀ ਦੇ,
ਪਾੜ ਬ੍ਰਾਹਮਣਾਂ ਦੇ ਕਦੇ ਲਾਈਏ ਨਾ।
ਮੰਗ ਮੰਗ ਟੁਕੜੇ ਧਨ ਜੋੜਿਆ ਜੋ,
ਉਸ ਮਾਇਆ ਨੂੰ ਹੱਥ ਲਗਾਈਏ ਨਾ।
ਧਨ ਪੂਜਾ ਜ਼ਹਿਰ ਨੂੰ ਲੁੱਟੀਏ ਨਾ,
ਮਸਜਿਦ ਮੰਦਰਾਂ ਵੱਲ ਤਕਾਈਏ ਨਾ।
ਸਾਧੂ ਸੰਤ ਫ਼ਕੀਰ ਜੋ ਬ੍ਰਹਮਚਾਰੀ,
ਮਾਇਆ ਇਹਨਾਂ ਦੀ ਕਿਤੇ ਲਜਾਈਏ ਨਾ।
ਨਾਈ ਧੋਬੀਆਂ ਦਾ ਧਨ ਲੁੱਟੀਏ ਨਾ,
ਖੁਸਰੇ ਗੌਣ ਵਾਲੇ ਘਰ ਜਾਈਏ ਨਾ।
ਜਾਤ ਗੋਤ ਦੀ ਭੈਣ ਗਰੀਬ ਹੋਵੇ,
ਬੁੱਢੇ ਬੁੱਢੀ ਦੀ ਧ੍ਰੂ ਖਿਸਕਾਈਏ ਨਾ।
ਸਿੱਖਿਆ ਯਾਦ ਕਰ ਲਈਂ ਹਰਨਾਮ ਸਿੰਘਾ।
ਭੁੱਲ ਬਚਨ ਸਾਡੇ ਕਦੇ ਜਾਈਏ ਨਾ।"

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿੱਖੀ ਦੀ ਪੁਨਰ ਸਾਜਣਾ ਤੋਂ ਪਹਿਲਾਂ ਸਿੱਖ-ਸਾਧੂਆਂ, ਮਹੰਤਾਂ, ਸੰਤਾਂ, ਨਿਹੰਗ ਸਿੰਘਾਂ ਦੀ ਬਹੁ ਗਿਣਤੀ – ਗੁਰਸਿੱਖੀ ਦੇ ਉੱਚ ਅਸੂਲਾਂ ਤੋਂ ਥਿੜਕ ਕੇ ਮਨਮੱਤ ਵਿਚ ਗਲਤਾਨ ਸਨ। ਹਰਨਾਮ ਸਿੰਘ ਹੋਰਾਂ ਨੇ ਆਦਰਸ਼ ਸਾਧੂ ਕੈਸਾ ਹੋਵੇ ਇਹ ਵੀ ਵਰਣਨ ਕੀਤਾ ਹੈ-

"ਸਾਧੂ ਸੰਤ ਮਹੰਤ ਬਿਹੰਗਮਾਂ ਨੂੰ,
ਕਰਨਾ ਤੜਕਿਉਂ ਉੱਠ ਇਸ਼ਨਾਨ ਚਾਹੀਏ।
ਬਹਿੰਦੇ ਉਠਦਿਆਂ ਫਿਰਦਿਆਂ ਖਾਂਦਿਆਂ ਭੀ,
ਸਦਾ ਰੱਬ ਦੇ ਵੱਲ ਧਿਆਨ ਚਾਹੀਏ।
ਡੇਰਾ ਲਾਵੇ ਨਾ ਗ੍ਰਿਹਸਤੀਆਂ ਵਿਚ ਸਾਧੂ,
ਡੇਰੇ ਸਾਧੂਆਂ ਦੇ ਸੁੰਨਸਾਨ ਚਾਹੀਏ।
ਨਸ਼ਾ ਕੋਈ ਭੀ ਸਾਧ ਨਾ ਮੂਲ ਵਰਤੇ,
ਖਾਣਾ ਸਾਧ ਨੂੰ ਕਦੇ ਨਾ ਪਾਨ ਚਾਹੀਏ।
ਭੋਜਨ ਤਾਮਸੀ ਕੋਈ ਨਾ ਸਾਧ ਖਾਵੇ,
ਦੇਣਾ ਗ੍ਰਿਹਸਤੀਆਂ ਨੂੰ ਨਾਮਦਾਨ ਚਾਹੀਏ।
ਧਨ ਦੌਲਤਾਂ ਨੂੰ ਸਾਧੂ ਜ਼ਹਿਰ ਸਮਝੈ,
ਸੋਨਾ ਮਿੱਟੀ ਭੀ ਇਕ ਸਮਾਨ ਚਾਹੀਏ।
ਕਾਮ ਕ੍ਰੋਧ ਤੇ ਲੋਭ ਨੂੰ ਸਾਧ ਤਿਆਗੇ,
ਹੋਣਾ ਬ੍ਰਹਮ ਦੀ ਮਾਇਆ ਦਾ ਗਿਆਨ ਚਾਹੀਏ।

Sri Satguru Jagjit Singh Ji eLibrary NamdhariElibrary@gmail.com

ਪੈਸਾ ਇਕ ਭੀ ਸਾਧ ਨਾ ਕੋਲ ਰੱਖੇ,
ਕਿਤੇ ਸਾਧ ਦਾ ਨਹੀਂ ਮਕਾਨ ਚਾਹੀਏ।
ਸਾਧੂ ਬੈਸੇ ਨਾ ਕਿਤੇ ਹਰਨਾਮ ਸਿਘਾ।
ਸਾਧੂ ਚੱਲਦੇ ਭਲੇ ਜਹਾਨ ਚਾਹੀਏ।" (...ਉਹੀ, ਸਫ਼ਾ ੯-੧੦)

ਭਾਰਤੀ ਦਰਸ਼ਨ ਪਰੰਪਰਾ ਅਤੇ ਰਾਜਨੀਤੀ ਦੇ ਬਾਰੇ ਕਿੱਸਾਕਾਰ ਦਾ ਅਨੁਭਵ ਬੜਾ ਵਿਸ਼ਾਲ ਹੈ। ਉਸਨੇ ਆਪਣੇ ਜੀਵਨ ਦਾ ਪਹਿਲਾ ਹਿੱਸਾ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਦਰਬਾਰ ਵਿਚ ਵੀ ਬਤੀਤ ਕੀਤਾ ਹੈ। ਬਾਅਦ ਵਿਚ ਉਹ ਰੋਟੀ ਰੋਜ਼ੀ ਲਈ ਕਾਫ਼ੀ ਘੁੰਮਿਆ ਫਿਰਿਆ ਹੈ। ਉਸ ਨੂੰ ਭਲੇ ਬੁਰੇ ਅਤੇ ਠੀਕ ਗਲਤ ਦੀ ਪੂਰੀ ਪਛਾਣ ਹੈ। ਇਸ ਲਈ ਜੀਵਨ ਦਾ ਸੱਚ ਉਸਦੀ ਕਵਿਤਾ ਦਾ ਜਾਦੂ ਹੈ, ਜੋ ਪਾਠਕ ਦੇ ਸਿਰ ਚੜ੍ਹ ਕੇ ਇਉਂ ਬੋਲਦਾ ਹੈ-

"ਤਜੇ ਪੁਤ ਕਪੁਤ ਬਿਭਚਾਰ ਨਾਰੀ,
ਤਜੇ ਮੀਤ ਘਾਤੀ ਬੇਈਮਾਨ ਜਿਹੜਾ।
ਤਜੇ ਦੇਸ਼ ਜਿੱਥੇ ਦੁਸ਼ਮਣ ਹੋਣ ਸਾਰੇ,
ਤਜੇ ਬੇਇਨਸਾਫ਼ ਸੁਲਤਾਨ ਜਿਹੜਾ।
ਤਜੇ ਮਾੜਾ ਪੜੋਸ ਤੇ ਚੋਰ ਨੌਕਰ,
ਮਾਲਕ ਤਜੇ ਕੰਜੂਸ ਇਨਸਾਨ ਜਿਹੜਾ।
ਤਜੇ ਕੋੜਮਾਂ ਰੋਜ਼ ਕਲੇਸ਼ ਜਿੱਥੇ,
ਪੇਸ਼ਾ ਤਿਆਗ ਦੇ ਦਵੇ ਨੁਕਸਾਨ ਜਿਹੜਾ।
ਲੀਡਰ ਲੋਭੀ ਨੂੰ ਤਜੇ ਹਰਨਾਮ ਸਿਘਾ!
ਬੋਲੇ ਮੁਫ਼ਤ ਹੀ ਝੂਠ ਤੂਫ਼ਾਨ ਜਿਹੜਾ।" (...ਉਹੀ, ਸਫ਼ਾ ੧੦)

ਸਿੱਖ ਰਾਜ ਦੀ ਸੈਨਾ ਵਿਚੋਂ ਆਉਣ ਤੋਂ ਬਾਦ ਵਾਹੀ ਖੇਤੀ, ਰਾਜ ਮਿਸਤਰੀ ਦਾ ਕੰਮ ਕਰਦੇ ਕਈ ਥਾਵਾਂ ਤੇ ਭ੍ਰਮਣ ਕਰਦੇ ਹੋਏ, ਸਤਿਗੁਰੂ ਜੀ ਆਪਣੇ ਜੱਦੀ ਪਿੰਡ ਰਾਈਆਂ ਦੇ ਗੁਆਂਢ ਭੈਣੀ ਸਾਹਿਬ ਵਿਚ ਆ ਟਿਕੇ। ਇੱਥੇ ਹੀ ੧੮੫੭ ਈ. ਦੀ ਵੈਸਾਖੀ ਨੂੰ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕੀਤੀ। ਉਹਨਾਂ ਦੇ ਸ਼ੁਭ ਉਪਦੇਸ਼ ਅਤੇ ਨਾਮ ਬਾਣੀ ਦੇ ਪ੍ਰਤਾਪ ਨਾਲ ਇਹ ਨਵਾਂ ਪੰਥ ਬੜੀ ਤੇਜ਼ੀ ਨਾਲ ਫੈਲਿਆ। ਇਸਦੀ ਚੜ੍ਹਦੀ ਕਲਾ ਦਾ ਵਰਣਨ ਕਵੀ ਇਉਂ ਕਰਦਾ ਹੈ-

"ਦਿੱਤੇ ਭਜਨ ਜਦ ਸਤਿਗੁਰੂ ਰਾਮ ਸਿੰਘ ਜੀ,
ਕੁਦਰਤ ਲੋਕ ਸਾਰੇ ਸ਼ਕਤੀਵਾਨ ਹੋਏ।
ਵੱਡੇ ਵੱਡੇ ਕੁਰਹਿਤੀਏ ਮਹਾਂ ਪਾਪੀ,
ਸਾਰੇ ਦੇਵਤੇ ਪੁਰਖ ਇਨਸਾਨ ਹੋਏ।
ਨਾਮ ਰੂਪੀ ਸ਼ਕਤੀ ਭਰੀ ਗਈ ਅੰਦਰ,
ਗਿੱਦੜ ਲੋਕ ਭੀ ਸ਼ੇਰ ਸਮਾਨ ਹੋਏ।
ਨਸ਼ੇ ਨਾਮ ਦੇ ਵਿਚ ਵੈਰਾਗ ਕਰਕੇ,
ਕੂਕਾਂ ਮਾਰਦੇ ਮਸਤ ਮਸਤਾਨ ਹੋਏ।
ਕੂਕਾਂ ਮਾਰਨੇ ਤੇ ਹੀ ਹਰਨਾਮ ਸਿੰਘਾ!
ਕੂਕੇ ਨਾਮ ਮਸ਼ਹੂਰ ਜਹਾਨ ਹੋਏ।" (...ਉਹੀ ਸਫ਼ਾ ੧੨)

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੇ ਸਦਕਾ ਸਿਖੀ ਬਾਗ ਮੁੜ ਹਰਾ ਭਰਾ ਹੋ ਗਿਆ। ਬਹੁਤ ਸਾਰੇ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਆਪ ਦੀ ਕ੍ਰਿਪਾ ਨਾਲ ਕਲਿਜੁਗ ਵਿਚ ਸਤਿਜੁਗ ਲੱਗ ਗਿਆ ਹੈ। ਭਾਵੇਂ ਉਹਨਾਂ ਦੇ ਉਪਕਾਰਾਂ ਦੀ ਲਿਸਟ ਤਾਂ ਬਹੁਤ ਲੰਮੀ ਹੈ, ਪਰ ਸਿੱਖਾਂ ਵਿਚ ਵੀ ਮਾਈਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਪੁਰਖ ਸਮਾਜ ਵਿਚ ਬਰਾਬਰੀ ਦਾ ਦਰਜਾ ਦੇਣਾ ਅਤੇ ਅਨੰਦ ਕਾਰਜ ਦੀ ਮਰਿਆਦਾ ਅਰੰਭ ਕੇ ਸਿੱਖਾਂ ਨੂੰ ਬ੍ਰਾਹਮਣੀ ਕਰਮ-ਕਾਂਡਾਂ ਦੀ ਜਿੱਲ੍ਹਣ ਵਿਚੋਂ ਕੱਢਣਾ ਕਿੱਸਾਕਾਰ ਨੂੰ ਦੋ ਵੱਡੇ ਪਰਿਵਰਤਨ ਨਜ਼ਰ ਆਉਂਦੇ ਹਨ, ਜੋ ਆਪਣੇ ਦੂਰਗਾਮੀ ਸਿੱਟਿਆਂ ਕਰਕੇ ਵਿਲੱਖਣ ਦਰਜਾ ਰੱਖਦੇ ਹਨ-

"ਕਿਸੇ ਗੁਰਾਂ ਨੇ ਨਾ ਇਹ ਰੀਤ ਤੋਰੀ,
ਤੋਰੀ ਬਾਰ੍ਹਵੇਂ ਗੁਰੂ ਅਵਤਾਰ ਦੇਖੋ।
ਅਸਾਂ ਪੜ੍ਹੇ ਇਤਿਹਾਸ ਸਭ ਖਾਲਸੇ ਦੇ,
ਸੁਣੇ ਕੁੱਲ ਕੌਮੀ ਸਮਾਚਾਰ ਦੇਖੋ।
ਅੰਮ੍ਰਿਤ ਮਾਈਆਂ ਨੂੰ ਦੂਆ ਅਨੰਦ ਕਾਰਜ,
ਤੋਰੇ ਗੁਰਾਂ ਨੇ ਨਵੇਂ ਵਿਹਾਰ ਦੇਖੋ।
ਤਰੱਕੀ ਪੰਥ ਨੇ ਕੀਤੀ ਹਰਨਾਮ ਸਿੰਘਾ!
ਗੁਰੂ ਬਾਰ੍ਹਵੇਂ ਨੇ ਮਿਹਰਬਾਰ ਦੇਖੋ।" (ਉਹੀ, ਸਫ਼ਾ ੧੩।

ਸਤਿਗੁਰੂ ਜੀ ਦੇ ਆਉਣ ਤੋਂ ਪਹਿਲਾਂ ਸ੍ਰੀ ਦਸਮੇਸ਼ ਜੀ ਦੀ ਸਿੱਖੀ ਤਾਂ ਬਿਲਕੁਲ ਅਲਪ ਹੋ ਚੁੱਕੀ ਸੀ। ਸਿੱਖੀ ਤੋਂ ਦੂਰ ਜਾਣ ਕਾਰਨ ਹੀ ਸਿੱਖਾਂ ਦਾ ਰਾਜ-ਭਾਗ ਗੁਆਚਣ ਦਾ ਕਾਰਨ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦੱਸਦੇ ਸਨ-

"ਚੱਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ"

ਸਤਿਗੁਰੂ ਜੀ ਨੇ ਜਿਸ ਤਰ੍ਹਾਂ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ ਉਹ ਕੋਈ ਛੋਟੀ ਗੱਲ ਨਹੀਂ ਸੀ। ਉਹਨਾਂ ਦੀ ਸਿੱਖਿਆ ਦੇ ਸਾਰ ਨੂੰ ਕਵੀਸ਼ਰ ਇਉਂ ਕਲਮਬੰਦ ਕਰਦਾ ਹੈ-

"ਬੁੱਤ ਪੀਰਖਾਨਾ ਭੈਰੋਂ ਅਤੇ ਗੁੱਗਾ,
ਕੋਈ ਪੂਜਣੀ ਮੜੀ ਮੁਨਾਰ ਨਾਹੀਂ।
ਭਾਵਾਂ ਮਿਲਣ ਹਕੂਮਤਾਂ ਬੜੇ ਅਹੁਦੇ,
ਕਰਨੀ ਨੌਕਰੀ ਵਿਚ ਸਰਕਾਰ ਨਾਹੀਂ।
ਲੀੜਾ ਨਾ ਬਦੇਸੀ ਭਾਵੇ ਭੁੱਲ ਪਾਉਣਾ,
ਰੰਗੀ ਬੰਨ੍ਹਣੀ ਕਦੇ ਦਸਤਾਰ ਨਾਹੀਂ।
ਕਾਮੀ ਬਹੁਤ ਲੋਭੀ ਬੰਦਾ ਕੰਮ ਖਾਤੀ,
ਬੇਈਮਾਨ ਬਨਾਵਣਾ ਯਾਰ ਨਾਹੀਂ।
ਨਹੀਂ ਮਾਸ ਸ਼ਰਾਬ ਨਜਾਇਜ਼ ਪੀਣੀ,
ਨੜੀ ਮਾਰ ਕਰਨਾ ਰਿਸ਼ਤੇਦਾਰ ਨਾਹੀਂ।
ਰਾਮ ਰਾਈਏ ਮਸੰਦੀਏ ਧੀਰ ਮੱਲੀਏ,
ਕਰਨਾ ਇਹਨਾਂ ਦੇ ਨਾਲ ਵਿਹਾਰ ਨਾਹੀਂ।
ਅਪਨੀ ਇਸਤਰੀ ਤੋਂ ਬਿਨਾਂ ਗੈਰ ਤਿਰਿਆ,
ਸੁਪਨੇ ਵਿਚ ਭੀ ਭੋਗਣੀ ਨਾਰ ਨਾਹੀਂ।

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਸਿਖ ਹਰਨਾਮ ਸਿੰਘਾ।
ਕਰੇ ਕੋਈ ਭੀ ਵਿਸ਼ਾ ਵਿਕਾਰ ਨਾਹੀਂ।" (...ਉਹੀ, ਸਫ਼ਾ ੧੩)

ਬਦੇਸ਼ੀ ਕੱਪੜੇ ਦਾ ਬਾਈਕਾਟ, ਬਦੇਸ਼ੀ ਮਾਲ ਦਾ ਬਾਈਕਾਟ, ਅੰਗ੍ਰੇਜ਼ ਦੀ ਸਰਕਾਰੀ ਨੌਕਰੀ ਦਾ ਬਾਈਕਾਟ ਵਿਉਂ ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ ਤੋਂ ਕੋਈ ੬੫ ਵਰ੍ਹੇ ਪਹਿਲਾਂ ਸਤਿਗੁਰੂ ਜੀ ਨੇ ਬਰਤਾਨਵੀ ਸਰਕਾਰ ਨਾਲ ਆਪਣਾ ਨਾ-ਮਿਲਵਰਤਨ ਅੰਦੋਲਨ ਅਰੰਭ ਦਿੱਤਾ ਸੀ। ਭਾਰਤ ਦੇ ਇਤਿਹਾਸ ਵਿਚ ਇਸੇ ਅੰਦੋਲਨ ਦੀ ਕਾਢ ਦੇ ਸਿਰ ਤੇ ਗਾਂਧੀ ਜੀ 'ਕੌਮ ਦੇ ਬਾਪੂ' ਦਾ ਸਨਮਾਨ ਹਾਸਲ ਕਰ ਬੈਠੇ ਹਨ, ਪ੍ਰੰਤੂ ਹੁਣ ਬਹੁਤ ਸਾਰੇ ਸਿਆਣਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ 'ਕੌਮ ਦੇ ਬਾਪੂ' ਦੇ ਇਸ ਸਨਮਾਨ 'ਤੇ ਗਾਂਧੀ ਜੀ ਤੋਂ ਪਹਿਲਾ ਹੱਕ ਸਤਿਗੁਰੂ ਰਾਮ ਸਿੰਘ ਜੀ ਦਾ ਬਣਦਾ ਹੈ।

ਇਸ ਸ਼ਾਂਤਮਈ ਅਹਿੰਸਕ ਅਸਹਿਯੋਗ ਅੰਦੋਲਨ ਨੂੰ ਅਰੰਭਣ ਲਈ ਆਪ ਨੇ ਆਪਣੇ ਸਿੱਖਾਂ ਨੂੰ ਤਲਵਾਰ ਦੀ ਜਗ੍ਹਾ ਮਾਲਾ ਗ੍ਰਹਿਣ ਕਰਵਾਈ। ਕਵੀ ਦੇ ਪੂਰਵਜ ਪਹਿਲੇ ਪੂਰ ਦੇ ਨਾਮਧਾਰੀਆਂ ਵਿਚ ਸ਼ੁਮਾਰ ਹੋ ਗਏ –

"ਸੁੱਚ ਸੋਧ ਵਾਲੇ ਮੌਤ ਵੇਲਨ੍ਹੂੰ ਦੇ,
ਜਿਹੇ ਖਾਲਸੇ ਨਵੇਂ ਸਜਾਇ ਬਹੁਤੇ।
ਸਿਖ ਪਿੰਡਾਂ ਦੇ ਪਿੰਡ ਸਜਾਇ ਦਿਤੇ,
ਨਾਮ ਦਾਨ ਤੇ ਭਗਤ ਦਿਖਾਇ ਬਹੁਤੇ।
ਮੇਰੇ ਪਿਤਾ ਚਾਚੇ ਤਾਏ ਸਣੇ ਟੱਬਰ,
ਪਹਿਲੇ ਪੂਰ ਹੀ ਪਾਰ ਲੰਘਾਏ ਬਹੁਤੇ।
ਮਾਲਾ ਤੇਗ ਦੀ ਜਗ੍ਹਾ ਹਰਨਾਮ ਸਿੰਘਾ।
ਭੂਸ਼ਨ ਸਤਿਜੁਗੀ ਦੀਏ ਪਹਿਨਾਇ ਬਹੁਤੇ।" (...ਉਹੀ, ਸਫ਼ਾ ੧੪)

੧੯੧੯ ਬਿਕ੍ਰਮੀ ਮੁਤਾਬਿਕ ੧੮੬੨ ਈਸਵੀ ਦੀ ਦੀਵਾਲੀ ਨੂੰ ਸਤਿਗੁਰੂ ਜੀ ਨੇ ੧੫-੨੦ ਹਜ਼ਾਰ ਦੇ ਕਰੀਬ ਸੰਗਤ ਨਾਲ ਸ੍ਰੀ ਅੰਮ੍ਰਿਤਸਰ ਦੇ ਗੁਰ-ਧਾਮਾਂ ਦੇ ਦਰਸ਼ਨ ਕੀਤੇ। ਇਥੇ ਕਾਬਜ਼ ਪੁਜਾਰੀਆਂ ਮਹੰਤਾਂ ਨੇ (ਹਰਮੰਦਿਰ ਸਾਹਿਬ ਦੇ ਪੁਜਾਰੀ ਬਾਦ ਵਿਚ ਸਤਿਗੁਰੂ ਜੀ ਦਾ ਪ੍ਰਸ਼ਾਦ ਭੇਟਾ ਲੈਣਾ ਅਤੇ ਅਰਦਾਸ ਕਰਨੀ ਮੰਨ ਗਏ ਸਨ) ਕਾਫ਼ੀ ਤਕਰਾਰ ਕੀਤਾ ਕਿ ਕੂਕਿਆਂ ਦਾ ਤੁਸੀਂ ਸਿੱਖਾਂ ਤੋਂ ਵੱਖਰਾ ਪੰਥ ਤੋਰ ਲਿਆ ਹੈ। "ਵਖਰੇਵਾਂ ਕੀ ਹੈ ?" ਜਦੋਂ ਪੁੱਛਿਆ ਗਿਆ ਤਾਂ ਉਹਨਾ ਕਿਹਾ ਕਿ ਤੁਹਾਡੇ ਸਿੱਖ ਸ਼ਬਦ ਪੜ੍ਹਦੇ ਪੜ੍ਹਦੇ ਸਿਰ ਮਾਰਦੇ ਹਨ ਜਿਸ ਤੇ ਦਸਤਾਰ ਅਤੇ ਕੇਸਾਂ ਦਾ ਅਦਬ ਨਹੀਂ ਰਹਿੰਦਾ। ਸਤਿਗੁਰੂ ਜੀ ਨੇ ਜੁਆਬ ਦਿੱਤਾ ਕਿ ਇਹ ਸ਼ਬਦ ਦੀ ਮਸਤੀ ਹੈ। ਇਸ ਮਸਤੀ ਤੇ ਮੇਰਾ ਜਾਂ ਕਿਸੇ ਹੋਰ ਦਾ ਵੀ ਕੋਈ ਨਿਯੰਤਰਣ ਨਹੀਂ ਹੋ ਸਕਦਾ। ਗੁਰਬਾਣੀ ਸ਼ਬਦ ਦੀ ਮਸਤੀ ਦੀਆਂ ਅਨੇਕਾਂ ਮਿਸਾਲਾਂ ਨਾਲ ਓਤਪੋਤ ਹੈ। ਗੁਰੂ ਕੇ ਪਵਿੱਤਰ ਨਾਮ ਨੂੰ ਉਹ ਕਲਾਮ ਦੱਸਦੇ ਸਨ ਜਿਸਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਆਪਣੇ ਗ੍ਰੰਥ 'ਪੰਥ ਪ੍ਰਕਾਸ਼' ਵਿਚ ਕਰ ਚੁੱਕੇ ਹਨ–

"ਕੋਊ ਜੋ ਕਹਿਤ ਥੇ ਕਲਾਮ ਦੀਨੀ ਸੈਯਦਾਨੀ,
ਸੋਈ ਸਭ ਕੂਰ ਹਮ ਪੇਖਯੋ ਅਜ਼ਮਾਇ ਕੈ।"

ਭਾਈ ਹਰਨਾਮ ਸਿੰਘ ਜੀ ਲਿਖਦੇ ਹਨ ਕਿ ਮੰਦੇ ਕਰਮ ਕਰਨ ਅਤੇ ਅਭੱਖ ਖਾਣ ਪੀਣ ਵਾਲਿਆਂ ਨੂੰ ਤਾਂ ਸਤਿਗੁਰੂ ਜੀ ਦੀ ਸਿਖਿਆ ਜ਼ਹਿਰ ਵਰਗੀ ਲੱਗਦੀ ਸੀ, ਤਦੇ ਹੀ ਉਹਨਾਂ ਨਾਮਧਾਰੀਆਂ ਦੇ ਖਿਲਾਫ਼ ਸਿਰ ਮਿੱਟੀ ਚੁੱਕੀ ਹੋਈ ਸੀ। ਕਵੀਸ਼ਰ ਦੇ ਸ਼ਬਦਾਂ ਵਿਚ ਪੁਜਾਰੀਆਂ ਦੀ ਖੋਟੀ ਨੀਤ ਨੂੰ ਭਾਂਪ ਕੇ, ਉਹਨਾਂ ਦੇ ਹੋਣ ਵਾਲੇ ਹਸ਼ਰ ਬਾਰੇ ਵੀ, ਸਤਿਗੁਰੂ ਜੀ ਨੇ ਇਹ ਬਚਨ ਕਹਿ ਕੇ ਗੁਰਦੁਆਰਾ ਸੁਧਾਰ ਲਹਿਰ ਦੇ ਬੀਜ, ਬੀਜ ਦਿੱਤੇ ਸਨ–

"ਮੰਦਰ ਸਤਿਗੁਰਾਂ ਦਾ ਪੜ੍ਹਦੇ ਭਜਨ ਕਰਦੇ,

Sri Satguru Jagjit Singh Ji eLibrary NamdhariElibrary@gmail.com

ਛੱਡਿਆ ਸਿੱਖਾਂ ਦਾ ਨਹੀਂ ਅਸੂਲ ਕੋਈ।
ਸੰਤ ਖਾਲਸਾ ਦੇਵਤੇ ਸਿੰਘ ਸਾਡੇ,
ਕਰਦਾ ਸਿੰਘ ਕੁਰਹਿਤ ਨਾ ਮੂਲ ਕੋਈ।
ਥੋਨੂੰ ਪੰਥ ਕੱਢੂ ਧੱਕੇ ਮਾਰ ਏਥੋਂ,
ਯਾਦ ਰੱਖਣਾ ਬਚਨ ਮਾਕੂਲ ਕੋਈ।
ਆਉਣ ਵਾਲਾ ਹੈ ਸਮਾਂ ਹਰਨਾਮ ਸਿੰਘਾ!
ਘੋੜੇ ਰੱਖਣੇ ਦਾ ਬਣੂ ਰੂਲ ਕੋਈ।" (...ਉਹੀ, ਸਫ਼ਾ ੧੫)

੧੯੬੧ ਈ. ਵਿਚ ਹਰਦੁਆਰ ਦੀ ਅਰਧ ਕੁੰਭੀ ਤੇ ਜਾਣ ਸਮੇਂ ਦੇ ਨਾਮਧਾਰੀ ਇਤਿਹਾਸਕਾਰਾਂ ਜਾਂ ਸਾਖੀਕਾਰਾਂ ਦੀਆਂ ਰਵਾਇਤਾਂ ਮੁਤਾਬਿਕ ਜਿਹੜੇ ਪ੍ਰਸੰਗ ਵਾਪਰੇ ਉਹ ਵੀ ਕਿੱਸਾਕਾਰ ਨੇ ਦਰਜ ਕੀਤੇ ਹਨ। ਕਿਸੇ ਮਹਾਨ ਸ਼ਖ਼ਸੀਅਤ ਦੀ ਮਿਕਨਾਤੀਸੀ ਖਿੱਚ ਵਿਚ ਆ ਕੇ ਜਦੋਂ ਹਜ਼ਾਰਾਂ ਲੱਖਾਂ ਲੋਕ ਉਸਦੇ ਪ੍ਰਭਾ-ਮੰਡਲ ਵਿਚ ਸਮਾ ਜਾਂਦੇ ਹਨ ਤਾਂ ਇਸ ਤਰ੍ਹਾਂ ਦੇ ਬੇਅੰਤ ਕੌਤਕ ਅਤੇ ਸਾਖੀਆਂ ਉਹਨਾਂ ਨਾਲ ਜੁੜ ਜਾਂਦੀਆਂ ਹਨ। ਗੁਰਬਾਣੀ ਵਿਚ ਕਰਾਮਾਤਾਂ ਦਾ ਰੁਤਬਾ ਬਹੁਤ ਚੰਗਾ ਨਹੀਂ ਹੈ। ਬਚਿੱਤਰ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ-

"ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ।"

ਦੁਰਾਹੇ ਦੇ ਪਾਸ ਬਿਸ਼ਨਪੁਰਾ ਪਿੰਡ ਵਿਚ ਸਤਿਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਇੱਕ ਘੰਟੇ ਵਾਸਤੇ ਸੂਬਾ ਲੱਖਾ ਸਿੰਘ ਅਤੇ ਗ੍ਰੰਥ ਕਰਤਾ ਦੇ ਪਿਤਾ ਸੁੱਧ ਸਿੰਘ ਨੂੰ ਹੁਕਮ ਹੋਇਆ ਕਿ ਪਹਿਰੇ ਤੇ ਖੜੇ ਜਾਓ ਕਿਸੇ ਨੂੰ ਅੰਦਰ ਨਹੀਂ ਆਉਣ ਦੇਣਾ। ਕਈ ਵੱਡੇ ਵੱਡੇ ਰਈਸ, ਜਗੀਰਦਾਰ, ਰਜਵਾੜੇ ਵੀ ਮੇਲਾ ਵੇਖਣ ਆਏ ਸਨ ਉਹ ਅੰਦਰ ਜਾਣ ਲਈ ਜਿੱਦ ਕਰਨ ਲੱਗੇ ਕਿ ਇਹ ਕੋਈ ਰਾਜਾ ਹੈ ਜਿਹੜਾ ਇਸ ਤਰ੍ਹਾਂ ਪਹਿਰੇ ਲੁਆ ਕੇ ਬੈਠਦਾ ਹੈ। ਇਸ ਤੇ ਸੁੱਧ ਸਿੰਘ ਨੇ ਤਲਵਾਰ ਮਿਆਨ ਵਿਚੋਂ ਕੱਢ ਲਈ ਅਤੇ ਕਿਹਾ ਕਿ ਜਿਹੜਾ ਅੱਗੇ ਵਧਿਆ ਉਹਦਾ ਸਿਰ ਕੱਟ ਦਿਆਂਗਾ। ਰੌਲਾ ਗੌਲਾ ਸੁਣ ਕੇ ਸਤਿਗੁਰੂ ਜੀ ਵੀ ਬਾਹਰ ਆ ਗਏ ਅਤੇ ਆਪਣੀ ਸਰਦਾਰੀ ਦਾ ਰੋਹਬ ਵਖਾਉਣ ਵਾਲਿਆਂ ਨੂੰ ਇਉਂ ਸੰਬੋਧਿਤ ਹੋਏ-

"ਮੈਂ ਤਾਂ ਨਹੀਂ ਰਈਸ ਸਰਦਾਰ ਰਾਜਾ,
ਪਰ ਮੈਂ ਰਾਜਿਆਂ ਨੂੰ ਦਊਂ ਗਾਲ ਪਹਿਲਾਂ।
ਆਟਾ ਪੀਸ ਦੂੰ ਰਾਜੇ ਮਹਾਰਾਜਿਆਂ ਦਾ,
ਛਵਿਆਂ ਖੁਰਿਆਂ ਦੀ ਕਰਦੂੰ ਦਾਲ ਪਹਿਲਾਂ।
ਰਾਜ ਭਾਗ ਖੋ ਦੂੰ ਰਾਜੇ ਰਾਣਿਆਂ ਦਾ,
ਬਾਦਸ਼ਾਹਾਂ ਨੂੰ ਕਰੂੰ ਕੰਗਾਲ ਪਹਿਲਾਂ।
ਪਿੱਛੋਂ ਹੋਣਗੀ ਜੰਗ ਹਰਨਾਮ ਸਿੰਘਾ।
ਖੂਨ ਨਾਲ ਧਰਤੀ ਹੋ ਜੂ ਲਾਲ ਪਹਿਲਾਂ।"

ਸਾਡੇ ਕਿੱਸਾਕਾਰ ਦੇ ਅਚੇਤ ਮਨ ਵਿਚ "ਸੌ ਸਾਖੀ" ਦੇ ਉਹ ਵਾਕ ਗੂੰਜਦੇ ਪ੍ਰਤੀਤ ਹੁੰਦੇ ਹਨ-

"ਪ੍ਰਗਟ ਭਇਓ ਰਾਮ ਸਿੰਘ ਦੂਲੋ
ਸਭ ਰਾਜਨ ਕੇ ਪੱਟ ਦੇ ਮੂਲੋ।"

ਨਾਮਧਾਰੀ ਲਹਿਰ ਜਿੱਥੇ ਤਖ਼ਤਾਂ ਤੇ ਕਾਬਜ਼ ਮਲੇਛ ਸਿੱਖੀ ਦੇ ਪ੍ਰਚਾਰਕਾਂ, ਸਾਮਰਾਜੀ ਬਸਤੀਵਾਦੀਆਂ ਦੀ ਵਿਰੋਧੀ ਸੀ, ਉਥੇ ਉਹ ਸਮਤਾ ਮੂਲਕ ਸਮਾਜ ਦੀ ਸਥਾਪਨਾ ਲਈ ਜਗੀਰਦਾਰੀ ਨਿਜ਼ਾਮ ਦੀ ਵੀ ਵਿਰੋਧੀ ਸੀ। ੧੯੬੨ ਈ.

Sri Satguru Jagjit Singh Ji eLibrary NamdhariElibrary@gmail.com

ਦੀ ਮਾਘੀ ਦੇ ਮੇਲੇ ਤੇ ਮੁਕਤਸਰ ਦੇ ਪੁਜਾਰੀਆਂ ਵੀ ਸਤਿਗੁਰੂ ਜੀ ਦੀ ਭੇਟਾ ਪ੍ਰਵਾਨ ਨਾ ਕੀਤੀ। ਕਵੀ ਜੀ ਲਿਖਦੇ ਹਨ-

"ਗੁਰਾਂ ਆਪੇ ਹੀ ਸੋਧ ਅਰਦਾਸ ਲਈ,
ਦੇਗ ਵੰਡ ਦਿੱਤੀ ਇਕੋ ਸਾਰ ਭਾਈ।
ਲੋਕ ਦੇਖ ਜਲਦੇ ਰਹੇ ਸਤਿਗੁਰਾਂ ਨੂੰ,
ਪਾਪੀ ਸਕੇ ਨਾ ਤੇਜ ਸਹਾਰ ਭਾਈ।
ਵੱਡੇ ਵੱਡੇ ਪਾਪੀ ਆਕਰ ਖਾਨ ਭਾਰੇ,
ਜਪਣ ਲਾ ਦੀਏ ਨਾਮ ਕਰਤਾਰ ਭਾਈ।
ਸਾਰਾ ਮਾਲਵਾ ਦੇਸ ਹਰਨਾਮ ਸਿੰਘਾ!
ਸੱਚੇ ਸਾਹਿਬਾ ਨੇ ਦਿਤਾ ਤਾਰ ਭਾਈ।" (...ਉਹੀ, ਸਫ਼ਾ ੨੦)

੧੮੬੩ ਈ. ਤੋਂ ੧੮੬੭ ਈ. ਤੱਕ ੪ ਵਰ੍ਹੇ ਬਰਤਾਨਵੀ ਸਰਗਰਮੀਆਂ ਨੇ ਗੁਰੂ ਰਾਮ ਸਿੰਘ ਜੀ ਦੀਆਂ ਵਧ ਰਹੀਆਂ ਸਰਗਰਮੀਆਂ ਅਤੇ ਲੋਕਾਂ ਵਿਚੋਂ ਬਣਨ ਵਾਲੇ ਨਵੇਂ ਕੂਕਿਆਂ ਦੀ ਗਿਣਤੀ ਤੋਂ ਭੈ-ਭੀਤ ਹੋ ਕੇ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਕਰ ਦਿੱਤਾ। ਉਹ ਕਿਤੇ ਵੀ ਸਰਕਾਰੀ ਆਗਿਆ ਤੋਂ ਬਿਨਾਂ ਜਾ ਨਹੀਂ ਸਨ ਸਕਦੇ। ਇਹ ਸਮਾਂ ਉਹਨਾਂ ਨੇ ਆਪਣੇ ਮਿਸ਼ਨ, ਜਥੇਬੰਦੀ ਬਾਰੇ ਚਿੰਤਨ, ਮਨਨ ਕਰਨ ਅਤੇ ਛੋਟੀਆਂ ਮੋਟੀਆਂ ਪ੍ਰਬੰਧਕੀ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਵਰਤਿਆ। ਸੂਬੇ, ਨਾਇਬ ਸੂਬੇ, ਜਥੇਦਾਰ, ਮਹੰਤ, ਸੰਤ, ਹੇਠਲੇ ਨਗਰਾਂ ਦੀਆਂ ਸੰਗਤਾਂ ਇਹ ਨਾਮਧਾਰੀ ਪੰਥ ਦਾ ਜਥੇਬੰਦਕ ਢਾਂਚਾ ਸੀ ਜਿਸ ਵਿਚ ਸਿਰਮੌਰ ਸਥਾਨ ਸਤਿਗੁਰੂ ਜੀ ਦਾ ਸੀ। ਬਹੁਤ ਸਾਰੇ ਪੁਰਾਣੇ ਲਾਹੌਰ ਦਰਬਾਰ ਦੇ ਸੈਨਿਕ ਅਤੇ ਉਦਾਸੀ, ਨਿਰਮਲੇ, ਬੈਰਾਗੀ ਆਦਿ ਮੱਤਾਂ ਦੇ ਪ੍ਰਸਿੱਧ ਸੰਤ ਸਤਿਗੁਰੂ ਜੀ ਦੀ ਸੰਗਤ ਵਿਚ ਸ਼ਾਮਲ ਹੋ ਕੇ, ਨਾਮਧਾਰੀ ਪੰਥ ਦੇ ਪ੍ਰਸਾਰ ਦੇ ਸਾਧਨ ਬਣੇ। ਪਾਬੰਦੀ ਦੇ ਵਰ੍ਹੇ ਚੁੱਪ ਚਾਪ ਕੱਟਣ ਤੋਂ ਬਾਅਦ ੧੮੬੭ ਈ. ਦੀ ਮਾਘੀ ਦੇ ਮੇਲੇ ਤੇ ਮੁਕਤਸਰ ਜਾਣ ਦੀ ਮਨਜ਼ੂਰੀ ਸਰਕਾਰ ਦੇ ਨਾ ਦੇਣ ਤੇ ਉਹ ਬਿਨਾਂ ਮਨਜ਼ੂਰੀ ਤੋਂ ਹੀ ਪੁੱਜ ਗਏ। ਇਉਂ ਹੀ ਨਜ਼ਰਬੰਦੀ ਦੇ ਇਸ ਹੁਕਮ ਦੀਆਂ ਧੱਜੀਆਂ ਉਡਾਉਣ ਲਈ ਉਹ ੧੮੬੭ ਈ. ਦੇ ਹੋਲੇ ਮੁਹੱਲੇ ਦੇ ਸਮੇਂ ਅਨੰਦਪੁਰ ਸਾਹਿਬ ਪੁੱਜ ਗਏ। ਪੁਜਾਰੀ ਕੁਝ ਤਾਂ ਵੈਸੇ ਹੀ ਨਾਮਧਾਰੀ ਸਿੰਘਾਂ ਦੇ ਵਿਰੁੱਧ ਸਨ ਇਹ ਵੀ ਹੋ ਸਕਦਾ ਹੈ ਕਿ ਸਰਕਾਰ ਨਾਲ ਮਿਲੀ-ਭੁਗਤ ਨਾਲ ਵੀ ਉਨ੍ਹਾਂ ਤੋਂ ਇਹ ਦਰਖ਼ਾਸਤ ਸਰਕਾਰ ਨੂੰ ਆਪੇ ਦੁਆ ਲਈ ਹੋਵੇ ਕਿ ਕੂਕੇ ਤਖ਼ਤ ਕੇਸਗੜ੍ਹ ਤੇ ਕਬਜ਼ਾ ਕਰਨ ਆ ਰਹੇ ਹਨ। ਗ੍ਰੰਥ ਕਰਤਾ ਇਸ ਅਪੂਰਵ ਦ੍ਰਿਸ਼ ਦਾ ਇਉਂ ਚਿਤਰਣ ਕਰਦਾ ਹੈ-

"ਮੁੜਕੇ ਕਿਲ੍ਹਾ ਅਨੰਦਪੁਰ ਦੇਖਣੇ ਨੂੰ,
ਗੁਰੂ ਸਾਹੂਦੇ ਜਾਮੇ ਨੂੰ ਧਾਰ ਚੱਲੇ।
ਸਜ ਧਜ ਕੇ ਸੰਗਤਾਂ ਨਾਲ ਸਤਿਗੁਰ,
ਉੱਤੇ ਘੋੜਿਆਂ ਹੋਇ ਅਸਵਾਰ ਚੱਲੇ।
ਭੀੜ ਭਾੜ ਭਾਰੀ ਸੰਗਤ ਪੈਦਲਾਂ ਦੀ,
ਘੋੜ ਚੜ੍ਹੇ ਭੀ ਕਈ ਹਜ਼ਾਰ ਚੱਲੇ।
ਸੋਢੀ ਸਾਹਿਬ ਮਹੰਤ ਅਨੰਦਪੁਰ ਦੇ,
ਡਿਪਟੀ ਸਾਹਿਬ ਨੂੰ ਦੇਵਣੇ ਤਾਰ ਚੱਲੇ।
ਕੂਕੇ ਚਲੇ ਆਉਂਦੇ ਕਿਲ੍ਹਾ ਲੁੱਟਣੇ ਨੂੰ,
ਬਾਗ਼ੀ ਲੋਕ ਚਲਾਉਣ ਹਥਿਆਰ ਚੱਲੇ।
ਡਿਪਟੀ ਸਾਹਿਬ ਅੰਬਾਲੇ ਤੋਂ ਫ਼ੌਜ ਲੈ ਕੇ,

Sri Satguru Jagjit Singh Ji eLibrary NamdhariElibrary@gmail.com

ਬੰਦੋਬਸਤ ਦੇ ਲੀਏ ਸਰਕਾਰ ਚੱਲੇ।
ਲੈ ਕੇ ਫੌਜਾਂ ਦੇ ਜਥੇ ਅਨੰਦਪੁਰ ਨੂੰ,
ਪੁਲਸ ਫੌਜ ਦੇ ਸਿਪਾਹ ਸਲਾਰ ਚੱਲੇ।
ਪਹੁੰਚੇ ਮੇਲੇ ਤੇ ਗੁਰੂ ਹਰਨਾਮ ਸਿੰਘਾ,
ਰੋਪੜ ਪਿੰਡਾਂ ਨੂੰ ਬਖਸ਼ ਦੀਦਾਰ ਚੱਲੇ। (...ਉਹੀ, ਸਫ਼ਾ ੨੦-੨੧)

ਅੰਗਰੇਜ਼ ਅਫ਼ਸਰ ਡਿਪਟੀ ਇਨਸਪੈਕਟਰ ਜਨਰਲ ਪੁਲੀਸ ਮਿਸਟਰ ਮੈਕ ਐਂਡਰੀਓ, ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਅਤੇ ਜਲੰਧਰ ਦਾ ਕਮਿਸ਼ਨਰ ਫੋਰਸਾਇਥ ਹੁੰਦੇ ਇਸ ਮੇਲੇ ਤੇ ਨਾਮਧਾਰੀਆਂ ਦੀ ਕਿਸੇ ਸੰਭਾਵੀ ਕਾਰਵਾਈ ਤੇ ਨਿਗਰਾਨੀ ਕਰ ਰਹੇ ਸਨ। ਇਹਨਾਂ ਅਧਿਕਾਰੀਆਂ ਨਾਲ ਸਤਿਗੁਰੂ ਜੀ ਦੀ ਗੱਲਬਾਤ ਨੂੰ ਵੀ ਭਾਈ ਹਰਨਾਮ ਸਿੰਘ ਨੇ ਡੂੰਘੇ ਦਾਰਸ਼ਨਿਕ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ-

"ਅਫ਼ਸਰ ਲੋਕ ਸਤਿਗੁਰਾਂ ਨੂੰ ਕਹਿਣ ਲੱਗੇ,
ਬਾਬਾ ਸਾਹਿਬ ਜੀ ਕਹਾਂ ਸਮਾਨ ਥੋੜਾ।

... ...

ਕਬਜ਼ਾ ਤੁਸੀਂ ਕਰਨਾ ਚਾਹੁੰਦੇ ਕਿਲੇ ਉੱਤੇ,
ਲੈਣਾ ਚਾਹੁੰਦੇ ਅਸੀ ਬਿਆਨ ਥੋੜਾ।
ਗੁਰਾਂ ਹੱਸ ਕੇ ਮੁੱਖ ਤੋਂ ਬਚਨ ਕੀਤਾ,
ਗਲਤ ਗੱਲ ਦਾ ਗੱਲ ਫਰਮਾਨ ਥੋੜਾ।
ਦਿੱਤੀ ਗਲਤ ਰਪੋਟ ਪੁਜਾਰੀਆਂ ਨੇ,
ਐਵੇਂ ਮੁਫ਼ਤ ਮੇਂ ਕੀਆ ਨੁਕਸਾਨ ਥੋੜਾ।
ਸੰਤ ਖਾਲਸਾ ਦੇਵਤੇ ਰੂਪ ਸਾਰੇ,
ਸੱਤ ਬੋਲਨੇ ਦਾ ਬ੍ਰਹਮ ਗਿਆਨ ਸਾਡਾ।
ਸ਼ਸਤਰ ਇਕ ਨਾ ਹੈ ਕੋਲ ਕਿਸੇ ਦੇ ਭੀ,
ਦੇਖ ਲਵੋ 'ਕੱਲਾ 'ਕੱਲਾ ਜੁਆਨ ਸਾਡਾ।
ਕੀੜੀ ਮਾਰਨਾ ਤੱਕ ਹੈ ਪਾਪ ਸਾਨੂੰ,
ਸੰਤ ਖਾਲਸਾ ਹੈ ਦਇਆਵਾਨ ਸਾਡਾ।
ਸਾਡੀ ਨਹੀਂ ਤਾਲੀਮ ਤਬੱਦਦਾਂ ਦੀ,
ਸ਼ਾਂਤਮਈ ਦਾ ਹਈ ਐਲਾਨ ਸਾਡਾ।
ਕਬਜ਼ੇ ਕਰਨੇ ਕੀ ਦਿੱਤੇ ਨੇ ਛੱਡ ਕਬਜ਼ੇ,
ਦੁਨੀਆਂ ਆਵਨਾ ਵਾਂਗ ਮਹਿਮਾਨ ਸਾਡਾ।

... ...

ਮਾਲਾ ਤੋਪ ਹੈ ਸਾਡੀ ਹਰਨਾਮ ਸਿੰਘਾ,
ਜਿਸਦਾ ਉੱਕਦਾ ਨਹੀ ਨਿਸ਼ਾਨ ਸਾਡਾ।" (...ਉਹੀ, ਸਫ਼ਾ ੨੧)

ਇਸ ਹੋਲੇ ਦੀ ਸਮਾਪਤੀ ਬਾਦ ਸਤਿਗੁਰੂ ਜੀ ਅਤੇ ਸੰਗਤ ਵਾਪਸ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਮਾਰ ਗਏ ਸਨ। ਪਿੱਛੇ ਗ੍ਰੰਥ ਕਰਤਾ ਦਾ ਪਿਤਾ ਸੁੱਧ ਸਿੰਘ ਆਦਿਕ ਦੋ ਕੁ ਸਿੰਘ ਸਮਾਨ ਇਕੱਠਾ ਕਰਨ ਲਈ ਰਹਿ ਗਏ। ਉਹਨਾਂ ਨਾਲ ਪੰਥਕ ਮੰਤਭੇਦਾਂ ਕਾਰਨ ਮਹੰਤਾਂ ਤੇ ਪੁਜਾਰੀਆਂ ਨੇ ਕੁਝ ਤਕਰਾਰ ਕਰ ਲਿਆ। ਭਾਈ ਸੁੱਧ ਸਿੰਘ ਡਾਂਗ ਬਹਾਦਰ

Sri Satguru Jagjit Singh Ji eLibrary NamdhariElibrary@gmail.com

ਸੀ। ਆਪਣੇ ਪਿਤਾ ਦੀ ਬੀਰਤਾ ਦਾ ਵਰਣਨ ਕਿੱਸਕਾਰ ਇਉਂ ਕਰਦਾ ਹੈ–

"ਨਿੰਦਿਆ ਗੁਰਾਂ ਦੀ ਪਿਤਾ ਨਾ ਝੱਲਦੇ ਥੇ,
ਮਰਨ ਮਾਰਨੇ ਨੂੰ ਹੋਏ ਤਿਆਰ ਪਿੱਛੋਂ।
ਡਾਂਗਾਂ ਸੋਟੇ ਚਲਾਏ ਪੁਜਾਰੀਆਂ ਨੇ,
ਰਿਹਾ ਰੋਕਦਾ ਸੁੱਧ ਸਿੰਘ ਵਾਰ ਪਿੱਛੋਂ।
ਸੁੱਧ ਸਿੰਘ ਸੀ ਗੱਤਕੇਬਾਜ਼ ਭਾਰਾ,
ਕੁੱਦਦਾ ਮਿਰਗ ਵਾਂਗੂੰ ਲਾਠੀ ਮਾਰ ਪਿੱਛੋਂ।
ਜਦੋਂ ਲੜ੍ਹ ਰਿਹਾ ਸੀ 'ਕੱਲਾ ਬਲੀ ਜੋਧਾ,
ਕਾਹਨ ਸਿੰਘ ਆ ਗਿਆ ਸਰਦਾਰ ਪਿੱਛੋਂ।
ਜਿੰਨ੍ਹਾਂ ਜੋੜ ਲਈਆਂ ਦੋਨੋਂ ਜੋਧਿਆਂ ਨੇ,
ਬਿਜਲੀ ਵਾਂਗ ਘੁੰਮਦੇ ਲਗਾਤਾਰ ਪਿੱਛੋਂ।
ਹੱਡ ਭੰਨ ਦਿੱਤੇ ਮਾਰ ਮਾਰ ਡਾਂਗਾਂ,
ਹੋਇਆ ਬਹੁਤ ਭਾਰੀ ਘੱਲੂਘਾਰ ਪਿੱਛੋਂ।
ਫੱਟੜ ਤੀਹ ਕੁ ਪੁਜਾਰੀ ਮਰੰਤ ਹੋ ਗਏ,
ਭੱਜ ਗਈ ਸੀ ਗਾੜ੍ਹਮੀਂ ਧਾੜ ਪਿੱਛੋਂ।
ਕੁਝ ਨਾ ਹਾਕਮਾਂ ਕਿਹਾ ਹਰਨਾਮ ਸਿੰਘਾ।
ਕੀਤਾ ਬੜਾ ਇਨਸਾਫ਼ ਸਰਕਾਰ ਪਿੱਛੋਂ।

ਰਵਾਇਤ ਹੈ ਕਿ ਸ੍ਰੀ ਦਸਮੇਸ਼ ਜੀ ਦੀ ਸਿੱਖੀ ਦੀ ਸੁਰੱਖਿਅਤ ਰਹਿਤ ਮਰਿਆਦਾ ਸਿਰਫ਼ ਹਜ਼ੂਰ ਸਾਹਿਬ ਵਿਚ ਰਹਿ ਜਾਣ ਸਦਕਾ, ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਇ ਸਿੰਘ ਜੀ ਨੂੰ ਉੱਥੇ ਭੇਜਿਆ ਸੀ। ਉਸ ਦੇ ਮਾਰਗ ਵਿਚ ਆਉਣ ਵਾਲੀਆਂ ਤਕਲੀਫ਼ਾਂ ਦਾ, ਸਤਿਗੁਰੂ ਜੀ ਦਾ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਆਖ਼ਰੀ ਵੇਰ ੧੯੬੨ ਈ. ਵਿਚ ਹਜ਼ਰੋ ਸਾਹਿਬ ਜਾਣ ਸਮੇਂ ਝਨਾ ਦਰਿਆ ਪਾਰ ਕਰਨ ਦਾ, ਮਾਨਾਂ ਵਾਲੇ ਹੋਲੇ ਦੇ ਪਰਸੰਗ, ਅੰਮ੍ਰਿਤਸਰ ਬੁੱਚੜ ਬੰਧ ਦਾ ਪ੍ਰਸੰਗ, ਰਾਇਕੋਟ ਅਤੇ ਮਲੇਰਕੋਟਲਾ ਬੁੱਚੜ ਬੰਧ ਦੇ ਪ੍ਰਸੰਗ ਵੀ ਕਾਵਿਬੱਧ ਕੀਤੇ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਪਰਦੇਸ ਗਵਨ, ੧੯੫੬ ਬਿਕ੍ਰਮੀ ਸਮੇਂ ਗੁਰੂ ਹਰੀ ਸਿੰਘ ਅਤੇ ਮਾਤਾ ਜੀਵਣ ਕੌਰ ਜੀ ਦੁਆਰਾ ਬਾਰਕ ਤੰਗ ਦੇ ਕਾਲ ਪੀੜਤਾਂ ਦੀ ਬਾਂਹ ਫੜਨੀ, ਗੁਰੂ ਹਰੀ ਸਿੰਘ ਜੀ ਦਾ ਅੰਤਿਮ ਸਮਾਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਦੀ-ਨਸ਼ੀਨੀ ਦਾ ਮੇਲਾ ਅਤੇ ਉਹਨਾਂ ਦੀ ਚੜ੍ਹਦੀ ਕਲਾ ਦੇ ਹੋਰ ਵਰਣਨ ਇਸ ਗ੍ਰੰਥ ਦੇ ਵਿਸ਼ੇ ਵਸਤੂ ਵਿਚ ਸਮਾਏ ਲੱਭਦੇ ਹਨ। ਕਵੀ ਜੀ ਦੀ ਉਮਰ ਦੇ ਬਾਰੇ ਮੇਰਾ ਅਨੁਮਾਨ ਹੈ ਕਿ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਕਾਲੀ ਸਨ ਦੋ ਚਾਰ ਸਾਲ ਵੱਡੇ ਜਾਂ ਛੋਟੇ ਹੋ ਸਕਦੇ ਹਨ। ਉਂਞ ਇਸ ਸੰਬੰਧ ਵਿਚ ਖੋਜ ਕਰਕੇ ਹਾਲੇ ਸਹੀ ਤਾਰੀਖ਼ਾਂ ਪਰਿਵਾਰਿਕ ਸੂਤਰਾਂ ਤੋਂ ਲੱਭੀਆਂ ਜਾ ਸਕਦੀਆਂ ਹਨ। ਹਰਨਾਮ ਸਿੰਘ ਧਗਲੀ ਵਾਲਾ ਸਿਰਫ਼ ਨਾਮਧਾਰੀ ਸਾਹਿਤ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਦਾ ਇਕ ਸਿਰਕੱਢ ਕਿੱਸਾਕਾਰ ਹੈ। ਲੋੜ ਉਸਦੀ ਰਚਨਾ ਦੀਆਂ ਗਹਿਰਾਈਆਂ ਵਿਚ ਡੂੰਘਾ ਉਤਰਨ ਦੀ ਹੈ। ਪੰਜਾਬ ਦੇ ਇਤਿਹਾਸ ਅਤੇ ਇਸ ਵਿਚ ਬਣਦੇ ਨਾਮਧਾਰੀ ਸਿੰਘਾਂ ਦੇ ਯੋਗਦਾਨ ਦੀ ਇਹ ਕਿੱਸਾ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਪੰਜਾਬੀਆਂ ਦੇ ਖਾੜਕੂ ਸੁਭਾਉ, ਦੀਨ ਦੁਖੀ ਗਊ ਗਰੀਬ ਲਈ ਆਪਾ ਵਾਰਨ ਦੀ ਦਲੇਰੀ, ਜੂਝਣ ਦੇ ਚਾਉ ਨੂੰ ਜਾਨਣ ਲਈ ਨਾਮਧਾਰੀ ਸ਼ਹੀਦਾਂ ਦੇ ਪ੍ਰਸੰਗ ਬਹੁਤ ਦਿਲਚਸਪ ਹਨ। ਇਹ ਪ੍ਰਸੰਗ ਉਸ ਨਾਬਰੀ ਵਾਲੇ ਸੁਭਾਉ ਨੂੰ ਮੂਰਤੀਮਾਨ ਕਰਦੇ ਹਨ, ਜਿਹਨਾਂ ਬਾਰੇ ਵਿਦਵਾਨ ਦਿਵੰਗਤ ਆਲੋਚਕ ਦੀ ਟਿੱਪਣੀ ਮੁੱਢ ਵਿਚ ਦੇ ਕੇ ਕਿੱਸਾ ਸਾਹਿਤ ਦੀ ਸੀਮਾ ਨਿਰੂਪਣ ਦਾ ਛੋਟਾ ਜਿਹਾ ਯਤਨ ਕੀਤਾ ਗਿਆ ਸੀ। ਇਹ ਉਸ ਰੰਗ ਕਵੀ ਦੀ ਪ੍ਰੰਪਰਾ ਹੈ, ਜਿਹਨੇ

Sri Satguru Jagjit Singh Ji eLibrary NamdhariElibrary@gmail.com

ਮੌਤ ਕਬੂਲਣ ਲੱਗਿਆਂ ਵੀ ਅੱਖ ਨਹੀਂ ਸੀ ਨਿਵਾਈ, ਸਗੋਂ ਵੈਰੀ ਦੀ ਅੱਖ ਵਿਚ ਅੱਖ ਪਾ ਕੇ ਕਿਹਾ ਸੀ -

"ਕਬਹੂੰ ਨਾ ਭੰਡਵਾ ਰਨ ਚੜ੍ਹੈ, ਕਬਹੂੰ ਨਾ ਬਾਜੇ ਬੰਬ।
ਸਕਲ ਸਭਾ ਪ੍ਰਣਾਮ ਕਰ, ਵਿਦਾ ਹੋਤ ਕਵਿ ਗੰਗ।"

ਭਾਰਤੀ ਸਮਾਜ ਵਿਚ ਗੌਤਮ ਬੁੱਧ ਤੋਂ ਪਹਿਲਾਂ ਖੇਤੀਬਾੜੀ ਨਹੀਂ ਸੀ ਹੁੰਦੀ। ਕਿਉਂ ਜੁ ਲੋਹੇ ਦੀ ਖੋਜ ਅਜੇ ਨਹੀਂ ਸੀ ਹੋਈ, ਜਿਸ ਕਾਰਨ ਹਲ ਚਲਾਉਣਾ ਸੰਭਵ ਨਹੀਂ ਸੀ। ਪਹਿਲਾਂ ਪਸ਼ੂ ਪਾਲਕਾਂ ਦਾ ਵਾਰਾ ਪਹਿਰਾ ਸੀ ਪਸ਼ੂਆਂ ਦਾ ਬੱਧ ਵੀ ਵੱਡੀ ਪੱਧਰ ਤੇ ਹੁੰਦਾ ਸੀ। ਹੁਣ ਖੇਤੀ ਤਾਂ ਹੀ ਪ੍ਰਫੁੱਲਤ ਹੋ ਸਕਦੀ ਸੀ ਜੇ ਗਊਆਂ ਅਤੇ ਉਹਨਾਂ ਦੇ ਵੱਛੇ ਬਚਾਏ ਜਾਣ। ਗੌਤਮ ਬੁੱਧ ਦੇ ਅਹਿੰਸਾ ਦੇ ਸਿਧਾਂਤ ਦੀ ਇਹੋ ਸਮਾਜਿਕ ਆਰਥਿਕ ਵਿਆਖਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜੇ ਕਦੇ ਅੰਗਰੇਜ਼ ਜਾਂ ਹੋਰ ਯੂਰਪੀਨ ਕੌਮਾਂ ਨੂੰ ਇਧਰੋਂ ਲੰਘਣਾ ਪੈਂਦਾ ਤਾਂ ਇਹ ਸ਼ਰਤ ਸੀ ਕਿ ਉਹ ਪੰਜਾਬ ਵਿਚ ਗਊ ਬੱਧ ਨਹੀਂ ਕਰਨਗੇ। ਵੈਸੇ ਵੀ ਮਿਸਲਾਂ ਦੇ ਰਾਜ ਤੇਜ ਅਤੇ ਫਿਰ ਰਣਜੀਤ ਸਿੰਘ ਦੇ ਰਾਜ ਵਿਚ ਤਕਰੀਬਨ ਪੌਣੀ ਸਦੀ ਤੋਂ ਪੰਜਾਬ ਦੇ ਮੁਸਲਮਾਨ ਵੀ ਗਊ ਮਾਸ ਤੋਂ ਰਹਿਤ ਭੋਜਨ ਦੇ ਆਦੀ ਹੋ ਚੁੱਕੇ ਸਨ। ੧੮੪੯ ਈ. ਵਿਚ ਫਰੰਗੀਆਂ ਨੇ ਪੰਜਾਬ ਵਿਚ ਆਪਣੀ ਸੱਤਾ ਕਾਇਮ ਕਰਨ ਤੋਂ ਬਾਦ ਹੀ ਹੌਲੇ ਹੌਲੇ ਅੰਮ੍ਰਿਤਸਰ ਤੇ ਹੋਰ ਵੱਡੇ ਸ਼ਹਿਰਾਂ ਕਸਬਿਆਂ ਵਿਚ ਲੋਕਾਂ ਦੇ ਆਪਣੇ ਅਧਿਕਾਰਾਂ ਦੀ ਰਾਖੀ ਦਾ ਨਾਂ ਦੇ ਕੇ ਗਊਬੱਧ ਲਈ ਬੁੱਚੜਖਾਨੇ ਖੋਹਲਣੇ ਸ਼ੁਰੂ ਕੀਤੇ। ਜੇ ਇਕ ਧਿਰ ਦੇ ਅਧਿਕਾਰ ਗਊ ਮਾਸ ਖਾਣ ਨਾਲ ਸੁਰੱਖਿਅਤ ਹੁੰਦੇ ਸਨ ਤਾਂ ਦੂਜੀਆਂ ਧਿਰਾਂ ਜੋ ਇਸ ਤੋਂ ਪੀੜਤ ਹੁੰਦੀਆਂ ਸਨ ਉਹਨਾਂ ਦੇ ਹਕੂਕਾਂ ਦੀ ਉਲੰਘਣਾ ਵੀ ਤਾਂ ਹੁੰਦੀ ਸੀ। ਪਰ ਅੰਗਰੇਜ਼ ਹਾਕਮਾਂ ਦੀ ਬਸਤੀਵਾਦੀ ਨੀਤੀ ਸ਼ੁਰੂ ਤੋਂ ਹੀ ਕੂਟਨੀਤਕ ਚਾਲਾਂ ਚੱਲਣ ਵਿਚ ਮਾਹਰ ਸੀ। ਉਹ ਇਸ ਤਰ੍ਹਾਂ ਦੇ ਅੰਤਰ ਵਿਰੋਧ ਲੱਭਦੇ ਰਹਿੰਦੇ ਸਨ ਜਿਹਨਾਂ ਕਰਕੇ ਭਾਰਤੀ ਜਾਂ ਪੰਜਾਬੀ ਭਾਈਚਾਰੇ ਵਿਚ ਫੁੱਟ ਦੇ ਬੀਜ ਬੀਜੇ ਜਾਣ। ਇਸ ਕੰਮ ਲਈ ਗਊ ਬੱਧ ਸ਼ੁਰੂ ਕਰਵਾਉਣਾ ਉਹਨਾਂ ਨੇ ਇਕ ਕਾਰਗਰ ਹਥਿਆਰ ਦੇ ਤੌਰ ਤੇ ਵਰਤਿਆ। ਵੈਸੇ ਤਾਂ ੧੮੫੭ ਈ. ਵਾਲੇ ਪਹਿਲੇ ਸੁਤੰਤਰਤਾ ਸੰਗਰਾਮ, ਜਿਸਨੂੰ ਅੰਗਰੇਜ਼ਾਂ ਨੇ ਗ਼ਦਰ ਕਹਿ ਕੇ ਛੁਟਿਆਉਣ ਦੀ ਕੋਸ਼ਿਸ਼ ਕੀਤੀ ਸੀ, ਗਾਂ ਤੇ ਸੂਰ ਦੀ ਚਰਬੀ ਵਾਲੇ ਕਾਰਤੂਸਾਂ ਨੂੰ ਸਿਪਾਹੀਆਂ ਦੁਆਰਾ ਮੂੰਹ ਨਾਲ ਖੋਲ੍ਹਿਆ ਜਾਣਾ ਵੀ ਉਹਦਾ ਇਕ ਕਾਰਨ ਬਣਿਆ ਸੀ। ਹੁਣ ਪੰਜਾਬ ਵਿਚ ਗਊਘਾਤ ਸ਼ੁਰੂ ਕਰਵਾਕੇ, ਰਾਜਭਾਗ ਖੁਹਾਉਣ ਵਾਲੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਉਹ ਇਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਹੁਣ ਰਾਜ ਤੁਹਾਡਾ ਨਹੀਂ ਸਾਡਾ ਹੈ, ਸੱਤਾਂ ਸਾਗਰਾਂ ਤੋਂ ਪਾਰੋਂ ਆਉਣ ਵਾਲਿਆਂ ਦਾ। ਇਹੋ ਜਿਹੇ ਮੌਕੇ ਪੰਜਾਬੀ ਸੂਰਿਆਂ ਦੀ ਅਣਖ ਭਲਾ ਕਿਵੇਂ ਉਬਾਲੇ ਨਾ ਖਾਂਦੀ। ਕੂਕੇ ਵੀ ਉਹ ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਗੁੜ੍ਹਤੀ ਹੀ ਇਹ ਦਿੱਤੀ ਸੀ-

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥"

ਇਸ ਚੈਲੰਜ ਨੂੰ ਨਾਮਧਾਰੀ ਸੰਤ ਖਾਲਸਾ ਕਿਵੇਂ ਸਵੀਕਾਰਦਾ ਹੈ ਕਵੀ ਜੀ ਦੇ ਸ਼ਬਦਾਂ ਵਿਚ-

"ਸਮੇਂ ਰਾਤ ਦੇ ਸਿੰਘ ਇਹ ਬੀਰ ਬਾਂਕੇ,
ਹਰਿ ਕੀ ਪੌੜੀਆਂ ਦੇ ਵਿਚ ਨਾਹ੍ਹ ਕਰਕੇ।
ਪੱਲੇ ਗਲਾਂ ਵਿਚ ਪਾ ਅਰਦਾਸ ਸੋਧੀ,
ਚਰਨਾਂ ਸਤਿਗੁਰਾਂ ਦਾ ਧਿਆਨ ਲਾਇ ਕਰਕੇ।
ਸੱਚੇ ਪਾਤਸ਼ਾਹ ਜੀ ਸਾਨੂੰ ਫਤੇਹ ਬਖਸ਼ੀਂ,
ਆਪਣੇ ਨਾਮ ਦੀ ਲਾਜ ਰਖਾਇ ਕਰਕੇ।
ਸੌਹੇਂ ਮੱਥੇ ਮਰੀਏ ਜੇਕਰ ਮੌਤ ਆਵੇ,
ਜ਼ਾਲਮ ਪਾਪੀਆਂ ਮਾਰ ਮੁਕਾਇ ਕਰਕੇ।

Sri Satguru Jagjit Singh Ji eLibrary NamdhariElibrary@gmail.com

ਬੁੱਚੜ ਖਾਨੇ ਵਿਚ ਵੜੇ ਹਰਨਾਮ ਸਿੰਘਾ,

ਸਤਿ ਸ੍ਰੀ ਅਕਾਲ ਬੁਲਾਇ ਕਰਕੇ।" (...ਉਹੀ ਸਫਾ ੩੩)

ਭਾਈ ਹਾਕਮ ਸਿੰਘ ਪਿੰਡ ਮੋੜੇ ਜ਼ਿਲ੍ਹਾ ਅੰਮ੍ਰਿਤਸਰ ਦਾ ਪਟਵਾਰੀ ਸੀ। ਉਹ ਅਜੇ ਮੁਕਲਾਵਾ ਲੈ ਕੇ ਹੀ ਆਇਆ ਸੀ ਅਤੇ ਉਸੇ ਰਾਤ ਹੀ ਸਿੰਘਾਂ ਨਾਲਦਿਆਂ ਨੇ ਉਸਨੂੰ ਹੱਲਾ ਕਰਨ ਲਈ ਚੱਲਣ ਦੀ ਵੰਗਾਰ ਪਾਈ। ਏਥੇ ਭਾਈ ਹਰਨਾਮ ਸਿੰਘ ਜਿਸ ਤਰ੍ਹਾਂ ਆਪਣੀ ਕਵਿਤਾ ਦੇ ਜੌਹਰ ਦਖਾ ਕੇ ਤਿਆਗ ਤੇ ਬਲੀਦਾਨ ਦੇ ਪ੍ਰਸੰਗ ਨੂੰ ਬੁਲੰਦ ਕਰਦਾ ਹੈ ਇਹ ਉਸਦੀ ਉੱਚ ਕਾਵਿਕ ਪ੍ਰਤਿਭਾ ਦਾ ਪ੍ਰਤੀਕ ਹੈ। ਔਨਾਂ ਸਿੰਘਾਂ- ਬੀਹਲਾ ਸਿੰਘ ਨਾਰਲੀ, ਫਤੇਹ ਸਿੰਘ ਭੈਣੀ ਜਾਂ ਭਾਟਰਾ (ਨਾਮਧਾਰੀ ਇਤਿਹਾਸ ਕਰਤਾ ਨਾਹਰ ਸਿੰਘ ਵਿਚ ਇਕ ਥਾਂ, ਭਾਟੀਆ ਵੀ ਲਿਖਿਆ ਹੈ। ਅੰਮ੍ਰਿਤਸਰ ਸ਼ਹਿਰ, ਲਹਿਣਾ ਸਿੰਘ ਰਾਮਗੜ੍ਹੀਆ ਵੀ ਇਹੋ ਸ਼ਹਿਰ, ਹਾਕਮ ਸਿੰਘ ਪਟਵਾਰੀ, ਲੋਪੋਕਿਆਂ ਦਾ ਹੀ ਦੂਜਾ ਲਹਿਣਾ ਸਿੰਘ, ਭਗਵਾਨ ਸਿੰਘ ਅੜਬੰਗੀ, ਝੰਡਾ ਸਿੰਘ ਠੱਟਾ, ਲਛਮਣ ਸਿੰਘ ਚਾਹਲ ਨੇ ਪਹਿਲਾਂ ਭਾਈ ਲਹਿਣਾ ਸਿੰਘ ਰਾਮਗੜ੍ਹੀਏ ਦੇ ਘਰ ਸ਼ਹਿਰ ਅੰਮ੍ਰਿਤਸਰ ਵਿਖੇ ਗੁਰਮਤਾ ਕਰਕੇ ਆਪਣੇ ਵਿਚਾਲੇ ਗੁਰੂ ਨੂੰ ਜ਼ਾਮਨ ਲੈ ਕੇ ਸ਼ਹੀਦੀਆਂ ਵਰਨ ਦੀ ਗੋਂਦ ਗੁੰਦੀ ਸੀ ਅਤੇ ਹੁਣ ਜਦੋਂ ਤੁਰਨਾ ਸੀ ਤਾਂ ਕਵੀ ਉਹਨਾਂ ਮੁਸ਼ਕਿਲਾਂ ਦਾ ਜ਼ਿਕਰ ਕਰਦਾ ਹੈ ਜਿਹੜੀਆਂ ਹਾਕਮ ਸਿੰਘ ਨੂੰ ਦਰਪੇਸ਼ ਆ ਰਹੀਆਂ ਹਨ। ਪਰ ਸੂਰਮੇ ਦੀ ਸਿਰਜਣਾ ਵੀ ਤਾਂ ਇਉਂ ਹੀ ਹੁੰਦੀ ਹੈ। ਸੁਣੋ ਕਵੀ ਜੀ ਦੇ ਬਚਨ ਛੰਤ ਵਿਚ-

"ਹਾਕਮ ਸਿੰਘ ਦੀ ਇਸਤਰੀ ਸੋਹਣਿਆਂ ਦੀ,
ਸੀ ਉਹ ਪਦਮਣੀ ਨਸਲ ਦੀ ਨਾਰ ਸੋਹਣੀ।
ਲੈ ਕੇ ਆਇਆ ਦਰੋਜਾ ਥਾ ਰੋਜ ਓਸੇ,
ਦੇਖੀ ਨਾਰ ਘਰ ਦੀ ਪਹਿਲੀ ਵਾਰ ਸੋਹਣੀ।
ਪਰੀ ਪਦਮਣੀ ਇੰਦਰ ਦੇ ਖਾੜਿਆਂ ਦੀ,
ਫਿਰਦੀ ਲਾਇ ਕੇ ਹਾਰ ਸ਼ਿੰਗਾਰ ਸੋਹਣੀ।
ਕੰਤ ਨਾਰ ਦੋਨੋਂ ਖੁਸ਼ੀ ਹੋ ਰਹੇ ਸੀ,
ਕਿਸੇ ਆਣ ਦਿੱਤੀ ਹਾਕ ਮਾਰ ਸੋਹਣੀ।
ਮੌਕਾ ਅੱਜ ਸ਼ਹੀਦੀਆਂ ਪਾਉਣ ਦਾ ਹੈ,
ਪੂਰੀ ਕਰੋ ਜੋ ਕੀ ਇਕਰਾਰ ਸੋਹਣੀ।
ਤੇਗਾਂ ਲੈ ਲਈਆਂ ਸਿੰਘ ਤਿਆਰ ਸਾਰੇ,
ਕਰੋ ਬੁੱਚੜਾਂ ਸੇ ਘੱਲੂਘਾਰ ਸੋਹਣੀ।
ਏਧਰ ਨਾਰ ਘਰ ਦੀ ਓਧਰ ਮੌਤ ਲਾੜੀ,
ਦੋਨਾਂ ਵਿਚ ਹੈ ਰਹੀ ਤਕਰਾਰ ਸੋਹਣੀ।
ਹਾਕਮ ਸਿੰਘ ਦੇਖੋ ਕਿਹੜੀ ਨਾਰ ਵਰਦੈ,
ਇਮਤਿਹਾਨ ਦੀ ਹੋਈ ਵਿਚਾਰ ਸੋਹਣੀ।
ਘਰ ਦੀ ਪਦਮਨੀ ਨਾਰ ਨੂੰ ਛੋੜ ਕਰਕੇ,
ਕਰੀ ਮੌਤ ਲਾੜੀ ਸਵੀਕਾਰ ਸੋਹਣੀ।
ਬੇਮਿਸਾਲ ਇਹ ਮਿਸਲ ਹਰਨਾਮ ਸਿੰਘਾ,
ਯਾਦ ਰਹੂਗੀ ਵਿਚ ਸੰਸਾਰ ਸੋਹਣੀ। (...ਉਹੀ, ਸਫਾ ੩੨)

ਬੁੱਚੜਾਂ ਨੂੰ ਸੋਧਣ ਦਾ ਕਾਰਜ ਜੇਠ ਸੁਦੀ ਪੂਰਨਮਾਸੀ ਮੁਤਾਬਿਕ ਇਕ ਹਾੜ ੧੯੨੮ ਬਿਕ੍ਰਮੀ ਨੂੰ ਅੱਧੀ ਰ

Sri Satguru Jagjit Singh Ji eLibrary NamdhariElibrary@gmail.com

ਰਾਤ ਨੂੰ ਕੀਤਾ ਗਿਆ। ਸਿੰਘ ਹਰਨ ਹੋ ਗਏ। ਬੇਦੋਸ਼ ਫੜੇ ਗਏ। ਕਰਿਸਟੀ ਬੜਾ ਸਖਤ ਸੀ.ਆਈ.ਡੀ. ਦਾ ਅਫ਼ਸਰ ਸੀ। ਉਸਨੇ ਬੇਦੋਸ਼ਿਆਂ ਨੂੰ ਹੀ ਸਖਤੀ ਕਰਕੇ ਇਕਬਾਲੀ ਕਰਵਾ ਲਿਆ। ਜਦੋਂ ਉਹ ਫਾਹੇ ਟੰਗੇ ਹੀ ਜਾਣ ਵਾਲੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਉਪਦੇਸ਼ ਸੁਣ ਕੇ ਬੀਹਲਾ ਸਿੰਘ, ਲਹਿਣਾ ਸਿੰਘ, ਹਾਕਮ ਸਿੰਘ, ਫਤੇਹ ਸਿੰਘ ਖੁਦ ਸਰਕਾਰੇ ਹਾਜ਼ਰ ਹੋ ਗਏ। ਸਤਿਗੁਰੂ ਜੀ ਨੇ ਕਿਹਾ ਸੀ, "ਜਿਹੜਾ ਖੇਤ ਜੱਟ ਬੀਜਦਾ ਉਸਦਾ ਫ਼ਲ ਕੋਈ ਹੋਰ ਲੈ ਜਾਵੇ ਇਹ ਠੀਕ ਨਹੀਂ।" ਚਹੁੰਆਂ ਸਿੰਘਾਂ ਨੂੰ ਇਕਬਾਲ ਕਰਨ ਤੇ ਜਦੋਂ ਮੌਤ ਦੀ ਸਜ਼ਾ ਸੁਣਾਈ ਗਈ, ਉਸ ਵੇਲੇ ਦੀ ਚੜ੍ਹਦੀ ਕਲਾ ਦਾ ਵਰਣਨ ਕਵੀ ਜੀ ਦੇ ਸ਼ਬਦਾਂ ਵਿਚ -

"ਸੁਣਕੇ ਫਾਂਸੀ ਦੀ ਸਜ਼ਾ ਨੂੰ ਸਿੰਘ ਚਾਰੇ,
ਖੁਸ਼ੀਆਂ ਬਹੁਤ ਹੀ ਬਲੀ ਮਨਾਉਣ ਲੱਗੇ।
ਨਾਅਰੇ ਮਾਰਦੇ ਗੂੰਜਦੇ ਸ਼ੇਰ ਵਾਂਗੂੰ,
ਸਿੰਘ ਫੜੇ ਪਰ ਫੜੇ ਬੁਲਾਉਣ ਲੱਗੇ।
ਧੰਨ ਸਤਿਗੁਰੂ ਸਤਿਗੁਰੂ ਆਖ ਮੂੰਹੋਂ,
ਸ਼ਬਦ ਉੱਚੀ ਉੱਚੀ ਨਾਲ ਗਾਉਣ ਲੱਗੇ।
ਸੁਣਕੇ ਮੌਤ ਦੀ ਸਜ਼ਾ ਹਰਨਾਮ ਸਿੰਘਾ,
ਚਾਰੇ ਖਾਲਸੇ ਜੌਲੀਆਂ ਪਾਉਣ ਲੱਗੇ। (...ਉਹੀ, ਸਫ਼ਾ ੩੭)

ਥੋੜ੍ਹਾ ਸਮਾਂ ਬਾਦ ਹੀ ੧੮੭੧ ਈ. ਵਿਚ ਫਿਰ ਨਾਮਧਾਰੀ ਸਿੰਘਾਂ ਨੇ ਦਸਮ ਪਾਤਸ਼ਾਹ ਤੋਂ ਵਰੋਸਾਈ ਧਰਤੀ ਰਾਇਕੋਟ ਦੇ ਗਊ ਘਾਤਕਾਂ ਨੂੰ ਤੇਗਾਂ ਦੀ ਧਾਰ ਲੰਘਾ ਦਿੱਤਾ। ਜਦੋਂ ਇਸ ਜਥੇ ਦੇ ਮੁਖੀ ਭਾਈ ਮਸਤਾਨ ਸਿੰਘ ਪਿੱਥੋ ਵਾਲੇ ਨੂੰ ਸੂਚਨਾ ਮਿਲੀ ਕਿ ਰਸਾਲਾ ਜੈਤੂਪੁਰੇ ਉਤਰਿਆ ਹੈ, ਤੁਹਾਨੂੰ ਫੜਨ ਵਾਸਤੇ ਆ ਰਿਹਾ ਹੈ। ਕਿਧਰੇ ਨੱਸ ਜਾਓ। ਪਰ ਮਸਤਾਨ ਸਿੰਘ ਹੋਰਾਂ ਨੇ ਆਪਣੀ ਰਵਾਇਤ ਕਾਇਮ ਰੱਖਦਿਆਂ ਭੱਜਣਾ ਨਾ ਕਬੂਲਿਆ-

"ਕਿਹਾ ਲੋਕਾਂ ਨੇ ਸਿੰਘ ਮਸਤਾਨ ਭਾਈ,
ਖਿਸਕ ਜਾਵੋ ਕਿਧਰੇ ਛਾਲਾਂ ਮਾਰ ਜਲਦੀ।
ਜੈਤੂਪੁਰੇ ਆ ਗਏ ਥੋਨੂੰ ਫੜਨ ਵਾਲੇ,
ਤਿੰਨੇ ਹੋ ਜਾਵੋ ਤੁਸੀਂ ਫਰਾਰ ਜਲਦੀ।
"ਭੱਜ ਗਏ ਜੇ" ਸਿੰਘ ਮਸਤਾਨ ਕਹਿੰਦਾ,
ਬੇਕਸੂਰਾਂ ਨੂੰ ਦੇਣਗੇ ਮਾਰ ਜਲਦੀ।
ਫਾਂਸੀ ਚੜ੍ਹਾਂਗੇ ਮਾਰੇ ਨੇ ਅਸੀਂ ਬੁੱਚੜ,
ਤਿੰਨੇ ਅਸੀਂ ਬਣੀਏ ਗੁਨਾਹਗਾਰ ਜਲਦੀ।" (...ਉਹੀ, ਸਫ਼ਾ ੩੮)

ਇਹ ਤਿੰਨੇ ਮਸਤਾਨ ਸਿੰਘ, ਮੰਗਲ ਸਿੰਘ, ਗੁਰਮੁਖ ਸਿੰਘ ਪਿੱਥੋ ਪਿੰਡ ਦੇ ਸਿੰਘ ਰਾਇ ਕੋਟ ਵਿਖੇ ੫ ਅਗਸਤ ੧੮੭੧ ਈ. ਨੂੰ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ। ਰਾਇਕੋਟ ਦੇ ਬੁੱਚੜ ਬੱਧ ਲਈ ਸਿੰਘਾਂ ਨੂੰ ਉਕਸਾਉਣ ਦੇ ਬਹਾਨੇ ਹੇਠ ਸੂਬਾ ਗਿਆਨੀ ਸਿੰਘ ਉਰਫ਼ ਰਤਨ ਸਿੰਘ ਪਿੰਡ ਮੰਡੀ ਕਲਾਂ (ਬਠਿੰਡਾ) ਅਤੇ ਰਤਨ ਸਿੰਘ ਨਾਈ ਵਾਲੀਏ ਨੂੰ ੨੬ ਨਵੰਬਰ ੧੮੭੧ ਈ. ਨੂੰ ਲੁਧਿਆਣਾ ਜ਼ਿਲ੍ਹਾ ਜੇਹਲ ਬਾਹਰ ਫਾਹੇ ਲਾਕੇ ਸ਼ਹੀਦ ਕੀਤਾ ਗਿਆ। ਇਹ ਦੋਵੇਂ ਸਿੰਘ ਬੇਦੋਸ਼ੇ ਸਨ। ਤੀਜਾ ਅੰਗਰੇਜ਼ ਜੱਜ ਫੈਲੋਨੀਸ ਵੀ ਇਹਨਾਂ ਨੂੰ ਫਾਹੇ ਦੀ ਬਜਾਏ ਉਮਰ ਕੈਦ ਦੇ ਹੱਕ ਵਿਚ ਸੀ। ਪਰ ਸਰਕਾਰ ਤਾਂ ਕਿਸੇ ਨਾ ਕਿਸੇ ਆਨੇ-ਬਹਾਨੇ ਕੂਕਿਆਂ ਨਾਲ ਕਿੜ ਕੱਢਣੀ ਚਾਹੁੰਦੀ ਸੀ। ਉਹ ਸਤਿਗੁਰੂ ਜੀ ਜਾਂ ਉਹਨਾਂ ਦੇ ਸੂਬਿਆਂ ਵਿਚੋਂ ਜਿਹੜਾ ਜਿਥੇ ਵੀ ਕਾਬੂ ਆਉਂਦਾ ਹੋਵੇ ਉਹਦਾ ਲਿਹਾਜ਼ ਨਹੀਂ ਕਰਨਾ ਚਾਹੁੰਦੇ ਸਨ। ਮਲੇਰ ਕੋਟਲੇ ਦਾ ਸਾਕਾ ਵਰਤਣ ਤੋਂ ਪਹਿਲਾਂ ਹੀ ਸਿੰਘਾਂ ਦੇ ਮਾਰੇ ਬਕਾਰੇ ਕਰਨ ਦੀ ਸੂਚਨਾ ਦੇਣ ਗਏ ਸੂਬਾ ਲੱਖਾ ਸਿੰਘ ਨੂੰ

Sri Satguru Jagjit Singh Ji eLibrary NamdhariElibrary@gmail.com

ਵੀ ਉਹਨਾਂ ਹਿਰਾਸਤ ਵਿਚ ਲੈ ਲਿਆ ਸੀ। ਜੇ ਸਰਕਾਰ ਚਾਹੁੰਦੀ ਤਾਂ ਮਸਤਾਨੇ ਸਿੰਘਾਂ ਵਿਰੁੱਧ ਇਹਤਿਆਤੀ ਕਾਰਵਾਈ ਵਰਤ ਕੇ ਇਹ ਸਾਕਾ ਵਾਪਰਨ ਤੋਂ ਰੋਕਿਆ ਜਾ ਸਕਦਾ ਸੀ, ਪਰ ਅੰਗਰੇਜ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਨੂੰ "ਸੱਚਾ ਪਾਤਸ਼ਾਹ" ਸੰਗਤ ਵਲੋਂ ਆਖਿਆ ਜਾਣਾ ਬਰਦਾਸ਼ਤ ਨਹੀਂ ਸੀ ਕਰ ਰਹੀ। ਉਹ ਨਾਮਧਾਰੀਆਂ ਦੇ ਖਾਲਸਾ ਰਾਜ ਦੀ ਪੁਨਰ ਸਥਾਪਨਾ ਦੇ ਮੰਤਵ ਤੋਂ ਪੂਰੀ ਤਰ੍ਹਾਂ ਭੈਭੀਤ ਸੀ। ਮਲੇਰ ਕੋਟਲੇ ਦੇ ਸਾਕੇ ਸਮੇਂ, ਸਤਿਗੁਰੂ ਜੀ ਅਤੇ ਸੂਬਾ ਜਵਾਹਰ ਸਿੰਘ ਜਹੇ ਪ੍ਰਮੁੱਖ ਸੂਬਿਆਂ ਨੇ ਵੀ ਮਸਤਾਨਿਆਂ ਨੂੰ ਧੀਰਜ ਤੋਂ ਕੰਮ ਲੈਣ ਲਈ ਕਿਹਾ ਸੀ। ਸਤਿਗੁਰੂ ਜੀ ਨੇ ਤਾਂ ਇਹ ਵੀ ਕਿਹਾ ਸੀ "ਸਾਧ ਸੰਗਤ ਜੀ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਪੁੱਟ ਕੇ ਮੈਂ ਹਥੇਲੀ ਤੇ ਰੱਖ ਲਈਆਂ ਹਨ, ਥੋੜ੍ਹੇ ਸਬਰ ਦੀ ਲੋੜ ਹੈ। ਤੁਹਾਡੇ ਤਲਵਾਰ ਚੁੱਕਣ ਨਾਲ ਇਹ ਜੜ੍ਹਾਂ ਫਿਰ ਪਤਾਲ ਵਿਚ ਲੱਗ ਜਾਣਗੀਆਂ।" ਮਸਤਾਨੇ ਸਿੰਘਾਂ ਦਾ ਸ਼ਹੀਦੀ ਬਾਰੇ ਛਕਣ ਦਾ ਚਾਓ ਦੂਣ ਸਵਾਇਆ ਹੋ ਰਿਹਾ ਸੀ। ਉਹ ਹੁਣ ਧੀਰਜ ਜਾਂ ਠਰ੍ਹੰਮੇ ਦੀ ਭਾਸ਼ਾ ਤੇ ਕੰਨ ਧਰਨ ਤੋਂ ਨਾਬਰ ਹੋ ਗਏ ਸਨ। ਲਹਿਰਾਂ ਦੇ ਵਿਚ ਇਸ ਤਰ੍ਹਾਂ ਦੇ ਅਧੋਗਤੀ ਵਾਲੇ ਆਉਣ ਵਾਲੇ ਪੜਾਉ ਨੂੰ "ਹੋਣੀ" ਜਾਂ "ਭਾਵੀ" ਦੇ ਤੌਰ ਤੇ ਸਾਡੇ ਕਿੱਸਾਕਾਰਾਂ ਨੇ ਚਿਤਰਿਤ ਕੀਤਾ ਹੈ। ਭਾਈ ਹਰਨਾਮ ਸਿੰਘ ਵੀ ਇਸੇ ਅੰਦਾਜ਼ ਵਿਚ ਲਿਖਦੇ ਹਨ-

"ਭਾਵੀ ਟਲੀ ਨਾ ਪੀਰ ਪੈਗੰਬਰਾਂ ਤੋਂ,
ਮਿਟਦੀ ਨਹੀਂ ਮੇਟੀ ਹੋਣਹਾਰ ਲੋਕੋ।
ਲੁਕਿਆ ਜਾਏ ਮੁਚਕੰਦ ਦੇ ਘਰਾਂ ਅੰਦਰ,
ਭਾਵੀ ਮਾਰਿਆ ਕ੍ਰਿਸ਼ਨ ਅਵਤਾਰ ਲੋਕੋ।
ਮਿੱਟੀ ਮੇਲ ਦਿੱਤਾ ਕੈਰੋ ਪਾਂਡਵਾਂ ਨੂੰ,
ਭਾਵੀ ਸਮਝ ਲਓ ਦਰੋਪਤੀ ਨਾਰ ਲੋਕੋ।
ਮਲੀਆ ਮੇਟ ਕੀਤਾ ਭਾਵੀ ਚੰਦਰੀ ਨੇ,
ਰਾਜੇ ਰੌਣ ਵਰਗਾ ਸਮਝਦਾਰ ਲੋਕੋ।

... ...

ਦਰ ਦਰ ਭੀਖ ਮੰਗਦੇ ਰਾਜੇ ਚੱਕਰਵਰਤੀ,
ਭਾਵੀ ਰੋਲਦੀ ਰੁੱਲ ਹੈਂਕਾਰ ਲੋਕੋ।
ਮਾਰੇ ਸਿੱਖ ਵੀ ਭਾਵੀ ਨੇ ਮੁਦਕੀ ਮੇਂ,
ਜੰਗ ਜਿੱਤ ਕਰਕੇ ਗਏ ਹਾਰ ਲੋਕੋ।

... ...

ਚੜ੍ਹਦੀ ਕਲਾ ਉੱਤੇ ਨਾਮਧਾਰੀਆਂ ਦੇ,
ਭਾਵੀ ਵਰਤ ਗਈ ਆਣ ਕਰਤਾਰ ਲੋਕੋ।
ਮਸਤ ਟਾਲੇ ਨਾ ਟਲੇ ਹਰਨਾਮ ਸਿੰਘਾ,
ਹੋਏ ਕੋਟਲੇ ਨੂੰ ਸਾਰੇ ਤਿਆਰ ਲੋਕੋ।" (...ਉਹੀ, ਸਫ਼ਾ ੪੨)

ਕਵੀ ਜੀ, ਸਾਕਾ ਮਲੇਰ ਕੋਟਲੇ ਦੇ ਦੂਰਗਾਮੀ ਪ੍ਰਭਾਵ ਨੂੰ, ਜਿਸ ਤਹਿਤ ਸਤਿਗੁਰੂ ਜੀ ਅਤੇ ਸੂਬੇ ਦੇਸ ਬਦਰ ਕਰਕੇ, ਨਾਮਧਾਰੀ ਪੰਥ ਤੇ ਸਰਕਾਰੀ ਸਖਤੀਆਂ ਦੇ ਦੌਰ ਝੁੱਲੇ, ਉਹਨਾਂ ਦਾ ਜਦੋਂ ਵਿਸ਼ਲੇਸ਼ਣਾਤਮਕ ਅਧਿਐਨ ਕਰਦੇ ਹਨ ਤਾਂ ਬੜੀ ਸਟੀਕ ਟਿੱਪਣੀ, ਹੇਠਲੀਆਂ ਛਹੁੰਆਂ ਤੁਕਾਂ ਵਿਚ ਨਜ਼ਰ ਆਉਂਦੀ ਹੈ-

"ਕਿਹਾ ਸਤਿਗੁਰਾਂ ਨੇ ਸੀਗਾ ਬਹੁਤ ਔਖਾ,
ਆਖਾ ਮੰਨਿਆ ਨਹੀਂ ਮਸਤਾਨਿਆਂ ਨੇ।

Sri Satguru Jagjit Singh Ji eLibrary NamdhariElibrary@gmail.com

ਬਿਨਾਂ ਸਮੇਂ ਭੈੜੀ ਛੇੜੀ ਛੇੜਖਾਨੀ,
ਵਕਤ ਸੋਚਿਆ ਨਹੀਂ ਨਿਦਾਨਿਆਂ ਨੇ।
ਸ਼ਮ੍ਹਾਂ ਧਰਮ ਤੇ ਜਲਨ ਪਤੰਗ ਚੱਲੇ,
ਪੁੱਛੀ ਬਾਤ ਨਾ ਫੇਰ ਪਰਵਾਨਿਆਂ ਨੇ।
ਬੁੱਢਕ ਮਾਰਨੇ ਲੀਏ ਹਰਨਾਮ ਸਿੰਘਾ,
ਕਮਰ ਕੱਸੇ ਕਰ ਲਏ ਦੀਵਾਨਿਆਂ ਨੇ।" (...ਉਹੀ, ਸਫ਼ਾ ੪੩)

ਇਹ ਗੱਲ ਹੋਰ ਥਾਵਾਂ ਤੋਂ ਤਾਂ ਨਹੀਂ ਪੜ੍ਹੀ, ਪਰ ਕਵੀ ਹਰਨਾਮ ਸਿੰਘ ਲਿਖਦਾ ਹੈ ਕਿ ਜਦੋਂ ਮਸਤਾਨੇ ਕੋਟਲੇ ਤੇ ਹੱਲੇ ਲਈ ਬਜ਼ਿਦ ਹੋ ਗਏ ਤਾਂ ਸਤਿਗੁਰੂ ਜੀ ਨੇ ਭੈਣੀ ਸਾਹਿਬ ਵਿਚ ਹਾਜ਼ਰ ਸੰਗਤ ਨੂੰ ਉਥੋਂ ਤੁਰੰਤ ਖਿੰਡ ਜਾਣ ਲਈ ਕਿਹਾ। ਇਹ ਸੰਗਤ, ਮਾਘੀ ਦਾ ਮੇਲਾ, ਕਿਉਂਕਿ ਭੈਣੀ ਸਾਹਿਬ ਮਨਾਇਆ ਜਾ ਰਿਹਾ ਸੀ, ਜਿਸ ਮੇਲੇ ਵਿਚ ਅੰਮ੍ਰਿਤਸਰ ਰਾਇਕੋਟ ਵਾਲੇ ਸ਼ਹੀਦ ਸਿੰਘਾਂ ਅਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾ ਜੀ ਨਮਿਤ ਪਾਠਾਂ ਦੇ ਭੋਗ ਪੈਣੇ ਸਨ, ਵਾਸਤੇ ਇੱਥੇ ਇਕੱਠੀ ਹੋਈ ਸੀ। ਹੁਣ ਜਦੋਂ ਸੰਗਤ ਨੂੰ ਸਤਿਗੁਰੂ ਜੀ ਨੇ ਚਲੇ ਜਾਣ ਦਾ ਹੁਕਮ ਦੇ ਦਿੱਤਾ ਤਾਂ ਬੜੀ ਕਰੁਣਾਮਈ ਅਵਸਥਾ ਪੈਦਾ ਹੋ ਗਈ–

"ਸੁਣ ਕੇ ਬਚਨ ਵੈਰਾਗ ਦੇ ਸਤਿਗੁਰਾਂ ਤੋਂ,
ਸਾਰੀ ਸੰਗਤਾਂ ਦੇ ਅੱਖੀਂ ਨੀਰ ਚੱਲੇ।
ਧਾਹਾਂ ਮਾਰ ਕੇ ਮੰਨ ਕੇ ਬਚਨ ਗੁਰ ਦਾ,
ਸਾਰੇ ਖਾਲਸੇ ਪਾਇ ਵਹੀਰ ਚੱਲੇ।
ਭਾਰੀ ਪ੍ਰੇਮ ਥਾ ਸਿੰਘਾਂ ਨੂੰ ਸਤਿਗੁਰਾਂ ਦਾ,
ਰੋਇ ਰੋਇ ਕੇ ਵਿਦਾ ਹੋ ਬੀਰ ਚੱਲੇ।
ਜਥੇਦਾਰ ਸਰਦਾਰ ਹਰਨਾਮ ਸਿੰਘਾ,
ਤੋਰ ਸੰਗਤਾਂ ਆਪ ਅਖ਼ੀਰ ਚੱਲੇ।" (...ਉਹੀ, ਸਫ਼ਾ ੪੪, ੪੫)

ਇਸ ਸ਼ਹੀਦੀ ਜਥੇ ਨੇ ਪਹਿਲਾ ਪੜਾਉ ਰੱਬੋਂ ਪਿੰਡ ਕੀਤਾ। ਅਗਲੀ ਸ਼ਾਮ ਮਲੌਦ ਦੇ ਸਰਦਾਰ ਬਦਨ ਸਿੰਘ ਨਾਲ ਝੜਪ ਕਰਕੇ ਘੋੜੇ ਤੇ ਹਥਿਆਰ ਖੋਹੇ। ਤੀਜੀ ਸਵੇਰ ਨਾਲ ਕੋਟਲੇ ਤੇ ਹੱਲਾ ਬੋਲਿਆ। ਦੋਹਾਂ ਪਾਸਿਆਂ ਦੇ ਬੰਦੇ ਮਾਰੇ ਗਏ, ਫੱਟੜ ਹੋਏ। ਵੇਖਣ ਵਾਲੀ ਗੱਲ ਇਹ ਹੈ ਕਿ ਜੇ ਇਹਨਾਂ ਮਸਤਾਨਿਆਂ ਨੂੰ ਸ਼ਹੀਦੀਆਂ ਦਾ ਚਾਉ ਨਾ ਹੁੰਦਾ ਤਾਂ ਇਹਨਾਂ ਦੇ ਨੱਸਣ ਭੱਜਣ ਦੇ ਬੜੇ ਮੌਕੇ ਸਨ। ਪਰ ਇਕ ਤਾਂ ਸਤਿਗੁਰੂ ਜੀ ਚੰਗਾ ਨਹੀਂ ਸਨ ਸਮਝਦੇ ਕਿ ਕਰੇ ਕੋਈ ਤੇ ਭਰੇ ਕੋਈ। ਦੂਜਾ ਇਹ ਆਪਣਾ ਨੀਕਰਾ, ਗਿਆਨੀ ਸਿੰਘ ਵਰਗੇ ਬੇਦੋਸ਼ ਸਾਧੂਆਂ ਨੂੰ ਮਾਰ ਮੁਕਾਉਣ ਵਾਲੀ ਜ਼ਾਲਮ ਸਰਕਾਰ ਦੇ ਸਿਰ ਭੰਨਣ ਲਈ ਉਤਾਵਲੇ ਸਨ ਤਾਂ ਜੁ ਆਜ਼ਾਦੀ ਦੀ ਚੰਗਿਆੜੀ ਨੂੰ ਲਟ ਲਟ ਕਰਕੇ ਬਲਦੀ ਵੇਖਿਆ ਜਾਵੇ। ਜਥੇਦਾਰ ਹੀਰਾ ਸਿੰਘ ਸਰਕੋਦੀ ਵਾਲੇ ਨੇ ਆਪਣਾ ਮੰਤਵ ਇਉਂ ਸਪਸ਼ਟ ਕੀਤਾ–

"ਸੀਸ ਲੈ ਚੁੱਕੇ ਹਾਂ ਜਦੋਂ ਜ਼ਾਲਮਾਂ ਦੇ,
ਆਪਣੇ ਸੀਸ ਭੀ ਦੇਣ ਨੂੰ ਤਿਆਰ ਹੋਈਏ।
ਗੌਰਮਿੰਟ ਦੇ ਪਾਸ ਹੁਣ ਅਸੀਂ ਸਾਰੇ,
ਆਪਣੇ ਆਪ ਜਾ ਕੇ ਗ੍ਰਿਫ਼ਤਾਰ ਹੋਈਏ।
ਆਪਣੇ ਆਪ ਸਰਕਾਰ ਨੂੰ ਹਾਲ ਦੱਸ,
ਗੌਰਮਿੰਟ ਤੋਂ ਨਹੀਂ ਫ਼ਰਾਰ ਹੋਈਏ।
ਦੇਕੇ ਧਰਮ ਤੇ ਸੀਸ ਹਰਨਾਮ ਸਿੰਘਾ,

Sri Satguru Jagjit Singh Ji eLibrary NamdhariElibrary@gmail.com

ਭਵਜਲ ਏਸ ਸੰਸਾਰ ਤੋਂ ਪਾਰ ਹੋਵੀਏ।" (...ਉਹੀ, ਸਫਾ ੪੬)

ਕਿੱਸਾ 'ਸੰਤ ਖਾਲਸਾ' ਦੀ ਇਤਿਹਾਸਕ ਮਹੱਤਤਾ ਸਮਕਾਲੀ ਗਵਾਹੀਆਂ ਸਿੰਘਾਂ ਦੀ ਗ੍ਰਿਫਤਾਰੀ ਬਾਬਤ, ਦਰਜ ਕਰਨ ਨਾਲ ਕਾਫ਼ੀ ਵਧ ਜਾਂਦੀ ਹੈ। ਸਰਕਾਰੀ ਰਿਕਾਰਡ ਮੁਤਾਬਕ ਅਮਰਗੜ੍ਹ ਰਿਆਸਤ ਪਟਿਆਲਾ ਦੇ ਨਾਇਬ ਨਾਜ਼ਮ ਸੱਯਦ ਨਿਆਜ਼ ਅਲੀ ਦੁਆਰਾ ਰੜ ਪਿੰਡ ਦੇ ਉੱਤਮ ਸਿੰਘ, ਜੈਮਲ ਸਿੰਘ ਆਦਿ ਮੁਖ਼ਬਰਾਂ ਦੀ ਮਦਦ ਨਾਲ ਜਥੇ ਨੂੰ ਘੇਰ ਕੇ ਗ੍ਰਿਫ਼ਤਾਰ ਕਰਵਾਉਣਾ ਲਿਖਿਆ ਹੈ। ਕਈ ਪਰਸੰਗਾਂ ਵਿਚ ਪ੍ਰਸਾਦ ਛਕਾਉਣ ਦੇ ਬਹਾਨੇ ਥਾਣੇ ਵਿਖੇ ਲਿਜਾਣਾ ਭੀ ਲਿਖਿਆ ਹੈ। ਪਰ ਭਾਈ ਹਰਨਾਮ ਸਿੰਘ ਆਪਣੇ ਪਿਤਾ ਦੇ ਮਿੱਤਰ ਸ੍ਰ. ਨਾਨੂੰ ਸਿੰਘ ਰਾਈਸ ਤੇ ਜਗੀਰਦਾਰ ਕੱਚਾ ਕਿਲਾ ਸਢੌਰਾ, ਮਹੰਤ ਲਹਿਣਾ ਸਿੰਘ, ਕਵੀ ਦੇ ਸਹੁਰੇ ਸਾਹਿਬ ਦੇਵਾ ਸਿੰਘ ਲੰਬੜਦਾਰ ਪਿੰਡ ਬਰਾਲ ਰਿਆਸਤ ਨਾਹਣ ਅਤੇ ਪਿੰਡ ਬਗਲੀ ਦੇ ਰਾਮ ਸਹਾਈ, ਪੰਡਿਤ ਦੇਵੀ ਦਿਆਲ ਤੇ ਸਮੁੰਦ ਸਿੰਘ ਜੋ ਉਸ ਵਕਤ ਰੜ ਪਿੰਡ ਗਏ ਹੋਏ ਸਨ ਤੇ ਇਹ ਸਾਰੇ ਅੱਖੀਂ ਵੇਖਿਆ ਹਾਲ ਦੱਸਦੇ ਹਨ ਕਿ ਜਥਾ ਆਪਣੇ ਆਪ ਗ੍ਰਿਫ਼ਤਾਰ ਹੋਇਆ। ਸ਼ਹੀਦੀਆਂ ਦੇ ਅਦਭੁਤ ਜਲੌਅ ਨੂੰ ਕਵੀ ਇਉਂ ਹੀ ਬਿਆਨਦਾ ਹੈ ਜਿਵੇਂ ਪ੍ਰਤੱਖ-ਦਰਸ਼ੀ ਹੋਵੇ। ਇਹ ਚੜ੍ਹਦੀ ਕਲਾ ਦਾ ਸਰੂਪ ਹੀ ਗੁਰੂ ਕੇ ਸਿੰਘ ਦੀ ਨਿਵੇਕਲੀ ਪਛਾਣ ਹੈ ਖ਼ਾਸ ਕਰਕੇ ਆਪਣੇ ਕਾਤਲਾਂ ਦੇ ਸਾਹਵੇਂ ਇਸ ਅਦੁੱਤੀ ਰੌ ਵਿਚ ਖਲੋਣਾ ਅਤੇ ਵੰਗਾਰਨਾ-

"ਹਾਥੀ ਮਸਤ ਜਿਉਂ ਮਸਤ ਮਸਤਾਨੜੇ ਥੇ,
ਬਹੁਤ ਖ਼ੂਬਸੂਰਤ ਉੱਚੇ ਜੁਆਨ ਸੋਹਣੇ।
ਸਾਹਿਬ ਦੇਖਦੇ ਸਾਰ ਪੈ ਗਿਆ ਰੌਲਾ,
ਬੋਹੜਾਂ ਮਾਰਦੇ ਸਿੰਘ ਬਲਵਾਨ ਸੋਹਣੇ।
ਭਾਰੇ ਬਹੁਤ ਨਾਹਰੇ ਮਾਰੇ ਖਾਲਸੇ ਨੇ,
ਉਨ੍ਹੇ ਗੂੰਜ ਥੇ ਜ਼ਿਮੀਂ ਅਸਮਾਨ ਸੋਹਣੇ।
ਕੰਨ ਪਾਈ ਨਾ ਸੁਣੇ ਹਰਨਾਮ ਸਿੰਘਾ,
ਖੁਸ਼ੀਆਂ ਮੌਤ ਦੀਆਂ ਸਿੰਘ ਮਨਾਣ ਸੋਹਣੇ।" (...ਉਹੀ, ਸਫਾ ੪੯)

ਸੰਤ ਸਿੰਘਾਂ ਦੇ ਪਹਿਲੇ ਪੂਰ ਨੂੰ, ਜਦੋਂ ਸੈਂਰਾਂ ਹੀ ਤੋਪਾਂ ਅੱਗੇ ਖਲਿਹਾਰਿਆ ਗਿਆ ਤਾਂ ਸ਼ਹੀਦੀ ਜਥੇ ਦੇ ਦੋਵੇਂ ਜਥੇਦਾਰ ਹੀਰਾ ਸਿੰਘ ਲਹਿਣਾ ਸਿੰਘ ਵੀ ਇਸ ਵਿਚ ਸ਼ਾਮਲ ਸਨ। ਇਹ ੧੭ ਜਨਵਰੀ ੧੮੭੨ ਦਾ ਦਿਨ ਸੀ। ਇਸ ਦਿਨ ੪੯ ਸਿੰਘ ਤੋਪਾਂ ਨਾਲ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ ਕਾਵਨ ਦੇ ਹੁਕਮ ਨਾਲ ਉਡਾਏ ਗਏ। ਪਹਿਲਾ ਜਥਾ ਅਤੇ ਉਸਦੇ ਆਗੂਆਂ ਦੀ ਚੜ੍ਹਤ ਨੂੰ ਵੀ ਭਾਈ ਜੀ ਬੀਰ-ਰਸ ਵਿਚ ਗੜੂੰਦ ਹੋਕੇ ਬਿਆਨਦੇ ਹਨ-

"ਲਹਿਣਾ ਸਿੰਘ ਹੀਰਾ ਸਿੰਘ ਬੀਰ ਬਾਂਕੇ,
ਦੋਨੋਂ ਤੋਪ ਅੱਗੇ ਛਾਤੀ ਤਾਣ ਖੜ੍ਹ ਗਏ।
ਨਾਲੇ ਹੁਕਮ ਦਿੱਤਾ ਚੱਲ ਚੰਡੀਏ ਨੀ,
ਫਤੇ ਬੋਲ ਕੇ ਬੀਰ ਬਲਵਾਨ ਖੜ੍ਹ ਗਏ।
ਹੋਇਆ ਫੇਰ ਸ਼ਹੀਦ ਸਰਦਾਰ ਹੋਏ,
ਲੈਕੇ ਦੇਵਤੇ ਫੁੱਲ ਅਸਮਾਨ ਖੜ੍ਹ ਗਏ।
ਏਵੇਂ ਕਿਵੇਂ ਨੂੰ ਸਮਝ ਹਰਨਾਮ ਸਿੰਘਾ,
ਖ਼ੁਸ਼ੀਆਂ ਨਾਲ ਤਮਾਮ ਜਵਾਨ ਖੜ੍ਹ ਗਏ।"

ਅਗਲੇ ਦਿਨ ੧੬ ਸਿੰਘ ਫਿਰ ਤੋਪ ਨਾਲ ਉਡਾਏ ਗਏ। ਇਸ ਦਿਨ ਅੰਬਾਲੇ ਤੋਂ ਕਮਿਸ਼ਨਰ ਫੋਰਸਿੱਥ ਵੀ ਆ ਗਿਆ ਸੀ। ਪਹਿਲੇ ਦਿਨ ਭਾਈ ਬਿਸ਼ਨ ਸਿੰਘ ਰੜ ਪਿੰਡ ਵਾਲੇ ਭੁਜੰਗੀ ਨੂੰ ਕਾਵਨ ਦੀ ਦਾੜ੍ਹੀ ਫੜਨ ਕਰਕੇ ਤਲਵਾਰ

Sri Satguru Jagjit Singh Ji eLibrary NamdhariElibrary@gmail.com

ਨਾਲ ਟੋਟੇ ਟੋਟੇ ਕਰਕੇ ਸ਼ਹੀਦ ਕੀਤਾ ਗਿਆ, ਕਿਉਂਕਿ ਉਸਨੂੰ ਬੱਚਾ ਜਾਣਕੇ ਕਾਵਨ ਮਾਫ਼ੀ ਮੰਗਕੇ ਛੁੱਟਣ ਦੀ ਪ੍ਰੇਰਨਾ ਦੇ ਰਿਹਾ ਸੀ।

੧੮ ਜਨਵਰੀ ਦੀ ਦੇਰ ਰਾਤ ਨੂੰ ਹੀ ਸ੍ਰੀ ਭੈਣੀ ਸਾਹਿਬ ਤੋਂ ਪੁਲੀਸ ਕਰਮਚਾਰੀ "ਵੱਡਾ ਗੋਰਾ ਯਾਦ ਕਰਦਾ ਹੈ" ਦੇ ਬਹਾਨੇ ਸ੍ਰੀ ਸਤਿਗੁਰੂ ਜੀ ਤੇ ਕੁਝ ਸੂਬਿਆਂ ਤੇ ਸੇਵਕ ਭਾਈ ਨਾਨੂੰ ਸਿੰਘ ਨੂੰ ਲੁਧਿਆਣੇ ਲੈ ਕੇ ਤੁਰਨ ਲੱਗੇ। ਇਸ ਪਰਦੇਸ ਗਮਨ ਸਾਕੇ ਦਾ ਹਾਲ ਲਿਖਦਿਆਂ ਭਾਈ ਹਰਨਾਮ ਸਿੰਘ ਦੀ ਕਲਮ ਖ਼ੂਨ ਦੇ ਅੱਥਰੂ ਰੋ ਰਹੀ ਸੀ। ਇਹ ਦਰਦ ਵਿਛੋੜੇ ਦਾ ਸੱਲ ਜਿਵੇਂ ਨਾਮਧਾਰੀ ਸੰਗਤਾਂ ਨੇ ਹੰਢਾਇਆ ਹੈ, ਉਸਨੂੰ ਕੋਈ ਬਿਰਹੁੰ ਕੁੱਠਾ ਹਿਰਦਾ ਹੀ ਮਹਿਸੂਸ ਕਰ ਸਕਦਾ ਹੈ। ਕਰਾਲੀ ਵਾਲੇ ਦੇ ਕਿੱਸੇ ਦੇ ਇਸ ਹਿੱਸੇ ਦਾ ਪਾਠ ਅੱਥਰੂਆਂ ਦੀ ਵਾਦੀ ਵਿਚੋਂ ਗੁਜ਼ਰੇ ਬਿਨਾਂ ਸੰਪੂਰਨ ਨਹੀਂ ਹੋ ਸਕਦਾ। ਮੇਰੀ ਬੇਨਤੀ ਹੈ ਕਿ ਸਾਡੇ ਸਿਰਮੌਰ ਕਵੀ ਦੀ ਕਵਿਤਾ ਨੂੰ ਸਾਧਾਰਨ ਪੱਧਰ ਦੀ ਕਵਿਤਾ ਕਹਿਣ ਵਾਲੇ ਵਿਦਵਾਨ ਸੱਜਣ, ਕੇਵਲ ਇਸ ਹਿੱਸੇ ਦਾ ਹੀ ਇਕ ਵੇਰ ਰਤਾ ਪਾਠ ਕਰਕੇ ਵੇਖਣ ਅਤੇ ਫਿਰ ਆਪਣੀ ਰਾਇ ਨੂੰ ਦੁਬਾਰਾ ਸੋਧ ਲੈਣ। ਹਾਂ ਤੇ ਭਾਈ ਹਰਨਾਮ ਸਿੰਘ ਜੀ ਲਿਖਦੇ ਹਨ-

"ਏਹ ਤਾਂ ਹਾਲ ਸੁਣ ਚੁੱਕੇ ਕੋਟਲੇ ਦਾ,
ਭੈਣੀ ਸਾਹਿਬ ਦਾ ਭੀ ਸਮਾਚਾਰ ਸੁਣ ਲੈਂ।
ਰਾਮ ਸਿੰਘ ਸਤਿਗੁਰ ਵੰਨੀਂ ਅਫ਼ਸਰਾਂ ਦੀ,
ਨਿਰ੍ਹਾ ਗਰਮ ਹੋਸੀ ਖ਼ਿਆਲ ਧਾਰ ਸੁਣ ਲੈਂ।

... ...

ਬੇਕਸੂਰ ਮਹਾਰਾਜ ਥੇ ਓਸ ਵੇਲੇ,
ਕੀਤਾ ਨਹੀਂ ਇਨਸਾਫ਼ ਸਰਕਾਰ ਸੁਣ ਲੈਂ।
ਸੱਦਣ ਲੀਏ ਮਹਾਰਾਜ ਨੂੰ ਲੁਧਿਆਣੇ,
ਹੁਕਮ ਭੇਜ ਤਾ ਤੇਜ਼ ਤਰਾਰ ਸੁਣ ਲੈਂ।

... ...

ਖੀਨ ਖ਼ਾਬ ਜ਼ਰੀਆਂ ਵਾਲੇ ਬਾਦਸ਼ਾਹੀ,
ਚੋਗੇ ਮਖ਼ਮਲੀ ਦੀਏ ਉਤਾਰ ਸੁਣ ਲੈਂ।
ਆਸਣ ਬੈਠ੍ਹ ਕੇ ਸੀਸ ਤੇ ਜਿਸਮ ਉੱਤੇ,
ਖੁੱਦਲ ਕੰਬਲੀ ਦੀ ਲਈ ਮਾਰ ਸੁਣ ਲੈਂ।
ਛੋੜ ਗਏ ਕੋਤਲ ਘੋੜੇ ਖੜ੍ਹੇ ਸਤਿਗੁਰ,
ਗੱਡੇ ਉੱਤੇ ਹੋ ਗਏ ਅਸਵਾਰ ਸੁਣ ਲੈਂ।
ਚੱਲੇ ਚੱਲੇ ਗਾਜੇ ਜੰਗੀ ਜੰਗਲਾਂ ਨੂੰ,
ਦੱਸਦੇ ਛੋੜਕੇ ਸ਼ਹਿਰ ਬਾਜ਼ਾਰ ਸੁਣ ਲੈਂ।
ਚਲੇ ਵਿਛੁੜ ਜਦੋਂ ਸਤਿਗੁਰ ਸੰਗਤਾਂ ਤੋਂ,
ਸਿੰਘ ਰੋਣ ਲੱਗੇ ਭੁੱਬਾਂ ਮਾਰ ਸੁਣ ਲੈਂ।
ਏਹ ਅਖ਼ੀਰ ਦੇ ਬਚਨ ਹਰਨਾਮ ਸਿੰਘਾ,
ਕਿਹਾ ਸੰਗਤਾਂ ਨੂੰ ਜਾਂਦੀ ਵਾਰ ਸੁਣ ਲੈਂ।" (...ਉਹੀ, ਸਫ਼ਾ ੫੨)

ਕਵੀ ਆਪਣੀ ਘਰੇਗੀ ਗਵਾਹੀ ਨਾਲ ਦੱਸਦਾ ਹੈ ਕਿ ਸਤਿਗੁਰੂ ਜੀ ਦੇ ਵਿਛੋੜੇ ਦਾ ਅਸਰ ਕਿੰਨਾ ਮਾਰੂ ਸੀ। ਕੂਕਿਆਂ ਨੇ ਦੁਨਿਆਵੀ ਕਾਰ ਵਿਹਾਰ ਅਤੇ ਗ੍ਰਿਹਸਤ ਦੇ ਜੰਜਾਲ ਵੀ ਛੱਡ ਦਿੱਤੇ ਸਨ। ਕਿੰਨੇ ਐਸੇ ਪ੍ਰੇਮੀ ਸਨ ਜੋ ਫਿਰ

Sri Satguru Jagjit Singh Ji eLibrary NamdhariElibrary@gmail.com

ਮੰਜੇ 'ਤੇ ਨਹੀਂ ਸੁੱਤੇ, ਕੇਸਾਂ ਨੂੰ ਥਿਦਾ ਨਹੀਂ ਲਾਇਆ। ਸ਼ਾਇਦ ਉਹ ਆਪਣੇ ਤੇ ਪੰਜਾਬੀ ਗੀਤ ਦੀਆਂ ਇਹਨਾਂ ਤੁਕਾਂ ਨੂੰ ਢੁਕਾ ਕੇ ਵੇਖ ਰਹੇ ਸਨ-

"ਅੰਗਣੇ 'ਚ ਬੈਠੀ ਮੈਂ ਨਾ ਏਸ ਲਈ ਜਗਾਈ ਏ,
ਮੇਰੇ ਪਰਦੇਸੀਆਂ ਨੂੰ ਰਾਤ ਕਿੱਥੇ ਆਈ ਏ?"

ਕੂਕੇ ਕਹਿੰਦੇ ਸਨ ਰਾਮ ਜੀ ਤਰੇਤੇ ਜੁੱਗ ਵਿਚ ਤੇ ਤੁਹਾਡਾ ਚੌਦਾਂ ਸਾਲਾਂ ਦਾ ਬਨਵਾਸ ਸੀ ਉਹ ਤੇ ਇਕ ਇਕ ਦਿਨ ਗਿਣ ਕੇ ਕੱਟਿਆ ਗਿਆ ਸੀ। ਹੁਣ ਕੋਈ ਨਿਸ਼ਚਿਤ ਸਮਾਂ ਸੀਮਾ ਨਹੀਂ। ਇਹਨਾਂ ਹਾਲਾਤ ਦਾ ਵਰਣਨ ਇਸ ਹਿਰਦੇ ਸਪਰਸ਼ੀ ਬੈਂਤ ਵਿਚ ਬਾਖ਼ੂਬੀ ਕੀਤਾ ਗਿਆ ਹੈ-

"ਮਰ ਗਏ ਬਹੁਤ ਪ੍ਰੇਮੀ ਬੈਰ ਹੋਏ ਕਮਲੇ,
ਵਿੱਛੜ ਗਏ ਥੇ ਦੀਨ ਦਿਆਲ ਜਦੋਂ।
ਕਈ ਹੱਸਣੋਂ ਬੋਲਣੋਂ ਬੰਦ ਹੋ ਗਏ,
ਅੱਗ ਬਿਰਹੋਂ ਦੀ ਨੇ ਦਿੱਤੇ ਜਾਲ ਜਦੋਂ।
ਕਈ ਛੱਡ ਘਰ ਬਾਰ ਨੂੰ ਭੱਜ ਨੱਠੇ,
ਹੋਏ ਹਾਲ ਤੇ ਕਈ ਬੇਹਾਲ ਜਦੋਂ।
ਕਈ ਭਜਨ ਕਰਦੇ ਬਾਤ ਨਹੀਂ ਕਰਦੇ,
ਕਈ ਸ਼ਬਦ ਪੜ੍ਹਦੇ ਸੁਰਾਂ ਨਾਲ ਜਦੋਂ।
ਕਈ ਨੌਜੁਆਨਾਂ ਮਾਈਆਂ ਬੀਬੀਆਂ ਨੇ,
ਦਿੱਤਾ ਪ੍ਰੇਮ ਵਿਛੋੜੇ ਦਾ ਪਾਲ ਜਦੋਂ।
ਸ਼ੀਸ਼ਾ ਦੇਖਿਆ ਨਾ ਬਾਹੇ ਕੇਸ ਲੰਮੇ,
ਜਟਾਂ ਕਰ ਲਏ ਸਿਰਾਂ ਦੇ ਵਾਲ ਜਦੋਂ।
ਸਤਿਗੁਰ ਵਿਛੜਿਆ ਤੇ ਮਾਤਾ ਪਿਤਾ ਜੀ ਨੇ,
ਤਿਆਗੇ ਗ੍ਰਿਹਸਤ ਦੇ ਕੁੱਲ ਜੰਜਾਲ ਜਦੋਂ।
ਦਿਨ ਕੱਟਦੇ ਰਹੇ ਵਿਯੋਗ ਅੰਦਰ,
ਖੁਸ਼ੀ ਨਾ ਮਨਾਈ ਕਈ ਸਾਲ ਜਦੋਂ।
ਓਹ ਵਿਛੋੜੇ ਦੇ ਜ਼ਖ਼ਮ ਹਰਨਾਮ ਸਿੰਘਾ,
ਭਰ ਦੇਣਗੇ ਪੁਰਖ ਅਕਾਲ ਕਦੋਂ?" (...ਉਹੀ, ਸਫ਼ਾ ੫੩)

ਇਲਾਹਾਬਾਦ ਦੇ ਕਿਲੇ ਵਿਚ ਮੁਖੀ ਸੂਬਿਆਂ ਸਮੇਤ ਸਤਿਗੁਰੂ ਜੀ ਨੂੰ ਜਨਵਰੀ ੧੯੭੨ ਈ. ਦੇ ਦੂਜੇ ਪੱਖ ਵਿਚ ਪੁਚਾ ਦਿੱਤਾ ਗਿਆ ਸੀ। ਉਸ ਸਮੇਂ ਪੰਜਾਬ ਅਤੇ ਸਿੱਖ ਰਿਆਸਤਾਂ ਦੇ ਸਾਰੇ ਗਿਣੇ ਮਿੱਥੇ ਜਾਂਦੇ ਲੋਕਾਂ, ਰਾਜਿਆਂ, ਰਈਸਾਂ, ਮਹੰਤਾਂ, ਡੇਰੇਦਾਰਾਂ, ਪੁਜਾਰੀਆਂ ਨੇ ਸਤਿਗੁਰੂ ਜੀ ਦੇ ਵਿਰੁੱਧ ਸਰਕਾਰ ਨੂੰ ਲਿਖ ਦਿੱਤਾ ਕਿ ਇਹਨਾਂ ਦੀ ਮਨਸ਼ਾ ਤੁਹਾਡਾ ਰਾਜ ਲੈਣ ਦੀ ਹੈ। ਇਸ ਲਈ ਇਹਨਾਂ ਨੂੰ ਵਾਪਸ ਪੰਜਾਬ ਭੇਜਣਾ ਖ਼ਤਰੇ 'ਤੋਂ ਖ਼ਾਲੀ ਨਹੀਂ ਹੋਵੇਗਾ। ਭਾਈ ਹਰਨਾਮ ਸਿੰਘ ਪੰਜਾਬ ਦੇ ਇਹਨਾਂ ਕਹਿੰਦੇ ਕਹਾਉਂਦੇ ਲੋਕਾਂ ਦੀ ਅਲਪੱਗਤਾ ਦੀ ਇਉਂ ਖਿੱਲੀ ਉਡਾਉਂਦਾ ਹੈ-

"ਦੇਸ ਵਾਲਿਆਂ ਨੇ ਕੀਤਾ ਬਹੁਤ ਮਾੜਾ,
ਹੋਏ ਗੁਰਾਂ ਦੇ ਕੁੱਲ ਨੁਕਸਾਨ ਸਾਰੇ।
ਵੱਡੇ ਵੱਡੇ ਰਈਸ ਸਰਦਾਰ ਰਾਜੇ,
ਹਿੰਦੂ ਚੌਧਰੀ ਤੇ ਮੁਸਲਮਾਨ ਸਾਰੇ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ ਸ੍ਰੀ ਭੈਣੀ ਸਾਹਿਬ

ਸਾਧੂ ਸੰਤ ਮਹੰਤ ਪੁਜਾਰੀਆਂ ਨੇ,
ਝੂਠ ਬੋਲ ਕੇ ਲਾਏ ਤੂਫਾਨ ਸਾਰੇ।
... ...
ਬ੍ਰਹਮ ਬੂਟੇ ਦੇ ਜਿਹੜੇ ਮਹੰਤ ਸੀਗੇ,
ਚੰਗੇ ਥੇ ਸਾਧੂ ਪਰਮਵਾਨ ਸਾਰੇ।
ਦਸਖ਼ਤ ਨਹੀਂ ਕੀਤੇ ਉਨ੍ਹਾਂ ਮਿਸਲ ਉੱਤੇ,
ਲਾਉਂਦੇ ਰਹੇ ਅਫ਼ਸਰ ਆਪਣਾ ਤਾਣ ਸਾਰੇ।
ਸਾਰਾ ਦੇਸ਼ ਬਣਿਆ ਦੁਸ਼ਮਨ ਕੂਕਿਆਂ ਦਾ,
ਬਾਗੀ ਦੱਸ ਕੇ ਕਰਨ ਵੈਰਾਨ ਸਾਰੇ।
ਕੀਤਾ ਲੋਕਾਂ ਨੇ ਬੁਰਾ ਹਰਨਾਮ ਸਿੰਘਾ,
ਪੱਛੋਤਾਉਣਗੇ ਲੋਕ ਜਹਾਨ ਸਾਰੇ।" (...ਉਹੀ, ਸਫ਼ਾ ੫੫)

ਸਤਿਗੁਰੂ ਜੀ ਨੂੰ ਸੇਵਕ ਨਾਨੂੰ ਸਿੰਘ ਸਮੇਤ ੬ ਮਾਰਚ ੧੮੭੨ ਈ. ਨੂੰ ਬਰਮਾ ਦੇ ਸ਼ਹਿਰ ਰੰਗੂਨ ਵਿਚ ਨਜ਼ਰਬੰਦ ਕਰ ਦਿੱਤਾ। ਸੂਬਾ ਰੂੜ ਸਿੰਘ, ਮਲੂਕ ਸਿੰਘ, ਪਹਾੜਾ ਸਿੰਘ ਜੀ ਨੂੰ ਕਵੀ "ਕਾਲੇ ਪਾਣੀਆਂ ਤਿੰਨੇ ਪੁਚਾ ਦਿੱਤੇ" ਲਿਖਦਾ ਹੈ, ਜੋ ਦਰੁਸਤ ਨਹੀਂ। ਇਹਨਾਂ ਨੂੰ ਬੰਬਈ ਪ੍ਰੈਜ਼ੀਡੈਂਸੀ ਦੇ ਕਿਲ੍ਹਾ ਅਸੀਰਗੜ੍ਹ ਵਿਚ ਭੇਜਿਆ ਗਿਆ। ਸੂਬਾ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਜੀ ਨੂੰ ਮੋਲਮੀਨ ਲੋਇਰ ਬਰਮਾ ਵਿਚ ਰੱਖਿਆ ਗਿਆ। ਸੂਬਾ ਕਾਹਨ ਸਿੰਘ ਜੀ ਚੱਕ ਵਾਲੇ ਤੇ ਸੂਬਾ ਸਾਹਿਬ ਸਿੰਘ ਜੀ ਨੂੰ ਅਦਨ (ਅਰਬ) ਵਿਚ ਪੁਚਾਇਆ ਗਿਆ। ਸੂਬਾ ਮਾਨ ਸਿੰਘ ਅਤੇ ਹੁਕਮਾ ਸਿੰਘ ਜੀ ਨੂੰ ਇਥੇ ਇਲਾਹਾਬਾਦ ਹੀ ਚੁਨਾਰ ਦੇ ਕਿਲੇ ਵਿਚ ਕੈਦ ਕੀਤਾ। ਸਰਦਾਰ ਮੰਗਲ ਸਿੰਘ ਵੀ ਇਲਾਹਾਬਾਦ ਤੋਂ ਹੀ ਵਾਪਸ ਦੇਸ਼ ਭੇਜ ਦਿੱਤਾ ਗਿਆ ਸੀ। ਲੁਧਿਆਣੇ, ਐਂਗਲੋ ਇੰਡੀਅਨ ਪੁਲਸ ਕਪਤਾਨ ਵਾਰਬਰਟਨ, ਪੂਰੇ ੨੧ ਵਰ੍ਹੇ ਕੂਕਿਆਂ ਨੂੰ ਦਬਾਈ ਰੱਖਣ ਲਈ ਅੰਗਰੇਜ਼ ਸਰਕਾਰ ਨੇ ਲਾਈ ਰੱਖਿਆ ਸੀ। ਉਸ ਦੀ ਘਰ ਵਾਲੀ ਨੇਕ ਦਿਲ ਔਰਤ ਸੀ। ਇਹ ਕਿੱਸੇ ਦੀਆਂ ਨਾਟਕੀ ਜੁਗਤਾਂ ਵਿਚ ਵੀ ਵਰਤਿਆ ਜਾਂਦਾ ਹੈ। ਇਕ ਕਰੂਰ ਪਾਤਰ ਦੇ ਮੁਕਾਬਲੇ ਉਸ ਦੇ ਪਰਿਵਾਰ ਦਾ ਹੀ ਕੋਈ ਦਿਆਲੂ ਜੀਅ ਆ ਖਲੋਂਦਾ ਹੈ। ਇਸ ਮੇਮ ਤੋਂ ਹੀ ਰਾਇਪੁਰੀਏ ਬਾਬਾ ਦਰਬਾਰਾ ਸਿੰਘ ਗਰੇਵਾਲ ਨੂੰ ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਸੂਹ ਕਾਫ਼ੀ ਚਿਰ ਬਾਦ ਲੱਗੀ ਅਤੇ ਇਹ ਬਾਬਾ ਜੀ ਹੀ ਫਿਰ ਪਹਿਲੋਂ ਪਹਿਲ ਦਰਸ਼ਨ ਕਰਕੇ ਅਤੇ ਗੁਰੂ ਹਰੀ ਸਿੰਘ ਜੀ ਨੂੰ (ਪਹਿਲੋਂ ਆਪ ਦੇ ਛੋਟੇ ਭਾਈ ਬੁੱਧ ਸਿੰਘ) ਕੂਕਾ ਪੰਥ ਫੁਲਵਾੜੀ ਦਾ ਮਾਲੀ ਨੀਅਤ ਕਰਨ ਦਾ ਹੁਕਮਨਾਮਾ ਜਾਂ ਸੰਦੇਸ਼ ਲੈ ਕੇ ਆਏ। ਸਤਿਗੁਰੂ ਜੀ ਬਾਬੇ ਦਰਬਾਰਾ ਸਿੰਘ ਤੋਂ ਪੁੱਛਦੇ ਹਨ-

"ਪੁੱਥਲ ਵਤਨ ਦਾ ਫੇਰ ਕੀ ਹਾਲ ਹੋਇਆ,
ਜਦੋਂ ਦੇਸ ਪਾਸੋਂ ਅਸੀਂ ਦੂਰ ਹੋਏ।
ਭਵਜਲ ਗੁਜ਼ਰਿਆ ਕਿਸ ਤਰ੍ਹਾਂ ਸੰਗਤਾਂ ਤੇ,
ਕੀ ਕੀ ਅਸਾਂ ਦੇ ਬਾਦ ਫਤੂਰ ਹੋਏ।
ਸਾਡੇ ਵਿਛੜਿਆਂ ਤੋਂ ਪਿੱਛੋਂ ਅਸੀਂ ਸੁਣਿਆਂ,
ਬੇਕਸੂਰਾਂ ਤੇ ਜ਼ੁਲਮ ਜ਼ਰੂਰ ਹੋਏ।
ਸਾਰੇ ਦੱਸ ਤੂੰ ਹਾਲ ਹਰਨਾਮ ਸਿੰਘਾ,
ਜਿਹਲੀਂ ਕਿਸ ਤਰ੍ਹਾਂ ਬਿਨਾਂ ਕਸੂਰ ਹੋਏ। (...ਉਹੀ, ਸਫ਼ਾ ੫੭)

ਇਸ "ਦਰਦ ਵਿਛੋੜੇ ਦੇ ਦੁਖਦੇ ਫੋੜੇ" ਨੂੰ ਬਾਬਾ ਦਰਬਾਰਾ ਸਿੰਘ ਇਸ ਤਰ੍ਹਾਂ ਹੌਲੀ ਹੌਲੀ ਫੋਲਦੇ ਹਨ-

Sri Satguru Jagjit Singh Ji eLibrary NamdhariElibrary@gmail.com

"ਤੇਰੇ ਨਾਲ ਵਿਛੜੇ ਦੇ ਸਿਘ ਸਿਦਕੀ,
ਦਿਨ ਰਾਤ ਰੋਂਦੇ ਭੁੱਬਾਂ ਮਾਰ ਦੂਲੇ।
ਕਈ ਹੋ ਬਉਰੇ ਭੱਜੇ ਜੰਗਲਾਂ ਨੂੰ,
ਜਿੱਤੇ ਛੱਡ ਵੱਸਦੇ ਘਰ ਬਾਰ ਦੂਲੇ।
ਕਈ ਮਸਤ ਮਸਤਾਨੜੇ ਕੂਕਦੇ ਸੀ,
ਤੇਰਾ ਨਾਮ ਲੈ ਲੈ ਹੂੰਕੇ ਮਾਰ ਦੂਲੇ।
ਰੋਟੀ ਖਾਧੀ ਨਾ ਰੱਜ ਕੇ ਕੂਕਿਆਂ ਨੇ,
ਨਾ ਕੋਈ ਖ਼ੁਸ਼ੀ ਦੇ ਕਰੇ ਵਿਹਾਰ ਦੂਲੇ।
ਬੁੱਧ ਸਿੰਘ, ਮਹਾਰਾਜ ਜੀ ਵੀਰ ਤੇਰਾ,
ਗ਼ਮੀਆਂ ਸੋਗਾਂ ਦਾ ਹੋਇਆ ਸ਼ਿਕਾਰ ਦੂਲੇ।
ਭੁੱਖ ਨੀਂਦ ਤਿਆਗੀ ਬਗਲੀ ਵਾਲਿਆਂ ਨੇ,
ਖਾ ਕੇ ਪ੍ਰੇਮ ਵਿਛੋੜੇ ਦੀ ਮਾਰ ਦੂਲੇ।
ਭੈਣੀ ਸਾਹਿਬ ਨੂੰ ਲੁੱਟ ਲਿਆ ਜ਼ਾਲਮਾਂ ਨੇ,
ਚੀਜ਼ਾਂ ਲੈ ਗਏ ਬਿਨਾਂ ਸ਼ੁਮਾਰ ਦੂਲੇ।
ਪਕੜੀ ਪਾਣੀ ਹਾਂਡੇ ਪੱਟੀ ਫੌਜੀਆਂ ਨੇ,
ਨਿਕਲਿਆ ਨਹੀਂ ਥਾ ਕੋਈ ਹਥਿਆਰ ਦੂਲੇ।
ਚੌਕੀ ਪੁਲਸ ਦੀ ਇਕ ਬਿਠਾਲ ਦਿੱਤੀ,
ਹੋਈਆਂ ਸੰਗਤਾਂ ਬਹੁਤ ਲਾਚਾਰ ਦੂਲੇ।
ਬੇਕਸੂਰਾਂ ਨੂੰ ਪਕੜ ਕੇ ਕੈਦ ਕਰਦੇ,
ਕੂਕੇ ਪੰਥ ਨੂੰ ਕਰਨ ਖ਼ਵਾਰ ਦੂਲੇ।
ਬ੍ਰਿਟਿਸ਼ ਰਾਜ ਨੇ ਆਪਦੇ ਪੰਥ ਉੱਤੇ,
ਕੀਤੇ ਬੜੇ ਭਾਰੀ ਅਤਿਆਚਾਰ ਦੂਲੇ।
ਭੋਗ ਪਾਠ ਗ਼ਮੀਆਂ ਖ਼ੁਸ਼ੀਆਂ ਵਿਚ ਕਿਧਰੇ,
ਕੂਕੇ ਹੋਣ ਨਾ ਕੱਠੇ ਵੀ ਚਾਰ ਦੂਲੇ।
ਦਾਣਾ ਘਾਸ ਤਿਆਗ ਤਾ ਡੰਗਰਾਂ ਨੇ,
ਤੈਨੂੰ ਯਾਦ ਕਰਦੇ ਵਾਰ ਵਾਰ ਦੂਲੇ।
ਗਾਇ ਮੱਝੀਆਂ ਰਿੰਗਦੀਆਂ ਤੋਰੀਆਂ ਨੇ,
ਕਹਿੰਦੀਆਂ ਗਏ ਕਿਧਰ ਸਿਰਜਨਹਾਰ ਦੂਲੇ।
ਭੈਣੀ ਸਾਹਿਬ ਦੀ ਜੂਹ ਦੇ ਪਸ਼ੂ ਪੰਛੀ,
ਕਰਨਾ ਚਾਹੁੰਦੇ ਤੇਰਾ ਦੀਦਾਰ ਦੂਲੇ।
ਤੇਰੀ "ਚੀਨੀ" ਨਾ ਕਿਸੇ ਦੇ ਹੱਥ ਆਈ,
ਭੱਜ ਗਈ ਕਿਧਰੇ ਛਾਲਾਂ ਮਾਰ ਦੂਲੇ।
ਭੈਣੀ ਸਾਹਿਬ ਦੀਆਂ ਜੂਹਾਂ ਵਿੱਚ ਰੋਂਦੀ,
ਮਰ ਗਈ "ਚੀਨੀ" ਆਖ਼ਰਕਾਰ ਦੂਲੇ।

Sri Satguru Jagjit Singh Ji eLibrary NamdhariElibrary@gmail.com

ਭੈਣੀ ਸਾਹਿਬ ਦੀਆਂ ਮਾਈਆਂ ਬੀਬੀਆਂ ਨੇ,
ਕੀਤੇ ਕਦੇ ਨਾ ਹਾਰ ਸ਼ਿੰਗਾਰ ਫੂਲੇ।
ਜਦਾਂ ਕਰ ਲਏ ਕੈਦ ਹਰਨਾਮ ਸਿੰਘਾ,
ਖੁਸ਼ੀਆਂ ਚਿੰਤੀਆਂ ਭੁੱਲ ਵਿਸਾਰ ਛੂਲੇ। (...ਉਹੀ ਸਵਾ ੫੭-੫੮)

ਇਸ ਤੋਂ ਬਾਅਦ ਪ੍ਰੇਮ ਦੀਵਾਨਿਆਂ ਨੇ ਬਰਮਾ ਨੂੰ ਧਾਈਆਂ ਕਰ ਦਿੱਤੀਆਂ। ਭਾਵੇਂ ਸਤਿਗੁਰੂ ਜੀ ਸਿੱਖਾਂ ਨੂੰ, ਵਧੂੰ ਛਿਮਾਹੀ ਬਾਦ ਇਕ ਅੱਧਾ ਜਣਾ ਆਏ, ਕਹਿੰਦੇ ਸਨ, ਕਿਉਂਕਿ ਨਿਗਰਾਨੀ ਕਰੜੀ ਸੀ। ਸਾਹਵੇਂ ਬਹਿ ਕੇ ਬਚਨ ਬਿਲਾਸ ਹੁੰਦਾ ਨਹੀਂ ਸੀ। ਇਸ਼ਾਰੇ ਨਾਲ ਗੱਲਬਾਤ ਹੁੰਦੀ ਜਾਂ ਕਿਸੇ ਕਿਸੇ ਨੂੰ ਹੁਕਮਨਾਮਾ ਹਾਸਲ ਕਰਨ ਜਾਂ ਆਪਣੀ ਚਿੱਠੀ ਉਹਨਾਂ ਪਾਸ ਭੇਜਣ ਦਾ ਸਰਫ਼ ਹਾਸਲ ਹੁੰਦਾ ਸੀ। ਸਿੱਖਾਂ ਨੂੰ ਹੋਣ ਵਾਲੀਆਂ ਸੰਬੰਧੀ ਤਕਲੀਫ਼ਾਂ ਤੋਂ ਵੀ ਸਤਿਗੁਰੂ ਜੀ ਸੁਚੇਤ ਸਨ, ਪਰ ਫਿਰ ਵੀ ਬੜੇ ਕਸ਼ਟ ਝੱਲ ਕੇ, ਛੱਲੀ ਪੂਣੀ ਵੇਚ ਕੇ, ਜ਼ਮੀਨ ਵੇਚਕੇ ਜਾਂ ਗਹਿਣੇ ਪਾ ਕੇ, ਇਥੋਂ ਤੱਕ ਕਿ ਲੋਕਾਂ ਤੋਂ ਕਿਰਾਇਆ ਮੰਗ ਪਿੰਨ ਕੇ ਵੀ, ਗੁਰੂ ਕੇ ਸਿੱਖ ਖਾਰੇ ਸਮੁੰਦ ਸਾਗਰ ਨੂੰ ਲੰਘ ਕੇ ਆਪਣੇ ਪਿਆਰੇ ਸਤਿਗੁਰੂ ਦੀ ਇਕ ਝਲਕ ਮਾਤਰ ਲੈਣ ਲਈ ਉੱਥੇ ਪਹੁੰਚੇ। ਸਤਿਗੁਰੂ ਜੀ ਲਿਖਦੇ ਸਨ ਕਿ ਮੇਰੇ ਸਰੀਰ ਦਾ ਕਾਲ ਵਰਗਾ ਭੈਅ ਪ੍ਰਮੇਸ਼ਰ ਨੇ ਇਹਨਾਂ (ਗੋਰਿਆਂ) ਨੂੰ ਪਾ ਛੱਡਿਆ ਹੈ। ਇਸ ਲਈ ਉਹ ਸਤਿਗੁਰੂ ਜੀ ਨਾਲੋਂ ਪੰਜਾਬ ਦੀ ਸੰਗਤ ਦਾ ਕੋਈ ਵੀ ਸੰਪਰਕ ਬਣਦਾ ਵੇਖ ਕੇ ਪ੍ਰੇਸ਼ਾਨ ਹੋ ਜਾਂਦੇ ਸਨ। ਆਉਣ ਜਾਣ ਵਾਲੇ, ਹੁਕਮਨਾਮੇ ਲੈ ਕੇ ਫਿਰਨ ਵਾਲੇ ਸਿੱਖਾਂ ਤੇ ਸਖਤੀਆਂ ਹੁੰਦੀਆਂ ਸਨ। ਪਰ ਕੀ ਇਹਨਾਂ ਸਾਰੀਆਂ ਤੰਗੀਆਂ ਤੇ ਮੁਸੀਬਤਾਂ ਦੇ ਸਾਹਵੇਂ ਕੂਕਿਆਂ ਨੇ ਹਾਰ ਮੰਨ ਲਈ ? ਨਹੀਂ, ਉੱਕਾ ਨਹੀਂ। ਜਦੋਂ ਰੰਗੂਨ ਤੋਂ ਸਤਿਗੁਰੂ ਜੀ ਨੂੰ ਹੋਰ ਅੱਗੇ ਮਰਗੋਈ ਟਾਪੂ ਵਿਖੇ ਪੁਚਾਇਆ ਗਿਆ, ਜਿਥੇ ਦੋ ਹਫ਼ਤੇ ਬਾਦ ਹੀ ਇਕ ਸਟੀਮਰ ਪੁੱਜਦਾ ਸੀ, ਤਾਂ ਸ਼ਾਮ ਸਿੰਘ ਸਿਰਹਾਲੀ ਵਾਲੇ ਦਾ ਸਾਰਿਆਂ ਤੋਂ ਛੋਟਾ ਪੁੱਤਰ ਮੀਹਾਂ ਸਿੰਘ ਉੱਥੇ ਪੁੱਜ ਕੇ ਨਾ ਸਿਰਫ਼ ਸਤਿਗੁਰਾਂ ਨੂੰ ਟੋਲਣ ਵਿਚ ਹੀ ਸਫਲ ਹੋਇਆ ਸਗੋਂ ਜ਼ਰੂਰੀ ਕਾਗਜ਼ ਪੱਤਰ ਕੂਸ ਸਰਕਾਰ ਵਾਲੇ ਦੇਣ ਲਈ, ਸਿਰ ਤਲੀ 'ਤੇ ਧਰ ਕੇ ਜੰਗਲਾਂ ਅਤੇ ਚੌੜੀ ਪਾਣੀ ਦੀ ਗਲੀ ਖਾਈ ਟੱਪ ਕੇ, ਸਤਿਗੁਰੂ ਜੀ ਦੀ ਬੁੱਕਲ ਦਾ ਨਿੱਘ ਰਾਤ ਭਰ ਮਾਨਣ ਵਿਚ ਸਫਲ ਹੋਇਆ। ਸਾਡਾ ਕਵੀ ਤੁਕ ਮਾਤਰ ਇਹਨਾਂ ਸਾਰੇ ਵਾਕਿਆਤ ਨੂੰ ਦਰਜ ਕਰਕੇ ਕੌਮੀ ਰਿਣ ਚੁਕਾਉਂਦਾ ਹੈ-

"ਕਈ ਸਿੰਘ ਸਿਦਕੀ ਬਰਮਾ ਮੁਲਕ ਜਾਕੇ,
ਮਿਲੇ ਗੁਰਾਂ ਨੂੰ ਕਸ਼ਟ ਉਠਾ ਉਥੇ।
ਦੁੱਖ ਝੱਲ ਕੇ ਚੀਰ ਕੇ ਸਾਗਰਾਂ ਨੂੰ,
ਤਨ ਮਨ ਤੇ ਧਨ ਲਗਾ ਉਥੇ।
ਧਰਕੇ ਤਲੀ 'ਤੇ ਸੀਸ ਨੂੰ ਜਾ ਮਿਲਦੇ,
ਸੱਚੇ ਇਸ਼ਕ ਦੀਆਂ ਬਾਜੀਆਂ ਲਾ ਉਥੇ।
ਖੁਫ਼ੀਆ ਪੁਲਸ ਨੇ ਪਾਇਕੇ ਭੇਤ ਸਾਰਾ,
ਗੌਰਮਿੰਟ ਨੂੰ ਦੀਆ ਬਤਾ ਉਥੇ।
ਟੋਲ ਲਏ ਸਤਿਗੁਰ ਓਸੇ ਦੇਸ਼ ਵਿਚੋਂ,
ਮੀਹਾਂ ਸਿੰਘ ਨੇ ਢੂੰਡ ਢੂੰਡਾ ਉਥੇ।
ਕੰਧਾਂ ਜੰਗਲੇ ਟੱਪ ਕੇ ਜਾ ਮਿਲਿਆ,
ਸਿਰ ਤਲੀ 'ਤੇ ਲਿਆ ਟਿਕਾ ਉਥੇ।
ਮਿਲਦੇ ਹੋਰ ਭੀ ਰਹੇ ਹਰਨਾਮ ਸਿੰਘਾ,
ਪ੍ਰੇਮੀ ਮੌਤ ਨੂੰ ਜੱਫੀਆਂ ਪਾ ਉਥੇ।" (...ਉਹੀ ਸਵਾ ੫੩)

Sri Satguru Jagjit Singh Ji eLibrary NamdhariElibrary@gmail.com

ਭਾਈ ਨਿਰੰਜਨ ਸਿੰਘ "ਮਿਰਗੇਸ਼" ਦੀ ਰਚਨਾ ਵੀ ਇਸੇ ਵਿਚਾਰ ਦੀ ਪੁਸ਼ਟੀ ਕਰਦੀ ਹੈ ਜੋ ਉਹਨਾਂ ਦੀ "ਰਾਮ ਦੀ ਭਾਲ" ਨਾਂ ਦੀ ਲੰਮੀ ਕਵਿਤਾ ਦੀਆਂ ਅੰਤਿਮ ਸਤਰਾਂ ਹਨ-

"ਚੜ੍ਹਿਆ ਨਜ਼ਰ ਆਵੇ ਜੇਕਰ ਚੰਨ ਸੋਹਣਾ,
ਤਾਂ ਚਕੋਰ ਨੇ ਵਿੰਹਦਿਆਂ ਥੱਕਣਾ ਕੀ।
ਦਿਸੇ ਸਾਹਮਣੇ ਸ਼ਮ੍ਹਾਂ ਦੀ ਜੋਤ ਜਗਦੀ,
ਤਾਂ ਪਤੰਗ ਨੇ ਸੜਣ ਤੋਂ ਹਟਣਾ ਕੀ।
ਚੀਨੀ ਵਾਲੜਾ ਸਾਹਮਣੇ ਨਜ਼ਰ ਆਵੇ,
ਦਰਸ਼ਨ ਕਰਨ ਦੇ ਵਾਸਤੇ ਝੱਕਣਾ ਕੀ।
ਚਾਰੇ ਤਰਫ਼ ਬੰਦੂਕ ਦੇ ਹੋਣ ਪਹਿਰੇ,
"ਰਾਮ" ਦਿਸੇ ਸਾਹਵੇਂ ਡਰ ਰੱਖਣਾ ਕੀ।"

ਇਸ ਸਮੇਂ ਦੀਆਂ ਸਰਕਾਰੀ ਸਖ਼ਤੀਆਂ ਭਾਈ ਹਰਨਾਮ ਸਿੰਘ ਅਤੇ ਉਹਨਾਂ ਦੇ ਪਰਿਵਾਰ ਨੇ ਸਾਰੇ ਹੀ ਟਕਸਾਲੀ ਕੂਕਿਆਂ ਦੇ ਪਰਿਵਾਰਾਂ ਜਿਉਂ ਝੱਲੀਆਂ ਹਨ, ਉਹ ਇਹਨਾਂ ਸਖ਼ਤੀਆਂ ਦੇ ਭੁਗਤ ਭੋਗੀ ਹਨ। ਉਹਨਾਂ ਨੂੰ ਮਾਣ ਹੈ ਕਿ ਬਾਲ ਸਤਿਗੁਰੂ ਪ੍ਰਤਾਪ ਸਿੰਘ ਉਸ ਸਮੇਂ ਦੇ ਰਿਵਾਜ ਮੁਤਾਬਕ ਗੁਰੂ ਹਰੀ ਸਿੰਘ ਜੀ ਦਾ ਹੁਕਮ ਮੰਨ ਕੇ ਹਰਨਾਮ ਸਿੰਘ ਹੋਰਾਂ ਦਾ ਅਨੰਦ ਕਾਰਜ ਕਰਨ ਰਿਆਸਤ ਨਾਹਣ ਵਿਖੇ ਉਹਨਾਂ ਦੇ ਸਹੁਰੇ ਪਿੰਡ ਬਰਾਲ ਗਏ ਸ ਨ। ਇਸ ਲਈ ਸਮਕਾਲੀ ਕੂਕਾ ਇਤਿਹਾਸ ਭਾਈ ਹਰਨਾਮ ਸਿੰਘ ਦੇ ਦਿਲ ਦੀ ਇਕ ਇਕ ਧੜਕਣ ਵਿਚ ਰਚਿਆ ਹੈ ਤਦੇ ਹੀ ਤਾਂ ਇਸ ਦਾ ਵਰਣਨ ਬੜਾ ਸਟੀਕ ਹੈ। ਸਰਕਾਰੀ ਹਦਾਇਤਾਂ ਕੂਕਿਆਂ ਬਾਰੇ ਕਿਹੋ ਜਿਹੀਆਂ ਸਨ ਇਹ ਜਾਨਣ ਲਈ ਪੜ੍ਹੋ ਕਿੱਸਾ "ਸੰਤ ਖਾਲਸਾ" -

"ਕੂਕਾ ਪਿੰਡ ਦਾ ਪਿੰਡ ਹੀ ਰਹੇ ਆਪਣੇ,
ਪਿੰਡੋਂ ਬਾਹਰਲਿਉਂ ਭੀ ਕੂਕਾ ਆਵੇ ਨਾਂਹੀ।
ਬਿਨਾਂ ਖ਼ਬਰ ਦਿੱਤੀ ਵਰਨੀ ਥਾਣਿਆਂ ਦਾ,
ਕੂਕਾ ਧਾਨ ਜਾਂ ਭੋਗ ਪੁਆਵੇ ਨਾਂਹੀ।
ਚੌਂਕੀਦਾਰ ਨੰਬਰਦਾਰ ਤਾੜ ਦਿੱਤੇ,
ਕੂਕਾ ਦੂਰ ਨੇੜੇ ਆਵੇ ਜਾਵੇ ਨਾਂਹੀ।
ਬਿਨਾਂ ਰਪਟ ਦਿੱਤੀ ਬਾਝੋਂ ਸਿੰਘ ਕੂਕਾ,
ਕੱਠੇ ਪੰਜ ਭੀ ਸਿੰਘ ਕਰਾਵੇ ਨਾਂਹੀ।
ਲੱਗਦੀ ਵਾਹ ਤਾਂਤੇ ਏਥੋਂ ਤੱਕ ਲੋਕੀਂ,
ਕੂਕੇ ਨਾਮ ਦਾ ਸਿੰਘ ਕਹਾਵੇ ਨਾਂਹੀ।
ਕਿਸੇ ਮਾਮਲੇ ਵਿਚ ਹਰਨਾਮ ਸਿੰਘਾ,
ਕੂਕਾ ਕੰਨ ਭੀ ਕਿਤੇ ਹਲਾਵੇ ਨਾਂਹੀ।" (...ਉਹੀ, ਸਫ਼ਾ ੬੦)

ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੀ ਅਗਵਾਈ ਜਿਸ ਸੁਚੱਜੇ ਢੰਗ ਨਾਲ ਕੀਤੀ ਅਤੇ ਵੱਖ-ਵੱਖਰੇ ਸਾਧਾਂ ਸੰਤਾਂ ਦੀਆਂ, ਗੱਦੀਆਂ ਲਾਉਣ ਦੀਆਂ ਲਾਲਸਾਵਾਂ ਨੂੰ ਸ਼ਾਂਤ ਕਰਕੇ ਨਾਮਧਾਰੀਆਂ ਨੂੰ ਇਕ ਸੰਯੁਗਤ ਜਥੇਬੰਦੀ ਦਾ ਕਿਵੇਂ ਰੂਪ ਦਿੱਤਾ ਇਸ ਦੇ ਵਰਣਨ ਵਿਚ ਵੀ ਕਿੱਸਾਕਾਰ ਸੁਚੇਤ ਹੈ-

"ਸੁੱਕੀ ਹੋਈ ਖੇਤੀ ਨਾਮਧਾਰੀਆਂ ਦੀ,
ਮੁੜਕੇ ਸਤਿਗੁਰਾਂ ਹਰੀ ਕਬੂਲ ਕੀਤੀ।

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਰੂਪ ਪਾਣੀ ਦੇ ਕੇ ਨਾਮ ਰੂਪੀ,
ਵਾੜੀ ਪੰਥ ਦੀ ਹਰੀ ਅੰਗੂਰ ਕੀਤੀ।
ਖਿੜੀ ਪੁੰਡੀ ਤਾਕਤ ਨਾਮਧਾਰੀਆਂ ਦੀ,
ਸਾਰੀ ਬਰਕਤਾਂ ਨਾਲ ਭਰਪੂਰ ਕੀਤੀ।
ਜਥੇਬੰਦੀ ਖੂਬ ਕਰੀ ਹਰਨਾਮ ਸਿੰਘਾ,
ਫੁੱਟ ਕੌਮ ਵਿਚੋਂ ਧਾਪਣ ਦੂਰ ਕੀਤੀ।। (...ਉਹੀ ਸਫਾ ੬੧)

ਭਗਵਾਨ ਸਿੰਘ ਅੜਬੰਗੀ ਪਿੰਡ ਮਰਹਾਣਾ ਜ਼ਿਲ੍ਹਾ ਅੰਮ੍ਰਿਤਸਰ ਦਾ ਖਾੜਕੂ ਕੂਕਾ ਸੀ। ਉਹ ਅੰਮ੍ਰਿਤਸਰ, ਰਾਇਕੋਟ ਆਦਿ ਬੁੱਚੜ ਬੱਧ ਦੇ ਸਾਕਿਆਂ ਵਿਚ ਹਾਜ਼ਰ ਸੀ। ਅੰਮ੍ਰਿਤਸਰ ਸਾਕੇ ਦਾ ਤਾਂ ਉਹ ਮਿਹਰ ਸਿੰਘ ਲੋਪੋਕਿਆਂ ਵਾਲੇ ਵਾਂਗ ਸਾਰੀ ਉਮਰ ਮਫ਼ਰੂਰ ਰਿਹਾ ਸੀ। ਅਨੇਕਾਂ ਪੰਥ ਦੁਸ਼ਮਣਾਂ ਨੂੰ ਉਹ ਉਹਨਾਂ ਦੀਆਂ ਕਰਤੂਤਾਂ ਦਾ ਫ਼ਲ ਦੇਣ ਲਈ ਸੋਧ ਚੁੱਕਾ ਸੀ। ਭੈਣੀ ਸਾਹਿਬ ਪੁਲੀਸ ਚੌਕੀ ਦੇ ਇਕ ਆਕੜੇ ਹੋਏ ਪਠਾਣ ਸਿਪਾਹੀ ਗੋਂਦੇ ਨੂੰ ਵੀ ਉਹਨੇ ਦੁੰਦ ਯੁੱਧ ਵਿਚ ਪਾਰ ਬੁਲਾਇਆ ਸੀ। ਉਹ ੭੦ ਸਾਲ ਦਾ ਸੀ। ਗੋਂਦਾ ਚੜ੍ਹਦੀ ਮਾਲੀ ਸੀ। ਗੋਂਦੇ ਦੇ ਕਤਲ ਕੇਸ ਵਿਚ ਉਹਨੇ ਇਹ ਭੇਤ ਹੀ ਨਹੀਂ ਸੀ ਹੋਣ ਦਿੱਤਾ ਕਿ ਉਹ ਮਰਹਾਣੇ ਦਾ ਭਗਵਾਨ ਸਿੰਘ ਸੀ। ਉਹ ਕਹਿੰਦਾ ਸੀ ਮੈਂ ਤਾਂ ਅੜਬੰਗੀ ਨਾਂ ਦਾ ਸਾਧ ਹਾਂ। ਨਿੱਕੇ ਹੁੰਦੇ ਨੂੰ ਮਾਂ-ਪਿਓ ਸਾਧਾਂ ਨੂੰ ਚੜ੍ਹਾ ਗਏ ਸਨ। ਮੈਨੂੰ ਆਪਣੇ ਅਗੋਤਰ ਪਿਛੋਤਰ ਦਾ ਕੋਈ ਪਤਾ ਨਹੀਂ। ੧੯੧੨ ਈ. ਵਿਚ ਸ੍ਰੀ ਭੈਣੀ ਸਾਹਿਬ ਖਰਾਸ ਵਾਲੇ ਕੋਠੇ ਵਿਚ ਚੜ੍ਹਿਆ ਸੀ। ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ (੧੯੦੦-੧੯੮੩ ਈ.) ਨੇ ਇਹਨਾ ਦੇ ਚੰਗੇ ਦਰਸ਼ਨ ਕੀਤੇ ਅਤੇ ਬਚਨ ਸੁਣੇ ਸਨ। ਇਉਂ ਹੀ ਬਗਲੀ ਵਾਲਾ ਵੀ ਅੜਬੰਗੀ ਦਾ ਵਰਣਨ ਤਵਾਰੀਖ ਨਾਮਧਾਰੀ ਵਿਚ ਇਉਂ ਕਰਦਾ ਹੈ-

ਜ਼ਿਲ੍ਹਾ ਅੰਮ੍ਰਿਤਸਰ ਪਿੰਡ ਮਰਹਾਣੇ ਅੰਦਰ,
ਏਸ ਸੂਰਮੇ ਦਾ ਖ਼ਾਨਦਾਨ ਸੀਗਾ।
ਜਿੰਨੇ ਹੋਏ ਸਾਕੇ ਬੁੱਚੜ ਮਾਰਨੇ ਦੇ,
ਵਿਚ ਸਾਰਿਆਂ ਦੇ ਬਲੀਦਾਨ ਸੀਗਾ।
ਦਰਸ਼ਨ ਕਰੇ ਮੈਂ ਇਨ੍ਹਾਂ ਦੇ ਕਈ ਵਾਰੀ,
ਬੜਾ ਚੁਸਤ ਚਲਾਕ ਜਵਾਨ ਸੀਗਾ।
ਸਾਡੇ ਪਿਤਾ ਦੇ ਨਾਲ ਸੀ ਪ੍ਰੇਮ ਇਸਦਾ,
ਉੱਤੇ ਏਸਦੇ ਪਿਤਾ ਕੁਰਬਾਨ ਸੀਗਾ।
ਵੱਡਾ ਸੂਰਮਾ ਗੌਂਤਕੇ ਵਾਜ ਭਾਰਾ,
ਇਹਦੇ ਫੜਨ ਦੇ ਲੀਏ ਐਲਾਨ ਸੀਗਾ।
ਅੜਬੰਗੀ ਓਸਦੀ ਅੱਲ ਹਰਨਾਮ ਸਿੰਘਾ,
ਅਸਲ ਨਾਮ ਤਾਂ ਸਿੰਘ ਭਗਵਾਨ ਸੀਗਾ।" (...ਉਹੀ ਸਫਾ ੬੫|

੧੯੫੬ ਬਿਕ੍ਰਮੀ ਦਾ ਕਾਲ ਬਹੁਤ ਭਿਆਨਕ ਸੀ। ਉਸ ਕਾਲ ਵਾਲੇ ਸਮੇਂ ਵਿਚ ਗੁਰੂ ਹਰੀ ਸਿੰਘ ਜੀ ਨੇ ਜਿਸ ਤਰ੍ਹਾਂ ਭੁੱਖੇ ਲੋਕਾਂ ਨੂੰ ਅੰਨ ਜਲ ਨਾਲ ਨਿਵਾਜਿਆ ਉਹ ਵਾਕਿਆ ਪੰਜਾਬੀਆਂ ਦੀ ਪ੍ਰਾਹੁਣਚਾਰੀ ਦੀ ਇਕ ਉੱਘੜਵੀਂ ਮਿਸਾਲ ਬਣ ਗਿਆ ਹੈ। ਅੰਗਰੇਜ਼ ਅਫ਼ਸਰ ਜ਼ਿਲ੍ਹੇ ਦੇ ਵੀ ਗੁਰੂ ਜੀ ਨੂੰ ਵਰਜਣ ਆਏ ਸਨ ਕਿ ਇਹਨਾਂ ਭੁੱਖੇ ਲੋਕਾਂ ਜਦੋਂ ਤੁਹਾਡਾ ਸਭ ਕੁਝ ਖਾ ਲਿਆ ਫਿਰ ਕੀ ਕਰੋਗੇ। "ਇਹਨਾਂ ਨਾਲ ਬਗਲੀ ਫੜ ਕੇ ਮੈਂ ਵੀ ਤੁਰ ਪਵਾਂਗਾ।" ਗੁਰੂ ਹਰੀ ਸਿੰਘ ਜੀ ਦਾ ਜੁਆਬ ਸੀ। ਗੁਰੂ ਕੇ ਲੰਗਰ ਦੀ ਇਸ ਮਾਰੂ ਕਾਲ ਵਿਚ ਫੈਲੀ ਸੋਭਾ ਨੂੰ ਵੀ ਭਾਈ ਹਰਨਾਮ ਸਿੰਘ ਕਾਨੀਬੰਧ ਕਰ ਗਿਆ ਹੈ-

Sri Satguru Jagjit Singh Ji eLibrary NamdhariElibrary@gmail.com

"ਦੂਰੋਂ ਦੂਰੋਂ ਲੰਗਰ ਸੁਣਕੇ ਲੋਕ ਆਉਂਦੇ,
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।
ਭੈਣੀ ਮਿਲੂ ਰੋਟੀ ਲੋਕੀਂ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲੱਗੀ ਲਾਰ ਸਾਰੇ।
ਬਾਗੜ ਦੇਸ਼ ਮਸ਼ਹੂਰ ਹੋ ਗਈ ਭੈਣੀ,
ਓਟੂ ਨੋਹਰ ਤੇ ਹਾਂਸੀ ਹਿਸਾਰ ਸਾਰੇ।
ਮਾਰਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ਼ ਚਾਰ ਸਾਰੇ।" (...ਉਹੀ, ਸਫ਼ਾ ੬੬)

੧੯੦੬ ਈ. ਵਿਚ ਗੁਰੂ ਹਰੀ ਸਿੰਘ ਗੁਰਪੁਰੀ ਪਿਆਨਾ ਕਰ ਗਏ। ਪੰਥ ਦੀ ਵਾਗ ਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਭਾਲ ਲਈ-

"ਹਰੀ ਸਿੰਘ ਮਹਾਰਾਜ ਦੇ ਭੋਗ ਉੱਤੇ,
ਹੋਇਆ ਪੰਥ ਕੱਠਾ ਬਲੀਵਾਨ ਭਾਰਾ।
ਚਰਨਾਂ ਉੱਤੇ ਮਹਾਰਾਜ ਪ੍ਰਤਾਪ ਸਿੰਘ ਦੇ,
ਹਰੀ ਨਾਮ ਹਰਿ ਸੀਸ ਝੁਕਾਨ ਭਾਰਾ।" (..ਉਹੀ ਸਫ਼ਾ ੭੦)

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਸਖਤੀਆਂ ਦੇ ਹਾਰੇ-ਹੰਭੇ ਨਾਮਧਾਰੀਆਂ ਲਈ ਫਿਰ ਮਉਲਣ ਮਾਨਣ ਦਾ ਸਮਾਂ ਹੋ ਨਿਬੜਿਆ। ਬੜੀ ਹੁੰਮਸ ਤੋਂ ਬਾਦ ਜਿਵੇਂ ਪੁਰੇ ਦੀ ਹਵਾ ਚੱਲ ਪਵੇ ਜਾਂ ਵੱਡੀ ਔੜ ਬਾਦ ਮੀਂਹ ਦੀਆਂ ਕਣੀਆਂ ਵਿਖਾਈ ਦੇਣ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਗਤ ਨੂੰ ਸੰਭਾਲਣ ਅਤੇ ਬਾਕੀ ਲੋਕਾਂ ਨਾਲ ਰਾਜਨੀਤਕ, ਸਮਾਜਿਕ, ਧਾਰਮਿਕ ਸੰਬੰਧ ਸਥਾਪਤ ਕਰਨ ਦੀ ਕੁਸ਼ਲਤਾ ਨੂੰ ਵੀ ਸਾਡਾ ਕਿੱਸਾਕਾਰ ਬਾਰੀਕੀ ਨਾਲ ਘੋਖਦਾ ਹੈ-

"ਗੱਦੀ ਬੈਠ ਮਹਾਰਾਜ ਪ੍ਰਤਾਪ ਸਿੰਘ ਜੀ,
ਵਾਧੇ ਕੌਮ ਦੇ ਲੀਏ ਪਰਚਾਰ ਕਰਦੇ।
ਹੁਨਰ ਇਲਮ ਵਿਦਿਆ ਬਾਝੋਂ ਪੰਥ ਰੋਈ,
ਨਹੀਂ ਉੱਨਤੀ ਵਿਚ ਸੰਸਾਰ ਕਰਦੇ।
ਰਾਜਨੀਤ ਲੰਮੀ ਚੌੜੀ ਸੋਚ ਕਰਕੇ,
ਮੇਲ ਜੋਲ ਭੀ ਨਾਲ ਸਰਕਾਰ ਕਰਦੇ।
ਸੁਲਾਹ ਕੁਲ ਮਹਾਰਾਜ ਪ੍ਰਤਾਪ ਸਿੰਘ ਜੀ,
ਕੌਮਾਂ ਸਾਰੀਆਂ ਨਾਲ ਪਿਆਰ ਕਰਦੇ।
ਕਰਨੇ ਲੀਏ ਮਸ਼ਹੂਰ ਇਸ ਕੌਮ ਨੂੰ ਹੀ,
ਜਾਰੀ ਆਪਣਾ ਇਕ ਅਖ਼ਬਾਰ ਕਰਦੇ।
ਮਹਾਰਾਜ ਇਹ ਤੇਜ ਇਕਬਾਲ ਵਾਲੇ,
ਰਾਜ ਜੋਗ ਦੋਨੋਂ ਸਵੀਕਾਰ ਕਰਦੇ।
ਕੌਮ ਰਾਜਸੀ ਕਰੇ ਕੰਟਰੋਲ ਜਿਹੜਾ,
ਕਾਇਮ ਇਕ ਚੰਗਾ ਜਥੇਦਾਰ ਕਰਦੇ।
ਕਈ ਗੁਣੀ ਗਿਆਨੀ ਭੇਜ ਤਰਫ਼ ਚਾਰੇ,
ਨਾਮਧਾਰੀਆਂ ਨੂੰ ਸਮਝਦਾਰ ਕਰਦੇ।

Sri Satguru Jagjit Singh Ji eLibrary NamdhariElibrary@gmail.com

ਪੱਕੇ ਬ੍ਰਹਮ ਗਿਆਨੀ ਜੋਤ ਸਤਿਗੁਰਾਂ ਦੀ,
ਸੱਚੇ ਧਰਮ ਦੇ ਕੁੱਲ ਵਿਹਾਰ ਕਰਦੇ।
ਬਹੁਤਾ ਲਿਖਾਂ ਕੀ ਹੋਰ ਹਰਨਾਮ ਸਿੰਘਾ,
ਕੌਮ ਉਨਤੀ ਹਰ ਪ੍ਰਕਾਰ ਕਰਦੇ।" (ਉਹੀ, ਸਫਾ 79)

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਭਾਈ ਹਰਨਾਮ ਸਿੰਘ ਹੋਰਾਂ ਨੇ ਆਪਣੇ ਕਿੱਸੇ ਵਿਚ, ਕਿੱਸਾ ਕਾਵਿ ਲਈ ਨਿਰੂਪਤ ਸਾਰੀਆਂ ਸ਼ਰਤਾਂ ਨੂੰ ਪੂਰਿਆਂ ਕੀਤਾ ਹੈ। ਜਿਸ ਤਰ੍ਹਾਂ ਦਾ ਪੰਜਾਬੀ ਲੋਕਾਂ ਦਾ ਸੁਭਾਉ ਹੈ ਉਸਦੇ ਅਨੁਕੂਲ ਹੀ ਸ੍ਵੈਮਾਨ ਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਉਪਜੀਵਕਾ ਕਮਾਉਣ ਦਾ ਉਪਦੇਸ਼ ਦੇਣ ਵਾਲੇ ਮਹਾਂ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਿਰਜਿਆ ਗਿਆ ਹੈ। ਉਹਨਾਂ ਦੇ ਬਾਕੀ ਸਿੱਖ ਸਥਾ ਸੂਬੇ ਸੰਤ ਅਤੇ ਸਾਧਾਰਨ ਨਾਮਧਾਰੀ ਜਾਂ ਕੂਕੇ ਸਿੰਘ ਵੀ ਮਾਨਵੀ ਗੁਣਾਂ ਨਾਲ ਲਬਰੇਜ਼ ਹਨ। ਲਹਿਰ ਦਾ ਮੁਹਾਵਰਾ ਭਾਵੇਂ ਧਾਰਮਿਕ ਹੈ, ਪਰ ਵਿਦੇਸ਼ੀ ਸਰਕਾਰ ਨੂੰ ਇਸਦੇ ਫੈਲਾਓ ਅਤੇ ਲੋਕਾਂ ਵਿਚ ਹੁੰਦੀ ਮਕਬੂਲੀਅਤ ਤੋਂ ਆਪਣੇ ਵਿਰੁੱਧ ਬਗ਼ਾਵਤ ਦੀ ਬੂ ਆਉਣ ਲੱਗ ਪੈਂਦੀ ਹੈ। ਉਹ ਆਨੀ ਬਹਾਨੀ ਇਸ ਤੇ ਰੋਕਾਂ ਲਾਉਂਦੇ ਹਨ। ਸਿੰਘ ਰੋਕਾਂ ਕਦੋਂ ਬਰਦਾਸ਼ਤ ਕਰਦੇ ਹਨ। ਉਹ ਤੇ ਖੁੱਲ੍ਹਮ-ਖੁੱਲ੍ਹਾ ਵਿਦਰੋਹ ਦੀ ਭਾਸ਼ਾ ਬੋਲਦੇ ਹਨ। ਪੁਰਾਣੀਆਂ ਕਦਰਾਂ ਕੀਮਤਾਂ ਜਿਹੜੀਆਂ ਡਾਢਿਆਂ ਦੀ ਤਾਬਿਆਦਾਰੀ ਸਿਖਾਉਂਦੀਆਂ ਹਨ, ਉਹ ਪੁਰਾਣੇ ਤੇ ਹੰਢੇ ਹੋਏ ਕੱਪੜੇ ਵਾਂਗੂੰ ਲਾਹ ਕੇ ਪਰ੍ਹੇ ਸੁੱਟ ਦਿੱਤੀਆਂ ਹਨ। ਨਵੇਂ ਜੀਵਨ ਮੁੱਲ ਸਿਰਜੇ ਜਾ ਰਹੇ ਹਨ। ਭੈਣੀ ਸਾਹਿਬ ਦੇ ਟਿੱਬਿਆਂ ਵਿਚੋਂ ਨਵਾਂ ਮਨੁੱਖ ਸਿਰਜਣ ਦੀਆਂ ਕੂਕਾਂ ਵੱਜ ਰਹੀਆਂ ਹਨ। ਪੁਰੋਹਤੀ ਕਰਮ ਕਾਂਡ ਦਾ ਵੀ ਵਿਰੋਧ, ਪੀਰਾਂ ਫ਼ਕੀਰਾਂ ਦੀ ਮਾਨਤਾ ਵੀ ਖੰਡਣ ਵਿਚ, ਹਾਕਮਾਂ ਨੂੰ ਵੀ ਸਿੱਧੀ ਵੰਗਾਰ ਕਿ ਆਪਣੇ ਸਤਿਗੁਰੂ ਤੋਂ ਬਿਨਾਂ ਕਿਸੇ ਦਾ ਹੁਕਮ ਨਹੀਂ ਮੰਨਣਾ। ਕਿਸੇ ਦੀ ਕਾਨ ਨਹੀਂ ਰੱਖਣੀ। ਗਊ ਗਰੀਬਾਂ ਦੇ ਕਾਤਲਾਂ ਦੇ ਸਿਰ ਤੇ, ਬੁੱਚੜ ਖਾਨਿਆਂ ਤੇ ਹੱਲੇ ਦੇ ਰੂਪ ਵਿਚ ਵਦਾਣੀ ਸੱਟ। ਤੇ ਫਿਰ ਕੂਕਿਆਂ ਨੇ ਜਿਸ ਆਨ-ਸ਼ਾਨ ਨਾਲ ਮੌਤ ਨੂੰ ਮਜ਼ਾਖਾਂ ਕੀਤੀਆਂ ਉਹ ਪੰਜਾਬ ਦੀ ਕੌਮੀ ਤਾਰੀਖ਼ ਵਿਚ ਉਹਨਾਂ ਨੂੰ ਸ਼ਾਨਾ-ਮੱਤਾ ਸਥਾਨ ਦੁਆ ਗਈਆਂ ਹਨ।

ਭਾਈ ਹਰਨਾਮ ਸਿੰਘ ਦੇ ਠੇਠ ਪੰਜਾਬੀ ਬੈਂਤ ਛੇਤੀ ਹੀ ਮੂੰਹ ਤੇ ਚੜ੍ਹ ਜਾਣ ਸਦਕਾ ਕੰਠਾਗਰ ਹੋਣ ਵਿਚ ਚਿਰ ਨਹੀਂ ਲਾਉਂਦੇ। ਭਾਸ਼ਾ ਵੀ ਤਕਰੀਬਨ ਕੇਂਦਰੀ ਪੰਜਾਬੀ ਹੈ। ਕਿਤੇ ਕਿਤੇ ਸਥਾਨਕ ਪ੍ਰਭਾਵ ਵਜੋਂ ਪੁਆਧੀ ਦਾ ਜਾਂ ਪਹਾੜੀ ਦਾ ਕੁਝ ਰੰਗ ਵੀ ਮਿਲਦਾ ਹੈ। ਲੇਖਕ ਜਾਂ ਕਵੀ ਦਾ ਵਿਸ਼ਾਲ ਜੀਵਨ ਅਨੁਭਵ ਉਸਦੀ ਰਚਨਾ ਦੀ ਵਿਸ਼ਾਲਤਾ ਦਾ ਦਾਮਨ ਹੁੰਦਾ ਹੈ। ਇਸ ਪੱਖੋਂ ਵੀ ਸਾਡਾ ਕਿੱਸਾਕਾਰ ਪੂਰੀ ਅਮੀਰੀ ਰੱਖਦਾ ਹੈ। ਉਸਦੇ ਨੀਤੀ ਬਚਨ, ਰਾਜਨੀਤੀ ਅਤੇ ਕੂਟਨੀਤੀ ਦੀਆਂ ਤੁਕਾਂ ਵਿਚੋਂ ਜੀਵਨ ਦਾ ਸਾਰ ਬੋਲਦਾ ਹੈ। ਕੁੱਲ ਮਿਲਾ ਕੇ ਪੰਜਾਬੀ ਬੀਰ ਕਾਵਿ ਜਾਂ ਸੂਰਮਿਆਂ ਦੇ ਕਿੱਸਾ ਸਾਹਿਤ ਦੇ ਵਰਣਨ ਵਿਚ ਬਗਲੀ ਵਾਲੇ ਦੇ "ਸੰਤ ਖਾਲਸੇ" ਦਾ ਇਕ ਵਿਸ਼ੇਸ਼ ਸਥਾਨ ਸੁਨਿਸ਼ਚਿਤ ਕਰਨਾ ਇਸ ਵਿਧਾ ਦੇ ਪਾਰਖੂਆਂ ਦਾ ਫ਼ਰਜ਼ ਬਣਦਾ ਹੈ, ਬਸ਼ਰਤੇ ਕਿ ਉਹ ਸੌੜੀ ਮਾਨਸਿਕਤਾ ਤੋਂ ਮੁਕਤ ਹੋਣ।

Sri Satguru Jagjit Singh Ji eLibrary NamdhariElibrary@gmail.com

ਸੂਰਮੇ ਬਿਸ਼ਨ ਸਿੰਘ ਅਮੀ ਵਾਕ ਚੋਏ ਸੀ

ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਦੇ ਮੁੱਢ ਵਿਚ ਨਾਮਧਾਰੀ ਇਤਿਹਾਸ ਦੇ ਦੋ ਮਹੱਤਵਪੂਰਨ ਪੁਸਤਕ ਰਚੇ ਗਏ ਹਨ ਖੁਦ ਨਾਮਧਾਰੀ ਸਿੰਘਾਂ ਦੁਆਰਾ। ਵਾਰਤਕ ਵਿਚ ਸੰਤ ਸੰਤੋਖ ਸਿੰਘ ਬਾਹੋਵਾਲ ਵਾਲਿਆਂ ਦਾ ਸਤਿਗੁਰੂ ਬਿਲਾਸ, ਦੂਜਾ ਕਵਿਤਾ ਵਿਚ ਤੇ ਉਹ ਵੀ ਬ੍ਰਿਜ ਭਾਸ਼ਾ ਦੀ ਕਵਿਤਾ ਵਿਚ ਭਾਈ ਧਿਆਨ ਸਿੰਘ ਕਾਦਰਾਬਾਦੀ ਦਾ "ਸ੍ਰੀ ਸਤਿਗੁਰੂ ਬਿਲਾਸ" ਇਸੇ ਕੜੀ ਦਾ ਤੀਸਰਾ ਗ੍ਰੰਥ ਹੈ "ਪੰਥ ਪ੍ਰਕਾਸ਼ ਸਿੰਘਾਂ ਨਾਮਧਾਰੀਆਂ ਦਾ" ਜਿਹੜਾ ੧੯੧੪-੧੫ ਈ. ਦੇ ਸਮੇਂ ਵਿਚ ਗਿਆਨੀ ਕਾਲ੍ਹਾ ਸਿੰਘ ਨੰਗਲ ਵਾਲਿਆਂ ਨੇ ਪੰਜਾਬੀ ਬੈਂਤਾਂ ਵਿਚ ਜਦੋਂ ਲਿਖਿਆ "ਉਹ ਸਮਾਂ ਯੂਰਪੀ ਮਹਾਂ ਯੁੱਧ ਦਾ ਸੀ। ਉਨ੍ਹੀਂ ਦਿਨੀਂ ਸਰਦਾਰ ਕਰਤਾਰ ਸਿੰਘ ਸ਼ਹੀਦ ਸਰਾਭਾ ਵਾਲਿਆਂ ਦੀ ਹਿੰਮਤ ਤੇ ਕੁਰਬਾਨੀ ਨਾਲ ਕੌਮੀ ਜਾਗ੍ਰਿਤੀ ਮੁੜ ਪੈਦਾ ਹੋ ਚੁੱਕੀ ਸੀ। ਜਿਸ ਤੋਂ ਗੌਰਮਿੰਟ ਇਕ ਦਮ ਹੀ ਘਬਰਾ ਗਈ ਸੀ।"

ਗੁਰੂ ਹਰੀ ਸਿੰਘ ਜੀ ਓਦੋਂ ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਗੁਰਗੱਦੀ ਤੇ ਬਿਰਾਜਮਾਨ ਸਨ। ਉਹਨਾਂ ਗਿਆਨੀ ਜੀ ਨੂੰ ਪੁੱਛਿਆ, "ਸਿੰਘਾ ਕੀ ਕੰਮ ਕਰਦਾ ਹੈ?" "ਜੀ ਛੀਂਬਾ ਸਿੰਘ ਹਾਂ ਲੋਕਾਂ ਦੇ ਕੱਪੜੇ ਧੋ ਕੇ ਗੁਜ਼ਾਰਾ ਕਰਦਾ ਹਾਂ ਜਾਂ ਕੱਪੜੇ ਰੰਗਦੇ ਹਾਂ।" "ਇਹ ਕੰਮ ਛੱਡ ਦਿਓ।" ਗੁਰੂ ਜੀ ਆਪਣੇ ਸਿੰਘ ਵਿਚੋਂ ਹੀਣ ਭਾਵਨਾ ਖ਼ਤਮ ਕਰਨੀ ਚਾਹੁੰਦੇ ਸਨ। ਸਤਿਗੁਰੂ ਜੀ ਦੇ ਹੁਕਮ ਨਾਲ ਠਠਿਆਰਾਂ ਦਾ ਕੰਮ ਸ਼ੁਰੂ ਕਰ ਦਿਤਾ ਅਤੇ ਬਾਦ ਵਿਚ ਆਪਣੀ ਵਿਦਵਤਾ ਅਤੇ ਕਾਵਿ ਰਚਨਾ ਸਦਕਾ ਨਾਮਧਾਰੀ ਪੰਥ ਵਿਚ ਚੰਗੀ ਪ੍ਰਸਿੱਧੀ ਹਾਸਲ ਕੀਤੀ। ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ ਦੀ ਗਾਥਾ ਅਜੇ ਲੋਕ ਮਨਾਂ ਵਿਚ ਸੱਜਰੀ ਹੀ ਸੀ। ਪਿੰਡ ਪਿੰਡ ਆਪਣੇ ਕੰਮ ਬਰਤਨਾਂ ਦੀ ਮੁਰੰਮਤ ਆਦਿ ਲਈ ਘੁੰਮਦੇ ਅਤੇ ਮਲੇਰਕੋਟਲੇ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਵਾਂ ਥਾਵਾਂ ਅਤੇ ਪਰਵਾਰਾਂ ਦੀ ਜਾਣਕਾਰੀ ਲੈ ਕੇ ਨੋਟ ਕਰਦੇ ਰਹਿੰਦੇ।

ਗਿਆਨੀ ਜੀ ਦਾ ਅਨੰਦ ਕਾਰਜ ਰਾਮੇ ਦੀ ਪੁੱਤਰੀ ਆਸ ਕੌਰ ਨਾਲ ਹੋਇਆ। ਪੁੱਤਰੀਆਂ ਤੋਂ ਇਲਾਵਾ ਉਹਨਾ ਦੇ ਦੋ ਪੁੱਤਰ ਹੀਰਾ ਸਿੰਘ ਅਤੇ ਸੰਤ ਬਿਸ਼ਨ ਸਿੰਘ ਹੋਏ ਹਨ ਜੋ ਨਾਮਧਾਰੀ ਇਤਿਹਾਸ ਦੀ ਡੂੰਘੀ ਲਗਨ ਸਦਕਾ ਹਿਸਟੋਰੀਅਨ ਦੇ ਲਕਬ ਨਾਲ ਨਿਵਾਜੇ ਗਏ। ਉਹਨਾਂ ਦਾ ਜਨਮ ਸਾਲ ਵੀ ੧੯੦੫ ਈ. ਦੇ ਲਾਗੇ ਚਾਗੇ ਹੀ ਹੈ। ਪਹਿਲਾਂ ਉਹ ਆਪਣੇ ਪਿੰਡ ਨੰਗਲ ਕਲਾਂ ਵਿਖੇ ਨਿਵਾਸ ਰੱਖਦੇ ਰਹੇ। ਫਿਰ ਦੇਸ਼ ਦੀ ਵੰਡ ਬਾਦ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਦੋਂ ਕੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਰਾਣੀਆਂ ਥਾਣੇ ਵਿਚ ਸ੍ਰੀ ਜੀਵਨ ਨਗਰ ਦੀ ਸਥਾਪਨਾ ਕਰਕੇ ਆਸਪਾਸ ਦੇ ਪਿੰਡਾਂ ਸੰਤਾਂ ਵਾਲੀ, ਸੰਤ ਨਗਰ, ਨਕੌੜਾ, ਹਰੀਪੁਰਾ, ਦਮਦਮਾ, ਧਰਮਪੁਰਾ, ਸੰਤੋਖਪੁਰਾ ਆਦਿ ਪਿੰਡਾਂ ਵਿਚ ਪੱਛਮੀ ਪੰਜਾਬ ਅਤੇ ਮਾਲਵੇ ਦੁਆਬੇ ਦੇ ਨਾਮਧਾਰੀ ਸਿੰਘਾਂ ਨੂੰ ਆਬਾਦ ਕਰ ਦਿਤਾ। ਸਾਂਝੇ ਪੂਲ ਵਿਚੋਂ ਸੌ ਮੁਰੱਬਾ ਦੇ ਕਰੀਬ ਭੂਮੀ ਅਲੱਗ ਕਰਕੇ, ਲੰਗਰ ਵਿਦਿਆਲੇ ਆਦਿ ਲਈ ਕੁਝ ਜ਼ਮੀਨ ਰਾਖਵੀਂ ਰੱਖ ਕੇ, ਪੰਜਾਹ ਮੁਰੱਬੇ ਦੇ ਕਰੀਬ ਬੇਜ਼ਮੀਨੇ ਸਿੱਖਾਂ ਨੂੰ ਵੰਡ ਦਿਤੀ ਗਈ। ਸੰਤ ਬਿਸ਼ਨ ਸਿੰਘ ਹੋਰਾਂ ਨੂੰ ਪੰਜ ਏਕੜ ਜ਼ਮੀਨ ਦੇ ਕੇ ਦਮਦਮਾ ਪਿੰਡ ਵਿਚ ਵਸਾਇਆ ਗਿਆ। ਜਿੱਥੇ ਲੇਖਕ (ਮੁਵਕਨ ਸਿੰਘ ਵਿਰਕ) ਨੂੰ ਕਈ ਦਫਾ ਉਹਨਾਂ ਦੇ ਦਰਸ਼ਨ ਕਰਨ ਦਾ ਸੁਅਵਸਰ ਵੀ ਪ੍ਰਾਪਤ ਹੁੰਦਾ ਰਿਹਾ। ਮਲੇਰ ਕੋਟਲੇ ਵਾਲੇ ਸ਼ਹੀਦ ਨਾਮਧਾਰੀ ਸਿੰਘਾਂ ਦੀਆਂ ਕੁਝ ਨਿਸ਼ਾਨੀਆਂ, ਇਕ ਜੰਜੀਰੀ ਵਾਲਾ ਪਾਣੀ ਕੱਢਣ ਵਾਲਾ ਡੋਲ ਅਤੇ ਸਫੈਦ ਡੰਡਾ ਜਿਸ ਤੇ ਖੰਡਾ ਲੱਗਿਆ ਸੀ ਜੋ ਮਸਤਾਨੀ ਮਾਈ ਇੰਦ ਕੌਰ ਦੇ ਹੱਥ ਵਿਚ ਸੀ, (ਜਿਸ ਦਾ ਕੱਪੜਾ ਤਾਂ ਮਸਤਾਨਾ ਹੋ ਗਿਆ ਸੀ। ਅਤੇ ਇਕ ਸ਼ਹੀਦਾਂ ਨਾਲ ਸੰਬੰਧਿਤ ਸਫਾ ਜੋਗਾ

Sri Satguru Jagjit Singh Ji eLibrary NamdhariElibrary@gmail.com

ਦੇ ਉਹਨਾਂ ਦੇ ਘਰ ਦਰਸ਼ਨ ੧੯੬੫-੭੦ ਈ. ਦੇ ਲਾਗੇ ਚਾਗੇ ਹੋਇਆ ਕਰਦੇ ਸਨ। ਲੇਖਕ ਦੇ ਪਿਤਾ ਜਥੇਦਾਰ ਗੁਰਮੁਖ ਸਿੰਘ "ਭੌਰ" (ਬਾਪੂ ਜੀ) ਨਾਲ ਬਚਨ ਬਿਲਾਸ ਕਰਨ ਲਈ ਉਹ ੧੯੫੫ ਤੋਂ ੧੯੮੦ ਈ. ਤਕ ਕਈ ਵੇਰ ਸਾਡੇ ਘਰ ਪਿੰਡ ਕਰੀਵਾਲਾ (ਜਿਲ੍ਹਾ ਸਿਰਸਾ) ਵੀ ਚਰਨ ਪਾਇਆ ਕਰਦੇ ਸਨ। ਉਹਨਾਂ ਦਾ ਮਸਤਕ ਉੱਚਾ ਤੇ ਵਿਸ਼ਾਲ, ਨੇਤਰ ਮੋਟੇ, ਰੰਗ ਕਣਕ ਵੰਨਾ, ਦਾਹੜਾ ਭਰਵਾਂ, ਕੱਦ ਲੰਮਾ ਤੇ ਸਰੀਰ ਕਮਾਇਆ ਹੋਇਆ ਸੀ। ਜਦੋਂ ਉਹ ਮੰਜੇ ਤੇ ਬੈਠ ਕੇ ਕੇਸ ਹਰੇ ਕਰ ਰਹੇ ਹੁੰਦੇ ਤਾਂ ਉਹਨਾਂ ਦੀ ਨੁਹਾਰ ਭਾਰਤ ਦੇ ਪੁਰਾਤਨ ਰਿਸ਼ੀਆਂ ਨਾਲ ਮਿਲਦੀ ਜੁਲਦੀ ਸੀ। ਆਰਥਿਕ ਤੰਗੀਆਂ ਤੁਰਸ਼ੀਆਂ ਵਾਲੇ ਜੀਵਨ ਦੇ ਬਾਵਜੂਦ ਉਹ ਮਿਲਣ ਵਾਲਿਆਂ ਨੂੰ ਸਦਾ ਖਿੜੇ ਮੱਥੇ ਹੀ ਮਿਲਦੇ ਸਨ। ਬਾਪੂ ਜੀ ਨਾਲ ਉਹਨਾ ਦੀ ਗੱਲਬਾਤ ਦਾ ਆਧਾਰ ਪੁਰਾਤਨ ਨਾਮਧਾਰੀ ਸਿੰਘਾ ਦੇ ਜੀਵਨ ਚਰਿੱਤਰ ਜਾਂ ਸਤਿਗੁਰੂ ਜੀ ਦੇ ਦੌਰਿਆਂ ਨਾਲ ਸਬੰਧਿਤ ਯਾਦਾਂ ਹੁੰਦੀਆਂ ਸਨ। ਵੈਸੇ ਉਹਨਾਂ ਦੇ ਘਰ, ਮੈਂ ਲਾਹੌਰ ਤੋਂ ਛਪਣ ਵਾਲੇ ਰੋਜ਼ਾਨਾ ਅਖ਼ਬਾਰ ਕੂਕਾ ਅਤੇ ਫਿਰ ਸਤਿਜੁਗ ਦੀਆਂ ਅਨੇਕ ਫਾਈਲਾਂ ਵੀ ਬੜੇ ਸਲੀਕੇ ਨਾਲ ਟਰੰਕਾਂ ਵਿਚ ਸਾਂਭੀਆਂ ਵੇਖਿਆ ਕਰਦਾ ਸਾਂ। ਇਤਿਹਾਸ ਦੀ ਸਮੱਗਰੀ ਨੂੰ ਸਾਂਭਣ ਵਾਲੇ ਸੱਜਣ ਜੇ ਆਰਥਿਕ ਪੱਖੋਂ ਵੀ ਸੰਪੰਨ ਹੋਣ ਤਾਂ ਕੌਮੀ ਧਰੋਹਰ ਨੂੰ ਘੱਟੇ ਕੌਡੀਆਂ ਰੁਲਣ ਤੋਂ ਬਚਾਇਆ ਜਾ ਸਕਦਾ ਹੈ। ਇਕ ਦੋ ਵੇਰ ਗਰਮੀਆਂ ਦੇ ਮੌਸਮ ਵਿਚ ਮੈਂ ਉਹਨਾਂ ਦੇ ਦੁਪਹਿਰ ਭੋਜ ਵਿਚ ਵੀ ਸ਼ਾਮਲ ਹੁੰਦਾ ਰਿਹਾ ਹਾਂ। ਓਦੋਂ ਸੰਤ ਜੀ ਸ਼ਾਇਦ ਇਕੱਲੇ ਹੀ ਰਹਿ ਰਹੇ ਸਨ। ਉਹ ਮੋਟੇ ਮੋਟੇ ਪਰਸ਼ਾਦੇ ਆਪ ਹੀ ਤਿਆਰ ਕਰਦੇ ਅਤੇ ਫਿਰ ਇਕ ਬੋਤਲ ਵਿਚੋਂ ਸਿਰਕਾ ਕੱਢ ਕੇ ਗੰਢਿਆਂ ਤੇ ਪਾ ਕੇ ਉਸ ਨਾਲ ਛਕ ਲੈਂਦੇ। ਸੁਰਸਤੀ ਤੇ ਲੱਛਮੀ ਦਾ ਇਹ ਪਰੰਪਰਾਗਤ ਵਿਰੋਧ ਸਾਡੇ ਨਜ਼ਾਮ ਦਾ ਅਭਿੰਨ ਅੰਗ ਬਣਿਆ ਹੋਇਆ ਹੈ।

ਉਹਨਾਂ ਦਾ ਸਪੁੱਤਰ ਵੈਦਰਾਜ ਬੂਟਾ ਸਿੰਘ ਇੱਕ ਘੜੀ ਸਾਜ਼ ਵੀ ਸੀ ਅਤੇ ਆਪਣੇ ਪਿਤਾ ਪੁਰਖੀ ਗੁਣਾਂ ਕਰਕੇ ਚੰਗਾ ਕਵੀ ਅਤੇ ਬੁਲਾਰਾ ਵੀ ਸੀ। ਉਸਨੇ ਆਪਣਾ ਕਵੀਸ਼ਰੀ ਜਥਾ ਵੀ ਰਾਕਟ ਜਥੇ ਦੇ ਨਾਉਂ ਤਹਿਤ ਤਿਆਰ ਕੀਤਾ ਸੀ। ਉਹ ਆਪਣਾ ਪਿੰਡ ਦਮਦਮਾ ਛੱਡ ਕੇ ੧੯੭੫ ਈ. ਵਿਚ ਸਿਰਸਾ ਜ਼ਿਲ੍ਹੇ ਦੇ ਇਕ ਵੱਡੇ ਨਗਰ ਐਲਨਾਬਾਦ ਵਿਖੇ ਵੱਸ ਗਏ ਸਨ ਜਿੱਥੇ ਉਹਨਾਂ ਦਾ ਪਰਵਾਰ ਹੁਣ ਨੂੰਹਆਂ ਦੀ ਸੁੱਚੀ ਕਿਰਤ ਕਮਾਈ ਕਰਕੇ ਆਪਣਾ ਨਿਰਬਾਹ ਕਰ ਰਿਹਾ ਹੈ। ਸੰਤ ਬਿਸ਼ਨ ਸਿੰਘ ਜੀ ਦਾ ਅੰਤ ਸਮਾਂ ਐਲਨਾਬਾਦ ਆਪਣੇ ਪਰਵਾਰ ਵਿਚ ਹੀ ਆਇਆ ਅਤੇ ੧ ਸਤੰਬਰ ੧੯੮੧ ਈ. ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਉਹਨਾਂ ਨਮਿੱਤ ਪਾਠ ਦਾ ਭੋਗ ਪਾਇਆ ਗਿਆ। ਕੁਝ ਸਾਲ ਪਹਿਲਾਂ ਐਲਨਾਬਾਦ ਵਿਖੇ ਹੀ ਵੈਦਰਾਜ ਬੂਟਾ ਸਿੰਘ ਅਕਾਲ ਚਲਾਣਾ ਕਰ ਗਏ। ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨੇ, ੧੯੯੩ ਈ. ਵਿਚ ਸੰਤ ਤਰਨ ਸਿੰਘ ਵਹਿਮੀ ਪਰਵਾਰ ਦੇ ਸਹਿਯੋਗ ਨਾਲ ਵਹਿਮੀ ਜੀ ਦੀ ਬਰਸੀ ਤੇ ਜੋ ਸਾਲਾਨਾ ਸਮਾਗਮ ਕੀਤਾ ਸੀ ਉਸ ਵਿਚ ਉਸ ਵਰ੍ਹੇ ਦਾ "ਸੰਤ ਤਰਨ ਸਿੰਘ ਵਹਿਮੀ ਯਾਦਗਾਰੀ ਪੁਰਸਕਾਰ" ਮਰਨੋਂ ਉਪਰੰਤ ਹਿਸਟੋਰੀਅਨ ਬਿਸ਼ਨ ਸਿੰਘ ਜੀ ਨੂੰ ਦੇ ਕੇ ਨਿਵਾਜਿਆ ਗਿਆ ਸੀ ਅਤੇ ਇਹ ਇਨਾਮ ਭਾਈ ਬੂਟਾ ਸਿੰਘ ਹੋਰਾਂ ਨੇ ਹੀ ਗ੍ਰਹਿਣ ਕੀਤਾ ਸੀ ਭਾਵੇਂ ਨਕਦ ਰਾਸ਼ੀ ਉਹਨਾਂ ਮੌਕੇ ਤੇ ਹੀ ਨਾਮਧਾਰੀ ਸਾਹਿਤ ਸਭਾ ਨੂੰ ਹੀ ਭੇਂਟ ਕਰ ਦਿੱਤੀ ਸੀ। ਇਹ ਸਮਾਗਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ ਸੀ। ਭਾਈ ਬੂਟਾ ਸਿੰਘ ਹੋਰਾ ਨੇ ਇਸ ਸਮਾਗਮ ਦੇ ਲਾਗੇ ਚਾਗੇ ਹੀ ਸੰਤ ਬਿਸ਼ਨ ਸਿੰਘ ਹੋਰਾਂ ਦੇ ਅਣਛਪੇ ਖਰੜੇ ਅਤੇ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਕੁਝ ਹੋਰ ਸਮੱਗਰੀ ਵੀ ਵਹਿਮੀ ਸਪੁੱਤਰ ਸਾਧੂ ਸਿੰਘ ਕਿਸਾਨ ਹੋਰਾਂ ਨੂੰ ਨਾਮਧਾਰੀ ਦਰਬਾਰ ਵਾਸਤੇ ਅਰਪਣ ਕਰ ਦਿਤੀ ਸੀ।

ਇਸ ਤੋਂ ਪਹਿਲਾਂ ਵਹਿਮੀ ਜੀ ਦੀ ਦੂਜੀ ਬਰਸੀ ਦੇ ਮੌਕੇ ਤੇ ਜੋ ਕਵੀ ਦਰਬਾਰ ਭੁੱਚੋ ਮੰਡੀ ੧੯ ਨਵੰਬਰ ੧੯੮੦ ਈ. ਨੂੰ ਹੋਇਆ ਅਤੇ ਜਿਸ ਵਿਚ ਇਨਕਲਾਬੀ ਤੇ ਧਾਰਮਿਕ ਦੋਹਾਂ ਧੁਨਾਂਵਾਂ ਦੀਆਂ ਕਵਿਤਾਵਾਂ ਪੜ੍ਹੀਆਂ ਗਈਆਂ ਉਸ ਦੀ ਪ੍ਰਧਾਨਗੀ ਹਿਸਟੋਰੀਅਨ ਜੀ ਨੇ ਕੀਤੀ ਅਤੇ ਮੰਚ ਸੰਚਾਲਨ ਪ੍ਰੀਤਮ ਸਿੰਘ ਕਵੀ ਹੋਰਾਂ ਕੀਤਾ।

22 ਮਾਰਚ ੧੯੮੧ ਈ. ਨੂੰ ਸ੍ਰੀ ਭੈਣੀ ਸਾਹਿਬ ਹੋਲੇ ਮਹੱਲੇ ਸਮੇਂ ਹੋਏ ਵਿਸ਼ਾਲ ਕਵੀ ਦਰਬਾਰ ਦੀ ਪ੍ਰਧਾਨਗੀ ਅਤੇ ਮੰਚ ਸਕੱਤਰੀ ਦਾ ਮਾਣ ਫਿਰ ਉਪਰੋਕਤ ਹਿਸਟੋਰੀਅਨ ਅਤੇ ਕਵੀ ਜੋੜੀ ਨੂੰ ਹੀ ਪ੍ਰਾਪਤ ਹੋਇਆ। ਤੇ ਸ਼ਾਇਦ

Sri Satguru Jagjit Singh Ji eLibrary NamdhariElibrary@gmail.com

ਇਹ ਕਵੀ ਦਰਬਾਰ ਹੀ ਸੰਤਾਂ ਦੇ ਜੀਵਨ ਦਾ ਆਖ਼ਰੀ ਕਵੀ ਦਰਬਾਰ ਹੋ ਨਿਬੜਿਆ। ਤਕਰੀਬਨ ਅੱਧੀ ਸਦੀ ਤੇ ਉਹਨਾਂ ਦਾ ਰਚਨਾ ਕਰਮ ਫੈਲਿਆ ਹੋਇਆ ਹੈ। ਵਾਰਤਕ ਅਤੇ ਕਵਿਤਾ ਤੇ ਉਹਨਾਂ ਇੱਕੋ ਜਹੀ ਮੁਹਾਰਤ ਨਾਲ ਹੱਥ ਅਜ਼ਮਾਇਆ ਹੈ। ਪਰ ਉਹਨਾਂ ਦੇ ਨਾਮਧਾਰੀ ਇਤਿਹਾਸ ਅਤੇ ਸਾਹਿਤ ਨੂੰ ਪਾਏ ਹੋਏ ਦੋ ਹੋਰ ਮਹੱਤਵਪੂਰਨ ਯੋਗਦਾਨ ਹਨ ਜਿਸ ਸਦਕਾ ਉਹਨਾਂ ਦਾ ਇਹ ਕਾਰਜ ਵਡਮੁੱਲਾ ਬਣ ਜਾਂਦਾ ਹੈ। ਨਾਮਧਾਰੀ ਸਿੱਖਾਂ ਜਾਂ ਕੂਕਿਆਂ ਨਾਲ ਸਬੰਧਿਤ ਲੋਕ-ਬੋਲੀਆਂ, ਲੋਕ-ਗੀਤਾਂ ਦੀ ਉਹਨਾਂ ਬੜੀ ਰੀਝ ਨਾਲ ਖੋਜ ਕੀਤੀ ਜਿਸ ਤੇ ਆਧਾਰਿਤ ਤੱਤਕਾਲੀਨ ਸਤਿਜੁਗ ਦੇ ਸੰਪਾਦਕ ਸ੍ਰੀ ਰਜਿੰਦਰ ਸਿੰਘ 'ਗੁਰੂ ਸਰ" ਨੇ ਇਕ ਵੱਡ ਆਕਾਰੀ ਲੇਖ ੨੦੧੩ ਬਿਕ੍ਰਮੀ ਦੇ ਬਸੰਤ ਅੰਕ ਵਿਚ ਪ੍ਰਕਾਸ਼ਿਤ ਕੀਤਾ ਸੀ। ਦੂਸਰਾ ਵੱਡਾ ਕੰਮ ਆਪਣੇ ਪਿਤਾ ਪੁਰਖੀ ਕੌਮ ਦੀ ਭਾਲ ਵਿਚ ਮਾਲਵੇ ਦੇ ਇਲਾਕੇ ਵਿਚ ਘੁੰਮ ਫਿਰ ਕੇ ਉਹਨਾਂ ਨਾਮਧਾਰੀ ਸ਼ਹੀਦਾਂ ਦੇ ਪਰਵਾਰਾਂ ਦੇ ਸਿਰਨਾਵੇਂ ਇਕੱਠੇ ਕੀਤੇ। ਇਹ ਦੋਵੇਂ ਕੰਮ ਹੀ ਉਹਨਾਂ ਨੂੰ ਅਮਰਤਾ ਪ੍ਰਦਾਨ ਕਰਨ ਵਾਲੇ ਹਨ। ਅੱਜ ਵੀ ਸੂਬਾ ਬੀਬੀ ਸੁਰਿੰਦਰ ਕੌਰ ਖਰਲ ਹੋਰੀਂ ਹਿਸਟੋਰੀਅਨ ਹੋਰਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਸ਼ਹੀਦਾਂ ਸੰਬੰਧੀ ਜਾਂਚ ਪੜਤਾਲ ਦੇ ਉਸ ਕਾਰਜ ਨੂੰ ਹੋਰ ਵਿਸਤਾਰਿਤ ਕਰਨ ਦਾ ਸ਼ਲਾਘਾਯੋਗ ਉੱਦਮ ਕਰ ਰਹੇ ਹਨ। ਪਰ ਜਿਹਨਾਂ ਕਠਿਨ ਪ੍ਰਸਥਿਤੀਆਂ ਵਿਚ, ਖ਼ਾਸ ਕਰ ਵਿਦੇਸ਼ੀ ਅਤੇ ਰਿਆਸਤੀ ਹਕੂਮਤਾਂ ਦੀ ਸਖ਼ਤੀ ਸਮੇਂ, ਗਿਆਨੀ ਜੀ ਅਤੇ ਉਹਨਾਂ ਦੇ ਸੁਯੋਗ ਸਪੁੱਤਰ ਸੰਤ ਬਿਸ਼ਨ ਸਿੰਘ ਹੋਰਾਂ ਇਹ ਕਾਰਜ ਕੀਤਾ ਉਸ ਦੀ ਹੋਰ ਮਿਸਾਲ ਨਹੀਂ ਮਿਲਦੀ। ਸਰਕਾਰ ਦੀ ਸਖ਼ਤੀ ਐਨੀ ਸੀ ਕਿ ਕਈ ਸ਼ਹੀਦਾਂ ਦੇ ਵਾਰਸਾਂ ਨੇ ਵੀ ਆਪਣੇ ਪੁਰਖਿਆਂ ਦੇ ਧਾਰਮਿਕ ਅਕੀਦੇ ਅਤੇ ਉਹਨਾਂ ਦੀ ਯਾਦ ਨੂੰ ਭੁਲਾ ਦੇਣ ਵਿਚ ਹੀ ਆਪਣਾ ਬਚਾਅ ਸਮਝਿਆ ਸੀ। ਮਲੇਰਕੋਟਲਾ ਵਿਖੇ ਨਾਮਧਾਰੀ ਸ਼ਹੀਦੀ ਸਮਾਰਕ ਦੇ ਉਦਘਾਟਨ ਸਮੇਂ ਹੋਏ ਮੇਲੇ ਵਿਚ ਬੋਲਦਿਆਂ ਪ੍ਰਸਿੱਧ ਕਮਿਊਨਿਸਟ ਆਗੂ ਕਾ. ਜੰਗੀਰ ਸਿੰਘ ਜੋਗਾ ਹੋਰਾਂ ਨੇ ਇਹ ਇਕਸ਼ਾਫ ਕੀਤਾ ਸੀ ਕਿ ੧੯੨੮-੨੯ ਵਿਚ 'ਸਤਿਜੁਗ' ਦੇ ਬਸੰਤ ਅੰਕ ਵਿਚੋਂ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਲਿਖਤ ਵਿਚੋਂ ਹੀ ਉਹਨਾਂ ਤੇ ਹੋਰ ਪਿੰਡ ਵਾਲਿਆਂ ਨੂੰ ਪਤਾ ਲੱਗਾ ਸੀ ਕਿ ਉਹਨਾਂ ਦੇ ਪਿੰਡ ਜੋਗੇ ਦੇ ਕਿੰਨੇ ਨਾਮਧਾਰੀ ਸਿੰਘ ਮਲੇਰਕੋਟਲੇ ਸ਼ਹੀਦ ਹੋਏ ਸਨ। ਚੱਕਰਵਰਤੀ ਜੀ ਵੀ ਬਿਸ਼ਨ ਸਿੰਘ ਹੋਰਾਂ ਦੇ ਇਸ ਕਾਰਜ ਲਈ ਉਹਨਾਂ ਦਾ ਆਭਾਰ ਪ੍ਰਗਟ ਕਰਿਆ ਕਰਦੇ ਸਨ। ਇਕ ਹੋਰ ਸਮਕਾਲੀ ਕਵੀ ਲਿਖਦਾ ਹੈ:

"ਪਿੰਡ ਪਿੰਡ ਪੁੱਛ ਪੁੱਛ ਘਰ ਘਰ ਫਿਰ ਫਿਰ,
ਜੋੜ ਪਰਸੰਗ ਇਕ ਲੜੀ 'ਚ ਪਰੋਏ ਸੀ।
ਕੰਮ ਕਾਜ ਛੱਡ ਕਰ ਦਿਨ ਰਾਤ ਇਕ ਕਰ,
ਦੂਰ ਨੇੜੇ ਜਾਇ ਕਰ ਕੱਠੇ ਕਰੇ ਢੋਏ ਸੀ।
... ...
ਦੁੱਖ ਭੁੱਖ ਜਰ ਕਰ ਸੁੱਖ ਨੂੰ ਤਿਆਗ ਕੇ ਤੇ
ਸੂਰਮੇ ਬਿਸ਼ਨ ਸਿੰਘ ਅਮੀਂ ਵਾਕ ਚੋਏ ਸੀ।"

ਨਾਮਧਾਰੀ ਸ਼ਹੀਦਾਂ ਦੀ ਪਹਿਲੀ ਸ਼ਤਾਬਦੀ (੧੯੭੧-੭੨ ਈ.) ਸਮੇਂ ਸੰਤ ਬਿਸ਼ਨ ਸਿੰਘ ਹੋਰਾਂ ਦੀ ਕਾਵਿ ਪੁਸਤਕ "ਸ਼ਹੀਦ ਬਿਲਾਸ" (ਰਾਏਕੋਟ ਤੇ ਲੁਧਿਆਣਾ) ਪ੍ਰਕਾਸ਼ਿਤ ਹੋਈ। ਇਸ ਦੇ ਵਿਚ ਦਿੱਤੀ ਜਾਣਕਾਰੀ ਮੁਤਾਬਿਕ ਉਹਨਾਂ ਦੇ ਛਪੇ ਗ੍ਰੰਥ ਹਨ : (੧.) ਇਨਕਲਾਬੀ ਕੂਕਾ (੨) ਬਾਗੀ ਕੂਕਾ (੩) ਆਜ਼ਾਦੀ ਲਹਿਰ ਵਿਚ ਨਾਮਧਾਰੀ ਦੇਵੀਆਂ (੪) ਰਾਏਕੋਟ ਵਿਚ ਨਾਮਧਾਰੀ ਸਿੰਘ ਸ਼ਹੀਦ (੫) ਕੂਕਾ ਸਿਖ ਤੇ ਅੰਗਰੇਜ਼ ਰਾਜ (੬) ਸ਼ਹੀਦ ਬਿਲਾਸ, ਸ੍ਰੀ ਅੰਮ੍ਰਿਤਸਰ। ਅਣਛਪੇ ਗ੍ਰੰਥ ਹਨ: 1. ਮਲੇਰਕੋਟਲੇ ਵਿਚ ਸੰਤਾਂ ਤੋਪਾਂ ਨਾਲ ਮਸਤਾਨਾ ਦਲ ਸ਼ਹੀਦ (ਇਹ ਬਾਅਦ ਵਿਚ ਛਪ ਗਿਆ ਹੈ) 2. ਜੋਤ ਦਾ ਜਾਮਾ (ਸ੍ਰੀ ਗੁਰੂ ਹਰੀ ਸਿੰਘ ਜੀ ਦੀਆਂ ਸਾਖੀਆਂ) 3. ਅੜਬੰਗੀ ਦਾ ਖੂੰਡਾ 4. ਕੂਕੇ ਦੀ ਕਿਰਪਾਨ 5. ਸਾਗਰੋਂ ਪਾਰ 6. ਟਹਿਕਦੇ ਫੁੱਲ

ਇਹਨਾਂ ਪੁਸਤਕਾਂ ਦੀ ਵਾਰਤਕ ਜਾਂ ਕਵਿਤਾ ਬੇਸ਼ਕ ਸਾਹਿਤ ਦੇ ਉੱਚ ਮਾਪਦੰਡਾਂ ਤੇ ਪੂਰੀ ਉਤਰਨ ਵਾਲੀ

Sri Satguru Jagjit Singh Ji eLibrary NamdhariElibrary@gmail.com

ਨਹੀਂ ਹੈ ਕਿਉਂਕਿ ਸੰਤ ਜੀ ਇਕ ਕਿਰਤੀ ਪਰਵਾਰ ਨਾਲ ਸਬੰਧਿਤ ਸਨ। ਵਿਦੇਸ਼ੀ ਸਕੂਲਾਂ ਦਾ ਨਾਮ
ਬਾਈਕਾਟ ਸੀ। ਥੋਹੜੀ ਬਹੁਤ ਗੁਰਮੁਖੀ ਦੀ ਮੁੱਢਲੀ ਸਿਖਿਆ ਜਾਂ ਆਪਣੇ ਪਿਤਾ ਸ੍ਰੀ ਗਿਆਨੀ ਕਾ
ਤੋਂ, ਜਾਂ ਪਿੰਡ ਦੇ ਗੁਰਦੁਆਰੇ ਦੇ ਗਰੰਥੀ ਤੋਂ ਹਾਸਲ ਹੋਈ ਹੋਵੇਗੀ। ਫਿਰ ਘਰ ਗ੍ਰਹਿਸਤੀ ਦੇ ਜੰਜਾਲ
ਤਰ੍ਹਾਂ ਨਿੱਠ ਕੇ ਕਿਤੇ ਵੀ ਅਧਿਐਨ ਕਰਨ ਦਾ ਸਮਾਂ ਨਹੀਂ ਬਖਸ਼ਿਆ ਹੋਵੇਗਾ। ਤੰਗੀਆਂ ਤੁਰਸ਼ੀਆਂ
ਹਾਲਤਾਂ ਵਿਚ ਘੱਟ ਵਿੱਦਿਆ ਦੇ ਬਾਵਜੂਦ ਵੀ ਉਹਨਾਂ ਦੀ ਸੁਹਿਰਦਤਾ, ਆਪਣੇ ਇਸ਼ਟ ਸਤਿਗੁਰੂ
ਅਤੇ ਉਸਦੇ ਨਾਮਧਾਰੀ ਪੰਥ ਪ੍ਰਤੀ ਬੜੀ ਬਲਵਾਨ ਹੈ। ਉਹ ਆਪਣੇ ਰਚਨਾ ਕਰਮ ਨੂੰ ਨਾ ਤਾਂ ਮੱਧਕਾਲ
ਜਿਉਂ ਮਨ ਪਰਚਾਵੇ ਦਾ ਸਾਧਨ ਸਮਝਦੇ ਹਨ ਅਤੇ ਨਾ ਹੀ ਸਾਮੰਤਾਂ ਦੇ ਦਰਬਾਰੀ ਕਵੀਆਂ ਜਿਉਂ ਉ
ਸਾਧਨ। ਉਹ ਤਾਂ ਇਸ ਨੂੰ ਆਪਣੀ ਬੰਦਗੀ ਆਪਣੀ ਭਗਤੀ ਸਮਝ ਕੇ ਆਪਣੇ ਸਤਿਗੁਰੂ ਦੇ ਉਸ ਮਿਸ਼
ਹੁੰਦਾ ਵੇਖਣਾ ਚਾਹੁੰਦੇ ਹਨ, ਜਿਸ ਵਿਚ ਕੋਈ ਉੱਚਾ ਨੀਵਾਂ, ਵੱਡਾ ਛੋਟਾ, ਅਮੀਰ ਗਰੀਬ ਨਹੀਂ ਹੋਵੇਗ
ਦੇ ਟੋਏ ਟਿੱਬੇ ਪੂਰਕੇ ਇਸ ਨੂੰ ਇੱਕ ਰਸ ਕਰ ਦਿੱਤਾ ਜਾਏਗਾ। ਇਸ ਤਰ੍ਹਾਂ ਸੰਤ ਜੀ ਦੀ ਗੁਰੂ ਭਗਤੀ ਅਤੇ
ਦੀ ਬੰਦ ਖਲਾਸੀ ਇਕਮੁਠ ਹੋ ਗਈਆਂ ਹਨ। ਉਹਨਾਂ ਨੂੰ ਇਸ ਵਿਚ ਕੋਈ ਵਿਰੋਧਾਭਾਸ ਨਹੀਂ ਮਲੂ
ਜਮਾਤੀ ਚੇਤਨਾ ਉਹਨਾਂ ਦੀ ਊਰਜਾ ਦਾ ਸ੍ਰੋਤ ਹੋ ਨਿੱਬੜਦੀ ਹੈ। ਸ਼ਬਦਾਂ ਦੇ ਸਿਹਰੇ ਮੁਹਰੇ, ਤੁਕ ਤੁਕਾਂ
ਬਣਤਰਾਂ ਨੂੰ ਤਾਂ ਕਦੇ ਵੀ ਲਿਸ਼ਕਾਇਆ ਪੁਸ਼ਕਾਇਆ ਜਾ ਸਕਦਾ ਹੈ ਪਰ ਜੋ ਬੇਸ਼ਕੀਮਤੀ ਖਜ਼ਾਨਾ
ਲੇਖਕ ਸੰਤ ਰਤਨ ਸਿੰਘ ਵਹਿਮੀ ਜਿਉਂ, ਹਿਸਟੋਰੀਅਨ ਜੀ ਚਿੱਟੇ ਤੇ ਕਾਲੇ ਦੇ ਰੂਪ ਵਿਚ ਸਾਂਭ ਗਏ ਹਨ
ਲੇਖਕਾਂ, ਇਤਿਹਾਸਕਾਰਾਂ ਲਈ ਦਰਿਆ ਦੇ ਗਾਹਣ ਵਿਚ ਗੰਡੇ ਕਾਨਿਆਂ ਦੇ ਤੁੱਲ ਹੋਵੇਗਾ।

ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਸੰਗਰਾਮ ਦੇ ਮਿਸ਼ਨ ਨੂੰ ਉਹ ਇਸ ਤਰ੍ਹਾਂ ਕਾਨੀਬੰਦ

"ਸ੍ਰੀ ਸਤਿਗੁਰੂ ਰਾਮ ਸਿੰਘ ਦੇਸ ਖ਼ਾਤਰ,
ਸੰਤ ਖ਼ਾਲਸਾ ਸਾਜ ਫ਼ਰਮਾਨ ਕੀਤੇ।
ਗ਼ੁਲਾਮੀ ਨਹੀਂ ਫ਼ਰੰਗੀ ਦੀ ਹੈ ਕਰਨੀ,
ਸਿੰਘ ਰਾਜ ਹੈ ਲੈਣਾ ਨਿਸ਼ਾਨ ਕੀਤੇ।
ਉਹਨਾਂ ਦੇਸ ਪੰਜਾਬ ਵਿਚ ਕਰੇ ਦੌਰੇ,
ਪਿੰਡਾਂ ਪਿੰਡਾਂ ਦੇ ਵਿਚ ਦਿਵਾਨ ਕੀਤੇ।
ਗੋਰੇ ਕੱਢਣੇ ਅਸਾਂ ਪੰਜਾਬ ਵਿਚੋਂ,
ਕਿਸ਼ਨ ਸਿੰਘ ਜਿਹੇ ਵਿਦਵਾਨ ਕੀਤੇ।

ਰਾਇਕੋਟ ਦੇ ਸਾਕੇ ਵਿਚ ਪਿੰਡ ਪਿੰਡ ਦੇ ਤਿੰਨ ਸਿੰਘ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ, ਗੁ
ਮੰਗਲ ਸਿੰਘ, ਮਸਤਾਨ ਸਿੰਘ। ਸ਼ਹੀਦਾਂ ਦਾ ਸਸਕਾਰ ਪਿੰਡ ਪਿੰਡ ਦੋਹਾਂ ਗੱਡਿਆਂ ਤੇ ਲਿਆ ਕੇ ਸ਼ਾਮ ਨੂੰ
ਤੇ ਕੀਤਾ ਗਿਆ ਅਤੇ ਮਸਤਾਨ ਸਿੰਘ ਸ਼ਹੀਦ ਦੇ ਪਿਤਾ ਕਿਸ਼ਨ ਸਿੰਘ ਨੇ ਚਿਖਾ ਨੂੰ ਅਗਨ ਦਿਤੀ। ਇ
ਸਾਕੇ ਦੇ ਬਹਾਨੇ ਬੇਦੋਸ਼ੇ ਸੂਬਾ ਗਿਆਨੀ ਸਿੰਘ ਅਤੇ ਭਾਈ ਰਤਨ ਸਿੰਘ ਨੂੰ ਲੁਧਿਆਣੇ ਫਾਂਸੀ ਦਿੱਤੀ ਗ
ਗੁਰਦਿਤ ਸਿੰਘ ਕਰਤਾਰਗੜ੍ਹ (ਪਹਿਲਾ ਨਾਂ ਨਾਈਵਾਲ) ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਆਏ ਸਾਲ
ਸਾਹਿਬ ਦੇ ਪਾਠ ਕਰਵਾ ਕੇ ਭੋਗ ਪੁਆਉਂਦਾ ਸੀ ਅਤੇ ਉਸ ਤੋਂ ਬਾਦ ਉਹਦਾ ਪੁੱਤਰ ਸਰਦਾਰ ਗੁਰਬਖ
ਸੇਵਾ ਨਿਭਾਉਂਦਾ ਰਿਹਾ। ਇਸ ਤਰ੍ਹਾਂ ਦੇ ਵੇਰਵਿਆਂ ਦੀ ਬਰੀਕੀ ਵਿਚ ਸਿਰਫ ਹਿਸਟੋਰੀਅਨ ਜੀ ਹੀ ਗ
ਹੋਰ ਪ੍ਰਸਤਕ ਵਿਚ ਉਹਨਾਂ ਲਿਖਿਆ ਹੈ ਕਿ ਇਕ ਰਿਆਸਤ ਦਾ ਰਾਜਾ ਨਾਮਧਾਰੀ ਸਿੰਘਾਂ ਨੂੰ ਪਤ
ਦੁਬਾਰਾ ਆਪਣੇ ਵਫ਼ਾਦਾਰ ਸਿੱਖ ਗਰੰਥੀਆਂ ਤੋਂ ਬਣਵਾਇਆ ਅੰਮ੍ਰਿਤ ਛਕਾਇਆ ਕਰਦਾ ਸੀ। ਜਦੋਂ
ਭਾਈ ਕਾਹਨ ਸਿੰਘ ਨੂੰ ਇਹ ਅੰਮ੍ਰਿਤ ਛਕਣ ਲਈ ਕਿਹਾ ਗਿਆ ਤਾਂ ਉਹਦਾ ਜੁਆਬ ਸੀ "ਅੰਮ੍ਰਿਤ ਤਾਂ

ri Satguru Jagjit Singh Ji eLibrary NamdhariElibrary@gmail.c

ਸਿੰਘ ਜੀ ਦਾ ਹੀ ਸੀ ਜੋ ਅਸਾਂ ਛਕਿਆ ਹੈ। ਇਹ ਤੂੰ ਸਾਨੂੰ ਮੁੜ ਦੇਣ ਲੱਗਾ ਹੈਂ ਤੇਰੀ ਮਰਜ਼ੀ।" 'ਕੂਕਾ' ਕਿਰਦਾਰ ਦੀ ਬੁਲੰਦੀ ਦੇ ਦਰਸ਼ਨ ਥਾਂ ਥਾਂ ਆਪ ਦੀਆਂ ਲਿਖਤਾਂ ਵਿਚ ਹੁੰਦੇ ਹਨ।

ਮਲੇਰਕੋਟਲੇ ਦੇ ਸ਼ਹੀਦੀ ਸਾਕੇ ਲਈ ਫਰਵਾਹੀ ਪਿੰਡ ਦੇ ਲੰਬੜਦਾਰ ਭਾਈ ਗੁਰਮੁਖ ਸਿੰਘ ਨਾਲ ਕਹੂੰਜੜੀਏ ਦਾ ਤਕਰਾਰ ਤੇ ਬੈਲ ਜ਼ਿਬ੍ਹਾ ਕਰਨ ਦੀ ਘਟਨਾ ਵੀ ਵੱਡੀ ਪਰੇਰਕ ਬਣੀ ਸੀ। ਜਦੋਂ ਸਿੰਘ ਤੋਪ ਅੱਗੇ ਉਡਾਏ ਜਾਂਦੇ ਇਹ ਉੱਚੀ ਜੈਕਾਰਾ ਗਜਾਉਂਦਾ ਸੀ। ਇਕ ਅਹਿਲਕਾਰ ਦੇ ਦੱਸਣ ਤੇ ਕਾਵਨ ਨੇ ਇਹਨੂੰ ਠੁੱਡਾ ਮਾਰਿਆ ਤੇ ਸਿੰਘ ਉਹਦੇ ਨਾਲ ਭਿੜ ਗਿਆ ਸੀ। ਇਹ ਘਟਨਾ ਹਿਸਟੋਰੀਅਨ ਜੀ ਇਉਂ ਦਵੱਈਏ ਛੰਦ ਵਿਚ ਬਿਆਨ ਕਰਦੇ ਹਨ:

"ਇਕ ਸਿੰਘ ਜੋ ਫੌਜੀ ਪੈਹਰੇ ਵਿਚ,
ਪਕੜ੍ਹਦਾ ਸੀ ਪੰਜ ਗਰੇਬਾਂ ਨੂੰ।
ਤੋਪ ਤੇ ਸਿੰਘ ਸ਼ਹੀਦ ਹੁੰਦੇ,
ਏਹ ਯਾਦ ਕਰੇ ਗੁਰ ਸੇਵੀ ਨੂੰ।
ਹੱਸ ਹੋਵਣ ਸਿੰਘ ਸ਼ਹੀਦ ਜਦੋਂ,
ਏਹ ਬੋਲੇ ਗੱਜ ਜੈਕਾਰੇ ਨੂੰ।
ਇਕ ਐਹਲਕਾਰ ਸਰਕਾਰੀ ਨੇ,
ਡਿਠਾ ਸੀ ਏਸ ਪਿਆਰੇ ਨੂੰ।
ਕਾਵਨ ਦੇ ਕੋਲੋਂ ਜਾ ਆਖੇ,
ਆਹ ਗੁਰਮੁਖ ਸਿੰਘ ਹੀ ਜਾਵਾ ਏ।
ਏਸੇ ਨੇ ਕੋਟਲੇ ਸਿੰਘਾਂ ਨਾਲ,
ਕੀਤਾ ਸੀ ਆ ਕੇ ਧਾਵਾ ਏ।
ਏਸੇ ਨੇ ਦੇਸ ਅਜ਼ਾਦੀ ਦਾ,
ਨਾਹਰਾ ਆ ਭੈਣੀ ਲਾਇਆ ਸੀ।
ਹੀਰਾ ਸਿੰਘ ਲੈਣਾ ਸਿੰਘ ਜੀ ਨੂੰ,
ਆ ਧਰਮ ਦਾ ਜੋਸ਼ ਚੜ੍ਹਾਇਆ ਸੀ।
ਏਸੇ ਦਾ ਪਿੰਡ ਫਰਵਾਹੀ ਹੈ,
ਬਾਗ਼ੀਆਂ ਦਾ ਏਹੋ ਆਗੂ ਹੈ,
ਜਥੇਦਾਰ ਏਹੋ ਸਰਦਾਰ ਵੱਡਾ

ਮਰਹਾਣਾ (ਅੰਮ੍ਰਿਤਸਰ) ਦਾ ਭਾਈ ਭਗਵਾਨ ਸਿੰਘ ਜਿਸਨੂੰ ਨਾਮਧਾਰੀ ਪੰਥ ਵਿਚ ਅੜਬੰਗੀ ਦੇ ਨਾਉਂ ਨਾਲ ਵੀ ਜਾਣਿਆ ਜਾਂਦਾ ਸੀ ਅੰਮ੍ਰਿਤਸਰ ਤੋਂ ਲੈ ਕੇ ਮਲੇਰਕੋਟਲੇ ਤੱਕ ਦੇ ਬੁੱਚੜ ਬੰਧ ਦੇ ਸਾਕਿਆਂ ਵਿਚ ਸ਼ਾਮਲ ਸੀ। ਉਹ ਅੰਮ੍ਰਿਤਸਰ ਕੇਸ ਵਿਚ ਪੁਲੀਸ ਨੇ ਭਗੌੜਾ ਕਰਾਰ ਦਿਤਾ ਸੀ। ਪੰਥ ਦੋਖੀਆਂ ਨੂੰ ਸੋਧਣਾ ਉਹਦੇ ਲਈ ਖੱਬੇ ਹੱਥ ਦੀ ਖੇਡ ਸੀ। ਭੈਣੀ ਸਾਹਿਬ ਪੁਲੀਸ ਚੌਕੀ ਦੇ ਸਿਪਾਹੀ ਗੇਂਦੇ ਨੂੰ ਉਸ ਦੂੰਦ ਯੁੱਧ ਵਿਚ ਵੰਗਾਰ ਕੇ ਘੁੰਡੇ ਨਾਲ ਹੀ ਪਾਰ ਬੁਲਾ ਦਿਤਾ ਸੀ ਜਦੋਂ ਗੇਂਦਾ ਚੜ੍ਹਦੀ ਮਾਲੀ ਸੀ ਅਤੇ ਇਹ ਸੱਤਰਾਂ ਸਾਲਾਂ ਤੋਂ ਉੱਤੇ ਸੀ, ਫੜਿਆ ਗਿਆ। ਪਰ ਉਸ ਮੰਨਿਆ ਹੀ ਨਾ ਕਿ ਮੈਂ ਮਰਹਾਣੇ ਵਾਲਾ ਭਗਵਾਨ ਸਿੰਘ ਹਾਂ। ਉਹ ਕਹਿ ਛੱਡੇ ਮੈਂ ਤਾਂ ਅੜਬੰਗੀ ਦਾਸ ਸਾਧ ਹਾਂ। ਛੋਟੇ ਹੁੰਦੇ ਨੂੰ ਮਾਂ ਪਿਓ ਉਦਾਸੀ ਸਾਧਾਂ ਦੇ ਡੇਰੇ ਚੜ੍ਹਾ ਗਏ। ਮੈਨੂੰ ਮਾਂ ਪਿਓ ਘਰ ਪਰਵਾਰ ਦੀ ਕੋਈ ਸੂਹ ਨਹੀਂ। ਬਰੀ ਹੋਇਆ ਅਤੇ ਸ੍ਰੀ ਭੈਣੀ ਸਾਹਿਬ ੧੯੧੨ ਈ. ਵਿਚ ਖਰਾਸ ਵਾਲੇ ਕੋਠੇ ਵਿਚ ਹੀ ਅਕਾਲ ਚਲਾਣਾ ਕੀਤਾ। ਮਰਦਾਨੀ ਦਾ ੪੧ ਸਾਲ ਦਾ ਜੀਵਨ ਅੰਗ੍ਰੇਜ਼ ਸਰਕਾਰ ਦੀ ਪੁਲੀਸ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਪੂਰਾ ਕਰ ਗਿਆ। ਹਿਸਟੋਰੀਅਨ ਜੀ ਨੇ

Sri Satguru Jagjit Singh Ji eLibrary NamdhariElibrary@gmail.com

ਅੜਬੰਗੀ ਦੀ ਵਾਰ ਲਿਖ ਕੇ ਉਸ ਜਾਂਬਾਜ਼ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਆਏ ਅੜਬੰਗੀ ਨਾਲ ਗੋਂਦੇ ਦਾ ਸੰਵਾਦ ਇਉਂ ਬਿਆਨਿਆ ਹੈ-

"ਇਹ ਮਾਝੇ ਦਾ ਸੀ ਸੂਰਮਾ
ਅਤੇ ਸੰਧੂ ਗੋਤ ਦਾ ਜੱਟ।
ਗੋਰਾ, ਲੰਮਾ ਸਰੂ ਕੱਦ,
ਅਤੇ ਚੌੜਾ ਵਾਂਗਰ ਫੱਟ।
ਇਸ ਚੁੰਘੀਆਂ ਮੱਝਾਂ,
ਵੀਹ ਵੀਹ ਸ਼ੇਰ ਪੋਲੇ ਵਾਂਗੂੰ ਲੱਟ।
ਇਹ ਗਤਕੇ ਸੌਂਚੀ ਖੇਡਦਾ,
ਭਲਵਾਨੀ ਦਏ ਪਲੱਟ।
ਪਾ ਕੱਪੜੇ ਗੇਰੂ ਰੰਗ ਦੇ,
ਬਣ ਗਿਆ ਬੁੰਦੇਲੀ ਭੱਟ।
ਲੈ ਚਿੱਪੀ ਖੂੰਡਾ ਹੱਥ ਵਿਚ,
ਸਤਿਲੁਜ ਲੰਘਿਆ ਝੱਟ।
ਇਸ ਗੁਰਦੁਆਰੇ ਵਿਚ ਵੜਦਿਆਂ,
ਕੁਝ ਲਏ ਸਿਪਾਹੀ ਤੱਕ।
ਉਹ ਵੀ ਦੇਖਣ ਆਏ ਸਾਧ ਨੂੰ,
ਦਿਲ ਵਿਚ ਧਰਕੇ ਸ਼ੱਕ।
ਪਰ ਗੋਂਦਾ ਬੋਲਿਆ ਘੂਰਕੇ,
ਕੌਣ ਔਨਾਂ ਏਂ ਮੂੰਹ ਚੱਕ।
ਚੱਲ ਹਟ ਜਾ ਏਥੋਂ ਦੂਰ ਓਏ,
ਨਹੀਂ ਲਾਹ ਦਊਂ ਕਤ ਕੇ ਸੱਕ।"

ਪੁਸਤਕ "ਅਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ" ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀਆਂ ਉਹਨਾਂ ਬੀਬੀਆਂ ਬਾਰੇ ਸੰਖੇਪ ਜਾਣਕਾਰੀ ਹੈ ਜਿਹਨਾਂ ਆਪਣੀ ਵਿੱਤ ਮੁਤਾਬਿਕ ਪੰਜਾਬ ਵਿਚ ਚੱਲੇ ਸੁਤੰਤਰਤਾ ਸੰਗਰਾਮ ਵਿਚ ਸਤਿਗੁਰੂ ਸਾਹਿਬਾਨ ਦੇ ਹੁਕਮ ਅਨੁਸਾਰ ਹਿੱਸਾ ਪਾਇਆ। ਮਲੇਰਕੋਟਲੇ ਦੇ ਸ਼ਹੀਦੀ ਜਥੇ ਵਿਚ ਮਾਈ ਇੰਦ ਕੌਰ ਅਤੇ ਖੇਮ ਕੌਰ ਸ਼ਾਮਲ ਸਨ ਅਤੇ ਮਾਈ ਹੁਕਮੀ ਵਰਿਆਹ ਵਾਲੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਵਿਚੋਂ ਸੂਬਾ ਪਦਵੀ ਨਾਲ ਨਿਵਾਜਿਆ। ਸਤਿਗੁਰੂ ਰਾਮ ਸਿੰਘ ਜੀ ਨੇ ਮਾਈਆਂ ਨੂੰ ਗੁਰਮਤ ਦੇ ਆਸ਼ੇ ਅਨੁਸਾਰ ਜੋ ਸਿੱਖਿਆ ਦਿੱਤੀ ਉਹ ਬਾਬਾ ਗਿਆਨੀ ਕਾਲ੍ਹਾ ਸਿੰਘ ਦੇ ਸ਼ਬਦਾਂ ਵਿਚ:

"ਪੂਰੇ ਸਤਿਗੁਰੂ ਪੰਥ ਨੂੰ ਹੁਕਮ ਦੇਂਦੇ,
ਬੁਢੀ ਬਾਲੀ ਨੂੰ ਕਹਿਣ ਪੁਕਾਰ ਬੀਬੀ।
ਨਾਮ ਦਾਨ ਇਸ਼ਨਾਨ ਸਣ ਕੇਸ ਕਰਨਾ,
ਖੋਲ ਗੁੱਤ ਜੂੜਾ ਸੀਸ ਧਾਰ ਬੀਬੀ।
ਛੋਡੀ ਖੰਮਣੀ ਸੁੱਟ ਪਰਾਂਦਿਆਂ ਨੂੰ,
ਰੱਖੀਂ ਪਾਸ ਤੂੰ ਪੰਜ ਕਰਾਰ ਬੀਬੀ।

Sri Satguru Jagjit Singh Ji eLibrary NamdhariElibrary@gmail.com

ਨੱਥ, ਚੌਂਕ ਤੇ ਵਾਲੀਆਂ ਛੱਡੀਆਂ ਜੇ,
ਤੀਲੀ, ਲੌਂਗ ਨੂੰ ਦੇਵੀਂ ਉਤਾਰ ਬੀਬੀ।
ਛੱਲੇ ਪਹੁੰਚੀਆਂ ਹੱਥੀਂ ਨਾ ਭੁੱਲ ਪਾਵੀਂ,
ਸਿਧ ਨਾਲ ਹੈ ਇਹਨਾਂ ਦੀ ਖਾਰ ਬੀਬੀ।
ਸੋਨਾ, ਕੂੜ ਰੁੱਪਾ, ਗੁਰੂ ਹੁਕਮ ਦਿੱਤਾ,
ਕੂੜ ਸਮਝ ਲੈਣਾ ਪਹਿਨਣਹਾਰ ਬੀਬੀ।

ਕੀ ਤੁਸੀਂ ਕਿਆਸ ਕਰ ਸਕਦੇ ਹੋ ਕਿ ਕਦੇ ਅਖੰਡ ਪਾਠ ਕਰਵਾਉਣ ਦੀ ਥਾਂ ਸਜ਼ਾ, ਜੁਰਮਾਨਾ ਜਾਂ ਮੌਤ ਵੀ ਮਿਲਦੀ ਰਹੀ ਹੈ ? ਜੀ ਹਾਂ, ਨਾਮਧਾਰੀ ਸਿੰਘਾਂ ਨੇ ਇਹ ਸਭ ਆਪਣੇ ਸਰੀਰਾਂ ਤੇ ਜਰਿਆ ਹੈ। ਪੂਰੇ ਵੇਰਵੇ ਲਈ ੨੦੧੦ ਬਿਕ੍ਰਮੀ ਦਾ 'ਸਤਿਜੁਗ' ਦੇ ਬਸੰਤ ਅੰਕ ਵਿਚ ਸੰਤ ਨਿਧਾਨ ਸਿੰਘ ਆਲਮ ਦਾ ਹਿਰਦੇਵੇਧਕ ਲੇਖ ਪੜ੍ਹੋ ਜਿਸਦੀ ਭੂਮਿਕਾ ਵਿਚ ਆਲਿਮ ਜੀ ਆਪਣੇ ਆਪ ਨੂੰ ਇਹ ਲੇਖ ਲਿਖਣ ਲਈ ਬਿਸ਼ਨ ਸਿੰਘ ਜੀ ਦੇ ਮੇਜ਼-ਨੋਟਾਂ ਦਾ ਰਿਣੀ ਦੱਸਦੇ ਹਨ। ਅੰਤ ਵਿਚ ਕਹਿ ਸਕਦੇ ਹਾਂ ਕਿ ਹਿਸਟੋਰੀਅਨ ਜੀ ਦਾ ਸਾਰਾ ਜੀਵਨ ਨਾਮਧਾਰੀ ਇਤਿਹਾਸ ਤੇ ਸਾਹਿਤ ਦੀ ਖੋਜ ਨੂੰ ਸਮਰਪਿਤ ਸੀ। ਉਹ ਨਾਮਧਾਰੀ ਪੰਥ ਦੇ ਦਿਵਾਨੇ ਮਸਤਾਨੇ ਸਨ। ਇਕ ਸਰਵਹਾਰਾ ਆਪਣੀ ਸਮਰੱਥਾ ਤੋਂ ਕਿਤੇ ਵੱਧ ਕੰਮ ਸਾਡੀਆਂ ਭਾਵੀ ਪੀੜ੍ਹੀਆਂ ਲਈ ਕਰ ਗਿਆ ਹੈ। ਉਸ ਦੇ ਸਮੁੱਚੇ ਸਾਹਿਤ ਦਾ ਸੰਪਾਦਨ ਇੱਕ ਕਾਰਜ ਹੋ ਸਕਦਾ ਹੈ। ਮ੍ਰਿਗੇਸ਼ ਜੀ ਦੇ ਸ਼ਬਦਾਂ ਵਿਚ ਉਸ ਸੂਰਮੇ ਤੇ ਉਸਦੇ ਅੰਮ੍ਰਿਤ ਬੋਲਾਂ ਨੂੰ ਪ੍ਰਣਾਮ ਸਦ ਪ੍ਰਣਾਮ।

ਫੁਟ ਨੋਟ:

1. ਬਸੰਤ ਅੰਕ, ਸਤਿਜੁਗ, ਸ੍ਰੀ ਭੈਣੀ ਸਾਹਿਬ, ੧੯੯੬ ਬਿਕ੍ਰਮੀ ਮੁੱਖ ਲੇਖ, ਸੰਤ ਇੰਦਰ ਸਿੰਘ ਚੱਕਰਵਰਤੀ ਸਫਾ ੬੦
2. ਜ਼ਿਲ੍ਹਾ ਲੁਧਿਆਣਾ ਪ੍ਰਸਿੱਧ ਇਤਿਹਾਸਕਾਰ ਭਾਈ ਨਾਹਰ ਸਿੰਘ ਐਮ.ਏ. ਵੀ ਇਸੇ ਪਿੰਡ ਦੇ ਹੋਏ ਹਨ।
3. ਸੰਨ ੧੮੮੫ ਈ.
4. ਸੀਤੇ ਦੀਆਂ ਪੈੜਾਂ – ਪ੍ਰੀਤਮ ਸਿੰਘ ਕਵੀ ਜਿਲਦ ੩ ਸਫਾ ੧੨੯
5. ਉਹੀ, ਜਿਲਦ ੮ ਸਫਾ ੩੯੦
6. ਉਹੀ, ਜਿਲਦ ੨, ਸਫਾ ੧੯੮
7. ਉਹੀ, ਜਿਲਦ ੮, ਸਫਾ ੧੬੫
8. "ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਰਚਿਤ ਸਾਕਾ ਮਲੇਰਕੋਟਲਾ" – ਗੁਰਚਰਨ ਸਿੰਘ ਵਿਰਕ, 'ਵਰਿਆਮ', ਅਕਤੂਬਰ, ੧੯੯੩, ਸਫਾ ੨੮
9. ਸ਼ਹੀਦ ਬਿਲਾਸ – ਸੰਤ ਬਿਸ਼ਨ ਸਿੰਘ ਜੀ ਹਿਸਟੋਰੀਅਨ, ਸਫਾ ੩-੪
10. ਸਤਿਜੁਗ, ਸ੍ਰੀ ਜੀਵਨ ਨਗਰ ਬਸੰਤ ਅੰਕ, ਮਾਘ ੨੦੧੦ ਬਿਕ੍ਰਮੀ, ਸਫਾ ੬੧-੬੨
11. ਸਤਿਜੁਗ, ਸ੍ਰੀ ਜੀਵਨ ਨਗਰ, ਬਸੰਤ ਅੰਕ, ੧੩ ਮਾਘ ੨੦੧੪ ਬਿਕ੍ਰਮੀ, ਸਫਾ ੨੯
12. ਆਜ਼ਾਦੀ ਦੀ ਲਹਿਰ – ਨਾਮਧਾਰੀ ਦੇਵੀਆਂ, ਸਫਾ ੧੯
13. ਸਤਿਜੁਗ, ਬਸੰਤ ਅੰਕ, ੨੦੧੦, ਸਫਾ ੧੫੦

Sri Satguru Jagjit Singh Ji eLibrary NamdhariElibrary@gmail.com

ਕਵਿ ਗੋਧਾ ਸਿੰਘ 'ਜੱਟ'

ਖੁਦਪੁਰ ਰਾਵੀ ਦੇ ਕੰਢੇ ਤੇ ਸੰਧੂ ਜੱਟਾਂ ਦੀ ਮਾਲਕੀ ਵਾਲਾ ਜ਼ਿਲ੍ਹਾ ਲਾਹੌਰ ਦਾ ਇਕ ਉੱਘਾ ਪਿੰਡ ਸੀ। ਇਹ ਪਿੰਡ ਲਾਹੌਰ ਤੇ ਕਸੂਰ ਦੇ ਐਨ ਵਿਚਾਲੇ ਹੈ। ਕਿਹਾ ਜਾਂਦਾ ਹੈ ਕਿ ਇਸ ਪਿੰਡ ਦੀ ਥਾਂ 'ਤੇ ਖਲੋ ਕੇ ਹੀ ਭਗਵਾਨ ਰਾਮ ਚੰਦਰ ਜੀ ਦੇ ਪੁੱਤਰਾਂ ਵੱਖ-ਵੱਖ ਦਿਸ਼ਾਵਾਂ ਵੱਲ ਮੂੰਹ ਕਰਕੇ ਤੀਰ ਚਲਾਏ ਸਨ। ਲਊ ਦੇ ਤੀਰ ਡਿਗਣ ਵਾਲੀ ਥਾਂ ਤੇ ਲਾਹੌਰ ਅਤੇ ਕੁਸ਼ੂ ਵਾਲੀ ਥਾਂ ਤੇ ਕਸੂਰ ਵਸਾਏ ਗਏ। ਪਿੰਡ ਦੀ ਭੂਗੋਲਿਕ ਸਥਿਤੀ ਨੂੰ ਸਪੱਸ਼ਟ ਕਰਨ ਲਈ ਇਸ ਪ੍ਰਸੰਗ ਦੀ ਵਰਤੋਂ ਢੁਕਵੀਂ ਹੈ। ਇਹ ਪਿੰਡ ਲਾਹੌਰ ਤੋਂ ਬਾਰਾਂ ਕੁ ਮੀਲ ਦੱਖਣ ਵੱਲ ਵਾਕਿਆ ਸੀ। ਇਸ ਪਿੰਡ ਦਾ ਜਵੰਦ ਸਿੰਘ ਸੰਧੂ ਸਿੱਖ ਰਾਜ ਸਮੇਂ ਨੌਨਿਹਾਲ ਸਿੰਘ ਰਜਮੈਂਟ ਵਿਚ ਕੁਮੇਦਾਨ ਸੀ। ਇਸੇ ਰਜਮੈਂਟ ਵਿਚ ਹੀ ਬਾਦ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਸੈਨਿਕ ਜੀਵਨ ਦੇ ਆਪਣੇ ਵਰ੍ਹੇ ਬਤੀਤ ਕੀਤੇ। ਕੁਮੇਦਾਨ ਸੰਧੂ ਬੜਾ ਬਲੀ ਸੀ। ਜਦੋਂ ਉਹ ਆਪਣੇ ਪਿੰਡ ਛੁੱਟੀ ਕੱਟਣ ਜਾਂਦਾ ਤਾਂ ਛੇ ਘੋੜ ਸਵਾਰ ਅਤੇ ਇਕ ਰਥਲੀ ਉਸਨੂੰ ਆਪਣੀ ਸਵਾਰੀ ਲਈ ਮਿਲਦੀ ਸੀ। ਅੰਗਰੇਜ਼ਾਂ ਵਿਰੁੱਧ ਲੜਾਈਆਂ ਵਿਚ ਇਸ ਸੂਰਮੇ ਨੇ ਵੀ ਆਪਣੇ ਦਿਲ ਦੇ ਗੁਬਾਰ ਕੱਢੇ। ਪਰ "ਲਾਲੂ ਦੀ ਲਾਲੀ" ਅਤੇ "ਤੇਜੂ ਦਾ ਤੇਜ" ਗੁਆਚਣ ਕਾਰਨ ਸਿੱਖ ਫੌਜਾਂ ਜਿੱਤ ਕੇ ਵੀ ਅੰਤ ਨੂੰ ਹਾਰ ਗਈਆਂ। ਲਾਹੌਰ ਦੇ ਕਿਲੇ ਤੋਂ ਖ਼ਾਲਸਾਈ ਨਿਸ਼ਾਨ ਉਤਾਰ ਕੇ ਯੂਨੀਅਨ ਜੈਕ ਝੁਲਾ ਦਿੱਤਾ ਗਿਆ। ਅੰਤਿਮ ਸਿੱਖ ਮਹਾਰਾਜੇ ਬਾਲ ਦਲੀਪ ਸਿੰਘ ਨੂੰ ਦੇਸ਼-ਬਦਰ ਕਰ ਦਿੱਤਾ ਗਿਆ। ਪੁਰਾਣੇ ਸਿੱਖ ਸਰਦਾਰ ਘਰਾਣਿਆਂ ਤੇ ਵੀ ਅੰਗਰੇਜ਼ਾਂ ਨੇ ਆਪਣਾ ਗੁੱਸਾ ਕੱਢਿਆ। ਕੁਮੇਦਾਨ ਸੰਧੂ ਦੇ ਖੁਦਪੁਰ ਵਾਲੇ ਘਰ ਸਾੜ ਕੇ ਸੁਆਹ ਕਰ ਦਿੱਤੇ। ਰਾਵੀ ਦੇ ਕਿਨਾਰੇ 'ਤੇ ਰਹਿਣ ਵਾਲੇ ਇਕ ਅਣਖੀਲੇ ਪੰਜਾਬੀ ਸ਼ਾਮ ਸਿੰਘ ਰਾਠੋਰ ਪਾਸ ਇਸ ਪਰਵਾਰ ਨੇ ਬਿਪਤਾ ਦੇ ਦਿਨ ਲੁਕ ਛਿਪ ਕੇ ਕੱਟੇ।

ਛੇਤੀ ਹੀ ਅਮਨ-ਅਮਾਨ ਹੋ ਗਿਆ ਤਾਂ ਕੁਮੇਦਾਨ ਪਰਿਵਾਰ ਆਪਣੇ ਨਵੇਂ ਪਿੰਡ ਜਾ ਵਸਿਆ ਜੀਏ ਬੱਗੇ, ਜੋ ਖੁਦਪੁਰ ਦੇ ਨੇੜੇ ਹੀ ਸੀ। ੧੮੫੭ ਈ. ਦੀ ਵਿਸਾਖੀ ਦੇ ਦਿਹਾੜੇ ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਸਾਜਨਾ ਕਰਕੇ ਸੁਤੰਤਰਤਾ ਦਾ ਨਾਦ ਫੂਕਿਆ। ਫੌਜ ਵਾਲੇ, ਸਤਿਗੁਰੂ ਰਾਮ ਸਿੰਘ ਦੀਆਂ ਮਸਤਾਨੀ ਬਿਰਤੀ ਦੀਆਂ ਸਾਖੀਆਂ ਕੁਮੇਦਾਨ ਪਰਿਵਾਰ ਵੀ ਸੁਣਦਾ ਰਹਿੰਦਾ ਸੀ। ਸੋ ਉਸਦਾ ਪੁੱਤਰ ਅਰਜਨ ਸਿੰਘ ਵੀ ਇਸ ਨਵੇਂ ਪੰਥ ਵਿਚ ਸ਼ਾਮਲ ਹੋ ਗਿਆ। ਕੂਕਾ ਸਰਗਰਮੀਆਂ ਤੇ ਸਰਕਾਰ ਦੀ ਤਾਬੜਵੀਂ ਨਜ਼ਰ ੧੮੬੩ ਈ. ਤੋਂ ਹੀ ਪੈਣੀ ਸ਼ੁਰੂ ਹੋ ਗਈ ਸੀ। ਮਲੇਰ ਕੋਟਲੇ ਦੀਆਂ ਬੁਚੜਬੰਦ ਘਟਨਾਵਾਂ ਦਾ ਬਹਾਨਾ ਬਣਾ ਕੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ ਦੇਸ਼-ਬਦਰ ਕਰ ਦਿੱਤਾ। ਪੰਥ ਨਾਮਧਾਰੀ ਦੀ ਅਗਵਾਈ ਹੁਣ ਗੁਰੂ ਹਰੀ ਸਿੰਘ ਕਰ ਰਹੇ ਸਨ। ਉਹਨਾਂ ਇਕ ਇਕ ਤੰਦ ਗੰਢ ਕੇ ਫਿਰ ਨਵੇਂ ਸਿਰਿਓਂ ਟੁੱਟ ਰਹੀ ਸਿੱਖੀ ਨੂੰ ਮੇਲ ਦਿੱਤਾ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਵਾਂਗੂੰ ਹੀ ਪਾਬੰਦੀਆਂ ਢਿੱਲੀਆਂ ਹੋਣ ਬਾਦ ਕੁਝ ਪ੍ਰਚਾਰ ਦੌਰੇ ਵੀ ਕੀਤੇ ਅਤੇ ਨਾਮਧਾਰੀ ਤਨਜ਼ੀਮ ਦੇ ਢਾਂਚੇ ਨੂੰ ਮੁੜ ਖੜ੍ਹਾ ਕਰਨ ਲਈ ਸੂਬੇ, ਮਹੰਤ, ਜਥੇਦਾਰ ਆਦਿ ਵੀ ਥਾਪ ਦਿੱਤੇ। ਇਕ ਦੇਸ਼ ਭਗਤ ਸੈਨਿਕ ਅਧਿਕਾਰੀ ਦਾ ਪੁੱਤਰ ਹੋਣ ਦੇ ਨਾਤੇ ਗੁਰੂ ਹਰੀ ਸਿੰਘ ਜੀ ਨੇ ਬਾਬਾ ਅਰਜਨ ਸਿੰਘ ਨੂੰ ਸੂਬਾ ਥਾਪਿਆ। ਜ਼ਿਲ੍ਹਾ ਲਾਹੌਰ ਵਿਚ ਨਾਮਧਾਰੀ ਜਥੇਬੰਦੀ ਨੂੰ ਮਜ਼ਬੂਤ ਕਰਨ ਵਿਚ ਅਤੇ ਬਰਤਾਨਵੀ ਹਾਕਮਾਂ ਨੂੰ ਪਰੋਖ ਜਾਂ ਅਪਰੋਖ ਢੰਗ ਨਾਲ ਮੁਸ਼ਕਿਲਾਂ ਪੈਦਾ ਕਰਨ ਵਿਚ ਸੂਬਾ ਅਰਜਨ ਸਿੰਘ ਨੇ ਆਪਣਾ ਸਮਾਂ ਬਤੀਤ ਕੀਤਾ। ਪਿਤਾ-ਪੁਰਖੀ ਗੁਰੂ ਭਗਤੀ ਅਤੇ ਦੇਸ਼ ਭਗਤੀ ਦੀਆਂ ਲੀਹਾਂ ਤੇ ਚੱਲਣ ਵਾਲਾ ਸੀ ਸੂਬਾ ਜੀ ਦਾ ਸਪੁੱਤਰ ਧਰਮ ਸਿੰਘ। ਉਸਦੀ ਜ਼ਿੰਦਗੀ ਇਕ ਸਧਾਰਨ ਪੇਂਡੂ

Sri Satguru Jagjit Singh Ji eLibrary NamdhariElibrary@gmail.com

ਕਿਸਾਨ ਦੀ ਜ਼ਿੰਦਗੀ ਸੀ, ਜਿਸ ਵਿਚ ਦਵੈਤ, ਈਰਖਾ ਜਾਂ ਧੋਖੇਬਾਜ਼ੀ ਲਈ ਕੋਈ ਥਾਂ ਨਹੀਂ ਸੀ। ਇਹੋ ਵਜ੍ਹਾ ਸੀ ਕਿ ਸਾਡੇ ਕਵੀ ਗੁਰਬਖਸ਼ ਸਿੰਘ ਉਤੇ ਉਹਦੇ ਪਿਤਾ ਦਿਆਂ ਦੋਵੀਂ ਗੁਣਾਂ ਦਾ ਪ੍ਰਤੱਖ ਅਸਰ ਵੀ ਹੋਇਆ ਅਤੇ ਦੇਸ਼ ਪ੍ਰੇਮ ਦੀ ਵਿਰਾਸਤ ਵਿਚ ਮਿਲੀ ਲਾਟ ਨੂੰ ਉਸ ਬੁਝਣ ਤਾਂ ਕੀ ਦੇਣਾ ਸੀ, ਸਗੋਂ ਹੋਰ ਪ੍ਰਚੰਡ ਕੀਤਾ।

੧ ਜਨਵਰੀ ੧੯੦੦ ਈ. ਨੂੰ ਪਿਤਾ ਧਰਮ ਸਿੰਘ ਅਤੇ ਮਾਤਾ ਭਾਗਣ, ਜੋ ਚੂਹੜਕਾਣਾ (ਸ਼ੇਖੂਪੁਰਾ) ਦੇ ਵਿਰਕਾਂ ਦੀ ਧੀ ਸੀ, ਦੇ ਘਰ ਗੁਰਬਖਸ਼ ਸਿੰਘ ਪੈਦਾ ਹੋਇਆ ਜਾਂ ਇਉਂ ਕਹਿ ਲਈਏ ਕਿ ਉਹ ਵੀਹਵੀਂ ਸਦੀ ਦਾ ਹਾਣੀ ਸੀ। ਤਿੰਨ ਵੱਡੇ ਭਰਾ ਹੋਰ ਸਨ – ਭਾਨ ਸਿੰਘ, ਮਾਹਣਾ ਸਿੰਘ ਅਤੇ ਧਾਰਾ ਸਿੰਘ। ਸਾਰਿਆਂ ਤੋਂ ਛੋਟਾ ਹੋਣ ਕਾਰਨ ਮਾਂ ਪਿਓ ਦਾ ਜ਼ਿਆਦਾ ਪਿਆਰ ਗੁਰਬਖਸ਼ ਸਿੰਘ ਦੇ ਹਿੱਸੇ ਆਇਆ। ਸਰੀਰ ਕਾਫ਼ੀ ਸਿਹਤਮੰਦ ਤੇ ਗੋਭਲਾ ਜਿਹਾ ਸੀ। ਮਾਪਿਆਂ ਨੇ ਲਾਡ ਨਾਲ 'ਗੇਂਧਾ ਗੇਂਧਾ' ਕਹਿਣਾ ਸ਼ੁਰੂ ਕਰ ਦਿੱਤਾ। ਅਸਲ ਨਾਂ ਕੋਈ ਨਾ ਲਵੇ। ਇਸੇ ਲਈ ਵੱਡਿਆਂ ਹੋ ਕੇ ਗੇਂਧਾ ਸਿੰਘ "ਜੱਟ" ਦੇ ਉਪ ਨਾਂ ਹੇਠ ਹੀ ਉਹਨਾਂ ਆਪਣੀਆਂ ਹਰਮਨ ਪਿਆਰੀਆਂ ਪੰਜਾਬੀ ਕੁੰਡਲੀਆਂ ਦੀ ਰਚਨਾ ਕੀਤੀ। ਤੁਕਾਂਤ ਨੂੰ ਸਮਤੋਲ ਰੱਖਣ ਲਈ ਵੀ ਇਹ ਨਾਂ ਗੁਰਬਖਸ਼ ਸਿੰਘ ਨਾਲੋਂ ਵੱਧ ਉਪਯੋਗੀ ਸਿੱਧ ਹੋਇਆ। "ਸਤਿਜੁਗ" ਵਿਚ ਉਹ ਗੁਰਬਖਸ਼ ਸਿੰਘ "ਜੱਟ" ਦੇ ਨਾਂ ਹੇਠ ਆਪਣੀਆਂ ਲੰਮੀਆਂ ਕਵਿਤਾਵਾਂ ਛਪਵਾਉਂਦੇ ਰਹੇ ਹਨ।

ਪਿੰਡ ਦੇ ਸੁਹਾਵਣੇ ਵਾਤਾਵਰਣ ਵਿਚ ਖੇਡਦਿਆਂ ਅਤੇ ਕੁਦਰਤ ਦੀ ਸਰ-ਸਬਜ਼ ਗੋਦ ਦੇ ਹੁਲਾਰੇ ਲੈਂਦਿਆਂ ਕਵੀ ਦਾ ਬਚਪਨ ਬੀਤ ਗਿਆ। ਵੱਡਾ ਹੋਣ ਤੇ ਤੀਖਣ ਬੁੱਧੀ ਵਾਲਾ ਵੇਖ ਕੇ ਘਰਦਿਆਂ ਇਹਨੂੰ ਪੜ੍ਹਾਉਣ ਲਿਖਾਉਣ ਦੀ ਸੋਚੀ। ਪਹਿਲਾਂ ਪਹਿਲ ਪਿੰਡ ਦੀ ਮਸੀਤ ਦੇ ਮੌਲਵੀ ਨੂੰ ਗੁਰੂ ਧਾਰਨ ਕਰਕੇ ਉਸ ਪਾਸੋਂ ਅਲਫ਼-ਬੇ-ਪੇ ਸਿੱਖਿਆ। "ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ" ਦਾ ਧਾਰਨੀ ਬਣ ਕੇ ਮਜ਼੍ਹਬੀ ਕੱਟੜਪੰਥੀਆਂ ਤੋਂ ਬਹੁਤ ਉੱਪਰ ਉਠ ਗਿਆ। ਦੂਸਰੀ ਜਮਾਤ ਵਿਚ ਆਪਣੇ ਨਾਨਕੇ ਚੂਹੜਕਾਣੇ ਚਲਾ ਗਿਆ। ਉਥੇ ਰਹਿ ਕੇ ਚੌਥੀ ਤੱਕ ਨਾਲੇ ਤਾਂ ਪੜ੍ਹਾਈ ਕੀਤੀ ਅਤੇ ਨਾਲੇ ਕੁਦਰਤ ਦੇ ਜ਼ਿਆਦਾ ਨਜ਼ਦੀਕ ਜੰਗਲ ਜਾਂ ਬਾਰ ਵਿਚ ਰਹਿਣ ਵਾਲੇ ਵਿਰਕਾਂ ਦੇ ਖੁਲ੍ਹੇ ਡੁਲ੍ਹੇ ਸੁਭਾਉ ਦਾ ਮੁਤਾਲਿਆ ਕੀਤਾ। ਬਾਬਾ ਅਰਜਨ ਸਿੰਘ ਕਿਵੇਂ ਸਹਾਰ ਸਕਦਾ ਸੀ ਕਿ ਲਾਡਲਾ ਪੋਤਰਾ ਅੱਖਾਂ ਤੋਂ ਦੂਰ ਰਹੇ। ਉਸ ਨੇ ਪਿੰਡ ਦੇ ਹੋਰ ਸਿਆਣਿਆਂ ਦੇ ਉਦਮ ਨਾਲ ਡਿਸਟਰਿਕਟ ਬੋਰਡ ਦਾ ਪ੍ਰਾਇਮਰੀ ਸਕੂਲ ਪਿੰਡ ਵਿਚ ਖੁਲ੍ਹਵਾ ਲਿਆ ਅਤੇ ਗੇਂਧੇ ਨੂੰ ਮੌਲਵੀ ਹਸਨਦੀਪ ਦੇ ਸਪੁਰਦ ਕਰ ਦਿੱਤਾ "ਜੀਏ ਬੰਗੇ" ਲਿਆ ਕੇ। ਆਪਣੇ ਪਿੰਡ ਇਕ ਵਰ੍ਹਾ ਹੋਰ ਘਰਦਿਆਂ ਦਾ ਵਾਤਸਲ ਨਿੱਘ ਮਾਣਿਆ ਤੇ ਪੰਜਵੀਂ ਜਮਾਤ ਪਾਸ ਕਰ ਲਈ। ਉਦੋਂ ਉਰਦੂ ਦੀਆਂ ਪੰਜ ਜਮਾਤਾਂ ਪੜ੍ਹਨ ਬਾਦ, ਇਕ ਸਾਲ ਅੰਗਰੇਜ਼ੀ ਪੜ੍ਹਨੀ ਪੈਂਦੀ ਸੀ ਤੇ ਇਹਨੂੰ ਜੂਨੀਅਰ ਦਾ ਇਮਤਿਹਾਨ ਆਖਦੇ ਸਨ। ਇਹ ਇਮਤਿਹਾਨ ਪਾਸ ਕੀਤਾ ਲਾਇਲਪੁਰ ਦੀ ਤਹਿਸੀਲ ਸਮੁੰਦਰੀ ਵਿਚ ਭੂਆ ਪਾਸ ਜਾ ਕੇ। ਅਗਲੇਰੀ ਪੜ੍ਹਾਈ ਲਈ ਖਾਲਸਾ ਹਾਈ ਸਕੂਲ ਲਾਹੌਰ ਨੂੰ ਜਾ ਨਿਵਾਜਿਆ। ਮੇਲਾ ਰਾਮ ਦੇ ਤਲਾ ਪਾਸ ਗੁਰਦੁਆਰਾ ਸੀ, ਜਿਸਦਾ ਗ੍ਰੰਥੀ ਜੀਏ ਬੰਗੇ ਦਾ ਸੀ। ਸੋ ਡੇਰਾ ਉਥੇ ਹੀ ਲਾ ਲਿਆ। ਰੋਟੀ ਕਦੇ ਗੁਰਦੁਆਰਿਉਂ ਖਾ ਲੈਣੀ ਤੇ ਕਦੇ ਆਪ ਪਕਾ ਲੈਣੀ। ਹੁਣ ਵਾਹਵਾ ਸਿਆਣਾ ਹੋ ਗਿਆ ਸੀ। ਉਦੋਂ ਮੁੰਡੇ ਅੱਠਾਂ ਨਵਾਂ ਸਾਲਾਂ ਦੇ ਤਾਂ ਪੜ੍ਹਨੇ ਪੈਂਦੇ ਸਨ। ਪੈਰ ਵਿਚਲੀ ਚੱਕਰ ਨੇ ਏਥੇ ਵੀ ਨਾ ਟਿਕਣ ਦਿੱਤਾ ਤੇ ਅੱਠਵੀਂ ਜਮਾਤ ਵਿਚ ਗੌਰਮਿੰਟ ਹਾਈ ਸਕੂਲ ਬਗਬਾਨਪੁਰੇ ਪੁਜ ਗਏ। ਇਥੇ ਬੋਰਡਿੰਗ ਵਿਚ ਡੇਰਾ ਲਾਇਆ। ਇਸ ਸਕੂਲ ਵਿਚ ਓਦੋਂ ਜਿਹੇ ਹੀ ਪ੍ਰਸਿੱਧ ਪੰਜਾਬੀ ਸਟੇਜੀ ਕਵੀ ਚਿਰਾਗ ਦੀਨ, ਉਸਤਾਦ ਦਾਮਨ ਵੀ ਲੰਗੋਟ ਤੰਗ ਪੜ੍ਹਨ ਜਾਇਆ ਕਰਦੇ ਸਨ। ਬਗਬਾਨਪੁਰਾ ਸਕੂਲ ਦੇ ਪਾੜ੍ਹਿਆਂ ਵਿਚੋਂ ਡਾ. ਹਰਿਭਜਨ ਸਿੰਘ ਅਤੇ ਨਾ ਜਾਣੀਏ ਹੋਰ ਕਿੰਨੇ ਪੰਜਾਬੀ ਸਾਹਿਤ ਦੇ ਨਿਵੇਕਲੇ ਹਸਤਾਖ਼ਰ ਲੱਭ ਪੈਣਗੇ।

ਪੜ੍ਹਾਈ ਦੇ ਦੌਰਾਨ ਇਕ ਵੇਰ ਸਾਧ ਬਣਨ ਦਾ ਭੂਤ ਵੀ ਇਹਨਾਂ ਦੇ ਸਿਰ 'ਤੇ ਸੁਆਰ ਹੋ ਗਿਆ। ਉਦਾਸੀ ਸੰਤ ਹਰਿਭਜਨ ਦਾਸ ਦੇ ਨਾਲ ਰਲ ਗਏ। ਚੌਥੇ ਪੰਜਵੇਂ ਦਿਨ ਅੰਮ੍ਰਿਤਸਰ ਵਾਲੀ ਨਹਿਰ ਤੇ ਕੇਸ ਚਾਕੂ ਨਾਲ ਕੁਤਰ ਕੇ ਉਹਨੇ ਸਿਰ ਵਿਚ ਸੁਆਹ ਪਾ ਦਿੱਤੀ। ਬਾਦ ਵਿਚ ਆਪਣੀ ਰਚਨਾ ਵਿਚ ਉਹ ਜ਼ਿਕਰ ਕਰਦੇ ਹਨ–

Sri Satguru Jagjit Singh Ji eLibrary NamdhariElibrary@gmail.com

"ਭੁਕ ਸੁਆਹ ਦਾ ਪਾ ਸਿਰ, ਮੂੰਹ ਤੇ ਮਲੀ ਭਬੂਤ।
ਉਤ ਗੁਆਈ ਜ਼ਿੰਦਗੀ, ਬਣ ਗਿਆ ਸੰਦਿਓਂ ਭੂਤ।"

ਇਹਨਾਂ ਦਾ ਨਾਂ ਕਿਰਪਾਲ ਦਾਸ ਰੱਖ ਦਿੱਤਾ ਗਿਆ। ਮੰਗਲ ਦਾਸ ਬੈਰਾਗੀ ਸਾਧ ਸੀ। ਉਸਦਾ ਕਿਸੇ ਪਿੰਡ ਲਾਇਆ ਅੜੰਗਾ ਨਾ ਫੱਬਿਆ। ਉਹ ਨੱਸ ਗਿਆ। ਬਾਕੀ ਤਿੰਨ ਰਹਿ ਗਏ ਗੁਰੂ, ਚੇਲਾ ਤੇ ਮਿਹਰ ਦਾਸ। ਰਾਵੀ ਦਰਿਆ ਦੇ ਕੰਢੇ ਕਾਲੇ ਖਤਾਈ ਦੇ ਲਾਗੇ ਮਸਤ ਚੌਕ ਇਕ ਛੋਟਾ ਜਿਹਾ ਪਿੰਡ ਸੀ ਸਿਆਲਕੋਟ ਜ਼ਿਲ੍ਹੇ ਵਿਚ। ਹਰਿਭਜਨ ਦਾਸ ਉਸ ਪਿੰਡ ਦੇ ਗੁਰਦੁਆਰੇ ਰਿਹਾ ਕਰਦਾ ਸੀ। ਸਾਰਾ ਸਿਆਲ ਮਸਤ ਚੌਕ ਕੱਟਿਆ। ਇਕ ਦਿਨ ਗੋਧਾ ਸਿੰਘ ਦੀ ਹਰਿਭਜਨ ਦਾਸ ਨਾਲ ਮਜ਼੍ਹਬਾਂ ਬਾਰੇ ਚਰਚਾ ਹੋ ਗਈ। ਉਸ ਉਦਾਸੀ ਮੱਤ ਨੂੰ ਤਾਂ ਵਡਿਆਇਆ ਤੇ ਦੂਜੇ ਮੱਤਾਂ ਵਾਲਿਆਂ ਨੂੰ ਗਾਹਲਾਂ ਕੱਢੀਆਂ। ਗੋਧਾ ਸਿੰਘ ਜੀ ਦੱਸਦੇ ਸਨ ਕਿ ਜਦ ਉਸ ਨਾਮਧਾਰੀ ਸਿੱਖਾਂ ਨੂੰ ਵੀ ਗਾਹਲਾਂ ਕੱਢੀਆਂ ਤਾਂ ਮੇਰੇ ਅੰਦਰ ਪਿਓ ਦਾਦੇ ਵਾਲਾ ਪੰਥ ਪ੍ਰਗਟ ਹੋ ਗਿਆ। ਮੈਂ ਉਦਾਸੀਆਂ ਨੂੰ ਮਲੰਗ ਮੂਣਾ ਦਿੱਤੇ। ਇਸ ਗੱਲ ਤੋਂ ਸਾਡੇ ਵਿਚ ਛਿਪੀ ਫੂਹੜੀ ਵੀ ਖੜਕ ਪਈ। ਕਿਸੇ ਜਾਣੂ ਨੇ ਪਿੰਡ ਤਾਰ ਦੇ ਦਿੱਤੀ। ਬਾਪੂ ਹੋਰੀਂ ਆਏ ਤੇ ਇਸ ਤਰ੍ਹਾਂ ਵਾਪਸ ਜੀਏ ਬੱਗੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਲਾਈਨ ਤੇ ਚੌਂਗਾ ਸਟੇਸ਼ਨ ਸੀ ਪੁੱਜ ਗਏ। ਮੇਰੇ ਵਿਜੋਗ ਵਿਚ ਮਾਤਾ ਪਿਤਾ ਦਾ ਵੀ ਬੁਰਾ ਹਾਲ ਹੋਇਆ ਸੀ। ਇਹੋ ਵਜ੍ਹਾ ਸੀ ਕਿ ਮੈਂ ਫਿਰ ਘਰ ਬਾਰ ਤਿਆਗਣ ਵਾਲੇ ਪਖੰਡੀ ਸਾਧਾਂ ਦਾ ਕੱਟੜ ਵੈਰੀ ਹੋ ਗਿਆ ਅਤੇ ਉਹਨਾਂ ਦੇ ਭਰਮ ਜਾਲ ਨੂੰ ਤੋੜਨ ਵਾਸਤੇ 'ਤੁੱਕਲੀਏ' ਲਿਖੇ ਜੋ ੧੯੨੧-੨੨ ਈ. ਵਿਚ "ਪਾਖੰਡੀਆਂ ਦਾ ਜਾਲ" ਨਾਂ ਹੇਠ ਇਕ ਕਿਤਾਬਚੇ ਵਿਚ ਛਪੇ ਸਨ।

ਫਿਰ ਘਰਦਿਆਂ ਦੇ ਕਹਿਣ ਤੇ ਕਾਹਨਾ (ਜ਼ਿਲ੍ਹਾ ਲਾਹੌਰ) ਦੇ ਸਕੂਲ ਤੋਂ ਵਰਨੈਕੂਲਰ ਮਿਡਲ ਪਾਸ ਕਰਕੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਗੁਰਬਖਸ਼ ਸਿੰਘ ਮਾਸਟਰ ਲੱਗ ਗਿਆ। ਉਤਸ਼ਾਹ ਨਾਲ ਵਿਦਿਆ ਪੜ੍ਹਾਉਣੀ ਉਹਨੇ ਆਪਣਾ ਫ਼ਰਜ਼ ਸਮਝਿਆ ਸੀ। ਕੁਝ ਅਰਸਾ ਇਸ ਬੀਤਿਆ ਹੀ ਸੀ ਕਿ ਇਸੇ ਜ਼ਿਲ੍ਹੇ ਦੇ ਇਕ ਮਸ਼ਹੂਰ ਪਿੰਡ ਰਾਇਵਿੰਡ ਵਿਖੇ "ਜ਼ਿਮੀਦਾਰਾ ਲੀਗ" ਦੀ ਸਲਾਨਾ ਕਾਨਫਰੰਸ ਹੋਣ ਦਾ ਪ੍ਰੋਗਰਾਮ ਬਣ ਗਿਆ। ਮਾਸਟਰ ਜੀ ਉਥੇ ਪਹੁੰਚ ਗਏ। ਇਥੇ ਸ. ਮਹਿੰਦਰ ਸਿੰਘ "ਹਿੰਦ", ਚੌਧਰੀ ਛੋਟੂ ਰਾਮ, ਸ੍ਰੀ ਕੇਦਾਰ ਨਾਥ 'ਸਹਿਗਲ', ਸੰਤ ਨਿਧਾਨ ਸਿੰਘ 'ਆਲਿਮ' ਅਤੇ (ਬਾਅਦ ਵਿਚ ਸ਼ਹੀਦੇ-ਆਜ਼ਮ ਬਣਨ ਵਾਲੇ) ਸ੍ਰ. ਭਗਤ ਸਿੰਘ ਹੋਰੀਂ ਤੇ ਹੋਰ ਸਿਰਕੱਢ ਆਗੂ ਆਏ ਸਨ। ਇਹਨਾਂ ਦੇ ਵਿਚਾਰਾਂ ਦਾ ਜੋਟ ਹੋਰਾਂ ਤੇ ਬੜਾ ਪ੍ਰਭਾਵ ਪਿਆ। ਉਹ ਕਿਸਾਨਾਂ ਨੂੰ ਬਸਤੀਵਾਦੀਆਂ ਦੇ ਜ਼ੁਲਮ ਬਾਰੇ ਸਮਝਾਉਂਦੇ ਅਤੇ ਇਕੱਠੇ ਹੋ ਕੇ ਦੇਸ਼ ਆਜ਼ਾਦ ਕਰਾਉਣ ਲਈ ਹੰਭਲਾ ਮਾਰਨ ਲਈ ਝੰਜੋੜਦੇ। ਦੇਵੀ ਪਾਰਬਤੀ ਕਮਾਲੀਆ ਦੀ ਤਕਰੀਰ ਨੇ ਤਾਂ ਕਮਾਲ ਹੀ ਕਰ ਦਿੱਤੀ। ਰਾਤ ਨੂੰ ਗੁਰਦੁਆਰੇ ਦੇ ਇਕ ਕਮਰੇ ਵਿਚ ਹੀ ਆਪ ਸਹਿਗਲ ਤੇ ਭਗਤ ਸਿੰਘ ਹੋਰਾਂ ਪਾਸ ਜਾ ਟਿਕੇ ਅਤੇ ਤਬਾਦਲਾ ਖ਼ਿਆਲਾਤ ਕਰਦੇ ਰਹੇ। ਭਗਤ ਸਿੰਘ ਅਜੇ ਅਣਦਾੜ੍ਹੀਆ ਹੀ ਸੀ ਤੇ ਉਸ ਦੀ ਹੋਣ ਵਾਲੀ ਪ੍ਰਸਿੱਧੀ ਤੋਂ ਅਜੇ ਸਾਰੇ ਹੀ ਅਨਜਾਣ ਸਨ। "ਪਹਿਲਾ ਜੋਗ" ਸੰਤ ਹਰਿਭਜਨ ਦਾਸ ਤੋਂ ਜਿਵੇਂ ਲਿਆ ਤਿਵੇਂ ਮੋੜ ਆਏ। ਹੁਣ "ਦੂਜਾ ਜੋਗ" ਸੰਤ ਨਿਧਾਨ ਸਿੰਘ 'ਆਲਿਮ' ਹੋਰਾਂ ਦੇ ਦਿੱਤਾ। ਦੇਸ਼ ਸੇਵਾ ਦੀ ਅਜਿਹੀ ਫੂਕ ਉਨ੍ਹਾਂ ਮਾਰੀ ਕਿ ਜੋਟ ਰਾਇਵਿੰਡ ਤੋਂ ਵਾਪਿਸ "ਜੀਏ ਬੱਗੇ" ਨਹੀਂ ਗਿਆ, ਸਗੋਂ ਆਪਣੇ ਦੂਜੇ ਸਾਥੀਆਂ ਸ. ਸੰਤਾ ਸਿੰਘ ਅਤੇ ਹਰਨਾਮ ਸਿੰਘ ਸਮੇਤ ਜੋ ਇਹਨਾਂ ਦੇ ਪਿੰਡ ਦੇ ਹੀ ਸਨ, ਅੰਮ੍ਰਿਤਸਰ ਵੱਲ ਆਲਿਮ ਜੀ ਨਾਲ ਚੱਲ ਪਏ। ਸਾਰੇ ਜ਼ਿਲ੍ਹੇ ਵਿਚ ਕਾਂਗਰਸ ਦੇ ਜਲਸਿਆਂ ਦਾ ਪ੍ਰੋਗਰਾਮ ਸੀ। ਇਹਨਾਂ ਦੇ ਨਾਲ ਆਲਿਮ ਹੋਰਾਂ ਤੋਂ ਇਲਾਵਾ ਦੋ ਹੋਰ ਮਸ਼ਹੂਰ ਵਕਤਾ ਸਨ – ਸਵਾਮੀ ਬਾਲ ਸਰੂਪ ਅਤੇ ਦੇਵੀ ਪਾਰਬਤੀ ਕਮਾਲੀਆ।

ਪਹਿਲਾ ਜਲਸਾ ਦਿਆਲ ਗੋਸਲ ਪਿੰਡ ਵਿਚ ਸੀ। ਪੁਲੀਸ ਨੇ ਸਾਰੇ ਰਾਹ ਰੋਕ ਲਏ। ਸਟੇਜ ਵੀ ਨਾ ਬਣਨ ਦਿੱਤੀ। ਭੁੱਖੇ ਭਾਣੇ ਦੇਸ਼ ਸੇਵਕ ਨਿਰਾਸ਼ ਹੋਏ। ਇਕ ਮਹਿੰਦਰ ਸਿੰਘ ਨੇ ਘਰ ਲਿਜਾ ਕੇ ਪ੍ਰਸ਼ਾਦਾ ਛਕਾਇਆ ਤੇ ਕਿਹਾ ਕਿ ਜੇ ਇਸ ਅਪਰਾਧ ਬਦਲੇ ਮੈਂ ਫਾਹੇ ਵੀ ਲੱਗ ਜਾਵਾਂ ਤਾਂ ਧੰਨ ਭਾਗ। ਸੁਆਮੀ ਜੀ ਨੇ ਪਿੰਡੋਂ ਬਾਹਰ ਵਾਹਣ ਵਿਚ ਚਾਦਰ

Sri Satguru Jagjit Singh Ji eLibrary NamdhariElibrary@gmail.com

ਜਾ ਵਿਛਾਈ ਤੇ ਸਫ਼ੈਦਪੋਸ਼, ਜ਼ੈਲਦਾਰਾਂ ਨੂੰ ਗਾਹਲਾਂ ਕੱਢਣ ਲੱਗ ਪਏ। ਲੋਕ ਸਾਉਣ ਦੇ ਡੱਡੂਆਂ ਜਿਉਂ ਇਕੱਠੇ ਹੁੰਦੇ ਗਏ ਤੇ ਚੰਗਾ ਜਲਸਾ ਹੋ ਗਿਆ। ਜੱਟ ਹੋਰਾਂ ਨੇ ਬਦੇਸ਼ੀ ਸਰਕਾਰ ਵਿਰੁੱਧ ਅੱਗ ਉਗਲ ਦੀਆਂ ਕਵਿਤਾਵਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਪੰਦਰਾਂ ਕੁ ਜਲਸੇ ਸਫਲਤਾ ਪੂਰਵਕ ਇਕ ਮਹੀਨੇ ਵਿਚ ਕੀਤੇ। ਲੋਕ ਧੜਾਧੜ ਕਾਂਗਰਸ ਦੇ ਮੈਂਬਰ ਬਣਨੇ ਸ਼ੁਰੂ ਹੋ ਗਏ।

ਸਰਕਾਰੀ ਨੌਕਰੀ ਤਾਂ ਦੋ ਮਹੀਨੇ ਹੀ ਕੀਤੀ। ਇਸ ਤੋਂ ਬਾਅਦ ਆਪ ਦਾ ਸਾਰਾ ਜੀਵਨ ਇਕ ਚੱਲਦਾ ਫਿਰਦਾ ਡਰਾਮਾ ਹੀ ਸੀ। ਸਿਆਸੀ ਰੰਗਤ ਵਿਚ ਅਜਿਹੇ ਰੰਗੇ ਗਏ ਕਿ ਘਰ ਘਾਟ ਦਾ ਖਹਿੜਾ ਛੱਡ ਦਿੱਤਾ। ਇਕ ਨਾਟਕ ਜੋ ਪਿੰਡਾਂ ਵਿਚ ਡਰਾਮੇ ਦੇ ਨਾਂ ਨਾਲ ਮਸ਼ਹੂਰ ਸੀ ਆਪ ਖੇਡਿਆ ਕਰਦੇ ਸਨ, ਜਿਸਨੂੰ ਇਹਨਾਂ ਨਿਰਦੇਸ਼ਿਤ ਕੀਤਾ ਸੀ ਅਤੇ ਇਸ ਵਿਚ ਭਾਗ ਲੈਣ ਵਾਲੇ ਹੋਰ ਕਲਾਕਾਰ ਵੀ ਪਿੰਡ ਜੀਆ ਬੱਗਾ ਦੇ ਹੀ ਨਿਵਾਸੀ ਸਨ ਜਿਹਾ ਕਿ ਸੰਗ ਸਿੰਘ, ਮੀਆਂ ਚਿਰਾਗ ਦੀਨ (ਪਾਕਿਸਤਾਨ ਵਿਚ ਉਹਨੇ ਇਕ ਫ਼ਿਲਮ 'ਸ਼ੈਲਾ' ਬਣਾਈ ਜੋ ਚੱਲ ਨਹੀਂ ਸੀ ਸਕੀ) ਸ਼ਰਨਪਾਲ ਸਿੰਘ, ਕਰਤਾਰ ਸਿੰਘ, ਮਹਿਲ ਸਿੰਘ, ਗੁਲਾਮ ਮੁਹੰਮਦ 'ਤਸੀਲਦਾਰ', ਲਾਲ ਮੁਹੰਮਦ ਤੇਲੀ ਅਤੇ ਆਸਾ ਸਿੰਘ ਜੂੰਬਾ। ਇਉਂ ਇਸ ਦੀ ਸਾਰੀ ਟੀਮ ਵੀ ਧਰਮ ਨਿਰਪੱਖਤਾ ਦੇ ਆਧਾਰ ਤੇ ਚੁਣੀ ਗਈ ਸੀ। ਇਸ ਡਰਾਮੇ ਵਿਚ ਉਦੋਂ ਦੀ ਵਰਤਮਾਨ ਪੇਂਡੂ ਜੀਵਨ ਦੀ ਕਠੋਰਤਾ ਦਾ ਜ਼ਿਕਰ ਹੁੰਦਾ ਸੀ, ਕਿਵੇਂ ਮੰਦਵਾੜੇ ਕਾਰਨ ਕਿਸਾਨ ਤੋਂ ਮਾਮਲਾ ਨਹੀਂ ਸੀ ਭਰੀਦਾ, ਪੁਲੀਸ ਦਾ ਡੰਡਾ ਉਸ ਤੇ ਵਰ੍ਹਦਾ ਹੈ, ਤਹਿਸੀਲਦਾਰ ਜਮ ਦਾ ਰੂਪ ਧਾਰਕੇ ਉਗਰਾਹੀ ਤੇ ਚੜ੍ਹਦਾ ਹੈ। ਗਰੀਬ ਜੱਟ ਮਜਬੂਰ ਹੋ ਕੇ ਮੌਤ ਜਾਂ ਕ੍ਰਾਂਤੀ ਵਿਚੋਂ ਕਿਸੇ ਇਕ ਰਾਹ ਚੱਲਣ ਲਈ ਪਰੇਰਿਆ ਜਾਂਦਾ ਹੈ। ਕਿਤੇ ਕਿਤੇ ਹਾਸ-ਰਸ ਵੀ ਸੀ ਤੇ ਪਿੰਡਾਂ ਦੀ ਅਨਪੜ੍ਹਤਾ ਤੇ ਵਹਿਮਾਂ ਭਰਮਾਂ ਤੇ ਵੀ ਕਰਾਰੀਆਂ ਚੋਟਾਂ ਲਾਈਆਂ ਸਨ। ਨਾਟਕ ਦੇ ਅਰੰਭ ਤੋਂ ਪਹਿਲਾਂ "ਜੱਟ" ਆਪਣੀ ਸੁਰੀਲੀ ਆਵਾਜ਼ ਵਿਚ ਪੜਦੇ ਤੋਂ ਪਿਛੇ ਸ੍ਵੈ ਰਚਿਤ ਇਹ ਕਬਿੱਤ ਗਾਇਆ ਕਰਦਾ ਸੀ –

"ਕਿਰਤੀਆ ਕਿਸਾਨਾਂ, ਜੱਟ! ਫੱਟਾ ਪਿਆ ਫਟਨਾ ਏ,
ਫੱਟਨਾ ਏ ਕੀਹ ਦੱਸ ਖੇਤੀ ਕਿਹੜੀ ਖੱਟਨਾ ਏਂ?
ਕਾਹਦੇ ਲਈ ਕਰਨਾ ਏਂ, ਮਰਨਾ ਏਂ ਦਿਨੇ ਰਾਤ,
ਭੁੱਖਾ ਤੇ ਤਿਹਾਇਆ, ਕੰਮੋਂ ਕਦੇ ਵੀ ਨਾ ਹਟਨਾ ਏਂ?
ਪੋਹ ਦੀ ਏ ਰਾਤ ਚੋਖਾ, ਗੁੱਠੇ ਪਾਣੀ ਚੜ੍ਹਦਾ ਨਹੀਂ,
ਫੜਕੇ ਤੇ ਕਹੀ ਹਾਇ! ਗੁੱਠ ਪਿਆ ਪੱਟਨਾ ਏਂ।
ਜਾਗੇ ਤੇਰੇ ਭਾਗ ਅੱਜ ਆ ਗਿਆ ਵਸਾਖ ਉਤੋਂ,
ਵੇਖਾਂ ਕਿਡੀ ਖੁਸ਼ੀ ਨਾਲ ਕਣਕ ਪਿਆ ਕੱਟਨਾ ਏਂ।

"ਕੱਟ ਲੈ ਬੇਸ਼ਕ ਇਹਨੂੰ, ਖੁਸ਼ੀ ਨਾਲ ਗਾਹ ਲੈ,
ਗਾਹ ਕੇ ਤੂੰ ਕੁਝ ਦਾਣਾ ਘਰ ਵੀ ਲਿਆ ਲੈ।
ਬੋਹਲ ਚੁੱਕ, ਕਿਰੀ ਦੇਕ, ਮੋਚੀ, ਘੁਮਿਆਰ ਨਾਈ,
ਮਾਛੀ ਤੇ ਮਰਾਸੀ ਤਾਈਂ ਪੰਡ ਵੀ ਦੁਆ ਲੈ।
ਚੀਵਾ-ਚੂੰਨ, ਬਾਜ਼ੀਗਰ ਸੇਹਲੀ ਤੇ ਪਰਾਣੀ ਲੈ,
ਹੋਰ ਜਿੰਨੇ ਲਾਗੀ ਸਾਰੇ ਖੁਸ਼ੀ ਤੂੰ ਕਰਾ ਲੈ।
ਵਾਢਾਂ ਉਗਰਾਹੀਆਂ ਲਾਈਆਂ ਭਾਈਆਂ ਤੇਰੇ ਪਿੰਡ ਵਿਚ,
ਪੀਰ ਤੇ ਫ਼ਕੀਰ ਸਾਰੇ ਅੱਜ ਤੂੰ ਮਨਾ ਲੈ।

Sri Satguru Jagjit Singh Ji eLibrary NamdhariElibrary@gmail.com

ਗਠੇ-ਥੰਨ੍ਹ ਸੇ-ਵਾਲਾ, ਫੇਰੀ-ਵਾਲਾ ਆ ਗਿਆ ਈ,
ਬਹੁਤਾ ਨਹੀਂ ਤੇ ਟੋਪਾ ਟੋਪਾ ਉਹਨਾਂ ਵੀ ਦੁਆ ਲੈ।
ਖੁਸਰੇ, ਭਰਾਈ, ਸ਼ੇਖ਼, ਢੋਲ ਤੇ ਢਮੱਕੇ ਆਏ,
ਦਾਣੇ ਫੁਲਕਾਰੀ ਦੇ ਕੇ ਲੋਰੀ ਵੀ ਸੁਣਾ ਲੈ।
ਅਕਲ ਦਿਆ ਅੰਨ੍ਹਿਆ ਤੇ ਗੰਢ ਦਿਆ ਢਿੱਲਿਆ ਵੇ,
ਜਿਹੜੀ ਲੁੱਟ ਰਹਿੰਦੀ ਬੀਬਾ ਉਹ ਵੀ ਤੂੰ ਲੁਟਾ ਲੈ।
ਅਜੇ ਪਟਵਾਰੀ, ਗਰਦੌਰ, ਜ਼ਿਲੇਦਾਰ ਰਹਿੰਦੇ,
ਧਮਕੀ ਦੇ ਨਾਲ ਜਿਨ੍ਹਾਂ ਮੰਗਣਾ ਤਕਾ ਲੈ।
ਟੋਪਿਆਂ ਪੜੋਪਿਆਂ ਦੇ ਨਾਲ ਉਹਨਾਂ ਰੱਜਣਾ ਨਹੀਂ
ਤੂੜੀਆਂ ਦੇ ਗੱਡੇ ਦਾਣੇ ਮਣਾਂ ਮੂੰਹੀਂ ਢੁਕਾ ਲੈ।
ਕੁਕੜੀ ਕਬਾਬ ਆਂਡੇ ਪੀਣ ਵਾਲੇ ਮੁਣਸੀਆਂ ਲਈ
ਘੋੜੀਆਂ ਦਾ ਦਾਣਾ ਹੌਥੀ ਥਾਣੇ ਨੂੰ ਪੁਚਾ ਲੈ।
ਨਾਲੇ ਹੱਥੀਂ ਰੋਵੇ ਨਾਲੇ ਮਾਈ ਬਾਪ ਆਖਣਾ ਵੇ
ਡੁੱਬੂਆ! ਓਇ ਧੌਲ ਡੂੰਡੂ ਬਣ ਕੇ ਲੁਹਾ ਲੈ।
ਤੂੜੀ ਸਾਰੀ ਮੁਕ ਗਈ ਏ ਦਾਣੇ ਖਿਲੇ ਲੱਗ ਗਏ ਨੇ
ਸਾਰੇ ਨਹੀਂ ਉ ਮੰਨਣੇ ਤੂੰ ਕਿਸੇ ਨੂੰ ਰੁਸਾ ਲੈ।
ਵੇ ਅਜੇ ਯਾਰ ਤੇਰੇ ਗੂਹੜੇ ਮੈਨੂੰ ਦਿਸਦੇ ਨੇ,
ਉਹਨਾਂ ਨਹੀਂ ਉ ਰੁਸਣਾ ਚਾਹੇ ਕਿੰਨਾ ਜ਼ੋਰ ਲਾ ਲੈ।
ਖਾਣਾ ਜੋਗੇ ਰਹਿਣ ਤੇ ਚਾਹੇ ਰਹਿਣ ਨਹੀਂ ਕੋਲ ਤੇਰੇ
ਹਾੜੀ ਵਾਲੀ ਕਿਸ਼ਤ ਪਹਿਲਾਂ ਸੇਠ ਦੀ ਤਰਾ ਲੈ।
ਪੰਜ ਸੌ ਏ ਅਸਲ ਤੇਰਾ ਤੀਹ ਏ ਵਿਆਜ ਉਹਦਾ
ਚਾਲੀ ਵਿਚ ਅਸਲ ਸਾਰੇ ਸੌਤਰ ਹਟਾ ਲੈ।
ਬਾਕੀ ਜਿਹੜੇ ਬਚਦੇ ਨੇ ਉਹਨਾਂ ਨੂੰ ਕਿਆਸ ਨਾਲ,
ਭੋਰ ਭੋਰ ਚਿੱਥ ਚਿੱਥ ਪੀਹ ਪੀਹ ਖਾ ਲੈ।
ਇਕ ਸੌ ਪੰਜਾਹ ਜਿਹੜਾ ਰਹਿੰਦਾ ਤੇਰਾ ਮਾਮਲਾ ਏ
ਉਹਦੇ ਲਈ ਟੰਗਾ ਧੁੱਪੇ ਚੌੜੀਆਂ ਕਰਾ ਲੈ।"

ਇਸ ਹਰਫ਼ਾਂ ਦੀ ਜਜ਼ਬੇ ਗੁੰਦੀ ਅਤੇ ਹਿਰਦੇ ਵੇਧਕ ਰਚਨਾ ਦਾ ਅਸਰ ਸਰੋਤਿਆਂ ਤੇ ਐਸਾ ਹੁੰਦਾ ਕਿ ਉਹ ਆਪਣੇ ਢੂੰਹਾਂ ਦੀ ਭਾਰੀ ਨਾਲ ਇਕ ਹਸ ਹੋ ਕੇ ਸਾਰਾ ਡਰਾਮਾ ਨਿੰਠ ਕੇ ਵੇਖਦੇ। ਜਦੋਂ ਇਹ ਡਰਾਮਾ ਉਹਨਾਂ ਲਿਖਿਆ, ਉਦੋਂ ਮਾਸਕੋ ਵਿਖੇ ਲੈਨਿਨ ਨੂੰ ਮਿਲਕੇ ਮੁੜੇ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਹੋਰਾਂ ਅੰਮ੍ਰਿਤਸਰ ਤੋਂ ਕਿਰਤੀ ਪਰਚਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਦੀ ਸਿਆਸਤ ਵਿਚ ਰੈਡੀਕਲ ਉਭਾਰ ਸੀ। ਹੌਲੀ ਹੌਲੀ ਜੱਟ ਭਾਈ ਗੁਰਬਖ਼ਸ਼ ਸਿੰਘ ਵੀ ਸਮਝ ਗਏ ਕਿ ਕਾਂਗਰਸ ਕਿਉਂਕਿ ਕੌਮੀ ਸਰਮਾਏਦਾਰੀ ਦੀ ਪਾਰਟੀ ਹੈ। ਇਸ ਲਈ ਕਿਰਤੀਆਂ ਕਿਸਾਨਾਂ ਦੀ ਬੰਦਖਲਾਸੀ ਵਾਲਾ ਪ੍ਰੋਗਰਾਮ ਕਾਂਗਰਸ ਪਾਸ ਨਹੀਂ। ਉਸ ਲਈ ਉਹਨਾਂ ਨੇ ਕਿਰਤੀ ਕਿਸਾਨ ਲਹਿਰਾਂ ਅਤੇ ਫਿਰ ਕਮਿਊਨਿਸਟ ਪਾਰਟੀ ਨਾਲ ਵੀ ਆਪਣੇ ਆਪ ਨੂੰ ਆਪਣੇ ਖੁਲਾਸੇ ਸੁਭਾਓ ਦੇ ਅਨੁਰੂਪ ਜਿੰਨਾ ਕੁ ਜੋੜਿਆ ਜਾ ਸਕਿਆ, ਜੋੜਿਆ। ਵੈਸੇ ਜਦੋਂ ਕਦੇ ਕਮਿਊਨਿਸਟ ਪਾਰਟੀ ਦੇ ਡਰਾਮਾ ਸੁਕਐਡਾਂ ਦਾ ਇਤਿਹਾਸ ਖੋਜਿਆ ਜਾਏਗਾ

Sri Satguru Jagjit Singh Ji eLibrary NamdhariElibrary@gmail.com

ਤਾਂ ਪਹਿਲਾ ਮੁਕੰਮਲ ਚਲਾਉਣ ਦਾ ਸਿਹਰਾ ਗੋਧਾ ਸਿੰਘ ਜੱਟ ਦੇ ਸੀਸ ਤੇ ਹੀ ਸਜੇਗਾ। ਪਹਿਲਾ ਡਰਾਮਾ ਗੋਧਾ ਸਿੰਘ ਹੋਰਾਂ ਦੇ ਦੱਸਣ ਮੁਤਾਬਿਕ ਪੰਜਾਬ ਕਿਸਾਨ ਕਾਨਫਰੰਸ ਭੰਗਾਲੀ (ਜ਼ਿਲ੍ਹਾ ਲਾਹੌਰ) ਵਿਖੇ ਖੇਡਿਆ ਗਿਆ। ਪੰਜਾਬ ਕਾਂਗਰਸ ਦੇ ਪ੍ਰਧਾਨ ਡਾ. ਸੈਫੂਦੀਨ ਕਿਚਲੂ ਦੀ ਪ੍ਰਧਾਨਗੀ ਹੇਠ ਜਦੋਂ ਲੋਪੋਕੇ (ਅੰਮ੍ਰਿਤਸਰ) ਦੇ ਲਾਗੇ ਇਕ ਪਿੰਡ ਵਿਚ ਇਹ ਡਰਾਮਾ ਹੋਇਆ ਤਾਂ ਡਾਕਟਰ ਸਾਹਿਬ ਕਹਿ ਉੱਠੇ, "ਇਸੇ ਤਮਾਮ ਪੰਜਾਬ ਮੇਂ ਘੁਮਾਓ।" ਸੋਸ਼ਲਿਸਟ ਪੰਜਾਬ ਕਾਨਫਰੰਸ ਗੁਜਰਾਂਵਾਲਾ, ਆਲ ਇੰਡੀਆ ਕਿਸਾਨ ਕਾਨਫਰੰਸ ਲਾਇਲਪੁਰ, ਪੰਜਾਬ ਕਿਸਾਨ ਕਾਨਫਰੰਸ ਜੀਆ ਬੱਗਾ ਅਤੇ ਹੋਰ ਅਨੇਕਾਂ ਅਕਾਲੀ ਅਤੇ ਕਾਂਗਰਸ ਕਾਨਫਰੰਸਾਂ ਵਿਚ ਵੀ ਗੋਧਾ ਸਿੰਘ ਜੱਟ ਦਾ ਡਰਾਮਾ ਸਫਲਤਾ ਪੂਰਵਕ ੧੯੪੭ ਈ. ਤੱਕ ਖੇਡਿਆ ਜਾਂਦਾ ਰਿਹਾ।

ਸੰਨ ੧੯੨੧ ਈ. ਵਿਚ ਅਰਾਤੇ ਦੇ ਸਰਦਾਰ ਬਹਾਦਰ ਸਿੰਘ ਦੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ ਆਪ ਦਾ ਅਨੰਦ ਕਾਰਜ ਹੋਇਆ। ਸਮੇਂ ਸਮੇਂ ਦੋ ਪੁੱਤਰਾਂ ਜਨਮ ਲਿਆ। ਉਹ ਬਾਲ ਉਮਰੇ ਹੀ ਕਾਲ ਵੱਸ ਹੋ ਗਏ। ਇਕ ਪੁੱਤਰ ਗੁਜ਼ਰੇ ਦਾ ਸੁਨੇਹਾ ਜਦੋਂ ਮਿਲਿਆ ਉਹ ਡਰਾਮਾ ਟੀਮ ਨਾਲ ਸਟੇਸ਼ਨ ਤੇ ਪਹੁੰਚ ਚੁੱਕੇ ਸਨ। ਕਿਸੇ ਪ੍ਰੋਗਰਾਮ 'ਤੇ ਜਾ ਰਹੇ ਸਨ। ਸੁਨੇਹਾ ਲਿਆਉਣ ਵਾਲੇ ਸੱਜਣ ਨੂੰ ਕਹਿੰਦੇ, "ਚੰਗਾ ਫਿਰ ਤੁਸੀਂ ਭੁਜੰਗੀ ਦਾ ਸਸਕਾਰ ਕਰ ਛੱਡਿਓ ਜੇ ਅਸੀਂ ਜੇ ਹੁਣ ਮੁੜਦੇ ਹਾਂ ਤਾਂ ਅਗਲਿਆਂ ਦੇ ਪ੍ਰੋਗਰਾਮ ਵਿਚ ਬੇਰਸੀ ਹੋਏਗੀ ਅਤੇ ਫਿਰ ਪ੍ਰੋਗਰਾਮ ਵੀ ਨਿਬਾਹਿਆ। ਉੱਚੇਰੇ ਆਦਰਸ਼ਾਂ ਅਤੇ ਨਰੋਏ ਜੀਵਨ ਮੁੱਲਾਂ ਨੂੰ ਪਰਣਾਏ ਸੂਰਮਿਆਂ ਤੋਂ ਹੀ ਇਹੋ ਜਿਹੇ ਦਲੇਰ ਫ਼ੈਸਲੇ ਸੰਭਵ ਹੁੰਦੇ ਹਨ। ਉਲਾਦ ਦੇ ਨਾਂ ਤੇ ਆਪ ਦੀਆਂ ਦੋ ਧੀਆਂ ਹਨ ਜਿਹਨਾਂ ਦੇ ਪਰਿਵਾਰ ਫਿਰੋਜ਼ਪੁਰ ਸ਼ਹਿਰ ਦੇ ਲਾਗੇ ਚਾਗੇ ਦੇ ਪਿੰਡਾਂ ਵਿਚ ਹਨ। ਗੋਧਾ ਸਿੰਘ ਹੋਰੀਂ ਹੁਸ਼ਿਆਰਪੁਰ, ਕੋਧਵਾਲਾ (ਫਿਰੋਜ਼ਪੁਰ) ਤ ਹੁੰਦੇ ਹੋਏ ਫਿਰੋਜ਼ਪੁਰ ਛਾਉਣੀ ਦੇ ਲਾਗੇ ਵੰਡ ਤੋਂ ਬਾਦ ਬਸਤੀ ਨੌਕਾਂ ਵਾਲੀ ਅਤੇ ਫਿਰ ਬਸਤੀ ਜੋਆ ਬੱਗਾ ਵਿਚ ਰਹੇ। ਮੈਂ ਬਸਤੀ ਨੌਕਾਂ ਵਾਲੀ ਵਿਚ ਅਪ੍ਰੈਲ ੧੯੬੬ ਈ. ਵਿਚ ਪਹਿਲੀ ਵੇਰ ਉਹਨਾਂ ਦੇ ਦਰਸ਼ਨ ਕੀਤੇ ਸਨ। ਮਾਤਾ ਕਰਤਾਰ ਕੌਰ ੧੯੩੭ ਦੀ ਦਮੇਂ ਤੋਂ ਪੀੜਤ ਸੀ ਜੱਟ ਹੋਰਾਂ ਅੰਤ ਤੱਕ ਉਸ ਲਈ ਪਰਸ਼ਾਦੇ ਪਕਾਏ, ਬਸਤਰ ਸਾਫ ਕੀਤੇ ਅਤੇ ਵੇਲੇ ਕੁਵੇਲੇ ਉਹਨੂੰ ਟੀਕਾ ਲਾਉਣਾ ਅਤੇ ਹੋਰ ਦਾਰੂ ਦਰਮਲ ਵੀ ਕਰਨਾ। ਮਾਈ ਉਹਨਾਂ ਦੀ ਸੇਵਾ ਤੋਂ ਬਹੁਤ ਦਰਵਿਤ ਹੋ ਜਾਂਦੀ ਸੀ। ਉਹ ੧੯੭੦ ਈ. ਵਿਚ ਬਸਤੀ ਜੋਆ ਬੱਗਾ ਵਿਖੇ ਹੀ ਗੁਜ਼ਰ ਗਈ ਅਤੇ ਗੋਧਾ ਸਿੰਘ ਜੱਟ ਆਪਣੀ ਵੱਡੀ ਪੁੱਤਰੀ ਪਾਸ ਮਹਾਲਮ ਸਟੇਸ਼ਨ ਦੇ ਨੇੜੇ ਟੱਲੀ ਸੈਦਾ ਸਾਹੂ ਵਿਖੇ ੩ ਦਿਸੰਬਰ ੧੯੯੭ ਈ. ਨੂੰ ਹੁਕਮ ਸੱਤ ਹੋ ਗਏ। ਉਹ ਨਾਮਧਾਰੀ ਹੋਲਿਆਂ ਮੇਲਿਆਂ ਤੇ ਪੁਜ ਕੇ ਕਵਿਤਾਵਾਂ ਪੜ੍ਹਿਆ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵਿਸ਼ੇਸ਼ ਸਨੇਹ ਨਾਲ ਉਹਨਾਂ ਦੀਆਂ ਕਵਿਤਾਵਾਂ ਸੁਣਿਆ ਕਰਦੇ ਸਨ। ਉਹ ਸੰਤ ਤਰਨ ਸਿੰਘ ਦੀ ਯਾਦ ਵਿਚ ਹੋਣ ਵਾਲੇ ਸਲਾਨਾ ਸਮਾਗਮ ਵਿਖੇ ੪ ਮੱਘਰ ੨੦੪੭ ਬਿਕ੍ਰਮੀ ਨੂੰ ਜੀਵਨ ਨਗਰ ਦੇ ਗੁਰੂ ਹਰੀ ਸਿੰਘ ਕਾਲਜ ਵਿਚ ਪਹੁੰਚੇ ਸਨ ਅਤੇ ਉਥੇ ਉਹਨਾਂ ਇਕ ਕਵਿਤਾ ਵੀ ਪੂਰੇ ਜਲੌਅ ਵਿਚ ਪੜ੍ਹੀ ਸੀ। ਕਰੀਵਾਲਾ (ਸਿਰਸਾ) ਵਿਖੇ ਉਹਨਾਂ ਦੀ ਬਰਾਦਰੀ ਅਤੇ ਢੇਰ ਸਾਰੇ ਸੱਜਣ ਮਿੱਤਰ ਸਨ। ਕਾਫ਼ੀ ਸਮਾਂ ਇਥੇ ਬਿਤਾਇਆ ਕਰਦੇ ਸਨ। ਹਰਿਆਣਾ ਪ੍ਰਗਤੀਸ਼ੀਲ ਲੇਖਕ ਸੰਘ ਵਲੋਂ ਕਰੀਵਾਲਾ ਵਿਖੇ ਹੀ 1987 ਈ. ਵਿਚ ਗੁਰੂ ਨਾਨਕ ਪੁਰਬ ਸਮੇਂ ਉਹਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀ।

੧੯੪੪ ਈ. ਵਿਚ ਇਲਾਕੇ ਦੀਆਂ ਸੰਗਤਾਂ ਨੇ ਕਾਹਨੇ ਵਿਚ ਇਕ ਇਕੱਠ ਕਰਕੇ ਕਿਸਾਨ ਪਾਰਟੀ ਵਲੋਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਉਮੀਦਵਾਰ ਖੜਾ ਕੀਤਾ ਸੀ। ਇਕ ਜਗੀਰਦਾਰ ਦਿਆਲ ਸਿੰਘ ਸੁਰੇਚ ਨੂੰ ਹਰਾ ਕੇ ਆਪ ਕਮੇਟੀ ਦੇ ਮੈਂਬਰ ਬਣ ਗਏ। ਆਪਣੇ ਕਾਰਜਕਾਲ ਵਿਚ ਆਪ ਨੇ ਡੱਟ ਕੇ ਨਾਮਧਾਰੀ ਸੰਗਤ ਵਲੋਂ ਪੋਥਾ ਪਾਠ ਕਰਨ ਦੀ ਪ੍ਰੋੜਤਾ ਕੀਤੀ ਅਤੇ ਕਿਹਾ ਕਿ ਬਾਣੀ ਨੂੰ ਕੂਕਿਆਂ ਨੇ ਪੰਜਾਬ ਦੇ ਹਰ ਵੱਟ ਬੰਨ੍ਹੇ ਤੇ ਪੁਚਾ ਦਿੱਤਾ ਹੈ। ਇਸ ਦਾ ਸਤਿਕਾਰ ਕਰਦੇ ਹਨ, ਅਪਮਾਨ ਨਹੀਂ। ੧੯੫੧ ਈ. ਵਿਚ ਪਿੰਡ ਜੋਆ ਬੱਗਾ (ਫਿਰੋਜ਼ਪੁਰ) ਸਰਬ ਸੰਮਤੀ ਨਾਲ ਸਰਪੰਚ ਬਣਾ ਦਿੱਤੇ ਗਏ। ਸੰਨ ੧੯੫੦ ਵਿਚ ਮਖੂ ਮਾਰਕੀਟ ਕਮੇਟੀ ਦੇ ਮੈਂਬਰ ਵੀ ਸਰਬ ਸੰਮਤੀ ਨਾਲ ਬਣਾ ਦਿੱਤੇ ਗਏ। ਇਉਂ ਅਸੀਂ ਵੇਖਦੇ ਹਾਂ ਕਿ ਨਿਸ਼ਕਾਮ ਭਾਵ ਨਾਲ ਸੇਵਾ ਕਰਨ ਵਾਲਿਆਂ ਦੇ

Sri Satguru Jagjit Singh Ji eLibrary NamdhariElibrary@gmail.com

ਓਹਦੇ ਪਿਛੇ ਪਿਛੇ ਫਿਰਦੇ ਰਹੇ ਹਨ। ਜੱਟ ਜੀ ਦੀਆਂ ਚਾਹ ਕੁੰਡਲੀਆਂ ਨੂੰ ਸੁਣ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੇ ਚਿੱਤਰ ਸਮੇਤ ਹੁਕਮ ਦੇ ਕੇ ਸਤਿਜੁਗ ਵਿਚ ਛਪਵਾਈਆਂ ਸਨ ਗੁਰਦੀਪ ਸਿੰਘ ਹੋਰਾਂ ਤੋਂ। ਆਪਾਂ ਕਵੀ ਜੀ ਦੀ ਰਚਨਾ ਦੀ ਗੱਲ ਵੀ ਚਾਹ ਕੁੰਡਲੀਏ ਤੋਂ ਸ਼ੁਰੂ ਕਰਦੇ ਹਾਂ-

"ਘਰ ਘਰ ਬੋਲੇ ਕੈਂਕਰੀ, ਘਰ ਘਰ ਬਣਦੀ ਚਾਹ
ਉਹ ਪਾਵੇ ਦੁੱਧ ਮੰਗਣਾ, ਚਾਹ ਚੜ੍ਹਾਵੇ ਸਾਹ
ਚਾਹ ਚੜ੍ਹਾਵੇ ਸਾਹ, ਦਮੇਂ ਦੀ ਵਧੀ ਬਿਮਾਰੀ
ਟੀਕੇ ਲੱਗਣ ਰੋਜ਼ ਜਿੰਦ ਨੂੰ ਬਣੀ ਖੁਆਰੀ
ਕਹਿ ਗੋਧਾ ਸਿੰਘ "ਜੱਟ" ਵੈਦ ਨਿਤ ਪੈਸੇ ਰੋਲੇ।
ਘਰ ਘਰ ਬਣਦੀ ਚਾਹ, ਕੈਂਕਰੀ ਘਰ ਘਰ ਬੋਲੇ।"

... ...

"ਕੋਲ ਲਵੇਰਾ ਕੋਈ ਨਾ, ਨਾ ਘਰ ਚਾਹ ਨਾ ਖੰਡ
ਚਾਰ ਪਰਾਹੁਣੇ ਆ ਗਏ, ਕਿਹੜੀ ਕਰੀਏ ਵੰਡ
ਕਿਹੜੀ ਕਰੀਏ ਵੰਡ, ਕੋਈ ਨਾ ਹੱਟੀ ਨੇੜੇ
ਫਸ ਗਈ ਜਾਨ ਅਜ਼ਾਬ, ਆਣ ਕੇ ਕੌਣ ਨਿਬੇੜੇ
ਕਹਿ ਗੋਧਾ ਸਿੰਘ ਜੱਟ, ਹਾਲ ਇਹ ਹੋਇਆ ਮੇਰਾ
ਨਾ ਘਰ ਚਾਹ ਨਾ ਖੰਡ, ਕੋਲ ਨਾ ਕੋਈ ਲਵੇਰਾ।"

ਪਿੰਡ ਵਿਚ ਲੋਕਾਂ ਦੀ ਅਗਿਆਨਤਾ ਦਾ ਲਾਭ ਚਲਾਕ ਲੋਕ ਉਠਾਉਂਦੇ ਸਨ। ਭਵਿਸ਼ ਵਕਤੇ ਦਾ ਰੂਪ ਧਾਰਕੇ ਵੈਰੀ ਵਾਲਾ ਆਉਂਦਾ ਤੇ ਪੁੱਛਾਂ ਦਿੰਦਾ। ਉਦੋਂ ਤੇ ਪੰਜਾਬ ਵਿਚ ਤਰਕਸ਼ੀਲ ਲਹਿਰ ਵੀ ਨਹੀਂ ਸੀ ਚੱਲੀ ਪਰ ਗੋਧਾ ਸਿੰਘ ਜੱਟ ਤੇ ਮੌਜੂਦ ਹੈ –

"ਵਾਰੀ ਵਾਰੀ ਕਹਿੰਦੀਆਂ, ਪੰਡਿਤ ਵੇਖੀਂ ਰਾਸ।
ਦਿਨੇ ਰਾਤ ਨਹੀਂ ਲੱਗਦਾ, ਰਹਿੰਦਾ ਚਿਤ ਉਦਾਸ।
ਰਹਿੰਦਾ ਚਿਤ ਉਦਾਸ, ਮੂਲ ਨਾ ਚਰਖਾ ਡਾਹਵਾਂ।
ਕਦੇ ਨਾ ਹੋਵੇ ਖ਼ੁਸ਼ੀ, ਕੰਮ ਨੂੰ ਹੱਥ ਨਾ ਲਾਵਾਂ।
ਕਹਿ ਗੋਧਾ ਸਿੰਘ ਜੱਟ, ਸਦਾ ਦਿਲ ਰਹੇ ਖ਼ੁਆਰੀ।
ਪੰਡਿਤ ਵੇਖੀਂ ਰਾਸ, ਕਹਿੰਦੀਆਂ ਵਾਰੋ ਵਾਰੀ।

... ...

"ਮੰਗਲ ਤੇਨੂੰ ਸਖ਼ਤ ਹੈ, ਨਾਵੇਂ ਘਰ ਗਰੈਹ।
ਪੈਰ ਸ਼ਨਿਚਰ ਘੱਤਿਆ, ਰਾਹੂ ਬੂਹੇ ਬੈਹ।
ਰਾਹੂ ਬੂਹੇ ਬੈਹ, ਤੇਰੇ ਘਰ ਰਹੇ ਲੜਾਈ
ਲਗਨ ਉਪੁੱਠੇ ਸਭ ਅਬ ਕੀ ਕਰੀਏ ਮਾਈ।
ਕਹਿ ਗੋਧਾ ਸਿੰਘ ਜੱਟ, ਫੱਸ ਗਏ ਕਰੜੇ ਸੰਗਲ।
ਨਾਵੇਂ ਘਰ ਗਰੈਹ, ਸਖ਼ਤ ਹੈ ਤੇਨੂੰ ਮੰਗਲ।"
"ਕਿਸੀ ਜੀਵ ਕੀ ਚਿੰਤ ਮੇਂ, ਰਹਿੰਦਾ ਚਿਤ ਉਦਾਸ।
ਮੇਖ, ਬਿਰਖ, ਕੰਨਿਆ, ਤੁਲਾ, ਮਕਰ ਤੁਮਾਰੀ ਰਾਸ।

Sri Satguru Jagjit Singh Ji eLibrary NamdhariElibrary@gmail.com

ਮਕਰ ਕੁਮਾਰੀ ਰਾਸ ਆਸ ਤਾਂ ਹੋਵੇ ਪੂਰੀ
ਸੋਨਾ ਤੋਲਾ ਇਕ ਮੰਗਲ ਨੂੰ ਦੇਵੀਂ ਚੂਰੀ।
ਕਹਿ ਗੋਧਾ ਸਿੰਘ ਜੱਟ, ਮਿਲੇਗਾ ਲਗਨ ਜਿਸੀ ਕੀ।
ਰਹਿਣਾ ਫਿਰ ਉਦਾਸ, ਚਿੰਤ ਮੇਂ ਜੋਗ ਕਿਸੀ ਕੀ।"

ਤਦੋਂਕੇ ਪੰਜਾਬ ਦੇ ਮੇਲੇ ਮੁਸਾਫਿਆਂ ਦਾ ਦੂਸ਼ਿਤ ਮਾਹੌਲ ਵੀ ਸਾਡੇ ਕਵੀ ਨੂੰ ਇਸ ਦਾ ਵਿਰੋਧ ਕਰਨ ਲਈ ਪ੍ਰੇਰਦਾ ਹੈ-

ਲੁੱਚੇ ਮੇਲੇ ਵੜ ਗਏ, ਮੁੱਛਾਂ ਨੂੰ ਵੱਟ ਦੇ।
ਨਾਰਾਂ ਛਾਟੀ ਵੇਖ ਕੇ, ਲੱਗੇ ਉਡਾਵਣ ਖੇਹ।
ਲੱਗੇ ਉਡਾਵਣ ਖੇਹ, ਬੋਲੀਆਂ ਸੌੜੇ ਪਾਵਣ।
ਫੇਰ ਕਿਸੇ ਨਹੀਂ ਲੈਣੀ, ਸਾਰ ਦਾ ਸ਼ਬਦ ਸੁਣਾਵਣ।
ਕਹਿ ਗੋਧਾ ਸਿੰਘ ਜੱਟ, ਬਚਨ ਸਭ ਕਰਦੇ 'ਲੁੱਚੇ'।
ਮੁੱਛਾਂ ਨੂੰ ਵੱਟ ਦੇ, ਮੇਲੇ ਵਿਚ ਵੜ ਗਏ ਲੁੱਚੇ।

ਹਰ ਤਰ੍ਹਾਂ ਦੇ ਨਸ਼ੇ ਮਨੁੱਖੀ ਉਨਤੀ ਦੇ ਰਾਹ ਵਿਚ ਰੋੜਾ ਹਨ। ਗੋਧਾ ਸਿੰਘ ਜੱਟ ਨੇ ਚਾਹ ਤੋਂ ਲੈ ਕੇ ਅਫੀਮ ਸ਼ਰਾਬ ਭੰਗ ਆਦਿ ਸਭ ਨਸ਼ਿਆਂ ਦਾ ਡਟਵਾਂ ਵਿਰੋਧ ਕੀਤਾ, ਆਪਣੀ ਰਚਨਾ ਵਿਚ-

"ਘਰ ਵਿਚ ਲੱਭੇ ਖੇਹ ਨਾ, ਰੋਵਣ ਪੁਤਰ ਨਾਰ।
ਗਾਉਂਦਾ ਫਿਰੇ ਉਹ ਇਸ਼ਕ ਦੀ, ਨਵੀਉਂ ਨਵੀਂ ਬਹਾਰ।
ਨਵੀਉਂ ਨਵੀਂ ਬਹਾਰ, ਚਾਟ ਨਸ਼ਿਆਂ ਦੀ ਮੰਦੀ।
ਭੰਗ, ਅਫੀਮ, ਸ਼ਰਾਬ, ਜ਼ਿੰਦਗੀ ਕਰਦੇ ਗੰਦੀ।
ਕਹਿ ਗੋਧਾ ਸਿੰਘ ਜੱਟ, ਕੈਰ ਨਸ਼ਿਆਂ ਨੂੰ ਦੇਹ।
ਰੋਵਣ ਪੁੱਤਰ ਨਾਰ, ਲੱਭੇ ਘਰ ਵਿਚ ਨਾ ਖੇਹ।"

ਡੋਲੀਆਂ ਖਿਡਾਉਣ ਵਾਲਿਆਂ ਨੂੰ, ਓਪਰੀ ਕਸਰ ਦੇ ਵੈਦਾਂ "ਬਾਬਿਆਂ" ਨੂੰ ਵੀ ਜੱਟ ਹੋਰੀਂ ਕਰੜੇ ਹੱਥੀਂ ਲੈਂਦੇ ਹਨ-

"ਬਾਬਾ ਗੁਰ ਵਡਭਾਗ ਸਿੰਘ, ਰਹਿੰਦਾ ਮੇਰੇ ਵਿਚ।
ਨਿਸਲ ਉਸ ਨੂੰ ਕਰਦਿਆਂ, ਜਿਹੜਾ ਕਰੇ ਅੜਿੱਚ।
ਜਿਹੜੇ ਕਰੇ ਅੜਿੱਚ, ਓਸ ਦੀਆਂ ਕਸਰਾਂ ਕੱਢਾਂ।
ਧੁਰ ਦਰਗਾਹੇ ਪਹੁੰਚ ਕੇ, ਜੜ੍ਹ ਉਸਦੀ ਵੱਢਾਂ।
ਕਹਿ ਗੋਧਾ ਸਿੰਘ ਜੱਟ, ਮਾਰਦਾ ਭਰਕੇ ਦਾਬਾ
ਰਹਿੰਦਾ ਗੁਰ ਵਡਭਾਗ ਸਿੰਘ, ਮੇਰੇ ਵਿਚ ਬਾਬਾ।"

ਉਹਨਾਂ ਸਮਾਜਿਕ ਆਰਥਿਕ ਹਾਲਤਾਂ ਤੇ ਵੀ ਗੋਧਾ ਸਿੰਘ ਝਾਤ ਪੁਆਉਂਦੇ ਹਨ-

"ਪੈਲੀ ਸਾਰੀ ਵੇਚ ਲਈ, ਔਖਾ ਲੰਘੇ ਡੰਟ।
ਕੀਕੂੰ ਡੰਗ ਟਪਾਈਏ, ਲੱਗਾ ਸੋਚਣ ਜੱਟ।
ਲੱਗਾ ਸੋਚਣ ਜੱਟ, ਧੰਗ ਕੋਈ ਐਸਾ ਲਾਈਏ।
ਅੱਖੀਂ ਘੱਟਾ ਘੱਤ, ਅਕਲ ਤੇ ਪੜਦਾ ਪਾਈਏ।
ਕਹਿ ਗੋਧਾ ਸਿੰਘ ਜੱਟ, ਓਸ ਇਹ ਵਿਉਂਤ ਉਸਾਰੀ।

Sri Satguru Jagjit Singh Ji eLibrary NamdhariElibrary@gmail.com

ਔਖਾ ਲੰਘੇ ਝੱਟ ਵੇਚ ਲਈ ਪੈਲੀ ਸਾਰੀ।"

ਕੁਝ ਅਟਲ ਸਚਾਈਆਂ ਵੀ ਇਹਨਾਂ ਕੁੰਡਲੀਆਂ ਦਾ ਸ਼ਿੰਗਾਰ ਹਨ-

"ਝੂਠ ਜੇਡ ਕੋਈ ਪਾਪ ਨਾ, ਸੱਚ ਜੇਡ ਨਾ ਪੁੰਨ।
ਭਾਵੇਂ ਲੰਮੇ ਕੇਸ ਕਰ, ਭਾਵੇਂ ਦਾਹੜੀ ਮੁੰਨ।
ਭਾਵੇਂ ਦਾਹੜੀ ਮੁੰਨ, ਅਮਲਾਂ ਤੇ ਹੋਊ ਨਿਬੇੜਾ
ਕਰ ਨੇਕੀ ਦੇ ਕੰਮ, ਸੌਖਲਾ ਰੱਖੀਂ ਵਿਹੜਾ
ਕਹਿ ਗੇਂਧਾ ਸਿੰਘ ਜੱਟ, ਵਾਕਿਫ਼ ਬਿਨ ਕਰੀਂ ਭੇਤ ਨਾ।
ਸੱਚ ਜੇਡ ਨਾ ਪੁੰਨ, ਪਾਪ ਕੋਈ ਝੂਠ ਜੇਡ ਨਾ।"

ਜਦੋਂ ਵੀ ਕੌਮੀ ਮੁਕਤੀ ਅੰਦੋਲਨ ਵਿਚ ਬੇਮਿਸਾਲ ਉਭਾਰ ਉਠਦਾ ਸੀ ਬਰਤਾਨਵੀ ਹਾਕਮ, 'ਪਾੜੋ ਤੇ ਰਾਜ ਕਰੋ' ਦੀ ਨੀਤੀ 'ਤੇ ਚੱਲਦਿਆਂ ਫ਼ਿਰਕੂ ਤੁਅੱਸਬ ਫੈਲਾ ਕੇ ਸੰਪਰਦਾਇਕ ਟਕਰਾਅ ਕਰਵਾ ਦਿੰਦੇ ਸਨ। ਅਨੇਕਾਂ ਬੇਦੋਸਿਆਂ ਦੇ ਖ਼ੂਨ ਵਿਚ ਹੱਥ ਰੰਗੇ ਜਾਂਦੇ ਸਨ। ਘਰ ਘਾਟ ਫੂਕ ਦਿੱਤੇ ਜਾਂਦੇ ਸਨ। ਇਕ ਧਿਰ ਦੇ ਕਾਤਲ ਦੂਜੀ ਧਿਰ ਦੇ ਸ਼ਹੀਦ ਹੋ ਜਾਂਦੇ। ਮਾਮੂਲੀ ਗੱਲਾਂ ਤੋਂ ਇਟਾਂ ਵੱਟੇ ਚਲਦੇ ਤੇ ਰਾਹ ਜਾਂਦੇ ਬੇਦੋਸੇ ਮਾਰੇ ਜਾਂਦੇ। ਗੇਂਧਾ ਸਿੰਘ ਮਜ਼੍ਹਬੀ ਕੱਟੜਤਾ ਦੀ ਇਸ ਤਬਾਹਕੁੰਨ ਸਮੱਸਿਆ ਤੋਂ ਡਾਢਾ ਚਿੰਤਤ ਸੀ ਤਦੇ ਹੀ ਉਸ ਫ਼ਿਰਕੂ ਇਕਸੁਰਤਾ ਲਈ ਅੱਜ ਤੋਂ ੮੦ ਵਰ੍ਹੇ ਪਹਿਲਾਂ ਆਪਣੀ ਕਲਮ ਵਿਚੋਂ ਇਹਨਾ ਸ਼ਾਹਕਾਰ ਕੁੰਡਲੀਆਂ ਦੀ ਰਚਨਾ ਕੀਤੀ। ਇਹਨਾਂ ਕੁੰਡਲੀਆਂ ਦੀ ਸਫਲਤਾ ਪੂਰਵਕ ਸਿਰਜਣਾ ਗੇਂਧਾ ਸਿੰਘ ਨੂੰ ਪੰਜਾਬੀ ਕਵਿਤਾ ਵਿਚ ਇਕ ਵਿਸ਼ੇਸ਼ ਸਥਾਨ ਦੁਆਉਂਦੀ ਹੈ। ਉਂਜ ਰੁਬਾਈਆਂ ਅਤੇ ਹੋਰ ਕਵਿਤਾਵਾਂ ਵੀ ਕਾਫ਼ੀ ਹਨ ਪਰ ਗੇਂਧਾ ਸਿੰਘ ਜੱਟ ਦਾ ਨਾਂ ਪੰਜਾਬੀ ਸਾਹਿਤ ਜਗਤ ਵਿਚ ਚਿਰਕਾਲ ਤੱਕ ਜੀਵਤ ਰੱਖਣ ਲਈ ਮਜ਼੍ਹਬੀ ਕੱਟੜਤਾ ਵਿਰੁੱਧ ਲਿਖੇ ਗਏ ਉਸ ਦੇ ਇਹ ਕੁੰਡਲੀਏ ਹੀ ਕਾਫ਼ੀ ਹਨ। ਇਹਨਾਂ ਵਿਚੋਂ ਕੁਝ ਕੁੰਡਲੀਏ ਅਗੇ ਦੇਣਾਂ ਦੇ ਰਹੇ ਹਾਂ ਕਿਉਂ ਜੁ ਗੁਜਰਾਤ ਅਤੇ ਅਯੁਧਿਆ ਦੀਆਂ ਘਟਨਾਵਾਂ ਬਾਦ ਇਹਨਾਂ ਦੀ ਸਾਰਥਿਕਤਾ ਅੱਜ ਵੀ ਜਿਉਂ ਦੀ ਤਿਉਂ ਬਣੀ ਹੈ-

"ਲੂਠੇ ਮਜ਼ਹਬੀ ਅੱਗ, ਦੇ ਛੱਡਣ ਸਦਾ ਭੜਾਸ।
ਦੋਵੇਂ ਮਿਲ ਕੇ ਬਹਿਣ ਨਾ, ਇਕ ਦੂਜੇ ਦੇ ਪਾਸ।
ਇਕ ਦੂਜੇ ਦੇ ਪਾਸ, ਬਹਿਣ ਜੇ ਲਾਉਣ ਢੁਆਤੀ।
ਵੇਖਣ ਟੀਰੀ ਅੱਖ, ਵਿਚੋਂ ਵਿਚ ਧੁਖਦੀ ਛਾਤੀ।
ਕਹਿ ਗੇਂਧਾ ਸਿੰਘ ਜੱਟ, ਪੈ ਗਏ ਰਸਤੇ ਝੂਠੇ।
ਛੱਡਣ ਸਦਾ ਭੜਾਸ, ਮਜ਼ਹਬ ਦੀ ਅੱਗੇ ਲੂਠੇ।"

... ...

"ਮਜ਼ਹਬ ਲਫ਼ਜ਼ ਨੇ ਸੱਜਣੋ, ਦਿੱਤੀ ਦੁਨੀਆਂ ਫੂਕ।
ਕਿਸੇ ਨਾ ਦੇਂਦਾ ਬਹਿਣ ਇਹ, ਪਾਪੀ ਨਾਲ ਸਲੂਕ।
ਪਾਪੀ ਨਾਲ ਸਲੂਕ, ਹੱਥ ਵਿਚ ਫੜੇ ਕੁਹਾੜਾ।
ਕਿਸੇ ਦਾ ਕਰਦਾ ਘੋਨ, ਕਿਸੇ ਦਾ ਲੰਮਾ ਦਾਹੜਾ।
ਕਹਿ ਗੇਂਧਾ ਸਿੰਘ ਜੱਟ, ਏਸ ਦੇ ਕੰਮ ਅਜਬ ਨੇ।
ਦਿੱਤੀ ਦੁਨੀਆ ਫੂਕ ਸੱਜਣੋ, ਲਫ਼ਜ਼ ਮਜ਼ਹਬ ਨੇ।"

... ...

"ਦਾਹੜੀ ਰੱਖ ਕੇ ਸੂਰ ਖਾਂਵਦਾ, ਲਥਾਂ ਕਟਾ ਕੇ ਗਾਂ।

Sri Satguru Jagjit Singh Ji eLibrary NamdhariElibrary@gmail.com

ਨਾਲ ਬਹਾਨੇ ਦੇਵੇਂ ਖਾਂਦਾ ਮਜ਼ਹਬ ਏਸ ਦਾ ਨਾਂ।
ਮਜ਼ਹਬ ਏਸ ਦਾ ਨਾ, ਏਸ ਜੋ ਦੁਨੀਆ ਪਾੜੀ।
ਇਕ ਦੂਜੇ ਦੀ ਦੋਹਾਂ ਧਿਰਾਂ, ਫੜ ਖਿੱਚੀ ਦਾਹੜੀ।
ਕਹਿ ਗੋਧਾ ਸਿੰਘ ਜੱਟ, ਏਸ ਕਰੀ ਡੋਬੇ ਪੂਰ।
ਲਥਾਂ ਕਟਾ ਕੇ ਗਾਂ ਖਾਂਵਦਾ, ਦਾਹੜੀ ਰੱਖਕੇ ਸੂਰ।"

... ...

"ਅੱਲਾ ਡਰਦਾ ਸ਼ੇਖ ਤੋਂ, ਡਰੇ ਬਾਂਗ ਤੋਂ ਰਾਮ।
ਰਾਮ ਰਾਮ ਤੋਂ ਅੱਲਾ ਜਾਂਦਾ, ਰਾਮ ਨਾ ਸੁਣੇ ਸਲਾਮ।
ਰਾਮ ਨਾ ਸੁਣੇ ਸਲਾਮ, ਮਜ਼ਹਬ ਦੀ ਸੁਣੇ ਕਹਾਣੀ।
ਹਿੰਦੂ ਮੁਸਲਮਾਨ ਦੋਹਾਂ ਸਿਰ ਪਾਇਆ ਪਾਣੀ।
ਕਹਿ ਗੋਧਾ ਸਿੰਘ ਜੱਟ, ਅਕਲ ਤੇ ਪੈ ਗਿਆ ਪੜਦਾ।
ਡਰੇ ਬਾਂਗ ਤੋਂ ਰਾਮ, ਸ਼ੇਖ ਤੋਂ ਅੱਲਾ ਡਰਦਾ।"

... ...

ਗੋਧਾ ਸਿੰਘ ਜੱਟ ਆਪੇ ਬਣੇ ਰੱਬ ਦੇ ਵਿਚੋਲਿਆਂ ਦੀ ਵੀ ਚੰਗੀ ਖ਼ਬਰ ਲੈਂਦਾ ਹੈ-

"ਭਾਈ, ਪੁਜਾਰੀ, ਮੌਲਵੀ, ਤਿੰਨੇ ਚਿਤ ਕਠੋਰ।
ਖਾਂਦੇ ਰੱਜੀ ਦੱਬਵੀਆਂ, ਦਿਨ ਦੀਵੀਂ ਦੇ ਚੋਰ।
ਦਿਨ ਦੀਵੀਂ ਦੇ ਚੋਰ, ਜਦੋਂ ਅਰਦਾਸਾਂ ਕਰਦੇ।
ਦੇ ਸੁਰਗਾਂ ਦੇ ਲਾਰੇ, ਆਪਣਾ ਖੀਸਾ ਭਰਦੇ।
ਕਹਿ ਗੋਧਾ ਸਿੰਘ ਜੱਟ, ਲੋਭ ਦਿਲ ਭਰਿਆ ਭਾਰੀ।
ਤਿੰਨੇ ਚਿਤ ਕਠੋਰ, ਮੌਲਵੀ, ਭਾਈ, ਪੁਜਾਰੀ।"

"ਜਿਨ ਮਨਿ ਹੋਰ ਮੁਖ ਹੋਰ" ਜਿਹੇ ਕਿਰਦਾਰ ਵੀ ਜੱਟ ਹੋਰਾਂ ਦੇ ਨਿਸ਼ਾਨੇ ਤੇ ਹਨ। ਫੱਕਰ ਹੋਣਾ ਬਹੁਤ ਔਖਾ ਹੈ। ਬਹੁਤੇ ਫੱਕਰ ਦਾ ਬਾਣਾ ਹੀ ਪਾਉਂਦੇ ਹਨ-

"ਉਤੋਂ ਬਾਣਾ ਫੱਕਰ ਦਾ, ਵਿਚੋਂ ਬੁਰਾ ਬਖੀਲ।
ਮਨ ਵਿਚ ਮੈਲ ਫਰੇਬ ਦੀ, ਦਿਲ ਵਿਚ ਬੁਰੀ ਦਲੀਲ।
ਦਿਲ ਵਿਚ ਬੁਰੀ ਦਲੀਲ, ਬਗਲ ਸਮ ਲਾਏ ਸਮਾਧੀ।
ਡੱਡੀ ਮੱਛੀ ਹਜ਼ਮ, ਮਿਲੇ ਜੋ ਜਾਵੇ ਖਾਧੀ।
ਕਹਿ ਗੋਧਾ ਸਿੰਘ ਜੱਟ, ਝੂਠ ਦਾ ਤਣਿਆ ਤਾਣਾ।
ਵਿਚੋਂ ਬੁਰਾ ਬਖੀਲ, ਫੱਕਰ ਦਾ ਉਤੋਂ ਬਾਣਾ।"

ਗੋਧਾ ਸਿੰਘ ਜੱਟ ਦੀ ਬੋਲੀ ਟਕਸਾਲੀ ਪੰਜਾਬੀ ਹੈ। ਉਸਨੇ ਪੰਜਾਬੀ ਦੇ ਜਿਹੜੇ ਪ੍ਰਚਲਿਤ ਸ਼ਬਦ ਆਪਣੇ ਕਾਵਿ ਵਿਚ ਵਰਤੇ ਹਨ ਉਹ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਮਿਲਦੇ ਸ਼ਬਦਾਂ ਵਰਗੇ ਹਨ। ਉਹਨਾ ਦੇ ਸ਼ਬਦ ਭੰਡਾਰ ਵਿਚੋਂ ਸਮੇਂ ਸਥਾਨ ਦੀ ਲੋੜ ਮੁਤਾਬਕ ਆਪਣੇ ਆਪ ਸ਼ਬਦ ਹਾਜ਼ਰ ਹੋ ਜਾਂਦੇ ਹਨ। ਜ਼ਿੰਦਗੀ ਦੀ ਕਠੋਰਤਾ ਨੂੰ, ਪੰਜਾਬ ਦੇ ਕਿਸਾਨ ਦੀ ਟੁੱਟਦੀ ਆਰਥਿਕਤਾ ਨੂੰ, ਕੁਝ ਲੋਕਾਂ ਦੁਆਰਾ ਦੂਜਿਆਂ ਨੂੰ, ਪੌੜੀ ਬਣਾ ਕੇ ਉਪਰ ਉਠਣ ਦੀ ਵਿਰੋਧਾਭਾਸਕ ਸਥਿਤੀ ਨੂੰ, ਆਜ਼ਾਦੀ ਬਾਦ ਉਹਨਾਂ ਬੜੀ ਬਾਰੀਕੀ ਨਾਲ ਵੇਖਿਆ। ਕਾਣੀ ਵੰਡ ਵਧ ਗਈ। ਅਮੀਰ ਗਰੀਬ ਦਾ ਪਾੜਾ ਵੀ ਹੋਰ ਚੌੜੇਰਾ ਹੋ ਗਿਆ। ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਹੋਰਨਾਂ ਬੇਗਿਣਤ ਸ਼ਹੀਦਾਂ ਦੇ

Sri Satguru Jagjit Singh Ji eLibrary NamdhariElibrary@gmail.com

ਸੁਪਨਿਆਂ ਦਾ ਭਾਰਤ ਹਾਲੇ ਸਿਰਜਿਆ ਨਹੀਂ ਗਿਆ। ਰਵਿਦਾਸ ਜੀ ਵਾਲਾ ਬੇਗਮਪੁਰਾ ਅਤੇ ਸਾਡੇ ਮਹਾਨ ਸਤਿਗੁਰੂ ਸਾਹਿਬਾਨ ਵਾਲਾ "ਸਭੇ ਸਾਂਝੀਵਾਲ ਸਦਾਇਨ" ਵਾਲਾ ਹਲੇਮੀ ਰਾਜ ਅਜੇ ਸਧਾਰਨ ਜਨ ਦੀ ਪਹੁੰਚ ਤੋਂ ਦੂਰ ਹੈ। ਗੇਂਧਾ ਸਿੰਘ ਜੱਟ ਹੋਰਾਂ ਦਾ ਨਵੀਂ ਪੀੜ੍ਹੀ ਨੂੰ ਇਹੋ ਸੰਦੇਸ਼ ਸੀ ਕਿ ਅੰਧ ਵਿਸ਼ਵਾਸ, ਫ਼ਿਰਕਾਪ੍ਰਸਤੀ ਅਤੇ ਕਾਣੀ ਵੰਡ ਕਰਨ ਵਾਲੀਆਂ ਤਾਕਤਾਂ ਦੇ ਖਿਲਾਫ਼ ਲੜਦੇ ਰਹਿਣਾ ਹੈ, ਉਦੋਂ ਤੱਕ ਜਦੋਂ ਤੱਕ ਆਪਣੀ ਮੰਜ਼ਿਲ ਨਹੀਂ ਆਉਂਦੀ। ਜਦੋਂ ਤੱਕ ਸੁਰਖ ਸਵੇਰ ਦੀਆਂ ਪਹਿਲੀਆਂ ਕਿਰਨਾਂ ਧਰਤੀ ਤੋਂ ਔੜਾਂ, ਥੁੜਾਂ ਅਤੇ ਜ਼ੁਲਮ ਤਸ਼ੱਦਦ ਨੂੰ ਹੂੰਝਾ ਨਹੀਂ ਫੇਰ ਦਿੰਦੀਆਂ। ਆਪਣੀਆਂ ਬਹੁ ਵਿਧਾਵੀ ਕਾਵਿ ਰਚਨਾਵਾਂ ਦੇ ਕਾਰਨ ਵੀ ਗੇਂਧਾ ਸਿੰਘ ਜੱਟ ਆਉਣ ਵਾਲੇ ਸਮੇਂ ਵਿਚ ਵੀ, ਬੇਸ਼ੱਕ "ਪੰਜਾਬੀ ਕੁੰਡਲੀਏ ਦੇ ਸਿਰਤਾਜ" ਦੇ ਤੌਰ ਤੇ ਵੀ ਜਾਣੇ ਜਾਂਦੇ ਰਹਿਣਗੇ।

ਨਾਮਧਾਰੀ ਲਹਿਰ ਬਾਰੇ ਉਹਨਾਂ ਨੇ ਆਪਣੀਆਂ ਕਵਿਤਾਵਾਂ ਵਿਚ ਭਾਵਪੂਰਤ ਟਿੱਪਣੀਆਂ ਕੀਤੀਆਂ ਸਨ-

"ਪੱਕੀ ਨੀਂਹ ਰੱਖੀ ਬਾਈਕਾਟ ਵਾਲੀ
ਸਤਿਗੁਰ ਰਾਮ ਸਿੰਘ ਨੇ ਹਿੰਦੁਸਤਾਨ ਅੰਦਰ।"

...

"ਚੁੰਮਾਂ ਮੱਥੇ ਲਾਵਾਂ ਰੱਖਾਂ ਅੱਖੀਆਂ ਦੇ ਸਾਹਮਣੇ ਮੈਂ
ਇਹੋ ਜਿਹੀ ਕਿਤੇ ਤਸਵੀਰ ਜੇ ਤਿਆਰ ਹੋਵੇ।
ਟੋਪੀ ਵਾਲੇ ਸਾਹਬ ਹੋਣ ਤੋਪ ਚਲਵਾਉਣ ਵਾਲੇ,
ਸਾਹਮਣੇ ਸ਼ਹੀਦਾਂ ਵੰਨ੍ਹੀ ਲੰਮੀ ਜਹੀ ਕਤਾਰ ਹੋਵੇ।"

...

"ਭੈਣੀ ਦੀ 'ਜੱਟਾ' ਰੇਤ ਨੂੰ ਸਭਨਾਂ ਨੇ ਜਾ ਜਾ ਚੁੰਮਿਆ।"

Sri Satguru Jagjit Singh Ji eLibrary NamdhariElibrary@gmail.com

ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਉਹਨਾਂ ਦੀ ਰਚਨਾ

ਸੰਤ ਇੰਦਰ ਸਿੰਘ ਚੱਕਰਵਰਤੀ ਨਾਮਧਾਰੀ ਪੰਥ ਦੀ ਉੱਘੀ ਹਸਤੀ ਅਤੇ ਪੰਜਾਬੀ ਸਾਹਿਤ ਜਗਤ ਦੇ ਚਮਕਦੇ ਸਿਤਾਰੇ ਸਨ। ਉਹ ਸਤਿਜੁਗ (ਹਫ਼ਤਾਵਾਰ), ਜਿਸਨੂੰ ਲਾਹੌਰ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਦਿੱਲੀ ਤੋਂ ਛਪਣ ਦਾ ਸੁਭਾਗ ਹਾਸਿਲ ਹੋਇਆ, ਅਤੇ ਜੋ ਨਾਮਧਾਰੀ ਦਰਬਾਰ ਦਾ ਨੌਂ ਦਹਾਕਿਆਂ ਤੋਂ ਵੱਧ ਸਮੇਂ ਦਾ ਬੁਲਾਰਾ ਚੱਲਿਆ ਆ ਰਿਹਾ ਹੈ, ਇਸ ਦੇ ਪ੍ਰਭਾਵਸ਼ਾਲੀ ਸੰਪਾਦਕ ਸਨ। ਉਹਨਾਂ ਨੇ "ਪ੍ਰਦੇਸੀ ਪ੍ਰੀਤਮ" ਆਦਿ ਕੁਝ ਹੋਰ ਪਰਚਿਆਂ ਦੀ ਸੰਪਾਦਨਾ ਵੀ ਕੀਤੀ। ਸਤਿਜੁਗ ਦੀ ਸੰਪਾਦਨਾ ਦੇ ਸਮੇਂ ਹੀ ਗੋਰੀ ਸਰਕਾਰ ਦੀਆਂ ਪ੍ਰੈੱਸ 'ਤੇ ਲਾਈਆਂ ਰੋਕਾਂ ਦੇ ਵਿਰੁੱਧ ਲਿਖਤਾਂ ਲਿਖਣ ਅਤੇ ਆਪਣੇ ਪਰਚੇ ਵਿਚ ਛਾਪਣ ਦੇ ਜੁਰਮ ਹੇਠ ਉਨ੍ਹਾਂ ਨੂੰ ਰੂਪੋਸ਼ ਵੀ ਹੋਣਾ ਪਿਆ। ਉਹ ਪੱਤਰਕਾਰ, ਇਕ ਸਫਲ ਨਾਵਲਕਾਰ, ਕਹਾਣੀਕਾਰ, ਨਾਟਕਕਾਰ ਅਤੇ ਆਲੋਚਕ ਹੋਣ ਤੋਂ ਇਲਾਵਾ ਇਕ ਵਧੀਆ ਸ਼ਾਇਰ ਹੀ ਨਹੀਂ ਸਗੋਂ 'ਮਹਾਂਕਵੀ' ਵੀ ਸਨ, ਜਿਸਦੀ ਸ਼ਾਹਦੀ ਉਹਨਾਂ ਦੁਆਰਾ ਰਚਿਤ ਮਹਾਂਕਾਵਿ "ਮਾਲਵੇਂਦ੍ਰ" ਭਰਦਾ ਹੈ। 468 ਸਫ਼ਿਆਂ ਦੀ ਇਸ ਵੱਡ-ਆਕਾਰੀ ਕਾਵਿ ਪੁਸਤਕ ਨੂੰ ਜੁਲਾਈ, 1957 ਵਿਚ ਨਾਮਧਾਰੀ ਸੰਗਤ, ਦਿੱਲੀ ਨੇ ਪ੍ਰਕਾਸ਼ਿਤ ਕੀਤਾ। ਸੰਤ ਜੀ ਉਦੋਂ 55 ਕੁ ਵਰ੍ਹਿਆਂ ਦੇ ਪ੍ਰੌਢ ਹੋ ਚੁੱਕੇ ਸਨ ਅਤੇ ਪੱਤਰ ਸੰਪਾਦਨਾ ਤੋਂ ਲੈ ਕੇ ਸੁਤੰਤਰਤਾ ਸੰਗਰਾਮ ਵਿਚ, ਕਾਂਗਰਸ ਅਤੇ ਰਿਆਸਤੀ ਪਰਜਾ ਮੰਡਲ ਵਿਚ ਕੰਮ ਕਰਨ ਦੇ, ਅਤੇ ਲੰਮਾ ਸਮਾਂ (1910 ਈ. ਤੋਂ 1939 ਈ.) ਦੇ ਸ੍ਰੀ ਭੈਣੀ ਸਾਹਿਬ ਕਿਆਮ ਦੇ ਦੌਰਾਨ ਜਿਊਣ ਕੌਰ ਜੀ (ਮਾਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ) ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਸੁਣੇ ਬਚਨਾਂ/ਪ੍ਰਸੰਗਾਂ ਨੇ ਉਹਨਾਂ ਨੂੰ ਨਾਮਧਾਰੀ ਇਤਿਹਾਸ ਦੇ ਸਾਗਰ ਵਿਚ ਟੁੱਭੀਆਂ ਲਾਉਣ ਦੇ ਸਮਰੱਥ ਬਣਾਇਆ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ, ਸਿੱਖ ਪੰਥ ਦੀ ਮੁਰਝਾ ਚੁੱਕੀ ਫੁਲਵਾੜੀ ਨੂੰ ਮੁੜ ਸੁਰਜੀਤ ਕਰਨ ਵਾਲੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਨਾਲ ਸੰਬੰਧਿਤ ਇਸ ਮਹਾਂਕਾਵਿ ਦੀ ਪੁਨਰ ਵਿਆਖਿਆ ਦੀ ਕੋਸ਼ਿਸ਼ ਆਰੰਭੀ ਗਈ ਹੈ।

ਸੰਤ ਇੰਦਰ ਸਿੰਘ ਚੱਕਰਵਰਤੀ ਇਕ ਟਕਸਾਲੀ ਕੂਕੇ ਪਰਿਵਾਰ ਵਿਚ ਸ੍ਰੀ ਭੈਣੀ ਸਾਹਿਬ ਦੇ ਲੋਗਲੇ ਪਿੰਡ ਲੱਲ ਕਲਾਂ (ਜੋ ਰਿਆਸਤ ਪਟਿਆਲਾ ਵਿਚ ਪੈਂਦਾ ਸੀ) ਹੁਣ ਜ਼ਿਲ੍ਹਾ ਲੁਧਿਆਣਾ ਦੇ ਮਾਂਗਟ ਜੱਟਾਂ ਦੇ ਘਰ ਪੈਦਾ ਹੋਏ। ਸੰਤ ਜੀ ਆਪਣੇ ਪੁਰਖਿਆਂ ਦੇ ਨਾਮਧਾਰੀਪੁਣੇ ਵਿਚ ਪ੍ਰਪੱਕ ਹੋਣ ਦਾ ਪ੍ਰਮਾਣ ਇਉਂ ਦਿੰਦੇ ਹਨ-

"ਮੇਰਾ ਦਾਦਾ ਜੈ ਸਿੰਘ ਜੀ" ਜੋ ਸਾਢੇ ਨੌਂ ਸਾਲ ਕੂਕਾ ਹੋਣ ਦੇ ਅਪ੍ਰਾਧ ਵਿਚ ਪਟਿਆਲਾ ਰਾਜ ਦੀ ਜਿਹਲ ਵਿਚ ਰਹੇ ਤੇ ਮੇਰੇ ਪਿਤਾ ਸ. ਮੋਦਨ ਸਿੰਘ ਜੀ (ਡੇਰੇ ਸ੍ਰੀ ਭੈਣੀ ਸਾਹਿਬ ਦੀਆਂ) ਗਊਆਂ ਨੂੰ ਹਰਾ ਘਾਹ ਆਪਣੇ ਪਿੰਡੋਂ ਆਪਣੇ ਖੇਤਾਂ ਵਿਚੋਂ ਲਿਆ ਕੇ ਪਾਣ ਦੇ ਅਪ੍ਰਾਧ ਵਿਚ ਕੈਦ ਕੱਟੀ ਜਿਸਦੀ ਸ਼ਹਾਦਤ ਅੱਜ ਵੀ ਸ੍ਰੀ ਮਹੰਤ ਸੇਵਾ ਸਿੰਘ ਦੇ ਸਕਦੇ ਹਨ।[2]

ਸੰਤ ਜੀ ਦੀ ਮਾਤਾ ਮਾਨ ਕੌਰ ਉੱਚੇ ਤੇ ਸੁੱਚੇ ਕਿਰਦਾਰ ਵਾਲੀ ਗ੍ਰਹਿਣੀ ਸੀ। ਉਹ ਪੇਕਿਆਂ ਤੋਂ ਹੀ ਨਾਮਧਾਰੀ ਪੰਥ ਨਾਲ ਸਬੰਧਿਤ ਸੀ ਅਤੇ ਘਰ ਆਏ ਸਾਧੂ ਸੰਤਾਂ ਦਾ ਆਦਰ ਮਾਣ ਕਰਕੇ ਆਪਣੇ ਬੱਚਿਆਂ ਵਿਚ ਗੁਰੂ ਭਗਤੀ ਦੀ ਜਾਗ ਲਾਉਂਦੀ ਰਹੀ।

ਸੰਤ ਜੀ ਦਾ ਬਚਪਨ ਤੰਗੀਆਂ ਤੁਰਸ਼ੀਆਂ ਵਿਚ ਬਤੀਤ ਹੋਇਆ ਕਿਉਂ ਜੁ "ਅਜੇ ਉਹਨਾਂ ਦੀ ਉਮਰ ਲਗਭਗ ਇਕ ਸਾਲ ਹੀ ਹੋਈ ਸੀ ਕਿ ਸਿਰ ਤੋਂ ਪਿਤਾ ਜੀ ਦਾ ਸਾਇਆ ਉਠ ਗਿਆ। ਸੰਤ ਜੀ... ਦੋ ਹੋਰ ਭੈਣ ਭਰਾ

Sri Satguru Jagjit Singh Ji eLibrary NamdhariElibrary@gmail.com

ਇੰਦ ਕੌਰ, ਹਰਨਾਮ ਕੌਰ, ਦੀਦਾਰ ਸਿੰਘ ਅਤੇ ਦੀਪ ਕੌਰ ਸਨ। ਉਹਨਾਂ ਦੀ ਮਾਤਾ ਨੇ ਉਹਨਾਂ ਸਾਰਿਆਂ ਨੂੰ ਨਾਮਧਾਰੀ ਮਰਿਆਦਾ ਦੇ ਧਾਰਨੀ ਬਣਾਇਆ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸਾਏ ਮਾਰਗ ਤੇ ਚੱਲਣ ਲਈ ਕਿਹਾ। ਉਹਨਾਂ ਨੇ ਮੁੱਢਲੀ ਵਿਦਿਆ ਪੰਡਿਤ ਬਸੰਤ ਸਿੰਘ (ਪਿੰਡ ਗੜ੍ਹ ਪਧਾਣਾ ਜ਼ਿਲ੍ਹਾ ਜਲੰਧਰ... ਸ. ਸ. ਵਿਰਕ) ਤੇ ਬਾਬਾ ਹਰਨਾਮ ਸਿੰਘ ਨਥਾਣੇ ਵਾਲਿਆਂ ਤੋਂ ਪ੍ਰਾਪਤ ਕੀਤੀ ਅਤੇ ਫਿਰ ਬਚਪਨ ਵਿਚ ਉਹਨਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿੱਖ ਲਿਆ ਸੀ।"

ਸੰਤ ਜੀ ਦਾ ਅਨੰਦ ਸ੍ਰੀ ਭੈਣੀ ਸਾਹਿਬ ਰਹਿੰਦਿਆਂ 1924 ਈ. ਵਿਚ 21-22 ਵਰ੍ਹਿਆਂ ਦੀ ਉਮਰ ਵਿਚ ਬੀਬੀ ਪ੍ਰਤਾਪ ਕੌਰ ਨਾਲ ਹੋਇਆ। ਜਿਸ ਵਿਚੋਂ ਦੋ ਪੁੱਤਰ ਅਤੇ ਇਕ ਪੁੱਤਰੀ ਹੋਈ। 1947 ਦੇ ਲਾਗੇ ਚਾਗੇ ਸੰਤ ਜੀ ਪਟਿਆਲੇ ਭਾਸ਼ਾ ਵਿਭਾਗ ਵਿਚ ਪੰਜਾਬੀ ਕੋਸ਼ ਦੀ ਤਿਆਰੀ ਵਿਚ ਜੁੱਟ ਗਏ। ਮਾਰਚ 1971 ਈ. ਵਿਚ ਅਕਾਲ ਚਲਾਣਾ ਇਥੇ ਹੀ ਹੋਇਆ। ਬੀਬੀ ਪ੍ਰਤਾਪ ਕੌਰ ਨੇ 1983 ਵਿਚ ਚੜ੍ਹਾਈ ਕੀਤੀ। ਸੰਤ ਨਿਧਾਨ ਸਿੰਘ 'ਆਲਿਮ' - ਇਕ ਹੋਰ ਉੱਘੇ ਨਾਮਧਾਰੀ ਵਿਦਵਾਨ ਲੇਖਕ ਪ੍ਰਚਾਰਕ ਅਤੇ ਸੁਤੰਤਰਤਾ ਸੰਗਰਾਮੀਏ ਦੇ ਨਾਲ -ਸੰਯੁਕਤ ਰੂਪ ਵਿਚ, ਅਕਤੂਬਰ 1998 ਈ. ਵਿਚ ਨਾਮਧਾਰੀ ਦਰਬਾਰ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਯਾਦ ਵਿਚ ਇਕ ਸਾਹਿਤਕ ਸਮਾਗਮ ਕਰਕੇ ਸੰਤ ਜੀ ਦੀਆਂ ਸਾਰੀਆਂ ਰਚਨਾਵਾਂ ਜੋ ਕਿ ਹੁਣ ਦੁਰਲਭ ਹੋ ਚੁੱਕੀਆਂ ਹਨ, ਨੂੰ ਮੁੜ ਛਾਪਣ ਦੀ ਗੱਲ ਹੋਈ ਸੀ।

ਸੰਤ ਇੰਦਰ ਸਿੰਘ ਚੱਕਰਵਰਤੀ ਨੇ ਆਪਣੇ ਸਮੇਂ ਦੇ ਪੰਜਾਬੀ ਸਾਹਿਤ ਦੀਆਂ ਸਿਰਕੱਢ ਸ਼ਖਸੀਅਤਾਂ ਅਤੇ ਸਿੱਖ ਆਗੂਆਂ ਦਾ ਕਾਫ਼ੀ ਨੇੜ ਮਾਣਿਆ ਹੈ। ਉਹ ਪ੍ਰੀਤ ਸੈਨਿਕ ਦੇ ਰੂਪ ਵਿਚ ਸੁਪਨਸਾਜ਼ ਸ੍ਰ. ਗੁਰਬਖਸ਼ ਸਿੰਘ ਪ੍ਰੀਤਲੜੀ ਦੇ 'ਪ੍ਰੀਤ ਨਗਰ' ਦੇ ਵਾਸੀ ਵੀ ਬਣੇ। ਪੰਜਾਬੀ ਤੋਂ ਬਿਨਾ ਹਿੰਦੀ ਲਿਖਣ ਬੋਲਣ ਦੀ ਮੁਹਾਰਤ ਵਿਚ ਵੀ ਪਰਬੀਨ ਸਨ ਜਿਸ ਕਰਕੇ ਵੇਲੇ ਦੇ ਹਿੰਦੀ ਸਾਹਿਤ ਦੇ ਵਿਦਵਾਨਾਂ ਤੱਕ ਵੀ ਉਹਨਾਂ ਦੀ ਕੀਰਤੀ ਪੁੱਜਦੀ ਰਹਿੰਦੀ ਸੀ। ਸਤਿਜੁਗ ਦੀ ਸੰਪਾਦਨਾ ਸਮੇਂ, ਬਸੰਤ ਅੰਕਾਂ ਦੇ ਸੰਤ ਜੀ ਦੁਆਰਾ ਰਚਿਤ ਮੁੱਖ ਲੇਖ ਇਸ ਦੇ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਬਣਦੇ। "ਗੁਰ ਅਵਤਾਰ" 1929 ਈ. ਦੀ ਬਸੰਤ ਸਮੇਂ ਅਤੇ 1936 ਈ. ਦੇ ਬਸੰਤ ਅੰਕ ਵਿਚ ਛਪਿਆ "ਅਪੂਰਵ ਬਲੀਦਾਨ" ਅਜਿਹੀਆਂ ਉਤਕ੍ਰਿਸ਼ਟ ਰਚਨਾਵਾਂ ਹਨ ਕਿ ਸਾਹਿਤਕ ਪੱਖੋਂ ਉਨ੍ਹਾਂ ਦੇ ਵਾਰ ਵਾਰ ਅਧਿਅਨ ਵਿਚੋਂ ਨਵੀਂ ਤਾਜ਼ਗੀ ਪ੍ਰਾਪਤ ਹੁੰਦੀ ਹੈ। ਇਕ ਰਸ ਹੈ, ਅਤੇ ਨਾਮਧਾਰੀ ਇਤਿਹਾਸ ਦੀਆਂ ਬਹੁਤ ਸਾਰੀਆਂ ਰਮਜ਼ਾਂ ਵੀ ਇਹਨਾਂ ਵਿਚੋਂ ਲੱਭਦੀਆਂ ਹਨ। ਸੰਤ ਭਗਵਾਨ ਸਿੰਘ ਅੜਬੰਗੀ (ਪਿੰਡ ਮਰਹਾਣਾ ਜ਼ਿਲ੍ਹਾ ਅੰਮ੍ਰਿਤਸਰ) ਦੇ ਚਰਚਿਤ ਖਾੜਕੂ ਕੂਕੇ ਦੀ ਜੀਵਨ ਚਰਿੱਤਰ ਤੇ ਢੋਲਿਆ ਨਾਵਲ "ਅੜਬੰਗੀ", ਸੂਬਾ ਜਵਾਹਰ ਸਿੰਘ ਜੀ ਨਾਲ ਸਬੰਧਿਤ ਨਾਵਲ "ਬੀਰ ਰਾਗ", ਇਕ ਹੋਰ ਨਾਵਲ "ਜੈ" ਤੋਂ ਬਿਨਾ ਉਨ੍ਹਾਂ "ਸ਼ਾਹੀ ਕੈਦੀ", "ਸ਼ੂਦਰ ਦਾ ਬਲੀਦਾਨ" ਆਦਿ ਦਰਜਨ ਦੇ ਕਰੀਬ ਨਾਟਕ ਵੀ ਲਿਖੇ। ਸੰਤ ਜੀ ਨੇ ਕੁਝ ਹੋਰ ਮਹਾਂਕਾਵਿ ਵੀ ਲਿਖੇ ਜਿਹਨਾਂ ਵਿਚੋਂ ਇਕ ਵਿਗਿਆਨਕ ਸਮਾਜਵਾਦ ਦੇ ਪਿਤਾਮਾ ਕਾਰਲ ਮਾਰਕਸ ਬਾਰੇ ਸੀ। (ਇਕ ਮਹਾਂ ਕਾਵਿ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਜੀ ਬਾਰੇ ਸੀ) ਭਾਸ਼ਾ ਵਿਭਾਗ ਦੇ ਪਰਚੇ 'ਪੰਜਾਬੀ ਦੁਨੀਆ' ਵਿਚ ਦਰਜਨਾਂ ਲੇਖ ਮਿਲਦੇ ਹਨ। ਕੁਝ ਪੁਸਤਕਾਂ ਵੀ ਸੰਪਾਦਿਤ ਕੀਤੀਆਂ ਜਿਵੇਂ 'ਸਤਿਗੁਰੂ ਬਿਲਾਸ' ਕ੍ਰਿਤ ਭਾਈ ਗਿਆਨ ਸਿੰਘ ਜੀ ਕਾਦਰਾਬਾਦੀ ਅਤੇ 'ਮਸਲੇ ਸ਼ੇਖ ਫਰੀਦ ਕੇ" ਆਦਿਕ। ਪਰ ਸੰਤ ਜੀ ਦੀ ਇਸ ਸਾਰੀ ਸਾਹਿਤਕ ਸੇਵਾ ਵਿਚੋਂ ਉਨ੍ਹਾਂ ਦੀ ਵੱਡਮੁੱਲੀ ਤੇ ਸ਼੍ਰੋਮਣੀ ਰਚਨਾ ਬਣ ਕੇ ਉਭਰਨ ਦਾ ਮਾਣ ਮਹਾਂ ਕਾਵਿ "ਮਾਲਵੇਂਦ੍ਰ" ਦੇ ਹਿੱਸੇ ਹੀ ਆਇਆ ਹੈ। ਭਾਵੇਂ ਉਹ ਗੁਰੂ ਬਾਲਕ ਸਿੰਘ ਜੀ ਦਾ ਜੀਵਨ ਅਤੇ ਹੋਰ ਬਹੁਤ ਸਾਰੇ ਨਾਮਧਾਰੀ ਸੰਤਾਂ ਮਹੰਤਾਂ ਦਾ ਜੀਵਨ ਸਤਿਜੁਗ ਦੇ ਵਿਸ਼ੇਸ਼ ਸੰਤ ਅੰਕਾਂ ਵਿਚ ਵਾਰਤਕ ਵਿਚ ਵੀ ਲਿਖ ਚੁੱਕੇ ਸਨ।

ਮਹਾਂਕਾਵਿ ਮਾਲਵੇਂਦ੍ਰ ਦੀ ਰਚਨਾ ਇਕੋ ਦਿਨ ਵਿਚ ਤੇ ਸੰਭਵ ਨਹੀਂ ਸੀ ਹੋ ਸਕਦੀ। ਸੰਤ ਜੀ ਲਿਖਦੇ ਹਨ ਕਿ ਉਹਨਾਂ ਦੀ ਜਾਣਕਾਰੀ ਦਾ ਸੋਮਾ ਕੌਣ ਲੋਕ ਹਨ-

Sri Satguru Jagjit Singh Ji eLibrary NamdhariElibrary@gmail.com

"ਖ਼ਰਚ ਹੋਏ ਨੇ ਏਸ ਤੇ, ਮੇਰੇ ਪੈਂਤੀ ਸਾਲ
ਏਧਰੋਂ ਓਧਰੋਂ ਹੱਥ ਮਾਰ, ਕੀਤੀ ਨਾ ਹੈ ਕਾਹਲ
ਘਰਦਿਆਂ ਤੋਂ ਸੁਣ ਸੁਣਾ ਕੇ, ਬਿਰਧਾਂ ਦੇ ਲਏ ਬਿਆਨ
ਲਿਖਿਆ ਕਾਫ਼ੀ ਪੜ੍ਹ ਸੁਣ, ਲਾ ਕੇ ਬਹੁਤ ਧਿਆਨ
ਮੇਰੇ ਬਾਬਾ ਜੈ ਸਿੰਘ, ਗੁਰਦਿਤ ਸਿੰਘ ਮਹੰਤਾਂ
ਗੰਡੇ ਉੱਤੇ ਸੈਨਾਲ ਜਿਸ, ਤੋਰੇ ਗੁਰੂ ਭਗਵੰਤ
ਮਾਮਾ ਮੰਗਲ ਸਿੰਘ ਜੀ ਘਨੌਂਗਾ ਮੇਜਾ ਸਿੰਘ
ਮਜਾ ਸਿੰਘ, ਵਿਦਿਆ ਗੁਰੂ, ਬਾਬਾ ਹਰਿਨਾਮ ਸਿੰਘਾ
ਓਹਨਾਂ ਜਾ ਰੰਗੂਨ ਵਿਚ, ਵਕਤ ਕਰੇ ਭਗਵਾਨ
ਲਾਲ ਸਿੰਘ ਲਤਾਲੀਏਂ, ਸਾਹਿਬ ਸਿੰਘ ਦੇ ਬਿਆਨ
ਇਹ ਰਿਆਸਤ ਸੰਗਰੂਰ ਦੇ, ਰਾਜੇ ਦਏ ਉਜਾੜ
ਬਿਸਵੇਦਾਰ ਰਈਸ ਸਨ, ਉੱਚੇ ਸਨ ਸਰਦਾਰ
ਸ੍ਰੀ ਸੁਆਮੀ ਤਖ਼ਤ ਸਿੰਘ, ਅਤਬੰਗੀ ਜੀ ਆਦਿ
ਬਾਬਾ ਮਿਹਰ ਸਿੰਘ ਜੀਓ ਲੋਪੋਕੀ ਦੇ ਸਾਧ
ਕਿਸ਼ਨ ਸਿੰਘ ਜੀ ਛੂਤੀਏਂ ਗ੍ਰੰਥੀ ਸੀ ਖ਼ਿਤਾਬ
ਲੋਹਗੜ੍ਹ ਵਲੇ ਹਰਨਾਮ ਸਿੰਘ, ਇਨ੍ਹਾਂ ਦੇ ਭਾਈ ਸਾਥ
ਮਿਰਜੇ ਵਾਲੀਏ ਸੰਤ ਸਨ, ਜਵਾਹਰ ਸਿੰਘ ਜੀ ਹੋਰ
ਬਾਬਾ ਜੋੜਾ ਸਿੰਘ ਜੀ, ਵੱਸਦੇ ਪਿੰਡ ਬੁਦ ਪੋਰ
ਮਾਤਾ ਜੀਵਨ ਕੌਰ ਜੀ, ਸਤਿਗੁਰ ਸਿੰਘ ਪ੍ਰਤਾਪ
ਏਨ੍ਹਾਂ ਤੋਂ ਕਈ ਵਾਰ ਮੈਂ, ਸੁਣਿਆ ਵਾਰਤਾਲਾਪ।

....

ਲਿਖਿਆ ਭਾਈ ਸੰਤੋਖ ਸਿੰਘ, 'ਸ੍ਰੀ ਸਤਿਗੁਰੂ ਬਿਲਾਸ'
ਗਿਆਨੀ ਕਾਹਲਾ ਸਿੰਘ ਵੀ, ਲਿਖਿਆ ਗੁਰ ਇਤਿਹਾਸ
ਮੇਰੀ ਮਾਤਾ ਮਾਨ ਕੌਰ, ਸੇਵਾ ਸਿੰਘ ਮਹੰਤ
ਬਾਬਾ ਬਿਸ਼ਨ ਸਿੰਘ ਜੀ, ਮੇਰਾ ਬਾਬਾ ਸੰਤ
ਸ੍ਰੀ ਮਹਾਰਾਜ ਨਿਹਾਲ ਸਿੰਘ, ਗੁਰਦਿਆਲ ਸਿੰਘ ਮਹਾਰਾਜ
ਮੇਰੇ ਮਿਤ੍ਰ ਸਨ ਓਹ, ਵਿਦਵਾਨ ਸਿਰ ਤਾਜ
ਕੇਸਰ ਕਿਆਰੀ ਪੰਥ ਦੀ, ਕੂਕੇ ਸਨ ਪੂਰੇ ਸੰਤ
ਪੁਸਤਕ ਮੈਂ ਬਹੁਤੇ ਪੜ੍ਹੇ, ਇਨ੍ਹਾਂ ਤੋਂ ਸੁਣ ਇਤਿਹਾਸ
"ਮਾਲਵੇਂਦ੍ਰ" ਲਿਖਿਆ ਗਿਆ, ਸਤਿਗੁਰ ਪੂਰੀ ਆਸ। (ਮਾਲਵੇਂਦ੍ਰ ਸਫ਼ਾ 464-65)

ਸੰਤ ਇੰਦਰ ਸਿੰਘ ਚੱਕਰਵਰਤੀ ਪੰਜਾਬੀ ਅਤੇ ਹਿੰਦੀ ਦੇ ਪ੍ਰਗਾੜ੍ਹ ਵਿਦਵਾਨ ਸਨ। ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਉਹ 10-12 ਵਰ੍ਹਿਆਂ ਦੀ ਉਮਰ ਵਿਚ ਜਾਂ ਇਸ ਤੋਂ ਵੀ ਇਕ ਅੱਧ ਵਰ੍ਹਾ ਪਹਿਲਾਂ ਪੁੱਜ ਗਏ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਧੀਆ ਪਾਠੀ ਸਨ। ਬਾਣੀ ਵੱਲ ਚੋਖੀ ਬਿਰਤੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਦਿਨਾਂ ਵਿਚ ਘੋੜਿਆਂ ਤੇ ਸਾਰੇ ਪੰਜਾਬ ਵਿਚ ਦੌਰਾ ਕਰਿਆ ਕਰਦੇ ਸਨ। ਇਸ

Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਉਹ ਕੂਕਿਆਂ ਦੇ ਨਵੇਂ ਪੁਰਾਣੇ ਪਿੰਡਾਂ ਵਿਚੋਂ ਗੁਜ਼ਰਦੇ ਅਤੇ ਯੁਵਕ ਚੱਕਰਵਰਤੀ ਵੀ ਕਿਉਂਕਿ ਉਹਨਾਂ ਦੇ ਨਾਲ ਹੁੰਦੇ ਸਨ, ਇਸ ਲਈ ਨਾਮਧਾਰੀ ਸਾਧਾਂ, ਸੰਤਾਂ, ਗੁਰਸਿਖੀਆਂ ਦੇ ਪਿੰਡਾਂ, ਪਰਿਵਾਰਾਂ ਤੋਂ ਵੀ ਜਾਣੂ ਹੁੰਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀਆਂ ਪ੍ਰਸਿੱਧ ਨਾਮਧਾਰੀ ਇਤਿਹਾਸਕ ਹਸਤੀਆਂ ਨੂੰ ਨੇੜਿਉਂ ਹੋ ਕੇ ਤੱਕਣ ਦਾ, ਉਹਨਾਂ ਦੇ ਬਚਨ ਬਿਲਾਸ ਅਤੇ ਜੀਵਨ ਅਨੁਭਵ ਸੁਣਨ ਦਾ ਵੀ ਸੰਤ ਜੀ ਦਾ ਸੁਯੋਗ ਬਣ ਜਾਂਦਾ, ਨਾਮਧਾਰੀ ਇਤਿਹਾਸ, ਸਰਕਾਰੀ ਰੀਕਾਰਡ ਵਿਚ ਜੋ ਦਰਜ ਮਿਲਦਾ ਹੈ, ਉਹ ਵੇਲੇ ਦੇ ਹਾਕਮਾਂ ਦੇ ਪੱਖ ਨੂੰ ਹੀ ਬਿਆਨ ਕਰਦਾ ਹੈ। ਨਾਮਧਾਰੀ ਇਤਿਹਾਸ ਦੇ ਜੀਵੰਤ ਸ੍ਰੋਤਾਂ ਤੋਂ ਇਸ ਨੂੰ ਇਕੱਠਾ ਕਰਨ ਦਾ ਕੰਮ ਸੰਤ ਜੀ ਨੇ ਬੜੀ ਤਨਦੇਹੀ ਨਾਲ ਨਿਭਾਇਆ ਅਤੇ ਆਪਣੇ ਮਹਾਂਕਾਵਿ 'ਮਾਲਵੇਂਦ੍ਰ' ਵਿਚ ਇਹਨਾਂ ਸੋਮਿਆਂ ਦਾ ਭਰਪੂਰ ਇਸਤੇਮਾਲ ਕਰਕੇ ਇਸਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਵੀ ਸਮ੍ਰਿਧ ਬਣਾਇਆ ਹੈ। ਭਾਈ ਸੰਤੋਖ ਸਿੰਘ ਦੇ ਵਾਰਤਕ ਗ੍ਰੰਥ 'ਸ੍ਰੀ ਸਤਿਗੁਰੂ ਬਿਲਾਸ' ਅਤੇ ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਬ੍ਰਿਜ ਭਾਸ਼ਾ ਵਿਚ ਕਾਵਿ ਗ੍ਰੰਥ 'ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ', ਭਾਈ ਕਾਲਾ ਸਿੰਘ ਗਿਆਨੀ ਨੌਗਲ ਵਾਲਿਆਂ ਦਾ 'ਸਿੱਖਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਆਦਿ ਪੁਸਤਕ ਵੀ ਉਹਨਾਂ ਲਈ ਸਹਾਇਕ ਸਿੱਧ ਹੋਏ ਅਤੇ ਬਿਰਹੋਂ ਕੁੱਠੇ ਨਾਮਧਾਰੀ ਸੰਤ ਕਵੀਆਂ ਭਾਈ ਚੰਦਾ ਸਿੰਘ ਭੰਬਰ ਅਤੇ ਭਾਈ ਨਿਹਾਲ ਸਿੰਘ (ਜਿਨ੍ਹਾਂ ਦਾ ਜਨਮ ਸਥਾਨ ਪਿੰਡ, ਵੀ ਹੁਣ ਗਿਆਤ ਨਹੀਂ ਹੋ ਸਕਿਆ) ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਬਾਦ, ਦਰਦ ਫ਼ਿਰਾਕ ਦੀ ਅੱਗ ਨੂੰ ਮਘਾਉਣ ਵਾਲੇ ਬਾਰਾਂਮਾਹ ਲਿਖੇ ਸਨ, ਉਹਨਾਂ ਦਾ ਵੀ ਸੰਤ ਜੀ ਦੀ ਮਸਤਾਨੀ ਕਵਿਤਾ 'ਤੇ ਵਿਆਪਕ ਪ੍ਰਭਾਵ ਪਿਆ। ਸੰਤ ਜੀ ਦੀ ਰਚਨਾ 'ਮਾਲਵੇਂਦ੍ਰ' ਦੇ ਅੰਤ੍ਰੀਵ ਰਹੱਸ ਨੂੰ ਸਮਝਣ ਤੋਂ ਪਹਿਲਾਂ, ਸੰਤ ਇੰਦਰ ਸਿੰਘ ਚੱਕਰਵਰਤੀ ਦੇ ਸੂਫ਼ੀਆਨਾ ਸੁਭਾਉ ਅਤੇ ਆਪਣੇ ਇਸ਼ਟ ਗੁਰੂਦੇਵ ਦੇ ਚਰਨਾਂ ਵਿਚ ਉਸਦੀ ਅਗਾਧ ਸ਼ਰਧਾ ਦਾ ਮੁਲੰਕਣ ਕਰਨਾ ਵੀ ਜ਼ਰੂਰੀ ਜਾਪਦਾ ਹੈ। ਕਿਉਂਕਿ ਆਪਣੇ ਇਤਿਹਾਸਕ ਮਹਾਂ ਨਾਇਕ ਦੀ ਕੀਰਤੀ ਬਯਾਨ ਕਰਦਿਆਂ ਉਹ ਉੱਚ ਅਧਿਆਤਮਕ ਮੰਡਲਾਂ ਵਿਚ ਜੋ ਤਾਰੀਆਂ ਲਾਉਂਦੇ ਹਨ ਜੇ ਉਹਨਾਂ ਦੀ ਥੋੜ੍ਹੀ ਬਹੁਤ ਥਾਹ ਨਾ ਪਾਈ ਜਾਵੇ ਤਾਂ ਅਜਿਹੀ ਜਜ਼ਬੇ ਗੁੱਧੀ ਸ਼ਾਇਰੀ ਦਾ ਅਵਲੋਕਨ ਸੰਭਵ ਨਹੀਂ।

ਬਹੁਤ ਸਾਰੇ ਇਤਿਹਾਸਕਾਰਾਂ ਨੇ ਨਾਮਧਾਰੀ ਪੰਥ ਨੂੰ ਇਸਲਾਮ ਧਰਮ ਵਿਚਲੇ ਸੂਫ਼ੀ ਸੰਪ੍ਰਦਾਇ ਨਾਲ ਜੋੜ ਕੇ ਵੀ ਪੇਸ਼ ਕੀਤਾ ਹੈ। ਸੂਫ਼ੀਆਂ ਦਾ ਨਿਕਾਸ ਬੇਸ਼ਕ ਮੁਹੰਮਦ ਸਾਹਿਬ ਤੋਂ ਹੋਇਆ ਮੰਨਿਆ ਜਾਂਦਾ ਹੈ। ਪ੍ਰਸਿੱਧ ਮੱਧਕਾਲੀ ਇਤਿਹਾਸਕਾਰ ਮੁਹੰਮਦ ਹਬੀਬ ਦੇ ਅਨੁਸਾਰ ਹਜ਼ਰਤ ਮੁਹੰਮਦ ਦੇ ਨਿਵਾਸ ਵਿਚ, ਇਹਨਾਂ ਦੀ ਨਿਕਟਤਾ ਮਾਣਨ ਲਈ ਜਿਹੜੇ ਦਰਵੇਸ਼ ਉਹਨਾਂ ਦੇ ਸੁਫੇ (ਮਕਾਨ ਦਾ ਇਕ ਹਿੱਸਾ) ਵਿਚ ਪਏ ਰਹਿੰਦੇ ਸਨ, ਸਮਾਂ ਪਾ ਕੇ ਉਹਨਾਂ ਨੂੰ ਸੂਫ਼ੀ ਕਿਹਾ ਜਾਣ ਲੱਗ ਪਿਆ। ਉਹ ਹੌਲੀ ਹੌਲੀ ਧਾਰਮਕ ਕੱਟੜਤਾ ਅਤੇ ਰਸਮਾਂ ਦੀ ਪਾਬੰਦੀ ਤੋਂ, ਸ਼ਰਾਅ ਦੀਆਂ ਸ਼ਰਤਾਂ ਤੋਂ ਮੁਕਤ ਹੋਣ ਲੱਗ ਪਏ ਅਤੇ ਖ਼ੁਦਾ ਅਤੇ ਉਸਦੀ ਖ਼ੁਦਾਈ ਜਾਂ ਲੁਕਾਈ ਵਿਚੋਂ ਹੀ ਸਭ ਕੁਝ ਵੇਖਣ ਲੱਗ ਪਏ। ਇਹ ਸੂਫ਼ੀ ਮੁਰਸ਼ਦ ਦੇ ਬਿਰਹੋਂ ਤੋਂ ਸੱਖਣੇ ਸਰੀਰ ਨੂੰ ਮਸਾਣ ਸਮਝਣ ਲੱਗ ਪਏ। ਮੁਰਸ਼ਦ ਦੇ ਹਿਜਰ ਦਾ ਧੂੰਆਂ ਉਹਨਾਂ ਦੇ ਨੈਣਾਂ ਵਿਚ ਸਦਾ ਮਘਦਾ ਰਹਿੰਦਾ। ਸੱਜਣ ਤੋਂ ਬਿਨਾਂ ਰਾਤਾਂ ਉਹਨਾਂ ਲਈ ਵੱਡੀਆਂ ਹੋ ਗਈਆਂ ਸਨ। ਸੂਲੀਆਂ 'ਤੇ ਝੂਟੇ ਲੈਣ ਵਾਲੇ ਮਨਸੂਰ ਵਰਗੀ ਉਹਨਾ ਦੇ ਚੇਤਿਆਂ ਵਿਚ ਸਦਾ ਹਾਜ਼ਰ ਰਹਿੰਦੇ। ਇਹ ਸੂਫ਼ੀ ਸੰਤ ਸ਼ਾਹੀ ਠਾਠਾਂ-ਬਾਠਾਂ, ਅਹੁਦਿਆਂ ਅਤੇ ਮਾਨ ਸਨਮਾਨਾਂ ਤੋਂ ਦੂਰ ਨੱਸਣ ਵਾਲੇ ਸਨ ਅਤੇ ਉਹ ਆਪਣੇ ਲਈ ਮੰਗ ਕੇ ਫ਼ਕੀਰੀ ਦਾ ਜੀਵਨ ਖ਼ੁਦ ਵਿਹਾਜ ਬੈਠੇ ਸਨ। ਮੁਰਸ਼ਦ ਅਤੇ ਲੋਕਾਂ ਦੇ ਪ੍ਰੇਮ ਵਿਚ ਗਹਿਰੀਂਚ ਡੂੰਘੇ ਹੋਣ ਕਾਰਨ ਦੁਨਿਆਵੀ ਅਤੇ ਇੰਦ੍ਰਿਆਵੀ ਖ਼ਾਹਿਸ਼ਾਂ ਤੋਂ ਉਹ ਬਹੁਤ ਉੱਚੇ ਉੱਠ ਜਾਂਦੇ ਸਨ ਅਤੇ ਇਹੀ ਉਹਨਾਂ ਦੀ ਮਹਾਨ ਪ੍ਰਾਪਤੀ ਦਾ ਰਾਜ਼ ਹੁੰਦਾ ਸੀ। ਇਸ ਸੂਫ਼ੀਪੁਣੇ ਨੂੰ ਸੰਤ ਇੰਦਰ ਸਿੰਘ ਚੱਕਰਵਰਤੀ "ਕੂਕਾ ਕਾਰ" ਦਾ ਨਾਮ ਦਿੰਦੇ ਹਨ। ਉਹਨਾਂ ਦੇ ਆਪਣੇ ਸ਼ਬਦਾਂ ਵਿਚ ਹੀ ਇਹਦਾ ਵਰਣਨ ਬੜਾ ਮੋਹਕ ਹੈ-

"ਨਾਮਧਾਰੀ ਸੰਪ੍ਰਦਾ ਸੰਤ ਸਿਪਾਹੀ ਸੂਫ਼ੀ ਜਿਹੇ ਮਸਤਾਂ ਦੀ ਇਕ ਆਮਿਲ ਜਮਾਤ ਹੈ। ਉਹ ਆਪਣੇ ਪ੍ਰਦੇਸੀ ਪ੍ਰੀਤਮ ਦੇ ਦੀਦਾਰ ਦੀ ਚਾਹਵਾਨ ਹੈ, ਉਸ ਨੂੰ ਹੋਰ ਸਭੋ ਕੁਝ ਭੁੱਲ ਸਕਦਾ ਹੈ, ਪਰ ਮਿੱਤਰ ਵਿਛੋੜਾ ਨਹੀ ਭੁੱਲ ਸਕਦਾ।

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਓਹੀ ਚੀਜ਼ ਚੰਗੀ ਲੱਗਦੀ ਹੈ ਜਿਸ ਵਿਚ ਦਰਦ ਫ਼ਿਰਾਕ ਦੀਆਂ ਆਹੀਂ ਹੋਣ, ਜਿਸ ਵਿਚ ਸੋਜ਼ ਤੇ ਵਲਵਲਾ ਹੋਵੇ, ਜਿਸ ਵਿਚ ਮਸਤੀ ਹੋਵੇ। ਉਹ ਕੂਕੇ ਦਾਰਸ਼ਨਿਕਤਾ ਦੇ ਦੀਵਾਨੇ ਨਹੀਂ, ਉਹ ਫ਼ਲਸਫ਼ੇ ਦੀਆਂ ਲੱਛੇਦਾਰ ਘੁੰਝਲਾਂ ਵਿਚ ਦਿਮਾਗ਼ ਨਹੀਂ ਲੜਾਂਦੇ...।

"ਕੂਕੇ ਦੀ ਵਿਥਿਆ ਵਿਦਿਆ ਦੇ ਅਧੀਨ ਨਹੀਂ, ਕਿਉਂਕਿ ਇਹ ਕੋਈ ਦਾਰਸ਼ਨਿਕ ਫ਼ਲਸਫ਼ਾ ਨਹੀਂ। ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ। ਇਸ ਨੂੰ ਕੋਈ ਉਹੀ ਬਿਆਨ ਕਰ ਸਕਦਾ ਹੈ, ਜਿਸ ਇਹਨਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ। ਜਿਸ ਇਹਨਾਂ ਦੇ ਕਾਸੇ ਸਾਫ਼ ਕੀਤੇ ਹੋਣ...। ਜਿੰਨਾ ਚਿਰ ਕੋਈ ਇਸ ਕੂਕਾ-ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ "ਨਾਚ ਰੇ ਮਨ ਗੁਰ ਕੇ ਆਗੇ" ਪੜ੍ਹਦਾ ਆਪਣੇ ਗੁਰਦੇਵ ਨੂੰ ਰਿਝਾਉਣ ਮਾਤਰ ਥਈਆ ਥਈਆ ਕਰਕੇ ਨੱਚਿਆ ਨਾ ਹੋਵੇ, ਓਨਾ ਚਿਰ ਉਸ ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ।...[13]

ਭਾਸ਼ਾ ਵਿਭਾਗ ਦੀ ਨੌਕਰੀ ਦੀ ਗ਼ੁਲਾਮੀ ਨਾਲ ਤੁਲਨਾ ਕਰਦਿਆਂ ਸੰਤ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਆਪਣੀ ਦੂਰੀ ਦੇ ਦੁੱਖ ਨੂੰ ਇਉਂ ਬਿਆਨਦੇ ਹਨ-

"ਮੈਂ ਮਸਤ ਨਹੀਂ ਆਮ ਦੁਨੀਆਦਾਰ ਹਾਂ। ਦੁਨੀਆਦਾਰਾਂ ਨਾਲੋਂ ਵੀ ਕੁਝ ਨੀਵਾਂ ਹਾਂ ਕਿਉਂਕਿ ਗ਼ੁਲਾਮ ਹਾਂ। ਜਦ ਦੇਸ਼ ਗ਼ੁਲਾਮ ਹੁੰਦਾ ਸੀ ਅਸੀਂ ਆਜ਼ਾਦ ਸਾਂ, ਪਰ ਆਪਣੇ ਮਹਿਬੂਬ ਦੇ ਗ਼ੁਲਾਮ ਸਾਂ, ਜਦ ਦੇਸ਼ ਆਜ਼ਾਦ ਹੋ ਗਿਆ, ਅਸੀਂ ਗ਼ੁਲਾਮ ਹੋ ਗਏ ਅਤੇ ਮਹਿਬੂਬ ਦੇ ਪ੍ਰੇਮ ਦੀਦਾਰ ਤੋਂ ਵਾਂਝੇ ਗਏ...

"ਪਰ ਪਿੰਜਰਾ ਪਿੰਜਰਾ ਹੀ ਹੈ, ਉਹ ਲੋਹੇ ਦਾ ਹੋਵੇ ਤਾਂ ਕੀ, ਜੇ ਸੋਨੇ ਦਾ ਹੋਵੇ ਤਾਂ ਕੀ, ਪੰਛੀ ਪਰਵਾਜ਼ ਤੇ ਨਹੀਂ ਨਾ ਕਰ ਸਕਦਾ।"

"ਹਾਂ, ਮੈਂ ਇਹ ਗੱਲ ਮਾਣ ਨਾਲ ਆਖ ਸਕਦਾ ਹਾਂ ਕਿ ਮੈਂ ਮਸਤਾਂ ਦੀ ਸੰਗਤ ਦਾ ਸੁਆਦ ਨਿੱਕਿਆਂ ਹੁੰਦਿਆਂ ਤੋਂ ਹੀ ਮਾਣਦਾ ਰਿਹਾ ਹਾਂ...

"ਉਹ ਕਿਹੜਾ ਮਸਤਾਂ ਦਾ ਸਰਦਾਰ ਹੈ, ਜਿਸ ਦੀ ਚਰਨ ਰਜ ਨਾਲ ਇਹ ਮੱਥਾ ਪਾਕ ਨਹੀਂ ਹੋਇਆ। ਹਾਂ...ਹਾਂ ਮੈਂ ਮਸਤੀ ਵਿਚ ਆਪ ਵੀ ਨਿਰਤਕਾਰੀ ਕੀਤੀ ਹੈ। ਲੋਟ ਪੋਟ ਹੋ ਪਈਆਂ ਵਾਲੀ ਹਾਲਤ ਵਿਚ ਸੁਆਦ ਲਿਆ ਹੈ। ਆਹਾ! ਕਿੱਥੇ ਗਏ ਮੇਰੇ ਉਹ ਦਿਨ! ਕਦੇ ਮੁੜ ਨਹੀਂ ਪਰਤਣਗੇ!!...

"ਅੰਤ ਉਨ੍ਹਾਂ ਮੇਰੇ ਕੋਲੋਂ ਲਿਖਵਾ ਹੀ ਲਿਆ। ਓਹ ਵੀ ਕਵਿਤਾ ਵਿਚ। ਪੰਜ ਸੌ ਪੰਨੇ ਕਵਿਤਾ ਦੇ। ਇਹ ਕੋਈ ਮੇਰੀ ਲਿਆਕਤ ਜਾਂ ਵਿਦਿਆ ਦੀ ਗੱਲ ਨਹੀਂ, ਇਹ ਤੇ ਸਾਰੀ ਕੂਕਾ ਕਾਰ ਦੀ ਕਰਾਮਾਤ ਹੀ ਹੈ। ਨਾ ਹੀ ਇਹ ਕੋਈ ਕਵਿਤਾ ਹੈ, ਇਹ ਤੇ ਦੁੱਖਾਂ ਦਰਦਾਂ ਦੇ ਢੇਰੇ ਨੇ। ਪ੍ਰੀਤਮ ਵਿਛੋੜੇ ਦੀ ਯਾਦ ਦੇ ਹਾਵੇ ਨੇ। ਹੋ ਸਕਦਾ ਹੈ ਕਾਵਿ ਪਾਰਖੂ ਆਲੋਚਕ ਨੂੰ ਇਸ ਵਿਚ ਤੋਲ ਤੁਕਾਂਤ ਕਾਫ਼ੀਆ ਰਦੀਫ਼ ਦੀ ਘਾਟ ਮਹਿਸੂਸ ਹੋਵੇ? ਅਜਿਹਾ ਹੋਣਾ ਸੁਭਾਵਕ ਹੈ ਪਰ ਮੈਂ ਉਸ ਨੂੰ ਵੀ ਇਹੋ ਕਹਾਂਗਾ ਕਿ ਉਹ ਇਸ ਨੂੰ ਕਾਵਿ ਕਸਵੱਟੀ 'ਤੇ ਲਾ ਕੇ ਨਾ ਕੱਸੇ, ਸਗੋਂ ਪਿਆਰ ਤਰਾਜ਼ੂ ਦੇ ਪੱਲੜੇ ਪਾ ਕੇ ਤੋਲੇ, ਫਿਰ ਸ਼ਾਇਦ ਉਹ ਮੈਨੂੰ ਮਾਫ਼ ਕਰ ਦਏ ਅਤੇ ਉਸ ਨੂੰ ਵੀ ਐਬ ਜਾਂ ਦੋਸ਼ ਦੇ ਥਾਂ ਗੁਣ ਤੇ ਨਿਰਦੋਸ਼ਤਾ ਨਜ਼ਰ ਆ ਜਾਏ। ਖ਼ੈਰ ਮੈਨੂੰ ਮਾਣ ਹੈ ਕੂਕਾ ਮੈਨੂੰ ਪਿਆਰਦਾ ਹੈ। ਉਸ ਨੂੰ ਮੇਰੇ ਕਮਲੇ ਰਮਲੇ ਦੀਆਂ ਗੱਲਾਂ ਐਮ.ਏ. ਗਿਆਨੀਆਂ ਨਾਲੋਂ ਚੰਗੇਰੀਆਂ ਲੱਗਦੀਆਂ ਨੇ।[14]

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਾਈ ਮਹਾਰਾਜ ਗੁਰਦਿਆਲ ਸਿੰਘ ਜੀ ਤੀਹਵਿਆਂ ਦੇ ਆਖ਼ਰੀ ਸਾਲਾਂ ਵਿਚ ਕਸ਼ਮੀਰ ਦੀ ਕਿਸੇ ਪਹਾੜੀ ਤੇ ਤਪਦਿਕ ਨਾਲ ਜੂਝ ਰਹੇ ਸਨ। ਉਹਨਾਂ ਨੇ ਨਾਮਧਾਰੀ ਇਤਿਹਾਸ ਦੀ ਫੋਲਾ-ਫੋਲੀ ਕੀਤੀ। ਅੰਗਰੇਜ਼ ਸਰਕਾਰ ਦੀਆਂ ਉਹਨਾਂ ਦੀ ਭਾਸ਼ਾ ਵਿਚ ਹੀ ਲਿਖਤਾਂ ਲੱਭ ਕੇ ਛਪਵਾਈਆਂ, ਨਾਮਧਾਰੀਆਂ ਦੇ ਮਹਾਨ ਯੋਗਦਾਨ ਬਾਰੇ ਲੇਖ ਲਿਖੇ ਅਤੇ ਕੁਲ ਹਿੰਦ ਕਾਂਗਰਸ ਕਮੇਟੀ ਦੇ ਇਜਲਾਸਾਂ ਵਿਚ ਕਲਕੱਤੇ ਤੱਕ ਜਾ ਕੇ ਭਾਸ਼ਣ ਦਿੱਤੇ। ਬਹੁਤ ਸਾਰੇ ਸਤਿਆਗ੍ਰਹਿਆਂ, ਮੋਰਚਿਆਂ ਵਿਚ ਹਿੱਸਾ ਲਿਆ। ਸਿਹਤ ਦੀ ਠੀਕ ਸਾਂਭ ਸੰਭਾਲ ਨਾ ਹੋਣ ਕਾਰਨ ਉਹ ਆਪਣੀ ਚੜ੍ਹਦੀ ਜੁਆਨੀ ਵਿਚ ਹੀ ਗੁਰਪੁਰੀ ਪਿਆਨਾ ਕਰ ਗਏ। ਉਹਨਾਂ ਨੇ

Sri Satguru Jagjit Singh Ji eLibrary NamdhariElibrary@gmail.com

ਚੱਕਰਵਰਤੀ ਜੀ ਤੋਂ ਬਟੋਤ ਵਾਦੀ (ਕਸ਼ਮੀਰ) ਵਿਖੇ ਹੀ ਇਹ ਵਚਨ ਲੈ ਲਿਆ ਸੀ ਕਿ ਉਹਨਾਂ ਦੇ ਅਧੂਰੇ ਸੁਪਨੇ ਵਿਚ ਹੁਣ ਨਾਮਧਾਰੀ ਇਤਿਹਾਸ ਲਿਖ ਕੇ ਰੰਗ ਉਹਨਾਂ ਨੇ ਹੀ ਭਰਨਾ ਹੈ। ਪਰ ਸੰਤ ਚੱਕਰਵਰਤੀ ਜੀ ਇਕ ਭਾਵੁਕ ਪ੍ਰਵਿਰਤੀ ਦੇ ਸੰਵੇਦਨਸ਼ੀਲ ਕਲਮਕਾਰ ਸਨ ਅਤੇ ਰਚਨਾ ਦਾ ਜ਼ਿਆਦਾ ਹਿੱਸਾ ਵੀ, ਨਾਮਧਾਰੀ ਪੰਥ ਦੀ ਦਰਦ ਗਾਥਾ ਨੂੰ ਬਿਆਨਣ ਵਾਲਾ ਸੀ, ਇਸ ਲਈ ਉਹਨਾਂ ਨੇ ਪਟਿਆਲੇ ਜਾ ਕੇ ਸੌਂ ਚੁੱਕੀ ਕਵਿਤਾ ਨੂੰ ਫਿਰ ਜਗਾਇਆ ਅਤੇ ਮਹਾਂਕਾਵਿ ਦੇ ਰੂਪ ਵਿਚ ਢੇਰ ਨਾਮਧਾਰੀਆਂ ਅਤੇ ਸਾਹਿਤ-ਰਸੀਆਂ ਨੂੰ ਪੇਸ਼ ਕਰਕੇ ਸਤਿਗੁਰੂ ਪੁੱਤਰ ਦੇ ਰਿਣ ਤੋਂ ਮੁਕਤ ਹੋਣ ਦਾ ਸਫ਼ਲ ਪ੍ਰਯਾਸ ਕੀਤਾ।

ਮਹਾਂਕਾਵਿ ਦੇ ਜ਼ਰੂਰੀ ਤੱਤਾਂ ਵਿਚੋਂ ਪਹਿਲਾ ਮੀਰੀ ਗੁਣ ਇਸ ਦਾ ਇਹ ਹੈ ਕਿ ਜਿਸਨੂੰ ਇਸ ਕਾਵਿ ਦਾ ਨਾਇਕ ਬਣਾਇਆ ਜਾਵੇ ਉਹ ਆਪਣੀ ਕਰਨੀ, ਉਦਾਤ ਮਾਨਵੀ ਮੁੱਲਾਂ ਨਾਲ ਓਤਪੋਤ, ਦੁਖ ਸੁਖ ਨੂੰ ਸਮ ਕਰਕੇ ਮੰਨਣ ਵਾਲਾ, ਚੜ੍ਹਦੀ ਕਲਾ ਵਿਚ ਰਹਿਣ ਵਾਲਾ, ਆਪਣੀ ਜੁਆਲਾਮੁਖੀ ਜਹੀ ਸ਼ਖ਼ਸੀਅਤ ਸਦਕਾ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਦੇ ਖੋਟੇ ਕਰਮ ਕੱਟਣ ਵਾਲਾ ਅਤੇ ਲੱਖਾਂ ਲੋਕਾਂ ਨੂੰ ਆਪਣੇ ਮਿਸ਼ਨ ਦੀ ਪੂਰਤੀ ਹਿਤ ਅਮਲ ਦੇ ਮੈਦਾਨ ਵਿਚ ਉਤਾਰਨ ਵਾਲਾ ਹੁੰਦਾ ਹੈ। ਇਹ ਸਾਰੀਆਂ ਹੀ ਖ਼ਾਸੀਅਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਜਨਮ ਫਰਵਰੀ 1816 ਈ.) ਵਿਚ ਵਿਦਮਾਨ ਸਨ ਅਤੇ ਨਾਇਕ ਲਈ ਪੰਜਾਬ ਹੀ ਨਹੀਂ ਭਾਰਤ ਵਰਸ਼ ਦੇ ਇਤਿਹਾਸ ਦੀ ਅਦੁੱਤੀ ਹਸਤੀ ਦੀ ਚੋਣ ਕਰਕੇ ਚੱਕਰਵਰਤੀ ਜੀ ਨੇ ਆਪਣੇ ਮਹਾਂਕਾਵਿ ਦੀ ਉਸਾਰੀ ਪੂਰੀ ਪ੍ਰਪੱਕਤਾ ਨਾਲ ਕਰ ਦਿੱਤੀ ਹੈ। ਅਸੀਂ ਸਤਿਗੁਰੂ ਜੀ ਦੇ ਪੁਰਖ ਰੂਪ ਵਿਚ ਦਰਸ਼ਨਾਂ ਤੋਂ ਵੀ ਬਲਿਹਾਰ ਜਾਂਦੇ ਹਾਂ। ਮਹਾਂਕਾਵਿ ਵਿਚ ਉਹਨਾਂ ਦਾ ਨਖਸ਼ਿਖ ਵਰਣਨ ਸਮਰੱਥ ਕਵੀ ਨੇ ਇਉਂ ਕੀਤਾ ਹੈ-

"ਤਿੱਖੇ ਨੈਣ ਨਕਸ਼ ਅਤਿ, ਸੁੰਦਰਤਾ ਦੀ ਖਾਨਿ
ਕਣਕ ਭਿੰਨਾ ਕੁਝ ਰੰਗ ਸੀ, ਵਿਸ਼ਨੂੰ ਜਿਉਂ ਭਗਵਾਨ
ਰਾਜ ਹੰਸ ਜਿਉਂ ਧੌਣ ਤੇ, ਮਸਤ ਮਤੰਗ ਜਿਉਂ ਚਾਲ
ਥਰ ਥਰ ਧਰਤੀ ਥਰਕਦੀ, ਰੱਖਣ ਪੈਰ ਸੰਭਾਲ
ਉੱਚਾ ਲੰਮਾ ਕੱਦ ਇਉਂ, ਸਰੂ ਜਿਵੇਂ ਇਕਸਾਰ
ਗਰਦਨ ਲੰਮੀ ਸਵਾ ਗਿੱਠ, ਦੀਰਘ ਨੈਣ ਅਪਾਰ
ਬਾਹਵਾਂ ਗੋਡਿਆਂ ਹੇਠ ਨੇ, ਲੰਮੀਆਂ ਅਤੇ ਵਿਸ਼ਾਲ
ਅਰਕਾਂ ਦੇ ਨਹੀਂ ਜੜ ਇਉਂ, ਜਿਵੇਂ ਕੰਵਲ ਦੀ ਨਾਲ
ਸਭਨਾਂ ਤੋਂ ਉੱਚੇ ਸਦਾ ਦਿਸਦੇ ਪਏ ਹਜ਼ੂਰ
ਜਿਵੇਂ ਮੁਨਾਰਾ ਭਰਥਿਆਂ, ਨੇੜੇ ਜਾਪੇ ਦੂਰ
ਵਿਹਦਿਆਂ ਭੁੱਖ ਨਾ ਲੱਥਦੀ, ਤੱਕ ਨਾ ਰਜਦੇ ਨੈਣ
ਮੂੰਹ ਤੋਂ ਕਿਰਦੇ ਫੁੱਲ ਸੀ, ਜਦੋਂ ਅਲਾਪਣ ਬੈਣ।"[13]

ਸਤਿਗੁਰੂ ਜੀ ਦੇ ਜਨਮ ਸਮੇਂ, ਬਚਪਨ, ਜੁਆਨੀ, ਲਾਹੌਰ ਦਰਬਾਰ ਦੀ ਸੈਨਾ ਵਿਚ ਭਰਤੀ ਹੋਣ, ਨਾਮਧਾਰੀ ਜਾਂ ਸੰਤ ਖਾਲਸੇ ਦੀ ਸਾਜਣਾ ਅਤੇ 1857 ਈ. ਤੋਂ 1872 ਈ. ਤੱਕ ਸਿੱਖੀ ਪ੍ਰਚਾਰ ਲਈ ਪੰਜਾਬ ਦੇ ਵੱਖ-ਵੱਖ ਭਾਗਾਂ ਦੇ ਉਹਨਾਂ ਦੇ ਦੌਰਿਆਂ, ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਹਜ਼ਰੋ ਦਾ ਦੌਰਾ, ਜਵਾਹਰ ਸਿੰਘ, ਸਾਹਿਬ ਸਿੰਘ, ਲੱਖਾ ਸਿੰਘ, ਕਾਹਨ ਸਿੰਘ ਅਤੇ ਸੁੱਧ ਸਿੰਘ ਆਦਿ ਸੂਬਿਆਂ ਦੀ ਥਾਪਨਾ, ਰਾਇ ਸਿੰਘ ਨੂੰ ਦਸਮ ਪਾਤਸ਼ਾਹ ਜੀ ਦੀ ਸਿੱਖ ਮਰਿਆਦਾ ਲੈਣ ਹਜ਼ੂਰ ਸਾਹਿਬ ਭੇਜਣ, ਹਰਦੁਆਰ ਦੀ ਅਰਧ ਕੁੰਭੀ, ਮਾਲਵੇ ਦਾ ਦੌਰਾ, ਮਾਈਆਂ ਨੂੰ ਅੰਮ੍ਰਿਤ ਛਕਾਉਣਾ, ਅੰਮ੍ਰਿਤਸਰ ਦੀ ਦੀਵਾਲੀ ਤੇ ਨਨਕਾਣਾ ਸਾਹਿਬ, ਅਨੰਦ ਦੀ ਮਰਿਆਦਾ, ਗੁਰਮੱਤ ਦਾ ਅਰੰਭ, ਰਾਜਨੀਤਕ ਸਰਗਰਮੀਆਂ, ਡਾਕ ਦਾ ਮੁਹਿਕਮਾ, ਅਨੰਦਪੁਰ ਦਾ ਹੋਲਾ, ਮਾਨਾਂਵਾਲੇ ਤੇ ਖੋਜਿਆਂ ਦਾ ਹੋਲਾ, ਬਗਾਵਤ ਬਹਾਨੇ

Sri Satguru Jagjit Singh Ji eLibrary NamdhariElibrary@gmail.com

ਲੁੱਟਾਂ, ਅੰਮ੍ਰਿਤਸਰ, ਰਾਇਕੋਟ, ਮਲੇਰਕੋਟਲੇ ਦੇ ਸਾਕੇ, ਦੇਸ ਨਿਕਾਲਾ, ਪ੍ਰਿਆਗ ਰਾਜ ਦੇ ਕਿਲੇ ਵਿਚ, ਰੰਗੂਨ ਜਿਹਲ ਵਿਚ, ਬਾਬਾ ਦਰਬਾਰਾ ਸਿੰਘ ਰੰਗੂਨ ਵਿਚ, ਮਰਗੋਈ ਵਿਚ... ਆਦਿਕ ਇਸ ਮਹਾਂਕਾਵਿ ਦੇ ਸਰਗ ਹਨ।

ਭਾਵੇਂ ਉਹ ਸਾਡਾ ਸਰਵ ਉੱਚ ਸ਼ਾਇਰ ਸੱਯਦ ਵਾਰਿਸ ਸ਼ਾਹ ਸੀ ਜਾਂ ਫਿਰ ਵੀਹਵੀਂ ਸਦੀ ਦਾ ਮਹਾਂ ਕਵੀ ਭਾਈ ਵੀਰ ਸਿੰਘ ਜਾਂ ਲਾਲਾ ਕ੍ਰਿਪਾ ਸਾਗਰ ਸਭ ਨੇ ਮਹਾਂਕਾਵਿ ਦੇ ਆਰੰਭ ਵਿਚ ਆਪਣੇ ਇਸ਼ਟ ਦੇਵ ਨੂੰ ਅਰਪਣ ਲਈ ਉਸ ਦੀ ਮੰਗਲ ਕਾਮਨਾ ਕੀਤੀ ਹੈ। ਸੰਤ ਇੰਦਰ ਸਿੰਘ ਚੱਕਰਵਰਤੀ, ਕਿਉਂਕਿ ਰਾਜੇ ਪੋਰਸ, ਦੁੱਲੇ ਭੱਟੀ, ਮਹਾਨ ਸਿੱਖ ਸਤਿਗੁਰੂਆਂ ਅਤੇ ਸ਼ਹੀਦਾਂ ਆਸ਼ਕਾਂ ਸਾਦਕਾਂ ਤੋਂ ਤੁਰਦੀ ਪੰਜਾਬੀ ਵੀਰ ਪ੍ਰੰਪਰਾ ਦੇ ਝੰਡਾ ਬਰਦਾਰਾਂ ਕੂਕੇ ਮਸਤਾਨਿਆਂ ਅਤੇ ਸ਼ਹੀਦਾਂ ਸੂਬਿਆਂ ਅਤੇ ਚੀਨੀ ਵਾਲੇ ਪਾਤਸ਼ਾਹ ਜੀ ਦੀ ਤਲੀ ਤੇ ਸਿਰ ਧਰਕੇ ਨੱਚਣ ਵਾਲੀ ਪ੍ਰੰਪਰਾ ਦਾ ਬਖਾਨ ਕਰ ਰਿਹਾ ਹੈ, ਇਸ ਲਈ ਮੰਗਲਾਚਰਣ ਵਜੋਂ ਫ਼ੀਰੋਜ਼ਦੀਨ ਸ਼ਰਫ ਨੇ ਜਿਸਨੂੰ

"ਸੋਹਣਾ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਈਓ,
ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ।"

ਕਿਹਾ ਸੀ ਉਸ ਪਿਆਰੇ ਪੰਜਾਬ ਦੀ ਮਿੱਟੀ ਦੀ ਅਰਾਧਨਾ ਨਾਲ ਹੀ ਆਪਣਾ ਮਹਾਂਕਾਵਿ ਆਰੰਭ ਕਰਦਾ ਹੈ-

"ਦੇਸ ਪੰਜਾਬ ਸੁਹਾਵਣਾ ਦੇਸ਼ਾਂ ਦਾ ਸਰਦਾਰ
ਅੰਨ ਧੰਨ ਦੀ ਤੋਟ ਨਾ, ਰਹਿੰਦੇ ਭਰੇ ਭੰਡਾਰ
ਹਰੀ ਭਰੀ ਸਰ ਸਬਜ਼ ਇਹ, ਧਰਤੀ ਹੈ ਇਕ ਸਾਰ
ਇਸ ਦੇ ਕਣ-ਕਣ ਵਿਚ ਹੈ, ਭਰਿਆ ਦੇਸ਼ ਪਿਆਰ
ਡੋਕੇ ਚੂੰਘ ਚੂੰਘ ਸੱਜਰੇ, ਕੱਦਾਵਰ ਜਿਉਂ ਸ਼ੇਰ
ਭੋਲੇ ਭਾਲੇ ਸੂਰਮੇ, ਨਿਰਛਲ ਸਖੀ ਦਲੇਰ
ਗੱਭਰੂ ਬਾਂਕੇ ਮਸ-ਭਿੰਨੇ, ਤਿੱਖੇ ਨਕਸ਼ ਨਗਾਰ
ਵੇਖ ਜਿਨ੍ਹਾਂ ਨੂੰ ਕਰਦੀਆਂ, ਹੂਰਾਂ ਜਾਨ ਨਸਾਰ
... ...
ਜਾਂ ਮਰਨਾਂ ਜਾਂ ਮਾਰਨਾ, ਜਿਨ੍ਹਾਂ ਦੀ ਹੈ ਰੀਤਿ
ਵਲ ਛਲ ਦੇ ਜਾਣੂ ਨਹੀਂ, ਕਰਦੇ ਨਹੀਂ ਅਨੀਤਿ
... ...
ਚਾਣ ਚੱਕ ਜੇ ਆ ਜਾਇ, ਕੋਈ ਅਤਿਥੀ ਬਾਰ
ਸੇਵਾ ਕਰਦੇ ਪੂੱਜ ਕੇ, ਜਾਂਦੇ ਸਦ ਬਲਿਹਾਰ
ਕਰਦੇ ਧੋਖੇ ਨਾਲ ਨਾ, ਵੈਰੀ ਤੇ ਵੀ ਵਾਰ
ਮਾਂ ਭੈਣ ਕਰ ਜਾਣਦੇ, ਧੀ ਬਿਗਾਨੀ ਨਾਰ
... ...
ਜਿਵੇਂ ਮੁਨਾਰਾ ਭਰਥਿਆ ਕੱਦ ਸਰੂ ਇਕ ਸਾਰ
ਖੜੇ ਖੜੱਪੇ ਸੱਪ ਦੇ, ਮੁੱਛਾਂ ਕੁੰਡਲਦਾਰ
... ...
ਪੰਜ ਦਰਿਆਵਾਂ ਇਸ ਦਿਆਂ ਲਾਈ ਮੌਜ ਬਹਾਰ
ਝਰਨੇ ਝਰਦੇ ਦੁੱਧ ਦੇ ਮੋਤੀਆਂ ਦੀ ਆਬਸ਼ਾਰ
... ...

Sri Satguru Jagjit Singh Ji eLibrary NamdhariElibrary@gmail.com

ਬੋਲੀ ਦੀ ਟਕਸਾਲ ਇਹ, ਇਹ ਪਾਣਿਨੀ ਦਾ ਘਰ
ਏਥੇ ਹੀ ਕਾਲੀਦਾਸ ਨੇ, ਲਿਆ ਸੁਰਸਤੀ ਵਰ।"[18]

ਦਸੰਬਰ 1845 ਈ. ਵਿਚ ਮੁਦਕੀ ਦੇ ਸਥਾਨ ਤੇ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਹੋਈ। ਸਤਿਗੁਰੂ ਰਾਮ ਸਿੰਘ ਉਦੋਂ ਸਿੱਖ ਸੈਨਾ ਦੇ ਇਕ ਸਿਪਾਹੀ ਸਨ ਪ੍ਰੰਤੂ ਆਪਣੀ ਦਿੱਬ ਦ੍ਰਿਸ਼ਟੀ ਨਾਲ ਉਹਨਾਂ ਨੇ ਸੈਨਾ ਦੇ ਗੱਦਾਰ ਜਰਨੈਲਾਂ ਅਤੇ ਲਾਹੌਰ ਦਰਬਾਰ ਦੇ ਮੰਤਰੀਆਂ ਦੀ ਅੰਗਰੇਜ਼ਾਂ ਨਾਲ ਘੀਟੀ-ਸੀਟੀ ਭਾਂਪ ਲਈ ਸੀ। ਤਦੋਂ ਹੀ ਆਪ ਨੇ ਬੰਦੂਕ ਸਤਲੁਜ ਵਿਚ ਸੁੱਟ ਦਿੱਤੀ ਅਤੇ ਭੀਸ਼ਮ ਜਿਊਂ ਇਕ ਮਹਾਨ ਪ੍ਰਣ ਧਾਰਨ ਕੀਤਾ-

"ਕੰਢੇ ਬਹਿ ਸਤਿਲੁਜ ਦੇ, ਚੁਲੀ ਵਿਚ ਭਰ ਨੀਰ
ਕਰਦਾ ਹਾਂ ਪ੍ਰਤੱਗਿਆ, ਸੁਣ ਲਓ ਮੇਰੇ ਵੀਰ
ਜਿਨਾ ਚਿਰ ਅੰਗਰੇਜ਼ ਨੂੰ, ਦੇਸੋਂ ਲਵਾਂ ਨਾ ਕੱਢ
ਟਿਕ ਕੇ ਬੈਠਾਂ ਨਾ ਕਦੀ, ਇਕ ਥਾਂ ਡੇਰੇ ਗੱਡ
ਜਥੇਬੰਦ ਕਰ ਕੌਮ ਨੂੰ, ਲੈ ਸਤਿਗੁਰ ਦੀ ਓਟ
ਕੁੰਦਨ ਕਰਾਂਗਾ ਪੰਥ ਨੂੰ, ਕੱਢ ਦਿਆਂ ਸਾਰੀ ਖੋਟ।"[19]

ਆਪ ਨੇ ਸੈਨਾ ਵਿਚੋਂ ਆ ਕੇ ਕੁਝ ਸਮਾਂ ਫ਼ੀਰੋਜ਼ਪੁਰ ਆਦਿਕ ਥਾਵਾਂ ਵਿਚ ਆਪਣੇ ਮਾਮੇ ਹਰੀ ਸਿੰਘ ਦੀ ਠੇਕੇਦਾਰੀ ਤਹਿਤ ਰਾਜ ਮਿਸਤਰੀ ਦਾ ਕੰਮ ਵੀ ਕੀਤਾ ਅਤੇ ਅਖ਼ੀਰ ਆਪਣਾ ਡੇਰਾ ਜਦੋਂ ਭੈਣੀ ਪਿੰਡ ਵਿਚ, ਜੋ ਰਾਈਆਂ ਦੇ ਪਾਸ ਹੀ ਸੀ ਜਿੱਥੇ ਆਪ ਦਾ ਅਵਤਾਰ ਹੋਇਆ ਸੀ ਤਾਂ ਇਸ ਪਿੰਡ ਨੇ ਭੈਣੀ ਸਾਹਿਬ ਦਾ ਲਕਬ ਧਾਰਨ ਕਰਕੇ ਕਾਲਾਂਤਰ ਵਿਚ ਇਉਂ ਪ੍ਰਸਿੱਧੀ ਹਾਸਲ ਕੀਤੀ-

"ਬਾਬਾ ਲਹਿਣਾ ਸਿੰਘ ਜੀ, ਰਾਈਆਂ ਤੋਂ ਲੈ ਨਾਲ
ਭੈਣੀ ਸਾਹਿਬ ਪ੍ਰਵਿਰਸੇ, ਮੁੜ ਆ ਦੀਨ ਦਿਆਲ
ਖੇਡ ਰਚਾਈ ਧਰਮ ਦੀ, ਲਏ ਮਕਾਨ ਉਸਾਰ
ਸਾਜੀ ਸੋਹਣੀ ਸਾਜਨਾ, ਰਚਨਾ ਰਚੀ ਅਪਾਰ
ਹੈ ਪਵਿੱਤਰ ਸਥਾਨ ਇਹ, ਯੋਰੋਸ਼ਲੇਮ ਹੈ ਇਹ
ਇਹ ਕੂਕਿਆਂ ਦਾ ਕਰਬਲਾ, ਮੱਕਾ ਮਦੀਨਾ ਇਹ
ਏਹੋ ਹੈ ਸਥਾਨ ਉਹ, ਜਿਥੇ ਲਾ ਦਰਬਾਰ
ਦੇਸ਼ ਆਜ਼ਾਦ ਕਰਾਨ ਦੀ, ਕਰੀ ਯੋਜਨਾ ਤਿਆਰ[20]
... ...
ਸਾਰੇ ਭਾਰਤ ਦੇਸ਼ ਵਿਚ, ਪਹਿਲਾ ਇਹ ਸਥਾਨ
ਜਿੱਥੇ ਗਾਇਆ ਗਿਆ ਸੀ, ਆਜ਼ਾਦੀ ਦਾ ਗਾਨ
ਮਾਨ ਸਰੋਵਰ ਪ੍ਰਗਟਿਆ, ਔਣ ਲੱਗੇ ਨੇ ਹੰਸ
ਖ਼ੁਸ਼ੀ ਹੋਈ ਘਰ ਦਿਉਤਿਆਂ, ਕੰਬੇ ਕੈਰੋਂ ਕੰਸ।"[21]

ਇਸ ਘੋਰ ਕਲਿਜੁਗ ਵਿਚ ਸਤਿਜੁਗ ਵਰਤਾਉਣ ਦਾ ਮਤਲਬ ਸੀ, ਮਾਇਆ ਦੀ ਤਰਸੇ-ਜ਼ਿੰਦਗੀ ਦੀ ਥਾਂ ਸੇਵਾ ਤੇ ਸਾਂਝੀਵਾਲਤਾ ਤੇ ਆਧਾਰਿਤ ਸਮਾਜਿਕ ਪ੍ਰਬੰਧ ਕਾਇਮ ਕਰਨਾ ਜਿਸ ਵਿਚ ਹਰ ਬਸ਼ਰ ਨੂੰ ਆਪਣੀ ਪ੍ਰਤਿਭਾ ਦੇ ਵਿਕਾਸ ਦੇ ਪੂਰੇ ਮੌਕੇ ਮਿਲਣ। ਸਤਿਗੁਰੂ ਜੀ ਆਪਣਾ ਆਦਰਸ਼ ਇਸ ਤਰ੍ਹਾਂ ਪੇਸ਼ ਕਰਦੇ ਹਨ-

"ਕੌਮੀ ਕਾਮੇ ਕਰਨਗੇ, ਇਸ ਧਰਤੀ ਤੇ ਰਾਜ
ਨਵੀਆਂ ਹੋਣ ਅਦਾਲਤਾਂ, ਉਗਣ ਨਵੇਂ ਸਮਾਜ

Sri Satguru Jagjit Singh Ji eLibrary NamdhariElibrary@gmail.com

ਕੌਮੀ ਕੋਈ ਨਾ ਰਹੇਗਾ, ਕੌਮੀ ਸਾਰੇ ਹੋਣ
ਵਿਹਲੜ ਭੁੱਖੇ ਮਰਨਗੇ, ਪਏ ਜਾਨ ਨੂੰ ਰੋਣ
ਸਾਰੀ ਇਹ ਮਨੁੱਖਤਾ, ਹੋ ਜਾਵੇਗੀ ਇਕ
ਮੈਂ ਸਮਝਾਂਗਾ ਉਸ ਦਿਨ, ਪੁੱਗੀ ਮੇਰੀ ਸਿਕ

... ...

ਹੁਣ ਮਨੁੱਖ ਮਨੁੱਖ ਦਾ, ਕਦੀ ਨਾ ਰਹੇ ਗ਼ੁਲਾਮ
ਆਇਆ ਬੇਦੀਵਾਨ ਦੀ, ਕਰਨ ਲਈ ਕਲਿਆਣ

... ...

ਰਾਜਾ ਕੋਈ ਨਾ ਰਹੇਗਾ, ਧਰਤੀ ਉੱਤੇ ਇਕ
ਟੋਏ ਟਿੱਬੇ ਢਾਹ ਕੇ, ਕਰ ਦੇਵਾਂ ਇਕ ਮਿਕ

... ...

ਮੈਂ ਹਾਂ ਆਇਆ ਕਰਨ ਨੂੰ, ਧਰਤੀ ਇਹ ਇਕਸਾਰ
ਹਿੰਸਾ ਗਊ ਗਰੀਬ ਦੀ, ਦੂਰ ਪਾਪ ਦਾ ਭਾਰ
ਸ਼ਸਤਰ ਦਾ ਕਰ ਖ਼ਾਤਮਾ, ਮਾਲਾ ਕਰ ਪਰਧਾਨ
ਬੰਦੇ ਹੋਵਣ ਦੇਵਤੇ, ਜਪਣ ਗੁਰੂ ਦਾ ਨਾਮ ।"

ਸਿੱਖ ਰਾਜ ਦੇ ਗੁਆਚਣ ਦਾ ਵੱਡਾ ਕਾਰਨ ਇਹ ਵੀ ਸੀ ਕਿ ਸਿੱਖ ਆਪਣੀ ਰਹਿਤ ਮਰਿਆਦਾ ਨੂੰ ਛੱਡ ਕੇ ਗੁਰੂ ਆਸ਼ੇ ਵਾਲੀ ਜੀਵਨ ਜਾਚ ਤੋਂ ਬੇਮੁੱਖ ਹੋ ਗਏ ਸਨ। ਹਰ ਤਰ੍ਹਾਂ ਦੇ ਵੈਲ, ਨਸ਼ੇ, ਚੋਰੀ ਯਾਰੀ, ਵਿਭਚਾਰ ਪ੍ਰਚਲਿਤ ਹੋ ਗਿਆ ਸੀ ਜਿਸ ਕਾਰਨ ਉਹ ਢਹਿੰਦੀ ਕਲਾ ਵਿਚ ਜਾ ਰਹੇ ਸਨ। ਨਸ਼ਿਆਂ ਦਾ ਗ਼ੁਲਾਮ ਵਿਅਕਤੀ ਕੋਈ ਵੀ ਜੁਰੇਤਰ ਫ਼ੈਸਲਾ ਲੈਣ ਦੇ ਯੋਗ ਨਹੀਂ ਰਹਿੰਦਾ। ਇਸ ਲਈ ਸ੍ਰੀ ਸਤਿਗੁਰੂ ਜੀ ਦੀ ਸ਼ਰਨ ਵਿਚ ਆਉਣ ਵਾਲੇ ਭਾਰੇ ਤੋਂ ਭਾਰੇ ਅਮਲੀ ਵੀ, ਨਾਮ ਦੇ ਸੱਚੇ ਨਸ਼ੇ ਨਾਲ ਜੁੜ ਕੇ, ਦੁਨਿਆਵੀ ਨਸ਼ਿਆਂ ਤੋਂ ਕੰਡ ਕਰ ਗਏ; ਕਿਉਂਕਿ ਹੁਣ ਉਹਨਾਂ ਦੇ ਸਾਹਮਣੇ ਛੋਟੇ ਛੋਟੇ ਨਸ਼ਿਆਂ ਦੇ ਮੁਕਾਬਲੇ ਵਿਚ ਸਤਿਗੁਰੂ ਭਗਤੀ, ਅਤੇ ਦੇਸ਼ ਆਜ਼ਾਦੀ ਲਈ ਸੰਘਰਸ਼ ਕਰਨ ਦੇ ਵੱਡੇ ਆਦਰਸ਼ ਪ੍ਰਸਤੁਤ ਹੋ ਗਏ ਸਨ। ਇਸ ਤਰ੍ਹਾਂ ਦੇ ਪਰਿਵਰਤਿਤ ਚਰਿੱਤਰ ਨਾਇਕਾਂ ਵਿਚੋਂ ਭਾਈ ਧੌਂਕਲ ਸਿੰਘ ਜੀ ਗਰੇਵਾਲ ਰਾਇਪੁਰ (ਲੁਧਿਆਣਾ) ਬਹੁਤ ਪ੍ਰਸਿੱਧ ਹੋਏ ਸਨ ਜਿਹਨਾਂ ਨੇ ਕੂਕਿਆਂ ਦੇ ਕੱਟੜ ਵਿਰੋਧੀ ਰੁੜਕੇ ਪਿੰਡ ਦੇ ਸਾਹਿਬੇ ਜ਼ੈਲਦਾਰ ਨੂੰ ਉਸ ਦੇ ਅੰਗ ਰੱਖਿਅਕਾਂ ਦੇ ਸਾਹਮਣੇ ਹੀ ਸੌ ਛਿੱਤਰ ਸਿਰ ਵਿਚ ਮਾਰ ਕੇ ਪ੍ਰਣ ਪੂਰਾ ਕੀਤਾ ਸੀ। ਚੱਕਰਵਰਤੀ ਜੀ ਦੇ ਸ਼ਬਦਾਂ ਵਿਚ ਇਸ ਘੋਰ ਅਮਲੀ ਦੇ ਸੰਤ ਸਿਪਾਹੀ ਬਣਨ ਦੀ ਗਾਥਾ ਦਾ ਜ਼ਰਾ ਅਨੰਦ ਮਾਣੀਏ–

"ਰਾਇਪੁਰ ਪ੍ਰਸਿਧ ਸੀ, ਅਮਲੀਆਂ ਦਾ ਗਾਉਂ
ਪੋਸਤ ਭੰਗ ਅਫ਼ੀਮ ਮਦ, ਜਪਣ ਇਨ੍ਹਾਂ ਦਾ ਨਾਉਂ
ਆਇਆ ਗੁਰੂ ਦੀਦਾਰ ਹਿਤ, ਅਮਲੀ ਸੀ ਜੋ ਘੋਰ
ਕੀਤੀ ਉਸ ਆ ਅਰਜ਼ ਹੈ, ਸਤਿਗੁਰੂ ਗਈ ਬਹੋੜ
ਪੋਸਤ ਪੀਵਾਂ ਸੇਰ ਮੈਂ, ਸੁੱਖਾ ਅੱਧਾ ਸੇਰ
ਭਾਈ ਤੋਲਾ ਫ਼ੀਮ ਫ਼ਕ, ਉਠ ਸਕਦਾ ਹਾਂ ਫੇਰ

... ...

ਹੋ ਦਿਆਲ ਸ੍ਰੀ ਗੁਰੂ ਜੀ, ਉਸ ਨੂੰ ਕਿਹਾ ਸੁਣਾ
ਖੂਹ ਦੇ ਉੱਤੇ ਜਾ ਬੈਠ, ਕੋਈ ਸੁਧੇ ਨਾ

Sri Satguru Jagjit Singh Ji eLibrary NamdhariElibrary@gmail.com

ਟੋਈਏ ਤੈਨੂੰ ਅਮਲ ਜੋ, ਰਹੇ ਸਦਾ ਇਕ ਸਾਰ
ਜਿਸਦਾ ਸਦ ਚੜ੍ਹਿਆ ਰਹੇ, ਇਕੋ ਜੇਹਾ ਖੁਮਾਰ।

... ...

ਕਰ ਸਨਾਨ ਸੀ ਆ ਗਿਆ, ਵਸਤਰ ਸ਼ੁੱਧ ਪਹਿਨਾ
ਕੰਨ ਵਿਚ ਮੰਤਰ ਉਸ ਦੇ, ਦਿੱਤਾ ਗੁਰਾਂ ਸੁਣਾ
ਸਾਰੇ ਦਿਤੇ ਅਮਲ ਛੱਡ, ਮੁੜ ਨਾ ਲੀਤੀ ਸਾਰ
ਨਸ਼ਾ ਨਾ ਲੱਭਾ ਫਿਰ ਕਦੀ, ਚੜ੍ਹਿਆ ਜੇਹਾ ਖੁਮਾਰ
ਜਦ ਕੂਕਿਆਂ ਤੋਂ ਡਰੀ ਸੀ, ਗੋਰਿਆਂ ਦੀ ਸਰਕਾਰ
ਫੜ ਕੇ ਪਾਇਆ ਸ਼ੇਰ ਨੂੰ, ਪਿੰਜਰੇ ਦੇ ਵਿਚਕਾਰ
ਪਤਾ ਨਾ ਦਿੱਤਾ ਗੋਰਿਆਂ, ਕਿੱਥੇ ਕਰੇ ਸ਼ਹੀਦ
ਪੋਖਲ ਸਿੰਘ ਸਰਦਾਰ ਦੀ, ਮੁੜ ਨਾ ਮਿਲੀ ਰਸੀਦ।"[22]

ਜਦੋਂ ਨਵੀਂ ਸਿੱਖੀ ਸੁਰਜੀਤ ਕੀਤੀ ਜਾ ਰਹੀ ਸੀ, ਭੋਲੇ ਭਾਲੇ ਸਾਧਾਰਨ ਲੋਕਾਂ ਦੇ ਮਨਾਂ ਵਿਚ ਮੜ੍ਹੀਆਂ, ਕਬਰਾਂ, ਦੇਹੁਰੇ ਅਤੇ ਇਸ ਤਰ੍ਹਾਂ ਦੇ ਹੋਰ ਅਖੌਤੀ ਥਾਨ ਜਿਹਨਾਂ ਦੀ ਪੂਜਾ ਦੇ ਭਰਮ ਜਾਲ ਵਿਚ ਲੁਕਾਈ ਫਸੀ ਸੀ, ਇਸ ਤੋਂ ਮੁਕਤ ਕਰਨ ਲਈ ਕੂਕਿਆ ਨੇ ਅੰਧ ਵਿਸ਼ਵਾਸ ਦੇ ਸਾਰੇ ਹੀ ਚਿੰਨ੍ਹਾਂ ਨੂੰ ਪੰਜਾਬ ਭਰ ਵਿਚੋਂ ਮਿਸਮਾਰ ਕਰਨ ਦਾ ਬੀੜਾ ਚੁੱਕ ਲਿਆ। ਸਾਡਾ ਮਹਾਂਕਵੀ ਲਿਖਦਾ ਹੈ-

"ਉਨੀ ਸੌ ਸਤਾਰਵਾਂ, ਆਇਆ ਚੜ੍ਹ ਕੇ ਸਾਲ
ਸਿੱਖੀ ਵਿਚ ਪੰਜਾਬ ਦੇ, ਫੈਲੀ ਤੇਜੀ ਨਾਲ
ਭੈਣੀ ਸਾਹਿਬ ਵਿਚ ਹੁਣ, ਲੱਗੀ ਰਹਿੰਦੀ ਭੀੜ
ਇਕ ਆਇਆ ਇਕ ਜਾ ਰਿਹਾ, ਚੱਲਦਾ ਪਿਆ ਵਹੀਰ

... ...

ਕੋਈ ਨਾ ਰਹਿਆ ਕੁਫ਼ਰ ਦਾ, ਜੇਹਾ ਗਲੂ ਸਥਾਨ
ਜਿਸ ਨੂੰ ਢਾਹ ਕੇ ਖ਼ਾਲਸੇ, ਕੀਤਾ ਨਹੀਂ ਮੈਦਾਨ
ਰੌਲਾ ਪੈ ਗਿਆ ਦੇਸ਼ ਵਿਚ, ਇਹ ਕੂਕਿਆਂ ਦੀ ਕਾਰ
ਓਹ ਨਹੀਂ ਮੰਨਦੇ ਗੁਰੂ ਬਿਨਾ, ਜਣੀ ਖਣੀ ਨੂੰ ਯਾਰ।"[23]

ਹਰਿਦੁਆਰ ਦੀ ਅਰਧ ਕੁੰਭੀ ਦੇ ਸਮੇਂ ਸਿੰਘਾਂ ਦਾ ਇਕ ਵੱਡਾ ਵਹੀਰ ਲੈ ਕੇ ਸ੍ਰੀ ਸਤਿਗੁਰੂ ਰੀਂਗਾ ਵੱਲ ਕੂਚ ਕਰ ਦਿੱਤਾ। ਸਾਹਿਬ ਪੌਂਕਰੀ, ਜੋ ਭਾਈ ਗੋਪਾਲ ਸਿੰਘ ਦੀ ਧਰਮ ਪਤਨੀ ਸੀ ਉਸਦੇ ਨਾਲ ਬ੍ਰਹਮ ਚਰਚਾ ਦੇ ਦੌਰਾਨ ਸਤਿਗੁਰੂ ਜੀ ਨੇ ਕਈ ਕੌਤਕ ਵਰਤਾਏ। ਇਸੇ ਹੀ ਦੌਰੇ ਸਮੇਂ ਵਰਿਆਹ (ਅੰਮ੍ਰਿਤਸਰ) ਦੇ ਨੈਣਾ ਸਿੰਘ ਦਾ ਪੈਰ ਸਤਿਗੁਰੂ ਜੀ ਨੇ ਕੁਹਾੜਾ ਮਾਰ ਕੇ ਪਾੜ ਦਿੱਤਾ ਸੀ।

ਇਸ ਦੌਰੇ ਸਮੇਂ ਸਤਿਗੁਰੂ ਜੀ ਨੇ ਸੰਗਤਾਂ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਆਪ ਮੰਗ ਕੇ ਲਈ। ਚੱਕਰਵਰਤੀ ਜੀ ਲਿਖਦੇ ਹਨ-

"ਭਾਂਡੇ ਜੂਠੇ ਸੰਗਤਾਂ, ਆਪ ਕਰਨ ਗੁਰ ਸਾਫ਼।
ਆਂਹਦੇ ਸੇਵਾ ਨਾਲ ਨੇ, ਪਾਪ ਹੋ ਜਾਂਦੇ ਮਾਫ਼।" [24]

ਇਸ ਮਾਈ ਸਾਹਿਬੋ ਦੇ ਦਰਸ਼ਨ ਚੱਕਰਵਰਤੀ ਜੀ ਨੇ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਦੌਰੇ ਸਮੇਂ ਕੀਤੇ ਸਨ ਇਸ ਤਰ੍ਹਾਂ ਉਹਨਾਂ ਦੇ ਵਰਣਨ ਦੀ ਇਤਿਹਾਸਕ ਵੱਥ ਟਕਸਾਲੀ ਹੋ ਨਿਬੜਦੀ ਹੈ-

Sri Satguru Jagjit Singh Ji eLibrary NamdhariElibrary@gmail.com

"ਉਨੀ ਸੋ ਚੋਹਠ ਵਿਖੇ, ਮਾਈ ਦੇ ਦੀਦਾਰ
ਕੀਤੇ ਸਤਿਗੁਰ ਨਾਲ ਮੈਂ, ਦੌਰੇ ਦੇ ਵਿਚਕਾਰ
ਇਹ ਜ਼ਬਾਨੀ ਆਪਣੀ, ਮਾਈ ਦਸਿਆ ਹਾਲ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ, ਜੀ ਦੇ ਮੈਂ ਸਾਂ ਨਾਲ
ਬਾਬਾ ਨਗੀਨਾ ਸਿੰਘ ਜੀ, ਮੁਠੱਡੇ ਦੇ ਵਿਚਕਾਰ
ਉਹ ਵੀ ਸਤਿਗੁਰਾਂ ਨਾਲ ਸਨ, ਦੌਰੇ ਹਰੀ ਦੁਆਰ
ਮੈਨੂੰ ਉਨ੍ਹਾਂ ਸੁਣਾਇਆ ਸੀ, ਇਹ ਸਾਰਾ ਹਾਲ
ਕੀਤੇ ਮੈਂ ਦੀਦਾਰ ਸਨ, ਆਪਣੀ ਵਿਚ ਸੰਭਾਲ।"

ਸਤਿਗੁਰੂ ਜੀ ਇਕ ਐਸੇ ਹਲੇਮੀ ਰਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਜਿਥੇ ਹਰ ਬਸ਼ਰ ਨੂੰ ਆਪਣੀ ਪ੍ਰਤਿਭਾ ਨੂੰ ਪ੍ਰਗਟਾਉਣ ਦੇ ਪੂਰੇ ਪੂਰੇ ਮੌਕੇ ਮਿਲ ਸਕਦੇ ਸਨ। ਜਿਥੇ ਇਕ ਮਨੁੱਖ ਦੂਜੇ ਮਨੁੱਖ ਅੱਗੇ ਉਣਾ ਅਤੇ ਹੀਣਾ ਨਹੀਂ ਸੀ। ਜਿਥੇ ਹਰ ਕੋਈ ਇਕ ਦੂਜੇ ਦੇ ਦੁੱਖ ਸੁੱਖ ਦਾ ਭਾਈਵਾਲ ਸੀ। ਜਿੱਥੇ ਮਨੁੱਖਾਂ ਅਤੇ ਸਰਕਾਰਾਂ ਦੇ ਆਪਸੀ ਵਿਚਲੇ ਮਸਲੇ ਗੱਲਬਾਤ ਦੁਆਰਾ ਹੱਲ ਹੋ ਸਕਦੇ ਸਨ। ਵਿਸ਼ਵ ਸ਼ਾਂਤੀ ਲਈ ਸਤਿਗੁਰੂ ਜੀ ਦਾ ਪ੍ਰਸਿੱਧ ਕਥਨ ਹੈ, "ਜਦੋਂ ਤੱਕ ਦੁਨੀਆਂ ਦੇ ਸਾਰੇ ਹਥਿਆਰ ਸਮੁੰਦਰ ਵਿਚ ਨਹੀਂ ਸੁੱਟ ਦਿੱਤੇ ਜਾਂਦੇ ਧਰਤੀ ਤੇ ਅਮਨ ਨਹੀਂ ਹੋ ਸਕਦਾ।" ਸਤਿਗੁਰੂ ਜੀ ਦੇ ਇਸ ਸਮਤਾਵਾਦੀ ਸਮਾਜ ਅਤੇ ਰਾਜ ਦੀ ਕਾਇਮੀ ਲਈ ਇਹ ਘੋਸ਼ਣਾ ਪੱਤਰ ਹੀ ਤਾਂ ਸਾਡਾ ਮਹਾਂਕਵੀ ਪੇਸ਼ ਕਰ ਰਿਹਾ ਹੈ-

"ਮਸਤੀ ਭਰੇ ਭਵਿੱਖ ਦੇ, ਕਰਦੇ ਵਾਕ ਅਜ਼ੀਮ
ਮੁੜੀਆਂ ਅੰਦਰ ਵੱਸਦੇ, ਰਹਿੰਦੇ ਸਦਾ ਬੇਰੀਮ
ਨਾ ਸਰਮਾਇਆ ਰਹੇਗਾ, ਕੱਲੇ ਬੰਦੇ ਕੋਲ
ਕੱਠਾ ਇਕ ਥਾਂ ਕਰ ਦਿਆਂ, ਸਾਰਾ ਪੈਸਾ ਰੋਲ
ਨਾ ਸਰਮਾਇਆ ਕਿਧਰੇ ਰਹੇ, ਨਾ ਸਰਮਾਇਆਦਾਰ
ਰਾਜੇ ਸ਼ਾਹ ਅਮੀਰਜ਼ੇ, ਇਹ ਹੋ ਜਾਣ ਖੁਆਰ
ਮਾਇਆ ਕੱਠੀ ਕਰਕੇ, ਲੰਗਰ ਦੇਵਾਂ ਲਾਇ
ਭੁੱਖਾ, ਨੰਗਾ, ਆਰਥੀਆ, ਖਾਲੀ ਕੋਈ ਨਾ ਜਾਇ
ਸਤਜੁਗ ਲਾਵਾਂ ਕਲੀ ਵਿਚ, ਦੂਰ ਹੋਣ ਅਪ੍ਰਾਧ
ਬੰਦੇ ਹੋ ਜਾਣ ਦੇਵਤੇ, ਕਰਨ ਨਾ ਕੋਈ ਉਪਾਧ
ਏਸ ਤਰ੍ਹਾਂ ਦੇ ਹੋਰ ਵੀ, ਬਚਨ ਕਰਨ ਬਹੁ ਭਾਂਤਿ
ਜਿਸਨੂੰ ਸੁਣਕੇ ਹੋਵਦੀ, ਮਨ ਦੀ ਦੂਰ ਕ੍ਰਾਂਤਿ।"

ਸਤਿਗੁਰੂ ਜੀ ਦੇ ਸਾਰੇ ਦੌਰਿਆਂ ਦਾ ਵਰਣਨ ਬੜਾ ਸਿਲਸਿਲੇਵਾਰ ਹੈ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਸਾਡਾ ਕਵੀ ਇਹਨਾਂ ਸਾਰੀਆਂ ਥਾਵਾਂ ਤੇ ਹਾਜ਼ਰ ਹੋਇਆ ਹੋਵੇ। ਗਿਆਨੀ ਗਿਆਨ ਸਿੰਘ ਜੀ ਦੇ ਮੁਤਾਬਿਕ ਸਤਿਗੁਰੂ ਰਾਮ ਸਿੰਘ ਜੀ ਦਾ ਕਾਰਜ ਖੇਤਰ ਅਟਕ ਤੋਂ ਜਮਨਾ ਦਰਿਆ ਦੇ ਵਿਚਕਾਰਲਾ ਇਲਾਕਾ ਸੀ। ਪੁਸਤਕ 'ਮਾਲਵੇਂਦ੍ਰ' ਵਿਚ ਸਤਿਗੁਰੂ ਜੀ ਦੀ ਚਰਨ ਰਜ ਤੋਂ ਪਵਿੱਤਰ ਹੋਏ ਪਿੰਡਾਂ ਸ਼ਹਿਰਾਂ ਦੇ ਨਾਮ, ਨਗੀਨਿਆਂ ਜਿਉਂ ਜੜੇ ਹਨ। ਸਾਂਦਲ ਬਾਰ ਅਤੇ ਜ਼ਿਲ੍ਹਾ ਲਾਹੌਰ ਤੇ ਮਾਝੇ ਦੇ ਉੱਘੇ ਨਾਮਧਾਰੀ ਪਿੰਡਾਂ ਦੀ ਫਹਿਰਿਸਤ ਦਾ ਪਾਠ ਬੜਾ ਰੋਚਕ ਰਹੇਗਾ-

"ਸ਼ਾਹਜਪੁਰ ਨੌਸ਼ਹਿਰਾ ਆਦਿਕ ਸ਼ਹਿਰ ਗਿਰਾਂ
ਸਿੰਘ ਸਜਾਏ ਨਗਰ ਇਹ, ਕੱਢੇ ਐਨ ਫਨਾਂ

Sri Satguru Jagjit Singh Ji eLibrary NamdhariElibrary@gmail.com

ਗੁਜਰਾਂਵਾਲੇ ਵੱਲ ਪਰਤ, ਦੌਰਾ ਕਰ ਅਪਾਰ
ਵਿਲੋਕੀ ਤੇ ਵਰਨ ਵਿਰਕ, ਸਹਾਰਨ, ਕਿਲਾ, ਮਦਾਰ
ਚੋਰੀ ਕਰਕੇ ਰੱਜ ਇਹ, ਵਿਰਕ ਤਪੇ ਦੇ ਲੋਕ
ਛੱਡਦੇ ਘਰ ਵਿਚ ਕੁਝ ਨਾ, ਮਹੀਆਂ ਗਾਈਂ ਥੋਕ
ਇਹ ਬਣਾਏ ਸੰਤ ਜਨ, ਦੇ ਚੋਰੀ ਦਾ ਮਾਲ
ਜਿਨ੍ਹਾਂ ਦਾ ਚੁਰਾਇਆ, ਦਿਤਾ ਉਹਨਾਂ ਸੰਭਾਲ
ਚੋਰ ਧਾੜਵੀ ਹੋ ਗਏ, ਦੇਵਤਿਆਂ ਦੇ ਵਾਂਗ
ਮਾਲਾ ਹੱਥ ਫੜਾਇਕੇ, ਛੱਟ ਪੁਆਈ ਭਾਂਗ
ਰਾਵੀ ਲੰਘ ਕੇ ਜਾ ਵੜੇ, ਨੱਕੇ ਵਿਚ ਹਜ਼ੂਰ
ਬੇੜੇ ਚਾੜ੍ਹੇ ਨਾਮ ਦੇ, ਸੰਤ ਜਨਾਂ ਦੇ ਪੂਰ
ਬੁਢ ਪੁਰ, ਮਾਂਗਾ, ਰਾਇਵਿੰਡ, ਧਾਲੀ ਰਾਜਾ ਜੰਗ
ਮਧਿਆਣਾ ਤੇ ਭੋਖਿਆਂ, ਸਹਾਰੀ, ਲਾਖੂ, ਰੰਗ
ਪ੍ਰੇਮ ਨਗਰ ਤੇ ਛੱਡਕਰਕੇ, ਟਿੱਬਾ ਜੋਆ-ਬੰਗ
ਕੰਗਣਪੁਰ ਜਾ ਤਾਰਿਆ ਨੱਕਾ ਤੱਧਾ ਸੰਗ
ਮਾਝੇ ਵਿਚ ਮੁੜ ਆ ਗਏ, ਚੱਬਾ ਚੋਹਲਾ ਹੋਰ
ਮੱਖੀ, ਕਲਸੀਆਂ, ਵਲਟੋਹਾ, ਸਿਖੀ ਕਰੀ ਚਕੋਰ
ਫੜਹਿ ਸਿੰਘ ਵਲਟੋਹੀਆ, ਤਾਕਤ ਵਿਚ ਮਹਾਨ
ਲੋਹਾ ਇਹਨਾਂ ਦਾ ਮੰਨਦਾ, ਕਿੱਕਰ ਸਿੰਘ ਬਲਵਾਨ
ਸਰਨ ਲਈ ਸੀ ਇਹਨਾਂ ਵੀ, ਛੱਡ ਕੇ ਦਾਰੂ ਮਾਸ
ਸਿੰਘ ਸਜੇ ਸਤਿਗੁਰੂ ਦੇ, ਲਾਹ ਬਿਗਾਨੀ ਆਸ।"

ਬਾਬਾ ਕਾਨ੍ਹ ਸਿੰਘ ਜੀ ਨਿਹੰਗ ਪਿੰਡ ਚੌਂਕ ਰਿਆਸਤ ਮਲੇਰਕੋਟਲਾ ਸਤਿਗੁਰੂ ਜੀ ਦੇ ਸੈਨਾ ਦੇ ਸਾਥੀ ਵੀ ਸਨ ਅਤੇ ਪ੍ਰਮੁੱਖ ਸੂਬੇ ਵੀ ਸਨ। ਉਹਨਾਂ ਨੇ ਪਟਿਆਲੇ ਸਿਕਲੀਗਰਾਂ ਦੇ ਮਹੱਲੇ ਦੀਵਾਨ ਸਜਾ ਕੇ ਬਹੁਤ ਸਾਰੇ ਲੋਕਾਂ ਨੂੰ ਸਤਿਗੁਰੂ ਦੇ ਲੜ ਲਾਇਆ। ਕੂਕਿਆ ਦੀ ਧੜਾਧੜ ਵਧ ਰਹੀ ਗਿਣਤੀ ਵੇਖ ਕੇ ਮਹਾਰਾਜਾ ਪਟਿਆਲਾ ਚਿੰਤਾਤੁਰ ਹੋਇਆ। ਉਸ ਨੇ ਆਪਣੇ ਕੁਝ ਮੁਸਾਹਿਬਾਂ ਨੂੰ ਪਤਾ ਕਰਨ ਵਾਸਤੇ ਭੇਜਿਆ ਕਿ ਕੂਕਿਆ ਦਾ ਢੰਗ ਕੀ ਹੈ ? ਇਹ ਕੀ ਕਲਾਮ ਕੂਕਦੇ ਹਨ। ਪਤਾ ਲੈਣ ਗਏ ਸਰਕਾਰੀ ਅਫ਼ਸਰ ਕੂਕੇ ਬਣ ਕੇ ਉਹਨਾਂ ਜੋਗੇ ਹੀ ਹੋ ਗਏ। ਮਲੇਰ ਕੋਟਲਾ ਸ਼ਹੀਦੀ ਸਾਕੇ ਦੇ ਜਥੇਦਾਰ ਭਾਈ ਹੀਰਾ ਸਿੰਘ ਸਕਰੌਦੀ ਵਾਲੇ ਵੀ ਸਰਕਾਰੀ ਅਹਿਲਕਾਰ ਸਨ। ਮਹਾਰਾਜੇ ਦੇ ਕਹਿਣ ਤੇ ਉਹ ਵੀ ਬਾਬਾ ਜੀ ਦੇ ਦੀਵਾਨ ਵਿਚ ਪੁੱਜ ਗਏ ਤਾਂ ਜੁ ਮੈਂ ਸੂਹ ਲੈ ਕੇ ਆਵਾਂ–

"ਹੀਰਾ ਸਿੰਘ ਜੀ ਜਾ ਵੜੇ, ਸਿਕਲੀਗਰਾਂ ਦੇ ਵਾਸ
ਜਿਥੇ ਬਾਬਾ ਕਾਨ੍ਹ ਸਿੰਘ, ਕਰਦੇ ਸੀ ਨਿਵਾਸ
ਵਰਖਾ ਵਰ੍ਹਦੀ ਸ਼ਬਦ ਦੀ, ਕੀਰਤਨ ਦੀ ਘਨਘੋਰ,
ਆਸ਼ਕ ਸਾਦਕ ਸ਼ਬਦ ਦੇ, ਪੈਲ ਪਾਣ ਜਿਉਂ ਮੋਰ
ਬੈਠੇ ਜਾ ਦੀਵਾਨ ਵਿਚ, ਹੀਰਾ ਸਿੰਘ ਸਰਦਾਰ
ਪੈ ਰਹੀ ਗੁਰ ਸ਼ਬਦ ਦੀ, ਮੱਠੀ ਜਹੀ ਫੁਹਾਰ
ਹੀਰਾ ਸਿੰਘ ਜਾ ਪੁੱਜਿਆ, ਸ੍ਰੀ ਬਾਬਾ ਜੀ ਕੋਲ

Sri Satguru Jagjit Singh Ji eLibrary NamdhariElibrary@gmail.com

ਮੈਂ ਵੀ ਲੈਣਾ ਨਾਮ ਹੈ ? ਕਹਿਆ ਮੂੰਹੋਂ ਬੋਲ
ਅੱਗੋ ਸ੍ਰੀ ਬਾਬੇ ਕਿਹਾ, "ਸੁਣ ਸਰਦਾਰਾ ! ਬਾਤ
ਚੰਗੀ ਤਰ੍ਹਾਂ ਵਿਚਾਰ ਕੇ, ਦਿਲ ਵਿਚ ਪਾ ਲੈ ਝਾਤ
ਸਿਲਾ ਅਲੂਣੀ ਇਹ ਹੈ, ਸਿੱਖੀ ਖੰਡੇ ਧਾਰ
ਸਿਰ ਟਿਕਾਵੇ ਤਲੀ 'ਤੇ, ਗਲੀ ਏਸ ਵਿਚਕਾਰ
ਸਤਿਗੁਰ ਸਾਹਿਬ ਛੱਡ ਕੇ, ਬੰਦੇ ਦੇ ਦਰਬਾਰ
ਭੁੱਲ ਨਿਵਾਉਣਾ ਸੀਸ ਨਾ, ਏਸ ਵਿਚ ਦਰਕਾਰ
ਦਿਲ ਵਿਚ ਇੱਛਾ ਰੱਖਣੀ, ਲੈਣਾ ਆਪਣਾ ਰਾਜ
ਹੋਇ ਹਕੂਮਤ ਆਪਣੀ, ਆਪਣਾ ਹੋਇ ਸਮਾਜ।"

ਤੇ ਹੋਇਆ ਉਹ ਹੀ ਜੋ ਪ੍ਰੇਮ ਦੀ ਗਲੀ ਵਿਚ ਵੜਨ ਵਾਲਿਆਂ ਨਾਲ ਸਦਾ ਹੁੰਦਾ ਆਇਆ। ਹੀਰਾ ਸਿੰਘ ਰਾਜ ਦਰਬਾਰ ਨੂੰ ਛੱਡ ਕੇ ਦੇਸ਼ ਆਜ਼ਾਦੀ ਲਈ ਜੂਝਣ ਵਾਲੇ ਸੰਤ ਸਿਪਾਹੀਆਂ ਵਿਚ ਸ਼ਾਮਲ ਹੋ ਗਿਆ ਤੇ ਸਭ ਤੋਂ ਪਹਿਲਾਂ ਤੋਪ ਦਾ ਗੋਲਾ ਚੱਖ ਕੇ ਮਲੇਰ ਕੋਟਲੇ ਵਿਖੇ ਬੁਲੰਦ ਮਰਤਬਾ ਹਾਸਲ ਕਰਕੇ ਇਤਿਹਾਸ ਦਾ ਅਮਰ ਪਾਤਰ ਬਣ ਗਿਆ। ਇਸ ਤਰ੍ਹਾਂ ਦੇ ਪਾਤਰਾਂ ਦੀ, ਜੀਵਨ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਦੇ ਵਰਣਨ ਦੁਆਰਾ, ਉਸਾਰੀ ਕਰਨ ਦੀ ਕਲਾ ਦਾ ਚੱਕਰਵਰਤੀ ਜੀ ਇਸ ਮਹਾਂ ਕਾਵਿ ਵਿਚ ਸਫ਼ਲਤਾ ਨਾਲ ਪ੍ਰਯੋਗ ਕਰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨ ਦ੍ਰਿਸ਼ਟੀ, ਜੋ ਬਸਤੀਵਾਦ ਦੇ ਨਾਲ ਨਾਲ, ਪੁਰਾਣੀਆਂ ਥੋਥੀਆਂ ਕਦਰਾਂ ਕੀਮਤਾਂ ਤੇ ਆਧਾਰਿਤ ਜਗੀਰਦਾਰੀ ਪ੍ਰਬੰਧ ਦੇ ਵੀ ਖ਼ਿਲਾਫ਼ ਹੈ, ਉਸ ਦੇ ਲਿਸ਼ਕਾਰੇ ਵੀ ਕਈ ਥਾਵਾਂ 'ਤੇ ਮਿਲਦੇ ਹਨ। ਵਿਸ਼ੇਸ਼ ਰਾਜਨੀਤਕ ਮੁਹਿੰਮ ਰਹਿਤ ਕਾਬੁਲ, ਕਸ਼ਮੀਰ, ਰੂਸ, ਨੇਪਾਲ ਆਦਿ ਨਾਲ ਸਤਿਗੁਰੂ ਜੀ ਦੇ ਸਫ਼ਾਰਤੀ ਸੰਬੰਧ ਕਾਇਮ ਹੋਏ ਸਨ। ਨੇਪਾਲ ਜਾਣ ਵਾਲੇ ਦੋਵੇਂ ਸੂਬੇ ਸਤਿਗੁਰੂ ਜੀ ਦੇ ਹੁਕਮ ਦੇ ਉਲਟ ਸ਼ਾਹੀ ਤੁਹਫ਼ੇ ਲੈ ਆਏ ਜਿਸ ਤੇ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਇਸ ਸਾਮਾਨ ਦੇ ਨਾਲ ਸਾਡਾ ਸਾਮਾਨ ਵੀ ਫ਼ਰੰਗੀ ਨੇ ਲੁੱਟ ਲੈਣਾ ਹੈ, ਜੋ ਜਨਵਰੀ 1872 ਈ. ਵਿਚ ਲੁੱਟ ਲਿਆ ਗਿਆ ਡੇਰੇ ਸ੍ਰੀ ਭੈਣੀ ਸਾਹਿਬ ਦੀ ਤਲਾਸ਼ੀ ਸਮੇਂ। ਇਸ ਘਟਨਾ ਦਾ ਪੂਰਵ ਸੰਕੇਤ ਦੇ ਕੇ ਚੱਕਰਵਰਤੀ ਜੀ ਮਹਾਂਕਾਵਿ ਦੀਆਂ ਕਾਵਿਕ ਜੁਗਤਾਂ ਦੀ ਅਮੀਰੀ ਪ੍ਰਗਟ ਕਰ ਰਹੇ ਹਨ-

"ਸਾਡੇ ਕੋਲ ਨਾ ਟਿਕੇਗਾ, ਇਹ ਸਾਮੰਤੀ ਮਾਲ
ਸਗਵਾਂ ਹੋਰ ਲੈ ਜਾਇਗਾ, ਸਾਡਾ ਵੀ ਇਹ ਨਾਲ।"

ਅੰਗਰੇਜ਼ ਹਕੂਮਤ ਨੂੰ ਕਰਾਰੀ ਸੱਟ ਮਾਰਨ ਲਈ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ, ਜੋ ਅਸਹਿਯੋਗ ਅੰਦੋਲਨ, ਵਿਦੇਸ਼ੀ ਵਸਤੂਆਂ ਅਤੇ ਸੰਸਥਾਵਾਂ ਦਾ ਬਾਈਕਾਟ, ਸੁਦੇਸ਼ੀ ਦਾ ਪ੍ਰਚਾਰ ਚਲਾਇਆ ਗਿਆ, ਉਸੇ ਦੀਆਂ ਪੈੜਾਂ 'ਤੇ ਚੱਲ ਕੇ ਹੀ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਦੇ ਖ਼ਿਲਾਫ਼ ਵਿਆਪਕ ਅੰਦੋਲਨ ਲਾਮਬੰਦ ਕੀਤਾ ਸੀ। ਸਰਕਾਰੀ ਡਾਕ ਦੇ ਮੁਕਾਬਲੇ ਨਾਮਧਾਰੀਆਂ ਦੀ ਪ੍ਰਬੰਧਕ ਡਾਕ ਵਧੇਰੇ ਸੁਰੱਖਿਅਤ ਅਤੇ ਤੇਜ਼ ਰਫ਼ਤਾਰ ਸੀ। ਕੂਕਾ ਪੋਸਟਲ ਸਿਸਟਮ ਦਾ ਇੰਚਾਰਜ ਭਾਵੇਂ ਸੂਬਾ ਸਾਹਿਬ ਸਿੰਘ ਸੀ ਪਰ ਹੋਰ ਵੀ ਬਹੁਤ ਸਾਰੇ ਸਿੱਖਾਂ ਦਾ ਇਸ ਵਿਚ ਯੋਗਦਾਨ ਸੀ। ਸਾਡਾ ਕਵੀ ਇਤਿਹਾਸ ਦੇ ਬਹੁਤ ਸਾਰੇ ਅਣਗੌਲਿਆਂ ਪਾਤਰਾਂ ਨੂੰ ਮਹਾਂਕਾਵਿ ਵਿਚ ਸਥਾਨ ਦੇ ਕੇ ਅਮਰਤਾ ਪ੍ਰਦਾਨ ਕਰਨ ਦਾ ਕਾਰਜ ਕਰ ਰਿਹਾ ਹੈ-

ਬਾਬਾ ਲਹਿਣਾ ਸਿੰਘ ਜੀ, ਘਣੀਏ ਕੀ ਸੀ ਪਿੰਡ
ਜਿਨ੍ਹਾਂ ਢੋਈ ਡਾਕ ਸੀ, ਕਰਕੇ ਭਾਰੀ ਹਿੰਡ
ਸਿਆਲਕੋਟ ਦੇ ਜ਼ਿਲ੍ਹੇ ਦੀ, ਦੇਨੀ ਡਾਕ ਸੰਭਾਲ
ਦੱਸਿਆ ਸੀ ਮੈਨੂੰ ਉਨ੍ਹਾਂ, ਉਸਦਾ ਕੁੱਲ ਹਵਾਲ

Sri Satguru Jagjit Singh Ji eLibrary NamdhariElibrary@gmail.com

ਮੰਨਦਾ ਸਾਹਿਬ ਸਿੰਘ ਦਾ, ਲੋਹਾ ਸੀ ਅੰਗਰੇਜ਼
ਪਹਿਲਾਂ ਸਾਰੀ ਖ਼ਬਰ ਉਹ, ਦਏ ਦਿਨ੍ਹਾਂ ਤੋਂ ਭੇਜ।"[31]

ਅਨੰਦਪੁਰ ਸਾਹਿਬ ਦੇ ਹੋਲੇ ਮੁਹੱਲੇ ਦੇ ਵਰਣਨ ਲਈ ਸਾਡੇ ਕਵੀ ਨੇ ਆਮ ਵਰਤਿਆ ਗਿਆ ਛੰਦ ਦਵੱਈਆ ਛੱਡ ਕੇ ਕੋਰੜਾ ਵੀ ਵਰਤਿਆ ਹੈ ਅਤੇ ਸਿਰਖੰਡੀ ਵੀ। ਸੰਗਤ ਦੀ ਏਨੀ ਹਾਜ਼ਰੀ ਤੋਂ ਤਖ਼ਤ ਸਾਹਿਬ ਦੇ ਪੁਜਾਰੀ ਅਤੇ ਸਰਕਾਰ ਵੀ ਘਬਰਾਉਂਦੇ ਹਨ ਜਦੋਂ ਕਿ ਸਤਿਗੁਰੂ ਜੀ ਉਹਨਾਂ ਦੀ ਪੁੱਛ ਤੇ ਜੁਆਬ ਦਿੰਦੇ ਹਨ ਕਿ ਅਸੀਂ ਸਾਰੇ ਤਾਂ ਅਜੇ ਵੀ ਨਹੀਂ ਆਏ। ਟੱਬਰ ਵਿਚੋਂ ਇਕ ਅੱਧਾ ਜੀਅ ਹੀ ਆਇਆ ਹੈ। ਘਟਨਾਵਾਂ ਦੇ ਵਰਣਨ ਦੀ ਬਾਰੀਕੀ ਵਿਚ ਚੱਕਰਵਰਤੀ ਜੀ ਲਾਜੁਆਬ ਹਨ ਕਿਉਂਕਿ ਇਹ ਬਚਨ, ਪ੍ਰਸੰਗ, ਸਾਖੀਆਂ ਜਿਹਨਾਂ ਨਾਲ ਹੋਈਆਂ ਬੀਤੀਆਂ ਹਨ ਆਪ ਉਹਨਾਂ ਤੋਂ ਸੁਣ ਕੇ ਹੀ ਕਾਨੀ ਬੰਧ ਕਰ ਰਹੇ ਹਨ-

"ਚੜ੍ਹਿਆ ਏ ਦਲ ਵੀਹ ਪੰਝੀ ਹਜ਼ਾਰ ਦਾ
ਕੰਬ ਰਿਹਾ ਦਿਲ, ਗੋਰੀ ਸਰਕਾਰ ਦਾ

ਉਪਮਾ ਅਲੰਕਾਰ ਵੀ ਸੋਹਣੇ ਵਰਤੇ ਗਏ ਹਨ-

"ਸਾਗਰ ਦੇ ਵਾਂਗ ਪੰਥ, ਠਾਠਾਂ ਮਾਰਦਾ
ਤਰ ਰਿਹਾ ਆਪ ਸੀ ਹੋਰਾਂ ਨੂੰ ਤਾਰਦਾ।"[32]

ਕੁਝ ਅਟੱਲ ਸਚਾਈਆਂ ਵੀ ਇਸ ਮਹਾਂਕਾਵਿ ਵਿਚ ਨਗੀਨਿਆਂ ਵਾਂਗ ਜੜੀਆਂ ਗਈਆਂ ਹਨ-

"ਧਰਮੀ ਦਾ ਦਿਲ ਸਦਾ, ਹੁੰਦਾ ਸਾਫ਼ ਹੈ
ਕਰ ਦੇਂਦਾ ਵੈਰੀ ਨੂੰ ਵੀ, ਉਹ ਮਾਫ਼ ਹੈ।"[33]

ਪ੍ਰਸਿੱਧ ਸਿੱਖ ਇਤਿਹਾਸਕਾਰ, ਗਿਆਨੀ ਗਿਆਨ ਸਿੰਘ ਜੀ ਪਾਸ, ਉਹਨਾਂ ਦੇ ਅੰਤਿਮ ਸਮੇਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਦਰਬਾਰ ਦੇ ਤਤਕਾਲੀਨ ਮਹਾਂ ਮੰਤਰੀ ਚੱਕਰਵਰਤੀ ਜੀ ਨੇ ਖ਼ੁਦ ਹਾਜ਼ਰ ਹੋ ਕੇ ਉਹਨਾ ਦੇ ਪੰਥ ਅਤੇ ਸਾਹਿਤ ਵਿਚ ਪਾਏ ਯੋਗਦਾਨ ਲਈ ਆਭਾਰ ਵਿਅਕਤ ਕੀਤਾ ਸੀ। ਅੰਮ੍ਰਿਤਸਰ ਦੀ ਦੀਵਾਲੀ ਦੇ ਸਮੇਂ ਜਦੋਂ ਪੁਜਾਰੀਆਂ ਨਾਲ ਸਤਿਗੁਰੂ ਜੀ ਦਾ ਅਰਦਾਸ ਕਰਨ ਦੇ ਸੁਆਲ ਤੇ ਤਕਰਾਰ ਹੋਇਆ ਗਿਆਨੀ ਜੀ ਹਾਜ਼ਰ ਸਨ ਤੇ ਉਹਨਾ ਲਿਖਿਆ ਕਿ (ਸ਼ਬਦ ਦੀ ਮਸਤੀ ਵਿਚ) ਦਸਤਾਰ ਉਤਾਰਨ ਤੋਂ ਬਿਨਾਂ ਕੂਕਿਆਂ ਦੀ ਬਾਕੀ ਰੀਤ ਐਸੀ ਹੀ ਹੈ ਜੈਸੀ ਸਿੱਖ ਪੰਥ ਵਿਚ ਚਾਹੀਦੀ ਹੈ। ਇਹੋ ਜਿਹੀਆਂ ਸਮਕਾਲੀ ਤੇ ਅੱਖੀਂ ਵੇਖੀਆਂ ਘਟਨਾਵਾਂ ਦੀ ਗਵਾਹੀ ਹੀ ਇਤਿਹਾਸ ਦੇ ਮਹੌਲ ਦੇ ਸਤੰਭ ਬਣਦੀਆਂ ਹਨ-

"ਗਿਆਨੀ ਸ੍ਰੀ ਗਿਆਨ ਸਿੰਘ ਸਿੱਖ ਇਤਿਹਾਸਕਾਰ
ਓਹ ਵੀ ਓਥੇ ਨਾਲ ਸਨ, ਏਸ ਸਮੇਂ ਵਿਚਕਾਰ
ਬੇੜੀ ਚੜ੍ਹਦੇ ਸਤਿਗੁਰੂ ਜੀ, ਰਲੇ ਫਲੇਰੋਂ ਨਾਲ
ਕਥਾ ਨਾਨਕ ਪ੍ਰਕਾਸ਼ ਕਰ, ਸੰਗਤ ਕਰਨ ਨਿਹਾਲ
ਇਵ ਬਿਤਾਵੇ ਦਿਨ ਉਹਨਾਂ, ਇਕੋ ਵਿਚ ਹਜ਼ੂਰ
ਵੀਹ ਪੰਝੀ ਹਜ਼ਾਰ ਦੇ ਸੰਗਤ ਨਾਲ ਜ਼ਰੂਰ
ਜਦੋਂ ਗਿਆਨੀ ਗਿਆਨ ਸਿੰਘ, ਅੰਤ ਸਮੇਂ ਦੇ ਵਿਚ
ਨਾਤੇ ਪਏ ਬੀਮਾਰ ਸਨ, ਕਰੇ ਬੁਢਾਪੇ ਖਿਚ
ਕੀਤੇ ਦਰਸ ਮੈਂ ਉਨ੍ਹਾਂ ਦੇ ਸ਼ਰਧਾ ਭਗਤੀ ਨਾਲ
ਉਨ੍ਹਾਂ ਇਹ ਸੁਣਾਇਆ, ਅੱਖੀਂ ਡਿੱਠਾ ਹਾਲ।"[34]

ਮਸਤਾਨੇ ਸਿੱਖੀ ਸਿਦਕ ਦੀ ਅਦੁੱਤੀ ਮਿਸਾਲ ਹਨ। ਚਾਂਸੀਆਂ ਤੇ ਲਟਕਣ ਵਾਲੇ, ਤੋਪਾਂ ਅੱਗੇ ਹੁੰਬਾ ਹੁੰਬਾ

Sri Satguru Jagjit Singh Ji eLibrary NamdhariElibrary@gmail.com

ਹੋ ਕੇ ਉੱਡ ਜਾਣ ਵਾਲੇ। ਸੂਬੇ, ਸ੍ਰੀ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਾਲੇ ਕੜੀ ਹਨ। ਪਰ ਮਸਤਾਨਿਆਂ ਦੇ ਅਗੰਮੀ ਬੋਲ ਸੂਬਿਆਂ ਦੇ ਪੂਰਾ ਮੰਡਲ ਨੂੰ ਵੀ ਵਿੰਨ੍ਹ ਜਾਂਦੇ ਹਨ-

"ਇਹ ਸੂਬਿਆਂ ਨੂੰ ਆਖਦੇ, ਬਣ ਨਾ ਜਾਇਓ ਮਸੰਦ
ਟੱਕਰਿਓ ਨਾ ਪੰਥ ਨੂੰ, ਬਣਕੇ ਪੂਰੇ ਸੰਦ
ਨਾਮ ਜਪੋ ਬਾਣੀ ਪੜ੍ਹੋ, ਖਾਓ ਨਾ ਚੋਖਾ ਮਾਲ
ਪੂਜਾ ਕਰਦੀ ਭਜਨ ਬਿਨ, ਸਭ ਦਾ ਮੰਦਾ ਹਾਲ।"[33]

ਮਸਤਾਨਿਆਂ ਨੂੰ ਨੰਗਲ (ਮਾਲਸਾ) ਦੀ ਢਾਬ ਤੇ ਸਤਿਗੁਰੂ ਜੀ ਨੇ ਸੂਬਿਆਂ ਦੀ ਸ਼ਿਕਾਇਤ ਤੇ ਡਾਂਗਾਂ ਨਾਲ ਕੁੱਟਿਆ। ਬਾਅਦ ਵਿਚ ਉਨ੍ਹਾਂ ਦਾ ਲੰਗਰ ਵੀ ਬੰਦ ਕਰ ਦਿੱਤਾ। ਤਿੰਨ ਦਿਨ ਨਾ ਮਸਤਾਨਿਆਂ ਕੁਝ ਛਕਿਆ ਤੇ ਨਾ ਹੀ ਸ੍ਰੀ ਸਤਿਗੁਰੂ ਜੀ ਨੇ। ਅਖੀਰ ਕਸਾਈਵਾੜੇ ਦੇ ਇਕ ਸਰਦਾਰ ਗੁਰਦਿੱਤ ਸਿੰਘ ਨੇ ਮਸਤਾਨਿਆਂ ਨੂੰ ਪ੍ਰਸ਼ਾਦ ਛਕਾਉਣ ਦੀ ਅਰਜ਼ ਮੰਨਵਾ ਲਈ। ਵਿਧਾਤਾ ਸਿੰਘ 'ਤੀਰ' ਆਪਣੀ ਪ੍ਰਸਿੱਧ ਕਵਿਤਾ "ਸਿੱਖੀ ਸਿਦਕ" ਵਿਚ ਲਿਖਦੇ ਹਨ-

'ਤੀਰ' ਇਹ ਹੈ ਪਿਆਰ ਦੀ ਉੱਚ ਝਾਕੀ
ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।
ਸਿੱਖ ਅੰਨ ਦੇ ਬਿਨਾਂ ਜੇ ਰਹੇ ਭੁੱਖਾ
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।

ਮਸਤਾਨਿਆਂ ਨੂੰ ਸਤਿਗੁਰੂ ਜੀ ਆਪਣੀ ਦੇਹ ਪ੍ਰਾਣ ਕਹਿ ਕੇ ਨਿਵਾਜਦੇ ਹਨ। ਪਿਉ ਪੁੱਤਰਾਂ ਵਿਚ ਉਪਰੋਕਤ ਵਰਗੇ ਕੌਤਕ ਵਾਪਰਦੇ ਰਹਿੰਦੇ ਹਨ। ਚੱਕਰਵਰਤੀ ਜੀ ਦਾ ਵਰਣਨ ਬੜਾ ਜਜ਼ਬੇ ਗੁੰਧਾ ਹੈ ਜਿਸ ਨਾਲ ਕਵਿਤਾ ਦਾ ਰੁਤਬਾ ਵੀ ਵਧਦਾ ਹੈ-

"ਦੱਸੋ ਕੀਹ ਹੈ ਹੁਕਮ, ਸੱਚੇ ਪਾਤਸ਼ਾਹ?
ਕਿਸ ਗੁਨਾਹ ਕੁੱਟਿਆ ਸੀ, ਮੈਂ ਤੁਸਾਂ ਨੂੰ
ਦੱਸੋ ਹੀਰਾ ਸਿੰਘ ਜੀ, ਕੁਝ ਪਤਾ ਜੇ?
ਕੀ ਦੱਸਾਂ ਮੈਂ ਬਾਪੂ, ਮੈਨੂੰ ਕੀ ਪਤਾ?
ਇਕ ਗੁਨਾਹ ਜੇ ਹੋਵੇ, ਦੱਸਾਂ ਓਸ ਮੈਂ।
ਵੱਗ ਗੁਨਾਹਾਂ ਦੇ ਹਨ, ਸਾਡੇ ਫਿਰ ਰਹੇ
ਕਿਹੜੇ ਹੈਨ ਪਸੰਦ, ਆਏ ਤੁਸਾਂ ਨੂੰ।"[34]

ਅੰਮ੍ਰਿਤਸਰ ਬੁੱਚੜ ਬੰਧ ਵਾਲੇ ਸਾਕੇ ਵਿਚ 15 ਸਤੰਬਰ 1871 ਨੂੰ ਚਾਰ ਨਾਮਧਾਰੀ ਸਿੰਘ ਫਾਂਸੀਆਂ 'ਤੇ ਟੰਗ ਕੇ ਸ਼ਹੀਦ ਕਰ ਦਿੱਤੇ ਗਏ। ਇਹਨਾਂ ਵਿਚੋਂ ਹਾਕਮ ਸਿੰਘ ਦਾ ਪਿੰਡ ਮੋੜੇ (ਅੰਮ੍ਰਿਤਸਰ) ਸੀ ਅਤੇ ਉਹਦਾ ਅਜੇ ਸੱਜਰਾ ਹੀ ਵਿਆਹ ਹੋਇਆ ਸੀ।

ਹਾਕਮ ਸਿੰਘ ਦੀ ਮਾਈ ਸ਼ਹੀਦਾਂ ਦੇ ਸਸਕਾਰ ਦੀ ਕਿਵੇਂ ਤਿਆਰੀ ਕਰਦੀ ਹੈ ਅਤੇ ਉਸਦੀ ਚੜ੍ਹਦੀ ਕਲਾ ਦਾ ਨਜ਼ਾਰਾ ਚੱਕਰਵਰਤੀ ਦੀ ਕਲਮ ਬਖੂਬੀ ਵਰਣਨ ਕਰਦੀ ਹੈ-

"ਮਾਈ ਹਾਕਮ ਸਿੰਘ ਦੀ, ਸੁਣਕੇ ਸਾਰਾ ਹਾਲ
ਗੱਡਾ ਭਰਕੇ ਲੱਕੜਾਂ, ਮੋਢਿਆਂ ਤੋਂ ਲਿਆ ਨਾਲ
ਕੀਰਤਨ ਕਰਦੀ ਤੁਰ ਪਈ, ਅੰਮ੍ਰਿਤਸਰ ਦੇ ਵੱਲ
ਲੋਕੀਂ ਪੁੱਛਦੇ ਦੱਸਦੀ ਨਾਲ ਠਰ੍ਹੰਮੇ ਗੱਲ

Sri Satguru Jagjit Singh Ji eLibrary NamdhariElibrary@gmail.com

ਤੈਨੂੰ ਕੀਕਰ ਸੁਝਦਾ, ਗਾਣਾ ਮਾਈ ਦੱਸ
ਪੁੱਤਰ ਮੇਰਾ ਮਰ ਗਿਆ, ਪੈ ਅੰਗਰੇਜ਼ਾਂ ਵੱਸ
ਮੈਂ ਸਪੁੱਤੀ ਹੋ ਗਈ, ਮੇਰਾ ਹਾਕਮ ਸ਼ੇਰ
ਤੁਰ ਗਿਆ ਖ਼ਾਤਰ ਧਰਮ ਦੀ, ਜਲਦੀ ਆਵੇ ਫੇਰ
ਚੀਨੀ ਵਾਲੇ ਦੇ ਲਾਲ ਨੂੰ, ਮਾਰ ਨਾ ਸੱਕੇ ਕਾਲ
ਰਾਖਾ ਦਸਵਾਂ ਪਾਤਸ਼ਾਹ, ਤੇ ਵਾਲੀ ਪੁਰਖ ਅਕਾਲ।"

ਇਸੇ ਸਮੇਂ ਹੀ ਰਾਇਕੋਟ ਬੁੱਚੜਬੰਧ ਦੇ ਕਾਂਡ ਵਿਚ ਆਏ ਪਿੰਡ ਪਿੰਡ ਦੇ ਤਿੰਨ ਸਿੰਘਾਂ ਗੁਰਮੁਖ ਸਿੰਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇਹ ਪ੍ਰਸੰਗ ਸਾਕਾ ਮਹਾਂਕਵੀ ਜ਼ਿਆਦਾਤਰ ਕਬਿੱਤ ਛੰਦ ਵਿਚ ਨਿਭਾਉਂਦਾ ਹੈ। ਕਬਿੱਤ ਦੇ ਅਨੁਪ੍ਰਾਸ, ਜਮਕ ਅਤੇ ਰਵਾਨੀ ਖਿੱਚ ਪਾਉਂਦੇ ਹਨ। ਮਹਾਂਕਵੀ ਵਿਚ ਵਧੀਆ ਕਿੱਸਾਕਾਰਾਂ ਵਾਲੇ ਕਵਿਤਾ ਦੇ ਸਾਰੇ ਗੁਣ ਵਿਦਮਾਨ ਹਨ। ਕਿੱਸਾ ਕਾਵਿ ਨੂੰ ਸਾਹਿਤਕ ਕਵਿਤਾ ਦੀ ਚੌਸ ਦੇ ਕੇ ਉੱਤਮ ਕਾਵਿ ਦੀ ਰਚਨਾ ਕੀਤੀ ਗਈ। ਸੰਖੇਪਤਾ ਵੀ ਇਸ ਮਹਾਂਕਾਵਿ ਦਾ ਮੀਰੀ ਗੁਣ ਹੈ। ਬੇਲੋੜੇ ਵਿਸਥਾਰ ਅਤੇ ਦੁਹਰਾਉ ਤੋਂ ਬਚਿਆ ਗਿਆ ਹੈ। ਜਦੋਂ ਗ਼ੁਲਾਬ ਸਿੰਘ ਵਾਅਦਾ ਮੁਆਫ਼ ਹੋ ਗਿਆ ਅਤੇ ਰਾਇਕੋਟ ਬੁੱਚੜ ਕਾਂਡ ਵਿਚ ਭਾਗ ਲੈਣ ਵਾਲੇ ਸਿੰਘਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਭੇਜੇ ਗਏ, ਦੱਸਣ ਲੱਗਾ ਤਾਂ ਹਜ਼ੂਰ ਨੂੰ ਬੱਸੀਆਂ ਦੀ ਕੋਠੀ ਵਿਚ ਹਾਕਮਾਂ ਨੇ ਸੱਦ ਲਿਆ। ਸਤਿਗੁਰੂ ਜੀ ਨੇ ਜੁਆਬ ਦਿੱਤਾ ਕਿ ਜੇ ਮੈਂ ਹੀ ਇਹ ਕੰਮ ਕਰਵਾਉਣਾ ਸੀ ਤਾਂ ਫਿਰ ਸਾਰੇ ਪੰਜਾਬ ਦੇ ਚੋਣਵੇਂ ਸੂਰਮੇ ਮੇਰੀ ਸੰਗਤ ਵਿਚ ਹਨ, ਜਿਹੜੇ ਇਕੋ ਰਾਤ ਵਿਚ ਤੁਹਾਡਾ ਬੀ ਨਾਸ ਕਰ ਸਕਦੇ ਹਨ। ਉਹਨਾਂ ਦੇ ਹੁੰਦਿਆਂ ਮੈਂ ਗੁਲਾਬੇ ਵਰਗਿਆਂ ਚਵਲਾਂ ਨੂੰ ਹੀ ਇਹ ਕਾਰਾ ਕਰਨ ਲਈ ਕਹਿਣਾ ਸੀ-

"ਸਿਸ਼ਨ ਅੰਬਾਲਾ ਦੇ, ਕਨੂੰਨ ਦਾ ਦਵਾਲਾ ਕੱਢਣ
ਸੱਚ ਦਾ ਪੁਜਾਰੀ ਚੱਲ ਬੱਸੀਆਂ 'ਚ ਆਇਆ ਸੀ।
ਪੁੱਛਿਆ ਸੀ ਸਿੰਘ ਤੁਸੀਂ ਬੁੱਚੜ ਵੱਢਣ ਭੇਜੇ ?
ਸੱਚੇ ਸਤਿਗੁਰੂ ਜੀ ਨੇ ਸੁਣ ਫ਼ੁਰਮਾਇਆ ਸੀ।
ਸੂਰਮੇ ਜੋ ਆਹਲਾ ਸਾਰੇ ਦੇਸ਼ ਦੇ ਨੇ ਮੇਰੇ ਕੋਲ
ਜਿਨ੍ਹਾਂ ਨੂੰ ਮੈਂ ਵਲ ਚੋਰੀ ਯਾਰੀਉਂ ਹਟਾਇਆ ਸੀ
ਚਾਹਵਾਂ ਇਕ ਰਾਤ 'ਚ ਮੁਕਾਵਾਂ ਬੀ ਜ਼ਾਲਮਾਂ ਦਾ
ਗਊ ਘਾਤੀ ਦੋਖੀਆਂ ਦਾ ਕਰਾਂਦਿਆਂ ਜਤਾਇਆ ਸੀ।"

ਮਲੇਰ ਕੋਟਲੇ ਸਾਕੇ ਦੀ ਜਿਸ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ ਚਾਰ ਵੀਹਾਂ ਨੂੰ ਪਹੁੰਚ ਜਾਂਦੀ ਹੈ, ਨਾਮਧਾਰੀ ਇਤਿਹਾਸ, ਵਿਚ ਕਰਬਲਾ ਦੇ ਇਸਲਾਮੀ ਸਾਕੇ ਜੈਸੀ ਸਥਿਤੀ ਹੈ। ਸ੍ਰੀ ਭੈਣੀ ਸਾਹਿਬ ਮਾਘੀ ਦਾ ਮੇਲਾ 1872 ਈ. ਵਿਚ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾ ਦੇ ਗੁਜ਼ਰ ਜਾਣ ਤੇ ਉਹਨਾ ਦੀ ਯਾਦ ਵਿਚ ਹੋਇਆ। ਚੱਕਰਵਰਤੀ ਜੀ ਨੂੰ ਇਹ ਘਟਨਾ ਲੰਗਰ ਸ੍ਰੀ ਭੈਣੀ ਸਾਹਿਬ ਦੇ ਮਹੰਤ ਰਾਘੋ ਸਿੰਘ ਅਤੇ ਬਾਬਾ ਸੁੰਦਰ ਸਿੰਘ ਗਊਆਂ ਸਾਂਭਣ ਵਾਲਿਆਂ ਨੇ ਸੁਣਾਈ ਸੀ ਜੋ ਉਸ ਸਮੇਂ ਦੇ ਚਸ਼ਮਦੀਦ ਗਵਾਹ ਦੀ ਹੈਸੀਅਤ ਰੱਖਦੇ ਸਨ-

"ਲਿਖ ਭੇਜੀ ਸਭ ਪੰਥ ਨੂੰ, ਸਾਹਿਬ ਸਿੰਘਾਂ" ਅਰਦਾਸ
ਆਵੋ ਭੈਣੀ ਸਾਹਿਬ ਵਿਚ, ਮਾਘੀ ਦਾ ਦਿਨ ਖ਼ਾਸ
ਆਇਆ ਸਾਰਾ ਪੰਥ ਚੱਲ, ਸਤਿਗੁਰੂ ਦਰਸ਼ਨ ਕਾਜ
ਤਾਰਿਆਂ ਦੇ ਵਿਚ ਚੰਨ ਜਿਉਂ, ਸੰਗਤ ਵਿਚ ਮਹਾਰਾਜ

...   .

Sri Satguru Jagjit Singh Ji eLibrary NamdhariElibrary@gmail.com

ਬਾਬਾ ਰਾਘੋ ਸਿੰਘ ਜੀ, ਲੰਗਰ ਦੇ ਸੀ ਮਹੰਤ
ਮੈਨੂੰ ਦੱਸਿਆ ਉਨ੍ਹਾਂ ਨੇ, ਇਹ ਸਾਰਾ ਵਰਤੰਤ

... ...

ਦਿਨੋ ਦਿਨ ਸੀ ਵਧ ਰਿਹਾ, ਪੰਥਕ ਤੇਜ ਅਫੂਜ
ਪਰ ਗੋਰੇ ਸਨ ਚਾਹੁੰਦੇ ਮਿਟ ਜਾਏ ਨਾਮ ਨਮੂਜ
ਹੀਰਾ ਸਿੰਘ ਜੀ ਆਦ ਲੈ, ਲਹਿਣਾ ਸਿੰਘ ਸਰਦਾਰ
ਜਥੇ ਸ਼ਹੀਦੀ ਦੇ ਇਹ, ਦੋਵੇਂ ਜਥੇਦਾਰ
ਗਿਆਨੀ ਸਿੰਘ ਦੀ ਮੌਤ ਦਾ ਸਭ ਦਿਲ ਭਰਿਆ ਰੋਸ
ਬੇਗੁਨਾਹ ਮਹਾਤਮਾ, ਐਵੇਂ ਮਾਰਿਆ ਕੋਸ
ਕਰਦਾ ਸਾਰਾ ਪੰਥ ਸੀ, ਗਿਆਨੀ ਦਾ ਸਤਿਕਾਰ
ਝੂਠੀਆਂ ਘੜ ਕਹਾਣੀਆਂ ਉਹਨੂੰ ਦਿੱਤਾ ਮਾਰ

... ...

ਜੋੜ ਗਿਆਨੀ ਸਿੰਘ ਦੀ, ਚੜੀਏ ਅਸੀਂ ਜ਼ਰੂਰ
ਚੜ੍ਹਕੇ ਧਰਮ ਜਹਾਜ਼ 'ਤੇ ਲਹੀਏ ਪਹਿਲੇ ਪੂਰ।"[੨੪]

ਗਿਆਨੀ ਚੰਦਾ ਸਿੰਘ ਭੰਬਰਾਂ ਵਾਲੇ ਦੇ ਬਾਰਾਂ ਮਾਹ ਵਿਚ ਵੀ ਮਲੇਰ ਕੋਟਲੇ ਦੇ ਸ਼ਹੀਦੀ ਜਥੇ ਦੇ ਮਸਤਾਨੇ ਇਹ ਸ਼ਬਦ ਪੜ੍ਹ ਰਹੇ ਹਨ-

"ਜੋੜ ਗਿਆਨੀ ਸਿੰਘ ਦੀ ਜਾਣਾ"

ਆਪਣੇ ਅਕੀਦੇ ਵਾਸਤੇ, ਦੇਸ਼ ਦੀ ਕਿਸੇ ਕੌਮ ਵਿਚ ਸ਼ਹੀਦ ਹੋਣ ਵਾਲੇ ਵਿਦਵਾਨ ਅਤੇ ਸਤਿਕਾਰੇ ਸੂਬੇ ਲਈ ਆਪਣਾ ਪ੍ਰੇਮ, ਇਸ ਤਰ੍ਹਾਂ ਹੀ ਤਾਂ ਸ਼ਹੀਦੀਆਂ ਦੀਆਂ ਉੱਚ ਪ੍ਰੰਪਰਾਵਾਂ ਸਥਾਪਿਤ ਕਰਨ ਵਾਲੇ ਸੂਰਬੀਰ ਪੇਸ਼ ਕਰਿਆ ਕਰਦੇ ਹਨ।

ਚੱਕਰਵਰਤੀ ਜੀ ਜਨਮ ਤੋਂ ਪੁਆਧੀ ਹਨ। ਰੁਜ਼ਗਾਰ ਵਾਸਤੇ ਪਟਿਆਲੇ ਰਹਿੰਦੇ ਸਨ। ਸ੍ਰੀ ਭੈਣੀ ਸਾਹਿਬ, ਜਿਥੇ ਸਾਰਾ ਪੰਜਾਬ ਮੇਲਿਆਂ ਹੋਲਿਆਂ ਦੇ ਸਮੇਂ ਇਕੱਠਾ ਹੁੰਦਾ ਹੈ, ਉਥੋਂ ਦਾ ਨਿਵਾਸ ਚੱਕਰਵਰਤੀ ਜੀ ਨੂੰ ਕੇਂਦਰੀ ਬੋਲੀ ਦੇ ਸਰੂਪ ਦੇ ਨੇੜੇ ਲਿਆਉਂਦਾ ਹੈ, ਪਰ ਪਟਿਆਲੇ ਦੀ ਬੋਲੀ ਅਲੋਪ ਕਿਵੇਂ ਹੋ ਸਕਦੀ ਹੈ। ਫਰਵਾਹੀ ਦੇ ਲੰਬੜਦਾਰ ਗੁਰਮੁਖ ਸਿੰਘ ਅਤੇ ਕਰੂੰਜੜੇ ਦੇ ਵਾਰਤਾਲਾਪ ਵਿਚ ਪਟਿਆਲਾ ਰੰਗ ਝਲਕਦਾ ਹੈ-

ਜੇ ਤੂੰ ਉੱਤਰ ਤੁਰ ਪਏਂ, ਹੋਇ ਸੁਖਾਲਾ ਮੇਲ
ਮੈਂ ਵੀ ਜਾਣਾ ਸ਼ਹਿਰ ਹੈ, ਚੱਲੀਏ ਰਲੇ ਰੀਲ।"[੨੫]

ਸ਼ਹੀਦੀ ਜਥੇ ਦਾ ਪਹਿਲਾ ਨਿਸ਼ਾਨਾ ਮਲੇਰ ਕੋਟਲਾ ਦੀ ਮੁਸਲਮਾਨੀ ਰਿਆਸਤ ਹੈ। ਛੋਟੀ ਰਿਆਸਤ ਹੈ। ਨਵਾਬ ਨਾ-ਬਾਲਿਗ ਹੈ। ਕੰਮ ਡੀ.ਸੀ. ਲੁਧਿਆਣਾ ਬਾਵਜ਼ਨ ਇਸ ਰਿਆਸਤ ਦਾ ਵੇਖਦਾ ਹੈ। ਮਲੇਰ ਕੋਟਲੇ ਤੋਂ ਅੱਗੇ ਵੀ ਉਹਨਾਂ ਦੀ ਯੋਜਨਾ ਸੀ-

"ਆਓ ਨਿਕਲੋ ਵਿਚ ਮੈਦਾਨ ਦੇ, ਚੱਲ ਲਈਏ ਕੋਟਲਾ ਮਾਰ
ਫਿਰ ਉੱਠ ਕੇ ਨਾਭਾ ਸੋਧੀਏ, ਸੰਗਰੂਰ ਨੂੰ ਕਰੀਏ ਪਾਰ
ਫਿਰ ਚੱਲ ਪਟਿਆਲੇ ਜਾ ਵੜੀਏ, ਲਈਏ ਇਕ ਹੰਭਲਾ ਮਾਰ
ਏਨ੍ਹਾਂ ਔਰ ਰੱਖੀ ਰਜਵਾੜਿਆਂ, ਪਏ ਕਰਦੇ ਜ਼ੁਲਮ ਅਪਾਰ
ਏਨ੍ਹਾਂ ਗੋਰੇ ਆਂਦੇ ਸੱਦ ਕੇ, ਸਿੰਘ ਦਿੱਤੇ ਜੇ ਦੁਰਕਾਰ

Sri Satguru Jagjit Singh Ji eLibrary NamdhariElibrary@gmail.com

ਗੱਲ ਪੁੱਛੀਏ ਪਹਾੜਾ ਸਿੰਘਾਂ ਨੂੰ ਜੋ ਹੈ ਬਿੱਲਿਆਂ ਦਾ ਯਾਰ।"[4]

ਸ੍ਰੀ ਸਤਿਗੁਰੂ ਜੀ ਉਹਨਾਂ ਸਿੰਘਾਂ ਨੂੰ ਖ਼ੁਦ ਵੀ ਸਮਝਾਉਂਦੇ ਹਨ ਅਤੇ ਸੂਬਿਆਂ ਨੂੰ ਵੀ ਭੇਜਕੇ ਅਜੇ ਸਬਰ ਕਰਨ ਲਈ ਆਖਦੇ ਹਨ। ਪਰ ਉਹ ਸ਼ਹੀਦੀ ਜਾਮ ਛਕਣ ਲਈ ਉਤਾਵਲੇ ਹੀ ਏਨੇ ਸਨ ਕਿ ਉਹਨਾਂ ਤੇ ਕਿਸੇ ਵੀ ਦਲੀਲ ਨੇ ਕਾਟ ਨਹੀਂ ਕੀਤੀ।

ਸਤਿਗੁਰੂ ਜੀ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਇਸ ਤਰ੍ਹਾਂ ਦੀ ਸਿੱਧੀ ਕਾਰਵਾਈ ਨੂੰ ਉਸ ਸਮੇਂ ਹਿਮਾਲੇ ਨਾਲ ਮੱਥਾ ਲਾਉਣ ਵਰਗੀ ਭੁੱਲ ਦੱਸ ਕੇ ਮਸਤਾਨਿਆਂ ਨੂੰ ਸਾਰੇ ਦੇਸ਼ ਦੀ ਸਿਆਸੀ ਤਸਵੀਰ ਖਿੱਚ ਕੇ ਵਿਖਾ ਦਿੱਤੀ-

"ਮੇਰਾ ਕਿਹਾ ਮੰਨ ਜੋ, ਕਰ ਲਵੋ ਕੁਝ ਇੰਤਜ਼ਾਰ
ਗੌਰ ਤੁਹਾਡੀ ਕਰ ਦਏ, ਪੂਰੀ ਸਭ ਕਰਤਾਰ
ਵੈਰੀ ਬਹੁਤ ਬਲਾਢ ਹੈ, ਕਰ ਲਓ ਇਹ ਖ਼ਿਆਲ
ਮੱਥਾ ਲਾਣਾ ਚਾਹੁੰਦੇ, ਤੁਸੀਂ ਹਿਮਾਲੇ ਨਾਲ
ਕਾਬੂ ਕੀਤਾ ਆਣ ਜਿਸ ਸਾਰਾ ਹਿੰਦੁਸਤਾਨ
ਕਿਸੇ ਉਘਾੜੀ ਅੱਖ ਨਾ, ਜੁੱਤੇ ਲੋਮੀਆਂ ਤਾਣ
ਮਰਹਟੇ ਰਾਜਪੂਤ ਸਿੱਖ, ਬੰਗਾਲੀ ਅਤੇ ਨਰੇਸ਼
ਸੱਯਦ ਮੁਗ਼ਲ ਪਠਾਣ ਸ਼ੇਖ਼, ਮਾਰੀ ਬੈਠੇ ਘੇਸ
ਕਰਨਾ ਚਾਹੁੰਦੇ ਕੰਮ ਜੋ, ਤੁਸੀਂ ਨਾਲ ਤਲਵਾਰ
ਮਾਲਾ ਨਾਲ ਹੋ ਜਾਇਗਾ, ਬਿਨਾਂ ਕਿਸੇ ਤਕਰਾਰ।"[5]

ਹੀਰਾ ਸਿੰਘ ਜੀ ਗੁਰੂ ਤੇਗ ਬਹਾਦਰ ਦੇ ਰਸਤੇ ਤੇ ਤੁਰਨ ਦੀ ਗੱਲ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਖ਼ਾਲਸੇ ਦਾ ਜਨਮ ਹੀ ਅਸਾਵੀਆਂ ਹਾਲਤਾਂ ਹੁੰਦਿਆਂ ਵੀ ਜ਼ੁਲਮ ਨਾਲ ਟੱਕਰ ਲੈਣ ਵਾਸਤੇ ਹੀ ਹੋਇਆ ਹੈ। ਉਹ ਸਿੰਘਾਂ ਨੂੰ ਵੰਗਾਰਦੇ ਹਨ-

ਤੁਸੀਂ ਵੀ ਵਾਂਗ ਨਪੁੰਸਕਾਂ, ਜੇ ਬੈਠੇ ਚੁੱਪ ਧਾਰ
ਬੇੜੀ ਦੇਸ਼ ਗ਼ੁਲਾਮ ਦੀ, ਡੁੱਬੇਗੀ ਮੰਝਧਾਰ
ਜੇ ਸੀ ਵਾਂਗ ਨਕਾਰਿਆਂ, ਤੁਸੀਂ ਵੀ ਕਰਨੀ ਮੌਜ
ਭਰਤੀ ਨਹੀਂ ਸੀ ਹੋਵਣਾ, ਵਿਚ ਗੁਰੂ ਕੀ ਫ਼ੌਜ।"[6]

ਮਸਤਾਨਿਆਂ ਦਾ ਜਥਾ ਮਲੇਰ ਕੋਟਲੇ ਦੇ ਗਊ ਘਾਤੀਆਂ ਤੇ ਹਮਲਾ ਕਰਨ ਲਈ ਵਧ ਰਿਹਾ ਹੈ। ਰਸਤੇ ਵਿਚ ਘਮੰਡ ਪਿੰਡ ਦਾ ਇਕ ਮਸ ਫੁੱਟ ਗੱਭਰੂ ਹਰਨਾਮ ਸਿੰਘ ਵੀ ਜੋ ਕਿ ਕੂਕਾ ਨਹੀਂ ਆਪਣੇ ਹਾਣ ਦੇ ਨੌਜੁਆਨਾਂ ਨੂੰ ਮੌਤ ਰਾਣੀ ਦਾ ਘੁੰਡ ਚੁੱਕਣ ਲਈ ਪੈਲਾਂ ਪਾਂਦਿਆਂ ਜਾਂਦੇ ਵੇਖਦਾ ਹੈ ਤਾਂ ਉਹ ਵੀ ਕੀਲਿਆ ਗਿਆ। ਉਹਨੇ ਵੀ ਇਸ ਜਥੇ ਦੇ ਹੋਰ ਮੈਂਬਰਾਂ ਜਿਉਂ ਕੋਟਲੇ ਦੇ ਰੱਕੜ ਵਿਚ ਤੋਪ ਨਾਲ ਫੇਰੇ ਲੈ ਕੇ, ਇਤਿਹਾਸ ਨੂੰ ਅਮਰਤਾ ਪ੍ਰਦਾਨ ਕੀਤੀ। ਇਸ ਹਰਨਾਮ ਸਿੰਘ ਦੇ ਨਖਸ਼ਿਖ ਦੇ ਵਰਣਨ ਸਮੇਂ ਚੱਕਰਵਰਤੀ ਜੀ ਦੀ ਕਾਵਿ ਕਲਾ ਬੁਲੰਦੀਆਂ ਛੂਹ ਰਹੀ ਹੈ-

"ਅੱਤ ਸੁਨੱਖਾ ਪੁੱਜ ਕੇ, ਅੱਲ੍ਹੜ ਬੇ-ਪ੍ਰਵਾਹ
ਬਦਨ ਗਠੀਲਾ ਘਣ ਜਿਉਂ, ਉੱਚੇ ਲਏ ਨਾ ਸਾਹ
ਬਾਹਵਾਂ ਵੇਲਣ ਵੇਲੀਆਂ, ਡੌਲੇ ਸਖ਼ਤ ਵਿਸ਼ਾਲ
ਮੁੱਗਲੀਆਂ ਜਿਉਂ ਪੱਟ ਉਸ, ਹਾਥੀ ਜੇਹੀ ਚਾਲ
....
ਮੂੰਹ 'ਚੋਂ ਕਿਰਦੇ ਫੁੱਲ ਸਨ, ਜਦੋਂ ਕਰੇ ਗੱਲਬਾਤ

Sri Satguru Jagjit Singh Ji eLibrary NamdhariElibrary@gmail.com

ਸਾਥੀ ਤਰਸਣ ਹਾਣ ਦੇ, ਕਦ ਇਹ ਪਾਵੇ ਝਾਤ।"

ਇਸ ਸਾਕੇ ਦਾ ਅੱਖੀਂ ਡਿੱਠਾ ਵਰਣਨ ਚੱਕਰਵਰਤੀ ਜੀ ਨੇ ਸੰਤ ਹੀਰਾ ਦਾਸ ਊਂਗੀ ਚਿੱਟੀ ਵਾਲਿਆਂ ਦੇ ਮੂੰਹੋਂ ਸੁਣਕੇ ਇਉਂ ਲਿਖਿਆ-

"ਕੋਟਲੇ ਦੇ ਵਿਚ ਨਾਲ ਸਨ, ਹੀਰਾ ਦਾਸ ਮਹੰਤ
ਊਂਗੀ ਚਿੱਟੀ ਰਹੇ ਜੋ, ਬਣੇ ਉਦਾਸੀ ਸੰਤ
ਉਨ੍ਹਾਂ ਨੇ ਜੋ ਦੱਸਿਆ, ਮੈਨੂੰ ਸਾਰਾ ਹਾਲ
ਸਿਘਾਂ ਨੇ ਜੋ ਕੋਟਲੇ, ਕੀਤੀ ਵੈਰੀਆਂ ਨਾਲ
ਜਿਧਰ ਪੈਂਦੇ ਸਿੱਘ ਸਨ, ਲੈ ਸਤਿਗੁਰ ਦਾ ਨਾਮ
ਧਾੜ ਮਾਂਗਵੀ ਭੱਜਦੀ, ਵਿਚੋ ਛੱਡ ਮੈਦਾਨ।"

ਮਲੇਰ ਕੋਟਲੇ ਦੇ ਬੁੱਚੜਾਂ ਨੂੰ ਸੋਧਣ ਅਤੇ ਜਥੇਦਾਰ ਹੀਰਾ ਸਿੰਘ ਦੇ ਸਮੁੰਦ ਖਾਂ ਪਠਾਣ ਨਾਲ ਦੂੰਦ ਯੁੱਧ ਕਰਨ ਤੋਂ ਬਾਦ ਇਹ ਜਥਾ ਰੜ ਪਿੰਡ ਵਿਚ ਉਤਾਰੇ ਕਰਦਾ ਹੈ। ਜ਼ਖਮੀਆਂ ਸਿੰਘਾਂ ਨੂੰ ਕੁਝ ਸੰਭਾਲਿਆ ਗਿਆ। ਹੀਰਾ ਸਿੰਘ ਹੋਰਾਂ ਨੇ ਸਿੰਘਾਂ ਨੂੰ ਕਿਹਾ ਕਿ ਬਾਪੂ ਜੀ (ਸਤਿਗੁਰੂ ਰਾਮ ਸਿੰਘ ਜੀ) ਦੀ ਮੌਤ ਤਾਂ ਠੀਕ ਸੀ, ਲੋਕ ਬਿੱਲਿਆਂ ਦੇ ਰਾਜ ਹੇਠ ਸੰਤੁਸ਼ਟ ਬੈਠੇ ਹਨ, ਹੁਣ ਹੋਰ ਲੜਾਈ ਦੇ ਹਾਲਾਤ ਸਾਜ਼ਗਾਰ ਨਹੀਂ। ਅਸੀਂ ਤਾਂ ਹੁਣ ਸ਼ਹੀਦੀ ਬਾਟੇ ਛਕਾਂਗੇ। ਜਿਹਨਾਂ ਸਰੀਰਾਂ ਦਾ ਇਰਾਦਾ ਨਾ ਬਣਦਾ ਹੋਵੇ ਉਹ ਬੜੀ ਖ਼ੁਸ਼ੀ ਨਾਲ ਇਥੋਂ ਹਰਨ ਹੋ ਸਕਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ, ਭਗਵਾਨ ਸਿੰਘ ਅਰਸ਼ੰਗੀ, ਹੀਰਾ ਦਾਸ ਮੂੰਮਾ ਗਹਿਲਾਂ (ਵੱਲ ਊਂਗੀ ਚਿੱਟੀ) ਆਦਿਕ ਉਹਨਾਂ ਜਾਣ ਵਾਲੇ ਕੁਝ ਕੁ ਸਿੰਘਾਂ ਨਾਲ ਜਦੋਂ ਬਚਨ ਕਰਦੇ ਤਾਂ ਉਹਨਾਂ ਦੀ ਉੱਚ ਆਤਮਿਕ ਅਵਸਥਾ ਦਾ ਭਰਪੂਰ ਵਰਣਨ ਕਰਦੇ ਹਨ-

"ਜਦ ਮੈਂ ਪੁੱਛਦਾ ਉਨ੍ਹਾਂ ਨੂੰ, ਉਸ ਸਮੇਂ ਦੀ ਗੱਲ
ਅੰਦਰ ਜਾਣੋ ਮੱਚਦੀ, ਉਹਨਾਂ ਦੇ ਤਰਥੱਲ
ਯਾਦ ਕਰ ਉਸ ਸਮੇਂ ਨੂੰ, ਰੋਂਦੇ ਧਾਹੀਂ ਮਾਰ
ਆਂਹਦੇ ਹੁੰਦੀ ਗੱਲ ਨਾ, ਸੋਚੋਂ ਸਾਡਿਓਂ ਬਾਹਰ
ਉਨ੍ਹਾਂ ਦਿਨਾਂ ਵਿਚ ਜੋ, ਮਾਣਿਆ ਅਸੀਂ ਸੁਆਦ
ਭੁੱਲ ਸਕੇ ਕਦੀ ਜਨਮ ਨਾ ਸਾਨੂੰ ਉਸਦੀ ਯਾਦ
ਕਿਉਂ ਨਾ ਮਰ ਗਏ ਸਾਂ ਅਸੀਂ, ਤਦੋਂ ਸ਼ਹੀਦਾਂ ਨਾਲ
ਕੀ ਖਟਿਆ ਹੁਣ ਬਚ ਰਹੇ, ਹੰਢ ਲਏ ਨੇ ਗਾਲ।"

ਚੱਕਰਵਰਤੀ ਜੀ ਨੇ ਆਪਣੇ ਮਹਾਂਕਾਵਿ ਦੀ ਅਮੀਰੀ ਵਿਚ ਵਾਧਾ ਕੀਤਾ ਹੈ, ਨਿੱਕੇ ਨਿੱਕੇ ਪ੍ਰਸੰਗ ਲਿਖ ਕੇ। ਪ੍ਰਸੰਗ ਜੋ ਸੀਨਾ-ਬਸੀਨਾ ਦੀ ਰਵਾਇਤ ਮੁਤਾਬਕ ਉਹਨਾਂ ਤੱਕ ਪੁੱਜੇ ਸਨ। ਮਿਸਾਲ ਵਜੋਂ ਜਦੋਂ ਸ਼ੇਰਪੁਰ ਥਾਣੇ ਤੋਂ ਸ਼ਹੀਦ ਕਰਨ ਲਈ ਕੂਕਿਆਂ ਦੇ ਜਥੇ ਨੂੰ ਗੱਡਿਆਂ 'ਤੇ ਬਿਠਾ ਕੇ ਕੋਟਲੇ ਦੇ ਰੱਕੜ ਵੱਲ ਲਿਜਾਇਆ ਜਾ ਰਿਹਾ ਹੈ ਤਾਂ ਸ਼ਹੀਦੀਆਂ ਦੀਆਂ ਉੱਚ ਪ੍ਰੰਪਰਾਵਾਂ ਦਾ ਵਰਣ ਕਰਨ ਲਈ, ਘਾਹ ਖੋਤਦੇ ਦੋ ਕਿਸਾਨ ਵੀ ਉਹਨਾਂ ਦੇ ਗੱਡਿਆਂ 'ਤੇ ਚੜ੍ਹ ਗਏ। ਹੀਰਾ ਸਿੰਘ ਦੇ ਸਮਝਾਉਣ ਬੁਝਾਉਣ ਦੇ ਬਾਅਦ ਵੀ ਉਹ ਉਤਰਨਾ ਨਹੀਂ ਮੰਨਦੇ, ਸਾਹਦੇਂ ਵਾਪਰਨ ਵਾਲੇ ਸਾਕੇ ਦੀ ਗੰਭੀਰਤਾ ਨੂੰ ਸਮਝਦਿਆਂ ਹੋਇਆਂ ਵੀ ਉਹ ਹੀਰਾ ਸਿੰਘ ਨੂੰ ਕੂਕੇ ਬਣਨ ਦੀ ਬੇਨਤੀ ਕਰਦੇ ਹਨ ਅਤੇ ਫਿਰ-

"ਹੀਰਾ ਸਿੰਘ ਜੀ ਭਜਨ ਦੱਸ, ਕੰਨ 'ਚ ਮਾਰੀ ਫੂਕ
ਉੱਠੇ ਝੱਟ ਪਟ ਉਹ ਦੋਵੇਂ, ਕੂਕਿਆਂ ਵਾਂਗੂ ਕੂਕ
"ਮੋਹਿ ਮਰਨੇ ਕਾ ਚਾਉ ਹੈ, ਮਰਾਂ ਤਾਂ ਹਰਿ ਕੈ ਦੁਆਰ

Sri Satguru Jagjit Singh Ji eLibrary NamdhariElibrary@gmail.com

ਮਤ ਹਰਿ ਪੂਛੇ ਕਉਣ ਹੈ, ਪਰਾ ਹਮਾਰੇ ਬਾਰ।"[59]

ਮਲੇਰ ਕੋਟਲੇ ਵਿਚ 66 ਸਿੰਘਾਂ ਨੇ ਜੋ ਅਪੂਰਵ ਬਲੀਦਾਨ ਦਿੱਤਾ ਉਸ ਦਾ ਪ੍ਰੇਰਨਾ ਸਰੋਤ ਸਤਿਗੁਰੂ ਰਾਮ ਸਿੰਘ ਜੀ ਦੀ ਅਦੁੱਤੀ ਸ਼ਖਸੀਅਤ ਹੀ ਤਾਂ ਸੀ।

ਬਾਰਾਂ ਸਾਲ ਦੇ ਬਾਲ ਕੂਕੇ ਬਿਸ਼ਨ ਸਿੰਘ ਦੀ ਅਣਭੋਲ ਜੁਆਨੀ ਤੇ ਦਰਵਿਤ ਹੋ ਕੇ ਕਾਵਨ (ਡੀ.ਸੀ. ਲੁਧਿਆਣਾ) ਦੀ ਮੇਮ ਅਤੇ ਕਾਵਨ ਦੇ ਸੰਵਾਦ ਨੂੰ ਉਸ ਗੀਤ ਵਿੱਚ ਬਿਆਨਿਆ ਹੈ ਜੋ ਤਕਰੀਬਨ ਹਰ ਨਾਮਧਾਰੀ ਜਥੇਦਾਰ ਪੜ੍ਹਿਆ ਕਰਦਾ ਸੀ-

"ਮੇਮ ਆਖਿਆ ਸਾਹਿਬ ਨਾ ਮਾਰ ਇਸਨੂੰ,
ਤਰਸ ਕਰ ਕੁਝ ਏਸ ਨਾਦਾਨ ਉੱਤੇ
ਫਸਿਆ ਇਹ ਅਣਜਾਣ ਅਣਭੋਲ ਐਵੇਂ,
ਡਿਠਾ ਕੁਝ ਨਹੀਂ ਏਸ ਜਹਾਨ ਉੱਤੇ
ਸ਼ਕਲ ਵੇਖ ਇਸਦੀ ਅਕਲ ਗੁੰਮ ਹੋਵੇ,
ਕਿਵੇਂ ਬੰਧਾ ਸੁ ਲੱਕ ਮਰ ਜਾਣ ਉੱਤੇ
ਕਰੋ ਜੀ ਜਾਣੀ ਯੂਰਪ ਵਾਰ ਘੱਤਾਂ,
ਏਸ ਸੋਹਣਿਆਂ ਦੇ ਮਿਹਰਬਾਨ ਉੱਤੇ

... ...

ਇਹ ਕਹੇ ਮੈਂ ਸਿਖ ਨਹੀਂ ਗੁਰੂ ਰਾਮ ਸਿੰਘ ਦਾ,
ਇਸ ਨੂੰ ਮਰਨ ਤੋਂ ਫੇਰ ਬਚਾ ਦਿਆਂਗਾ
ਸਿੱਖੀ ਛੱਡ ਬਣੇ ਵਫ਼ਾਦਾਰ ਪਰਜਾ,
ਇਸ ਨੂੰ ਮਰਨ ਤੋਂ ਫੇਰ ਬਚਾ ਦਿਆਂਗਾ
ਰੱਖੇ ਐਨ ਕੂਕਿਆਂ ਵਾਲੀ ਜੇ ਇਹ ਵੀ,
ਐਸੇ ਤੋਪ ਦੇ ਧਰ ਉਡਾ ਦਿਆਂਗਾ
ਲੋਕੀ ਜਾਨਣਗੇ ਕੀ ਅੰਗ੍ਰੇਜ਼ ਰਾਈ
ਮੈਂ ਵੀ ਆਪਣਾ ਜ਼ੋਰ ਵਿਖਾ ਦਿਆਂਗਾ।"[61]

ਸਤਿਗੁਰੂ ਜੀ ਦੀ ਜਲਾਵਤਨੀ ਤੋਂ ਬਾਅਦ ਉਹਨਾਂ ਨੂੰ ਅਲਾਹਾਬਾਦ ਦੇ ਕਿਲੇ ਵਿੱਚ ਅਤੇ ਫਿਰ ਰੰਗੂਨ ਵਿੱਚ ਉਸ ਬੰਗਲੇ ਵਿਚ ਰੱਖਿਆ ਗਿਆ ਜਿੱਥੇ ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ੱਫਰ ਨੂੰ ਕੈਦ ਰੱਖਿਆ ਸੀ।

ਮਰਗੋਈ ਤੋਂ ਸਤਿਗੁਰੂ ਜੀ ਦਾ ਅਲੋਪ ਹੋਣਾ ਲਿਖ ਕੇ ਚੱਕਰਵਰਤੀ ਜੀ ਇਹ ਮਹਾਂਕਾਵਿ ਸਮਾਪਤ ਕਰਦੇ ਹਨ। ਸਤਿਗੁਰੂ ਜੀ ਤੋਂ ਬਿਨਾਂ ਭੈਣੀ ਸਾਹਿਬ ਦੀ ਕੀ ਦਸ਼ਾ ਹੈ -

"ਸਾਰਸ, ਹੰਸ, ਮੁਰਗ਼ਾਬੀਆਂ ਕਦੇ ਨਾ ਲਗੇ ਮੂੰਹ
ਤਿਲੀਅਰ ਤੋਤੇ ਛੱਡ ਗਏ ਭੈਣੀ ਦੀ ਸਭ ਜੂਹ।"[62]

ਇੰਜ ਅਸੀਂ ਵੇਖਦੇ ਹਾਂ ਕਿ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੇ ਪੰਜਾਬ ਦੇ ਇਕ ਮਹੱਤਵਪੂਰਨ ਬਾਬ ਕੂਕਿਆਂ ਦੀ ਗਾਥਾ ਨੂੰ ਸਮਝਣ ਲਈ, ਨੇੜਿਉਂ ਹੋ ਕੇ ਵੇਖਣ ਲਈ ਚੱਕਰਵਰਤੀ ਜੀ ਦੀ ਰਚਨਾ "ਮਾਲਵੇਂਦ੍ਰ" ਦਾ ਇਕ ਮਹੱਤਵਪੂਰਨ ਸਥਾਨ ਨਾਮਧਾਰੀ ਇਤਿਹਾਸ ਅਤੇ ਪੰਜਾਬੀ ਸਾਹਿਤ ਵਿੱਚ ਸੁਨਿਸ਼ਚਿਤ ਹੁੰਦਾ ਹੈ। ਜਿੱਥੇ ਸਮਕਾਲੀ ਸੀਮਿਆ ਤੱਕ ਰਚਨਾਕਾਰ ਦੀ ਸਿੱਧੀ ਪਹੁੰਚ, ਇਸ ਦੀ ਇਤਿਹਾਸਕ ਪ੍ਰਮਾਣਿਕਤਾ ਵਿੱਚ ਵਾਧਾ ਕਰਦੀ ਹੈ ਓਥੇ ਦਾਨਿਆਂ ਤੇ ਮਸਤਾਨਿਆਂ ਦੇ ਇਸ ਪੰਥ ਦੀ ਬਾਤ ਵੀ ਵਧੀਆ ਢੰਗ ਨਾਲ ਸੰਤ ਜੀ ਵਰਗਾ ਕੋਈ ਮਸਤਾਨਾ ਹੀ ਪਾ

Sri Satguru Jagjit Singh Ji eLibrary NamdhariElibrary@gmail.com

ਸਕਦਾ ਸੀ। ਸੰਤ ਜੀ ਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੀ ਸੰਗਤ ਨਾਮਧਾਰੀ ਪੰਥ ਵਿੱਚ ਜੋ ਆਸਥਾ ਅਤੇ ਨਿਸ਼ਠਾ ਹੈ, ਉਸ ਦੇ ਫਲਸਰੂਪ ਉਹ ਆਪਣੀ ਕਲਮ ਰਾਹੀਂ ਇਹ ਢੋਆ ਸਾਹਿਤ ਜਗਤ ਨੂੰ ਪੇਸ਼ ਕਰਦੇ ਹਨ। ਇਸ ਵਿੱਚ ਮਹਾਂਕਾਵਿ ਦਾ ਇਕ ਬੁਨਿਆਦੀ ਉਦੇਸ਼ ਨੇਕੀ ਤੇ ਬਦੀ ਵਿਚਾਲੇ ਜੰਗ ਹੈ। ਨੇਕੀ ਜਿਸ ਪਾਸੇ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸਿੱਖ ਹਨ ਜੋ ਸਾਂਝੀਵਾਲਤਾ, ਅਮਨ ਅਤੇ ਲੁੱਟ ਖਸੁੱਟ ਰਹਿਤ ਜੀਵਨ ਮੁੱਲਾਂ ਦੇ ਧਾਰਨੀ ਹਨ ਦੂਜੇ ਪਾਸੇ ਅੰਗ੍ਰੇਜ਼ ਬਸਤੀਵਾਦ ਹੈ, ਜੋ ਵਲ-ਛਲ ਹੇਰਾ-ਫੇਰੀ ਅਤੇ ਕੂਟਨੀਤੀ ਦੁਆਰਾ ਜਦੋਂ ਤੱਕ ਭਾਰਤ ਵਿੱਚ ਇਕ ਵੀ ਪੈਸਾ ਅਤੇ ਇਕ ਵੀ ਗੱਭਰੂ ਬੰਦਾ ਹੈ ਇਸ ਨੂੰ ਛੱਡ ਕੇ ਜਾਣਾ ਨਹੀਂ ਚਾਹੁੰਦਾ। ਸੰਤ ਜੀ ਦੇ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਸਮਰਪਣ ਭਾਵ ਦੀ ਤੁਲਨਾ ਤੁਲਸੀ ਦਾਸ ਜੀ ਦੇ ਰਾਮ ਪ੍ਰੇਮ ਨਾਲ ਕੀਤੀ ਜਾ ਸਕਦੀ ਹੈ ਕਿਉਂ ਜੋ ਤੁਲਸੀ ਦਾਸ ਮੁਤਾਬਿਕ "ਰਾਮ ਦਾ ਪਿਆਰ ਸਾਦੇ ਜਿਹੇ ਦਿਲ ਦੇ ਸਾਦੇ ਜਿਹੇ ਸ਼ਬਦਾਂ ਤੇ ਸਾਦੇ ਜਿਹੇ ਕੰਮਾਂ ਵਿੱਚ ਜਨਮ ਲੈਂਦਾ ਹੈ।" ਉਨ੍ਹਾਂ ਲਈ ਧਾਰਮਿਕ ਭਗਤੀ ਇਕ ਜੀਵਨ ਢੰਗ ਹੈ ਤੇ ਇਹ ਕੋਈ ਭਗਤੀ ਨਹੀਂ ਜੋ ਉਹ ਉਸ ਭਗਤ ਦੇ ਜੀਵਨ ਵਿੱਚ ਪਰਿਵਰਤਨ ਲਿਆ ਕੇ ਉਸਨੂੰ ਸ਼ਾਂਤੀ ਤੇ ਮਨੁੱਖਤਾ ਦਾ ਪਿਆਰ ਨਹੀਂ ਬਖ਼ਸ਼ਦੀ।"[14]

ਆਸ ਕਰਨੀ ਚਾਹੀਦੀ ਹੈ ਕਿ ਪੰਜਾਬੀ ਸਾਹਿਤ ਦੇ ਵਿਦਿਆਰਥੀ ਵੀਹਵੀਂ ਸਦੀ ਵਿੱਚ ਲਿਖੇ ਹੋਏ ਅਵਤਾਰ ਸਿੰਘ ਆਜ਼ਾਦ, ਇੰਦਰਜੀਤ ਸਿੰਘ ਤੁਲਸੀ, ਦੀਪਕ ਜੈਤੋਈ, ਪ੍ਰੋ. ਮੋਹਨ ਸਿੰਘ ਆਦਿ ਦੇ ਮਹਾਂਕਾਵਿਆਂ ਦੇ ਨਾਲ ਹੀ ਚੱਕਰਵਰਤੀ ਜੀ ਦੇ ਯੁੱਗ ਬੋਧ ਨਾਲ ਭਰਪੂਰ ਮਹਾਂਕਾਵਿ ਦਾ ਵੀ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੈਨਾ ਵਿਸ਼ਲੇਸ਼ਣ ਕਰਨਗੇ ਨਾ ਕਿ ਇਸਨੂੰ ਸਿੱਖਾਂ ਦੇ ਇਕ ਫਿਰਕੇ ਨਾਲ ਜੋੜਕੇ ਜਾਂ ਕੁਝ ਧਾਰਮਕ ਮਨਾਉਤਾਂ ਨੂੰ ਆੜੇ ਲਿਆ ਕੇ ਇਸਦੀ ਇਤਿਹਾਸਕ ਵੱਥ ਅਤੇ ਕਾਵਿ ਕੌਸ਼ਲ ਤੋਂ ਅੱਖਾਂ ਮੀਟੀ ਰੱਖਣਗੇ।

ਸੰਤ ਇੰਦਰ ਸਿੰਘ ਚੱਕਰਵਰਤੀ ਦੀ ਸਦੀਵ ਕਾਲ ਤੱਕ ਬਣੀ ਰਹਿਣ ਵਾਲੀ ਯਾਦ ਤੋਂ ਕੌਣ ਮੁਨਕਰ ਹੋ ਸਕਦਾ ਹੈ?

Sri Satguru Jagjit Singh Ji eLibrary NamdhariElibrary@gmail.com

ਨਾਵਲਕਾਰ ਸ. ਇੰਦਰ ਸਿੰਘ ਚੱਕਰਵਰਤੀ

ਸੰਤ ਇੰਦਰ ਸਿੰਘ ਚੱਕਰਵਰਤੀ ਪੰਜਾਬੀ ਦੇ ਬਹੁ ਵਿਧਾਵੀ ਲੇਖਕ ਸਨ। ਉਹਨਾਂ ਨੇ ਕਵਿਤਾਵਾਂ ਲਿਖੀਆਂ, ਮਹਾਂਕਾਵਿ ਲਿਖੇ, ਇਕਾਂਗੀ ਲਿਖੇ ਅਤੇ ਨਾਟਕ ਲਿਖੇ, ਕਹਾਣੀਆਂ ਲਿਖੀਆਂ ਅਤੇ ਨਾਵਲ ਲਿਖੇ। ਜੀਵਨੀਆਂ ਲਿਖੀਆਂ ਅਤੇ ਇਤਿਹਾਸ ਦੀਆਂ ਪੁਸਤਕਾਂ ਲਿਖੀਆਂ। ਰੇਖਾ ਚਿਤਰ ਲਿਖੇ ਅਤੇ ਵਿਵੇਚਨਾਤਮਕ ਲੇਖ ਲਿਖੇ। ਵਿਅੰਗਾਤਮਕ ਸ਼ੈਲੀ ਵਿਚ ਹਲਕੇ ਫੁਲਕੇ ਲੇਖ ਅਤੇ ਬਾਬਾ ਸ਼ੇਖ ਫਰੀਦ ਦੀ ਵਾਰਤਕ ਰਚਨਾ ਜਹੇ ਗਹਿਰ ਗੰਭੀਰ ਨਿਬੰਧ ਵੀ ਲਿਖੇ। ਸਤਿਜੁਗ ਸਪਤਾਹਿਕ ਸਮੇਤ ਅਨੇਕ ਪੱਤਰਾਂ ਦੀ ਸੰਪਾਦਕੀ ਵੀ ਕੀਤੀ। ਉਹ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਦੇ ਮੁੱਖ ਬੁਲਾਰੇ, ਜਨਰਲ ਸਕੱਤਰ (ਮਹਾਂ ਮੰਤਰੀ) ਵੀ ਰਹੇ ਅਤੇ ਰਿਆਸਤੀ ਪਰਜਾ ਮੰਡਲ ਦੇ ਸਰਗਰਮ ਕਾਰਕੁੰਨ ਵੀ। ਦੇਸ਼ ਦੇ ਆਜ਼ਾਦੀ ਸੰਗਰਾਮ ਅਤੇ ਆਜ਼ਾਦੀ ਸੰਗਰਾਮੀਆਂ ਨਾਲ, ਕੂਕਾ ਕੇਂਦਰ ਭੈਣੀ ਸਾਹਿਬ ਵਿਖੇ, ਸਤਿਗੁਰੂ ਪਰਤਾਪ ਸਿੰਘ ਜੀ ਦੀ ਸੇਵਾ ਵਿਚ ਨਿਵਾਸ ਰੱਖਣ ਸਦਕਾ ਸਰਗਰਮ ਸਹਿਯੋਗ ਵੀ ਨਿਭਾਇਆ। ਹਿੰਦੀ, ਪੰਜਾਬੀ, ਉਰਦੂ ਦੇ ਚੋਟੀ ਦੇ ਅੱਗੇ ਵਧੂ ਲੇਖਕਾਂ ਦੇ ਨਿਕਟ ਸੰਪਰਕ ਵਿਚ ਵੀ ਰਹੇ। ਆਪਣੇ ਸਮੇਂ ਦੇ ਰਾਜੇ ਮਹਾਰਾਜਿਆਂ, ਰਾਜ ਨੇਤਾਵਾਂ ਤੇ ਪ੍ਰਸਿੱਧ ਹਸਤੀਆਂ ਦੀ ਸੰਗਤ ਵੀ ਮਾਣੀ ਅਤੇ ਗੁਰੂ ਦੀਵਾਨਾਂ ਵਿਚ ਘੁੰਗਰੂ ਬੰਨ੍ਹ ਕੇ ਖੁੱਲ੍ਹੇ ਕੇਸੀ ਨਚਦੇ ਨਾਮਧਾਰੀ ਮਸਤਾਨਿਆਂ ਦੀ ਚਰਨ ਰਜ ਵੀ ਮਾਣੀ। ਸ਼ਬਦ ਸੁਰਤਿ, ਸੁਹਜ-ਸੁਆਦ, ਸੁਰ-ਸਾਜ ਦੀ ਟਕਸਾਲ ਵਿਚ ਘੜੀ ਗਈ ਸ਼ਖਸੀਅਤ ਸੀ ਸੰਤ ਇੰਦਰ ਸਿੰਘ ਚੱਕਰਵਰਤੀ। ਜਿਹੜਾ ਆਪਣੇ ਪਰਦੇਸੀ ਪ੍ਰੀਤਮ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੀ ਗੌਰਵ ਗਾਥਾ ਦਾ ਘੰਟਿਆਂ ਬੱਧੀ ਬਖਾਨ ਕਰ ਸਕਦਾ ਸੀ। ਮੀਤ ਵਿਛੋੜੇ ਵਿਚ ਆਪ ਠੰਢੀਆਂ ਆਹਾਂ ਭਰ ਸਕਦਾ ਸੀ, ਖ਼ੁਦ ਰੋ ਸਕਦਾ ਸੀ ਅਤੇ ਦੂਜਿਆਂ ਨੂੰ ਰੁਆ ਸਕਦਾ ਸੀ। ਉਹਨਾਂ ਦੀ ਰਚਨਾ ਦੀ ਮੁੱਖ ਸੁਰ ਇਹ ਹੁੰਦੀ ਸੀ ਕਿ ਅੰਗਰੇਜ਼ੀ ਸਰਕਾਰ, ਦੇਸੀ ਰਾਜਿਆਂ ਅਤੇ ਉਹਨਾਂ ਦੇ ਚਾਟੜਿਆਂ ਨੇ ਨਾਮਧਾਰੀ ਸਮਾਜ ਦੇ ਪਿੰਡੇ ਤੇ ਜੋ ਅਕਹਿ ਅਤੇ ਅਸਹਿ ਜ਼ਖ਼ਮ ਦਿੱਤੇ ਸਨ, ਆਪਣੀ ਦਰਦੀਲੀ ਕਲਮ ਦੁਆਰਾ ਸਿਰਜੇ ਸ਼ਬਦਾਂ ਦੇ ਉਹਨਾਂ ਤੇ ਫਹੇ ਰੱਖਣੇ।

ਸੰਤ ਜੀ ਦੀ ਸਮੁੱਚੀ ਰਚਨਾ ਕਿਸੇ ਇਕ ਲਿਖਤ ਦੁਆਰਾ ਨਿਰੂਪਿਤ ਨਹੀਂ ਕੀਤੀ ਜਾ ਸਕਦੀ। ਅਸੀਂ ਆਪਣੀ ਗੱਲ ਉਹਨਾਂ ਦੁਆਰਾ ਲਿਖੇ ਗਏ ਨਾਵਲਾਂ ਤੇ ਹੀ ਕੇਂਦਰਿਤ ਕਰਾਂਗੇ। ਨਾਵਲੈਟਾਂ ਦੇ ਘੇਰੇ ਵਿਚ ਆਉਂਦੇ ਪਰਸੰਗ ਤਾਂ ਚੋਖੇ ਸਨ ਜੋ ਚੱਕਰਵਰਤੀ ਹੋਰੀ ਸਤਿਜੁਗ ਦੇ ਸਾਲਾਨਾ ਨੰਬਰ, ਬਸੰਤ ਅੰਕਾਂ ਲਈ ਉਚੇਚੇ ਤੌਰ ਤੇ ਲਿਖਿਆ ਕਰਦੇ ਸਨ ਜਿਸ ਵਿਚੋਂ ਬ੍ਰਿਹੋਂ ਕੁੱਠੇ ਨਾਮਧਾਰੀ ਇਤਿਹਾਸ ਦੇ ਕਿਸੇ ਨਾ ਕਿਸੇ ਵਿਸ਼ੇਸ਼ ਪੱਖ 'ਤੇ ਝਾਤ ਪੁਆਈ ਜਾਂਦੀ ਸੀ। ੧੯੯੨ ਬਿਕ੍ਰਮੀ ਮੁਤਾਬਿਕ ੧੯੩੬ ਈ. ਦਾ ਸਤਿਜੁਗ ਦਾ ਬਸੰਤ ਅੰਕ ਚੱਕਰਵਰਤੀ ਹੋਰਾਂ ਦੀ ਇਕ ਇਹੋ ਜਿਹੀ ਸ਼ਾਨਦਾਰ ਰਚਨਾ 'ਅਪੂਰਵ ਬਲੀਦਾਨ' ਸਦਕਾ ਹੀ ਤੱਤਕਾਲੀਨ ਪੰਜਾਬ ਸਰਕਾਰ ਨੇ ਜ਼ਬਤ ਕਰ ਲਿਆ ਸੀ। ਸਾਡੇ ਪਾਸ ਪੰਜਾਬ ਕਿਤਾਬ ਘਰ, ਜਲੰਧਰ (ਰੋਹਤਕ) ਵਲੋਂ ਜਨਵਰੀ ੧੯੭੦ ਈ. ਵਿਚ ਛਪੀ ਚੱਕਰਵਰਤੀ ਜੀ ਦੀ ਰਚਨਾ "ਪਹਿਲਾ ਮਰਣੁ ਕਬੂਲਿ" ਹੈ ਜਿਸ ਵਿਚ ਉਹਨਾਂ ਦਾ ਇੱਕ ਪੂਰਾ ਨਾਵਲ 'ਅਣਖੀਲੀ' ਅਤੇ ਦੋ ਨਾਵਲਿਟ 'ਬੀਤ ਰਾਗ' ਅਤੇ 'ਮੈਂ' ਹਨ।

ਪੰਜਾਬੀ ਵਿਚ ਜਿਸ ਤਰ੍ਹਾਂ ਸਿਖ ਇਤਿਹਾਸ ਨਾਲ ਸਬੰਧਿਤ, ਚਰਨਦਾਸ ਸਹਿਰਾਈ, ਗਿਆਨੀ ਤ੍ਰਿਲੋਕ ਸਿੰਘ, ਕਰਨਲ ਨਰਿੰਦਰਪਾਲ ਸਿੰਘ ਅਤੇ ਕਰਤਾਰ ਸਿੰਘ ਦੁੱਗਲ ਹੋਰਾਂ ਦੇ ਨਾਵਲ ਮਿਲਦੇ ਹਨ ਇਸ ਤਰ੍ਹਾਂ ਹੀ ਇੰਦਰ

Sri Satguru Jagjit Singh Ji eLibrary NamdhariElibrary@gmail.com

ਸਿੰਘ ਚੱਕਰਵਰਤੀ ਨੇ ਆਪਣੇ ਨਾਵਲਾਂ ਦਾ ਵਿਸ਼ਾ ਉਨ੍ਹੀਵੀਂ ਸਦੀ ਦੇ ਨਾਮਧਾਰੀ ਜਾਂ ਕੂਕਾ ਇਤਿਹਾਸ ਨੂੰ ਬਣਾਇਆ ਹੈ। ਇਹਨਾਂ ਨਾਵਲਾਂ ਵਿਚ ਨਾਮਧਾਰੀ ਇਤਿਹਾਸ ਦੀ ਜਾਣਕਾਰੀ ਦੇ ਨਾਲ ਨਾਲ ਕੂਕਾ ਜਥੇਬੰਦੀ, ਕੂਕਾ ਜਨ ਜੀਵਨ, ਕੂਕਾ ਸੱਭਿਆਚਾਰ, ਕੂਕਿਆਂ ਦੇ ਨੈਤਿਕ ਮੁੱਲ ਵਿਧਾਨ ਅਤੇ ਮਾਨਵੀ ਕਦਰਾਂ ਕੀਮਤਾਂ ਨਾਲ ਓਤਪੋਤ ਕੂਕਾ ਸੰਸਕ੍ਰਿਤੀ ਦੇ ਜੀਵੰਤ ਦਰਸ਼ਨ ਹੁੰਦੇ ਹਨ।

ਚੱਕਰਵਰਤੀ ਜੀ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਆਰੰਭ ਵਿਚ ਹੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਪਠਨ ਪਾਠਨ ਲਈ ਸਤਿਗੁਰੂ ਪਰਤਾਪ ਸਿੰਘ ਜੀ (੧੮੯੦-੧੯੫੯ ਈ.) ਦੀ ਸੇਵਾ ਵਿਚ ਆ ਹਾਜ਼ਰ ਹੋਏ ਸਨ। ਉਹਨਾਂ ਦਾ ਪਿੰਡ ਲੱਲ ਕਲਾਂ (ਰਿਆਸਤ ਪਟਿਆਲਾ) ਇਸ ਡੇਰੇ ਤੋਂ ਕੁੱਲ 3 ਮੀਲ ਹੀ ਦੂਰ ਸੀ। ਇਹ ਉਹ ਸਮਾਂ ਸੀ ਜਦੋਂ ਐਸੇ ਸਿੱਖਾਂ ਦੇ ਦਰਸ਼ਨ ਆਮ ਹੀ ਹੋ ਜਾਂਦੇ ਸਨ ਜਿਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਨਾਮਧਾਰੀ ਪੰਥ ਵਿਚ ਦਾਖਲਾ ਲਿਆ ਸੀ। ਉਹਨਾਂ ਦੇ ਬਿਅੰਤ ਚੋਜ ਅਤੇ ਕਾਰਨਾਮੇ ਆਪ ਨੇਤਰਾਂ ਨਾਲ ਨਿਹਾਰੇ ਸਨ। ਜ਼ਿੰਮੇਵਾਰੀਆਂ ਤੇ ਰਹੇ ਸਨ। ਉਹ ਰੰਗੂਨ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਏ ਸਨ। ਉਹਨਾਂ ਤੋਂ ਪੰਜਾਬ ਵਿਚਲੀ ਸੰਗਤ ਲਈ, ਬਿਰਹੋਂ ਕੁੱਠਿਆਂ ਦੇ ਤੜਪਦੇ ਹਿਰਦਿਆਂ ਨੂੰ ਠਾਰਨ ਲਈ, ਪਵਿੱਤਰ ਹੁਕਮਨਾਮੇ ਲੈ ਕੇ ਆਏ ਸਨ। ਚੱਕਰਵਰਤੀ ਜੀ ਨਾਨਕੇ ਦਾਦਕੇ ਦੋਹਾਂ ਪਰਿਵਾਰਾਂ ਵਲੋਂ ਟਕਸਾਲੀ ਨਾਮਧਾਰੀ ਘਰਾਂ ਨਾਲ ਜੁੜੇ ਸਨ। ਇਸ ਲਈ ਨਾਮਧਾਰੀ ਇਤਿਹਾਸ ਦੇ ਪਰੰਪਰਾਗਤ ਸੋਮੇ ਸਮੇਤ ਸਤਿਗੁਰੂ ਪਰਤਾਪ ਸਿੰਘ ਜੀ, ਉਹਨਾਂ ਦੇ ਮਾਤਾ ਜੀਵਨ ਕੌਰ ਜੀ, ਬਹੁਤ ਸਾਰੇ ਬਿਰਧ ਨਾਮਧਾਰੀ ਸੰਤ ਮਹੰਤ ਸੂਬੇ ਅਤੇ ਹੋਰ ਮਹਾਤਮਾ, ਚੱਕਰਵਰਤੀ ਜੀ ਦੇ ਨਿਜੀ ਸੰਪਰਕ ਵਿਚ ਸਨ। ਇਸ ਲਈ ਉਹ ਇਤਿਹਾਸਕ ਜਾਣਕਾਰੀ ਦੇ ਪ੍ਰਥਮ ਸਰੋਤਾਂ ਤੱਕ ਸਿੱਧੀ ਪਹੁੰਚ ਰੱਖਦੇ ਸਨ। ਇਸੇ ਜਾਣਕਾਰੀ ਦੀ ਮੂੰਹ ਬੋਲਦੀ ਤਸਵੀਰ ਉਹਨਾਂ ਦੀਆਂ ਰਚਨਾਵਾਂ ਵਿਚ ਹਾਜ਼ਰ ਨਾਜ਼ਰ ਰਹਿੰਦੀ ਹੈ।

"ਬੀਰ ਰਾਗ" ਨਾਵਲੈਟ ਦਾ ਮੁੱਖ ਪਾਤਰ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਭੈਣੀ ਸਾਹਿਬ ਵਿਖੇ ਸਥਾਪਿਤ ਪੰਜ ਮੁੱਖ ਸੂਬਿਆਂ ਦੀ ਕੂਕਾ ਪੰਚਾਇਤ ਦਾ ਪਰਧਾਨ ਬਾਬਾ ਜਵਾਹਰ ਸਿੰਘ ਸੂਬਾ ਹੈ। ਉਸਦਾ ਜਨਮ ਸੰਮਤ ੧੮੫੭ ਬਿਕ੍ਰਮੀ ਵਿਚ ਜਗਰਾਵਾਂ ਦੇ ਤਪੇ ਵਿਚ ਲਪੋ ਪਿੰਡ ਵਿਚ ਹੋਇਆ। ਵਡੇਰੇ ਸੋਹਲ ਨਗਰ (ਪਰਗਨਾ ਤਰਨ ਤਾਰਨ) ਤੋਂ ਇੱਥੇ ਆਏ ਸਨ। ਪਿਤਾ ਬਚਪਨ ਵਿਚ ਗੁਜ਼ਰ ਗਿਆ ਅਤੇ ਮਾਤਾ ਉਸਨੂੰ ਤੇ ਛੋਟੀ ਭੈਣ ਨੂੰ ਲੈ ਕੇ ਆਪਣੇ ਪੇਕੇ ਡਰੋਲੀ ਭਾਈ (ਫਿਰੋਜ਼ਪੁਰ) ਵਿਖੇ ਆ ਰਹੀ। ਇੱਥੇ ਉਹ ਤੇ ਉਸਦਾ ਇਕ ਮਿੱਤਰ ਗੁਲਾਬ ਸਿੰਘ, ਨਿਰਮਲੇ ਸੰਤ ਸਰਦੂਲ ਸਿੰਘ ਜੀ ਤੋਂ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠੀ ਬਣ ਗਿਆ। ਪੰਜੀ ਵਰ੍ਹੇ ਇੱਥੋਂ ਦੇ ਗੁਰਦੁਆਰੇ, ਇਹਨਾਂ ਦੋਹਾਂ ਸਵਾ ਸਵਾ ਮਣ ਕਣਕ ਲੰਗਰ ਲਈ ਰੋਜ਼ਾਨਾ ਪੀਸੀ। ਫਿਰ ਵੈਰਾਗ ਦੀ ਅਵਸਥਾ ਵਿਚ ਹਰਦੁਆਰ ਗਏ। ਉੱਥੇ ਸਾਧੂਆਂ ਨੂੰ ਭੰਡਾਰਾ ਕੀਤਾ। ਬਸਤਰ ਦਾਨ ਦਿੱਤੇ, ਪਿੱਛੇ ਮਮਤਾ ਮਾਰੀ ਮਾਂ ਪਹੁੰਚ ਗਈ। ਦੋਵੇਂ ਮਾਂ ਪੁੱਤਰ ਫਿਰ ਬਨਾਰਸ ਜਾ ਟਿਕੇ। ਕਈ ਵਰ੍ਹੇ ਉੱਥੇ ਅਧਿਐਨ ਵਿਚ ਬਤੀਤ ਹੋਏ। ਬਨਾਰਸ ਜਾਣ ਤੋਂ ਪਹਿਲਾਂ ਮਾਤਾ ਰੋਕਦੀ ਹੈ ਤਾਂ ਸੰਤ ਜਵਾਹਰ ਸਿੰਘ ਉਸਨੂੰ ਇਸ ਤਰ੍ਹਾਂ ਵੈਰਾਗ ਮਈ ਸਿੱਖਿਆ ਦਿੰਦੇ ਹਨ:

...ਸੋਚੋ ਅਤੇ ਵਿਚਾਰੋ ਬਾਪੂ ਜੀ ਅੱਜ ਕਿੱਥੇ ਹਨ, ਦਾਦਾ ਜੀ ਕਿੱਥੇ ਹਨ, ਭੈਣ ਕਿੱਥੇ ਹੈ ਹੋਰ ਸਬੰਧੀ ਕਿੱਥੇ ਗਏ। ਜਿਵੇਂ ਅੱਜ ਉਹ ਕਿਤੇ ਦਿਸਦੇ ਨਹੀਂ, ਕਿਤੇ ਨਜ਼ਰ ਨਹੀਂ ਆਉਂਦੇ, ਏਵੇਂ ਅਸੀਂ ਵੀ ਇਕ ਦਿਨ ਨਹੀਂ ਹੋਣਾ। ਮਾਤਾ ਜੀ ਮੈਂ ਚੰਗੀ ਤਰ੍ਹਾਂ ਵਿਚਾਰ ਲਿਆ ਹੈ, ਬਹੁਤ ਸੋਚਿਆ ਹੈ। ਬਹੁਤ ਸਮਝਿਆ ਹੈ। ਅੰਤ ਏਸ ਸਿੱਟੇ ਉੱਤੇ ਪੁੱਜਾ ਹਾਂ ਕਿ ਇਹ ਸੰਸਾਰ ਨਾਸ਼ ਰੂਪ ਹੈ।...

"ਮਾਂ ਜੀ, ਸੁਖ ਸੁਖ ਕਰਦਾ ਹੋਇਆ ਮਨੁੱਖ ਨਿੱਤ ਸੁਖ ਦੀ ਭਾਲ ਵਿਚ ਭਟਕਦਾ ਰਹਿੰਦਾ ਹੈ, ਪਰ ਉਸ ਨੂੰ ਸੁਖ ਕਿਤੇ ਨਹੀਂ ਮਿਲਦਾ।... ਸੁਖ ਕੇਵਲ ਇੰਦ੍ਰ ਜਾਲ ਹੈ। ਜਿੱਥੇ ਜੋਬਨ ਤੋਂ ਪਿੱਛੋਂ ਬਿਰਧ ਅਵਸਥਾ ਦਾ ਭੈ ਜੰਮਿਆ ਰਹਿੰਦਾ ਹੈ, ਅਰੋਗਤਾ ਨੂੰ ਵਿਆਧੀ ਦਾ ਭੈ ਹੈ। ਵਿਭੂਤੀ ਪਿੱਛੇ ਦਰਿਦ੍ਰਤਾ ਲੁਕੀ ਰਹਿੰਦੀ ਹੈ। ਉਦਯ, ਅਸਤ ਦਾ ਦ੍ਰਿਸ਼ਯ ਦ੍ਰਿਸ਼ਟੀਗੋਚਰ ਹੁੰਦਾ ਹੈ। ਜੀਵਨ ਨਾਲ ਮੌਤ ਦੀ ਡੋਰ ਬੱਧੀ ਹੋਈ ਹੈ। ਪ੍ਰੇਮ ਵਿਚ ਵਿਯੋਗ ਹੈ। ਉਥੇ ਸੁੱਖ ਕਿੱਥੇ,

Sri Satguru Jagjit Singh Ji eLibrary NamdhariElibrary@gmail.com

ਜਿੱਥੇ ਸਨੇਹ ਉਪਰ ਵਿਸ਼ਵਾਸਘਾਤ ਦਾ ਰਾਜ ਹੈ, ਉਪਕਾਰ ਉਪਰ ਕ੍ਰਿਤਘਨਤਾ ਰਾਜ ਕਰਦੀ ਹੈ, ਈਮਾਨਦਾਰੀ ਮੱਕਾਰੀ ਦੀ ਗੁਲਾਮ ਹੈ, ਉਥੇ ਸੁੱਖ ਕਿਥੋਂ। ਅੰਮੀਏ, ਏਸ ਸੰਸਾਰ ਵਿਚ ਮਨੁੱਖ ਦੀ ਇਕ ਭੀ ਇੱਛਾ ਪੂਰੀ ਨਹੀਂ ਹੋ ਸਕਦੀ। ਸੁੰਦਰ ਫੁੱਲ ਹੱਥ ਵਿਚ ਫੜਦਿਆਂ ਹੀ ਕੁਮਲਾ ਜਾਂਦਾ ਹੈ। ਇੰਦਰ ਧਨੁਸ਼ ਦੇਖਦਿਆਂ ਦੇਖਦਿਆਂ ਛਪ ਜਾਂਦਾ ਹੈ। ਬਿਜਲੀ ਚਮਕ ਕੇ ਉਥੇ ਹੀ ਲੁਕ ਜਾਂਦੀ ਹੈ। ਸੋਹਣੀ ਇਸਤਰੀ ਵਿਭਚਾਰਨੀ ਹੋ ਜਾਂਦੀ ਹੈ। ਮਿੱਤਰ ਅਕ੍ਰਿਤਘਨ ਹੋ ਜਾਂਦਾ ਹੈ। ਛਾਰ ਮਾਰੋ, ਮਾਤਾ ਜੀ! ਮਨੁੱਖ ਅਜੇਹੇ ਸੰਸਾਰ ਵਿਚ ਮਮਤਾ ਰੱਖਦਾ ਹੈ। ਕਿੰਨੇ ਦੁੱਖ ਦੀ ਗੱਲ ਹੈ ਮਾਂ ਦੇ ਜਿਊਂਦੇ ਹੀ ਉਮਡਦਾ ਜੁਆਨ ਪੁੱਤਰ ਚੱਲ ਵਸਦਾ ਹੈ, ਵਿਆਹ ਤੋਂ ਦੂਜੇ ਦਿਨ ਹੀ ਵਰ ਇਕ ਅਨਾਥ ਬਾਲਾ ਨੂੰ ਸਦਾ ਲਈ ਰੋਲਦਾ ਹੋਇਆ ਮਰਘਟ ਦਾ ਮਹਿਮਾਨ ਬਣ ਜਾਂਦਾ ਹੈ, ਜਿੱਥੇ ਸੁਹਾਗਣੀ ਸੱਸ ਦੇ ਸਾਹਵੇਂ ਵਿਧਵਾ ਨੂੰਹ ਦਾ ਦਿਲ-ਚੂਰ ਦ੍ਰਿਸ਼ਯ ਦ੍ਰਿਸ਼ਟੀਗੋਚਰ ਹੁੰਦਾ ਹੈ, ਜਿਸ ਜਗਤ ਵਿਚ ਅਨੇਕਾਂ ਬਾਲਕ ਜੁਆਨ ਹੋਣ ਤੋਂ ਪਹਿਲਾ ਹੀ ਅਲਵਿਦਾ ਹੋ ਜਾਂਦੇ ਹਨ, ਅਨੇਕ ਕੱਚੀਆਂ ਕਲੀਆਂ ਖਿੜਨ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਹਨ, ਮਾਤਾ ਜੀ! ਕੀ ਉਸੇ ਸੰਸਾਰ ਵਿਚ ਹੀ ਆਪ ਮੈਨੂੰ ਲੈ ਜਾਣਾ ਚਾਹੁੰਦੇ ਹੋ?"

ਮਾਤਾ ਤੇ ਪੁੱਤਰ ਦੀਆਂ ਗੱਲਾਂ ਦਾ ਅਸਰ ਹੋਇਆ। ਉਹ ਵੀ ਹੁਣ ਵਾਪਸ ਪਰਤਣ ਤੋਂ, ਭਣੇਵੇਂ ਨੂੰ ਲੈਣ ਆਏ ਭਰਾ ਤੋਂ, ਵਿਹਰ ਗਈ। ਮਾਂ ਪੁੱਤ ਕਿਸੇ ਸ਼ਾਹੂਕਾਰ ਦੇ ਘਰ ਰਹੇ। ਫਿਰ ਨਾਲ ਦੇ ਕਿਸੇ ਸਾਧੂ ਨੇ ਅੰਤ ਸਮਾਂ ਜਾਣ, ਸਰੀਰ ਸ੍ਰੀ ਅੰਮ੍ਰਿਤਸਰ ਤਿਆਗਣ ਦੀ ਖ਼ਾਹਿਸ਼ ਪਰਗਟ ਕੀਤੀ। ਜਵਾਹਰ ਸਿੰਘ ਹੋਰਾਂ ਸਿਰ੍ਹਾਂਦੀ ਵਲੋਂ ਉਹਦਾ ਮੰਜਾ ਚੁੱਕਿਆ ਤੇ ਦੋ ਸਾਧੂ ਪੁਆਂਦੀ ਲਾ ਦਿਤੇ। ਇਉਂ ੧੯੧੫ ਬਿਕ੍ਰਮੀ ਵਿਚ ਅੰਮ੍ਰਿਤਸਰ ਪੁੱਜ ਗਏ ਜਿਥੇ ਦੂਜੇ ਦਿਨ ਸਾਧੂ ਨੇ ਸਰੀਰ ਤਿਆਗ ਦਿਤਾ। ਹੁਣ ਮਾਤਾ ਤਾਂ ਪੇਕੇ ਚਲੀ ਗਈ, ਜਵਾਹਰ ਸਿੰਘ ਹੋਰੀਂ ਲੋਪੋ ਪੁੱਜ ਕੇ ਪਿੰਡੋਂ ਬਾਹਰ ਇਕੰਤ ਡੇਰੇ ਵਿਚ ਟਿਕ ਗਏ। ਸੇਦੋ ਪਿੰਡ ਦੇ ਇਕ ਉਦਾਸੀ ਸਾਧੂ ਨਾਲ ਉਹ ਕਦੇ ਕਦੇ ਪਰਮਾਰਥ ਦੇ ਬਚਨ ਬਿਲਾਸ ਕਰਦੇ ਜੋ ਦੱਸਦਾ ਕਿ ਛੇਤੀ ਹੀ ਅਵਤਾਰ ਪ੍ਰਗਟ ਹੋਣ ਵਾਲਾ ਹੈ। ਦੋ ਸਾਲ ਇਸੇ ਕੁਟੀਆ ਵਿਚ ਵੈਰਾਗੀ ਹਾਲਤ ਵਿਚ ਰਹੇ। ਭਾਈ ਸਮੁੰਦ ਸਿੰਘ ਪਿੰਡ ਖੋਟੇ ਜੋ ਸਤਿਗੁਰੂ ਜੀ ਦੇ ਸੂਬੇ ਬਣੇ ਉਹਨਾ ਪਾਸੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੋਅ ਸੁਣ ਕੇ ਭੈਣੀ ਸਾਹਿਬ ਪੁੱਜ ਗਏ। ਸਤਿਗੁਰੂ ਰਾਮ ਸਿੰਘ ਜੀ ਤਾਂ ਜਿਵੇਂ ਪਹਿਲੋਂ ਹੀ ਆਪ ਦੇ ਸੁਆਗਤ ਲਈ ਤਿਆਰ ਸਨ। ਸਾਧੂ ਦੀ ਏਨੀ ਸੇਵਾ ਕੀਤੀ ਕਿ ਉਹ ਮੋਹਿਆ ਗਿਆ ਤੇ ਉਸ ਵੀ ਸਮਝ ਲਿਆ ਕਿ ਮੇਰਾ ਟਿਕਾਣਾ ਇਹੋ ਹੈ। ਇੱਥੇ ਹੀ ਜਿਸ ਬੀਬੀ ਨਾਲ ਜਵਾਹਰ ਸਿੰਘ ਹੋਰਾਂ ਦੀ ਜੁਆਨੀ ਵੇਲੇ ਕੁੜਮਾਈ ਹੋਈ ਸੀ ਉਹ ਮਿਲਦੀ ਹੈ, ਕਿਉਂਕਿ ਉਸ ਦਾ ਵੀ ਇਹ ਪ੍ਰਣ ਸੀ ਕਿ ਜੇ ਮੰਗੇਤਰ ਨੇ ਦੁਨੀਆਂ ਛੱਡ ਦਿੱਤੀ ਹੈ ਤਾਂ ਉਹ ਇਸ ਬੰਧਨ ਵਿਚ ਕਿਉਂ ਪਵੇ? ਜਵਾਹਰ ਸਿੰਘ ਨੂੰ ਸਿੰਘ ਸਜਾ ਕੇ ਸਤਿਗੁਰੂ ਜੀ ਨੇ ਰਾਮਦਾਸ ਪੁਰੇ (ਸ੍ਰੀ ਭੈਣੀ ਸਾਹਿਬ) ਦਾ ਪਹਿਲਾ ਗ੍ਰੰਥੀ ਥਾਪਿਆ। ਬਾਬਾ ਜੀ ਦੀ ਮਾਈ ਵੀ ਡੇਰੇ ਹੀ ਆ ਟਿਕੀ। ਸਤਿਗੁਰੂ ਜੀ ਆਪ ਦਾ ਬਹੁਤ ਅਦਬ ਕਰਦੇ ਸਨ ਅਤੇ ਬਾਬਾ ਜੀ ਕਹਿ ਕੇ ਬੁਲਾਇਆ ਕਰਦੇ ਸਨ। ਹੋਰ ਕਈ ਸਾਧੂ ਵੀ ਭਿੰਨ ਭਿੰਨ ਭੇਖਾਂ ਵਿਚੋਂ ਆਏ ਸਤਿਗੁਰੂ ਜੀ ਨੇ ਨਾਮ ਰੂਪੀ ਜਹਾਜ਼ ਤੇ ਚਾਹੜ ਦਿਤੇ।

ਬਾਬਾ ਜੀ ਪਹਿਲਾਂ ਭਗਵੇਂ ਬਸਤਰ ਦੀ ਗਾਤੀ ਅਤੇ ਸੀਸ ਤੇ ਵੀ ਭਗਵਾ ਪਰਨਾ ਧਾਰਨ ਕਰਦੇ ਸਨ। ਪਰ ਸਿੰਘ ਸਜਣ ਬਾਦ ਚਾਰ ਬਸਤਰ ੧. ਕੁੜਤਾ ੨. ਪਜਾਮਾ ੩. ਅੰਗਰਖਾ ੪. ਦਸਤਾਰਾ ਆਪ ਨੂੰ ਬਖ਼ਸ਼ੇ ਗਏ ਜੋ ਸਤਿਗੁਰੂ ਜੀ ਨਾਲ ਬਾਹਰ ਜਾਣ ਸਮੇਂ ਧਾਰਨ ਕਰ ਕੇ ਘੋੜੇ ਤੇ ਚੜ੍ਹਦੇ। ਅੱਗੇ ਪਿਛੇ ਗਾਤੀ ਵਾਲੀ ਨਿਰਮਲ ਵੇਸ ਰੂਖਾ ਹੀ ਰੱਖਦੇ। ਇੱਥੇ ਡੇਰੇ ਵਿਚੋਂ ਆਪ ਦਾ ਟਿਕਾਣਾ ਕੱਖਾਂ ਦੀ ਇਕ ਕੁੱਲੀ ਵਿਚ ਹੀ ਸੀ। ਜਦੋਂ ਸਤਿਗੁਰੂ ਜੀ ਤੇ ਸਰਕਾਰ ਵਲੋਂ ਰੋਕ ਲੱਗੀ ਤਾਂ ਸੂਬਾ ਜਵਾਹਰ ਸਿੰਘ ਹੋਰਾਂ ਨੂੰ ਮਾਲਵੇ ਦੇ ਇਲਾਕੇ ਵਿਚ ਪਰਚਾਰ ਲਈ ਭੇਜਿਆ। ਫਿਰ ਕੂੰਚਰ ਬੰਧ ਵਾਲੇ ਸਾਕਿਆਂ ਤੋਂ ਬਾਅਦ ੧੮੭੨ ਈ. ਵਿਚ ਸਤਿਗੁਰੂ ਜੀ ਤੇ ੧੦ ਹੋਰ ਸੂਬਿਆਂ ਨੂੰ ਅਲਾਹਾਬਾਦ ਭੇਜ ਦਿਤਾ। ਸਤਿਗੁਰੂ ਜੀ ਨੂੰ ਇਥੋਂ ਰੰਗੂਨ ਅਤੇ ਬਾਬਾ ਜਵਾਹਰ ਸਿੰਘ, ਬਾਬਾ ਬ੍ਰਹਮਾ ਸਿੰਘ ਅਤੇ ਬਾਬਾ ਲੱਖਾ ਸਿੰਘ ਤਿੰਨਾਂ ਸੂਬਿਆਂ ਨੂੰ ਮੌਲਮੀਨ (ਬਰਮਾ) ਵਿਚ ਭੇਜ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੇ ਨਾਮਧਾਰੀ ਪੰਥ ਨੂੰ ਬਿਹਬਲ ਕਰ ਦਿਤਾ। ਚੱਕਰਵਰਤੀ ਜੀ ਵਿਛੋੜੇ ਦੀ

Sri Satguru Jagjit Singh Ji eLibrary NamdhariElibrary@gmail.com

ਇਸ ਤੀਬਰਤਾ ਨੂੰ ਪੰਜਾਬੀ ਸ਼ਾਇਰਾਂ ਅਤੇ ਗੁਰਬਾਣੀ ਦੇ ਹਵਾਲਿਆਂ ਨਾਲ ਹੋਰ ਤੀਬਰ ਕਰਨ ਵਿਚ ਬੜੇ ਸਫਲ ਹੋਏ ਹਨ

"ਆਵਨ ਆਵਨ ਕਹਿ ਗਏ ਸਾਨੂੰ
ਤੇ ਕਦ ਹੋਸੀ ਇਹ ਆਵਣ।
ਜਿਸ ਦਿਨ ਦੇ ਸਾਨੂੰ ਆਵਨ ਕਹਿ ਗਏ
ਸਾਨੂੰ ਛੁੱਟਾ ਪਹਿਨਣ ਖਾਵਣ।
ਸੌਂਜੀ ਮੇਰੀ ਭਾਦੋਂ ਲਾਇਆ,
ਖੇਤੀ ਲਾਇਆ ਸਾਵਣ।
ਦਿਲ ਦੇ ਮਹਿਰਮ ਬਾਝ "ਬਿਹਾਰੀ"
ਹੱਸ ਬੋਲਣ ਤੇ ਪਛਤਾਵਣ।"[੩੪]

ਨਾਮਧਾਰੀ ਸਿੰਘ ਭੇਸ ਬਦਲ ਕੇ ਰਸਤੇ ਦੀਆਂ ਤੰਗੀਆਂ ਸਹਾਰਦੇ ਹੋਏ, ਰੰਗੂਨ ਪੁੱਜਦੇ ਤੇ ਸਤਿਗੁਰੂ ਜੀ ਦਾ ਦਰਸ਼ਨ ਕਰ ਕੇ ਸੀਨਾ ਠਾਰਦੇ ਸਨ। ਸੰਮਤ ੧੯੩੪ ਬਿਕ੍ਰਮੀ ਵਿਚ ਸਾਵਣ ਦੇ ਮਹੀਨੇ ਬਾਬਾ ਹੀਰਾ ਸਿੰਘ ਜੀ ਸਢੌਰਾ (ਅੰਬਾਲਾ), ਭਾਈ ਵਸਾਖਾ ਸਿੰਘ ਜੀ ਵਡਾਲਾ ਵੀਰਮ (ਅੰਮ੍ਰਿਤਸਰ), ਬਾਬਾ ਲਾਲ ਸਿੰਘ ਲਤਾਲਾ (ਲੁਧਿਆਣਾ) ਅਤੇ ਭਾਈ ਹਰਨਾਮ ਸਿੰਘ ਲਖਾਣਾ (ਰਿਆਸਤ ਪਟਿਆਲਾ) ਰੰਗੂਨ ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਲਾਭਵੰਤ ਹੋਏ। ਬਾਬਾ ਹੀਰਾ ਸਿੰਘ ਤੋਂ ਬਿਨਾਂ ਬਾਕੀ ਤਿੰਨੇ, ਤਿੰਨਾਂ ਸੂਬਿਆਂ ਨੂੰ ਮੋਲਮੀਨ ਵਿਖੇ ਮਿਲ ਕੇ ਆਏ। ਹੀਰਾ ਸਿੰਘ ਨੂੰ ਅਗਲੇ ਦਿਨ ਸਤਿਗੁਰੂ ਜੀ ਨੇ ਹੁਕਮਨਾਮਾ ਦੇਣਾ ਸੀ। ਅੱਠ ਸਾਲ ਦਾ ਬੰਦੀ ਜੀਵਨ ਬਿਤਾਉਣ ਬਾਅਦ ਸੂਬਾ ਜਵਾਹਰ ਸਿੰਘ ਜੀ ੧੯੩੬ ਬਿਕ੍ਰਮੀ ਵਿਚ ਪਰਲੋਕ ਸੁਧਾਰ ਗਏ।

'ਬੀਰ ਰਾਗ' ਚੱਕਰਵਰਤੀ ਜੀ ਦੁਆਰਾ ਲਿਖਿਆ ਪਹਿਲਾ ਨਾਵਲਿਟ ਹੈ। ਕਲਾਤਮਕ ਪੱਖੋਂ ਭਾਵੇਂ ਇਸ ਵਿਚ ਪੁਖ਼ਤਗੀ ਨਹੀਂ। ਕਥਾ ਪ੍ਰਵਾਹ ਵੀ ਇਕ ਰਸ ਨਹੀਂ ਚੱਲਦਾ। ਗੁਰਬਾਣੀ ਤੇ ਹੋਰ ਭਾਰੀ ਭਰਕਮ ਕਾਵਿ ਟੂਕਾਂ ਕਿਤੇ ਕਿਤੇ ਸਥਿਤੀ ਨੂੰ ਬੋਝਲ ਵੀ ਬਣਾਉਂਦੀਆਂ ਹਨ। ਇਸ ਦਾ ਕਥਾਨਕ ਵੀ ਪੰਜਾਬ ਦੇ ਪਿੰਡਾਂ ਕਸਬਿਆਂ ਸ਼ਹਿਰਾਂ ਲੋਪੋ, ਭਰੋਲੀ ਭਾਈ, ਸੇਦੋਂ, ਸ੍ਰੀ ਭੈਣੀ ਸਾਹਿਬ, ਖੋਟੇ, ਸ੍ਰੀ ਅੰਮ੍ਰਿਤਸਰ, ਹਰਦੁਆਰ, ਬਨਾਰਸ ਤੋਂ ਲੈ ਕੇ ਬ੍ਰਿਟਿਸ਼ ਬਰਮਾ ਦੇ ਸ਼ਹਿਰਾਂ ਰੰਗੂਨ ਤੇ ਮੋਗਮਈ ਤੱਕ ਫੈਲਿਆ ਹੋਇਆ ਹੈ। ਉਨ੍ਹੀਵੀਂ ਸਦੀ ਦੇ ਪੰਜਾਬ ਦੇ ਲੋਕ ਜੀਵਨ ਦੇ ਦਰਸ਼ਨ ਹੁੰਦੇ ਹਨ। ਜ਼ਮੀਨਾਂ ਖੁਲ੍ਹੀਆਂ ਮਾਲ ਡੰਗਰ ਖੁੱਲ੍ਹੇ ਵਿਚਰਦੇ ਤੇ ਰੱਜਵਾਂ ਦੁੱਧ ਘਿਓ, ਪੰਜਾਬੀਆਂ ਦੀ ਨਰੋਈ ਖ਼ੁਰਾਕ ਦਾ ਹਿੱਸਾ ਹੈ। ਲੋਕ ਧਰਮ ਪ੍ਰੇਮੀ ਹਨ। ਸੇਵਾ ਸਿਮਰਨ ਵੱਲ ਧਿਆਨ ਹੈ। ਸਾਧੂ ਦੇਸ਼ਾਟਨ ਕਰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਥੋੜ੍ਹੇ ਵਰ੍ਹਿਆਂ ਵਿਚ ਹੀ ਆਪਣੀ ਮਿਕਨਾਤੀਸੀ ਸ਼ਖ਼ਸੀਅਤ ਨਾਲ, ਜਿਵੇਂ ਅਨਮਤੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਕੇ ਇਕ ਸਮਤਾ ਮੂਲਕ ਸਮਾਜਿਕ ਆਰਥਿਕ ਪ੍ਰਬੰਧ ਦੀ ਉਸਾਰੀ ਕਰਨ ਲਈ, ਬ੍ਰਿਟਿਸ਼ ਸੱਤਾ ਨੂੰ ਵੰਗਾਰਿਆ, ਉਹ ਛੋਟੀ ਗੱਲ ਨਹੀਂ। ਕੁਝ ਤਕਨੀਕੀ ਨੁਕਸਾਂ ਦੇ ਬਾਵਜੂਦ ਵੀ ਪੰਜਾਬੀ ਦੇ ਇਤਿਹਾਸਕ ਨਾਵਲਾਂ ਵਿਚ 'ਬੀਰ ਰਾਗ' ਦਾ ਆਪਣੀ ਮੋਢੀ ਭੂਮਿਕਾ ਕਾਰਨ ਜ਼ਿਕਰ ਹੁੰਦਾ ਰਹੇਗਾ।

ਇਸ ਤ੍ਰੈ-ਲੜੀ ਵਿਚ ਦੂਸਰਾ ਤੇ ਮਹੱਤਵਪੂਰਨ ਨਾਵਲ ਹੈ "ਅੜਬੰਗੀ"। ਇਹ ਸੰਤ ਇੰਦਰ ਸਿੰਘ ਚੱਕਰਵਰਤੀ ਦਾ ਚਰਚਿਤ ਨਾਵਲ ਹੈ ਜੋ ਪਹਿਲਾ ੧੯੬੦ ਈ. ਦੇ ਲਾਗੇ ਚਾਗੇ ਛਪਿਆ ਸੀ। ਅੜਬੰਗੀ ਉਸਦੀ ਅੱਲ ਹੈ, ਪੂਰਾ ਨਾਂ ਭਗਵਾਨ ਸਿੰਘ, ਸੰਧੂ ਗੋਤ ਦੇ ਮਰਹਾਣਾ (ਅੰਮ੍ਰਿਤਸਰ) ਦੇ ਜੱਟ ਪਰਿਵਾਰ ਵਿਚੋਂ ਹੈ। ਗੁਰੂ ਰਾਮ ਸਿੰਘ ਜੀ ਦੇ ਲੜ ਲੱਗਣ ਤੋਂ ਬਾਅਦ ਉਸਦੀ ਜਾਤ ਗੋਤ ਨਾਮਧਾਰੀ ਜਾਂ ਕੂਕਾ ਬਣ ਗਈ ਤੇ ਉਹ ਪੰਜਾਬ ਜਾਂ ਆਲੇ ਦੁਆਲੇ ਦੀਆਂ ਰਿਆਸਤਾਂ ਵਿਚ ਇਸ ਤਰ੍ਹਾਂ ਵਿਚਰਦਾ ਹੈ ਜਿਵੇਂ ਹਰ ਕੂਕਾ ਉਸਦਾ ਮਾਂ ਜਾਇਆ ਭੈਣ ਭਰਾ ਹੋਵੇ ਤੇ ਉਹ ਉਹਨਾਂ ਦੀ ਆਨ ਬਾਨ ਤੇ ਸ਼ਾਨ ਦਾ ਰਾਖਾ ਹੈ। ਨਾਮਧਾਰੀ ਅੰਦੋਲਨ ਦੇ ਪਰਵਰਤਕ ਸਤਿਗੁਰੂ ਰਾਮ ਸਿੰਘ ਜੀ ਨੇ ਭਾਵੇਂ ਆਪਣੇ ਸਿੱਖਾਂ ਨੂੰ ਸ਼ਾਂਤਮਈ ਦਾ ਪਾਠ ਪੜ੍ਹਾਕੇ ਅੰਦੋਲਨ ਨੂੰ ਅਹਿੰਸਕ ਘੇਰੇ ਵਿੱਚ ਰੱਖ ਕੇ ਸਰਕਾਰ ਬਰਤਾਨਵੀ ਵਿਰੁੱਧ

Sri Satguru Jagjit Singh Ji eLibrary NamdhariElibrary@gmail.com

ਅਸਹਿਯੋਗ ਦਾ ਬਿਗਲ ਵਜਾ ਦਿੱਤਾ ਸੀ ਪਰ ਜਿਵੇਂ ਕਿਸੇ ਸਿਆਣੇ ਨੇ ਆਖਿਆ ਹੈ ਕਿ ਸ਼ਬਦਾਂ ਨਾਲ ਖੰਡਨ ਕਦੇ ਵੀ ਹਥਿਆਰਾਂ ਨਾਲ ਖੰਡਨ ਦਾ ਥਾਂ ਨਹੀਂ ਲੈ ਸਕਦਾ ਤੇ ਸਾਰੇ ਹੀਲੇ ਸਿਰੋਂ ਟੱਪਣ ਤੇ ਤਲਵਾਰ ਦੀ ਵਰਤੋਂ ਨੂੰ ਗੁਰੂ ਸਾਹਿਬ ਨੇ ਵੀ ਜਾਇਜ਼ ਠਹਿਰਾਇਆ ਹੈ, ਇਸੇ ਤਰ੍ਹਾਂ ਅੰਗਰੇਜ਼ ਸਰਕਾਰ ਵਲੋਂ ਜਦੋਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਮੁਤਾਬਿਕ, ਵੱਖ ਵੱਖ ਫਿਰਕਿਆਂ ਦੇ ਖਾਣ, ਪੀਣ ਦੇ ਅਧਿਕਾਰਾਂ ਦੀ ਰਾਖੀ ਦੇ ਨਾਂ ਹੇਠ, ਅੰਮ੍ਰਿਤਸਰ ਜਹੇ ਸਿੱਖੀ ਦੇ ਕੇਂਦਰ ਵਿਖੇ ਵੀ ਬੁੱਚੜਖ਼ਾਨੇ ਖੋਹਲ ਕੇ ਗਊ ਵੱਧ ਸ਼ੁਰੂ ਕਰਵਾ ਦਿਤਾ ਤਾਂ ਦੇਸ਼ ਭਗਤ ਪੰਜਾਬੀਆਂ ਦੀ ਕੌਮੀ ਅਣਖ ਨੇ ਉਬਾਲਾ ਖਾਧਾ ਅਤੇ ਨਾਮਧਾਰੀ ਸਿੰਘਾਂ ਨੇ ਭਗੌਤੀਆਂ ਧੂਹ ਕੇ ਸਰਕਾਰੀ ਸ਼ਹਿ ਤੇ ਲੱਗੇ ਬੁੱਚੜਖ਼ਾਨਿਆਂ ਨੂੰ ਤਹਿ ਤੇਗ ਕਰ ਦਿੱਤਾ। ਇਹੋ ਘਟਨਾ ਰਾਇਕੋਟ, ਮੁਰਿੰਡੇ ਅਤੇ ਮਲੇਰਕੋਟਲਾ ਵਿਚ ਵੱਡੇ ਪੱਧਰ ਤੇ ਦੁਹਰਾਈ ਗਈ। ਸਿੰਘ ਫਾਂਸੀਆਂ ਤੇ ਲਟਕਾਏ, ਤੋਪਾਂ ਅੱਗੇ ਉਡਾਏ। ਮਹੱਤਵਪੂਰਨ ਸੂਬੇ ਅਤੇ ਸਤਿਗੁਰੂ ਜੀ ਦੇਸ਼ ਬਦਰ ਕਰ ਦਿੱਤੇ ਗਏ। ੨੩ ਜਨਵਰੀ ੧੮੭੨ ਈ. ਨੂੰ ਪੰਜਾਬ ਸਰਕਾਰ ਨੇ ਪੰਜ ਤੋਂ ਵੱਧ ਕੂਕਿਆਂ ਦੇ ਕਿਤੇ ਵੀ ਇਕੱਠੇ ਹੋਣ ਤੇ ਰੋਕ ਲਾ ਦਿੱਤੀ। ਫਿਰ ਸ਼ੁਰੂ ਹੋਇਆ ਕੂਕਿਆਂ ਤੇ ਸਖ਼ਤੀਆਂ ਦਾ ਦੌਰ। ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਬੂਹੇ 'ਤੇ ਪੁਲੀਸ ਚੌਕੀ ਸਥਾਪਿਤ ਕਰ ਦਿਤੀ। ਪਹਿਲਾਂ ਪੰਜ ਤੇ ਫਿਰ ਦਸ ਕੂਕੇ ਅੱਠੀਂ ਪਹਿਰੀਂ ਗੁਰੂ ਹਰੀ ਸਿੰਘ ਜੀ (੧੮੨੦-੧੯੦੬ ਈ.) ਦੇ ਦਰਸ਼ਨਾਂ ਲਈ ਮਨਜ਼ੂਰੀ ਲੈ ਕੇ ਡੇਰੇ ਵਿਚ ਦਾਖ਼ਲ ਹੁੰਦੇ ਅਤੇ ਅਗਲੇ ਦਿਨ ਉਹ ਤੁਰ ਜਾਂਦੇ ਤਾਂ ਨਵੇਂ ਹੋਰ ਆ ਜਾਂਦੇ। ਭੈਣੀ ਸਾਹਿਬ ਦੇ ਟਿੱਬਿਆਂ ਤੇ ਸਾਰੇ ਪੰਜਾਬ ਦੇ ਪਿੰਡਾਂ ਤੋਂ ਆਏ ਨਾਮਧਾਰੀ ਸਿੰਘ ਆਪਣੀ ਵਾਰੀ ਦੀ ਉਡੀਕ ਵਿਚ ਝੱਖੜ ਝਾੜਾਂ ਵਿਚ ਲੁਕ ਛਿਪ ਕੇ ਦਿਨ ਕਟੀ ਕਰਦੇ। ਸਰਕਾਰ ਨੇ ਮਿਸਲਾਂ ਦਾ ਪੇਟ ਭਰਨ ਲਈ ਪੰਜਾਬ ਦੇ ਉਹਨਾਂ ਸਾਰੇ ਜ਼ਿਲ੍ਹਿਆਂ ਵਿਚੋਂ ਜਿੱਥੇ ਕੂਕਿਆਂ ਦੀ ਗਿਣਤੀ ਮਾਅਕੂਲ ਸੀ, ਚੌਕੀਦਾਰਾਂ, ਲੰਬੜਦਾਰਾਂ, ਜ਼ੈਲਦਾਰਾਂ, ਸਫ਼ੈਦਪੋਸ਼ਾਂ, ਧਾਰਮਿਕ ਡੇਰੇਦਾਰਾਂ, ਰਈਸ, ਸ਼ਾਹੂਕਾਰਾਂ, ਰਾਜਿਆਂ, ਰਜਵਾੜਿਆਂ ਤੋਂ ਲਿਖਵਾ ਲਿਆ ਕਿ ਕੂਕੇ ਪੁਰਾਣੀ ਰਹੁ ਰੀਤ ਦੇ ਚਿੰਨ੍ਹਾਂ ਮੜ੍ਹੀਆਂ ਮਸਾਣਾਂ, ਗੋਰਾਂ-ਕਬਰਾਂ, ਮੱਠਾਂ ਨੂੰ ਢਾਹ ਰਹੇ ਹਨ। ਪੀਰਾਂ, ਪੰਡਿਤਾਂ, ਪੁਰੋਹਿਤਾਂ, ਢੌਂਗੀ, ਡੇਰੇ, ਦੇਵੀ ਦੇਵਤਿਆਂ, ਸ਼ੇਖਾਂ, ਭਰਾਈਆਂ ਦੇ ਧਾਰਮਿਕ ਜੀਵਨ ਵਿਚੋਂ ਸਰਦਾਰੀ ਨੂੰ ਵੰਗਾਰ ਕੇ ਨਿਰੋਲ ਗੁਰਮਤ ਦੀ ਚਾਲੀ ਚੱਲਣ ਦਾ ਪਰਚਾਰ ਕਰਦੇ ਹੋਏ ਇਹ ਵੀ ਕਹਿ ਰਹੇ ਹਨ ਕਿ "ਖਾਲਸਾ ਜੀ ਕਾ ਰਾਜ ਹੋਸੀ। ਉਨਕੇ ਆਗੇ ਅਤੇ ਨਾ ਕੋਸੀ।" ਉਹ ਪੰਜਾਬ ਦੇ ਅੰਤਿਮ ਮਹਾਰਾਜੇ ਦਲੀਪ ਸਿੰਘ ਨੂੰ ਰੂਸੀ ਸਰਕਾਰ ਦੀ ਮੱਦਦ ਨਾਲ ਫਿਰ ਪੰਜਾਬ ਦੀ ਗੱਦੀ ਤੇ ਬਹਾ ਕੇ ਸਿੱਖ ਰਾਜ ਦੀ ਪੁਨਰਸਥਾਪਨਾ ਲਈ ਲਗਾਤਾਰ ਯਤਨਸ਼ੀਲ ਹਨ। ਅਜਿਹੇ ਸਮੇਂ ਸਾਰੇ ਹੀ ਸਰਕਾਰੀ ਧਾਣਕੇ, ਟੁਕੜ ਬੋਚ, ਤਾਜ ਬਰਤਾਨਵੀ ਦੀ ਵਫ਼ਾਦਾਰ ਪਰਜਾ ਹੋਣ ਦਾ ਦਮ ਭਰਨ ਲਈ ਇੱਕ ਹੀ ਸਬੂਤ ਦੇ ਰਹੇ ਸਨ – ਨਾਮਧਾਰੀਆਂ ਦੀ ਹਰ ਤਰ੍ਹਾਂ ਨਾਲ ਘੇਰੇਬੰਦੀ ਕਰਨੀ। ਉਹਨਾਂ ਨੂੰ ਤੰਗ ਕਰਨ ਦਾ ਕੋਈ ਮੌਕਾ ਹੱਥੋਂ ਜਾਣ ਨਾ ਦੇਣਾ। ਸਰਕਾਰੀ ਅਧਿਕਾਰੀ ਤੇ ਵਫ਼ਾਦਾਰ ਪਰਜਾ ਕੂਕਿਆਂ ਪਿੱਛੇ ਦੋਵੇਂ ਹੱਥ ਧੋ ਕੇ ਹਰਲ ਹਰਲ ਕਰਦੀ ਫਿਰ ਰਹੀ ਸੀ। ਅਜਿਹੀ ਬਿਪਤਾ ਦੇ ਸਮੇਂ ਪੰਥ ਦੋਖੀਆਂ ਨੂੰ ਸੋਧਾ ਲਾਉਣ ਲਈ ਜਿਹਨੇ ਆਪਣੇ ਮੂੰਡੇ ਤੇ ਹੱਥ ਰੱਖਿਆ ਸੀ ਉਹੋ ਸਿੰਘ ਸੀ ਭਗਵਾਨ ਸਿੰਘ ਉਰਫ਼ ਅਗਬੰਗੀ। ਉਹ ਸ਼ਾਂਤਮਈ ਕੂਕਿਆਂ ਵਿਚੋਂ ਅਪਵਾਦ ਸਰੂਪ ਉਗਰਾਂ ਖਾੜਕੂ ਧਾਰਾ ਦਾ ਪਰਤੀਕ ਸੀ। ਉਹ ਅੰਮ੍ਰਿਤਸਰ ਬੁੱਚੜ ਬੱਧ ਤੋਂ ਲੈ ਕੇ ਸਾਰੇ ਹੀ ਬੁੱਚੜ ਬੱਧ ਸਾਕਿਆਂ ਵਿਚ ਸ਼ਾਮਿਲ ਸੀ। ਉਸ ਤੇ ਕੁਝ ਕੇਸਾਂ ਵਿਚ ਮੁਕੱਦਮੇ ਵੀ ਚੱਲਦੇ ਰਹੇ ਪਰ ਉਹ ਹਰ ਕੇਸ ਵਿਚੋਂ ਕਿਸਮਤ ਦਾ ਬਲੀ ਹੋਣ ਕਾਰਨ ਬਰੀ ਹੋ ਜਾਂਦਾ ਰਿਹਾ। ਆਪਣੇ ਨਾਵਲ ਵਿਚ ਉਸਨੂੰ ਮੁੱਖ ਪਾਤਰ ਬਣਾ ਕੇ ਜੋਤ ਇੰਦਰ ਸਿੰਘ ਚੱਕਰਵਰਤੀ ਨੇ ਨਾਮਧਾਰੀ ਇਤਿਹਾਸ ਦੀ ਠੋਸ ਤਰਜਮਾਨੀ ਕੀਤੀ ਹੈ ਅਤੇ ਚੜ੍ਹਦੀ ਕਲਾ ਵਾਲੇ ਪੰਜਾਬੀ ਜਨ ਜੀਵਨ ਵਿਚ ਮਕਬੂਲੀਅਤ ਹਾਸਲ ਕਰਨ ਵਾਲੇ, ਲੋਕ ਨਾਇਕ ਦੀ ਸਿਰਜਣਾ ਕਰਕੇ, ਪੰਜਾਬ ਦੀ ਬੀਰ ਗਾਥਾ ਨੂੰ ਚਾਰ ਚੰਨ ਲਾਏ ਹਨ।

ਇਸ ਨਾਵਲ ਲਈ ਚੱਕਰਵਰਤੀ ਨੇ ਡਾਇਰੀ ਤਕਨੀਕ ਦੀ ਵਰਤੋਂ ਕੀਤੀ ਹੈ। ਡਾਇਰੀ ਲਿਖਣ ਵਾਲੇ ਵੀ ਭਾਵੇਂ ਨਾਵਲ ਅਗਬੰਗੀ ਦੇ ਪਾਤਰ ਹਨ ਪਰ ਲੁਧਿਆਣੇ ਦਾ ਪੁਲੀਸ ਕਪਤਾਨ ਐਸ.ਪੀ. ਵਾਰਬਰਟਨ, ਜੋ ਕੂਕਿਆਂ ਦਾ ਖੁਰਾ ਖੋਜ ਮਿਟਾਉਣ ਲਈ, ਉਚੇਚਾ ਇੱਥੇ ਲਿਆਂਦਾ ਗਿਆ ਸੀ ਤੇ ਲੰਮਾ ਸਮਾਂ ਇੱਥੇ ਟਿਕਿਆ ਰਿਹਾ ਸੀ, ਉਹ

Sri Satguru Jagjit Singh Ji eLibrary NamdhariElibrary@gmail.com

ਅੜਬੰਗੀ ਜੀ ਦੇ ਮੁਕਾਬਲੇ ਵਿਚ ਇਸ ਨਾਵਲ ਦਾ ਖਲਨਾਇਕ ਹੈ। ਜਿੱਥੇ ਅੜਬੰਗੀ ਜੀ ਬਚਨ ਦੇ ਧਨੀ ਬੋਲ ਤੋਲ ਦੇ ਪੂਰੇ, ਦੀਨ ਦੁਖੀ ਦੇ ਰਾਖੇ, "ਸੋਤਾ ਮਾਨੋਂ ਦੂਤਾਂ ਡਾਨੋ" ਦੀ ਕਸਵੱਟੀ ਤੇ ਖਰੇ ਉਤਰਨ ਵਾਲੇ ਹਨ ਉੱਥੇ ਉਪਰੋਕਤ ਪੁਲੀਸ ਕਪਤਾਨ ਛਲ ਵਲ ਵਿਚ ਮਾਹਿਰ, ਪੈਰ ਪੈਰ ਤੇ ਝੂਠ ਬੋਲਣ ਵਾਲਾ, ਬਰਤਾਨਵੀ ਰਾਜ ਦੀ ਤਾਕਤ ਦੇ ਨਸ਼ੇ ਵਿਚ ਚੂਰ, ਸਿੱਧੇ ਸਾਦੇ ਸਿੱਖਾਂ ਲਈ ਨਿਤ ਮੁਸ਼ਕਿਲਾਂ ਦਾ ਪਟਾਰਾ, ਖੋਲਦੀ ਫਿਰਦਾ ਹੈ। ਮਨੁੱਖੀ ਭਾਈਚਾਰਾ, ਹਮਦਰਦੀ ਨੇਕੀ ਵੈਰਾਗ ਤਿਆਗ ਆਦਿ ਸੱਦ ਗੁਣਾਂ ਤੋਂ ਉਸ ਦੀ ਰੂਹ ਸੱਖਣੀ ਹੈ ਉਸਦੀ ਸ਼ਖਸੀਅਤ ਦੇ ਰੰਗ ਨੂੰ ਹੋਰ ਕਲੁਸ਼ਿਤ ਕਰਨ ਲਈ ਲੇਖਕ ਨੇ ਉਸ ਦੀ ਰਹਿਮ ਦਿਲ ਮੇਮ ਅਤੇ ਸਾਊ ਚਲਨ ਵਾਲੀ ਧੀ, ਜੋ ਬੀਰਤਾ ਦੀ ਪਰਸੰਸਕ ਹੈ, ਦੋ ਪਾਤਰ ਘੜ ਕੇ ਬਦਲਵੇਂ ਚਰਿੱਤਰ ਪੇਸ਼ ਕੀਤੇ ਹਨ। ਇਹ ਉਸਦੀ ਘਰ ਵਾਲੀ ਮੇਮ ਹੀ ਸੀ ਜਿਸਨੇ ਬਾਬਾ ਦਰਬਾਰਾ ਸਿੰਘ ਰਾਇਪੁਰੀਏ ਨੂੰ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੇ ਤੇਰਨ ਵਿੱਚ ਅੰਤਿਮ ਮੁਗਲ ਬਹਾਦਰ ਸ਼ਾਹ 'ਜ਼ਫ਼ਰ' ਵਾਲੇ ਬੰਗਲੇ ਵਿਚ ਹੋਣ ਦੀ ਸੂਹ ਦਿਤੀ ਸੀ। ਜਦੋਂ ਬੀਕਾਨੇਰ ਤੇ ਫੀਰੋਜ਼ਪੁਰ ਦੀ ਸਰਹੱਦ ਤੇ ਬੀਆਬਾਨ ਰੋਹੀ ਵਿਚ ਬਟਨ ਨੂੰ ਅੜਬੰਗੀ ਕਾਬੂ ਕਰ ਲੈਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਇਕ ਤਾਂ ਮੈਂ 'ਅਹਿੰਸਾ ਦੇ ਅਵਤਾਰ ਸ੍ਰੀ ਗੁਰੂ ਜੀ ਤੋਂ ਡਰਦਾ ਹਾਂ ਜਿਹੜੇ ਕੀੜੀ ਮਾਰਨ ਨੂੰ ਵੀ ਪਾਪ ਸਮਝਦੇ ਹਨ। ਜਿਹੜੇ ਵਿਹੁ ਭਰੇ ਮਹਾਂ ਜ਼ਹਿਰੀਲੇ ਨਾਗ ਨੂੰ ਮਾਰਨ ਵਾਲੇ ਨੂੰ ਪਾਪੀ ਸਮਝਦੇ ਹਨ ਅਤੇ ਮਾਫ਼ ਨਹੀਂ ਕਰਦੇ, ਮੈਨੂੰ ਡਰ ਹੈ ਮੇਰੀ ਪੂਜਯ ਮਾਂ ਜਿਉਣ ਕੌਰ ਦਾ ਜਿਹੜੀ ਸਦਾ ਹੀ ਮੈਨੂੰ ਜਬਰ ਤੇ ਸਬਰ ਦੀ ਸਿੱਖਿਆ ਦਿੰਦੀ ਰਹਿੰਦੀ ਹੈ। ਨਹੀਂ ਤਾਂ ਅੱਜ ਜਿਹਾ ਸਮਾਂ ਕਦੀ ਹੱਥ ਆ ਸਕਦਾ ਹੈ ? ਲੱਖ ਜਤਨ ਕਰਨ ਤੇ ਵੀ ਤੁਹਾਡੀ ਹੱਡੀ ਪੱਸਲੀ ਇਨ੍ਹਾਂ ਟਿੱਬਿਆਂ ਵਿਚੋਂ ਨਹੀਂ ਮਿਲ ਸਕਦੀ। ਪਰ ਮੈਂ ਮਜਬੂਰ ਹਾਂ, ਸਾਡੇ ਕੂਕਿਆਂ ਦੇ ਹੱਥ ਬੰਨ੍ਹ ਦਿੱਤੇ ਹਨ, ਤੁਹਾਡੀ ਮੇਮ ਸਾਹਿਬਾ ਨੇ ਜਿਸ ਦਾ ਸਾਡੇ ਸਿਰ ਬਹੁਤ ਵੱਡਾ ਅਹਿਸਾਨ ਹੈ...। ਅਸੀਂ ਨਹੀਂ ਚਾਹੁੰਦੇ ਕਿ ਉਹ ਨੇਕ ਦਿਲ ਭੈਣ ਰੰਡੀ ਹੋਵੇ।... ਇਸ ਲਈ ਘਾਬਰੋ ਨਾ ਆਉ ਮੇਰੀ ਝੁੱਗੀ ਵਿਚ ਅਰਾਮ ਕਰੋ, ਜਲ ਪ੍ਰਸ਼ਾਦ ਛਕੋ, ਸਵੇਰ ਤੀਕ ਟਿਕੋ ਫਿਰ ਜਿੱਥੇ ਜੀ ਚਾਹੇ ਚਲੇ ਜਾਣਾ। ਤੁਸੀਂ ਇਕੱਲੇ ਇੱਥੇ ਨਹੀਂ, ਤੁਹਾਡਾ ਥੰਡਾ ਦਲੀਪ ਸਿੰਘ ਤੁਹਾਡੇ ਤਾਂ ਪਹਿਲਾਂ ਹੀ ਤੁਹਾਡੇ ਸੁਆਗਤ ਲਈ ਹਾਜ਼ਰ ਹੈ। ਥੋੜ੍ਹੀ ਦੇਰ ਨੂੰ ਫਜ਼ਲੇ ਕਰੀਮ ਠਾਣੇਦਾਰ ਵੀ ਆ ਜਾਵੇਗਾ। ਤਿੰਨੇ ਰਲ ਕੇ ਮੇਰੇ ਮਾਰਨ ਫੜਨ ਦੀਆਂ ਸਕੀਮਾਂ ਤਿਆਰ ਕਰੋ।"[34]

ਪਹਿਲੀ ਡਾਇਰੀ ਸ੍ਰ. ਦਲੀਪ ਸਿੰਘ ਪੁਲੀਸ ਇਸਪੈਕਟਰ ਦੀ ਹੈ, ਦੂਸਰੀ ਪੁਲੀਸ ਕਪਤਾਨ ਵਾਰਬਰਟਨ ਦੀ, ਤੀਸਰੀ ਲੁਧਿਆਣਾ ਜਿਹਲ ਦੇ ਸੁਪਰੀਡੈਂਟ ਦੀ, ਚੌਥੀ ਲੁਧਿਆਣਾ ਕਚਹਿਰੀਆਂ ਦੇ ਅੰਗਰੇਜ਼ ਸੈਸ਼ਨ ਜੱਜ ਦੀ, ਪੰਜਵੀਂ ਰਿਆਸਤ ਪਟਿਆਲਾ ਦੇ ਸੀ.ਆਈ. ਡੀ. ਇਸਪੈਕਟਰ ਸ੍ਰ. ਮਹਾਂ ਸਿੰਘ ਦੀ। ਨਾਵਲ ਦੀ ਮੁੱਖ ਘਟਨਾ ਭੈਣੀ ਸਾਹਿਬ ਪੁਲੀਸ ਚੌਕੀ ਦੇ ਸਾਰਜੰਟ (ਜਾਂ ਸਿਪਾਹੀ) ਗੋਂਦੇ ਦਾ ਕਤਲ ਹੈ। ਇਹ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਆਏ ਸਿੱਖਾਂ ਨੂੰ ਤੰਗ ਕਰਦਾ ਹੈ। ਉਹਨਾਂ ਤੋਂ ਗੁਰੂ ਜੀ ਲਈ ਲਿਆਂਦੀ ਭੇਟਾ ਸਮੱਗਰੀ ਆਦਿ ਖੋਹ ਲੈਂਦਾ ਹੈ ਤੇ ਹੰਕਾਰ ਦੇ ਘੋੜੇ 'ਤੇ ਚੜ੍ਹਿਆ ਆਖਦਾ ਹੈ ਕਿ ਮੈਂ ਕੂਕਿਆਂ ਦੇ ਇਸ ਹੁਣ ਵਾਲੇ ਗੁਰੂ ਨੂੰ ਵੀ ਇਹਦੇ ਭਰਾ ਕੋਲ ਕਾਲੇ ਪਾਣੀ ਭੇਜ ਦੇਣਾ ਹੈ। ਮੈਂ ਚਹੁੰ ਚਹੁੰ ਸਿਖੜਿਆਂ ਨੂੰ ਭਿੜਾ ਭਿੜਾ ਕੇ ਮਾਰ ਸਕਦਾ ਹਾਂ।

ਇਕ ਦਿਨ ਮਸ਼ਹੂਰ ਕੂਕਾ ਭਗਵਾਨ ਸਿੰਘ ਅੜਬੰਗੀ ਵੀ ਗੁਰੂ ਦਰਸ਼ਨਾਂ ਨੂੰ ਆਇਆ। ਗੋਂਦਾ ਉਸ ਦੇ ਪਿੱਛੇ ਲੱਗ ਗਿਆ ਇਕੱਲਾ ਹੀ ਇਸ ਲਾਲਚ ਵਿਚ ਕਿ ੧੭-੧੮ ਕਤਲਾਂ ਦੇ ਮਸ਼ਹੂਰ ਨੂੰ ਪਕੜ ਕੇ ਇਕੱਲਾ ਇਨਾਮ ਹਾਸਲ ਕਰੇਗਾ। ਅੜਬੰਗੀ ਨੇ ਉਸ ਨੂੰ ਨਕਦ ਰੁਪੈ, ਕਸ਼ਮੀਰੀ ਲੋਈ ਦਾ ਲਾਲਚ ਵੀ ਦਿੱਤਾ ਕਿ ਨੱਸ ਜਾਵੇ। ਪਰ ਉਹ ਵੱਡੇ ਲਾਲਚ ਵਿਚ ਹੀ ਜਦੋਂ ਕੋਟ ਗੰਗੂ ਰਾਇ ਦੀ ਜੂਹ ਵਿਚ ਪੁੱਜ ਗਿਆ ਤਾਂ ਅੜਬੰਗੀ ਹੋਰਾਂ ਖਲੋ ਕੇ ਇਸ ਨਾਲ ਅਜਿਹੇ ਦੋ ਹੱਥ ਕੀਤੇ ਕਿ ਖੂੰਡੇ ਦੇ ਇਕੋ ਵਾਰ ਨਾਲ ਪਾਰ ਬੁਲਾ ਦਿੱਤਾ। ਅੜਬੰਗੀ ਫਰਾਰ ਹੋ ਗਿਆ। ਪੁਲੀਸ ਚੌਕੀ ਵਾਲਿਆਂ ਨੇ ਸਮੇਤ ਗੁਰੂ ਹਰੀ ਸਿੰਘ ਦੇ, ਸਾਰੇ ਕੂਕਿਆਂ ਨੂੰ ਇਕ ਜਗ੍ਹਾ (ਪਸ਼ੂ ਤਬੇਲਾ) ਵਿਚ ਡੱਕ ਕੇ ਬਾਹਰੋਂ ਜਿੰਦਰਾ ਲਾ ਦਿੱਤਾ ਸੀ। ਇਸ ਤੇ ਐਸ.ਪੀ. ਵਾਰਬਰਟਨ ਦੇ ਇਸ ਕੇਸ ਵਿਚ ਗੁਰੂ ਹਰੀ ਸਿੰਘ ਦੀ ਗ੍ਰਿਫ਼ਤਾਰੀ ਦੇ ਸਾਰੇ ਮਨਸੂਬੇ ਧਰੇ ਰਹਿ ਗਏ। ਦੂਜਾ ਗੋਂਦੇ ਦਾ ਕਤਲ ਭੈਣੀ ਸਾਹਿਬ, ਜਿੱਥੇ ਉਸ ਦੀ ਡਿਊਟੀ ਸੀ, ਉਸ ਦੀ ਜੂਹ ਤੋਂ ਬਾਹਰ ਹੋਇਆ ਸੀ। ਉਹ

Sri Satguru Jagjit Singh Ji eLibrary NamdhariElibrary@gmail.com

ਹੱਥ ਮਲਦਾ ਵਾਪਸ ਆ ਗਿਆ। ਪਿੰਡ ਵਿਚੋਂ ਮੌਕੇ ਦਾ ਗਵਾਹ ਵੀ ਕੋਈ ਨਾ ਬਣਿਆ।

ਕੁਝ ਦਿਨ ਬਾਅਦ ਐਸ.ਪੀ. ਨੂੰ ਸੂਹ ਮਿਲੀ ਕਿ ਅੜਬੰਗੀ ਰਿਆਸਤ ਬੀਕਾਨੇਰ, ਰਿਆਸਤ ਬਹਾਵਲਪੁਰ ਅਤੇ ਅੰਗਰੇਜ਼ੀ ਜ਼ਿਲ੍ਹੇ ਫੀਰੋਜ਼ਪੁਰ ਦੇ ਤ੍ਰਿੰਹਦੇ ਤੇ ਵਿਚਰ ਰਿਹਾ ਹੈ। ਉਹਨੇ ਪੁਲੀਸ ਇਨਸਪੈਕਟਰ ਦਲੀਪ ਸਿੰਘ ਖੰਡਾ, ਥਾਣੇਦਾਰ ਫਜ਼ਲੇ ਕਰੀਮ ਅਤੇ ਹੋਰ ਅਮਲੇ ਫੈਲੇ ਨਾਲ ਮੈਕਲੋਡ ਗੰਜ ਨੂੰ ਕੂਚ ਕੀਤਾ। ਇੱਥੇ ਅੜਬੰਗੀ ਝੁੱਗੀਆਂ ਬਣਾ ਕੇ ਟਿੱਬਿਆਂ ਵਿਚ ਲੁਕ ਛਿਪ ਕੇ ਰਹਿੰਦਾ ਸੀ। ਆਪਣੀ ਉਪਜੀਵਿਕਾ ਲਈ ਉਹ ਵਾਣ ਵੱਟ ਕੇ ਤੇ ਮੂੜ੍ਹੇ ਬਣਾ ਕੇ ਗੁਜ਼ਾਰਾ ਕਰਦਾ ਸੀ। ਉਸ ਦਾ ਆਪਣਾ ਖੁਫ਼ੀਆ ਤੰਤਰ ਤੇ ਆਪਣੀ ਫੋਰਸ ਵੀ ਸੀ ਜੋ ਹਰ ਨਵੀਂ ਘਟਨਾ ਦੀ ਜਾਣਕਾਰੀ ਉਹਨੂੰ ਪਹੁੰਚਾਉਂਦੇ ਸਨ। ਉਹ ਭੇਸ ਬਦਲਣ ਵਿਚ ਮਾਹਰ ਸੀ। ਇਸ ਇਲਾਕੇ ਦੀ ਇਕ ਬਹੁਤ ਸੂਝਵਾਨ ਯੁਵਤੀ ਵੀ ਉਹਦੇ ਆਪਣੇ ਲੋਕਾਂ ਵਿਚ ਸ਼ਾਮਲ ਸੀ। ਇਸ ਕੁੜੀ ਨੇ ਤਾਂ ਇਨਸਪੈਕਟਰ ਖੰਡੇ ਨੂੰ ਕਾਬੂ ਕਰ ਲਿਆ ਅਤੇ ਅੜਬੰਗੀ ਨੇ ਇਕ ਬਾਣੀਏ ਦਾ ਭੇਸ ਧਾਰ ਕੇ ਵਾਰਬਰਟਨ ਨੂੰ ਛਲ ਕੇ ਕਾਬੂ ਕਰ ਲਿਆ। ਪਰ ਘਰ ਆਏ ਦੁਸ਼ਮਣ ਦੀ ਵੀ ਸੇਵਾ ਕਰਨ ਵਾਲੇ ਕੂਕਿਆਂ ਦੇ ਉੱਚੇ ਨੈਤਿਕ ਗੁਣਾਂ ਸਦਕਾ ਉਹਦੀ ਖ਼ਾਤਰ ਕੀਤੀ। ਉਹ ਬਾਣੀਏ ਨੂੰ ਅੜਬੰਗੀ ਨੂੰ ਫੜਾਉਣ ਤੇ ਇਨਾਮ ਵਿਚ ਇਕ ਸੁਨਹਿਰੀ ਮੁੱਠ ਵਾਲੀ ਛੜੀ ਦੇਣ ਦਾ ਵਾਅਦਾ ਕਰ ਕੇ ਗਿਆ ਸੀ ਤਾਂ ਦੂਜੀ ਵੇਰ ਅੜਬੰਗੀ ਨੇ ਬਰਟਨ ਨੂੰ ਫਿਰ ਕਾਬੂ ਕਰ ਕੇ ਛੜੀ ਵੀ ਠੱਗ ਲਈ, ਜੋ ਉਸ ਗੁਰੂ ਹਰੀ ਸਿੰਘ ਨੂੰ ਭੈਣੀ ਸਾਹਿਬ ਜਾ ਭੇਟਾ ਕੀਤੀ, ਜਿਹਨੂੰ ਵੇਖ ਕੇ ਬਰਟਨ ਦਿਲ ਵਿਚ ਬੜਾ ਕੁੜ੍ਹਿਆ ਸੀ ਤੇ ਗੁਰੂ ਹਰੀ ਸਿੰਘ ਜੀ ਨੇ ਮਾਈ ਜਿਊਣ ਕੌਰ ਨੂੰ ਉਹ ਛੜੀ ਸਾਂਭਣ ਲਈ ਤਾਕੀਦ ਕੀਤੀ ਸੀ ਕਿ ਸਤਿਗੁਰੂ (ਰਾਮ ਸਿੰਘ) ਜੀ ਆਉਣਗੇ ਤਾਂ ਛੜੀ ਉਹਨਾਂ ਦੇ ਹੱਥਾਂ ਵਿਚ ਸੋਭਾ ਪਾਵੇਗੀ। ਫਿਰ ਅੜਬੰਗੀ ਨੇ ਬਰਟਨ ਨੂੰ ਇਹ ਵੀ ਦੱਸਿਆ ਕਿ ੧੦-੧੫ ਦਿਨ ਬਾਅਦ ਉਹ ਗੁਰੂ ਹਰੀ ਸਿੰਘ ਦੇ ਦਰਸ਼ਨ ਕਰਨ ਭੈਣੀ ਸਾਹਿਬ ਜਾਏਗਾ। ਉਦੋਂ ਜ਼ੋਰ ਅਜ਼ਮਾਈ ਕਰ ਲਵੀਂ ਤੇ ਐਤਕੀਂ ਅੜਬੰਗੀ ਲੁਧਿਆਣੇ ਲੱਤਾਂ ਨੂੰ ਬੰਨ੍ਹਣ ਵਾਲੀਆਂ ਪੱਟੀਆਂ ਖਰੀਦਦਾ ਫੜਿਆ ਗਿਆ। ਉਸ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਉਸ ਦੀ ਬੀਰਤਾ ਦੇ ਕਿੱਸੇ ਸੁਣ ਕੇ ਬਰਟਨ ਦੀ ਪੁੱਤਰੀ ਸੋਫ਼ੀਆ ਉਹਨੂੰ ਜੇਲ੍ਹ ਵਿਚ ਮਿਲਣ ਆਉਂਦੀ ਹੈ। ਅੰਗਰੇਜ਼ ਜੇਲ੍ਹ ਸੁਪਰਡੈਂਟ ਉਸਦੇ ਅਛੋਹ ਰੂਪ ਦਾ ਦੀਵਾਨਾ ਹੈ। ਉਹ ਅੜਬੰਗੀ ਨੂੰ ਇਹ ਰਸਤਾ ਛੱਡਣ ਲਈ ਆਪਣੇ ਨਾਲ ਵਿਆਹ ਦੀ ਪੇਸ਼ਕਸ਼ ਕਰਦੀ ਹੈ, ਜਿਸ ਬਾਅਦ ਉਹਨੂੰ ਪੁਲੀਸ ਇਨਸਪੈਕਟਰ ਬਣਾ ਦਿੱਤਾ ਜਾਏਗਾ। ਅੜਬੰਗੀ ਉਸਦੀ ਇਹ ਪੇਸ਼ਕਸ਼ ਠੁਕਰਾ ਦਿੰਦਾ ਹੈ, "ਇਕ ਪਾਸੇ ਕੌਮ ਲਈ ਕਾਇਮ ਰਹਿਣ ਵਾਲੀ ਸ਼ਹਾਦਤ ਹੈ। ਦੂਜੇ ਪਾਸੇ ਚਾਰ ਦਿਨਾਂ ਦੀ ਕੂੜੀ ਸ਼ੁਹਰਤ ਅਤੇ ਸਦਾ ਨਾ ਰਹਿਣ ਵਾਲੀ ਡੈਣ ਦੌਲਤ ਹੈ। ਮੈਨੂੰ ਨਾ ਈਮਾਨ ਹੀਣ ਦੌਲਤ ਦੀ ਲੋੜ ਹੈ ਨਾ ਧਰਮਹੀਣ ਹੁਸਨ ਦੀ। ਮੈਂ ਮੌਤ ਮਹਿਬੂਬਾ ਨੂੰ ਪਿਆਰ ਗਲਵੱਕੜੀ ਪਾ ਕੇ ਦੇਸ਼ ਆਜ਼ਾਦੀ ਲਈ ਮਰਨ ਨੂੰ ਸਦੀਵੀ ਜ਼ਿੰਦਗੀ ਸਮਝ ਕੇ ਆਲਿੰਗਨ ਕਰਨਾ ਚਾਹੁੰਦਾ ਹਾਂ ਪਰ ਪਤਾ ਨਹੀਂ ਮੇਰੀ ਇਹ ਮੌਤ ਮਾਸ਼ੂਕਾ ਮੈਨੂੰ ਕਿਉਂ ਨਹੀਂ ਅਪਨਾ ਰਹੀ? ਮੈਨੂੰ ਆਸਾਰ ਨਜ਼ਰ ਆ ਰਹੇ ਹਨ ਕਿ ਸ਼ਾਇਦ ਮੇਰੀ ਇਹ ਇਸ ਵਾਰ ਦੀ ਖ਼ਾਹਿਸ਼ ਵੀ ਪੂਰੀ ਨਾ ਹੋ ਸਕੇ। ਕਿਉਂਕਿ ਸ਼ਗਨ ਨਹੀਂ ਚੰਗੇ ਹੋ ਰਹੇ ਮਿਸ ਸੋਫੀਆ।"[੨੪]

ਸੋਫੀਆ ਉਸਨੂੰ ਦੱਸਦੀ ਹੈ ਕਿ ਉਸਦੇ ਪਿਤਾ ਨੇ ਜੋ ਮੌਕੇ ਦਾ ਗਵਾਹ ਗੰਢਾ ਕਤਲ ਕੇਸ ਵਿਚ, ਉਸਦੇ ਖ਼ਿਲਾਫ਼ ਬਣਾਇਆ ਹੈ, ਪੰਜੇਟਾ ਪਿੰਡ ਦਾ ਪੀਰਾਂ ਦਿੱਤਾ ਚਮਾਰ, ਉਹ ਅੱਖਾਂ ਤੋਂ ਬਿਲਕੁਲ ਅੰਨ੍ਹਾ ਹੈ। ਅੜਬੰਗੀ ਨੂੰ ਭਾਵੇਂ ਇਹ ਜਾਣਕਾਰੀ ਉਸਦੇ ਆਪਣੇ ਸੂਤਰਾਂ ਤੋਂ ਪਹਿਲਾਂ ਵੀ ਮਿਲ ਗਈ ਹੈ ਪਰ ਉਹ ਸੋਫੀਆ ਨੂੰ ਆਪਣੀ ਚੰਗੀ ਭੈਣ ਆਖ ਕੇ ਉਸਦਾ ਧੰਨਵਾਦ ਕਰਦਾ ਹੈ। ਬਰਟਨ ਦੀ ਵਜ੍ਹਾ ਕਰਕੇ ਇਕ ਡਾਕੇ ਵਿਚ ਨਿਰਦੋਸ਼ ਫਸਿਆ ਸੱਜਣ ਸਿੰਘ ਇਹ ਜਾਣ ਕੇ ਕਿ ਇਹ ਬਰਟਨ ਦੀ ਪੁੱਤਰੀ ਹੈ ਉਸ 'ਤੇ ਤਿੱਖੇ ਕੋਕਿਆਂ ਵਾਲੀ ਲੋਹੇ ਦੀ ਬਾਟੀ ਨਾਲ ਹਮਲਾ ਕਰ ਦਿੰਦਾ ਹੈ। ਅੜਬੰਗੀ ਵਿਚਾਲੇ ਆ ਕੇ ਕੁੜੀ ਨੂੰ ਬਚਾ ਲੈਂਦਾ ਹੈ ਅਤੇ ਆਪ ਜ਼ਖ਼ਮੀ ਹੋ ਜਾਂਦਾ ਹੈ। ਫਿਰ ਉਹ ਸੋਫੀਆ ਰਾਹੀਂ ਬਰਟਨ ਤੋਂ ਸੱਜਣ ਸਿੰਘ ਨੂੰ ਵੀ ਇਸ ਝੂਠੇ ਮੁਕੱਦਮੇ ਵਿਚੋਂ ਰਿਹਾਅ ਕਰਵਾ ਕੇ ਸੱਜਣ ਸਿੰਘ ਨੂੰ ਸੋਫੀਆ ਤੋਂ ਮਾਫ਼ੀ ਦਿਵਾ ਦਿੰਦਾ ਹੈ। ਉਹ ਬੁਰੇ ਨੂੰ ਨਹੀਂ ਬੁਰਿਆਈ ਨੂੰ ਨਫ਼ਰਤ ਕਰੋ, ਇਸ ਸਿਧਾਂਤ ਨੂੰ ਪਰਚਾਰਦਾ ਹੈ। ਜਨਮ ਤੋਂ ਹੀ ਕੋਈ

Sri Satguru Jagjit Singh Ji eLibrary NamdhariElibrary@gmail.com

ਕਾਤਲ ਜਾਂ ਚੋਰ, ਡਾਕੂ ਨਹੀਂ ਹੁੰਦਾ। ਸਗੋਂ ਹਾਲਾਤ ਹੀ ਮਨੁੱਖ ਨੂੰ ਅਪਰਾਧੀ ਬਣਾਉਂਦੇ ਹਨ ਅਤੇ ਜੇ ਇਹੋ ਜਿਹੇ ਹਾਲਾਤ ਹੀ ਬਦਲ ਦਿਤੇ ਜਾਣ ਤਾਂ ਬੰਦੇ ਤਾਂ ਦੇਵਤਾ ਹੋ ਜਾਣ।

ਮੌਕੇ ਦੇ ਗਵਾਹ ਦੇ ਸੁਜਾਖੇ ਹੋਣ ਦਾ ਝੂਠ ਫੜਿਆ ਜਾਂਦਾ ਹੈ ਤਾਂ ਅੜਬੰਗੀ ਬਰੀ ਹੋ ਜਾਂਦਾ ਹੈ। ਜੇਲ੍ਹ ਵਿਚ ਕੋਠੀ ਲਾਉਣ ਬਾਅਦ ਜਦੋਂ ਉਹਨੂੰ ਤੋਲਿਆ ਜਾਂਦਾ ਹੈ ਤਾਂ ਉਸ ਦਾ ਭਾਰ ਵਧ ਜਾਂਦਾ ਹੈ ਜੋ ਸਾਬਤ ਕਰਦਾ ਹੈ ਕਿ ਅੜਬੰਗੀ ਮਰਨ ਜਿਊਣ ਦੀਆਂ ਗਿਣਤੀਆਂ ਮਿਣਤੀਆਂ ਤੋਂ ਉੱਪਰ ਉੱਠ ਚੁੱਕਾ ਹੈ। ਉਹ ਆਪਣੇ ਹਮਲਾਵਰ ਨੂੰ ਨਾ ਸਿਰਫ਼ ਮਾਫ਼ ਕਰ ਸਕਦਾ ਹੈ ਸਗੋਂ ਕੈਦ ਤੋਂ ਰਿਹਾਅ ਵੀ ਕਰਵਾ ਸਕਦਾ ਹੈ। ਜੇ ਕੋਈ ਵੱਡੀ ਸਾਮੀ ਉਸਦੇ ਕਾਬੂ ਆ ਜਾਵੇ ਤਾਂ ਉਸ ਦਾ ਸਾਰਾ ਮਾਲ ਗਰੀਬਾਂ, ਅਨਾਥਾਂ, ਲੋੜਵੰਦਾਂ, ਵਿਚ ਵੰਡ ਦਿੰਦਾ ਹੈ। ਸੈਸ਼ਨ ਜੱਜ ਅੜਬੰਗੀ ਨੂੰ ਗੋਂਦੇ ਵਾਲੇ ਕੇਸ ਵਿਚੋਂ ਮੌਕੇ ਦੀ ਗਵਾਹੀ ਨਾ ਹੋਣ ਕਾਰਨ ਬਰੀ ਕਰ ਦਿੰਦਾ ਹੈ ਤੇ ਪੀਰਾਂ ਦਿੱਤੇ ਨੂੰ ਝੂਠੀ ਗਵਾਹੀ ਦੇਣ ਲਈ ਜੁਰਮਾਨਾ ਕਰਦਾ ਹੈ। ਉਸ ਦਾ ਜੁਰਮਾਨਾ ਗੁਰੂ ਹਰੀ ਸਿੰਘ ਜੀ ਆਪਣੇ ਸਿੱਖਾਂ ਤੋਂ ਭਰਵਾ ਕੇ, ਬੁਰੇ ਨਾਲ ਭਲਾ ਕਰਨ ਦਾ ਵੱਲ ਦੱਸਦੇ ਹਨ।

ਅੜਬੰਗੀ ਦੇ ਬੰਦੇ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਨੂੰ ਲੁੱਟਦੇ ਸਨ। ਅੜਬੰਗੀ ਹੁਣੇ ਇੱਥੇ ਹੁੰਦਾ ਹੁਣੇ ਫਲੌਂਡੇ ਜਿਉਂ ੨੦-੨੫ ਕੋਹ ਦਾ ਪੈਂਡਾ ਕਰ ਕੇ ਉੱਥੇ ਹੁੰਦਾ। ਕਈ ਵਾਰ ਆਪਣੇ ਕਿਸੇ ਬੰਦੇ ਦਾ ਲੁੱਟਿਆ ਹੋਇਆ ਮਾਲ ਕਢਾਉਣ ਵਾਸਤੇ ਵੀ ਉਹਨਾਂ ਨੂੰ ਡਾਕਾ ਮਾਰਨਾ ਪੈਂਦਾ ਜਾਂ ਪਵਾਉਣਾ ਪੈਂਦਾ। ਆਪਣਾ ਜੀਵਨ ਫ਼ਲਸਫ਼ਾ ਵੀ ਸੰਤ ਜੀ ਇਸ ਨਾਵਲ ਵਿਚ ਥਾਂ ਪੁਰ ਥਾਂ ਦਰਜ ਕਰਦੇ ਹਨ "ਲਾਹਨਤ ਹੈ ਅਜੇਹੇ ਕਨੂੰਨ ਤੇ ਕਨੂੰਨ ਬਣਾਉਣ ਵਾਲਿਆਂ ਤੇ, ਜਿਸ ਨਾਲ ਗਰੀਬ ਭੁੱਖੇ ਮਰਨ, ਅਮੀਰ ਮੌਜਾਂ ਕਰਨ।" ਇਕ ਡਾਕਾ ਜੋ ਸਰਦੂਲ ਗੜ੍ਹ ਪਿਆ ਸੀ, ਅੜਬੰਗੀ ਜੀ ਦੇ ਕਿਸੇ ਮਿੱਤਰ ਦਾ ਲੁੱਟਿਆ ਮਾਲ ਵਾਪਸ ਕਰਾਉਣ ਲਈ, ਉਸ ਵਿਚ ਉਹਨਾਂ ਦੀ ਗ੍ਰਿਫ਼ਤਾਰੀ ਲਈ ਸ੍ਰ. ਮਹਾਂ ਸਿੰਘ ਪਟਿਆਲਾ ਸੀ.ਆਈ.ਡੀ. ਦਾ ਵੱਡਾ ਅਫ਼ਸਰ ਇਲਾਕੇ ਵਿਚ ਕੱਪੜਾ ਵੇਚਣ ਵਾਲੇ ਦੇ ਭੇਸ ਵਿਚ ਫਿਰਦਾ ਸੀ। ਅੜਬੰਗੀ ਜੀ ਦੀ ਵਫ਼ਾਦਾਰ ਜਨਤਾ ਨੇ ਉਹਨੂੰ ਪਕੜ ਲਿਆ। ਅੜਬੰਗੀ ਨੇ ਨਾ ਸਿਰਫ਼ ਉਸਨੂੰ ਲੋਕਾਂ ਦੀ ਕੁੱਟ ਤੋਂ ਬਚਾਇਆ, ਇੱਕ ਵੇਰ ਨਾਲੀ (ਘੱਗਰ) ਦੇ ਕੰਢੇ ਇੱਕ ਖੂੰਖਾਰ ਜਾਨਵਰ ਜਦੋਂ ਇਸ ਨੂੰ ਮਾਰਨ ਹੀ ਵਾਲਾ ਸੀ, ਅੜਬੰਗੀ ਦੇ ਬਰਛੇ ਨੇ ਉਹਦੀ ਰਾਖੀ ਕੀਤੀ। ਜਦੋਂ ਕੋਈ ਉਹਨਾਂ ਬਾਰੇ ਟਿਕਾਣਾ ਪੁੱਛਦਾ ਹੈ ਤੇ ਲੋਕ ਕਹਿੰਦੇ ਹਨ, "ਸਾਰਾ ਜੰਗਲ ਉਹਨਾਂ ਦਾ ਘਰ ਹੈ ਸਾਰਾ ਮਾਲਵਾ ਤੇ ਬਾਂਗਰ ਉਹਨਾਂ ਦਾ ਟਿਕਾਣਾ ਹੈ।" ਤੇ ਫਿਰ ਇਕ ਦਿਨ ਜਦੋਂ ਸ੍ਰ. ਮਹਾਂ ਸਿੰਘ ਨਾਲੀ ਵਿਚ ਅਚਾਨਕ ਕੁੱਦੇ ਅੜਬੰਗੀ ਜੀ ਦੇ ਸਿਰ ਤੇ ਪਿਸਤੌਲ ਦਾ ਨਿਸ਼ਾਨਾ ਰਾਂਹਦਾ ਹੈ ਤਾਂ ਇਹ ਇਕ ੧੪ ਸਾਲਾ ਰੁੜ੍ਹਦੇ ਜਾਂਦੇ ਬੱਚੇ ਨੂੰ ਬਾਹਰ ਕੱਢ ਕੇ ਲਿਆ ਰਹੇ ਹਨ ਤੇ ਕਹਿੰਦੇ ਹਨ ਕਿ ਬੱਚਾ ਅਜੇ ਗਰਮ ਹੈ। ਇਹਦੇ ਸੁਆਸ ਚੱਲਦੇ ਹਨ। ਇਸਨੂੰ ਬਚਾ ਲਈਏ ਫਿਰ ਸਰਦਾਰ ਜੀ ਤੁਸੀਂ ਮੈਨੂੰ ਹੱਥਕੜੀ ਲਾ ਸਕਦੇ ਹੋ। ਸ੍ਰ. ਮਹਾਂ ਸਿੰਘ ਇਹ ਵੇਖਕੇ ਹੈਰਾਨ ਰਹਿ ਜਾਂਦਾ ਹੈ ਕਿ ਜਿਸ ਬੱਚੇ ਨੂੰ ਅੜਬੰਗੀ ਨੇ ਹੁਣੇ ਪਾਣੀ ਵਿਚ ਕੁੱਦ ਕੇ ਬਚਾਇਆ ਹੈ, ਉਹ ਤਾਂ ਨਾਲੀ ਵਿਚ ਮੱਛੀਆਂ ਫੜਨ ਗਿਆ ਉਸੇ ਦਾ ਪੁੱਤਰ ਕਰਮਜੀਤ ਹੈ। ਸਰਦਾਰ ਮਹਾਂ ਸਿੰਘ ਹੁਣ ਇਕ ਬਦਲਿਆ ਮਨੁੱਖ ਹੈ। ਉਹ ਰਿਆਸਤੀ ਸਰਕਾਰ ਦੀ ਨੌਕਰੀ ਛੱਡ ਕੇ ਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਸ੍ਰੀ ਭੈਣੀ ਸਾਹਿਬ ਪੁੱਜ ਜਾਂਦਾ ਹੈ। ਬਾਕੀ ਉਮਰ ਉੱਥੇ ਹੀ ਬਿਤਾਉਂਦਾ ਹੈ। ਲੇਖਕ ਨੇ ਉਸ ਦੇ ਦਰਸ਼ਨ ਕੀਤੇ ਸਨ ਅਤੇ ਉਹਨੇ ੧੯੧੭ ਈ. ਵਿਚ ਸ੍ਰੀ ਭੈਣੀ ਸਾਹਿਬ ਅੰਤਿਮ ਸੁਆਸ ਲਏ। ਭਗਵਾਨ ਸਿੰਘ ਅੜਬੰਗੀ ਵੀ ਸ੍ਰੀ ਭੈਣੀ ਸਾਹਿਬ, ਖਰਾਸ ਵਾਲੇ ਕੋਠੇ ਵਿਚ ੧੯੧੨ ਈ. ਵਿਚ ਹੁਕਮ ਸੱਤ ਹੋਏ ਸਨ। ਅੜਬੰਗੀ ਨਾਵਲ ਵਿਚ ਹਕੀਕਤ ਅਤੇ ਕਲਪਨਾ ਦੇ ਸੁਮੇਲ ਨਾਲ ਚੱਕਰਵਰਤੀ ਜੀ ਨੇ ਇਕ ਸੂਰਮੇ ਅਤੇ ਉਸਦੇ ਪੰਥ ਦੀ ਗੌਰਵ ਗਾਥਾ ਸਫ਼ਲਤਾਪੂਰਵਕ ਪੇਸ਼ ਕੀਤੀ ਹੈ।

ਤੀਸਰਾ ਨਾਵਲਿਟ ਹੈ "ਜੈ"। ਇਸਦੇ ਕੁੱਲ ੧੯ ਕਾਂਡ ਹਨ। ਸੁਤੰਤਰ ਪੰਜਾਬ ਦੇ ਆਖ਼ਰੀ ਪਰਧਾਨ ਮੰਤਰੀ ਲਾਲ ਸਿੰਘ ਨੇ ਇਸ ਨੂੰ ਆਪਣੇ ਪੁੱਤਰਾਂ ਵਾਂਗ ਪਾਲਿਆ ਸੀ। ਇਸ ਦਾ ਪਿਤਾ ਦਿਆਲ ਸਿੰਘ ਬਹਾਦਰਗੜ੍ਹ ਵਾਲਾ ਸਿੱਖ ਸੈਨਾ ਦਾ ਇਕ ਉੱਘਾ ਸਰਦਾਰ ਸੀ। ਉਹ ਕਸੂਰ ਦੀ ਲੜਾਈ ਵਿਚ ਮਾਰੇ ਗਏ ਸਨ। ਇਕ ਪੁੱਤਰ ਤੇ ਇਕ ਧੀ ਸੀ।

Sri Satguru Jagjit Singh Ji eLibrary NamdhariElibrary@gmail.com

ਪੁੱਤਰ ਦੇ ਮਰਨ ਬਾਅਦ ਉਹਨਾਂ ਦੀ ਵਿਧਵਾ ਵੀ ਲੜਕੀ ਨੂੰ ਛੱਡ ਕੇ ਮਰ ਗਈ। ਇਸ ਤਰ੍ਹਾਂ ਇਹ ਹੋਣਹਾਰ, ਹੁੰਦਲਹੇੜ ਤੇ ਖੂਬਸੂਰਤ ਲੜਕੀ ਸ਼ੇਰੇ ਪੰਜਾਬ ਤੋਂ ਲੈ ਕੇ ਰਾਜਾ ਲਾਲ ਸਿੰਘ ਨੇ ਪਾਲੀ ਸੀ। ਇਹ ਤੇ ਇਸ ਦੇ ਨਾਲ ਦੀਆਂ ੨੦-੨੫ ਹੋਰ ਲੜਕੀਆਂ ਮਰਦਾਵੇਂ ਵੇਸ ਵਿਚ ਘੋੜਿਆਂ ਤੇ ਸਵਾਰ ਹੋ ਕੇ ਲਾਹੌਰ ਦੇ ਨੇੜੇ ਰਾਵੀ ਦੇ ਬੇਲਿਆਂ ਵਿਚ ਘੁੰਮਦੀਆਂ ਫਿਰਦੀਆਂ ਸ਼ਿਕਾਰ ਖੇਡਦੀਆਂ। ਸਿੱਖ ਸੈਨਾ ਦੇ ਸੂਬੇਦਾਰ ਮੇਜਰ ਸ੍. ਕਾਹਨ ਸਿੰਘ ਉਸ ਲੜਕੀ ਦੇ ਫੌਜੀ ਟਰੇਨਿੰਗ ਦੇ ਸਿੱਖਿਆ ਦਾਤਾ ਸਨ। ਉਹ ਘੋੜ ਸਵਾਰੀ, ਨੇਜਾਬਾਜ਼ੀ, ਗੱਤਕਾ, ਡਲੇਂਬਾ, ਤੀਰ, ਤਲਵਾਰ, ਬੰਦੂਕ ਚਲਾਉਣ ਵਿਚ ਨਿਪੁੰਨ ਹੋ ਚੁੱਕੀ ਸੀ। ਉਹ ਬਹੁਤ ਖੂਬਸੂਰਤ ਜਿਸਮ ਤੇ ਸੁਰੀਲੀ ਆਵਾਜ਼ ਦੀ ਮਾਲਕ ਸੀ। ਘੋੜ ਸਵਾਰੀ ਦੇ ਦੌਰਾਨ ਉਹ ਕਈ ਤਰ੍ਹਾਂ ਦੇ ਕਰਤਬ ਕਰਨ ਦੇ ਸਮਰੱਥ ਸੀ। ਉਹ ਅੱਥਰੀ, ਮੂੰਹਜ਼ੋਰ ਤੇ ਅਮੋੜ ਵੀ ਸੀ। ਸ਼ਿਕਾਰ ਦੌਰਾਨ ਫੱਟੜ ਹੋਏ ਜਾਨਵਰਾਂ ਨੂੰ ਤੜਫਦਿਆਂ, ਲੁੱਛਦਿਆਂ, ਮਰਦਿਆਂ ਵੇਖ ਕੇ ਹੱਸਣਾ ਉਸਦਾ ਹਰਮਨ੍ਹ ਸ਼ੁਗਲ ਸੀ। ਭਗਵਾਨ ਸਿੰਘ ਨਾਂ ਦੇ ਇਕ ਰਿਸ਼ਟ ਪੁਸ਼ਟ ਜੁਆਨ ਦਾ ਰਾਜਾ ਲਾਲ ਸਿੰਘ ਪਾਸ ਆਉਣ ਜਾਣ ਸੀ ਉਸ ਤੋਂ ਵੀ "ਜੈ" ਨੂੰ ਸ਼ਸਤਰ ਵਿਦਿਆ, ਡੂਲੇਂਬੇ ਦੇ ਕਈ ਹੱਥ ਸਿਖਾਏ ਗਏ। ਸੂਬੇਦਾਰ ਮੇਜਰ ਸ੍. ਕਾਹਨ ਸਿੰਘ ਦੱਸਦੇ ਹਨ ਕਿ ਉਹਨਾਂ ਦੀ ਸੈਨਾ ਵਿਚ ਇਕ ਸੈਨਿਕ (ਸਤਿਗੁਰੂ ਰਾਮ ਸਿੰਘ) ਨੇ ਉਹਨਾਂ ਦੇ ਜੀਵਨ ਵਿਚ ਤਬਦੀਲੀ ਲਿਆਂਦੀ ਹੈ। ਇਸ ਲਈ ਜੈ ਨੂੰ ਵੀ ਹੁਣ ਸ਼ਿਕਾਰ ਜੀਵ ਹਿੰਸਾ ਆਦਿ ਤੋਂ ਰੋਕਿਆ ਜਾਵੇ ਜੇ ਸ਼ਿਕਾਰ ਜ਼ਰੂਰ ਹੀ ਕਰਨਾ ਹੈ ਤਾਂ ਲੋਕਾਂ ਨੂੰ ਦੁੱਖ ਦੇਣ ਵਾਲੇ ਖੂੰਖਾਰ ਜਾਨਵਰਾਂ ਸ਼ੇਰ ਚਿਤਰੇ ਆਦਿ ਦਾ ਕੀਤਾ ਜਾਵੇ। ਮੇਜਰ ਸਾਹਿਬ ਦੀ ਸਿਖਿਆ ਨਾਤੇ ਬੇਲੇ ਵਿਚ ਜੰਗਲੀ ਪਸ਼ੂ ਪੰਛੀਆਂ ਵਿਚ ਘਿਰੇ ਅਡੋਲ ਬੰਦਗੀ ਵਿਚ ਲੀਨ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦਾ ਵੀ ਜੈ ਤੇ ਬਹੁਤ ਪ੍ਰਭਾਵ ਪੈਂਦਾ ਹੈ। ਉਹ ਜੀਵ ਹਿੰਸਾ ਤੋਂ ਮੂੰਹ ਮੋੜ ਲੈਂਦੀ ਹੈ ਨਾਲ ਦੀਆਂ ਸਹੇਲੀਆਂ ਬਹੁਤ ਵਰਜਦੀਆਂ ਹਨ ਕਿ ਕੱਲ੍ਹ ਨੂੰ ਪਿਓ ਦਾ ਰਾਜ ਭਾਗ ਸੰਭਾਲਣਾ ਪੈ ਸਕਦਾ ਹੈ, ਛੱਡ ਇਹ ਸਾਧੂਆਂ ਵਾਲਾ ਸੁਭਾਉ। ਪਰ ਉਹ ਕੁੜੀ ਹੁਣ ਪਹਿਲਾਂ ਵਾਲੀ ਨਹੀਂ। ਭਗਵਾਨ ਸਿੰਘ ਅੜਬੰਗੀ ਤੋਂ ਵੀ ਉਚ ਨੈਤਿਕ ਗੁਣਾਂ ਦੀ ਸਿੱਖਿਆ ਉਸ ਨੂੰ ਮਿਲਦੀ ਹੈ। ਚੰਗੇ ਪੁਰਖਾਂ ਦੀ ਸੰਗਤ ਸਿਖਿਆ ਕਾਰਨ ਉਹ ਲਾਹੌਰ ਦਰਬਾਰ ਦੇ ਭਰਾ-ਮਾਰੂ, ਮਨੁੱਖ-ਮਾਰੂ ਹਿੰਸਕ ਵਾਤਾਵਰਣ ਵਿਚ ਵੀ ਚੰਗੇ ਸੰਸਕਾਰਾਂ ਨਾਲ ਪਰਵਾਨ ਚੜ੍ਹਦੀ ਹੈ।

ਇਸੇ ਸਮੇਂ ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਲੱਗਣ ਵਾਲੀ ਹੈ। ਰਾਜਾ ਲਾਲ ਸਿੰਘ ਦੇ ਘਰ ਜੋ ਮਾਈ ਕਰਮ ਕੌਰ ਹੈ ਉਸ ਦੀ ਸੇਵਾਦਾਰਨੀ, ਉਹ ਚਾਹੁੰਦੀ ਹੈ ਕਿ ਉਸ ਦੇ ਦੋਹਾਂ ਪੁੱਤਰਾਂ ਨੂੰ ਸਿੱਖ ਸੈਨਾ ਵਿਚ ਭਰਤੀ ਕਰ ਲਿਆ ਜਾਵੇ ਤਾਂ ਕਿ ਉਹ ਦੇਸ਼ ਦੀ ਰਾਖੀ ਕਰਨ ਅਤੇ ਮੈਦਾਨੇ ਜੰਗ ਵਿਚ ਵੈਰੀਆਂ ਨਾਲ ਦੋ ਦੋ ਹੱਥ ਕਰਨ। ਰਾਜਾ ਕਹਿੰਦਾ ਹੈ ਕਿ ਮਾਈ ਤੇਰੇ ਦੋ ਹੀ ਪੁੱਤਰ ਹਨ - ਮੋਹਨ ਸਿੰਘ ਅਤੇ ਕਰਤਾਰ ਸਿੰਘ। ਵੱਡਾ ਸੈਨਾ ਵਿਚ ਆ ਜਾਏਗਾ, ਛੋਟਾ ਤੇਰੀ ਸੇਵਾ ਕਰੇਗਾ। ਮਾਈ ਇਕ ਚਿੱਠੀ ਲਿਖਦੀ ਹੈ ਕਿ ਮੇਰੀ ਹੋਂਦ ਮੇਰੇ ਦੋਹਾਂ ਪੁੱਤਰਾਂ ਨੂੰ ਦੇਸ਼ ਸੇਵਾ ਦਾ ਮੌਕਾ ਨਹੀਂ ਦੇ ਰਹੀ। ਉਹ ਆਪਣਾ ਸਿਰ ਕੱਟ ਕੇ ਦੇਸ਼ ਲਈ ਦੋਹਾਂ ਨੂੰ ਲੜਨ ਦਾ ਮੌਕਾ ਪਰਦਾਨ ਕਰਦੀ ਹੈ। ਇਕ ਇਹ ਮਾਈ ਕਰਮ ਕੌਰ ਹੈ ਦੇਸ਼ ਪ੍ਰੇਮ ਦੀ ਸਾਕਾਰ ਮੂਰਤ। ਦੂਜੇ ਥੰਨੇ ਰਾਜਾ ਲਾਲ ਸਿੰਘ ਤੇ ਸੈਨਾਪਤੀ ਤੇਜ ਸਿੰਘ ਹਨ ਜੋ ਦੇਸ਼ ਨੂੰ ਅੰਗਰੇਜ਼ਾਂ ਪਾਸ ਵੇਚਣ ਦੀਆਂ ਗੋਂਦਾਂ ਗੁੰਦ ਰਹੇ ਹਨ। 'ਜੈ' ਆਪਣੇ ਪਿਤਾ ਨੂੰ ਅਜੇਹੇ ਕਾਰਜ ਲਈ ਲਾਅਨਤਾਂ ਪਾਉਂਦੀ ਹੈ ਅਤੇ ਦੱਸਦੀ ਹੈ ਕਿ ਰਾਵੀ ਦੇ ਬੇਲੇ ਵਿਚ ਮਹਾਂਪੁਰਖ (ਸਤਿਗੁਰੂ ਰਾਮ ਸਿੰਘ ਜੀ) ਨੇ ਉਸਨੂੰ ਦੱਸਿਆ ਸੀ ਕਿ ਤੇਰਾ ਪਿਤਾ ਤਾਂ ਫਰੰਗੀਆਂ ਨਾਲ ਮਿਲ ਚੁੱਕਾ ਹੈ। ਓਦੋਂ ਮੈਂ ਗੁੱਸਾ ਕੀਤਾ ਸੀ ਪਰ ਹੁਣ ਪਰਤੱਖ ਵੇਖ ਲਿਆ ਹੈ। ਅੰਤ ਉਹ ਪਿਤਾ ਤੋਂ ਵਿਦਰ ਕੇ ਮਾਈ ਕਰਮ ਕੌਰ ਦੇ ਦੋਹਾਂ ਪੁੱਤਰਾਂ ਨਾਲ ਮਰਦਾਵੇਂ ਵੇਸ ਵਿਚ ਜੰਗ ਵਿਚ ਜਾਂਦੀ ਹੈ। ਮਾਈ ਦੇ ਦੋਵੇਂ ਪੁੱਤਰ ਸ਼ਹੀਦ ਹੁੰਦੇ ਹਨ ਤੇ ਜੈ ਫੱਟੜ। ਉਸ ਵੈਰੀ ਦਲਾਂ ਦੇ ਕਿੰਨਾਂ ਨੇ ਚੰਗੇ ਆਹੂ ਲਾਹੇ ਹਨ। ਇਕ ਅੰਗਰੇਜ਼ ਕਰਨਲ ਬਾਕਰ ਉਸ ਦੇ ਹੁਸਨ ਦਾ ਦੀਵਾਨਾ ਉਸ ਦੀ ਭਾਲ ਕਰਵਾਉਂਦਾ ਹੈ ਫੱਟੜਾਂ ਤੇ ਮ੍ਰਿਤਕਾਂ ਵਿਚੋਂ। ਉਹ ਅੰਗਰੇਜ਼ ਅਧਿਕਾਰੀਆਂ ਪਾਸ ਪੁੱਜ ਜਾਂਦੀ ਹੈ ਜਿਥੇ ਉਸਦਾ ਇਲਾਜ ਹੁੰਦਾ ਹੈ ਤੇ ਉਹ ਹੌਲੀ ਹੌਲੀ ਠੀਕ ਹੋ ਜਾਂਦੀ ਹੈ। ਉਸ ਦਾ ਇਲਾਜ ਕਰਨ ਵਾਲੇ ਡਾਕਟਰ ਮਾਰਟਿਨ ਦੀ ਪੁੱਤਰੀ ਰੋਜ਼ਾ ਨਾਲ ਜੈ ਦਾ ਪ੍ਰੇਮ ਬਣ ਜਾਂਦਾ ਹੈ। ਉਸ ਤੋਂ ਉਹ ਅੰਗਰੇਜ਼ੀ, ਪੜ੍ਹਨਾ, ਨਾਚ

Sri Satguru Jagjit Singh Ji eLibrary NamdhariElibrary@gmail.com

ਆਦਿ ਵੀ ਸਿੱਖ ਜਾਂਦੀ ਹੈ। ਕਰਨਲ ਥਾਮਸ ਤੋਂ ਗੁਰੂ ਦੀ ਬਖ਼ਸ਼ੀ ਛੋਟੀ ਕਿਰਪਾਨ ਨਾਲ ਆਪਣੇ ਸਤ ਦੀ ਰਾਖੀ ਕਰਦੀ ਹੈ ਅਤੇ ਅੰਗਰੇਜ਼ ਉਸ ਨੂੰ ਪ੍ਰਲੋਭਨ ਦਿੰਦੇ ਹਨ ਕਿ ਉਹ ਗਵਰਨਰ ਜਨਰਲ ਦੇ ਲਾਹੌਰ ਆਉਣ ਤੇ ਉਹਨਾਂ ਨਾਲ ਨਾਚ ਕਰੇ। ਪਰ ਗਵਰਨਰ ਦੀ ਥਾਂ ਤੇ ਇਕ ਹੋਰ ਅੰਗਰੇਜ਼ ਅਫ਼ਸਰ ਇਲੀਅਟ ਆਉਂਦਾ ਹੈ। ਇਕ ਹੋਰ ਕੈਪਟਨ ਮੂਰ ਨਾਚ ਗਾਣੇ ਦੀ ਮਹਿਫ਼ਿਲ ਵਿਚ ਜੈ ਦੀ ਬਾਂਹ ਫੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਉਸ ਦਾ ਹੱਥ ਕਿਰਪਾਨ ਨਾਲ ਕੱਟ ਦਿੰਦੀ ਹੈ। ਅੰਗਰੇਜ਼ ਅਧਿਕਾਰੀ ਉਸ ਤੋਂ ਆਪਣੇ ਢੰਗ ਨਾਲ ਬਦਲਾ ਲੈਂਦੇ ਹਨ। ਕੋਈ ਇਹੋ ਜਿਹੀ ਦੁਆਈ ਛਿੜਕੀ ਗਈ ਜਿਸ ਨਾਲ ਉਸ ਦਾ ਸਾਰਾ ਸਰੀਰ ਕੋਹੜੀ ਹੋ ਗਿਆ। ਨਕਸ਼ ਬੇਪਛਾਣ ਤੇ ਹੱਥਾਂ ਪੈਰਾਂ ਦੀਆਂ ਉਂਗਲਾਂ ਝੜ ਗਈਆਂ। ਸਰੀਰ ਵਿਚੋਂ ਪਾਕ ਦੀ ਦੁਰਗੰਧ ਆਉਣ ਕਰ ਕੇ ਕੋਈ ਕੋਲ ਨਹੀਂ ਖਲੋ ਸਕਦਾ। ਹੁਣ ਫਿਰ ਬਾਬਾ ਕਾਹਨ ਸਿੰਘ ਜੀ ਉਸ ਨੂੰ ਲਾਹੌਰ ਵਿਖੇ ਮਿਲਦੇ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਜ਼ ਕਰਦੇ ਹਨ। ਹੁਕਮ ਅਨੁਸਾਰ 'ਜੈ' ਜਿਸਨੂੰ ਹੁਣ ਨੰਦੀ ਕੋਹੜਨ ਕਹਿੰਦੇ ਹਨ ਸ੍ਰੀ ਭੈਣੀ ਸਾਹਿਬ ਪੁੱਜ ਜਾਂਦੀ ਹੈ। ਸਤਿਗੁਰੂ ਜੀ ਦੇ ਇਲਾਜ ਕਰਵਾਉਣ ਨਾਲ ਸਰੀਰ ਸਾਫ਼ ਹੋ ਜਾਂਦਾ ਹੈ ਤੇ ਉਹ ਆਪਣੀ ਕ੍ਰਿਆ ਸਾਧਣ ਦੇ ਸਮਰੱਥ ਹੋ ਜਾਂਦੀ ਹੈ। ਸ੍ਰ. ਮੰਗਲ ਸਿੰਘ ਬਿਸ਼ਨਪੁਰੀਆ ਉਸ ਨੂੰ ਆਪਣੇ ਘਰ ਕੁਝ ਸਮਾਂ ਕਥਾ ਕੀਰਤਨ ਕਰਵਾਉਣ ਵੀ ਲੈ ਜਾਂਦਾ ਹੈ। ਪਰ ਉਸਦਾ ਅੰਤ ਸਮਾਂ ੨੯ ਜਨਵਰੀ ੧੯੧੪ ਈ. ਨੂੰ ਭੈਣੀ ਸਾਹਿਬ ਹੀ ਆਉਂਦਾ ਹੈ ਜਿੱਥੇ ਉਹ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਦੇ ਉਦੈ ਕਾਲ ਦੇ ਦਰਸ਼ਨ ਕਰਦੀ ਹੈ।

ਚੱਕਰਵਰਤੀ ਜੀ ਦੇ ਸਾਰੇ ਨਾਵਲਾਂ ਜਿਉਂ 'ਜੈ' ਵਿਚ ਵੀ ਗੁਰੂ ਭਗਤੀ ਦ੍ਰਿੜ ਕਰਵਾਈ ਗਈ ਹੈ। ਉਹ ਦੇਸ਼ ਪ੍ਰੇਮ ਦੇ ਵੀ ਦੀਵਾਨੇ ਸਨ। ਇਹ ਦੇਸ਼ ਪ੍ਰੇਮ ਆਪਣੀ ਮਿੱਟੀ ਦਾ ਮੋਹ ਉਹਨਾਂ ਦੇ ਸਾਰੇ ਇਤਿਹਾਸਕ ਨਾਵਲਾਂ ਵਿਚ ਡੁੱਲ੍ਹ ਡੁੱਲ੍ਹ ਪੈਂਦਾ ਹੈ। ਉਹਨਾਂ ਦਾ ਪ੍ਰਕ੍ਰਿਤੀ ਚਿਤਰਣ ਜੰਗਲ ਬੇਲਿਆਂ ਨਦੀਆਂ ਜੂਹਾਂ, ਬਨਸਪਤੀ ਆਦਿ ਦਾ ਵਰਣਨ ਵੀ ਹਕੀਕਤ ਦੇ ਨੇੜੇ ਹੈ। ਉਹਨਾਂ ਦੀ ਬੋਲੀ ਕੇਂਦਰੀ ਪੰਜਾਬੀ ਤੇ ਸ਼ੈਲੀ ਨਿਵੇਕਲੀ ਹੈ। ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਨੂੰ ਇਹਨਾਂ ਨੂੰ ਵਿਸਤ੍ਰਿਤ ਖੋਜ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ।

ਹਵਾਲੇ ਤੇ ਟਿੱਪਣੀਆਂ (ਚੱਕਰਵਰਤੀ ਬਾਰੇ ਦੋਹਾਂ ਲੇਖਾਂ ਦੇ ਸਾਂਝੇ)

1. ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਸ੍ਰੀ ਭੈਣੀ ਸਾਹਿਬ ਵਿਚ ਮਹੱਤਵਪੂਰਨ ਜ਼ਿੰਮੇਵਾਰੀ ਤੇ ਥਾਪ ਗਏ, ਪਿੰਡ ਸਧਾਰੀ ਮਾਜਰਾ (ਜ਼ਿਲ੍ਹਾ ਰੋਪੜ), ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਰਾ ਸਮਾਂ ਅਤੇ ਸਤਿਗੁਰੂ ਜਗਜੀਤ ਸਿੰਘ ਦਾ ਮੁੱਢਲਾ ਸਮਾਂ ਵੇਖਕੇ ਸ੍ਰੀ ਭੈਣੀ ਸਾਹਿਬ ਹੀ ਗੁਜ਼ਰੇ।
2. ਪੁਸਤਕ ਕੂਕਿਆਂ ਬਾਰੇ ਦਸੰਬਰ 1956 (ਸਫ਼ਾ 133)
3. ਕਲਮ ਦੇ ਧਨੀ ਸ. ਇੰਦਰ ਸਿੰਘ ਚੱਕਰਵਰਤੀ, ਦਵਿੰਦਰ ਸਿੰਘ ਗਿੱਲ (ਸੀਆ ਨੌਬਾ) 1998 ਈ.
4. ਪਿੰਡ ਮੌੜ, ਥਾਣਾ ਫਿਲੌਰ, ਜ਼ਿਲ੍ਹਾ ਜਲੰਧਰ
5. ਪਿੰਡ ਤੇ ਥਾਣਾ ਨਰਵਾਣਾ (ਹੁਣ ਜ਼ਿਲ੍ਹਾ ਬਠਿੰਡਾ ਉਦੋਂ ਫ਼ੀਰੋਜ਼ਪੁਰ) ਜੁਲਾਈ 1880 ਈ. ਵਿਚ 25 ਸਿੱਖਾਂ ਦੇ ਜਥੇ ਨੂੰ ਲੈ ਕੇ ਰੰਗੂਨ ਸਤਿਗੁਰੂ ਜੀ ਦਾ ਦਰਸ਼ਨ ਕਰਨ ਗਏ।
6. ਲਤਾਲਾ ਜ਼ਿਲ੍ਹਾ ਲੁਧਿਆਣਾ-ਜੂਨ ਤੇ ਅਗਸਤ 1880 ਈ. ਵਿਚ ਦੋ ਵੇਰ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਆਇਆ। ਪਿਛਲੀ ਉਮਰ ਸਤਿਗੁਰੂ ਪ੍ਰਤਾਪ ਸਿੰਘ ਸਮੇਂ ਭੈਣੀ ਸਾਹਿਬ ਬਿਤਾਈ।
7. ਪਿੰਡ ਰੁੜਕਿਆਪੁਰਾ ਗੜ੍ਹਸ਼ੰਕਰ ਲਾਗੇ ਇਹ ਵੀ ਦੋ ਵੇਰ ਰੰਗੂਨ ਦਰਸ਼ਨ ਕਰਨੇ ਆਏ।
8. ਅੰਮ੍ਰਿਤਸਰ ਭੁੰਚਰ ਬਾਗ਼ ਦਾ ਮਸ਼ਹੂਰ, ਸੰਤਾ ਸਿੰਘ ਨਾਂ ਰੱਖਕੇ ਭੈਣੀ ਸਾਹਿਬ ਹੀ ਗੁਜ਼ਰਿਆ।
9. ਪਿੰਡ ਸੀਂਪਾ ਲਾਗੇ ਖੁਰਦ ਥਾਣਾ ਜਗਰਾਓਂ (ਲੁਧਿਆਣਾ)
10. ਪਿੰਡ ਬਹੋਵਾਲ, ਜ਼ਿਲ੍ਹਾ ਹੁਸ਼ਿਆਰਪੁਰ

Sri Satguru Jagjit Singh Ji eLibrary NamdhariElibrary@gmail.com

11. ਪਿੰਡ ਨੌਗਲ ਪੱਖੋਵਾਲ ਦੇ ਪਾਸ (ਲੁਧਿਆਣਾ)

12. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਵੀਰ

13. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਵੀਰ

14. ਤਿੰਨ-ਕੇਸਰ ਸਿੰਘ, ਪਿੰਡ ਕੁਮਾਰ ਮੁਹਾਵਾ (ਅੰਮ੍ਰਿਤਸਰ), ਚਵਿੰਡਾ (ਸਿਆਲਕੋਟ), ਸੇਖਵਾਂ ਜ਼ਿਲ੍ਹਾ ਗੁਜਰਾਂਵਾਲਾ।

15. ਕੂਕਿਆਂ ਬਾਰੇ ਪੰਨਾ 299-300

16. -ਉਹੀ- (ਪੰਨਾ 301-02)

17. ਮਾਲਕੋਂਦ੍ਰ (ਸਫ਼ਾ 14-15)

18. -ਉਹੀ-(ਸਫ਼ਾ 1,2,3)

19. -ਉਹੀ-(ਸਫ਼ਾ 40)

20. ਪਿੰਡ ਭੈਣੀ ਸਾਹਿਬ ਦਾ ਰੁਲਦੂ ਗੋਤ ਦੇ ਜੱਟ ਦਾ ਪੋਤਰਾ, ਸਤਿਗੁਰੂ ਜੀ ਦਾ ਬਾਲ ਸਖਾਈ ਮਿੱਤਰ

21. -ਉਹੀ-(ਸਫ਼ਾ 52-54)

22. -ਉਹੀ-(ਸਫ਼ਾ 59-60)

23. -ਉਹੀ-(ਸਫ਼ਾ 119-120)

24. -ਉਹੀ-(ਸਫ਼ਾ 130-131)

25. ਮਾਲਕੋਂਦ੍ਰ (ਸਫ਼ਾ 142)

26. -ਉਹੀ-(ਸਫ਼ਾ 130)

27. -ਉਹੀ-(ਸਫ਼ਾ 143)

28. -ਉਹੀ-(ਸਫ਼ਾ 155-156)

29. -ਉਹੀ-(ਸਫ਼ਾ 170-171)

30. -ਉਹੀ-(ਸਫ਼ਾ 190)

31. -ਉਹੀ-(ਸਫ਼ਾ 195-196)

32. -ਉਹੀ-(ਸਫ਼ਾ 199)

33. -ਉਹੀ-(ਸਫ਼ਾ 201)

3. -ਉਹੀ-(ਸਫ਼ਾ 223)

34. -ਉਹੀ-(ਸਫ਼ਾ 241)

35. -ਉਹੀ-(ਸਫ਼ਾ 255)

36. -ਉਹੀ-(ਸਫ਼ਾ 302-303)

37. -ਉਹੀ-(ਸਫ਼ਾ 313)

38. -ਉਹੀ-(ਸਫ਼ਾ 315 ਸਤਿਗੁਰੂ ਜੀ ਦੇ ਉਹ ਕੂਕੇ ਜਿਹਨਾਂ ਨੂੰ ਅੰਗਰੇਜ਼ ਉਹਨਾਂ ਦਾ ਸਿਆਸੀ ਵਾਰਿਸ ਸਮਝਦਾ ਸੀ।)

39. -ਉਹੀ-(ਸਫ਼ਾ 316) ਫਰੀਦਕੋਟ ਕਾਂਡ ਵਿਚ ਸ਼ਾਮਲ ਹੋਣ ਦਾ ਦੋਸ਼ ਲਾ ਕੇ

40. -ਉਹੀ-(ਸਫ਼ਾ 316)

41. -ਉਹੀ-(ਸਫ਼ਾ 317)

42. ਫਰੀਦਕੋਟ ਰਿਆਸਤ ਦਾ ਮਾਲੀ ਜਿਸਨੇ ਮੁਦਕੀ ਦੀ ਜੰਗ ਵਿਚ ਲਾਹੌਰ ਦਰਬਾਰ ਦੀ ਸੈਨਾ ਦੇ ਨਾਲ ਜਾਣ ਦੀ ਥਾਂ ਅੰਗਰੇਜ਼ਾਂ ਨੂੰ ਦੇ ਕੇ ਉਹਨਾਂ ਵਫ਼ਾਦਾਰੀ ਜਿੱਤੀ।

Sri Satguru Jagjit Singh Ji eLibrary NamdhariElibrary@gmail.com

43. -ਉਹੀ-(ਸਫਾ 323)

44. ਪੁਸਤਕ ਸੰਤ ਖਾਲਸਾ (ਸਫਾ 43)

45. ਮਾਲਕੌਂਸ (ਸਫਾ 334)

46. -ਉਹੀ-(ਸਫਾ 335)

47. -ਉਹੀ-(ਸਫਾ 339-340)

48. -ਉਹੀ-(ਸਫਾ 351-352)

49. -ਉਹੀ-(ਸਫਾ 356-357)

50. -ਉਹੀ-(ਸਫਾ 364)

51. -ਉਹੀ-(ਸਫਾ 380-381)

52. -ਉਹੀ-(ਸਫਾ 383)

53. -ਉਹੀ-(ਸਫਾ 445)

54. ਤੁਲਸੀ ਦਾਸ, ਦਵਿੰਦਰ ਸਿੰਘ (ਸਫਾ 66)

55. ਪਹਿਲਾ ਮਰਣੁ ਕਬੂਲਿ -ਪੰਜਾਬ ਕਿਤਾਬ ਘਰ ਜਲੰਧਰ - ੧੯੭੦ ਸਫਾ ੪੨-੪੩

56. ਉਹੀ ਸਫਾ ੫੬

57. ਉਹੀ ਸਫਾ ੬੫

58. ਉਹੀ ਸਫਾ ੧੧੮

59. ਉਹੀ ਸਫਾ ੧੧੪

Sri Satguru Jagjit Singh Ji eLibrary NamdhariElibrary@gmail.com

ਸੰਤ ਤਰਨ ਸਿੰਘ ਵਹਿਮੀ ਕ੍ਰਿਤ
'ਜੱਸ-ਜੀਵਨ' ਦੀ ਸਾਹਿਤਕ ਜਾਣ ਪਛਾਣ

ਬਹੁ ਆਯਾਮੀ ਸ਼ਖਸੀਅਤ ਦੇ ਸੁਆਮੀ ਸੰਤ ਤਰਨ ਸਿੰਘ ਵਹਿਮੀ ਇਤਿਹਾਸਕਾਰ ਜਾਂ ਵਾਰਤਕ ਲੇਖਕ ਜਾਂ ਕਵੀ ਤੋਂ ਵੱਧ ਨਾਮਧਾਰੀ ਸਮੁਦਾਇ ਵਿਚ ਇਕ ਸਾਖੀਕਾਰ ਦੇ ਤੌਰ 'ਤੇ ਜਾਣੇ ਜਾਂਦੇ ਹਨ। ਅਜੇਹਾ ਸ਼ਾਇਦ ਇਸ ਲਈ ਕਿ ਸਾਹਿਤ ਦੀਆਂ ਉਪਰੋਕਤ ਵਰਣਿਤ ਵਿਧਾਵਾਂ ਤੇ ਕਲਮ ਚਲਾਉਣ ਦੇ ਨਾਲ ਨਾਲ ਵਹਿਮੀ ਜੀ ਦੀ ਵਿੱਕੋਲਿਤਰੀ ਪਰਾਪਤੀ ਪੰਜਾਬੀ ਵਾਰਤਕ ਵਿਚ ਲਿਖੀ ਛੇ ਜਿਲਦਾਂ ਵਿਚ ਪ੍ਰਕਾਸ਼ਿਤ ਪੁਸਤਕ 'ਜੱਸ ਜੀਵਨ' ਦਾ ਲਿਖਾਰੀ ਹੋਣਾ ਹੈ। ਭਾਵੇਂ ਇਹ ਪੁਸਤਕ ਨਾਮਧਾਰੀ ਪੰਥ ਦੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ 'ਤੇ ਆਧਾਰਿਤ ਹੈ ਅਤੇ ਤਕਰੀਬਨ ਸੱਤਰ ਸਾਲਾਂ ਦਾ ਨਾਮਧਾਰੀ ਇਤਿਹਾਸ, ਉਨ੍ਹੀਵੀਂ ਸਦੀ ਅਤੇ ਵੀਹਵੀਂ ਸਦੀ ਉੱਤੇ ਫੈਲਿਆ ਇਸ ਵਿਚ ਲਿਖਿਆ ਗਿਆ ਹੈ ਪਰ ਬਹੁਤ ਸਾਰੀਆਂ ਨਾਮਧਾਰੀ ਸੰਤਾਂ-ਮਹੰਤਾਂ, ਸਿੱਖਾਂ-ਸੇਵਕਾਂ ਨਾਲ ਸਬੰਧਿਤ ਅਨੇਕ ਸਾਖੀਆਂ ਵੀ ਇਸ ਵਿਚ ਦਰਜ ਹਨ। ਸਾਖੀ ਦਾ ਮਤਲਬ ਹੁੰਦਾ ਹੈ ਪਾਸ ਹੋਣਾ। ਆਪਣੀ ਹਾਜ਼ਰੀ ਨਾਲ ਸਬੰਧਿਤ ਅਗਵਾਹੀ ਦੇਣੀ। ਇਹਨਾਂ ਦਾ ਮਨੋਰਥ ਆਪਣੇ ਇਸ਼ਟ ਅਤੇ ਮੱਤ ਵਿਚ ਭਰੋਸੇ ਨੂੰ ਸੁਦ੍ਰਿੜ੍ਹ ਕਰਨਾ। ਗੁਰਬਾਣੀ ਵੀ ਸੰਤ ਜਨਾਂ ਨਾਲ ਸਬੰਧਿਤ ਐਸੀਆਂ ਸੱਚੀਆਂ ਸਾਖੀਆਂ ਸੁਨਣ ਦੀ ਹਦਾਇਤ ਕਰਦੀ ਹੈ:

"ਸੰਤਨ ਕੀ ਸੁਣ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ।" (ਰਾਮਕਲੀ ਮਹਲਾ ੫, ਸ੍ਰੀ ਆਦਿ ਗ੍ਰੰਥ)

ਇਸ ਲਈ ਹੁਣ ਨਾਮਧਾਰੀ ਭਾਈਚਾਰੇ ਤੋਂ ਬਾਹਰ ਵੀ, ਪੰਜਾਬੀ ਸਾਹਿਤ ਦੀ ਛਾਣ ਬੀਣ ਵਿਚ ਰੁੱਝੇ ਖੋਜਾਰਥੀਆਂ ਦਾ ਏਧਰ ਧਿਆਨ ਹੋਣ ਸਦਕਾ ਤਰਨ ਸਿੰਘ ਵਹਿਮੀ, 'ਜੱਸ ਜੀਵਨ' ਵੱਡ ਅਕਾਰੀ ਪੁਸਤਕ ਨਾਲ ਸਬੰਧਿਤ ਹੋਣ ਕਾਰਨ ਜਾਣੇ ਜਾ ਰਹੇ ਹਨ। ਇਹ ਪੁਸਤਕ ਵਹਿਮੀ ਜੀ ਦੀ ਉਮਰ ਭਰ ਦੀ ਮਿਹਨਤ ਦਾ ਨਤੀਜਾ ਹੈ ਭਾਵੇਂ ਇਹਨੂੰ ਲਿਖਣ ਦਾ ਕਾਰਜ ਉਹਨਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਲੋਕ ਗਮਨ ਤੋਂ ਫ਼ੌਰਨ ਮਗਰੋਂ ਸ਼ੁਰੂ ਕਰ ਦਿੱਤਾ ਸੀ। ਪਰ ਆਪਣੀਆਂ ਕਾਪੀਆਂ ਵਿਚ ਘਟਨਾਵਾਂ, ਵਿਅਕਤੀਆਂ, ਥਾਵਾਂ ਆਦਿ ਸਬੰਧਤ ਨੋਟ ਲੈਣੇ ਉਹਨਾਂ ਨੇ ਬਹੁਤ ਪਹਿਲੋਂ ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਅਸ਼ੀਰਵਾਦ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪ੍ਰੇਰਨਾ ਨਾਲ ਸ਼ੁਰੂ ਕਰ ਦਿੱਤੇ ਸਨ। ਇਹ ਉਹ ਸਮਾਂ ਸੀ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੀ ਸੰਗਤ ਮਾਨਣ ਵਾਲੇ ਬਹੁਤ ਸਾਰੇ ਸੱਜਣ ਅਜੇ ਜੀਵਤ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੀ ਮਾਤਾ ਜੀਵਨ ਕੌਰ ਵੀ ਨਾਮਧਾਰੀ ਇਤਿਹਾਸ ਦਾ ਭੰਡਾਰ ਸਨ। ਉਹਨਾਂ ਤੋਂ ਵਾਰ ਵਾਰ ਜਦੋਂ ਤਰਨ ਸਿੰਘ ਹੋਰਾਂ ਕੁਝ ਪੁੱਛ ਪੜਤਾਲਣਾ ਚਾਹਿਆ ਤਾਂ ਉਹਨਾਂ ਦੇ ਮੂੰਹੋਂ ਸਹਿਵਨ ਨਿਕਲਿਆ, "ਬੀਰਾ! ਤੂੰ ਤਾਂ ਬੜਾ ਵਹਿਮੀ ਏਂ।" ਇਸ ਤਰ੍ਹਾਂ ਉਹ ਤਰਨ ਸਿੰਘ ਵਹਿਮੀ ਹੋ ਗਏ। ਵਹਿਮੀ ਜੀ ਆਪਣੇ ਇਕ ਕਬਿੱਤ ਵਿਚ ਆਪਣੇ ਇਸ ਸ਼ੌਕ ਪ੍ਰਤੀ ਇਉਂ ਖੁੱਲ੍ਹਾ ਐਲਾਨ ਕਰਦੇ ਹਨ।

"ਕਿਸੇ ਨੂੰ ਹੈ ਵਹਿਮ ਕਾਰੋਬਾਰ, ਨਾਰ ਪੁੱਤਰਾਂ ਦਾ
ਕਿਸੇ ਨੂੰ ਹੈ ਵਹਿਮ ਚੋਲ਼, ਇੱਜ਼ਤ, ਲਿਬਾਸ ਦਾ।
ਕਿਸੇ ਨੂੰ ਹੈ ਵਹਿਮ ਵਾਧੂ ਗੱਲਾਂ ਕਰਨ ਸੁਨਣ ਦਾ ਹੋ
ਕਿਸੇ ਨੂੰ ਹੈ ਵਹਿਮ ਮੈਥੋਂ ਵਧ ਜਾਏ ਨਾ ਪਾਸ ਦਾ।

Sri Satguru Jagjit Singh Ji eLibrary NamdhariElibrary@gmail.com

ਕਿਸੇ ਨੂੰ ਹੈ ਵਹਿਮ ਮੇਰੀ ਮਾਇਆ ਪਾਇਆਂ ਹੋਰ ਹੋਵੇ
ਕਿਸੇ ਨੂੰ ਹੈ ਵਹਿਮ ਖਾਣ, ਖੇਡਣ, ਲਿਬਾਸ ਦਾ।
ਇਕ ਇਕ ਵਹਿਮ ਵਿਚ ਰੁੱਝੀ ਸਾਰੀ ਦੁਨੀਆਂ ਜਿਉਂ
ਵਹਿਮੀ ਨੂੰ ਹੈ ਵਹਿਮ ਨਾਮਧਾਰੀ ਇਤਿਹਾਸ ਦਾ।"[1]

ਹਰਿਆਣਾ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਵੀ ਇਸ ਲਈ ਗਰਵਿਤ ਹੋਣਾ ਬਣਦਾ ਹੈ ਕਿ ਪੱਛਮੀ ਪੰਜਾਬ ਵਿਚੋਂ ਆ ਕੇ ਤਦੋਂਕੇ ਜ਼ਿਲ੍ਹਾ ਹਿਸਾਰ ਦੀ ਸਿਰਸਾ ਤਹਿਸੀਲ ਦੇ (ਹੁਣ ਐਲਨਾਬਾਦ ਤਹਿਸੀਲ) ਪਿੰਡ ਖੁੱਥੀ ਮਾੜੀ ਵਿਖੇ, ਜਿਸ ਪੰਜਾਬੀ ਲੇਖਕ ਨੇ ਆਪਣੀ ਉਮਰ ਦੇ ਦੋ ਦਹਾਕੇ ਵੀ ਬਿਤਾਏ, ਛੇ ਜਿਲਦਾਂ 'ਤੇ ਫੈਲੇ 2180 ਪੰਨਿਆਂ 'ਤੇ ਆਧਾਰਤ ਪੰਜਾਬੀ ਵਾਰਤਕ ਦਾ ਇਕ ਆਪਣੀ ਹੀ ਕਿਸਮ ਦਾ ਗ੍ਰੰਥ ਹਰਿਆਣੇ ਦੇ ਕਿਸੇ ਭੂ-ਭਾਗ ਤੇ ਲਿਖਿਆ ਗਿਆ ਹੈ। ਜੇ ਸਾਹਿਤਕ ਇਤਿਹਾਸ ਵਿਚ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੇ ਰਚੇਤਾ ਭਾਈ ਸੰਤੋਖ ਸਿੰਘ ਜੀ ਚੂੜਾਮਣੀ ਸਦਕਾ ਕੈਥਲ ਜਾਣਿਆ ਜਾਂਦਾ ਹੈ ਅਤੇ ਇਹਨਾਂ ਲੀਹਾਂ 'ਤੇ ਚਲਦਿਆਂ ਕਵਿਤਾ ਦੀ ਬਜਾਏ ਵਾਰਤਕ ਵਿਚ ਪੌਣੀ ਸਦੀ ਦੇ ਵਿਸਤ੍ਰਿਤ ਨਾਮਧਾਰੀ ਇਤਿਹਾਸ ਲਿਖਣ ਸਦਕਾ ਸਿਰਸਾ ਜ਼ਿਲ੍ਹਾ ਆਪਣੀ ਸਾਹਿਤਕ ਪਛਾਣ ਨੂੰ ਸੰਤ ਤਰਨ ਸਿੰਘ ਵਹਿਮੀ ਨਾਲ ਜੋੜ ਕੇ ਗਰਵਿਤ ਮਹਿਸੂਸ ਕਰੇਗਾ। ਕੁਲ ਮਿਲਾ ਕੇ ਹਰਿਆਣਾ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਵਿਚ ਇਸ ਗ੍ਰੰਥ ਨਾਲ ਇਕ ਨਿੱਗਰ ਵਾਧਾ ਹੋਇਆ ਹੈ। ਗ੍ਰੰਥ ਬਾਰੇ ਚਰਚਾ ਕਰਨ ਤੋਂ ਪਹਿਲਾਂ ਥੋੜ੍ਹਾ ਲੇਖਕ ਦੀ ਜਾਣ ਪਛਾਣ ਹੋ ਜਾਵੇ।

"ਸੁੱਧ ਖੱਦਰ ਦਾ ਬਾਣਾ, ਉੱਗਲ ਮੋਟਾ ਸੂਤ, ਦੁੱਧ ਵਰਗਾ ਚਿੱਟਾ ਕੁਰਤਾ, ਗਲ ਵਿਚ ਮਾਲਾ ਦੂਧੀਆ ਉੱਨ ਦੀ, ਹੱਥ ਗੜਵਾ, ਦਾੜ੍ਹੀ ਤੋਂ ਇਉਂ ਜਾਪਦਾ ਜਿੱਦਾਂ ਕੋਈ ਸੰਤ ਹੋਵੇ, ਹੁਣੇ ਹੁਣੇ ਪਹਾੜਾਂ ਤੋਂ ਉਤਰ ਕੇ ਆਇਆ ਏ। ਵੇਖੀਏ ਤੇ ਜੱਟ, ਉਂਦਾਂ ਕਵੀ, ਸਾਹਿਤਕਾਰ, ਖੋਜੀ-ਪੜਚੋਲੀਆ ਤੇ ਬੁਲਾਰਾ। ਤੁਸੀਂ ਏਸ ਆਦਮੀ ਨੂੰ ਕੀ ਆਖੋਗੇ? ਮੇਰਾ ਖ਼ਿਆਲ ਏ ਜੇ ਤੁਸੀਂ ਮੈਨੂੰ ਆਗਿਆ ਦਿਉ ਤਾਂ ਇਸ ਮਾਲਾ ਦੇ ਮਣਕੇ ਨੂੰ 'ਤਰਨ ਸਿੰਘ ਜੀ ਵਹਿਮੀ ਆਖ ਦੇਵਾਂ ਤਾਂ ਕੋਈ ਹਰਜ ਨਹੀਂ, ਕਿਉਂ ਇਹ ਪਸੰਦ ਆਈ ਏ ਮੇਰੀ ਗੱਲ? ਇਹ ਪ੍ਰਸ਼ਨ ਸੀ ਹਰਨਾਮ ਦਾਸ ਸਹਿਰਾਈ ਦਾ ਪਾਠਕਾਂ ਕੋਲੋਂ ਪੁੱਛਣ ਦਾ।"[2]

ਸੰਤ ਤਰਨ ਸਿੰਘ ਵਹਿਮੀ ਦੇ ਲੇਖਕ ਮੰਡਲ ਵਿਚ ਆਉਣ ਸਮੇਂ ਤੱਕ ਪੰਜਾਬੀ ਵਾਰਤਕ ਕਾਫ਼ੀ ਪਰਪੱਕ ਹੋ ਚੁੱਕੀ ਸੀ। ਕਿਉਂ ਜੁ ਵੀਹਵੀਂ ਸਦੀ ਦੀ ਪੰਜਾਬੀ ਵਾਰਤਕ ਨੇ ਗਿਆਨੀ ਗਿਆਨ ਸਿੰਘ, ਭਾਈ ਵੀਰ ਸਿੰਘ, ਭਾਈ ਸੰਤੋਖ ਸਿੰਘ ਬਾਹੋਵਾਲ, ਭਾਈ ਮੋਹਨ ਸਿੰਘ ਵੈਦ, ਨਾਨਕ ਸਿੰਘ, ਗੁਰਬਖ਼ਸ਼ ਸਿੰਘ, ਤੇਜਾ ਸਿੰਘ ਪ੍ਰਿੰਸੀਪਲ, ਪ੍ਰੋ. ਸਾਹਿਬ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ ਆਦਿ ਕਲਮਕਾਰਾਂ ਦੀ ਸਹਾਇਤਾ ਨਾਲ ਆਪਣਾ ਮੂੰਹ-ਮੱਥਾ ਸੁਆਰ ਲਿਆ ਸੀ। ਸੰਤ ਵਹਿਮੀ ਕਿਉਂਕਿ ਸੰਪ੍ਰਦਾਇਕ ਲਿਖਾਰੀ ਸਨ ਅਤੇ ਉਹ ਆਪਣੇ ਗੁਰੂ ਦਾ ਜੱਸ ਨਾਮਧਾਰੀ ਸਿੱਖ ਰਹੁ-ਰੀਤਾਂ ਮੁਤਾਬਿਕ ਲਿਖ ਰਹੇ ਸਨ। ਸੋ ਉਹ ਆਧੁਨਿਕ ਪੰਜਾਬੀ ਵਾਰਤਕਕਾਰਾਂ ਦੀ ਬਜਾਏ ਗੁਰੂਆਂ ਦੀਆਂ ਗਾਥਾਵਾਂ ਬਿਆਨਣ ਲਈ ਲਿਖੀਆਂ ਗਈਆਂ ਜਨਮਸਾਖੀਆਂ ਅਤੇ ਗੋਸ਼ਟਾਂ ਆਦਿ ਦੇ ਗੰਭੀਰ ਅਧਿਐਨ ਵਿਚ ਜੁੱਟੇ ਰਹੇ ਹਨ। ਇਸ ਲਈ ਵਹਿਮੀ ਜੀ ਦੇ 'ਜੱਸ ਜੀਵਨ' ਨੂੰ ਅਸੀਂ ਪੰਜਾਬੀ ਜਨਮ ਸਾਖੀ ਪਰੰਪਰਾ ਦਾ ਵਿਸਥਾਰ ਕਹਿ ਸਕਦੇ ਹਾਂ। ਵੈਸੇ ਵਹਿਮੀ ਜੀ ਜਿਸ ਪੁਸਤਕ ਤੋਂ ਪ੍ਰਭਾਵਿਤ ਜ਼ਿਆਦਾ ਹੁੰਦੇ ਹਨ, ਉਹ ਹੈ ਭਾਈ ਸੰਤੋਖ ਸਿੰਘ ਬਾਹੋਵਾਲ (ਹੁਸ਼ਿਆਰਪੁਰ), ਜੋ ਸੰਨ ੧੯੦੨ ਈ. ਵਿਚ ਜਦੋਂ ਬਰਤਾਨਵੀ ਸਰਕਾਰ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਤੇ ਬੜੀ ਕਰੋਪ ਸੀ, ਇੱਥੇ ਆਉਂਦਾ ਹੈ ਅਤੇ ਗੁਰਸਿੱਖਾਂ ਤੋਂ ਗੁਰੂ ਹਰੀ ਸਿੰਘ ਜੀ ਤੋਂ, ਮਾਤਾ ਜੀਵਨ ਕੌਰ ਜੀ ਆਦਿ ਤੋਂ ਸੁਣ ਸੁਣਾ ਕੇ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਨਾਮਧਾਰੀ ਇਤਿਹਾਸ ਸਾਖੀਆਂ ਦੀ ਸ਼ੈਲੀ ਵਿਚ ਲਿਖਦਾ ਹੈ। ਤਰਨ ਸਿੰਘ ਆਪਣੀ ਸ੍ਰੀ ਭੈਣੀ ਸਾਹਿਬ ਆਮਦ ਸਮੇਂ, ਅਕਸਰ ਅੱਸੂ ਦੇ ਮੇਲੇ ੬੦-੮੦ ਦਿਨ ਲਗਾਤਾਰ ਇੱਥੇ ਰਹਿੰਦਾ ਹੁੰਦਾ ਸੀ। ਇਸ ਗ੍ਰੰਥ ਦਾ ਪਾਠ

Sri Satguru Jagjit Singh Ji eLibrary NamdhariElibrary@gmail.com

ਕਰਨ ਦਾ ਸੁਅਵਸਰ ਹਾਸਿਲ ਕਰਦੇ। ਇਸੇ ਲਈ 'ਜੱਸ ਜੀਵਨ' ਦੀਆਂ ਪਹਿਲੀਆਂ ਜਿਲਦਾਂ ਵਿਚ ਬਾਹੋਵਾਲ ਜੀ ਦੇ ਭਰਪੂਰ ਹਵਾਲੇ ਮਿਲਦੇ ਹਨ।

ਜਿੱਥੇ ਸੰਤ ਸੰਤੋਖ ਸਿੰਘ ਬਾਹੋਵਾਲ ਦਾ ਕੰਮ ਖ਼ਤਮ ਹੁੰਦਾ ਹੈ, ੧੯੦੬ ਈ. ਵਿਚ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਸਮੇਂ ਉਦੋਂ ਜਾਕੇ ਹੀ ਵਹਿਮੀ ਜੀ ਦਾ ਕੰਮ ਸ਼ੁਰੂ ਹੁੰਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੀ ੧੯੦੬ ਈ. ਵਿਚ ਹੀ ਇਸ ਪੰਥ ਦੀ ਗੱਦੀਨਸ਼ੀਨੀ ਸਮੇਂ। ਉਂਞ ਆਪਣੀ ਪੁਸਤਕ ਵਿਚ ਉਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਪ੍ਰਗਟ ਹੋਣ ਦੇ ਪਿਛੋਕੜ ਦੇ ਵੀ ਸਮਾਚਾਰ ਬਿਆਨ ਕਰਦੇ ਹਨ। ਗੁਰੂ ਹਰੀ ਸਿੰਘ ਜੀ ਦਾ ਅੰਤ ਸਮਾਂ, ਸਤਿਗੁਰੂ ਪਰਤਾਪ ਸਿੰਘ ਜੀ ਦਾ ਬਚਪਨ, ਜੁਆਨੀ ਅਤੇ ਬਿਰਧ ਅਵਸਥਾ ਨੂੰ ਚਿਤਰਣ ਲਈ ਵੱਡ ਆਕਾਰੀ ਗ੍ਰੰਥ ਤਿਆਰ ਕਰ ਦਿੱਤਾ ਗਿਆ। ਸਾਹਿਤਕ ਤੌਰ 'ਤੇ ਜਿੱਥੇ ਅਸੀਂ ਇਸ ਨੂੰ ਜਨਮਸਾਖੀ ਪਰੰਪਰਾ ਵਿਚ ਵੇਖਦੇ ਹਾਂ। ਇਤਿਹਾਸ ਦੇ ਤੌਰ ਤੇ ਤਵਾਰੀਖ਼ ਗੁਰੂ ਖ਼ਾਲਸਾ (ਗਿਆਨੀ ਗਿਆਨ ਸਿੰਘ) ਅਤੇ ਸਤਿਗੁਰੂ ਬਿਲਾਸ (ਸੰਤੋਖ ਸਿੰਘ ਬਾਹੋਵਾਲ) ਗ੍ਰੰਥਾਂ ਨਾਲ ਇਸ ਨੂੰ ਰੱਖਿਆ ਜਾ ਸਕਦਾ ਹੈ। ਇਹ ਸਿਰਫ਼ ਇਸ ਸਮੇਂ ਦਾ ਨਾਮਧਾਰੀਆਂ ਦਾ ਇਤਿਹਾਸ ਹੀ ਨਹੀਂ ਸਗੋਂ ਪੌਣੀ ਸਦੀ ਦਾ ਪੰਜਾਬ ਦਾ ਇਤਿਹਾਸ ਬਿਆਨ ਕਰਨ ਵਾਲੀ ਰਚਨਾ ਬਣ ਜਾਂਦੀ ਹੈ। ਇਸ ਵਿਚ ਦੇਸ਼ ਪ੍ਰਦੇਸ਼ ਅਤੇ ਕੌਮਾਂਤਰੀ ਸਤਰ 'ਤੇ ਵਾਪਰਨ ਵਾਲੀਆਂ ਘਟਨਾਵਾਂ ਵੀ ਦਰਜ ਹਨ। ਵੱਖ ਵੱਖ ਨਾਮਧਾਰੀ ਲਹਿਰਾਂ ਨਾਲ ਸਬੰਧਿਤ ਵੱਖ-ਵੱਖ ਲੋਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰਨ ਅਤੇ ਉਹਨਾਂ ਤੋਂ ਅਸ਼ੀਰਵਾਦ-ਸਹਾਇਤਾ ਲੈਣ ਇੱਥੇ ਪਹੁੰਚਦੇ ਸਨ। ਇਹਨਾਂ ਸਾਰੀਆਂ ਗੱਲਾਂ ਦੇ ਵੇਰਵੇ ਜੱਸ ਜੀਵਨ ਵਿਚ ਦਰਜ ਹਨ। ਗਦਰ ਪਾਰਟੀ, ਕਿਰਤੀ ਕਿਸਾਨ ਲਹਿਰਾਂ, ਅਕਾਲੀ ਪਾਰਟੀ, ਬੱਬਰ ਅਕਾਲੀ, ਜੱਲ੍ਹਿਆਂ ਵਾਲੇ ਬਾਗ ਦਾ ਸਾਕਾ, ਮਹਾਰਾਜਾ ਰਿਪੁਦਮਨ ਸਿੰਘ ਦਾ ਨਾਭੇ ਦੀ ਗੱਦੀ ਤੋਂ ਉਤਾਰਿਆ ਜਾਣਾ, ਭਗਤ ਸਿੰਘ ਅਤੇ ਸਾਥੀਆਂ ਦੀ ਫਾਂਸੀ, ਊਧਮ ਸਿੰਘ ਸੁਨਾਮ, ਸੁਭਾਸ਼ ਚੰਦਰ ਬੋਸ ਅਤੇ ਆਜ਼ਾਦ ਹਿੰਦ ਫ਼ੌਜ ਦੇ ਜਾਂਬਾਜ਼, ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ, ਸ੍ਰ. ਪਟੇਲ, ਮੌਲਾਨਾ ਆਜ਼ਾਦ ਆਦਿ ਦਾ ਜ਼ਿਕਰ ਇਸ ਪੁਸਤਕ ਦੀ ਇਤਿਹਾਸਕ ਅਮੀਰੀ ਵਿਚ ਵਾਧਾ ਕਰਦਾ ਹੈ। ਦੇਸ਼ ਵੰਡਾਰੇ ਦੇ ਅੱਖੀਂ ਡਿੱਠੇ ਸਮਾਚਾਰ ਲੇਖਕ ਨੇ ਅੰਕਿਤ ਕੀਤੇ ਹਨ ਜਦੋਂ ਬਹੁਤ ਸਾਰੇ ਕਹਿੰਦੇ ਕਹਾਉਂਦੇ ਲੋਕਾਂ ਨੂੰ ਲਿਲਕੜੀਆਂ ਲੈਂਦਿਆਂ ਵੇਖਿਆ ਜਾ ਸਕਦਾ ਸੀ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਾਲੇ, ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਪਿਤਾ ਸ੍ਰ ਕਿਸ਼ਨ ਸਿੰਘ, ਸਰ ਸੁੰਦਰ ਸਿੰਘ ਮਜੀਠਾ, ਮਹਾਰਾਜ ਸਾਵਣ ਸਿੰਘ ਜੀ ਰਾਧਾ ਸਵਾਮੀ ਬਿਆਸ ਵਾਲੇ, ਲਾਲਾ ਲਾਜਪਤ ਰਾਏ, ਮਦਨ ਮੋਹਨ ਮਾਲਵੀਆ, ਸੈਫੂਦੀਨ ਕਿਚਲੂ, ਡਾ. ਸਤਪਾਲ, ਲਾਲਾ ਕੇਦਾਰ ਨਾਥ ਸਹਿਗਲ, ਚੌਧਰੀ ਗੁਲਾਮ ਹੈਦਰ ਖ਼ਾਂ, ਮਹਿਤਾ ਅਨੰਦ ਕਿਸ਼ੋਰ ਜੀ ਲਾਹੌਰ, ਸੁਆਮੀ ਸ਼ਰਧਾ ਨੰਦ, ਬਾਬਾ ਸੋਹਣ ਸਿੰਘ ਭਕਨਾ, ਸਰਦੂਲ ਸਿੰਘ ਕਵੀਸ਼ਰ, ਸੱਯਦ ਹਬੀਬੁੱਲਾ, ਬਾਬਾ ਖੜਕ ਸਿੰਘ 'ਬੇਤਾਜ ਬਾਦਸ਼ਾਹ' ਮਾਸਟਰ ਤਾਰਾ ਸਿੰਘ, ਸੇਠ ਜੁਗਲ ਕਿਸ਼ੋਰ ਬਿਰਲਾ, ਭਗਵਾਨ ਦਾਸ ਜੀ ਹਜ਼ੂਰੀ, ਸਰ ਜੋਗਿੰਦਰ ਸਿੰਘ ਵਜ਼ੀਰ ਪੰਜਾਬ, ਡਾਕਟਰ ਗੋਕਲ ਚੰਦ ਨਾਰੰਗ ਵਜ਼ੀਰ ਪੰਜਾਬ, ਸੁਆਮੀ ਸੁਤੰਤਰਾ ਨੰਦ ਜੀ, ਗਿਆਨੀ ਸ਼ੇਰ ਸਿੰਘ, ਪ੍ਰੋਫ਼ੈਸਰ ਗੰਗਾ ਸਿੰਘ, ਸ੍ਰ. ਗੁਪਾਲ ਸਿੰਘ ਕੌਮੀ, ਹੀਰਾ ਸਿੰਘ ਜੀ ਦਰਦ, ਅਵਤਾਰ ਸਿੰਘ ਆਜ਼ਾਦ, ਐਸ. ਐਸ. ਚਰਨ ਸਿੰਘ ਸ਼ਹੀਦ, ਵਿਧਾਤਾ ਸਿੰਘ ਤੀਰ, ਸ੍ਰ. ਕਾਹਨ ਸਿੰਘ ਨਾਭਾ, ਪ੍ਰਸਿੱਧ ਸਿੱਖ ਇਤਿਹਾਸਕਾਰ, ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰੋਫ਼ੈਸਰ ਜੋਧ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਭਾਈ ਅਰਜਨ ਸਿੰਘ ਬਾਗੜੀਆਂ, ਉਦਾਸੀ ਮਹੰਤ ਹਰੀਦਾਸ ਜੀ ਬਿਲਗਾ ਇਤਿਆਦਿਕ ਸੈਂਕੜੇ ਨਾਂ ਅਜਿਹੇ ਹਨ ਜਿਹਨਾਂ ਦੀ ਨਾਮਧਾਰੀ ਦਰਬਾਰ ਨਾਲ, ਕਿਸੇ ਨਾ ਕਿਸੇ ਰੂਪ ਵਿਚ ਕੋਈ ਸਾਂਝ ਹੋਣ ਕਾਰਨ ਇਸ ਗ੍ਰੰਥ ਵਿਚ ਜ਼ਿਕਰ ਆਇਆ। ਇਹਨਾਂ ਵਿਚੋਂ ਬਹੁਤ ਸਾਰੀਆਂ ਇਹ ਧਾਰਮਿਕ, ਸਮਾਜਿਕ, ਸਾਹਿਤਕ ਤੇ ਸਿਆਸੀ ਸ਼ਖ਼ਸੀਅਤਾਂ ਨਾਮਧਾਰੀ ਹੈਡ ਕੁਆਰਟਰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਗਾਹੇ-ਬਗਾਹੇ ਆਉਂਦੀਆਂ ਰਹੀਆਂ ਹਨ।

ਦੇਸ਼ ਅਤੇ ਦੁਨੀਆਂ ਦੇ ਨਕਸ਼ੇ 'ਤੇ ਉਹ ਕਾਲ, ਜਿਸ ਨਾਲ 'ਜੱਸ ਜੀਵਨ' ਸਬੰਧਿਤ ਹੈ, ਬੜੀਆਂ ਦੂਰਗਾਮੀ

Sri Satguru Jagjit Singh Ji eLibrary NamdhariElibrary@gmail.com

ਅਸਰ ਵਾਲੀਆਂ ਰਾਜਨੀਤਕ ਘਟਨਾਵਾਂ ਨਾਲ ਭਰਪੂਰ ਹੈ। ਇਸੇ ਸਮੇਂ ਵਿਸ਼ਵ ਨੂੰ ਸਾਮਰਾਜ ਦੀਆਂ ਮੰਡੀਆਂ ਦੀ ਨਵੇਂ ਸਿਰਿਉਂ ਵੰਡ ਦੀ ਨੀਤੀ ਸਦਕਾ, ਦੋ ਸੰਸਾਰ ਜੰਗਾਂ ਦੀ ਭੱਠੀ ਵਿਚ ਝੋਕ ਦਿਤਾ ਗਿਆ। ਇਹੋ ਸਮਾਂ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦੀ ਸਫਲਤਾ ਦਾ ਵੀ ਹੈ। ਜੱਲ੍ਹਿਆਂ ਵਾਲੇ ਬਾਗ ਤੋਂ ਬਾਅਦ ਪ੍ਰਚੰਡ ਹੁੰਦੇ ਲੋਕ ਰੋਹ ਦਾ ਵੀ ਇਹੋ ਸਮਾਂ ਹੈ ਜਿਸ ਨਾਲ ਕੌਮੀ ਮੁਕਤੀ ਅੰਦੋਲਨ ਨੇ ਨਵੀਆਂ ਬੁਲੰਦੀਆਂ ਛੋਹੀਆਂ। ਪਾਕਿਸਤਾਨ ਦਾ ਬਣਨਾ। ਦੋਹੀਂ ਪਾਸੀਂ ਦਸ ਲੱਖ ਦੇ ਕਰੀਬ ਅਭਾਗਿਆਂ ਦੇ ਕਤਲ, ਔਰਤਾਂ ਦੀ ਵੱਡੇ ਪੱਧਰ 'ਤੇ ਬੇਪਤੀ, ਮਜ਼੍ਹਬ ਦੇ ਆਧਾਰ 'ਤੇ ਵੱਸੋਂ ਦਾ ਤਬਾਦਲਾ, ਮਹਾਂ ਸ਼ਕਤੀਆਂ ਵਿਚਾਲੇ ਠੰਢੀ ਜੰਗ ਜਾਰੀ ਰਹਿਣੀ ਅਤੇ ਭਾਰਤ ਨੇ ਆਪਣੇ ਆਪ ਨੂੰ ਦੋਹਾਂ ਧੜਿਆਂ ਤੋਂ ਪਾਸੇ, ਗੁਟ ਨਿਰਲੇਪਤਾ ਦੀ ਨੀਤੀ ਤੇ ਚਲਾਉਣਾ, ਫ਼ਿਰਕੂ ਅਤੇ ਖੇਤਰੀ ਰਾਜਨੀਤੀ ਦੀਆਂ ਜੜ੍ਹਾਂ ਲੱਗਣ ਦਾ ਵੀ ਇਹੋ ਸਮਾਂ ਸੀ। ਇਸ ਲਈ ਵਹਿਮੀ ਜੀ ਦਾ ਗ੍ਰੰਥ ਆਪਣੇ ਕਲੇਵਰ ਵਿਚ ਜਿਹਨਾਂ ਵਿਸ਼ਿਆਂ ਨੂੰ ਲੈਂਦਾ ਹੈ, ਉਹਨਾਂ ਦਾ ਬਹੁਤ ਮਹੱਤਵ ਹੈ।

ਸਤਿਗੁਰੂ ਪਰਤਾਪ ਸਿੰਘ ਦੇ ਸਮੇਂ ਵਿਚ ਹੀ ਨਾਮਧਾਰੀ ਭਾਈਚਾਰੇ ਨੂੰ ਅੰਗਰੇਜ਼ ਸਰਕਾਰ ਦੀਆਂ ਹਿਰਦੇ ਵਿਦਾਰਕ ਸਖ਼ਤੀਆਂ ਨਾਲ ਸਿੱਝਣ ਪਿੱਛੋਂ ਮੌਲਣ, ਮਹਿਕਣ ਅਤੇ ਪਸਰਨ ਲਈ ਵਕਤ ਮਿਲਿਆ। ਸਤਿਗੁਰੂ ਜੀ ਸਿਰਫ਼ ਚੁਮਾਸਾ ਹੀ ਸ੍ਰੀ ਭੈਣੀ ਸਾਹਿਬ ਵਿਚ ਕੱਟਦੇ ਸਨ। ਫਿਰ ਦੌਰੇ ਨੂੰ ਇਸ ਤਰ੍ਹਾਂ ਤਰਤੀਬ ਦੇ ਦਿੱਤੀ ਜਾਂਦੀ ਕਿ ਦੀਵਾਲੀ ਸ੍ਰੀ ਅੰਮ੍ਰਿਤਸਰ ਵਿਖੇ ਮਨਾਈ ਜਾਂਦੀ, ਕੱਤਕ ਪੁੰਨਿਆਂ ਦਾ ਪਹਿਲੀ ਪਾਤਸ਼ਾਹੀ ਦਾ ਆਗਮਨ ਪੁਰਬ ਦਾ ਮੇਲਾ ਨਨਕਾਣਾ ਸਾਹਿਬ ਵਿਖੇ ਮਨਾਇਆ ਜਾਂਦਾ, ਮਾਘੀ ਨੂੰ ਫਿਰ ਮੁਕਤਸਰ ਸਾਹਿਬ ਵਿਖੇ ਪੁੱਜਿਆ ਜਾਂਦਾ, ਹੋਲਾ ਜਿਸ ਜਗ੍ਹਾ 'ਤੇ ਹੁੰਦਾ ਓਥੇ ਮਨਾਇਆ ਜਾਂਦਾ। ਵਿਸਾਖੀ ਦੇ ਪੁਰਬ ਤੇ ਫਿਰ ਆਪ ਸ੍ਰੀ ਅੰਮ੍ਰਿਤਸਰ ਹੀ ਦਰਸ਼ਨ ਦੀਦਾਰੇ ਕਰਦੇ। ਦੁਸਹਿਰੇ ਦਾ ਮੇਲਾ ਆਮ ਤੌਰ 'ਤੇ ਗੁਜਰਾਂਵਾਲੇ ਸ਼ਹਿਰ ਵਿਚ ਮਨਾਇਆ ਜਾਂਦਾ। ਵੰਡ ਤੋਂ ਪਹਿਲਾਂ ਕਿਹੜੇ ਕਿਹੜੇ ਜ਼ਿਲ੍ਹਿਆਂ ਦੇ, ਕਿਹੜੇ ਕਿਹੜੇ ਪਿੰਡਾਂ ਵਿਚ ਨਾਮਧਾਰੀ ਸਿੰਘ ਵੱਸਦੇ ਸਨ, ਉਹਨਾ ਦੇ ਨਾਮ ਕੀ ਸਨ ਅਤੇ ਵੰਡ ਤੋਂ ਬਾਅਦ ਉਹ ਜਾਂ ਉਹਨਾਂ ਦੀ ਔਲਾਦ ਹੁਣ ਕਿਹੜੀ ਜਗ੍ਹਾ ਵਸਦੀ ਹੈ, ਇਹ ਜਾਣਕਾਰੀਆਂ ਉਪਲਬਧ ਕਰਾਉਣ ਲਈ 'ਜੱਸ ਜੀਵਨ' ਦੀ ਮਹੱਤਤਾ ਇਕ ਸੰਦਰਭ ਗ੍ਰੰਥ ਜਿਹੀ ਬਣ ਗਈ ਹੈ। ਵਹਿਮੀ ਜੀ ਨੇ ਨਾਮਧਾਰੀ ਜਗਤ ਦੇ ਬਹੁਤ ਸਾਰੇ ਪਾਤਰਾਂ ਨੂੰ ਆਪਣੀ ਰਚਨਾ ਵਿਚ ਥਾਂ ਦੇ ਕੇ ਬੀਤੇ ਦੀ ਧੁੰਦ ਵਿਚ ਗੁਆਚਣ ਤੋਂ ਬਚਾ ਕੇ ਉਹਨਾਂ ਨੂੰ ਅਮਰਤਾ ਪ੍ਰਦਾਨ ਕਰ ਦਿੱਤੀ ਹੈ।

ਨਾਮਧਾਰੀ ਸਮੁਦਾਇ ਨਾਲ ਸਬੰਧਤ ਬਹੁਤ ਸਾਰੇ ਰਸਮੋ-ਰਿਵਾਜ, ਬਹੁਤ ਸਾਰੀਆਂ ਕ੍ਰਿਆਵਾਂ, ਵਾਰਨੀ, ਹਵਨ, ਸ੍ਰੀ ਆਦਿ ਗ੍ਰੰਥ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਾਧਾਰਨ ਅਤੇ ਅਖੰਡ ਪਾਠ, ਜਨਮ ਸਮੇਂ ਭਜਨ ਦੱਸਣਾ ਬੱਚੇ ਬੱਚੀ ਨੂੰ, ਫਿਰ ਇਕ ਨਿਸ਼ਚਿਤ ਅਵਧੀ ਬਾਅਦ ਜੱਚਾ ਬੱਚਾ ਦੋਹਾਂ ਨੂੰ ਅੰਮ੍ਰਿਤ ਛਕਾਉਣਾ, ਅਨੰਦ ਕਾਰਜ ਦੀ ਮਰਿਆਦਾ, ਮਿਰਤਕ ਦੀਆਂ ਅੰਤਿਮ ਰਸਮਾਂ ਸਸਕਾਰ ਸਮੇਂ ਫਿਰ ਫੁੱਲ ਚੁਗ ਕੇ ਕਿਤੇ ਵੀ ਜਲ ਵਿਚ ਪ੍ਰਵਾਹ ਦੇਣੇ, ਮਿਰਤਕ ਨਮਿੱਤ ਪਾਠ ਦਾ ਭੋਗ, ਮੇਲਾ ਦੀਵਾਨ, ਜਪੁ ਪ੍ਰਯੋਗ ਆਦਿ ਦੇ ਸੰਖਿਪਤ ਅਤੇ ਸਟੀਕ ਵੇਰਵੇ 'ਜੱਸ ਜੀਵਨ' ਵਿਚ ਮਿਲਦੇ ਹਨ। ਕਿੱਥੋਂ ਦੇ ਨਾਮਧਾਰੀ ਕੀ ਕਰਦੇ ਸਨ, ਖੇਤੀ, ਵਣਜ ਵਪਾਰ, ਦਸਤਕਾਰੀ, ਮਜ਼ਦੂਰੀ ਜਾਂ ਕੋਈ ਸਰਕਾਰੀ ਜਾਂ ਗ਼ੈਰ ਸਰਕਾਰੀ ਨੌਕਰੀ। ਇਹ ਸਭ ਕੁਝ ਵੀ ਕਿਤਾਬ ਦੀ ਵਰਕ ਗਰਦਾਨੀ ਕਰਦਿਆਂ ਮਿਲ ਜਾਂਦਾ ਹੈ। ਇਸ ਤਰ੍ਹਾਂ ਨਾਮਧਾਰੀਆਂ ਦੇ ਸਮਾਜ ਸ਼ਾਸਤਰੀ ਅਧਿਐਨ ਲਈ ਵੀ 'ਜਸ ਜੀਵਨ' ਇਕ ਮਹੱਤਵਪੂਰਨ ਕ੍ਰਿਤੀ ਹੈ। ਨਾਮਧਾਰੀਆਂ ਦੀਆਂ ਦੂਜੇ ਸਿੱਖ ਭਾਈਚਾਰੇ ਦੇ ਸੰਦਰਭ ਵਿਚ ਸਿਧਾਂਤਕ ਮਨਾਉਤਾਂ ਦਾ ਉਲੇਖ ਵੀ ਥਾਂ-ਪਰ-ਥਾਂ ਆਉਂਦਾ ਹੈ ਜਿਹਾ ਕਿ ਦੂਜੇ ਸਿੱਖ ਸਮਾਜ ਤੋਂ ਵਿਪਰੀਤ ਨਾਮਧਾਰੀ ਦੇਹਧਾਰੀ ਗੁਰੂ ਵਿਚ ਵਿਅਕਤੀਗਤ ਆਸਥਾ ਰੱਖਦੇ ਹਨ। ਉਹ ਆਪਣੀ ਅਰਦਾਸ ਪਾਤਸ਼ਾਹੀ ੧੦ ਦੀ ਬਜਾਏ ਪਾਤਸ਼ਾਹੀ ੧੨ ਕਹਿ ਕੇ ਸ਼ੁਰੂ ਕਰਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ, ਸਤਿਗੁਰੂ ਪਰਤਾਪ ਸਿੰਘ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਜੋੜ ਲੈਂਦੇ ਹਨ। ਉਹ ਵਰਤਮਾਨ ਸਤਿਗੁਰੂ ਜੀ ਦੀ ਹਜ਼ੂਰੀ

Sri Satguru Jagjit Singh Ji eLibrary NamdhariElibrary@gmail.com

ਵਿਚ ਹੁੰਦੀ ਅਰਦਾਸ ਸਮੇਂ ਉਹਨਾਂ ਦਾ ਨਾਮ ਨਹੀਂ ਲਿਆ ਜਾਂਦਾ। 'ਜਸ ਜੀਵਨ' ਵਿਚ ਇਹ ਦਰਜ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਨੇ ੧੯੩੪ ਈ. ਵਿਚ ਸ੍ਰੀ ਭੈਣੀ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਸਮੇਂ ਇਹ ਫ਼ੈਸਲਾ ਵਕਤੀ ਤੌਰ 'ਤੇ ਕਰ ਲਿਆ ਸੀ ਕਿ ਸਵੇਰੇ ਆਸਾ ਦੀ ਵਾਰ ਸਮੇਂ ਅਰਦਾਸ ਨਾਮਧਾਰੀ ਮਰਿਆਦਾ ਅਨੁਸਾਰ ਹੋਵੇਗੀ ਅਤੇ ਸ਼ਾਮ ਦੀ ਅਰਦਾਸ ਰਾਗੀਆਂ ਦੇ ਦੀਵਾਨ ਬਾਅਦ ਪਾਤਸ਼ਾਹੀ ੧੦ ਕਹਿ ਕੇ ਕੀਤੀ ਜਾਵੇਗੀ। ਸੁਲਾਹਕੁਨ ਹਸਤੀਆਂ ਆਪਣੇ ਭਾਈਚਾਰੇ ਨਾਲ ਮਿਲ ਬੈਠਣ ਲਈ ਕੋਈ ਨਾ ਕੋਈ ਰਸਤਾ ਕੱਢ ਹੀ ਲੈਂਦੀਆਂ ਹਨ।

ਹੁਣ ਅਸੀਂ ਇਸ ਪੁਸਤਕ ਦੇ ਸਾਹਿਤਕ ਮਹੱਤਵ 'ਤੇ ਚਰਚਾ ਕਰਾਂਗੇ। ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿਚ ਪ੍ਰਮੁੱਖ ਹਿੱਸਾ ਪਾਉਣ ਵਾਲੇ ਨਾਮਧਾਰੀ ਸਿੱਖ ਸਮੁਦਾਇ ਦਾ ਸੰਤੋਖ ਸਿੰਘ ਬਾਹੋਵਾਲ ਦੇ 'ਸਤਿਗੁਰੂ ਬਿਲਾਸ' ਤੋਂ ਬਾਅਦ ਵਹਿਮੀ ਕ੍ਰਿਤ 'ਜੱਸ ਜੀਵਨ' ਦੂਸਰੀ ਮਹੱਤਵਪੂਰਨ ਪੁਸਤਕ ਹੈ। ਨਾਮਧਾਰੀ ਇਤਿਹਾਸ ਦੇ ਖੋਜੀਆਂ ਲਈ ਇਹ ਇਕ ਆਧਾਰ ਪੁਸਤਕ ਹੈ। ਇਸੇ ਤਰ੍ਹਾਂ ਵੀਹਵੀਂ ਸਦੀ ਦੀ ਪੰਜਾਬੀ ਵਾਰਤਕ ਦੀ ਨੁਹਾਰ ਵੇਖਣ ਪਰਖਣ ਵਾਲਿਆਂ ਲਈ ਵੀ 'ਜੱਸ ਜੀਵਨ' ਦਾ ਮੁੱਲ ਕੋਈ ਘੱਟ ਨਹੀਂ। ਪੁਸਤਕ ਭਾਵੇਂ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਲਿਖੀ ਗਈ, ਪਰ ਲੇਖਕ ਦਾ ਜ਼ਿਆਦਾਤਰ ਰੁਝਾਨ ਧਾਰਮਿਕ ਗ੍ਰੰਥਾਂ ਦੇ ਪਠਨ ਪਾਠਨ ਤੱਕ ਸੀਮਤ ਰਹਿਣ ਕਾਰਨ, ਇਸ ਦੀ ਵਾਰਤਕ ਉਨ੍ਹੀਵੀਂ ਸਦੀ ਦੇ ਅਖ਼ੀਰ ਜਾਂ ਵੀਹਵੀਂ ਦੇ ਆਰੰਭ ਵਿਚ ਲਿਖੀ ਜਾਣ ਵਾਲੀ ਵਾਰਤਕ ਨਾਲ ਰਲਦੀ ਮਿਲਦੀ ਹੈ। ਕਿਉਂਕਿ ਲੇਖਕ ਦਾ ਜੀਵਨ ਦਰਸ਼ਨ ਅਧਿਆਤਮਕ ਹੈ ਇਸ ਲਈ ਇਸ ਗ੍ਰੰਥ ਵਿਚ ਐਸੇ ਕੌਤਕਾਂ ਦੀ ਭਰਮਾਰ ਹੈ ਜਿਹਨਾਂ ਨਾਲ ਗੁਰੂ ਭਗਤੀ ਦ੍ਰਿੜ੍ਹ ਹੁੰਦੀ ਹੈ। ਸ੍ਰੀ ਭੈਣੀ ਸਾਹਿਬ ਵਿਖੇ ੮ ਚੇਤਰ ੧੯੯੧ ਬਿਕ੍ਰਮੀ ਨੂੰ ਇਕ ਇਕੱਠ ਹੋਇਆ ਜਿਸ ਵਿਚ ਵੱਖ-ਵੱਖ ਵਕਤੇ ਬੋਲੇ। "ਸੇਠ ਨਰਾਇਣ ਸਿੰਘ ਜੀ ਪ੍ਰਤੀਕ 'ਤੇ ਬੋਲੇ। ਸੰਤ ਟਹਿਲ ਸਿੰਘ ਸੱਦੋਵਾਲੀਏ ਪ੍ਰਤੀਕ ਦੇ ਅਰਥ ਦਾ ਸਿੱਟਾ ਦੱਸਿਆ ਕਿ ਅਸ਼ੋਕ ਨੇ ਗੁਰੂ ਪਾਸੋਂ ਪੁੱਛਿਆ, ਮੈਂ ਬੁੱਧ ਧਰਮ ਦਾ ਪਿਆਰਾ ਹੋ ਗਿਆ ਹਾਂ ਤਾਂ ਉਸ ਕਿਹਾ, "ਨਹੀਂ, ਜਦ ਤੂੰ ਸਭ ਤੋਂ ਪਿਆਰੀ ਚੀਜ਼ ਧਰਮ ਅਰਥ ਅਰਪੇਂਗਾ ਤਦ ਤੂੰ ਧਰਮ ਦਾ ਪਿਆਰਾ ਹੋਵੇਂਗਾ।" ਜਦ ਉਸ ਨੇ ਪੁੱਤਰ ਮਹਿੰਦਰ ਨੂੰ ਬੁੱਧ ਧਰਮ ਦੇ ਉਪਦੇਸ਼ ਵਿਚ ਤੋਰਿਆ। ਇਸ ਤੋਂ ਪ੍ਰਭਾਵਿਤ ਹੋ ਸਾਰਾ ਸਲੋਨ (ਸ੍ਰੀ ਲੰਕਾ) ਬੁੱਧ ਧਰਮ ਵੱਲ ਜੁੱਟਾ। ਤੇ ਰਾਜ-ਪੁੱਤਰ ਦੀ ਪੈਰੀਂ ਖੜਾਵਾਂ ਤੇ ਹੱਥ ਵਿਚ ਕਮੰਡਲ ਵੇਖ ਸਭ ਦੇਸ਼ ਨੇ ਬੁੱਧ ਧਰਮ ਧਾਰਨ ਕੀਤਾ।"[4]

ਜੀਵਨ ਜਾਚ ਕੈਸੀ ਹੋਵੇ ? ਇਸ ਦੇ ਝਲਕਾਰੇ ਵੀ 'ਜੱਸ ਜੀਵਨ' ਵਿਚ ਮਿਲਦੇ ਹਨ। ਵਹਿਮੀ ਜੀ ਸਾਧੂਆਂ ਦੇ ਬਚਨ ਸੁਣਦੇ ਰਹਿੰਦੇ ਸਨ, ਜਿੱਥੇ ਉਹਨਾਂ ਦੇ ਕੰਮ ਦੇ ਬਚਨ ਮਿਲਦੇ ਤੁਰੰਤ ਨੋਟ ਕਰਦੇ। ਇਕ ਸੰਤ ਜੋ ਚੰਗੇ ਸਾਧਾਂ ਨੂੰ ਵੀ ਹੋਰ ਰਜਾਉਣਾ ਚਾਹੁੰਦਾ ਸੀ ਉਸਦੀ ਬੇਮਰਯਾਦੀ ਤੇ ਤਾੜਨਾ ਵਾਲੀ ਸਾਖੀ ਵਹਿਮੀ ਜੀ ਇਉਂ ਲਿਖਦੇ ਹਨ:

ਧੰਨਾ ਸਿੰਘ ਦਾ ਭਰਾ ਮੰਨਾ ਸਿੰਘ ਬੜੀ ਬੰਦਗੀ ਕਰਦਾ ਸੀ। ਰਜਨਾ ਵਿਚ ਸੰਤਾ, ਵਾਕ ਸਿੱਧੀ ਭੀ ਇਸ ਨੂੰ ਪ੍ਰਾਪਤ ਹੋਈ। ਪਰ ਵਰ ਸਰਾਪ ਦੇਣ ਲੱਗ ਪਿਆ ਸੀ। ਸੰਤਾਂ ਸਾਧਾਂ ਉਸ ਨੂੰ ਸਮਝਾਇਆ। ਸੰਤ ਆਲਾ ਸਿੰਘ ਜੀ ਤੇ ਹਾਕਮ ਸਿੰਘ ਜੀ ਕਿਹਾ, "ਤੇਜਰਾ ਘਰ ਨੂੰ ਘੱਟ ਪੱਟ! ਬੈਨੂ ਤਰੰਗਲੀ ਕਿਉਂ ਲਾਹੀ ਆ। ਪਰ ਉਸ ਕਿਸੇ ਦੀ ਨਾ ਸੁਣੀ ਨਾ ਮੰਨੀ। ਆਪ-ਮੁਹਾਰਾ ਹੋ ਪਤਾ ਨਹੀਂ ਕਿੱਥੇ ਜਾ ਮਰਿਆ। ਇਨ੍ਹਾਂ ਦੀ ਭੈਣ ਲੱਛਮੀ ਹੀ ਬੜੀ ਨਿਸੰਗ ਤੇ ਉਦਾਰ-ਚਿੱਤ ਸੀ। ਪਦਾਰਥ ਸਾਧਾਂ ਨੂੰ ਬੜੇ ਛਕਾਂਦੀ ਸੀ। ਪਰ ਲੋੜੋਂ ਵੱਧ ਉਲੱਦ ਛਕਣ ਵਾਲੇ ਦੀ ਬੇਸੁਆਦੀ ਕਰ ਦਿੰਦੀ। ਤੇ ਪਦਾਰਥ ਐਵੇਂ ਗਵਾਂਦੀ। ਸਾਧੂ ਜਦ ਇਨ੍ਹਾਂ ਭਰਾਵਾਂ ਤੇ ਭੈਣ ਦੀ ਕਮਾਈ ਵਲ ਵਿਹੰਦੇ ਤਾਂ ਸਦਕੇ ਜਾਂਦੇ ਤੇ ਜਦ ਬੇਜੁਗਤੀ ਵੱਲ ਧਿਆਨ ਮਾਰਦੇ ਤਾਂ ਕਹਿੰਦੇ, ਜੋ ਗੁਰੂ ਸਾਹਿਬ ਦਾ ਵਾਕ ਏ, "ਜੁਗਤ ਕਰੇ ਫੁਨਿ ਸਹਜਿ ਸਮਾਵੈ ਜੁਗਤ ਵਿਹੂਣਾ ਵਿਕੇ ਜਾਏ।" ਸੋ ਹੀ ਲਾਭਦਾਇਕ ਹੈ। ਜੇ ਸਾਧਪੁਣੇ ਦੇ ਨਾਲ ਜੁਗਤ ਭੀ ਹੋਵੇ ਤਾਂ ਸਾਧੂ ਨੂੰ ਸੰਸਾਰ ਪੂਜਦਾ ਹੈ ਤੇ ਜੇ ਨਿਰਾ ਪੂਰਾ ਸਾਧੂਪੁਣਾ ਸੂਧਾਪੁਣਾ ਹੋਵੇ, ਤਾਂ ਜਗਤ ਹਾਸੀ ਵੀ ਕਰਦਾ ਹੈ। ਤੇ ਉਸ ਤੋਂ ਭਲਾ ਵੀ ਘੱਟ ਹੀ ਸੰਸਾਰ ਦਾ ਹੁੰਦਾ ਹੈ। ਜਿਵੇਂ ਵਾਕ ਏ, "ਬਾਣੀ ਬਾਣਾ ਪਰ ਦੋਇ ਜਾਨੋ, ਸਿੰਘ ਖਾਲਸਾ ਹੰਸ ਪਛਾਨੋ।" ਤਿਵੇਂ ਹੀ ਸਾਧਪੁਣੇ ਸੰਗ ਜੁਗਤ ਹੋਇ ਭਲਾ ਕਰੇ ਸੰਸਾਰ, ਨਹੀਂ ਤੇ ਗਿਲਾ ਸੰਸਾਰ ਦੀ ਦੇਵੇ ਬੁਧੀ ਬਗਾਰ। ਇਸੇ ਹੇਤ ਹੀ ਸਾਧ

Sri Satguru Jagjit Singh Ji eLibrary NamdhariElibrary@gmail.com

ਕੇ ਚਾਹੀਏ ਦੁਰਗਤ ਜ਼ਰੂਰ। ਮੈਂ ਇਹ ਪ੍ਰਸੰਗ ਦੁਰਗਤ ਜਨਾਉਣ ਹਿੱਤ ਲਿਖੇ ਹਨ।"[75]

ਨਾਮਧਾਰੀ ਮਸਤਾਨਿਆਂ ਤੋਂ ਬਿਨਾਂ ਨਾਮਧਾਰੀਆਂ ਦਾ ਕੋਈ ਵੀ ਹੋਲਾ, ਮੇਲਾ ਦੀਵਾਨ ਜਾਂ ਹੋਰ ਸਮਾਗਮ ਸਫ਼ਲ ਨਹੀਂ ਸਮਝਿਆ ਜਾਂਦਾ ਸੀ। ਇਹ ਬੇਪ੍ਰਵਾਹ ਆਪਣੇ ਰੰਗ ਵਿਚ ਰੰਗੇ ਆਸ਼ਕ ਲੋਕ ਹੁੰਦੇ ਸਨ ਜੋ ਆਪਣੇ ਮੁਰਸ਼ਦ ਜਾਂ ਪ੍ਰੀਤਮ ਦੇ ਵਿਛੋੜੇ ਵਿਚ ਅੱਠੇ ਪਹਿਰ ਬਿਹਬਲ ਰਹਿੰਦੇ ਸਨ। ਵਹਿਮੀ ਜੀ ਇਹਨਾਂ ਮਸਤਾਂ ਦਾ ਮੰਗਲ ਵੀ ਖ਼ੁਸ਼ੀ ਨਾਲ ਕਰਦੇ ਹਨ:

"ਹੋਲਾ ਸ੍ਰੀ ਭੈਣੀ ਸਾਹਿਬ ੧੯੯੧ ਬਿਕ੍ਰਮੀ ੭,੮,੯ ਚੇਤਰ ਸੀ, ਪਰ ਰੌਣਕ ਚੜ੍ਹਦੇ ਚੇਤਰ ਹੀ ਸੰਗਤ ਦੀ ਬਹੁਤ ਹੋ ਗਈ। ਸ਼ਬਦੀ ਜਥੇ ਸੰਤ ਭਗਤ ਸਿੰਘ, ਟਹਿਲ ਸਿੰਘ, ਆਸਾ ਸਿੰਘ, ਬੇੜਾ ਸਿੰਘ, ਅਜਾਇਬ ਸਿੰਘ, ਆਲਾ ਸਿੰਘ, ਵਰਿਆਮ ਸਿੰਘ, ਲੱਧਾ ਸਿੰਘ ਜੀ ਆਦਿ ਆਏ ਤੇ ਮਸਤਾਨੇ ਸੁਰਾਇਣ ਸਿੰਘ ਜੱਲ੍ਹੀ, ਜੋਗੀਰੀ ਪੂਰਾ ਸਿੰਘ ਆਦਿ ਆਏ। ਰਾਗੀ ਜਥੇ ਕਾਲੂ, ਜੈ ਸਿੰਘ, ਦਰਸ਼ਨ ਸਿੰਘ, ਖ਼ਜ਼ਾਨ ਸਿੰਘ ਤੇ ਸ੍ਰ. ਆਤਮਾ ਸਿੰਘ, ਆਲਿਮ ਜੀ ਆਇਆ ਏ। ਰਾਤ ਦਿਨ ਸ਼ਬਦ ਕੀਰਤਨ ਹੁੰਦਾ। ਗੁਰੂ ਕਾ ਲੰਗਰ ਸਭ ਲਈ ਦਾਲ ਪ੍ਰਸ਼ਾਦੇ ਦਾ ਤੇ ਹੱਟੀ ਰਸਤ ਹਰ ਵਸਤ ਦੀ ਚੱਲਦੀ। ਮਸਤਾਨੇ ਬੇਪ੍ਰਵਾਹ ਘੱਟੇ ਵਿਚ ਲੇਟਦੇ, ਲੀਰ ਲਮਕਾਈ ਸੋਟੇ ਤੇ ਘੁੰਗਰੂ ਬੰਨ੍ਹ, ਬੇਸਵਾਲ ਕਿਸੇ ਨਾਲ ਨਾ ਬੋਲਦੇ। ਆਪਣੇ ਰੰਗ ਪ੍ਰੇਮ ਵਿਚ ਪਿੜ ਬੰਨ੍ਹ ਖੜਦੇ। ਜਿੱਥੇ ਖੜਦੇ ਸੰਗਤਾਂ ਦੁਆਲੇ ਝੁਰਮਟ ਪਾ ਇਨ੍ਹਾਂ ਦਾ ਮੌਜ ਮੇਲਾ ਵੇਖਦੀਆਂ। ...ਜੋਗੀਰੀ ਡਿੰਗਾ ਜਿਹਾ ਸੋਟਾ ਉਚਾ ਨੀਵਾਂ ਕਰ ਝਟਕਾ ਘੁੰਮਰ ਫੇਰੀ ਪਾਂਦਾ ਤੇ ਕਦੀ ਪੜ੍ਹਦਾ:

"ਨੂਨ ਨਫ਼ਾ ਨੁਕਸਾਨ ਨਹੀਂ ਆਸ਼ਕਾਂ ਨੂੰ,
ਨਹੀਉਂ ਲੱਥੀ ਤੇ ਚੜ੍ਹੀ ਦੀ ਜਾਣਦੇ ਨੀ।
ਹਰ ਹਾਲ ਦੇ ਵਿਚ ਹੀ ਮਸਤ ਰਹਿੰਦੇ,
ਅੱਠੇ ਪਹਿਰ ਪਏ ਮੌਜ ਨੂੰ ਮਾਣਦੇ ਨੀ।
ਰਾਤੀਂ ਜਾਗਦੇ ਸ਼ਾਹ ਦਾ ਦੇਣ ਪਹਿਰਾ,
ਓਪਰ ਦਿਨੇਂ ਉਹ ਚਾਦਰਾਂ ਤਾਣਦੇ ਨੀ।
ਸ਼ਾਹਨਸ਼ਾਹ ਨਹੀਂ ਲਗਨ ਕੀ ਪਿੱਠ ਦੇਂਦੇ,
ਐਸੇ ਸੂਰਮੇ ਮਰਦ ਮੈਦਾਨ ਦੇ ਨੀ।"[76]

ਗੁਰਬਾਣੀ ਦੀਆਂ ਤੁਕਾਂ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ, ਪੰਜਾਬੀ ਕਿੱਸਾਕਾਰਾਂ ਦੀਆਂ ਤੁਕਾਂ, ਉਰਦੂ ਦੇ ਸ਼ੇਅਰ, ਜੋਸ਼ ਜੀਵਨ ਦੀ ਸਾਹਿਤਕ ਅਮੀਰੀ ਵਿਚ ਵਾਧਾ ਕਰਨ ਵਾਲੀਆਂ ਹਨ।

ਵਹਿਮੀ ਜੀ ਦੀ ਵਾਰਤਕ ਰਚਨਾ ਕੇਂਦਰੀ ਪੰਜਾਬੀ ਦੇ ਨੇੜੇ ਹੈ। ਕਿਤੇ ਕਿਤੇ ਲਹਿੰਦੀ ਦਾ ਅਸਰ ਇਸ ਦੇ ਕ੍ਰਿਆ ਰੂਪਾਂ ਵਿਚ ਵੇਖਣ ਨੂੰ ਮਿਲਦਾ ਹੈ। ਮਿਸਾਲ ਦੇ ਤੌਰ 'ਤੇ:

"ਹਰ ਜ਼ਿਲ੍ਹੇ ਦੀ ਸੰਗਤ ਅੱਡ ਲੱਗਦੀ ਗਿਣਤੀ ਹੁੰਦੀ ਸੀ। ਹਿਸਾਰ ਦਾ ਇਕ ਦਿਨ ਇਕੱਲਾ ਚੰਨਣ ਸਿੰਘ ਥਰਾਜ ਵਾਲਾ ਖੜਾ ਦੇਖ ਕਿਹੋ ਨੇ, "ਤੂੰ ਇਕੱਲਾ ਹੀ ਕਿਉਂ ਖੜਾ ਹੈਂ ?" ਉਸ ਕਿਹਾ, "ਮੈਂ ਹਿਸਾਰ ਦੇ ਜ਼ਿਲ੍ਹੇ 'ਚ ਇੱਕ ਹੀ ਹਾਂ।" ਤਾਂ ਬਿਹਸ ਕੇ ਬਚਨ ਕੀਤੇ ਨੇ, "ਕਦੀ ਤੇਰੇ ਜ਼ਿਲ੍ਹੇ 'ਚ ਸਿੱਖ ਸਭ ਜ਼ਿਲ੍ਹਿਆਂ ਤੋਂ ਵੱਧ ਹੋਣਗੇ।"[77] ਦੇਸ਼ ਦੇ ਬਟਵਾਰੇ ਬਾਅਦ ਇਲਾਕਾ ਜੀਵਨ ਨਗਰ ਵਿਚ ਨਾਮਧਾਰੀ ਸਿੰਘਾਂ ਦੇ ਆ ਵੱਸਣ ਕਾਰਨ ਹੁਣ ਹਰਿਆਣਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚੋਂ ਨਾਮਧਾਰੀਆਂ ਦੀ ਗਿਣਤੀ ਤਦੋਂ ਕੇ ਹਿਸਾਰ ਜ਼ਿਲ੍ਹੇ ਵਿਚੋਂ ੧੯੭੫ ਈ. ਵਿਚ ਅਲਹਿਦਾ ਹੋਏ ਸਿਰਸਾ ਜ਼ਿਲ੍ਹੇ ਵਿਚ ਹੀ ਸਭ ਤੋਂ ਵੱਧ ਹੈ।

ਸੰਤ ਤਰਨ ਸਿੰਘ ਵਹਿਮੀ ਨੇ ਪਾਕਿਸਤਾਨ ਵਿਚ ਹੁੰਦਿਆਂ ਹੀ ਨਾਮਧਾਰੀ ਸਿੰਘਾਂ ਦੇ ਬਾਰ੍ਹਵੇਂ ਗੁਰੂ ਸਤਿਗੁਰੂ ਰਾਮ ਸਿੰਘ ਦੀ ਯਾਦ ਵਿਚ ਹਰ ਦੇਸੀ ਮਹੀਨੇ ਦੀ ਬਾਰ੍ਹਵੀਂ ਨੂੰ ਕਿਸੇ ਵੀ ਪਿੰਡ ਵਿਚ ਸੰਗਤ ਇਕੱਠੀ ਕਰਕੇ ਮੇਲਾ ਸ਼ੁਰੂ ਕਰ ਦਿੱਤਾ। ਬੁੱਢੀ ਮਾੜੀ ਅਤੇ ਆਸੇ ਪਾਸੇ ਦੇ ਪਿੰਡਾਂ ਵਿਚ ਇਹ ਪ੍ਰਥਾ ਹੁਣ ਵੀ ਚੱਲ ਰਹੀ ਹੈ। ਤਰਨ ਸਿੰਘ ਹੋਰਾਂ ਨੇ

Sri Satguru Jagjit Singh Ji eLibrary NamdhariElibrary@gmail.com

ਇਸ ਬਾਰ੍ਹਵੀਂ ਬਾਰੇ ਜੋ ਲੋਕ ਰੰਗ ਵਿਚ ਕਵਿਤਾ ਲਿਖੀ, ਉਹ ਬਾਰ੍ਹਵੀਂ ਦੇ ਮੇਲੇ ਤੇ ਜਾਣ ਵਾਲੀਆਂ ਸੰਗਤਾਂ ਪੜ੍ਹਦੀਆਂ ਜਾਂਦੀਆਂ ਸਨ। ਇਹ ਵੀ ਉਹਨਾ ਜੱਸ-ਜੀਵਨ ਵਿਚ ਲਿਖ ਛੱਡੀ ਹੈ:

"ਗੁਰੂ ਬਾਰ੍ਹਵੇਂ ਨਮਿੱਤ ਦੀ ਬਾਰ੍ਹਵੀਂ,
ਸੰਗਤਾਂ ਮਨਾਂਦੀਆਂ ਨੇ ਰਲ ਕੇ
ਚੜ੍ਹਿਆ ਚਾਅ ਏ ਹੁੰਦਾ, ਜਾਣਾ ਭਲਕੇ।
ਸੱਚਖੰਡ ਨੂੰ ਪਉੜੀਆਂ ਲਾਈਆਂ,
ਬਾਬੇ ਨਾਨਕ ਨੇ ਪਿਆਰਿਆ
ਸਤਿਗੁਰੂ ਰਾਮ ਸਿੰਘ ਨੇ ਜੱਗ ਤਾਰਿਆ
ਨਾਵੇਂ ਗੁਰਾਂ ਨੇ ਵਖਾਇਆ ਮੋਢਾ ਬਾਂਹ ਦਾ,
ਪੂਰੀਆਂ ਜਾਂ ਮੋਹਰਾਂ ਮੰਗੀਆਂ ਸਾਧੇ।
ਮੱਖਣ ਲੁਬਾਣੇ ਨੇ ਕਿਹਾ- ਗੁਰੂ ਲਾਧੇ।
ਗੁਰੂ ਦਸਵੇਂ ਗੋਬਿੰਦ ਸਿੰਘ ਸੂਰਮੇ,
ਡੁੱਬਦੀ ਹਿੰਦ ਰੱਖ ਲਈ ਪਿਆਰਿਆ।
ਮਾਤਾ ਚਾਰੇ ਸਾਹਿਬਜ਼ਾਦੇ, ਪਿਤਾ ਵਾਰਿਆ
ਗੁਰੂ ਹਰੀ ਸਿੰਘ ਟੁੱਟਿਆਂ ਨੂੰ ਮੇਲਿਆ
ਵੱਡੇ ਪਰਤਾਪ ਵਾਲੇ ਪੂਰੇ
ਬਖ਼ਸ਼ੇ ਭਜਨ ਬਾਣੀ ਦੋਖ ਦੂਰੇ।"

ਸਤਿਗੁਰੂ ਪਰਤਾਪ ਸਿੰਘ ਜੋ ਇਸ ਪੁਸਤਕ ਦੇ ਮਹਾਂ ਨਾਇਕ ਹਨ, ਉਹਨਾਂ ਦੀਆਂ ਸਿੱਖਿਆਵਾਂ ਸਰਲ ਸ਼ਬਦਾਂ ਵਿਚ ਜਿਵੇਂ ਸੁਣੀਆਂ ਤਿਵੇਂ ਦਰਜ ਕਰਕੇ ਵਹਿਮੀ ਜੀ ਨੇ ਇਤਿਹਾਸ ਦੇ ਭਾਵੀ ਲਿਖਾਰੀਆਂ ਦਾ ਕੰਮ ਅਸਾਨ ਕਰ ਦਿੱਤਾ ਹੈ। ਕਈ ਰਹੱਸ ਦੀਆਂ ਗੱਲਾਂ ਆਲੇ ਦੁਆਲੇ ਦੇ ਜੀਵਨ ਵਿਚੋਂ ਮਿਸਾਲਾਂ ਦੇ ਕੇ ਸਮਝਾਈਆਂ ਹਨ। ਸਿਖ ਅਮਲ ਨਾ ਕਰੇ ਕੋਈ ਵੀ ਅਤੇ ਆਪਣੇ ਕੇਸਾਂ ਦੀ ਬੇਹੁਰਮਤੀ ਵੀ ਨਾ ਕਰੇ। ਅੱਜ ਕਲ੍ਹ ਦੇ ਸਿੱਖ ਦਾਹੜੀ ਦੀ ਲੰਬਾਈ ਕਿਵੇਂ ਸੀਮਤ ਰੱਖਦੇ ਹਨ ਇਹ ਵੀ ਜੱਸ ਜੀਵਨ ਵਿਚ ਸਤਿਗੁਰੂ ਜੀ ਨੇ ਵਿਅੰਗਾਤਮਕ ਸ਼ੈਲੀ ਵਿਚ ਦੱਸਿਆ ਹੈ। ਹੇਠਲਾ ਪਹਿਰਾ ਧਿਆਨ ਗੋਚਰਾ ਹੈ:

"ਜੇ ਮਸਤਾਨੇ ਨਰਮ ਬੋਲੇ ਤੇ ਹਰਕਤਾਂ ਕਰਦੇ ਤਾਂ ਕਹਿੰਦੇ, ਜੇ ਦੁੱਧ ਉੱਬਲ ਜਾਵੇ ਉਸ ਵਿਚੋਂ ਮੱਖਣ ਘੱਟ ਨਿਕਲਦਾ ਏ। ਦਰਵੇਸ਼ਾਂ ਨੂੰ ਰੁੱਖਾਂ ਦੀ ਜੀਰਾਂਦ, ਫੇਰ ਆਪਣਾ ਨਾ ਦੇਣ ਲਈ ਲੋੜੀਂਦੀ ਏ। ਕਹਿੰਦੇ ਲੈਣਾ ਲੈ ਕੇ ਨਾ ਦੇਣਾ ਚੋਰੀ ਧਾੜੇ ਤੋਂ ਭੀ ਮੰਦਾ ਏ। ਸਿੱਖ ਰੁੱਖਾ ਕਦੇ ਨਾ ਖਾਵੇ ਕੋਈ ਪਦਾਰਥ। ਭਾਵ ਭਜਨ ਕਰੇ ਹਰ ਗਰਾਸ ਸਾਸ ਦੇ ਨਾਲ ਨਾਲ। ਸਤਿਗੁਰੂ ਜੀ ਸੰਤ ਮੰਗਲ ਸਿੰਘ ਜੀ ਨੂੰ ਕਿਹਾ, "ਸੁੱਖਾ ਨਾ ਪੀਆ ਕਰੋ।" ਸੰਤ ਜੀ ਨੇ ਕਿਹਾ, "ਦਸਮ ਜੀ ਛਕਦੇ ਸੀ।" ਇਸ ਦਾ ਇਤਿਹਾਸਕ ਸਬੂਤ ਕੋਈ ਨਹੀਂ। ਕੁਝ ਰੰਗਲੀ ਤਬੀਅਤ ਦੇ ਸਿੱਖ ਕਵੀਆਂ ਭਾਈ ਸੰਤੋਖ ਸਿੰਘ ਗਿਆਨੀ ਗਿਆਨ ਸਿੰਘ ਆਦਿ ਨੇ ਗੁਰੂ ਜੀ ਦੇ ਅਮਲ ਛਕਣ ਬਾਰੇ ਸਾਖੀਆਂ ਕੋਲੋਂ ਘੜ ਕੇ ਲਿਖ ਦਿੱਤੀਆਂ ਹਨ ਤਾਂ ਕਿਹੋ ਨੇ, "ਹੋਰ ਭੀ ਕੁਝ ਦਸਮ ਜੀ ਤੋਂ ਲਿਆ ਜੇ। ਉਪਕਾਰ, ਦਲੇਰੀ, ਕੁਰਬਾਨੀ ਤੇ ਸੂਰਮਤਾਈ।" ਸੰਤ ਜੀ ਸੁਣ ਚੁੱਪ ਕਰ ਗਏ। ਜਿਸ ਸਿੱਖ ਦਾੜ੍ਹੀ ਨੂੰ ਕੋਈ ਕਸਰ ਲਾਈ ਹੁੰਦੀ, ਹੱਸ ਲਾ ਕਹਿੰਦੇ, "ਸਾਡੇ ਵੱਡਿਆਂ ਸਖ਼ਤੀਆਂ ਸਹਿ, ਸੀਸ ਦੇ ਕੇ ਕੇਸ ਰੱਖੇ ਸੀ। ਅਸੀਂ ਆਪੇ ਹੀ ਪਏ ਗਵਾਂਦੇ ਹਾਂ। ਭਾਵੇਂ ਸਾਬਣ ਲਾ ਭੂਰਾ ਪਜਾ, ਹੱਥਾਂ ਨਾਲ ਫੇਰ, ਕੈਂਚੀ ਲਾ ਕੇ ਕੇਸਾਂ ਦੀ ਹੱਤਕ ਕਰੀਏ ਗੱਲ 'ਤੇ ਇੱਕੋ ਹੈ।"

ਵੈਸੇ ਤਾਂ ਸਮੁੱਚੇ ਨਾਮਧਾਰੀ ਪੰਥ ਦਾ ਹਿਰਦਾ ਸਤਿਗੁਰੂ ਵਿਛੋੜੇ ਦੀ ਅਗਨੀ ਵਿਚ ਭੁੱਜ ਕੇ ਮਨੂਰ ਹੋ ਚੁੱਕਾ

Sri Satguru Jagjit Singh Ji eLibrary NamdhariElibrary@gmail.com

ਸੀ ਕਿਉਂ ਜੋ ੧੮ ਜਨਵਰੀ ੧੮੭੨ ਈ. ਨੂੰ ਇਸ ਮੱਤ ਦੇ ਸੰਸਥਾਪਕ, ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ੍ਰੇਜ਼ ਸਰਕਾਰ ਨੇ ਪੰਜਾਬ ਤੋਂ ਜਲਾਵਤਨ ਕਰਕੇ ਬ੍ਰਿਟਿਸ਼ ਬਰਮਾ ਵਿਚ ਭੇਜ ਦਿੱਤਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬਹੁਤ ਸਾਰੇ ਰਾਮ ਵਿਯੋਗੀਆਂ ਦੇ ਦਰਸ਼ਨ ਕੀਤੇ ਸਨ ਅਤੇ ਪ੍ਰੀਤਮ ਵਿਜੋਗ ਵਿਚ ਉਹਨਾਂ ਨੂੰ ਹਾਵੇ ਭਰਦਿਆਂ ਵੇਖਿਆ ਸੀ। ਉਹ ਆਪ ਵੀ ਬਹੁਤ ਵੱਡੇ ਰਾਮ ਵਿਯੋਗੀ ਬਣ ਗਏ ਅਤੇ ਆਪਣੀ ਜ਼ਿੰਦਗੀ ਦਾ ਲਕਸ਼ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਵੱਧ ਤੋਂ ਵੱਧ ਨਾਮ ਸਿਮਰਨ ਅਤੇ ਗੁਰਬਾਣੀ ਦੇ ਪਾਠ ਕਰਵਾਉਣੇ ਨਿਰਧਾਰਿਤ ਕਰ ਲਿਆ। ਨਾਮਧਾਰੀਆਂ ਦਾ ਇਹ ਨਿਹਚਾ ਹੈ ਕਿ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਇਸੇ ਦੇਹ ਵਿਚ ਦਰਸ਼ਨ ਦੇਣੇ ਹਨ। ਵਿਗਿਆਨ ਦੀ ਆਪਣੀ ਸੀਮਾ ਹੋ ਸਕਦੀ ਹੈ, ਪਰ ਪ੍ਰੇਮੀ ਹਿਰਦਿਆਂ ਦੀ ਕੋਈ ਸੀਮਾ ਨਹੀਂ ਹੁੰਦੀ। "ਧੰਨ ਗੁਰੂ ਰਾਮ ਸਿੰਘ" ਆਖ ਕੇ ਵੈਰਾਗੀ ਹੋ ਜਾਣ ਵਾਲੇ ਬਹੁਤ ਸਾਰੇ ਨਾਮਧਾਰੀ ਸਿੰਘਾਂ ਦੇ ਦਰਸ਼ਨ ਇਹਨਾਂ ਸਤਰਾਂ ਦੇ ਲੇਖਕ ਨੇ ਕੀਤੇ ਹਨ। ਵਹਿਮੀ ਜੀ ਵੀ ਐਸੇ ਹੀ ਇਕ ਗੁਰੂ-ਵਿਯੋਗੀ ਸਨ। ਉਹਨਾਂ ਦਾ ਇਕ ਕਬਿੱਤ ਹੇਠਾਂ ਦਿੱਤਾ ਜਾ ਰਿਹਾ ਹੈ ਜਿਹੜਾ ਪਾਠਕਾਂ ਨੂੰ ਉਹਨਾਂ ਦੀ ਕਾਵਿ-ਵੰਨਗੀ ਦੀ ਝਲਕ ਪੁਆਉਣ ਲਈ ਵੀ ਲਾਹੇਵੰਦ ਰਹੇਗਾ:

"ਆਸੀ ਏਸ ਦਾਸੀ ਨੂੰ, ਚੁਰਾਸੀ ਜੁਗ ਬੀਤ ਚੱਲੇ,
ਪ੍ਰੀਤਮ ਵਿਦੇਸ਼ ਵਾਸੀ ਖਾਸੀ ਦੇਰ ਲਾਈ ਏ।
ਲੋਕ ਕਰੇ ਹਾਸੀ ਨਾ ਉਦਾਸੀ ਭੀ ਖਲਾਸੀ ਕਰੇ,
ਮੁਕੇ ਨਹੀਂ ਆਂਸੂ ਅਤੇ ਨਾਸੀ ਨਾ ਜੁਦਾਈ ਏ।
ਹੋਵੇ ਮੇਰਾ ਹੇਤੀ ਉਹਦਾ ਭੇਤੀ ਦੇਤੀ ਧੀਆ ਸੇਤੀ
ਕਹੇ ਆਵੇ ਛੇਤੀ ਸੁੱਕੀ ਖੇਤੀ ਮੁਰਝਾਈ ਏ।
ਲੁੱਟ ਲਿਆ 'ਵਹਿਮੀ' ਨਾਮਾ ਨੀਮਾਂ ਦੇ ਹਕੀਮਾ ਨੀਮਾਂ,
ਤੇਰੇ ਪਾਸ ਪ੍ਰੀਤਮਾ ਯਤੀਮਾ ਦੀ ਦੁਆਈ ਏ।"

ਇਸ ਤਰ੍ਹਾਂ ਦੇ ਰਾਮ-ਵਿਯੋਗੀ ਸਤਿਗੁਰੂ ਪਰਤਾਪ ਸਿੰਘ ਅਤੇ ਹੋਰਨਾਂ ਸਿੰਘਾਂ ਸਾਧਾਂ ਦੇ ਬ੍ਰਿਹੁੰ ਰੰਗ ਵਿਚ ਰੰਗੇ ਹੋਏ ਬਚਨਾਂ ਨਾਲ ਇਹ ਗ੍ਰੰਥ ਮਾਲਾ ਮਾਲ ਹੈ। ਸਤਿਗੁਰੂ ਪਰਤਾਪ ਸਿੰਘ ਪੁਰਾਣੇ ਸਾਧਾਂ ਬਾਰੇ ਦੱਸਦੇ ਹਨ।

"ਬਚਨ ਕੀਤੇ ਨੇ ਬਾਬਾ ਸਾਉਣ ਸਿੰਘ ਜੀ ਸੰਦੋ ਵਾਲੀਏ ਦਾਸਦੇ, "ਜਦ ਰਾਮ ਦੀ ਲਗਨ ਤੇ ਸਾਧ ਸੰਗਤ ਵਲ ਲੱਗੇ ਸਾਂ ਘਰ ਦਾ ਕੰਮ ਘੱਟ ਕਰਦੇ ਸਾਂ। ਜੇ ਘਰ ਦੇ ਸੰਗਤ ਦੇ ਦਰਸ਼ਨ ਮੇਲੇ ਨੂੰ ਨਾ ਛੁੱਟੀ ਦੇਂਦੇ ਤਾਂ ਮੁੰਜੀ ਲਾਉਣ ਦਾ ਪੱਜ ਲਾ ਨਿਕਲ ਜਾਂਦੇ। ਇਸ ਤਰ੍ਹਾਂ ਕਾਲੇ ਕੀ ਮਾਝੀ ਸੰਗਤ ਦੇ ਮੇਲੇ ਨੂੰ ਗਏ। ਮਾਈ ਅੱਗੋਂ ਆਟਾ ਚੱਕੀ ਪੀਂਹਦੀ ਚਾਅ ਨਾਲ ਨੱਸ ਆ ਚਰਨੀਂ ਲੱਗੀ। ਤੇ ਕਿਹਾ, ਧੰਨ ਭਾਗ ਅੱਜ ਹੋਏ ਸਾਡੇ, ਸਾਡੇ ਵੱਲ ਸਾਧ ਆਏ। ਸਾਡੇ ਧੰਨ ਭਾਗ ਹੀ ਹੋ ਗਏ। ਕਈ ਦਿਨ ਖੁਸ਼ ਮਾਈ ਦਾ ਪੀਹਣਾ ਛਕਦੇ, ਸ਼ਬਦ ਕੀਰਤਨ ਸੁਣਦੇ, ਕਰਦੇ ਘਰ ਨੂੰ ਨਾ ਪਰਤੇ ਤੇ ਸੰਗਤ ਦੇ ਸੰਗ ਲੱਗ ਰੰਗ-ਰੱਤੇ ਹੋ ਹੀ ਮੁੜੇ ਘਰਾਂ ਨੂੰ।

"ਸਤਿਗੁਰੂ ਜੀ ੨੬ ਅੱਸੂ ੧੯੯੮ ਬਿਕ੍ਰਮੀ ਪ੍ਰਸ਼ਾਦਿ ਛਕਣ ਪਹਿਲੋਂ ਕੋਠੀ, ਰਾਮ ਸਰ ਕੰਢੇ ਬੈਠੇ, ਮੌਜ ਨਾਲ ਬਚਨ ਕੀਤਾ, ਸੰਧੇ ਕੋਟ (ਜ਼ਿਲ੍ਹਾ ਸ਼ੇਖੂਪੁਰਾ) ਟੁਰੇ ਸਾਂ, ਕਾਲੂ ਰਾਗੀ ਤਰਜ਼ ਬੋਲੀ ਸੀ:

'ਕਹੀਆਂ ਮੌਲੀਆਂ ਨੀ ਭੈੜਾ
ਆ ਵੜ ਢੰਗ ਨਿਸੰਗਾ ਵੇ।
ਮੇਰੀਆਂ ਲੱਗ ਗਈਆਂ ਅੱਖਾਂ ਛੋਵੱਸੀਆਂ
ਢੰਗ ਸਿਆਲਾਂ ਦਾ ਸੋਹਣਾ ਪਹਿਰਾਵਾ
ਕੰਨੀਂ ਬੁੰਦੇ ਗਲ ਹੱਸੀਆਂ।

ਪੜ੍ਹਦੇ ਸਤਿਗੁਰੂ ਜੀ ਵੈਰਾਗੀ ਹੋਇ ਗਏ। ਤੇ "ਤੂੰ ਨਵਾਂ ਡੇਰਾ ਪਾ ਲਿਆ ਏ ਨਿਹੋਰਾ।" ਆਦਿ ਕਈ

Sri Satguru Jagjit Singh Ji eLibrary NamdhariElibrary@gmail.com

ਤਰਜਾਂ ਥਿਲੀਆਂ ਮੌਜ 'ਚ ਪਿਆ ਹੀ।"[੫੦]

ਸੋ ਇਸ ਤਰ੍ਹਾਂ ਦੇ ਰੰਗ ਰੱਤਿਆਂ ਦੀਆਂ ਪ੍ਰੇਮ-ਸਾਖੀਆਂ ਵਹਿਮੀ ਜੀ ਦੀ ਵਾਰਤਕ ਨੂੰ ਚਾਰ ਚੰਨ ਲਾਉਂਦੀਆਂ ਹਨ।

ਇਸ ਵਾਰਤਕ ਦੀ ਸੁਰ ਉਪਦੇਸ਼ਾਤਮਕ ਹੈ ਕਿਉਂਕਿ ਵਰਤਮਾਨ ਸਤਿਗੁਰੂ ਦਾ ਆਗਮਨ ਹੀ ਆਪਣੇ ਸਿੱਖਾਂ ਵਾਸਤੇ ਗੁਰਮੁਖ ਗਾਡੀ ਰਾਹ ਤਿਆਰ ਕਰਨ ਵਾਲਾ ਹੋ ਨਿੱਬੜਦਾ ਹੈ। ਸਤਿਗੁਰੂ ਪਰਤਾਪ ਸਿੰਘ ਆਪਣੇ ਸਿੱਖਾਂ ਨੂੰ ਸ਼ੁਭ ਅਮਲਾਂ ਦੇ ਐਸੇ ਉਪਦੇਸ਼ ਆਮ ਹੀ ਕਰਿਆ ਕਰਦੇ ਸਨ, ਜਿਸ ਕਾਰਨ ਕਥਨੀ ਤੇ ਕਰਨੀ ਦਾ ਪਾੜਾ ਮਿਟ ਜਾਵੇ।

"ਗੁਜਰਾਂ ਵਾਲੇ ਗੁਰਮਤ ਤੋਂ ਉਲਟ ਚੱਲਣ ਵਾਲੇ ਕਈ ਸਿੱਖਾਂ ਨੂੰ ਤਾੜਨਾ ਕੀਤੀ ਸਤਿਗੁਰੂ ਜੀ ਨੇ ਕਿਹਾ, "ਜੇ ਤੁਸੀਂ ਹੀ ਢਿੱਲੇ ਹੋਵੋ, ਤਾਂ ਜੋ ਤੁਹਾਡੇ ਦਰਸ਼ਨ ਦੁਆਲੇ ਦੇ ਨਗਰਾਂ ਦੇ ਸਿੱਖ ਮੇਰੇ ਆਉਣ ਕਰ ਆ ਕਰਦੇ ਹਨ, ਉਹ ਕੀ ਸਿੱਖਣਗੇ? ਸਿੱਖ ਨੂੰ ਚਾਹੀਦਾ ਹੈ, ਸੋ ਕਰਮ ਕਰੇ ਜੋ ਵੇਖ ਸੁਣ ਹੋਰ ਦੀ ਸ਼ਰਧਾ ਬਣੇ। ਦੁਨੀਆਂ 'ਤੇ ਸਾਧਾਂ ਨੂੰ ਵੇਖਦੀ ਰਹਿੰਦੀ ਏ। ਜੇ ਜੱਸ-ਕਾਰੀ ਕਰਤਬ ਹੋਣ ਤਾਂ ਨੇੜੇ ਆਉਂਦੀ ਤੇ ਸੇਵਾ ਕਰਦੀ ਹੈ। ਜੇ ਮੰਦ ਹੋਣ ਤਾਂ ਦੁਹਾਈ ਦੇਂਦੀ ਹੈ: "ਓਹਨਾਂ ਵਿਹਲਿਆਂ ਦੇ ਨੇੜੇ ਨਾ ਕੋਈ ਜਾਵੇ। ਇਹ ਅੰਦਰੋਂ ਹੋਰ ਜੇ ਤੇ ਬਾਹਰੋਂ ਹੋਰ ਜੇ।"[੫੧]

ਕਿਤੇ ਕਿਤੇ ਦ੍ਰਿਸ਼ ਵਰਣਨ ਇਸ ਤਰ੍ਹਾਂ ਦਾ ਹੈ ਕਿ ਹਾਸ ਰਸ ਵੀ ਉਪਜਦਾ ਹੈ। ਸਤਿਗੁਰੂ ਜੀ ਗੁਜਰਾਂ ਵਾਲੇ ਜ਼ਿਲ੍ਹੇ ਦੇ ਸਹਾਰਨ, ਚਰਪਾਲ ਆਦਿ ਨਗਰਾਂ ਦਾ ਦੌਰਾ ਕਰ ਰਹੇ ਸਨ। ਉਸ ਸਮੇਂ

"ਆਲਿਮ ਜੀ ਸਾਥ ਗਣੇਸ਼ਾ ਸਿੰਘ ਜੀ ਕਿਲੇ ਵਾਲੇ, ਵਾਜੇ ਵਾਲੇ, ਸੂਰਮੇ-ਰਾਗੀ-ਪੰਜ ਨੇਤਰੇ, ਤਾਰਾ ਸਿੰਘ ਜੋੜੀ ਵਾਲਾ, ਜ਼ਿਲ੍ਹਾ ਅੰਮ੍ਰਿਤਸਰ ਦਾ ਤੇ ਪ੍ਰੇਮ ਸਿੰਘ ਬਾਰਾਂ ਦਾ ਰਾਗੀ, ਸਾਧੂ ਸਿੰਘ ਅਟਾਰੀ ਦਾ ਇਕ ਨੇਤਰਾ, ਕੁੰਦਨ ਸਿੰਘ ਕੱਕੜ, ਜੋ ਹੁਣ ਮਹਾਰਾਜ ਬੀਰ ਸਿੰਘ ਦੇ ਬੱਚੇ ਠਾਕਰਾ ਦੇ ਸੇਵਕ ਹਨ ਤੇ ਲਾਭ ਸਿੰਘ ਗਦਾ ਵਾਲੀਆ ਇਕ ਨੇਤਰਾ ਆਦਿ ਸੀ, ਟਾਂਗੇ ਤੇ ਸਤਿਗੁਰੂ ਜੀ ਹਾਸ ਬਿਲਾਸ ਵਿਚ ਇਸ ਜਥੇ ਨੂੰ ਅੰਨ੍ਹਿਆਂ ਕਾਣਿਆਂ ਦਾ ਜਥਾ ਕਹਿੰਦੇ ਸੀ।"[੫੨]

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸਮੁੱਚੇ ਸਿੱਖ ਪੰਥ ਵਿਚ ਕਿਸ ਸਤਿਕਾਰ ਨਾਲ ਵੇਖਿਆ ਜਾਂਦਾ ਸੀ, 'ਜੱਸ ਜੀਵਨ' ਦੇ ਕਰਤਾ ਨੇ ਇਹ ਵੀ ਕਲਮਬੰਦ ਕਰ ਦਿੱਤਾ ਹੈ:

"ਜ਼ਿਲ੍ਹਾ ਸੰਗਰੂਰ ਫ਼ਤਹਿਗੜ੍ਹ ਸਾਹਿਬ (ਹੁਣ ਖੁਦ ਜ਼ਿਲ੍ਹਾ) ਦੇ ਤਾਲਾਬ ਦੀ ਕਾਰ ਸੇਵਾ ਸ਼ੁਰੂ ਹੋਈ। ੧੨ ਪੋਹ ੨੦੦੧ ਬਿਕ੍ਰਮੀ ਸਤਿਗੁਰੂ ਜੀ ਪਹਿਲੀ ਟੋਕਰੀ ਚੁੱਕੀ ਤੇ ਪਟਿਆਲੇ ਵਾਲੇ ਰਾਜੇ (ਯਾਦਵਿੰਦਰ ਸਿੰਘ) ਟੱਕ ਲਾਇਆ ਤੇ ਦੂਜੀ ਟੋਕਰੀ ਭਾਈ ਅਰਜਨ ਸਿੰਘ ਜੀ ਬਾਗੜੀਆ, ਤੀਜੀ ਟੋਕਰੀ ਫਰੀਦਕੋਟ ਦੇ ਰਾਜੇ ਚੁੱਕੀ। ਚੌਥੀ ਮਾਸਟਰ ਤਾਰਾ ਸਿੰਘ ਜੀ ਚੁੱਕੀ। ਫੇਰ ਸਭ ਸੰਗਤ ਲੱਗੀ ਕਾਰ ਸੇਵਾ ਕਰਨ।"[੫੩]

ਹਿੰਦੂ ਤੇ ਮੁਸਲਮਾਨ ਕਿਵੇਂ ਇਕ ਦੂਜੇ ਦੇ ਹੱਥ ਦਾ ਖਾਂਦੇ ਨਹੀਂ ਸਨ, ਇਸ ਤਰ੍ਹਾਂ ਦੇ ਵਿਤਕਰੇ ਅੰਗ੍ਰੇਜ਼ ਹਾਕਮ ਵਧਾ ਕੇ ਫ਼ਿਰਕੂ ਝਗੜੇ ਆਪਣੇ ਚਾਟੜਿਆਂ ਤੋਂ ਕਰਵਾਉਂਦੇ ਸਨ। ਪੰਤੂ ਦੇਸ਼ ਸੇਵਕ ਜਿਹਨਾਂ ਦਾ ਨਿਸ਼ਾਨਾ ਕੌਮੀ ਮੁਕਤੀ ਦਾ ਸਪਸ਼ਟ ਸੀ ਉਹ ਇਹਨਾਂ ਵਲਗਣਾਂ ਤੋਂ ਉੱਪਰ ਉੱਠ ਚੁੱਕੇ ਸਨ। ਸੰਮਤ ੨੦੦੨ ਬਿਕ੍ਰਮੀ ਮੁਤਾਬਕ ੧੯੪੫ ਈ. ਦੀ ਕੱਤਕ ਪੂੰਨਿਆਂ ਦੇ ਮੇਲੇ ਤੇ ਪੰਡਿਤ ਜਵਾਹਰ ਲਾਲ ਨਹਿਰੂ ਨਨਕਾਣੇ ਸਾਹਿਬ ਦੇ ਮੇਲੇ 'ਤੇ ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਲਈ ਆਏ ਸਨ। ਅਕਾਲੀ ਸਿੰਘ ਵਿਰੋਧ ਕਰਦੇ ਸਨ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਡਿਤ ਜੀ ਨੂੰ ਜਵਾਨਾਂ ਦੀ ਕਰਿਗੜੀ ਵਿਚ ਲੈ ਕੇ ਚੱਕਰ ਬਣਾ ਦਰਸ਼ਨ ਕਰਵਾਏ। ਜਦੋਂ ਵਾਪਸੀ ਤੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਹਜ਼ੂਰੀ ਲਾਂਗਰੀ ਪੰਡਿਤ ਜੀ ਨੂੰ ਮਿਠਾਈ ਦਾ ਥਾਲ ਫੜਾਉਣ ਲੱਗਾ ਤਾਂ ਰਤਨ ਸਿੰਘ ਦੱਸਦੇ ਸਨ ਕਿ ਮੈਂ ਕੁਝ ਪ੍ਰਹੇਜ਼ ਕਰਾਂ ਕਿ ਅਬਦੁਲ ਗੁਫ਼ਾਰ ਖਾਂ (ਸਰਹੱਦੀ ਗਾਂਧੀ) ਹੱਥ ਨਾ ਲਾਉਣ ਥਾਲ ਨੂੰ। ਪਰ ਜਵਾਹਰ ਲਾਲ ਜੀ ਨੇ ਕਿਹਾ, "ਤੁਸੀਂ ਫੜਾਓ, ਅਸੀਂ ਇਕੱਠਾ ਹੀ ਖਾਂਦੇ ਪੀਂਦੇ ਹਾਂ, ਸ਼ੰਕਾ ਨਹੀਂ ਕਰਦੇ। ਸਤਿਗੁਰੂ ਜੀ, ਜਵਾਹਰ ਲਾਲ ਜੀ, ਕਿਚਲੂ, ਅਬਦੁੱਲ ਗਨੀ ਅੰਬਾਲੇ ਦਾ, ਭੀਮ ਸੈਨ ਤੇ ਸੁਦਰਸ਼ਨ ਨੂੰ ਵਿਦਾ ਕਰ ਆਪਣੇ ਦੀਵਾਨ

Sri Satguru Jagjit Singh Ji eLibrary NamdhariElibrary@gmail.com

ਵਿਚ ਆਇ ਕਿਹਾ ਸ਼ੌਕ ਤੇ ਪ੍ਰੀਤ ਐਸੀ ਚੀਜ਼ ਹੈ। ਵੇਖੋ ਹਿੰਦੂ ਤੇ ਮੁਸਲਮਾਨ ਰਲ ਖਾਂਦੇ ਹਨ, ਤੇ ਕੁੱਝ ਤਰ੍ਹਾਂ ਦੀ ਪ੍ਰਵਾਹ ਨਹੀਂ ਕਰਦੇ।''[੧੪]

ਜਿੱਥੇ ਸਤਿਗੁਰੂ ਪਰਤਾਪ ਸਿੰਘ ਜੀ ਨਾਨਕ-ਪੰਥੀਆਂ ਦੀ ਏਕਤਾ ਲਈ ਸਦਾ ਯਤਨਸ਼ੀਲ ਰਹਿੰਦੇ। ਹਿੰਦੂ ਸਿੱਖ ਮਿਲਾਪ ਕਾਨਫਰੰਸ ਕਰਵਾ ਕੇ, ਫ਼ਿਰਕਿਆਂ ਵਿਚ ਤਣਾਉ ਵਧਾਉਣ ਦੀ ਬ੍ਰਿਟਿਸ਼ ਕੂਟਨੀਤੀ ਦਾ ਵੀ ਮੂੰਹ ਤੋੜ ਉੱਤਰ ਦਿੱਤਾ। ਪੰਜਾਬੀ ਪਿਆਰਿਆਂ ਨੂੰ, ਹਿੰਦੂ, ਸਿੱਖਾਂ, ਮੁਸਲਮਾਨਾਂ ਸਭ ਨੂੰ ਇਕੱਠਿਆਂ ਕਰਕੇ ਪੰਜਾਬੀ ਭਾਸ਼ਾ ਦੇ ਸਰਬ ਪੱਖੀ ਵਿਕਾਸ ਲਈ ਵੇਲੇ ਦੀਆਂ ਸਰਕਾਰਾਂ 'ਤੇ ਦਬਾਅ ਬਣਾਉਣ ਲਈ ਇਕ ਵੱਡੀ ਕਾਨਫਰੰਸ ਵੀ ਕੀਤੀ ਜਿਸ ਨੂੰ ਚੋਟੀ ਦੇ ਪੰਜਾਬੀ ਸਾਹਿਤਕਾਰਾਂ ਨੇ ਨਿਵਾਜਿਆ। ਗੁਰਮੁਖੀ ਲਿਪੀ, ਪੰਜਾਬੀ ਬੋਲੀ ਨਾਲ ਸਤਿਗੁਰੂ ਜੀ ਦਾ ਐਨਾ ਸਨੇਹ ਸੀ ਕਿ ''ਏਸ ਹੋਲੇ ਚੁਗਾਵੇ ਦੇ ਤੇ ਸੁਣਾਇਆ ਗਿਆ ਸਤਿਗੁਰੂ ਜੀ ਵਲੋਂ ਕਿ ਕੁਝ ਚਿਰ ਦਾ ''ਸਤਿਜੁਗ'' ਵਿਚ ਛਾਪ ਕਹਿ ਦਿੱਤਾ ਹੋਇਆ ਹੈ ਕਿ ਅੱਗੋਂ ਗੁਰਮੁਖੀ ਪੜ੍ਹਿਆਂ ਹੋਇਆਂ ਜੋੜਿਆਂ ਦੇ ਹੀ ਅਨੰਦ ਹੋਣਗੇ।''[੧੫] ਨਾਮਧਾਰੀਆਂ ਵਿਚ ਪਿਛਲੇ ਕੁਝ ਸਮੇਂ ਤੋਂ ਇਹ ਪਰੰਪਰਾ ਬਣ ਗਈ ਸੀ ਕਿ ਲੜਕੇ ਲੜਕੀ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਹੁੰਦਾ ਸੀ। ਵਹਿਮੀ ਜੀ ਦੇ ਲਿਖਣ ਮੁਤਾਬਿਕ ੧੯੬੭ ਬਿਕ੍ਰਮੀ ਤੋਂ ਘਰ ਅਨੰਦ ਕਾਰਜ ਹੋਣੇ ਬੰਦ ਹੋ ਗਏ ਸਨ।

੧੯੪੭ ਈ. ਵਿਚ ਜੀਵਨ ਨਗਰ ਵਸਾਇਆ ਜਿਸ ਦਾ ਪਹਿਲਾ ਨਾਮ ਚੁਚਾਲ ਕੋਟਲੀ ਸੀ। ਨਾਮਧਾਰੀ ਸੰਗਤ ਨੇ ਮਾਇਆ ਇਕੱਠੀ ਕਰਕੇ ਦਿੱਤੀ ਜਿਸ ਨਾਲ ਚੁਚਾਲ (ਹੁਣ ਜੀਵਨ ਨਗਰ), ਜੰਗ ਮਲੇਰਾ (ਹੁਣ ਸੰਤ ਨਗਰ), ਅਲੀਪੁਰ (ਹੁਣ ਹਰੀਪੁਰ) ਅਤੇ ਕੰਜਰਵਾਲ (ਹੁਣ ਦਮਦਮਾ) ਆਦਿ ਪਿੰਡਾਂ ਦੀ ਜ਼ਮੀਨ ਦੀ ਇੱਕੋ ਸਾਂਝੀ ਰਜਿਸਟਰੀ ਚੂਹੜ ਦਿਆਂ ਸੇਠਾਂ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਮ ਕਰਵਾਈ ਗਈ। ਜੱਸ ਜੀਵਨ ਦੀ ਚੌਥੀ, ਪੰਜਵੀਂ ਅਤੇ ਛੇਵੀਂ ਜਿਲਦ ਵਿਚ ਭੂਮੀ ਕਿਸ ਤਰ੍ਹਾਂ ਸੰਗਤ ਦੇ ਨਾਮ ਲੱਗੀ ਤੇ ਦੇਸ਼ ਬਟਵਾਰੇ ਤੋਂ ਬਾਦ ਆਏ ਸਿੱਖਾਂ ਨੂੰ ਕਿਵੇਂ ਥਾਓਂ ਥਾਈਂ ਟਿਕਾਇਆ ਗਿਆ ਇਹ ਸਭ ਵੇਰਵੇ ਦਰਜ ਹਨ। ਜੇਠ ੧੪ ਸੰਮਤ ੨੦੦੪ ਬਿਕ੍ਰਮੀ ਨੂੰ ਭਾਈ ਮਨਸਾ ਸਿੰਘ ਰਾਇਪੁਰ ਡੱਬਾ ਤੇ ਬਤਨ ਸਿੰਘ ਭਾਰ ਸਿੰਘਪੁਰਾ ਦੋਹਾਂ ਦਾ ਜ਼ਿਲ੍ਹਾ ਜਲੰਧਰ ਦਮਦਮੇ ਤੋਂ ਜੀਵਨ ਨਗਰ ਨੂੰ ਆਉਂਦੇ, ਜੰਗ ਮਲੇਰੇ ਦੇ ਮੁਸਲਮਾਨਾਂ ਦੁਆਰਾ ਘੇਰ ਕੇ ਮਾਰ ਦਿੱਤੇ ਗਏ ਸਨ। ਇਸ ਤੋਂ ਬਾਅਦ ਖਰੀਦੀ ਜ਼ਮੀਨ ਵਿਚ ਬੈਠੇ ਸਿੱਖ ਵਸੋਂ ਦੀ ਹਿਫ਼ਾਜ਼ਤ ਲਈ ਜੰਗ ਮਲੇਰੇ ਵਿਚ ਇਕ ਪੁਲੀਸ ਚੌਂਕੀ ਸਰਕਾਰ ਨੇ ਬਿਠਾ ਦਿੱਤੀ ਸੀ। ਵਹਿਮੀ ਜੀ ਦੇ ਲਿਖਣ ਮੁਤਾਬਿਕ ਉਸ ਸਮੇਂ ਸਿਰਸੇ ਦੇ ਬਾਜ਼ਾਰਾਂ ਵਿਚ ਤਮਾਕੂ ਤੇ ਲਾਲ ਮਿਰਚਾਂ ਹੀ ਮਿਲਦੀਆਂ ਸਨ। ਇਥੇ ੨੧ ਭਾਦਰੋਂ ਨੂੰ ਦੋ ਮੁਸਲਮਾਨ ਮਿਰਾਸੀ ਪਿਓ-ਪੁੱਤਰ ਆਪਣੀ ਗੁਆਚੀ ਘੋੜੀ ਲੱਭਦੇ ਚੁਚਾਲ ਲੰਗਰ ਵਿਚੋਂ ਪਰਸ਼ਾਦੇ ਲੈ, ਨਹਿਰ 'ਤੇ ਬਹਿ ਕੇ ਛਕਣ ਲੱਗੇ। ਚੌਂਕੀ ਦੇ ਦੋ ਹਿੰਦੂ ਸਿਪਾਹੀਆਂ ਨੇ ਦੋਹਾਂ ਨੂੰ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਹੀ ਕਤਲ ਕਰ ਨਹਿਰ ਵਿਚ ਰੋੜ੍ਹ ਦਿੱਤਾ। ਸਤਿਗੁਰੂ ਜੀ ਆਏ ਤਾਂ ਦੋਹਾਂ ਸਿਪਾਹੀਆਂ ਨੂੰ ਸਿਰਸੇ ਨੂੰ ਤੋਰ ਦਿੱਤਾ ਕਿ ਬੇਦੋਸ਼ਾਂ ਦੇ ਕਾਤਲਾਂ ਨੂੰ ਮੈਂ ਵੇਖ ਨਹੀਂ ਸਕਦਾ। ਉਹ ਕਹਿਣ ਪਾਕਿਸਤਾਨ ਵਿਚ ਮੁਸਲਮਾਨ ਹਿੰਦੂ ਸਿੱਖ ਨਾਲ ਘੱਟ ਕਰ ਰਹੇ ਹਨ। ਸਤਿਗੁਰੂ ਜੀ ਨੇ ਸਮਝਾਇਆ ਕਿ ਕਿਸੇ ਦੇ ਬਦਲੇ ਵਿਚ ਬੇਦੋਸ਼ਾਂ ਨੂੰ ਸਜ਼ਾ ਦੇਣੀ ਕਿਧਰੋਂ ਵੀ ਜਾਇਜ਼ ਨਹੀਂ।

ਇਸ ਸਮੇਂ ਵਿਚ ਦੇਸ਼ ਆਜ਼ਾਦੀ ਤੋਂ ਬਾਅਦ ਵਸੋਂ ਦਾ ਤਬਾਦਲਾ ਤਾਂ ਹੋ ਗਿਆ ਸੀ ਪਰ ਬਹੁਤ ਸਾਰੀਆਂ ਦੋਹਾਂ ਤਿੰਨਾਂ ਮਜ਼ਬਾਂ ਦੀਆਂ ਬੀਬੀਆਂ ਦੋਹੀਂ ਪਾਸੀਂ ਡੱਕੀਆਂ ਹੋਈਆਂ ਸਨ। ਵਹਿਮੀ ਜੀ ਇਹੋ ਜਿਹੇ ਦ੍ਰਿਸ਼ਾਂ ਦਾ ਵਰਣਨ ਕਰਕੇ ਜਿੱਥੇ ਇਕ ਪਾਸੇ ਸਮਕਾਲੀ ਇਤਿਹਾਸ ਇਕੱਠਾ ਕਰ ਰਹੇ ਹਨ, ਉੱਥੇ ਆਪਣੀ ਵਾਰਤਕ ਦੁਆਰਾ ਕਰੁਣਾ ਰਸ ਵੀ ਪੈਦਾ ਕਰਦੇ ਹਨ।

''ਇਕ ਦਿਨ ਸਤਿਗੁਰੂ ਜੀ ਪ੍ਰਸ਼ਾਦ ਛਕਣ ਸਮੇਂ ਹਉਕਾ ਭਰਿਆ ਤੇ ਨੇਤਰਾਂ ਵਿਚੋਂ ਅੱਥਰੂ ਕਿਰਨ ਲੱਗ ਪਏ, ਤੇ ਕਿਹਾ ਬੱਸ ਪ੍ਰਸ਼ਾਦ ਲੈ ਜਾਓ, ਹੁਣ ਨਹੀਂ ਮੈਥੋਂ ਛਕੀਦਾ। ਭਾਈ ਵਜ਼ੀਰ ਸਿੰਘ ਜੀ ਅਰਜ਼ ਕੀਤੀ, 'ਜੀ ਵੇਖਣਾ

Sri Satguru Jagjit Singh Ji eLibrary NamdhariElibrary@gmail.com

ਵਰਤੀ ਹੈ ? ਸਤਿਗੁਰੂ ਜੀ ਬਚਨ ਕੀਤਾ, ਮੈਨੂੰ ਉਹ ਬੀਬੀਆਂ ਚੇਤੇ ਆਈਆਂ ਹਨ, ਜੋ ਪਾਕਿਸਤਾਨ ਵਿਚ ਤੁਰਕਾਂ ਦੇ ਘਰੀਂ ਪਈਆਂ ਰੋਂਦੀਆਂ ਹਨ। ਉਹਨਾਂ ਦੇ ਭਾ ਦਾ ਕੋਈ ਰੱਬ, ਗੁਰੂ, ਪੀਰ, ਧਰਮੀ ਤੇ ਬਲੀ ਨਹੀਂ ਰਹਿ ਗਿਆ, ਜੋ ਉਹਨਾਂ ਦੀ ਬਹੁੜੀ ਕਰੇ। ਮੈਂ ਜਵਾਹਰ ਲਾਲ ਨੂੰ ਕਿੰਨੀ ਵੇਰ ਕਿਹਾ ਹੈ, ਉਹ ਗੱਲ ਹੀ ਨਹੀਂ ਗੌਲਦਾ ਤੇ ਬਚਨ ਕੀਤੇ ਨੇ, "ਮੇਰੀ ਚੋਰੇ ਸ਼ਕਤੀ ਇਸ ਹਉਕੇ ਤੇ ਗ਼ਮ ਨੇ ਕਮ ਕਰ ਦਿੱਤੀ ਹੈ। ਕਦੋਂ ਸਤਿਗੁਰੂ ਰਾਮ ਸਿੰਘ ਜੀ ਆਉਣ ਤੇ ਧਰਮ ਵਰਤੇ। ਉਂਞ ਕੀ ਹੋਵੇਗਾ ?"[16]

ਵੱਖ ਵੱਖਰੀਆਂ ਜਾਤੀਆਂ ਦੇ ਸੁਭਾਉ ਬਾਰੇ ਅਖਾਣ ਲੋਕੋਕਤੀਆਂ ਦਰਜ ਕਰਕੇ ਵੀ ਸੰਤ ਤਰਨ ਸਿੰਘ ਵਹਿਮੀ ਨੇ ਆਪਣੀ ਡੂੰਘੀ ਸਾਹਿਤਕ ਤੇ ਸਮਾਜਿਕ ਸੂਝ ਬੂਝ ਦਾ ਸਬੂਤ ਦਿੱਤਾ ਹੈ। ਕੁਝ ਸਿੰਘ ਆਪਣੇ ਰਿਸ਼ਤੇਦਾਰਾਂ ਨਾਲ ਮਿਲ ਕੇ ਨਵੀਂ ਖ਼ਰੀਦੀ ਭੂਮੀ ਵਿਚ ਹਿੱਸੇਦਾਰ ਤਾਂ ਬਣ ਗਏ ਪਰ ਇਹ ਭੂਮੀ ਖ਼ਰੀਦ ਦੀ ਲਾਜ਼ਮੀ ਪੂਰਵ ਸ਼ਰਤ ਨਾਮਧਾਰੀ ਮਰਿਆਦਾ ਕਾਇਮ ਰੱਖਣ 'ਤੇ ਨਾ ਨਿਭ ਪਾਏ। ਉਸ ਘਟਨਾ ਬਾਰੇ ਵਹਿਮੀ ਜੀ ਜੱਟ ਸੁਭਾਉ ਨੂੰ ਦੋਸ਼ੀ ਠਹਿਰਾਉਂਦੇ ਹਨ:

"ਹੁਣ ਉਹੋ ਗੱਲ ਕਰ ਵਿਖਾਈ ਹੈ, 'ਜੱਟ ਜੱਟ ਨਾਲ ਰਹੇ ਬਾਮਾ, ਭੁੱਖਾ ਰਹੇ ਤਾਂ ਕਰੇ ਸਲਾਮਾਂ। ਰੱਜ ਖਾਏ ਤਾਂ ਕੱਢੇ ਗਾਲ। ਜੱਟ ਵਿਗਾੜੇ ਮੁਰਸ਼ਦ ਨਾਲ।' ਹੁਣ ਆਖਦੇ ਨੇ ਅਸੀਂ ਮਾਸ ਸ਼ਰਾਬ ਬਿਨਾਂ ਰਹਿ ਨਹੀਂ ਸਕਦੇ।"[17] ਭਾਵੇਂ ਉਹ ਗੌਰਾਇਆ ਗੀਤ ਦੇ ਰੱਜੇ ਪੁੱਜੇ ਜੱਟ ਸਨ, ਵਹਿਮੀ ਜੀ ਨੂੰ ਜੱਟਾਂ ਨਾਲ ਵਾਹਵਾ ਹੀ ਗਿਲਾ ਰਿਹਾ ਹੈ, ਉਹਨਾਂ ਦੀ ਇਕ ਕਵਿਤਾ ਦੀ ਇਹ ਤੁਕ ਨੋਟ ਕਰਨ ਵਾਲੀ ਹੈ- "ਖ਼ਬਰ ਜੱਟ ਦੇ ਕੋਲ ਨਾ ਚਾਹੀਦੀ ਹੈ।"[18]

ਜੱਸ ਜੀਵਨ ਦੀਆਂ ਦੋ ਪਹਿਲੀਆਂ ਜਿਲਦਾਂ ਉਹਨਾਂ ਦੇ ਜੀਵਨ ਕਾਲ ਵਿਚ ਛਪ ਗਈਆਂ ਸਨ। ਉਹ ੧੯ ਜੁਲਾਈ ੧੯੭੯ ਈ. ਨੂੰ ਭੈਣੀ ਮਾਝੀ ਵਿਖੇ ਹੀ ਪ੍ਰਲੋਕ ਗਮਨ ਕਰ ਗਏ ਸਨ। ਤੀਜੀ ਜਿਲਦ ਵਹਿਮੀ ਪਰਿਵਾਰ ਨੇ ਉਹਨਾਂ ਦੇ ਚਲਾਣੇ ਬਾਅਦ ਪਹਿਲੀਆਂ ਦੋਹਾਂ ਜਿਉਂ ਪੱਲਿਓਂ ਖ਼ਰਚ ਕਰਕੇ ਛਪਵਾਈ। ਬਾਕੀ ਤਿੰਨ ਜਿਲਦਾਂ ਨੂੰ ਛਪਵਾਉਣ ਦਾ ਕਾਰਜ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਨੇ ਸਿਰੇ ਚੜ੍ਹਾਇਆ।

ਵਹਿਮੀ ਜੀ ਦੇ ਵਿਲੱਖਣ ਸਾਹਿਤਕ ਸਫ਼ਰ ਨੂੰ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਦੇ ਵਿਸ਼ੇਸ਼ ਹਸਤਾਖ਼ਰ ਜਗਦੀਸ਼ ਸਿੰਘ 'ਵਰਿਆਮ' ਦੀ ਟਿੱਪਣੀ ਨਾਲ ਅਸੀਂ 'ਜੱਸ ਜੀਵਨ' ਬਾਰੇ ਆਪਣੀ ਚਰਚਾ ਮੁਕਾਉਣ ਵੱਲ ਵਧਾਂਗੇ:

'ਵਹਿਮੀ ਪਾਰਕ ਵਿਚ ਉਗਾਇਆ ਗਿਆ ਫੁੱਲ ਨਹੀਂ ਸੀ। ਉਹ ਤਾਂ ਜੰਗਲ ਵਿਚ ਉਗਾਇਆ ਰੁੱਖ ਸੀ। ਫੁੱਲ ਤੇ ਫਲ ਦੇਣ ਵਾਲਾ। ਪਿਆਰੀ ਸੁਗੰਧੀ ਦੇਣ ਵਾਲਾ, ਜਿਸ ਦੇ ਫਲਾਂ ਨਾਲ ਪੇਟ ਦੀ ਭੁੱਖ ਮਿਟਦੀ ਸੀ। ਜਿਸ ਦੀ ਸੰਘਣੀ ਛਾਂ ਦਾ ਸੁਖ ਰਾਹੀ ਮਾਣਦੇ ਸਨ। ਜਿਹੜਾ ਆਪਣੀ ਪ੍ਰਤਿਭਾ ਦੀ ਉਹ ਖ਼ੁਸ਼ਬੋਈ ਬਿਖੇਰ ਗਿਆ ਹੈ, ਜਿਹੜੀ ਜੁਗਾਂ ਤੱਕ ਕਾਇਮ ਰਹੇਗੀ। ਜਿਸ ਨੇ ਦਿੱਤਾ ਹੀ ਦਿੱਤਾ ਹੈ। ਮੰਗਿਆ ਕੁਝ ਵੀ ਨਹੀਂ, ਪ੍ਰਸੰਸਾ ਵੀ ਨਹੀਂ ਮੰਗੀ। ਉਹ ਨਹਿਰ ਵਾਂਗ ਨਹੀਂ ਸੀ ਜਿਸ ਦੀ ਵਿਉਂਤ ਇੰਜਨੀਅਰ ਬਣਾਉਂਦੇ ਹਨ ਅਤੇ ਕੰਟਰੋਲ ਕਰਦੇ ਹਨ। ਉਹ ਦਰਿਆ ਵਾਂਗ ਮਸਤ ਅਲਬੇਲਾ ਸ਼ਾਇਰ ਸੀ ਜਿਸ ਨੇ ਬੇਪਰਵਾਹ ਹੋ ਕੇ ਆਪਣੇ ਰਾਹ ਆਪ ਬਣਾਏ ਅਤੇ ਆਪਣੇ ਰਾਹ ਵਿਚ ਆਈਆਂ ਰੁਕਾਵਟਾਂ ਭਾਵੇਂ ਉਹ ਆਰਥਿਕ ਸਨ, ਭਾਵੇਂ ਮਾਨਸਿਕ, ਸਭ ਨੂੰ ਰੋੜ੍ਹ ਕੇ ਲੈ ਗਿਆ।

ਸੰਤ ਤਰਨ ਸਿੰਘ ਵਹਿਮੀ ਕ੍ਰਿਤ 'ਜਸ ਜੀਵਨ' ਪੰਜਾਬੀ ਦੀਆਂ ਵਾਰਤਕ ਪੁਸਤਕਾਂ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਨਿਸ਼ਚਿਤ ਕਰਦੀ ਹੈ। ਇਸ ਵਿਚ ਦੇਸ਼ ਆਜ਼ਾਦੀ ਲਈ ਲੜਨ ਵਾਲੇ ਨਾਮਧਾਰੀਆਂ ਅਤੇ ਹੋਰ ਕੌਮੀ ਵੀਰਾਂ ਦਾ ਇਤਿਹਾਸ ਦਰਜ ਹੈ। ਇਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਿਸਤ੍ਰਿਤ ਜੀਵਨੀ ਅਤੇ ਹੋਰ ਬਹੁਤ ਸਾਰੇ ਸਾਧੂ ਸੰਤਾਂ, ਸੇਵਕਾਂ, ਪ੍ਰਚਾਰਕਾਂ, ਮਹੰਤਾਂ, ਜਥੇਦਾਰਾਂ ਆਦਿ ਦੀਆਂ ਜੀਵਨ ਝਾਕੀਆਂ ਕਲਮੀ ਛੋਹ ਨਾਲ ਸਾਕਾਰ ਕੀਤੀਆਂ ਹਨ। ਪੰਜਾਬ ਦੇ ਵੱਖ ਵੱਖ ਖਿੱਤਿਆਂ ਦਾ ਪੌਣ-ਪਾਣੀ, ਸਥਾਨਕ ਪਹਿਰਾਵੇ ਅਤੇ ਰੀਤੀ-ਰਿਵਾਜ ਆਦਿ ਦਰਜ ਕਰਕੇ ਇਹ ਵਿਭਿੰਨ ਸਭਿਆਚਾਰਾਂ ਦਾ ਦਸਤਾਵੇਜ਼ ਵੀ ਬਣ ਜਾਂਦਾ ਹੈ ਖ਼ਾਸ ਕਰਕੇ ਨਾਮਧਾਰੀ ਜਨ ਜੀਵਨ ਦੀ

Sri Satguru Jagjit Singh Ji eLibrary NamdhariElibrary@gmail.com

ਪਹਿਚਾਣ ਸੁਨਿਸ਼ਚਿਤ ਕਰਨ ਸਦਕਾ। ਛੋਟੀਆਂ-ਛੋਟੀਆਂ ਘਟਨਾਵਾਂ, ਮਹੱਤਵਪੂਰਨ ਅਤੇ ਸਾਧਾਰਨ ਨਾਮਧਾਰੀਆਂ ਦੇ ਜੀਵਨ ਵੇਰਵੇ ਕਈ ਵੇਰ ਦਰਸ਼ਨ ਦੀਆਂ ਅਤਿ ਗੰਭੀਰ ਗੁੰਝਲਾਂ ਨੂੰ ਚੁਟਕੀ ਵਿਚ ਹੱਲ ਕਰ ਦਿੰਦੇ ਹਨ। ਵਾਰਤਕ ਭਾਵੇਂ ਕੇਂਦਰੀ ਪੰਜਾਬੀ, ਗੁਜਰਾਂਵਾਲੇ ਦੇ ਲਾਗੇ ਚਾਗੇ ਬੋਲੀ ਜਾਣ ਵਾਲੀ, ਪਰ ਇਸ ਉੱਤੇ ਜਨਮ ਸਾਖੀਆਂ ਦਾ ਪ੍ਰਭਾਵ ਹੈ। ਲੰਮੀ-ਲੰਮੀ ਵਾਕ ਬਣਤਰ, ਪਾਠਕ ਸਰੋਤੇ ਤੋਂ ਵਿਸ਼ੇਸ਼ ਸੰਜਮ ਦੀ ਮੰਗ ਕਰਦੀ ਹੈ। ਕੁਝ ਸ਼ਬਦ ਲੋੜ ਮੁਤਾਬਕ ਵਹਿਮੀ ਜੀ ਨੇ ਨਵੇਂ ਵੀ ਘੜ ਲਏ ਹਨ। ਉਹ ਸ਼ਬਦਾਂ ਦੀ ਤਦਰੂਪ ਵਰਤੋਂ ਦੇ ਸਮਰਥਕ ਹਨ।

ਕਿਹਾ ਜਾ ਸਕਦਾ ਹੈ ਕਿ ਨਾ ਸਿਰਫ਼ ਹਰਿਆਣੇ ਦੀ ਪੰਜਾਬੀ ਵਾਰਤਕ ਸਗੋਂ ਸਮੁੱਚੀ ਪੰਜਾਬੀ ਵਾਰਤਕ ਵਿਚ, "ਜੱਸ ਜੀਵਨ" ਇਕ ਜ਼ਿਕਰਯੋਗ ਵਾਧਾ ਹੈ। ਸੰਕੀਰਣ ਦਾਇਰਿਆਂ ਤੋਂ ਉੱਪਰ ਉੱਠ ਕੇ ਅਜਿਹੀ ਵਡਮੁੱਲੀ ਰਚਨਾ ਦਾ ਗੰਭੀਰ ਨੋਟਿਸ ਲੈਣਾ ਬਣਦਾ ਹੈ।

ਫੁੱਟ ਨੋਟ:

1. ਸੰਤ ਕਰਨ ਸਿੰਘ ਵਹਿਮੀ ਜੀ ਦੀਆਂ ਯਾਦਾਂ - ਸਾਧੂ ਸਿੰਘ ਕਿਸਾਨ – ਸ੍ਰੀ ਭੈਣੀ ਸਾਹਿਬ, ੧੯੯੮ ਈ. ਸਫ਼ਾ ੨੮
2. ਜੱਸ ਜੀਵਨ ਭਾਗ ੧, ਅੰਮ੍ਰਿਤਸਰ - ੧੯੭੧ ਈ. ਸਫ਼ਾ ੨੭-੨੯
3. ਵਹਿਮੀ ਜੀ ਦੀਆਂ ਯਾਦਾਂ - ਸਫ਼ਾ ੧੬
4. ਜੱਸ ਜੀਵਨ ਭਾਗ ੨, ਭੁੱਚੋ ਮੰਡੀ - ੧੯੭੪ ਈ. ਸਫ਼ਾ ੩੬੬
5. ਉਪਰੋਕਤ - ਸਫ਼ਾ ੩੬੧-੩੬੨
6. ਉਪਰੋਕਤ - ਸਫ਼ਾ ੩੬੪-੩੬੫
7. ਉਪਰੋਕਤ - ਸਫ਼ਾ ੪੨੭
8. ਜੱਸ ਜੀਵਨ ਭਾਗ ੩, ਭੁੱਚੋ ਮੰਡੀ ੧੯੭੬ ਈ. - ਸਫ਼ਾ ੧੬੭
9. ਉਪਰੋਕਤ - ਸਫ਼ਾ ੨੦੪
10. ਉਪਰੋਕਤ - ਸਫ਼ਾ ੨੩੮-੨੩੯
11. ਉਪਰੋਕਤ - ਸਫ਼ਾ ੨੭੭
12. ਉਪਰੋਕਤ - ਸਫ਼ਾ ੨੯੪-੨੯੫
13. ਉਪਰੋਕਤ - ਸਫ਼ਾ ੩੨੦
14. ਜੱਸ ਜੀਵਨ ਭਾਗ ੪, ਨਵੀਂ ਦਿੱਲੀ - ੧੯੯੧ ਈ. ਸਫ਼ਾ ੨੦
15. ਉਪਰੋਕਤ - ਸਫ਼ਾ ੨੮
16. ਜੱਸ ਜੀਵਨ ਭਾਗ ੫, ਸ੍ਰੀ ਭੈਣੀ ਸਾਹਿਬ, ੧੯੯੫ ਈ. ਸਫ਼ਾ ੧੭੪
17. ਜੱਸ ਜੀਵਨ ਭਾਗ ੬, ਸ੍ਰੀ ਭੈਣੀ ਸਾਹਿਬ, ੧੯੯੬ ਈ. ਸਫ਼ਾ ੨੯੨
18. ਵਹਿਮੀ ਜੀ ਦੀਆਂ ਯਾਦਾਂ - ਸਫ਼ਾ ੩੫

Sri Satguru Jagjit Singh Ji eLibrary NamdhariElibrary@gmail.com

ਰਾਮ-ਵਿਜੋਗੀ ਕਵੀ ਭਾਈ ਨਰਿੰਜਨ ਸਿੰਘ 'ਮ੍ਰਿਗੇਸ਼'

ਅੰਮ੍ਰਿਤਸਰ ਵਿਚ ਸੰਧੂ ਜੱਟਾਂ ਦੀ ਮਾਲਕੀ ਵਾਲਾ ਸਿਰਹਾਲੀ ਇਕ ਬਹੁਤ ਵੱਡਾ ਪਿੰਡ ਹੈ। ਇਸ ਦੇ ਆਲੇ-ਦੁਆਲੇ ਵੀ ਸੰਧੂਆਂ ਦੇ ਬਾਈ ਪਿੰਡ ਆਬਾਦ ਹਨ। ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਬਗ਼ਾਵਤ ਦਾ ਸਿੰਘਨਾਦ ਸਤਿਗੁਰੂ ਰਾਮ ਸਿੰਘ ਜੀ ਨੇ ੧੮੫੭ ਈ. ਦੀ ਵੈਸਾਖੀ ਨੂੰ ਕੀਤਾ ਸੀ ਅਤੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਲੱਖਾਂ ਲੋਕ ਉਹਨਾਂ ਦੀ ਅਗਵਾਈ ਹੇਠ ਜੁੜ ਗਏ। ਸਤਿਗੁਰੂ ਜੀ ਨੇ ਲਾਹੌਰ ਸੈਨਾ ਵਿਚ ਦਸ ਵਰ੍ਹੇ ਗੁਜ਼ਾਰਨ ਸਮੇਂ ਸਿੱਖ ਰਾਜ ਦੇ ਪਤਨ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ ਸੀ। ਉਹ ਇਸ ਲਈ ਸਿੱਖਾਂ ਵਿਚ ਰਾਜ ਭਾਗ ਕਰਕੇ ਆਈ ਸਦਾਚਾਰਕ ਤੇ ਨੈਤਿਕ ਗਿਰਾਵਟ ਨੂੰ ਮੁੱਖ ਦੋਸ਼ੀ ਮੰਨਦੇ ਸਨ। ਸੋ ਸਤਿਗੁਰੂ ਜੀ ਨੇ ਆਪਣੇ ਉਪਦੇਸ਼ਾਂ ਦੁਆਰਾ ਸਿੱਖਾਂ ਨੂੰ ਮਾਸ, ਮਦਿਰਾ, ਵਿਭਚਾਰ, ਝੂਠ ਕਪਟ ਤੋਂ ਵੀ ਮੁਕਤ ਕਰਾਇਆ ਅਤੇ ਗ਼ਰੀਬ ਸਿੱਖਾਂ ਦੀ ਮਦਦ ਵਾਸਤੇ ਨਾਮਧਾਰੀਆਂ ਵਿਚ ਵਿਆਜ ਦਾ ਰਿਵਾਜ ਵੀ ਬੰਦ ਕਰ ਦਿੱਤਾ। ਇਸੇ ਪਿੰਡ ਸਿਰਹਾਲੀ ਦਾ ਇਕ ਵੱਡਾ ਭੂਮੀਪਤੀ ਸ਼ਾਮ ਸਿੰਘ, ਰਾਜਾ ਸਿੰਘ ਦਾ ਪੁੱਤਰ ਸੀ। ਸ਼ਾਮ ਸਿੰਘ ਵੀ ਲਾਹੌਰ ਦਰਬਾਰ ਦੀ ਸੈਨਾ ਵਿਚ ਰਿਹਾ ਸੀ। ਪਿੰਡ ਵਿਚ ਇਸ ਦਾ ਸ਼ਾਹੂਕਾਰਾ ਚੱਲਦਾ ਸੀ ਅਤੇ ਇਲਾਕੇ ਦੇ ਲੋਕ ਵੀ ਆਪਣੀਆਂ ਗਰਜ਼ਾਂ ਇਸ ਤੋਂ ਸਾਰਦੇ ਸਨ। ਇਸ ਲਈ ਇਹ ਵਿਆਜੜੀਆ ਕਰਕੇ ਜਾਣਿਆ ਜਾਂਦਾ ਸੀ। ਸਤਿਗੁਰੂ ਜੀ ਨੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਤੱਤਕਾਲੀਨ ਪੰਜਾਬ, ਜੋ ਅਟਕ ਤੋਂ ਜਮਨਾ ਦਰਿਆ ਤੱਕ ਫੈਲਿਆ ਸੀ, ਵਿਚ ਆਪਣੀ ਸਿੱਖ ਫੁਲਵਾੜੀ ਨੂੰ ਸੁਰਜੀਤ ਕਰ ਲਿਆ। ਇਸ ਲਹਿਰ ਦਾ ਚੋਲਾ ਧਾਰਮਿਕ ਸੀ ਅਤੇ ਇਸ ਦੀ ਆਤਮਾ ਰਾਜਨੀਤਕ ਸੀ। ਅੰਗਰੇਜ਼ੀ ਸਰਕਾਰ ਦੇ ਸਿੱਖਿਆ ਤੋਂ ਲੈ ਕੇ ਨਿਆਂ ਪ੍ਰਣਾਲੀ ਤੱਕ ਸਾਰੇ ਹੀ ਅਦਾਰਿਆਂ ਦਾ ਬਾਈਕਾਟ ਅਤੇ ਸਵਦੇਸ਼ੀ ਵਸਤੂਆਂ ਦਾ ਪ੍ਰਚਾਰ ਇਸ ਲਹਿਰ ਦਾ ਮਿਸ਼ਨ ਸੀ। ਇਸ ਤਰ੍ਹਾਂ ਅੰਗਰੇਜ਼ਾਂ ਨੂੰ ਮਜਬੂਰ ਕਰਕੇ ਉਸ ਦੀ ਕਿਸਾਨਾਂ ਕਿਰਤੀਆਂ ਅਤੇ ਦਸਤਕਾਰਾਂ ਦੀ ਲੁੱਟ-ਖਸੁੱਟ ਬੰਦ ਕਰਕੇ ਉਸ ਨੂੰ ਏਥੋਂ ਭਜਾਉਣਾ ਇਸ ਲਹਿਰ ਦਾ ਮੁੱਖ ਉਦੇਸ਼ ਸੀ।

ਉਪਰੋਕਤ ਸ਼ਾਮ ਸਿੰਘ ਸਤਿਗੁਰੂ ਜੀ ਦੀ ਮਿਕਨਾਤੀਸੀ ਸ਼ਖ਼ਸੀਅਤ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਹ ਨਾ ਕੇਵਲ ਆਪ ਇਸ ਨਵੇਂ ਬਣੇ ਪੰਥ ਨਾਮਧਾਰੀ ਜਾਂ ਕੂਕੇ ਜਾਂ ਸੰਤ ਖ਼ਾਲਸੇ ਵਿਚ ਸ਼ਾਮਿਲ ਹੋਇਆ ਸਗੋਂ ਸਾਰੇ ਪਰਿਵਾਰ ਨੂੰ ਹੀ ਸਤਿਗੁਰੂ ਜੀ ਦੇ ਇਸ ਨਾਮ ਰੂਪੀ ਬੇੜੇ 'ਤੇ ਚਾੜ੍ਹ ਦਿੱਤਾ। ਹੁਣ ਉਹ ਵਿਆਜੜੀਆ ਨਹੀਂ ਰਿਹਾ ਸੀ, ਜਿਹਦੇ ਬਾਰੇ ਇਹ ਮਸ਼ਹੂਰ ਸੀ ਕਿ ਉਸਦੀ ਮੁੱਠ ਵਿਚੋਂ ਰੁਪਈਆ ਕਢਾਉਣਾ ਓਨਾ ਹੀ ਔਖਾ ਹੈ ਜਿੰਨਾ ਸ਼ੇਰ ਦੇ ਜਬਾੜੇ ਵਿਚੋਂ ਮਾਸ ਕੱਢਣਾ ਅਤੇ ਜਿਹੜਾ ਇਸ ਸੁਭਾਅ ਦਾ ਸੀ ਕਿ ਚਮੜੀ ਜਾਵੇ ਤਾਂ ਜਾਵੇ ਦਮੜੀ ਕਿਉਂ ਜਾਵੇ। ਉਹਨੇ ਲੋਕਾਂ ਦੀਆਂ ਲਹਿਣੇ-ਦੇਣੇ ਦੀਆਂ ਵਹੀਆਂ ਖੂਹ ਵਿਚ ਸੁੱਟ ਕੇ ਸਭ ਦੀ ਜ਼ਮੀਨ ਜੋ ਉਸ ਪਾਸ ਰਹਿਣ ਸੀ ਛੱਡ ਦਿੱਤੀ। ਤਕਰੀਬਨ ਪੰਜਾਹ ਵਰ੍ਹੇ ਫੇਰ ਇਕ ਟੱਕ ਸ਼ਾਮ ਸਿੰਘ ਦੇ ਘਰ ਸਿਰਹਾਲੀ ਵਿਖੇ ਲੋਹ-ਲੰਗਰ ਚਲਦਾ ਰਿਹਾ, ਜਿਥੇ ਆਏ-ਗਏ ਦੀਆਂ ਭੌਤਿਕ ਲੋੜਾਂ ਦੀ ਪੂਰਤੀ ਹੁੰਦੀ। ਸ਼ਾਮ ਸਿੰਘ ਨੂੰ ੧੮੮੧ ਈ. ਦੀ ਪੰਜਾਬ ਸਰਕਾਰ ਵਲੋਂ ਜਾਰੀ ਮਹੱਤਵਪੂਰਨ ਕੂਕਿਆਂ ਦੀ ਲਿਸਟ ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚ ਤੀਜੇ ਥਾਂ ਤੇ ਰੱਖਦਿਆਂ ਉਸ ਬਾਰੇ ਦਰਜ ਕੀਤਾ ਗਿਆ ਕਿ ਉਹ ਕੱਟੜ ਕੂਕਾ ਹੈ ਅਤੇ (ਕੂਕਿਆਂ ਦੁਆਰਾ ਕੀਤੀ ਜਾਣ ਵਾਲੀ) ਕਿਸੇ ਵੀ ਗੜਬੜ ਵਿਚ ਸ਼ਾਮਲ ਹੋਣ ਲਈ ਸਦਾ ਤਿਆਰ ਰਹਿੰਦਾ ਹੈ। ਇਹ ਲਿਸਟ ਹਰ ਜ਼ਿਲ੍ਹੇ ਦਾ ਪੁਲਿਸ ਕਪਤਾਨ ਆਪਣੇ ਤਾਲੇ ਵਿਚ ਰੱਖਦਾ ਸੀ ਅਤੇ ਇਨ੍ਹਾਂ ਕੂਕਿਆਂ ਦੀ ਹਰ ਗਤੀਵਿਧੀ ਬਰਤਾਨਵੀ ਪੁਲਿਸ ਆਪਣੀ ਸ਼ੂਹੀਆ ਨਜ਼ਰ ਨਾਲ ਘੋਖਦੀ ਰਹਿੰਦੀ ਸੀ। ਕੁੱਚਰ ਬੰਧ

Sri Satguru Jagjit Singh Ji eLibrary NamdhariElibrary@gmail.com

ਦੇ ਸਾਕੇ ਅੰਮ੍ਰਿਤਸਰ, ਰਾਇਕੋਟ, ਮਲੇਰਕੋਟਲਾ ਆਦਿ ਵਿਚ ਵਾਪਰਨ ਬਾਦ ਸਤਿਗੁਰੂ ਜੀ ਅਤੇ ਪ੍ਰਮੁੱਖ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ ਅਤੇ ਫੇਰ ਸ਼ੁਰੂ ਹੋਇਆ ਕੂਕਿਆਂ 'ਤੇ ਸਖਤੀਆਂ ਦਾ ਦੌਰ।

ਕਾਮਾਗਾਟਾਮਾਰੂ ਵਾਲੇ ਬਾਬਾ ਗੁਰਦਿੱਤ ਸਿੰਘ ਸਿਰਹਾਲੀ ਦੇ ਜੀਵਨੀ ਲੇਖਕ ਨਰਿੰਦਰ ਸਿੰਘ ਸੋਚ ਲਿਖਦੇ ਹਨ –"ਜ਼ੈਲਦਾਰ ਬੇਲਾ ਸਿੰਘ ਦੇ ਬਾਅਦ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜ਼ੈਲਦਾਰੀ ਦੇਣ ਵਾਸਤੇ ਸਿਰਹਾਲੀ ਆਇਆ। ਸਰਦਾਰ ਸ਼ਾਮ ਸਿੰਘ ਨੂੰ ਬੁਲਾਇਆ। ਉਸਨੇ (ਨਾਮਧਾਰੀ) ਕੱਪੜੇ ਪਾ ਕੇ ਮੁਲਾਕਾਤ ਕੀਤੀ। ਸਾਹਿਬ ਨੇ ਕੱਪੜੇ ਬਦਲ ਕੇ ਜ਼ੈਲਦਾਰੀ ਲੈਣੋਂ ਨਾਂਹ ਕਰ ਦਿੱਤੀ। ਸੁਦੇਸ਼ੀ ਨਾਮਧਾਰੀ ਲਿਬਾਸ ਨਾ ਛੱਡਿਆ।" (ਸਫ਼ਾ ੨੬)

ਨਾਮਧਾਰੀਆਂ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਜਦ ਅੰਗਰੇਜ਼ ਨੇ ਕੂਕਿਆਂ ਦਾ ਖਹਿੜਾ ਛੱਡਣ ਅਤੇ ਜ਼ੈਲਦਾਰੀ ਲੈਣ ਲਈ ਸ਼ਾਮ ਸਿੰਘ ਨੂੰ ਪ੍ਰੇਰਿਆ ਤਾਂ ਉਹਦਾ ਜੁਆਬ ਸੀ "ਸਾਹਿਬ! ਹੁਣ ਸਤਿਗੁਰੂ ਰਾਮ ਸਿੰਘ ਤਾਂ ਲੂੰ-ਲੂੰ ਵਿਚ ਰਮ ਗਿਆ ਹੈ...ਤੂੰ ਰੱਖ ਆਪਣੀ ਜ਼ੈਲਦਾਰੀ!" ਸ਼ਾਮ ਸਿੰਘ ਦੇ ਪੰਜ ਪੁੱਤਰ ਹੋਏ ਲੜੀਵਾਰ ਜਿਊਣ ਸਿੰਘ, ਕਿਸ਼ਨ ਸਿੰਘ, ਇੰਦਾ ਸਿੰਘ, ਦੇਆ ਸਿੰਘ ਅਤੇ ਮੀਹਾਂ ਸਿੰਘ। ਇਹ ਜਿਊਣ ਸਿੰਘ ਨਾਮਧਾਰੀ ਪੰਥ ਵਿਚ "ਸਿਰਹਾਲੀ ਵਾਲੇ ਸੰਤ" ਦੇ ਤੌਰ ਤੇ ਪ੍ਰਸਿੱਧ ਹੋਏ। ਬੜੀ ਉੱਚੀ ਬਿਰਤੀ ਦੇ ਮਾਲਕ ਸਨ। ਧਰਮ ਗ੍ਰੰਥਾਂ ਦੀ ਪੜ੍ਹਾਈ ਵੀ ਕੀਤੀ। ਮਸਤੀ ਭਰਿਆ ਜੀਵਨ ਸੀ। ਪ੍ਰਸਿੱਧ ਨਾਮਧਾਰੀ ਸੰਤ ਕੇਸਰ ਸਿੰਘ ਮੁਹਾਵੇ ਵਾਲਿਆਂ ਨਾਲ ਇਹਨਾਂ ਦੀ ਰੂਹਸਾਂਝ/ਭਰਾਤਰੀ ਸੀ।

ਨਾਮਧਾਰੀ ਇਤਿਹਾਸ ਵਿਚ ਸ਼ਾਮ ਸਿੰਘ ਸਿਰਹਾਲੀ ਅਤੇ ਉਸ ਦੇ ਤਿੰਨ ਪੁੱਤਰਾਂ ਜਿਊਣ ਸਿੰਘ, ਕਿਸ਼ਨ ਸਿੰਘ ਅਤੇ ਮੀਹਾਂ ਸਿੰਘ ਦਾ ਭਰਪੂਰ ਵਰਣਨ ਮਿਲਦਾ ਹੈ। ਦੂਜੇ ਦੋਵੇਂ ਪੁੱਤਰ ਅੰਤਰਮੁਖੀ ਸੁਭਾਅ ਦੇ ਸਨ। ਸਤਿਗੁਰੂ ਜੀ ਨੂੰ ਬੰਦੀ ਜੀਵਨ ਸਮੇਂ ਮਿਆਂਮਾਰ (ਬ੍ਰਿਟਿਸ਼ ਬਰਮਾ) ਦੇ ਸ਼ਹਿਰ ਰੰਗੂਨ ਅਤੇ ਫਿਰ ਮਰਗੋਈ ਟਾਪੂ ਵਿਚ ਰੱਖਿਆ ਗਿਆ। ਅਨੇਕ ਨਾਮਧਾਰੀ ਸਿੰਘਾਂ ਜਿਉਂ ਇਹ ਸਰਦਾਰ ਸ਼ਾਮ ਸਿੰਘ ਤੇ ਉਸਦੇ ਤਿੰਨੇ ਪੁੱਤਰ ਗੁਰੂ ਦਰਸ਼ਨਾਂ ਲਈ ਸਿਰ ਤਲੀ 'ਤੇ ਧਰ ਕੇ ਜਾਂਦੇ ਰਹੇ। ਹੁਕਮਨਾਮੇ ਲੈ ਕੇ ਆਉਂਦੇ ਰਹੇ। ਪੰਜਾਬ ਦੇ ਕਿਸੇ ਇਕ ਨਾਮਧਾਰੀ ਪਰਿਵਾਰ ਦਾ ਸਭ ਤੋਂ ਵੱਧ ਜ਼ਿਕਰ ਇਹਨਾਂ ਹੁਕਮਨਾਮਿਆਂ ਵਿਚ ਮਿਲਦਾ ਹੈ ਤਾਂ ਉਹ ਇਹੋ ਸਿਰਹਾਲੀ ਪਰਿਵਾਰ ਹੈ। ਮੀਹਾਂ ਸਿੰਘ ਹੀ ਇਕ ਮਾਤਰ ਐਸਾ ਨਾਮਧਾਰੀ ਹੈ ਜੋ ਮਰਗੋਈ ਬੰਗਲੇ ਦੇ ਧੁਰ ਅੰਦਰ ਜਾ ਕੇ ਸਤਿਗੁਰੂ ਜੀ ਦੇ ਹਾਲੇ ਲੱਗਦਾ ਹੈ। ਰਾਤ ਪਾਸ ਕੱਟਦਾ ਹੈ। ਉਹ ਨਿਰਾ ਦਰਸ਼ਨ ਕਰਨ ਨਹੀਂ ਸੀ ਜਾਂਦਾ। ਮਹਾਰਾਜਾ ਦਲੀਪ ਸਿੰਘ ਅੰਤਿਮ ਸਿੱਖ ਰਾਜਾ ਉਦੋਂ ਰੂਸ ਵਿਚ ਸੀ। ਕੂਕਿਆਂ ਦੀ ਕੋਸ਼ਿਸ਼ ਦਲੀਪ ਸਿੰਘ ਨੂੰ ਰੂਸ ਦੀ ਸੈਨਾ ਦੀ ਮਦਦ ਨਾਲ ਦੇਸ਼ ਵਿਚ ਲਿਆਕੇ ਅੰਗਰੇਜ਼ਾਂ ਵਿਰੁੱਧ ਖਡਦੂ ਮਚਾਉਣਾ ਸੀ। ਰੂਸ ਤੋਂ ਭੈਣੀ ਸਾਹਿਬ ਤੱਕ ਇਹ ਗੁਪਤ ਪੱਤਰ ਚੱਕ ਰਾਮਦਾਸ ਦਾ ਸੂਬਾ ਗੁਰਚਰਨ ਸਿੰਘ ਵਿਰਕ ਲੈ ਕੇ ਆਉਂਦਾ ਸੀ ਤੇ ਅੱਗੋਂ ਇਹ ਪੱਤਰ ਸਤਿਗੁਰੂ ਰਾਮ ਸਿੰਘ ਤੱਕ ਮੀਹਾਂ ਸਿੰਘ ਪਹੁੰਚਾਉਂਦਾ ਸੀ, ਮਰਗੋਈ ਟਾਪੂ ਵਿਚ। ਇਹ ਸੌਖੀ ਖੇਡ ਨਹੀਂ ਸੀ। ਦਿਲ ਗੁਰਦੇ ਵਾਲੇ ਲੋਕ ਹੀ ਉਦੋਂ ਕੂਕਿਆਂ ਦੇ ਪੰਥ ਵਿਚ ਸ਼ਾਮਿਲ ਰਹੇ। ਬਹੁਤਿਆਂ ਨੇ ਕਛਹਿਰੇ ਲਾਹ ਕੇ ਛੌਂਪੜਾਂ ਵਿੱਚ ਸੁੱਟ ਦਿੱਤੇ ਸਨ। ਆਪਣੇ ਪਿਤਾ ਅਤੇ ਬਾਕੀ ਦੇ ਭਰਾਵਾਂ ਜਿਉਂ ਕਿਸ਼ਨ ਸਿੰਘ ਨੇ ਵੀ ਪਰਦੇਸ ਦੇ ਜਫ਼ਰ ਜਾਲ ਕੇ ਗੁਰੂ ਦਰਸ਼ਨਾਂ ਨਾਲ ਆਪਣੀ ਛਾਤੀ ਠੰਢੀ ਕੀਤੀ।

ਕਿਸ਼ਨ ਸਿੰਘ ਦੇ ਅੱਗੋਂ ਤਿੰਨ ਪੁੱਤਰ ਹੋਏ – ਆਤਮਾ ਸਿੰਘ, ਹਾਕਮ ਸਿੰਘ ਅਤੇ ਸੁਰੈਣ ਸਿੰਘ। ਲੰਮਾ ਸਮਾਂ ਨਾਮਧਾਰੀ ਪੰਥ ਦੀਆਂ ਸਿਖਰਲੀਆਂ ਸਰਗਰਮੀਆਂ ਵਿਚ ਰਹਿਣ ਕਾਰਣ ਆਲੇ-ਦੁਆਲੇ ਤੇ ਸਰਕਾਰ ਵਲੋਂ ਜਿਵੇਂ ਦੇਸ਼ ਭਗਤ ਪਰਿਵਾਰਾਂ ਨੂੰ ਜ਼ਿੱਚ ਕੀਤਾ ਜਾਂਦਾ ਸੀ ਉਸ ਨਾਲ ਘਰ ਦੀ ਆਰਥਿਕਤਾ ਟੁੱਟਣੀ ਹੀ ਸੀ। ਵਧਦੇ ਪਰਿਵਾਰ ਦੇ ਜੀਆਂ ਦਾ ਬੋਝ ਵੀ ਸੀ। ਅੰਗਰੇਜ਼ੀ ਸਰਕਾਰ ਦੀ ਨੀਤੀ ਨੇ ਪੰਜਾਬ ਦੀ ਸਮੁੱਚੀ ਕਿਸਾਨੀ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਸੀ। ਮਾਮਲੇ ਪੂਰੇ ਨਹੀਂ ਸੀ ਹੁੰਦੇ। ਲੋਕ ਮਾਮਲੇ ਭਰਨ ਤੋਂ ਜ਼ਮੀਨਾਂ ਛੱਡ ਰਹੇ ਸਨ। ਕਿਸ਼ਨ ਸਿੰਘ ਦਾ ਪਰਿਵਾਰ ਪਹਿਲਾਂ ਤਾਂ ਸਿਰਹਾਲੀ ਤੋਂ ਉੱਠ ਕੇ ਮੁਗਲ ਰਾਇਕੇ, ਪਿੰਡ ਜੋ ਮਿਸਲਾਂ ਵੇਲੇ ਸਿੰਘਾਂ ਨੇ ਪੱਟੀ ਦੇ ਮੁਗਲਾਂ ਤੋਂ ਖੋਹਿਆ ਸੀ, ਜਾ ਟਿਕਿਆ ਜਿਥੇ ਕੁਝ ਪਰਿਵਾਰਕ ਭੂਮੀ ਸੀ। ਜਦੋਂ ਇਥੇ ਵੀ ਗੁਜ਼ਰ ਬਸਰ ਕਰਨੀ ਮੁਸ਼ਕਿਲ ਪ੍ਰਤੀਤ

Sri Satguru Jagjit Singh Ji eLibrary NamdhariElibrary@gmail.com

ਹੋਈ ਤਾਂ ਇਹ ਟੱਬਰ ੨੨ ਹਾੜ ਸੰਮਤ ਬਿਕ੍ਰਮੀ ੧੯੬੨ ਨੂੰ ਬੁਰਜ ਰਾਇਕੇ ਤੋਂ ਚੱਲ ਕੇ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਸਰਗੋਧਾ ਦੇ ਚੱਕਰ ਨੰ: ੨੩ ਅਲਫ਼ ਵਿਚ ੬ ਸਾਵਣ ਨੂੰ ਪੁੱਜ ਗਿਆ। ਇਥੇ ਹੀ ਆਤਮਾ ਸਿੰਘ ਅਤੇ ਉਸਦੀ ਸੁਪਤਨੀ ਭਾਗੋ ਦੇ ਘਰ ੨੦ ਮੱਘਰ ਦਿਨ ਸ਼ੁਕਰਵਾਰ ੧੯੬੪ ਬਿਕ੍ਰਮੀ ਸੰਮਤ ਨੂੰ ਨਰਿੰਜਨ ਸਿੰਘ ਦਾ ਜਨਮ ਹੋਇਆ। ਨਰਿੰਜਨ ਸਿੰਘ ਦਾ ਪਿਤਾ ਆਤਮਾ ਸਿੰਘ ਵੀ ਵੱਡਾ ਸਾਧੂ ਸੁਭਾਅ, ਨਾਮਬਾਣੀ ਦਾ ਅਭਿਆਸੀ, ਆਏ ਗਏ ਅਭਿਆਗਤ ਦੀ ਸੇਵਾ ਸੰਭਾਲ ਕਰਨ ਵਾਲਾ ਅਤੇ ਰੰਗ ਵਿਤਕਰੂ ਸੋਚ ਤੋਂ ਉੱਪਰ ਉਠਿਆ ਜੀਵਨ ਮੁਕਤ ਸਾਧੂ ਜਨ ਸੀ। ਉਸ ਦੇ ਘਰ ਜਦੋਂ ਕੋਈ ਮੁਸਲਮਾਨ ਮੁਸਾਫ਼ਿਰ ਆਉਂਦਾ ਤਾਂ ਪ੍ਰਸ਼ਾਦ ਪਾਣੀ ਬਾਅਦ ਹੋਰ ਮੁਸਲਮਾਨਾਂ ਦੇ ਘਰੋਂ ਉਹ ਹੁੱਕਾ ਗਰਮ ਕਰਵਾ ਕੇ ਭਾਗਾਂ ਨਾਲ ਬੈਠ ਕੇ ਆਪਣੇ ਅਤਿਥੀ ਅੱਗੇ ਰੱਖ ਕੇ ਖ਼ੁਸ਼ ਹੁੰਦਾ ਸੀ। ਉਹ ਸਿੱਖ ਧਰਮ ਗ੍ਰੰਥਾਂ ਤੋਂ ਇਲਾਵਾ ਰਾਮਾਇਣ, ਮਹਾਂਭਾਰਤ, ਜੋਗ ਵਸਿਸ਼ਟ ਆਦਿਕ ਹਿੰਦੂ ਗ੍ਰੰਥਾਂ ਵਿਚ ਵੀ ਦਿਲਚਸਪੀ ਰੱਖਦਾ ਸੀ।

ਨਰਿੰਜਨ ਸਿੰਘ ਦਾ ਇਕ ਦੋ ਵਰ੍ਹੇ ਛੋਟਾ ਭਾਈ ਚੰਨਣ ਸਿੰਘ ਮੁਨਸ਼ੀ ਸੀ। ਜਿਸਨੇ ਬਿਸ਼ਨ ਸਿੰਘ ਸਮੁੰਦਰੀ ਦੇ ਨਾਲ ਸਿਰਹਾਲੀ ਦੇ ਖ਼ਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਸੀ ਤੇ ਉਸਦਾ ਦਿਹਾਂਤ ੧੯੯੮ ਈ. ਵਿਚ ਅੰਮ੍ਰਿਤਸਰ ਕਲਾਂ ਜ਼ਿਲ੍ਹਾ ਸਿਰਸਾ ਵਿਖੇ ਹੋਇਆ ਸੀ। ਉਸਨੇ ਕਈ ਅੰਗਰੇਜ਼ੀ ਪੁਸਤਕਾਂ ਦਾ ਪੰਜਾਬੀ ਵਿਚ ਤਰਜਮਾ ਕੀਤਾ ਹੈ। ਇਹਨਾਂ ਦੋਹਾਂ ਭਰਾਵਾਂ ਦੀਆਂ ਤਿੰਨ ਭੈਣਾਂ ਸਨ। ਬੀਬੀ ਬੰਤੋ ਸੰਤਾ ਸਿੰਘ ਹੁੰਦਾ (ਲਾਹੌਰ) ਨਾਲ, ਬੀਬੀ ਤਾਰੋ ਗਿਆਨ ਸਿੰਘ "ਰਾਮ ਬੋਲੀ", ਸਮਸਾ (ਸ਼ੇਖੂਪੁਰਾ) ਨਾਲ ਅਤੇ ਬੀਬੀ ਪ੍ਰੀਤਮ ਕੌਰ ਜਥੇਦਾਰ ਗੁਰਮੁਖ ਸਿੰਘ ਪਿੰਡ ਭੱਖਰ (ਸ਼ੇਖੂਪੁਰਾ) ਨਾਲ ਵਿਆਹੀਆਂ ਸਨ। -

ਨਰਿੰਜਨ ਸਿੰਘ ਨੇ ਗੁਰਮੁਖੀ ਅੱਖਰਾਂ ਦਾ ਗਿਆਨ ਤੇ ਮੁੱਢਲੀ ਵਿਦਿਆ ਆਪਣੇ ਪਰਿਵਾਰਿਕ ਵਸੀਲਿਆਂ ਤੋਂ ਹੀ ਹਾਸਿਲ ਕੀਤੀ। ਸਕੂਲ ਉਦੋਂ ਉਥੇ ਵਿਰਲੇ ਟਾਂਵੇਂ ਹੀ ਹੁੰਦੇ ਸਨ। ਸ਼ਹਿਰਾਂ ਵਿਚ ਸਕੂਲ ਸਨ। ਮੁਜਾਰਾ ਕਿਸਾਨਾਂ ਦੇ ਬੱਚੇ ਉਥੇ ਪਹੁੰਚਣ ਬਾਰੇ ਕਿਵੇਂ ਸੋਚ ਸਕਦੇ ਸਨ।

ਜਿਥੇ ਨਾਮਧਾਰੀ ਪੰਥ ਨਾਲ ਦਿਲੀ ਪਿਆਰ ਅਤੇ ਸ਼ਰਧਾ ਆਪ ਨੂੰ ਵਿਰਸੇ ਵਿਚ ਮਿਲੀ ਸੀ ਉਥੇ ਬਚਪਨ ਵਿਚ ਹੀ ਤੁਲਸੀ ਰਮਾਇਣ, ਹਨੂੰਮਾਨ ਨਾਟਕ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਪਾਠਾਂ ਦੇ ਨਿਰੰਤਰ ਪ੍ਰਵਾਹ ਨੇ ਕਵਿਤਾ ਦਾ ਸੋਮਾ ਉਸਦੇ ਅੰਦਰੋਂ ਫੁੱਟਣ ਵਿਚ ਸਹਾਇਤਾ ਕੀਤੀ। "ਮ੍ਰਿਗੇਸ਼" ਜਿਸਦੇ ਸ਼ਬਦੀ ਅਰਥ ਹਨ ਸ਼ੇਰ, ਸਿੰਘ, ਉਪਨਾਉਂ ਦੇ ਤਹਿਤ ਉਹਨਾਂ ਨੇ ਆਪਣਾ ਕਵਿਤਾ ਕਰਮ ਸ਼ੁਰੂ ਕੀਤਾ। ਕਵਿਤਾ ਵਾਸਤੇ ਜਿਥੇ ਅਧਿਐਨ, ਗਿਆਨ, ਅਨੁਭਵ ਦੀ ਤੀਖਣਤਾ ਦੀ ਲੋੜ ਹੁੰਦੀ ਹੈ ਉਥੇ ਇਕ ਹੱਸਾਸ ਕਵੀ ਹਿਰਦਾ ਵੀ ਲੋੜੀਂਦਾ ਹੈ। ਨਰਿੰਜਨ ਸਿੰਘ ਇਕ ਅਮੀਰ ਸਮਾਜਿਕ ਤੇ ਸਾਹਿਤਕ ਵਿਰਾਸਤ ਵਾਲੇ ਪਰਿਵਾਰ ਨਾਲ ਬੇਸ਼ਕ ਜੁੜਿਆ ਸੀ, ਪਰ ਰੋਟੀ ਰੋਜ਼ੀ ਦੀ ਸਮੱਸਿਆ ਲਈ ਜਿੰਨੀ ਖੱਜਲ ਖੁਆਰੀ ਉਸਨੇ ਝੱਲੀ ਸੀ, ਇਕ ਕਠੋਰ ਯਥਾਰਥ ਨੇ ਸਮਾਜ ਪ੍ਰਤੀ ਉਸਦੀ ਦ੍ਰਿਸ਼ਟੀ ਨੂੰ ਹੋਰ ਪੈਨਾਪਣ ਪ੍ਰਦਾਨ ਕੀਤਾ। ਮੁੱਖ ਕਿੱਤਾ ਜਾਂ ਕੁਲ ਕਿੱਤਾ ਖੇਤੀਬਾੜੀ ਸੀ ਅਤੇ ਖੇਤੀਬਾੜੀ ਕਰਦਿਆਂ ਜਿੰਨੇ ਘਾਟਾਂ ਦਾ ਪਾਣੀ ਉਹਨਾਂ ਪੀਤਾ ਉਹ ਵਿਰਲਿਆਂ ਦੇ ਹਿੱਸੇ ਆਉਂਦਾ ਹੈ। ਇਹ ਸਮਾਂ ਭੂਮੀ ਸੁਧਾਰਾਂ ਤੋਂ ਪਹਿਲਾਂ ਦਾ ਹੈ। ਵੱਡੀ ਮਾਲਕੀ ਵਾਲੀ ਜਗੀਰਦਾਰ ਸ਼੍ਰੇਣੀ ਨੀਲੀ ਬਾਰ ਜਾਂ ਹੋਰ ਬਾਰਾਂ ਰਿਆਸਤਾਂ ਆਦਿ ਦੇ ਖੇਤਰ ਵਿਚ ਕਾਬਜ਼ ਸਨ ਅਤੇ ਮੁਜਾਰੇ ਪਾਸ ਨਾ ਕਦੇ ਤਨ ਦੇ ਕੱਪੜੇ ਪੂਰੇ ਹੁੰਦੇ ਸਨ ਤੇ ਨਾ ਸਿਰ ਕੱਜਣ ਲਈ ਛੱਤ ਹੀ। ਮ੍ਰਿਗੇਸ਼ ਜੀ ਦੇ ਏਸ ਮੁਢਲੇ ਜੀਵਨ ਸਫ਼ਰ ਦਾ ਕੁਝ ਕੁ ਅਕਾਊ ਵਰਣਨ ਉਹਨਾਂ ਹਾਲਤਾਂ ਨੂੰ ਨੇੜਿਉਂ ਹੋ ਕੇ ਵੇਖਣ ਵਿਚ ਸਹਾਈ ਹੋ ਸਕਦਾ ਹੈ।

੧੯੦੫ ਈ. ਦੀਆਂ ਗਰਮੀਆਂ ਵਿਚ ਉਹ ਪਿਤਾ ਪੁਰਖੀ ਘਰ ਬੁਰਜ ਰਾਇਕੇ ਨੂੰ ਛੱਡ ਕੇ ੨੩ ਅਲਫ਼ (ਸਰਗੋਧਾ) ਵਿਚ ਜਿਥੇ ਪੁੱਜੇ ਸਨ ਉਥੇ ਉਹ ੧੭ ਸਾਲਾਂ ਤੱਕ ਰਹੇ। ਫਿਰ ੧੯੨੨ ਈ. ਦੇ ਹਾੜ ਵਿਚ ਹੀ ਉਹ ਬੁਰਜ ਰਾਇਕੇ ਵਾਪਸ ਆਏ। ਸਾਢੇ ਪੰਜ ਸਾਲ ਏਥੇ ਰਹੇ। ਇਸ ਸਮੇਂ ਵਿਚ ਤਕਰੀਬਨ ਇਕ ਸਾਲ ਪਰਿਵਾਰ ਬਿਨਾਂ ਪਿਤਾ ਸਰਦਾਰ ਆਤਮਾ ਸਿੰਘ ਰਿਆਸਤ ਬਹਾਵਲਪੁਰ ਦੇ ਇਕ ਪਿੰਡ ਵਿਚ ਖੇਤੀ ਕੀਤੀ। ਫੇਰ ੧੯੨੭ ਈ. ਦੇ ਵੈਸਾਖ ਮਹੀਨੇ ਪਿੱਛੋਂ ਚੱਲ ਕੇ ਜ਼ਿਲ੍ਹਾ ਮਿੰਟਗੁਮਰੀ (ਪੱਛਮੀ ਪੰਜਾਬ) ਵਿਚ ਗੋਗੀ ਦੇ ਲਾਗੇ ੩੬੭ ਚੱਕ ਵਿਚ ਸਾਢੇ ਦੋ ਸਾਲ

Sri Satguru Jagjit Singh Ji eLibrary NamdhariElibrary@gmail.com

ਕੱਟੇ। ਫੇਰ ੧੯੩੩ ਈ. ਦੇ ਹਾੜ ਵਿਚ ਇਥੋਂ ਚੱਲ ਕੇ ਇਸ ਜਿਲ੍ਹੇ ਦੇ ਪਿੰਡ ਏਦਲ ਦੇ ਕਬਰਿਸਤਾਨ ਵਿਚ ਹੀ ਜਾ ਡੇਰਾ ਕੀਤਾ। ਜਦ ਕੋਠੇ ਦਾ ਕੋਈ ਜੁਗਾੜ ਨਾ ਬਣਿਆ ਤਾਂ ਟੋਆ ਪੁੱਟ ਕੇ ਉੱਤੇ ਵਣ ਵੱਢ ਕੇ ਤੂੰਣ ਕੇ ਮਿੱਟੀ ਪਾ ਦਿੱਤੀ ਤੇ ਸਮਾਨ ਟਿਕਾ ਕੇ ਰਹਿਣ ਲੱਗ ਪਏ। ਉਸ ਖਾਤੇ ਵਿਚੋਂ ਕਈ ਖੋਪੜੀਆਂ ਤੇ ਮਨੁੱਖੀ ਜਬਾੜੇ ਨਿਕਲੇ। ਫਿਰ ੧੯੩੪ ਈ. ਦੇ ਜੇਠ ਵਿਚ ਇਥੋਂ ਚੱਲ ਕੇ ਚੱਕ ਨੰ: ੫੦ ਤਸੀਲ ਪਾਕਪਟਨ ਜਿਲ੍ਹਾ ਮਿੰਟਗੁਮਰੀ ਵਿਚ ਨਿਵਾਸ ਕੀਤਾ। ਵਿਸਾਖ ੧੯੩੬ ਈ. ਵਿਚ ਸਿੰਧ ਪ੍ਰਾਂਤ ਦੇ ਜਿਲ੍ਹਾ ਨਵਾਬਸ਼ਾਹ ਦੇ ਰੇਲਵੇ ਸਟੇਸ਼ਨ, ਮਿਹਰਾਬਪੁਰ ਲਾਗੇ ਹਲਾਣੀ ਪਿੰਡ ਪੁੱਜੇ। ਫਿਰ ੧੯੪੨ ਈ. ਦੇ ਏਸੇ ਮਹੀਨੇ ਸਿੰਧ ਤੋਂ ਰਿਆਸਤ ਬੀਕਾਨੇਰ ਦੇ ਚੱਕ ੧ ਓ ਕਾਟ ਵਿਚ। ਵਰ੍ਹੇ ਬਾਅਦ ੨ ਓ ਵਿਚ। ਇਥੇ ਕਸੂਰ ਦੇ ਸ਼ੇਖ ਕਰਮਬਖ਼ਸ਼ ਦੀ ਜ਼ਮੀਨ ਬਟਾਈ ਤੇ ਲਈ। ਇਕ ਦਿਨ ਸ਼ਬਿਆਣੇ ਦੇ ਸਟੇਸ਼ਨ ਤੇ ਸ਼ੇਖ ਨੂੰ ਗੱਡੀ ਚੜ੍ਹਾਉਣ ਲਈ ਬਾਰਾਂ ਕੋਹ ਪੈਂਡਾ ਸ਼ੇਖ ਦੀ ਘੋੜੀ ਪਿੱਛੇ ਕੀਤਾ। ਵਾਪਸ ਘੋੜੀ ਲੈ ਕੇ ਆਏ। ਸ਼ੁਕਰ ਕੀਤਾ ਕਿ ਜੇ ਸ਼ੇਖ ਘੋੜੀ ਤੇ ਨਾ ਹੁੰਦਾ ਤਾਂ ਉਸਦਾ ਸਮਾਨ ਵੀ ਸਿਰ ਤੇ ਚੁੱਕ ਕੇ ਲਿਜਾਣਾ ਪੈਣਾ ਸੀ। ਇਕ ਦਿਨ ਪਾਣੀ ਲਾਉਂਦਿਆਂ ਰੱਡਾ ਲੰਘਣ ਸਦਕਾ ਪਾਣੀ ਟੁੱਟ ਗਿਆ। ਸ਼ੇਖ ਬੜਾ ਔਖਾ ਹੋਇਆ। ਆਪ ਅੱਧਾ ਘੰਟਾ ਸ਼ਾਂਤਕੀ ਨਾਲ ਉਹਨੂੰ ਸਮਝਾਉਂਦੇ ਰਹੇ ਕਿ ਮੈਂ ਹਮੇਸ਼ਾ ਪਾਣੀ ਗੇੜਾ ਮਾਰ ਕੇ ਲਾਉਂਦਾ ਹਾਂ, ਪਰ ਉਹ ਵਧਦਾ ਹੀ ਗਿਆ। ਅਖੀਰ ਜਦੋਂ ਨਰਿੰਜਨ ਸਿੰਘ ਨੇ ਇੱਕੋ ਝਬਕ ਮਾਰੀ ਤਾਂ ਉਹ ਦੜ ਵੱਟ ਗਿਆ। ਇਸ ਲਈ ੧੯੪੪ ਦੀਆਂ ਗਰਮੀਆਂ ਵਿਚ ਵਾਪਸ ਜੱਦੀ ਪਿੰਡ ਬੁਰਜ ਰਾਇਕੇ ਆ ਗਏ। ੧੯੪੭ ਈ. ਦਾ ਉਜਾੜੇ ਦਾ ਸਮਾਂ ਇਥੇ ਹੀ ਬੀਤਿਆ। ਇਸੇ ਮੱਘਰ ਵਿਚ ਸਲਾਬਤਪੁਰ (ਰਿਆਸਤ ਨਾਭਾ) ਵਿਚ ਆ ਡੇਰਾ ਲਾਇਆ। ਕਿਉਂ ਜੋ ਆਪ ਦਾ ਸਹੁਰਾ ਸ੍ਰ. ਦਯਾ ਸਿੰਘ ਕੱਕੜ, ਜੋ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦਾ ਪ੍ਰਧਾਨ ਵੀ ਰਹਿ ਚੁਕਿਆ ਸੀ, ਇਸ ਰਿਆਸਤ ਦਾ ਅਹਿਲਕਾਰ ਸੀ। ਤਕਰੀਬਨ ੨ ਸਾਲ ਇਥੇ ਬਿਤਾਉਣ ਬਾਅਦ ਰਾਮਪੁਰਾ ਫੂਲ ਜਾ ਝੁੱਗੀਆਂ ਪਾਈਆਂ। ਦੋ ਸਾਲ ਇਥੇ ਕੱਟਣ ਬਾਅਦ ੩ ਹਾੜ ੨੦੦੮ ਬਿਕ੍ਰਮੀ ਮੁਤਾਬਿਕ ੧੯੫੧ ਈ. ਨੂੰ ਉਦੋਂ ਦੇ ਜਿਲ੍ਹਾ ਹਿਸਾਰ ਦੀ ਸਿਰਸਾ ਤਸੀਲ ਦੇ ਪਿੰਡ ਅੰਮ੍ਰਿਤਸਰ ਖ਼ੁਰਦ ਵਿਚ ਆ ਨਿਵਾਸ ਕੀਤਾ। ਹੁਣ ਹਾਲਾਤ ਬਦਲ ਗਏ ਸਨ। ਇਥੇ ਟਿਕਾਣਾ ਪੱਕਾ ਬਣ ਗਿਆ ਅਤੇ ਪੂਰੇ ੫੧ ਵਰ੍ਹੇ ਮ੍ਰਿਗੇਸ ਜੀ ਨੇ ਅੰਮ੍ਰਿਤਸਰ ਖ਼ੁਰਦ ਜਾਂ ਗੁਆਂਢੀ ਪਿੰਡ ਬੁਢੀਮਾੜੀ ਵਿਚ ਬਤੀਤ ਕੀਤੇ। ਮਿੰਟਗੁਮਰੀ ਦੇ ਅਰੋੜੇ ਨਾਮਧਾਰੀ ਸਿੱਖ ਸਰਦਾਰ ਪ੍ਰਤਾਪ ਸਿੰਘ ਨਾਲ ਬਾਪੂ ਆਤਮਾ ਸਿੰਘ ਦੀ ਪੁਰਾਣੀ ਮਿੱਤਰਤਾ ਕੰਮ ਆਈ। ਉਸ ਦੇ ਪੁੱਤਰ ਰਿਛਪਾਲ ਸਿੰਘ ਦੂਆ ਨੇ ਥਾਈਲੈਂਡ ਵਾਸੀ ਜੇਠਾ ਸੰਬੰਧੀਆਂ ਦੀ ਭੂਮੀ ਤੇ ਚੰਨਣ ਸਿੰਘ ਮੁਨਸ਼ੀ ਜੀ ਨੂੰ ਮੈਨੇਜਰ ਨਿਯੁਕਤ ਕਰਵਾ ਦਿੱਤਾ ਅਤੇ ਹੋਰ ਮੁਜ਼ਾਰਿਆਂ ਜਿਉਂ ਕਾਫ਼ੀ ਰਕਬਾ ਆਤਮਾ ਸਿੰਘ ਤੇ ਸੁਰੇਣ ਸਿੰਘ ਦੇ ਪਰਿਵਾਰਾਂ ਨੂੰ ਕਾਸ਼ਤ ਲਈ ਦੇ ਦਿੱਤਾ। ਇਹ ਵੀ ਟਿਕ ਕੇ ਬਹਿਣ ਦਾ ਸਮਾਂ ਨਹੀਂ ਸੀ। ਨਰਿੰਜਨ ਸਿੰਘ ਨੇ ਪਿਤਾ ਨਾਲ ਮਿਲ ਕੇ ਜੰਗਲ ਪੁਟਿਆ ਅਤੇ ਜ਼ਮੀਨ ਆਬਾਦ ਕੀਤੀ ਅਤੇ ਹੌਲੇ-ਹੌਲੇ ਅੱਧੀ ਸਦੀ ਤੋਂ ਦੇਸ਼ਭਗਤ ਸਰਗਰਮੀਆਂ ਵਿਚ ਹਿੱਸਾ ਲੈਣ ਸਦਕਾ ਉਖੜੀ ਗ੍ਰਹਿਸਥ ਗੱਡੀ ਨੂੰ ਮੁੜ ਲੀਹ ਤੇ ਲਿਆਂਦਾ। ਇਹ ਉਹਨਾਂ ਦੇ ਜੀਵਨ ਦੀ ਵੱਡੀ ਪ੍ਰਾਪਤੀ ਸੀ। ਉਹਨਾਂ ਦੀ ਜੀਵਨ ਸਾਥਣ ਬੀਬੀ ਹਰਬੰਸ ਕੌਰ ਨੇ ਬੜੀ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਤੰਗੀਆਂ ਤੁਰਸ਼ੀਆਂ ਦਾ ਇਹ ਸਾਰਾ ਸਮਾਂ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਕੱਟਿਆ ਅਤੇ ਰਣਜੀਤ ਸਿੰਘ, ਜਨਮੇਜ ਸਿੰਘ, ਸੰਗਰਾਮ ਸਿੰਘ ਤਿੰਨ ਵਿਆਹੇ ਪੁੱਤਰਾਂ, ਬੀਬੀ ਮਹਿੰਦਰ ਕੌਰ, ਅਤੇ ਬੀਬੀ ਨਰੈਣ ਕੌਰ ਦੋ ਵਿਆਹੀਆਂ ਪੁੱਤਰੀਆਂ, ਰਣਬੀਰ ਸਿੰਘ ਅਤੇ ਰਣਧੀਰ ਸਿੰਘ ਦੋ ਦੋ ਅਣਵਿਆਹੇ ਬੱਚਿਆਂ ਨੂੰ ਛੱਡ ਕੇ ਉਹ ੧੯੭੦ ਈ. ਵਿਚ ਅਕਾਲ ਚਲਾਣਾ ਕਰ ਗਈ। ਇਸ ਭਰੇ ਪੂਰੇ ਪਰਿਵਾਰ ਦੇ ਗ੍ਰਹਿਸਥ ਸੁਖ ਨੂੰ ਮਾਣਨ ਦਾ ਜ਼ਿਆਦਾ ਸਮਾਂ ਉਹਦੇ ਹਿੱਸੇ ਨਾ ਆਇਆ।

ਬੁਢੀਮਾੜੀ ਵੱਡੇ ਤੋਂ ਛੋਟੇ ਪੁੱਤਰ ਜਨਮੇਜ ਸਿੰਘ ਗਿਆਨੀ ਪਾਸ ਉਹਨਾਂ ਦਾ ਜ਼ਿਆਦਾ ਸਮਾਂ ਬਤੀਤ ਹੋਇਆ। ਏਸ ਡੇਰੇ ਦਾ ਸਵੱਛ ਤੇ ਨਿਰਮਲ ਵਾਤਾਵਰਣ ਅਤੇ ਇਕਾਂਤ ਸਥਾਨ ਉਹਨਾਂ ਦੀ ਕਾਵਿਕ ਪ੍ਰਤਿਭਾ ਨੂੰ ਜ਼ਿਆਦਾ ਰਾਸ ਆਇਆ। ਕਵਿਤਾ ਤਾਂ ਬੇਸ਼ਕ ਉਹ ੧੯੪੭ ਈ. ਤੋਂ ਪਹਿਲਾਂ ਵੀ ਲਿਖ ਲੈਂਦੇ ਸਨ, ਪਰ ਜਦੋਂ ਤਾਂ ਲਗਾਤਾਰ ਸਫ਼ਰ 'ਤੇ ਹੀ ਰਹਿੰਦੇ ਸਨ ਤਾਂ ਉਦੋਂ ਕਵਿਤਾ ਲਿਖਣ ਦਾ ਸਮਾਂ ਕਿੱਥੇ ਮਿਲਦਾ। ਆਪਣੀ ਜ਼ਿਆਦਾ ਕਾਵਿ

Sri Satguru Jagjit Singh Ji eLibrary NamdhariElibrary@gmail.com

ਰਚਨਾ ਉਹਨਾਂ ਬੁਢੀਮਾੜੀ ਵਾਲੇ ਇਸ ਡੇਰੇ ਤੇ ਹੀ ਕੀਤੀ ਹੈ ਅਤੇ ਇਥੇ ਹੀ ੧ ਜੇਠ ੨੦੫੯ ਬਿਕ੍ਰਮੀ ਮੁਤਾਬਿਕ ੧੪ ਮਈ ਦਿਨ ਮੰਗਲਵਾਰ ੨੦੦੨ ਈ. ਨੂੰ ਬਾਅਦ ਦੁਪਹਿਰ ੨ ਵਜੇ ਉਹ ਰੁਕਸਤ ਹੋ ਗਏ। ਇਸੇ ਜਗ੍ਹਾ ਤੇ ਹੀ ੨੩ ਮਈ ਵੀਰਵਾਰ ਨੂੰ ਉਹਨਾਂ ਨਮਿਤ ਅੰਤਿਮ ਰਸਮਾਂ ਅਤੇ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ।

ਭਾਈ ਨਰਿੰਜਨ ਸਿੰਘ ਮ੍ਰਿਗੇਸ਼ ਦੇ ਦੱਸਣ ਮੁਤਾਬਕ ਉਹਨਾਂ ਨੇ ਆਪਣੀ ਪਹਿਲੀ ਕਵਿਤਾ ਪ੍ਰਸਿੱਧ ਪੰਥਕ ਨੇਤਾ ਬਾਬਾ ਖਿਹਰ ਸਿੰਘ ਪੱਟੀ (ਬੁਰਜ ਰਾਇਕੇ) ਦੇ ਸੁਰਗਵਾਸ ਹੋਣ ਤੇ ਸ਼ਰਧਾਂਜਲੀ ਵਜੋਂ ਲਿਖ ਕੇ ਪੜ੍ਹੀ ਸੀ। ਉਹਨਾਂ ਦੀਆਂ ਜਿਆਦਾ ਕਵਿਤਾਵਾਂ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਹਨ ਅਤੇ ਨਾਮਧਾਰੀ ਦਰਬਾਰ ਦੇ ਸਪਤਾਹਿਕ ਪਰਚੇ "ਸਤਿਜੁਗ" ਵਿਚ ਛਪਦੀਆਂ ਰਹੀਆਂ ਹਨ। ਉਹ ਦਸਮ ਗ੍ਰੰਥ ਸਾਹਿਬ ਦੀ ਬਾਣੀ ਦੇ ਵੱਡੇ ਸ਼ਰਧਾਲੂ ਸਨ ਅਤੇ ਪੰਜ ਗ੍ਰੰਥੀ ਤੇ ਦਸ ਗ੍ਰੰਥੀ ਦੀਆਂ ਤਕਰੀਬਨ ਸਾਰੀਆਂ ਹੀ ਬਾਣੀਆਂ ਦਾ ਰੋਜ਼ ਨਿਤਨੇਮ ਕਰਦੇ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਨਾਮਧਾਰੀ ਚੰਡੀ ਦੀ ਉਪਾਸਨਾ ਕਰਦੇ ਹੋਏ ਬਾਣੀ ਪੜ੍ਹਦੇ ਹਨ। ਚੰਡੀ ਦੀ ਵਾਰ ਮੁਰਦਾ ਰੂਹਾਂ ਵਿਚ ਬੀਰਤਾ ਦਾ ਸੰਚਾਰ ਕਰਦੀ ਹੈ। ਨਾਮਧਾਰੀਆਂ ਵਾਸਤੇ ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਗੁਰੂ ਰਾਮ ਸਿੰਘ ਜੀ ਲਾਜ਼ਮੀ ਕਰ ਗਏ ਸਨ ਤੇ ਆਪਣੀ ਸੁਧ ਬੁੱਧ ਵਿਚ ਰਹਿੰਦਿਆਂ ਮ੍ਰਿਗੇਸ਼ ਜੀ ਨੇ ਇਸ ਨਿਯਮ ਨੂੰ ਨਿਬਾਹਿਆ। ਉਨ੍ਹਾਂ ਦੀ ਰਚਨਾ ਤੇ ਬ੍ਰਿਜ ਭਾਸ਼ਾ ਦਾ ਪ੍ਰਭਾਵ ਹੈ ਅਤੇ ਜਿਆਦਾ ਛੰਦ ਵੀ ਦਸਮ ਬਾਣੀ ਦੇ ਕਬਿੱਤ, ਸਵੈਯਾ, ਸੋਰਠਾ, ਦੋਹਰਾ, ਪਉੜੀ, ਕੁੰਡਲੀਆ ਆਦਿ ਵਰਤਣ ਤੋਂ ਇਲਾਵਾ ਕੁਝ ਕੁ ਸ਼ੁੱਧ ਪੰਜਾਬੀ ਛੰਦਾਂ ਬੈਂਤ, ਦਵੱਈਆ, ਕੋਰੜਾ, ਸਿਰਖੰਡੀ ਆਦਿ ਨੂੰ ਵੀ ਉਹਨਾਂ ਆਪਣੀਆਂ ਰਚਨਾਵਾਂ ਵਿਚ ਸਫਲਤਾਪੂਰਵਕ ਵਰਤਿਆ ਹੈ। ਆਪਣੇ ਇਸ਼ਟ ਸਤਿਗੁਰੂ ਰਾਮ ਸਿੰਘ ਦਾ ਮੰਗਲਾਚਰਣ ਇਉਂ ਕਰਦੇ ਹਨ-

ਰਾਮ ਮ੍ਰਿਗੇਸ਼ ਬਿਸ਼ੇਸ਼ਾਂ ਜੱਸ
ਨਿਸਾਂ ਸੰਸਿਾਂ ਅਹਿਾਂ ਜਿਮ ਭਾਨਾਂ
ਬੇਦ ਭੇਦ ਨਹਿ ਲਖ ਸਕੇ,
ਸਿਮਰਤਾਂ ਸਕਲਾਂ ਪੁਰਾਣ।
ਬ੍ਰਹਮ ਅਰ ਬਿਸ਼ਣ ਮਹਾਂ ਸ਼ਿਵਾਂ
ਬਿਆਸ, ਪਰਾਸ਼ਰ ਸਨਕਾਦਿਾਂ।
ਨਹਿ ਪਾਏ ਰੰਚ ਭਿਦਾਂ।
ਆਦਿ ਅੰਤ ਵਿਆਪਕ ਸਭਿਕਾਂ
ਵਿਸ਼ਵ ਭਰਨ ਸੁਖ ਧਾਮ।
ਕਹਿ 'ਮ੍ਰਿਗੇਸ਼' ਨਾ ਏਕ ਛਿਨ
ਹਿਐ ਟਰੋਂ ਹਰਿ ਰਾਮ।"

ਜਿਸਨੂੰ ਧਾਰਮਿਕ ਅਕੀਦੇ ਵਾਲੇ ਲੋਕ ਪਰਮ ਸੱਤਾ ਜਾਂ ਅਕਾਲ ਪੁਰਖ ਆਖਦੇ ਹਨ ਉਸ ਦੀ ਵਿਆਖਿਆ ਉਹ ਇਸ ਕਬਿੱਤ ਵਿਚ ਇਉਂ ਕਰਦੇ ਹਨ-

ਰੂਪ ਰੰਗ ਰੇਖ ਭੇਖ ਦੱਸਦੇ ਅਕਾਲ ਦਾ ਨਾ,
ਤਾਤ ਮਾਤ ਜਾਤ ਪਾਤ ਕੋਈ ਵੀ ਬਤਾਵੇ ਨਾ।
ਅੰਗ ਰੰਗ ਬਿਨਾਂ ਨਰ ਨਾਰ ਦਾ ਸਰੂਪ ਨਾ ਹੀ,
ਬੇਦ ਤੇ ਕਤੇਬ ਉਹਦੀ ਦੱਸ ਕਿਤੇ ਪਾਵੇ ਨਾ।
ਸਦਾ ਨਿਰਭਉ ਨਿਰਵੈਰ ਜੰਮੇ ਮਰੇ ਨਾਹੀਂ,
ਮਾਨਸ ਸਰੂਪ ਧਾਰ ਜੱਗ ਉੱਤੇ ਆਵੇ ਨਾ।

Sri Satguru Jagjit Singh Ji eLibrary NamdhariElibrary@gmail.com

ਕਹਿ 'ਮ੍ਰਿਗੇਸ਼' ਕਵਿ ਇਕ ਓਅੰਕਾਰ ਬਿਨਾਂ,
ਸੁਰਤੀ ਧਿਆਨ ਛੱਡੋ ਇਕ ਪਲ ਜਾਵੇ ਨਾ।

ਸਤਿਗੁਰੂ ਰਾਮ ਸਿੰਘ ਜੀ ਦੇ ਅਦੁੱਤੀ ਜੀਵਨ ਚਰਿਤਰ ਨਾਲ ਸਬੰਧਤ ਸਾਖੀਆਂ ਦਾ ਬਖਾਨ, ਕਵੀ ਧਾਰਾ ਪ੍ਰਵਾਹ ਸ਼ੈਲੀ ਵਿਚ ਡੂੰਘੀ ਸ਼ਰਧਾ ਨਾਲ ਕਰਦਾ ਹੈ। ਪੱਧਰੀ ਪਿੰਡ ਦੀ ਮਾਈ ਸਾਹਿਬੋ ਨੂੰ ਉਸਦੇ ਬੱਚੇ ਸਮੇਤ ਬਲਦੀ ਚਿਖਾ ਵਿਚ ਬਿਨਾ ਕੇ ਬਾਹਰ ਕੱਢਣਾ, ਵਰਿਆਹ ਪਿੰਡ ਦੇ ਨੈਣਾ ਸਿੰਘ ਦਾ ਕੁਹਾੜਾ ਮਾਰ ਕੇ ਪੈਰ ਪਾੜਨਾ ਤੇ ਫਿਰ ਰਾਜ਼ੀ ਕਰਨਾ, ਰੁੜਕੇ ਪਿੰਡ ਦੇ ਦੋ ਭਰਾਵਾਂ ਉੱਤਮ ਸਿੰਘ, ਚਤੁਰ ਸਿੰਘ ਦਾ ਆਟਾ ਗੁੰਨ੍ਹਦਿਆਂ ਹੀ ਹੀਰਾ ਸਿੰਘ ਲਹਿਣਾ ਸਿੰਘ ਹੋਰਾਂ ਦੇ ਮਲੇਰਕੋਟਲੇ ਦੇ ਹਮਲੇ ਵਾਲੇ ਸ਼ਹੀਦੀ ਜਥੇ ਵਿਚ ਬੜੀ ਤੀਬਰਤਾ ਨਾਲ ਸ਼ਾਮਲ ਹੋਣਾ ਅਤੇ ਆਪਾ ਕੁਰਬਾਨ ਕਰਨਾ ਆਦਿਕ –

ਭੈਣੀ ਗਾਈਆਂ ਰਾਮ ਮ੍ਰਿਗੇਸ਼ ਪ੍ਰਕਾਸ਼ ਕਰ,
'ਸੌਦਾ' ਘਰ ਸੌਦਾ ਲੈ ਕੇ ਆਇਆ ਕਰਤਾਰ ਦਾ।
ਅਠਾਰਾਂ ਸੈ ਬਹੱਤਰੇ ਦੀ ਮਾਘ ਸੁਦੀ ਪੰਚਮੀ ਨੂੰ,
"ਜੱਸਾ ਸਿੰਘ" ਜੀ ਦਾ ਜੱਸ ਜੱਗ 'ਚ ਖਿਲਾਰਦਾ।
ਚੰਦ ਅਤੇ ਚੰਦਨੋਂ ਵੀ ਠੰਡਾ ਰੁੱਤ ਸੀਤ ਨਾਲੋਂ,
ਬਾਵਨ ਦੇ ਵਾਂਗ ਬਨ ਸਗਲਾ ਮਹਿਕਾਰਦਾ
ਪਸ਼ੂ ਤੇ ਪਰੇਤ ਕੀਤੇ ਦੇਵ ਮ੍ਰਿਗੇਸ਼ ਕਵਿ,
ਕੀਤਾ ਜੀ ਦੀਦਾਰ ਜਿਸ ਚੀਨੀ ਅਸਵਾਰ ਦਾ।

... ...

ਚਿਖਾ ਵਿਚ ਰੱਖ 'ਸਾਹਿਬੋ' ਕੁੰਦਨ ਬਣਾਇ ਦਿੱਤੀ,
ਖਾਇਕੇ ਕੁਹਾੜਾ ਨੈਣਾ ਸਿੰਘ ਸਤਿਕਾਰ ਦਾ।
ਕੜੀਆਂ ਵਿਚੋਂ ਤੋਪ ਦੇ ਕਮਾਲ ਫਿਰੀ ਖੇਡ ਤੇਰੀ,
ਹੀਰਿਆਂ ਤੋਂ ਮਹਿੰਗਾ ਤਨ ਹੀਰਾ ਸਿੰਘ ਵਾਰਦਾ।
"ਉੱਤਮਾ" "ਚਤੁਰ ਸਿੰਘ" ਸੁਣਕੇ ਆਵਾਜ਼ ਭੱਜੇ,
ਲਿੱਬੜੇ ਨਾ ਹੱਥ ਧੋਤੇ ਵੇਲਾ ਲੁਟ ਪਾਰ ਦਾ।

ਮ੍ਰਿਗੇਸ਼ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਜੋਗ ਵਿਚ ਸਤਵਾਰੇ, ਬਾਰਾਂ ਮਾਹ ਅਤੇ ਕਵਿਤਾਵਾਂ, ਭਾਈ ਮੀਹਾਂ ਸਿੰਘ ਸਿਰਹਾਲੀ ਦਾ ਬਰਮਾ ਅਤੇ ਮਰਗੋਈ ਟਾਪੂ ਵਿਚ ਗੁਰੂ ਦਰਸ਼ਨਾਂ ਲਈ ਜਾਣ ਦਾ ਪ੍ਰਸੰਗ, ਸਾਕਾ ਚਮਕੌਰ, ਬੱਬਰ ਬਾਹਨ ਦਾ ਪ੍ਰਸੰਗ, ਤਪੋ ਦਾ ਪ੍ਰਸੰਗ, ਸਾਕਾ ਮਲੇਰਕੋਟਲਾ ਅਤੇ ਹੋਰ ਆਦਿ ਬਹੁਤ ਸਾਰੀਆਂ ਰਚਨਾਵਾਂ ਰਚੀਆਂ ਹਨ। ਆਪਣੇ ਆਲੇ ਦੁਆਲੇ ਦੇ ਸਮਾਜਿਕ ਧਾਰਮਿਕ ਕੱਟੜਤਾ ਦੇ ਮਾਹੌਲ ਵਿਰੁੱਧ ਵੀ ਉਹਨਾਂ ਬੜੀ ਸਾਰਥਕ ਕਾਵਿ ਰਚਨਾ ਕੀਤੀ ਹੈ।

ਨਾਮਧਾਰੀ ਜੀਵਨ ਜਾਚ ਨੂੰ ਸੇਧਿਤ ਇਕ ਰਹਿਤਨਾਮਾ ਸਮੂਹ ਨਾਮਧਾਰੀ ਸੰਗਤ ਲਈ ਭੈਣੀ ਸਾਹਿਬ ਤੋਂ ਗੁਰੂ ਰਾਮ ਸਿੰਘ ਜੀ ਨੇ ਜਾਰੀ ਕੀਤਾ। ਫਿਰ ਰੰਗੂਨ ਤੋਂ ਆਏ ਹੁਕਮਨਾਮਿਆਂ ਵਿਚ ਵੀ ਸਿੱਖਿਆ ਪ੍ਰਥਾਇ ਬਹੁਤ ਸਾਰੇ ਨੀਤੀ ਬਚਨ ਇਥੇ ਮਿਲਦੇ ਹਨ। ਮ੍ਰਿਗੇਸ਼ ਜੀ ਇਸ ਰਹਿਤਨਾਮੇ ਨੂੰ ਠੇਠ ਪੰਜਾਬੀ ਕਬਿੱਤ ਵਿਚ ਇਉਂ ਰੂਪਾਂਤਰਿਤ ਕਰਦੇ ਹਨ-

ਘੱਲਿਆ ਰੰਗੂਨ ਵਿਚੋਂ ਲਿਖਕੇ ਹੁਕਮ ਨਾਮਾ,
ਸਤਿਗੁਰੂ ਰਾਮ ਸਿੰਘ ਮੁੱਖ ਤੋਂ ਉਚਾਰ ਕੇ।

Sri Satguru Jagjit Singh Ji eLibrary NamdhariElibrary@gmail.com

ਖਾਣੀ ਨਹੀਂ ਬਗਾਨੀ ਅੰਸ ਭੁੱਲ ਕੇ ਵੀ ਖਾਲਸਾ ਜੀ,
ਠੱਗੀ, ਚੋਰੀ, ਜੋਰੀ, ਡਿੱਗੀ ਦਿਲ ਤੋਂ ਉਤਾਰ ਕੇ।
ਗਊ ਸੂਰ ਤੁੱਲ ਗੁਰਾਂ ਕਿਹਾ ਸੀ ਬੇਗਾਨਾ ਹੱਕ,
ਆਦਿ ਗੁਰਦੇਵ ਜੀ ਨੇ ਲਿਖਿਆ ਸੁਧਾਰ ਕੇ।
ਖੋਹ ਤੇ ਪਰੋਹ ਹੱਕ ਕਿਸੇ ਦਾ ਨਹੀਂ ਖਾਵਣਾ ਜੇ,
ਇਹ ਵੱਡੀ ਸੱਧ ਲੈਣ ਮੈਲ ਨੂੰ ਉਤਾਰ ਕੇ ॥੧॥

....

ਸਵਾ ਪਹਿਰ ਉਠਕੇ ਮਦਾਨ ਜਾ ਸਨਾਨ ਕਰ,
ਬੈਠ ਕੇ ਇਕਾਂਤ ਮਨ ਨਾਮ ਨਾਲ ਜੋੜਨਾ।
ਦਿਨੇ ਗੁਰਬਾਣੀ ਨਿਤ ਨੇਮ ਪੜ੍ਹੋ ਖਾਲਸਾ ਜੀ,
ਆਲਸ ਤਿਆਗ ਮੋਹ ਨੀਂਦ ਵਲੋਂ ਤੋੜਨਾ।
ਬਾਣੀ ਕਰੋ ਕੰਠ ਨਹੀਂ ਸੌਣਾ ਰਾਤ ਪਿਛਲੀ ਜੇ,
ਲਾਵਣਾ ਦੀਵਾਨ ਪਾਠ ਗ੍ਰੰਥ ਨਹੀਂ ਛੋੜਨਾ।
ਲੀੜਾ ਜੋੜਾ ਨੰਗੇ ਤਾਈਂ ਹੋਵੇ ਭਾਵੇਂ ਰੋਖ ਕੋਈ,
ਰੋਟੀ ਵੱਲੋਂ ਘਰ ਆਇਆ ਭੁੱਚੜ ਨਾ ਮੋੜਨਾ ॥੩॥
ਮਾਸ ਤੇ ਸ਼ਰਾਬ ਵੱਟਾ ਸਾਕ ਸੂਦ ਤਿਆਗ ਕਰੋ,
ਜਾਨਣੀ ਪਰਾਈ ਧੀ ਭੈਣ ਤੁਸਾਂ ਆਪ ਦੀ।
ਕਰਨਾ ਨਹੀਂ ਖੋਸੀ ਬੋਲ, ਫੈਸਲੇ ਪੰਚੈਤੀ ਕਰੋ,
ਕਰਨੀ ਗਰੀਬਾਂ ਉੱਤੇ ਦਇਆ ਚੰਗੀ ਜਾਪਦੀ।
ਥੁੜ ਕੇ ਵੀ ਪੁੰਨ ਦਾਨ ਕਰੇ ਜੋ ਗਰੀਬ ਤਾਈਂ,
ਸਦਾ ਖੁਸ਼ਹਾਲ ਪੀੜਾ ਮਿਟੇ ਤਿੰਨ ਤਾਪ ਦੀ।
ਆਇਆ ਸਮਾਂ ਮਿਟਦਾ ਨਹੀਂ ਕਿਹਾ "ਮ੍ਰਿਗੇਸ਼"
ਰਾਮ ਨਾਮ ਸੱਚੀ ਅਉਖਧੀ ਇਹ ਕੱਟ ਨੀਂਹ ਪਾਪ ਦੀ ॥੪॥
ਚੋਰੀ ਯਾਰੀ ਕਿਸੇ ਦਾ ਛਿਪਾਉਣਾ ਨਹੀਂ ਕਰਮ ਮੰਦਾ,
ਫੜਕੇ ਦੀਵਾਨ ਵਿਚੋਂ ਕੱਢ ਦੇਣਾ ਬਾਹਰ ਜੇ।
ਹੋਵੇ ਜ਼ੋਰਾਵਰ ਅਰਦਾਸ ਕਰੋ ਗੁਰੂ ਅੱਗੇ,
ਫੇਰ ਆਉਣ ਜੋਗਾ ਨਾ ਇਹ ਰਹੇ ਹੁਸ਼ਿਆਰ ਜੇ।
ਆਪਣੀ ਭਲਾਈ ਦੀ ਨਹੀਂ ਕਰਨੀ ਵਡਾਈ ਕਦੇ,
ਸ਼ਾਂਤੀ ਨਾਲ ਸਦਾ ਤੁਸਾਂ ਰੱਖਣਾ ਪਿਆਰ ਜੇ।
ਨਾਮ ਤੇ ਸ਼ਨਾਨ ਸੱਚ ਧਰਮ 'ਚ ਧਿਆਨ ਜੋੜ,
ਬੋਲ ਤੇ ਕਬੋਲ ਸਹਿਣਾ ਖਿਮਾਂ ਇਹ ਸ਼ਿੰਗਾਰ ਜੇ ॥੫॥

ਅੰਮ੍ਰਿਤਸਰ ਸ਼ਹਿਰ ਦਾ ਲਾਭ ਸਿੰਘ ਸੂਰਮਾ ਸਤਿਗੁਰੂ ਰਾਮ ਸਿੰਘ ਜੀ ਦੇ ਸੰਤ ਖਾਲਸਾ ਸਾਜਣ ਦੀ ਸੋ ਸੁਣ ਭੈਣੀ ਸਾਹਿਬ ਪੁੱਜਾ। ਸਤਿਗੁਰੂ ਜੀ ਨੇ ਹਜਰੋ ਸ਼ਹਿਰ ਜ਼ਿਲ੍ਹਾ ਕੈਂਬਲਪੁਰ (ਅਟਕ ਪੁਰਾਣਾ ਨਾਂ) ਵਿਚ ਗੁਰੂ ਬਾਲਕ ਸਿੰਘ ਜੀ ਪਾਸ ਪੁੱਜਣ ਲਈ ਕਿਹਾ ਕਿ ਉਹੋ ਨਾਮ ਦਾਤ ਦੇਣਗੇ। ਗੁਰੂ ਬਾਲਕ ਸਿੰਘ ਜੀ ਨੇ ਅੱਖੋਂ ਮੁਨਾਖੇ ਪਰ ਅੰਦਰੋਂ

Sri Satguru Jagjit Singh Ji eLibrary NamdhariElibrary@gmail.com

ਜਾਗਦੇ ਲਾਭ ਸਿੰਘ ਨੂੰ ਕਿਹਾ, "ਭਾਈ ਇਹ ਦਾਤ ਤਾਂ ਹੁਣ ਠਾਕੁਰ ਜੀ (ਸਤਿਗੁਰੂ ਰਾਮ ਸਿੰਘ) ਹੀ ਤੁਹਾਨੂੰ ਵੰਡਣਗੇ। ਅਸਾਂ ਉਹਨਾਂ ਦੀ ਵਸਤ ਉਹਨਾਂ ਨੂੰ ਵਾਪਸ ਕਰ ਦਿੱਤੀ ਹੈ। ਸਿਦਕੀ ਸਿੱਖ ਆਤਮ ਮਾਰਗ ਦਾ ਅਭਿਲਾਖੀ ਡੋਲਿਆ ਨਹੀਂ। ਉਹ ਕਿਵੇਂ ਫਿਰ ਬਿਖੜੇ ਪੈਂਡੇ ਜਲ ਥਲ ਪਾਰ ਕਰਦਾ ਭੈਣੀ ਸਾਹਿਬ ਵਲ ਚਲਦਾ ਹੈ। ਮ੍ਰਿਗੇਸ਼ ਜੀ ਦੀ ਗਿਆਨ ਸ਼ਕਤੀ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ-

ਮਨ ਦੇ ਤਰੰਗ ਵਿਚ ਖਿਚਿਆ ਮਲੰਗ ਭਾਈ,
ਪਠਿਹਾਰ ਦੇਸ ਵਿਚੋਂ ਚੱਲਿਆ ਪੁਆਧ ਨੂੰ।
ਨਾਮ ਦਾ ਪਿਆਸਾ ਮਰਦਾਨੇ ਦੀ ਪਿਆਸ ਵਾਂਗ,
ਸ਼ਾਂਤਿ ਸੋਮਾ ਢੂੰਡ ਰਿਹਾ ਛੱਡ ਕੇ ਉਪਾਧ ਨੂੰ।
ਕੱਸ ਕੇ ਕਮਰ ਦਿਨ ਰਾਤ ਕਰ ਇੱਕ ਦਿੱਤੀ,
ਕੋਟਾਂ ਵਿਚੋਂ ਕੋਈ ਮਨ ਸਾਧਦਾ ਅਸਾਧ ਨੂੰ।
"ਰਾਮਦਾਸ ਪੁਰ" ਮ੍ਰਿਗੇਸ਼ ਕਵਿ ਆਇ ਡਿੱਠਾ,
ਰਾਜ ਵੈਦ ਬੈਠਾ ਜਿੱਥੇ ਕੱਟਦਾ ਬਿਆਧ ਨੂੰ।

ਸਤਿਗੁਰੂ ਰਾਮ ਸਿੰਘ ਜੀ ਦੇ ਬ੍ਰਹਿਮੰਡੀ ਜੀਵਨ ਚਰਿੱਤਰ ਨੇ, ਵਿਸ਼ਵ ਇਤਿਹਾਸ ਵਿਚ ਬੇਸ਼ਕ ਇਸਦੀ ਚਰਚਾ ਹੋ ਜ਼ਰੂਰ ਰਹੀ ਹੈ, ਪਰ ਆਪਣਾ ਬਣਦਾ ਸਥਾਨ ਹਾਲੇ ਹਾਸਲ ਕਰਨਾ ਹੈ। ਸਿੱਖੀ ਦਾ ਕੇਂਦਰ ਬਿੰਦੂ ਹੀ ਸੂਫ਼ੀ ਸਾਧਕਾਂ ਦੇ ਪੀਰ-ਓ-ਮੁਰਸ਼ਦ ਅਤੇ ਉਸਦੇ ਮੁਰੀਦਾਂ ਵਿਚਕਾਰ ਜਿਉਂ ਗੁਰੂ ਸਿੱਖ ਦਾ ਰਿਸ਼ਤਾ ਹੈ। ਮ੍ਰਿਗੇਸ਼ ਇਸ ਰਿਸ਼ਤੇ ਨੂੰ ਸੁਦ੍ਰਿੜ੍ਹ ਕਰਨ ਲਈ ਆਪਣੀ ਤਕਰੀਬਨ ਹਰ ਰਚਨਾ ਵਿੱਚ ਆਪਣੀਆਂ ਸੀਮਾਵਾਂ ਨਿਰਧਾਰਿਤ ਕਰਦਾ ਹੋਇਆ ਵਾਰ-ਵਾਰ ਗੁਰੂ ਦੁਆਰੇ ਤੇ ਇਉਂ ਜੋਦੜੀਆਂ ਕਰਦਾ ਹੈ-

ਦੀਨ, ਮਸਕੀਨ, ਗੁਣਹੀਨ ਮੈਂ ਅਧੀਨ ਕਾਮ,
ਤਪਹੀਣ, ਜਪਹੀਣ, ਨੀਚ ਪਛੜਾ ਰਿਹਾ।
ਕਰਮਹੀਣ, ਧਰਮਹੀਣ, ਬੁੱਧਹੀਣ, ਸੁੱਧਹੀਣ,
ਮਨ ਦੇ ਅਧੀਨ, ਤੇਰੇ ਦਰ ਖ਼ਾਲੀ ਜਾ ਰਿਹਾ।
ਗਿਆਨਹੀਣ, ਧਿਆਨਹੀਣ, ਗੁਨਾਹਗਾਰ ਜ਼ਰਨਹੀਣ
ਕਰ ਪਰਪੰਚ ਮਨ ਮੂਰਖ ਫੂਲਾ ਰਿਹਾ।
ਸਿਦਕ ਭਰੋਸਾ ਦੇਵੀਂ ਨਾਮ ਵਾਲਾ ਤੋਸਾ ਦੇਵੀਂ,
ਗੁਰੂ ਰਾਮ ਸਿੰਘ ਮੈਂ ਦੁਆਰੇ ਤੇਰੇ ਆ ਰਿਹਾ।

ਪੰਜਾਬ 'ਤੇ ਆਪਣਾ ਕਬਜ਼ਾ ਕਰਨ ਬਾਅਦ ਅੰਗਰੇਜ਼ ਸਰਕਾਰ ਨੇ ਵਸੋਂ ਨੂੰ ਫ਼ਿਰਕੂ ਆਧਾਰ 'ਤੇ ਵੰਡਣ ਲਈ ਸ਼ਹਿਰਾਂ, ਕਸਬਿਆਂ ਵਿੱਚ ਗਊ ਬੱਧ ਦੀ ਖੁੱਲ੍ਹੀ ਆਗਿਆ ਦੇ ਦਿੱਤੀ। ਇਸ ਗੱਲ ਨੂੰ ਮੁਸਲਮਾਨਾਂ ਦੇ ਨਿੱਜੀ ਜੀਵਨ ਵਿਚ ਦਖ਼ਲਅੰਦਾਜ਼ੀ ਹਟਾਉਣ ਦਾ ਨਾਂ ਦਿੱਤਾ ਗਿਆ। ਪਿਛਲੀ ਪੌਣੀ ਸਦੀ ਤੋਂ ਪੰਜਾਬ ਦੇ ਮੁਸਲਮਾਨ ਗਊ ਮਾਸ ਖਾਣਾ ਛੱਡ ਬੈਠੇ ਸਨ। ਅੰਗਰੇਜ਼ਾਂ ਦੀ ਇਸ ਚਲਾਕੀ ਤੋਂ ਤਣਾਅ ਵਧਿਆ। ਨਾਮਧਾਰੀ ਸਿੰਘਾਂ ਨੇ ਸਰਕਾਰ ਦੀ ਬੁਰੀ ਦਲੀਲ ਨੂੰ ਭਾਂਪਦਿਆਂ ਬੁੱਚੜਖਾਨਿਆਂ ਤੇ ਹੱਲੇ ਬੋਲਕੇ ਉਸਦੀ ਕੂਟਨੀਤੀ ਨੂੰ ਵੰਗਾਰਿਆ। ਅੰਮ੍ਰਿਤਸਰ, ਰਾਇਕੋਟ, ਲੁਧਿਆਣੇ ਵਿਖੇ ਅਨੇਕ ਸਿੰਘ ਫਾਂਸੀ ਲਾ ਕੇ ਇਸੇ ਕਾਰਨ ਸ਼ਹੀਦ ਕੀਤੇ ਗਏ। ਸੂਬਾ ਗਿਆਨੀ ਸਿੰਘ ਬੇਦੋਸ਼ ਹੀ ਰਾਇਕੋਟ ਕਾਂਡ ਦੀ ਜੱਦ ਵਿਚ ਲਿਆ ਕੇ ਲੁਧਿਆਣੇ ਫਾਹੇ ਟੰਗ ਦਿੱਤਾ। ਇਸਦੇ ਪ੍ਰਤੀਕਰਮ ਅਤੇ ਨਾਮਧਾਰੀਆਂ ਉੱਪਰ ਸਰਕਾਰ ਵੱਲੋਂ ਰੋਜ਼ ਰੋਜ਼ ਦੀਆਂ ਪਾਬੰਦੀਆਂ ਤੋਂ ਅੱਕ ਕੇ ਭਾਈ ਹੀਰਾ ਸਿੰਘ, ਲਹਿਣਾ ਸਿੰਘ ਨੇ ਸ਼ਹੀਦੀ ਜਥੇ ਦੀ ਸਿਰਜਣਾ ਕੀਤੀ। ਮਲੌਦ, ਮਲੇਰਕੋਟਲੇ ਹਮਲੇ ਹੋਏ। ਸਿੰਘ ਤੋਪਾਂ ਨਾਲ ਉਡਾ ਦਿੱਤੇ ਗਏ। ਇਸ ਮਲੇਰਕੋਟਲੇ ਦੇ

Sri Satguru Jagjit Singh Ji eLibrary NamdhariElibrary@gmail.com

ਸਾਕੇ ਨੂੰ ਵੀ ਕਵੀ ਜੀ ਨੇ ਸਫਲਤਾ ਪੂਰਵਕ ਆਪਣੀ ਰਚਨਾ ਵਿਚ ਕਾਨੀਬੰਦ ਕੀਤਾ ਹੈ। ਬੇਸ਼ਕ ਸਾਕਾ ਮਲੇਰਕੋਟਲਾ ਹੋਰ ਕਵੀਆਂ ਨੇ ਵੀ ਲਿਖੇ ਹਨ, ਪਰ ਇਹ ਇਕ ਵਿਸਤ੍ਰਿਤ ਰਚਨਾ ਹੈ। ਇਸ ਵਿਚ ਬਿਸ਼ਨ ਸਿੰਘ ਹਿਸਟੋਰੀਅਨ ਅਤੇ ਉਸਦੇ ਪਿਤਾ ਗਿਆਨੀ ਕਾਲਾ ਸਿੰਘ ਨੌਰੰਗਾਬਾਦ ਵਾਲਿਆਂ ਦੀ ਰਚਨਾ ਨੂੰ ਆਧਾਰ ਬਣਾ ਕੇ ਸ਼ਹੀਦ ਹੋਣ ਵਾਲੇ ਵੱਖ-ਵੱਖ ਸਿੱਖਾਂ ਦੇ ਨਾਮ ਗ੍ਰਾਮ, ਜਾਤ ਗੋਤ ਆਦਿ ਦਾ ਵਰਣਨ ਕੀਤਾ ਹੈ। ਕਈ ਉਹ ਹਵਾਲੇ ਵੀ ਹਨ ਜੋ ਹੋਰ ਇਤਿਹਾਸਾਂ ਵਿਚ ਨਹੀਂ ਮਿਲਦੇ। ਕੋਟਲੇ ਵਿਚ ਜੰਗ ਦਾ ਮਾਹੌਲ ਇਉਂ ਸਿਰਜਿਆ ਹੈ, ਪਉੜੀ ਛੰਦ ਦੀ ਵਰਤੋਂ ਕਰਕੇ-

ਚੜ੍ਹ ਪੈ ਸਿੰਘ ਸ਼ਹੀਦ ਹੋਣ, ਲਾ ਚੋਟ ਨਗਾਰੇ
ਇਕ ਤੋਂ ਇਕ ਚੜ੍ਹੰਦੜੇ, ਮਾਰਨ ਲਲਕਾਰੇ
ਔਲੀ ਅਤੇ ਅਕਾਲ ਦੇ, ਦੋ ਤਰਫੀ ਨਾਅਰੇ
ਧੂਹ ਮਿਆਨੋਂ ਜਾ ਵੜੇ ਵਿਚ ਲਸ਼ਕਰ ਭਾਰੇ
ਡਿੰਗਣ ਵਾਂਗ ਮੁਨਾਰਿਆਂ, ਬੁੱਚੜ ਹਤਿਆਰੇ
ਚੜ੍ਹਿਆ ਜੋਸ਼ ਬਹਾਦਰਾਂ, ਹੱਥ ਸਾਂਗਾਂ ਫੜੀਆਂ
ਸ਼ੌਕ ਸ਼ਿਕਾਰ ਦਾ ਸੂਰਿਆਂ, ਦਿਲ ਰੀਝਾਂ ਬੜੀਆਂ।

... ...

ਗੁੱਸਾ ਆਇਆ ਜੋਧਿਆਂ, ਹੱਥ ਘੱਤ ਮਿਆਨੇ,
ਧੂਹ ਭਗੌਤੇ ਚੁੱਟ ਪਏ, ਸਿੰਘ ਸੂਰ ਮੈਦਾਨੇ।

ਡੀ.ਸੀ. ਕਾਵਨ ਦੀ ਦਾੜ੍ਹੀ ਨਾਲ ਲਟਕਣ ਵਾਲੇ ਬਾਰਾਂ ਵਰ੍ਹਿਆਂ ਦੇ ਕੂਕੇ ਬਿਸ਼ਨ ਸਿੰਘ ਨੂੰ ਨਾਭਾ ਰਿਆਸਤ ਦੇ ਸਿਪਾਹੀ ਹੀਰਾ ਨੰਦ ਨੇ ਪਹਿਲਾਂ ਬਾਹਾਂ ਫਿਰ ਗਰਦਨ ਕੱਟ ਕੇ ਸ਼ਹੀਦ ਕੀਤਾ। ਕਵੀ ਉਸ ਦੀ ਤੁਲਨਾ ੧੮ਵੀਂ ਸਦੀ ਦੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਏ ਨਾਲ ਕਰਦਾ ਹੋਇਆ ਲਿਖਦਾ ਹੈ-

ਰਾਮਗੜ੍ਹੀਆਂ ਦੇ ਘਰ ਜੱਸਾ ਸਿੰਘ ਫੇਰ ਆਇਆ,
ਰੱਖਿਆ ਬਿਸ਼ਨ ਸਿੰਘ ਨਾਮ ਫਰਜ਼ੰਦ ਦਾ।
ਪਿਤਾ ਸੀ ਹਜ਼ੂਰ ਸਿੰਘ ਮਾਤਾ ਰਾਇ ਕੌਰ ਘਰ,
ਰੜ੍ਹ ਪਿੰਡ ਵਿੱਚ ਆ ਔਤਾਰ ਹੋਇਆ ਚੰਦ ਦਾ।
ਬਾਰਾਂ ਸਾਲ ਆਯੂ ਵਿੱਚ ਕੋਟਲੇ ਸ਼ਹੀਦ ਹੋਇਆ,
ਮਿਲਿਆ ਸ਼ਹੀਦ ਤਾਈਂ ਦਰਜਾ ਬੁਲੰਦ ਦਾ।
ਹੀਰਾ ਨੰਦ ਬਾਹਮਣ ਸਿਪਾਹੀ ਬਾਹਵਾਂ ਵੱਢੀਆਂ ਸੀ,
ਲਿਖ ਮ੍ਰਿਗੇਸ਼ ਕਵੀ, ਨਾਮ ਉਸ ਗੰਦ ਦਾ।

ਕਵੀ ਜੀ ਗੁਰੂ ਰਾਮ ਸਿੰਘ ਦੇ ਸਿੱਖਾਂ ਦੀ ਬੇਜੋੜ ਸ਼ਹੀਦੀ ਦੇ ਇਸ ਸਾਕੇ ਨੂੰ ਦੁਨੀਆਂ ਭਰ ਦੀਆਂ ਮਹਾਨ ਸ਼ਖਸੀਅਤਾਂ ਦੀ ਕੁਰਬਾਨੀ ਦੇ ਨਾਲ ਰੱਖ ਕੇ ਹੀ ਵੇਖਦੇ ਹਨ-

ਸ਼ਾਹ ਮਨਸੂਰ ਚੜ੍ਹਿਆ ਇਕ ਸੂਲੀ,
ਉਹਨੂੰ ਸ਼ਾਬਾਸ਼ ਕਿਹਾ ਲੁਕਾਈ।
ਸ਼ੰਮਸ ਖੱਲ ਲੁਹਾਵਣ ਜਾਂਦੇ,
ਕਈ ਡਿੱਠੇ ਚਾਈਂ ਚਾਈਂ।
ਰਾਮ ਮ੍ਰਿਗੇਸ਼ ਗੁਰਾਂ ਦੇ ਸੇਵਕ,
ਜਿਨ੍ਹਾਂ ਸਿਰ ਸਿਰ ਬਾਜੀ ਲਾਈ।

Sri Satguru Jagjit Singh Ji eLibrary NamdhariElibrary@gmail.com

ਕਰਨ ਮਜ਼ਾਖਾਂ ਤੋਪਾਂ ਨੂੰ,
ਗਲ ਹੱਸ ਹੱਸ ਫਾਂਸੀ ਪਾਈ।

ਇਸੇ ਸਾਕੇ ਦਾ ਬਹਾਨਾ ਬਣਾ ਕੇ ੧੯ ਜਨਵਰੀ ੧੮੭੨ ਈ. ਨੂੰ ਗੋਰੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਲਈ ਭੈਣੀ ਸਾਹਿਬ ਤੋਂ ਸੱਦ ਘੱਲਿਆ। ਨਾਮਧਾਰੀਆਂ ਲਈ ਇਹ ਦੂਜਾ ਰਾਮ ਬਨਵਾਸ ਹੋ ਨਿਬੜਿਆ। ਉਹਨਾਂ ਦਾ ਕਰੁਣ ਕਰੰਦਨ ਅਤੇ ਵਿਜੋਗੀ ਦਸ਼ਾ ਦਾ ਵਰਣਨ, ਬਿਰਹਾ ਰੰਗ ਵਿਚ ਰੰਗੀਜ ਕੇ ਮ੍ਰਿਗੇਸ਼ ਜੀ ਇਉਂ ਕਰਦੇ ਹਨ-

ਉਨੀ ਸੌ ਅਠਾਈ ਬਿਕਰਮੀ ਦਾ,
ਸੱਤ ਮਾਘ ਹੋ ਗੱਡ ਅਸਵਾਰ ਚੱਲੇ।
ਮੇਰੇ ਲਿਖਦਿਆਂ ਰੂਹ ਨੂੰ ਧਰੂਹ ਪੈਂਦੀ,
ਸੰਗਤ ਗੁਰੂ ਜੀ ਅੱਜ ਵਿਸਾਰ ਚੱਲੇ।
ਛੱਡੇ ਰੂਹ ਨੂੰ ਥੰਮ੍ਹੀਆਂ ਕੌਣ ਦੇਸੀ,
ਆਪ ਗਏ ਤੇ ਅਸਾਂ ਨੂੰ ਮਾਰ ਚੱਲੇ।

... ...

ਨਹੀਂ ਦੱਸਿਆ ਪਤਾ ਨਿਸ਼ਾਨ ਕੋਈ,
ਖ਼ਬਰੇ ਕਿਹੜੀ ਤਰਫ਼ ਦਿਲਦਾਰ ਚੱਲੇ।
ਕੀਹਦੇ ਪਾਸ ਮੈਂ ਕਰਾਂ ਫ਼ਰਿਆਦ ਜਾ ਕੇ,
ਬਹੁੜੀ ਪੰਥ ਨਾ ਜਾਂਵਦੀ ਮਾਰ ਚੱਲੇ।
ਸਿਰ ਦੇਸ ਗੱਦਾਰਾਂ ਦੇ ਭੰਨ ਭਾਂਡਾ,
ਸਤਿਗੁਰੂ ਲੰਘ ਸਮੁੰਦਰੋਂ ਪਾਰ ਚੱਲੇ।

ਤ੍ਰਿਓਦ ਛੰਦ ਵਿਚ ਵੀ ਕਵੀ ਜੀ ਇਸੇ ਗੁਰੂ ਵਿਛੋੜੇ ਨੂੰ ਇਉਂ ਗਾਉਂਦੇ ਹਨ-

ਮਾਹੀ ਨਜ਼ਰੋਂ ਉਹਲੇ ਹੋ ਗਿਆ,
ਮੇਰੀ ਜਿੰਦ ਦਰਦਾਂ ਨੇ ਮੱਲੀ,
ਬਿਰਹੋਂ ਛੱਲੀ।
ਨੈਣਾਂ ਦੇ ਵਿਚ ਨੈਣ ਮਿਲਾ ਕੇ,
ਪਾ ਦਿਲ ਵਿਚ ਤਰਥੱਲੀ,
ਕਰ ਗਿਆ ਝੱਲੀ।
ਜੋਗਣ ਬਣ ਲੈ ਹੱਥ ਵਿਚ ਕਾਸਾ,
ਮੈਂ ਮਾਹੀ ਢੂੰਡਣ ਚੱਲੀ,
ਅਉਝੜ ਮੱਲੀ।
ਕਵਿ ਮ੍ਰਿਗੇਸ਼ ਕਲੇਸ਼ ਪੀਆ,
ਮੈਨੂੰ ਦੇਵੇ ਕੌਣ ਤਸੱਲੀ।
ਸ਼ਹੁ ਬਿਨ ਕੱਲੀ।

ਭਾਈ ਮੀਹਾਂ ਸਿੰਘ ਸਿਰਹਾਲੀ (ਪੰਜਾਬ) ਤੋਂ ਲੰਮੇ ਪੈਂਡੇ ਝਾਗ ਕੇ, ਭੁੱਖ-ਦੁੱਖ ਝੱਲ ਕੇ, ਗੁਰੂ ਦਰਸ਼ਨਾਂ ਹਿਤ, ਬੰਦੂਕਾਂ ਦੇ ਪਹਿਰੇ ਹੇਠ ਕਿਵੇਂ ਗੁਰੂ ਦਰਸ਼ਨ ਕਰਦਾ ਹੈ-

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ ਸ੍ਰੀ ਭੈਣੀ ਸਾਹਿਬ

ਵਿਚ ਮਰਗੀਦੀ ਚਮਕ ਸ਼ਮ੍ਹਾ ਦੀ,
ਤੱਕੀ ਇਕ ਪਰਵਾਨੇ,
ਹੋ ਮਸਤਾਨੇ।
ਸੀਸ ਤਲੀ ਰੱਖ ਟੁਰ ਗਿਆ ਆਸ਼ਕ,
ਲੰਘ ਗਿਆ ਦੇਸ ਬਿਗਾਨੇ,
ਜੰਗਲ ਥਾਨੇ।
ਦਿਲ ਤੇ ਜ਼ਹਿਰ ਉਤਾਰਨ ਖ਼ਾਤਰ,
ਚੰਦਨ ਜਿਉਂ ਲਿਪਟਾਨੇ,
ਨਾਗ ਦੀਵਾਨੇ।
ਸਾਗਰ ਨੂੰ ਮ੍ਰਿਗੇਸ਼ ਚੀਰ ਕੇ,
ਪਹੁੰਚਾ ਖਾਸ ਟਿਕਾਨੇ,
ਲਾ-ਮਕਾਨੇ।

ਗੁਰੂ ਵਿਯੋਗ ਵਿਚ ਨਾਮਧਾਰੀਆਂ ਨੇ ਲੰਮਾ ਸਮਾਂ ਕੂਕਾਂ ਮਾਰੀਆਂ ਹਨ। ਉਹਨਾਂ ਦੀ ਹਾਲਤ ਗੁਰਬਾਣੀ ਦੀ ਉਸ ਤੁਕ ਵਰਗੀ ਸੀ-

ਰਾਮ ਬਿਯੋਗੀ ਨ ਜੀਐ
ਜੀਐ ਤਾ ਬਉਰਾ ਹੋਇ॥

ਮ੍ਰਿਗੇਸ਼ ਕਵੀ ਨੇ ਇਸ ਦਰਦ ਵਿਛੋੜੇ ਦੀ ਭਾਹ ਵਿਚ ਭੁੱਜ ਕੇ ਸਤਵਾਰੇ ਅਤੇ ਬਾਰਾਂ ਮਾਹ ਲਿਖੇ ਹਨ। ਉਹਨਾਂ 'ਤੇ ਦਮੋਦਰ ਅਤੇ ਹਾਸ਼ਮ ਦੇ ਰੰਗ ਦੀ ਪ੍ਰਧਾਨਗੀ ਨਜ਼ਰ ਆਉਂਦੀ ਹੈ। ਇਕ ਬਾਰਾਂ ਮਾਹ ਵਿਚੋਂ ਟੂਕ ਹਾਜ਼ਰ ਹੈ-

ਕੱਤਕ ਕੌਣ ਕੱਟੇ ਦੁੱਖ ਦਰਦ ਮੇਰਾ,
ਏਹਨਾਂ ਅੱਖੀਆਂ ਦਰਸ ਪਿਆਸੀਆਂ ਦਾ।
ਮਾਹੀ ਤੋੜ ਮੁਹੱਬਤਾਂ ਉਠ ਤੁਰਿਆ,
ਮੱਲ ਲਿਆ ਸੁ ਰਾਹ ਬਨਵਾਸੀਆਂ ਦਾ।
ਦੇਵੇ ਕੌਣ ਧੀਰ ਕੁਰਲਾਂਦਿਆਂ ਨੂੰ,
ਕਿਹੜਾ ਕੱਟਸੀ ਪੰਧ ਉਦਾਸੀਆਂ ਦਾ।
ਮੇਲੇ ਕੌਣ 'ਮ੍ਰਿਗੇਸ਼' ਕਢਿ ਸ਼ਾਮ ਮੇਰਾ,
ਜਿਹੜਾ ਕੱਟਦਾ ਗੇੜ ਚੁਰਾਸੀਆਂ ਦਾ।

ਭਾਈ ਮੋਹਾਂ ਸਿੰਘ ਆਪਣੇ ਸਿੱਖੀ ਸਿਦਕ ਵਿਚ ਪੂਰਾ ਉਤਰਦਾ ਹੈ। ਉਸਨੂੰ ਦਰਸ਼ਨ ਹੋਣ ਤੋਂ ਬਾਅਦ ਸਤਿਗੁਰੂ ਜੀ ਉਸਦੀ ਘਾਲ ਥਾਇ ਪਈ ਜਾਣ ਸ਼ਾਬਾਸ਼ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਜੋ ਗੁਰਵਾਕ ਸੀ -

ਸਮੁੰਦ ਸਾਗਰ ਹੋਵੈ ਬਹੁ ਖਾਰਾ,
ਗੁਰ ਸਿਖੁ ਲੰਘਿ ਗੁਰ ਪਹਿ ਜਾਈ।

ਭਾਈ ਮੋਹਾਂ ਸਿੰਘ ਉਹ ਵਾਕ ਨੂੰ ਅਜੇ ਤੇਰੇ ਜਹੇ ਹੋਰਨਾਂ ਸੈਂਕੜੇ ਗੁਰੂ ਪਿਆਰਿਆਂ ਨੇ ਪੂਰਾ ਕਰ ਦਿੱਤਾ ਹੈ। ਮ੍ਰਿਗੇਸ਼ ਜੀ ਲਿਖਦੇ ਹਨ -

ਮੋਹਾਂ ਸਿੰਘ ਨੂੰ ਆਖਿਆ ਸਤਿਗੁਰਾਂ ਨੇ,
ਬੇੜਾ ਸਿੱਖੀ ਨੂੰ ਤੋੜ ਚੜ੍ਹਾਇਆ ਤੂੰ।

Sri Satguru Jagjit Singh Ji eLibrary NamdhariElibrary@gmail.com

ਉਤੇ ਚਾੜ੍ਹ ਕਸਵੱਟੀ ਦੇ ਪਰਖ ਕੀਤੀ,
ਸੋਨਾ ਅਸਲ ਖ਼ਾਲਸ ਨਿਕਲ ਆਇਆ ਤੂੰ।
ਸਿੱਖੀ ਅਤਿ ਤਿੱਖੀ ਖੰਡੇ ਧਾਰ ਵਾਂਗੂ,
ਪੈਰ ਉਸ ਤੇ ਰੱਖ ਟਿਕਾਇਆ ਤੂੰ।
ਗੁਰੂ ਗ੍ਰੰਥ ਦੇ ਬਚਨ ਨੂੰ ਚਿੱਤ ਧਰਕੇ,
ਅਰਥ ਉਸ ਦਾ ਕਰ ਵਿਖਾਇਆ ਤੂੰ।

ਮ੍ਰਿਗੇਸ਼ ਜੀ ਦੀ ਕਵਿਤਾ ਵਿਚ ਲੋਹੜੇ ਦੀ ਰਵਾਨੀ ਹੈ, ਸਾਦਗੀ ਹੈ, ਵਿਸ਼ਾਲ ਸ਼ਬਦ ਭੰਡਾਰ ਹੈ ਅਤੇ ਕਈ ਲਫ਼ਜ਼ ਮੁਹਾਵਰੇ ਜਿਵੇਂ ਕਿ 'ਹਰਨਾਖਸ਼ੀ ਧੌਂਸ ਵਿਖਾਉਣੀ' ਉਹਨਾਂ ਆਪ ਵੀ ਘੜੇ ਹਨ। ਸਮਰੱਥ ਕਵੀ ਦੇ ਇਹ ਲੱਛਣ ਹਨ। ਸਾਡੇ ਦੇਸ਼ ਦੇ ਆਗੂ ਚੋਖਾ ਸਮਾਂ ਗਾਂਧੀ ਜੀ ਦੇ ਅਹਿੰਸਾ ਦੇ ਸਿਧਾਂਤ ਨੂੰ ਉਤੋਂ ਉਤੋਂ ਤਾਂ ਪ੍ਰਚਾਰਦੇ ਰਹੇ, ਪਰ ਅੰਦਰ ਖ਼ਾਤੇ ਕਾਣੀ ਵੰਡ ਵਾਲੀ, ਸਮਾਜਿਕ ਆਰਥਿਕ ਸੰਰਚਨਾ ਵਿਚੋਂ ਉੱਠਣ ਵਾਲੇ ਹਰ ਲੋਕ-ਉਭਾਰ ਨੂੰ ਕੁਚਲਣ ਵੇਲੇ ਉਹ ਪੂਰੇ ਖ਼ੂੰਖ਼ਾਰ ਭੇੜੀਏ ਬਣ ਜਾਂਦੇ। ਇਸ ਵਿਰੋਧਾਭਾਸੀ ਸਥਿਤੀ ਦਾ ਵਰਣਨ ਉਹਨਾਂ ਦੀ ਇਸ ਕਵਿਤਾ ਵਿਚ ਮਿਲਦਾ ਹੈ-

ਲਾਲਚੀ ਨੇ ਪੀਰ ਅਤੇ ਲੁੱਟੀਂਦੇ ਮੁਰੀਦ ਜਿੱਥੇ,
ਬਗਲ ਸਮਾਧੀ ਲਾਕੇ ਮਾਰਦੇ ਸ਼ਿਕਾਰਾਂ ਨੂੰ।
ਹੱਥ ਦੀ ਸਫ਼ਾਈ ਅਤੇ ਆਪ ਦੀ ਭਲਾਈ ਜਿੱਥੇ,
ਤਾਣ ਕੇ ਕਮਾਨ ਚੀਰੇ ਕੋਹਣ ਦਿਲਦਾਰਾਂ ਨੂੰ।
ਬੰਨ੍ਹ ਦੇਣ ਸਾਧ, ਚੋਰ ਕਾਤਲ ਆਜ਼ਾਦ ਜਿੱਥੇ,
ਵੱਢੀਖੋਰ ਜੱਜ ਲੈਂਦੇ ਲੁੱਟ ਦੁਖਿਆਰਾਂ ਨੂੰ।
ਸੱਚ ਦੀ ਆਵਾਜ਼ ਉੱਤੇ ਹੋਣ ਇਤਰਾਜ਼ ਜਿੱਥੇ,
ਛੱਡ ਮ੍ਰਿਗੇਸ਼ ਤੂੰ ਅਹਿੰਸਾ ਦੇ ਔਤਾਰਾਂ ਨੂੰ ॥੧॥
...   .
ਨੇਮ ਤੇ ਪ੍ਰੇਮ ਇਨਸਾਫ਼ ਦਾ ਰਿਵਾਜ ਬੰਦ,
ਮਿਲਦਾ ਨਹੀਂ ਜਿੱਥੇ ਖੁੱਥਾ ਹੱਕ ਸਚਿਆਰਾਂ ਨੂੰ।
ਮਾਸ ਖਾਣਾ ਬੰਦ, ਰੱਤ ਪੀਣ ਦੀ ਨਹੀਂ ਸੰਗ,
ਖੁੱਲ੍ਹੀ ਵਗ ਰਹੀ ਗੰਗ, ਨਹੀਂ ਰੋਕ ਮੁਰਦਾਰਾਂ ਨੂੰ।
"ਧੌਂਸ ਹਰਨਾਖਸ਼ੀ" ਦੇ ਵਾਂਗ ਮਗਰੂਰ ਜਿਹੜੇ,
ਛੱਡ 'ਮ੍ਰਿਗੇਸ਼' ਤੂੰ ਅਹਿੰਸਾ ਦੇ ਔਤਾਰਾਂ ਨੂੰ ॥੨॥
ਜਿਹਲਤਾਂ ਦਾ ਰਾਜ ਜਿੱਥੇ, ਕਾਮੇ ਮੁਹਤਾਜ ਜਿੱਥੇ,
ਬੈਠੇ ਨੇ ਕਸਾਈ ਪਾਕੇ ਹੱਥ ਤਲਵਾਰਾਂ ਨੂੰ।
ਸ਼ਤ੍ਰਾਂ ਦਾ ਫ਼ਸਾਦ ਜਿੱਥੇ, ਨੇਕੀ ਬਰਬਾਦ ਜਿੱਥੇ,
ਮਿਲਦੇ ਅਜ਼ਾਬ ਜਿੱਥੇ, ਨੇਕ ਤੇ ਦਾਤਾਰਾਂ ਨੂੰ।
ਹੁੰਦੇ ਬਦਨਾਮ ਜਿੱਥੇ ਏਕਤਾ ਦੇ ਹਾਮੀ ਜਿਹੜੇ,
ਤੁਅੱਸਬੀ ਸਵਾਨ ਬੈਠੇ ਬੰਨ੍ਹ ਕੇ ਕਤਾਰਾਂ ਨੂੰ।
ਨਾਮ ਤੇ ਰਸੂਲ ਬਣ ਕੋਂਹਦੇ ਗਰੀਬ ਹੱਥੀਂ,
ਛੱਡ 'ਮ੍ਰਿਗੇਸ਼' ਤੂੰ ਅਹਿੰਸਾ ਦੇ ਔਤਾਰਾਂ ਨੂੰ ॥੩॥

Sri Satguru Jagjit Singh Ji eLibrary NamdhariElibrary@gmail.com

੩੫-੩੬ ਸਾਲ ਪਹਿਲਾਂ ਲਿਖੀ, ਆਪ ਦੀ ਇਹ ਕਵਿਤਾ ਗੁਜਰਾਤ ਦੇ ਫ਼ਿਰਕੂ ਦੰਗਿਆਂ ਦੇ ਸੰਦਰਭ ਵਿਚ ਅੱਜ ਵੀ ਸਾਰਥਕ ਸੰਦੇਸ਼ ਦਿੰਦੀ ਹੈ ਕਿ ਮਜ਼ਹਬੀ ਜਨੂੰਨ ਅਤੇ ਤੁਅੱਸਬ ਦਾ ਕਿਸੇ ਵੀ ਮਜ਼ਹਬ ਮੁਲਕ ਜਾਂ ਕੌਮ ਦੀ ਉਸਾਰੀ ਵਿਚ ਕਦੇ ਵੀ ਹਾਂ-ਪੱਖੀ ਰੋਲ ਨਹੀਂ ਰਿਹਾ। ਆਜ਼ਾਦੀ ਸੰਗਰਾਮ ਵਿਚ ਵੀ ਸਾਡਾ ਮੱਥਾ ਸਾਮਰਾਜੀ ਤਾਕਤਾਂ ਨਾਲ ਲੱਗਾ ਸੀ ਅਤੇ ਅੱਜ ਵੀ ਉਹ ਬਹੁ-ਰਾਸ਼ਟਰੀ ਕੰਪਨੀਆਂ ਦੀ ਮਾਰਫ਼ਤ ਸਾਨੂੰ ਲੁੱਟਣ ਲਈ ਚੌਤਰਫ਼ਾ ਧਾਵੇ ਬੋਲ ਰਿਹਾ ਹੈ। ਸਾਡਾ ਕਵੀ ਇਸ ਯੁੱਗ ਬੋਧ ਨਾਲ ਲੈਸ ਹੈ ਅਤੇ ਉਹ ਕਿਰਤੀਆਂ ਕਿਸਾਨਾਂ ਦੇ ਪੈਂਤੜੇ ਤੋਂ ਖੜੋ ਕੇ ਲੋਟੂ ਤੇ ਜਾਬਰ ਤਾਕਤਾਂ ਨੂੰ ਵੰਗਾਰਨ ਦਾ ਸੁਨੇਹਾ ਦਿੰਦਾ ਹੈ-

ਛੱਡ ਸਾਮਰਾਜ ਦੀ ਯਾਰੀ ਨੂੰ,
ਇਸ ਸੱਜਣ ਠੱਗ ਬਿਉਪਾਰੀ ਨੂੰ,
ਭੋਲੀ ਚੁੱਕ ਦੇਸ਼ ਗੰਵਾਰੀ ਨੂੰ,
ਇਨਸਾਨੀ ਤਾਬਿਆਦਾਰੀ ਨੂੰ,
ਹੈ ਪੂਜਣ ਚੰਗਾ ਖ਼ੁਦਾ।
ਇਹ ਆਹ ਦੁਖ ਭਰਿਆਂ ਦਿਲਾਂ ਦੀ
ਦੇ ਇਕ ਦਿਨ ਲੰਬੂ ਲਾ ॥੧੨॥
ਪਤਝੜ ਹੋ ਗਈ ਜੜ੍ਹ ਹਿੱਲ ਗਈ ਏ,
ਉਹ ਟਾਹਣੀਆਂ ਵਿੱਚੋਂ ਸਿੱਲ੍ਹ ਗਈ ਏ,
ਕਹਿ ਧਰਤੀ ਵਿਚ ਨਾ ਗਿੱਲ ਗਈ ਏ,
ਹਲ ਤਖ਼ਤ ਦਿਓ ਉਲਟਾ।
ਇਹ ਆਹ ਦੁਖ ਭਰਿਆਂ ਦਿਲਾਂ ਦੀ
ਦੇ ਇਕ ਦਿਨ ਲੰਬੂ ਲਾ ॥੨੩॥

ਕਵੀ ਜੋ ਤੀਖਣ ਚੇਤਨਾ ਅਤੇ ਅਤਿਵਿਕਸਿਤ ਬੁੱਧੀ ਦਾ ਪ੍ਰਗਟਾਵਾ ਆਪਣੀਆਂ ਰਚਨਾਵਾਂ ਵਿਚ ਕਰਦੇ ਹਨ। ਕਥਿਤ ਧਰਮ ਦੇ ਰਾਖਿਆਂ ਹੱਥੋਂ ਆਏ ਦਿਨ ਹੁੰਦੀ ਲੁੱਟ-ਕਤਲਾਮ-ਸਾੜਫੂਕ ਦੇਖਕੇ ਜਿਸ ਵਿਚ ਦੂਜੇ ਫ਼ਿਰਕੇ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ ਅਤੇ ਆਪਣੇ ਤੋਂ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਵੀ। ਇਸੇ ਲਈ ਉਹ ਲਿਖਦੇ ਹਨ-

ਬਗਲੇ ਦੇ ਵਾਂਗ ਇਹ ਸਮਾਧੀ ਲਾ ਕੇ ਬੈਠ ਜਾਏ,
ਇਕ ਹੱਥ ਮਾਲਾ, ਦੂਜੇ ਹੱਥ ਰਾਮ ਜੋਗੀ ਨੇ।
ਅੱਖੀਂ ਮੀਟ ਘੁੱਟ ਦਮ ਕਰਦੇ ਨੇ ਚੋਟ ਜਦੋਂ,
ਇਕੋ ਹੀ ਸਕਿੰਟ ਸਿਰੀ ਕੁੱਟਦੇ ਲਫ਼ੇਰੀ ਨੇ।
ਵੇਲਾ ਕੱਢ ਮਾਰ ਡੁੱਬੀ ਜਲ ਰੂਪ ਹੋ ਜਾਏ,
ਮਾਰਕੇ ਮੁਰੀਦ ਇਹਨਾਂ ਨਾਗ ਵਾਂਗ ਡੋਰੀ ਨੇ।
ਆਖਦਾ ਪੁਕਾਰ ਮਿਹੋਸ਼ ਕਵੀ ਵਾਰ-ਵਾਰ,
ਨਾਸਤਕ ਭੁਲੀ ਆਸਤਕਾਂ ਨਾਲੋਂ ਚੰਗੀ ਨੇ।

ਸੱਤਾ ਦਾ ਚਿਹਰਾ ਮੋਹਰਾ ਬੜਾ ਕਰੂਰ ਹੁੰਦਾ ਹੈ। ਇਹ ਸੱਤਾ ਰਾਜ ਦੀ ਵੀ ਹੋ ਸਕਦੀ ਹੈ ਅਤੇ ਅਖੌਤੀ ਧਰਮ ਦੀ ਵੀ। ਸੱਤਾਧਾਰੀਆਂ ਦਾ ਲੋਭ ਹੈ ਕਿ ਉਹ ਪੂਰਾ ਹੋਣ ਵਿੱਚ ਹੀ ਨਹੀਂ ਆਉਂਦਾ। ਗੁਰੂ ਨਾਨਕ ਜੀ ਆਸਾ ਦੀ ਵਾਰ ਵਿਚ ਜਿਹੋ ਜਿਹੀ ਸ਼ਬਿਹੀ ਇਹਨਾਂ ਲੋਭੀ ਲਾਲਚੀ ਤੇ ਝੂਠੇ ਹਾਕਮਾਂ ਦੀ ਚਿਤਰਦੇ ਹਨ ਉਹਨਾਂ ਨਾਲ ਰਲਦਾ ਮਿਲਦਾ ਬਿਆਨ ਹੀ ਤਾਂ ਸਾਡੇ ਕਵੀ ਜੀ ਦਾ ਹੈ-

Sri Satguru Jagjit Singh Ji eLibrary NamdhariElibrary@gmail.com

ਜਦਾਂ ਦਿਲਾਂ ਵਿਚ ਵਲ ਬਰਛੇ ਕੁਮਾਨੀ ਬੈਠੇ,
ਮੂੰਹੋਂ ਕੱਢ ਗੱਲ ਤੇ ਭਨਾ ਲਈਏ ਬੁਥਾੜੀਆਂ।
ਕੂੜ ਪ੍ਰਧਾਨ, ਨਹੀਂ ਸੱਚ ਦੀ ਪਛਾਣ ਏਥੇ,
ਕੌਸਿਆ ਲੈਗੋਣਾ ਕਰੋਧ ਹੱਥ 'ਚ ਕੁਹਾੜੀਆਂ।
ਦਇਆ ਤੇ ਧਰਮ ਇਨਸਾਫ਼ ਲਾਹ ਤਖ਼ਤ ਉੱਤੋਂ,
ਬੈਠਾ ਰਾਜਾ ਲੋਭ ਮਾਰੇ ਸ਼ੇਰ ਜਿਉਂ ਬੁਚਾੜੀਆਂ।
ਹਾਂ ਪਿੱਛੇ ਹਾਂ ਜੋ ਨਾ ਕਰੀਏ ਮ੍ਰਿਗੇਸ਼ ਕਹਿ,
ਜੁੱਤੀ ਲਾਹ ਅਨ੍ਹਾਰੀ ਦੋਵੇਂ ਸੇਕਦੇ ਚਬਾੜੀਆਂ।

... ...

ਮਾਸ ਮਿੱਝ ਖਾਏ ਸਾਡੀ ਗੰਗੜਾਂ ਫੁਲਾਏ ਬੈਠੇ,
ਅਜੇ ਸੁੱਕੇ ਪਿੰਜਰਾਂ ਨੂੰ ਲਾਉਣ ਬੰਗ ਤਾੜੀਆਂ।
ਕੱਖਾਂ ਵਾਲੀ ਕੁੱਲੀ ਸਾਡੀ ਲੁੱਟਣੇ ਨੂੰ ਚਾਹੁੰਦੇ ਨੇ,
ਆਪ ਸੈਂਕੀ ਮੰਜਲੀ ਚੜ੍ਹਾਈਆਂ ਜਿਹਨਾਂ ਮਾੜੀਆਂ।
ਪੈਂਤੀ ਛੱਤੀ ਖਾਇਕੇ ਨਿਆਮਤਾਂ ਨਾ ਭੁੱਖ ਲੱਥੀ,
ਸਾਡੇ ਸੁੱਕੇ ਟੁੱਕ ਤੱਕ ਅੱਖੀਆਂ ਉਘਾੜੀਆਂ।
ਪੈਰੀਂ ਹੱਥੀਂ ਅੱਖੀਂ ਜਿਹਵਾ ਤੱਕ ਤੇ ਵੇ ਠੱਗਾ ਵੱਡੇ,
ਹੋਰਨਾਂ ਨੂੰ ਘੱਤੇ ਧਾਗੇ ਬੁੱਕ ਪਏ ਦਾਹੜੀਆਂ।

ਇਉਂ ਅਸੀਂ ਵੇਖਦੇ ਹਾਂ ਕਿ ਭਾਈ ਨਰਿੰਜਨ ਸਿੰਘ ਮ੍ਰਿਗੇਸ਼ ਹੋਰਾਂ ਨਾ ਕੇਵਲ ਆਪਣੇ ਗ੍ਰਿਹਸਥ ਧਰਮ ਦੇ ਨਿਰਬਾਹ ਹਿੱਤ ਭਾਰੀ ਜਫ਼ਰ ਜਾਲੇ। ਅੱਧੀ ਸਦੀ ਉਹ ਲਗਾਤਾਰ ਮੁਸਾਫ਼ਰਾਂ ਵਾਂਗ ਪੰਜਾਬ, ਸਿੰਧ, ਬੀਕਾਨੇਰ, ਬਹਾਵਲਪੁਰ ਆਦਿ ਇਲਾਕਿਆਂ ਵਿਚ ਘੁੰਮਦੇ ਰਹੇ। ਉਹਨਾਂ ਨੇ ਆਪਣੇ ਜੀਵਨ ਵਿਚ ਅਮੀਰੀ ਵੀ ਦੇਖੀ ਤੇ ਫਕੀਰੀ ਵੀ ਹੰਢਾਈ। ਪਰਦੇਸੀ ਵੀ ਹੋਏ ਤੇ ਫਿਰ ਅੱਧੀ ਸਦੀ ਇੱਕੋ ਪਿੰਡ ਵਿਚ ਬਤੀਤ ਕਰ ਦਿੱਤੀ। ਉਹ ਪੰਚਾਇਤੀ ਵਿਅਕਤੀ ਸਨ। ਇਨਸਾਫ਼ ਪਸੰਦ ਸਨ। ਨਿਮਾਣਿਆਂ-ਨਿਤਾਣਿਆਂ ਦੇ ਪੱਖ ਵਿਚ ਖੜ੍ਹਨਾ ਗੁਰੂ ਕੇ ਸਿੱਖ ਦਾ ਧਰਮ ਸਮਝਦੇ ਸਨ। ਧਾਰਮਿਕ ਮਾਮਲਿਆਂ ਵਿਚ ਪੂਰੇ ਕਰਮਕਾਂਡੀ ਹੁੰਦੇ ਹੋਏ ਵੀ ਅੰਧ-ਵਿਸ਼ਵਾਸੀ ਨਹੀਂ ਸਨ। ਫ਼ਿਰਕਾਪ੍ਰਸਤ ਨਹੀਂ ਸਨ। ਉਹ ਸੁਲਾਹਕੁਨ ਸਨ।

ਕਵਿਤਾ ਦੇ ਖੇਤਰ ਵਿਚ ਉਹਨਾਂ ਦੇ ਵਿਸ਼ੇ-ਵਸਤੂ ਰੰਗ ਬਿਰੰਗੇ ਹਨ। ਹਰ ਪੰਜਾਬੀ ਕਵੀ ਇਹ ਸਮਝਦਾ ਸੀ ਕਿ ਜਿਤਨਾ ਚਿਰ ਉਹ ਹੀਰ ਦਾ ਕਿੱਸਾ ਨਾ ਰਚ ਲਵੇ ਉਸਦੀ ਮੁਕਤੀ ਨਹੀਂ ਹੋ ਸਕਦੀ। ਸ਼ਾਇਦ ਇਹੋ ਸੋਚ ਕਿ ਮ੍ਰਿਗੇਸ਼ ਹੋਰਾਂ ਵੀ ਹੀਰ ਦੀ ਰਚਨਾ ਕੀਤੀ ਹੈ। ਉਹਨਾਂ ਦੀ ਹੀਰ ਉਪਰ ਵਾਰਸ ਨਾਲੋਂ ਦਮੋਦਰ ਦਾ ਪ੍ਰਭਾਵ ਵਧੇਰੇ ਹੈ। ਸਮਾਂ ਆਉਣ ਤੇ ਉਹਨਾਂ ਦੀਆਂ ਸਾਰੀਆਂ ਰਚਨਾਵਾਂ ਛਾਪੇ ਦਾ ਜਾਮਾ ਵੀ ਪਾਉਣਗੀਆਂ ਅਤੇ ਪੰਜਾਬੀ ਸਾਹਿਤ ਦੇ ਖੋਜੀਆਂ ਪਾਰਖੂਆਂ ਦੀ ਨਜ਼ਰ 'ਤੇ ਚੜ੍ਹ ਕੇ ਆਪਣਾ ਬਣਦਾ ਸਥਾਨ ਵੀ ਗ੍ਰਹਿਣ ਕਰਨਗੀਆਂ। ਏਸ ਸਬੰਧ ਵਿਚ ਬਹੁਤ ਸਾਰਾ ਕੰਮ ਕੀਤਾ ਜਾ ਸਕਦਾ ਹੈ।

ਫੁਟ ਨੋਟ:

1. ਜਸ
2. ਗਰ

Sri Satguru Jagjit Singh Ji eLibrary NamdhariElibrary@gmail.com

3. ਚੰਦਰਮਾ
4. ਦਿਨ
5. ਸੂਰਜ
6. ਸਿਮਰਤੀਆਂ
7. ਸਾੜੇ
8. ਬ੍ਰਹਮਾ, ਵਿਸ਼ਨੂੰ, ਮਹਾਂਦੇਵ ਜਿਹਨੀ ਦੇਵਤਿਆਂ ਦੀ ਗਿਣ ਹੋਮੁਕਦੀ
9. ਵਿਆਸ, ਪਰਾਸ਼ਰ, ਸਨਕ ਆਦਿਕ ਰਿਖੀ
10. ਹਰਾ ਵੀ ਉਸਦਾ ਭੇਦ ਨਹੀਂ ਪਾਉਂਦੇ
11. ਉਹ ਸ੍ਰਿਸ਼ਟੀ ਦੇ ਆਰੰਭ ਵਿਚ ਹੀ ਸੀ ਅਤੇ ਅੰਤ ਵਿਚ ਵੀ ਹੋਵੇਗਾ
12. ਐਸੇ ਸਤਿਗੁਰੂ ਰਾਮ ਸਿੰਘ ਨੂੰ ਇਕ ਪਲ ਵੀ ਹਿਰਦੇ ਵਿਚੋਂ ਨਾ ਵਿਸਾਰ।

Sri Satguru Jagjit Singh Ji eLibrary NamdhariElibrary@gmail.com

ਸਾਖੀਕਾਰ ਅਤੇ ਮਹਾਂਕਵੀ: ਮਾਸਟਰ ਨਿਹਾਲ ਸਿੰਘ

ਨਾਮਧਾਰੀ ਸਾਹਿਤਕਾਰਾਂ ਦੀ ਚਰਚਾ ਚੱਲ ਰਹੀ ਹੋਵੇ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਮਾਸਟਰ ਨਿਹਾਲ ਸਿੰਘ ਜੀ ਦਾ ਨਾਮ ਨਾ ਆਵੇ। ਉਹ ਪੁਰਾਤਨਤਾ ਅਤੇ ਆਧੁਨਿਕਤਾ ਦਾ ਸੁਮੇਲ ਸਨ। ਜੇ ਉਹਨਾਂ ਜਨਮ ਸਾਖੀ ਸ਼ੈਲੀ ਵਿਚ ਸਿੱਖ ਦੇ ਅੰਦਰ ਗੁਰੂ ਭਗਤੀ ਦ੍ਰਿੜ ਕਰਵਾਉਣ ਵਾਲੀਆਂ ਸਾਖੀਆਂ ਜਾਂ ਕਹਾਣੀਆਂ ਲਿਖੀਆਂ ਤਾਂ ਉੱਥੇ ਖੁੱਲ੍ਹੀ ਕਵਿਤਾ ਵਿੱਚ ਗੁਰੂ ਹਰੀ ਸਿੰਘ ਦਾ ਜੀਵਨ ਚਰਿੱਤਰ 'ਸੀਤਲਤਾ ਦਾ ਸਰੋਤ' ਪੁਸਤਕ ਵਿਚ ਬਿਆਨ ਕੀਤਾ ਅਤੇ ਇਸ ਦੀ ਕਵਿਤਾ ਵਾਸਤੇ ਪ੍ਰਸਿੱਧ ਕਵੀ ਅਤੇ ਆਲੋਚਕ ਡਾ. ਹਰਿਭਜਨ ਸਿੰਘ ਹੋਰਾਂ ਦੀ ਪ੍ਰਸ਼ੰਸਾ ਵੀ ਹਾਸਲ ਕੀਤੀ। ਮਾਸਟਰ ਜੀ ਅੰਦਰੋਂ ਬਾਹਰੋਂ ਇੱਕੋ ਜਿਹੇ ਸਨ। ਧੀਰ ਗੰਭੀਰ, ਹਰਖ ਸੋਗ ਅਤੇ ਮਾਨ ਅਪਮਾਨ ਦੇ ਪੈਂਡਿਆਂ ਵਿਚ ਇਕੋ ਜਹੀ ਸਹਿਜਤਾ ਨਾਲ ਵਿਚਰਨ ਦੇ ਸਮਰੱਥ ਸਨ। ਉਹਨਾਂ ਦੀ ਜੀਵਨ ਜਾਚ ਬੜੀ ਆਕਰਸ਼ਕ ਸੀ, ਕਿਉਂਕਿ ਇਹ ਜੀਵਨ ਉਹਨਾਂ ਦਾ ਆਪਣਾ ਕਮਾਇਆ ਹੋਇਆ ਸੀ। ਗੁਰਬਾਣੀ ਦੇ ਅਧਿਐਨ ਅਤੇ ਪੱਛਮੀ ਚਿੰਤਕਾਂ ਦੇ ਵਿਚਾਰ ਪੜ੍ਹ ਕੇ ਵੀ, ਉਹ ਸਹਿਜ ਰਹਾਉ ਅਤੇ ਸਮਤੋਲ ਅਵਸਥਾ ਵਿਚ ਖੇਡਦੇ ਸਨ। ਗੌਰਵਮਈ ਨਾਮਧਾਰੀ ਇਤਿਹਾਸ ਅਤੇ ਇਸ ਦੇ ਅਨੇਕਾਂ ਪਾਤਰਾਂ ਦੀਆਂ ਉੱਜਲ ਕਰਨੀਆਂ ਨੂੰ ਉਹ ਆਪਣੀ ਕਲਮ ਦਾ ਵਿਸ਼ਾ ਬਣਾਉਣ ਲਈ ਤਤਪਰ ਰਹਿੰਦੇ ਸਨ। ਕੋਈ ਸਿੱਖ ਸਾਧ ਕਿਤੇ ਮਿਲ ਪਿਆ ਉਸ ਨੂੰ ਗੱਲਾਂ ਦੀ ਉਂਗਲੀ ਲਾ ਕੇ ਆਪਣੇ ਮਤਲਬ ਦੀਆਂ ਸਾਖੀਆਂ ਤੱਕ ਪਹੁੰਚਣ ਦਾ ਘੜਾ ਵਧੀਆ ਵੱਲ ਉਹਨਾਂ ਨੂੰ ਆਉਂਦਾ ਸੀ। ਫਿਰ ਇਸ ਵਾਰਤਾਲਾਪ ਜਾਣਕਾਰੀ ਨੂੰ ਆਪਣੀ ਕਲਾ-ਸ਼ੈਲੀ ਦੀ ਨਿਵੇਕਲੀ ਚਾਸ਼ਨੀ ਨਾਲ ਰਚਾ ਕੇ ਉਹ ਕੋਈ ਨਾ ਕੋਈ ਸ਼ਾਹਕਾਰ ਸਾਹਿਤ ਜਗਤ ਅਤੇ ਸ਼ਰਧਾਲੂ ਸੰਗਤਾਂ ਨੂੰ ਢੌਣੇ ਦੇ ਤੌਰ ਤੇ ਭੇਟਾ ਕਰ ਦਿੰਦੇ ਸਨ। ਬਚਪਨ ਵਿਚ ਕਦੇ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਚਰਿੱਤਰ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਦਾ ਸੁਪਨਾ ਲਿਆ ਸੀ, ਪਰ ਉਹ ਕੁਝ ਇਸ ਤਰ੍ਹਾਂ ਪੂਰਾ ਹੋਇਆ ਕਿ ਆਦਿ ਨਾਨਕ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਦੇ ਸਾਰੇ ਸਤਿਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਚਰਿਤਰ 'ENLIGHTENERS' ਪੁਸਤਕ ਵਿਚ ਅਤੇ ਸਤਿਗੁਰੂ ਪਰਤਾਪ ਸਿੰਘ ਬਾਰੇ ਜਾਣਕਾਰੀ "Lord of Virtues" ਪੁਸਤਕ ਵਿਚ ਦਿਤੀ ਤਾਂ ਜੁ ਪੰਜਾਬ ਤੋਂ ਬਾਹਰ ਉਹਨਾਂ ਦੇ ਪੰਥ ਬਾਰੇ ਲੋੜੀਂਦੀ ਜਾਣਕਾਰੀ ਪੁਚਾਈ ਜਾ ਸਕੇ। ਪੰਜਾਬੀ ਵਿਚ ਪ੍ਰਕਾਸ਼ਿਤ ਪੁਸਤਕਾਂ ਹਨ - ਪਹਿਲੀ ਸ਼੍ਰੇਣੀ ਵਾਸਤੇ ਬਾਲ ਸਿੱਖਿਆ, ਵਿਦਿਅਕ ਪਹਿਲੀ ਪੋਥੀ, ਸ਼ਾਈਕਾਟ, ਮੌਜੀ ਠਾਕੁਰ, ਸਤਿਗੁਰ ਸਾਖੀਆਂ, ਸੀਤਲਤਾ ਦਾ ਸ੍ਰੋਤ, ਚਮਤਕਾਰੇ, ਅਲੌਕਿਕ ਦਰਸ਼ਨ, ਰੰਗੀ ਪ੍ਰੀਤਮ, ਮਾਤਾਵਾਂ, ਤੋਪਾਂ ਗਰਜਦੀਆਂ ਰਹੀਆਂ ਕੂਕੇ ਵਧਦੇ ਗਏ, ਬੇਅੰਤ ਲੀਲ੍ਹਾ, ਰਤਨ ਮਾਲਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ। ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ 'ਸਤਿਜੁਗ' ਦੇ ਸੰਪਾਦਨ ਦੀ ਸੇਵਾ ਵੀ ਉਹ ਨਿਭਾਉਂਦੇ ਰਹੇ। ਸਭ ਤੋਂ ਬਾਅਦ ਵਾਲੀ ਪੁਸਤਕ ਉਹਨਾਂ ਦੀ ਆਪਣੀ ਸੰਖੇਪ ਸ੍ਵੈਜੀਵਨੀ ਹੈ ਜੋ ''ਅਧੂਰੀ ਕਹਾਣੀ'' ਨਾਂ ਹੇਠ ੧੯੯੬ ਈ. ਵਿਚ ਪ੍ਰਕਾਸ਼ਿਤ ਹੋਈ।

ਮਾਸਟਰ ਜੀ ਦਾ ਦਾਦਾ ਸ੍ਰੀ ਮੋਤੀ ਸ਼ਾਹ ਪਿੰਡ ਢੋਡਾ ਜ਼ਿਲ੍ਹਾ ਸਿਆਲਕੋਟ ਦਾ ਨਿਵਾਸੀ ਸੀ, ਪਰ ਉਹਨਾਂ ਦਾ ਪਿਤਾ ਰੂੜ ਸਿੰਘ, ਸਿੰਘ ਸਜ ਕੇ ਸਾਂਗਲੇ ਤੋਂ ਚਾਰ ਪੰਜ ਮੀਲ ਦੂਰੀ 'ਤੇ ਵੱਸੇ ਪਿੰਡ ਗਿੱਲ ਵਿਚ ਆ ਗਿਆ ਸੀ, ਕਿਉਂਕਿ ਇਸ ਗਿੱਲ ਪਿੰਡ ਦੇ ਬਾਸ਼ਿੰਦਿਆਂ ਦਾ ਪਹਿਲਾ ਪਿੰਡ ਗਿੱਲ ਜ਼ਿਲ੍ਹਾ ਸਿਆਲਕੋਟ ਵਿਚ ਸੀ, ਜਿੱਥੋਂ ਉਹ ਬਾਰ ਅਬਾਦ ਹੋਣ ਬਾਅਦ ਇੱਥੇ ਆ ਗਏ ਸਨ। ਇਹ ਗਿੱਲ, ਨਾਮਧਾਰੀ ਪੰਥ ਦੀ ਗੁ ਬਾਲਕ ਸਿੰਘ ਅਤੇ ਸਤਿਗੁਰੂ ਰਾਮ

Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਦੇ ਸਮੇਂ ਦੀ ਇਕ ਪ੍ਰਸਿੱਧ ਹਸਤੀ, ਸੰਤ ਜਮੀਅਤ ਸਿੰਘ ਹੋਰਾਂ ਦਾ ਪਿੰਡ ਸੀ, ਜਿਹਨਾਂ ਦਾ ਸ਼ੁਮਾਰ, ਸਤਿਗੁਰੂ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਉਹਨਾਂ ਨੂੰ ਮਿਲੇ ਥਾਪੀ ਸਿੱਖਾਂ ਵਿਚੋਂ ਅੱਧੇ ਸਿਖ ਦੇ ਤੌਰ ਤੇ ਕਰਦੇ ਸਨ। ਦੋ ਪੂਰੇ ਸਨ ਜਮੀਅਤ ਸਿੰਘ ਕਾਹਨਾ ਕਾਛਾ ਅਤੇ ਲਹਿਣਾ ਸਿੰਘ ਘਰਜਾਖੀਆ। ਬਾਬਾ ਗਿੱਲ ਵਿਆਜ ਲੈ ਲੈਣ ਕਾਰਨ ਅੱਧਾ ਗਿਣਿਆ ਗਿਆ। ਇਸ ਤਰ੍ਹਾਂ ਦੇ ਗੁਰਸਿੱਖੀ ਵਾਲੇ ਵਾਤਾਵਰਣ ਵਿਚ ੧੯੬੭ ਬਿਕ੍ਰਮੀ ਦੀ ਜਨਮ ਅਸ਼ਟਮੀ ਮੁਤਾਬਿਕ ੨੪ ਸਤੰਬਰ ੧੯੧੦ ਈ. ਨੂੰ ਪਿਤਾ ਸ੍ਰੀ ਰੂਤ ਸਿੰਘ ਅਤੇ ਮਾਤਾ ਧੰਨ ਦਈ ਦੇ ਪਰਿਵਾਰ ਵਿਚ ਮਾਸਟਰ ਜੀ ਦਾ ਜਨਮ ਹੋਇਆ। ਜਸਵਿੰਦਰ ਸਿੰਘ ਹਿਸਟੋਰੀਅਨ ਮੁਤਾਬਿਕ ਜਨਮ 1907 ਈ. ਵਿਚ ਹੋਇਆ। ਆਪਣੀ ਜਨਮ ਭੂਮੀ ਅਤੇ ਉਸਦੇ ਆਲੇ ਦੁਆਲੇ ਨਾਲ ਮਾਸਟਰ ਜੀ ਦਾ ਲਗਾਓ ਉਹਨਾਂ ਦੇ ਸ਼ਬਦਾਂ ਵਿਚੋਂ ਪ੍ਰਗਟ ਹੁੰਦਾ ਹੈ ਇਸ ਭੂਮੀ ਤੋਂ ਵਿਛੜਨ ਤੋਂ ਅੱਧੀ ਸਦੀ ਬਾਅਦ ਵੀ:

"...ਇਸ ਧਰਤੀ ਦੇ ਕਣ ਕਣ ਤੋਂ ਮਹਿਕਾਂ ਉੱਠਦੀਆਂ ਹਨ...ਜਦ ਤੋਂ ਦੇਸ਼ ਦਾ ਵੰਡਾਰਾ ਹੋਇਆ ਹੈ, ਗੰਢਾਂ ਦੱਬੀਆਂ ਪਈਆਂ ਹਨ। ਹਾਂ ਕਈ ਵੇਰ ਰਾਤ ਦੇ ਹਨੇਰੇ ਵਿਚ, ਮੇਰੇ ਸਰੀਰ ਨੂੰ ਖੰਭ ਲੱਗ ਜਾਂਦੇ ਹਨ ਤੇ ਬਿਨਾਂ ਪਾਸਪੋਰਟ ਪਿੰਡ ਪੁੱਜ ਜਾਂਦਾ ਹਾਂ। ਵਤਨ ਦੇ ਕਲਰਾਂ ਵਿੱਚ ਪੁਰਾਣੇ ਸਾਥੀਆਂ ਨਾਲ ਖਿੱਦੋ ਖੂੰਡੀ ਖੇਡਦਾ ਹਾਂ। ਕਦੀ ਵੇਰ ਬੋਹੜ ਦੀ ਦਾਹੜੀ ਨੂੰ ਹੱਥ ਪਾ ਲਟਕ ਝੂਟੇ ਲੈਂਦਾ ਹਾਂ, ਨਹਿਰ ਵਿਚ ਟੁੱਭੀਆਂ ਮਾਰਦਾ ਹਾਂ, ਮੱਝਾਂ ਚਾਰਦਾ ਢੋਲੇ ਗਾਂਦਾ।

"ਇਹ ਗਿੱਲ...ਆਪਣੀ ਥਾਂ ਬੜਾ ਮੰਨਿਆ ਸਤਿਕਾਰਿਆਂ ਨਗਰਾਂ ਵਿਚੋਂ ਸੀ। ਏਥੇ ਦਿਨ ਰਾਤ ਢੋਲਕੀ ਛੈਣੇ ਗੂੰਜਦੇ, ਨਿਰੰਕਾਰੀ ਹੁੰਦੀ। "ਹੋਲਾ ਖੇਡਣ ਕੇਸਾਧਾਰੀ", ਖੇਡਣ ਦੀਆਂ ਗੂੰਜਾਂ ਪੈਂਦੀਆਂ। ਗਿੱਲੀ ਅੱਜ ਸੰਤ ਭੂਰੀ ਵਾਲਿਆਂ ਦਾ ਜਥਾ ਆ ਗਿਆ। ਇਹ ਵਿਦਾ ਹੋਇਆ ਤਾਂ ਸੰਤ ਭਗਤ ਸਿੰਘ ਦਾਤੇਵਾਲ, ਸੰਤ ਮੰਗਲ ਸਿੰਘ ਅਗਮੀ ਫਰਿਸ਼ਤਾ ਆ ਗੜਗੱਜ ਪਾਈ। ਸੰਤ ਨੱਥਾ ਸਿੰਘ ਜੀ ਪਤੰਗ ਬਾਰੇ ਕੀ ਕਹਿਣਾ ਏ, ਉਨ੍ਹਾਂ ਦੇ ਜਥੇ ਵਿਚ ਇਕ ਗੋਗਲਾ ਜਿਹਾ ਮੁੰਡਾ ਕਰਤਾਰ ਸਿੰਘ, ਜਿਸ ਦਾ ਹੱਥ ਢੋਲਕੀ ਤੇ ਵੱਜਣ ਨਾਲ ਕਲੇਜੀਂ ਧੂ ਪੈਂਦੀ ਸੀ।

"ਇਸ ਨਗਰ ਥ ਹੋਲੇ ਹੋਏ। ਦੋ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੇ ਦੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਵੇਲੇ। ਇੱਥੋਂ ਦੇ ਇਕ ਹੋਲੇ ਦੀ ਯਾਦ ਦਿਲ ਦੀ ਪਲੇਟ ਤੇ ਡੂੰਘੀ ਉੱਕਰੀ ਪਈ ਏ, ਉਹ ਅਮਿਟ ਹੈ। ਇਹ ਸ਼ਾਇਦ ਇਸ ਪਿੰਡ ਦਾ ਆਖਰੀ ਹੋਲਾ ਸੀ। ਇਹ ਹੋਲਾ ਸੰਤ ਚਰਨ ਸਿੰਘ ਨੇ ਕਰਵਾਇਆ ਸੀ। ਇਹ ਆਪ ਵੀ ਸ਼ਬਦ ਦੇ ਆਸ਼ਿਕ ਸਨ। ਰਾਤ ਸਮੇਂ ਆਪਣੇ ਕੋਠੇ ਦੀ ਛੱਤ ਤੇ ਢੋਲਕੀ ਲੈ ਕੀਰਤਨ ਕਰਦੇ ਤੇ ਸਾਰੇ ਨਗਰ ਨੂੰ ਰੱਬੀ ਬਾਣੀ ਨਾਲ ਸਰਸ਼ਾਰ ਕਰਦੇ।

"ਉਸ ਹੋਲੇ ਵਿੱਚ ਅੰਮ੍ਰਿਤ ਵਰਖਾ ਹੋਈ, ਖੀਰ ਪੂਰੀ ਦੇ ਲੰਗਰ ਹੋਏ। ਇਕ ਦਿਨ ਇਕ ਭੇਖੀ ਹੱਟੀ ਵਿਚ ਚਲਾ ਗਿਆ ਤੇ ਬਿਨਾਂ ਪੁੱਛੇ, ਘਿਉ ਦਾ ਗੜਵਾ ਭਰ ਲਿਆਇਆ। ਸੰਤਾਂ ਦੇ ਘਰੋਂ ਬੀਬੀ ਨੇ ਗੜਵਾ ਲੈ ਜਾਂਦਿਆਂ ਵੇਖ ਲਿਆ, ਪਰ ਅਣਵੇਖਿਆ ਕਰ ਛੱਡਿਆ। ਇਕ ਸਿੰਘ ਨੇ ਕਿਹਾ, "ਭੈਣਾ ਉਹ ਸਿੰਘ ਘਿਉ ਦਾ ਗੜਵਾ ਲੈ ਗਿਆ ਏ ਤਾਂ ਬੀਬੀ ਨੇ ਕਿਹਾ, "ਸੰਤ ਜੀ। ਧੰਨ ਭਾਗ, ਮੈਂ ਤਾਂ ਸੁੱਖਣਾ ਸੁੱਖਦੀ ਰਹਿੰਦੀ ਹਾਂ, ਕਿ ਸਾਧ ਮੇਰੇ ਘਰੋਂ ਘਿਉ ਦੇ ਗੜਵੇ ਭਰ ਭਰ ਲੈ ਜਾਣ।"[5]

ਗਿੱਲਾਂ ਦੀ ਧਰਮਸ਼ਾਲਾ ਵਿਚ ਸੰਤ ਮਤਾਬ ਸਿੰਘ ਦਾਤੇਵਾਲੀਏ ਰਹਿੰਦੇ ਸਨ। ਬਾਲ ਨਿਹਾਲ ਸਿੰਘ ਉਹਨਾਂ ਦੀ ਸੰਗਤ ਵਿਚ ਆ ਕੇ ਅਖੰਡ ਪਾਠੀ ਬਣ ਗਿਆ ਜਦੋਂ ਕਿ ਉਹ ਪੜ੍ਹਦਾ ਗੁਆਂਢੀ ਪਿੰਡ ਰਿਹਰਾਂਵਾਲੀ ਦੇ ਪ੍ਰਾਇਮਰੀ ਸਕੂਲ ਵਿਚ ਸੀ। ਬਸੰਤ ਪੰਚਮੀ, ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਇੱਥੇ ਮਨਾਈ ਗਈ। ਬਿਨਾਂ ਛੁੱਟੀ (ਜੋ ਕਿ ਹੈਡਮਾਸਟਰ ਦੇ ਨਹੀਂ ਰਿਹਾ ਸੀ) ਮੇਲਾ ਵੇਖਣ ਕਰਕੇ ਸਕੂਲ ਤੋਂ ਕੁੱਟ ਵੀ ਖਾਧੀ ਅਤੇ ਜੁਰਮਾਨਾ ਵੀ ਭਰਿਆ। ਫਿਰ ਨਨਕਾਣਾ ਸਾਹਿਬ ਦੇ ਖਾਲਸਾ ਸਕੂਲ ਵਿਚ ਪੜ੍ਹਦਿਆਂ ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ੧੯੨੯ ਈ. ਵਾਲਾ ਲਾਹੌਰ ਦਾ ਪ੍ਰਸਿੱਧ ਕਾਂਗਰਸ ਇਜਲਾਸ ਵੀ ਵੇਖਿਆ। ਇਉਂ ਦੇਸ਼ ਭਗਤੀ ਅਤੇ ਗੁਰੂ ਭਗਤੀ ਦਾ ਸੁਮੇਲ ਹੋ ਰਿਹਾ ਸੀ। ਕੂਕੇ ਸਿੰਘਾਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ ਆਜ਼ਾਦੀ ਦੀ ਰੀਝ ਦੀਆਂ ਟਾਹਣੀਆਂ 'ਤੇ ਬੂਰ ਪੈ ਰਿਹਾ ਸੀ। ਮਾਸਟਰ ਜੀ ਨੇ ਨਨਕਾਣਾ ਸਾਹਿਬ, ਖਾਲਸਾ ਹਾਈ ਸਕੂਲ ਵਿਚ ਪੜ੍ਹਾਉਂਦੇ ਸਮੇਂ ਜਿਹਲਮ ਦੇ ਲਾਗੇ

Sri Satguru Jagjit Singh Ji eLibrary NamdhariElibrary@gmail.com

ਅਲੀਪੁਰ ਦਾ ਗੁਰਦੁਆਰਾ ਸਾਤਨ ਤੇ ਲੱਗੇ ਮੋਰਚੇ ਵਿਚ ਭਾਗ ਲਿਆ, ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਗੰਗਾ ਸਿੰਘ ਦੀ ਅਗਵਾਈ ਵਿਚ। ਹੁਣ ਉਹਨਾਂ ਨੌਕਰੀ ਰਾਵਲਪਿੰਡੀ ਦੇ ਖਾਲਸਾ ਹਾਈ ਸਕੂਲ ਵਿਚ ਕਰ ਲਈ ਤੇ ਇਸ ਦੌਰਾਨ ਸ. ਆਤਮਾ ਸਿੰਘ ਅਤੇ ਬੀਬੀ ਲੀਲਾਵੰਤੀ, ਰਾਵਲਪਿੰਡੀ ਦੀ ਪ੍ਰਸਿੱਧ ਨਾਮਧਾਰੀ ਦੰਪਤੀ ਦੇ ਪ੍ਰਭਾਵ ਵਿਚ, ਫਿਰ ਪੂਰੀ ਤਰ੍ਹਾਂ ਕੂਕਾ ਰੰਗ ਵਿਚ ਰੰਗੇ ਗਏ। ਰਾਵਲਪਿੰਡੀ ਰਹਿੰਦਿਆਂ ੧੯੪੫-੪੬ ਈ. ਵਿਚ 'ਸਤਿਜੁਗ' ਦੀ ਸੇਵਾ ਤੇ ਸ੍ਰੀ ਭੈਣੀ ਸਾਹਿਬ, ਇੱਥੋਂ ਦਿੱਲੀ ਤੇ ਦਿੱਲੀਓਂ ਸੰਤ ਨਗਰ, ਸਿਰਸਾ ਤੇ ਸਿਰਸੇ ਆਰ.ਐਸ.ਡੀ. ਸਕੂਲ ਦੀ ਨੌਕਰੀ ਛੱਡ ਕੇ ਮਾਰਚ ੧੯੫੯ ਈ. ਵਿਚ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਦੀ ਸੇਵਾ ਸੰਭਾਲ ਲਈ। ਪੂਰੇ ਦਸ ਵਰ੍ਹੇ ਇਹ ਸੇਵਾ ਨਿਭਾਈ। ਇਸ ਤੋਂ ਬਾਅਦ ਸਕੂਲ ਦੇ ਮੈਨੇਜਰ ਬਣਾਏ ਗਏ ਅਤੇ ਨਾਮਧਾਰੀ ਹਾਕੀ ਟੀਮ ਦਾ ਵੀ ਆਪ ਨੂੰ ਨਿਗਰਾਨ ਥਾਪਿਆ ਗਿਆ, ਜਿਸ ਦੇ ਖਿਡਾਰੀ ਓਲੰਪੀਅਨ ਪੱਧਰ ਦੇ ਹਨ। ੧੯੬੪ ਈ. ਵਿਚ ਨਾਮਧਾਰੀ ਨੌਜੁਆਨਾਂ ਦੀ ਲਾਮਬੰਦੀ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਨਾਲ ਵਿਦਿਅਕ ਜਥੇ ਦੀ ਸਥਾਪਨਾ ਹੋਈ। ਮਾਸਟਰ ਜੀ ਉਹਦੇ ਬਾਨੀ ਪ੍ਰਧਾਨ ਬਣਾਏ ਗਏ ਅਤੇ ੧੯੭੧ ਈ. ਵਿਚ ਸ. ਰਵੇਲ ਸਿੰਘ ਮਰੀਵਾਲਾ (ਅਮਰਜੀਤਪੁਰਾ) ਦੇ ਦਿਹਾਂਤ ਬਾਅਦ ਉਹ ਨਾਮਧਾਰੀ ਦਰਬਾਰ ਦੇ ਪ੍ਰਧਾਨ ਬਣਾ ਦਿੱਤੇ ਗਏ। ਸਮੇਂ ਸਮੇਂ ਬਹੁਤ ਸਾਰੇ ਮਾਨ ਸਨਮਾਨਾਂ ਨਾਲ, ਉਹਨਾਂ ਦੀਆਂ ਸੇਵਾਵਾਂ ਨੂੰ ਸਤਿਗੁਰੂ ਜੀ ਵਲੋਂ ਨਿਵਾਜਿਆ ਜਾਂਦਾ ਰਿਹਾ।

ਮਾਸਟਰ ਜੀ ਦਾ ਪਹਿਲਾ ਅਨੰਦ ੧੯੨੬ ਈ. ਵਿਚ ੯੪ ਚੱਕ ਜ਼ਿਲ੍ਹਾ ਲਾਇਲਪੁਰ ਦੀ ਸੁਵਰਨ ਕੌਰ ਨਾਲ ਹੋਇਆ ਜੋ ਪੰਜਾਂ ਕੁ ਸਾਲਾਂ ਬਾਅਦ ਪ੍ਰਲੋਕ ਸਿਧਾਰ ਗਈ ਸੀ। ਦੂਸਰੀ ਸ਼ਾਦੀ ਸੰਤ ਪਰਤਾਪ ਸਿੰਘ ਸੈਂਕਾ ਚੀਮਾ ਵਾਲਿਆਂ ਦੀ ਸਪੁੱਤਰੀ ਦਿਲਜੀਤ ਕੌਰ ਨਾਲ ੧੯੩੪ ਈ. ਵਿੱਚ ਹੋਈ। ਉਹਨਾਂ ਦੇ ਘਰ ਦੋ ਪੁੱਤਰ ਅਤੇ ਦੋ ਪੁੱਤਰੀਆਂ ਨੇ ਜਨਮ ਲਿਆ। ਦਿੱਲੀ ਦੇ ਪ੍ਰਸਿੱਧ ਵਯਵਸਾਈ ਸ. ਸੇਵਾ ਸਿੰਘ ਫਨ ਐਂਡ ਫੂਡ ਵਾਲੇ ਬੀਬੀ ਦਿਲਜੀਤ ਕੌਰ ਦੇ ਭਾਈ ਹਨ। ਬੀਬੀ ਦਿਲਜੀਤ ਕੌਰ ਦਾ ਅੰਤ ਸਮਾਂ ੧੯ ਜੂਨ ੧੯੯੪ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਇਆ ਤੇ ਉੱਥੇ ਹੀ ੧ ਅਪ੍ਰੈਲ ੨੦੦੧ ਈ. ਨੂੰ ਮਾਸਟਰ ਜੀ ਨੇ ਆਪਣੀ ਜੀਵਨ ਯਾਤਰਾ ਸਮਾਪਤ ਕੀਤੀ। ਅੱਜ ਕੱਲ੍ਹ ਉਹਨਾਂ ਦਾ ਭਰਿਆ ਪੂਰਾ ਪਰਿਵਾਰ ਦਿੱਲੀ ਵਿਖੇ ਹੀ ਰਹਿ ਰਿਹਾ ਹੈ।

ਸੰਤ ਹਰਪਾਲ ਸਿੰਘ 'ਸੇਵਕ' ਦੇ ਸ਼ਬਦਾਂ ਵਿਚ ਮਾਸਟਰ ਜੀ ਦਾ ਨਖਸ਼ਿਖ ਵਰਣਨ ਇਉਂ ਕੀਤਾ ਗਿਆ ਹੈ:

"ਕਰੀਬ ਇਕ ਸਦੀ ਦੇ ਉਤਾਰ ਚੜ੍ਹਾਵਾਂ ਨੂੰ ਜੀਵਨ ਵਿਚ ਹੰਢਾ ਚੁੱਕੇ, ਮਾਸਟਰ ਨਿਹਾਲ ਸਿੰਘ ਜੀ ਦਰਮਿਆਨਾ ਕੱਦ ਸਦਾ ਬਹਾਰ ਮੁਸਕਾਣ ਵੰਡਦਾ ਖਿੜਿਆ ਚਿਹਰਾ, ਚਾਂਦੀ ਵਰਗਾ ਸਫ਼ੈਦ ਦਾਹੜਾ, ਪ੍ਰੇਮ ਭਗਤੀ ਨਾਲ ਸਰਸ਼ਾਰ ਨੇਤਰ, ਬਜ਼ੁਰਗਾਂ ਵਾਲਾ ਠਰ੍ਹੰਮਾ, ਨੌਜਵਾਨਾਂ ਵਾਲਾ ਉਤਸ਼ਾਹ, ਹਰ ਇਕ ਨੂੰ ਆਪਣਾ ਬਣਾ ਲੈਣ ਵਾਲੇ ਮਿੱਠੇ ਬੋਲ ਅਤੇ ਮਿਲਾਪੜਾ ਸੁਭਾਅ, ਰਿਸ਼ੀਆਂ ਮੁਨੀਆਂ ਵਰਗਾ ਅਧਿਆਤਮਕ ਦਰਸ਼ਨ।"

ਮਾਸਟਰ ਨਿਹਾਲ ਸਿੰਘ ਜੀ ਨੇ ੧੯੪੫ ਈ. ਵਿਚ 'ਸਤਿਜੁਗ' ਦੀ ਸੰਪਾਦਕੀ ਸੰਭਾਲਣ ਸਮੇਂ ਲਿਖਣ ਕਾਰਜ ਅਰੰਭਿਆ ਅਤੇ ਇਹ ਫਿਰ ਅੰਤ ਸਮੇਂ ਤੱਕ, ਅੱਧੀ ਸਦੀ ਤੋਂ ਵੱਧ ਵਕਤ ਲਈ ਜਾਰੀ ਰਿਹਾ। ਕੁਝ ਰਚਨਾਵਾਂ 'ਸਤਿਜੁਗ' ਦੇ ਸਧਾਰਨ ਹਫਤਾਵਾਰੀ ਜਾਂ ਵਿਸ਼ੇਸ਼ ਸਾਲਾਨਾ ਬਸੰਤ ਅੰਕਾਂ ਵਿਚ ਛਪਦੀਆਂ ਸਨ। ਫਿਰ ਇਹਨਾਂ ਨੂੰ ਸੰਗ੍ਰਹਿਤ ਕਰਕੇ ਕਿਤਾਬਾਂ ਅਤੇ ਕਿਤਾਬਚਿਆਂ ਦਾ ਰੂਪ ਦੇ ਦਿਤਾ ਗਿਆ ਜੋ ਦਰਜਨ ਤੋਂ ਉਪਰ ਹਨ। ਇਕ ਪੁਸਤਕ ਤੋਂ ਇਲਾਵਾ ਬਾਕੀ ਸਭ ਵਾਰਤਕ ਵਿਚ ਹਨ। ਵਾਰਤਕ ਕਥਾ-ਰਸ ਨਾਲ ਲਬਰੇਜ਼ ਹੈ। ਪਾਤਰ ਉਸਾਰੀ ਵਿਚ ਨਿਪੁੰਨ ਹਨ। ਸਮਾਂ ਸਥਾਨ ਲੋੜੀਂਦੇ ਘਟਨਾ ਕ੍ਰਮ ਦੀ ਉਸਾਰੀ ਲਈ ਵਰਤਿਆ ਜਾਂਦਾ ਹੈ। ਸ਼ਬਦਾਂ ਦੀ ਅਮੀਰੀ ਭਾਸ਼ਾ ਵਿਚ ਕਦੇ ਵੀ ਹੱਥ ਤੰਗ ਨਹੀਂ ਹੋਣ ਦਿੰਦੀ। ਆਪ ਹਿੰਦੀ, ਪੰਜਾਬੀ, ਅੰਗਰੇਜ਼ੀ, ਉਰਦੂ ਤੇ ਕੁਝ ਕੁਝ ਅਰਬੀ ਫ਼ਾਰਸੀ ਦੇ ਵੀ ਗਿਆਤਾ ਸਨ। ਇਸ ਲਈ ਇਹਨਾਂ ਸਾਰੀਆਂ ਭਾਸ਼ਾਵਾਂ ਦੇ ਸ਼ਬਦ ਉਹਨਾਂ ਦੀ ਲਿਖਤ ਵਿਚ ਆ ਜਾਂਦੇ ਸਨ। ਭਾਵੇਂ ਉਹ ਆਪਣੀ ਮਿਹਨਤ ਨਾਲ ਖ਼ੁਦ ਹੀ ਪੜ੍ਹੇ ਸਨ ਬਿਨਾਂ ਕਿਸੇ ਵੱਡੇ ਸਕੂਲ ਵਿਚ ਦਾਖਲਾ ਜਾਂ ਕਾਲਜ ਜਾਣ ਤੋਂ ਵੀ ਬਿਨਾਂ। ਪਰ ਉਹ ਗਿਆਨੀ ਅਤੇ ਬੀ.ਏ. ਦੀ ਡਿਗਰੀ ਲੈਣ ਤੋਂ ਬਿਨਾਂ ਧਾਰਮਕ ਵਿੱਦਿਆ ਵਿਚ ਵੀ ਪੂਰੀ ਤਰ੍ਹਾਂ

Sri Satguru Jagjit Singh Ji eLibrary NamdhariElibrary@gmail.com

ਪਰਪੱਕ ਸਨ। ਸਿੱਖ ਧਰਮ ਗ੍ਰੰਥਾਂ ਦਾ ਆਪ ਦਾ ਅਧਿਐਨ ਵਿਸ਼ਾਲ ਸੀ। ਇਸ ਲਈ ਆਪ ਦੀ ਵਾਰਤਕ ਵਿਚ ਬਾਣੀ ਦੀਆਂ ਤੁਕਾਂ ਥਾਂ ਪਰ ਥਾਂ ਹੀਰੇ ਮੋਤੀਆਂ ਜਿਉਂ ਜੜੀਆਂ ਮਿਲਦੀਆਂ ਹਨ। ਅੰਗਰੇਜ਼ੀ ਦੀਆਂ ਟੂਕਾਂ, ਉਰਦੂ, ਫ਼ਾਰਸੀ ਦੇ ਸ਼ੇਅਰ ਵੀ ਕਥਨ ਦੀ ਸ਼ਕਤੀ ਵਧਾਉਣ ਲਈ ਆਪ ਵਰਤਦੇ ਸਨ। ਕਿਉਂਕਿ ਉਮਰ ਦਾ ਵੱਡਾ ਹਿੱਸਾ ਅਧਿਆਪਨ ਵਿਚ ਬੀਤਿਆ। ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਚ ਗੁਰਸਿੱਖਾਂ ਦੀ ਪੁਰਾਤਨ ਤੇ ਨਵੀਨ ਪੀੜ੍ਹੀ ਨਾਲ ਭੇਂਟ ਵਾਰਤਾ ਹੁੰਦੀ ਰਹਿੰਦੀ। ਆਪਣੇ ਇਸ ਆਲੇ ਦੁਆਲੇ ਵਿਚੋਂ, ਨਾਮਧਾਰੀ ਪੰਥ ਦੀ ਸ਼ਾਨ ਸ਼ੌਕਤ, ਕਰਨੀ ਵਾਲੇ ਸਿੱਖਾਂ, ਜਥੇਦਾਰਾਂ, ਪਰਚਾਰਕਾਂ, ਗੁਰੂ ਸੇਵਕਾਂ ਦੇ ਕਲਮੀ-ਚਿੱਤਰ ਮਾਸਟਰ ਜੀ ਖਿੱਚਦੇ ਹਨ। ਇਕ ਪੰਥ ਤੇ ਦੋ ਕਾਜ ਹੁੰਦੇ ਜਾਂਦੇ ਹਨ। ਗੁਰੂ ਮਹਿਮਾ, ਗੁਰੂ ਸੇਵਾ, ਗੁਰੂ ਇਤਿਹਾਸ ਬਿਆਨਿਆ ਜਾ ਰਿਹਾ ਹੈ। ਬਚਨ ਦੇ ਬਲੀ, ਧੌਲ ਤੋਲ ਦੇ ਪੂਰਿਆਂ, ਪੰਜ ਵਿਕਾਰਾਂ ਤੋਂ ਉਪਰ ਉੱਠ ਕੇ ਆਪੇ ਨੂੰ ਸੋਧਣ ਵਾਲਿਆਂ ਦੀਆਂ ਸਾਖੀਆਂ ਵੀ ਹਨ ਅਤੇ ਨਾਮਧਾਰੀਆਂ ਦੀ ਜੀਵਨ ਜਾਚ ਕੀ ਹੈ, ਉਹਨਾਂ ਦਾ ਜੀਵਨ ਦਰਸ਼ਨ ਕੀ ਹੈ, ਜੀਵਨ ਮਨੋਰਥ ਕੀ ਹੈ, ਕੂਕਾ ਸੰਸਕ੍ਰਿਤੀ ਕੀ ਹੈ, ਨਾਮਧਾਰੀ ਸੱਭਿਆਚਾਰ ਕੀ ਹੈ, ਇਸ ਸਭ ਦੀ ਜਾਣਕਾਰੀ ਲੈਣ ਦੇ ਚਾਹਵਾਨ ਨੂੰ ਮਾਸਟਰ ਨਿਹਾਲ ਸਿੰਘ ਦੇ ਰਚਨਾ ਸੰਸਾਰ ਵਿਚੋਂ ਅਵੱਸ਼ ਹੀ ਗੁਜ਼ਰਨਾ ਪਵੇਗਾ।

ਕਿਉਂਕਿ ਮਾਸਟਰ ਜੀ ਖ਼ੁਦ ਗੁਰੂ ਭਗਤੀ ਵਿਚ ਓਤ-ਪੋਤ ਸਨ, ਗੁਰੂ ਦਰਸ਼ਨਾਂ ਦੇ ਪਰਵਾਨੇ ਜਿਉਂ ਤਲਬਗਾਰ ਸਨ, ਚਰਨ ਕਮਲਾਂ ਦੀ ਮੌਜ ਵਿਚ ਰਹਿਣ ਦੇ ਲੋਚਵੰਦ ਸਨ, ਇਸ ਲਈ ਉਨ੍ਹਾਂ ਦੀ ਸਾਰੀ ਵਾਰਤਕ ਸ਼ਰਧਾ-ਰਸ ਵਿਚ ਗੁੰਧੀ ਹੋਈ ਹੈ। ਗੁਰੂ ਤੇ ਸਿੱਖ ਦੇ ਰਿਸ਼ਤੇ ਨੂੰ ਪਰਪੱਕਤਾ ਪਰਦਾਨ ਕਰਨ ਵਾਲੀ ਹੈ। ਉਹ ਪ੍ਰਸਿੱਧ ਵਾਰਕਾਰ ਭਾਈ ਗੁਰਦਾਸ ਜੀ ਦੇ ਰੰਗ ਵਿਚ ਰੰਗੇ ਹੋਏ ਹਨ। ਉਹ ਭਾਈ ਨੰਦ ਲਾਲ ਗੋਇਆ ਜਿਉਂ ਆਪਣੇ ਸ਼ਬਦਾਂ ਦੁਆਰਾ ਹਮੇਸ਼ਾ ਗੁਰੂ ਕਿਰਪਾ ਲਈ ਜਾਚਨਾ ਕਰਦੇ ਨਜ਼ਰ ਆਉਂਦੇ ਹਨ। ਉਹ ਗੁਰੂ ਦਰਬਾਰ ਤੋਂ ਮਿਲਣ ਵਾਲੀ ਸਿੱਖੀ ਸਿਦਕ ਤੋਂ ਵੱਡੀ ਕੋਈ ਪ੍ਰਾਪਤੀ ਨਹੀਂ ਸਮਝਦੇ। ਉਹ ਜਿਹਨਾਂ ਦੀ ਸੰਗਤ ਮਾਨਣ ਦੇ ਖ਼ਾਹਿਸ਼ਮੰਦ ਹਨ ਉਹਨਾਂ ਸਾਰਿਆਂ ਨੇ ਆਪਣਾ ਆਪਾ ਮਾਰ ਲਿਆ ਹੈ। ਟੋਏ ਟਿੱਬੇ ਢਾਹ ਦਿੱਤੇ ਹਨ। ਊਚ-ਨੀਚ ਦੇ ਵਿਤਕਰੇ ਤੋਂ ਉਪਰ ਉੱਠ ਗਏ ਹਨ। ਇਕ ਸਾਂਝੀਵਾਲਤਾ 'ਤੇ ਆਧਾਰਿਤ ਸਭ ਨੂੰ ਵਿਕਾਸ ਦੇ ਬਰਾਬਰ ਮੌਕੇ ਉਪਲਬਧ ਕਰਵਾਉਣ ਵਾਲੀ, ਸਮਤਾ ਮੂਲਕ ਸਮਾਜਿਕ ਵਿਵਸਥਾ ਦੇ ਮਾਸਟਰ ਜੀ ਹਮਾਇਤੀ ਹਨ ਜਿਸ ਦੀ ਝਲਕ ਉਹਨਾਂ ਦੀਆਂ ਲਿਖਤਾਂ ਵਿੱਚੋਂ ਵੇਖੀ ਜਾ ਸਕਦੀ ਹੈ, ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿਸ਼ਵ ਸਤਰ 'ਤੇ ਜਿਸ ਰਾਮਰਾਜ ਦੀ ਉਸਾਰੀ ਦੀਆਂ ਕਨਸੋਆਂ ਆਉਂਦੀਆਂ ਸਨ, ਉਹ ਲੁੱਟ-ਖਸੁੱਟ ਅਤੇ ਅਨਿਆਂ ਰਹਿਤ ਪ੍ਰਬੰਧ ਵਿਚ ਹੀ ਸੰਭਵ ਹੋ ਸਕਦਾ ਹੈ।

੧੯੬੩ ਈ. ਵਿਚ ਛਪਣ ਵਾਲੀ ਪੁਸਤਕ 'ਬਾਈਕਾਟ' ਵਿਚ ੧੦ ਕਹਾਣੀਆਂ ਸਾਖੀਆਂ ਜਾਂ ਪਰਸੰਗ ਹਨ। ਇਹਨਾਂ ਰਚਨਾਵਾਂ ਦੇ ਪ੍ਰੇਰਨਾ-ਸਰੋਤ ਬਾਰੇ ਅਸੀਂ ਮਾਸਟਰ ਜੀ ਦੀ ਗਵਾਹੀ ਹੀ ਪੁਆਉਂਦੇ ਹਾਂ:

"ਗੁਰੂ ਘਰ ਤੇ ਸੰਤਾਂ ਮਹਾਂ ਪੁਰਸ਼ਾਂ ਦੇ ਬਚਨ ਸੁਣਨ ਦਾ ਮੈਨੂੰ ਨਿੱਕਿਆਂ ਹੁੰਦਿਆਂ ਤੋਂ ਸ਼ੌਕ ਹੈ। ਮੈਂ ਜਿੱਥੇ ਜਾਂਦਾ ਹਾਂ ਜਾਂ ਕਿਸੇ ਬਜ਼ੁਰਗ ਦੇ ਦਰਸ਼ਨ ਕਰਦਾ ਹਾਂ ਤੇ ਉਨ੍ਹਾਂ ਪਾਸੋਂ ਮਹਾਤਮਾਵਾਂ ਦੀਆਂ ਜੀਵਨੀਆਂ ਸੁਣਦਾ ਹਾਂ ਅਤੇ ਨੋਟ ਕਰਦਾ ਹਾਂ।

"ਗ਼ਰੀਬ ਨਿਵਾਜ਼ ਸਤਿਗੁਰੂ ਪਰਤਾਪ ਸਿੰਘ ਜੀ ਜਦ ਮੌਜ ਵਿਚ ਆਉਂਦੇ ਉਹ ਨਾਮਧਾਰੀ ਬਜ਼ੁਰਗਾਂ, ਸ਼ਾਂਤ ਮੂਰਤਿ ਗੁਰੂ ਹਰੀ ਸਿੰਘ ਜੀ ਅਤੇ ਸਾਰੇ ਸੰਸਾਰ 'ਤੇ ਰਾਮ ਰਾਜ ਦੇ ਸੁਪਨੇ ਲੈਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਮੁੱਲ ਬਚਨ ਸੁਣਾਉਂਦੇ ਸੁਣਾਉਂਦੇ, ਸਰੋਤਿਆਂ ਨੂੰ ਵਿਸਮਾਦ ਮੰਡਲਾਂ ਦੀ ਸੈਰ ਕਰਵਾਉਂਦੇ। ਉਹ ਬਚਨ ਕੀਤਾ ਕਰਦੇ "ਮਾਸਟਰਾ ਨੋਟ ਕਰ ਲੈ, ਕਿਸੇ ਵੇਲੇ ਕੰਮ ਆਉਣਗੇ।" ਇਹ ਪਤਾ ਨਹੀਂ ਉਹਨਾਂ ਵਿਚੋਂ ਕਿਤਨੇ ਯਾਦ ਹਨ ਅਤੇ ਕਿਤਨੇ ਮੇਰੀ ਅਣਗਹਿਲੀ ਕਰਕੇ ਗੁਆਚ ਗਏ ਹਨ।" ਪਹਿਲੀ ਵਾਰਤਾ "ਚੀਨੀ ਵਾਲਾ" ਸ੍ਰ. ਮੰਗਲ ਸਿੰਘ ਬਿਸ਼ਨਪੁਰੀਏ ਦੇ ਕੂਕਾ ਬਣਨ ਅਤੇ ਆਪਣੀ ਘੋੜੀ ਚੀਨੇ ਰੰਗ ਦੀ ਸਤਿਗੁਰੂ ਜੀ ਨੂੰ ਭੇਟ ਕਰਨ ਦੀ ਹੈ। ਜਿਸ ਵਜ੍ਹਾ ਕਰਕੇ ਸੰਗਤਾਂ ਆਪ ਨੂੰ "ਚੀਨੀ ਵਾਲਾ ਪਾਤਸ਼ਾਹ" ਦੇ ਨਾਂ ਨਾਲ ਯਾਦ ਕਰਦੀਆਂ ਸਨ। ਇਸ ਪਰਸੰਗ ਦੇ ਅੰਤ ਵਿਚ

Sri Satguru Jagjit Singh Ji eLibrary NamdhariElibrary@gmail.com

ਚੀਨੀ ਦੀ ਵਡਿਆਈ ਨੂੰ ਕਾਨੀਬੰਦ ਕੀਤਾ ਹੈ ਉੱਘੇ ਇਨਕਲਾਬੀ ਕਵੀ ਲਾਲ ਸਿੰਘ ਕੰਵਰ ਦਿਆਂ ਸ਼ਬਦਾਂ ਵਿਚ:

"ਤੇਰਾ ਚਰਨ ਉਹ ਹੱਥ ਕਰਤਾਰ ਦਾ ਸੀ,
ਜਿਸ ਧਰਤ ਦਾ ਧੜਕਣਾ ਬੰਦ ਕੀਤਾ।
ਜਿਸ ਜਗ੍ਹਾ ਤੇ ਚੀਨੀ ਦੀ ਖੁਰੀ ਲੱਗੀ,
ਓਥੇ ਵਾਸ ਆ ਧਰਮ ਦੇ ਚੰਦ ਕੀਤਾ।
ਜਿਸ ਰਾਹ ਲੰਘੀ ਸੱਚੇ ਸ਼ਾਹ ਉਸ ਦਾ
ਸ਼ਾਨ ਕਹਿਕਸ਼ਾਂ ਨਾਲੋਂ ਬੁਲੰਦ ਕੀਤਾ।
ਉਹਦੀ ਟੁੱਟੀ ਹੋਈ ਗਾਨੀ ਇਨਾਮ ਲੈ ਕੇ,
ਇੰਦਰ ਹੂਰਾਂ ਲਈ ਹਾਰ ਪਸੰਦ ਕੀਤਾ।"[3]

"ਵੱਡਾ ਭੰਡਾਰੀ" ਵਿਚ ੧੯੫੬ ਬਿਕ੍ਰਮੀ ਦੇ ਕਾਲ ਸਮੇਂ ਸ੍ਰੀ ਗੁਰੂ ਹਰੀ ਸਿੰਘ ਜੀ ਦੁਆਰਾ ਸ੍ਰੀ ਭੈਣੀ ਸਾਹਿਬ ਦੇ ਲੋਹ-ਲੰਗਰ ਦੁਆਰਾ ਬਾਗੜ ਦੇਸ਼ ਦੇ ਕਾਲ ਪੀੜਤਾਂ ਦਾ ਮਹੀਨਿਆਂ ਬੱਧੀ ਗੁਰੂ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਦਾ ਮਾਰਮਿਕ ਚਿਤਰ ਬਿਆਨਿਆ ਗਿਆ ਹੈ। ਡੀ.ਸੀ. ਹਿਸਾਰ ਨੇ ਡੀ.ਸੀ. ਲੁਧਿਆਣਾ ਨੂੰ ਤਾਰ ਭੇਜੀ ਕਿ ਸਾਰਾ ਬਾਗੜ ਉਲਟ ਕੇ ਭੈਣੀ ਸਾਹਿਬ ਵੱਲ ਤੁਰ ਪਿਆ ਹੈ। ਡੇਰੇ ਦੇ ਪ੍ਰਬੰਧਕਾਂ ਨੂੰ ਕਹਿਣਾ ਕਿ ਹੱਥ ਘੁੱਟ ਕੇ ਵਰਤਣ, ਪ੍ਰੰਤੂ ਗੁਰੂ ਹਰੀ ਸਿੰਘ ਜੀ ਦਾ ਜੁਆਬ ਸੀ:

"ਇਸ ਲੰਗਰ ਦਾ ਖਸਮ ਸਤਿਗੁਰੂ ਰਾਮ ਸਿੰਘ ਹੈ। ਉਨ੍ਹਾਂ ਦਾ ਹੁਕਮ ਹੈ, ਭੁੱਖੇ ਨੂੰ ਰੋਟੀ, ਨੰਗੇ ਨੂੰ ਕੱਪੜਾ ਦਿਉ। ਉਨ੍ਹਾਂ ਦੇ ਹੁਕਮ ਦੀ ਅਦੂਲੀ ਮੈਂ ਨਹੀਂ ਕਰ ਸਕਦਾ। ਮੇਰਾ ਕੰਮ ਹੁਕਮ ਪਾਲਣਾ ਹੈ। ਲੰਗਰ ਦਾ ਫ਼ਿਕਰ ਮਾਲਕ ਨੂੰ ਹੈ। ਜਿਨਾ ਚਿਰ ਕੋਲ ਮੈਂ ਵਰਤਾਵਾਂਗਾ, ਕੋਠਿਆਂ ਦੀਆਂ ਕੜੀਆਂ ਵੇਚ ਕੇ ਖਵਾਵਾਂਗਾ। ਜਦੋਂ ਮੁਕ ਜਾਵੇਗਾ ਤਦੋਂ ਇਹਨਾਂ ਦੇ ਨਾਲ ਹੀ ਤੁਰ ਪਵਾਂਗਾ।"[4]

ਫਿਰ ਜਦੋਂ ਪੰਜਾਬ ਦੇ ਲਾਟ ਨੇ ਲੰਗਰ ਦੀ ਸੇਵਾ ਬਦਲੇ ੮੦ ਮੁਰੱਬੇ ਜ਼ਮੀਨ ਕਿਸੇ ਬਾਰ ਵਿਚ ਡੇਰੇ ਦੇ ਨਾਂ ਲੁਆਉਣ ਦੀ ਪੇਸ਼ਕਸ਼ ਕੀਤੀ ਤਾਂ ਗੁਰੂ ਹਰੀ ਸਿੰਘ ਜੀ ਨੇ "ਇਹ ਸਾਰੀ ਧਰਤੀ ਗੁਰੂ ਜੀ ਦੀ ਹੈ" ਕਹਿ ਕੇ ਭੂਮੀ ਲੈਣ ਤੋਂ ਇਨਕਾਰ ਕਰ ਦਿਤਾ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਨੇ ਭੂਮੀ ਨਾ ਕਬੂਲ ਕੇ, ਸਮੁੱਚੇ ਦੇਸ਼ ਦੀ ਭੂਮੀ ਉੱਤੇ ਅੰਗਰੇਜ਼ ਸਰਕਾਰ ਦਾ ਅਧਿਕਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਹ ਪੁਸਤਕ ਕੂਕਾ ਦੇਸ਼ ਭਗਤੀ ਦੀਆਂ ਮਿਸਾਲਾਂ ਨਾਲ ਭਰਪੂਰ ਹੈ।

ਇਸੇ ਪੁਸਤਕ ਦੇ ਪ੍ਰਸੰਗ "ਪਦਾਰਥਾਂ ਦੇ ਮਾਲਕ" ਵਿਚ ਦੱਸਿਆ ਹੈ ਕਿ ਭਾਈ ਦੇਵਾ ਸਿੰਘ ਹੋਰਾਂ ਦਾ ਲਾਹੌਰ ਸ਼ਹਿਰ ਵਿਚ ਵੱਡਾ ਕਾਰਖਾਨਾ ਸੀ, ਉਸ ਨੂੰ ਇਕ ਦਿਨ ਅੱਗ ਲੱਗ ਗਈ। ਮਸ਼ੀਨਾਂ ਸੜ ਗਈਆਂ। ਗਾਹਕ ਅੱਗ ਨਾਲ ਦੂਹਰੇ ਹੋ ਗਏ। ਆਪਣਾ ਕੰਮ ਫਿਰ ਚਲਾਉਣ ਲਈ ਭਾਈ ਦੇਵਾ ਸਿੰਘ ਨੂੰ ੩੬੦੦੦ ਰੁਪਏ ਦੀ ਲੋੜ ਸੀ। ਅੱਜ ਤੋਂ ਘੱਟੋ-ਘੱਟ ਇਕ ਸਦੀ ਤੋਂ ਪਹਿਲਾਂ ਦੀ ਇਹ ਘਟਨਾ ਹੈ ਜਦੋਂ ਏਨੀ ਰਕਮ ਬਹੁਤ ਵੱਡੀ ਰਕਮ ਹੁੰਦੀ ਸੀ। ਦੇਵਾ ਸਿੰਘ ਪਹੁੰਚ ਗਿਆ ਨਾਰਲੀ ਦੇ ਨਾਮਧਾਰੀ ਬਘੇਲ ਸਿੰਘ ਦੇ ਘਰ। ਮੰਗਣ ਤੇ ਉਸ ਮਾਇਆ ਤੋੜ-ਫੱਟ ਘਰੋਂ ਕਢਵਾ ਦਿੱਤੀ ਜਦੋਂ ਦੇਵਾ ਸਿੰਘ ਨੇ ਕੋਈ ਲਿਖਤ-ਪੜ੍ਹਤ, ਕਾਗਜ਼-ਪੱਤਰ ਬਣਾਉਣ ਬਾਰੇ ਕਿਹਾ ਤਾਂ ਬਘੇਲ ਸਿੰਘ ਹੋਰਾਂ ਦਾ ਕਹਿਣਾ ਸੀ:

"ਸਰਦਾਰ ਜੀ! ਵਾਹ ਭਾਈ ਵਾਹ! ਇਹ ਮਾਇਆ ਕਿਸ ਦੀ ਏ? ਇਹ ਧਨ, ਦੌਲਤ, ਰੁਪਿਆ, ਪੈਸਾ, ਮੱਝਾਂ, ਗਊਆਂ, ਘੋੜੇ ਕਿਸ ਦੇ ਹਨ? ਇਹ ਸਭ ਮਾਇਆ ਸਤਿਗੁਰੂ ਰਾਮ ਸਿੰਘ ਜੀ ਦੀ ਹੈ। ਤੂੰ ਵੀ ਉਨ੍ਹਾਂ ਦਾ ਚਰਨ ਭੌਰਾ। ਮੈਂ ਵੀ ਉਸੇ ਦਰ ਦਾ ਕੂਕਰ! ਫੇਰ ਲਿਖਤ ਕਾਹਦੀ? ਤੇ ਪੜ੍ਹਤ ਕਾਹਦੀ? ਤੇ ਨਾਵਾਂ ਪੱਤਰਾ ਕਿਸ ਗੱਲ ਦਾ?"[5]

ਇਕ ਹੋਰ ਸਿਰਲੇਖ "ਕੂਕੇ ਦਾ ਪਿਆਰ" ਵਿਚ ਜਵਾਹਰ ਸਿੰਘ ਜਦੋਂ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛ ਕੇ ਨਾਮਧਾਰੀ ਸਜਦਾ ਹੈ ਤਾਂ ਉਸ ਦੀ ਮਾਂ ਵੈਣ ਪਾਉਣ, ਵਾਲ ਖੋਹਣ ਤੇ ਛਾਤੀ ਪਿੱਟਣ ਲੱਗ ਪਈ - "ਵੇ

Sri Satguru Jagjit Singh Ji eLibrary NamdhariElibrary@gmail.com

ਜਵਾਹਰਿਆ ! ਵੇ ਜਵਾਹਰਿਆ !! ਤੂੰ ਕੀ ਕਰ ਗਇਓਂ ?" ਗਲੀ ਗਵਾਂਢ ਰੋਣ ਸੁਣ ਇਕੱਠਾ ਹੋ ਗਿਆ। "ਨੀ ਕੀ ਹੋਇਆ ?" ਸਾਰੀਆਂ ਆ ਕੇ ਪੁੱਛਿਆ।

"ਜਵਾਹਰਾ ਕੂਕਾ ਬਣ ਗਿਆ। ਜਵਾਹਰੇ ਕੰਨ ਵਿਚ ਮੰਤਰ ਲੈ ਲਿਆ। ਜਵਾਹਰਾ ਮਰ ਗਿਆ।" ਰੋਂਦੀ ਮਾਈ ਨੇ ਉੱਤਰ ਦਿੱਤਾ।' ਮੁਗ਼ਲ ਕਾਲ ਦੀਆਂ ਸਖ਼ਤੀਆਂ ਸਮੇਂ ਪੰਜਾਬ ਵਿਚ ਜੇ ਕਿਸੇ ਮਾਂ ਨੂੰ ਕੋਈ ਪੁੱਤਰ ਪੁੱਛਦਾ ਸੀ ਕਿ ਕਿੰਨੇ ਨੇ ਤਾਂ ਉਹ ਜੁਆਬ ਦਿੰਦੀ ਸੀ- ਪੁੱਤਰ ਤਾਂ ਪੰਜ ਸਨ ਪਰ ਹੁਣ ਚਾਰ ਰਹਿ ਗਏ ਨੇ। ਇਕ ਸਿੱਖ ਬਣ ਗਿਆ ਏ।" ਤੇ ਉਸ ਵੇਲੇ ਦੇ ਸਿੱਖ ਜਾਂ ਅੰਗਰੇਜ਼ ਵੇਲੇ ਦੇ ਕੂਕੇ ਦੀ ਇਹ ਹਾਲਤ ਸੀ 'ਬੱਕਰੇ ਦੀ ਮਾਂ ਕਦ ਤੱਕ ਖ਼ੈਰ ਮਨਾਏਗੀ। ਮਾਸਟਰ ਜੀ ਦਾ ਉਪਰੋਕਤ ਪਾਤਰ ਜਵਾਹਰ ਸਿੰਘ ਵੀ ਕੂਕਪੁਣਾ ਛੱਡਣ ਦੀ ਸ਼ਰਤ 'ਤੇ 'ਚੰਨ ਦੇ ਟੁਕੜੇ ਜਹੀ' ਮੰਗੇਤਰ ਨੂੰ ਹੀ ਛੱਡਣਾ ਪਰਵਾਨ ਕਰਦਾ ਹੈ।

"ਕਦਰਦਾਨ" ਵਾਲੀ ਕਥਾ ਵਿਚ ਇਕ ਭਾਈ ਨਿਹਾਲ ਸਿੰਘ ਹੈ। ਪਿੰਡ ਅਲੌੜ ਸੀ। ਉਸ ਨੇ ੧੮੭੪ ਈ. ਦੇ ਲਾਗੇ-ਚਾਗੇ ਇਕ ਸ਼ਰਾਬੀ ਹੋਏ ਘੋੜੇ ਤੋਂ ਡਿੱਗੇ ਅੰਗਰੇਜ਼ ਅਫ਼ਸਰ ਦੀ, ਖੇਤਾਂ ਵਿਚੋਂ ਚੁੱਕ ਕੇ ਘਰ ਲਿਆ ਕੇ ਜਾਨ ਬਚਾਈ ਸੀ। ਉਹ ਉਹਨੂੰ ਇਕ ਲੱਖ ਰੁਪਏ ਜਾਂ ਏਨੀ ਰਕਮ ਦੇ ੪-੫ ਮੁਰੱਬੇ ਭੋਇੰ ਦਾ ਕਾਗਜ਼ ਦੇ ਗਿਆ। ਜਦੋਂ ਕਾਗਜ਼ ਗੁਰੂ ਹਰੀ ਸਿੰਘ ਨੂੰ ਵਿਖਾਏ, ਉਨ੍ਹਾਂ ਕਿਹਾ "ਆਪਾਂ ਬਿੱਲਿਆਂ ਤੋਂ ਕੁਝ ਨਹੀਂ ਲੈਣਾ।" ਸਿੱਖ ਨੇ ਸਿਦਕ ਨਿਭਾਹਿਆ। ਉਸ ਦੇ ਪੁੱਤਰ ਮਾਘਾ ਸਿੰਘ ਨੂੰ ਜੀਵਨ ਨਗਰ ਇਲਾਕੇ ਦੇ ਪਿੰਡ ਦਮਦਮਾ ਵਿਚ ਉਪਰੋਕਤ ਬਚਨ ਸਦਕਾ ਇਕ ਮੁਰੱਬਾ ਜ਼ਮੀਨ ਦੇ ਕੇ, ਸਤਿਗੁਰੂ ਪਰਤਾਪ ਸਿੰਘ ਜੀ ਨੇ 'ਬਾਕੀ ਫੇਰ' ਦਾ ਬਚਨ ਕੀਤਾ। ਇਸੇ ਤਰ੍ਹਾਂ ਹੀ 'ਸੇਵਾ ਦੀ ਮੂਰਤੀ' ਵਿਚ ਸੰਤ ਸਾਉਣ ਸਿੰਘ ਜਮਸ਼ੇਰ (ਲਾਹੌਰ) ਪਿੰਡ ਦਾ ਹੈ। ਉਹ ਸੰਤ ਫਤਹਿ ਸਿੰਘ ਮਾਂਗਾ ਦੀ ਸੰਗਤ ਤੋਂ ਨਾਮਧਾਰੀ ਬਣਿਆ ਸੀ। ਫਿਰ ਉਹ ਸੈਨਾ ਵਿਚ ਭਰਤੀ ਹੋ ਕੇ ਪਹਿਲੀ ਸੰਸਾਰ ਜੰਗ ਸਮੇਂ ਬਸਰੇ ਦੀ ਲਾਮ 'ਤੇ ਚਲਾ ਗਿਆ। ਜਿੱਥੇ ਉਸ ਦੇ ਨਾਲ ਦੇ ਸਾਥੀ ਮਾਰੇ ਗਏ। ਉਹ ਫੱਟੜ ਹੋ ਗਿਆ ਤੇ ਫਿਰ ਫੱਟੜ ਹੋਏ ਕਰਨੈਲ ਟੇਲਰ ਨੂੰ ਵੀ ਚੁੱਕ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਹਸਪਤਾਲ ਵਿਚ ਡਾਕਟਰੀ ਸਹਾਇਤਾ ਨਾਲ ਅਧਿਕਾਰੀ ਕੁਝ ਹੋਸ਼ ਵਿਚ ਆਇਆ ਤਾਂ ਉਸ ਸਾਉਣ ਸਿੰਘ ਦੀ ਨੇਕਨਾਮੀ ਲਈ ਉਸ ਨੂੰ ਪੰਜ ਮੁਰੱਬੇ ਭੂਮੀ ਤੇ ਸੋਨ-ਤਗਮਾ ਦੇਣ ਦੀ ਸਿਫ਼ਾਰਿਸ਼ੀ ਚਿੱਠੀ ਲਿਖੀ ਤੇ ਫਿਰ ਦਮ ਤੋੜ ਗਿਆ। ਪਰ ਇਸ ਸਉਣ ਸਿੰਘ ਨੇ ਵੀ ਅਲੌੜ ਵਾਲੇ ਨਾਮਧਾਰੀ ਜਿਉਂ ਹੀ ਇਹ ਪੇਸ਼ਕਸ਼ ਠੁਕਰਾ ਦਿੱਤੀ। ਉਸ ਕਿਹਾ ਕਿ ਉਹ ਦੋ ਸਰਕਾਰਾਂ ਦੀ ਨੌਕਰੀ ਨਹੀਂ ਕਰ ਸਕਦਾ। 'ਜਦੋਂ ਅੰਗਰੇਜ਼ ਦੇ ਨੌਕਰ ਸਾਂ ਇਧਰ ਫੇਰਾ ਪਾਉਣਾ ਔਖਾ ਸੀ। ਹੁਣ ਸਤਿਗੁਰੂ ਰਾਮ ਸਿੰਘ ਦੀ ਨੌਕਰੀ ਵਿਚ ਆ ਗਏ ਹਾਂ, ਉਸ ਨਾਲ ਹੁਣ ਦੂਰ ਦਾ ਵੀ ਵਾਸਤਾ ਨਹੀਂ ਰਿਹਾ। ਅੰਗਰੇਜ਼ਾਂ ਦੀ ਨੌਕਰੀ ਕਰਨ ਵਾਲਾ ਸਾਉਣ ਸਿੰਘ ਉੱਥੇ ਹੀ ਮਰ ਗਿਆ। ਹੁਣ ਸਾਉਣ ਸਿੰਘ ਕੂਕਾ ਹੈ, ਕੂਕੇ ਦਾ ਤੇ ਅੰਗਰੇਜ਼ ਦਾ ਕੋਈ ਵਾਸਤਾ ਨਹੀਂ। ਕੂਕਾ ਭਾਵੇਂ ਅੰਗਰੇਜ਼ ਦਾ ਦੁਸ਼ਮਣ ਨਹੀਂ ਪਰ ਕੂਕਾ ਅੰਗਰੇਜ਼ ਦੇ ਰਾਜ ਦਾ ਖ਼ਾਤਮਾ ਚਾਹੁੰਦਾ ਹੈ। ਸਤਿਗੁਰਾਂ ਦਾ ਹੁਕਮ ਹੈ ਅੰਗਰੇਜ਼ ਦਾ ਬਾਈਕਾਟ।'[8]

ਪੁਸਤਕ 'ਰਤਨ ਮਾਲਾ' ੧੯੯੫ ਈ. ਵਿਚ ਦਿੱਲੀ ਵਿਖੇ ਛਪੀ। ਇਸ ਵਿਚ ਨਾਮਧਾਰੀ ਪੰਥ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਪ੍ਰਮੁੱਖ ਸੰਤਾਂ ਜਥੇਦਾਰ ਸ੍ਰੀ ਕਰਮ ਸਿੰਘ ਹਿੰਮਤਪੁਰਾ, ਮੋਹਨ ਸਿੰਘ ਵਡਾਲਾ ਜੌਹਲਾਂ, ਰਲਾ ਸਿੰਘ, ਆਲਾ ਸਿੰਘ, ਗੁਲਾਬ ਸਿੰਘ ਫਰਨ ਅਤੇ ਉਨ੍ਹਾਂ ਦੇ ਹਜ਼ੂਰੀ ਸੇਵਕਾਂ ਭਾਈ ਵਜ਼ੀਰ ਸਿੰਘ, ਮਹਿਕਮ ਸਿੰਘ ਅਤੇ ਲਾਗਰੀ ਰਤਨ ਸਿੰਘ ਦੇ ਚਰਿੱਤਰ ਨੂੰ ਉਘਾੜਨ ਵਾਲੀਆਂ ਘਟਨਾਵਾਂ ਬਿਆਨ ਕੀਤੀਆਂ ਹਨ। ਇਹ ਉਹ ਸਾਧੂ ਹਨ ਜਿਨ੍ਹਾਂ ਬਾਰੇ ਗੁਰਬਾਣੀ ਦਾ ਫ਼ਤਵਾ ਹੈ-

"ਜਿਨਾ ਸਾਸਿ ਗ੍ਰਾਸ ਨ ਵਿਸਰੇ ਹਰਿ ਨਾਮਾ ਮਨਿ ਮੰਤ॥
ਧੰਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ॥"

ਜਦੋਂ ਜਜ਼ਬਿਆਂ ਦੇ ਸਮੁੰਦਰ ਵਿਚ ਛੱਲਾਂ ਉੱਠਦੀਆਂ ਹਨ ਤਾਂ, ਮਾਸਟਰ ਜੀ ਵਾਕਫ਼ੀਅਤ ਛੱਡ ਕੇ ਕਵਿਤਾ, ਭਾਵੇਂ ਉਹ ਧੁੰਦਲੀ ਹੀ ਕਿਉਂ ਨਾ ਹੋਵੇ, ਦੀ ਓਟ ਵਿਚ ਪੁੱਜ ਜਾਂਦੇ ਹਨ। ਸੰਤ ਰਤਨ ਸਿੰਘ ਹੋਰਾਂ ਦਾ ਵਰਣਨ ਇਸੇ

Sri Satguru Jagjit Singh Ji eLibrary NamdhariElibrary@gmail.com

ਆਤਮੀਯਤਾ ਨਾਲ ਕੀਤਾ ਗਿਆ ਹੈ:

''ਰਤਨ ਛੈਲ ਛਬੀਲਾ, ਸਡੌਲ, ਸੁਨੱਖਾ, ਚੌੜਾ ਮੁੱਖੜਾ
ਤਿਖੇ ਨੇਤਰ, ਗੋਲ ਬਾਹੀਂ,
ਬ੍ਰਹਮਚਰੀਆ ਮਸਤਕ ਵਿਚ ਡਲਕੇ,
ਬਲਵਾਨ ਗੁਰੂ ਦਾ ਬਲਵਾਨ ਸਿੱਖ,
ਪਰ
ਇਹ ਹੱਥ ਦਾ ਸੁੱਚਾ, ਔਖ ਦਾ ਸੁੱਚਾ,
ਤਨ ਦਾ ਸੁੱਚਾ, ਮਨ ਦਾ ਸੁੱਚਾ''[9]

ਮਾਸਟਰ ਜੀ ਆਪਣੇ ਆਪ ਨੂੰ ਗਰੀਬ ਸਿੱਖਾਂ ਦੀ ਕਤਾਰ ਵਿਚ ਖਲ੍ਹਾਰਦਿਆਂ ਦੱਸਦੇ ਹਨ ਕਿ ਰਤਨ ਸਿੰਘ ਜਿਵੇਂ ਪੰਥ ਦੇ ਮਹਾਨ ਨੇਤਾਵਾਂ ਸ. ਆਤਮਾ ਸਿੰਘ ਰਾਵਲਪਿੰਡੀ ਜਾਂ ਸ: ਦੇਆ ਸਿੰਘ ਕੱਕੜ ਨਾਲ ਪੇਸ਼ ਆਉਂਦਾ ਸੀ ਉਵੇਂ ਹੀ ਮਾਸਟਰ ਜੀ ਨੂੰ ਨਿਵਾਜਦਾ ਸੀ:

''ਸਭਸ ਦਾ ਪਿਆਰਾ, ਸਭਸ ਦਾ ਮੇਲੀ, ਮਿਤਰ, ਸੰਗੀ
ਦਿਲ ਦੀਆਂ ਦੇਵੇ, ਦਿਲ ਦੀਆਂ ਲਵੇ।
ਭਾਵੇਂ ਆਵੇ ਆਤਮ-ਬਲੀ, ਜਾਂ ਬੀਰ-ਦਇਆ,
ਜਾਂ ਨਿਰਧਨ ਨਿਹਾਲ
ਜੀਅ ਆਇਆਂ ਨੂੰ ਖਿੜੇ ਮੱਥੇ।
ਪੂਰਨ ਜੋਗੀ, ਪੂਰਨ ਤਪੱਸਵੀ,
ਪੂਰਨ ਜਤੀ, ਪੂਰਨ ਸੇਵਾਦਾਰ,
ਖੁਸ਼ੀਆਂ ਲੈਂਦਾ, ਖੁਸ਼ੀਆਂ ਵੰਡਦਾ,
ਖੁਸ਼ੀਆਂ ਵੰਡਾਂਦਾ, ਖੁਸ਼ੀਆਂ ਪੌਂਦਾ
ਮਾਰ ਗਿਆ ਉਡਾਰੀ ਅਰਸ਼ਾਂ ਵੱਲ,
ਚੰਨ ਤਾਰਿਆਂ ਤੋਂ ਪਰੇ,
ਅਰਸ਼-ਕੁਰਸ਼ ਸਭ ਨੀਵੇਂ, ਹੇਠਾਂ
ਵਿਛੜੇ ਮਾਹੀ ਦੇ ਚਰਨਾਂ ਨਾਲ ਲਿਪਟ ਗਿਆ।''[10]

ਸੰਤ ਕਰਮ ਸਿੰਘ ਹਿੰਮਤਪੁਰੀਏ ਦੇ ਸਾਰੇ ਜਥੇ ਦੇ ਸਿੰਘਾਂ ਦੇ ਰੇਸ਼ਮੀ ਬਸਤਰ ਪੈਰੀਂ ਤਿੱਲੇ ਦੇ ਕੱਢਵੇਂ ਜੋੜੇ। ਉਹ ਪੱਦੀ ਖਾਲਸਾ (ਜਲੰਧਰ) ਦੇ ਭਾਈ ਠਾਕੁਰ ਸਿੰਘ ਜੀ ਨਾਮਧਾਰੀ ਦੇ ਘਰ ਪਹੁੰਚਦੇ ਹਨ। ਠਾਕੁਰ ਸਿੰਘ ਜੀ ਲੰਗਰ ਦੀ ਅਰਜ਼ ਕਰਦੇ ਹਨ ਤਾਂ ਸੰਤਾਂ ਦਾ ਉੱਤਰ ਸੀ:

''ਅਜੇ ਲੰਗਰ ਦਾ ਭਾਈ ਹੁਕਮ ਨਹੀਂ ਲਗਦਾ ਤੇ ਨਾ ਹੀ ਦੇਗਾਂ ਦਾ। ਹੁਕਮ ਇਹ ਲਗਦਾ ਹੈ ਕਿ ਤੇਰੇ ਘਰ ਦੀ ਛੱਤ ਏਨੀ ਕਮਜ਼ੋਰ ਹੈ, ਘੁਣ ਖਾਧੀ ਹੈ ਕਿ ਇਸ ਤੋਂ ਕਿਸੇ ਵੇਲੇ ਵੀ ਖ਼ਤਰਾ ਹੈ। ਇਸ ਨੂੰ ਲਾਹੋ ਤੇ ਛੱਤ ਨਵੀਂ ਪੁਆਓ।''[11] ਸੰਤਾਂ ਦੇ ਜਥੇ ਨੇ ਦਿਨ ਡੁੱਬਦੇ ਤੱਕ ਮਕਾਨ ਦੀ ਛੱਤ ਬਦਲ ਦਿੱਤੀ। ਕਰਮ ਸਿੰਘ ਜੀ ਸ਼ਬਦ ਦੇ ਸਹੀ ਅਰਥਾਂ ਵਿਚ ਕਰਮਯੋਗੀ ਸਨ। ਇਹ ਨਹੀਂ ਸੋਚਿਆ ਕਿ ਸਿੰਘਾਂ ਦੇ ਰੇਸ਼ਮੀ ਬਸਤਰ ਤੇ ਨਵੇਂ ਜੋੜੇ ਖਰਾਬ ਹੋਣਗੇ। ਸੇਵਾ ਨੂੰ ਤਰਜੀਹ ਦਿੱਤੀ।

ਸੰਤ ਆਲਾ ਸਿੰਘ ਜੀ ਪਿੰਡ ਵਰਨ (ਸੇਖੂਪੁਰਾ) ਦੇ ਸੋਹਲ ਸਿੰਘ ਵਿਰਕ ਪਿਤਾ ਤੇ ਮਾਤਾ ਇੰਦਰ ਕੌਰ ਦੇ ਘਰ ਪੈਦਾ ਹੋਏ ਸਨ। ਉਨ੍ਹਾਂ ਦਾ ਕਲਮੀ-ਚਿੱਤਰ ਮਾਸਟਰ ਜੀ ਇਉਂ ਖਿੱਚਦੇ ਹਨ:

Sri Satguru Jagjit Singh Ji eLibrary NamdhariElibrary@gmail.com

"ਜੇਹਾ ਨਾਉਂ ਤੇਹਾ ਨਾਉਂ, ਕੁੰਦਨ ਵਰਗਾ ਰੰਗ, ਕੁੰਦਨ ਵਰਗਾ ਆਹਾਰ, ਕੁੰਦਨ ਵਰਗੀ ਕਾਰ, ਕੁੰਦਨ ਵਰਗੀ ਬਹਿਣੀ, ਕੁੰਦਨ ਵਰਗੀ ਕਹਿਣੀ, ਕੁੰਦਨ ਵਰਗਾ ਤਨ ਤੇ ਕੁੰਦਨ ਵਰਗਾ ਮਨ, ਸੰਤ ਉੱਚੇ ਲੰਮੇ, ਸੂਖਮ ਨੇਤਰ ਮਮੋਲਿਆਂ ਵਰਗੇ, ਦਰਸ਼ਨਾਂ ਨਾਲ ਭੁੱਖ ਲਹੇ, ਰਸਨਾ ਟੱਕ ਟੱਕ ਚੱਲਦੀ, ਭਜਨਬਾਣੀ ਦੇ ਆਬਿਦ, ਨਿਰਮਲ, ਨਿਰਕਪਟ, ਅੰਦਰੋਂ ਬਾਹਰੋਂ ਇਕੋ ਜੈਸੇ। ਬੋਲਦੇ ਤਾਂ ਜਾਣੋਂ ਮੂੰਹੋਂ ਫੁੱਲਾਂ ਦੀ ਵਰਖਾ ਹੋਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਭੌਰੇ। ਜਦ ਤੋਂ ਸਤਿਗੁਰਾਂ ਦੇ ਚਰਨਾਂ ਨਾਲ ਜੁੜੇ, ਫੇਰ ਹੋਰ ਪਾਸੇ ਨਹੀਂ ਝਾਕਿਆ। ਨੱਕ ਦੀ ਸੇਧ, ਸੱਜੇ ਨਹੀਂ ਤੱਕਿਆ ਨਾ, ਖੱਬੇ ਝਾਕਿਆ। ਸਾਦਿਕ, ਸ਼ਰਧਾਲੂ, ਹੁਕਮੀ ਬੰਦਾ, ਸਤਿਗੁਰਾਂ ਦੀ ਮੂਹਰਲੀ ਕਤਾਰ ਵਿਚ।"[12]

੧੯੭੬ ਬਿਕ੍ਰਮੀ ਦਾ ਹੋਲਾ ਮਹੱਲਾ ਵਰਨਾ ਵਿਖੇ ਹੋਇਆ। ਜਦੋਂ ਹਿਸਾਬ ਕਿਤਾਬ ਕੀਤਾ ਤਾਂ ਬੁੱਧ ਸਿੰਘ ਖਜਾਨ ਚੂਹੜਕਾਣੇ ਦੀ ਮਾਇਆ ਹੋਲਾ ਪ੍ਰਬੰਧਕਾਂ ਵੱਲ ਨਿਕਲੀ। ਸੰਤ ਆਲਾ ਸਿੰਘ ਜੀ ਜਥੇ ਸਮੇਤ ਬੁੱਧ ਸਿੰਘ ਪਾਸ ਗਏ। ਉਹਨੂੰ ਕਿਹਾ "ਇਕ ਨੌਕਰ ਹਟਾ ਦੇ", ਉਹਦੇ ਹਿੱਸੇ ਦਾ ਕੰਮ ਤੇਰਾ ਅਸੀਂ ਕਰਾਂਗੇ। ਉਹ ਮੰਨੇ ਨਾ ਸੰਤਾਂ ਧੱਕੇ ਨਾਲ ਮਨਾ ਕੇ, ਮਹੀਨਾ ਭਰ ਉੱਥੇ ਹੀ ਰਹਿ ਕੇ, ਉਹ ਦੀ ਕਾਰ ਕਰ ਕੇ, ਹੋਲੇ ਦਾ ਲੇਖਾ ਸਾਫ਼ ਕੀਤਾ। ਸੰਤ ਨਾਮ ਬਾਣੀ ਦੇ ਨਾਲ-ਨਾਲ ਆਪਣੇ ਛਕਣ ਲਈ ਕਿਰਸਾਨੀ ਕਾਰ ਵੀ ਹੱਥੀਂ ਕਰਦੇ ਸਨ। ਇਸ ਤਰ੍ਹਾਂ ਦਾ ਅਮਲੀ ਜੀਵਨ ਵਿਰਲੇ ਸਾਧੂਆਂ ਦਾ ਸੀ। ਵੰਡ ਤੋਂ ਬਾਅਦ ਸੰਤਾਂ ਨੇ ਡੇਰਾ ਜੰਡ ਮਲੇਰਾ (ਸਿਰਸਾ) ਵਿਖੇ ਲਾਇਆ ਜਿਸ ਪਿੰਡ ਦਾ ਨਾਂ, ਸਤਿਗੁਰੂ ਪਰਤਾਪ ਸਿੰਘ ਜੀ ਨੇ ਸੰਤਾਂ ਦਾ ਡੇਰਾ ਹੋਣ ਕਾਰਨ ਇੱਥੇ, ਸੰਤ ਨਗਰ ਰੱਖ ਦਿੱਤਾ ਸੀ, ਜੋ ਹੁਣ ਪ੍ਰਚਲਿਤ ਹੈ। ਇਸੇ ਨਗਰ ਵਿਚ ੨੦੧੬ ਬਿਕ੍ਰਮੀ ਦੇ ਵੈਸਾਖ ਮਹੀਨੇ ਸੰਤ ਆਲਾ ਸਿੰਘ ਅਕਾਲ ਚਲਾਣਾ ਕਰ ਗਏ ਸਨ। ਬਾਬਾ ਸੁੰਦਰ ਸਿੰਘ ਫਰੀਦ ਤੇ ਸੰਤ ਹਰਬੰਸ ਸਿੰਘ 'ਠਾਕੁਰ ਜੀ' ਉਨ੍ਹਾਂ ਦੇ ਬਾਅਦ ਡੇਰਾ ਚਲਾਉਂਦੇ ਰਹੇ।

ਮਾਸਟਰ ਜੀ ਦੀ ਵਾਰਤਕ ਦੇ ਕੁਝ ਨਮੂਨੇ, ਉਸ ਦੀ ਵਿਸ਼ਾ ਵਸਤੂ ਵੇਖਣ ਬਾਅਦ ਹੁਣ ਉਨ੍ਹਾਂ ਦੀ ਕਵਿਤਾ ਉਪਰ ਝਾਤ ਪੁਆਉਣ ਦੀ ਕੋਸ਼ਿਸ਼ ਕਰਾਂਗੇ। ਕਿਉਂਕਿ ਮਾਸਟਰ ਜੀ ਅੰਗਰੇਜ਼ੀ ਸਾਹਿਤ ਦੇ ਗਿਆਤਾ ਸਨ, ਪੰਜਾਬੀ ਵਿਚ ਗਿਆਨੀ ਪਾਸ ਸਨ ਸੋ ਖੁੱਲ੍ਹੀ ਕਵਿਤਾ ਨੇ ਉਨ੍ਹਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਪਰ ਇਹ ਕਵਿਤਾ ਸਿਰਫ਼ ਤੋਲ ਤੁਕਾਂਤ ਤੋਂ ਮੁਕਤ ਹੈ, ਰਸ ਲੈਅ ਅਤੇ ਸ਼ਬਦ ਸੁਹਜ ਤੋਂ ਮੁਕਤ ਨਹੀਂ। ਵਿਸ਼ਾ ਤਾਂ ਕਵਿਤਾ ਦਾ ਵੀ ਵਾਰਤਕ ਵਾਲਾ ਹੀ ਹੈ- ਗੁਰੂ ਮਹਿਮਾ। ਵਿਸ਼ੇਸ਼ ਕਰਕੇ ਇਸ ਕਵਿਤਾ ਵਿਚ ਜੋ "ਸੀਤਲਤਾ ਦਾ ਸਰੋਤ" ਪੁਸਤਕ ਵਿਚ ਰਚੀ ਗਈ ਹੈ ਨੂਰੀ ਮੂਰਤੀ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀਆਂ ਝਾਕੀਆਂ ਮਨਮੋਹਕ ਅੰਦਾਜ਼ ਵਿਚ ਪੇਸ਼ ਕੀਤੀਆਂ ਗਈਆਂ ਹਨ। ਪੁਸਤਕ ਦੀ ਭੂਮਿਕਾ ਵਿਚ ਮਾਸਟਰ ਜੀ ਲਿਖਦੇ ਹਨ ਕਿ ਸ਼ਾਂਤ ਪਾਣੀਆਂ ਵਿਚ ਤਾਂ ਸਾਰੇ ਹੀ ਚੰਗੇ ਮੁਹਾਣੇ ਬਣ ਜਾਂਦੇ ਹਨ, ਪਰ ਭੈੜੇ ਤੂਫ਼ਾਨਾਂ ਵਿਚ ਦਿਲ ਗੁਰਦੇ ਵਾਲੇ ਹੀ ਹੌਂਸਲਾ ਕਰਕੇ ਅੱਗੇ ਵਧਦੇ ਹਨ। ਨਿਰਸੰਦੇਹ ਗੁਰੂ ਹਰੀ ਸਿੰਘ ਜੀ ਇਕ ਐਸੇ ਹੀ ਮੁਹਾਣੇ ਸਨ ਜਿਹਨਾਂ ਪੂਰੇ ਚੌਤੀ ਵਰ੍ਹੇ, ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ ਬਾਅਦ, ਨਾਮਧਾਰੀ ਫੁਲਵਾੜੀ ਨੂੰ ਹਰਾ ਭਰਾ ਰੱਖਿਆ। ਸ਼ਾਇਦ ਇਸੇ ਪ੍ਰਯੋਜਨ ਨੂੰ ਧਿਆਨ ਵਿਚ ਰੱਖ ਕੇ ਸਤਿਗੁਰੂ ਜੀ ਨੇ ਪ੍ਰਦੇਸ਼ ਤੋਂ ਭੇਜੇ ਹੁਕਮਨਾਮੇ ਵਿਚ ਸੰਗਤ ਨੂੰ ਤਾਕੀਦ ਕੀਤੀ ਸੀ ਕਿ ਇਸ ਨੂੰ ਸਿਰਕਰਤਾ ਜਾਨਣਾ, ਮੇਰੇ ਧੱਕੇ ਨੂੰ ਇਹ ਬਖਸ਼ ਦੇਵੇਗਾ, ਇਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ ਸਕਾਂਗਾ ਅਤੇ ਹੁਣ ਇਸ ਦਾ ਨਾਉਂ ਬੁੱਧ ਸਿੰਘ ਦੀ ਥਾਂ ਹਰੀ ਸਿੰਘ ਕਰ ਕੇ ਲਿਆ ਜਾਵੇ, ਇਸ ਤਰ੍ਹਾਂ ਜਿਹੋ ਜਿਹਾ ਨਾਮ ਉਸ ਤਰ੍ਹਾਂ ਦਾ ਕੰਮ ਦੀ ਧਾਰਨਾ ਪ੍ਰਗਟ ਹੁੰਦੀ ਹੈ।

ਚੀਨੀ ਵਾਲੇ ਸਤਿਗੁਰੂ ਜੀ ਦੇ ਵਿਛੋੜੇ ਦੇ ਬਿਹਬਲ ਕਰਨ ਵਾਲੇ ਦ੍ਰਿਸ਼ਾਂ ਨਾਲ ਕਵਿਤਾ ਵਿਚ ਕਰੁਣਾਰਸ ਦਾ ਮਾਨੋ ਪ੍ਰਵਾਹ ਚੱਲ ਪਿਆ ਹੈ, ਜਦੋਂ ਛੋਟੇ ਭਾਈ ਬੁੱਧ ਸਿੰਘ ਵੱਡੇ ਭਰਾਤਾ ਨੂੰ ਕਹਿੰਦੇ ਹਨ ਕਿ ਤੁਹਾਡੀ ਥਾਂ ਅੰਗਰੇਜ਼ਾਂ ਦੱਸੇ ਪਰਚਾਰੇ ਗਏ, ਸਾਰੇ ਕੀਤੇ ਅਣਕੀਤੇ ਜੁਰਮਾਂ ਨੂੰ, ਮੈਂ ਆਪਣੇ ਸਿਰ ਲੈ ਲੈਂਦਾ ਹਾਂ, ਤੁਸੀਂ ਇਥੇ ਰਹਿ ਜਾਓ-

"ਕੁਰਲਾਹਟ ਮਚ ਗਈ/ ਭੈਣੀ ਦੀਆਂ ਗਲੀਆਂ ਅੰਦਰ

Sri Satguru Jagjit Singh Ji eLibrary NamdhariElibrary@gmail.com

ਮਸਤਾਨੇ ਬਣ ਗਏ ਲੋਟਣ ਕਬੂਤਰ।

ਮਾਈਆਂ ਕਮਲੀਆਂ ਵਾਲ ਖੋਹਣ/ ਦੋ ਹੱਥੜੀ ਪਿੱਟਣ।

ਭਾਈ ਮੁਦਾਈ/ਕੂਕਣ-ਡੁਸਕੇ ਲੈਣ।

ਬੁੱਧ ਸਿੰਘ ਬੇਸੁੱਧ, ਮੂਰਛਾ/ਹਾੜੇ ਘੱਤੇ ਵੀਰਕੇ ਨੂੰ,

"ਮੈਂ ਜਾਂਦਾ ਹਾਂ ਤੇਰੇ ਥਾਂ/ਮੈਂ ਲਵਾਂਦਾ ਹਾਂ ਬੇੜੀਆਂ/

ਸੰਗਤਾਂ ਦਿਆ ਵਾਲੀਆ। ਨ ਜਾਹ। ਨ ਜਾਹ।"[73]

ਅਲਾਹਾਬਾਦ ਦੇ ਕਿਲ੍ਹੇ ਵਿਚੋਂ ਵੀ ਅੰਗਰੇਜ਼ ਸਰਕਾਰ ਦੇ - ਤੁਹਾਡਾ ਡੇਰਾ ਕਿਸ ਨੂੰ ਸੌਂਪਿਆ ਜਾਵੇ - ਪੁੱਛਣ ਤੇ ਸਤਿਗੁਰੂ ਜੀ ਨੇ ਆਪਣੇ ਭਾਈ ਬੁੱਧ ਸਿੰਘ ਦਾ ਨਾ ਲਿਆ ਸੀ ਤੇ ਉਹ ਇਸ ਜ਼ਿੰਮੇਵਾਰੀ ਨੂੰ ਪ੍ਰਵਾਨ ਕਰਦੇ ਹਨ:

"ਬੁੱਧ ਸਿੰਘ ਆਸਰਾ ਹੈ/ਸੱਚੀ ਸਰਕਾਰ ਦਾ/ਠਿੱਲ ਪਿਆ।

ਜਾ ਹੱਥ ਪਾਏ ਚੱਪੂਆਂ ਤੇ/ ਭੰਵਰੀ ਫਸੇ ਬੇੜੇ ਨੂੰ/ ਪਾਰ ਲਗਾਉਣ ਹਿਤ।"[74]

ਇਸ ਸਮੇਂ ਕੂਕਾ ਲਹਿਰ ਗੈਰ ਕਾਨੂੰਨੀ ਸੀ ਅਤੇ ਕੂਕਾ ਹੋਣਾ ਵੱਡਾ ਗੁਨਾਹ ਬਣ ਚੁੱਕਾ ਸੀ। ਸਭ ਆਪਣੇ-ਬਿਗਾਨੇ ਕੂਕਿਆਂ ਦੇ ਲਹੂ ਦੇ ਤਿਹਾਏ ਸਨ। ਸਿੱਖ ਤਖ਼ਤਾਂ ਤੋਂ, ਕੂਕੇ ਸਿੱਖ ਨਹੀਂ, ਦੇ ਫ਼ਤਵੇ ਜਾਰੀ ਹੋ ਰਹੇ ਸਨ। ਕੂਕਿਆਂ ਨੂੰ ਉਨ੍ਹਾਂ ਦੇ ਘਰਾਂ ਵਿਚ ਵੀ ਅੱਧੀ ਅੱਧੀ ਰਾਤੀਂ ਉਠਾ ਕੇ, ਹਾਜ਼ਰੀ ਲਾ ਆ ਜੇਲ੍ਹਾਂ ਵਾਂਗੂੰ ਹੀ ਰੱਖਿਆ ਜਾ ਰਿਹਾ ਸੀ। ਜੇ ਕਿਸੇ ਪਿੰਡੋਂ ਕੂਕਾ ਲੰਘ ਜਾਂਦਾ, ਲੰਬੜਦਾਰਾਂ, ਚੌਕੀਦਾਰਾਂ, ਸਫ਼ੈਦਪੋਸ਼ਾਂ ਦੇ ਭਾ ਦੀ ਬਣ ਜਾਂਦੀ। ਉਹ ਇਸ ਹਾਦਸੇ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਕੂਕਿਆਂ ਦੇ ਪਿੱਛੇ ਸ਼ਿਕਾਰੀ ਕੁੱਤੇ ਲਾ ਦਿੰਦੇ। ਇੱਥੋਂ ਤੱਕ ਕਿ ਨਾਮਧਾਰੀਆਂ ਨੂੰ ਆਪਣੀਆਂ ਧਾਰਮਿਕ ਰਹੁ-ਰੀਤਾਂ ਪੂਰੀਆਂ ਕਰਨ ਦੀ ਵੀ ਇਜਾਜ਼ਤ ਨਹੀਂ ਸੀ ਦਿੱਤੀ ਜਾ ਰਹੀ:

"ਕਰਾਵੇ ਪਾਠ ਕੋਈ/ਲਗਾਵੇ ਕੋਈ ਦੀਵਾਨ/

ਕਰਨ ਰੱਬ ਦੀ ਯਾਦ

ਧੌਂਸ। ਕਹਿਰ ਖ਼ੁਦਾ ਦਾ ਨਾਜ਼ਲ।

ਬਣਾ ਦੇਣ ਖੰਭਾਂ ਦੀਆਂ ਡਾਰਾਂ/ਪੇਸ਼ੀਆਂ ਮੁਕੱਦਮੇ

ਕਾਲੀਆਂ ਕੋਠੜੀਆਂ/ਸੀਖਾਂ ਵਾਲੇ ਪਿੰਜਰੇ

ਭੁੱਖੇ ਤਿਹਾਏ/ਵਿਹੜ ਲੈਣ ਬਿਨਾ ਪੁੱਛ ਗਿੱਛ।"[75]

ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾਂ, ਡੇਰੇ ਭੈਣੀ ਸਾਹਿਬ ਵਿਚ ਹੀ ਰਹਿੰਦੀ ਸੀ ਆਪਣੇ ਪਰਿਵਾਰ ਸਮੇਤ। ਉਸ ਦੀ ਆਦਤ ਸੀ ਗੁਰੂ ਹਰੀ ਸਿੰਘ ਜੀ ਨੂੰ ਮਾੜਾ ਬੋਲਣ ਦੀ। ਗੁਰੂ ਹਰੀ ਸਿੰਘ ਕਈ ਕਈ ਦਿਨ ਇਹ ਕਹਿ ਕੇ ਪ੍ਰਸ਼ਾਦ ਛਕਣ ਹੀ ਨਾ ਆਉਂਦੇ "ਮੈਨੂੰ ਵੇਖ ਕੇ ਕੁੜੀ ਔਖੀ ਹੋਵੇਗੀ।" -

"ਨੰਦਾਂ ? ਭਿਖੀਆਂ ਏਵੇਂ/ਬੋਲ ਕੁਬੋਲ ਬੋਲੇ

"ਬਾਗਾਂ ਦੇ ਮਾਲੀ ਟੁਰ ਗਏ/ਤੇਰੇ ਕਰਨ ਬਹਾਰਾਂ"

ਸਭ ਸੁਣਿਆ ਅਣਸੁਣਿਆ/ ਕਈ ਕਈ ਦਿਨ/

ਪ੍ਰਸ਼ਾਦ ਨਹੀਂ ਪਾਉਂਣਾ

ਗਲੀਓਂ ਨਹੀਂ ਲੰਘਣਾ/ਮਤੇ-ਕੁੜੀ ਔਖੀ ਹੋਵੇ।"[76]

ਲੁਧਿਆਣੇ ਦੇ ਪੁਲਿਸ ਕਪਤਾਨ ਵਾਰਬਰਟਨ ਦੀ ਮੇਮ ਤੋਂ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਹੋਣ ਦਾ (ਗ੍ਰਿਫ਼ਤਾਰੀ ਤੋਂ ਚੋਖਾ ਚਿਰ ਬਾਅਦ ਜਦੋਂ ਅਲਾਹਾਬਾਦ ਕਿਲ੍ਹੇ ਵਿਚੋਂ ਔਰੇ ਲੈ ਗਏ ਸਨ, ਕੂਕਿਆਂ ਨੂੰ ਪਤਾ ਨਹੀਂ ਸੀ ਲੱਗ ਰਿਹਾ ਆਪ ਕਿੱਥੇ ਹਨ) ਪਤਾ ਲੱਗਣ ਤੇ ਭਾਈ ਦਰਬਾਰਾ ਸਿੰਘ, ਰਾਇਪੁਰੀਆ, ਜੋ ਭੈਣੀ ਸਾਹਿਬ ਡੇਰੇ ਦਾ ਕੁਲ ਕਾਰ ਮੁਖ਼ਤਿਆਰ ਵੀ ਸੀ, ਭੇਸ ਬਦਲਕੇ ਰੰਗੂਨ ਪੁੱਜਦਾ ਹੈ ਤਾਂ ਦੋਵਾਂ ਵਿਚ ਇਉਂ ਵਾਰਤਾਲਾਪ ਹੁੰਦਾ ਹੈ:

Sri Satguru Jagjit Singh Ji eLibrary NamdhariElibrary@gmail.com

"ਓਏ ਦਰਬਾਰਿਆ।
ਖ਼ਰੀਆਂ/ਟਾਹਰਾਂ ਮਾਰਿਆ ਕਰਦੇ ਸੈਂ ?
ਭਾਲ ਨਾ ਕੀਤੀ ਗਵਾਚੀ ਵੱਛੀ ਜਿਨੀ ?
ਢੂੰਡਿਆ ਨਾ ਗੁਆਚੇ ਚੂਚੇ ਜਿਨਾ ?
ਭੁੱਲ ਪਇਆ ਦਰਬਾਰਾ/
"ਜਿਸ ਤਨ ਲਾਗੇ ਸੋ ਤਨ ਜਾਣੈ
ਕੀ ਦੱਸੀਏ ਕੀ ਭਾ ਵਿਕਦੀ ਏ ਕੂਕਿਆਂ ਨਾਲ
ਪੋਟਾ ਪੋਟਾ ਚੀਰੋ/ ਪੋਰ ਪੋਰ ਠੋਕੋ
ਰੋਮ ਰੋਮ ਕੰਡੇ/ਰੋੜੇ ਪੱਥਰ ਹਨ ਕੂਕਿਆਂ ਦੇ ਰਾਹੀਂ
ਬੁੱਧ ਸਿੰਘ ਹੀ ਹੈ/ਸਿਰ ਭਾਰੀ ਜਾ ਰਹਿਆ।"17

ਫਿਰ ਬਹੁਤ ਸਾਰੇ ਕੂਕੇ ਭੇਸ ਬਦਲ ਕੇ ਰੰਗੂਨ ਗੁਰੂ ਦਰਸ਼ਨਾਂ ਨੂੰ ਜਾ ਰਹੇ ਹਨ। ਸਿਰਹਾਲੀ ਦਾ ਮੀਹਾਂ ਸਿੰਘ ਪੰਜਾਬੀ ਕਿਸਾਨ ਦੇ ਵੇਸ ਵਿਚ ਨੌਕਰੀ ਲੱਭਣ ਦੇ ਬਹਾਨੇ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਪਾਸ ਪਕੜੇ ਜਾਣ ਤੇ ਪੜਤਾਲੀਏ ਅਫ਼ਸਰ ਨੂੰ ਕਹਿੰਦਾ ਹੈ- ਇਹੋ ਨੌਕਰੀ ਕਰਨੀ ਸੀ ਦਰਸ਼ਨ ਦੀਦਾਰਿਆਂ ਵਾਲੀ। ਹੁਣ ਤੁਸੀਂ ਆਪਣਾ ਕੰਮ ਕਰੋ। ਜੇਲ੍ਹ ਵਿਚ ਪੱਥਰ ਕੁੱਟਣ ਤੇ ਲਾ ਦਿੱਤਾ। ਫਲੌਰ ਤੋਂ ਨਰਾਇਣ ਸਿੰਘ, ਉਰਦੂ ਫ਼ਾਰਸੀ ਦਾ ਉਸਤਾਦ, ਮਦਰੱਸਾ ਬੰਦ ਕਰਕੇ, ਪਠਾਣੀ ਭੇਸ ਬਣਾ ਕੇ ਹਿੰਗ, ਜੀਰਾ, ਲੌਂਗ ਆਦਿ ਵੇਚਣ ਵਾਲਾ ਬਣ ਕੇ ਪੁੱਜ ਗਿਆ ਸੱਚੇ ਪਾਤਸ਼ਾਹ ਦੇ ਪਾਸ। 'ਅੰਬਰਸਰੀਆ ਮੁੰਡਾ ਸੱਦਾ ਸਿੰਘ, 'ਮੱਥੇ ਤਿਲਕ ਸੰਧੂਰੀ, ਉੱਪਰ ਤਿਲ ਚੌਲ ਜੜੇ'', "ਰੀਂਗਾਂ ਦੇ ਟੇਵਾ ਲਾਉਣ ਵਾਲੇ ਪਾਂਡੇ ਦੇ ਭੇਸ ਵਿਚ 'ਮਾਰਤੰਡੇ ਜੋਤਸ਼ੀ' ਦੇ ਚਰਨਾਂ ਵਿਚ ਅੱਪੜ ਜਾਂਦਾ ਹੈ। ਇਸੇ ਤਰ੍ਹਾਂ ਹੀ ਭਗਵਾਨ ਸਿੰਘ ਅੜਬੰਗੀ ਵੀ, ਚਾਂਦੀ ਦਾ ਇਕ ਜਾਨਵਰ ਘੜਵਾ ਕੇ ਗਿਆ ਦਰਸ਼ਨਾਂ ਨੂੰ। ਇਤਿਹਾਸ ਇਹਨਾਂ ਬਾਰੀਕ ਵੇਰਵਿਆਂ ਲਈ ਮਾਸਟਰ ਨਿਹਾਲ ਸਿੰਘ ਜੀ ਦਾ ਰਿਣੀ ਰਹੇਗਾ। ਮਾਸਟਰ ਜੀ ਅੜਬੰਗੀ ਨੂੰ 'ਦੂਸਰਾ ਬਿਧੀ ਚੰਦ' ਅਤੇ 'ਗੁਰੂ ਕਾ ਪੂਰਾ ਸਿੱਖ' ਕਹਿ ਕੇ ਯਾਦ ਕਰਦੇ ਹਨ।

ਸਤਿਗੁਰੂ ਰਾਮ ਸਿੰਘ ਦੇ ਨਾਲ ਗੁਰੂ ਹਰੀ ਸਿੰਘ ਜੀ ਆਪਣੇ ਆਪ ਨੂੰ ਕਿਵੇਂ ਤੁਲਨਾਉਂਦੇ ਹਨ:
"ਚੋਨੀ ਵਾਲਾ ਸ਼ੇਰ ਬੱਗਾ/
ਉਹਦੀ ਭਬਕਾਰ ਹਿਲਾਵੇ ਲੰਦਨ ਦੀਆਂ ਕੰਧਾਂ
ਪੀਲੇ ਭੂਕ ਪੈ ਜਾਣ ਗੋਰੇ ਤੇ ਗੋਰੀਆਂ।
ਮੇਰਾ ਵਰਗ ਚੂਹੇ ਦਾ/ਮੈਂ ਕੁਤਰਦਾ ਹਾਂ ਜੜ੍ਹਾਂ
ਕੁਕਰਮ ਦੀਆਂ, ਕੁਧਰਮ ਦੀਆਂ/ਵਾਸ਼ਨਾ ਦੀਆਂ"
ਫਿਰ ਕਵੀ ਕਹਿੰਦਾ ਹੈ:
"ਇਸ ਦਾ ਸੀ ਉਹੋ ਨਕਸ਼ਾ,
ਉਹੋ ਮੰਜ਼ਿਲ/ਕੇਵਲ ਪੈਂਤੜੇ ਵਿਚ ਬਦਲੀ
ਇਸਦੇ ਸਾਹਮਣੇ ਸੀ ਨਵ-ਉਸਾਰੀ/
ਜ਼ਖ਼ਮੀਆਂ ਦੀ ਮਰਹਮਪੱਟੀ
ਖੇਰੂੰ ਖੇਰੂੰ ਤੀਲਿਆਂ ਨੂੰ ਇਕੱਠਾ ਕਰਨਾ।"18

ਮਾਸਟਰ ਜੀ ਅੱਗੇ ਚੱਲ ਕੇ ਕਹਿੰਦੇ ਹਨ ਕਿ ਅੰਗਰੇਜ਼ੀ ਸਮਾਨ ਦਾ ਬਾਈਕਾਟ ਕਰਨ ਕਰਕੇ, ਪੰਜਤਾਲੀ ਕਰੋੜ (ਰੁਪਏ) ਵਲੈਤ ਜਾਣੋਂ ਬਚਾਇਆ ਕੂਕਿਆਂ।"

Sri Satguru Jagjit Singh Ji eLibrary NamdhariElibrary@gmail.com

ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਸੂਬਾ ਬਿਸ਼ਨ ਸਿੰਘ, ਗੁਰਚਰਨ ਸਿੰਘ ਇਤਿਆਦਿਕ, ਰੂਸੀ ਇਲਾਕੇ ਵਿਚ ਫੇਰੀਆਂ ਪਾਉਂਦੇ ਰਹੇ ਸਨ। ਅੰਤਿਮ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਭਾਲ ਵਿਚ ਜਾਂਦੇ ਰਹੇ ਸਨ। ਰੂਸੀ ਸਰਕਾਰ ਨਾਲ ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦਾ ਪੱਤਰਾਚਾਰ ਚੱਲਦਾ ਸੀ। ਦੁਸ਼ਮਣਾਂ ਦੇ ਦੁਸ਼ਮਣਾਂ ਨੂੰ ਲੱਭ ਕੇ ਮਿੱਤਰਾਂ ਵਾਲੇ ਕੰਮ ਕਰਨ ਬਾਰੇ ਸੋਚਿਆ ਜਾ ਰਿਹਾ ਸੀ। ਇਹ ਜ਼ਰੂਰੀ ਕਾਗਜ਼-ਪੱਤਰ ਫੜਨ ਲਈ ਅਧਿਕਾਰੀਆਂ ਨੇ ਛਾਪੇ ਮਾਰੇ। ਗੁਰੂ ਹਰੀ ਸਿੰਘ ਜੀ ਨੇ ਛਾਪੇ ਤੋਂ ਐਨ ਪਹਿਲਾਂ ਜ਼ਰੂਰੀ ਕਾਗਜ਼ਾਤ ਗੁਰੂ ਕੇ ਲੰਗਰ ਵਿਚ ਅਗਨ ਭੇਟ ਕਰ ਦਿੱਤੇ। ਅੰਗਰੇਜ਼ ਅਫ਼ਸਰਾਂ ਨੂੰ ਕੁਝ ਨਾ ਮਿਲਣ ਤੇ ਨਿੰਮੋਝੂਣੇ ਹੋਇਆਂ ਵੇਖ ਵਿਅੰਗਾਤਮਕ ਸ਼ੈਲੀ ਵਿਚ ਉਨ੍ਹਾਂ ਤੇ ਟਕੋਰ ਵੀ ਕੀਤੀ ਹੈ ਅਤੇ ਗੁਰੂ ਹਰੀ ਸਿੰਘ ਜੀ ਦੇ ਜੀਵਨ-ਦਰਸ਼ਨ ਦੀ ਵੀ ਕਵੀ ਜੀ ਦੇ ਸ਼ਬਦਾਂ ਵਿਚ ਝਾਤ ਪੁਆਈ ਗਈ ਹੈ:

"ਇਹ ਤੇਰਾ ਵਹਿਮ/ਅਸੀਂ ਭਜਨ ਬਾਣੀ ਕਰਦੇ
ਰੱਬ ਦੀ ਯਾਦ ਵਿਚ ਰਹਿੰਦੇ/ਦੂਜਿਆਂ ਪਾਸੋਂ ਕਰਾਉਂਦੇ
ਮੰਦਾ ਨਾ ਸੋਚਦੇ/ਮੰਦਾ ਨਾ ਕਰਦੇ
ਕਿਸੇ ਨੂੰ ਮੰਦਾ ਨਾ ਆਖਦੇ/ਸਾਡੀ ਇਕੋ ਅਰਦਾਸ
ਸੱਭੇ ਸੁਖੀ ਵੱਸਣ/ਸੱਭੇ ਰੱਜ ਕੇ ਖਾਣ
ਨੰਗਾ ਭੁੱਖਾ ਕੋਈ ਨਾ ਰਹੇ/ਸੁੱਖ ਵਿਚ ਸੌਣ
ਸੁੱਖ ਵਿਚ ਉੱਠਣ/ਕੋਈ ਨਾ ਸਤੇ/ਕੋਈ ਨਾ ਸਤਾਏ
ਸਭ ਆਪੋ ਆਪਣੇ ਘਰੀਂ/ਆਪਣੀ ਨੀਂਦਰੇ ਸੌਣ
ਆਪਣੀ ਨੀਂਦਰ ਜਾਗਣ/ ਦੁਖੀਆ ਕੋਈ ਨਾ ਰਹੇ।"[14]

ਨਾਮਧਾਰੀਆਂ ਵਿਚ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਬਾਅਦ ਬਹੁਤ ਸਾਰੇ ਕਰਾਮਾਤੀ ਸਾਧੂਆਂ ਦੀ ਪੂਜਾ ਹੋਣ ਲੱਗ ਪਈ ਸੀ। "ਉਸ ਸਮੇਂ ਬਾਬਾ ਸੁੱਧ ਸਿੰਘ ਮਚੈਣ, ਬਾਬਾ ਦੇਵਾ ਸਿੰਘ ਧੁਰਕੋਟ, ਬਾਬਾ ਗੰਡਾ ਸਿੰਘ ਇੱਛਣ ਤੇ ਬਾਬਾ ਸੰਮਾ ਸਿੰਘ, ਸੈਣ ਸਿੰਘ ਆਦਿ ਦੇ ਕਈ ਡੇਰੇ ਸਨ। ਇਹ ਗੁਰੂ-ਕਿਆਂ ਦੇ ਚਲਾਨ ਕਰਾ ਸਕਦੇ ਸਨ। ਮੀਂਹ ਪੁਆ ਸਕਦੇ ਸਨ। ਕਿਸੇ ਦੇ ਮੰਦੇ ਕਰਮ ਪ੍ਰਗਟ ਕਰ ਸਕਦੇ ਸਨ। ਉਨ੍ਹਾਂ ਦਾ ਬੜਾ ਮਾਣ ਪ੍ਰਤਾਪ ਸੀ। ਗੁਰੂ ਜੀ ਦੌਰਾ ਆਰੰਭਿਆ ਨਿਮਰਤਾ ਨਾਲ ਸਭ ਦੀ ਸੱਤਿਆ ਖਿੱਚ ਲਿਆਂਦੀ।"[15]

ਪੰਜਾਬੀ ਮਹਾਂ ਕਾਵਿ ਵਿਚ ਛੰਦ ਮੁਕਤ ਕਾਵਿ ਦਾ ਪ੍ਰਯੋਗ ਕਰਨ ਵਾਲਾ ਮਾਸਟਰ ਨਿਹਾਲ ਸਿੰਘ ਹੀ ਸ਼ਾਇਦ ਨਿਵੇਕਲਾ ਮਹਾਂਕਵੀ ਹੈ। ਉਨ੍ਹਾਂ ਦੀ ਭਾਸ਼ਾ ਦਾ ਟਕਸਾਲੀਪਣ ਮੁਹਾਵਰਿਆਂ ਦੀ ਵਰਤੋਂ, ਦ੍ਰਿਸ਼ ਵਰਣਨ, ਪ੍ਰਕਿਰਤੀ ਚਿਤਰਣ, ਪਾਤਰ ਉਸਾਰੀ ਅਤੇ ਸੰਵਾਦ ਸਿਰਜਣ, ਰਚਨਾ ਦਾ ਪਾਠ ਕਰਦਿਆਂ ਪਾਠਕ ਨੂੰ ਉਬਾਊ ਨਹੀਂ ਬਣਾਉਂਦੀ।

ਸਾਰੀ ਉਮਰ ਜਿਸ ਵਿਅਕਤੀ ਦੀ ਕਲਮ, ਸੇਵਾ ਅਤੇ ਸਮਰਪਣ ਭਾਵਨਾ ਨਾਲ ਚੱਲਦੀ ਰਹੀ ਹੋਵੇ, ਉਸ ਦੀ ਕੀਰਤੀ ਸਮੇਂ ਸਥਾਨ ਦੇ ਬੰਧਨਾਂ ਦੀ ਮੁਹਤਾਜ ਨਹੀਂ ਹੋ ਸਕਦੀ। ਨਵੇਂ ਲੇਖਕਾਂ ਕਵੀਆਂ ਨੂੰ ਉਭਾਰਨ ਹਿਤ, ਇਲਾਕਾ ਜੀਵਨ ਨਗਰ ਦੇ ਲੰਮੇ ਕਿਆਮ ਸਮੇਂ ਸੰਤ ਤਰਨ ਸਿੰਘ ਵਹਿਮੀ ਅਤੇ ਪ੍ਰੀਤਮ ਸਿੰਘ ਕਵੀ ਜਿਉਂ ਉਨ੍ਹਾਂ ਨੂੰ ਵੀ ਪ੍ਰਸੰਨਤਾ ਹੋਇਆ ਕਰਦੀ ਸੀ। ਮਾਸਟਰ ਜੀ ਬਾਰੇ ਆਪਣੀ ਚਰਚਾ ਨੂੰ ਅਸੀਂ ਉਨ੍ਹਾਂ ਦੇ ਸੁਯੋਗ ਚੁਣੇਵੇਂ ਪ੍ਰੋ: ਸੁਖਬੀਰ ਸਿੰਘ 'ਗੁਲਾਟੀ' ਦੇ ਸ਼ਬਦਾਂ ਨਾਲ ਸਮੇਟਣ ਦੀ ਖੁਸ਼ੀ ਲਵਾਂਗੇ:

"ਮਾਸਟਰ ਨਿਹਾਲ ਸਿੰਘ ਜੀ ਦਾ ਵੱਡਪਣ ਮੈਂ ਇਸ ਗੱਲ ਵਿਚ ਮੰਨਦਾ ਹਾਂ ਕਿ ਉਨ੍ਹਾਂ ਨੇ ਕਦੀ ਵੱਡਾ ਬਣਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਨ੍ਹਾਂ ਦੀ ਅਸਾਧਾਰਨਤਾ ਵੀ ਇਸੇ ਗੱਲ ਵਿਚ ਹੈ ਕਿ ਉਹ ਸਦਾ ਸਾਧਾਰਨ ਬਣੇ ਰਹੇ। ਅੱਜ ਦੇ ਸਮੇਂ ਵਿਚ ਇਹ ਗੱਲ ਬਹੁਤ ਹੀ ਦੁਰਲੱਭ ਗੁਣ ਹੈ। ਅੱਜ ਦਾ ਯੁੱਗ ਤਾਂ ਹਲ-ਵੱਢ ਮੁਕਾਬਲੇਬਾਜ਼ੀ ਦਾ ਯੁੱਗ

Sri Satguru Jagjit Singh Ji eLibrary NamdhariElibrary@gmail.com

ਹੈ। ਮੁਕਾਬਲੇ ਦੀ ਇਸ ਦੌੜ ਵਿਚ ਹਰ ਬਸ਼ਰ ਜਿਵੇਂ ਹੀ ਹੋਵੇ ਦੂਜਿਆਂ ਨੂੰ ਪਿੱਛੇ ਛੱਡ ਕੇ ਅੱਗੇ ਲੰਘਣਾ ਚਾਹੁੰਦਾ ਹੈ। ਵੱਡਾ ਬਣਨਾ ਚਾਹੁੰਦਾ ਹੈ। ਵੱਡਾ ਬਣ ਨਾ ਸਕੇ ਤਾਂ ਵੱਡਾ ਦਿਸਣਾ ਚਾਹੁੰਦਾ ਹੈ.... ਕਿਉਂਕਿ ਇਹ ਦਿਖਾਵੇ ਅਤੇ ਬਨਾਵਟ ਦਾ ਜ਼ਮਾਨਾ ਹੈ। ਸਾਡੇ ਵਿਚੋਂ ਬਹੁਤਿਆਂ ਨੇ ਆਪਣੇ ਚਿਹਰਿਆਂ ਤੇ ਮਖੌਟੇ ਪਾਏ ਹੋਏ ਹਨ। ਅਸੀਂ ਅੰਦਰੋਂ ਕੁਝ ਹੋਰ ਹਾਂ ਅਤੇ ਬਾਹਰੋਂ ਕੁਝ ਹੋਰ। ਪ੍ਰੰਤੂ ਮਾਸਟਰ ਨਿਹਾਲ ਸਿੰਘ ਜੀ ਬਾਹਰੋਂ ਤੇ ਅੰਦਰੋਂ ਬਿਲਕੁਲ ਇਕ ਸਨ। ਉਨ੍ਹਾਂ ਕੋਈ ਮੁਖੌਟਾ ਨਹੀਂ ਪਹਿਨਿਆ ਸੀ। ਉਨ੍ਹਾਂ ਦੀ ਸ਼ਖਸੀਅਤ ਹਮੇਸ਼ਾਂ ਪਾਰਦਰਸ਼ੀ ਹੁੰਦੀ ਸੀ, ਇਸ ਲਈ ਮੈਂ ਉਨ੍ਹਾਂ ਨੂੰ ਇਕ ਪ੍ਰਮਾਣੀਕ ਸ਼ਖਸੀਅਤ ਕਹਿੰਦਾ ਹਾਂ। ਇਕ ਪੂਰੀ ਤਰ੍ਹਾਂ ਪ੍ਰਮਾਣੀਕ ਨਾਮਧਾਰੀ ਸ਼ਖਸੀਅਤ।"[21]

ਫੁੱਟ ਨੋਟ

1. ਅਧੂਰੀ ਕਹਾਣੀ-ਨਿਹਾਲ ਸਿੰਘ- ਦਿੱਲੀ ੧੯੯੬ ਈ., ਸਫ਼ਾ ੮-੯
2. ਜੀਵਨ ਮੁਕਤਿ ਸੋ ਆਖੀਐ - ਹਰਪਾਲ ਸਿੰਘ ਸੇਵਕ (ਮਾਸਟਰ ਜੀ ਦੇ ਭੋਗ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਵੰਡਿਆ ਗਿਆ ਕਿਤਾਬਚਾ)
3. ਬਾਈਬਾਰ - ਨਿਹਾਲ ਸਿੰਘ - ੧੯੬੩ ਈ., ਸ੍ਰੀ ਜੀਵਨ ਨਗਰ, ਸਫ਼ਾ ੭-੯
4. ਉਹੀ, ਸਫ਼ਾ ੧੯-੨੦
5. ਉਹੀ, ਸਫ਼ਾ ੨੨
6. ਉਹੀ, ਸਫ਼ਾ ੩੮-੪੦
7. ਉਹੀ, ਸਫ਼ਾ ੪੨
8. ਉਹੀ, ਸਫ਼ਾ ੮੬-੮੭
9. ਰਤਨਮਾਲਾ - ਨਿਹਾਲ ਸਿੰਘ - ਦਿੱਲੀ- ੧੯੮੫ ਈ., ਸਫ਼ਾ ੧੨
10. ਉਹੀ, ਸਫ਼ਾ ੧੪
11. ਉਹੀ, ਸਫ਼ਾ ੩੫
12. ਉਹੀ, ਸਫ਼ਾ ੩੭
13. ਸੀਤਲਤਾ ਦਾ ਸਰੋਤ, ਨਿਹਾਲ ਸਿੰਘ, ਸ੍ਰੀ ਜੀਵਨ ਨਗਰ, ੧੯੬੩ ਈ., ਸਫ਼ਾ ੫੮
14. ਉਹੀ, ਸਫ਼ਾ ੬੨
15. ਉਹੀ, ਸਫ਼ਾ ੬੫-੬੬
16. ਉਹੀ, ਸਫ਼ਾ ੮੨
17. ਉਹੀ, ਸਫ਼ਾ ੮੯
18. ਉਹੀ, ਸਫ਼ਾ ੧੧੭
19. ਉਹੀ, ਸਫ਼ਾ ੧੩੨-੩੩
20. ਉਹੀ, ਸਫ਼ਾ ੧੮੩ ਦਾ ਫੁੱਟ ਨੋਟ
21. 'ਸਤਿਜੁਗ' ਦਾ ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ, ਦਿੱਲੀ ੨੦੦੩ ਈ., ਸਫ਼ਾ ੧੦੭

Sri Satguru Jagjit Singh Ji eLibrary NamdhariElibrary@gmail.com

ਨੰਗੇ ਧੜ ਲੜਨ ਵਾਲਾ ਸਾਹਿਤਕਾਰ
ਸੰਤ ਆਤਮਾ ਸਿੰਘ ਸਨਖੱਤਰਵੀ

ਸੰਤ ਆਤਮਾ ਸਿੰਘ ਜੀ ਸਨਖੱਤਰਵੀ (੧੯੧੩ ਤੋਂ ੧੯੯੮ ਈ.) ਨਾਮਧਾਰੀ ਜਗਤ ਵਿਚ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਨ੍ਹਾਂ ਦੇ ਵਡੇਰੇ ਪੱਛਮੀ ਪੰਜਾਬ ਦੇ ਸਿਆਲਕੋਟ ਜ਼ਿਲ੍ਹੇ ਦੀ ਤਹਿਸੀਲ ਜ਼ਫਰਵਾਲ ਦੇ ਪਿੰਡ ਵੀਰੋਕੇ ਵਿਚ ਨਿਵਾਸ ਰੱਖਦੇ ਸਨ ਅਤੇ ਭਾਂਡਿਆਂ ਦਾ ਵਪਾਰ ਕਰ ਕੇ ਉਦਰ ਪੂਰਤੀ ਕਰਦੇ ਸਨ। ਉਨ੍ਹਾਂ ਦੇ ਦਾਦਾ ਜੋਤਾ ਸਿੰਘ ਨੂੰ ਹਜ਼ੂਰ ਦੇ ਪਹਿਲੇ ਦੌਰੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛਣ ਦਾ ਸੁਭਾਗ ਹਾਸਲ ਹੋਇਆ ਸੀ। ਈਸਵੀ ਸੰਨ ੧੮੬੩ ਵਿਚ ਜੋਤਾ ਸਿੰਘ ਦੇ ਦੋ ਪੁੱਤਰ ਹੋਏ ਜਿਨ੍ਹਾਂ ਵਿਚੋਂ ਇਕ ਬੇਲਾ ਸਿੰਘ ਸੀ। ਬੇਲਾ ਸਿੰਘ ਵੀਰੋਕੇ ਪਿੰਡ ਦਾ ਵਿਹਾਰ ਆਪਣੇ ਭਤੀਜੇ ਜੇਠਾ ਸਿੰਘ ਨੂੰ ਸਉਂਪ ਕੇ ਨਾਮਧਾਰੀਆਂ ਦੇ ਪ੍ਰਸਿੱਧ ਪਿੰਡ ਗੁਰੂ ਚੱਕ ਵਿਚ ਆ ਰਿਹਾ। ਇਥੇ ਉਹ ਕਿਸਾਨੀ ਕਾਰਜ ਵਿਚ ਸਹਾਇਕ ਹੋ ਕੇ ਆਪਣੀ ਗ੍ਰਹਿਸਥੀ ਚਲਾਉਂਦੇ ਸਨ। ਇਸੇ ਪਿੰਡ ਵਿਖੇ ਸੰਤ ਬੇਲਾ ਸਿੰਘ ਦੇ ਘਰ ਬੀਬੀ ਮਾਲਾ ਦੀ ਕੁੱਖੋਂ ਆਤਮਾ ਸਿੰਘ ਨੇ ਜਨਮ ਲਿਆ। ਫਿਰ ਸਨਖੱਤਰੇ ਪਿੰਡ ਦੀ ਨਾਮਧਾਰੀ ਸੰਗਤ ਦੀ ਅਰਜ਼ 'ਤੇ ਬੇਲਾ ਸਿੰਘ ਜੀ ਨੇ ਉਥੋਂ ਦੀ ਨਾਮਧਾਰੀ ਧਰਮਸ਼ਾਲਾ ਦੀ ਮਹੰਤੀ ਪਰਵਾਨ ਕਰ ਲਈ। ਇਸੇ ਕਾਰਨ ਉਨ੍ਹਾਂ ਨੂੰ ਮਹੰਤ ਬੇਲਾ ਸਿੰਘ ਕਿਹਾ ਜਾਣ ਲੱਗਾ ਅਤੇ ਸਮਾਂ ਪਾ ਕੇ ਆਤਮਾ ਸਿੰਘ ਹੋਰਾਂ ਨੂੰ ਵੀ ਮਹੰਤ ਉਪ ਨਾਮ ਨਾਲ ਯਾਦ ਕੀਤਾ ਜਾਣ ਲੱਗਾ।

ਨਾਮਧਾਰੀ ਸਿੰਘ ਆਪਣੇ ਬੱਚਿਆਂ ਨੂੰ ਅੰਗ੍ਰੇਜ਼ੀ ਸਰਕਾਰ ਦੁਆਰਾ ਚਲਾਈਆਂ ਜਾਣ ਵਾਲੀਆਂ ਵਿੱਦਿਅਕ ਸੰਸਥਾਵਾਂ ਵਿਚ ਨਹੀਂ ਭੇਜਦੇ ਸਨ। ਵਿਦਿਆ ਆਪਣੀ ਸੰਸਕ੍ਰਿਤੀ ਵਿਚ ਪਰਪੱਕ ਬਣਾਉਣ ਲਈ ਜ਼ਰੂਰੀ ਵੀ ਹੁੰਦੀ ਹੈ। ਜੋ ਇਲਾਕੇ ਦੀ ਨਾਮਧਾਰੀ ਸੰਗਤ ਨੇ ਸੰਤ ਟਹਿਲ ਸਿੰਘ ਸੰਦੇਵਾਲੀ ਸੰਤ ਪਾਲਾ ਸਿੰਘ ਸ਼ੇਰ ਕੋਟੀਏ, ਅਮਰ ਸਿੰਘ ਅਤੇ ਸੰਤ ਅਣਖਾ ਸਿੰਘ ਦਾਤੇਵਾਲ ਆਦਿਕ ਸਿੰਘਾਂ ਦੀ ਰਹਿਨੁਮਾਈ ਹੇਠ, ਸਨਖਤਰੇ ਦੀ ਉਪਰੋਕਤ ਧਰਮਸ਼ਾਲਾ ਵਿਚ 'ਨਾਮਧਾਰੀ ਸ੍ਰਿਸ਼ਟੀ ਸੁਧਾਰ ਸਤਿਜੁਗੀ ਆਸ਼ਰਮ' ਸ਼ੁਰੂ ਕਰ ਦਿੱਤਾ ਜਿਥੇ ਗੁਰਮੁਖੀ, ਉਰਦੂ ਅਤੇ ਹਿੰਦੀ ਭਾਸ਼ਾਵਾਂ ਪੜ੍ਹਾਉਣ ਦੇ ਨਾਲ ਨਾਲ ਸ੍ਰੀ ਆਦਿ ਗ੍ਰੰਥ, ਸ੍ਰੀ ਦਸਮ ਗ੍ਰੰਥ ਅਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਵੀ ਕਰਵਾਇਆ ਜਾਂਦਾ ਸੀ। ਸਾਧਨਾਂ ਦੀ ਘਾਟ ਕਾਰਨ ਇਹ ਵਿਦਿਆਲਾ ਸਿਰਫ਼ ਛੇ ਸਾਲ ਹੀ ਚੱਲ ਸਕਿਆ ਪਰ ਆਪਣੀ ਯਾਦਗਾਰ ਦੇ ਰੂਪ ਵਿਚ ਇਹ ਨਾਮਧਾਰੀ ਪੰਥ ਨੂੰ ਆਤਮਾ ਸਿੰਘ ਸਨਖੱਤਰਵੀ ਜਿਹਾ ਇਕ ਬਹੁ ਆਯਾਮੀ ਵਿਅਕਤੀਤਵ ਪ੍ਰਦਾਨ ਕਰ ਗਿਆ ਜੋ ਆਸ ਪਾਸ ਦੇ ਪਿੰਡਾਂ ਤੋਂ ਆਉਣ ਵਾਲੇ ੪੮ ਵਿਦਿਆਰਥੀਆਂ ਵਿਚੋਂ ਇਕ ਸੀ। ੧੬ ਸਾਲ ਦੀ ਯੁਵਾ ਅਵਸਥਾ ਵਿਚ ਇਸ ਇਲਾਕੇ ਦੇ ਦੌਰੇ ਤੇ ਆਏ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਜ਼ਰ ਆਤਮਾ ਸਿੰਘ ਹੋਰਾਂ 'ਤੇ ਪੈ ਗਈ। ਪਾਰਖੂ ਨੇਤਰਾਂ ਨੇ ਭਵਿੱਖ ਵਿਚ ਪ੍ਰਗਟ ਹੋਣ ਵਾਲੀ ਉੱਘੀ ਹਸਤੀ ਨੂੰ ਤਾੜ ਕੇ ਸ੍ਰੀ ਭੈਣੀ ਸਾਹਿਬ ਦੇ ਨਵ ਸਥਾਪਿਤ ਵਿਦਿਆਲੇ ਵਿਚ ਆ ਕੇ ਪੜ੍ਹਨ ਦਾ ਨਿਮੰਤਰਣ ਦੇ ਦਿੱਤਾ। ਇਥੇ ਸਤਿਗੁਰੂ ਜੀ ਦੇ ਦੋਵਾਂ ਸਾਹਿਬਜ਼ਾਦਿਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਿਦਿਆਰਥੀ ਸਾਰੇ ਪੰਜਾਬ ਵਿਚੋਂ ਆਏ ਹੋਏ ਸਨ। ਆਤਮਾ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਤੋਂ ਬਾਅਦ ਇਥੇ ਵੀ ਸਿੱਖ ਧਾਰਮਿਕ ਗ੍ਰੰਥਾਂ ਦਾ ਅਧਿਐਨ ਜਾਰੀ ਰੱਖਿਆ ਅਤੇ ਉਹ ਗੁਰਬਾਣੀ ਦਾ ਵਧੀਆ ਗਿਆਤਾ ਬਣ ਗਿਆ, ਜਿਸ ਕਾਰਨ ਉਹ ਪੰਜਾਬੀ ਦਾ ਸਫ਼ਲ ਵਾਰਤਕ ਲਿਖਾਰੀ ਅਤੇ ਚੰਗਾ ਕਵੀ ਵੀ ਬਣ ਗਿਆ। ੧੯੩੯ ਈ. ਦੇ ਬਸੰਤ ਅੰਕ ਵਿਚ ਉਹਦੀ ਪਹਿਲੀ ਕਵਿਤਾ 'ਧੰਨ ਗੁਰੂ ਰਾਮ ਸਿੰਘ' ਪ੍ਰਕਾਸ਼ਿਤ ਹੋਈ। ਫਿਰ

Sri Satguru Jagjit Singh Ji eLibrary NamdhariElibrary@gmail.com

ਉਸ ਦੇ ਵਾਰਤਕ ਲੇਖ ਸਪਤਾਹਿਕ 'ਸਤਿਜੁਗ' ਅਤੇ ਇਸ ਦੇ ਵਿਸ਼ੇਸ਼ ਅੰਕਾਂ ਵਿਚ ਛਪਣ ਲੱਗੇ। ਇਉਂ ਉਸ ਦਾ ਸਾਹਿਤਕ ਜੀਵਨ ਲਗਭਗ ਛੇ ਦਹਾਕਿਆਂ ਤੇ ਫੈਲਿਆ ਹੋਇਆ ਹੈ। 'ਸਤਿਜੁਗ' ਤੋਂ ਬਿਨਾਂ 'ਨਵਾਂ ਹਿੰਦੁਸਤਾਨ', 'ਸ਼ਤਾਬਦੀ ਨਿਊਜ਼', 'ਵਰਿਆਮ' ਮਾਸਿਕ ਅਤੇ 'ਨਿਰੀਖਿਅਕ' ਆਦਿ ਪਰਚਿਆਂ ਲਈ ਵੀ ਉਹ ਲਿਖਦੇ ਰਹੇ ਹਨ।

ਮਹੰਤ ਆਤਮਾ ਸਿੰਘ ਜੀ ਦਾ ਅਨੰਦ ਕਾਰਜ ੧੯੩੭ ਈ. ਵਿਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ ਬਾਈ ਸੂਬਿਆਂ ਵਿਚੋਂ ਇਕ, ਸੂਬਾ ਜੋਤਾ ਸਿੰਘ ਛਪਾਈ ਦੀ ਪੋਤਰੀ ਬੀਬੀ ਅਮਰ ਕੌਰ ਨਾਲ ਹੋਇਆ ਜਿਸ ਨਾਲ ਪੰਥਕ ਮੁਹਾਜ਼ 'ਤੇ ਉਨ੍ਹਾਂ ਦੀਆਂ ਗਤੀਵਿਧੀਆਂ ਵਿਚ ਹੋਰ ਵੀ ਤੇਜ਼ੀ ਆ ਗਈ। ਮਹੰਤ ਜੀ ਦੇ ਚਾਰ ਸਪੁੱਤਰ ਅਤੇ ਇਕ ਲੜਕੀ ਹੈ। ਪਾਕਿਸਤਾਨ ਬਣਨ ਤੋਂ ਬਾਅਦ ਕੁਝ ਸਮਾਂ ਦਸੂਹਾ ਨਗਰ ਵਿਖੇ ਟਿਕੇ ਅਤੇ ਫਿਰ ਜ਼ਮੀਨ ਅਲਾਟ ਹੋਣ ਬਾਅਦ ਪਰਿਵਾਰ ਹੇਲੀਆਂ (ਹੁਸ਼ਿਆਰਪੁਰ) ਪਿੰਡ ਆ ਗਿਆ। ਵੱਡਾ ਸਪੁੱਤਰ ਜੋਗਿੰਦਰ ਸਿੰਘ ਜੋ ਅਹੀਆਪੁਰ ਕਸਬੇ ਵਿਚ ਰਹਿੰਦਾ ਸੀ। ੧੯੯੦ ਈ. ਵਿਚ ਪੰਜਾਬ ਦੇ ਕਾਲੇ ਦਿਨਾਂ ਦੀ ਭੇਟ ਚੜ੍ਹ ਗਿਆ ਸੀ। ਇਸ ਤਰ੍ਹਾਂ ਦੇ ਸੁਲੱਗ ਸਪੁੱਤਰ ਦਾ ਅੱਤਵਾਦੀਆਂ ਹੱਥੋਂ ਮਾਰਿਆ ਜਾਣਾ ਭਾਰਾ ਸਦਮਾ ਸੀ, ਜਿਸਨੂੰ ਮਹੰਤ ਜੀ ਨੇ ਗੁਰੂ ਕੇ ਭਾਣੇ ਵਿਚ ਰਹਿ ਕੇ ਸਹਿਜ ਅਵਸਥਾ ਵਿਚ ਬਰਦਾਸ਼ਤ ਕੀਤਾ।

੧੯੬੯ ਈ. ਵਿਚ 'ਸਤਿਜੁਗ', ਨਾਮਧਾਰੀ ਦਰਬਾਰ ਦੇ ਸਪਤਾਹਿਕ ਪਰਚੇ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸੰਪਾਦਕ ਥਾਪੇ ਗਏ। ਪ੍ਰੀਤਮ ਸਿੰਘ ਕਵੀ ਜੀ ਦੇ ੧੯੬੭ ਈ. ਵਿਚ ਦਿੱਲੀ ਚਲੇ ਜਾਣ ਬਾਅਦ ਇੱਕੋ ਸਾਲ ਵਿਚ 'ਸਤਿਜੁਗ' ਦੇ ਤਿੰਨ ਸੰਪਾਦਕ ਬਦਲਣੇ ਪਏ। ਸਨਖੱਤਰਵੀ ਜੀ ਨੇ ਗੁਰੂ ਹੁਕਮ ਅਨੁਸਾਰ ਤਦੋਂ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਰਾਜਸਥਾਨ ਸੀਮਾ ਤੇ ਪੈਂਦੇ ਇਸ ਇਲਾਕੇ ਵਿਚ ਜਿਥੇ ਸਾਰੀਆਂ ਗਰਮੀਆਂ ਮਾਰੂਥਲਾਂ ਦਾ ਰੇਤਾ ਉੱਡਦਾ ਰਹਿੰਦਾ ਸੀ। ਸੁੱਖ ਸੁਵਿਧਾਵਾਂ ਦਾ ਮੁਕੰਮਲ ਅਭਾਵ ਸੀ - ਪੂਰੇ ਬਾਈ ਵਰ੍ਹੇ ਸੰਪਾਦਕੀ ਸੇਵਾ ਕਰ ਕੇ ਇਕ ਰਿਕਾਰਡ ਕਾਇਮ ਕੀਤਾ ਸੀ ਜਿਸ ਨੂੰ ਗੁਰੂ ਚਾਹਿਆ ਤਾਂ ਸ਼ਾਇਦ ਪ੍ਰੋ. ਤਾਰਾ ਸਿੰਘ ਅਣਜਾਣ ਹੀ ਤੋੜ ਸਕਦੇ ਹਨ। 'ਸਤਿਜੁਗ' ਦੀ ਸੰਪਾਦਕੀ ਦੌਰਾਨ ਗੁਰੂ ਨਾਨਕ ਅੰਕ (੧੯੬੯ ਈ.), ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ਅੰਕ (੧੯੭੨ ਈ.), ਗੁਰੂ ਤੇਗ ਬਹਾਦਰ ਸ਼ਹੀਦੀ ਅੰਕ (੧੯੭੫ ਈ.), ਸੂਬਾ ਸਾਹਿਬ ਸਿੰਘ ਅੰਕ (੧੯੭੯ ਈ.), ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਅੰਕ ਭਾਗ ਪਹਿਲਾ (੧੯੯੦ ਈ.) ਅਤੇ ਭਾਗ ਦੂਜਾ (੧੯੯੧ ਈ.) ਅਤੇ ਅਨੇਕਾਂ ਬਸੰਤ ਅੰਕ ਪ੍ਰਕਾਸ਼ਿਤ ਹੋਏ ਜੋ ਚਿਰਕਾਲ ਤੱਕ ਉਨ੍ਹਾਂ ਦੀ ਸਦੀਵੀ ਯਾਦ ਬਣੇ ਰਹਿਣਗੇ।

ਆਪਣੀ ਪੁਸਤਕ "ਕੂਕਿਆਂ ਬਾਰੇ" ਵਿਚ ਪ੍ਰਸਿੱਧ ਨਾਮਧਾਰੀ ਸਾਹਿਤਕਾਰ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੇ ਸਨਖੱਤਰਵੀ ਸਾਹਿਬ ਨੂੰ ਪ੍ਰੇਰਨਾ ਕੀਤੀ ਸੀ ਕਿ ਨਾਮਧਾਰੀ ਸਾਹਿਤ-ਇਤਿਹਾਸ ਦਾ ਰਹਿੰਦਾ ਕੰਮ ਉਹ ਮੁਕਾ ਲੈਣ ਕਿਉਂਕਿ ਹੁਣ ਜ਼ਮਾਨਾ ਉਨ੍ਹਾਂ ਦਾ ਸੀ। ਸਨਖੱਤਰਵੀ ਸਾਹਿਬ ਨੇ ਆਪਣੇ ਆਦਰਸ਼ ਚੱਕਰਵਰਤੀ ਜੀ ਦੇ ਇਨ੍ਹਾਂ ਸ਼ਬਦਾਂ 'ਤੇ ਫੁੱਲ ਚੜ੍ਹਾਉਣ ਦਾ ਜੋ ਸਿਰਤੋੜ ਯਤਨ ਕੀਤਾ ਜਿਸ ਵਿਚ ਕਿਸੇ ਸ਼ੱਕ ਸ਼ੁਬੇ ਦੀ ਕੋਈ ਗੁੰਜਾਇਸ਼ ਨਹੀਂ ਰਹੀ।

ਪ੍ਰਸਿੱਧ ਪੰਜਾਬੀ ਸਾਹਿਤਕਾਰ ਦੇਵਿੰਦਰ ਸਿੰਘ ਗਿੱਲ ਜੀਆ ਨੌਬਾ ਆਪਣੀ ਇਕ ਰਚਨਾ ਵਿਚ ਸਨਖੱਤਰਵੀ ਜੀ ਦੇ ਸਦਗੁਣਾਂ ਤੇ ਇਉਂ ਦ੍ਰਿਸ਼ਟੀਪਾਤ ਕਰਦੇ ਹਨ:

'ਐਸੇ ਗੁਰਮੁਖ ਲਿਖਾਰੀਆਂ ਦੀ ਲਾਇਨ ਵਿਚ ਮਹੰਤ ਆਤਮਾ ਸਿੰਘ ਜੀ ਸਨਖੱਤਰਾ ਦਾ ਨਾਮ ਆਉਂਦਾ ਹੈ ਜਿਨ੍ਹਾਂ ਨੂੰ ਦੋ ਗੁਰੂ ਸਾਹਿਬਾਨ (ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ) ਦਾ ਅਮਿਣਵਾਂ ਪਿਆਰ ਮਿਲਿਆ ਅਤੇ ਉਨ੍ਹਾਂ ਦੀ ਅਸੀਮ ਕਿਰਪਾ ਸਦਕਾ ਉਨ੍ਹਾਂ ਨੇ ਸਾਹਿਤ ਦੇ ਹਰ ਖੇਤਰ ਵਿਚ ਸਫਲ ਕਲਮ ਅਜ਼ਮਾਈ ਕੀਤੀ ਅਤੇ ਪੰਜਾਬੀ ਸਾਹਿਤ ਤੇ ਕੂਕਾ-ਲਹਿਰ ਦੇ ਸਾਹਿਤ ਵਿਚ ਨਿਵੇਕਲੀ ਥਾਂ ਬਣਾ ਲਈ। ਸਤਿਗੁਰਾਂ ਦੀ ਕਿਰਪਾ ਸਦਕਾ ਉਹ ਪੂਰਨ ਗੁਰਸਿੱਖ, ਜਜ਼ਬਾਤੀ ਬੁਲਾਰੇ, ਨਿਪੁੰਨ ਸਟੇਜ ਸਕੱਤਰ ਅਤੇ ਕਵੀ ਦਰਬਾਰਾਂ ਵਿਚ ਸ੍ਰੇਸ਼ਟ ਕਵੀ ਹੋਇਆ ਕਰਦੇ ਸਨ। ਉਨ੍ਹਾਂ ਨੇ ਕਾਫ਼ੀ ਸਮਾਂ ਨਾਮਧਾਰੀ ਦਰਬਾਰ ਦੀ ਸਕੱਤਰੀ ਸਾਂਭੀ ਰੱਖੀ। ਫਿਰ ਅਨੰਦ

Sri Satguru Jagjit Singh Ji eLibrary NamdhariElibrary@gmail.com

ਕਾਰਜਾਂ ਦੀ ਸਾਰੀ ਜ਼ਿੰਮੇਵਾਰੀ ਸਾਂਭੀ ਰੱਖੀ। ਉਨ੍ਹਾਂ ਦੀ ਪ੍ਰੇਰਨਾ ਸਦਕਾ ਅਨੇਕ ਸਾਹਿਤਕਾਰ ਅਤੇ ਇਤਿਹਾਸਕਾਰ ਕੂਕਾ ਮੰਡਲ ਵਿਚ ਆਏ ਜਿਨ੍ਹਾਂ ਵਿਚੋਂ ਇਕ, ਇਸ ਲੇਖ ਦਾ ਲਿਖਾਰੀ (ਦਵਿੰਦਰ ਸਿੰਘ ਗਿੱਲ) ਵੀ ਹੈ।'

ਸਨਖੱਤਰਾ ਜੀ ਦੀ ਪਹਿਲੀ ਪ੍ਰਕਾਸ਼ਿਤ ਰਚਨਾ, ਕਵਿਤਾ ਵਿਚ 'ਮਾਨ੍ਹਾ ਸਾਹਿਬ ਦਾ ਪ੍ਰਸੰਗ' ਦੇਸ਼ ਵੰਡ ਤੋਂ ਪਹਿਲਾਂ ਉਨ੍ਹਾਂ ਛਪਵਾਈ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਰਿਦੁਆਰ ਦੀ ਅਰਧ ਕੁੰਭੀ ਦੇ ਮੌਕੇ 'ਤੇ ੧੯੫੧ ਈ. ਵਿਚ ਕੀਤੀ ਯਾਤਰਾ ਦੇ ਰੋਚਕ ਪ੍ਰਸੰਗ ਇਸ ਵਿਚ ਦਰਜ ਹਨ, ਜੋ ਸੰਗਤ ਵਿਚ ਕਾਫ਼ੀ ਸਲਾਹੇ ਗਏ ਸਨ ਅਤੇ ਛੇਤੀ ਹੀ ਇਹ ਛਾਪ ਸਮਾਪਤ ਹੋ ਗਈ ਸੀ। ਸਨਖੱਤਰਵੀ ਪਰਿਵਾਰ ਨੇ ਇਸ ਰਚਨਾ ਦੀ ਕਿਤੋਂ ਪ੍ਰਾਪਤ ਹੋਈ ਇਕ ਕਾਪੀ ਅਤੇ ਸਨਖੱਤਰਾ ਜੀ ਦੀਆਂ ਹੋਰ ਹੱਥ ਲਿਖਤਾਂ 'ਜੀਆ ਨੱਥਾ' ਜੀ ਦੀ ਲਿਖਤ ਮੁਤਾਬਿਕ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੱਥਾ ਟੇਕ ਦਿੱਤੀਆਂ ਸਨ। ਆਪਣੇ ਦਿੱਲੀ ਨਿਵਾਸ ਸਮੇਂ ੧੯੬੩ ਈ. ਵਿਚ ਸੰਤ ਮੰਗਲ ਸਿੰਘ ਲਾਇਲਪੁਰੀ ਸੰਪਾਦਕ 'ਨਵਾਂ ਹਿੰਦੁਸਤਾਨ' ਦੇ ਨਾਲ ਮਿਲ ਕੇ, ਨਾਮਧਾਰੀ ਜਨਗਣਨਾ ਵਿਚ ਹਿੱਸਾ ਲੈ ਕੇ, ਨਾਮਧਾਰੀ ਪਰਿਵਾਰਮਾਲਾ (ਹਿੱਸਾ ਪਹਿਲਾ) ਪ੍ਰਕਾਸ਼ਿਤ ਕਰਵਾਈ, ਜੋ ਇਕ ਕਿਸਮ ਦੀ ਦਿੱਲੀ ਦੇ ਨਾਮਧਾਰੀਆਂ ਦੀ ਡਾਇਰੈਕਟਰੀ ਸੀ। 'ਹਵਨ ਜੱਗ ਦੀ ਮਹਾਨਤਾ' ਬਾਰੇ ੧੯੬੪ ਈ. ਵਿਚ ਇਕ ੧੨ ਸਫ਼ੇ ਦਾ ਟਰੈਕਟ ਪ੍ਰਕਾਸ਼ਿਤ ਕਰਵਾਇਆ ਜਿਸ ਵਿਚ ਪੌਰਾਣਿਕ ਹਵਾਲਿਆਂ ਸਮੇਤ ਨੈਣਾ ਦੇਵੀ ਤੇ ਦਸਮੇਂ ਪਾਤਸ਼ਾਹ ਵੱਲੋਂ ਅਤੇ ਨਾਮਧਾਰੀ ਸਤਿਗੁਰੂਆਂ ਵੱਲੋਂ ਕਰਵਾਏ ਹਵਨਾਂ ਦਾ ਜ਼ਿਕਰ ਸੀ। 'ਗਿਆਨ ਅੰਮ੍ਰਿਤ' ਰਸਾਲੇ ਦੇ ਸੰਪਾਦਕ ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ੧੯੭੧ ਈ. ਵਿਚ ਇਸ ਵਿਚ 'ਗੁਰੂ ਡੰਮ ਦਾ ਗਲਤ ਪ੍ਰਾਪੇਗੰਡਾ' ਲੜੀਵਾਰ ੧੨ ਕਿਸ਼ਤਾਂ ਵਿਚ ਛਾਪਿਆ ਤਾਂ ਸਨਖੱਤਰਾ ਜੀ ਨੇ ਉਸ ਦਾ ਜੁਆਬ 'ਸਤਿਜੁਗ' ਵਿਚ ੯੦ ਕਿਸ਼ਤਾਂ ਵਿਚ ਦੇ ਕੇ ਫਿਰ "ਸਿੱਖ ਗੁਰੂ ਪਰੰਪਰਾ" ਨਾਂ ਦੀ ੨੯੮ ਪੰਨਿਆਂ ਦੀ ਪੁਸਤਕ ਛਪਵਾਈ ਸੀ। ਉਨ੍ਹਾਂ ਦੀ ਅੰਤਿਮ ਰਚਨਾ "ਮੇਰੀ ਜ਼ਿੰਦਗੀ ਦਾ ਸਫ਼ਰਨਾਮਾ" ੫੦ ਸਫ਼ਿਆਂ ਤੇ ਫੈਲੀ ਹੈ ਜੋ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਨੇ ਲੇਖਕ ਦੇ ਚਲਾਣੇ ਤੋਂ ਬਾਅਦ ਉਸ ਦੇ ਭੋਗ ਸਮੇਂ ੧੦ ਜੁਲਾਈ ੧੯੯੮ ਈ. ਨੂੰ ਪ੍ਰਕਾਸ਼ਿਤ ਕੀਤੀ ਸੀ। ਇਸ ਵਿਚ ਉਨ੍ਹਾਂ ਦੇ ਪਰਿਵਾਰਿਕ ਪਿਛੋਕੜ ਸਮੇਤ ਸੰਖੇਪ ਜੀਵਨ ਸਮਾਚਾਰ ਦਿੱਤੇ ਗਏ ਹਨ।

ਉਨ੍ਹਾਂ ਦੀ ਸਭ ਤੋਂ ਵੱਡ-ਅਕਾਰੀ ਤੇ ਮਹੱਤਵਪੂਰਨ ਵਾਰਤਕ ਰਚਨਾ "ਸ੍ਰੀ ਨਾਨਕ ਰਾਜ", ੧੯੯੭ ਈ. ਵਿਚ ਲੇਖਕ ਦੇ ਜਿਊਂਦੇ ਜੀਅ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਨੇ ਪ੍ਰਕਾਸ਼ਿਤ ਕਰ ਕੇ ਉਨ੍ਹਾਂ ਦੀ ਅੰਤਿਮ ਸੱਧਰ ਬੜੇ ਰੀਝਾਂ ਤੇ ਚਾਵਾਂ ਨਾਲ ਪੂਰੀ ਕੀਤੀ ਸੀ। ਇਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਸੰਤ ਜਗੀਰ ਸਿੰਘ ਹੋਰਾਂ ਦਾ ਉੱਦਮ ਪ੍ਰਸ਼ੰਸਾਯੋਗ ਸੀ। ਸਨਖੱਤਰਵੀ ਜੀ ਨੂੰ ਇਸ ਪੁਸਤਕ ਦੇ ਲਿਖਣ ਦਾ ਹੁਕਮ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਵੱਲੋਂ ਲੱਗਾ ਸੀ ਪਰ ਇਸ ਦੀ ਪੂਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਵਿਚ ਸੰਭਵ ਹੋਈ। ਲੇਖਕ ਨੇ ਇਸ ਵਿਚ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਨਾਮਧਾਰੀ ਅਕੀਦੇ ਮੁਤਾਬਿਕ ਵਰਤਮਾਨ ਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਤੱਕ ਦੇ ਸੰਖੇਪ ਜੀਵਨ ਸਮਾਚਾਰਾਂ ਅਤੇ ਕ੍ਰਿਆ-ਕਲਾਪਾਂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਇਆ ਹੈ ਤਾਂ ਕਿ ਆਉਣ ਵਾਲੇ ਸਮਿਆਂ ਦੇ ਗੁਰਸਿੱਖ ਵੀ ਇਸ ਗੁਰਮੁਖ ਗਾਡੀਰਾਹ ਤੋਂ ਜਾਣੂ ਹੋ ਸਕਣ। ਲੇਖਕ ਨੂੰ ਪੁਸਤਕ ਛਪਣ ਤੇ ਜੋ ਪਰਮ ਸੁਖ ਦੀ ਅਨੁਭੂਤੀ ਹੋਈ, ਉਸ ਦਾ ਵਿਵਰਣ, ਇਸ ਦੇ ਸ਼ਬਦਾਂ ਵਿਚ ਹੀ ਪੜ੍ਹਿਆ ਜਾਵੇ-

"ਸਿੱਖ (ਸੇਵਕ) ਵਾਸਤੇ, ਸ਼ਰਧਾਲੂ ਵਾਸਤੇ ਸਭ ਤੋਂ ਵੱਧ ਚਾਅ ਵਾਲੀ ਗੱਲ, ਉੱਤਮ ਗੱਲ ਅਤੇ ਖ਼ੁਸ਼ੀ ਵਾਲੀ ਗੱਲ, ਆਪਣੇ ਗੁਰੂ ਦਾ ਹੁਕਮ ਮੰਨ ਕੇ, ਭਾਵ ਗੁਰੂ ਦੇ ਹੁਕਮ ਵਿਚ ਰਹਿ ਕੇ, ਜੀਵਨ ਬਤੀਤ ਕਰ ਕੇ, ਆਪਣੇ ਗੁਰੂ ਦੀਆਂ ਪੂਰੀਆਂ ਖ਼ੁਸ਼ੀਆਂ ਪ੍ਰਾਪਤ ਕਰਨੀਆਂ ਹੀ ਹੁੰਦੀ ਹੈ।

"ਜਦੋਂ ਸਿੱਖ ਉੱਤੇ ਸਤਿਗੁਰੂ ਜੀ ਪੂਰਨ ਕਿਰਪਾ ਕਰਦੇ ਹਨ ਤਾਂ ਸਿੱਖ ਆਪਣੇ ਗੁਰੂ ਦਾ ਹਰ ਹੁਕਮ ਪ੍ਰਤੀਤ, ਸ਼ਰਧਾ ਅਤੇ ਖ਼ੁਸ਼ੀ ਨਾਲ ਮੰਨਣ ਕਰਕੇ ਆਪਣੇ ਧੰਨ ਭਾਗ ਸਮਝਦਾ ਹੈ, ਗੁਰੂ ਦਾ ਹੁਕਮ ਹੀ ਉਸ ਦੀ ਰਾਸ ਬਣ ਜਾਂਦੀ

Sri Satguru Jagjit Singh Ji eLibrary NamdhariElibrary@gmail.com

ਹੈ, ਇਸ ਨਾਲ ਸੇਵਕ ਨੂੰ ਰਾਹਤ ਮਿਲਦੀ ਹੈ, ਆਤਮਿਕ ਅਨੰਦ ਮਿਲਦਾ ਹੈ। ਉਸ ਦਾ ਜੀਵਨ ਸੁਆਦ, ਸੁਆਦ ਹੀ ਬਣ ਜਾਂਦਾ ਹੈ। ਫਿਰ ਇਥੇ ਅਤੇ ਅੱਗੇ ਦਾ ਫ਼ਿਕਰ ਹੀ ਨਹੀਂ ਰਹਿ ਜਾਂਦਾ। ਸਤਿਗੁਰੂ ਹੀ ਸਖਾ, ਬੰਧਪ ਬਣ ਜਾਂਦਾ ਹੈ ਕਿਉਂਕਿ ਸਤਿਗੁਰੂ ਜੀ ਤਾਂ ਹਰ ਇਕ ਦਾ ਸਖਾ, ਬੰਧਪ, ਭਾਈ, ਮੀਤ, ਸੱਜਣ ਹੁੰਦਾ ਹੀ ਹੈ, ਪਰ ਗੁਰੂ ਕਿਰਪਾ ਨਾਲ ਸਿੱਖ ਨੂੰ ਵੀ ਇਸ ਗੱਲ ਦਾ ਅਹਿਸਾਸ ਹੋਣ ਲੱਗ ਜਾਂਦਾ ਹੈ ਅਤੇ ਉਹ ਇਸ ਰੰਗ ਵਿਚ ਰੰਗਿਆ ਜਾਂਦਾ ਹੈ ਅਤੇ ਹੋਰ ਦਾ ਹੋਰ ਹੀ ਬਣ ਜਾਂਦਾ ਹੈ ਪਰ ਇਹ ਸਾਰਾ ਕੁਝ ਹੁੰਦਾ ਉਸ ਸਮੇਂ ਜਦੋਂ ਸਤਿਗੁਰੂ ਜੀ ਸਿੱਖ ਸੇਵਕ ਤੇ ਤਰੁੱਠ ਪੈਣ ਅਤੇ ਉਹ ਆਪ ਹੀ ਕਿਰਪਾ ਦੇ ਘਰ ਆ ਜਾਣ।

"ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 'ਸ੍ਰੀ ਨਾਨਕ ਰਾਜ' ਵਾਲੀ ਪੁਸਤਕ ਦੇ ਹੋਏ ਹੁਕਮ ਨੂੰ ਅੱਜ ਮੈਂ ਪੂਰਾ ਕਰਕੇ, ਉਨ੍ਹਾਂ ਦੇ ਹੀ ਰੂਪ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟਾ ਕਰ ਕੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਮਤ ਅਤੇ ਹੁਕਮ ਨਾਲ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਦੇ ਕੇ, ਮੈਂ ਪੂਰਨ ਪ੍ਰਸੰਨ ਮੁਦਰਾ ਵਿਚ ਹਾਂ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨੂੰ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਪੂਰਾ ਮੰਨ ਕੇ, ਨੇਪਰੇ ਚਾੜ੍ਹ ਕੇ, ਮੇਰਾ ਰੋਮ-ਰੋਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਤਗਿਆਤਾ ਦਾ ਪਾਤਰ ਬਣ ਗਿਆ ਹੈ। ਮੈਂ ਆਪਣਾ ਜਿਉਣਾ ਸਫਲ ਸਮਝਦਾ ਹਾਂ ਅਤੇ ਗੁਰੂ ਦਾ ਹੁਕਮ ਮੰਨ ਕੇ ਬਹੁਤ ਚਾਅ ਵਾਲੀ, ਉੱਤਮ ਅਤੇ ਖ਼ੁਸ਼ੀ ਵਾਲੀ ਵਸਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਪ੍ਰਾਪਤ ਕਰ ਲਈ ਹੈ।"

ਗ੍ਰੰਥ ਕਰਤਾ ਗੁਰਬਾਣੀ ਦੇ, ਜਨਮ ਸਾਖੀਆਂ ਦੇ, ਪੌਰਾਣਿਕ ਸਾਹਿਤ ਦੇ ਸ੍ਰੀ ਗੁਰੂ ਪ੍ਰਤਾਪ ਸੂਰਜ (ਭਾਈ ਸੰਤੋਖ ਸਿੰਘ) ਅਤੇ ਪੰਥ ਪਰਕਾਸ਼ (ਗਿਆਨੀ ਗਿਆਨ ਸਿੰਘ) ਆਦਿਕ ਗ੍ਰੰਥਾਂ 'ਤੇ ਹੋਰ ਭਵਿੱਖਤ ਵਾਕਾਂ ਦੇ ਹਵਾਲਿਆਂ ਨਾਲ ਇਹ ਸਿੱਧ ਕਰਦਾ ਹੈ ਕਿ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦਾ ਹੀ ਇਕ ਛਤਰ ਅਬਿਚਲ ਅਤੇ ਅਟੱਲ ਰਾਜ ਚੱਲੇਗਾ, ਇਹੋ ਪੁਸਤਕ ਦੇ ਸਿਰਲੇਖ ਦਾ ਸੰਦੇਸ਼ ਹੈ।

ਉਹ ਸ੍ਰੀ ਆਦਿ ਗ੍ਰੰਥ ਦੀ ਗੁਰਬਾਣੀ ਨੂੰ ਇਉਂ ਉਦਰਿਤ ਕਰਦਾ ਹੈ:

"ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥

ਫਿਰ ਉਹ ਲਿਖਦੇ ਹਨ 'ਮਨ ਦੇ ਭਰਮ ਰੂਪੀ ਤਾਕ (ਜਿਸ ਨੂੰ ਅਗਿਆਨਤਾ ਰੂਪੀ ਜੰਦਰਾ ਭੀੜਿਆ ਹੋਇਆ ਹੈ) ਨੂੰ ਖੋਲ੍ਹਣ ਲਈ ਕੁੰਜੀ ਕੇਵਲ ਵਿਅਕਤੀਗਤ ਗੁਰੂ ਪਾਸ ਹੀ ਹੈ, ਜਿਹਾ ਕਿ

"ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥" (ਸਾਰੰਗ ਕੀ ਵਾਰ ਮ: ੧, ਪੰਨਾ ੧੨੩੭)

ਲੇਖਕ ਦੇ ਮੁਤਾਬਿਕ 'ਸ੍ਰੀ ਨਾਨਕ ਰਾਜ' ਦਾ ਮੁੱਢ ਬੰਨ੍ਹਣ ਲਈ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਬਾਅਦ ਹੋਰ ਗੁਰੂ ਵਿਅਕਤੀ ਅੱਗੇ ਸੀਸ ਝੁਕਾ ਕੇ ਆਪਣਾ ਥਾਨ ਉਸ ਦੇ ਹਵਾਲੇ ਕਰ ਦਿੱਤਾ। ਉਹ ਲਿਖਦੇ ਹਨ-"ਭਾਵੇਂ ਸ੍ਰੀ ਨਾਨਕ ਰਾਜ ਦਾ ਮੁੱਢ ਪੁਰਾਣਿਕ ਪ੍ਰਮਾਣਾਂ ਤੇ ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਦੇ ਅਵਤਾਰ ਧਾਰਨ ਦੇ ਨਾਲ ਹੀ ਸਮਝਿਆ ਜਾਂਦਾ ਸੀ ਤੇ ਹੈ? ਪਰ ਜਿਤਨਾ ਚਿਰ ਗੁਰੂ ਜੀ ਦੇ ਕਾਇਮ ਕੀਤੇ ਨਿਰੰਕਾਰੀ ਤਖ਼ਤ ਉਤੇ ਚਾਕਰਾਂਦਿਆ ਕੋਈ ਹਸਤ ਨਸ਼ੀਨ, ਹੋਰ ਨਾ ਬਿਠਾਇਆ ਜਾਂਦਾ, ਉਤਨਾ ਚਿਰ ਨਿਸ਼ਚਿਤ ਕੀਤੀ ਗੁਰੂ ਪ੍ਰੰਪਰਾ ਦਾ ਪੂਰਾ ਪਤਾ ਲੱਗਣਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਸੀ। ਇਸ ਵਾਸਤੇ ਗੁਰੂ ਜੀ ਨੇ ਨਿਰੰਕਾਰੀ ਹੁਕਮ ਦਾ ਸੌਦਾ, ਆਉਣ

Sri Satguru Jagjit Singh Ji eLibrary NamdhariElibrary@gmail.com

ਵਾਲੇ ਸਮੇਂ ਨੂੰ ਅਨੁਭਵ ਕਰ ਕੇ ਕਰਤਾਰਪੁਰ ਰਾਵੀ ਵਿਖੇ ਪੁੱਤਰਾਂ ਸਮੇਤ ਉੱਥੇ ਰਹਿੰਦੇ ਸੇਵਕਾਂ ਦੀ ਪ੍ਰੀਖਿਆ ਦਾ ਇਕ ਅਨੋਖਾ ਪ੍ਰੋਗਰਾਮ ਚਾਲੂ ਕੀਤਾ ਤੇ 'ਗੁਰੂ ਕਹਿਆ ਸੋ ਕਾਰ ਕਮਾਵਹੁ ਗੁਰ ਕੀ ਕਰਣੀ ਕਾਹੇ ਧਾਵਹੁ' ਦੇ ਸਿਧਾਂਤ ਅਨੁਸਾਰ ਪੁੱਤਰਾਂ ਤੇ ਸਿੱਖਾਂ ਨੂੰ ਆਪਣਾ ਅਗੰਮੀ ਹੁਕਮ ਦੇਣਾ ਸ਼ੁਰੂ ਕਰ ਦਿੱਤਾ। ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨ ਵਿਚ ਉਸ ਵਕਤ ਕੇਵਲ ਇਕੋ ਵਿਅਕਤੀ (ਜਿਸ ਦਾ ਨਾਮ ਲਹਿਣਾ ਸੀ) ਉਸ ਪ੍ਰਤੀਯੋਗਤਾ ਵਿਚ ਗੁਰੂ ਦਾ ਬਚਨ ਸਤਿ ਕਰ ਕੇ ਮੰਨਣ ਵਾਲਾ ਨਿਕਲਿਆ। ਦਰਅਸਲ ਇਹ ਪ੍ਰੀਖਿਆ ਗੁਰੂ ਜੀ ਨੇ 'ਸ੍ਰੀ ਨਾਨਕ ਰਾਜ' ਦੀ ਤਖ਼ਤ ਨਸ਼ੀਨੀ (ਗੁਰਗੱਦੀ) ਦੀ ਹੀ ਇਕ ਅਲੌਕਿਕ ਮਰਿਆਦਾ ਨੂੰ ਪੱਕੇ ਅਧਾਰਾਂ 'ਤੇ ਸਥਾਪਿਤ ਕਰਨ ਲਈ ਕੀਤੀ ਸੀ। ਜਿਸ ਨੂੰ ਕੇਵਲ ਗੁਰੂ ਨਾਨਕ ਜੀ ਆਪ ਹੀ ਜਾਣਦੇ ਸਨ ਤੇ ਆਖ਼ਰ ਸਭ ਸਥਾਨਕ ਲੋਕਾਂ ਤੇ ਜ਼ਿੱਦੀ ਪੁੱਤਰਾਂ ਨੂੰ ਉਸ ਵਕਤ ਹੀ ਪੂਰਾ ਗਿਆਨ ਹੋਇਆ ਜਦੋਂ ਗੁਰੂ ਜੀ ਨੇ ਲਹਿਣੇ ਸੇਵਕ ਨੂੰ ਹੁਕਮ ਦਿੱਤਾ, "ਪੁਰਖਾ ਉਠ ਕੇ ਮੇਰੇ ਬੈਠਨ ਵਾਲੀ ਜਗ੍ਹਾ (ਗੁਰਗੱਦੀ) 'ਤੇ ਬੈਠ। ਭਾਵੇਂ ਸ੍ਰੀ ਲਹਿਣਾ ਜੀ ਨੇ ਗੁਰਗੱਦੀ ਉੱਤੇ ਬੈਠਣ ਤੇ ਆਪਣੇ ਦਾਸ ਭਾਵ ਨੂੰ ਦਰਸਾਉਣ ਦਾ ਬਹੁਤ ਯਤਨ ਕੀਤਾ ਪਰ ਗੁਰੂ ਜੀ ਨੇ ੧੭ ਹਾੜ ਸੰਮਤ ੧੫੯੬ (੧੫੩੯ ਈ.) ਨੂੰ ਕਰਤਾਰਪੁਰ ਵਿਖੇ ਗੁਰਗੱਦੀ ਦੇ ਆਸਣ 'ਤੇ ਬੈਠਾ ਕੇ, ਲਹਿਣੇ ਦੇ ਨਾਮ ਨੂੰ ਗੁਰੂ ਅੰਗਦ ਕਹਿਣ ਦਾ ਅਧਿਕਾਰ ਬਖ਼ਸ਼ਿਆ ਤੇ ਉਸ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਕੇ ਨਾਲ ਹੀ ਹੁਕਮ ਕਰ ਦਿੱਤਾ "ਪੁਰਖਾ ਤੂੰ ਹੁਣੇ ਏਥੋਂ ਖਡੂਰ ਨਗਰ ਦੀ ਮਾਈ ਵਿਰਾਈ ਦੇ ਘਰ ਚਲਾ ਜਾਹ।"[1]

ਹੁਕਮ ਅਨੁਸਾਰ ਇਥੇ ਆ ਕੇ, ਆਪ ਗੁਰੂ-ਵਿਯੋਗ ਵਿਚ ਕੁਝ ਸਮਾਂ ਤੇ ਦਰਵਾਜ਼ਾ ਬੰਦ ਕਰਕੇ ਸੁੰਨ ਸਮਾਧ ਅਵਸਥਾ ਵਿਚ ਰਹੇ। ਬਾਬਾ ਬੁੱਢਾ ਜੀ ਨੇ ਇਸ ਵੈਰਾਗ ਦਸ਼ਾ ਵਿਚੋਂ ਨਿਕਲਣ ਦੀ ਅਤੇ ਸਿਰ ਪਈ ਜ਼ਿੰਮੇਵਾਰੀ ਨਿਭਾਉਣ ਦੀ ਬੇਨਤੀ ਕੀਤੀ। ਮਾਈ ਵਿਰਾਈ ਤੋਂ ਗੁਰੂ ਨਾਨਕ ਜੀ ਦੇ ਅਕਾਲ ਚਲਾਣੇ ਦੇ ਸਮਾਚਾਰ ਨੇ ਆਪ ਦੇ ਕਵੀ ਹਿਰਦੇ ਨੂੰ ਦ੍ਰਵਿਤ ਕਰ ਦਿੱਤਾ-

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ (ਵਾਰ ਸਿਰੀ ਰਾਗ, ਪੰ: ੮੩)

ਫਿਰ ਉਹ ਭਾਈ ਬਾਲੇ ਸੰਧੂ ਨੂੰ ਤਲਵੰਡੀ ਤੋਂ ਮੰਗਾ ਕੇ, ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾ ਕੇ ਮਨ ਦਾ ਭਾਰ ਹਲਕਾ ਕਰਨ ਲੱਗ ਪਏ। ਭਾਵੇਂ ਕਈ ਅਜੋਕੇ ਇਤਿਹਾਸਕਾਰ ਬਾਲੇ ਸੰਧੂ ਦੀ ਹੋਂਦ ਤੋਂ ਹੀ ਮੁਨਕਰ ਹੁੰਦੇ ਹਨ। ਗੁਰਮੁਖੀ ਅੱਖਰਾਂ ਦੇ ਪ੍ਰਚਾਰ, ਪ੍ਰਸਾਰ ਵਿਚ ਆਪ ਦਾ ਵੱਡਾ ਯੋਗਦਾਨ ਹੈ ਨਾ ਕਿ ਸਾਡੇ ਲੇਖਕ ਮੁਤਾਬਿਕ "ਗੁਰੂ ਜੀ ਨੇ ਨਾਗਰੀ ਵਰਣਮਾਲਾ ਦੇ ਅੱਖਰਾਂ ਨੂੰ ਸੋਧ ਕੇ ਗੁਰਮੁਖੀ ਅੱਖਰਾਂ ਦੀ ਰਚਨਾ ਕੀਤੀ।" ਗੁਰਮੁਖੀ ਲਿਪੀ ਇਤਿਹਾਸਕ ਖੋਜਾਂ ਮੁਤਾਬਿਕ ਸੈਂਕੜੇ ਸਾਲਾਂ ਵਿਚ ਵਿਕਸਿਤ ਹੋਈ ਅਤੇ ਗੁਰੂ ਅੰਗਦ ਜੀ ਤੋਂ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ। ਹਿਮਾਊਂ ਬਾਦਸ਼ਾਹ ਨੂੰ ਫ਼ਕੀਰਾਂ ਤੇ ਹੱਥ ਨਾ ਚੁੱਕਣ ਦੀ ਸਿੱਖਿਆ ਦਿੱਤੀ ਅਤੇ ਤਪੇ ਨੂੰ ਬੈਲਾਂ ਪਿੱਛੇ ਬੰਨ੍ਹ ਕੇ ਮੀਂਹ ਪੁਆਉਣ ਦੇ ਕਾਰਨ ਗੁਰੂ ਅਮਰਦਾਸ ਜੀ, ਤੀਜੀ ਪਾਤਸ਼ਾਹੀ ਨੂੰ, ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਦਿੱਤਾ। ਤੀਜੀ ਪਾਤਸ਼ਾਹੀ ਨੇ ਗੋਇੰਦਵਾਲ ਵਸਾਇਆ ਅਤੇ ਸੰਗਤ ਦੀ ਜਲ ਦੀ ਲੋੜ ਲਈ ਬਾਉਲੀ ਸਾਹਿਬ ਦਾ ਨਿਰਮਾਣ ਕਰਵਾਇਆ। ਆਪ ਨੇ ਬਾਦਸ਼ਾਹ ਅਕਬਰ ਨੂੰ ਆਪਣੀ ਰਿਆਇਆ ਨਾਲ ਆਪਣੇ ਬੱਚਿਆਂ ਵਾਂਗ ਪਿਆਰ ਕਰਨ ਤੇ ਸੱਚਾ ਨਿਆਂ ਕਰਨ ਤੇ ਖ਼ੁਦਾ ਦੀ ਬੰਦਗੀ ਕਰਨ ਦਾ ਉਪਦੇਸ਼ ਦਿੱਤਾ। ਤੇ ਕਿਉਂਕਿ ਲੰਮੇ ਚਿਰ ਤੋਂ ਵਰਖਾ ਨਹੀਂ ਸੀ ਹੋਈ। ਫ਼ਸਲਾਂ ਸੁੱਕ ਗਈਆਂ ਸਨ, ਗੁਰੂ ਸਾਹਿਬ ਦੀ ਸਿਫ਼ਾਰਿਸ਼ ਅਕਬਰ ਨੇ ਪੰਜਾਬ ਦੇ ਕਿਸਾਨਾਂ ਦਾ ਮਾਲੀਆ ਮਾਫ਼ ਕਰ ਦਿੱਤਾ। ਇਸੇ ਘਟਨਾ ਤੋਂ ਬਾਅਦ ਪੰਜਾਬ ਦੀ ਕਿਸਾਨੀ ਵੱਡੀ ਗਿਣਤੀ ਵਿਚ ਗੁਰੂ ਘਰ ਨਾਲ ਜੁੜਨੀ ਸ਼ੁਰੂ ਹੋਈ ਸੀ। ਬੀਬੀ ਭਾਨੀ ਗੁਰੂ ਪੁੱਤਰੀ ਨੂੰ ਜੋ ਚੌਥੇ ਗੁਰੂ ਰਾਮਦਾਸ ਜੀ ਦੇ ਮਹਿਲ ਸਨ, ਅਕਬਰ ਨੇ ੮੪ ਪਿੰਡਾਂ ਦਾ ਇਕ ਪਰਗਨਾ ਦਾਨ ਕਰ ਦਿੱਤਾ ਕਿਉਂਕਿ ਗੁਰੂ ਅਮਰਦਾਸ ਜੀ ਨੇ ਮਗਰਲੇ ਗੁਰੂ ਸਾਹਿਬਾਨ ਜਿਉਂ – ਆਪਣੇ ਲੰਗਰ ਲਈ ਸਰਕਾਰੀ ਇਮਦਾਦ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਪੁੱਤਰੀ ਭਾਨੀ ਦੇ ਇਹ ਵਰ ਮੰਗਣ 'ਤੇ ਕਿ ਘਰ ਦੀ ਘਰ

Sri Satguru Jagjit Singh Ji eLibrary NamdhariElibrary@gmail.com

ਵਿਚ ਹੀ ਰਹੇ, 'ਤਥਾ ਅਸਤੂ' ਤਾਂ ਕਹਿ ਦਿੱਤਾ ਨਾਲ ਹੀ ਆਖਿਆ ਕਿ ਪਾਣੀ ਵਗਦਾ ਰਹਿਣਾ ਹੀ ਚੰਗਾ ਹੁੰਦਾ ਹੈ। ਇਕ ਥਾਂ ਖਲੋਤਾ ਬੁੱਸ ਜਾਂਦਾ ਹੈ। ਰਹੇਗੀ ਤਾਂ ਘਰ ਵਿਚ ਹੀ ਪਰ ਝਗੜਿਆਂ ਦਾ ਮੁੱਢ ਬੱਝ ਜਾਵੇਗਾ। ਗੁਰੂ ਅੰਸ਼ ਵਿਚੋਂ ਪ੍ਰਿਥੀ ਚੰਦ, ਧੀਰ ਮੱਲ, ਰਾਮ ਰਾਇ ਆਦਿ ਗੁਰਗੱਦੀ ਵਾਸਤੇ ਸ਼ਾਹੀ ਦਰਬਾਰ ਵਿਚ ਫਰਿਆਦਾਂ ਕਰਦੇ ਰਹੇ ਅਤੇ ਸਤਿਗੁਰੂ ਜੀ ਤੇ ਸੰਗਤ ਵਾਸਤੇ ਬਿਪਤਾ ਦਾ ਮੁੱਢ ਬੰਨ੍ਹਦੇ ਰਹੇ। ਪਹਿਲੇ ਗੁਰੂਆਂ 'ਤੇ ਆਸਥਾ ਰੱਖਣ ਵਾਲੇ ਚੇਲੇ ਦੇ ਸਤਿਗੁਰੂ ਤੇ ਸ਼ਰਧਾ ਨਾ ਰੱਖਣ ਵਾਲੇ ਨਿੰਦਕਾਂ ਦੇ ਨਿਸਤਾਰੇ ਵਾਸਤੇ ਚੌਥੀ ਪਾਤਸ਼ਾਹੀ ਸਦਾ ਯਤਨਸ਼ੀਲ ਰਹੀ। ਲੇਖਕ ਦੇ ਮੁਤਾਬਿਕ ਇਸ ਬਖਸ਼ਿਸ਼ ਵਾਲੀ ਪਰੰਪਰਾ ਦਾ ਵਰਣਨ ਗੁਰੂ ਜੀ ਆਪਣੀ ਪਵਿੱਤਰ ਬਾਣੀ ਵਿਚ ਇਸ ਤਰ੍ਹਾਂ ਕਰਦੇ ਹਨ-

"ਪੂਰਿ ਮਾਰੇ ਪੂਰੇ ਸਤਿਗੁਰੂ ਸੋਈ ਹੁਣਿ ਸਤਿਗੁਰਿ ਮਾਰੇ ॥
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥
ਸਤਿ ਸੰਗਤਿ ਢੋਈ ਨ ਲਹਨਿ ਵਿਚਿ ਸੰਗਤਿ ਗੁਰ ਵੀਚਾਰੇ ॥
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ ॥
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥
ਗੁਰਿ ਚਉਥੀ ਪੀੜੀ ਟਿਕਿਆ ਤਿਨ ਨਿੰਦਕ ਦੁਸਟ ਸਭਿ ਤਾਰੇ ॥
ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥
ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥
ਸਭ ਨਿਧਾਨ ਸਤਿਗੁਰੂ ਵਿਚ ਜਿਸੁ ਅੰਦਰਿ ਹਰਿ ਉਰਿਧਾਰੇ ॥
ਸੋ ਪਾਏ ਪੂਰਾ ਸਤਿਗੁਰੂ ਜਿਸ ਲਿਖਿਆ ਲਿਖਤੁ ਲਿਲਾਰੇ ॥
ਜਨ ਨਾਨਕ ਮਾਂਗੈ ਧੂੜਿ ਤਿਨ ਜੋ ਗੁਰ ਸਿਖਮਿਤ ਪਿਆਰੇ ।"

(ਮ. ੪ ਪੰਨਾ ੩੦੭)

ਸ਼ਬਦ ਹਜ਼ਾਰੇ ਬਾਣੀ ਵਿਚ ਦਰਜ ਮਾਝ ਮਹੱਲਾ ਪੰਜਵਾਂ ਦੇ ਚਉਪਦੇ ਵਾਲੇ ਚਾਰ ਸ਼ਬਦ, ਐਸੀ ਰਚਨਾ ਹੈ, ਜਿਸ ਨੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦਾ ਦਰਗਾਹੀ ਸਥਾਨ ਨਿਰਧਾਰਤ ਕਰ ਦਿੱਤਾ। ਆਪ ਨੇ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਤੋਂ ਹਰਿਮੰਦਿਰ ਸਾਹਿਬ ਦੀ ਨੀਂਹ ਰਖਵਾ ਕੇ ਅਤੇ ਸ੍ਰੀ ਆਦਿ ਗ੍ਰੰਥ ਵਿਚ ਪਹਿਲੇ ਸਤਿਗੁਰਾਂ ਤੇ ਆਪਣੀ ਬਾਣੀ ਦੇ ਨਾਲ ਨਾਲ ਹਿੰਦੂ, ਮੁਸਲਿਮ ਭਗਤਾਂ ਦੀ ਬਾਣੀ ਦਰਜ ਕਰਵਾ ਕੇ ਆਪਣੇ ਸੁਲਹ ਕੁਲ ਹੋਣ ਦਾ ਪ੍ਰਤੱਖ ਪ੍ਰਮਾਣ ਦਿੱਤਾ। ਮੁਗ਼ਲ ਰਾਜ ਦਾ ਗੁੱਸਾ ਆਪਣੇ ਸਰੀਰ 'ਤੇ ਹੰਢਾਇਆ ਅਤੇ 'ਸ਼ਹੀਦਾਂ ਦੇ ਸਿਰਤਾਜ' ਦੀ ਪਦਵੀ ਨੂੰ ਪ੍ਰਾਪਤ ਹੋਏ। ਆਪਣੇ ਮਹਿਲ ਮਾਤਾ ਗੰਗਾ ਜੀ ਨੂੰ ਪੁੱਤਰ ਪ੍ਰਾਪਤੀ ਵਾਸਤੇ ਨਿਰਮਾਣ ਭਾਵ ਨਾਲ ਗੁਰੂ ਘਰ ਦੇ ਪੁਰਾਤਨ ਸੇਵਕ ਬਾਬਾ ਬੁੱਢਾ ਜੀ ਦੀ ਸ਼ਰਨ ਵਿਚ ਭੇਜ ਕੇ, ਸਿੱਖ ਸੰਗਤਾਂ ਦੇ ਸਤਿਕਾਰ ਦੀ ਨੀਂਹ ਧਰੀ। ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਨੇ 'ਮੀਰੀ ਤੇ ਪੀਰੀ ਦੀਆਂ' ਦੀਆਂ ਦੋ ਤਲਵਾਰਾਂ ਧਾਰਨ ਕਰਕੇ, ਹਰਿਮੰਦਰ ਸਾਹਿਬ ਦੇ ਸਾਹਵੇਂ ਅਕਾਲ ਤਖ਼ਤ ਦੀ ਸਿਰਜਣਾ ਕਰ ਕੇ, ਭਗਤੀ ਅਤੇ ਸ਼ਕਤੀ ਨੂੰ, ਸ਼ਸਤਰ ਅਤੇ ਸ਼ਾਸਤਰ ਨੂੰ, ਦੁਨਿਆਵੀ ਅਤੇ ਰੂਹਾਨੀ ਸੱਤਾ ਨੂੰ ਏਕੀਕ੍ਰਿਤ ਕਰਕੇ ਸਿੱਖ ਫ਼ਲਸਫ਼ੇ ਨੂੰ ਹੋਰ ਸਮ੍ਰਿਧ ਕੀਤਾ। ਚਾਰ ਜੰਗਾਂ ਵਿਚ ਮੁਗ਼ਲ ਸੈਨਾ ਨੂੰ ਕਰਾਰੀ ਹਾਰ ਦਿੱਤੀ। ਸਿੱਖਾਂ ਨੂੰ ਹਥਿਆਰਬੰਦ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਹਰਿ ਰਾਇ ਸਾਹਿਬ ਕੋਮਲਭਾਵੀ ਅਤੇ ਪ੍ਰਕਿਰਤੀ ਪ੍ਰੇਮੀ ਸਨ। ਉਹ ਪਰਬਤਾਂ ਦੇ ਪੈਰਾਂ ਵਿਚ ਕੀਰਤਪੁਰ ਵਿਖੇ ਨਿਵਾਸ ਰੱਖਦੇ ਸਨ ਅਤੇ ਇਕ ਅਦੁੱਤੀ ਦਵਾਖਾਨਾ ਵੀ ਚਲਾਉਂਦੇ ਸਨ ਜਿਥੋਂ ਦੀਆਂ ਦਵਾਈਆਂ ਨਾਲ ਬਾਦਸ਼ਾਹ ਸ਼ਾਹ ਜਹਾਨ ਦਾ ਬਿਮਾਰ ਪੁੱਤਰ ਦਾਰਾ ਸ਼ਿਕੋਹ ਰਾਜ਼ੀ ਹੋਇਆ। ਦਾਰਾ ਸ਼ਿਕੋਹ ਵੀ ਸੁਲਾਹਕੁਲ ਸੀ ਪਰ ਉਸ ਦਾ ਭਾਈ ਔਰੰਗਜ਼ੇਬ ਕੱਟੜ ਪੰਥੀ ਸੀ। ਜੇ ਦਿੱਲੀ ਦਾ ਤਖ਼ਤ ਦਾਰਾ ਸ਼ਿਕੋਹ ਨੂੰ ਮਿਲ ਜਾਂਦਾ ਤਾਂ ੧੯੪੭ ਈ. ਵਿਚ ਧਰਮ ਆਧਾਰਿਤ ਦੇਸ਼ ਦੀ ਫਿਰਕੂ ਵੰਡ ਤੋਂ ਬਚਿਆ

Sri Satguru Jagjit Singh Ji eLibrary NamdhariElibrary@gmail.com

ਜਾ ਸਕਦਾ ਸੀ। ਇਹ ਵਿਚਾਰ ਪ੍ਰਸਿੱਧ ਹਿੰਦੀ ਲੇਖਕ ਕਮਲੇਸ਼ਵਰ ਜੀ ਦੇ ਹਨ। ਇਸੇ ਲਈ ਸਿੱਖ ਗੁਰੂ ਸਾਹਿਬਾਨ ਮੁੱਢੋਂ ਹੀ ਵਿਅਕਤੀ-ਪੂਜਾ ਨੂੰ ਪਸੰਦ ਨਹੀਂ ਕਰਦੇ ਸਨ। ਗੁਰਬਾਣੀ ਦੀ ਤੁਕ ਉਲਟਾਉਣ ਤੇ ਸਤਵੀਂ ਪਾਤਸ਼ਾਹੀ ਨੇ ਆਪਣੇ ਪੁੱਤਰ ਰਾਮ ਰਾਇ ਨੂੰ ਸਦਾ ਲਈ ਸਿੱਖੀ ਮੰਡਲ ਵਿਚੋਂ ਬਹਿਸ਼ਕ੍ਰਿਤ ਕਰ ਦਿੱਤਾ। ਅਠਵੀਂ ਪਾਤਸ਼ਾਹੀ ਨੇ ਰਾਜ ਸੱਤਾ ਦਾ ਕੋਈ ਵੀ ਦਬਾਅ ਨਾ ਮੰਨਣ ਦਾ ਦ੍ਰਿੜ੍ਹ ਨਿਸ਼ਚਾ ਧਾਰਨ ਕੀਤਾ। ਉਹ ਛੋਟੀ ਉਮਰੇ ਹੀ ਗੁਰਪੁਰੀ ਪਿਆਨਾ ਕਰ ਗਏ 'ਬਾਬਾ ਬਕਾਲੇ' ਆਖ ਕੇ। ਗੁਰੂ ਤੇਗ ਬਹਾਦਰ ਜੀ ਨੇ ਵੀ ਅਟੁੱਟ ਸਿਰੜ ਦਾ ਸਬੂਤ ਦਿੱਲੀ ਦਰਬਾਰ ਦੇ ਮੱਥੇ ਆਪਣਾ ਸਰੀਰ ਰੂਪੀ ਠੀਕਰਾ ਭੰਨ ਕੇ ਦਿੱਤਾ। ਉਹ ਤਿਆਗ ਵੈਰਾਗ ਦੇ ਮਨ ਬਚ ਕਰਮ ਕਰਕੇ ਧਾਰਣੀਕ ਤੇ ਬ੍ਰਹਮ ਗਿਆਨੀ ਅਵਸਥਾ ਵਿਚ ਰਹਿਣ ਵਾਲੇ ਸਨ, ਜੇਕਰ ਉਨ੍ਹਾਂ ਨੂੰ ਪਰਉਪਕਾਰ ਦਾ ਇਕ ਵਿਅਕਤੀਗਤ ਰੂਪ ਦਾ ਸਾਕਾਰ ਅਵਤਾਰ ਆਖ ਲਿਆ ਜਾਵੇ ਤਾਂ ਅਨਥਾ ਨਹੀਂ ਹੋਵੇਗਾ।'' ਦਸਵੀਂ ਪਾਤਸ਼ਾਹੀ ਨੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਪਿਤਾ ਗੁਰਦੇਵ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਦਰਜ ਕੀਤਾ। ਕਈ ਜੰਗ ਯੁੱਧ ਲੜੇ, ਪਹਿਲਾਂ ਪਿਤਾ ਫਿਰ ਚਾਰੇ ਸਾਹਿਬਜ਼ਾਦੇ ਅਤੇ ਪੂਜ ਮਾਤਾ ਜੀ ਦਾ ਬਲੀਦਾਨ ਦੇਣ ਕਾਰਨ 'ਸਰਬੰਸ ਦਾਨੀ' ਕਹਿਲਾਏ। ਲੇਖਕ ਨੇ ਸ੍ਰੀ ਕਲਗੀਧਰ ਜੀ ਦੇ ਨੰਦੇੜ ਵਿਖੇ ਵਾਪਰੇ ਨਰ ਨਾਟਕ ਤੋਂ ਬਾਅਦ ਪੁਰਾਤਨ ਗ੍ਰੰਥਾਂ ਦੇ ਹਵਾਲਿਆਂ ਨਾਲ ਗੁਰੂ ਜੀ ਦੇ ਬਾਅਦ ਵਿਚ ਹੋਣ ਵਾਲੇ ਦਰਸ਼ਨਾਂ ਦਾ ਹਵਾਲਾ ਦੇ ਕੇ ਉਨ੍ਹਾਂ ਦੇ ਨਾਭੇ ਦੀ ਥਿੜੀ ਵਿਚ ਬਾਬਾ ਅਜਾਪਾਲ ਸਿੰਘ ਜੀ ਦੇ ਰੂਪ ਵਿਚ ਵਿਚਰਨ ਦਾ ਜ਼ਿਕਰ ਕੀਤਾ ਹੈ। ਇਸੇ ਰੂਪ ਵਿਚ ਹਜਰੋਂ ਵਾਸੀ ਗੁਰੂ ਬਾਲਕ ਸਿੰਘ ਨੂੰ ਗੁਰਤਾ ਦੇ ਕੇ 'ਗੁਪਤ ਗਿਆਰ੍ਹਵਾਂ ਖੇਡਣ' ਦਾ ਬਚਨ ਪੂਰਾ ਕੀਤਾ। ਅੰਗਰੇਜ਼ੀ ਸਰਕਾਰ ਦੇ ਝੋਲੀ ਚੁੱਕਾਂ ਨੇ ਕੈਂਬਲਪੁਰ ਜਾ ਕੇ ਇਤਲਾਹ ਦਿੱਤੀ ਕਿ ਹਜਰੋ ਵਿਚ ਗੁਰੂ ਪ੍ਰਗਟ ਹੋਇਆ ਹੈ ਜਿਸ ਦੇ ਦਰਸ਼ਨਾਂ ਨੂੰ ਬਹੁਤ ਲੋਕ ਆਉਂਦੇ ਹਨ ਤੇ ਉਹ ਲੋਕਾਂ ਨੂੰ ਸਰਕਾਰ ਦੇ ਖ਼ਿਲਾਫ਼ ਉਕਸਾਉਂਦਾ ਹੈ। ਕੋਈ ਬੰਦੋਬਸਤ ਕਰਨਾ ਚਾਹੀਦਾ ਹੈ। ਅੰਗ੍ਰੇਜ਼ ਡਿਪਟੀ ਕਮਿਸ਼ਨਰ ਨੇ ਹੁਕਮ ਦਿੱਤਾ ਕਿ ਹਜਰੋਂ ਪਹੁੰਚਣ ਦੇ ਸਾਰੇ ਰਸਤਿਆਂ ਉਤੇ ਨਾਕੇ ਲਾਏ ਜਾਣ ਤੇ ਗੁਰੂ ਦਾ ਦਰਸ਼ਨ ਕਰਨ ਵਾਲੇ ਕਿਸੇ ਸਿੱਖ ਨੂੰ ਹਜਰੋ ਨਾ ਜਾਣ ਦਿੱਤਾ ਜਾਵੇ। ਇਸ ਸਰਕਾਰੀ ਹੁਕਮ ਅਨੁਸਾਰ ਸਾਰੇ ਰਸਤਿਆਂ ਉੱਤੇ ਪੁਲਿਸ ਦੀਆਂ ਚੌਕੀਆਂ ਬੈਠ ਗਈਆਂ ਜਿਸ ਕਰਕੇ ਦਰਸ਼ਨ ਅਭਿਲਾਖੀਆਂ ਵਾਸਤੇ ਆਉਣਾ ਜਾਣਾ ਮੁਸ਼ਕਿਲ ਹੋ ਗਿਆ।''

ਸਤਿਗੁਰੂ ਰਾਮ ਸਿੰਘ ਜੀ ਨੇ ਜਿੱਥੇ ਸਿੰਘਾਂ ਨੂੰ ਸੂਬੇ ਥਾਪਿਆ ਉਥੇ 'ਮਾਈਆਂ' ਵਿਚੋਂ ਮਾਤਾ ਹੁਕਮੀ ਵਿਰਸਾਂਹ ਵਾਲੀ ਨੂੰ ਸੂਬਾ ਥਾਪਿਆ ਜੋ ਮਰਦਾਵੇਂ ਲਿਬਾਸ ਵਿਚ ਦੌਰੇ 'ਤੇ ਪਰਚਾਰ ਕਰਦੀ ਸੀ। ਇਨ੍ਹਾਂ ਦੇ ਪਰਚਾਰ ਤੋਂ ਪ੍ਰਭਾਵ ਨਾਲ ਹੀ ਸਮਾਂ ਪਾ ਕੇ ਨਾਭੇ ਵਾਲੇ ਮਹਾਰਾਜਾ ਰਿਪੁਦਮਨ ਸਿੰਘ ਤੇ ਉਸ ਦੀ ਰਾਣੀ ਨੇ ਭਜਨ ਪੁੱਛਿਆ ਸੀ ਤੇ ਪੁੱਤਰ ਦਾ ਵਰਦਾਨ ਪ੍ਰਾਪਤ ਕੀਤਾ।

''ਸਗੋਂ ਇਨ੍ਹਾਂ ਦੇ ਪਰਚਾਰ ਤੋਂ ਪ੍ਰਭਾਵਿਤ ਹੋ ਕੇ ਮਹਾਰਾਜੇ ਨੇ ਇਕ ਵਾਰੀ ਆਪਣੀ ਫੋਟੋ ਸਮੇਤ ਇਕ ਕਬਿੱਤ ਪ੍ਰਕਾਸ਼ਿਤ ਕਰਕੇ ਆਮ ਲੋਕਾਂ ਵਿਚ ਵੰਡਿਆ ਸੀ, ਜਿਹਾ ਕਿ:

''ਮਹਾਰਾਜ ਨਾਭਾ ਜੀ ਦੀ ਫੋਟੋ ਮੂੰਹੋਂ ਬੋਲ ਰਹੀ,
ਢੋਲ ਨੂੰ ਵੰਗਾਰ ਕੇ, ਮੈਂ ਪੱਕਾ ਨਾਮਧਾਰੀ ਹਾਂ।
ਤਨੋਂ ਮਨੋਂ ਖ਼ਾਸ ਹਾਂ ਮੈਂ ਦਾਸ ਗੁਰੂ ਬਾਰ੍ਹਵੇਂ ਦਾ,
ਭੈਣੀ ਸਾਹਿਬ ਵਾਲਿਆਂ ਦੀ ਲੋਹ ਦਾ ਪੁਜਾਰੀ ਹਾਂ।

....

ਇਕ ਵਾਰੀ ਛੱਡਕੇ ਹਜ਼ਾਰ ਵਾਰੀ ਆਖਦਾ ਹਾਂ,
ਪੱਕਾ ਨਾਮਧਾਰੀ ਹਾਂ, ਮੈਂ ਪੱਕਾ ਨਾਮਧਾਰੀ ਹਾਂ।''

ਨਾਮਧਾਰੀ ਸਿੱਖਾਂ ਨੇ ਮੜ੍ਹੀਆਂ, ਮਸਾਣਾਂ, ਸਮਾਧਾਂ, ਕਬਰਾਂ ਆਦਿ ਦੀ ਪੂਜਾ ਤੋਂ ਆਮ ਲੋਕਾਂ ਨੂੰ ਹਟਾਉਣ ਲਈ ਅਤੇ ਇਹ ਦੱਸਣ ਲਈ ਕਿ ਇਨ੍ਹਾਂ ਵਿਚ ਕੋਈ ਗੈਬੀ ਸ਼ਕਤੀ ਨਹੀਂ ਕਈ ਗਰਮ ਕਾਰਵਾਈਆਂ ਵੀ ਕੀਤੀਆਂ।

Sri Satguru Jagjit Singh Ji eLibrary NamdhariElibrary@gmail.com

ਅਜਿਹੀ ਇਕ ਇਤਿਹਾਸ ਪ੍ਰਸਿੱਧ ਘਟਨਾ ਦਾ ਜ਼ਿਕਰ ਸਨਖਤਰਵੀ ਜੀ ਇਉਂ ਕਰਦੇ ਹਨ-

"ਏਸੇ ਪ੍ਰੋਗਰਾਮ ਵਿਚ ਹੀ ਪਿੰਡ ਗਲੋਟੀਆਂ ਦੇ ਤਿੰਨ ਰਾਮਗੜ੍ਹੀਏ ਨਾਮਧਾਰੀ ਭਰਾਵਾਂ (ਬਾਬਾ ਲੱਖਾ ਸਿੰਘ, ਬਾਬਾ ਝੰਡਾ ਸਿੰਘ, ਬਾਬਾ ਢੂਲਾ ਸਿੰਘ) ਨੇ ਸਖੀ ਸਰਵਰ ਦੇ ਕੇਂਦਰ ਧੌਂਕਲ (ਜ਼ਿਲ੍ਹਾ ਗੁਜਰਾਂਵਾਲਾ) ਦਾ ਉਹ ਸਵਾ ਮਣ ਪੱਕਾ ਪਿੱਤਲ ਦਾ ਟੱਲ ਜਾ ਤੋੜਿਆ ਜਿਸ ਨੂੰ ਸਾਰੇ ਸਰਵਰੀਏ, ਸਿੱਖ, ਹਿੰਦੂ, ਮੁਸਲਮਾਨ ਤੇ ਇਸਾਈ ਆਦਿਕ ਬਿਨਾਂ ਕਿਸੇ ਭੇਦਭਾਵ ਦੇ ਹਾੜ ਦੀ ਗਿਆਰ੍ਹਵੀਂ ਨੂੰ ਜਾ ਕੇ ਚੁੰਮਿਆ ਕਰਦੇ ਸਨ।

"ਇਨ੍ਹਾਂ ਤਿੰਨਾਂ ਭਰਾਵਾਂ ਵਿਚੋਂ ਇਕ ਜਣਾ ਟੱਲ ਹੇਠਲੇ ਰਖਤਪੋਸ਼ ਉੱਤੇ, ਪੈਰਾਂ ਪਰਨੇ ਬੈਠ ਗਿਆ, ਦੂਸਰੇ ਭਰਾ ਨੇ ਉਸਦੇ ਮੋਢਿਆਂ 'ਤੇ ਖਲੋ ਕੇ ਟੱਲ ਵਾਲੇ ਸੰਗਲ ਨੂੰ ਮਰੋੜਾ ਚਾੜ੍ਹਿਆ ਤੇ ਤੀਸਰੇ ਨੇ ਪਾਸੇ ਵੱਲੋਂ ਜ਼ੋਰ ਨਾਲ ਐਸਾ ਸੜਾ ਜੰਗਾ ਮਾਰਿਆ ਕਿ ਉਹ ਟੱਲ ਸੰਗਲ ਨਾਲੋਂ ਇਜ ਟੁੱਟਿਆ ਜਿਵੇਂ ਵੇਲ ਨਾਲੋਂ ਕੱਦੂ ਟੁੱਟਦਾ ਹੈ। ਪਰ ਸਤਿਗੁਰੂ ਜੀ ਨੇ ਐਸੀ ਕਲਾ ਵਰਤਾਈ ਕਿ ਉਹਨਾਂ ਨੂੰ ਕੋਈ ਵੀ ਦਰਸ਼ਕ ਨਾ ਵੇਖ ਸਕਿਆ ਜੋ ਹਜ਼ਾਰਾਂ ਦੀ ਗਿਣਤੀ ਵਿਚ ਆਏ ਹੋਏ ਸਨ। ਸੁੱਤੇ ਹੀ ਰਹੇ ਅਤੇ ਇਹ ਸਿੰਘ ਟੱਲ ਨੂੰ ਰੇਹੜ ਕੇ ਖ਼ਾਨਗਾਹ ਦੀ ਚਾਰ ਦੀਵਾਰੀ ਤੋਂ ਬਾਹਰ ਲੈ ਆਏ। ਅੱਗੋਂ ਬਾਬਾ ਨਰੈਣ ਸਿੰਘ ਘੋੜੀਆਂ ਵਾਲਾ ਇਨ੍ਹਾਂ ਨੂੰ ਉਡੀਕ ਰਿਹਾ ਸੀ। ਉਸ ਨੇ ਟੱਲ ਨੂੰ ਘੋੜੀ 'ਤੇ ਲੱਦ ਕੇ ਡੱਸਕੇ ਵਿਚ ਇਕ ਠਠਿਆਰ ਸਿੰਘ ਨੂੰ ਇਸ ਦਾ ਵੱਡਾ ਦੇਗਬਰਾ ਬਣਾਉਣ ਵਾਸਤੇ ਦੇ ਦਿੱਤਾ। ਉਹ ਦੇਗ-ਬਰਾ ਅੱਜ ਵੀ ਸ੍ਰੀ ਭੈਣੀ ਸਾਹਿਬ ਇਕ ਮੱਟੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਗਰਮ ਤੇ ਜੋਸ਼ੀਲੇ ਨਾਮਧਾਰੀਆਂ ਦੇ ਜਥਿਆਂ ਨੇ ਕਿੰਨੀਆਂ ਕੁ ਖ਼ਾਨਗਾਹਾਂ, ਗੋਰਾਂ ਤੇ ਸਮਾਧਾਂ ਨੂੰ ਢਾਹਿਆ ਉਸ ਦਾ ਬਿਓਰਾ ਲੱਗ ਹੀ ਨਹੀਂ ਸਕਿਆ। ਇਸ ਮੁਹਿੰਮ ਉੱਤੇ ਸਰਕਾਰ ਅੰਗਰੇਜ਼ੀ ਵੀ ਕਾਬੂ ਨਾ ਪਾ ਸਕੀ।"[੫]

ਜਦੋਂ ਮਲੇਰਕੋਟਲੇ ਵਿਚ ਨਾਮਧਾਰੀ ਸਿੰਘ ਤੋਪਾਂ ਨਾਲ ਉਡਾਏ ਜਾ ਰਹੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਸਿਆਹੜ ਨਗਰ ਵਿਚ ਸਨ। ਉਸ ਸਮੇਂ ਦਾ ਵੇਰਵਾ ਇਸ ਪ੍ਰਸੰਗ ਦੁਆਰਾ ਸਨਖੱਤਰਵੀ ਜੀ ਪੇਸ਼ ਕਰਦੇ ਹਨ -

"ਸਿਆੜ ਬੈਠਿਆਂ ਹੀ ਕਿਸੇ ਸਿੱਖ ਨੇ ਦੁੱਧ ਦਾ ਕਟੋਰਾ ਲਿਆ ਕੇ ਸਤਿਗੁਰੂ ਜੀ ਨੂੰ ਛਕਣ ਵਾਸਤੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਨੇ ਉਹ ਕਟੋਰਾ ਸੂਬਾ ਸਾਹਿਬ ਸਿੰਘ ਜੀ ਨੂੰ ਫੜਾ ਦਿੱਤਾ, ਸੂਬਾ ਜੀ ਨੇ ਨਾਲ ਬੈਠੇ ਸਿੰਘ ਨੂੰ ਦੇ ਦਿੱਤਾ ਤੇ ਆਖ਼ਰ ਉਹ ਕਟੋਰਾ ਘੁੰਮਦਾ ਘੁਮਾਉਂਦਾ ਫੇਰ ਸਤਿਗੁਰੂ ਜੀ ਪਾਸ ਪਹੁੰਚ ਗਿਆ। ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ 'ਭਾਈ ਏਸੇ ਭਾਵਨਾ ਨੂੰ ਹੀ "ਸਖੀ ਦੇਹਿ ਸੰਤੋਖੀ ਖਾਏ" ਆਖਿਆ ਜਾਂਦਾ ਹੈ। ਸਗੋਂ ਦੁੱਧ ਦਾ ਕਟੋਰਾ ਉਸੇ ਸਿੱਖ ਨੂੰ ਵਾਪਸ ਕਰਦਿਆਂ ਕਿਹਾ, "ਅੱਜ ਇਹ ਦੁੱਧ ਤਾਂ ਕਿਤੇ ਰਿਹਾ ਜਲ ਛਕਣ ਨੂੰ ਵੀ ਚਿੱਤ ਨਹੀਂ ਮੰਨਦਾ।"[੬]

ਸਤਿਗੁਰੂ ਜੀ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਬਹੁਤ ਸਾਰੇ ਮਹਾਂਪੁਰਖਾਂ ਦੇ ਵਿਚਾਰ ਸਨਖਤਰਾ ਜੀ ਨੇ ਉਦਰਿਤ ਕੀਤੇ ਹਨ। ਪ੍ਰਸਿੱਧ ਕਮਿਊਨਿਸਟ ਆਗੂ ਕਾ. ਸੋਹਣ ਸਿੰਘ ਜੋਸ਼ ਇਉਂ ਲਿਖਦੇ ਹਨ- "ਬਾਬਾ ਰਾਮ ਸਿੰਘ ਜੀ ਅਦੁੱਤੀ ਪੁਰਸ਼ ਸਨ। ਉਨ੍ਹਾਂ ਨੇ ਗ਼ਰੀਬਾਂ ਦੀ ਰੱਖਿਆ ਲਈ ਬੜੀਆਂ ਕੁਰਬਾਨੀਆਂ ਕੀਤੀਆਂ। ਜਿਥੇ ਵੀ ਜ਼ੁਲਮ ਹੁੰਦਾ ਸੀ, ਜ਼ੁਲਮ ਦੇ ਵਿਰੁੱਧ ਡਟ ਕੇ ਖਲੋ ਜਾਂਦੇ ਸਨ। ਉਹ ਸੰਸਾਰ ਵਿਚ ਠੰਢ ਵਰਤਾਉਣਾ ਚਾਹੁੰਦੇ ਸਨ। ਇਕ ਨਵਾਂ ਪ੍ਰਬੰਧ ਕਰਨਾ ਚਾਹੁੰਦੇ ਸਨ, ਜਿਹੜਾ ਕਿ ਭਰੱਪਣ ਤੇ ਏਕਤਾ ਉੱਤੇ ਉੱਸਰਿਆ ਹੋਵੇ। ਨਾਮਧਾਰੀ ਪੰਥ ਅੱਜ ਵੀ ਕੁਰਬਾਨੀ, ਸਾਦਗੀ ਤੇ ਭਰੱਪਣ ਦਾ ਨਮੂਨਾ ਹੈ। ਸਭ ਹੱਥਾਂ ਨਹੁੰਆਂ ਦੀ ਕਮਾਈ ਕਰਦੇ ਹਨ ਅਤੇ ਸਭ ਵੰਡ ਕੇ ਛਕਦੇ ਹਨ। ਸਭਨਾਂ ਵਿਚ ਸ਼ਰਧਾ ਪ੍ਰੇਮ ਵੇਖ ਕੇ ਸਿਰ ਝੁਕ ਜਾਂਦਾ ਹੈ।

-ਸਤਿਜੁਗ ਦਾ ਬਸੰਤ ਅੰਕ ੧੯੯੪ ਬਿਕ੍ਰਮੀ

ਰਾਇਪੁਰ ਪਿੰਡ ਦੇ ਬਾਬਾ ਦਰਬਾਰਾ ਸਿੰਘ ਹੱਥ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਦੀ ਨਜ਼ਰਬੰਦੀ ਸਮੇਂ ਸ੍ਰੀ ਭੈਣੀ ਸਾਹਿਬ ਸੰਗਤ ਨੂੰ ਇਹ ਹੁਕਮਨਾਮਾ ਭੇਜਿਆ - 'ਭਾਈ ਬੁੱਧ ਸਿੰਘ ਦਾ ਨਾਮ ਅੱਜ ਤੋਂ ਹਰੀ ਸਿੰਘ ਕਰਕੇ ਸੱਦਣਾ। ਇਹ ਨਾਮਧਾਰੀ ਸੰਗਤ (ਖੇਤੀ) ਨੂੰ ਹਰੀ ਰੱਖੇਗਾ। ਇਸ ਨੂੰ ਸਿਰਕਰਦਾ ਜਾਨਣਾ। ਇਹ ਮੇਰੇ ਧੋਖੇ ਨੂੰ ਬਖ਼ਸ਼ ਸਕੇਗਾ, ਪਰ ਮੈਂ ਇਸ ਦੇ ਧੋਖੇ ਨੂੰ ਨਹੀਂ ਬਖ਼ਸ਼ਾਂਗਾ।...ਲੰਗਰ ਵਿਚ ਮੋਟਾ ਪ੍ਰਸ਼ਾਦਾ ਤੇ ਕੜਛਾ ਦਾਲ਼ਾ ਹੋਵੇ...ਭਾਵੇਂ ਕੋਈ ਕਿਸੇ ਵੇਲੇ ਆ ਕੇ

Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਾਦਾ ਮੰਗੋ... ਦੇ ਦੇਣਾ ਭਾਵੇਂ ਉਸ ਦੇ ਹੱਥ ਵਿਚ ਗਊ ਦੀ ਰੱਤ ਨਾਲ ਲਿੱਬੜੀ ਛੁਰੀ ਕਿਉਂ ਨਾ ਹੋਵੇ।"[8]

ਇਸ ਤਰ੍ਹਾਂ ਨਾਮਧਾਰੀਆਂ ਵਿਚ ਉੱਚੀ ਸਦਾਚਾਰਕ ਬ੍ਰਿਤੀ ਅਤੇ ਨੈਤਿਕ ਮਿਆਰ ਕਾਇਮ ਕੀਤੇ ਗਏ। ਸੰਬਤ ੧੯੦੫ ਬਿਕ੍ਰਮੀ ਦੇ ਕਾਲ ਸਮੇਂ ਸ੍ਰੀ ਭੈਣੀ ਸਾਹਿਬ ਦੇ 'ਸਦਾਬਰਤ' ਦੀਆਂ ਧੁੰਮਾਂ ਦੂਰ ਦੂਰ ਤੱਕ ਪੈ ਗਈਆਂ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਹੀ ਸਰਕਾਰੀ ਮੁਖ਼ਬਰਾਂ ਤੋਂ ਚੋਰੀ ਡੇਰੇ ਸ੍ਰੀ ਭੈਣੀ ਸਾਹਿਬ ਵਿਚ ਅਖੰਡ ਪਾਠਾਂ ਦੀਆਂ ਲੜੀਆਂ ਸ਼ੁਰੂ ਕਰ ਦਿੱਤੀਆਂ। ਬੂਹੇ ਅੱਗੇ ਪੁਲਿਸ ਦੀ ਚੌਕੀ ਸੀ। ਇਸੇ ਬੰਦੀਖਾਨੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਅਵਤਰੇ ਅਤੇ ਉਨ੍ਹਾਂ ਦੇ ਦੂਜੇ ਭਾਈਆਂ ਦਾ ਜਨਮ ਹੋਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਮਹੱਤਵਪੂਰਨ ਵਾਕਿਆਤ ਆਪ ਨੇ ਸੰਤ ਕਰਨ ਸਿੰਘ ਰਹਿਮੀ ਰਚਿਤ ਇਤਿਹਾਸ ਪੁਸਤਕ 'ਜੱਸ-ਜੀਵਨ' ਵਿਚੋਂ ਸੰਖੇਪ ਰੂਪ ਵਿਚ ਉਦਾਹਰਿਤ ਕੀਤੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹਾਵਸਾਨ ਤੋਂ ਬਾਅਦ ਹੋਏ ਯਾਦ ਮੇਲੇ ਵਿਚ ਜੁੜੀ ਵਿਸ਼ਾਲ ਸੰਗਤ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ, ਪੰਥਕ ਉਨਤੀ ਦੇ ਕਾਰਜ, ਸੰਗੀਤ ਦੇ ਖੇਤਰ ਵਿਚ ਅਦੁੱਤੀ ਯੋਗਦਾਨ ਅਤੇ ਆਪ ਦੀ ਹਜ਼ੂਰੀ ਵਿਚ ਹੋਏ ਨਵਨਿਰਮਾਣ ਅਤੇ ਸਾਧ ਸੰਗਤ ਨੂੰ ਭਜਨ ਬਾਣੀ ਨਾਲ ਜੋੜੀ ਰੱਖਣ ਲਈ ਪਾਠ, ਵਰਨੀਆਂ, ਹੋਮ ਆਦਿਕ ਉਪਰਾਲਿਆਂ ਦਾ ਸਨਖਤਰਵੀ ਜੀ ਨੇ ਸਟੀਕ ਵਰਣਨ ਕੀਤਾ ਹੈ। ਇਹ ਇਹਨਾਂ ਦੀ ਰਚਨਾ ਦੀ ਅਮੀਰੀ ਹੈ। ਉਨ੍ਹਾਂ ਦੀ ਵਾਰਤਕ ਕੇਂਦਰੀ ਪੰਜਾਬੀ ਹੈ। ਕਿਤੇ ਕਿਤੇ ਮੁਹਾਵਰੇਦਾਰ ਸ਼ੈਲੀ ਦਾ ਪ੍ਰਯੋਗ ਵੀ ਕੀਤਾ ਹੈ। ਭਾਸ਼ਾ ਸਰਲ ਤੇ ਸਰਸ ਹੈ। ਛੋਟੇ ਛੋਟੇ ਹੈਡਿੰਗ ਦੇ ਕੇ ਵਾਰਤਾ ਨੂੰ ਰੋਚਕ ਬਣਾਇਆ ਹੈ। ਕਿਤੇ ਵੀ ਉਹ ਸ਼ਬਦ ਨਹੀਂ ਵਰਤੇ ਜਿਹਨਾਂ ਨੂੰ ਸਮਝਣ ਲਈ ਪਾਠਕ ਸਰੋਤੇ ਨੂੰ ਦਿਮਾਗ਼ 'ਤੇ ਬੋਝ ਪਾਉਣਾ ਪਵੇ। ਇਕ ਪਹਿਰਾ ਦੇ ਕੇ ਅਸੀਂ ਵਾਰਤਕ ਦੀ ਚਰਚਾ ਸਮੇਟਦੇ ਹਾਂ-

"ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਲਣ ਪੋਸ਼ਣ

ਸਤਿਗੁਰੂ ਜਗਜੀਤ ਸਿੰਘ ਜੀ ਦੀ ਪਰਵਰਿਸ਼ ਸ਼ੁਰੂ ਵਿਚ ਪੂਜਯ ਮਾਤਾ ਜਿਉਣ ਕੌਰ ਜੀ ਅਤੇ ਮਾਤਾ ਫਤੇਹ ਕੌਰ ਜੀ ਤੋਂ ਇਲਾਵਾ ਇਹਨਾਂ ਦੀ ਨਾਨੀ ਮਾਤਾ ਰਾਮ ਕੌਰ (ਅੰਧੋ ਜੀ) ਦੀ ਦੇਖ ਰੇਖ ਹੇਠ ਹੁੰਦੀ ਰਹੀ। ਫਿਰ ਕਰੀਬ ੪ ਸਾਲਾਂ ਤੋਂ ਬਾਅਦ ਇਹਨਾਂ ਦਾ ਜੀਵਨ ਗੌਰਵਮਈ ਤੇ ਅਲੌਕਿਕ ਬਣਾਉਣ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਨ੍ਹਾਂ ਵਾਸਤੇ ਧਾਰਮਿਕ ਵਿਦਿਆ, ਉੱਚ ਸਿਖਲਾਈ ਤੇ ਸੰਗੀਤਮਈ ਉਸਤਾਦਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਅਤੇ ਇਨ੍ਹਾਂ ਦੀ ਬਾਲ ਅਵਸਥਾ ਤੇ ਸੇਵਾ ਸੰਭਾਲ ਦੀ ਸੇਵਾ ਉਸ ਵਕਤ ਗੁਰਦੁਆਰੇ ਦੇ ਖ਼ਾਸ ਪ੍ਰਬੰਧਕ ਸੰਤ ਗੁਰਮੁਖ ਸਿੰਘ 'ਭੰਵਰ' ਦੇ ਜ਼ਿੰਮੇ ਲਾਈ।"[9]

ਸਨਖਤਰਵੀ ਜੀ ਨੇ ਪੁਰਾਣੇ ਗ੍ਰੰਥਾਂ ਦਾ ਵਿਸ਼ਾਲ ਅਧਿਐਨ ਕੀਤਾ ਹੈ। ਇਸ ਲਈ ਉਹਨਾਂ ਦੀ ਕੁਝ ਕਾਵਿ ਰਚਨਾ ਬ੍ਰਿਜ ਭਾਸ਼ਾ ਵਿਚ ਵੀ ਮਿਲਦੀ ਹੈ। ਉਹ ਆਪਣੇ ਇਸ਼ਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਿਨਚਰਯਾ ਦਾ ਵਰਣਨ ਕਰਕੇ ਹੇਠਲੇ ਸ੍ਵੈਯੇ ਵਿਚ ਉਹਨਾਂ ਨੂੰ ਇਸ ਤਰ੍ਹਾਂ ਯਾਦ ਕਰਦੇ ਹਨ-

"ਨਹਿ ਆਲਸ ਹੈ ਜਿਨਕੇ ਤਨ ਮੈਂ,
ਹਰ ਪ੍ਰਾਤ ਸਮੇਂ ਉਠ ਸੰਗਤ ਆਵੈ।
ਕਰ ਸੌਚ 'ਸ਼ਨਾਨ ਹੁਇ ਇਕ ਬ੍ਰਿਤੀ,
ਤਹਿ ਸਿਮਰਨ ਧਿਆਨ ਵਿਖੇ ਰੁਚਿ ਲਾਵੈ।
ਪੁਨ: ਲੈਕਰ ਤਾਊਸ ਔ ਦਿਲਰੁਬਾ,
ਕਲ ਗੀਤ ਸੰਗੀਤ ਕੈ ਰਾਗ ਅਲਾਵੈ।
ਮਾਨੋ ਗਣ ਗੰਧ੍ਰਬ ਮਿਲਕੇ,
ਕਰਕੇ ਗੁਰੂ ਦਰਸ਼ਨ ਕੋ ਬਿਸਮਾਵੈ।"[10]

Sri Satguru Jagjit Singh Ji eLibrary NamdhariElibrary@gmail.com

ਪ੍ਰਸਿੱਧ ਨਾਮਧਾਰੀ ਜਥੇਦਾਰ ਅਤਰ ਸਿੰਘ ਦੇ ਅਕਾਲ ਚਲਾਣੇ ਤੇ ਸਨਖਤਰਾ ਜੀ ਦੀ ਕਵਿਤਾ "ਅਤਰ ਉਡਿਆ ਭਰੇ ਦੀਵਾਨ ਵਿਚੋਂ" ਅਤੇ ਸ੍. ਆਤਮਾ ਸਿੰਘ ਐਮ.ਪੀ. ਰਾਵਲਪਿੰਡੀ ਵਾਲਿਆਂ ਦੇ ਅਕਾਲ ਚਲਾਣੇ ਸਮੇਂ ਲਿਖੀ ਕਵਿਤਾ 'ਟੁੱਟਾ ਆਤਮਾ ਜਗਤ ਦੇ ਹਾਰ ਵਿਚੋਂ' ਬਹੁਤ ਪ੍ਰਸਿੱਧ ਹੋਈਆਂ। ਇਸੇ ਤਰ੍ਹਾਂ ਹੀ ਪ੍ਰਸਿੱਧੀ ਦੀਆਂ ਬੁਲੰਦੀਆਂ ਨੂੰ ਛੋਹਣ ਵਾਲੀ ਉਹਨਾਂ ਦੀ ਹੇਠਲੀ ਕਵਿਤਾ ਵੇਖੀ ਜਾ ਸਕਦੀ ਹੈ –

"ਕਿਤੇ ਲਾਅ ਕਾਲਜ, ਇੰਜੀਨੀਅਰੀ ਦਾ ਕਿਸੇ ਥਾਂ ਤੇ ਬਣਿਆ ਹੈ ਵੱਡਾ ਕਾਲਜ ਕਿਤੇ ਸਾਇੰਸਦਾਨੀ ਦਾ।
ਸੁਧਾਰਕ, ਪ੍ਰਚਾਰਕ, ਰਤਨਾਕਰ ਦਾ ਕਿਸੇ ਥਾਂ ਤੇ
ਕਾਇਮ ਹੈ ਕਾਲਜ, ਕਿਤੇ ਵਿਦਿਆ ਲੁਕਮਾਨੀ ਦਾ।
ਕਿਤੇ ਬੁੱਧੀ ਵਾਨੀ, ਵਿਦਵਾਨੀ ਦੀ ਪੜ੍ਹਾਈ ਹੋਵੇ,
ਦਿਸ ਰਹਿਆ ਕਿਧਰੇ ਹੈ, ਕਾਲਜ ਗਿਆਨੀ ਦਾ।
ਇਮਾਰਤੋਂ ਬਗੈਰ, ਪਰ ਗੈਰਤ ਪੜ੍ਹਾਉਣ ਵਾਲਾ,
ਕੂਕਿਆਂ ਦਾ ਰੌਂਕਦ ਹੈ ਕਾਲਜ ਕੁਰਬਾਨੀ ਦਾ।"[11]

ਇਉਂ ਅਸੀਂ ਦੇਖਦੇ ਹਾਂ ਕਿ ਸਾਧਾਰਨ ਕਿਰਤੀ ਪਰਿਵਾਰ ਵਿਚ ਜਨਮ ਲੈ ਕੇ, ਆਪਣੀ ਮਿਹਨਤ, ਲਗਨ ਅਤੇ ਦ੍ਰਿੜ ਇੱਛਾ ਸ਼ਕਤੀ ਦੇ ਬਲ ਨਾਲ, ਸੰਤ ਆਤਮਾ ਸਿੰਘ ਸਨਖਤਰਵੀ ਨਾਮਧਾਰੀਆਂ ਦੇ ਕੁਝ ਉਂਗਲਾਂ 'ਤੇ ਗਿਣੇ ਜਾਣ ਵਾਲੇ ਸਾਹਿਤਕਾਰਾਂ ਵਿਚ ਸ਼ਾਮਲ ਹੋ ਗਏ ਹਨ। ਉਹਨਾਂ ਦੀ ਕਵਿਤਾ ਅਤੇ ਵਾਰਤਕ, ਕਹਾਣੀ ਜਾਂ ਕੋਈ ਹੋਰ ਵਿਸ਼ਾ ਗੁਰੂ-ਭਗਤੀ, ਗੁਰੂ-ਸ਼ਰਧਾ ਅਤੇ ਗੁਰੂ-ਜੱਸ ਨਾਲ ਲਬਰੇਜ਼ ਹੈ। ਉਹ ਸਾਧਨ ਵਿਹੀਨ ਹੁੰਦਿਆਂ ਵੀ, ਆਪਣੇ ਪੰਥਕ ਜਜ਼ਬੇ ਦੇ ਅਸਰ ਹੇਠ, ਨੰਗੇ ਧੜ ਲੜਨ ਵਾਲਾ ਕਲਮਕਾਰ ਹੋ ਨਿੱਬੜਿਆ। ਉਸ ਦੀ ਰਚਨਾ ਵਿਚੋਂ ਸਮਕਾਲੀ ਨਾਮਧਾਰੀ ਭਾਈਚਾਰੇ ਦੇ ਸਦਗੁਣਾਂ ਦੇ ਦਰਸ਼ਨ ਹੁੰਦੇ ਹਨ। ਉਸਨੇ ਅਭਾਵ ਗ੍ਰਸਤ ਹੁੰਦਿਆਂ ਵੀ ਰਚਨਾ ਦੀ ਅਮੀਰੀ ਹੰਢਾਈ ਹੈ। ਇਹੋ ਉਸਦਾ ਹਾਸਿਲ ਹੈ। ਉਸ ਦਾ ਨਾਂ ਨਾਮਧਾਰੀਆਂ ਦੇ ਸਾਹਿਤਕ ਸੰਸਾਰ ਵਿਚ ਅਦਬ ਨਾਲ ਲਿਆ ਜਾਏਗਾ।

ਫੁੱਟ ਨੋਟ:

1. 'ਸਤਿਜੁਗ', ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ, ਨਵੀਂ ਦਿੱਲੀ ੨੦੦੩ ਈ., ਸਫ਼ਾ ੬੪
2. ਸ੍ਰੀ ਨਾਨਕ ਰਾਜ, ਆਤਮਾ ਸਿੰਘ 'ਸਨਖਤਰਵੀ', ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ੧੯੯੦ ਈ., ਸਫ਼ਾ ੨੬
3. ਉਪਰੋਕਤ, ਸਫ਼ਾ ੫੦
4. ਉਪਰੋਕਤ, ਸਫ਼ਾ ੨੧੦
5. ਉਪਰੋਕਤ, ਸਫ਼ਾ ੨੩੦
6. ਉਪਰੋਕਤ, ਸਫ਼ਾ ੨੩੨
7. ਉਪਰੋਕਤ, ਸਫ਼ਾ ੨੪੯
8. ਉਪਰੋਕਤ, ਸਫ਼ਾ ੨੬੩
9. ਉਪਰੋਕਤ, ਸਫ਼ਾ ੩੩੩
10. ਉਪਰੋਕਤ, ਸਫ਼ਾ ੩੩੦-੩੧
11. 'ਸਤਿਜੁਗ' ਦਾ ਗੀਤ ਅੰਕ – ੨੦੧੪ ਬਿਕ੍ਰਮੀ – ਸ੍ਰੀ ਜੀਵਨ ਨਗਰ, ਅੰਤਿਮ ਸਫ਼ਾ।

Sri Satguru Jagjit Singh Ji eLibrary NamdhariElibrary@gmail.com

'ਬੀਤੇ ਦੀਆਂ ਪੈੜਾਂ' ਦਾ ਗਵਾਹ - ਪ੍ਰੀਤਮ ਸਿੰਘ ਕਵੀ

ਇਹ ਇਕ ਅਚੰਭੇ ਵਾਲੀ ਗੱਲ ਹੈ ਕਿ ਪ੍ਰੀਤਮ ਸਿੰਘ ਕਵੀ ਨਾਂ ਦੇ ਸੱਜਣ ਨੇ ਪੰਜਾਬੀ ਵਾਰਤਕ ਵਿਚ ਇਸ ਤਰ੍ਹਾਂ ਆਪਣੀਆਂ ਪੈੜਾਂ ਛੱਡੀਆਂ ਹਨ ਕਿ ਉਹ ਵੀਹਵੀਂ ਸਦੀ ਦੇ ਕੁਝ ਗਿਣੇ ਚੁਣੇ ਵਾਰਤਕਕਾਰਾਂ ਵਿਚ ਆਪਣਾ ਸਥਾਨ ਸੁਨਿਸ਼ਚਿਤ ਕਰਵਾ ਚੁੱਕਾ ਹੈ। ਵੀਹਵੀਂ ਸਦੀ ਵਿਚ ਹੀ ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਨਿੱਖਰਦਾ ਹੈ ਕਿਉਂਕਿ ਇਸੇ ਸਦੀ ਵਿਚ ਹੀ ਪੰਜਾਬੀ ਭਾਈਚਾਰਾ ਗਿਆਨ-ਵਿਗਿਆਨ, ਖੋਜਾਂ-ਕਾਢਾਂ ਅਤੇ ਨਵੀਆਂ ਲੱਭਤਾਂ ਦੇ ਰੂ-ਬ-ਰੂ ਹੁੰਦਾ ਹੈ ਜਿਹੜੀਆਂ ਆਧੁਨਿਕ ਵਾਰਤਕ ਦੀਆਂ ਪੂਰਵ ਵਰਤੀ ਲੋੜਾਂ ਸਨ। ਦੇਸ਼ ਵਿਚ, ਪੰਜਾਬ ਵਿਚ ਅਤੇ ਵਿਸ਼ਵ ਸਤਰ ਤੇ ਵਾਪਰਨ ਵਾਲੀਆਂ ਸਮਾਜੀ ਸਿਆਸੀ ਤੇ ਆਰਥਿਕ ਘਟਨਾਵਾਂ ਨੇ ਵੀ ਮੁਕਾਬਲਤਨ ਸ਼ਾਂਤ ਪੰਜਾਬੀ ਜਨ ਜੀਵਨ ਵਿਚ ਵੀ ਇਕ ਹਿਲਜੁਲ ਪੈਦਾ ਕਰ ਦਿੱਤੀ ਸੀ। ਇਹਨਾਂ ਵਿਚਾਰ ਤਰੰਗਾਂ ਨੂੰ ਪਕੜਨ ਵਾਸਤੇ ਕਲਮਾਂ ਦੀ ਨੋਕ 'ਤੇ ਨੱਚਣ ਵਾਲੇ ਅੱਖਰਾਂ ਨੇ ਘੁੰਗਰੂ ਪਾਉਣਾ ਸ਼ੁਰੂ ਕਰ ਦਿਤਾ ਸੀ। ਅਤੀਤ ਵੱਲ ਵਾਪਸੀ ਦੇ ਨਾਹਰੇ ਹੇਠ ਸਮਕਾਲੀ ਸਮੱਸਿਆਵਾਂ ਨਾਲ ਦਸਤਪੰਜਾ ਨਹੀਂ ਲਿਆ ਜਾ ਸਕਦਾ ਸੀ। ਬਸਤੀਵਾਦੀ ਲੁੱਟ ਖਸੁੱਟ ਦੇ ਵਿਰੁੱਧ ਸਾਰੇ ਮਹਾਂਦੀਪਾਂ ਵਿਚੋਂ ਆਉਂਦੀਆਂ ਆਜ਼ਾਦੀ ਦੀਆਂ ਰੁਮਕਦੀਆਂ ਪੌਣਾਂ ਨੇ ਪੰਜਾਬੀ ਦਿਲ ਦਿਮਾਗ ਨੂੰ ਵੀ ਝੰਜੋੜ ਦਿਤਾ ਸੀ। ਕੁਝ ਮੰਤਰ ਜਾਂ ਟੋਟਕੇ ਸੂਤਰਬੱਧ ਕਰਨ ਵਿਚ, ਮਿਲਦੇ ਤੁਕਾਂਤ ਵਾਲੀ ਕਵਿਤਾ ਸਹਾਈ ਹੋ ਸਕਦੀ ਸੀ, ਪਰ ਜ਼ਿੰਦਗੀ ਦੇ ਵਿਸ਼ਾਲ ਜਗਤ ਵਿਚ ਉਤਰ ਕੇ ਵਾਰਤਕ ਦੀ ਹੀ ਬਾਂਹ ਫੜਨੀ ਪੈਣੀ ਸੀ। ੧੯੧੭ ਦੀ ਮਹਾਨ ਅਕਤੂਬਰ ਸਮਾਜਵਾਦੀ ਕ੍ਰਾਂਤੀ ਦਾ ਅਸਰ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸੁਤੰਤਰਤਾ ਸੰਗਰਾਮ 'ਤੇ ਵੀ ਇਸ ਕਦਰ ਪਿਆ ਕਿ ਜਨ ਲਾਮਬੰਦੀ ਵਿਚ ਵੀ ਵਾਧਾ ਹੋਇਆ ਅਤੇ ਆਜ਼ਾਦੀ ਲਈ ਚੱਲਣ ਵਾਲੀਆਂ ਲਹਿਰਾਂ ਦੀ ਗਿਣਤੀ ਵੀ ਵਧ ਗਈ ਅਤੇ ਇਕ ਲਹਿਰ ਦੂਸਰੀ ਲਹਿਰ ਨੂੰ ਜਨਮ ਦੇਣ ਜਾਂ ਪ੍ਰਚੰਡ ਕਰਨ ਦਾ ਕਾਰਨ ਵੀ ਬਣਦੀ ਰਹੀ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸ਼ੁਰੂ ਕੀਤੀ ਗਈ ਕੂਕਾ-ਲਹਿਰ, ਦਮਨ ਚੱਕਰ ਵਿਚੋਂ ਗੁਜ਼ਰਦੀ ਹੋਈ, ਜੋ ਅੰਗਰੇਜ਼ ਸਰਕਾਰ ਉਸ ਵਿਰੁੱਧ ਬੇਕਿਰਕ ਹੋ ਕੇ ਚਲਾ ਰਹੀ ਸੀ, ਦਏ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਕੌਮੀ ਮੁਕਤੀ ਅੰਦੋਲਨ ਦੀ, ਚੌਗਿਰਦੇ ਨਾਲ ਵਡੇਰੀ ਸਾਂਝ ਪਾਉਣ ਲਈ ੧੯੨੦ ਈ. ਵਿਚ ਨਾਮਧਾਰੀ ਦਰਬਾਰ ਦੇ ਮੁੱਖ ਬੁਲਾਰੇ ਦੇ ਤੌਰ 'ਤੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਵਿਚ ਹਫ਼ਤਾਵਾਰ ਅਖ਼ਬਾਰ 'ਸਤਿਜੁਗ' ਸ਼ੁਰੂ ਕਰਵਾ ਦਿਤਾ। ਜ਼ਾਹਿਰ ਹੈ ਕਿ ਇਸ ਅਖ਼ਬਾਰ ਲਈ ਲਿਖਣ ਤੇ ਇਸਨੂੰ ਸੰਪਾਦਿਤ ਕਰਨ ਵਾਲੇ ਸੱਜਣ ਵੀ ਨਾਮਧਾਰੀ ਭਾਈਚਾਰੇ ਵਿਚੋਂ ਹੀ ਆਉਂਦੇ ਸਨ, ਇਕ ਦੋ ਅਪਵਾਦਾਂ ਨੂੰ ਛੱਡ ਕੇ। ਆਪਣੇ ਕੁਰਬਾਨੀਆਂ ਭਰੇ ਅਤੀਤ ਪ੍ਰਤੀ ਮਾਣ ਅਤੇ ਸਮਤਾ ਮੂਲਕ ਭਾਈਚਾਰੇ ਦੀ ਸਥਾਪਨਾ ਦੀ ਭਵਿੱਖਮਈ ਆਸ ਲੈ ਕੇ, ਸਤਿਜੁਗ ਆਪਣੇ ਵਰਤਮਾਨ ਦੇ ਸਨਮੁੱਖ ਹੋਇਆ। ਕੌਮ ਪ੍ਰਸਤੀ ਅਤੇ ਦੇਸ਼ ਭਗਤੀ ਦੇ ਇਸ ਸਾਗਰ ਮੰਥਨ ਵਿਚੋਂ ਜੋ ਹੀਰੇ ਮੋਤੀ ਹੱਥ ਆਏ ਪ੍ਰੀਤਮ ਸਿੰਘ ਕਵੀ ਉਹਨਾਂ ਵਿਚੋਂ ਇਕ ਸੀ। ਸ਼ਬਦਾਂ ਨਾਲ ਅਠਖੇਲੀਆਂ ਕਰਨ ਵਾਲੇ ਮਸਤਾਨਾ ਲੇਖਕ, ਸੰਤ ਇੰਦਰ ਸਿੰਘ ਚੱਕਰਵਰਤੀ ਤੋਂ ਬਾਅਦ, ਪਾਠਕਾਂ ਦੇ ਚੇਤਿਆਂ ਵਿਚ ਸਦਾ ਵੱਸਣ ਵਾਲਾ, ਸਤਿਜੁਗ ਦਾ ਦੂਜਾ ਸੰਪਾਦਕ, ਪ੍ਰੀਤਮ ਸਿੰਘ ਕਵੀ ਹੋ ਨਿੱਬੜਿਆ।

ਪ੍ਰੀਤਮ ਸਿੰਘ ਕਵੀ ਦਾ ਜਨਮ ੧੯੧੦ ਈ. ਵਿਚ ਪਿਤਾ ਸੰਤ ਬੂਲਾ ਸਿੰਘ ਅਤੇ ਮਾਤਾ ਦਿਆਲ ਕੌਰ ਦੇ ਕਿਸਾਨ ਪਰਿਵਾਰ ਵਿਚ, ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਹੌਰ ਦੇ ਪਿੰਡ ਭੰਡਰਕੇ ਵਿਖੇ ਹੋਇਆ। ਇਹ ਪਿੰਡ ਸ਼ੇਰ ਸਿੰਘ ਅਤੇ ਚੇਤ ਸਿੰਘ ਦੇ ਮਸਤ ਕੂਕੇ ਭਰਾਵਾਂ ਸਦਕਾ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ

Sri Satguru Jagjit Singh Ji eLibrary NamdhariElibrary@gmail.com

ਵਾਹਵਾ ਚਰਚਿਤ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਪ੍ਰਚਾਰ ਦੌਰੇ ਸਮੇਂ ਜਦੋਂ ਇਸ ਪਿੰਡ ਵਿਚ ਭਾਈ ਸ਼ੇਰ ਸਿੰਘ ਦੇ ਘਰ ਚਰਨ ਪਾਏ ਸਨ ਤਾਂ ਉਸ ਨੇ ਹਜ਼ੂਰ ਦੇ ਬੈਠਣ ਵਾਲੀ ਜਗ੍ਹਾ ਨੂੰ ਸਦੀਵੀ ਯਾਦ ਬਣਾਉਣ ਲਈ, ਆਪਣੇ ਵਿਹੜੇ ਦੇ ਉਸ ਹਿੱਸੇ ਵਿਚ ਸੰਤ ਖਾਲਸੇ ਦਾ ਸਫ਼ੈਦ ਸਤਿਜੁਗੀ ਨਿਸ਼ਾਨ ਝੁਲਾ ਦਿਤਾ ਸੀ। ਕਵੀ ਜੀ ਦਾ ਬਚਪਨ ਇਸੇ ਨਗਰ ਵਿਚ ਬਤੀਤ ਹੋਇਆ। ਮਾਤਾ ਪਿਤਾ ਦੋਵੇਂ ਗੁਰੂ ਸੇਵੀ ਸਨ ਉਹ ਉਹਨਾਂ ਨੂੰ ਨਾਮਧਾਰੀ ਸੰਗਤ ਦੁਆਰਾ ਮਨਾਏ ਜਾਣ ਵਾਲੇ ਹੋਲੇ ਮੇਲਿਆਂ ਵਿਚ ਪਰਿਵਾਰ ਦੇ ਬਾਕੀ ਜੀਆਂ ਸਮੇਤ ਲੈ ਜਾਂਦੇ। ਫਿਰ ਉੱਨੀ ਸੌ ਤੀਹਵਿਆਂ ਦੇ ਅੰਤ ਵਿਚ, ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਚ ਇਕ ਨਾਮਧਾਰੀ ਵਿਦਿਆਲਾ ਖੋਹਲ ਦਿੱਤਾ ਗਿਆ ਜਿੱਥੇ ਆਪ ਦੇ ਦੋਵੇਂ ਸਾਹਿਬਜ਼ਾਦੇ (ਵਰਤਮਾਨ ਸਤਿਗੁਰੂ) ਜਗਜੀਤ ਸਿੰਘ (ਤਦੋਂਕੇ ਬਿਅੰਤ ਜੀ) ਅਤੇ (ਮਹਾਰਾਜ) ਬੀਰ ਸਿੰਘ (ਤਦੋਂਕੇ ਬੱਲੀ ਜੀ) ਵੀ ਹੋਰਨਾਂ ਬੱਚਿਆਂ ਨਾਲ ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਸੰਸਕ੍ਰਿਤ ਦੀ ਵਿਦਿਆ ਗ੍ਰਹਿਣ ਕਰਦੇ। ਪ੍ਰੀਤਮ ਸਿੰਘ ਕਵੀ ਵੀ ਇਸ ਵਿਦਿਆਲੇ ਦੇ ਬਾਰਾਂ ਸਾਲਾ ਕੋਰਸ ਵਿਚ ਆ ਦਾਖ਼ਲ ਹੋਇਆ ਜਿੱਥੇ ਉਸਦੇ ਦੋ ਹੋਰ ਸਹਿਪਾਠੀ ਪ੍ਰੀਤਮ ਸਿੰਘ ਪੰਛੀ ਅਤੇ ਰਜਿੰਦਰ ਸਿੰਘ ਗੁਰੂਸਰ, ਉਸ ਜਿਉਂ ਭਾਵੀ ਪੰਜਾਬੀ ਲੇਖਕ ਬਣਨ ਦੇ ਚਿੰਨ੍ਹ ਪ੍ਰਗਟ ਕਰ ਰਹੇ ਸਨ। ਇਸ ਵਿਦਿਆਲੇ ਵਿਚ ਰਹਿੰਦਿਆਂ ਹੀ ਇਹਨਾਂ ਸੱਜਣਾਂ ਨੇ ਪੰਜਾਬੀ ਦਾ ਇਕ ਹੱਥਲਿਖਤ ਪਰਚਾ "ਪਿਆਰਾ" ਕੱਢਣਾ ਸ਼ੁਰੂ ਕੀਤਾ ਕਿਉਂਕਿ ਮਨੁੱਖੀ ਸੁਭਾਅ ਦੇ ਗਹਿਰੇ ਪਾਰਖੂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਇਹਨਾਂ ਬੱਚਿਆਂ ਦੀ ਛੁਪੀ ਲੇਖਕੀ ਪ੍ਰਤਿਭਾ ਨੂੰ ਤਾੜ ਕੇ, ਇਹਨਾਂ ਨੂੰ ਲਿਖਣ ਸਮੱਗਰੀ ਮੁਹੱਈਆ ਕਰਵਾ ਦਿਤੀ ਸੀ।

ਸ੍ਰੀ ਭੈਣੀ ਸਾਹਿਬ ਵਿਦਿਆਲੇ ਦੇ ਵਿਦਿਆਰਥੀ ਅੱਖਰ ਗਿਆਨ ਦੇ ਨਾਲ ਨਾਲ ਤਕਨੀਕੀ ਗੁਣ ਵੀ ਸਿੱਖਦੇ ਸਨ। ਖੱਡੀਆਂ ਤੇ ਕੱਪੜਾ ਬੁਨਣ ਤੋਂ ਇਲਾਵਾ ਹੋਰ ਦਸਤਕਾਰੀਆਂ ਵੀ ਸਿਖਾਈਆਂ ਜਾਂਦੀਆਂ ਸਨ। "ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਦੀ ਭੈਣੀ ਸਾਹਿਬ ਵਿਚੋਂ ਛਪਣ ਵਾਲੇ ਪਰਚੇ 'ਸਤਿਜੁਗ' ਲਈ ਅੱਖਰ ਜੋੜਨ ਦਾ ਕੰਮ, ਕੰਪੋਜ਼ੀਟਰੀ ਕਰਦੇ ਕਰਦੇ, ਪਰੂਫ਼ ਪੜ੍ਹਦੇ ਪੜ੍ਹਦੇ ਇਹ ਵਿਦਿਆਰਥੀ ਇਸ ਪਰਚੇ ਲਈ ਲਿਖਣ ਵੀ ਲੱਗ ਪਏ। ੧੯੯੮ ਬਿਕ੍ਰਮੀ ਮੁਤਾਬਿਕ ੧੯੪੧ ਈ. ਦੇ 'ਸਤਿਜੁਗ' ਦੇ ਸੰਤ ਅੰਕ ਵਿਚ ਸਾਨੂੰ "ਸ਼ੇਰ ਸਿੰਘ ਡੱਫਰਕਾ" ਅਤੇ "ਗੁਰੂ ਕੀਆਂ ਕਾਰਾਂ" ਨਾਮੀ ਦੋ ਲੇਖ ਪ੍ਰੀਤਮ ਸਿੰਘ ਕਵੀ ਦੇ ਨਾਂ ਹੇਠ ਛਪੇ ਹੋਏ ਮਿਲਦੇ ਹਨ। ਲੇਖ ਗੁਰੂ ਕੀਆਂ ਕਾਰਾਂ ਵਿਚ ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੇ ਉਹਨਾਂ ਨਾਮਧਾਰੀ ਮਸਤਾਨਿਆਂ, ਸੰਤ ਗੰਡਾ ਸਿੰਘ ਇੱਬਣ ਵਾਲਾ, ਵਸਾਵਾ ਸਿੰਘ ਜੀਆ ਬੱਗਾ ਅਤੇ ਜੈਮਲ ਸਿੰਘ ਮਾਂਗਾ ਦੇ ਪ੍ਰਸੰਗ ਬਿਆਨ ਕੀਤੇ ਗਏ ਹਨ ਜਿਹਨਾਂ ਵਿਚ ੧੮੭੨ ਈ. ਤੋਂ ਬਾਅਦ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਕੀ ਕਾਰ ਪ੍ਰਗਟ ਹੁੰਦੀ ਸੀ। ਇਹਨਾਂ ਮਸਤਾਂ ਵਿਚ ਸਤਿਗੁਰੂ ਰਾਮ ਸਿੰਘ ਤੇ ਕਿੰਨੀ ਅਗਾਧ ਸ਼ਰਧਾ ਸੀ ਉਸ ਦਾ ਝਲਕਾਰਾ ਬਾਬਾ ਜੈਮਲ ਸਿੰਘ ਦੇ ਲੇਖਕ ਨੂੰ ਸੰਬੋਧਿਤ ਕੀਤੇ ਇਹਨਾਂ ਸ਼ਬਦਾਂ ਤੋਂ ਮਿਲਦਾ ਹੈ:

"ਕਾਕਾ, ਇਹ ਸਭ ਕੁਝ, ਜੋ ਕੁਝ ਹੋ ਰਿਹਾ ਹੈ, ਸਤਿਗੁਰੂ ਰਾਮ ਸਿੰਘ ਕਰ ਰਿਹਾ ਹੈ, ਜੋ ਕੁਝ ਹੋ ਚੁੱਕਾ ਹੈ, ਸਤਿਗੁਰੂ ਰਾਮ ਸਿੰਘ ਕੀਤਾ ਸੀ ਤੇ ਅੱਗੇ ਭੀ ਜੋ ਕੁਝ ਹੋਵੇਗਾ ਸਤਿਗੁਰੂ ਰਾਮ ਸਿੰਘ ਕਰੇਗਾ। ਜਿੱਥੇ ਸਾਡੇ ਇਹ ਬਚਨ ਲਿਖੇਂਗਾ ਉੱਥੇ ਇਹ ਜ਼ਰੂਰ ਹੀ ਲਿਖੀਂ ਕਿ ਸਤਿਗੁਰੂ ਰਾਮ ਸਿੰਘ ਤੋਂ ਬਿਨਾਂ ਦੁਨੀਆਂ ਉੱਤੇ ਕੋਈ ਚੀਜ਼ ਨਹੀਂ।"

ਆਪਣੇ ਇਸ਼ਟ ਦੀ ਜ਼ਾਤ ਵਿਚੋਂ ਸਮੁੱਚੀ ਲੋਕਾਈ ਤੇ ਖ਼ੁਦਾਈ ਦੇ ਦਰਸ਼ਨ ਕਰਨੇ ਕੋਈ ਕੂਕਿਆਂ ਤੋਂ ਸਿੱਖੇ। ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਜੀਵਨ ਦਰਸ਼ਨ ਵਿਚ ਅਟੁੱਟ ਭਰੋਸਾ ਪ੍ਰੀਤਮ ਸਿੰਘ ਕਵੀ ਦੇ ਜੀਵਨ ਦਰਸ਼ਨ ਦੀ ਬੁਨਿਆਦ ਹੋ ਨਿੱਬੜਦੀ ਹੈ। ਵਿਸ਼ੇਸ਼ ਕਰ ਕੇ ਕੂਕਾ ਲਹਿਰ ਦਾ ਬਸਤੀਵਾਦ ਅਤੇ ਸਾਮੰਤਵਾਦ ਵਿਰੋਧੀ ਅਤੇ ਹਰ ਤਰ੍ਹਾਂ ਦੇ ਜ਼ੋਰ ਜ਼ੁਲਮ, ਲੁੱਟ-ਖਸੁੱਟ, ਉਚ-ਨੀਚ ਵਿਰੁੱਧ, ਮਨੁੱਖੀ ਪੈਰਾਂ ਤੇ ਬੰਧਨ ਮੁਕਤ ਹੋਣ ਦੀ ਅਕਾਂਖਿਆ ਤੇ ਹੀ ਕੂਕਾ ਜੀਵਨ ਮੁੱਲ ਵਿਧਾਨ ਕੇਂਦਰਿਤ ਸੀ। ਇਸੇ ਲਈ ਜਦੋਂ ਗਦਰ ਪਾਰਟੀ ਵਾਲੇ ਬਾਬੇ ਸੋਵੀਅਤ ਸੰਘ ਵਿਚੋਂ ਮਾਰਕਸਵਾਦ ਲੈਨਿਨਵਾਦ ਦੀ ਸਿੱਖਿਆ ਲੈ ਕੇ ਦੇਸ਼ ਪਰਤੇ ਅਤੇ ਇਧਰ ਆ ਕੇ ਕਿਰਤੀ ਕਿਸਾਨਾਂ ਨੂੰ ਇਕ ਜੁੱਟ ਕਰਨ ਲੱਗੇ ਤਾਂ ਕੂਕੇ ਮਸਤਾਨਿਆਂ ਅਤੇ ਨਾਮਧਾਰੀ ਚਿੰਤਕਾਂ ਨੂੰ ਇਸ ਸਾਰੀ ਕਾਰਵਾਈ ਵਿਚੋਂ, ਸਤਿਗੁਰੂ ਰਾਮ ਸਿੰਘ ਜੀ ਦੇ ਮਨੋਰਥਾਂ ਦੀ

Sri Satguru Jagjit Singh Ji eLibrary NamdhariElibrary@gmail.com

ਪ੍ਰਗਤੀ ਹੁੰਦੀ ਨਜ਼ਰ ਆਉਣ ਲੱਗੀ। ਸ੍ਰ. ਗੁਰਬਖਸ਼ ਸਿੰਘ ਹੋਰਾਂ ਦੀ ਪ੍ਰੀਤ ਲੜੀ, ਰਾਹੁਲ ਸੰਕ੍ਰਿਤਿਆਇਨ ਅਤੇ ਹੋਰ ਅੱਗੇ ਵਧੂ ਲੇਖਕਾਂ ਦੀਆਂ ਕਿਰਤਾਂ ਨੇ ਨਵਯੁਵਕ ਪ੍ਰੀਤਮ ਸਿੰਘ ਕਵੀ ਵਿਚ ਭੈਣੀ ਸਾਹਿਬ ਕਿਆਮ ਦੇ ਦੌਰਾਨ ਹੀ ਤਰੱਕੀ ਪਸੰਦ ਵਿਚਾਰਾਂ ਦੀ ਜਾਗ ਲਾ ਦਿਤੀ ਸੀ। ਦੂਜੇ ਵਿਸ਼ਵ ਯੁੱਧ ਦੇ ਮਗਰਲੇ ਅੱਧ ਦਾ ਸਮਾਂ ਕੌਮੀ ਜੀਵਨ ਵਿਚ ਵੀ ਬੜਾ ਹੋਣੀਆਂ ਭਰਪੂਰ ਸਮਾਂ ਸੀ। ਮੰਦਵਾੜੇ ਦੀ ਲਗਾਤਾਰ ਮਾਰ ਝੱਲਣ ਵਾਲੀ ਪੰਜਾਬ ਦੀ ਕਿਸਾਨੀ ਵੀ ਸੀ.ਪੀ.ਆਈ. ਦੇ ਪ੍ਰਭਾਵ ਹੇਠਲੀ ਕਿਸਾਨ ਸਭਾ ਵਿਚ ਸੰਗਠਿਤ ਹੋ ਰਹੀ ਸੀ। ਕਵੀ ਜੀ ਦੇ ਗ੍ਰਹਿ ਜ਼ਿਲ੍ਹਾ ਲਾਹੌਰ ਵਿਚ ਕਿਸਾਨ ਸਭਾ ਏਨੀ ਤਾਕਤਵਰ ਹੋ ਚੁੱਕੀ ਸੀ ਕਿ ਉਸ ਨੇ ਨਾਮਧਾਰੀ ਪ੍ਰਭਾਵ ਵਾਲੇ ਇਕ ਹੋਰ ਪਿੰਡ ਜੀਆ ਬੱਗਾ ਵਿਖੇ, ਵੰਡ ਤੋਂ ਕੁਝ ਵਰ੍ਹੇ ਪਹਿਲਾਂ ਪੰਜਾਬ ਕਿਸਾਨ ਸਭਾ ਦਾ ਸਾਲਾਨਾ ਸਮਾਗਮ ਧੂਮ ਧਾਮ ਨਾਲ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਸੀ। ਸੰਨ ੧੯੩੦ ਈ. ਤੋਂ ੧੯੪੨ ਈ. ਤੱਕ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਕਵੀ ਜੀ ਆਪਣੇ ਪਿੰਡ ਡੱਬਰਕੇ ਆ ਗਏ ਅਤੇ ਇਹੋ ਸਮਾਂ ਉਨ੍ਹਾਂ ਦਾ ਭਾਰਤੀ ਕਮਿਊਨਿਸਟ ਪਾਰਟੀ ਦੀ ਐਕਟਿਵ ਮੈਂਬਰੀ ਗ੍ਰਹਿਣ ਕਰਨ ਦਾ ਸਮਾਂ ਹੈ। ਵੈਸੇ ਨਾਮਧਾਰੀ ਪੰਥ ਵਿਚ ਹੁੰਦਿਆਂ ਵੀ ਉਹਨਾਂ ਆਪਣੇ ਹਮਖਿਆਲੀ ਸੱਜਣਾਂ ਮਿਤਰਾਂ ਨਾਲ ਰਲ ਕੇ ਕੁਝ ਨਵਾਂ ਨਰੋਆ ਕਰਨ ਦਾ ਸੰਕਲਪ ਚਿਤਵਿਆ ਸੀ, ਜੋ ਵੇਲੇ ਦੀਆਂ ਹਕੀਕਤਾਂ ਨਾਲ ਮੇਲ ਖਾਂਦਾ ਨਾ ਹੋਣ ਕਾਰਨ ਅੱਧ ਵਾਟੇ ਹੀ ਦਮ ਤੋੜ ਗਿਆ। ਅਸੀਂ ਆਪਣੀ ਗੱਲ ਸਪਸ਼ਟ ਕਰਨ ਲਈ, ਆਪਣੇ ਤੋਂ ਕੁਝ ਵਡੇਰੀ ਉਮਰ ਵਾਲੇ ਮਿਤਰ ਐਸ.ਐਸ. ਮਨਧੀਰ ਹੋਰਾਂ ਦੀ ਲਿਖਤ ਦਾ ਸਹਾਰਾ ਲਵਾਂਗੇ ਜੋ ਉਹਨਾਂ ਨੇ ਆਪਣੇ ਸਵਰਗੀ ਪਿਤਾ ਅਤੇ 'ਸਤਿਜੁਗ' ਤੇ ਰੋਜ਼ਾਨਾ 'ਨਵਾਂ ਹਿੰਦੁਸਤਾਨ' ਦੇ ਰਹਿ ਚੁੱਕੇ ਸੰਪਾਦਕ ਸੰਤ ਮੰਗਲ ਸਿੰਘ ਜੀ 'ਲਾਇਲਪੁਰੀ' ਦੀਆਂ ਯਾਦਾਂ ਅੰਕਿਤ ਕਰਦਿਆਂ ਲਿਖਿਆ ਹੈ:

"ਇਕ ਹੋਰ ਹੀਲਾ, ਇਕ ਹੋਰ ਹੰਭਲਾ- ਨਾਮਧਾਰੀ ਸਮਾਜ ਦੇ ਉਤਸਾਹੀ ਬੁੱਧਵਾਨਾਂ ਵਲ ਪਹੁੰਚ ਕੀਤੀ ਗਈ, ਥਾਵੇਂ ਰਲ ਕੇ ਬੈਠੇ ਵਿਚਾਰਾਂ ਕੀਤੀਆਂ ਤੇ "ਨਾਮਧਾਰੀ ਪ੍ਰੋਗਰੈਸਿਵ ਪਾਰਟੀ" ਹੋਂਦ ਵਿਚ ਆ ਗਈ। ਲਾਇਲਪੁਰੀ ਜੀ ਦੇ ਸਾਥੀ ਬਣੇ ਪ੍ਰੀਤਮ ਸਿੰਘ ਕਵੀ, ਗੰਗਾ ਸਿੰਘ ਵਾਲੇ ਦੇ ਮੁਖਤਾਰ ਸਿੰਘ, ਲਾਹੌਰ ਤੋਂ ਬੂਟਾ ਸਿੰਘ ਐਮ.ਏ. ਜੋ ਬਾਅਦ ਵਿਚ ਚੋਟੀ ਦੇ ਕਹਾਣੀਕਾਰ ਵਜੋਂ ਜਾਣੇ ਗਏ, ਗੁਜਰਾਂਵਾਲੇ ਤੋਂ ਗਿਆਨੀ ਸੰਤੋਖ ਸਿੰਘ, ਸੇਵਾ ਸਿੰਘ ਸਚਦੇਵਾ ਤੇ ਗਿਆਨੀ ਹਰਬੰਸ ਸਿੰਘ ਜੋ ਅੱਜ ਕੱਲ੍ਹ ਥਾਈਲੈਂਡ ਵਿਚ ਹਨ, ਨਿਰੰਜਨ ਸਿੰਘ ਜਜੋਤੀ, ਸ਼ੇਖੂਪੁਰੇ ਤੋਂ ਬੁੱਧ ਸਿੰਘ ਲੋਹੇ ਵਾਲਿਆਂ ਦੇ ਸਪੁੱਤਰ ਸ੍ਰ. ਦਰਸ਼ਨ ਸਿੰਘ ਜੀ, ਸ੍ਰ. ਹਰਨਾਮ ਸਿੰਘ ਚਾਹਲ ਪੰਧੇਰੀ, ਸੰਤ ਸਿੰਘ ਕਾਮੋਕੇ, ਗੁਰਬਖਸ਼ ਸਿੰਘ ਬਰੋਲੀ, ਹਰਬੰਸ ਸਿੰਘ ਧੁਵਾਨਾ ਆਦਿ। ਸੱਜਣ ਸਮਝਣ ਵਾਲੇ ਬਹੁਤ ਨਾਮਧਾਰੀ ਸਿੱਖਾਂ ਦਾ ਸਾਥ ਲਾਇਲਪੁਰੀ ਜੀ ਨੂੰ ਮਿਲ ਗਿਆ। ਲੱਗਦਾ ਸੀ ਕਿ ਨਾਮਧਾਰੀ ਬੁੱਧੀਵਾਨਾਂ ਵਿਚ ਕੁਝ ਇਹੋ ਜਿਹਾ ਕਰ ਗੁਜ਼ਰਨ ਦੀ ਚਾਹ ਹੈ- ਜਿਸ ਨਾਲ ਨਾਮਧਾਰੀ ਸਮਾਜ ਦੀ ਪਛਾਣ ਦੂਰ ਨੇੜੇ ਦੇਸ ਪਰਦੇਸ ਤਕ ਹੋਣੀ ਚਾਹੀਦੀ ਹੈ।

ਪਰ ਕੁਝ ਮਹੀਨਿਆਂ ਦੀ ਕਸਰਤ ਤੇ ਫਿਰ ਹੁਕਮ ਦੀ ਮਾਰ। ਸਮਰੱਥ ਸਤਿਗੁਰੂ ਦੇ ਹੁਕਮ ਕਾਰਨ ਇਹ ਸੰਸਥਾ ਵੀ ਬੰਦ ਹੋ ਗਈ।"[5]

ਆਪਣੇ ਲੇਖਣੀ ਕਾਰਜ ਦੇ ਕਵੀ ਜੀ ਨੇ ਤਿੰਨ ਨਿਸ਼ਾਨੇ ਮਿਥੇ ਸਨ। ਨਾਮਧਾਰੀ ਸਮਾਜ ਦੇ ਵਰਤਮਾਨ ਸਤਿਗੁਰੂ ਜੀ ਦੀਆਂ ਜੀਵਨ ਕਥਾਵਾਂ ਦੀ ਹਕੀਕਤ ਬਿਆਨੀ ਤਾਂ ਕਿ ਬਾਅਦ ਵਿਚ ਕੂੜ ਕਹਾਣੀਆਂ ਨਾ ਬਣਾਈਆ ਜਾਣ। ਵਰਤਮਾਨ ਸਤਿਗੁਰੂ ਜੀ ਦੇ ਜੀਵਨ ਸਮਾਚਾਰ ਜੋ ਆਉਣ ਵਾਲੇ ਸਤਿਗੁਰੂ ਸਾਹਿਬਾਨ ਲਈ ਪ੍ਰੇਰਨਾ ਸਰੋਤ ਹੋਣ। ਆਪਣੇ ਜੀਵਨ ਨੂੰ ਗੁਰੂ ਅਨੁਰੂਪ ਢਾਲਣ ਵਾਲਿਆਂ ਨੂੰ ਗਾਹੁਣ ਵਿਚ ਸੌਖੇ ਰਾਹੇ ਮਿਲ ਜਾਣ। ਇਉਂ ਕਵੀ ਜੀ ਚਾਹੁੰਦੇ ਸਨ ਕਿ ਇਕ ਲੇਖਕ ਹਮੇਸ਼ਾ ਹੀ ਸਤਿਗੁਰੂ ਜੀ ਦੇ ਹਜ਼ੂਰੀ ਵਿਚ ਰਹਿ ਕੇ ਇਸ ਕਾਰਜ ਨੂੰ ਸਰੰਜਾਮ ਦੇਵੇ। ਕਵੀ ਜੀ ਦੇ ਆਪਣੇ ਸ਼ਬਦਾਂ ਵਿਚ -

"ਪਰ ਇਹ ਗੱਲ ਬਣੀ ਨਾ। ਮੈਂ ਖੁਦ ਸਤਿਗੁਰੂ ਜੀ ਤੋਂ ਦੂਰ ਚਲਾ ਗਿਆ। ਮੇਰਾ ਜਨ-ਸੇਵਾ ਦਾ ਸ਼ੌਕ ਤੇ ਬੁੱਧੀਮਾਨਤਾ ਮੈਨੂੰ ਕਮਿਊਨਿਸਟ ਪਾਰਟੀ ਆਫ ਇੰਡੀਆ ਵਿਚ ਲੈ ਗਏ। ਇਸ ਜਾਣ ਵਿਚ ਵੀ ਮੈਨੂੰ ਆਪਣੇ ਘਰਿ

Sri Satguru Jagjit Singh Ji eLibrary NamdhariElibrary@gmail.com

ਅਰਥਾਤ ਨਾਮਧਾਰੀਆਂ ਵਿਚੋਂ ਪ੍ਰੇਰਨਾ ਮਿਲੀ। ਇਹ ਤੁਕਾਂ

'ਰਾਮ ਸਿੰਘ ਊਚ ਨੀਚਨ ਕਰੇ।
ਅਵਨੀ ਏਕ ਜਗੌਂਦੀ ਕਰੈ।
ਉਠੈ ਰਾਮ ਸਿੰਘ ਦੂਲੇ।
ਪੁਟਦੇ ਸਭ ਰਾਜਨ ਕੇ ਮੂਲੇ।'[25]

'ਮੈਂ ਜੀਵਨ ਵਿਚ ਵਾਪਰਨ ਵਾਲੀਆਂ ਸਮਝਦਾ ਸਾਂ ਤੇ ਕਮਿਊਨਿਸਟ ਪਾਰਟੀ ਮੈਨੂੰ ਇਨ੍ਹਾਂ ਵਿਚਾਰਾਂ ਨੂੰ ਪਰਣਾਈ ਜਾਪੀ। ੧੯੪੫ ਤੋਂ ੧੯੫੭ ਅਤੇ ੧੯੬੬ ਤੋਂ ੧੯੭੭ ਤੱਕ ਮੈਂ ਪੂਰੀ ਇਮਾਨਦਾਰੀ, ਸੰਜੀਦਗੀ ਅਤੇ ਉਤਸ਼ਾਹੀ ਹਿੰਮਤ ਨਾਲ ਪਾਰਟੀ ਵਿਚ ਕੰਮ ਕੀਤਾ। ਸਾਧਾਰਨ ਪੱਧਰ ਤਾਂ ਲੈ ਕੇ ਹੈੱਡ ਕੁਆਰਟਰ ਤੱਕ ਦੀਆਂ ਜ਼ਿੰਮੇਵਾਰੀਆਂ ਨਿਭਾਹੀਆਂ। ਜ਼ਿੰਮੇ ਲੱਗੇ ਪਾਰਟੀ ਕੋਟਿਆਂ ਨੂੰ ਡਿਊਢਾ-ਦੁੱਗਣਾ ਤੱਕ ਪੂਰਾ ਕੀਤਾ। ਅੰਤਿਮ ਸੇਵਾ ਪਾਰਟੀ ਦੇ ਪ੍ਰੈੱਸ 'ਦੀ ਅਵਾਮੀ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਸੋਸਾਇਟੀ ਲਿਮਟਿਡ, ਜਲੰਧਰ" (ਅਵਾਮੀ ਪ੍ਰੈੱਸ) ਵਿਚ ਮੈਨੇਜਰ ਦੇ ਤੌਰ 'ਤੇ ਕੀਤੀ। ਉਸ ਨੂੰ ਬੇਵਿਸ਼ਵਾਸੀ ਦੇ ਮਾਹੌਲ ਵਿਚੋਂ ਕੱਢ ਕੇ ਵਿਸ਼ਵਾਸ ਯੋਗਤਾ ਪ੍ਰਦਾਨ ਕੀਤੀ।

'ਪਰ ਇਸ ਸਾਰੇ ਸਮੇਂ ਵਿਚ ਮੇਰਾ ਨਾਮਧਾਰੀਆਂ ਨਾਲੋਂ ਮੋਹ ਨਹੀਂ ਟੁੱਟ ਸਕਿਆ। ਸਗੋਂ ਮੇਰੇ ਸਾਰੇ ਪ੍ਰੈੱਸ ਨਾਲ ਕੰਮਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਅਥਿਲ ਸਹਾਇਕ ਰਹੇ। ਕੋਈ ਸੰਦੇਹ ਨਹੀਂ ਕਿ ਜੇ ਮੈਨੂੰ ਸਮੇਂ ਸਮੇਂ ਸਤਿਗੁਰੂ ਜੀ ਵਾਲੇ ਪਾਸਿਓਂ ਆਰਥਿਕ ਸਹਾਇਤਾ ਨਾ ਮਿਲੀ ਹੁੰਦੀ ਤਾਂ ਪ੍ਰੈੱਸ ਨੂੰ ਭਰਪੂਰਤਾ ਨਾ ਪ੍ਰਦਾਨ ਕਰ ਸਕਦਾ।"

੧੯੫੭ ਤੋਂ ੧੯੬੬ ਈ. ਤੱਕ ਜਦੋਂ ਕਵੀ ਜੀ ਦਾ ਪਰਿਵਾਰ ਤਾਂ ਪਾਕਿਸਤਾਨ ਬਣਨ ਬਾਅਦ ਪਹਿਲਾਂ ਮਲੋਟ ਤਹਿਸੀਲ ਵਿਚ ਪੰਜਾਵੇ ਅਤੇ ਫਿਰ ਨਵੀਂ ਦਿੱਲੀ ਜਾ ਟਿਕਿਆ, ਉਹ ਲਗਾਤਾਰ ਨੌਂ ਵਰ੍ਹੇ ਸ੍ਰੀ ਜੀਵਨ ਨਗਰ ਵਿਖੇ ਰਹਿ ਕੇ ਨਾਮਧਾਰੀ ਸਪਤਾਹਿਕ ਪਰਚੇ 'ਸਤਿਜੁਗ' ਦੀ ਸੰਪਾਦਨਾ ਕਰਦੇ ਰਹੇ। ਇਹ ਸਮਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਅਤੇ ਯੁਵਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ, ਪ੍ਰਾਰੰਭਿਕ ਔਕੜਾਂ 'ਤੇ ਕਾਬੂ ਪਾਉਣ ਅਤੇ ਉਨ੍ਹਾਂ ਦੀ ਰੂਹਾਨੀ ਸੱਤਾ ਦੀ ਸਥਾਪਤੀ ਵੱਲ ਵਧ ਰਹੇ ਕਦਮਾਂ ਦਾ ਸਮਾਂ ਸੀ। ਇਸ ਸਮੇਂ ਵਿਚ ਹੀ ਪ੍ਰੀਤਮ ਸਿੰਘ ਕਵੀ, ਜਿਸ ਨੂੰ ਰਾਜ, ਸਮਾਜ ਅਤੇ ਆਲੇ ਦੁਆਲੇ ਵੱਲੋਂ ਪੇਸ਼ ਕੀਤੀ ਵਿਕਟ ਪ੍ਰਸਥਿਤੀ ਦੇ ਸੰਬੰਧ ਵਿਚ ਹਰ ਹਫ਼ਤੇ ਆਪਣੇ ਅਖ਼ਬਾਰ ਵਿਚ ਸੰਪਾਦਕੀ ਲਿਖਣੀ ਪੈਂਦੀ ਸੀ, ਆਪਣੀ ਵਾਰਤਕ ਰਚਨਾ ਅਤੇ ਸ਼ੈਲੀ ਵਿਚ ਨਿਵੇਕਲੇ ਗੁਣ ਭਰਨ ਦੇ ਸਮਰੱਥ ਹੋਇਆ। ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਉਸ ਦੀ ਰਚਨਾ, ਸੰਤ ਇੰਦਰ ਸਿੰਘ ਚੱਕਰਵਰਤੀ ਦੇ ਚਮਤਕਾਰੀ ਪ੍ਰਭਾ ਮੰਡਲ ਤੋਂ ਬਾਹਰ ਨਿਕਲ ਕੇ, ਪਰਮ ਮਨੁੱਖ ਦੀ ਖੋਜ ਕਰਨ ਵਾਲੇ ਅਤੇ ਸਾਵੀਂ ਪੱਧਰੀ ਜ਼ਿੰਦਗੀ ਦੀ ਤੋਰ ਸਮਝਾਉਣ ਵਾਲੇ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਅਸਰ ਕਬੂਲਣ ਲੱਗ ਪਈ ਸੀ। ਪ੍ਰੀਤਮ ਸਿੰਘ ਕਵੀ ਦੀ ਨਾ ਸਿਰਫ਼ ਰਚਨਾ ਬਲਕਿ ਉਸ ਦੀ ਸਮੁੱਚੀ ਰਹਿਣੀ ਬਹਿਣੀ ਤੇ ਜੀਵਨ ਜਾਚ ਉੱਤੇ ਪ੍ਰੀਤ ਲੜੀ ਦਾ ਪ੍ਰਭਾਵ ਪਰਤੱਖ ਨਜ਼ਰ ਆਉਂਦਾ ਸੀ। ਬਸਤਰਾਂ ਦਾ ਪਹਿਰਾਵਾ, ਬਣਨ ਫੱਬਣ, ਬੋਲਚਾਲ, ਸਲੀਕਾ ਅਤੇ ਆਪਣੇ ਆਪ ਨੂੰ ਇਕ ਲੈਅ ਇਕ ਮਟਕ ਨਾਲ ਪੇਸ਼ ਕਰਨ ਦੀ ਅਦਾਕਾਰੀ ਗੁਰਬਖ਼ਸ਼ ਸਿੰਘ ਦੁਆਰਾ ਸੁਝਾਈ ਸੰਸਕ੍ਰਿਤੀ ਦਾ ਹੀ ਇਕ ਪਰਤੌ ਸੀ। ਉਂਝ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਆਪਣੇ ਸਿੱਖਾਂ ਦੀ ਅੰਦਰੂਨੀ ਦਿੱਖ ਦੇ ਨਾਲ-ਨਾਲ ਬਾਹਰੀ ਦਿੱਖ ਵੀ ਖਿੱਚਵੀਂ ਤੇ ਨੁੱਕਵੀਂ ਹੋਣ ਦੇ ਪਰਚਾਰਕ ਸਨ। ਸ਼ਾਇਦ ਇਹੋ ਕਾਰਨ ਸੀ ਕਿ ਉਸ ਦੇ ਵਿਗਿਆਨਕ ਵਿਚਾਰਾਂ ਨਾਲ ਪੂਰਨ ਸਮਰੂਪਤਾ ਨਾ ਹੁੰਦਿਆਂ ਵੀ ਸ੍ਰੀ ਸਤਿਗੁਰੂ ਜੀ ਗੁਰਬਖ਼ਸ਼ ਸਿੰਘ ਹੋਰਾਂ ਦੇ ਵੱਡੇ ਕਦਰਦਾਨ ਸਨ ਅਤੇ ਗੁਰੂ ਪਰਿਵਾਰ ਦੀ 'ਪ੍ਰੀਤਲੜੀ ਪਰਿਵਾਰ' ਨਾਲ ਇਹ ਨੇੜਤਾ ਤੇ ਨਿੱਘ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਬਰਕਰਾਰ ਰੱਖਿਆ ਹੈ।

ਨਾਮਧਾਰੀ ਜਗਤ ਨਾਲ 'ਮੇਰੀ ਮੁੜ-ਮਿਲਣੀ' ਕਵੀ ਜੀ ਨੇ ਇਕ ਲੇਖ ਲਿਖਿਆ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਹੀ ਸੀ ਪਰ ੨੦੧੬ ਬਿਕ੍ਰਮੀ ਦੇ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਅੰਕ ਵਿਚ ਅਕੀਦਤ ਵਜੋਂ

Sri Satguru Jagjit Singh Ji eLibrary NamdhariElibrary@gmail.com

ਛਾਪਿਆ ਗਿਆ। ਇਸ ਵਿਚ ਉਹ ੧੫ ਵਰ੍ਹੇ ਬਾਅਦ 'ਨਵੇਂ ਭੈਣੀ ਸਾਹਿਬ' ਜੀਵਨ ਨਗਰ ਆ ਕੇ ਨਾਮਧਾਰੀ ਸੰਗਤ, ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਉਨ੍ਹਾਂ ਦਿਆਂ ਦੋਹਾਂ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਦੇ ਹਨ ਅਤੇ ਫਿਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ 'ਸਤਿਜੁਗ' ਦੀ ਸੰਪਾਦਕੀ ਦੀ ਸੇਵਾ ਸੰਭਾਲ ਲੈਂਦੇ ਹਨ। ਜਜ਼ਬੇ, ਵਲਵਲੇ, ਵਿਸਵਿਸੇ, ਮਿਲਣ ਵਿਛੜਨ ਦੀਆਂ ਰਮਜ਼ਾਂ, ਆਪਣੀਆਂ ਨਜ਼ਰਾਂ ਵਿਚ ਸਮਤੋਲ ਰਹਿਣਾ, ਆਪਣੇ ਸੰਸਕਾਰਾਂ ਦੀ ਮਿੱਟੀ ਦੀ ਮਹਿਕ ਦੇ ਦਰਸ਼ਨ ਕਵੀ ਜੀ ਦੀ ਇਸ ਕਾਲਜੀਵੀ ਰਚਨਾ ਵਿਚੋਂ ਹੁੰਦੇ ਹਨ। ਕਵੀ ਜੀ ਆਪਣੇ ਅਵਚੇਤਨ ਵਿਚ ਨਿਹਾਰਦੇ ਹਨ ਕਿ ਇਨ੍ਹਾਂ ੧੫ ਕੁ ਸਾਲਾਂ ਵਿਚ ਜਦੋਂ ਦੇ ਉਨ੍ਹਾਂ ਦੇ ਦਰਸ਼ਨ ਨਹੀਂ ਹੋਏ, ਸਤਿਗੁਰੂ ਪ੍ਰਤਾਪ ਸਿੰਘ ਜੀ ਕਿੰਨੇ ਕੁ ਬਿਰਧ ਹੋ ਗਏ ਹੋਣਗੇ। ਫਗਵਾੜੇ ਸੰਤ ਪ੍ਰੀਤਮ ਸਿੰਘ ਪੌਦੀ ਵਾਲਿਆਂ ਦੀ ਵਰਕਸ਼ਾਪ ਵਿਚ ਸਤਿਗੁਰੂ ਜੀ ਦੀ ਇਕ ਛੋਟੇ ਤੱਕਣ ਬਾਅਦ ਉਸ ਵਿਚਲੇ ਨੇਤਰਾਂ ਨੇ ਲੋਹੜੇ ਦੀ ਧੂਹ ਪਾਈ ਤੇ ਕਵੀ ਜੀ ਮਰਨ ਤੋਂ ਪਹਿਲਾਂ ਇਕ ਵਾਰ ਆਪਣੇ ਪਿਆਰੇ ਨੂੰ ਮਿਲਣ ਲਈ ਬਿਹਬਲ ਰਹਿਣ ਲੱਗੇ। ਤੇ ਜਦੋਂ ਉਹ ਸਾਈਕਲ ਤੇ ਪੰਜਾਬਿਉਂ ਕਰੀਵਾਲੇ ਨੂੰ ਆਪਣੇ ਮਿੱਤਰਾਂ ਪਾਸ ਜਾਂਦਿਆਂ, ਰਾਹ ਵਿਚ ਪੈਂਦੇ ਜੀਵਨ ਨਗਰ ਪਹੁੰਚ ਕੇ, ਬਾਬਲ ਦੀਆਂ ਗਲੀਆਂ ਦਾ ਅਨੰਦ ਮਾਣਦੇ ਹਨ ਤਾਂ ਹਜ਼ੂਰੀ ਸੇਵਕ ਭਾਈ ਰਤਨ ਸਿੰਘ ਜੀ, ਕੁਝ ਸੰਕੋਚ ਜਿਹੇ ਵਿਚ ਰੁਕ ਰੁਕ ਕੇ ਕਹਿੰਦੇ ਹਨ, "ਮੈਂ ਪੁੱਛਣਾ ਚਾਹੁੰਦਾ ਸਾਂ, ਕਵੀ, ਤੈਨੂੰ ਕਦੇ ਸੰਤ ਫੂਲਾ ਸਿੰਘ ਜੀ ਤੇ ਬੇਬੇ ਦਿਆਲ ਕੌਰ (ਮੇਰੇ ਮਾਤਾ ਪਿਤਾ) ਯਾਦ ਆਏ ਹਨ, ਪਰ ਆਪ ਹੀ ਪੰਜ ਮਿੰਟ ਬਾਅਦ ਉੱਤਰ ਆ ਗਿਆ, ਏਹ ਮੁੜ ਪਰਤਣਾ ਕਾਹਦਾ ਹੈ, ਉਸ ਯਾਦ ਸਦਕਾ ਹੀ ਹੈ ਨਾ?"

ਇਸੇ ਅੰਕ ਵਿਚ ਕਵੀ ਜੀ ਨੇ ਦਿਵੰਗਤ ਸਤਿਗੁਰੂ ਜੀ ਦਾ 'ਨਿੱਤ ਕਰਮ', ਸੰਤ ਰਤਨ ਸਿੰਘ ਜੀ ਦੀ ਯਾਦਦਾਸ਼ਤ ਦੇ ਆਧਾਰ 'ਤੇ ਲਿਖ ਕੇ ਆਉਣ ਵਾਲੇ ਇਤਿਹਾਸਕਾਰਾਂ ਦਾ ਕੰਮ ਸੁਖਾਲਾ ਕਰ ਦਿੱਤਾ ਹੈ। ਇਕ ਜ਼ਾਬਤਾਬੱਧ ਜੀਵਨ ਜਾਚ ਵਾਲਾ ਵਿਅਕਤੀ ਹੀ ਵਡੇਰੀਆਂ ਜ਼ਿੰਮੇਵਾਰੀਆਂ ਨਿਭਾਹ ਸਕਣ ਦੇ ਸਮਰੱਥ ਹੋ ਸਕਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਅੰਤਿਮ ਪਾਠ ਭੋਗਾਂ ਅਤੇ ਨਵੇਂ ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਨਾਲ ਸਬੰਧਿਤ 'ਸਤਿਜੁਗ' ਦਾ ਸ਼ਰਧਾਂਜਲੀ ਅੰਕ – ੨੦੧੬ ਬਿਕ੍ਰਮੀ ਦੀ ਯਾਦਗਾਰੀ ਹੋ ਨਿਬੜਿਆ ਹੈ ਜਿਸ ਵਿਚ ਕਵੀ ਜੀ ਦੁਆਰਾ ਪ੍ਰਸਤੁੱਤ ਰੀਪੋਰਤਾਜ, ਸਰਲ, ਠੋਸ, ਸਪਸ਼ਟ, ਜਜ਼ਬਿਆਂ ਗੁੰਧੀ ਤੇ ਰਵਾਨਗੀ ਸ਼ੈਲੀ ਵਿਚ ਲਿਖੀ ਗਈ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨਾਲ ਨਾਮਧਾਰੀ ਸੰਗਤ ਅਤੇ ਹੋਰ ਪ੍ਰਾਣੀ ਮਾਤਰ ਦਾ ਜੋ ਅਥਾਹ ਪ੍ਰੇਮ ਅਗਾਧ ਸ਼ਰਧਾ ਸੀ ਉਹ ਕਿਸੇ ਇਕ ਅੰਕ ਦੇ ਘੇਰੇ ਵਿਚ ਨਹੀਂ ਸੀ ਆ ਸਕਦਾ। ਸੰਮਤ ੨੦੨੦ ਬਿਕ੍ਰਮੀ ਵਿਚ ਵੀ 'ਸਤਿਜੁਗ' ਦਾ 'ਅਟਲ ਪ੍ਰਤਾਪੀ ਅੰਕ' ਜੀਵਨ ਨਗਰ ਤੋਂ ਹੀ ਕੱਢਿਆ ਗਿਆ। ਇਸ ਵਿਚ ਕਵੀ ਜੀ ਨੇ ਮੁੱਖ ਲੇਖ ਵਜੋਂ "ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਵਿਵਹਾਰਕ ਪੱਖ" ਪਾਠਕਾਂ ਸਾਹਮਣੇ ਪੇਸ਼ ਕੀਤਾ। ਕਵੀ ਜੀ ਦੀ ਵਿਆਖਿਆ ਕਿੰਨੀ ਗਹਿਰੀ ਤੇ ਸਟੀਕ ਹੈ, ਨਮੂਨਾ ਵੇਖੋ:

"ਸਤਿਗੁਰੂ ਜੀ ਨੇ ਧਰਮ-ਕਰਮ ਨੂੰ ਏਨਾ ਆਡੰਬਰ ਹੀਨ ਰੱਖਿਆ ਹੈ ਕਿ ਇਹ ਬੜੀ ਸਾਦਗੀ ਨਾਲ ਸਾਰੇ ਮਨੁੱਖੀ ਜੀਵਨ ਤੇ ਆਪਣਾ ਪ੍ਰਭਾਵ ਪਾ ਸਕੇ, ਪਰ ਜ਼ਿੰਦਗੀ ਦੀ ਜਦੋ ਜਹਿਦ ਵਿਚ ਇਕ ਰੋਕ ਨਾ ਬਣੇ। ਇਸੇ ਕਾਰਨ ਆਪ ਜੀ ਨੇ ਧਰਮ ਕਰਮ ਦਾ ਸਮਾਂ ਸੂਰਜ ਦੇ ਚੜ੍ਹਾ ਤੋਂ ਪਹਿਲਾਂ ਅਤੇ ਛੁਪਾ ਤੋ ਪਿੱਛੋਂ ਰੱਖਿਆ। ਜੀਵਨ ਸੰਗਰਾਮ ਵਿਚ ਰੁਝਦੇ ਆਮ ਲੋਕਾਂ ਨੂੰ ਥੋੜ੍ਹੇ ਤੋਂ ਥੋੜ੍ਹਾ ਸਮਾਂ ਇਕਾਂਤ ਬੈਠਕ ਦੇਣ ਲਈ ਸ੍ਰੀ ਜੀ ਨੇ ਇਕ ਘੰਟਾ ਨਾਮ ਸਿਮਰਨ ਦੀ ਪਰਿਪਾਟੀ ਪਾਈ।... ਪਰ ਸਾਰੇ ਦਿਨ ਦਾ ਭਜਨ-ਬਾਣੀ ਬਿਰੰਗਮਾਂ ਲਈ ਹੀ ਲੋੜੀਂਦਾ ਹੈ ਜਿਨ੍ਹਾਂ ਨੂੰ ਗ੍ਰਿਸਤ ਦੇ ਧੰਦਿਆਂ ਤੋਂ ਨਿਰੀ ਵਿਹਲ ਮਿਲੀ ਹੋਈ ਹੁੰਦੀ ਹੈ।"

ਕਵੀ ਜੀ ਦੇ ਸੰਪਾਦਕੀ ਕਾਲ ਵਿਚ, ਪੁੰਗਰਦੇ ਲੇਖਕਾਂ/ਕਵੀਆਂ ਨੂੰ ਉਤਸ਼ਾਹੀ ਟਿੱਪਣੀਆਂ ਨਾਲ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਵਿਚ ਛਾਪਿਆ ਜਾਂਦਾ ਸੀ ਤਾਂ ਕਿ ਨਾਮਧਾਰੀ ਭਾਈਚਾਰੇ ਦਾ ਸਾਹਿਤਕ ਪਛੜੇਵਾਂ ਦੂਰ ਕਰਨ ਲਈ ਨਵੀਂ ਪੌਦ ਤਿਆਰ ਕੀਤੀ ਜਾ ਸਕੇ। ਇਸ ਲੇਖਕ ਦਾ ਪਹਿਲਾ ਲੇਖ, ਕਵੀ ਜੀ ਦੀ ਪ੍ਰੇਰਣਾ ਦੇ ਨਾਲ ਹੀ ਹੇਠਲੀ ਟਿੱਪਣੀ ਸਮੇਤ 'ਅਟੱਲ-ਪ੍ਰਤਾਪੀ' ਅੰਕ ਵਿਚ ਛਪਿਆ ਸੀ: "ਸ੍ਰੀ ਭੈਣੀ ਸਾਹਿਬ ਦੇ ਇਕ ਪਿਛਲੇ ਸਰਬ-ਪ੍ਰਬੰਧਕ ਸ੍ਰੀ

Sri Satguru Jagjit Singh Ji eLibrary NamdhariElibrary@gmail.com

ਮਾਨ ਸੰਤ ਗੁਰਮੁਖ ਸਿੰਘ ਭੰਬਰ ਦੇ ਹੋਣਹਾਰ ਸਪੁੱਤਰ ਸੁਵਰਨ ਸਿੰਘ ਉਤੇ ਸਾਨੂੰ ਬਹੁਤ ਮਾਣ ਹੈ। ਪਿਤਾ ਦਾ ਆਪਣੇ ਸਪੁੱਤਰ ਨੂੰ ਵਿਦਵਾਨ, ਲੇਖਕ ਜਾਂ ਪਰਚਾਰਕ ਬਣਾਉਣ ਤੇ ਜੀ ਕਰਦਾ ਹੈ। ਉਸ ਨੇ ਉਸ ਦੇ ਜਨਮ ਤੋਂ ਹੀ ਸਤਿਗੁਰਾਂ, ਸੰਤਾਂ ਤੇ ਕਰਨੀ ਵਾਲੇ ਸਿੱਖਾਂ ਦੀਆਂ ਕਥਾਵਾਂ ਸੁਣਾ ਕੇ ਅਜੇਹੀ ਅਵਸਥਾ ਪੈਦਾ ਕਰ ਦਿੱਤੀ ਹੈ ਕਿ ਸੁਵਰਨ ਸਿੰਘ ਪੜ੍ਹਨ, ਲਿਖਣ ਦੇ ਸ਼ੌਕ ਵੱਲੋਂ ਕਿਨਾਰਾ ਨਹੀਂ ਕਰ ਸਕਦਾ।

'ਨਿਪਟ ਵਿਹਾਰ ਦਾ ਇਹ... ਭੌਰਾ ਅਜੇ ਦੱਸਵੀਂ ਦਾ ਵਿਦਿਆਰਥੀ ਹੈ ਪਰ ਇਸ ਦੇ ਸ਼ਬਦਾਂ ਵਿਚੋਂ ਇਸ ਦੀ ਪ੍ਰੋਢਤਾ ਝਲਕਦੀ ਹੈ। ਇਸ ਨੇ ਛੋਟੇ ਜਿਹੇ ਲੇਖ ਵਿਚ ਬਹੁਤ ਕੁਝ ਤੇ ਝਾਤੀ ਪਵਾਈ ਹੈ।

'ਸਾਡੀ ਅਰਦਾਸ ਹੈ, ਸਤਿਗੁਰੂ ਆਪਣੇ ਇਸ ਹੀਰੇ ਵਰਗੇ ਬੱਚੜੇ ਨੂੰ ਉਨਤੀ ਦੀਆਂ ਚੋਟੀਆਂ ਦੀ ਸੋਝ ਬਖ਼ਸ਼ਣ।

ਪ. ਸ. ਕ. "

ਜੀਵਨ ਨਗਰ ਕਿਆਮ ਦੇ ਦੌਰਾਨ ਕਵੀ ਜੀ ਨੇ ਨਵੀਂ ਪੀੜ੍ਹੀ ਤੇ ਜੋ ਅਨੂਠਾ ਪ੍ਰਭਾਵ ਛੱਡਿਆ, 'ਸਤਿਜੁਗ' ਦੇ ਉਨਾਂ ਦੇ ਪੂਰਵਵਰਤੀ ਸੰਪਾਦਕ, ਰਜਿੰਦਰ ਸਿੰਘ ਗੁਰੂ ਸਰ ਦਿਆਂ ਸ਼ਬਦਾਂ ਵਿਚ

"'ਸਤਿਜੁਗ' ਦੀ ਸੇਵਾ ਵਿਚ ਆ ਕੇ ਇਨ੍ਹਾਂ ਬੜੇ ਮਾਰਕੇ ਦੇ ਕੰਮ ਕੀਤੇ। ਸਭ ਤੋਂ ਵੱਧ ਨਾਮਧਾਰੀ ਬੱਚਿਆਂ ਨੂੰ ਕਵਿਤਾ ਦੀ ਜਾਗ ਲਾਈ ਤੇ ਪਿੰਡ ਪਿੰਡ ਕਵੀ ਦਰਬਾਰ ਕਰ ਕੇ, ਸਾਰਾ ਵਾਤਾਵਰਣ ਹੀ ਕਾਵਿ-ਮਈ ਬਣਾ ਦਿੱਤਾ ਸੀ। 'ਬਸੰਤ ਅੰਕ' ਵੀ ਇਨ੍ਹਾਂ ਨੇ ਬੜੇ ਵੱਡਵੇਂ ਕੱਢੇ ਸਨ। ਮੇਰਾ ਖਹਿੜਾ ਚਿੱਠੀ ਰਾਹੀ ਓਨਾ ਚਿਰ ਨਾ ਛੱਡਦੇ ਜਿੰਨਾ ਚਿਰ ਇਹਨਾਂ ਕੋਲ ਮੇਰਾ ਮਜ਼ਮੂਨ ਨਾ ਪਹੁੰਚ ਜਾਂਦਾ?

ਭਾਵੇਂ ਕਵੀ ਜੀ ਨੇ ਵਾਰਤਕ ਵਿਚ ਸ੍ਰੀ ਭੈਣੀ ਸਾਹਿਬ ਸ੍ਰੀ ਜੀਵਨ ਨਗਰ, ਸੂਬਾ ਸਾਹਿਬ ਸਿੰਘ, ਸੂਬਾ ਰਤਨ ਸਿੰਘ, ਸਤਿਗੁਰੂ ਜਗਜੀਤ ਸਿੰਘ – ਇਕ ਪਰਿਵਰਤਨ, ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ ਆਦਿ ਛੋਟੀਆਂ ਪੁਸਤਕਾਂ ਲਿਖੀਆਂ ਹਨ ਪਰ ਉਨ੍ਹਾਂ ਦਾ ਰਗੀਰਥ ਕਾਰਾ ਹੈ ਵੱਡ-ਆਕਾਰੀ ਪੁਸਤਕਾਂ "ਧੀਰੇ ਦੀਆਂ ਪੈੜਾਂ" ਜਿਹਨਾਂ ਦੇ ੧੨ ਭਾਗ ਛਪ ਚੁੱਕੇ ਹਨ ਅਤੇ ਲਗਭਗ ੨੦ ਭਾਗ ਹੋਰ ਛਾਪੇ ਦਾ ਜਾਮਾ ਪਹਿਨਣ ਲਈ ਕਿਸੇ ਸੁਲੱਖਣੀ ਘੜੀ ਦੀ ਉਡੀਕ ਕਰ ਰਹੇ ਹਨ। ਜੇ ੨੫ ਮਈ ੨੦੦੨ ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕਵੀ ਜੀ ਆਪਣੀ ਜੀਵਨ ਯਾਤਰਾ ਸਮਾਪਤ ਨਾ ਕਰ ਜਾਂਦੇ ਤਾਂ ਸ਼ਾਇਦ ਇਨ੍ਹਾਂ ਵਿਚੋਂ ਕੁਝ ਹੋਰ ਪੁਸਤਕਾਂ ਛਪਣ ਦਾ ਉੱਦਮ ਹੋ ਜਾਂਦਾ। ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ ਕਵੀ ਜੀ ੧੯੬੬ ਤੋਂ ੭੭ ਈ. ਤੱਕ ਅਵਾਮੀ ਪ੍ਰੈੱਸ ਜਲੰਧਰ ਵਿਚ ਸੰਪਾਦਕ ਰਹੇ। ਉਥੋਂ ਇਸ ਕੁਰਨੇ ਨਾਲ ਉਹ ਦਿੱਲੀ ਪੁੱਜ ਗਏ ਕਿ 'ਕਵੀ, ਕਾਮਰੇਡਾਂ ਪਾਸ ਤਾਂ ਬੁੱਧੀਜੀਵੀਆਂ ਦਾ ਮੱਖਣ ਕੇਂਦਰਤ ਹੋਇਆ ਰਹਿੰਦਾ ਹੈ। ਇਨ੍ਹਾਂ ਨੂੰ ਤੇਰੀ ਓਨੀ ਲੋੜ ਨਹੀਂ ਜਿੰਨੀ ਤੇਰੇ ਘਰ, ਨਾਮਧਾਰੀਆਂ ਨੂੰ ਤੇਰੀ ਜ਼ਰੂਰਤ ਹੈ। ਉਹ ਦੇਸ ਭਗਤੀ ਕਾਰਨ ਹੀ ਆਮ ਕਰਕੇ ਅਨਪੜ੍ਹ ਰਹਿ ਗਏ, ਉਨ੍ਹਾਂ ਵਿਚ ਚੰਗੇ ਆਚਾਰ ਦੇ ਸਾਰੇ ਚਿੰਨ੍ਹ ਮੌਜੂਦ ਹਨ, ਉਹ ਗੁਰਸਿੱਖੀ ਦੀ ਨਾਨਕ ਪਰੰਪਰਾ ਨੂੰ ਸੁਰਜੀਤ ਰੱਖ ਰਹੇ ਹਨ ਤੇ ਕਿਉਂ ਨਾ ਤੂੰ ਉਨ੍ਹਾਂ ਦਾ ਲੇਖਕ ਬਣੇਂ। ਉਸ ਸਮਾਜ ਨੂੰ ਤੇਰੀ ਲੋੜ ਹੈ?

ਸਤਿਗੁਰੂ ਜਗਜੀਤ ਸਿੰਘ ਤੋਂ ਉਮਰ ਵਿਚ ਪ੍ਰੀਤਮ ਸਿੰਘ ਕਵੀ ਕੋਈ ਦਸ ਕੁ ਵਰ੍ਹੇ ਵੱਡੇ ਸਨ, ਪਰ ਆਪਣੇ ਬਚਪਨ ਵਿਚ ਉਹ ਆਪ ਨੂੰ ਰੋਜ਼ ਕੋਈ ਨਾ ਕੋਈ ਨਵੀਂ ਕਹਾਣੀ ਸੁਣਾ ਕੇ ਕਲਪਨਾ ਦੇ ਘੋੜਿਆਂ 'ਤੇ ਝੂਟਾਇਆ ਕਰਦੇ। ਇਸ ਤਰ੍ਹਾਂ ਵੀ ਇਕ ਭਾਵੀ ਲੇਖਕ ਦੀ ਡਾਕ ਬੱਲ ਉਲੀਕੀ ਗਈ। ਪ੍ਰੀਤਮ ਸਿੰਘ ਕਵੀ ਆਪਣੇ ਵਿਚਾਰਾਂ ਵਿਚ ਸਪੱਸ਼ਟ ਅਤੇ ਸੁਤੰਤਰ ਹੈ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਤਾਂ ਦੋਬਾਰਾ ਆ ਗਿਆ ਸੀ ਕਿਉਂਕਿ ਸਤਿਗੁਰੂ ਜੀ ਜਹੀ ਮਹਾਨ ਸ਼ਖ਼ਸੀਅਤ ਸਿਧਾਂਤਕ ਵਖਰੇਵੇਂ ਨੂੰ ਜਾਤੀ ਮੁਹੱਬਤ ਦੇ ਰਾਹ ਦਾ ਰੋੜਾ ਨਹੀਂ ਸੀ ਸਮਝਦੀ। ਉਨ੍ਹਾਂ ਇਹ ਕਹਿ ਕੇ ਗੱਲ ਮੁਕਾ ਦਿੱਤੀ ਸੀ 'ਕਿਤੇ ਰਹੁ ਕਿਵੇਂ ਰਹੁ, ਸਾਡਾ ਪਿਆਰ ਤੈਨੂੰ ਮਿਲਦਾ ਰਹੇਗਾ।' ਸਤਿਗੁਰੂ ਜਗਜੀਤ ਸਿੰਘ ਵੀ ਇਸ ਮੁਹੱਬਤ ਦੇ ਇਕ ਟੌਬ ਵਹਿੰਦੇ ਚਸ਼ਮੇ ਦੀ ਨਿਰੰਤਰਤਾ ਨੂੰ ਜਾਰੀ ਵੇਖਣ ਦੇ ਇੱਛੁਕ ਹਨ। ਇਸ ਲਈ ਦਿੱਲੀ ਪਹੁੰਚਣ 'ਤੇ ਉਨ੍ਹਾਂ ਕਵੀ ਜੀ ਨੂੰ ਹਰ ਕਦ੍ਹਾਂ ਦੀ ਨਿਸ਼ਚਿੰਤਤਾ ਪ੍ਰਦਾਨ ਕਰ ਕੇ ਲਿਖਣ ਦਾ ਮਾਹੌਲ ਸਿਰਜਣ ਵਿਚ ਯੋਗਦਾਨ ਪਾਇਆ ਤੇ ਕਵੀ ਜੀ ਦੇ ਜੀਵਨ ਫ਼ਲਸਫ਼ੇ ਵਿਚ ਵੀ ਕੋਈ ਢਲ ਵਿੰਗ ਜਾਂ ਪ੍ਰਤੱਖ ਸਿੱਧੀ ਉਪਦੇਸ਼-ਬੁਣ

Sri Satguru Jagjit Singh Ji eLibrary NamdhariElibrary@gmail.com

ਨਹੀਂ। ਭਰਪੂਰ ਜ਼ਿੰਦਗੀ ਜੀਊਣ ਦੇ ਸਮਰੱਥ ਬਣਾਉਂਦਾ ਹੈ ਇਹ ਫ਼ਲਸਫ਼ਾ...

"ਮੈਂ ਆਪਣੇ ਹਾਸਲ ਕੀਤੇ ਗਿਆਨ ਤੋਂ ਇੱਕੋ ਸਿੱਖਿਆ ਹੈ ਕਿ ਵਰਤਮਾਨ ਨੂੰ ਮਜ਼ੇ ਨਾਲ ਭੋਗੋ, ਪਿੱਛੇ ਦੀਆਂ ਕਹਾਣੀਆਂ ਨਾ ਪਾਓ, ਨਾ ਉਸ ਤੇ ਪਛਤਾਓ, ਅੱਗੇ ਦੀ ਪਲੈਨਿੰਗ ਬੇਸ਼ਕ ਕਰੋ, ਉਸ ਦਾ ਵਾਧੂ ਫ਼ਿਕਰ ਨਾ ਲਾਈ ਰੱਖੋ। ਜੇ ਵਰਤਮਾਨ ਠੀਕ ਤਾਂ ਅੱਗਾ ਪਿੱਛਾ ਸਭ ਠੀਕ। ਨਿਕਾ ਜਿਹਾ ਇਹ ਫ਼ਾਰਮੂਲਾ ਮੇਰੇ ਸੁੱਖਾਂ ਦਾ ਸੋਮਾ ਹੈ।"[18]

ਇਸ ਰਚਨਾ ਦਾ ਕੇਂਦਰੀ ਬਿੰਦੂ, ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਸ਼ਖ਼ਸੀਅਤ ਚਿਤਰਣ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਦੇ ਅੰਤਿਮ ਦੋ ਸਾਲਾਂ ਦਾ ਸੰਖੇਪ ਜਿਹਾ ਵਰਣਨ ਪਹਿਲੀ ਜਿਲਦ ਵਿਚ ਮਿਲਦਾ ਹੈ। ਮੁੱਖ ਮੰਤਰੀ ਪੰਜਾਬ, ਪਰਤਾਪ ਸਿੰਘ ਕੈਰੋਂ ਅਤੇ ਕਾਂਗਰਸ ਆਗੂ ਦੇਵੀ ਲਾਲ ਚੌਟਾਲਾ ਦੀਆਂ ਜ਼ਿਆਦਤੀਆਂ ਦਾ ਵੇਰਵਾ, ੨੬ ਅਗਸਤ ੧੯੫੯ ਨੂੰ ਕਮਿਊਨਿਸਟ ਆਗੂ ਹਰਕਿਸ਼ਨ ਸਿੰਘ ਸੁਰਜੀਤ ਦੀ ਭੈਣੀ ਸਾਹਿਬ ਫੇਰੀ ਸਮੇਂ ਉਸ ਨੂੰ ਦਿੱਤਾ ਜਾਂਦਾ ਹੈ। ਸਤਿਗੁਰੂ ਪਰਤਾਪ ਸਿੰਘ ਕਵੀ ਜੀ ਨੂੰ ਕਾਮਰੇਡ ਦੇ ਜਾਣ ਬਾਅਦ ਦੱਸਦੇ ਹਨ ਕਿ ਉਹ ਹਾਕਮਾਂ ਅੱਗੇ ਝੁਕਣਗੇ ਨਹੀਂ ਭਾਵੇਂ ਪਰਿਵਾਰ ਦੇ ਸਾਰੇ ਜੀਅ ਫਾਹੇ ਲੱਗ ਜਾਣ। ਪ੍ਰੀਤਮ ਸਿੰਘ ਕਵੀ ਬਾਬਾ ਬੀਰ ਸਿੰਘ ਨਾਲ ਸਿਰਸਾ ਜੇਹਲ ਵਿਚ ਮੁਲਾਕਾਤ ਕਰਨ ਜਾਂਦਾ ਹੈ ਤਾਂ ਉਹ ਵੇਖਦਾ ਹੈ ਕਿ ਜੇਹਲ ਸਟਾਫ਼ ਗ਼ੈਰ ਕਾਨੂੰਨੀ ਤੌਰ 'ਤੇ ਹਰ ਮੁਲਾਕਾਤੀ ਤੋਂ ਛੇ ਆਨੇ ਮਿਲਣ ਫੀਸ ਵੀ ਵਸੂਲ ਰਿਹਾ ਹੈ। ਕਵੀ ਜੀ ਨੇ ਫਿਰ ਇਕ ਭੈਣੀ ਸਾਹਿਬ ਫੇਰੀ ਸਮੇਂ ਸਤਿਗੁਰੂ ਜੀ ਨੂੰ ਦੱਸਿਆ ਕਿ ਉਹ ਤੇ ਕਾ. ਅਮਰੀਕ ਸਿੰਘ ਸਿਰਸਾ ਤੋਂ ਇਸੇ ਲਈ ਆਏ ਹਨ ਕਿ ਕਮਿਊਨਿਸਟ ਵਿਧਾਇਕਾਂ ਨੂੰ ਕਹਿ ਕੇ ਨਾਮਧਾਰੀਆਂ ਤੇ ਸਰਕਾਰੀ ਧੱਕੇ ਵਿਰੁੱਧ ਪੰਜਾਬ ਅਸੈਂਬਲੀ ਵਿਚ ਆਵਾਜ਼ ਉਠਾਈਏ ਪਰ ਸਤਿਗੁਰੂ ਜੀ ਨੇ ਜੁਆਬ ਦਿੱਤਾ ਕਿ ਅਜੇ ਕੁਝ ਕਰਨ ਦੀ ਲੋੜ ਨਹੀਂ। ਨਾਭੇ ਵਾਲੀ ਬੀੜ ਦੀ ਜ਼ਮੀਨ ਜਿਸ ਨੂੰ ਬਿਸ਼ਵਾਨ ਆਦਿ ਸਰਕਾਰੀ ਰਸੂਖ਼ ਨਾਲ ਨਾਮਧਾਰੀਆਂ ਤੋਂ ਖੋਹਣਾ ਚਾਹੁੰਦੇ ਸਨ ਉਸ ਦਾ ਫ਼ੈਸਲਾ ਹਾਈਕੋਰਟ ਵਿਚੋਂ ਸਤਿਗੁਰੂ ਜੀ ਦੇ ਹੱਕ ਵਿਚ ਹੋ ਗਿਆ ਜਿਸ ਤੇ ੧੧੨ ਨਾਮਧਾਰੀ ਪਰਿਵਾਰ ਕਾਬਜ਼ ਸਨ। ਕਈ ਦਿਨਾਂ ਤੋਂ ਕੋਈ ਚੰਗੀ ਖ਼ਬਰ ਗੁਰੂ ਘਰ ਵਿਚ ਸੁਣਨ ਨੂੰ ਨਹੀਂ ਮਿਲੀ ਸੀ ਸੋ ਇਸ ਨੇ ਮਾਹੌਲ ਵਿਚ ਖੇੜਾ ਲੈ ਆਂਦਾ। ਸੰਤ ਫਤੇਹ ਸਿੰਘ ਮਾਂਗਾ ਦੀਆਂ ਅੱਖਾਂ ਦੇ ਉਪਰੇਸ਼ਨ ਬਾਰੇ ਫ਼ਿਕਰ ਪ੍ਰਗਟ ਕਰਦਿਆਂ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ 'ਗੁਰੂ', ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਦਾ ਭੈਣੀ ਸਾਹਿਬ ਅਤੇ ਜੀਵਨ ਨਗਰ ਵਿਚ ਬਿਰਧ ਘਰ ਬਣਾਉਣ ਦਾ ਸੁਝਾਅ ਯਾਦ ਕੀਤਾ ਅਤੇ ਕਿਹਾ ਕਿ ਸਿਹਤ ਠੀਕ ਰਹੀ ਤਾਂ ਇਹ ਕੰਮ ਕਰ ਜਾਵਾਂਗਾ। ਮੰਗਲ ਸਿੰਘ ਜੀ ਨੂੰ ਆਪ 'ਗੁਰੂ' ਇਸ ਲਈ ਕਹਿੰਦੇ ਸਨ ਕਿ ਮਾਤਾ ਭੂਪਿੰਦਰ ਕੌਰ ਜੀ ਦੇ ਪ੍ਰਲੋਕ ਸਿਧਾਰਨ ਬਾਅਦ ਉਨ੍ਹਾਂ ਦੀ ਸਿੱਖਿਆ ਮੁਤਾਬਿਕ ਹੀ ਸਤਿਗੁਰੂ ਜੀ ਨੇ ਉਮਰ ਹੁੰਦਿਆਂ ਵੀ ਦੁਬਾਰਾ ਅਨੰਦ ਨਹੀਂ ਸੀ ਕਰਵਾਇਆ ਅਤੇ ਵਧੀਆ ਰਹੇ ਸਨ। ਸਿਰਸਾ ਵਿਖੇ ਕਵੀ ਜੀ ਦੁਆਰਾ ਬੁਲਾ ਕੇ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਜੋ ਉਦੋਂ ਹਿਸਾਰ ਜ਼ਿਲ੍ਹਾ ਪਾਰਟੀ ਦੇ ਇੰਚਾਰਜ ਸਨ, ਨੂੰ ਕਿਹਾ, "ਅਸੀਂ ਗਰੀਬ ਕਿਸਾਨਾਂ ਦੇ ਹਿੱਤ ਦੀ ਆਵਾਜ਼ ਤੁਹਾਡੇ ਨਾਲ ਮਿਲ ਕੇ ਉਠਾਣਾ ਚਾਹੁੰਦੇ ਹਾਂ। ਤੁਸੀਂ ਮਾਮੂਲੀ ਸਾਡੇ ਪਿੰਡਾਂ ਵਿਚ ਜਾ ਕੇ ਜਲਸੇ ਕਰੋ।"[11]

ਇਹ ਸਮਾਂ ਖ਼ੁਸ਼ ਹੈਸੀਅਤੀ ਟੈਕਸ ਵਿਰੁੱਧ ਕਿਸਾਨ ਮੋਰਚੇ ਦਾ ਸਮਾਂ ਹੈ ਜਿਸ ਦਾ ਜ਼ਿਕਰ ਥਾਂ ਪਰ ਥਾਂ ਕਵੀ ਜੀ ਦੀ ਰਚਨਾ ਵਿਚ ਆਉਂਦਾ ਹੈ ਜਿਸ ਵਿਚ ਰੋਜ਼ਾਨਾ ਸੈਂਕੜੇ ਕਿਸਾਨ ਗ੍ਰਿਫ਼ਤਾਰ ਹੋ ਰਹੇ ਹਨ ਅਤੇ ਸੈਆਂ ਕਾਮਰੇਡਾਂ ਦੇ ਵਾਰੰਟ ਜਾਰੀ ਹੋ ਚੁੱਕੇ ਹਨ। ਇਸੇ ਸਮੇਂ ਫਿਰ ਕਾਮਰੇਡ ਸੁਰਜੀਤ ਨਾਲ ਦਿੱਲੀ ਵਿਖੇ, ਸਿਰਸੇ ਦੀ ਜ਼ਿਮਨੀ ਚੋਣ ਸਮੇਂ, ਕਾਂਗਰਸ ਉਮੀਦਵਾਰ ਦੇਵੀ ਲਾਲ ਚੌਟਾਲਾ ਵਿਰੁੱਧ ਸਾਰੇ ਵਿਰੋਧੀ ਦਲਾਂ ਵੱਲੋਂ ਸਾਂਝਾ ਉਮੀਦਵਾਰ ਖੜ੍ਹਾ ਕਰਨ ਦੀਆਂ ਯੋਜਨਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਣਾਉਂਦੇ ਹਨ। ਕਈ ਵਾਰੰਟਡ ਕਾਮਰੇਡ ਜੰਹਲ ਤੇ ਕੁਝ ਹੋਰ ਜੀਵਨ ਨਗਰ ਦੀ ਯਾਤਰਾ ਕਰਦੇ ਹਨ। ਕਾਮਰੇਡ ਅਵਤਾਰ ਸਿੰਘ ਮਲਹੋਤਰਾ ਅਤੇ ਕਾਮਰੇਡ ਡੁੰਮਣ ਸਿੰਘ (ਖਾਜਾ ਖੇੜਾ) ਨੂੰ ਸਤਿਗੁਰੂ ਜੀ ਵੱਲੋਂ ਸਿਰਸੇ ਦੀ ਕਿਸਾਨ ਕਾਨਫਰੰਸ ਲਈ ੨੬ ਫਰਵਰੀ ੧੯੫੯ ਈ. ਨੂੰ ਇਕ ਹਜ਼ਾਰ ਰੁਪਏ ਫੰਡ ਦੇਣ ਦਾ ਵਰਣਨ ਵੀ ਮਿਲਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰੀਤਮ ਸਿੰਘ ਕਵੀ ਨੂੰ ਸਤਿਗੁਰੂ ਜੀ ਨੇ ਦੱਸਿਆ ਕਿ ਉਹ ਐਤਕੀਂ ਲਾਹੌਰ ਗਏ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੂੰ ਵੀ ਮਿਲੇ ਸਨ। ਉਨ੍ਹਾਂ ਤੋਂ ਜੀਵਨ ਨਗਰ ਦੇ ਨਾਮਧਾਰੀ ਵਿਦਿਆਲੇ ਲਈ ਸਲਾਹ ਮਸ਼ਵਰਾ ਲੈਣ ਲਈ ਜਿਸ ਤੇ ਉਹਨੇ ਵਰਧਾ ਜਾ ਕੇ ਤਾਲੀਮੀ ਢੰਗ ਸਿੱਖਣ ਲਈ ਕਿਹਾ। ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਗੁਰਬਖਸ਼ ਸਿੰਘ ਬੜਾ ਸਲੀਕੇ ਵਾਲਾ ਅਤੇ ਉਤਮ ਕਿਸਮ ਦਾ ਆਦਮੀ ਹੈ।" ਪੰਜਾਬੀ ਕਵੀ ਭਾਈ ਵੀਰ ਸਿੰਘ ਹੋਰਾਂ ਦੇ ਅੜੀਅਲ ਸੁਭਾਉ ਦਾ ਵੀ ਜ਼ਿਕਰ ਆਉਂਦਾ ਹੈ। ਗੁਰੂ ਨਾਨਕ ਸਰਬ ਸੰਪ੍ਰਦਾ ਕਾਨਫਰੰਸ ਸਮੇਂ ਜਦੋਂ ਸਤਿਗੁਰੂ ਜੀ ਉਸ ਦੀ ਕੋਠੀ ਜਾ ਕੇ ਸੱਦਾ ਦੇਣਾ ਚਾਹੁੰਦੇ ਸਨ, ਪਹਿਲਾ ਸੱਦਾ ਉਸ ਅਪ੍ਰਵਾਨ ਕਰ ਦਿੱਤਾ ਸੀ, ਤਾਂ ਉਸ ਕਹਾ ਭੇਜਿਆ ਕਿ ਨਾ ਆਉਣ ਕਿਉਂਕਿ ਉਹਨੇ ਭੈਣੀ ਸਾਹਿਬ ਨਹੀਂ ਆਉਣਾ ਸੀ। ਸਤਿਗੁਰੂ ਜੀ ਕਿਹਾ ਕਰਦੇ ਸਨ ਕਿ ਰਲ ਕੇ ਚੱਲਣ ਲਈ ਬਰਦਾਸ਼ਤ ਦੀ ਦੁਵੱਲਿਓਂ ਲੋੜ ਹੁੰਦੀ ਹੈ।

੮ ਮਈ ੧੯੫੯ ਦੇ ਰੋਜ਼ਨਾਮਚੇ ਵਿਚ ਕਵੀ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਮਧਾਰੀ ਪੰਥ ਦੇ ਭਾਵੀ ਵਾਰਿਸ ਬਾਰੇ ਇਤਿਹਾਸਕ ਮਹੱਤਤਾ ਵਾਲੇ ਬਚਨ ਦਰਜ ਕੀਤੇ ਹਨ:

"ਏਥੋਂ ਵਾਪਿਸ ਆਉਂਦੇ ਸਮੇਂ ਸਕਿੱਨਰੀ ਨਾਲੇ ਨੂੰ ਸਾਫ਼ ਕਰਦੇ ੧੫-੨੦ ਸਿੱਖਾਂ ਨੂੰ ਸਤਿਗੁਰੂ ਜੀ ਦਰਸ਼ਨ ਦਿੱਤੇ ਤੇ ਫੁਰਮਾਇਆ: ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਕਦੇ ਨਾ ਆਵਾਂ। ਹੁਣ ਤੋਂ ਇੱਥੇ ਵੱਡੇ ਕਾਕੇ ਨੇ ਰਹਿਣਾ ਹੈ। ਜਿਸ ਦੀ ਉਸ ਨਾਲ ਬਣਦੀ ਹੈ ਉਹ ਰਹੇ ਜਾਂ ਜਿਸ ਬਣਾ ਕੇ ਰੱਖਣੀ ਹੈ। ਜਿਸ ਉਹਦੇ ਆਖੇ ਨਹੀਂ ਲੱਗ ਸਕਣਾ, ਉਹ ਬੇਸ਼ਕ ਬਿਸਤਰਾ ਗੋਲ ਕਰ ਲਏ। ਸਾਡੀ ਉਸਤੇ ਖੁਸ਼ੀ ਹੀ ਹੋਵੇਗੀ। ਹੁਣ ਸਾਰੇ ਅਖ਼ਤਿਆਰ ਵੱਡੇ ਕਾਕੇ ਪਾਸ ਹੀ ਹੋਣੇ ਹਨ।"[12]

ਇਸ ਰੋਜ਼ਨਾਮਚੇ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨਾਲ ਸਬੰਧਿਤ ਸਮੱਗਰੀ ੨੫ ਅਗਸਤ ੧੯੫੯ ਈ. ਤੋਂ ਮੁੱਕ ਜਾਂਦੀ ਹੈ। ਫਿਰ ੧ ਜਨਵਰੀ ੧੯੬੦ ਈ. ਤੋਂ ਜੋ ਲਿਖਤ ਸ਼ੁਰੂ ਹੁੰਦੀ ਹੈ ਉਸ ਤੋਂ ਲੈ ਕੇ ਛਪੀਆਂ 'ਬੀਤੇ ਦੀਆਂ ਪੈੜਾਂ', ਸਾਰੇ ਭਾਗ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦਾ ਹੀ ਜੱਸ ਗਾਨ ਕਰਦੇ ਹਨ। ੧੯੬੦ ਈ. ਦੇ ਅੰਦਰਾਜ ਬੜੇ ਸੰਖੇਪ ਜਨਵਰੀ ਤੋਂ ਫਰਵਰੀ ਤੱਕ ਅਧੂਰੇ ਹੀ ਮਿਲਦੇ ਹਨ।

੧੯੬੧ ਈ. ਦਾ ਸਿਰਫ਼ ਇਕੋ ਅੰਦਰਾਜ ਹੈ। ੧੬ ਸਤੰਬਰ ਦਾ ਜਿਸ ਮੁਤਾਬਿਕ "ਸਤਿਗੁਰੂ ਜਗਜੀਤ ਸਿੰਘ ਜੀ ਨੇ ਅੱਜ ਪਾਕਿਸਤਾਨ ਜਾਣਾ ਹੈ। ਸਾਰਾ ਦਿਨ ਲਾਹੌਰ ਰਹਿ ਕੇ ਰਾਤ ਨੂੰ ਵਾਪਿਸ ਪਰਤਣਾ ਹੈ। ਉਥੇ ਰਾਮ ਚੰਦ ਪਟਵਾਰੀ ਪਿਸ਼ਾਵਰ, ਭਾਈ ਸੰਦਲ ਤੇ ਭਾਈ ਸੁੰਦਰ ਗੁਰੂ ਘਰ ਦੇ ਪੁਰਾਣੇ ਰਾਗੀਆਂ ਰਬਾਬੀਆਂ ਤੋਂ ਬਿਨਾਂ ਗਿਆਨੀ ਅਬਦੁੱਲਾ ਜੀ ਤੇ ਹੋਰ ਸੱਜਣਾਂ ਨੂੰ ਵੀ ਮਿਲਣਾ ਹੈ।"[13]

੧੯੬੨ ਈ. ਦੀਆਂ ਆਮ ਚੋਣਾਂ ਤੱਕ ਸਤਿਗੁਰੂ ਜੀ ਦਾ ਪੰਜਾਬ ਕਾਂਗਰਸ ਨਾਲ ਭਾਵੇਂ ਰਾਜ਼ੀਨਾਮਾ ਹੋ ਗਿਆ ਸੀ ਪਰ ਛੇ ਅਸੈਂਬਲੀ ਸੀਟਾਂ 'ਤੇ ਕਮਿਊਨਿਸਟ ਪਾਰਟੀ ਦੀ ਮਦਦ ਕਰਨ ਦਾ ਫ਼ੈਸਲਾ ਵੀ ਉਨ੍ਹਾਂ ਵੱਲੋਂ ਲਿਆ ਗਿਆ ਸੀ। ਜਿਸ ਹਲਕੇ ਵਿਚ ਇਲਾਕਾ ਜੀਵਨ ਨਗਰ ਆਉਂਦਾ ਹੈ ਉਥੋਂ ਸ੍ਰੀ ਕੰਸਰਾ ਰਾਮ ਕੇਹਰਵਾਲਾ ਦੀ ਮਦਦ ਕਰ ਕੇ ਉਸਨੂੰ ਸਫਲ ਬਣਾਇਆ। ਇਸ ਸਮੇਂ ਵਿਚ ਸਤਿਗੁਰੂ ਜੀ ਨੇ ਆਪਣੇ ਨਾਮਧਾਰੀ ਪੰਥ ਵਿਚ ਪਈਆਂ ਤਰੇੜਾਂ ਮੇਟਣ ਬਾਰੇ ਵੀ ਵਿਸ਼ੇਸ਼ ਉਪਰਾਲੇ ਕੀਤੇ। ਇਸੇ ਤਹਿਤ "ਸ. ਸਾਹਿਬ ਸਿੰਘ ਮਾਨ, ਸੰਤ ਗੁਰਮੁਖ ਸਿੰਘ ਝੱਬਰ, ਸ. ਜੋਗ ਸਿੰਘ ਰਾਜਾ ਜੰਗੀਆ, ਸੰਤ ਕਿਰਪਾਲ ਸਿੰਘ ਨਾਰਲੀ, ਕੁਝ ਹੋਰ ਪ੍ਰਤਿਸ਼ਟ ਮਲਵਈ ਸਿੰਘਾਂ ਨੂੰ ਨਾਲ ਲੈ ਕੇ ਬਾਬਾ ਜੋਗ ਸਿੰਘ ਜੀ ਪਾਸ ਜਾਣ ਦਾ ਵੀ ਫ਼ੈਸਲਾ ਹੋਇਆ।"[14]

੧੯੬੨ ਈ. ਦੇ ਅੰਦਰਾਜ ਗੁਜ਼ਾਰੇ ਜੋਗੇ ਹਨ। ਪੂਰਾ ੧੯੬੩ ਈ. ਦਾ ਸਾਰਾ ਸਾਲ ਹੀ ਨਦਾਰਦ ਹੈ। ਸੰਨ ੧੯੬੪ ਈ. ਵਿਚ ਜਨਵਰੀ ਤੇ ਫਰਵਰੀ ਦੇ ਵਿਰਲੇ-ਵਿਰਲੇ ਅੰਦਰਾਜ ਹਨ। ਜਲੰਧਰੋਂ ਦਿੱਲੀ ਆ ਕੇ ਕਵੀ ਜੀ ੮ ਜੁਲਾਈ ੧੯੭੭ ਈ. ਤੋਂ ਜੋ ਰੋਜ਼ਨਾਮਚਾ ਸ਼ੁਰੂ ਕਰਦੇ ਹਨ ਉਹ ਤਕਰੀਬਨ ੨੦-੨੨ ਸਾਲ ਨਿਰਵਿਘਨ ਲਿਖਦੇ ਹਨ ਜਿਸ ਤੇ ਆਧਾਰਿਤ 'ਬੀਤੇ ਦੀਆਂ ਪੈੜਾਂ' ਦੇ ਅਗਲੇ ਭਾਗ ਵੱਖ-ਵੱਖ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਛਪਾਏ ਗਏ।

Sri Satguru Jagjit Singh Ji eLibrary NamdhariElibrary@gmail.com

ਪਹਿਲੀ ਜਿਲਦ ੩੧ ਦਸੰਬਰ ੧੯੭੭ ਈ. ਤੱਕ ਸਮੇਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਇਸ ਤੋਂ ਅਗਲੀਆਂ ਜਿਲਦਾਂ ਤਕਰੀਬਨ ੬-੬ ਮਹੀਨੇ ਦੇ ਸਮੇਂ ਦੀ ਰਪਟ 'ਤੇ ਆਧਾਰਿਤ ਹਨ।

ਸੁਰਿੰਦਰ ਸਿੰਘ ਸੁਮਨ ਇਕ ਉਭਰਦਾ ਸੰਗੀਤਕਾਰ ਸੀ। ਉਸ ਦੀ ਵਿਲੱਖਣ ਅਤੇ ਭਾਵਿ ਮਈ ਸ਼ਖਸੀਅਤ ਬਾਰੇ ਕਦੇ ਜਗਦੀਸ਼ ਸਿੰਘ ਹੋਰਾਂ ਆਪਣੇ 'ਵਰਿਆਮ' ਵਿਚ ਇਕ ਬੜੀ ਮਾਰਮਿਕ ਰਚਨਾ ਉਸ ਨੂੰ ਸ਼ਰਧਾਂਜਲੀ ਵਜੋਂ ਪੇਸ਼ ਕੀਤੀ ਸੀ। ਪਰ ਸੁਮਨ ਕਿਹਨਾਂ ਵਿਚੋਂ ਸੀ, ਇਹ ਵੇਰਵਾ ਪ੍ਰੀਤਮ ਸਿੰਘ ਕਵੀ ਦੀ ਬਰੀਕ ਬਿਆਨੀ ਨੇ ਸਿਰਜਿਆ ਹੈ, ਨਾਲ ਹੀ ਇਕ ਹੋਰ ਪ੍ਰਸਿੱਧ ਨਾਮਧਾਰੀ ਵਿਅਕਤੀ ਦੇ ਜ਼ੋਰ ਨਾਮਧਾਰੀਆਂ ਤੇ ਪਏ ਪ੍ਰਭਾਵ ਦਾ ਚਰਿੱਤਰ-ਚਿੱਤਰਣ ਇਸ ਸ਼ਬਦ ਸ਼ਿਲਪੀ ਨੇ ਇਉਂ ਕੀਤਾ ਹੈ:

"ਸੁਮਨ ਅੱਜ ਸ਼ਾਮੀ ਸਾਡੇ ਘਰ ਆਇਆ। ਮੈਨੂੰ ਪਤਾ ਲੱਗ ਚੁੱਕਾ ਸੀ ਕਿ ਇਹ ਉਸ ਊਧਮ ਸਿੰਘ ਦਾ ਲੜਕਾ ਹੈ ਜੋ ਕਦੇ ਸ੍ਰੀ ਮਾਨ ਸੰਤ ਨਿਧਾਨ ਸਿੰਘ ਆਲਿਮ ਨਾਲ ਹਾਰਮੋਨੀਅਮ ਵਜਾਇਆ ਕਰਦਾ ਸੀ। ਆਲਿਮ ਜੀ ਨਾਮਧਾਰੀ ਪੰਥ ਦੇ ਬਹੁਤ ਵਿਦਵਾਨ ਵਕਤਾ ਤੇ ਲਿਖਾਰੀ ਸਨ, ਇਸ ਦੇ ਨਾਲ ਹੀ ਗ਼ਜ਼ਬ ਦੇ ਕੀਰਤਨ ਕਾਰ ਵੀ। ਅਮਰ ਭਾਰਤੀ ਜੀ ਨੇ ਇਕ ਵਾਰ ਦੱਸਿਆ ਸੀ ਕਿ ਆਲਿਮ ਜੀ ਨੇ ਦੁਰਗਿਆਣੇ, ਅੰਮ੍ਰਿਤਸਰ ਦੇ ਸੁੱਕੇ ਤਲਾਬ ਵਿਚ ਹੁੰਦੇ ਕੀਰਤਨ ਸਮੇਂ ਹਜ਼ਾਰਾਂ ਲੋਕਾਂ ਨੂੰ ਨੱਚਣ ਲਾ ਦਿੱਤਾ, ਅਰਥਾਤ ਮਸਤਾਨੇ ਕਰ ਦਿੱਤਾ। ਊਧਮ ਸਿੰਘ ਅਜਿਹੇ ਸਮੇਂ 'ਹਾਰਮੋਨੀਅਮ ਦੀਆਂ ਸੁਰਾਂ ਨਾਲ ਰੰਗ ਬੰਨ੍ਹ ਦਿੰਦਾ। ਊਧਮ ਸਿੰਘ ਇਕ ਚੰਗਾ ਵੈਦ ਵੀ ਸੀ, ਪੜ੍ਹਨ ਪਾਠਨ ਦਾ ਪ੍ਰੇਮੀ ਵੀ।"[13]

ਪੰਜਾਬੀ ਲੇਖਕਾਂ ਪ੍ਰਤੀ ਆਪਣੀ ਅਕੀਦਤ ਪੇਸ਼ ਕਰਨ ਦਾ ਕੋਈ ਵੀ ਮੌਕਾ ਸਤਿਗੁਰੂ ਜਗਜੀਤ ਸਿੰਘ ਖੁੰਝਾਉਂਦੇ ਨਹੀਂ ਹਨ। ਪ੍ਰਸਿੱਧ ਪੰਜਾਬੀ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਅਕਾਲ ਚਲਾਣਾ ਕਰਨ ਬਾਅਦ ਅੰਤਿਮ ਰਸਮਾਂ ਸਮੇਂ ਲੰਗਰ ਦੀ ਸੇਵਾ ਸਮੁੱਚੀ ਰਸਦ, ਤਿਆਰੀ ਤੇ ਵਰਤਾਉਣ ਦੀ ਨਾਮਧਾਰੀ ਸੰਗਤ ਵੱਲੋਂ ਚੁੱਕੀ ਗਈ ਸੀ। ਜਦੋਂ ਨਵਤੇਜ ਸਿੰਘ ਨੇ ਕਿਹਾ ਕਿ ਮੈਂ ਸਤਾਰ੍ਹਵੇਂ ਵਾਲੇ ਦਿਨ ਤੁਹਾਨੂੰ ਸਵੇਰੇ ਯਾਦ ਕਰਵਾ ਦਿਆਂਗਾ ਤਾਂ "ਸਤਿਗੁਰਾਂ ਆਖਿਆ। ਨਾ, ਮੇਰੀ ਆਦਤ ਨਾ ਵਿਗਾੜੋ। ਮੈਂ ਜਦੋਂ ਤੇ ਜਿਸ ਕੰਮ ਦਾ ਜ਼ਿੰਮਾ ਲੈ ਲਵਾਂ ਉਦੋਂ ਉਹਦੇ ਸਾਰੇ ਫ਼ਿਕਰ ਮੇਰੇ ਹੀ ਹੁੰਦੇ ਹਨ। ਮੈਨੂੰ ਯਾਦ ਕਿਉਂ ਨਾ ਰਹੇਗਾ।"[14] ਕਵੀ ਜੀ ਦੀ ਇਸ ਜਾਣਕਾਰੀ ਦਾ ਸੋਮਾ ਭਾਪਾ ਪ੍ਰੀਤਮ ਸਿੰਘ ਨਵਯੁੱਗ ਵਾਲੇ ਸਨ।

ਇਲਾਕਾ ਜੀਵਨ ਨਗਰ ਵਿਚ ਨਾਮਧਾਰੀ ਸਿੱਖਾਂ ਦੀ ਸਥਾਪਨਾ ਕਰਨ ਵਿਚ ਜਿਹੜੇ ਵਿਅਕਤੀਆਂ ਨੇ ਮੋਢੀਆਂ ਵਾਲਾ ਕਾਰਜ ਕੀਤਾ ਹੈ, ਕਵੀ ਜੀ ਨੇ ਉਨ੍ਹਾਂ ਦੀ ਹੋਂਦ ਨੂੰ ਵੀ ਇਤਿਹਾਸ ਦੇ ਪੰਨਿਆਂ ਵਿਚ ਸੁਰੱਖਿਅਤ ਕਰ ਦਿੱਤਾ ਹੈ। ਇਕ ਮਿਸਾਲ ਦੇਣੀ ਚਾਹਾਂਗਾ:

"ਸ. ਅਵਤਾਰ ਸਿੰਘ ਕਰੀਵਾਲਾ ਉਹ ਸੱਜਣ ਹੈ ਜਿਸ ਨੇ ਸਿਰਸਾ ਜ਼ਿਲ੍ਹੇ ਵਿਚ ਨਾਮਧਾਰੀ ਕਾਲੋਨੀ ਵਸਾਣ ਵਿਚ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਇੱਛਾ ਦਾ ਸਤਿਕਾਰ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ, ਜਦੋਂ ਉਹ ਗੁਰੂ ਪਦਵੀ ਤੇ ਬਿਰਾਜਮਾਨ ਨਹੀਂ ਸਨ, ਦਿਨ ਤੇ ਰਾਤ ਇਕ ਕਰ ਕੇ ਜੀਵਨ ਨਗਰ ਇਲਾਕਾ ਵਸਾਇਆ। ਇਸ ਇਲਾਕੇ ਦੇ ਨਾਮਧਾਰੀ ਤਾਂ ਸਾਰੇ ਹੀ ਸ. ਅਵਤਾਰ ਸਿੰਘ ਤੋਂ ਜਾਣੂ ਹਨ। ਸ. ਤੇਜਾ ਸਿੰਘ ਬਾਜਵਾ ਸਿਰਸਾ ਤੋਂ ਪਿੱਛੋਂ ਸਤਿਗੁਰੂ ਜੀ ਦਾ ਮੁਖਤਾਰਿ-ਆਮ ਇਸ ਵਿਅਕਤੀ ਨੂੰ ਨਿਯੁਕਤ ਕੀਤਾ ਗਿਆ। ਬਹੁਤ ਸਤਿਕਾਰ ਅਤੇ ਰਸੂਖ ਵਾਲਾ ਆਦਮੀ ਹੈ। ਇਸ ਦੇ ਕਾਰਨ ਸਤਿਗੁਰੂ ਜੀ ਜ਼ਮੀਨੀ ਮਾਮਲਿਆਂ ਵੱਲੋਂ ਨਿਸਚਿੰਤ ਹਨ। ਸੂਝ ਸਮਝ ਤੇ ਸਮਾਜ ਪ੍ਰਤੀ ਸਹੀ ਭਾਵਨਾ ਹੋਣ ਕਾਰਨ ਸਤਿਗੁਰੂ ਜੀ ਦੇ ਸਲਾਹਕਾਰਾਂ ਵਿਚੋਂ ਹੈ। ਧੀਰਜ ਅਤੇ ਰੋਅਬ ਦਾ ਭੀ ਅਵਤਾਰ ਸਿੰਘ ਦੇ ਵਿਸ਼ੇਸ਼ ਗੁਣ ਹਨ।"[15]

ਰੀਲਾ ਫਾਰਮ ਯੂ.ਪੀ. ਵਿਚ ਨਾਮਧਾਰੀ ਸੰਗਤ ਅਤੇ ਸਤਿਗੁਰੂ ਜੀ ਦੇ ਆਗਮਨ ਬਾਰੇ ਲਿਖਦਿਆਂ ਕਵੀ ਜੀ ਪੰਜਾਬ ਤੋਂ ਆਏ ਦੋ ਸਿੱਖ ਕਿਸਾਨ ਭਰਾਵਾਂ ਗਿਆਰਾ ਸਿੰਘ ਅਤੇ ਤਾਰਾ ਸਿੰਘ ਬਾਰੇ ਲਿਖਦੇ ਹਨ ਕਿ ਕਿਵੇਂ ਉਨ੍ਹਾਂ ਦੋਵਾਂ ਨੇ ਲਹੂ ਲੁਹਾਣ ਹੋਣ ਬਾਅਦ ਵੀ ਕਿਰਪਾਨਾਂ ਨਾਲ ਇਕ ਖੂੰਖਾਰ ਸ਼ੇਰ ਨੂੰ ਅੱਗੇ ਲਾ ਲਿਆ ਸੀ। ਇਹੋ ਜਿਹੇ

Sri Satguru Jagjit Singh Ji eLibrary NamdhariElibrary@gmail.com

ਕਾਰਨਾਮੇ ਇਤਿਹਾਸ ਵਿਚ ਦਰਜ ਵਾਕਿਆਤ ਨੂੰ ਸੋਧ ਬਖਸ਼ਦੇ ਹਨ ਕਿ ਕਵੇ ਸਿੰਘ ਸੋਟਿਆਂ ਨਾਲ ਹੀ ਸ਼ੇਰ ਦਾ ਸ਼ਿਕਾਰ ਕਰ ਲਿਆ ਕਰਦੇ ਸਨ।

'ਬੀਤੇ ਦੀਆਂ ਪੈੜਾਂ' ਜੀਵਨੀ ਹਨ, ਜਨਮ ਸਾਖੀ ਹਨ, ਇਤਿਹਾਸ ਹਨ ਜਾਂ ਕੀ ਹੈ ਇਸ ਬਾਰੇ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰੋ. ਪ੍ਰੀਤਮ ਸਿੰਘ ਹੋਰਾਂ ਦਾ ਮੱਤ ਹੈ, "ਅਸਲ ਵਿਚ 'ਬੀਤੇ ਦੀਆਂ ਪੈੜਾਂ' ਜਿਸ ਦੀ ਦੂਜੀ ਜਿਲਦ ਵੀ ਹੁਣ ਛਪ ਗਈ ਹੈ, ਜਨਮ-ਸਾਖੀ ਜੀਵਨੀ ਤੇ ਇਤਿਹਾਸ ਤੋਂ ਇਕ ਵੱਖਰੀ ਕਿਸਮ ਦੀ ਵਿਧਾ ਬਣ ਗਈ ਹੈ, ਜਿਸ ਵਿਚ ਹਜ਼ਰਤ ਨਿਜ਼ਾਮੁਦ-ਦੀਨ ਔਲੀਆ ਬਾਰੇ ਅਮੀਰ ਹਸਨ ਦਿਹਲਵੀ ਰਚਿਤ ਮਲਫ਼ੂਜ਼ 'ਫ਼ਵਾਇਦੁਲ-ਫ਼ੁਵਾਦ" ਤੇ ਸ਼ਹਿਨਸ਼ਾਹ ਅਕਬਰ ਦੇ ਇਕ ਵਿਦਵਾਨ – ਰਤਨ ਅਬੁਲ ਫ਼ਜ਼ਲ ਰਚਿਤ 'ਅਕਬਰ ਨਾਮਾ' ਦਾ ਮਿਲਵਾਂ ਰੰਗ ਮੌਜੂਦ ਹੈ। ਅਮੀਰ ਹਸਨ ਹਰ ਸ਼ੁੱਕਰਵਾਰ ਵਾਲੇ ਦਿਨ ਹਜ਼ਰਤ ਨਿਜ਼ਾਮੁਦੀਨ ਦੇ ਦਰਬਾਰ ਵਿਚ ਹਾਜ਼ਰ ਹੁੰਦਾ ਸੀ ਤੇ ਉਸ ਦਿਨ ਦਰਗਾਹ ਵਿਚ ਜੋ ਕੁਝ ਵਾਪਰਦਾ ਤੇ ਜੋ ਬਚਨ ਔਲੀਆ ਜੀ ਦੇ ਮੁੱਖ ਕਮਲ ਵਿਚੋਂ ਨਿਕਲਦਾ, ਉਹਨੂੰ ਉਹ ਘਰ ਜਾ ਕੇ ਲਿਖ ਲਿਆ ਕਰਦਾ। ਜਿੰਨੀਆਂ ਬੈਠਕਾਂ ਦਾ ਹਾਲ ਹਸਨ ਨੇ ਲਿਖਿਆ ਉਹ ਸਾਡੇ ਤੱਕ ਪਹੁੰਚ ਗਿਆ। ਇਹ ਲਿਖਤ ਸੰਨ ੧੩੦੯ ਈ. ਦੀ ਹੈ। ਹਸਨ ਆਪਣੇ ਆਪ ਨੂੰ ਬੀਤੇ-ਸੁਣੇ ਦੇ ਅੰਦਰ ਅੰਦਰ ਹੀ ਰੱਖਦਾ ਸੀ ਤੇ ਫਾਲਤੂ ਵੇਰਵੇ ਛੱਡ ਜਾਂਦਾ ਸੀ, ਪਰ ਅਬੁੱਲ ਫ਼ਜ਼ਲ ਵੇਰਵਿਆਂ ਵਾਲੀ ਹੱਦ ਮੁਕਾ ਦਿੰਦਾ ਹੈ... 'ਬੀਤੇ ਦੀਆਂ ਪੈੜਾਂ' ਮਲਫ਼ੂਜ਼ ਬਚਨਾਵਲੀ ਦਾ ਕੰਮ ਵੀ ਸਾਰਦੀ ਹੈ ਤੇ "ਨਾਮੇ" ਦੀ ਵੀ। ਬਲਕਿ ਇਹ ਕਹਿਣਾ ਅਸਲੀਅਤ ਦੇ ਵਧੇਰੇ ਨੇੜੇ ਹੋਵੇਗਾ ਕਿ ਲੇਖਕ ਇਸ ਪੁਸਤਕ ਰਾਹੀਂ, ਪੰਜਾਬੀ ਵਿਚ ਇਕ ਅਸਲੋਂ ਨਵਾਂ ਗੱਦ-ਰੂਪ ਵਿਕਸਿਤ ਕਰਨ ਵਿਚ ਸਫ਼ਲ ਹੋਇਆ ਹੈ, ਜਿਸ ਲਈ ਉਹ ਵਧਾਈ ਦਾ ਹੱਕਦਾਰ ਹੈ।"[੧੪]

ਹੁੰਮਸ ਭਰੀਆਂ ਸ਼ਾਮਾਂ, ਲੂਹ-ਲੂਹ ਕਰਦੀਆਂ ਦੁਪਹਿਰਾਂ ਅਤੇ ਧੁੰਦ ਦੀ ਬੁੱਕਲ ਵਿਚ ਕੱਜੀਆਂ ਸਵੇਰਾਂ ਵਿਚ, ਦੂਰ ਦਰਾਜ਼ ਤੱਕ ਸਫ਼ਰ ਕਰ ਕੇ, ਪ੍ਰੀਤਮ ਸਿੰਘ ਕਵੀ ਆਪਣੀਆਂ ਪੈੜਾਂ ਦੇ ਪਾਤਰਾਂ ਤੱਕ ਪਹੁੰਚਦਾ ਹੈ। ਉਹ ਜਿੱਥੋਂ ਜੋ ਵੀ ਚੰਗਾ ਹੈ ਉਸ ਨੂੰ ਆਪਣੇ ਚੇਤੇ ਦੀ ਚੰਗੇਰ ਵਿਚ ਸਜਾਉਣ ਤੋਂ ਪਹਿਲਾਂ ਕਾਗਜ਼ ਕਲਮ ਦੇ ਹਵਾਲੇ ਕਰ ਦਿੰਦਾ ਹੈ। ਅਜਿਹੇ ਵੇਰਵਿਆਂ ਦੀ ਅਮੀਰੀ ਪਰਦਾਨ ਕਰਨ ਲਈ ਨਾਮਧਾਰੀ ਸਾਹਿਤਕਾਰਾਂ ਵਿਚ "ਸਤਿਗੁਰ ਬਿਲਾਸ" ਦੇ ਕਰਤਾ ਭਾਈ ਸੰਤੋਖ ਸਿੰਘ ਬਾਹੋਵਾਲੀਏ, "ਜੱਸ-ਜੀਵਨ" ਦੇ ਲਿਖਾਰੀ ਸੰਤ ਤਰਨ ਸਿੰਘ ਵਹਿਮੀ ਦੇ ਨਾਲ ਉਸਦਾ ਸਥਾਨ ਵੀ ਸੁਨਿਸ਼ਚਿਤ ਹੋ ਗਿਆ ਹੈ। ਪਰ ਉਸ ਦਾ ਆਧੁਨਿਕ ਯਥਾਰਥ ਬੋਧ ਉਸ ਨੂੰ ਆਪਣੇ ਇਨ੍ਹਾਂ ਦੋਵਾਂ ਪੂਰਵਵਰਤੀ ਲੇਖਕਾਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ। ਪ੍ਰੋ. ਕਿਰਪਾਲ ਸਿੰਘ ਜੀ ਕਸੇਲ, ਜੋ ਪੰਜਾਬੀ ਸਾਹਿਤ ਵਿਚ ਮਿਲਟਨ ਜਿਹੀ ਪ੍ਰਸਿੱਧੀ ਰੱਖਦੇ ਹਨ, ਕਵੀ ਜੀ ਦਾ ਮੁਲੰਕਣ 'ਬੀਤੇ ਦੀਆਂ ਪੈੜਾਂ' ਦੇ ਸੰਦਰਭ ਵਿਚ ਇਉਂ ਕਰਦੇ ਹਨ: "ਕਵੀ ਜੀ ਦਾ ਸਮੁੱਚਾ ਦ੍ਰਿਸ਼ਟੀਕੋਣ ਯਥਾਰਥ ਮੁਖੀ ਹੈ, ਏਸੇ ਲਈ ਇਸ ਰਚਨਾ ਵਿਚ ਕਰਤਾ ਨੇ ਸ੍ਰੀ ਸਤਿਗੁਰੂ ਜੀ ਦੀ ਮਹਾਨ ਸ਼ਖਸੀਅਤ ਅਤੇ ਉਨ੍ਹਾਂ ਦੇ ਦੁਆਲੇ ਜੁੜੇ ਵਿਅਕਤੀਆਂ ਨੂੰ ਐਨ ਉਸੇ ਤਰ੍ਹਾਂ ਦਰਸਾ ਦਿੱਤਾ ਹੈ ਜਿਵੇਂ ਉਹ ਲੇਖਕ ਨੂੰ ਵਿਖਾਈ ਦਿੱਤੇ ਹਨ। ਇਨ੍ਹਾਂ ਯਥਾਰਥਵਾਦੀ ਅੰਸ਼ਾਂ ਦੇ ਸਾਰੇ ਝਲਕਾਰਿਆਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਸਾਰੇ ਮਿਲ ਕੇ ਸ੍ਰੀ ਸਤਿਗੁਰੂ ਜੀ ਦੀ ਪਾਵਨ ਅਤੇ ਮਹਾਨ ਸ਼ਖਸੀਅਤ ਬਾਰੇ ਇਕ ਨਿਸ਼ਚਿਤ ਦ੍ਰਿਸ਼ਟੀਕੋਣ ਨੂੰ ਸਿਰਜਦੇ ਹਨ। ਸ੍ਰੀ ਸਤਿਗੁਰੂ ਜੀ ਦਾ ਯਥਾਰਥਕ ਅਤੇ ਮਾਨਵੀ ਸਰੂਪ ਵੀ ਕਿੰਨਾ ਆਦਰਸ਼ਕ ਤੇ ਆਕਰਸ਼ਕ ਹੈ, ਕਿਤਨੀਆਂ ਵਿਵਿਧ ਪਰਕਾਰ ਦੀਆਂ ਰੁਚੀਆਂ ਨਾਲ ਭਰਪੂਰ ਹੈ, ਕਿਤਨੇ ਅਨੇਕ ਪੱਖੀ ਗੁਣਾਂ ਦਾ ਭੰਡਾਰ ਹੈ ਕਿ ਆਪ ਮੁਹਾਰੇ ਹੀ ਉਨ੍ਹਾਂ ਦੀ ਵਡਿਆਈ ਅਤੇ ਗੌਰਵ ਦੇ ਸਾਹਮਣੇ ਸਿਰ ਝੁਕ ਜਾਂਦਾ ਹੈ... ਉਹਨਾਂ ਦੇ ਨਿੱਕੇ ਨਿੱਕੇ ਨਿੱਤ ਦੇ ਕਰਮ ਤੋਂ ਵੱਡੇ ਵੱਡੇ ਜੀਵਨ ਆਦਰਸ਼ ਮੂਰਤੀਮਾਨ ਹੁੰਦੇ ਹਨ, ਜੁ ਕੇਵਲ ਉਨ੍ਹਾਂ ਦੇ ਨਾਮਧਾਰੀ ਅਨੁਯਾਈਆਂ ਲਈ ਹੀ ਆਕਰਸ਼ਕ ਕੇਂਦਰ ਬਿੰਦੂ ਨਹੀਂ ਹਨ ਸਗੋਂ ਹੋਰ ਧਰਮ ਅਵਲੰਬੀਆਂ ਲਈ ਵੀ ਅਨੂਠੀ ਖਿੱਚ ਦਾ ਕਾਰਨ ਹਨ।"[੧੫]

ਜਿਵੇਂ ਕਿ ਉੱਪਰ ਦੱਸਿਆ ਜਾ ਚੁੱਕਿਆ ਹੈ ਕਿ ਇਸ ਕਵੀ ਉਪਨਾਮ ਵਾਲੇ ਸੱਜਣ ਨੇ ਪੰਜਾਬੀ ਵਾਰਤਕ ਵਿਚ ਇਕ ਅਸਲੋਂ ਨਵੀਂ ਵਿਧਾ ਸਥਾਪਿਤ ਕਰਕੇ ਨਵੀਆਂ ਪੈੜਾਂ ਪਾਈਆਂ ਹਨ, ਪਰ ਇਸ ਦਾ ਮਤਲਬ ਇਹ ਨਹੀਂ

Sri Satguru Jagjit Singh Ji eLibrary NamdhariElibrary@gmail.com

ਕਿ ਉਹ ਕਾਵਿ ਅਰਸ਼ ਤੇ ਉਡਾਰੀਆਂ ਲਾਉਣ ਤੋਂ ਅਸਮਰੱਥ ਸੀ। ਅਸਲੋਂ ਬਚਪਨ ਸਮੇਂ ਸਹਿਪਾਠੀ (ਸਤਿਗੁਰੂ) ਜਗਜੀਤ ਸਿੰਘ ਹੋਰਾਂ ਦੀ ਦੂਜੇ ਵਿਦਿਆਰਥੀਆਂ ਤੇ ਕ੍ਰਿਪਾ ਦ੍ਰਿਸ਼ਟੀ ਦਾ ਤੁਲਨਾਤਮਕ ਅਵਲੋਕਨ ਕਰਦਿਆਂ ਉਨ੍ਹਾਂ ਇਕ ਕਬਿੱਤ ਬ੍ਰਿਜ ਭਾਸ਼ਾ ਵਿਚ ਲਿਖਿਆ ਸੀ ਜਿਸ ਦੀ ਅੰਤਿਮ ਤੁਕ ਸੀ-

"ਕੈਸੇ ਬਨ ਆਵੇ ਤੋਹਿ ਸੰਗ ਕਵੀ ਪ੍ਰੀਤਮ ਕੀ
ਤੁਮ ਜਗਜੀਤ ਸਿੰਘ ਐਸੇ ਮਹਾਰਾਜ ਹੋ।"

ਉਨ੍ਹਾਂ ਦੀ ਕਾਵਿ ਵੰਨਗੀ ਨੂੰ ਨਿਹਾਰਨ ਲਈ ਪੁਸਤਕ ਸਿਮਰਨ ਦਾ ਅਵਲੋਕਨ ਕੀਤਾ ਜਾ ਸਕਦਾ ਹੈ ਜੋ ਮਾਰਚ ੧੯੯੯ ਈ. ਵਿਚ ਜਲੰਧਰੋਂ ਛਪੀ ਸੀ। ਆਪਣੇ ਇਸ਼ਟ ਪ੍ਰਤੀ ਸਮਰਪਣ ਭਾਵ ਨਾਲ ਲਬਰੇਜ਼ ਹੈ ਸਿਮਰਨ ਦੀ ਸਾਰੀ ਕਵਿਤਾ। ਇਸ ਦੀ ਪਹਿਲੀ ਕਵਿਤਾ ਦਾ ਪਾਠ ਹੀ ਰੂਹ ਨੂੰ ਇਕ ਤਾਜ਼ਗੀ ਇਕ ਖੇੜਾ ਅਤੇ ਰਾਗਾਤਮਕ ਲੈਅ ਪ੍ਰਦਾਨ ਕਰਦਾ ਹੈ:

"ਇਹ ਹੈ ਸੋਮਾ ਪਿਆਰਾਂ ਦਾ
ਖਿਮਾ, ਸ਼ੀਲਤਾ, ਸਚ, ਸੁਚ, ਸੰਜਮ
ਘੇਰਾ ਇਹਦੇ ਦੀਦਾਰਾਂ ਦਾ
ਤਪਤ ਬੁਝੇ ਤਨ ਮਨ ਤੇ ਧਨ ਦੀ
ਪਾ ਝਲਕਾ ਇਕ ਵਾਰਾਂ ਦਾ
ਦੁੱਖ ਭੁੱਲਦੇ, ਸੁਖ ਸਹਿਜ ਉਪਜਦੇ
ਰਸ ਮਿਲਦਾ ਛਣਕਾਰਾਂ ਦਾ
ਸੂਖਮ, ਕੋਮਲ, ਸਦਾ ਸੁਗੰਧਤ
ਮਹਿਰਮ ਦਿਲ ਦੀਆਂ ਤਾਰਾਂ ਦਾ
ਮਾਨੁਖਤਾ ਦੇ ਬੂਟੇ ਉਤੇ
ਮਹਿਕਿਆ ਪੁਸ਼ਪ ਬਹਾਰਾਂ ਦਾ।"[73]

ਉਹ ਅਸਲੋਂ ਮੂੰਹ ਮੱਥੇ ਲੱਗਦੇ, ਇਨਸਾਨੀ ਮੁਹਾਂਦਰੇ ਵਾਲੇ, ਨੱਖਸ਼ਿਖ ਯੁਕਤ ਪ੍ਰੀਤਮ ਦਾ ਦਰਸ਼ਨ ਅਭਿਲਾਸ਼ੀ ਹੈ, ਸਾਕਾਰ ਦਰਸ਼ਨਾਂ ਦਾ ਇਛੁੱਕ।

"ਜਪ ਤਪ, ਸੰਜਮ, ਮਾਲਾ ਸਿਮਰਨ, ਜੀ ਨਹੀਂ ਲਾਂਦੇ ਮੇਰਾ
ਮੈਨੂੰ ਤਾਂ ਚਾਹੀਦੈ ਪ੍ਰੀਤਮ ਦਰਸ਼ਨ ਪਰਸਨ ਤੇਰਾ
ਤੇਰੀ ਰੱਬਤਾ ਵੀ ਨਾ ਲੋੜਾਂ, ਚਾਹਵਾਂ ਮਾਨੁਖ ਤਨ ਨੂੰ
ਔਨੇ ਪਹਿਰ ਕੋਲ ਰੱਖ ਮੈਨੂੰ, ਦੂਰ ਕਿਧਾਂ ਨਹੀਂ ਜੇਰਾ ੪੯ ॥"[74]

ਪ੍ਰੋ. ਮੋਹਣ ਸਿੰਘ ਦੀਵਾਨਾ ਦੀਆਂ ਰੁਬਾਈਆਂ ਦਾ ਪ੍ਰਭਾਵ, ਸਿਮਰਨ ਦੀਆਂ ਰੁਬਾਈਆਂ ਤੇ ਵੇਖਿਆ ਜਾ ਸਕਦਾ ਹੈ।

ਨਾਮਧਾਰੀ ਇਤਿਹਾਸ ਨਾਲ ਸਬੰਧਿਤ ਕੁਝ ਕਹਾਣੀਆਂ ਵੀ ਉਨ੍ਹਾਂ ਨੇ ਲਿਖੀਆਂ। ਇਉਂ ਅਸੀਂ ਵੇਖਦੇ ਹਾਂ ਕਿ ਪ੍ਰੀਤਮ ਸਿੰਘ ਕਵੀ ਦਾ ਰਚਨਾ ਸੰਸਾਰ ਬਹੁ ਆਯਾਮੀ ਹੈ। ਉਹ ਮਾਰਕਸਵਾਦੀ ਫ਼ਲਸਫ਼ੇ ਤੋਂ ਪ੍ਰਭਾਵਿਤ ਹੋ ਕੇ ਵੀ ਸਤਿਗੁਰੂ ਰਾਮ ਸਿੰਘ ਦੁਆਰਾ ਸਿਰਜੇ ਜੀਵਨ ਮੁੱਲਾਂ ਨਾਲ ਇਕਸੁਰਤਾ ਕਾਇਮ ਰੱਖ ਸਕਦਾ ਹੈ। ਇਤਿਹਾਸ ਦੀ ਤੋਰ ਨੂੰ ਸਮਝਣ ਲਈ ਉਸਦਾ ਜੀਵਨ ਨਜ਼ਰੀਆ ਬੜਾ ਸਾਰਥਕ ਹੈ। ਉਹ ਜੋ ਵੀ ਜੀਵਨ ਜੋਗ ਹੈ ਉਸ ਨੂੰ ਗ੍ਰਹਿਣ ਕਰਨ ਲਈ ਤਤਪਰ ਹੈ। ਬੇਬੀਆਂ, ਘੜੀਆਂ ਤੇ ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਉਸ ਲਈ ਪੈਰਾਂ ਹੋਈਆਂ ਬੇੜੀਆਂ ਹਨ। ਅਸਮਾਨਾਂ ਵਿਚ ਪੰਛੀਆਂ ਵਰਗੀ ਉੱਚੀ ਉਡਾਰੀ ਉਸ ਦਾ ਆਦਰਸ਼ ਹੈ। ਧਰਤੀ ਦੇ ਮੱਥੇ 'ਤੇ ਪਏ ਹਰ ਕੋਹਜ ਨੂੰ

Sri Satguru Jagjit Singh Ji eLibrary NamdhariElibrary@gmail.com

ਮਿਟਾਉਣ ਲਈ ਉਹ ਪ੍ਰਯਤਨਸ਼ੀਲ ਰਿਹਾ। ਵਿਰਸਾ ਤੇ ਵਰਤਮਾਨ ਨੂੰ ਦਵੰਦਵਾਦੀ ਨਜ਼ਰੀਏ ਨਾਲ ਘੋਖਦਿਆਂ ਉਸ ਮਨੁੱਖ ਜਾਤੀ ਦੇ ਉੱਜਲ ਭਵਿੱਖ ਦੀ ਕਾਮਨਾ ਕੀਤੀ। ਸਦਾ ਹਰਕਤ ਵਿਚ ਰਹਿਣਾ ਉਸ ਦੇ ਸੁਭਾਅ ਦਾ ਮੌਲੀ ਗੁਣ ਸੀ। ਉਸਦੀਆਂ ਹੱਲਾਸ਼ੇਰੀਆਂ ਸਦਕਾ ਨਾਮਧਾਰੀ ਲੇਖਕਾਂ/ਕਵੀਆਂ ਦੀ ਇਕ ਪੂਰੀ ਪੀੜ੍ਹੀ ਸਦਾ ਉਸ ਦੀ ਰਿਣੀ ਰਹੇਗੀ।

ਫੁੱਟ ਨੋਟ:

1. ਸਤਿਜੁਗ ਦਾ ਸੰਤ ਅੰਕ, ਸ੍ਰੀ ਭੈਣੀ ਸਾਹਿਬ, ੨੦ ਭਾਦਰੋਂ ੧੯੯੮ ਬਿਕ੍ਰਮੀ ਸਫ਼ਾ ੧੪੦-੪੧
2. ਸਤਿਜੁਗ ਦਾ "ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ" ਬਿ. ੨੦੫੯ ਨਵੀਂ ਦਿੱਲੀ, ਸਫ਼ਾ ੧੩
3. ਕੂਕਿਆਂ ਵਿਚ ਵਿਆਪਕ ਸਤਰ ਤੇ ਪੜ੍ਹੀ ਜਾਣ ਵਾਲੀ ਰਚਨਾ 'ਕੁਠਿਆ ਨਾਮਾ' ਦੀਆਂ ਸਤਰਾਂ, ਜਿਹਨਾਂ ਦਾ ਭਾਵ ਹੈ ਰਾਮ ਸਿੰਘ ਦੀ ਵਜ੍ਹਾ ਕਰਕੇ ਉੱਚੇ, ਨੀਵਿਆਂ ਤੋਂ ਡਰਨ ਲੱਗ ਪੈਣਗੇ। ਉਹ ਧਰਤੀ ਨੂੰ ਵਿਰਕਤ (ਵਿਰਕ ਮੁਕਤ) ਕਰ ਦੇਵੇਗਾ। ਕੂਕਾ ਰਾਮ ਸਿੰਘ ਉੱਠੇਗਾ ਤੇ ਸਾਰੇ ਰਾਜਿਆਂ ਦੀਆਂ ਜੜ੍ਹਾਂ ਪੁੱਟ ਦੇਵੇਗਾ।
4. ਬੀਤੇ ਦੀਆਂ ਪੈੜਾਂ – ਭਾਗ ਪਹਿਲਾ- ੧੯੯੯ ਨਵੀਂ ਦਿੱਲੀ, ਸਫ਼ਾ ੳ-ਅ
5. ਸਤਿਜੁਗ ਦਾ ਸਿਮਰਤੀ ਅੰਕ – ੨੦੧੬ ਬਿਕ੍ਰਮੀ-ਸ੍ਰੀ ਜੀਵਨ ਨਗਰ, ਸਫ਼ਾ ੧੫
6. ਸਤਿਜੁਗ ਦਾ ਅਟੱਲ ਪ੍ਰਾਪਤੀ ਅੰਕ-੨੦੨੦ ਬਿਕ੍ਰਮੀ-ਸ੍ਰੀ ਜੀਵਨ ਨਗਰ, ਸਫ਼ਾ ੨-੩
7. ਉਹੀ ਸਫ਼ਾ ੮੫
8. ਸਤਿਜੁਗ ਦਾ ਬਸੰਤ ਅੰਕ-ਸੰਮਤ ੧੦੪੩ ਬਿਕ੍ਰਮੀ-ਸ੍ਰੀ ਜੀਵਨ ਨਗਰ, ਸਫ਼ਾ ੧੦੨
9. ਬੀਤੇ ਦੀਆਂ ਪੈੜਾਂ – ਭਾਗ ਪਹਿਲਾ-ਸਫ਼ਾ 'ਅ'
10. ਉਹੀ, ਸਫ਼ਾ-'ੲ'
11. ਉਹੀ, ਸਫ਼ਾ-੯
12. ਉਹੀ, ਸਫ਼ਾ – ੬੩
13. ਉਹੀ, ਸਫ਼ਾ ੬੧
14. ਉਹੀ, ਸਫ਼ਾ ੧੦੫
15. ਬੀਤੇ ਦੀਆਂ ਪੈੜਾਂ – ਭਾਗ ਦੋ, ਦਿੱਲੀ, ੧੯੯੦ ਈ. ਸਫ਼ਾ ੨
16. ਉਹੀ, ਸਫ਼ਾ ੧੨
17. ਉਹੀ, ਸਫ਼ਾ ੫੮
18. ਉਹੀ, ਸਫ਼ਾ ੮-੯
19. ਬੀਤੇ ਦੀਆਂ ਪੈੜਾਂ- ਭਾਗ ਤੀਜਾ, ਦਿੱਲੀ ੧੯੯੨ ਈ. ਸਫ਼ਾ ੨
20. ਸਿਮਰਨ, ਜਲੰਧਰ, ੧੯੯੬ ਸਫ਼ਾ ੯
21. ਉਹੀ, ਸਫ਼ਾ ੧੩

Sri Satguru Jagjit Singh Ji eLibrary NamdhariElibrary@gmail.com

ਪ੍ਰੀਤਮ ਸਿੰਘ ਪੰਛੀ ਅਤੇ ਉਹਨਾਂ ਦੀ ਰਚਨਾ
'ਟੁਕੜਿਆਂ ਵਿਚ ਵੰਡਿਆ ਆਦਮੀ'

ਛਿਪੇ ਰਹਿਣ ਦੀ ਚਾਹ ਵਾਲੇ, ਪਰ ਸਮਰੱਥ ਪੰਜਾਬੀ ਗਲਪਕਾਰ, ਪ੍ਰੀਤਮ ਸਿੰਘ ਪੰਛੀ ਨੇ, ਆਪਣੀ ਆਤਮ ਕਥਾ ਤੇ ਆਧਾਰਿਤ ਰਚਨਾ "ਟੁਕੜਿਆ ਵਿਚ ਵੰਡਿਆ ਆਦਮੀ" 1978 ਵਿਚ ਛਪੇ ਨਾਵਲ 'ਕੁਦੇਸਣ' ਤੋਂ ਬਾਦ ਪੰਜਾਬੀ ਪਾਠਕਾਂ ਨੂੰ ਭੇਂਟ ਕੀਤੀ ਹੈ। 'ਕੁਦੇਸਣ' ਜਿੱਥੇ, ਮੁੱਲ ਲਿਆਂਦੀਆਂ, ਪੰਜਾਬੋਂ ਦੂਰ ਦੁਰਾਡੇ ਦੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਦਾ ਮਾਰਮਿਕ ਚਿਤਰਣ ਸੀ, ਉਥੇ ਹੱਥਲੀ ਰਚਨਾ ਬਸਤੀਵਾਦ ਵਿਰੋਧੀ ਕੂਕਾ ਅੰਦੋਲਨ ਦੇ ਇਕ ਸ਼ਰਧਾਲੂ ਦਾ, ਸਾਮਰਾਜ ਵਿਰੋਧੀ ਕਿਰਤੀ ਕਿਸਾਨਾਂ ਦੀ ਲਹਿਰ ਅਤੇ ਫਿਰ ਕਮਿਊਨਿਸਟ ਪਾਰਟੀ ਨਾਲ ਆਤਮਸਾਤ ਕਰਨ ਦਾ ਦਿਲਚਸਪ ਵਰਣਨ ਹੈ। ਇਹ ਇਕ ਦਸਤਾਵੇਜ਼ੀ ਮਹੱਤਵ ਵਾਲੀ ਰਚਨਾ ਹੈ ਜਿਸ ਵਿਚ ਛੋਟੇ ਛੋਟੇ ਟੁਕੜਿਆਂ ਵਿਚ ਲੇਖਕ ਨੇ ਨਾਮਧਾਰੀ ਲਹਿਰ ਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਵਾਲੇ ਦੌਰ ਦੀਆਂ, ਦੁਆਬੇ ਵਿਚ ਨਹਿਰੀ ਪਾਣੀ ਦੀ ਪ੍ਰਾਪਤੀ ਲਈ ਚੱਲੇ ਵਿਸ਼ਾਲ ਕਿਸਾਨ ਘੋਲ ਦੀਆਂ, ਕਲਸੀਆ ਰਿਆਸਤ ਦੀ ਜਨਤਾ ਵੱਲੋਂ ਵਿੱਢੇ ਗਏ ਰਜਵਾੜਾਸ਼ਾਹੀ ਵਿਰੁਧ ਅੰਦੋਲਨ ਦੀਆਂ, ਗ਼ਦਰ ਪਾਰਟੀ ਦੇ ਗੁਪਤ ਵਰਕਰਾਂ ਦੀਆਂ ਕਠਿਨ ਘਾਲਣਾਵਾਂ ਦੀਆਂ ਘਟਨਾਵਾਂ ਦਾ ਬੜਾ ਸਜੀਵ ਵਰਨਣ ਪੇਸ਼ ਕੀਤਾ ਹੈ। ਪੁਸਤਕ ਵਿਚ ਤੁਹਾਡੀ ਦਿਲਚਸਪੀ ਇਸ ਦੇ ਅਖ਼ੀਰ ਪਾਨ ਤਕ ਲੈ ਜਾਂਦੀ ਹੈ।

ਤਕਰੀਬਨ ਅੱਧੀ ਸਦੀ ਤੋਂ ਵੀ ਡੇਢ ਦਹਾਕਾ ਭਰ ਵਧ ਸਮਾਂ ਬੀਤ ਚੁਕਾ ਹੈ, ਜਦੋਂ ਦਾ ਪ੍ਰੀਤਮ ਸਿੰਘ ਪੰਛੀ ਰਚਨਾ ਕਰਮ ਵਿਚ ਜੁਟਿਆ ਹੋਇਆ ਹੈ। ਪਰ ਇਹ ਸਾਰਾ ਪੈਂਡਾ ਇਹਨਾਂ ਨੇ ਬੜੀ ਖ਼ਾਮੋਸ਼ੀ ਨਾਲ ਲੋਕ ਹਿੱਤ ਦੇ ਪੈਂਤੜੇ ਤੋਂ ਸਿਰਜੀ ਰਚਣੇਈ ਸਾਹਿਤ ਦਾ ਪੁਰਾਤਨ ਨਾਹਰਾ "ਸਤਿਅਮ, ਸ਼ਿਵਮ, ਸੁੰਦਰਮ" ਵੀ ਜਿੱਥੇ ਉਹਨਾਂ ਦਾ ਪ੍ਰੇਰਨਾ ਸਰੋਤ ਸੀ ਉਥੇ ਦੇਸ਼ ਵਿਆਪੀ ਪ੍ਰਗਤੀਸ਼ੀਲ ਯਥਾਰਥਵਾਦੀ ਚਿੰਤਨ ਲੇਖਨ ਨੇ ਵੀ ਉਹਨਾਂ ਦੀ ਸਦਾ ਅਗਵਾਈ ਕੀਤੀ ਹੈ। ਇਸ ਧੀਮੀ ਸੁਰ ਵਾਲੇ ਲੇਖਕ ਦਾ ਨਿਵੇਕਲਾ ਅੰਦਾਜ਼ ਹੀ ਤਾਂ ਹੈ ਕਿ ਉਹ ਆਪਣੇ ਸੀਨੇ ਵਿਚ ਖੌਲਦੇ ਜੁਆਲਾਮੁਖੀਆਂ ਦੇ ਦਰਸ਼ਨ ਤੁਹਾਨੂੰ ਥੋੜ੍ਹੇ ਜਿਹੇ ਫਿਕਰਿਆਂ ਵਾਲੇ ਇਕ ਦੋ ਵਾਕਾਂ ਨਾਲ ਹੀ ਕਰਾ ਦਿੰਦਾ ਹੈ। ਥੋੜ੍ਹੇ ਵਿਚ ਬਹੁਤਾ ਕਹਿ ਜਾਣ ਦੀ ਕਲਾ ਵਾਰਤਾਲਾਪ ਦਾ ਸੀਮਿਤ ਆਕਾਰ ਤੇ ਸੰਜਮਮਈ ਸ਼ੈਲੀ, ਸਿੱਧਾ ਤੇ ਸਪਸ਼ਟ ਵਰਣਨ। ਭਾਵੇਂ ਉਹ ਜੱਟ ਪਰਿਵਾਰ ਵਿਚੋਂ ਹੈ ਪਰ ਸ਼ਬਦਾਂ ਨੂੰ ਵਾਕਾਂ ਦੀ ਜੜਤ ਵਿਚ ਟਿਕਾਉਣ ਲਗਿਆਂ ਉਸ ਦੀ ਕਾਰੀਗਰੀ ਤੋਂ ਬਲਿਹਾਰੇ ਜਾਣ ਨੂੰ ਮਨ ਲੋਚਦਾ ਹੈ।

੧੯੬੦ ਈ. ਵਿਚ ਪ੍ਰੀਤਮ ਸਿੰਘ ਕਵੀ ਦੀ ਸੰਪਾਦਨਾ ਹੇਠ, ਸਪਤਾਹਿਕ 'ਸਤਿਜੁਗ' ਸ੍ਰੀ ਜੀਵਨ ਨਗਰ (ਸਿਰਸਾ) ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ 'ਸਿਮ੍ਰਤੀ ਅੰਕ' ਕਢਿਆ ਸੀ। ਉਸ ਵਿਚ ਪੰਛੀ ਜੀ ਦੀ ਲਿਖਤ ਨਾਲ ਦਿਤੀ ਗਈ ਸੰਪਾਦਕੀ ਟਿਪਣੀ ਵਿਚ ਦਰਜ ਸੀ ਕਿ ਸਾਨੂੰ ਅਫ਼ਸੋਸ ਹੈ ਪੰਛੀ ਜੀ ਦਾ ਚਿਤਰ ਪ੍ਰਾਪਤ ਨਹੀਂ ਹੋ ਸਕਿਆ ਨਹੀਂ ਤਾਂ ਖੁਸ਼ਾ ਵੇਖਣਾ ਸੀ ਕਿ ਨਾਮਧਾਰੀ ਕਿੰਨੇ ਵਿਵਿਧ ਰੂਪਾਂ ਵਿਚ ਹੋ ਸਕਦੇ ਹਨ। ਮੇਰੇ ਬਾਲ ਮਨ ਤੇ ਵਿਵਿਧ ਰੂਪ ਦੇ ਦਰਸ਼ਨਾਂ ਦੀ ਪਹਿਲੀ ਜਗਿਆਸਾ ਤਾਂ ਉਦੋਂ ਹੀ ਪੈਦਾ ਹੋਈ ਸੀ, ਪ੍ਰੰਤੂ ਦਰਸ਼ਨ ਕਾਫ਼ੀ ਸਮਾਂ ਬਾਅਦ ੧੯੮੦ ਈ. ਦੇ ਲਾਗੇ ਚਾਗੇ ਹੋਏ, ਜਦੋਂ ਇਹ ਆਪਣੇ ਭਣੇਵਿਆਂ ਨੂੰ ਮਿਲਣ ਸਾਡੇ ਗੁਆਂਢੀ ਪਿੰਡ ਦਮਦਮੇ ਆਏ ਸਨ ਅਤੇ ਉਥੇ ਬਾਪੂ ਜੀ (ਜਥੇਦਾਰ ਗੁਰਮੁਖ ਸਿੰਘ 'ਭੌਂਚਰ') ਦਾ ਹਾਲ ਚਾਲ ਜਾਨਣ ਕਰੀਵਾਲੇ ਆ ਗਏ ਸਨ। ੧੯੬੭ ਈ. ਦੇ

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਹੌਲੇ ਮਹੌਲੇ ਦੇ ਸਮੇਂ ਵਿਚ ਸ੍ਰੀ ਜੀਵਨ ਨਗਰ ਆਗਮਨ ਵੇਲੇ ਉਹ ਮੈਨੂੰ ਦਰਸ਼ਨ ਦੇਣ ਕਰੀਵਾਲੇ ਆਏ, ਜਿਥੇ ਉਹਨਾ ਨਾਲ ੩-੪ ਘੰਟੇ ਦੀ ਲੰਮੀ ਵਾਰਤਾਲਾਪ ਵਿਚ ਉਹਨਾਂ ਦੇ ਬੀਤੇ ਜੀਵਨ ਤੇ ਪੰਛੀ-ਝਾਤ ਪਾਉਣ ਦਾ ਉਪਰਾਲਾ ਕੀਤਾ। ਐਤਕੀਂ ਵੀ ਉਹ ਪਿਛਲੀ ਵੇਰ ਜਿਉਂ ਹੀ ਸਾਥੀ ਸੁਰਜੀਤ ਸਿੰਘ "ਸਰਪੰਚ" ਦਮਦਮਾ ਦੇ ਨਾਲ ਆਏ ਸਨ। 'ਪੰਛੀ' ਜੀਵਨ ਦੇ ਥੋੜ੍ਹੇ ਕੁ ਵਰਣਨ ਨੂੰ ਪਾਠਕਾਂ ਨਾਲ ਸਾਂਝੇ ਕਰਨ ਦੇ ਲੋਭ ਤੋਂ ਮੈਂ ਆਪਣੇ ਆਪ ਨੂੰ ਬਚਾ ਨਹੀਂ ਸਕਿਆ।

੨੨ ਜਨਵਰੀ ੧੯੨੨ ਈ. ਨੂੰ ਦੁਆਬੇ ਦੇ ਪਿੰਡ ਫਲਪੋਤਾ ਤਹਿਸੀਲ ਫਲੌਰ ਜ਼ਿਲ੍ਹਾ ਜਲੰਧਰ ਵਿਚ ਪਿਤਾ ਸ. ਹਰਨਾਮ ਸਿੰਘ ਅਤੇ ਮਾਤਾ ਸ੍ਰੀਮਤੀ ਹਰਨਾਮ ਕੌਰ ਦੇ ਘਰ ਪੈਦਾ ਹੋਏ। ਮਾਤਾ ਖੰਨੇ ਦੇ ਪਾਸ ਰਾਜੇਵਾਲ ਰੋਹਣੋਂ ਪਿੰਡ ਦੇ ਤਿੰਨ ਖੂਹਾਂ ਦੇ ਮਾਲਕ ਵੱਡੇ ਕਿਸਾਨ ਦੀ ਧੀ ਸੀ। ਪਰ ਨਾਨਕਾ ਪਰਿਵਾਰ ਜਾਇਦਾਦ ਲਈ ਸ਼ਰੀਕਾਂ ਦੇ ਲੋਭ ਦੀ ਭੇਟਾ ਚੜ੍ਹ ਗਿਆ ਸੀ। ਫਲਪੋਤੇ ਵਿਚ ਪੋਸਤ ਦੇ ਆਮ ਪ੍ਰਚਲਨ ਬਾਰੇ ਇਕ ਮੁਹਾਵਰਾ ਬਣ ਗਿਆ ਸੀ-

"ਓਪਰੀ ਗੱਲ ਫਲਪੋਤਾ
ਡੋਡੇ ਪੀਂਦੇ ਬਾਬਾ ਪੋਤਾ।"

ਇਕ ਛੋਟਾ ਭਾਈ ਇਕ ਛੋਟੀ ਭੈਣ ਸੀ। ਬਚਪਨ ਵਿਚ ਹੀ ਪਿਤਾ ਦੀ ਮੌਤ ਹੋ ਗਈ। ਜ਼ਮੀਨ ਵਿਕ ਚੁੱਕੀ ਸੀ, ਬੱਸ ਦੋ ਕੁ ਕਿੱਲੇ ਰਹਿ ਗਈ ਸੀ। ਇਕ ਚਾਚਾ ਗੇਨੀ ਆਸਟਰੇਲੀਆ ਵਿਚ ਗਿਆ ਸੀ। ਪੈਸੇ ਤਾਂ ਘਰ ਕਾਫ਼ੀ ਆਉਂਦੇ ਸਨ ਭਾਵੇਂ ਅੱਧਾ ਪਿੰਡ ਖਰੀਦ ਲੈਂਦੇ, ਪ੍ਰੰਤੂ ਘਰ ਦਾ ਗੁਜ਼ਾਰਾ ਡਾਵਾਂਡੋਲ ਸੀ। ਮਾਲਵੇ ਦੇ ਪ੍ਰਸਿੱਧ ਕੂਕਾ ਸੰਤ ਕਰਮ ਸਿੰਘ ਜੀ ਹਿੰਮਤਪੁਰੀਏ ੨੫-੩੦ ਸਿੰਘਾਂ ਦਾ ਜੱਥਾ ਲੈ ਕੇ ਪਿੰਡ ਵਿਚ ਚੱਕਰ ਲਾਉਂਦੇ। ਇਕ ਮਾਤਾ ਬਸੰਤ ਕੌਰ ਸਨ, ਉਹ ਸੰਤਾਂ ਦਾ ਲੰਗਰ ਕਰਦੇ। ਇਸ ਪਿੰਡ ਵਿਚ ਤਾਂ ਕੂਕਿਆਂ ਦੇ ਚਾਰ ਪੰਜ ਹੀ ਘਰ ਸਨ, ਪਰ ਹੋਰ ਲਾਗੇ ਚਾਗੇ ਮੁਠੱਡਾ ਕਲਾਂ, ਸੰਗ, ਗੜ੍ਹੀ ਮਹਾਂ ਸਿੰਘ ਆਦਿ ਪਿੰਡ ਕੂਕਿਆਂ ਦੇ ਗੜ੍ਹ ਸਨ। ਸੰਤਾਂ ਤੋਂ ਪਤਾ ਲੱਗਿਆ ਕਿ ਸ੍ਰੀ ਭੈਣੀ ਸਾਹਿਬ, ਨਾਮਧਾਰੀ ਕੇਂਦਰ ਵਿਖੇ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਅਤੇ ਹੋਰ ਨਾਮਧਾਰੀ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਇਕ ਵਿਦਿਆਲਾ ਖੋਹਲਿਆ ਹੈ ਜਿਥੇ ਬੱਚਿਆਂ ਦੇ ਰਹਿਣ ਸਹਿਣ ਭੋਜਨ ਕੱਪੜੇ ਦੀ ਵਿਵਸਥਾ ਕੀਤੀ ਗਈ ਸੀ।

੧੯੩੩ ਤੋਂ ੧੯੩੯ ਈ. ਤਕ ਛੇ ਸਾਲ ਲਗਾਤਾਰ ਇਸ ਵਿਦਿਆਲੇ ਦੇ ਵਿਦਿਆਰਥੀ ਵਜੋਂ ਹਿੰਦੀ, ਪੰਜਾਬੀ, ਸੰਸਕ੍ਰਿਤ ਅਤੇ ਅੰਗਰੇਜ਼ੀ ਦੀ ਸਿਖਿਆ ਹਾਸਲ ਕੀਤੀ। ਦੋ ਤਿੰਨ ਵੇਰ ਇਥੋਂ ਦੌੜਨ ਦੀ ਕੋਸ਼ਿਸ਼ ਵੀ ਕੀਤੀ। ਦੌੜਨ ਦਾ ਕਾਰਨ ਡੇਰੇ ਦੇ ਪ੍ਰਬੰਧਕ ਨਹੀਂ ਸਗੋਂ ਅਧਿਆਪਕਾਂ ਦੀ ਸਖ਼ਤੀ ਸੀ। ਸਿੱਖਿਆ ਵਿਚ ਸਿੱਖ ਧਰਮ ਗ੍ਰੰਥਾਂ ਦਾ ਅਧਿਐਨ, ਪੰਜ ਗਰੰਥੀ ਅਤੇ ਗੁਰੂ ਗਰੰਥ ਸਾਹਿਬ ਦਾ ਪਾਠ ਸ਼ਾਮਲ ਸੀ। ਇਥੇ ਸੰਗੀਤ ਦੀ ਸਿੱਖਿਆ ਲਈ ਦੋ ਸੰਗੀਤ ਪਾਰਟੀਆਂ ਸਨ। ਵੱਡੀ ਵਿਚ ਬੇਅੰਤ ਜੀ (ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ), ਰਜਿੰਦਰ ਸਿੰਘ ਗੁਰੂਸਰੀਆ, ਪ੍ਰੀਤਮ ਸਿੰਘ ਕਵੀ ਵਗੈਰਾ ਸ਼ਾਮਲ ਸਨ। ਛੋਟੀ ਵਿਚ ਪੰਛੀ ਤੇ ਹੋਰ ਕਾਫ਼ੀ ਮੁੰਡੇ ਸਨ। ਭੈਣੀ ਸਾਹਿਬ ਦੇ ਗੁਆਂਢੀ ਪਿੰਡ ਪੰਜੇਟਾ ਦੇ ਪੰਡਿਤ ਹਰਬੰਸ ਲਾਲ 'ਸ਼ਾਸਤ੍ਰੀ' ਜੋ ਕਾਂਸ਼ੀ ਤੋਂ ਪੜ੍ਹੇ ਸਨ, ਉਹਨਾਂ ਤੋਂ ਹਿੰਦੀ ਸੰਸਕ੍ਰਿਤ ਦੀ ਨੀਂਹ ਮਜ਼ਬੂਤ ਕੀਤੀ। ਅੰਗਰੇਜ਼ੀ ਦੇ ਅਧਿਆਪਕ ਪੰਡਿਤ ਗੁਰਦਿਆਲ ਸਿੰਘ ਸਿਆਲਕੋਟ ਵਲ ਦੇ ਸਨ। ਇਕ ਰੀਟਾਇਰਡ ਆਈ. ਸੀ. ਐਸ. ਅਧਿਕਾਰੀ ਸ੍ਰੀ ਭੋਲਾ ਨਾਥ ਮਹਿਤਾ ਗੁਜਰਾਂਵਾਲੇ ਦੇ ਸਨ। ਉਹ ਬਜ਼ੁਰਗ ਸਨ ਅਤੇ ਅੰਗਰੇਜ਼ੀ ਵਿਚ ਧਾਰਮਿਕ ਪੁਸਤਕਾਂ ਦੇ ਪਾਠ ਦੇ ਸ਼ੌਕੀਨ ਸਨ। ਉਸਤਾਦ ਨੱਥਾ ਸਿੰਘ ਇਹਨਾਂ ਨੂੰ ਭੈਣੀ ਸਾਹਿਬ ਲਿਆਇਆ ਸੀ, ਕਿਸੇ ਕਾਰਨ ਪਰਿਵਾਰਕ ਜੀਵਨ ਤੋਂ ਉਪਰਾਮ ਹੋ ਗਏ ਸਨ। ਉਸ ਵੇਲੇ ਦੀ ਟਿਵਾਣਾ ਵਜ਼ਾਰਤ ਵਿਚ ਸਰ ਮਨੋਹਰ ਲਾਲ ਵਿੱਤ ਮੰਤਰੀ ਪੰਜਾਬ ਸਨ। ਮਹਿਤਾ ਜੀ ਵੀ ਵਲਾਇਤ ਵਿਚ ਉਹਦੇ ਜਮਾਤੀਏ ਰਹੇ ਸਨ। ਬਿਰਤੀ ਸਾਧੂ ਸੰਤਾਂ ਵਾਲੀ ਸੀ। ਝੁਕਾਅ ਸਿਆਸਤ ਵਲ ਸੀ। ਦੂਜੇ ਅੰਗਰੇਜ਼ੀ ਦੇ ਅਧਿਆਪਕ ਅੰਗਰੇਜ਼ੀ ਵਿਚ ਸਿੱਖ ਇਤਿਹਾਸ ਪੜ੍ਹਾਉਂਦੇ ਸਨ। ਲੰਮੇ ਸਨ, ਮੰਜੀ ਤੇ ਲੱਤਾਂ ਪੂਰੀਆਂ ਨਾ ਆਉਂਦੀਆਂ ਜਦੋਂ ਸੌਂਦੇ। ਡੇਰੇ ਦੇ ਇਕ ਮੁਖਤਿਆਰ ਸ. ਕਰਤਾਰ ਸਿੰਘ ਚੌਰੂ

Sri Satguru Jagjit Singh Ji eLibrary NamdhariElibrary@gmail.com

ਨਾਲ ਤੂੰ-ਤੂੰ, ਮੈਂ-ਮੈਂ ਹੋ ਗਈ। ਜਿਸ ਤੇ ਉਹਨਾਂ ਨੇ ਉਥੇ ਰਹਿਣਾ ਗਵਾਰਾ ਨਾ ਕੀਤਾ।

ਭੈਣੀ ਸਾਹਿਬ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਕ ਨਿਜੀ ਲਾਇਬ੍ਰੇਰੀ ਸੀ, ਜਿਸ ਵਿਚ ਪੰਜ ਹਜ਼ਾਰ ਦੇ ਕਰੀਬ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦੀਆਂ ਪੁਸਤਕਾਂ ਸਨ। "ਵਿਸ਼ਾਲ ਭਾਰਤ" ਕਲਕੱਤੇ ਤੋਂ ਛਪਦਾ ਸੀ ਹਿੰਦੀ ਦਾ ਪਰਚਾ। ਇਸ ਵਿਚ ਉੱਚ-ਪਾਏ ਦੀਆਂ ਸਾਹਿਤਕ ਰਚਨਾਵਾਂ ਹੁੰਦੀਆਂ ਸਨ ਅਤੇ ਰਾਹੁਲ ਸੰਕਰਤਾਇਨ ਦੀਆਂ ਬੋਧੀ ਧਰਮ ਗਰੰਥਾਂ ਦੀ ਖੋਜ ਵਿਚ ਤਿੱਬਤ ਦੀਆਂ ਯਾਤਰਾਵਾਂ ਦੇ ਰੌਚਿਕ ਪ੍ਰਸੰਗ ਇਸ ਵਿਚ ਛਪਦੇ। ਰਾਹੁਲ, ਪ੍ਰਸਿੱਧ ਹਿੰਦੀ ਪ੍ਰਗਤੀਸ਼ੀਲ ਕਵੀ ਨਾਗਅਰਜੁਨ ਅਤੇ ਅਨੰਦ ਕੌਸ਼ਲਾਇਨ ਨੇ ਇਕੱਠਿਆਂ ਬੁੱਧ ਧਰਮ ਦੀ ਦੀਕਸ਼ਾ ਲਈ ਸੀ। ਅਨੰਦ ਭਗਤ ਸਿੰਘ ਦੇ ਸਹਿਪਾਠੀ ਸਨ ਅਤੇ ਪੰਛੀ ਜੀ ਦੇ ਬੜੇ ਮਿੱਤਰ ਰਹੇ ਸਨ।

ਅੰਮ੍ਰਿਤਸਰੋਂ ਛਪਦਾ ਗ਼ਦਰ ਪਾਰਟੀ ਵਾਲਿਆਂ ਦਾ ਮਾਸਿਕ ਪਰਚਾ 'ਕਿਰਤੀ', ਜਿਸ ਦੇ ਕਦੇ ਭਾਈ ਸੰਤੋਖ ਸਿੰਘ ਐਡੀਟਰ ਰਹੇ ਸਨ, ਵੀ ਭੈਣੀ ਸਾਹਿਬ ਦੇ ਪੁਸਤਕਾਲੇ ਦਾ ਸ਼ਿੰਗਾਰ ਸੀ, ਅਜੋਕੇ ਯੁਗ ਦੇ ਪੰਜਾਬੀ ਵਾਰਤਕ ਲੇਖਕ ਸ੍ਰ. ਗੁਰਬਖ਼ਸ਼ ਸਿੰਘ ਹੋਰਾਂ ਦੀ ਪ੍ਰੀਤਲੜੀ ਦੇ ਨਾਲ ਨਾਲ ਪਹਿਲੀ ਪ੍ਰੇਰਣਾ 'ਕਿਰਤੀ' ਤੋਂ ਹੀ ਮਿਲੀ। ਪਹਿਲਾਂ ਤਾਂ ਪ੍ਰੀਤਲੜੀ ਪੜ੍ਹਨ ਲਈ ਆਮ ਮਿਲ ਜਾਂਦੀ, ਪਰ ਫਿਰ ਇਕ ਵਕਤ ਆਇਆ ਕਿ ਇਸ ਨੂੰ ਲੁਕ ਲੁਕ ਕੇ ਪੜ੍ਹਨਾ ਪੈਂਦਾ। ਡੇਰੇ ਵਿਚ ਪੈਸੇ ਨਹੀਂ ਸਨ ਰੱਖਣ ਦਿੰਦੇ। ਸ਼ਾਇਦ ਇਸ ਲਈ ਕਿ ਪੈਸੇ ਵਾਲੇ ਅਮੀਰ ਮੁੰਡੇ ਮਾੜੇ ਗਰੀਬ ਵਿਦਿਆਰਥੀਆਂ ਦੇ ਮਨਾਂ ਵਿਚ ਹੀਣ-ਭਾਵਨਾ ਨਾ ਪੈਦਾ ਕਰਨ। ਉਦੋਂ ਜਿਹੇ ਹੀ ਗ਼ਦਰ ਪਾਰਟੀ ਵਾਲੇ ਬਾਬਿਆਂ ਨੇ ਇਕ 'ਦੇਸ਼ ਭਗਤ ਪ੍ਰੀਵਾਰ ਸਹਾਇਕ ਕਮੇਟੀ' ਬਣਾਈ ਸੀ। ਪੰਛੀ ਨੇ ਇਸ ਕਮੇਟੀ ਨੂੰ ਸਹਾਇਤਾ ਲਈ ਚਿੱਠੀ ਲਿਖੀ ਕਿ ਉਹ ਦੇਸ਼ ਭਗਤ ਹੈ ਤੇ ਫਸਿਆ ਹੈ। ਕਾ. ਬਚਨ ਸਿੰਘ ਸੈਕਟਰੀ ਵਲੋਂ ਕੁਝ ਸਮੇਂ ਬਾਅਦ ਮਨੀਆਰਡਰ ਦੁਆਰਾ ਭੇਜੇ ਤਿੰਨ ਰੁਪੈ ਪੰਛੀ ਨੂੰ ਡਾਕਘਰ ਵਾਲੇ ਕਰਮਚਾਰੀ ਨੇ ਚੋਰੀਉਂ ਪੁਚਾ ਦਿਤੇ ਤਾਂ ਜੁ ਡੇਰੇ ਵਿਚ ਵੀ ਪਤਾ ਨਾ ਲੱਗੇ। ਪੈਸੇ ਮਿਲਣ ਤੋਂ ਦੂਜੇ ਦਿਨ ਬਾਅਦ ਦੌੜ ਗਏ। ਤੀਜੇ ਦਿਨ ਜਥੇਦਾਰ ਗੁਰਮੁਖ ਸਿੰਘ 'ਝੱਬਰ' ਨੇ ਪਿੱਛੋਂ ਜਾ ਕੇ ਵਾਪਸ ਲਿਆਂਦੇ। ਪ੍ਰੀਤਮ ਸਿੰਘ ਕਵੀ ਤੇ ਇਹਨਾਂ ਦੀ ਦੋਵਾਂ ਸਿਰਨਾਵੀਆਂ ਦੀ, ਸ੍ਰੀ ਭੈਣੀ ਸਾਹਿਬੋਂ ਛਪਦੇ ਹਫ਼ਤਾਵਾਰ 'ਸਤਿਜੁਗ' ਵਿਚ ਲਿਖਣ ਦੀ ਜ਼ਿੰਮੇਵਾਰੀ ਹੁੰਦੀ ਸੀ। ਹੋਲੇ ਸਮੇਂ ਕਵੀ ਦਰਬਾਰ ਵਿਚ ਦੋਹਾਂ ਨੂੰ ਇਨਾਮ ਵੀ ਦਿੱਤਾ ਗਿਆ। ਫਿਰ ਮਾਸਟਰ ਬਲਬੀਰ ਸਿੰਘ ਹੋਰਾਂ ਇਹਨਾਂ ਤੇ ਇਹਨਾਂ ਦੇ ਰੈਡੀਕਲ ਵਿਚਾਰਾਂ ਸਦਕਾ ਕਰੜ ਜੁਰਮ ਲਾ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਵੀ ਮਾਸਟਰ ਹੋਰਾਂ ਦੀ ਪੁਸ਼ਟੀ ਕਰਦਿਆਂ ਕਹਿ ਦਿੱਤਾ ਕਿ ਇਹ ਸ਼ਕਲਾਂ ਵੇਖਣ ਵਿਚ ਤਾਂ ਭੋਲੀਆਂ ਹਨ ਪਰ ਉਂਞ ਬਦਮਾਸ਼ ਹਨ। ਦੋਹਾਂ ਸਿਰਨਾਵੀਆਂ ਨੂੰ ਤਿੰਨ-ਤਿੰਨ ਮਹੀਨਿਆਂ ਲਈ ਬੀਜ ਨਾਭੇ ਵਾਲੇ ਅਤੇ ਸਰਹਿੰਦ ਨਹਿਰ ਵਾਲੇ ਡੇਰੇ 'ਤੇ ਭੇਜ ਕੇ ਨਿਖੇੜ ਦਿੱਤਾ ਗਿਆ। ਓਦਾਂ ਜਿਹੇ ਹੀ ਆਸਟਰੇਲੀਆ ਵਾਲੇ ਚਾਚੇ ਦੇ ਭੇਜੇ ਪੰਜ ਸੌ ਰੁਪਏ ਪੰਛੀ ਹੋਰਾਂ ਨੂੰ ਮਿਲੇ। ਚੱਕਰਵਰਤੀ ਜੀ (ਸੰਤ ਇੰਦਰ ਸਿੰਘ-ਪ੍ਰਸਿੱਧ ਨਾਮਧਾਰੀ ਸਾਹਿਤਕਾਰ) ਓਦੋਂ ਪ੍ਰੀਤ ਨਗਰ ਰਹਿੰਦੇ ਸਨ, ਉਨ੍ਹਾਂ ਪਾਸੋਂ ਚਿੱਠੀ ਲੈ ਕੇ ਬਨਾਰਸ ਜਾ ਕੇ ਸੰਸਕ੍ਰਿਤ ਪੜ੍ਹਨ ਦੀ ਯੋਜਨਾ ਬਣਾਈ। ਰਾਤ ਨੂੰ ਭੈਣੀ ਸਾਹਿਬ ਦੇ ਟਿੱਬਿਆਂ ਦੀ ਰੇਤ ਤੇ ਰੇਤ - ਅਖ਼ਬਾਰ ਨੇ ਪ੍ਰਸਿੱਧ ਸੁਰਖ਼ੀ ਜਮਾਈ, "ਬਦਮਾਸ਼ ਹੁਣ ਕੁਝ ਬਣ ਕੇ ਆਉਣਗੇ। ਭੈਣੀ ਸਾਹਿਬ ਦੇ ਉੱਚੇ ਅਤੇ ਸੁੱਚੇ ਨਾਂ ਨੂੰ ਕਲੰਕਿਤ ਨਹੀਂ ਕਰਾਂਗੇ।" ਸਾਹਨੇਵਾਲ ਤੋਂ ਟਾਂਗਾ ਲਿਆ। ਮੇਰੀ ਆਪਣੀ ਭੈਣ ਦੇ ਘਰ ਚੁਬਾਰੇ ਵਿਚ ਦੋ ਦਿਨ ਲੁੱਕੇ ਰਹੇ। ਫਿਰ ਜਦੋਂ ਪ੍ਰੀਤ ਨਗਰ ਗਏ ਤਾਂ 'ਚੱਕਰਵਰਤੀ' ਹੋਰਾਂ ਕਿਹਾ ਕਿ ਕੱਲ੍ਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਤੁਹਾਨੂੰ ਲੱਭਦੇ ਹੋਏ ਇਥੇ ਆਏ ਸਨ। ਚੱਕਰਵਰਤੀ ਹੋਰਾਂ ਜੋ ਪੰਛੀ ਜੀ ਦੇ ਸਾਹਿਤਕ ਗੁਰੂ ਸਨ, ਰਾਇ ਦਿੱਤੀ ਕਿ ਹੁਣ ਤੁਹਾਡੀ ਆਪਣੇ ਪੰਥ ਵਿਚ ਚੰਗੀ ਪੁੱਛ ਗਿੱਛ ਹੋਣ ਲੱਗ ਪਈ ਹੈ, ਇਸ ਲਈ ਵਾਪਸ ਭੈਣੀ ਸਾਹਿਬ ਚਲੇ ਜਾਓ। ਕਵੀ ਜੀ ਦਾ ਪ੍ਰਵਾਰ ਸਾਰਾ ਉਥੇ ਹੀ ਸੀ ਸੋ ਉਹਨਾਂ ਨੂੰ ਤਾਂ ਇਹ ਰਾਇ ਜਚ ਗਈ। ਪੰਛੀ ਹੋਰਾਂ ਚਿੱਠੀ ਬਨਾਰਸ ਲਈ ਚੱਕਰਵਰਤੀ ਜੀ ਤੋਂ ਲਈ ਪਰ ਪੁੱਜੇ ਇਹ ਵੀ ਵਾਪਸ ਭੈਣੀ ਸਾਹਿਬ ਗਏ। ਸਤਿਗੁਰੂ ਜੀ ਨੇ ਫੁਰਮਾਇਆ ਕਿ ਤੁਸੀਂ ਸਾਡੇ ਲੀਡਰ ਬਣਨਾ ਹੈ ਇਸ ਲਈ ਇੱਥੋਂ ਭੱਜੋ ਨਾ। ਅਗਲੇ ਦਿਨ ਛੋਲੇ ਵੱਢਣ ਦਾ ਹੁਕਮ ਲੱਗ ਗਿਆ ਗੁਰੂ ਸਰ ਜਾ ਕੇ ਦੋਹਾਂ ਨੂੰ। ਜਦੋਂ ਛੋਲੇ ਵੱਢ ਰਹੇ ਸਨ ਤਾਂ ਸਤਿਗੁਰੂ ਜੀ ਪੁੱਜੇ। ਕਵੀ ਜੀ ਨੇ ਬੇਨਤੀ ਕੀਤੀ ਆਪਣੇ ਖ਼ਾਸ ਅੰਦਾਜ਼

Sri Satguru Jagjit Singh Ji eLibrary NamdhariElibrary@gmail.com

ਵਿਚ, "ਸੱਚੇ ਪਾਤਸ਼ਾਹ ਜੀ! ਡੋਲਿਆਂ 'ਤੇ ਥੋੜ੍ਹਾ ਥੋੜ੍ਹਾ ਜਲ ਛਿੜਕ ਦਿਓ, ਤਾਂ ਕਿ ਰਤਾ ਰੰਗ ਘਟ ਲਹੇ।" ਕੰਜਰੀਆਂ ਨੂੰ ਪੀਹਣਾ ਪੈ ਗਿਆ ਸੀ, ਸਤਿਗੁਰੂ ਜੀ ਕਵੀ ਜੀ ਦੀ ਬੇਨਤੀ 'ਤੇ ਪ੍ਰਸੰਨ ਹੋ ਗਏ ਅਤੇ ਸਜ਼ਾ ਖ਼ਤਮ ਕਰ ਦਿੱਤੀ।

੧੯੩੯ ਵਿਚ ਦੁਆਬੇ ਦੇ ਤਿਹਾਏ ਖੇਤਾਂ ਲਈ ਪਾਣੀ ਦੀ ਮੰਗ ਲਈ ਲੱਗੇ ਮੋਰਚੇ ਵਿਚ ਕੈਦ ਕੱਟੀ ਪੰਜਾਬ ਦੀ ਪ੍ਰਸਿੱਧ ਅਤੇ ਇਤਿਹਾਸਕ ਮੁਲਤਾਨ ਜੇਹਲ ਵਿਚ। ਕਲਸੀਆਂ ਰਿਆਸਤ ਦੇ ਮੋਰਚੇ ਵਿਚ ਵੀ ਭਾਗ ਲਿਆ। ਵਾਰ ਕੌਂਸਲ ਦਾ ਦਫ਼ਤਰ ਅੰਬਾਲਾ ਜ਼ਿਲ੍ਹੇ ਵਿਚ ਬਲਾਚੌਰ ਵਿਖੇ ਸੀ, ਕਾ. ਅਬਦੁਲ ਮਜੀਦ ਇੰਚਾਰਜ ਸੀ।

ਚੱਕਰਵਰਤੀ ਹੋਰਾਂ ਦੀ ਪ੍ਰੇਰਨਾ ਤੇ ਫਿਰ ਸ੍ਰੀ ਭੈਣੀ ਸਾਹਿਬ ਗਏ। ੧੯੪੪ ਤੋਂ ੪੬ ਈ. ਤੱਕ 'ਸਤਿਜੁਗ' ਦੀ ਸੰਪਾਦਨਾ ਕੀਤੀ। ਇਸ ਵਿਚ ਪੰਛੀ ਹੋਰਾਂ ਦੇ ਦੱਸਣ ਮੁਤਾਬਿਕ ੨-੩ ਸਫ਼ੇ ਹੀ ਨਾਮਧਾਰੀਆਂ ਬਾਰੇ ਹੁੰਦੇ ਸਨ, ਬਾਕੀ ਜਨਰਲ ਪੇਪਰ ਸੀ। ਆਮ ਲੋਕ ਇਸਨੂੰ ਪੜ੍ਹਦੇ ਸਨ। ਨੌਰੰਗ ਸਿੰਘ 'ਤਾਂਘੀ' ਅਤੇ ਉਦਾਸੀ ਸਾਧੂ ਸ਼ਰਧਾ ਨੰਦ ਜਹੇ ਗੈਰ ਨਾਮਧਾਰੀ ਵੀ ਸਤਿਜੁਗ ਦੇ ਸੰਪਾਦਕ ਰਹੇ ਸਨ। ਸੰਤ ਇੰਦਰ ਸਿੰਘ 'ਚੱਕਰਵਰਤੀ' ਦੁਆਰਾ ਸੰਪਾਦਿਤ ਸਤਜੁਗ ਦੇ ਬਸੰਤ ਅੰਕਾਂ ਦਾ ਸਾਹਿਤਕ ਹਲਕਿਆਂ ਵਿਚ ਭਰਪੂਰ ਸੁਆਗਤ ਕੀਤਾ ਜਾਂਦਾ ਸੀ।

੧੯੪੭ ਵਿਚ ਹਫ਼ਤਾਵਾਰ 'ਪ੍ਰੇਮ ਸੰਦੇਸ਼' ਜੋ ਲਾਹੌਰ ਤੋਂ ਨਿਕਲਣ ਵਾਲਾ ਪ੍ਰਗਤੀਸ਼ੀਲ ਸੁਰ ਵਾਲਾ ਪਰਚਾ ਸੀ ਉਸ ਦੇ ਸੰਪਾਦਕ ਬਣੇ। ਇਥੇ ਹੀ ਇਸ ਪਰਚੇ ਦੁਆਰਾ ਪੰਛੀ ਹੋਰੀਂ ਹਰਨਾਮ ਸਿੰਘ ਨਾਜ਼, ਗੁਰਦੇਵ ਸਿੰਘ ਪੰਨੂ, ਕਿਰਪਾਲ ਸਿੰਘ 'ਆਜ਼ਾਦ', ਅਮਰ ਸਿੰਘ ਉਰਫ਼ ਅਮਰ ਭਾਰਤੀ ਜਹੇ ਲੇਖਕਾਂ ਦੇ ਨੇੜੇ ਆਏ ਅਤੇ ਇਹਨਾਂ ਨੂੰ ਆਪਣੇ ਪਰਚੇ ਵਿਚ ਛਾਪਣਾ ਸ਼ੁਰੂ ਕੀਤਾ। ਲਾਹੌਰ ਵਿਚ ਹੀ ਮਜ਼ਦੂਰਾਂ ਦੀ ਇਕ ਹੜਤਾਲ ਨੂੰ ਆਪਣੇ ਅਖ਼ਬਾਰ ਨੂੰ ਕਵਰ ਕਰਦੇ ਸਮੇਂ ਮਜ਼ਦੂਰਾਂ ਦੇ ਹੱਕ ਵਿਚ ਕੋਈ ਕਾਰਵਾਈ ਕਰਨ ਦਾ ਸਦਕਾ ਇਕ ਮਹੀਨਾ ਜੇਲ੍ਹ ਵਿਚ ਰਹੇ। ਮੁਲਾਕਾਤ ਕਰਨ ਅਖ਼ਬਾਰ ਦਾ ਮਾਲਕ 'ਬਾਵਾ ਹਰਨਾਮ ਸਿੰਘ ਅਤੇ ਅਮਰ ਭਾਰਤੀ' ਆਏ। ਦੂਜੀ ਜੇਲ੍ਹ ਯਾਤਰਾ ਜੋ ਇਸ ਤੋਂ ਪਹਿਲਾਂ ਸੀ ਕਿਸਾਨ ਮੋਰਚੇ ਵਿਚ, ਉਹ ਛੇ ਮਹੀਨਿਆਂ ਦੀ ਸੀ।

ਲਾਹੌਰ ਵਿਖੇ ਰਹਿੰਦਿਆਂ ਹੀ ਕਮਿਊਨਿਸਟ ਪਾਰਟੀ ਦੀ ਐਕਟਿਵ ਮੈਂਬਰਸ਼ਿਪ ਲੈ ਲਈ ਸੀ। ੧੯੪੯ ਈ. ਵਿਚ ਪਾਰਟੀ ਪਰਚਾ 'ਜੰਗੇ ਆਜ਼ਾਦੀ' ਉਰਦੂ ਵਿਚ ਅੰਮ੍ਰਿਤਸਰੋਂ ਛਪਦਾ ਸੀ। ਕਾ. ਸੋਹਣ ਸਿੰਘ ਜੋਸ਼, ਕਾ. ਅਰਜਨ ਸਿੰਘ 'ਗੜਗੱਜ' ਦੀ ਸੰਗਤ ਵਿਚ ਇਸ ਪਰਚੇ ਵਿਚ ਕੰਮ ਕੀਤਾ। ਇਹ ਉਹ ਦੌਰ ਸੀ ਜਦੋਂ 'ਸੱਤਾ ਲਈ ਆਖ਼ਰੀ ਹੱਲਾ' ਕਾ. ਪੀ.ਸੀ. ਜੋਸ਼ੀ ਦਾ ਨਾਹਰਾ ਸੀ। ਇਕ ਦਿਨ ਕਾ. ਜੋਸ਼ ਪੰਛੀ ਨੂੰ ਅਖ਼ਬਾਰ ਲਈ ਡਿਕਟੇਟ ਕਰਵਾ ਰਹੇ ਸਨ, ਇਕਦਮ ਪੁਲੀਸ ਦਾ ਛਾਪਾ ਪਿਆ। ਜੋਸ਼ ਤੇ ਗੜਗੱਜ ਹੋਰਾਂ ਨੂੰ ਪੁਲੀਸ ਲੈ ਗਈ। ਪੰਛੀ ਨੂੰ ਇਕ ਕਮਰੇ ਵਿਚ ਬੰਦ ਕਰ ਗਏ। ਪੁਲੀਸ ਵਾਲੇ ਫਿਰ ਆਏ। ਕੁਤਵਾਲੀ ਲੈ ਗਏ। ਡੀ.ਐਸ.ਪੀ. ਉਜਾਗਰ ਸਿੰਘ ਸੀ। ਉਸ ਨੇ ਪੰਛੀ ਨੂੰ ਇਕ ਪਾਸੇ ਬੈਂਚ 'ਤੇ ਬਿਠਾ ਦਿੱਤਾ ਅਤੇ ਕਿਹਾ, "ਇਹ ਤੁਹਾਡੇ ਲੀਡਰ ਹੁਣ ੪-੫ ਸਾਲ ਅੰਦਰ ਰਹਿਣਗੇ। ਤੇਰੀ ਪੜ੍ਹਨ ਦੀ ਤੇ ਕੁਝ ਕਰਨ ਦੀ ਉਮਰ ਏ, ਜਾਹ ਨਿਕਲ ਜਾਹ।" ਇਹ ਉਥੋਂ ਸਿੱਧੇ ਪ੍ਰਕਾਸ਼ ਪੰਡਿਤ ਦੇ ਘਰ ਗਏ। ਫਿਰ ਉਹ ਰੂਪ ਧਾਰਿਆ ਜਿਸ ਦਾ ਜ਼ਿਕਰ ਕਵੀ ਜੀ ਕਰ ਚੁੱਕੇ ਹਨ। ਕੇਸ ਦਾੜ੍ਹੀ ਤੋਂ ਬਗੈਰ ਨਾਮਧਾਰੀ ਅਤੇ ਇਨਕਲਾਬੀ ਸੰਗਰਾਮੀਆਂ। ਜ਼ਿਆਦਾ ਸਮਾਂ ਪਿੰਡ ਹੀ ਬਿਤਾਇਆ। ਸਾਹਿਤਕ ਗਤੀਵਿਧੀਆਂ ਚਲਦੀਆਂ ਰਹੀਆਂ।

ਜਲੰਧਰ ਸ਼ਹਿਰ ਵਿਚ ਸੀ.ਪੀ.ਆਈ. ਦੇ ਦਫ਼ਤਰ ਸੈਕਟਰੀ ਉਦੋਂ ਰਹੇ ਜਦੋਂ ਜ਼ਿਲ੍ਹੇ ਦਾ ਸੈਕਟਰੀ ਕਾ. ਸਰਦਾਰਾ ਸਿੰਘ ਸੀ, ਜੋ ਬਾਦ ਵਿਚ ਆਪਣੀ ਰੂਸੀ ਪਤਨੀ ਦੀ ਵਜ੍ਹਾ ਕਰਕੇ ਮਾਸਕੋ ਵਿਖੇ ਹੀ ਜਾ ਟਿਕੇ ਸਨ। ਜਲੰਧਰੋਂ ਸੁਰਿੰਦਰ ਸਿੰਘ ਨਾਲ ਮਿਲ ਕੇ 'ਨਵਾਂ ਸਾਹਿਤ' ਨਾਂ ਦੇ ਪਰਚੇ ਦੇ ਤਿੰਨ ਅੰਕ ਵੀ ਕੱਢੇ। ਫਿਰ ਆਤਮਾ ਰਾਮ ਐਂਡ ਸੰਨਜ਼ ਦੀ ਪੁਸਤਕਾਂ ਦੀ ਪ੍ਰਸਿੱਧ ਦੁਕਾਨ ਵਿਖੇ ਦਿੱਲੀ ਨੌਕਰੀ ਕੀਤੀ। ਪਿਆਰਾ ਸਿੰਘ ਸਹਿਰਾਈ ਵੀ ਉਦੋਂ ਇਥੇ ਹੀ ਸਨ। ਫਿਰ ਜਦੋਂ 'ਨਵਾਂ ਜ਼ਮਾਨਾ' ਪੰਜਾਬੀ ਵਿਚ ਛਪਣਾ ਸ਼ੁਰੂ ਹੋਇਆ ਤਾਂ ਜਲੰਧਰ ਆ ਗਏ। ਸੁਰਜਨ ਜ਼ੀਰਵੀ, ਅਰਜਨ ਸਿੰਘ ਗੜਗੱਜ ਅਤੇ ਕਾ. ਪ੍ਰੇਮ ਸਿੰਘ ਨਾਲ ਇਸ ਵਿਚ ਕੰਮ ਕਰਦੇ ਰਹੇ। ਕਾ. ਜਗਜੀਤ ਸਿੰਘ ਅਨੰਦ ਉਦੋਂ ਅੰਮ੍ਰਿਤਸਰ ਰਹਿੰਦੇ ਸਨ, ਪਰਚੇ 'ਤੇ ਨਾਂ ਉਹਨਾਂ ਦਾ ਛਪਦਾ ਸੀ। ਪੰਛੀ ਹੋਰੀਂ ਚਾਹੁੰਦੇ ਸਨ ਕਿ ਨਾਂ ਗੜਗੱਜ ਦਾ ਛਪੇ।

Sri Satguru Jagjit Singh Ji eLibrary NamdhariElibrary@gmail.com

ਬੱਸ ਐਵੇਂ ਹੀ ਫਿਰ ਮਨ ਮੁਟਾਵ। ਇਥੋਂ ਸੁਆਮੀ ਕੇਸ਼ਵਾ ਨੰਦ ਦੁਆਰਾ ਸਥਾਪਿਤ, ਤੱਤਕਾਲੀਨ ਪੰਜਾਬ ਰਾਜਸਥਾਨ ਸੀਮਾ ਤੇ ਆਬਾਦ ਸੰਗਰੀਆ ਕਸਬੇ ਦੇ ਵਿਦਿਆਪੀਠ ਵਿਚ ਪੁੱਜ ਗਏ। ਇਥੇ ੧੯੫੫ ਤੋਂ ੬੦ ਤੱਕ ਸਰ ਛੋਟੂ ਰਾਮ ਮਿਊਜ਼ੀਅਮ ਦੇ ਕਿਊਰੇਟਰ ਰਹੇ । ਕਹਾਣੀਆਂ, ਲੇਖ ਲਿਖਦੇ ਰਹੇ।

੧੯੬੦ ਤੋਂ ੬੨ ਤਕ ਫਿਰ ਜਲੰਧਰ ਆ ਕੇ 'ਅਜੀਤ' ਪੰਜਾਬੀ ਦੈਨਿਕ ਵਿਚ ਕੰਮ ਕੀਤਾ। ਇਕ ਸਾਲ 'ਵੀਰ ਪ੍ਰਤਾਪ' ਹਿੰਦੀ ਵਿਚ ਵੀ ਲਾਇਆ। ਦਿੱਲੀ ਤੋਂ ਸੁਆਮੀ ਸ਼ਰਧਾਨੰਦ ਦਾ ਅਖ਼ਬਾਰ 'ਵੀਰ ਅਰਜਨ' ਹਿੰਦੀ ਵਿਚ ਛਪਦਾ ਸੀ। ਇਸ ਦਾ ਇੰਚਾਰਜ ਅਯੁਧਿਆ ਪ੍ਰਸਾਦ ਸੀ ਜੋ ਪਹਿਲਾਂ 'ਨਵਾਂ ਜ਼ਮਾਨਾ' ਵਿਚ ਰਹਿ ਚੁੱਕਾ ਸੀ। ਉਹਨੇ ਅਖ਼ਬਾਰ ਦੇ ਮਾਲਕ ਕੇ. ਨਰਿੰਦਰ ਨਾਲ ਗੱਲ ਕਰਕੇ ਪੰਛੀ ਹੋਰਾਂ ਨੂੰ ਇਸ ਵਿਚ ਲੈ ਆਂਦਾ। ੧੯੧੦ ਈ. ਵਿਚ ਹੜਤਾਲ ਕਾਰਨ ਅਖ਼ਬਾਰ ਦੇ ਬੰਦ ਹੋਣ ਤਕ ਇਸ ਵਿਚ ਹੀ ਰਹੇ। ਫਿਰ ਇਕ ਛੋਟਾ ਜਿਹਾ ਆਪਣਾ ਪ੍ਰੈਸ ਲਾ ਕੇ 'ਸਫ਼ਰ' ਨਾਂ ਦਾ ਮਾਸਿਕ ਪਰਚਾ ਸ਼ੁਰੂ ਕੀਤਾ। ਪਰ ਜ਼ਿਆਦਾ ਦੇਰ ਚਲ ਨਾ ਸਕਿਆ। ਇਸ ਤੋਂ ਬਾਅਦ ਲੰਮਾ ਸਮਾਂ ਦਿੱਲੀਓਂ ਛਪਦੇ 'ਪੰਜਾਬੀ ਡਾਇਜੈਸਟ' ਦੇ ਸੰਪਾਦਕ ਮੰਡਲ ਵਿਚ ਰਹੇ। ਦਿੱਲੀ ਤੋਂ ਹੀ ਪ੍ਰੋ. ਰਾਮ ਸਿੰਘ ਹੋਰਾਂ ਪ੍ਰਿੰਸੀਪਲ ਨਿਰੰਜਨ ਸਿੰਘ ਹੋਰਾਂ ਦੇ ਚੇਲਿਆਂ ਨਾਲ ਰਲ ਕੇ 'ਨਵੀਆਂ ਕੀਮਤਾਂ' ਨਾਂ ਦਾ ਮਾਸਿਕ ਕੱਢਿਆ। ਇਸ ਵਿਚ ਪ੍ਰੋ. ਸਾਹਿਬ ਦੇ ਸਹਾਇਕ ਵਜੋਂ ਕੰਮ ਕੀਤਾ। ਪੰਛੀ ਜੀ ਦੀ ਸਾਹਿਤਕਾਰ ਧਰਮ ਪਤਨੀ ਸ਼ਾਂਤਾ ਪ੍ਰੀਤਮ ਦਾ ੧੯੯੬ ਵਿਚ ਨਿਧਨ ਹੋ ਗਿਆ। ਦੇਸ਼ ਦੀ ਰਾਜਧਾਨੀ ਵਿਚ ਹੀ ਆਪ ਦਾ ਨਿਧਨ ਹੋ ਗਿਆ।

ਇਹ ਪੁਛੇ ਜਾਣ ਤੇ ਕਿ ਤੁਸੀਂ ਕਿਨ੍ਹਾਂ ਕਿਨ੍ਹਾਂ ਸਾਹਿਤਕਾਰਾਂ ਦਾ ਪ੍ਰਭਾਵ ਕਬੂਲਿਆ ਹੈ, ਉਹਨਾਂ ਟਾਲਸਟਾਏ, ਗੋਰਕੀ, ਚੈਖ਼ੋਵ ਅਤੇ ਪ੍ਰੇਮ ਚੰਦ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਪ੍ਰੇਮ ਚੰਦ ਪੜ੍ਹ ਕੇ ਨਾਨਕ ਸਿੰਘ ਫਿੱਕਾ ਫਿੱਕਾ ਲਗਦਾ ਹੈ। ਉਸ ਦੀ ਰਚਨਾ ਵਿਚ ਅੱਜ ਵੀ ਪਹਿਲੋਂ ਜਿਹੀ ਤਾਜ਼ਗੀ ਹੈ।

ਪ੍ਰੀਤਮ ਸਿੰਘ ਪੰਛੀ ਨੇ ਆਪਣਾ ਪਹਿਲਾ ਕਹਾਣੀ ਸੰਗ੍ਰਹਿ 'ਨੰਗੀਆਂ ਕਬਰਾਂ' ੧੯੪੯ ਵਿਚ ਛਾਪਿਆ। ਇਹ ਸਾਰੀਆਂ ਕਹਾਣੀਆਂ ਵੰਡ ਬਾਰੇ ਸਨ। ਇਸ ਵਿਚੋਂ ਕੁਝ ਕਹਾਣੀਆਂ ਪੋਲੈਂਡ ਦੀ ਇਕ ਪ੍ਰੋਫ਼ੈਸਰ ਨੇ ਵੰਡ ਬਾਰੇ ਆਪਣੇ ਸੰਪਾਦਿਤ ਕਹਾਣੀ ਸੰਗ੍ਰਹਿ ਲਈ ਚੁਣ ਲਈਆਂ। ੧੯੫੩ ਵਿਚ ਦੂਜਾ ਕਹਾਣੀ ਸੰਗ੍ਰਹਿ "ਡਾਕ ਪੱਥਰ" ਆਇਆ, ਜਿਸ ਵਿਚ ਸਮਾਜਿਕ ਆਰਥਿਕ ਮਸਲਿਆਂ ਬਾਰੇ ਕਹਾਣੀਆਂ ਸਨ। ਫਿਰ 'ਘੁੰਗਰੂ ਤੇ ਹੋਰ ਕਹਾਣੀਆਂ' ਆਇਆ। 'ਘੁੰਗਰੂ' ਅਮਨ ਲਹਿਰ ਬਾਰੇ ਸੀ, ਉੱਚ ਕੋਟੀ ਦੀ ਕਹਾਣੀ, ਜਿਹੜੀ ਅੰਗਰੇਜ਼ੀ ਤੋਂ ਇਲਾਵਾ ਭਾਰਤੀ ਭਾਸ਼ਾਵਾਂ ਵਿਚ ਵੀ ਅਨੁਵਾਦਿਤ ਹੋ ਚੁੱਕੀ ਹੈ। ਪ੍ਰੀਤਮ ਸਿੰਘ ਪੰਛੀ ਦੁਆਰਾ ਅਨੁਵਾਦਿਤ ਪੁਸਤਕਾਂ ਵਿਚ ਸ਼ਾਮਿਲ ਹਨ - ਰਾਹੁਲ ਦੀ 'ਬਾਈਸਵੀਂ ਸਦੀ', ਕਲਾਰਾ ਜੈਟਕਿਨ ਦਾ "ਕੋਲੋਂ ਤੱਕਿਆ ਲੈਨਿਨ', ਮਰਾਠੀ ਨਾਵਲ 'ਵਨਗਰਵਾੜੀ', ਭਾਰਤ ਦੀ ਆਜ਼ਾਦੀ ਤੇ ਰੂਸ ਦਾ ਇਨਕਲਾਬ, ਬਾਬਾ ਪ੍ਰਿਥਵੀ ਸਿੰਘ, ਕਿੰਨਾ ਸੋਹਣਾ ਦੇਸ਼ ਸਾਡਾ, ਭਾਰਤ ਦੇ ਹਰੇਕ ਪ੍ਰਦੇਸ ਦੀਆਂ ਲੋਕ ਕਹਾਣੀਆਂ ਦੀਆਂ ਪੰਜਾਹ ਸੈਂਚੀਆਂ ਦੇ ਅਨੁਵਾਦ ਜੋ ਮਕੌਲ ਪੰਛੀ ਜੀ ਪਿਛਲੇ ਤੀਹ ਵਰ੍ਹਿਆਂ ਤੋਂ ਆਤਮਾ ਰਾਮ ਐਂਡ ਸਨਜ਼ ਦੀ ਅਲਮਾਰੀ ਵਿਚ ਬੰਦ ਪ੍ਰਕਾਸ਼ਨ ਦਾ ਰਾਹ ਵੇਖ ਰਹੇ ਹਨ। ਉਹਨਾਂ ਦੀਆਂ ਹਿੰਦੀ ਰਚਨਾਵਾਂ ਵਿਚ 'ਗਦਰ ਪਾਰਟੀ ਦਾ ਇਤਿਹਾਸ' ਬਾਬਾ ਸੋਹਣ ਸਿੰਘ ਭਕਨਾ ਦੀਆਂ ਡਾਇਰੀਆਂ 'ਤੇ ਅਧਾਰਿਤ ਹੈ, ਗਦਰ ਦੀ ਗੂੰਜ, ਭਾਈ ਵੀਰ ਸਿੰਘ ਹੋਰਾਂ ਤੇ ਰਾਸ਼ਟਰ ਭਾਸ਼ਾ ਪ੍ਰਚਾਰ ਸੰਮਿਤੀ, ਵਰਧਾ ਵਲੋਂ ਪੁਸਤਕ ਲਿਖਾਈ ਗਈ, ੧੯੫੪-੫੫ ਵਿਚ 'ਜ਼ਮੀਨ ਕਾ ਟੁਕੜਾ' ਕਹਾਣੀ ਸੰਗ੍ਰਹਿ, ਦੋ ਭਾਗਾਂ ਵਿਚ 'ਹਮਾਰੀ ਲੋਕ ਕਥਾਏਂ', ਹੰਸ ਰਾਜ ਰਹਿਬਰ ਨਾਲ ਮਿਲ ਕੇ 'ਪੰਜਾਬ ਕੀ ਲੋਕ ਕਥਾਏਂ' ਅਤੇ 'ਲਾਖ ਸੇ ਊਪਰ ਕਾ ਆਦਮੀ' ਵਿਅੰਗ ਸੰਗ੍ਰਹਿ ਸ਼ਾਮਲ ਹੈ। ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਸਮਿਤੀ, ਨਵੀਂ ਦਿੱਲੀ ਵਲੋਂ 'ਦਮਨ ਚੱਕਰ ਕੇ ਪਚਾਸ ਵਰਸ਼' ਕੁਰਬਾਨੀਆਂ ਭਰੇ ਕੂਕਾ ਇਤਿਹਾਸ ਤੇ ਇਕ ਬਿਹੰਗਮ ਦ੍ਰਿਸ਼ਟੀ ਸੁੱਟਦਾ ਹੈ।

ਇਸ ਤਰ੍ਹਾਂ ਦੇ ਵਿਸ਼ਾਲ ਜੀਵਨ ਅਨੁਭਵ ਵਾਲਾ ਲੇਖਕ ਜਦੋਂ ਆਪਣੇ ਆਪ ਤੇ ਆਪਣੇ ਚੌਗਿਰਦੇ ਬਾਰੇ ਲਿਖੇਗਾ ਤਾਂ ਭਲਾਂ ਕਿਤਾਬ ਪੜ੍ਹਨਯੋਗ ਕਿਉਂ ਨਾ ਹੋਵੇਗੀ। ਉਸ ਦਾ ਐਨੀਆਂ ਥਾਵਾਂ ਤੇ ਏਨੇ ਵਿਵਿਧ ਰੂਪਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਵਿਚਰਨਾ ਦੱਸਦਾ ਹੈ ਕਿ ਸੱਚ ਲਈ ਉਸ ਦੀ ਖੋਜ ਕਦੇ ਪੂਰੀ ਨਹੀਂ ਹੋਈ। ਨਿਰੰਤਰ ਜਾਰੀ ਰਹੀ। ਸ਼ਾਇਦ ਉਸ ਨੂੰ ਪ੍ਰੋ. ਮੋਹਨ ਸਿੰਘ ਹੋਰਾਂ ਦਾ ਇਹ ਸ਼ੇਅਰ ਰਾਸ ਆਇਆ ਹੈ:

"ਪੂਰੀ ਸ਼ੈ ਨੂੰ ਡਰ ਘਾਟੇ ਦਾ
ਡਰ ਨਾ ਅੱਧੀ ਤਾਈਂ
ਰੱਬਾ ਪਿਆਰ ਮੇਰੇ ਦੀ ਮੰਜ਼ਿਲ
ਪੂਰੀ ਕਦੇ ਨਾ ਹੋਵੇ।"

ਪੰਛੀ ਦਾ ਮੁਹਾਵਰਾ ਆਪਣਾ ਹੈ, ਸ਼ੈਲੀ ਆਪਣੀ ਹੈ ਅਤੇ ਵਾਰਤਕ ਇਸ ਤਰ੍ਹਾਂ ਦੀ ਹੈ ਕਿ ਇਹਨੂੰ ਪਛਾਣਿਆ ਜਾ ਸਕਦਾ ਹੈ। ਭਾਵੇਂ ਉਸ ਤੇ ਪ੍ਰਭਾਵ ਹਿੰਦੁਸਤਾਨ ਤੋਂ ਲੈ ਕੇ ਦੁਨੀਆਂ ਭਰ ਤੱਕ ਦੇ ਰਚਨਾਕਾਰਾਂ ਦੇ ਪਏ, ਪਰ ਉਹਨੇ ਐਨ ਹੂ-ਬਹੂ ਕਿਸੇ ਦੀ ਵੀ ਸ਼ੈਲੀ ਜਾਂ ਢੰਗ ਦੀ ਨਕਲ ਨਹੀਂ ਕੀਤੀ। ਉਸ ਦੀ ਲਿਖਤ ਦਾ ਚਿਹਰਾ ਮੋਹਰਾ ਨਿਰੋਲ ਆਪਣਾ ਹੈ। ਉਸ ਦੀ ਸਹਿਮਤੀ ਹੈ ਰਸੂਲ ਹਮਜ਼ਾਤੋਵ ਦੇ ਇਸ ਕਥਨ ਨਾਲ –

"ਮੇਰਾ ਹੋਰ ਕਿਸੇ ਨਾਲ ਮੁਹਾਵਰਾ ਨਹੀਂ ਮਿਲਣਾ ਚਾਹੀਦਾ। ਉਮਰ, ਪੁਸ਼ਕਿਨ ਜਾਂ ਬਾਇਰਨ ਨਾਲ ਵੀ ਨਹੀਂ।"

ਆਪਣੇ ਜੀਵਨ ਮਨੋਰਥ ਨਾਲ, ਜੋ ਕੂਕਿਆਂ ਅਤੇ ਕਿਰਤੀਆਂ ਗ਼ਦਰੀਆਂ ਦੀਆਂ ਕੁਰਬਾਨੀਆਂ ਦੀ ਰੋਸ਼ਨੀ ਵਿਚ ਘੜਿਆ ਗਿਆ ਸੀ। ਇਕ ਸਮਤਾ-ਪੂਰਵਕ ਭਾਈਚਾਰੇ ਦੇ ਨਿਰਮਾਣ ਲਈ ਤਾ-ਉਮਰ ਜੱਦੋ-ਜਹਿਦ, ਇਸ ਨੂੰ ਆਪਣੇ ਕਰਤੱਵਾਂ ਅਤੇ ਕਲਮ ਨਾਲ ਪੰਛੀ ਹੋਰਾਂ ਤਕਰੀਬਨ ਨਿਭਾਅ ਦਿਤਾ ਹੈ। ਆਪਣੇ ਜੀਵਨ ਸੰਗਰਾਮ ਦਾ ਮੰਤਵ ਸਪਸ਼ਟ ਕਰਨ ਲਈ ਉਹ ਆਰੰਭ ਵਿਚ ਹੀ ਮਲਿਆਲੀ ਲੇਖਕ ਟੀ. ਪਦਮਨਾਭਨ ਦੀਆਂ ਟੂਕਾਂ ਨੂੰ ਉਧਰਿਤ ਕਰਦੇ ਹਨ–

"ਇਕ ਸੱਚਾ ਸਾਹਿਤਕਾਰ ਜਾਂ ਕਲਾਕਾਰ ਹਮੇਸ਼ਾਂ ਅਸੰਤੁਸ਼ਟ ਰਹਿਣ ਲਈ ਮਜਬੂਰ ਹੈ। ਅਵਿਸ਼ਵਾਸ ਅਤੇ ਵਿਰੋਧ ਕਰਨ ਦੀ ਪ੍ਰਵਿਰਤੀ ਨਾਲ ਹੀ ਉਸਦੀਆਂ ਰਚਨਾਵਾਂ ਜਨਮ ਲੈਂਦੀਆਂ ਹਨ।"

"ਈਮਾਨਦਾਰੀ ਨਾਲ ਲਿਖਣਾ ਇਹੋ ਸਾਹਿਤਕਾਰ ਦਾ ਚਿਰਕਾਲ ਤੋਂ ਦੂੱਤ-ਕਾਰਜ ਹੈ। ਲਾਭ-ਹਾਨੀ ਦੇਖ ਕੇ ਉਸ ਮੁਤਾਬਿਕ ਰਾਇ ਨਹੀਂ ਦੇਣੀ ਚਾਹੀਦੀ। ਆਪਣੇ ਦਿਲੋਂ ਉਸ ਨੂੰ ਹਮੇਸ਼ਾ ਨਿਆਂ ਕਰਨਾ ਚਾਹੀਦਾ ਹੈ। ਲੇਖਕ ਕਦੇ ਵੀ ਆਪਣੇ ਆਪ ਨੂੰ ਵਿਕਰੀ ਦਾ ਮਾਲ ਨਾ ਬਣਾਏ।...ਵਿਚਾਰ ਅਤੇ ਵਿਹਾਰ ਦੀ ਸ਼ੁਧਤਾ ਅੱਜ ਨਸ਼ਟ ਹੋ ਚੁੱਕੀ ਹੈ। ਹਰ ਪਾਸੇ ਮੁਖੌਟੇ ਹੀ ਨਜ਼ਰ ਆਉਂਦੇ ਹਨ।

ਇਸ ਆਤਮ ਬਿਰਤਾਂਤਕ ਰਚਨਾ ਦੇ ਕੁੱਲ ੨੯ ਕਾਂਡ ਹਨ, ਜਿਨ੍ਹਾਂ ਦੇ ਵੱਖ-ਵੱਖ ਹੈਡਿੰਗ ਹਨ – ਪਹਿਲਾ ਸਬਕ, ਪ੍ਰੀਤਮ ਮਿਲਨ, ਖਿੰਡੇ ਸੂਤਰਾਂ ਨੂੰ ਜੋੜਿਆ, ਭਵ ਸਾਗਰ ਅਤੇ ਭੇਤ ਭਰੇ ਸੰਨਿਆਸੀ, ਜ਼ਮੀਨ ਦੋਜ਼ ਅਖ਼ਬਾਰ, ਨਵਾਂ ਫ਼ਰੰਟ, ਨਵਾਂ ਕਦਮ ਅਤੇ ਆਖਰੀ ਸਬਕ ਵਗੈਰਾ ਵਗੈਰਾ – ਪਰ ਜੇ ਇਹਨਾਂ ਨੂੰ ਵੱਖ-ਵੱਖ ਪੜ੍ਹੀਏ ਤਾਂ ਇਨ੍ਹਾਂ ਨੂੰ ੨੯ ਵੱਖ-ਵੱਖ ਕਹਾਣੀਆਂ ਵੀ ਕਿਹਾ ਜਾ ਸਕਦਾ ਹੈ। ਕਿਤੋਂ ਵੀ ਕੋਈ ਕਹਾਣੀ ਪੜ੍ਹੀ ਜਾ ਸਕਦੀ ਹੈ। ਗ਼ਜ਼ਲ ਦੇ ਹਰ ਸ਼ਿਅਰ ਜਿਉਂ ਸੁਤੰਤਰ। ਜੇ ਸਾਰੀਆਂ ਇਕੱਠੀਆਂ ਪੜ੍ਹੀਏ ਤਾਂ ਪੂਰੇ ਦਾ ਪੂਰਾ ਨਾਵਲ। ਇਸ ਤਰ੍ਹਾਂ ਦੀ ਨਾਵਲ ਵਿਧਾ ਦਾ ਪੰਜਾਬੀ ਵਿਚ ਸਫਲ ਨਿਭਾਅ ਮੈਂ ਸਮਝ ਰਿਹਾ ਹਾਂ ਕਿ ਪਹਿਲੀ ਵੇਰ ਕੀਤਾ ਗਿਆ ਹੈ।

ਵਾਤਾਵਰਣ ਦੀ ਉਸਾਰੀ ਵਿਚ ਜੇ ਵਾਧੂ ਲੱਗ-ਲਪੇਟ ਤੋਂ ਕੰਮ ਲਿਆ ਜਾਵੇਗਾ ਤਾਂ ਕਾਫ਼ੀ ਪਸਾਰਾ ਵਧ ਜਾਂਦਾ ਹੈ। ਪਹਿਲੇ ਅਧਿਆਏ ਦੇ ਪਹਿਲੇ ਦੋ ਪਹਿਰੇ ਇਸ ਪ੍ਰਸੰਗ ਵਿਚ ਸੌ ਫ਼ੀਸਦੀ ਦਰੁਸਤ ਹਨ –

"ਇਹ ਭੈਣੀ ਸਾਹਿਬ ਸੀ। ਕੂਕੇ ਮਰਜੀਵੜਿਆਂ ਦਾ ਧਰਮ ਤੇ ਕਰਮ ਅਸਥਾਨ। ਰੇਤਲੇ ਟਿੱਬਿਆਂ ਵਿਚ ਘਿਰਿਆ ਹੋਇਆ ਇਕ ਛੋਟਾ ਜਿਹਾ ਪਿੰਡ।

ਏਥੇ ਬਾਰਾਂਮਾਸੀ ਹਨੇਰੀਆਂ ਝੁੱਲਦੀਆਂ ਰਹਿੰਦੀਆਂ। ਰੇਤ ਦੇ ਛੋਟੇ ਛੋਟੇ ਟਿੱਬਿਆਂ ਵਿਚ ਘਿਰੀ ਭੈਣੀ ਸਾਹਿਬ ਦੀ ਰਾਮਸਰ ਬਸਤੀ ਨਾ ਪਿੰਡ ਸੀ ਨਾ ਸ਼ਹਿਰ। ਸੰਘਣੇ ਰੁੱਖਾਂ ਵਿਚ ਘਿਰੇ ਕੱਚੇ ਕੋਠਿਆਂ ਦਾ ਇਕ ਸਮੂਹ ਜਿਹਾ ਸੀ,

Sri Satguru Jagjit Singh Ji eLibrary NamdhariElibrary@gmail.com

ਜਿਥੇ ਕੁਝ ਸੌ ਰਹਿੰਦੇ ਬੰਦੇ ਬਾਕੀ ਲੋਕਾਂ ਨਾਲੋਂ ਵੱਖਰੇ ਵੱਖਰੇ ਲਗਦੇ ਸਨ। ਉਹ ਇਸ ਧਰਤੀ ਤੇ ਰਹਿਣ ਵਾਲੇ ਬੰਦਿਆਂ ਨਾਲੋਂ ਆਪਣੇ ਆਪ ਨੂੰ ਉੱਚਾ ਸਮਝਣ ਦਾ ਦਾਅਵਾ ਕਰਦੇ ਸਨ। ਉਨ੍ਹਾਂ ਦੀ ਹਰ ਗੱਲ ਦੁਨੀਆਂ ਤੋਂ ਨਿਰਾਲੀ ਸੀ।"

ਸਕੂਲ ਦੇ ਮਾਹੌਲ ਨੂੰ ਨਿੱਕੇ ਨਿੱਕੇ ਵਿਅੰਗਮਈ ਵਾਕਾਂ ਦੀ ਮਦਦ ਨਾਲ ਸਿਰਜਿਆ ਗਿਆ ਹੈ। ਇਕ ਪਿੰਡ ਤੋਂ ਬਾਹਰਾ, ੧੦-੧੨ ਸਾਲਾਂ ਦਾ ਬਾਲਕ ਨਵੀਂ ਥਾਂ ਆ ਕੇ ਜਿਥੇ ਸਾਰੀ ਦੁਨੀਆਂ ਹੀ ਨਵੀਂ ਹੈ, ਓਦਰੇਗਾ ਨਹੀਂ ਤਾਂ ਹੋਰ ਕੀ ਕਰੇਗਾ? ਪਰ ਏਥੇ ਦੀ ਰੀਤ ਅਨੁਸਾਰ ਓਦਰਨਾ ਮਨ੍ਹਾਂ ਸੀ।" "ਮੈਂ ਏਨਾ ਜ਼ਰੂਰ ਸਮਝ ਗਿਆ ਸੀ, ਏਥੋਂ ਦੀ ਹਰ ਚੀਜ਼ ਮੇਰੇ ਪਿੰਡ ਨਾਲੋਂ ਵੱਖਰੀ ਸੀ। ਨਾਵਾਂ ਥਾਵਾਂ ਅਤੇ ਖਾਣ-ਪਹਿਨਣ ਤੋਂ ਲੈ ਕੇ ਬੋਲ-ਚਾਲ ਦਾ ਢੰਗ ਤਕ ਅਲੱਗ ਸੀ।" ਮਾਸਟਰਾਂ ਤੋਂ ਕੁੱਟ ਪੈਣ ਤੇ ਉਹ ਰੋ ਪੈਂਦਾ ਤਾਂ ਉਸ ਨੂੰ ਦੂਜਾ ਪ੍ਰੀਤਮ ਫ਼ਰੀਦਵਾਲਾ (ਹੁਣ ਪ੍ਰੀਤਮ ਸਿੰਘ ਕਵੀ) ਕਹਿੰਦਾ ਹੈ, "ਤੂੰ ਰੋ ਪਿਆ ਸੀ? ਤੂੰ ਅਜੇ ਮਾਰ ਖਾਣ ਦਾ ਆਦੀ ਨਹੀਂ ਹੋਇਆ।" "ਉਸ ਦਿਨ ਤੋਂ ਮੈਂ ਮਨ ਹੀ ਮਨ ਮਾਰ ਖਾਣ ਦਾ ਆਦੀ ਬਣਨ ਦੀ ਪੱਕੀ ਧਾਰ ਲਈ ਸੀ।"

ਬੱਚਿਆਂ ਨੂੰ ਕੁਝ ਸਖ਼ਤ ਅਧਿਆਪਕ ਜਦੋਂ ਸਰੀਰਕ ਦੰਡ ਦਿੰਦੇ ਹਨ ਤਾਂ ਉਹਨਾਂ ਲਈ ਸਹਾਰੇ ਦੇ ਰੂਪ ਵਿਚ ਮਾਤਾ ਜੀਵਨ ਕੌਰ ਜੀ ਪੁੱਜਦੇ ਹਨ-

"ਸਵੇਰ ਸਾਰ ਜਗਤ ਮਾਤਾ ਆ ਗਈ। ਗੁਰੂਦੇਵ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਦੀ ਮਾਤਾ ਨੂੰ ਸਾਰੇ 'ਜਗਤ ਮਾਤਾ' ਕਹਿੰਦੇ। ਭਾਰੀ ਦੇਹ ਅਤੇ ਲੰਮੇ ਚੋਲੇ ਵਿਚ ਅਜੀਬ ਪ੍ਰਭਾਵ ਪੈਂਦਾ। ਅੰਦਰਲੀ ਘੁਟਨ ਨੂੰ ਰਾਹਤ ਮਹਿਸੂਸ ਹੁੰਦੀ। ਬੱਚਿਆਂ ਨੇ ਉਹਨਾਂ ਨੂੰ ਘੇਰੇ ਵਿਚ ਲੈ ਲਿਆ ਸੀ"

ਸਤਿਗੁਰੂ ਜੀ ਅਕਸਰ ਦੌਰੇ 'ਤੇ ਰਹਿੰਦੇ। ਡੇਰੇ ਦੇ ਪ੍ਰਬੰਧਕਾਂ ਦੇ ਕੁਝ ਆਪਸੀ ਝਗੜੇ ਸਨ। ਵਿਦਿਆਰਥੀਆਂ ਨੂੰ ਪਿੰਡ ਭੈਣੀ ਸਾਹਿਬ ਜਾਂ ਗੁਆਂਢੀ ਪਿੰਡਾਂ ਵਿਚ ਘੁੰਮਣ ਦੀ ਮਨਾਹੀ ਸੀ। ਬਦਲਦੇ ਮੌਸਮ ਤਾਪ ਸਰਾਪ ਵੀ ਲਿਆਉਂਦੇ। ਇਹੋ ਜਿਹੇ ਸਮੇਂ ਬਹੁਤ ਸਾਰੇ ਬੱਚੇ ਓਦਰਕੇ ਏਥੋਂ ਆਪਣੇ ਮਾਂ-ਪਿਓ ਪਾਸ ਨੱਸ ਜਾਂਦੇ ਜਾਂ ਉਹ ਆ ਕੇ ਲੈ ਜਾਂਦੇ। ਇਸ ਤਰ੍ਹਾਂ ਦੇ ਅਫ਼ਰਾ-ਤਫ਼ਰੀ ਭਰੇ ਮਾਹੌਲ ਦਾ ਜ਼ਿਕਰ ਇਉਂ ਕੀਤਾ ਗਿਆ ਹੈ-

"ਸੇਵਾਦਾਰ ਬੇ-ਲਗਾਮ ਹੋ ਗਏ ਸਨ। ਉਹ ਜਗਤ ਮਾਤਾ ਨੂੰ ਵੀ ਨਾ ਗੌਲਦੇ। ਕਦੇ ਕੋਈ ਮੁੱਛਲ ਆਉਂਦਾ, ਮੁੰਡਿਆਂ ਦੀ ਧੁਨਾਈ ਕਰਕੇ ਚਲਦਾ ਬਣਦਾ। ਉਹ ਜਗਤ ਮਾਤਾ ਤੱਕ ਸ਼ਿਕਾਇਤ ਵੀ ਨਾ ਪੁੱਜਣ ਦਿੰਦੇ।"

ਫਿਰ ਜਦੋਂ ਇਹ ਫ਼ੈਸਲਾ ਹੋਇਆ ਕਿ ਸਕੂਲ ਬਾਰਾਂ ਵਰ੍ਹਿਆਂ ਤੱਕ ਚੱਲੇਗਾ ਅਤੇ ਜਿਹੜਾ ਵਿਦਿਆਰਥੀ ਏਥੇ ਰਹੇਗਾ ਉਹ ਬਾਰਾਂ ਸਾਲਾਂ ਤੋਂ ਪਹਿਲਾਂ ਨਹੀਂ ਛੱਡੇਗਾ ਜਿਸਨੂੰ। ਓਦੋਂ ਵੀ ਕਈ ਮੁੰਡੇ ਘਰ ਟੁਰ ਗਏ, ਪਰ ਲੇਖਕ ਦੀ ਮਾਤਾ ਨਹੀਂ ਆਉਂਦੀ। ਉਹ ਆਪਣੇ ਪੁੱਤਰ ਨੂੰ ਕੁਝ ਬਣਿਆ ਵੇਖਣਾ ਲੋਚਦੀ ਹੈ। ਭੈਣੀ ਸਾਹਿਬ ਡੇਰੇ ਦੇ ਮੁਖ਼ਤਾਰਾਂ ਦੇ ਪਾਤਰ ਚਿਤਰਣ ਵਿਚ, ਜਥੇਦਾਰ ਗੁਰਮੁਖ ਸਿੰਘ 'ਝੱਖੜ' ਦੀ ਵਿਲੱਖਣਤਾ ਨੂੰ, ਬਰਕਰਾਰ ਰੱਖਿਆ ਗਿਆ ਹੈ -

"ਰਾਖ ਵਾਲਾ ਸਰਦਾਰ ਹੁਣ ਆਪਣੇ ਪਿੰਡ ਤੋ ਘੱਟ ਵਧ ਹੀ ਆਉਂਦਾ। ਰਾਮਸਰ ਦਾ ਵੱਡਾ ਮੁਖ਼ਤਾਰ ਹੁਣ 'ਝੱਖੜ' ਹੋ ਗਿਆ ਸੀ। ਸਕੂਲ ਵਿਚ ਉਸ ਦਾ ਦਖ਼ਲ ਵਧ ਗਿਆ ਸੀ। ਝੱਖੜ ਦੇ ਆਉਣ ਨਾਲ ਸੇਵਾਦਾਰਾਂ ਦੇ ਝਗੜੇ ਖ਼ਤਮ ਹੋ ਗਏ ਸਨ। ਉਹ ਜ਼ੋਰਾਵਰ ਨਿਕਲਿਆ ਸੀ, ਜੋ ਆਉਂਦਿਆਂ ਹੀ ਸਾਰਿਆਂ ਤੇ ਛਾ ਗਿਆ ਸੀ।"

ਸ. ਕੇਹਰ ਸਿੰਘ ਰਾਖਵਾਲਾ, ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਹੱਥ ਡੇਰੇ ਦਾ ਪ੍ਰਬੰਧ ਸੌਂਪਣ ਦਾ ਵਰਣਨ ਵੀ ਮਿਲਦਾ ਹੈ। ਮਾਸਟਰ ਝੁਹੇਲ ਸਿੰਘ (ਸੁਹਾਵਾ ਸਿੰਘ) ਦੀ ਸਖ਼ਤੀ ਦੇ ਪ੍ਰਤੀਕਰਮ ਵਜੋਂ ਪੰਛੀ ਦੀ ਆਤਮਦਾਹ ਦੀ ਧਮਕੀ ਨੂੰ ਸਤਿਗੁਰੂ ਜੀ ਨੇ ਕਾਫ਼ੀ ਗੰਭੀਰਤਾ ਨਾਲ ਲਿਆ ਅਤੇ ਇਹਨਾਂ ਵਿਚ ਛੁਪੀ ਲੇਖਕ ਪ੍ਰਤਿਭਾ ਨੂੰ ਪਛਾਣ ਕੇ ਇਹਨਾਂ ਨੂੰ ਲਿਖਣ ਲਈ ਖੁੱਲ੍ਹੇ ਗੱਫੇ ਕਾਗਜ਼ਾਂ ਕਲਮਾਂ ਦੇ ਦੇਣ ਦਾ ਹੁਕਮ ਦੇ ਦਿਤਾ। ਇਉਂ "ਰੋਜ਼ ਅਖ਼ਬਾਰ" ਦੀ ਥਾਂ ਜੋ ਟਿੱਬੇ ਤੇ ਹੱਥ ਨਾਲ ਲਿਖਿਆ ਜਾਂਦਾ ਸੀ, 'ਪਿਆਰਾ' ਨਾਂ ਦਾ ਚੋਖੀ ਪ੍ਰਸਿਧੀ ਪ੍ਰਾਪਤ ਹੱਥ-ਲਿਖਤ ਪਰਚਾ ਪੰਛੀ-ਕਵੀ ਟੋਲੀ ਦੁਆਰਾ ਇਥੋਂ ਲਿਖਿਆ ਜਾਣ ਲੱਗਾ।

ਭੈਣੀ ਸਾਹਿਬ ਦੇਸ਼ ਭਗਤਾਂ ਦਾ ਸੁਆਗਤ ਸਦਾ ਖਿੜੇ ਮੱਥੇ ਕਰਦਾ ਰਿਹਾ ਹੈ। ਭਾਵੇਂ ਚੋਲੇ ਦੀ ਬਦੇਸ਼ੀ

Sri Satguru Jagjit Singh Ji eLibrary NamdhariElibrary@gmail.com

ਸਰਕਾਰ ਵਲੋਂ ਕਈ ਦੌਰ ਸਖਤੀਆਂ ਦੇ ਚਲਾਏ ਜਾਂਦੇ। ਅਜਿਹੇ ਸਮੇਂ ਪ੍ਰਸਿੱਧ ਬੱਬਰ ਸ. ਰਤਨ ਸਿੰਘ ਦਾ ਭੈਣੀ ਸਾਹਿਬ ਆਉਣਾ ਤੇ ਇਥੋਂ ਬਚ ਨਿਕਲਣ ਦਾ ਰੋਚਿਕ ਪ੍ਰਸੰਗ ਪੰਛੀ ਜੀ ਦੇ ਸ਼ਬਦਾਂ ਵਿਚ ਇਉਂ ਹੈ-

"ਇਕ ਦਿਨ ਜੇਲ੍ਹ ਵਿਚੋਂ ਫਰਾਰ ਬੱਬਰ ਰਤਨ ਸਿੰਘ ਭੈਣੀ ਸਾਹਿਬ ਵਿਚੋਂ ਹੁੰਦਾ ਹੋਇਆ ਅੱਗੇ ਸਤਲੁਜ ਦਰਿਆ ਵਲ ਨਿਕਲ ਗਿਆ ਸੀ। ਉਦੋਂ ਅਸੀਂ ਸਕੂਲ ਤੋਂ ਬਾਹਰ ਜਾਮਣ ਦੇ ਦਰਖ਼ਤ ਹੇਠ ਵਿਛੇ ਤੱਪੜ ਤੇ ਦੁਪਹਿਰ ਨੂੰ ਆਰਾਮ ਕਰ ਰਹੇ ਸਾਂ। ਮੈਂ ਤੇ ਪ੍ਰੀਤਮ ਸਿੰਘ ਕਵੀ ਦੁਪਹਿਰ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਸਰਗਰਮ ਰਹਿੰਦੇ। ਅਸੀਂ ਦੇਖਿਆ ਇਕ ਮਧਰੇ ਕੱਦ ਦਾ ਬੰਦਾ ਬਗਲ ਵਿਚ ਰਾਈਫਲ ਦਬਾਈ ਐਧਰੇ ਟਿੱਬੇ ਵੱਲ ਵਧ ਰਿਹਾ ਹੈ। ਪੰਦਰਾਂ ਵੀਹ ਮਿੰਟਾਂ ਬਾਅਦ ਅਸੀਂ ਫਿਰ ਦੇਖਿਆ– ਵਾਇਸਰਾਏ ਲਾਰਡ ਲਿਨਲਿਥਗੋ ਦੇ ਘੋੜੇ ਨੂੰ ਹਰਾਉਣ ਵਾਲਾ ਟੱਟੂ ਰਤਨ ਸਿੰਘ ਵੱਲ ਵਧ ਰਿਹਾ ਹੈ... ਹੋ ਸਕਦਾ ਹੈ ਕੋਈ ਸਿੱਖ ਰਤਨ ਸਿੰਘ ਨੂੰ ਟੱਟੂ ਤੇ ਰੋਟੀ ਦੇਣ ਗਿਆ ਹੋਵੇ। ਬਾਅਦ ਵਿਚ ਸਾਡਾ ਅਨੁਮਾਨ ਠੀਕ ਨਿਕਲਿਆ... ਇਸ ਤੋਂ ਛੇਤੀ ਬਾਅਦ ਸਕੂਲ ਦਾ ਮੈਦਾਨ ਪੁਲੀਸ ਛਾਉਣੀ ਬਣ ਗਿਆ। ਸਾਨੂੰ ਪੁੱਛਿਆ ਗਿਆ ਕਿ ਇਸ ਹੁਲੀਏ ਦਾ ਕੋਈ ਬੰਦਾ ਇਧਰ ਤਾਂ ਨਹੀਂ ਗਿਆ ? ਅਸੀਂ ਸਾਰਿਆਂ ਨੇ ਇਕਸੁਰ ਹੋ ਕੇ ਕਿਹਾ... ਨਹੀਂ। ਫਿਰ ਗੋਰੇ ਐਸ.ਪੀ. ਦੀ ਕੁਮਕ ਆਣ ਪੁੱਜੀ। ਉਸ ਨੂੰ ਬੱਬਰ ਦੀ ਸੂਝ-ਬੂਝ ਨੇ ਗਲਤ ਦਿਸ਼ਾ ਵੱਲ ਪਾ ਦਿੱਤਾ।

"ਸ਼ਾਮ ਹੋ ਗਈ ਸੀ। ਅਸੀਂ ਦਰਿਆ ਵਲ ਹੁੰਦੀ ਫਾਇਰਿੰਗ ਸੁਣ ਸਕਦੇ ਸਾਂ।"

ਡੂੰਘੇ ਗਿਆਨ ਦੀਆਂ ਗੱਲਾਂ ਵਿਅੰਗਮਈ ਸ਼ੈਲੀ ਵਿਚ ਦੱਸੀਆਂ ਗਈਆਂ ਹਨ –

"ਸਾਡੇ ਸੰਸਕ੍ਰਿਤ ਦੇ ਅਧਿਆਪਕ ਹਰਬੰਸ ਲਾਲ ਸ਼ਾਸਤਰੀ ਗੱਲ ਗੱਲ 'ਤੇ ਸੰਸਕ੍ਰਿਤ ਦੇ ਇਕ ਵਾਕ 'ਚਰੈਵੇਤੀ ਚਰੈਵੇਤੀ' ਦੀ ਰਟ ਲਾਉਂਦੇ ਰਹਿੰਦੇ ਸਨ, ਜਿਸਦਾ ਅਰਥ ਸੀ – ਚਲਦੇ ਰਹੋ। ਸੋ ਅਸੀਂ ਚੱਲ ਰਹੇ ਸਾਂ। ਚਾਲ ਭਾਵੇਂ ਮੱਠੀ ਸੀ, ਪਰ ਚੱਲ ਜ਼ਰੂਰ ਰਹੇ ਸਾਂ।"

ਬੱਚਿਆਂ ਦੀ ਇਸ ਟੀਮ ਦੇ 'ਰਿੰਗ ਲੀਡਰ' ਤਾਂ ਬਲੌਰ ਪੰਛੀ ਜੀ ਬੇਅੰਤ ਜੀ ਸਨ। ਟੀਮ ਵਿਚ ਰਜਿੰਦਰ ਸਿੰਘ ਗੁਲਜ਼ਾਰ, ਕਪੂਰ ਸਿਆਣੀਆਂ, ਕੁੰਦਨ ਲਕੜੀ ਸਿਹਾੜੀ ਵਾਲਾ, ਪ੍ਰੀਤਮ ਕਵੀ (ਭੈਣਰਕੇ) ਅਤੇ ਪ੍ਰੀਤਮ ਪੰਛੀ ਸ਼ਾਮਲ ਸਨ।

ਮਾਈ ਜਿਉਣ ਕੌਰ ਜੀ, ਮਹਿਤਾ ਭੋਲਾ ਨਾਥ ਜੀ, ਪੰਡਿਤ ਮਨਸ਼ਾ ਸਿੰਘ ਕੌਮੀ ਅਤੇ ਸੁਆਮੀ ਤਖਤ ਸਿੰਘ ਹੋਰਾਂ ਤੋਂ ਬੱਚਿਆਂ ਨੂੰ ਦੇਸ਼ ਭਗਤੀ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ, ਮਹਾਨ ਨਾਮਧਾਰੀ ਸੰਗਰਾਮੀਆਂ ਦੀਆਂ ਕਥਾਵਾਂ ਸੁਣਨ ਨੂੰ ਮਿਲਦੀਆਂ। ਸੁਆਮੀ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਹਿਤ ਕੀਤੀ ਗਈ ਬਰਮਾ ਦੇਸ਼ ਦੀ ਯਾਤਰਾ ਦਾ ਬਿਰਤਾਂਤ ਸੁਣਾਉਂਦੇ। ਇਹ ਕੁਠਾਲੀ ਸੀ, ਜਿਸ ਵਿਚ ਪ੍ਰੀਤਮ ਸਿੰਘ ਪੰਛੀ ਦੇ ਭਵਿੱਖ ਦਾ ਸੰਗਰਾਮੀਆਂ ਜੀਵਨ ਘੜਿਆ ਜਾ ਰਿਹਾ ਸੀ। ੧੯੩੪ ਵਿਚ 'ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ' ਭੈਣੀ ਸਾਹਿਬ ਹੋਈ। ਇਸ ਸਮੇਂ ਇਹਨਾਂ ਨੇ ਭਾਈ ਅਰਜਨ ਸਿੰਘ ਬਾਗੜੀਆਂ, ਭਾਈ ਕਾਹਨ ਸਿੰਘ ਨਾਭਾ, ਭਾਈ ਜੋਧ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਭਾਈ ਤਖ਼ਤ ਸਿੰਘ ਫਿਰੋਜ਼ਪੁਰ, ਬਾਬਾ ਸਾਵਣ ਸਿੰਘ ਬਿਆਸ ਵਾਲੇ, ਮਾ. ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਆਦਿ ਵੱਡੇ ਕੱਦ ਬੁੱਤ ਵਾਲੀਆਂ ਸ਼ਖਸੀਅਤਾਂ ਨੂੰ ਪਹਿਲੀ ਵਾਰ ਸਤਿਗੁਰੂ ਪ੍ਰਤਾਪ ਸਿੰਘ ਦੇ ਯਤਨਾਂ ਸਦਕਾ ਇੱਕ ਸਟੇਜ ਤੇ ਇਕੱਠੇ ਹੋਇਆ ਵੇਖਿਆ ਸੀ।

ਪੰਛੀ ਹੋਰਾਂ ਆਪਣੇ ਬਾਲ-ਸਖਾਈ ਮਿੱਤਰ 'ਕਵੀ' ਨਾਲ ਆਪਣਾ ਤੁਲਨਾਤਮਿਕ ਅਧਿਐਨ ਵੀ ਪੇਸ਼ ਕੀਤਾ ਹੈ- "ਮੈਂ ਅਤੇ ਪ੍ਰੀਤਮ ਕਵੀ ਹੁਣ ਸੁਭਾਅ ਵਿਚ ਇਕ ਦੂਜੇ ਤੋਂ ਅਲੱਗ ਦਿਖਾਈ ਦੇਣ ਲੱਗੇ ਸੀ। ਪ੍ਰੀਤਮ ਕਵੀ ਸਿਰਫ਼ ਮਟਕਣਾ ਜਾਣਦਾ ਸੀ, ਪਰ ਮੈਂ ਜੋਖ਼ਮ ਵਿਚ ਪੈਣੋਂ ਵੀ ਨਹੀਂ ਸੀ ਝਿਜਕਦਾ।"

ਦੋਹਾਂ ਮਿੱਤਰਾਂ ਵਿਚ ਵਾਦ-ਵਿਵਾਦ ਵੀ ਛਿੜਦਾ ਹੈ। ਪੰਛੀ ਕਰਮ ਖੇਤਰ ਵਿਚ ਕੁੱਦਣ ਲਈ ਤਿਆਰ ਹੈ, ਜਦਕਿ ਕਵੀ ਅਧਿਆਤਮਿਕ ਮੰਡਲਾਂ ਦੀਆਂ ਉਡਾਰੀਆਂ ਲਾਉਣਾ ਲੋਚਦਾ ਹੈ। ਪੰਛੀ ਦੇ ਸ਼ਬਦਾਂ ਵਿਚ –

"ਪਰ ਇਕ ਦਿਨ ਮੈਂ ਪ੍ਰੀਤਮ ਕਵੀ ਨੂੰ ਲਾ-ਜੁਆਬ ਕਰ ਦਿੱਤਾ ਸੀ। ਮੈਂ ਜਿਵੇਂ ਸਾਰਾ ਆਪਣਾ ਗਿਆਨ ਪ੍ਰੀਤਮ ਕਵੀ ਦੀ ਖੋਪੜੀ ਵਿਚ ਉਡੇਲਦਿਆਂ ਕਿਹਾ ਸੀ –

Sri Satguru Jagjit Singh Ji eLibrary NamdhariElibrary@gmail.com

"ਇਤਿਹਾਸ ਆਪਣੇ ਆਪ ਨੂੰ ਦੁਹਰਾਂਦਾ ਹੈ। ਈਸਾ ਨੇ ਕਿਉਂ ਆਪਣੀ ਸਲੀਬ ਆਪ ਚੁੱਕੀ। ਹਜ਼ਰਤ ਮੁਹੰਮਦ ਨੂੰ ਕਿਉਂ ਗਾਰਾਂ ਵਿਚ ਲੁਕਣਾ ਪਿਆ ਅਤੇ ਮੱਕਿਓਂ ਦੌੜ ਕੇ ਮਦੀਨੇ ਜਾਣਾ ਪਿਆ? ਗੁਰੂ ਨਾਨਕ ਨੂੰ ਕਿਉਂ ਵੱਟੇ ਪਏ? ਗੁਰੂ ਰਾਮ ਸਿੰਘ ਨੂੰ ਕਿਉਂ ਦੇਸ-ਨਿਕਾਲਾ ਮਿਲਿਆ? ਗੁਰੂਦੇਵ ਉੱਤੇ ਕਿਉਂ ਪਾਬੰਦੀਆਂ ਲੱਗੀਆਂ? ਕੀ ਉਹ ਨਹੀਂ ਸੀ ਜੀਵਨ ਦਾ ਸੁਖ ਭੋਗ ਸਕਦੇ? ਵਕਤ ਦੀ ਹਕੂਮਤ ਅੱਗੇ ਘੜੀ ਦੀ ਘੜੀ ਸਿਰ ਨਿਵਾ ਕੇ ਉੱਚੀਆਂ ਪਦਵੀਆਂ ਨਹੀਂ ਸੀ ਪ੍ਰਾਪਤ ਕਰ ਸਕਦੇ? ਪਰ ਹੋਇਆ ਇਸ ਦੇ ਸਭ ਕੁਝ ਉਲਟ।"

ਫਿਰ ਲੇਖਕ ਦਾ ਟਾਕਰਾ ਇਕ ਦੇਸ਼ ਭਗਤ ਗ਼ਦਰੀ ਕੂਪੰਥ ਸਿਮਰਨ ਸਿੰਘ ਨਾਲ ਹੁੰਦਾ ਹੈ, ਜਦੋਂ ਉਹ ਬਾਗਾਂ ਵਾਲੇ ਦੇ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਜਾ ਕੇ ਅਖੰਡ ਪਾਠੀ ਬਣਦਾ ਹੈ। ਸਿਮਰਨ ਸਿੰਘ ਦੀ ਪਾਰਖੂ ਅੱਖ ਤਾੜ ਗਈ ਸੀ ਕਿ ਮੁੰਡਾ ਕੁਝ ਬਣ ਸਕਦਾ ਹੈ। ਕੱਚੀ ਮਿੱਟੀ ਗੰਦੀ ਹੋਈ ਜਿਹੋ ਜਿਹੇ ਚਾਹੇ ਭਾਂਡੇ ਬਣਾ ਲਵੇ। ਉਸ ਨੇ ਕੂਕਿਆਂ ਦੀਆਂ ਮਸਤਾਨੀਆਂ ਕੂਕਾਂ ਸੁਣ ਸੁਣ ਕੇ ਛਾਨਣੀ ਹੋਏ ਦਿਲ ਵਿਚ ਮਾਛੀਵਾੜੇ ਵਾਲੇ ਮਾਹੀ ਦੀਆਂ ਗਾਥਾਵਾਂ ਉਤਾਰਨੀਆਂ ਸ਼ੁਰੂ ਕੀਤੀਆਂ -

"ਏਥੇ ਕਦੇ ਦਸਮ ਪਾਤਸ਼ਾਹ ਮੁਗ਼ਲਾਂ ਦਾ ਮੁਕਾਬਲਾ ਕਰਦੇ ਆਏ ਸਨ। ਜਾਬਰ ਹਾਕਮਾਂ ਦੇ ਖ਼ਿਲਾਫ਼ ਏਥੇ ਵੀ ਲੜਾਈ ਲੜੀ ਗਈ ਸੀ। ਜ਼ੁਲਮ ਦੇ ਖ਼ਿਲਾਫ਼ ਹਰੇਕ ਦੌਰ ਵਿਚ ਲੜਾਈਆਂ ਲੜੀਆਂ ਜਾਂਦੀਆਂ ਹਨ। ਅੱਜ ਸਾਡੀ ਗੋਰਿਆਂ ਨਾਲ ਲੜਾਈ ਹੈ, ਜਿਹੜੇ ਮੁੱਠੀ ਭਰ ਸਮੁੰਦਰੋਂ ਪਾਰੋਂ ਆ ਕੇ ਪੈਂਤੀ ਕਰੋੜ ਆਦਮੀਆਂ 'ਤੇ ਰਾਜ ਕਰਦੇ ਹਨ।

"ਪਰ ਗੁਰਦੁਆਰਿਆਂ ਵਿਚ ਜਿਹੜੇ ਮਹੰਤ ਬਣਕੇ ਬੈਠ ਜਾਂਦੇ ਹਨ ਗੁਰਦੁਆਰਿਆਂ ਦੇ ਉਪਦੇਸ਼ ਭੁੱਲ ਬੈਠਦੇ ਹਨ। ਤੂੰ ਦੇਖਿਆ ਨਹੀਂ? ਸਾਧਾਂ ਪਿੱਛੇ ਕਿਵੇਂ ਔਰਤਾਂ ਦੇ ਝੁੰਡਾਂ ਦੇ ਝੁੰਡ ਫਿਰਦੇ ਹਨ। ਘਰ ਦੇ ਝੰਜਟਾਂ ਤੋਂ ਰਾਹਤ ਮਹਿਸੂਸ ਕਰਦੀਆਂ ਉਹ ਸਾਧਾਂ ਪਿੱਛੇ ਲੱਗ ਤੁਰਦੀਆਂ ਹਨ, ਕਈ ਵਾਰੀ ਘਰ ਦੀ ਜ਼ਿੰਮੇਵਾਰੀ ਤਕ ਭੁੱਲ ਜਾਂਦੀਆਂ ਹਨ।"

"ਗੁਰਦੁਆਰੇ ਤਾਂ ਸਾਡੇ ਲਈ ਸ਼ਰਨਗਾਹ ਹਨ, ਪਰ ਅਸੀਂ ਏਥੇ ਨਿਚੱਲੇ ਬੈਠ ਕੇ ਸਮਾਜ ਨਾਲੋਂ ਟੁੱਟ ਹੀ ਸਕਦੇ ਹਾਂ ਤੇ ਪੂਜਾ ਦਾ ਧਨ ਖਾਣ ਦੇ ਆਦੀ ਹੋ ਸਕਦੇ ਹਾਂ।...

ਫਿਰ ਆਪਣੇ ਵਿਸ਼ਾਲ ਕ੍ਰਾਂਤੀਕਾਰੀ ਜੀਵਨ ਦੇ ਕਈ ਖੱਟੇ ਮਿੱਠੇ ਅਨੁਭਵ ਵੀ ਉਹ ਲੇਖਕ ਨੂੰ ਸੁਣਾਉਂਦਾ ਹੈ ਅਤੇ ਨਿਰੰਤਰ ਤੁਰਦੇ ਰਹਿਣ ਦਾ ਉਪਦੇਸ਼ ਦਿੰਦਾ ਹੈ -

"ਸਾਨੂੰ ਇਕ ਜਗ੍ਹਾ ਦੇ ਮੋਹ ਵਿਚ ਨਹੀਂ ਪੈਣਾ ਚਾਹੀਦਾ। ਇਸ ਮੋਹ ਨੇ ਮੇਰੇ ਪੈਰਾਂ ਨੂੰ ਕਈ ਵਾਰ ਜਕੜਿਆ ਹੈ, ਪਰ ਮੇਰੇ ਪੈਰ ਰੁਕੇ ਨਹੀਂ।" ਸਿਮਰਨ ਸਿੰਘ ਨੇ ਉਸਨੂੰ ਛਲਾਵਾ ਬਣਕੇ ਰਹਿਣ ਦੀ ਜਾਚ ਦੱਸੀ ਅਤੇ ਉਸਦੀਆਂ ਹੱਡ-ਬੀਤੀਆਂ ਸੁਣਕੇ ਉਹ ਪੂਰਨ ਭਗਤ ਜਾਂ ਜੋਗਾ ਸਿੰਘ ਦਾ ਕੋਈ ਨਵਾਂ ਸੰਸਕਰਣ ਮਾਲੂਮ ਹੁੰਦਾ ਹੈ।

ਹੁਣ ਮੋਹਨ ਬਿਲਗੀਏ ਰਾਹੀਂ ਜਿਸਦੇ ਨਾਨਕੇ ਢਲਪੋਤੇ ਸਨ, ਪੰਡੀ ਕਿਸਾਨ ਸਭਾਈਆਂ ਦੇ ਸੰਪਰਕ ਵਿਚ ਆਉਂਦਾ ਹੈ। ਵੇਖੋ ਅੰਦਾਜ਼ -

"ਕਿਸੇ ਨੇ ਦੱਸਿਆ- ਉਹ ਕਿਸਾਨ ਸਭਾਈ ਹੋ ਗਿਆ ਹੈ। ਸਿੰਘ ਸਭੀਏ ਤਾਂ ਸੁਣੇ ਸਨ, ਪਰ ਇਹ ਕਿਸਾਨ ਸਭੀਏ ਕੌਣ ਹੋਏ? ...

"ਇਹ ਮੋਹਨ ਬਿਲਗੀਆ ਮੇਰੇ ਪਿੱਛੇ ਪਰਛਾਵੇਂ ਵਾਂਗ ਲਗ ਗਿਆ ਸੀ ਅਤੇ ਮੈਨੂੰ ਵੀ ਕਿਸਾਨ ਸਭਾ ਦਾ ਚਵੰਨੀਆ ਮੈਂਬਰ ਬਣਾ ਦਿਤਾ ਸੀ।

ਪਿੰਡਾਂ ਵਿਚ ਦੇਸ਼ ਭਗਤਾਂ ਦੀ ਵੀ ਕੋਈ ਕਮੀ ਨਹੀਂ ਸੀ ਅਤੇ ਸਰਕਾਰੀ ਟੁਕੜਬੋਚ ਵੀ ਹਰਲ ਹਰਲ ਕਰਦੇ ਫਿਰਦੇ ਸਨ। ਮੋਹਨ ਬਿਲਗੀਏ ਦੇ ਸੰਗਰਾਮੀਏ ਜੀਵਨ ਦੀ ਧਾਤਰ ਵੀ ਸਰਕਾਰ ਤੇ ਉਹਦੇ ਝੋਲੀ-ਚੁੱਕਾਂ ਲਈ ਨਫ਼ਰਤ ਦੀ ਭੱਠੀ ਵਿਚ ਘੜੀ ਗਈ ਸੀ-

"ਮੋਹਨ ਬਿਲਗੀਆ ਪਾਗਲ ਨਹੀਂ ਸੀ ਜੋ ਸਿਰਫ਼ ਸੁਪਨੇ ਹੀ ਦੇਖਦਾ ਸੀ। ਸੰਨ ੩੧ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਫਾਂਸੀ ਲੱਗਣ ਤੇ ਉਸ ਨੇ ਪਿੰਡ ਦੇ ਸਾਰੇ ਮੁੰਡੇ 'ਕੱਠੇ ਕਰਕੇ ਕਾਲੀਆਂ ਝੰਡੀਆਂ ਦਾ ਜਲੂਸ

Sri Satguru Jagjit Singh Ji eLibrary NamdhariElibrary@gmail.com

ਕੱਢਿਆ ਸੀ ਤੇ ਇਸ ਜੁਰੱਅਤ ਬਦਲੇ ਉਸਨੂੰ ਨੰਬਰਦਾਰ ਪ੍ਰਤਾਪ ਸਿੰਘ ਦੇ ਕੰਮੀਆਂ ਕੋਲੋਂ ਕਰਾਰੀ ਮਾਰ ਵੀ ਖਾਣੀ ਪਈ ਸੀ।

"ਉਹ ਮਾਰ ਉਹਨੂੰ ਅੱਜ ਵੀ ਰੜਕਦੀ ਸੀ। ਨੰਬਰਦਾਰ ਪ੍ਰਤਾਪ ਸਿੰਘ ਵੀ ਰੜਕਦਾ ਸੀ। ਮੋਹਨ ਬਿਲਗੋਆ ਮੂੰਹ ਤੇ ਖਰੀ ਖਰੀ ਸੁਣਾਉਣ ਅਤੇ ਕੁਝ ਕਰ ਗੁਜ਼ਰਨ ਵਿਚ ਯਕੀਨ ਰਖਦਾ ਸੀ। ਉਹ ਦਾਤਰੀ ਹਥੌੜਾ ਮਾਰਕਾ ਲਾਲ ਝੰਡੇ ਵਾਲੀ ਕਿਸਾਨ ਸਭਾ ਦਾ ਸਕੱਤਰ ਸੀ।..."

ਫਿਰ ਕਲਸੀਆ ਰਿਆਸਤ ਦੇ ਲੋਕਾਂ ਦਾ ਰਜਵਾੜਾਸ਼ਾਹੀ ਵਿਰੁਧ ਮੋਰਚਾ ਹੈ, ਜਿਸ ਵਿਚ ਲੇਖਕ ਦੀ ਸਰਗਰਮ ਸ਼ਮੂਲੀਅਤ ਉਹਨੂੰ ਜ਼ਿੰਦਗੀ ਦੇ ਕੁਝ ਹੁਸੀਨ ਖ਼ੁਆਬ ਵੇਖਣ ਦਾ ਅਵਸਰ ਵੀ ਪ੍ਰਦਾਨ ਕਰਦੀ ਹੈ। ਰਿਆਸਤ ਦੇ ਇਕ ਪਿੰਡ ਦਾ ਤਾਰਾ ਨੰਬਰਦਾਰੀ ਨੂੰ ਠੁਕਰਾ ਕੇ ਕਿਸਾਨ ਸਭਾਈ ਬਣ ਜਾਂਦਾ ਹੈ। ਪਾਣੀ ਦੇ ਮੋਰਚੇ ਵਿਚ ਫਲਪੋਤੇ ਦੇ ਪਚਾਸੀ ਸਾਲਾ ਬਾਬਾ ਸੋਣ ਸਿੰਘ ਦੀ ਜੇਲ੍ਹ ਵਿਚ ਸ਼ਹੀਦੀ ਲੇਖਕ ਨੂੰ ਝੰਜੋੜਦੀ ਹੈ ਅਤੇ ਉਹ ਵੀ ਇਕ ਗਰਮਾ-ਗਰਮ ਤਕਰੀਰ ਕਰਕੇ ਜੇਲ੍ਹ ਵਿਚ ਚਲਾ ਜਾਂਦਾ ਹੈ। ਇਥੇ ਕਾਮਰੇਡ ਚੈਨ ਸਿੰਘ ਦੋਦਵਾਲੀਆ ਉਸ ਦੀ ਅਗਵਾਈ ਕਰਦਾ ਹੈ। ਮੁਲਤਾਨ ਦੀ ਸੈਂਟਰਲ ਜੇਲ੍ਹ ਵਿਚ ਦੋ ਵੱਖ-ਵੱਖ ਸਟੱਡੀ ਸਰਕਲ ਲਗਦੇ ਹਨ। ਲੁਧਿਆਣੇ ਦਾ ਮਾਸਟਰ ਸੱਜਣ ਸਿੰਘ ਕਾਂਗਰਸੀ ਸਟੱਡੀ ਸਰਕਲ ਦਿੰਦਾ ਹੈ। ਮਹਿੰਦਰ ਕਹਾਰਪੁਰੀਆ ਜੋ ਸੋਲ੍ਹਾਂ ਜਮਾਤਾਂ ਪਾਸ ਹੈ, ਕਾਮਰੇਡਾਂ ਦਾ ਸਟੱਡੀ ਸਰਕਲ ਦਿੰਦਾ ਹੈ। ਦੋਹਾਂ ਦੇ ਪੜ੍ਹਾਉਣ ਦੇ ਅੰਦਾਜ਼ ਦਾ ਕਿਆ ਬਾਖ਼ੂਬੀ ਚਿਤਰਣ ਕੀਤਾ ਹੈ-

"ਮਾਸਟਰ ਸੱਜਣ ਸਿੰਘ ਗਾਂਧੀ ਜੀ ਦਾ ਅਖ਼ਬਾਰ 'ਹਰੀਜਨ' ਆਪਣੇ ਅੱਗੇ ਫੈਲਾ ਕੇ ਸਟੱਡੀ ਸਰਕਲ ਲਾਉਂਦਾ ਤੇ ਮਹਿੰਦਰ ਕਹਾਰਪੁਰੀ ਦੇ ਇਕ ਹੱਥ ਵਿਚ ਪੀ.ਸੀ.ਜੋਸ਼ੀ ਦਾ 'ਨੈਸ਼ਨਲ ਫਰੰਟ' ਤੇ ਦੂਜੇ ਵਿਚ ਮੇਰਠ ਤੋਂ ਛਪਣ ਵਾਲਾ 'ਕਿਰਤੀ ਲਹਿਰ' ਹੁੰਦਾ ਸੀ।

ਮਹਿੰਦਰ ਕਹਾਰਪੁਰੀਆ 'ਨੈਸ਼ਨਲ ਫਰੰਟ' ਨੂੰ ਉਲਾਰ ਕੇ ਕਹਿੰਦਾ, "ਇਸ ਦਾ ਇਕ ਇਕ ਅੱਖਰ ਤੋਪ ਦਾ ਗੋਲਾ ਹੈ।"

"ਫਿਰ ਉਹ ਲੈਨਿਨ, ਏਸ਼ੀਆ, ਕਮਿਊਨਿਜ਼ਮ, ਸਾਮਰਾਜਵਾਦ, ਲੁਟ ਖਸੁਟ, ਜ਼ੁਲਮ, ਬੁਰਜਵਾਜ਼ੀ, ਪ੍ਰੋਲਤਾਰੀ, ਰੂਸ, ਮਾਰਕਸ, ਸਰਮਾਏਦਾਰੀ, ਮਜ਼ਦੂਰ ਕਿਸਾਨ ਤੇ ਹੋਰ ਪਤਾ ਨਹੀਂ ਕੀ ਕੀ ਸ਼ਬਦ ਦੁਹਰਾਈ ਜਾਂਦਾ ਜੋ ਅਨਪੜ੍ਹ ਕਿਸਾਨਾਂ ਦੇ ਦਿਮਾਗ਼ ਵਿਚ ਇਕ ਵੀ ਨਾ ਬੈਠਦਾ। ਮੈਂ ਤੇ ਮੋਹਨ ਕੁਝ ਲਫ਼ਜ਼ ਜ਼ਰੂਰ ਰਟ ਲੈਂਦੇ।"

ਜੇਲ੍ਹ ਜੀਵਨ ਬਾਰੇ ਮਾਸਟਰ ਤਾਰਾ ਸਿੰਘ ਹੋਰਾਂ ਦੀ ਆਪਣੀ ਜੀਵਨੀ ਵਿਚ ਬੜੇ ਦਿਲਚਸਪ ਕਿੱਸੇ ਲਿਖੇ ਹਨ। ਪੰਛੀ ਹੋਰੀਂ ਵੀ ਕਈ ਅਲੋਕਾਰੀਆਂ ਲਿਖ ਗਏ ਹਨ। ਸਾਧਾਂ ਦਾ ਰਾਂਝੇ ਨੂੰ ਜੋਗ ਦੇਣ ਬਾਦ ਬਾਲ ਨਾਥ ਨਾਲ ਜੋ ਵਾਦ ਵਿਵਾਦ ਛਿੜਿਆ ਸੀ ਇਹੋ ਜਿਹਾ ਹੀ ਪ੍ਰਸੰਗ ਹਾਜ਼ਰ ਹੈ।

"ਕਿੱਸਾ ਸੁਣਿਆ ਤਾਂ ਹੱਕੇ-ਬੱਕੇ ਰਹਿ ਗਏ। ਮਾਸਟਰ ਸੱਜਣ ਸਿੰਘ ਕਿਸੇ ਨੌਜੁਆਨ ਨਾਲ ਬੁਰਾ ਕਰਮ ਕਰਦਾ ਫੜਿਆ ਗਿਆ। ਉਹ ਹੱਥ ਵਿਚ ਗਾਂਧੀ ਜੀ ਦਾ ਹਰੀਜਨ ਅਖ਼ਬਾਰ ਫੜੀ ਮਾਫ਼ੀ ਮੰਗ ਰਿਹਾ ਸੀ। ਉਹਦੀ ਹਾਲਤ ਵੇਖਣ ਵਾਲੀ ਸੀ।"

ਇਸੇ ਜੇਲ੍ਹ ਵਿਚ 'ਪੰਛੀ' ਨੂੰ ਆਪਣੀ ਮਾਤਾ ਦੇ ਪੂਰੇ ਹੋਣ ਦੀ ਦੁਖਦਾਈ ਖ਼ਬਰ ਸੁਣਨ ਨੂੰ ਮਿਲਦੀ ਹੈ। ਮਾਂ ਤੋਂ ਬਾਅਦ ਨਾਨੀ ਸ਼ਰੀਕਾਂ ਹੱਥੋਂ ਜ਼ਹਿਰ ਦੇ ਕੇ ਮਾਰ ਦਿੱਤੀ ਜਾਂਦੀ ਹੈ। 'ਪੰਛੀ' ਨਾਨਕਾ ਪਿੰਡ ਅਤੇ ਜ਼ਮੀਨ ਜਾਇਦਾਦ ਨੂੰ ਇਕ ਵਿਰੱਕਤ ਸਾਧ ਦੀ ਦ੍ਰਿਸ਼ਟੀ ਨਾਲ ਵੇਖਕੇ ਤਿਆਗ ਆਉਂਦਾ ਹੈ-

"ਮੈਂ ਆਪਣੇ ਹਿੱਸੇ ਆਉਂਦਾ ਜ਼ਮੀਨ ਦਾ ਟੁਕੜਾ ਨਹੀਂ ਲੈਣਾ ਚਾਹੁੰਦਾ। ਮੈਂ ਹੋਰ ਜ਼ਹਿਰ ਦੇ ਬੀਜ ਬੀਜਣਾ ਨਹੀਂ ਚਾਹੁੰਦਾ।"

ਫਿਰ ਉਹ ਪਾਰਟੀ ਦਾ ਜ਼ਮੀਨਦੋਜ਼ ਅਖ਼ਬਾਰ 'ਲਾਲ ਝੰਡਾ' ਛਾਪਣ ਤੇ ਵੰਡਣ ਵਿਚ ਮਦਦ ਕਰਦਾ ਹੈ। ਉਸ ਦੇ ਜੀਵਨ ਦੇ ਇਸ ਪੜਾਅ ਵਿਚ ਬਾਬਾ ਕਰਮ ਸਿੰਘ ਚੀਮਾ, ਜਗਤ ਸਿੰਘ ਬਿਲਗਾ, ਹਰਮਿੰਦਰ ਸਿੰਘ ਸੋਢੀ, ਪੰਡਿਤ

Sri Satguru Jagjit Singh Ji eLibrary NamdhariElibrary@gmail.com

ਮੁਨੀ ਰਾਮ ਕਾਲੀਆ, ਹਰੀ ਸਿੰਘ ਖੰਡਾ ਜਿਹੇ ਦੇਸ਼ ਭਗਤ ਵੀ ਆਉਂਦੇ ਸਨ ਅਤੇ 'ਨਾਮਧਾਰੀ ਚਾਣਕਿਆ' ਸੰਤ ਇੰਦਰ ਸਿੰਘ ਚੱਕਰਵਰਤੀ, ਪ੍ਰਿੰਸੀਪਲ ਐਸ.ਐਸ.ਅਮੋਲ, ਸਾਹਿਰ ਲੁਧਿਆਣਵੀ, ਗਿਆਨੀ ਅਜਮੇਰ ਸਿੰਘ ਲੋਹਗੜ੍ਹ ਜਿਹੇ ਸਾਹਿਤਕਾਰ ਵੀ। ਸਾਹਿਤ ਸਿਆਸਤ ਦੇ ਇਸ ਦਵੰਦ ਪ੍ਰਤੀ ਉਹ 'ਆਖਰੀ ਸਬਕ' ਵਿਚ ਲਿਖਦੇ ਹਨ-

"ਵਰ੍ਹੇ ਖਿਸਕਦੇ ਗਏ। ਜ਼ਿੰਦਗੀ ਦੇ ਉਤਾਰ-ਚੜ੍ਹਾਅ ਨਾਲ ਆਹਢੇ ਲਾਉਂਦਿਆਂ ਮੈਂ ਬਹੁਤ ਬਦਲ ਗਿਆ ਸੀ। ਸਮਾਜ ਦੇ ਹਰ ਖੇਤਰ ਵਿਚ ਘੁਸਪੈਠ ਕਰਨ ਲੱਗਿਆ ਸੀ। ਇਕ ਪਾਸੇ ਰਾਜਨੀਤੀ ਦੀ ਪੂਛ ਨੂੰ ਫੜਨ ਦੀ ਕੋਸ਼ਿਸ਼ ਕਰਦਾ ਸਾਂ ਅਤੇ ਦੂਜੇ ਪਾਸੇ ਸਾਹਿਤ ਕਲਾ ਦੇ ਖੇਤਰ ਵਿਚ ਹਵਾਈ ਘੋੜੇ 'ਤੇ ਸਵਾਰ ਹੋ ਕੇ ਮੈਕਸਿਮ ਗੋਰਕੀ ਅਤੇ ਪ੍ਰੇਮ ਚੰਦ ਬਣਨ ਦੇ ਸੁਪਨੇ ਲੈਂਦਾ ਸਾਂ ਅਤੇ ਇਸ ਤ੍ਰਿਵੈਣੀ ਨੂੰ ਪਾਰ ਕਰਨ ਲਈ ਇਕ ਲੇਖਕ ਸੁਆਣੀ ਨਾਲ ਵਿਆਹ ਰਚਾ ਬੈਠਾ ਸਾਂ।"

ਜ਼ਿੰਦਗੀ ਦੀਆਂ ਤਲਖ਼ੀਆਂ ਰੰਗੀਨੀਆਂ ਨੂੰ ਆਪਣੀਆਂ ਬੁਰਸ਼ ਛੋਹਾਂ ਨਾਲ ਆਕਰਸ਼ਕ ਮੂਰਤਾਂ ਦਾ ਰੂਪ ਦੇਣ ਦੀ ਇਸ ਕਲਾ ਵਿਚ ਪ੍ਰੀਤਮ ਸਿੰਘ ਪੰਛੀ ਡਾਢਾ ਸਫ਼ਲ ਰਿਹਾ ਹੈ। ਉਹ ਸੰਸਾਰੀ ਲੋਕਾਂ ਦੀ ਭੀੜ ਵਿਚ ਤੁਰਦਾ ਵੀ ਆਪਣੀ ਵੱਖਰੀ ਪਹਿਚਾਣ ਬਣਾਈ ਰੱਖਣ ਵਿਚ ਸਫ਼ਲ ਹੋਇਆ ਹੈ। ਉਸ ਦੀਆਂ ਅੱਖਾਂ ਵਿਚ ਜੋ ਮਾਸੂਮੀਅਤ ਝਲਕਦੀ ਹੈ, ਉਹ ਉਸ ਦੀ ਨਿਰਦੋਸ਼ਤਾ ਦਾ ਵਾਹਦ ਸਬੂਤ ਵੀ ਹੈ ਅਤੇ ਉਸਦੀਆਂ ਰਚਨਾਵਾਂ ਵਿਚ ਛੁਪੀ ਪਵਿੱਤਰਤਾ ਦਾ ਰਾਜ਼ ਵੀ। ਉਹਨਾਂ ਦਾ ਸਫ਼ਰ ਨਿਰੰਤਰ ਜਾਰੀ ਹੈ। ਜ਼ਿੰਦਗੀ ਦੇ ਵੱਖੋ-ਵੱਖ ਪੜਾਵਾਂ ਤੇ ਕੋਈ ਵੀ ਮੋਹ ਉਹਨਾਂ ਦੇ ਪੈਰਾਂ ਦਾ ਬੰਧਨ ਨਹੀਂ ਬਣਿਆ। ਸਿਮਰਨ ਸਿੰਘ ਦੀ ਸਿੱਖ ਮੱਤ ਉਹਨਾਂ ਦੇ ਕੰਮ ਆਈ ਹੈ। ਉਹਨਾਂ ਦੀ ਰਚਨਾ ਅਤੇ ਉਹਨਾਂ ਦੀ ਜ਼ਿੰਦਗੀ ਵਿਚ ਕੋਈ ਅੰਤਰ ਢੂੰਡਣਾ ਸ਼ਾਇਦ ਸੌਖੀ ਗੱਲ ਨਹੀਂ। ਇਉਂ ਤਾਂ ਨਹੀਂ ਕਿ ਹੁਸੀਨ ਵਾਦੀਆਂ ਵਿਚੋਂ ਗੁਜ਼ਰਦਿਆਂ ਖਿੜੀਆਂ ਬਹਾਰਾਂ ਨੇ ਉਹਨਾਂ ਦਾ ਰਾਹ ਨਾ ਰੋਕਿਆ ਹੋਵੇ, ਪਰ ਲੋਕਾਂ ਦੇ ਹੁਸੀਨ ਭਵਿੱਖ ਦਾ ਸੁਪਨ ਨਕਸ਼ਾ ਹਰ ਰੁਕਾਵਟ ਤੇ ਕਾਬੂ ਪਾ ਲੈਂਦਾ ਰਿਹਾ ਹੈ। ਅੱਧੀ ਸਦੀ ਤਕ ਮੁਹੰਮਦ ਤੁਗਲਕਾਂ ਅਤੇ ਅਕਬਰਾਂ, ਇੰਦਰਾ ਗਾਂਧੀਆਂ ਅਤੇ ਇੰਦਰ ਕੁਮਾਰ ਗੁਜਰਾਲਾਂ ਦੀ ਦਿੱਲੀ ਵਿਚ ਰਹਿ ਕੇ ਕ੍ਰਿਆਸ਼ੀਲ ਰਹਿਣ ਵਾਲਾ ਬੰਦਾ ਹੋਰ ਦਾ ਹੋਰ ਹੋ ਜਾਂਦਾ ਹੈ। ਪੰਛੀ ਆਪਣੀ ਪਰੰਪਰਾ ਨਾਲ ਆਤਮਿਕ ਤੌਰ 'ਤੇ ਜੁੜਿਆ ਰਹਿ ਕੇ ਵੀ ਵਿਸ਼ਵ ਮਾਨਵ ਦੇ ਹਾਣ ਦਾ ਹੋ ਚੁਕਾ ਹੈ। ਮੈਂ ਆਪਣੀ ਮੁਲਾਕਾਤ ਦੇ ਅੰਤ ਵਿਚ ਬੇਨਤੀ ਕੀਤੀ ਸੀ ਕਿ ਮਹਾਨ ਕੂਕਾ ਲਹਿਰ ਬਾਰੇ ਇਕ ਵੱਡ-ਅਕਾਰੀ ਨਾਵਲ, ਜਿਸ ਦਾ ਕੈਨਵਸ ਅਟਕ ਤੋਂ ਘੱਗਰ ਦਰਿਆ ਤਕ ਫੈਲਿਆ ਹੋਵੇ, ਲਿਖਿਆ ਜਾਣਾ ਚਾਹੀਦਾ ਹੈ। ਇਕ ਮਹਾਂਕਾਵਿ ਇਸ ਸਬੰਧ ਵਿਚ ਉਹਨਾਂ ਦਾ ਸਾਹਿਤਕ ਗੁਰੂ ਸੰਤ ਇੰਦਰ ਸਿੰਘ ਚੱਕਰਵਰਤੀ ਲਿਖ ਗਿਆ ਹੈ ਅਤੇ ਚੇਲੇ ਦਾ ਵੀ ਫ਼ਰਜ਼ ਹੈ ਕਿ ਉਹ ਪਿਤਰੀ ਰਿਣ ਉਤਾਰਨ ਹਿਤ ਕੁਝ ਕਰੇ। ਉਂਜ ਉਹਨਾਂ ਜੋ ਵੀ ਕੀਤਾ ਹੈ ਉਹ ਥੋੜ੍ਹਾ ਨਹੀਂ।

ਕੂਕਿਆਂ ਬਾਰੇ ਨਾਵਲ ਦੀ ਯੋਜਨਾ ਦੇ ਆੜੇ ਉਹਨਾਂ ਦਾ ਅਕਾਲ ਚਲਾਣਾ ਆ ਗਿਆ। ਅਸੀਂ ਉਹਨਾਂ ਦੇ ਸਰੋਕਾਰਾਂ ਨੂੰ ਮਹਿਰੂਮ ਸ਼ਾਇਰ 'ਪਾਸ਼' ਦੀਆਂ ਇਹਨਾਂ ਤੁਕਾਂ ਨਾਲ ਰਲਾ ਕੇ ਪੜ੍ਹਾਂਗੇ-

"ਮੇਰੇ ਕੋਲ ਕੋਈ ਚਿਹਰਾ
ਸੰਬੋਧਨ ਕੋਈ ਨਹੀਂ
ਧਰਤੀ ਦਾ ਫੈਲਾ ਇਸ਼ਕ ਸ਼ਾਇਦ ਮੇਰਾ ਹੈ
ਤੇ ਡਾਹੀਓ ਜਾਪਦੈ
ਮੈਂ ਹਰ ਚੀਜ਼ ਉੱਤੇ ਹਵਾ ਵਾਂਗੂ ਸਰਸਰਾ ਕੇ ਲੰਘ ਜਾਵਾਂਗਾ
ਸਜਣੋਂ ਮੇਰੇ ਲੰਘ ਜਾਣ ਤੋਂ ਮਗਰੋਂ ਵੀ
ਮੇਰੇ ਜ਼ਿਕਰ ਦੀ ਬਾਂਹ ਫੜੀ ਰੱਖਣਾ।"

Sri Satguru Jagjit Singh Ji eLibrary NamdhariElibrary@gmail.com

ਵਾਰਤਕ ਲੇਖਕ ਰਜਿੰਦਰ ਸਿੰਘ 'ਗੁਰੂਸਰ'

ਰਜਿੰਦਰ ਸਿੰਘ ਦਾ ਜਨਮ ੧੯੨੧ ਈ. ਵਿਚ ਪਿਤਾ ਸੂਬਾ ਨਾਹਰ ਸਿੰਘ ਅਤੇ ਮਾਤਾ ਉੱਤਮ ਕੌਰ ਦੇ ਘਰ ਹੋਇਆ। ਸੂਬਾ ਨਾਹਰ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੇ ਮਾਮਾ ਜੀ ਸਨ। ਰਜਿੰਦਰ ਸਿੰਘ ਦਾ ਬਚਪਨ ਸ੍ਰੀ ਭੈਣੀ ਸਾਹਿਬ ਵਿਖੇ ਹੀ ਬਤੀਤ ਹੋਇਆ, ਜਿਥੇ ਉਸ ਦੇ ਦਾਦੀ ਰਾਮ ਕੌਰ ਜੀ ਜਿਨ੍ਹਾਂ ਨੂੰ ਅੰਬੋ ਜੀ ਵੀ ਕਿਹਾ ਜਾਂਦਾ ਸੀ, ਰਿਹਾ ਕਰਦੇ ਸਨ। ਰਜਿੰਦਰ ਸਿੰਘ ਨਾਮਧਾਰੀ ਵਿਦਿਆਲਾ, ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀ ਸਨ। ਇਸੇ ਤਰ੍ਹਾਂ ਬਚਪਨ ਤੋਂ ਜੁਆਨੀ ਚੜ੍ਹਨ ਤੱਕ ਦਾ ਉਹਨਾਂ ਦਾ ਜੀਵਨ ਸਫ਼ਰ ਇਸ ਨਾਮਧਾਰੀ ਟਕਸਾਲ ਵਿਚ ਹੀ ਬਤੀਤ ਹੋਇਆ। ਇਥੇ ਹੀ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ) ਅਤੇ ਵਲੈਤ ਜੀ (ਮਹਾਰਾਜ ਬੀਰ ਸਿੰਘ) ਨਾਲ ਇਕ ਹੀ ਵਿਦਿਆਲੇ ਵਿਚ ਸਿੱਖਿਆ ਗ੍ਰਹਿਣ ਕਰਨ ਦਾ ਅਵਸਰ ਮਿਲਿਆ। ਬੇਅੰਤ ਜੀ ਦੇ ਤਾਂ ਉਹ ਸਹਿਪਾਠੀ ਹੀ ਸਨ। ਉਨ੍ਹਾਂ ਦੇ ਵਿਚ ਛਿਪੇ ਵਿਦਵਤਾ ਦੇ ਸਦਗੁਣਾਂ ਨੂੰ ਪਹਿਚਾਣ ਕੇ ਹੀ ਉਨ੍ਹਾਂ ਦੇ ਉਸਤਾਦ ਹਰਿਭਜਨ ਸਿੰਘ ਜੀ ਨੇ ਉਨ੍ਹਾਂ ਨੂੰ ਪੰਡਿਤ ਉਪਨਾਮ ਬਖਸ਼ ਦਿੱਤਾ। ਫਿਰੋਜ਼ਪੁਰ ਜ਼ਿਲ੍ਹੇ ਦੀ ਫਾਜ਼ਿਲਕਾ ਤਹਿਸੀਲ ਵਿਚ ਗੁਰੂ ਸਰ ਉਨ੍ਹਾਂ ਦਾ ਪਿੰਡ ਸੀ। ਇਸ ਲਈ ਉਹ ਕਾਲਾਂਤਰ ਵਿਚ ਪੰਡਿਤ ਰਜਿੰਦਰ ਸਿੰਘ ਗੁਰੂ ਸਰ ਦੇ ਨਾਮ ਨਾਲ ਮਸ਼ਹੂਰ ਹੋਏ। ਆਪਣੇ ਦੋ ਹੋਰ ਪ੍ਰਤਿਭਾਸ਼ਾਲੀ ਜਮਾਤੀਆਂ ਪ੍ਰੀਤਮ ਸਿੰਘ ਕਵੀ ਅਤੇ ਪ੍ਰੀਤਮ ਸਿੰਘ ਪੰਛੀ ਦੀ ਤਰ੍ਹਾਂ ਭਾਵੇਂ ਉਨ੍ਹਾਂ ਜਿਉਂ ਵੱਡੀ ਮਾਤਰਾ ਵਿਚ ਉਹ ਪੁਸਤਕਾਂ ਤਾਂ ਨਹੀਂ ਪ੍ਰਕਾਸ਼ਿਤ ਕਰਵਾ ਸਕੇ ਪਰ ਉਨ੍ਹਾਂ ਦੀ ਇਕਲੌਤੀ ਵਾਰਤਕ ਰਚਨਾ "ਬਾਬਾਣੀਆਂ ਕਹਾਣੀਆਂ" ਦੇ ਨਾਂ ਹੇਠ ਉਨ੍ਹਾਂ ਦੇ ਸਵਰਗਵਾਸ ਹੋਣ ਤੋਂ ਅੰਠ ਵਰ੍ਹੇ ਮਗਰੋਂ ੨੦੦੦ ਈ. ਵਿਚ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਨੇ ਪ੍ਰਕਾਸ਼ਿਤ ਕੀਤੀ, ਉਨ੍ਹਾਂ ਨੂੰ ਪੰਜਾਬੀ ਸਾਹਿਤ ਦੇ ਨਾਮਧਾਰੀ ਲੇਖਕਾਂ ਦੀ ਕਤਾਰ ਵਿਚ ਸਨਮਾਨਿਤ ਸਥਾਨ ਦਿਵਾਉਣ ਲਈ ਕਾਫ਼ੀ ਹੈ। ਉਂਝ ਆਪਣੇ ਉਪਰੋਕਤ ਦੋਹਾਂ ਮਿੱਤਰਾਂ ਕਵੀ ਤੇ ਪੰਛੀ ਜਿਉਂ ਉਹ ਨਾਮਧਾਰੀ ਦੇ ਸਰਕਤ ਹਫ਼ਤਾਵਾਰੀ ਪਰਚੇ 'ਸਤਿਜੁਗ' ਦੀ ਸੰਪਾਦਨਾ ਵੀ ੧੯੫੨ ਈ. ਤੋਂ ੧੯੫੭ ਈ. ਦੇ ਦਰਮਿਆਨ ਕਰਦੇ ਰਹੇ ਜਦੋਂ ਇਹ ਦੇਸ਼ ਤੋਂ ਬਾਅਦ ਸ੍ਰੀ ਜੀਵਨ ਨਗਰ ਤੋਂ ਛਪਦਾ ਸੀ। ਇਨ੍ਹਾਂ ਵਰ੍ਹਿਆਂ ਵਿਚ ਕਦੇ ਸੰਪਾਦਕ ਸੰਤ ਮੰਗਲ ਸਿੰਘ ਲਾਇਲਪੁਰੀ ਬਣ ਜਾਂਦੇ ਸਨ ਅਤੇ ਕਦੇ ਰਜਿੰਦਰ ਸਿੰਘ ਜੀ। 'ਸਤਿਜੁਗ' ਸਪਤਾਹਿਕ ਤੋਂ ਮਾਸਿਕ ਪੱਤਰ ਦੇ ਰੂਪ ਵਿਚ ਪ੍ਰਕਾਸ਼ਿਤ ਕਰਨ ਦਾ ਸਿਹਰਾ ਵੀ ਰਜਿੰਦਰ ਸਿੰਘ ਹੋਰਾਂ ਦੇ ਸਿਰ ਹੀ ਬੱਝਦਾ ਹੈ। ਉਂਝ 'ਸਤਿਜੁਗ' ਨਾਲ ਉਨ੍ਹਾਂ ਦਾ ਸੰਪਰਕ ਤਾ-ਉਮਰ ਹੀ ਬਣਿਆ ਰਿਹਾ ਸੀ। ਉਨ੍ਹਾਂ ਦਾ ਸ਼ੁਮਾਰ 'ਸਤਿਜੁਗ' ਵਿਚ ਛਪਣ ਵਾਲੇ ਮਾਨਯੋਗ ਲੇਖਕਾਂ ਵਿਚ ਹੁੰਦਾ ਸੀ। 'ਸਤਿਜੁਗ' ਤੋਂ ਇਲਾਵਾ ਮਾਸਿਕ 'ਵਰਿਆਮ', ਜਲੰਧਰ ਅਤੇ ਨਾਮਧਾਰੀ ਭਾਈਚਾਰੇ ਨਾਲ ਸਬੰਧਿਤ ਹੋਰ ਪਰਚਿਆਂ ਲਈ ਵੀ ਉਹ ਗਾਹੇ-ਬਗਾਹੇ ਲਿਖਦੇ ਰਹਿੰਦੇ ਸਨ।

ਉਨ੍ਹਾਂ ਦੀ ਵਾਰਤਕ ਦੀ ਸ਼ੈਲੀ ਨਿਰੋਲ ਆਪਣੀ ਸੀ। ਉਹ ਤਰਕ ਭਰਪੂਰ, ਦਲੀਲ ਨਾਲ ਆਪਣੀ ਗੱਲ ਪੇਸ਼ ਕਰਨ ਦਾ ਢੰਗ ਜਾਣਦੇ ਸਨ। ਉਨ੍ਹਾਂ ਦੀ ਰਚਨਾ ਵਿਚ ਮੌਜੂਦ ਕਥਾ ਰਸ ਪਾਠਕ ਦੀ ਉਂਗਲੀ ਫੜ ਕੇ ਆਪਣੇ ਨਾਲ ਨਾਲ ਤੋਰਨ ਦੇ ਸਮਰੱਥ ਸੀ। ਗੁਰਬਾਣੀ ਅਤੇ ਹਿੰਦੂ ਪੌਰਾਣਿਕ ਗ੍ਰੰਥਾਂ ਦਾ ਉਹਨਾਂ ਦਾ ਵਿਸ਼ਾਲ ਅਧਿਐਨ ਆਪਣੀ ਗੱਲ ਅਧਿਕਾਰ ਨਾਲ ਆਖਣ ਵਿਚ ਸਹਾਈ ਹੁੰਦਾ ਸੀ। ਕਿਉਂਕਿ ਉਹ ਕਿਸਾਨ ਪਰਿਵਾਰ ਨਾਲ ਸਬੰਧਿਤ ਸਨ। ਖੇਤੀਬਾੜੀ ਦੇ ਰੁਝੇਵੇਂ ਆਪਣੇ ਹੁੰਦੇ ਹਨ। ਇਸ ਲਈ ਉਹ ਜਿੰਨਾ ਲਿਖ ਸਕਦੇ ਸਨ, ਉਨ੍ਹਾਂ ਤੋਂ ਲਿਖਿਆ ਗਿਆ ਨਹੀਂ। ਕੁਝ ਅਭਿਵਿਅਕਤੀ ਦੀ ਭਾਵਨਾ ਦਾ ਵੀ ਆਪੋ ਆਪਣਾ ਸਫ਼ਰ ਹੁੰਦਾ ਹੈ। ਇਹ ਤੇ ਸੱਜਣਾਂ ਮਿੱਤਰਾਂ ਦੀਆਂ

Sri Satguru Jagjit Singh Ji eLibrary NamdhariElibrary@gmail.com

ਟੁੰਬਣੀਆਂ ਸਨ ਜਿਨ੍ਹਾਂ ਨੇ ਉਨ੍ਹਾਂ ਤੋਂ ਕੁਝ ਨਾ ਕੁਝ ਲਿਖਵਾ ਲਿਆ। ਵੈਸੇ ਵੀ ਫ਼ਿਰੋਜ਼ਪੁਰ ਜ਼ਿਲ੍ਹੇ ਦੀ ਇਸ ਦੁਰੇਡੀ ਗੁੱਠ ਵਿਚ ਪੰਜਾਬੀ ਵਾਰਤਕਕਾਰ ਕਿੰਞ ਪ੍ਰਗਟ ਹੁੰਦਾ ਹੈ ?

'ਬਾਬਾਣੀਆਂ ਕਹਾਣੀਆਂ' ਸਿਰਫ਼ ੧੯੯ ਸਫ਼ਿਆਂ ਤੇ ਛਪੀ ਇਕ ਵਾਰਤਕ ਪੁਸਤਕ ਹੈ ਪਰ ਇਸਦਾ ਸਾਹਿਤਕ, ਸਮਾਜਿਕ, ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਚੋਖਾ ਹੈ। ਸਾਡੇ ਸਮਕਾਲੀ ਇਤਿਹਾਸ ਦੀਆਂ ਕੁਝ ਗੰਢਾਂ ਨੂੰ ਇਸ ਵਿਚ ਬਾਖੂਬੀ ਖੋਹਲਿਆ ਗਿਆ ਹੈ। ਇਹ ਇਕ ਸ੍ਵੈਜੀਵਨੀ ਪਰਕ ਰਚਨਾ ਵੀ ਹੈ ਜੋ ਰਜਿੰਦਰ ਸਿੰਘ ਦੇ ਬਚਪਨ ਅਤੇ ਜੁਆਨੀ ਦੀ ਦਹਿਲੀਜ਼ 'ਤੇ ਦਾਖ਼ਲ ਹੋਣ ਦੇ ਸਮਿਆਂ ਨੂੰ ਚਿਤਰਦੀ ਹੈ। ਨਾਮਧਾਰੀ ਇਤਿਹਾਸ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੜ੍ਹਦੇ ਸੂਰਜ ਵਰਗੇ ਜਲੌਅ ਨੂੰ ਪੇਸ਼ ਕਰਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ਮਾਰਮਿਕ ਸਾਕੇ ਦਾ ਪਹਿਲੀ ਵੇਰ ਵਿਸਤ੍ਰਿਤ ਵਰਣਨ ਪਾਠਕਾਂ ਨੂੰ ਪੜ੍ਹਨ ਨੂੰ ਮਿਲਦਾ ਹੈ। ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸਾਮੁਦਾਇਕ ਜੀਵਨ ਤੇ ਵੀ ਇਹ ਰਚਨਾ ਪੱਛੀ ਝਾਤ ਪਾਉਂਦੀ ਹੈ। ਦ੍ਰਿਸ਼ ਵਰਣਨ ਵਿਚ ਵੀ ਲੇਖਕ ਨੂੰ ਮੁਹਾਰਤ ਹਾਸਲ ਹੈ। ਵਿਅੰਗ ਦੀ ਵਿਧਾ ਨੂੰ ਸਫਲਤਾ ਪੂਰਵਕ ਵਰਣਨ ਵਿਚ ਵੀ ਉਹ ਕਮਾਲ ਕਰ ਗਏ ਹਨ। ਆਪਣੇ ਪਰਿਵਾਰਕ ਪਿਛੋਕੜ ਨੂੰ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਨਕਾ ਪਰਿਵਾਰ ਦਾ ਵੀ ਪਿਛੋਕੜ ਹੈ, ਉਨ੍ਹਾਂ ਵੇਰਵੇ ਸਹਿਤ ਇਸ ਵਿਚ ਬਿਆਨ ਕੀਤਾ ਹੈ। ਬਾਲ ਸੁਭਾ, ਬੱਚਿਆਂ ਨਾਲ ਸਲੂਕ ਕਰਨ ਦੇ ਚੰਗੇ ਤਰੀਕੇ, ਕਿਸੇ ਨਵ ਉੱਸਰਦੀ ਸ਼ਖਸੀਅਤ ਨੂੰ ਤਰਬੀਅਤ ਦੇਣ ਦੀਆਂ ਜੁਗਤਾਂ ਦਾ, ਸਾਰਥਕ ਵਰਣਨ ਮਿਲਦਾ ਹੈ। ਡੇਰਾ ਭੈਣੀ ਸਾਹਿਬ ਦੇ ਪ੍ਰਬੰਧਕਾਂ ਦੇ ਸੁਭਾਉ ਬਾਰੇ ਵੀ ਬੇਬਾਕ ਟਿੱਪਣੀਆਂ ਮਿਲਦੀਆਂ ਹਨ।

ਲੇਖਕ ਆਪਣਾ ਪਰਿਵਾਰਕ ਪਿਛੋਕੜ 'ਅਗਨੀ ਪੁੱਤਰ' ਪ੍ਰਿਥਵੀ ਰਾਜ ਚੌਹਾਨ ਨਾਲ ਜੋੜ ਕੇ ਆਪਣੇ ਚੰਦਰ ਬੰਸੀ ਹੋਣ ਬਾਰੇ ਦੱਸਦਾ ਹੈ। ਚੌਹਾਨ ਜੈਸਲਮੇਰ ਤੋਂ ਉੱਠ ਕੇ ਦਿੱਲੀ ਤੇ ਕਬਜ਼ਾ ਕਰ ਲੈਂਦਾ ਹੈ ਅਤੇ ਕਨੌਜ ਦੇ ਬਾਦਸ਼ਾਹ ਜੈ ਚੰਦ ਦੀ ਦੁਸ਼ਮਣੀ ਵਿਹਾਜ ਲੈਂਦਾ ਹੈ। ਇਸੇ ਜੈ ਚੰਦ ਦੀ ਪੁੱਤਰੀ 'ਸੰਜੋਗਤਾ' ਨੇ ਪਿਤਾ ਦੀ ਵਿਰੋਧਤਾ ਦੇ ਬਾਵਜੂਦ ਪ੍ਰਿਥਵੀ ਰਾਜ ਚੌਹਾਨ ਨੂੰ ਵਰ ਲਿਆ ਸੀ। 'ਸੰਜੋਗਤਾ ਸੁਅੰਬਰ' ਦੀ ਕਥਾ ਨੂੰ ਬਿਆਨ ਕੇ ਲੇਖਕ ਆਪਣੀ ਭੂਆ ਬੀਬੀ ਵੀਰੋ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨੰਦ ਕਾਰਜ ਬਾਰੇ ਪੂਰਵ ਆਭਾਸ ਕਰਵਾ ਦਿੰਦਾ ਹੈ। ਇਸ ਸੰਜੋਗਤਾ ਦੀ ਤੀਸਰੀ ਜਾਂ ਚੌਥੀ ਪੀੜ੍ਹੀ ਸੂਰਬੀਰ 'ਸੇਹੂ' ਪੈਦਾ ਹੋਇਆ ਜਿਸ ਦੀ ਸ਼ਕਤੀ ਨੂੰ ਦਰਸਾਉਂਦੀ ਕਹਾਵਤ ਪ੍ਰਚਲਤ ਹੈ-

"ਸੇਹੂ ਦੀ ਸਾਂਗ ਸਵਾ ਮਣ ਸੋਨਾ"

ਇਸੇ ਸੇਹੂ ਦੇ ਨਾਂਅ 'ਤੇ ਜੱਟਾਂ ਦੀ ਇਕ ਗੋਤ ਪਈ ਜੋ ਹੁਣ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਪਾਕਿਸਤਾਨ ਤੱਕ ਫੈਲੇ ਹੋਏ ਹਨ। ਭਾਵ ਹਿੰਦੂ ਸਿੱਖ ਅਤੇ ਮੁਸਲਮਾਨ, ਤਿੰਨਾਂ ਧਰਮਾਂ ਵਿਚ ਹੀ ਇਸ ਗੋਤ ਦੇ ਜੱਟ ਮੌਜੂਦ ਹਨ। ਇਸ ਸੇਹੂ ਸਰਦਾਰ ਦੀ ਪੰਜਵੀਂ ਸੱਤਵੀਂ ਜਾਂ ਕਿਸੇ ਹੋਰ ਹੇਠਲੀ ਪੀੜ੍ਹੀ ਵਿਚ 'ਸ੍ਰੀ ਜੈ ਕਿਸ਼ਨ' ਹੋਏ ਜਿਨ੍ਹਾਂ ਦੀ ਨੌਹਰ ਭਾਦਰਾ ਕੋਲ ਪਿੰਡ ਕਰਨਪੁਰਾ ਵਿਚ ਵੱਡੀ ਜਗੀਰ ਸੀ, ਬਰਾਨੀ ਭੂਮੀ ਦੇ ਹਜ਼ਾਰਾਂ ਏਕੜ ਅਤੇ ਹਜ਼ਾਰਾਂ ਹੀ ਊਠ, ਗਾਈਆਂ, ਭੇਡਾਂ, ਬੱਕਰੀਆਂ। ਇਸੇ ਚੌਧਰੀ ਜੈ ਕਿਸ਼ਨ ਦੇ ਘਰ ਚੌ. ਹਮੀਰ ਸਿੰਘ ਪੈਦਾ ਹੋਏ। ਮਹਾਂ ਕਾਲ ਦੀਆਂ ਹਾਲਤਾਂ ਦੇ ਸਤਾਏ, ਸਰਹਿੰਦ ਨਹਿਰ ਦੀ ਆਵਾਈ ਦੀ ਸੋਅ ਸੁਣ ਕੇ ਚੌ. ਹਮੀਰ ਸਿੰਘ ਨੇ ਬਠਿੰਡਾ ਇਲਾਕੇ ਦੇ ਜੋਗੇ ਵਾਲਾ ਪਿੰਡ ਵਿਚ ਬਾਰਾਂ ਸੌ ਘੁਮਾਂ ਜ਼ਮੀਨ ਖਰੀਦ ਲਈ। ਚੌ. ਹਮੀਰ ਸਿੰਘ ਨੇ ਮਾਲਵੇ ਵਿਚ ਆ ਕੇ ਅੰਮ੍ਰਿਤ ਛੱਕ ਲਿਆ ਅਤੇ ਮਲਕਾਣੇ ਦੇ ਸਿੱਧੂ ਸਰਦਾਰਾਂ ਦੇ ਪਰਿਵਾਰ ਵਿਚ, ਪਹਿਲੀ ਘਰ ਦੀ ਤੋਂ ਉਲਾਦ ਨਾ ਹੋਣ ਕਾਰਨ, ਦੂਸਰਾ ਵਿਆਹ ਕਰਵਾ ਲਿਆ। ਜੋਗੇਵਾਲੇ ਦੀ ਪਟਿਆਲਾ ਰਿਆਸਤ ਦੀ ਜ਼ਮੀਨ ਗਿਰਵੀ ਕਰ ਕੇ, ਸ. ਹਮੀਰ ਸਿੰਘ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਅੰਗਰੇਜ਼ੀ ਇਲਾਕੇ ਵਿਚ ਜਿਧਰ ਨਹਿਰੀ ਪਾਣੀ ਪੁੱਜਣ ਵਾਲਾ ਸੀ, ਕਾਫ਼ੀ ਜ਼ਮੀਨ 'ਤੇ ਕਬਜ਼ਾ ਕਰ ਕੇ ਪਿੰਡ ਰੱਤਾ ਖੇੜਾ ਵਾਸ ਦੀ ਨੀਂਹ ਧਰ ਦਿੱਤੀ। ਇਹ ਇਲਾਕਾ ਜਿਸ ਦੀ ਸਬ ਤਹਿਸੀਲ ਉਸ ਸਮੇਂ ਫਾਜ਼ਿਲਕਾ ਸੀ, ਵੱਡੀ ਤਹਿਸੀਲ ਇਸਦੀ ਸਿਰਸਾ ਸੀ। ਰਜਿੰਦਰ ਸਿੰਘ ਹੋਰਾਂ ਨੂੰ ਟਪਲਾ ਲੱਗਾ ਹੈ, ਉਦੋਂ ਇਸ ਇਲਾਕੇ ਦਾ ਜ਼ਿਲ੍ਹਾ ਹੀ

Sri Satguru Jagjit Singh Ji eLibrary NamdhariElibrary@gmail.com

ਸਿਰਸਾ ਸੀ। ਇਸ ਪਿੰਡ 'ਰੱਤਾ ਖਾਸ' ਦੇ ਆਲੇ ਦੁਆਲੇ ਸਿੱਖ ਸਰਦਾਰਾਂ ਅਤੇ ਮੁਸਲਮਾਨ ਪੀਰਾਂ ਦੇ ਚੋਖੇ ਪਿੰਡ ਸਨ। ਹਮੀਰ ਸਿੰਘ ਹਿੰਦੀ, ਪੰਜਾਬੀ, ਉਰਦੂ ਜਾਣਦੇ ਸਨ ਅਤੇ ਪਿੰਡ ਦੀ ਲੰਬਰਦਾਰੀ ਵੀ ਉਨ੍ਹਾਂ ਨੂੰ ਮਿਲ ਗਈ। ਮੁਸਲਮਾਨ ਕਿਸਾਨਾਂ ਦੀ ਵਾਹੀ ਬਹੁਤ ਹੀ ਪੱਛੜੀ ਸੀ। ਉਹ ਹੁੱਕਾ ਪੀਣ ਦੇ ਬਹੁਤ ਸ਼ੌਕੀਨ ਸਨ। ਹੁੱਕੇ ਵੀ ਸਾਰਿਆਂ ਕੋਲ ਨਹੀਂ ਸਨ ਹੁੰਦੇ। ਇਸ ਲਈ ਉਨ੍ਹਾਂ ਨੇ ਹਲ ਖਲ੍ਹਾਰ ਕੇ ਗੁਆਂਢੀਆਂ ਦੇ ਖੇਤਾਂ ਵਿਚ ਜਾ ਕੇ ਹੁੱਕਾ ਪੀਂਦਿਆਂ ਪੀਂਦਿਆਂ ਸਾਰਾ ਦਿਨ ਹੀ ਲਾਹ ਦੇਣਾ ਅਤੇ ਸ਼ਾਮ ਨੂੰ ਆਪਣੀ ਜੋਗ ਸੰਭਾਲਣ ਸਮੇਂ ਅਣਵਾਹੀ ਧਰਤੀ ਵੇਖ ਹਿਰਖ ਕਰਨਾ-

"ਵਾਹੀ ਓਹਦੀ ਜਿਧੇ ਘਰ ਦੇ ਹੁੱਕੇ"

ਸਿਰਫ਼ ਮਾਮਲਾ ਤਾਰ ਕੇ ਇਕ ਪਿੰਡ 'ਰਾਣਾਂ' ਸ. ਹਮੀਰ ਸਿੰਘ ਦੀ ਮਾਲਕੀ ਵਿਚ ਆ ਰਲਿਆ। ਇਕ ਪਿੰਡ ਰਿਆਸਤ ਬਹਾਵਲਪੁਰ ਵਿਚ ਖਰੀਦ ਲਿਆ। ਸ. ਹਮੀਰ ਸਿੰਘ ਦੇ ਘਰ ਇਕ ਪੁੱਤਰੀ ਅਤੇ ਦੋ ਪੁੱਤਰ ਸੰਦਾ ਸਿੰਘ ਅਤੇ ਸੁੰਦਰ ਸਿੰਘ ਪੈਦਾ ਹੋਏ। ਸ. ਸੁੰਦਰ ਸਿੰਘ ਦੇ ਘਰ ਤਿੰਨ ਪੁੱਤਰਾਂ ਕ੍ਰਿਪਾਲ ਸਿੰਘ, ਸੂਬਾ ਮੀਹਾਂ ਸਿੰਘ ਅਤੇ ਸ. ਨਾਹਰ ਸਿੰਘ ਅਤੇ ਦੋ ਪੁੱਤਰੀਆਂ ਬੀਬੀ ਹਰਨਾਮ ਕੌਰ ਅਤੇ ਵੀਰੋ ਜੀ ਨੇ ਜਨਮ ਲਿਆ। ਆਪਣੇ ਦਾਦਾ ਅਤੇ ਉਸ ਦੇ ਵੱਡੇ ਭਰਾ ਸੰਦਾ ਸਿੰਘ ਦੀ ਸ਼ਖ਼ਸੀਅਤ ਲੇਖਕ ਨੇ ਇਸ ਤਰ੍ਹਾਂ ਚਿਤਰੀ ਹੈ:

"...ਸ. ਸੁੰਦਰ ਸਿੰਘ ਜੀ ਭਰਵੇਂ ਤੇ ਪੂਰੇ ਪੈਸੇ ਜੁਆਨ ਸਨ, ਪਰ ਸੁਭਾਅ ਦੇ ਅਤੀ ਵਿਨਮਰ। ਸਰਦਾਰ ਸੰਦਾ ਸਿੰਘ ਜੀ ਇਨ੍ਹਾਂ ਦੇ ਵੱਡੇ ਭਰਾਤਾ, ਪਿੰਡ ਦੇ ਨੰਬਰਦਾਰ ਸਨ ਜੋ ਜੁੱਸੇ ਦੇ ਬਹੁਤ ਪਤਲੇ, ਸੁਭਾਅ ਦੇ ਜੋਸ਼ੀਲੇ ਅਤੇ ਪੱਕੜ। ਛੋਟੇ ਭਰਾ ਦੀ ਅਲੈਹਦਾ ਹੋਣ ਪਿੱਛੋਂ ਭੀ ਨਹੀਂ ਸੀ ਚੱਲਦੀ। ਨੰਬਰਦਾਰ ਆਪਣੀ ਹੀ ਗੱਲ ਮੁੱਖ ਰੱਖਦਾ ਸੀ।"

ਰਿਆਸਤ ਬਹਾਵਲਪੁਰ ਦੇ ਪਿੰਡ ਨੀਲਿਆਂ ਵਾਲੀ ਦਾ ਜ਼ੈਲਦਾਰ ਗੁਰਮੁਖ ਸਿੰਘ ਵੀ ਪਹਿਲਾਂ ਤਾਂ ਕੱਟੜ ਕੂਕਾ ਸੀ। ਹਰੀਪੁਰਾ, ਵੱਡ ਤੀਰਥ ਦਾ ਗੁਰਦੁਆਰਾ ਇਸੇ ਨੇ ਬਣਵਾ ਕੇ ਨਾਮਧਾਰੀ ਸੰਗਤ ਨੂੰ ਅਰਪਣ ਕੀਤਾ ਸੀ। ਸਰਕਾਰੇ ਦਰਬਾਰੇ ਅਸਰ ਰਸੂਖ ਰੱਖਦਾ ਸੀ। ਬੀਬੀ ਵੀਰੋ ਜੀ ਦਾ ਰਿਸ਼ਤਾ ਸੰਦਾ ਸਿੰਘ ਤੇ ਸੁੰਦਰ ਸਿੰਘ ਹੋਰਾਂ ਜ਼ੈਲਦਾਰ ਦੇ ਪੁੱਤਰ ਨਾਲ ਕਰਨਾ ਤਹਿ ਕਰ ਲਿਆ। ਪਰ ਜ਼ੈਲਦਾਰ ਬਾਅਦ ਵਿਚ ਸਿੰਘ ਸਭਾ ਲਹਿਰ ਦੀ ਕਾਂਗ ਅਗੇ ਠਹਿਰ ਨਾ ਸਕਿਆ ਅਤੇ ਸਰਕਾਰੀ ਦਬਾਅ ਹੇਠ ਰਿਆਸਤ ਦੀ ਸਿੰਘ ਸਭਾ ਲਹਿਰ ਦਾ ਮੋਢੀ ਬਣ ਗਿਆ। ਇੱਕ ਤੇ ਕੂਕੇ ਸਰਕਾਰ ਦੇ ਕੱਟੜ ਵਿਰੋਧੀ ਤੇ ਸਿੰਘ ਸਭਾ ਵਾਲੇ ਸਰਕਾਰ ਬਰਤਾਨਵੀ ਨੂੰ 'ਹਜ਼ੂਰ ਮਾਈ ਬਾਪ' ਆਖਣ ਵਾਲੇ। ਰਿਸ਼ਤਾ ਟੁੱਟ ਗਿਆ। ਸੰਦਾ ਸਿੰਘ ਨੇ ਖੁੱਲ੍ਹਮ-ਖੁੱਲ੍ਹਾ ਜਾਤ ਬਿਰਾਦਰੀ ਦੇ ਨਾਂ ਤੇ ਵੀ ਸੁੰਦਰ ਸਿੰਘ ਹੋਰਾਂ ਦੁਆਰਾ ਬੀਬੀ ਵੀਰੋ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨਾਤਾ ਜੋੜਨ ਦਾ ਵਿਰੋਧ ਸ਼ੁਰੂ ਕਰ ਦਿੱਤਾ। ਇਸੇ ਉਧੇੜ ਬੁਣ ਵਿਚ ਸ. ਸੁੰਦਰ ਸਿੰਘ ਚਲਾਣਾ ਕਰ ਗਏ। ਭੂਲੇ ਵਾਲੇ ਦੇ ਬਾਬਾ ਖੜਕ ਸਿੰਘ ਪ੍ਰਸਿੱਧ ਕੂਕਾ ਆਗੂ ਦੀ ਪੋਤਰੀ ਰਾਮ ਕੌਰ ਸ. ਸੁੰਦਰ ਸਿੰਘ ਦੇ ਘਰੋਂ ਸੀ। ਵਿਧਵਾ ਬੀਬੀ ਨੇ ਆਪਣੇ ਸਿਰ ਦੇ ਸਾਈਂ ਦੇ ਕੀਤੇ ਕੌਲ ਨੂੰ ਪੂਰਾ ਕਰਨ ਲਈ ਸਾਰਾ ਤਾਣ ਲਾ ਦਿੱਤਾ। ਸ. ਸੰਦਾ ਸਿੰਘ ਪਹਿਲਾਂ ਤਾਂ ਅੜੇ, ਸਿਰ ਲਾਹੁਣ ਦੀਆਂ ਧਮਕੀਆਂ ਦਿੱਤੀਆਂ, ਲੁੱਚੇ ਡਾਕੂ ਕਾਤਲ ਇਕੱਠੇ ਕੀਤੇ, ਪਰ ਜਿਵੇਂ ਜਿਵੇਂ ੧੩ ਪੋਹ ੧੯੭੧ ਬਿਕਰਮੀ ਅਨੰਦ ਦਾ ਨਿਸ਼ਚਿਤ ਦਿਨ ਨੇੜੇ ਆ ਰਿਹਾ ਸੀ ਹਵਾ ਇਸ ਅਨੰਦ ਦੇ ਹੱਕ ਵਿਚ ਵਗਿਣੀ ਸ਼ੁਰੂ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ, ਜਗਤ ਮਾਤਾ ਜਿਉਣ ਕੌਰ ਜੀ ਨੇ ਪੰਥਕ ਆਗੂਆਂ ਦੀ ਰਾਇ ਨਾਲ ਸਾਰੇ ਪ੍ਰਬੰਧ ਸੁਘੜਤਾ ਨਾਲ ਨਿਭਾਏ। ਸਪੈਸ਼ਲ ਅਨੰਦ ਟਰੇਨ ਲੁਧਿਆਣੇ ਤੋਂ ਸੰਗਤ ਨੂੰ ਲੈ ਕੇ ਚੱਲੀ, ਜੋ ਪੱਕੀ ਦੇ ਸਟੇਸ਼ਨ ਤੇ ਰੁਕੀ। ਸਾਰਾ ਪਿੰਡ 'ਗੁਰੂ ਸਰ' ਮਾਘੀ ਦੇ ਮੇਲੇ ਦਾ ਰੂਪ ਧਾਰਨ ਕਰ ਗਿਆ। ਸ. ਸੰਦਾ ਸਿੰਘ ਨੂੰ ਪਿੰਡ ਛੱਡ ਕੇ ਜਾਣਾ ਪਿਆ। ਹਥਿਆਰਬੰਦ ਸਿੰਘ ਥਾਉਂ ਥਾਈਂ ਚੌਕਸੀ ਕਰ ਰਹੇ ਸਨ। ਬਾਗੜੀ ਵਸੋਂ ਦੀਆਂ ਬਹੂ ਬੇਟੀਆਂ ਵੀ ਇਹ ਅਲੌਕਿਕ ਅਨੰਦ ਵੇਖਣ ਲਈ ਵੱਡੀ ਗਿਣਤੀ ਵਿਚ ਆਈਆਂ। ਸਾਡਾ ਲੇਖਕ ਕਿਸੇ ਅਗਿਆਤ ਕਵੀ ਦੀਆਂ ਇਹ ਕਾਵਿ ਸਤਰਾਂ ਦਰਜ ਕਰਕੇ ਇਸ ਅਨੰਦ ਕਾਰਜ ਨੂੰ 'ਲੋਕ ਗਾਥਾ' ਦਾ ਰੰਗ ਦੇਣ ਵਿਚ ਸਫ਼ਲ ਹੋ ਗਿਆ ਹੈ-

"ਗੀਨ ਜਾਜਲ ਵੱਜੀ ਜਦੋਂ ਗੁਰਾਂ ਵਾਲੀ
ਸਾਰੇ ਸਿੰਘਾਂ ਨੇ ਪਾਣੀ ਦਾ ਧਿਆਨ ਕੀਤਾ।

Sri Satguru Jagjit Singh Ji eLibrary NamdhariElibrary@gmail.com

ਕੋਈ ਗਿਆ ਜੰਗਲ ਕੋਈ ਕਰੇ ਦਾਤਣ
ਵੱਡੇ ਆਹਰੀਆਂ ਸੁਬਾਹ ਇਸ਼ਨਾਨ ਕੀਤਾ।
ਰਾਤ ਪੋਹ ਦੀ ਪਾਲਾ ਅੱਜ ਸੌਂ ਗਿਆ ਸੀ
ਅੰਮ੍ਰਿਤ ਤਿਆਰ ਕੀਤਾ ਨਾਮਧਾਰੀਆਂ ਨੇ।
ਲਗਨ ਸ਼ਾਦੀ ਦਾ ਨੇੜੇ ਹੁਣ ਆ ਰਿਹਾ ਸੀ
ਵੇਦੀ ਗੱਡ ਦਿੱਤੀ ਸਿਘਾਂ ਆਹਰੀਆਂ ਨੇ।
ਹਵਨ ਹੋਇਆ ਤੇ ਆਸਾ ਦੀ ਵਾਰ ਲੱਗੀ,
ਧੁਨਾਂ ਉੱਠੀਆਂ ਪ੍ਰੇਮੀ ਜਾਗ ਪਈ ਸੀ।
ਕੰਧਾਂ ਕੋਠਿਆਂ ਤੇ ਲੋਕੀਂ ਚੜ੍ਹ ਬੈਠੇ
ਰਾਮ ਸੀਤਾ ਦੇ ਵਿਆਹ ਦੀ ਬਾਤ ਨਵੀਂ ਸੀ।[੭]

ਸ੍ਰੀ ਭੈਣੀ ਸਾਹਿਬ ਪਹੁੰਚਣ 'ਤੇ ਦਰਬਾਰ ਸਾਹਿਬ ਵਿਚੋਂ ਵਾਕ ਲੈ ਕੇ ਬੀਬੀ ਵਰਿ ਦਾ ਨਾਮ ਭੁਪਿੰਦਰ ਕੌਰ ਰੱਖਿਆ ਗਿਆ। ੮ ਮੱਘਰ ੧੯੭੭ ਬਿਕ੍ਰਮੀ ਨੂੰ ਇਸ ਅਨੰਦ ਕਾਰਜ ਤੋਂ ਛੇ ਸਾਲ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਨਵ ਜਨਮੇ ਬਾਲ ਨੂੰ ਕੰਨ ਵਿਚ ਭਜਨ ਦੱਸਣ ਅਤੇ ਗੁੜ੍ਹਤੀ ਦੇਣ ਦੀ ਰਸਮ ਵੀ ਲੇਖਕ ਦੀ ਦਾਦੀ ਨੇ ਅਦਾ ਕੀਤੀ। ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਇਕ ਵੇਰ ਦੱਸਿਆ ਸੀ ਕਿ ਉਨ੍ਹਾਂ ਦੇ ਨਾਵਲ 'ਅਤਬੰਗੀ' ਵਿਚ ਪੁਲਿਸ ਅਫ਼ਸਰ ਤੋਂ ਉਸ ਦਾ ਸਰਕਾਰੀ ਅਸਲਾ ਖੋਹਣ ਵਾਲੀ ਜਿਸ ਬੀਬੀ ਦਾ ਜ਼ਿਕਰ ਕੀਤਾ ਗਿਆ ਹੈ, ਉਹ ਕਿਰਦਾਰ "ਅੰਬੋ ਜੀ" ਮਾਤਾ ਰਾਮ ਕੌਰ ਜੀ ਦਾ ਹੀ ਸੀ। ਇਸ ਤੋਂ ਕੁਝ ਵਰ੍ਹੇ ਬਾਅਦ ੨ ਕੱਤਕ ੧੯੯੦ ਬਿਕ੍ਰਮੀ ਨੂੰ ਛੋਟੇ ਸਾਹਿਬਜ਼ਾਦੇ ਪ੍ਰਗਟ ਹੋਏ। ਪ੍ਰਸਿੱਧ ਕੂਕਾ ਸੰਤ ਬੀਰ ਸਿੰਘ ਚੂੰਨ੍ਹੀ ਮਛਲੀ ਵਾਲੇ ਦੀ ਯਾਦ ਨੂੰ ਚਿਰਜੀਵ ਰੱਖਣ ਲਈ ਇਹਨਾਂ ਦਾ ਨਾਮ ਬੀਰ ਸਿੰਘ ਰੱਖਿਆ ਗਿਆ। ਇਹਨਾਂ ਦੇ ਜਨਮ ਤੋਂ ਕੁਝ ਸਮਾਂ ਬਾਅਦ ਹੀ ਮਾਤਾ ਭੁਪਿੰਦਰ ਕੌਰ ਰੋਗ ਗ੍ਰਸਤ ਹੋ ਗਏ। ਸੋ ਛੋਟੇ ਸਾਹਿਬਜ਼ਾਦੇ ਨੂੰ ਮਾਤਾ ਦਾ ਦੁੱਧ ਅਤੇ ਸੰਗਤ ਸਿਰਫ਼ ਛੇ ਮਹੀਨੇ ਹੀ ਨਸੀਬ ਹੋਈ ਕਿਉਂ ਜੋ ਫਿਰ ਉਹਨਾਂ ਨੂੰ ਸਿਹਤ ਕਰਕੇ ਬੱਚਿਆਂ ਤੋਂ ਅਲੱਗ ਰੱਖਿਆ ਜਾ ਰਿਹਾ ਸੀ ਮਾਤਾ ਰਾਮ ਕੌਰ ਜੀ ਦੇ ਸਾਥ ਵਿਚ।

ਆਪਣੇ ਬਾਲ ਸਖਾ ਸਹਿਪਾਠੀ ਸਤਿਗੁਰੂ ਜੀ ਦਾ ਸੁਭਾਉ ਵਿਅੰਗ ਦੇ ਮਿੱਠੇ ਚਾਨਣੇ ਵਿਚ ਰਾਜਿੰਦਰ ਸਿੰਘ ਜੀ ਨੇ ਇਉਂ ਚਿਤਰਿਆ ਹੈ:

"ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਦੀ ਵੀ ਗੱਲ ਸੁਣ ਲਓ। ਇਹਨਾਂ ਦਾ ਸੁਭਾਉ ਸੱਚ ਮੁੱਚ ਸ਼ਿਵਜੀ ਮਹਾਰਾਜ ਜੈਸਾ ਹੈ। ਜੱਟ ਨੇ ਛੱਲੀਆਂ ਭੁੰਨ ਕੇ ਖਵਾ ਦਿਤੀਆਂ ਤਾਂ ਉਸ ਨੂੰ ਕਿਹਾ ਮੰਗ ਜੋ ਕੁਝ ਤੈਨੂੰ ਚਾਹੀਦਾ ਹੈ। ਜੋ ਉਸ ਮੰਗਿਆ ਸਭ ਕੁਝ ਦੇ ਕੇ ਨਾਲ ਹੀ ਇਹ ਵੀ ਆਖ ਦਿੱਤਾ ਕਿ ਦੇਸ ਤੋਂ ਦੂਣਾ ਉਸ ਨੂੰ ਮਿਲੇਗਾ, ਜਿਹੜੇ ਗੁਆਂਢੀ ਜੱਟ ਦੀਆਂ ਨੂੰ ਦੋ ਛੱਲੀਆਂ ਤੋੜ ਕੇ ਲਿਆਇਆ ਹੈ। ਚਲੋ ਇਹ ਤਾਂ ਹੋਈ ਗੱਲਾਂ 'ਚੋਂ ਗੱਲ।

"ਹੁਣ ਮੈਂ ਤੁਹਾਨੂੰ ਇਹਨਾਂ ਦੀ ਕਿਰਪਾ ਦ੍ਰਿਸ਼ਟੀ ਦੀ ਗੱਲ ਦੱਸਦਾ ਹਾਂ। ਪਹਿਲਾਂ ਤਾਂ ਇਹਨਾਂ ਖੁਸ਼ੀਆਂ ਦੇ ਭੰਡਾਰ ਮਰਾਸੀਆਂ ਤੇ ਬ੍ਰਾਹਮਣਾਂ ਵਾਸਤੇ ਖੋਹਲ ਦਿੱਤੇ। ਜੋ ਤੰਬੂਰਾ ਤਾਊਸ ਜਾਂ ਜੋੜੀ ਲੈ ਕੇ ਆਣ ਹਾਜ਼ਰ ਹੋਇਆ, ਉਸੇ ਨੂੰ ਹਜ਼ਾਰਾਂ ਰੁਪਏ ਦਾਨ ਦੇ ਦਿੱਤੇ। ਜਿਸ ਨੇ ਸਿਤਾਰ ਸੁਣਾ ਦਿਤੀ ਓਸ ਦੀਆਂ ਤਾਂ ਪੰਜੇ ਹੀ ਘੀ ਵਿਚ ਸਨ। ਦਿੱਲੀ ਵਿਚ ਇਕ ਮਿਸ਼ਰਾ ਬੰਧੂ (ਰਾਜਨ-ਸਾਜਨ) ਹੋਏ ਹੈਨ। ਜਿਨ੍ਹਾਂ ਨੂੰ ਮਹੀਨੇ ਦੇ ਮੁਸ਼ਕਿਲ ਨਾਲ ਚਾਰ ਚਾਰ ਸੌ ਰੁਪਏ ਮਿਲਦੇ ਸਨ। ਓਹਨਾਂ ਨੂੰ ਵੀ ਕਿਸੇ ਨੇ ਉਂਗਲ ਲਾ ਦਿੱਤੀ ਅਤੇ ਇਕ ਦਿਨ ਰਾਜਨ ਸਾਜਨ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਰਗਾਹ ਵਿਚ ਆਣ ਹਾਜ਼ਰ ਹੋਏ।

ਓਹਨਾਂ ਨੂੰ ਪੈਸੇ ਤਾਂ ਦਿੱਤੇ ਹੀ ਦਿੱਤੇ। ਦੋ ਲੱਖ ਰੁਪਈਆ ਦੇ ਕੇ ਇਕ ਕੋਠੀ ਵੀ ਬਣਵਾ ਦਿਤੀ। ਹੁਣ ਲੋਕਾਂ ਉੱਤੇ ਦਿਆਲੂ ਹੋਏ ਹੋਏ ਹਨ। ਜਿਨ੍ਹਾਂ ਨੂੰ ਸਾਈਕਲ ਚਲਾਉਣਾ ਨਹੀਂ ਆਉਂਦਾ ਉਹਨਾਂ ਨੂੰ ਕਾਰਾਂ ਦੀ ਬਖ਼ਸ਼ਿਸ਼ ਕਰ

Sri Satguru Jagjit Singh Ji eLibrary NamdhariElibrary@gmail.com

ਦਿੰਦੇ ਹਨ। ਚੰਗਾ ਹੋਵੇ ਜੇ ਇਕ ਇਕ ਪੈਟਰੋਲ ਪੰਪ ਵੀ ਉਹਨਾਂ ਨੂੰ ਲੁਆ ਦਿਆ ਕਰਨ।"...।

ਪੁਸਤਕ ਵਿਚ ਪਰਬਤ ਯਾਤਰਾਵਾਂ ਦਾ ਵੀ ਦਿਲਕਸ਼ ਵਰਨਨ ਹੈ, ਜਦੋਂ ਸੜਕਾਂ ਦੇ ਨਾਂ ਤੇ ਸਿਰਫ਼ ਰੋੜ ਕੁੱਟੇ ਹੁੰਦੇ ਸਨ ਅੱਜ ਤੋਂ ੭੦-੮੦ ਸਾਲ ਪਹਿਲਾਂ। ਮਨਾਲੀ ਸਾਰੀ ਜੰਗਲ ਦਾ ਹੀ ਰੂਪ ਸੀ। ਪਾਲਮਪੁਰ ਵਿਚ ਰਾਜੇ ਜੰਗਾਂ ਵਾਲੇ ਸ੍ਰ. ਅਨੂਪ ਸਿੰਘ ਥਾਣੇਦਾਰ ਦੇ ਘਰ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਵਿਦਿਆਲੇ ਦੇ ੮-੧੦ ਵਿਦਿਆਰਥੀਆਂ ਦਾ ਕੁਝ ਹੋਰ ਸਿੱਖਾਂ ਸੇਵਕਾਂ ਸਮੇਤ ਡੇਰਾ ਸੀ। ਸ. ਅਨੂਪ ਸਿੰਘ ਜੋ ਆਪਣੀ ਈਮਾਨਦਾਰੀ ਸਦਕਾ ਬ੍ਰਿਟਿਸ਼ ਅੰਗਰੇਜ਼ ਪੁਲੀਸ ਕਪਤਾਨ ਤੋਂ ਵੀ ਵਾਹ ਵਾਹ ਖੱਟ ਗਿਆ ਸੀ। ਸੰਤ ਮੋਹਨ ਸਿੰਘ ਭਾਗੋਵਾਲੀਏ ਨੂੰ ਦੁਰਬਾਸਾ ਰਿਸ਼ੀ ਦੇ ਰੂਪ ਵਿਚ ਪੇਸ਼ ਕੀਤਾ ਹੈ।

ਮਾਸਟਰ ਬਲਵੰਤ ਸਿੰਘ ਜੀ ਜੋ ਬਹੁਤ ਖੁਸ਼ਖ਼ਤ ਲਿਖਦੇ ਸਨ। ਧਿਆਨ ਪਾਸੇ ਜਾਣ ਤੇ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਠੁਕਾਈ ਵੀ ਕਰ ਦਿੰਦੇ। ਅਜੇਹੇ ਸਮੇਂ ਬੇਅੰਤ ਜੀ ਬਾਲ ਰਜਿੰਦਰ ਨੂੰ ਚਿੜਾਉਣ ਲਈ ਖਿੜਖਿੜਾ ਉਠਦੇ। ਕਦੇ ਕਦੇ ਦੋਵੇਂ ਸਹਿਪਾਠੀ ਇਕ ਲੱਤ ਦੇ ਭਾਰ ਖਲੋ ਕੇ ਅਰਦਾਸ ਵੀ ਕਰਦੇ ਕਿ ਅੱਜ ਸਕੂਲ ਵਿਚੋਂ ਛੁੱਟੀ ਹੋ ਜਾਵੇ।

ਨੀਤੀ ਬਚਨਾਂ ਵਰਗੇ ਰੋਚਕ ਹਾਸਰਸ ਭਰਪੂਰ ਪਰਸੰਗਾਂ ਨਾਲ ਰਜਿੰਦਰ ਸਿੰਘ ਦੀ ਲਿਖਤ ਮਾਲਾ-ਮਾਲ ਹੈ। ਗੱਲ ਭਾਵੇਂ ਬੇਅੰਤ ਜੀ ਅਤੇ ਉਸ ਦੁਆਰਾ ਇਕ ਸੇਠ ਜੀ ਰਾਹੀਂ ਲਿਆਂਦੇ ਕਸ਼ਮੀਰੀ ਫਲ ਖਾਣ ਦੀ ਹੈ ਜਿਸ ਵਿਚ ਉਹ ਔਧ ਪਰੌਧ ਛਕਣ ਕਾਰਨ ਪਾਸੇ ਮਾਰਨ ਤੇ ਵੇਲੇ ਦੇ ਮੁਖਤਿਆਰ ਦੁਆਰਾ ਉਠਾ ਦਿੱਤਾ ਗਿਆ ਪਰ ਮੁੱਢਲੀ ਸਾਖੀ ਪੱਲੇ ਬੰਨਣ ਵਾਲੀ ਹੈ: "ਗੁਰਦੁਆਰੇ ਦਾ ਇਕ ਭਾਈ ਕੜਾਹ ਪ੍ਰਸਾਦ ਵਰਤਾ ਰਿਹਾ ਸੀ। ਇਕ ਪਰਦੇਸੀ ਬੇਪਰਵਾਹੀ ਨਾਲ ਕੋਲੋਂ ਦੀ ਲੰਘ ਰਿਹਾ ਸੀ। ਭਾਈ ਜੀ ਨੇ ਕਿਹਾ - "ਗੁਰਮੁਖਾ ਤੂੰ ਵੀ ਗੱਫਾ ਲੈ ਲੈ।" ਉਸ ਕਿਹਾ ਜੀ ਮੈਂ ਹੁਣੇ ਰੱਜ ਪੁੱਜ ਕੇ ਘਰੋਂ ਆ ਰਿਹਾ ਹਾਂ। ਮੈਨੂੰ ਹੁਣ ਹੋਰ ਭੁੱਖ ਨਹੀਂ।" ਭਾਈ ਜੀ ਨੇ ਕਿਹਾ - ਸਾਧੂਆ, ਇਹ ਗੁਰੂ ਦਾ ਪ੍ਰਸ਼ਾਦ ਹੈ। ਨਾਂਹ ਨਹੀਂ ਕਰੀਦੀ ਤੇ ਚੋਖਾ ਤਕੜਾ ਗੱਫਾ ਉਸਦੇ ਹੱਥਾਂ ਉੱਤੇ ਟਿਕਾ ਦਿੱਤਾ। ਅੱਧ ਸੇਰ ਪੱਕਾ ਪਰਸ਼ਾਦ ਛਕ ਕੇ ਪਰਦੇਸੀ ਕਹਿਣ ਲੱਗਾ -

"ਆਦਮੀ ਹਮੇਸ਼ਾ ਔਧਾ ਭੁੱਖਾ ਹੀ ਰਹਿੰਦਾ ਹੈ।"

ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਹੁੰਦੀਆਂ। ਅਖਾੜੇ ਵਿਚ ਜ਼ੋਰ ਅਜ਼ਮਾਈ ਵੀ ਕੀਤੀ ਜਾਂਦੀ। ਸਰਹਿੰਦ ਨਹਿਰ ਵਿਚ ਜਲ ਕਰਤਬਾਂ ਦੀ ਪੁਰਾਣੀ ਆਦਤ ਤਾਂ ਅੱਜ ਕਲ੍ਹ ੯੫ ਵਰ੍ਹਿਆਂ ਦੀ ਆਯੂ ਵਿਚ ਵੀ ਸਤਿਗੁਰੂ ਜੀ ਨਿਭਾਅ ਰਹੇ ਹਨ। ਘੋੜ ਦੌੜਾਂ ਵੀ ਹੁੰਦੀਆਂ।

"ਗੁਰਗੱਦੀ ਦੀ ਕਥਾ" ਵਿਚ ਰਜਿੰਦਰ ਸਿੰਘ ਹੋਰਾਂ ਕੁਝ ਸਿਧਾਂਤਕ ਮਸਲੇ ਵੀ ਬਾਖ਼ੂਬੀ ਉਠਾਏ ਹਨ: "ਭੋਲੀ ਸੰਗਤ ਨੂੰ ਇਹ ਨਹੀਂ ਸੀ ਗਿਆਨ ਕਿ ਜੋ ਗੱਲ ਪਹਿਲੇ ਗੁਰੂਆਂ ਵੇਲੇ ਕਰਨੀ ਏਨੀ ਜ਼ਰੂਰੀ ਨਹੀਂ ਸੀ, ਉਹ ਸਾਡੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੱਦੀ ਦੇ ਵਾਰਸ ਵਾਸਤੇ ਜ਼ਰੂਰੀ ਕਰ ਦਿੱਤੀ ਸੀ। ਉਹ ਸੀ

1. ਸ੍ਰੀ ਦਰਬਾਰ ਸਾਹਿਬ ਤੇ ਗੁਰਬਾਣੀ ਦਾ ਸੰਥਾ ਸਮੇਤ ਸ਼ੁੱਧ ਪਾਠ ਸਿਖਣਾ।
2. ਕਲਿਯੁਗ ਕੀਰਤਨ ਨਾਮ ਅਧਾਰ ਨੂੰ ਮੁੱਖ ਰੱਖ ਕੇ ਖੁਦ ਆਪ ਕੀਰਤਨ ਕਰਨਾ ਸਿਖਣਾ।
3. ਕੋਈ ਤੰਤੂ ਵਾਲਾ ਸਾਜ਼ ਸਿੱਖਣਾ ਵੀ ਲਾਜ਼ਮੀ ਸੀ।
4. ਸਿੱਖ ਇਤਿਹਾਸ ਦੀ ਸੰਪੂਰਨ ਵਾਕਫ਼ੀ। ਧਰਮ ਸ਼ਾਸਤਰ ਦਾ ਮੁਕੰਮਲ ਗਿਆਨ ਹੋਣਾ।
5. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗੁਰੂ ਹਰੀ ਸਿੰਘ ਜੀ ਅਤੇ ਆਧੁਨਿਕ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਫ਼ ਹੋਣਾ।
6. ਸ਼ੁੱਧ ਸੋਧ ਕੀ ਹੈ? ਇਸ ਨੂੰ ਧਾਰਨ ਕਰਨਾ ਅਤੇ ਗੁਰਬਾਣੀ ਦੀ ਵਿਆਖਿਆ ਕਰਨੀ ਸਿੱਖਣੀ।

ਇਸ ਤੋਂ ਬਿਨਾਂ ਬਹੁਤ ਕੁਝ ਇਸ ਤੋਂ ਵੀ ਵੱਧ ਹੋਰ ਗਿਆਨ ਹਾਸਲ ਕਰਨਾ ਵੀ ਜ਼ਰੂਰੀ ਸੀ।"

ਰਜਿੰਦਰ ਸਿੰਘ ਹੋਰਾਂ ਇਸ ਪ੍ਰਸੰਗ ਵਿਚ ਅੰਗੂਠਾ ਛਾਪ - ਵਿਚਾਰਕਾਂ ਦੀ ਚੰਗੀ ਖਿੱਲੀ ਉਡਾਈ ਹੈ। ਮੈਂ

Sri Satguru Jagjit Singh Ji eLibrary NamdhariElibrary@gmail.com

ਸਮਝਦਾ ਹਾਂ ਕਿ ਕਾਲ ਚੱਕਰ ਨੇ ਲਿਹਾਜ ਨਹੀਂ ਕੀਤਾ, ਨਹੀਂ ਤਾਂ ਰਜਿੰਦਰ ਸਿੰਘ ਹੋਰਾਂ ਪਾਸ, "ਬਾਬਾਣੀਆਂ ਕਹਾਣੀਆਂ" ਤੋਂ ਕਿਤੇ ਵੱਧ ਹੋਰ ਵੀ ਸਾਹਿਤਕ ਬਾਤਾਂ ਪਾਉਣ ਦੀ ਸਮੱਗਰੀ ਮੌਜੂਦ ਸੀ।

ਇਸ ਪੁਸਤਕ ਦੇ ਰੋਚਕ ਸਿਰਲੇਖ ਵੀ ਦਿਤੇ ਹਨ। ਉਪਰ ਇਕ ਦੋ ਨੀਤੀ ਬਚਨ ਲਿਖ ਕੇ ਪਾਠਕਾਂ ਦੀ ਪਰਸੰਗ ਵਿਚ ਦਿਲਚਸਪੀ ਵੀ ਦੱਸੀ ਹੈ। ਇਹ ਵੀ ਦੱਸਿਆ ਹੈ ਕਿ ਮਾਊਂਟ ਬੇਟਨ ਦੇ ਸ਼ਾਸਨ ਕਾਲ ਵਿਚ ਭਾਰਤ-ਪਾਕਿ ਹੱਦ ਬੰਦੀ ਲਈ ਬਣਾਇਆ ਰੈਡ ਕਲਿਫ ਕਮਿਸ਼ਨ ਕਈ ਗਲਤ ਫ਼ੈਸਲੇ ਵੀ ਕਰਨਾ ਚਾਹੁੰਦਾ ਸੀ। ਫ਼ੀਰੋਜ਼ਪੁਰ ਤੇ ਗੁਰਦਾਸਪੁਰ ਦੇ ਜ਼ਿਲ੍ਹੇ ਪਾਕਿਸਤਾਨ ਵਿਚ ਜਾਣੋਂ ਰੋਕਣ ਵਾਸਤੇ ਮਹਾਰਾਜਾ ਗੰਗਾ ਸਿੰਘ ਦਾ ਦਬਾਅ ਵੀ ਕੰਮ ਆਇਆ ਕਿ ਜੇ ਗੰਗ ਨਹਿਰ ਦਾ ਹੈਡ ਵਰਕਸ ਪਾਕਿਸਤਾਨ ਵਿਚ ਆਉਂਦਾ ਹੈ ਤਾਂ ਅਸੀਂ ਵੀ ਪਾਕਿਸਤਾਨ ਨਾਲ ਰਲਣ ਲਈ ਸੋਚ ਸਕਦੇ ਹਾਂ।

ਹੁਣ ਅਸੀਂ 'ਸਤਿਜੁਗ' ਦੇ ਕੁਝ ਅੰਕਾਂ ਵਿਚ ਛਪੀਆਂ ਰਜਿੰਦਰ ਸਿੰਘ ਹੋਰਾਂ ਦੀਆਂ ਕੁਝ ਮਹੱਤਵਪੂਰਨ ਲਿਖਤਾਂ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਸਮਝਦੇ। ਮਾਘ ੨੦੧੦ ਬਿਕ੍ਰਮੀ ਦਾ ਆਪ ਦੀ ਸੰਪਾਦਨਾ ਹੇਠ ਛੱਪਣ ਵਾਲਾ ਬਸੰਤ ਅੰਕ ਇਕ ਯਾਦਗਾਰੀ ਰਚਨਾ ਹੋ ਨਿਬੜਿਆ ਸੀ ਕਿਉਂ ਜੁ ੧੯੯੨ ਬਿਕ੍ਰਮੀ ਵਿਚ ਛੱਪਣ ਵਾਲਾ ਬਸੰਤ ਅੰਕ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਿਆ ਸੀ। ਪਾਠਕਾਂ ਦੀ ਮੰਗ ਤੇ ਰਜਿੰਦਰ ਸਿੰਘ ਜ਼ਬਤ ਅੰਕ ਸਾਰਾ ਤਾਂ ਦੁਬਾਰਾ ਛਾਪਣ ਵਿਚ ਅਸਮਰੱਥ ਸਨ ਪਰ ਉਸ ਦੀਆਂ ਚੋਣਵੀਆਂ ਲਿਖਤਾਂ, ਸੰਤ ਇੰਦਰ ਸਿੰਘ ਚੱਕਰਵਰਤੀ ਕ੍ਰਿਤ "ਅਪੂਰਬ ਬਲੀਦਾਨ", ਅਵਤਾਰ ਸਿੰਘ ਆਜ਼ਾਦ ਦੀ ਕਵਿਤਾ "ਪਿਰ ਪਰਦੇਸ ਸਿਧਾਇਓ" ਤੇ ਵਿਧਾਤਾ ਸਿੰਘ ਤੀਰ ਦੀ ਕਵਿਤਾ "ਸਿੱਖੀ ਸਿਦਕ" ਇਸ ਵਿਚ ਦੁਬਾਰਾ ਛਾਪੀਆਂ ਗਈਆਂ ਸਨ। ਇਸ ਤੋਂ ਇਲਾਵਾ ਇਸੇ ਅੰਕ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਤੇ ਪਾਠ ਅੰਕ ਵੀ ਕੱਢਿਆ ਗਿਆ ਸੀ ਜਿਸ ਦੇ ਆਰੰਭ ਵਿਚ ਰਜਿੰਦਰ ਸਿੰਘ ਲਿਖਦੇ ਹਨ, "ਜਿਸ ਵਕਤ ਸਤਿਗੁਰੂ ਜੀ ਨੇ ਮੈਨੂੰ ਕਿਹਾ ਕਿ ਔਤਕਾਂ ਪਾਠ ਅੰਕ ਕੱਢਣਾ ਹੈ ਤਾਂ ਮੈਂ ਕੁਝ ਹੈਰਾਨ ਹੋਇਆ ਕਿ ਇਸ ਵਿਚ ਸਿਵਾਇ ਗਿਣਤੀ ਦੇ ਹੋਰ ਕੀ ਹੋ ਸਕਦਾ ਹੈ। ਖੋਜ ਕਰਨ ਤੇ ਮੈਂ ਹੈਰਾਨ ਸਾਂ ਕਿ ਕਿੰਨਾ ਕੁਝ ਦਿਲਚਸਪ ਤੇ ਅਜੀਬ ਵਾਕਿਆਤ ਨਾਲ ਭਰਪੂਰ ਹੈ ਇਹ ਪਾਠ ਅੰਕ, ਤੁਸੀਂ ਸੋਚ ਸਕਦੇ ਹੋ, ਪਾਠਾਂ ਵਾਸਤੇ ਵੀ ਕਿਸੇ ਨੂੰ ਜੇਹਲ ਜਾਣਾ ਪਿਆ ਹੈ? ਪੜ੍ਹ ਕੇ ਵੇਖੋ - ਨਾਮਧਾਰੀ ਅੰਗਰੇਜ਼ੀ ਕਲੰਕ ਦੀਆਂ ਕੇਹੀਆਂ ਦੁਰਗਮ ਘਾਟੀਆਂ ਚੀਰ ਕੇ ਪਾਠਾਂ ਦੀ ਜਦੋਜਹਿਦ ਵਿਚ ਕਾਮਯਾਬ ਹੋਏ।"[8]

ਤੇ ਇਸੇ ਪਾਠ ਅੰਕ ਦੇ ਦੂਜੇ ਸਰਵਰਕ ਤੇ ਆਪ "ਪਾਠ-ਮਹਾਤਮ" ਦੇ ਸਿਰਲੇਖ ਹੇਠ ਇਉਂ ਲਿਖਦੇ ਹਨ - "ਕਿੰਨੇ ਖ਼ੁਸ਼ਨਸੀਬ ਹਨ ਉਹ ਆਦਮੀ ਜੋ ਪੂਰਨ ਪ੍ਰੇਮ ਨਾਲ ਆਪ ਪਾਠ ਕਰਦੇ ਹਨ। ਆਪਣੇ ਲਈ ਆਪ ਪਾਠ ਕਰਨ ਨਾਲੋਂ ਕੋਈ ਹੋਰ ਵੱਡਾ ਮਹਾਤਮ ਨਹੀਂ।...ਪਾਠ ਸੰਤੋਖੀ ਸਾਧੂਆਂ ਨੂੰ ਕਰਨੇ ਚਾਹੀਦੇ ਹਨ ਜਿਨ੍ਹਾਂ ਨੂੰ ਝੋਲੀਆਂ ਭਰਨ ਦਾ ਵਹਿਮ ਨਾ ਹੋਵੇ। ਬਲੈਕ ਕਰਨ ਲਈ ਹੋਰ ਕਿੱਤੇ ਬਹੁਤ ਹਨ..."[9]

ਇਸੇ ੨੦੧੦ ਬਿਕ੍ਰਮੀ ਵਾਲੇ ਬਸੰਤ ਅੰਕ ਵਿਚ 'ਬ੍ਰਹਮਚਰਜ' 'ਤੇ ਇਕ ਉੱਤਮ ਰਚਨਾ ਰਜਿੰਦਰ ਸਿੰਘ ਹੋਰਾਂ ਦੀ ਲਿਖੀ ਹੋਈ ਹੈ। ਜਿਸ ਦੀ ਸਾਰਥਿਕਤਾ ਅੱਜ ਵੀ ਓਨੀ ਹੀ ਹੈ ਜਿੰਨੀ ਪਰ ਵਰ੍ਹੇ ਪਹਿਲਾਂ ਸੀ 'ਲਿਖਣ ਦੀ ਖੇਹਖਾਈ', ਲੇਖਕ ਕਹਿੰਦਾ ਹੈ ਤਾਂ ਕਰ ਰਿਹਾ ਹਾਂ ਕਿ ਸਾਡਾ ਸਰੀਰਕ ਤੌਰ ਤੇ ਦੀਵਾਲਾ ਨਿਕਲ ਰਿਹਾ ਹੈ ਤੇ ਦੂਸਰਾ ਆਪਣਾ ਫ਼ਰਜ਼ ਸਮਝਦਾ ਹਾਂ ਇਸ ਵਿਸ਼ੇ ਤੇ ਵਾਦ ਵਿਵਾਦ ਕਰਨ ਦਾ। 'ਸਤਿਜੁਗ' ਦੇ ਵੈਸੇ ਤਾਂ ਸਾਰੇ ਹੀ ਬਸੰਤ ਅੰਕ ਸੰਭਾਲਣ ਵਾਲੇ ਹੁੰਦੇ ਹਨ, ਪਰ ਉਪਰੋਕਤ ਅੰਕ ਤੋਂ ਇਲਾਵਾ ੨੦੧੩ ਬਿਕ੍ਰਮੀ ਦਾ ਅੰਕ ਵੀ ਆਪ ਦੀ ਸੰਪਾਦਨਾ ਹੇਠ ਅਤੀ ਵਿਸ਼ੇਸ਼ ਅੰਕ ਹੋ ਨਿਬੜਿਆ ਹੈ। ਇਸ ਅੰਕ ਵਿਚ ਆਪ ਨੇ ਸੰਤ ਬਿਸ਼ਨ ਸਿੰਘ, ਹਿਸਟੋਰੀਅਨ ਦੀ ਭਰਵੀਂ ਮਦਦ ਨਾਲ "ਲੋਕ ਜੀਵਨ ਵਿਚ ਕੂਕਾ ਲਹਿਰ" ਤੇ ਝਾਤ ਪੁਆਈ ਹੈ। ਲੋਕ ਬੋਲੀਆਂ ਕੀ ਹਨ? ਇਹ ਉਹੀ ਕੁਝ ਹੈ ਜੋ ਅੱਜ ਤੋਂ ੮੦ ਵਰ੍ਹੇ ਪਹਿਲਾਂ ਲੋਕਾਂ ਨੇ ਨਾਮਧਾਰੀਆਂ ਵਿਚ ਵੇਖਿਆ, ਜਾਂ ਇਉਂ ਆਖੋ ਕਿ ਇਹ ਉਸ ਵੇਲੇ ਦੇ ਪੰਜਾਬ ਦਾ ਜਿਉਂਦਾ ਜਾਗਦਾ ਨਕਸ਼ਾ ਹੈ, ਜਿਸ ਦੀ ਇਕ ਇਕ ਬੋਲੀ ਵਿਚ ਉਹ ਕੁਝ ਲੋਕਾਂ ਦੇ ਦਿਲੀ ਵਲਵਲਿਆਂ ਨੇ ਭਰ ਦਿੱਤਾ

Sri Satguru Jagjit Singh Ji eLibrary NamdhariElibrary@gmail.com

ਹੈ, ਜਿਸ ਨੂੰ ਕੋਈ ਹੋਰ ਲੇਖਕ ਵਰਮਿਆਂ ਦੇ ਵਰਮੇ ਕਾਲੇ ਕਰਕੇ ਵੀ ਨਾ ਲਿਖ ਸਕੇ। ਇਕ ਇਕ ਬੋਲੀ ਆਪਣੇ ਆਪ ਵਿਚ ਕੂਕਾ ਜੀਵਨ ਦਾ ਇਕ ਅੰਗੀ ਸੰਪੂਰਨ ਇਤਿਹਾਸ ਹੈ। ਸਾਨੂੰ ਦੁਖ ਹੈ ਕਿ ਸੰਤ ਬਿਸ਼ਨ ਸਿੰਘ ਜੀ ਤੋਂ ਬਿਨਾਂ ਇਹਨਾਂ ਲੋਕ-ਬੋਲੀਆਂ ਵੱਲ ਹੋਰ ਕਿਸੇ ਸੱਜਣ ਨੇ ਧਿਆਨ ਨਹੀਂ ਦਿੱਤਾ। ਨਾਮਧਾਰੀ ਪੰਥ ਲਈ ਇਹ ਅਨਮੋਲ ਖ਼ਜ਼ਾਨਾ ਹੈ ਜਿਸ ਵਿਚ ਪੰਜਾਬੀਆਂ ਦੀ ਮੂੰਹ ਬੋਲਦੀ ਤਸਵੀਰ ਦਿਸਦੀ ਹੈ।"

ਇਹਨਾਂ ਲੋਕ ਗੀਤਾਂ ਵਿਚ ਕੂਕਿਆਂ ਦੇ ਤਕੜੇ ਪਿੰਡਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ–

"ਕੁੜਕਾ, ਸਾਗਪੁਰ, ਮੋਹੀ, ਗਿਣੇ ਪਿੰਡ ਕੂਕਿਆਂ ਦੇ।"

"ਦੋਵੇਂ ਨੌਗਲ, ਜੜ੍ਹਾਂ ਤੇ ਸਰਾਭਾ, ਬਣ ਗਏ ਨਾਮਧਾਰੀਏ।"

"ਬਿਲਾਸਪੁਰ ਤੇ ਰਹੂਰ ਪਿੰਡ ਬੱਸੀਆਂ, ਕੂਕੇ ਬਣ ਜਾਣਗੇ।"

ਇਸ ਤੋਂ ਇਲਾਵਾ "ਝਨਾਂ ਦੀਆਂ ਲਹਿਰਾਂ ਤੇ", "ਤਿੰਨ ਰੰਗ" ਵੱਡ ਆਕਾਰੀ ਇਤਿਹਾਸਕ ਕਹਾਣੀਆਂ ਇਸੇ ਅੰਕ ਵਿਚ ਆਪ ਦੀਆਂ ਲਿਖੀਆਂ ਹਨ। 'ਤਿੰਨ ਰੰਗ' ਵਿਚ ਉਹਨਾਂ ਦੱਸਿਆ ਹੈ ਕਿ ਆਪ ਦੇ ਪਿੰਡ 'ਰੰਗਦਾ ਕੰਬ' ਦਾ ਨਾਂ 'ਗੁਰੂ ਸਰ', ਗੁਰੂ ਹਰੀ ਸਿੰਘ ਜੀ ਨੇ ਧਰਿਆ ਸੀ, ਜਦੋਂ ਆਪ ਦੌਰੇ 'ਤੇ ਉਥੇ ਗਏ ਸਨ। ਮਾਤਾ ਭੁਪਿੰਦਰ ਕੌਰ ਜੀ ਦੀ ਵਿਸ਼ਾਲ ਦਿਲੀ ਨੂੰ ਪ੍ਰਗਟ ਕਰਦੀ ਇਕ ਕਹਾਣੀ 'ਅੰਗੂਠੀ' ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਸਮੇਂ 'ਸਤਿਜੁਗ' ਦੇ ਵਿਸ਼ੇਸ਼ ਅੰਕ ਵਿਚ ਛਪੀ ਸੀ। 'ਕਥਾ ਮਾਰਵਾੜ ਦੀ' ਅਤੇ ਕੁਝ ਹੋਰ ਯਾਤਰਾ ਬ੍ਰਿਤਾਂਤ ਲਿਖ ਕੇ ਵੀ ਉਨ੍ਹਾਂ ਨੇ ਪ੍ਰਸਿੱਧੀ ਖੱਟੀ ਸੀ। ਰਜਿੰਦਰ ਸਿੰਘ ਹੋਰਾਂ ਦੀ ਲਿਖਤ ਮੁਤਾਬਿਕ ਸੂਬਾ ਹੁਕਮਾ ਸਿੰਘ ਜੀ ਰਿਹਾਈ ਤੋਂ ਬਾਅਦ ਗੁਰੂਸਰ ਹੀ ਨਿਵਾਸ ਰੱਖਿਆ ਸੀ ਅਤੇ ਇਥੇ ਹੀ ਉਹਨਾਂ ਦਾ ਸਸਕਾਰ ਕੀਤਾ ਗਿਆ ਸੀ।

ਇਉਂ ਅਸੀਂ ਵੇਖਦੇ ਹਾਂ ਕਿ ਇਕ ਉਤਸ਼ਾਹੀ ਪਰਿਵਾਰ, ਜਿਸ ਨੂੰ ਦੇਸ਼ ਭਗਤੀ ਦੀ ਜਾਗ ਲੱਗ ਚੁੱਕੀ ਸੀ, ਵਿਚ ਜਨਮ ਲੈ ਕੇ ਰਜਿੰਦਰ ਸਿੰਘ ਨੇ ਖੇਤੀਬਾੜੀ ਕਰਦਿਆਂ ਵੀ ਲਿਖਣ ਪੜ੍ਹਨ ਦਾ ਸਫ਼ਰ ਜਾਰੀ ਰੱਖਿਆ। ਇਹ ਉਸਦਾ ਸਾਮੰਤੀ ਪਿਛੋਕੜ ਸੀ ਜਾਂ ਗੁਰੂ ਪਰਿਵਾਰ ਨਾਲ ਨਿਕਟ ਰਿਸ਼ਤੇਦਾਰੀ ਜਿਸ ਕਾਰਨ ਉਹ ਆਪਣੇ ਦੋਹਾਂ ਜਮਾਤੀਆਂ ਪ੍ਰੀਤਮ ਸਿੰਘ ਕਵੀ ਅਤੇ ਪ੍ਰੀਤਮ ਸਿੰਘ ਪੰਛੀ ਜਿਉਂ ਤਰੱਕੀ ਪਸੰਦ ਵਿਚਾਰਧਾਰਾ ਦੀ ਪੀਡੀ ਗ੍ਰਿਫ਼ਤ ਵਿਚ ਆਉਣੋਂ ਬਚਿਆ ਰਿਹਾ। ਪਰ ਉਸ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਅਤੇ ਵਿਗਿਆਨਕ ਵਿਚਾਰਧਾਰਾ ਉਸ ਦੀਆਂ ਲਿਖਤਾਂ ਵਿਚ ਵਿਦਮਾਨ ਹੈ। ਉਹ ਸਮਝਦਾ ਸੀ ਕਿ ਅਜੋਕਾ ਜੁੱਗ ਧਰਮ ਅਤੇ ਵਿਗਿਆਨ ਦਾ, ਇਕ ਦੂਜੇ ਨਾਲ ਟਕਰਾਉਣ ਦਾ ਨਾ ਹੋ ਕੇ, ਸਮਨਵੈ ਦਾ ਜੁੱਗ ਹੈ। ਨਾਮਧਾਰੀਆਂ ਦੁਆਰਾ ਰਚਿਤ ਪੰਜਾਬੀ ਸਾਹਿਤ ਵਿਚ ਰਜਿੰਦਰ ਸਿੰਘ ਗੁਰੂਸਰ ਇਕ ਮਾਣਯੋਗ ਵਾਧਾ ਹੈ।

Sri Satguru Jagjit Singh Ji eLibrary NamdhariElibrary@gmail.com

ਬੁੱਧ, ਬਿਬੇਕ ਤੇ ਪ੍ਰੇਮਾ ਭਗਤੀ ਦੀ ਤ੍ਰਿਮੂਰਤੀ ਡਾ. ਅਮਰ ਭਾਰਤੀ

ਕਿਸ ਨੇ ਕਿਆਸਿਆ ਸੀ ਕਿ ਦੋ ਢਾਈ ਸਾਲਾਂ ਦੇ ਵਕਫ਼ੇ ਵਿਚ ਹੀ ਅਸੀ ਸਾਹਿਤਕ ਪੱਖੋਂ ਏਨੇ ਕੰਗਾਲ ਹੋ ਜਾਵਾਂਗੇ ਪਹਿਲਾਂ ਗਏ ਦਰਵੇਸ਼ ਲੇਖਕ, ਸ਼ਾਇਰ ਤੇ ਸਾਖੀਕਾਰ ਮਾਸਟਰ ਨਿਹਾਲ ਸਿੰਘ ਜੀ, ਫਿਰ ਪੱਤਰਾ ਵਾਚ ਗਏ "ਬੀਤੇ ਦੀਆਂ ਪੈੜਾਂ" ਜਿਹੀ ਵੱਡ-ਆਕਾਰੀ ਰਚਨਾ ਦੇ ਸਮਰੱਥ ਲੇਖਕ ਪ੍ਰੀਤਮ ਸਿੰਘ ਜੀ ਕਵੀ ਤੇ ਹੁਣ ਅਚੋਪਲੇ ਹੀ ਉਡਾਰੀ ਮਾਰ ਗਏ ਹਨ ਧੁਰੰਧਰ ਵਿਦਵਾਨ ਅਤੇ ਚਰਚਿਤ ਸਾਹਿਤਕਾਰ ਡਾ. ਅਮਰ ਭਾਰਤੀ। ਉਹ ਗਿਆਨ ਦਾ ਸਮੁੰਦਰ ਸਨ। ਹਿੰਦੀ, ਪੰਜਾਬੀ ਅਤੇ ਬੰਗਲਾ ਭਾਸ਼ਾਵਾਂ ਦਾ ਉਹਨਾਂ ਦਾ ਗਿਆਨ ਅਸਧਾਰਨ ਸੀ। ਭਾਰਤ ਦੀ ਸਾਹਿਤ ਅਕਾਦਮੀ ਵਲੋਂ ਉਹ ਬੰਗਲਾ ਦੀਆਂ ਉਤਕ੍ਰਿਸ਼ਟ ਸਾਹਿਤਕ ਕਿਰਤਾਂ ਦੇ ਪੰਜਾਬੀ ਅਨੁਵਾਦ ਲਈ ਸਨਮਾਨੇ ਵੀ ਗਏ ਸਨ। ਉਹਨਾਂ ਦੇ ਘੱਟੋ ਘੱਟ ੧੦ ਅਜੇਹੀਆਂ ਪੁਸਤਕਾਂ ਦੇ ਪੰਜਾਬੀ ਵਿਚ ਅਨੁਵਾਦ ਛਪੇ ਹਨ। ਅਸਾਮੀ ਕਵਿਤਾ ਦੀ ਇਕ ਪੁਸਤਕ ਦਾ ਤਰਜਮਾ ਵੀ ਉਹਨਾਂ ਦੇ ਜ਼ਿੰਮੇ ਲਗਦਾ ਹੈ। ਪੰਜਾਬੀ ਵਿਚ ਉਹਨਾ ਦੀਆਂ ਵਿਵਿਧ ਵਿਸ਼ਿਆਂ ਨਾਲ ਸੰਬੰਧਿਤ ਪੰਜ-ਛੇ ਪੁਸਤਕਾਂ ਮਿਲਦੀਆਂ ਹਨ, ਜਿਹੜੀਆਂ ਖੋਜ ਖੇਤਰ ਨਾਲ ਵੀ ਸਬੰਧਤ ਹਨ। ਗੁਰਬਾਣੀ ਦੇ ਡੂੰਘੇ ਰਹੱਸਾਂ ਦੀ ਵਿਆਖਿਆ ਵੀ ਕਰਦੀਆਂ ਹਨ। ਸੰਸਮਰਣ ਵੀ ਹਨ। ਰੌਚਿਕ ਯਾਤਰਾ ਨਿਬੰਧ ਵੀ ਅਤੇ ਗੁਰਬਾਣੀ ਦੇ ਕੇਂਦਰੀ ਧੁਰੇ 'ਸਤਿਗੁਰੂ' ਦੀ ਸ਼ਖਸੀਅਤ ਦਾ ਸ਼ਰਧਾ ਗਾਨ ਵੀ।

ਉਹ ਮਾਝੇ ਦੇ ਪ੍ਰਸਿੱਧ ਪਿੰਡ ਲੋਪੋਕੇ (ਅੰਮ੍ਰਿਤਸਰ) ਦੇ ਮੂਲ ਨਿਵਾਸੀ ਸਨ, ਜਿਸ ਪਿੰਡ ਨੇ ੧੮੭੧ ਈ. ਦੇ ਅੰਮ੍ਰਿਤਸਰ ਬੁੱਚੜ ਬੱਧ ਵਿਚ ਹਿੱਸਾ ਲੈਣ ਵਾਲੇ ਨਾਮਧਾਰੀ ਵੀ ਤੋਰੇ ਅਤੇ ਗ਼ਦਰ ਪਾਰਟੀ ਲਹਿਰ ਵਿਚ ਫਾਂਸੀ ਕਬੂਲਣ ਵਾਲੇ ਮੇਵਾ ਸਿੰਘ ਜਿਹੇ ਸ਼ਹੀਦ ਵੀ ਪੈਦਾ ਕੀਤੇ। ਵੀਹਵੀਂ ਸਦੀ ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਪ੍ਰਸਿੱਧ ਨਾਮਧਾਰੀ ਪ੍ਰਚਾਰਕ, ਸਿਧਾਂਤਕਾਰ, ਪੱਤਰਕਾਰ, ਬੁਲਾਰਾ, ਕਵੀ ਤੇ ਆਜ਼ਾਦੀ ਘੁਲਾਟੀਆ ਸੰਤ ਨਿਧਾਨ ਸਿੰਘ ਆਲਿਮ ਵੀ ਇਸ ਪਿੰਡ ਦੀ ਜ਼ਰਖੇਜ਼ ਭੋਇੰ ਵਿਚੋਂ ਉਗਮਿਆ ਸੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਡਾ. ਭਾਰਤੀ ਅਤੇ ਉਨ੍ਹਾਂ ਜਿਹੀਆਂ ਹੀ ਸਾਹਿਤਕ ਰੁਚੀਆਂ ਵਾਲੇ ਪੱਤਰਕਾਰ ਉਨ੍ਹਾਂ ਦੇ ਵੱਡੇ ਭਰਾਤਾ ਸੰਤ ਮੰਗਲ ਸਿੰਘ ਲਾਇਲਪੁਰੀ ਵੀ ਆਲਿਮ ਜੀ ਦੇ ਇਸ ਪ੍ਰਭਾ ਮੰਡਲ ਦੀ ਬਦੌਲਤ ਹੀ ਅੱਖਰਾਂ ਦੀ ਦੁਨੀਆਂ, ਸ਼ਬਦਾਂ ਦੇ ਸੰਸਾਰ ਵਲ ਰੁਚਿਤ ਹੋਏ। ਉਂਝ ਪੰਜਾਬੀ ਜਨ-ਜੀਵਨ ਦੇ ਸਫ਼ਲ ਚਿਤੇਰੇ, ਉੱਘੇ ਕਵੀ ਲਾਲਾ ਧਨੀ ਰਾਮ ਚਾਤ੍ਰਿਕ ਵੀ ਨਾ ਸਿਰਫ਼ ਲੋਪੋਕਿਆਂ ਦੇ ਹੀ ਸਨ, ਸਗੋਂ ਭਾਰਤੀ ਪਰਿਵਾਰ ਨਾਲ ਨੇੜਿਉਂ ਹੀ ਉਹਨਾਂ ਦੀ ਅੰਗਲੀ-ਸੰਗਲੀ ਰਲਦੀ ਸੀ। ਭਾਰਤੀ ਜੀ ਦੀ ਸ਼ੈਲੀ ਦੇ ਕੇਂਦਰੀ ਟਕਸਾਲੀ ਪੰਜਾਬੀ ਹੋਣ ਦਾ ਕਾਰਨ 'ਚਾਤ੍ਰਿਕ ਵਰਦਾਨ' ਵੀ ਹੋ ਸਕਦਾ ਹੈ।

ਮੇਰੀ ਪੀੜ੍ਹੀ ਦੇ ਨਾਮਧਾਰੀਆਂ ਵਿਚੋਂ ਘੱਟ ਨੂੰ ਹੀ ਇਹ ਯਾਦ ਹੋਏਗਾ ਕਿ 'ਸਤਿਜੁਗ' ਅਤੇ ਹੋਰ ਪੰਜਾਬੀ ਪੱਤ੍ਰਕਾਵਾਂ ਵਿਚ ਅਮਰ ਸਿੰਘ ਦੇ ਨਾਂ ਹੇਠ ਛਪਣ ਵਾਲਾ ਇਹ ਸੱਜਣ 'ਅਮਰ ਭਾਰਤੀ' ਕਦੋਂ ਹੋ ਗਿਆ ਸੀ। ਮੇਰੀ ਉਹਨਾਂ ਦੀ ਪਹਿਲੀ ਯਾਦ, "ਨਵਾਂ ਹਿੰਦੁਸਤਾਨ" ਦਿੱਲੀ ਤੋਂ ਛਪਣ ਵਾਲੇ ਰੋਜ਼ਾਨਾ ਪੰਜਾਬੀ ਅਖ਼ਬਾਰ ਦੀ ਸੰਪਾਦਕੀ ਨਾਲ ਜੁੜੀ ਹੋਈ ਹੈ। ਕਰੀਵਾਲਾ (ਸਿਰਸਾ) ਮੇਰੇ ਪਿੰਡ ਵਿਖੇ ੧੯੬੪ ਈ. ਦਾ ਨਾਮਧਾਰੀ ਹੋਲਾ ਮਹੱਲਾ ਸੀ। 'ਨਵਾਂ ਹਿੰਦੁਸਤਾਨ' ਨੇ ਇਸ ਸਮੇਂ ਇਕ ਵਿਸ਼ੇਸ਼ ਅੰਕ ਕੱਢਿਆ ਸੀ ਅਤੇ ਮੇਰੀ ਇਕ ਕਵਿਤਾ ਇਸ ਵਿਚ ਛਪੀ ਸੀ - "ਲੋਕਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।" ਉਸ ਤੋਂ ਅਗਲੇ ਵਰ੍ਹੇ ਗਰਮੀਆਂ ਦੇ ਦਿਨਾਂ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਹਿਲਾ ਵਿੱਦਿਅਕ ਸੰਮੇਲਨ ਹੋਇਆ। ਇਹ ਤੇ ਹੁਣ ਯਾਦ ਨਹੀਂ

Sri Satguru Jagjit Singh Ji eLibrary NamdhariElibrary@gmail.com

ਕਿ ਭਾਰਤੀ ਜੀ ਉਸ ਸੰਮੇਲਨ ਵਿਚ ਹਾਜ਼ਰ ਸਨ ਜਾਂ ਨਹੀਂ ਪਰ ਉਹਨਾਂ ਦੁਆਰਾ ਲਿਖੀ ਹੋਈ ਪੁਸਤਕ 'ਸਿੱਖ ਇਤਿਹਾਸ ਤੇ ਕੂਕੇ – ਤੁਲਨਾਤਮਕ ਅਧਿਐਨ' ਉਸ ਸੰਮੇਲਨ ਵਿਚ ਹੀ ਪੜ੍ਹਨ ਨੂੰ ਮਿਲੀ। ਪੁਸਤਕ ਦਾ ਪਹਿਲਾ ਅਧਿਆਇ 'ਦ੍ਰਿਸ਼ਟੀਕੋਣ ਦੀ ਅਰਾਜਕਤਾ' ਆਪਣੇ ਨਾਂ ਤੋਂ ਵੀ ਖਿੱਚ ਪਾਉਂਦਾ ਸੀ ਅਤੇ ਜਿਵੇਂ ਜਿਵੇਂ ਪਾਠਕ ਇਸ ਵਿਚੋਂ ਗੁਜ਼ਰਦਾ ਸੀ ਉਹ ਆਪਣੀ ਬੌਧਿਕ ਸਮਰੱਥਾ ਵਿਚ ਨਿਸ਼ਚਿਤ ਵਾਧਾ ਵੀ ਮਹਿਸੂਸ ਕਰਦਾ ਸੀ ਅਤੇ ਲੇਖਕ ਦੀ ਇਤਿਹਾਸ ਦ੍ਰਿਸ਼ਟੀ ਦੇ ਬਲਿਹਾਰੇ ਵੀ ਜਾਂਦਾ ਸੀ। ਇਹ ਉਹ ਸਮਾਂ ਸੀ ਜਦੋਂ ਡਾ. ਗੰਡਾ ਸਿੰਘ ਜਿਹੇ ਪੰਜਾਬ ਦੇ ਇਤਿਹਾਸਕਾਰ, ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਪੰਜਾਬ ਵਿਚ ਚੱਲੇ ਸੁਤੰਤਰਤਾ ਸੰਗਰਾਮ, ਅੰਗਰੇਜ਼ ਸਰਕਾਰ ਵਿਰੁੱਧ ਪਹਿਲੇ ਅਸਹਿਯੋਗ ਅੰਦੋਲਨ, ਬਾਈਕਾਟ ਵਗੈਰਾ ਤੋਂ ਮੁਨਕਰ ਹੋ ਰਹੇ ਸਨ। ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ – ਪੰਜਾਬ ਵਿਚ ਜੋ ੬੦ਵਿਆਂ ਵਿਚ ਹੀ ਛਪਿਆ ਸੀ, ਵਿਚ ਡਾ. ਗੰਡਾ ਸਿੰਘ ਹੋਰਾਂ ਦੀਆਂ ਅਜੇਹੀਆਂ ਪ੍ਰਸਥਾਪਨਾਵਾਂ ਦੀ ਕਾਟ, ਅਮਰ ਭਾਰਤੀ ਹੋਰਾਂ ਇਸੇ ਗ੍ਰੰਥ "ਪੰਜਾਬ" ਦੇ ਹੋਰ ਲੇਖਕਾਂ ਦੇ ਹਵਾਲਿਆਂ ਨਾਲ ਕੀਤੀ ਸੀ। ਭਾਰਤੀ ਜੀ ਦੇ ਤਰਕ ਅਕੱਟ ਸਨ ਅਤੇ ਇਤਿਹਾਸ ਦੀਆਂ ਕਈ ਹਨ੍ਹੇਰੀਆਂ ਕੁੱਠਾਂ ਨੂੰ ਫਰੋਲ ਕੇ ਉਹਨਾਂ ਨੇ ਕਿੰਨਾ ਕੁਝ ਨਵਾਂ ਨਵਾਂ ਤੇ ਉੱਜਲਾ ਉੱਜਲਾ ਪ੍ਰਗਟ ਕੀਤਾ ਸੀ ਅਤੇ ਸਿੱਧ ਕੀਤਾ ਸੀ ਕਿ ਮਹਾਤਮਾ ਗਾਂਧੀ ਨੇ ਆਪਣੇ ਕੌਮੀ ਅੰਦੋਲਨ ਦੇ ਸਵਦੇਸ਼ੀ ਵਾਲੇ ਮਕਬੂਲ ਨਾਹਰੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਲਏ ਸਨ। ਸੰਤ ਨਿਧਾਨ ਸਿੰਘ 'ਆਲਮ' ਦੀ ਤਿੰਨ ਭਾਗਾਂ ਵਿਚ ਛਪੀ ਪੁਸਤਕ "ਗੁਰੂ ਪਦ ਪ੍ਰਕਾਸ਼" ਤੋਂ ਬਾਅਦ ਇਹ ਭਾਰਤੀ ਜੀ ਦੀ ਕਿਤਾਬ ਸੀ ਜੋ ਨਾਮਧਾਰੀ ਲੇਖਕਾਂ ਅਤੇ ਪ੍ਰਚਾਰਕਾਂ ਨੂੰ ਜ਼ੁਬਾਨ ਦਿੰਦੀ ਸੀ ਅਤੇ ਇਸਦੀ ਨਾਮਧਾਰੀ ਤੇ ਹੋਰ ਸਾਹਿਤਕ ਹਲਕਿਆਂ ਵਿਚ ਮਕਬੂਲੀਅਤ ਦਾ ਅੰਦਾਜ਼ਾ ਇਸੇ ਗੱਲ ਤੋਂ ਲੱਗਦਾ ਸੀ ਕਿ ਪਹਿਲੇ ਐਡੀਸ਼ਨ ਤੋਂ ੨ ਸਾਲ ਬਾਅਦ ੧੯੬੬ ਈ. ਵਿਚ ਹੀ ਇਸਦਾ ਦੂਸਰਾ ਐਡੀਸ਼ਨ ਛਾਪਣਾ ਪਿਆ।

"ਨਵਾਂ ਹਿੰਦੁਸਤਾਨ" ਪਹਿਲਾਂ ਮਾਸਿਕ ਜਾਂ ਸਪਤਾਹਿਕ ਸੰਤ ਮੰਗਲ ਸਿੰਘ ਲਾਇਲਪੁਰੀ ਜੀ ਨੇ ਦਿੱਲੀ ਤੋਂ ਹੀ ਸ਼ੁਰੂ ਕੀਤਾ ਸੀ। ਸੰਤਾਂ ਦੇ ਸੁਰਗਵਾਸ ਹੋਣ ਤੋਂ ਕੁਝ ਸਮਾਂ ਪਹਿਲਾਂ ਇਸ ਨੂੰ ਅਮਰ ਭਾਰਤੀ ਜੀ ਨੇ ਸੰਪਾਦਿਤ ਕਰਨਾ ਸ਼ੁਰੂ ਕਰ ਦਿੱਤਾ। ਉਦੋਂ ਤੱਕ ਇਹ ਰੋਜ਼ਾਨਾ ਵੀ ਹੋ ਚੁੱਕਿਆ ਸੀ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਨੂੰ ਆਪਣੇ ਸੰਰਖਸ਼ਣ ਵਿਚ ਲੈ ਕੇ ਨਾਮਧਾਰੀ ਸੰਗਤ ਦਾ ਅਖ਼ਬਾਰ ਵੀ ਬਣਾ ਦਿੱਤਾ। ਇਹ ਉਦੋਂ ਜ਼ਿਲ੍ਹਾ ਸਿਰਸਾ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਰੋਜ਼ਾਨਾ ਪਹੁੰਚਦਾ ਸੀ ਅਤੇ ਕਾ. ਪ੍ਰਕਾਸ਼ ਸਿੰਘ ਰਾਇਸਰੀ (ਉੱਘੇ ਕਵੀ ਸੰਤ ਰਾਮ ਉਦਾਸੀ ਦੇ ਵੱਡੇ ਭਾਈ) ਇਸ ਨੂੰ ਸਾਇਕਲ 'ਤੇ ਸਿਰਸਿਉਂ ਲਿਆ ਕੇ ਇਲਾਕਾ ਜੀਵਨ ਨਗਰ ਦੇ ਪਿੰਡਾਂ ਵਿਚ ਰੋਜ਼ਾਨਾ ਵਿਤਰਿਤ ਕਰਦੇ ਸਨ। ਵਿਸ਼ਵ ਸਤਹ ਤੇ ਇਹ ਸਮਾਂ ਠੰਢੀ ਜੰਗ ਦਾ ਸਮਾਂ ਸੀ। ਸੋਵੀਅਤ ਸੰਘ ਦੀ ਅਗਵਾਈ ਵਿਚ ਦੁਨੀਆਂ ਭਰ ਦੀਆਂ ਸ਼ਾਂਤੀਕਾਮੀ ਸ਼ਕਤੀਆਂ ਭਾਰਤ ਸਮੇਤ ਸਰਗਰਮ ਸਨ। ਸਤਿਗੁਰੂ ਜਗਜੀਤ ਸਿੰਘ ਜੀ ਉਦੋਂ ਪੰਜਾਬ ਅਮਨ ਕੌਂਸਲ ਦੇ ਸਤਿਕਾਰਤ ਪ੍ਰਧਾਨ ਸਨ। ਵੀਅਤਨਾਮ ਵਿਚ ਅਮਰੀਕੀ ਧੌਂਸ ਧੱਟੀ ਦੇ ਬਖੀਏ ਭਾਰਤੀ ਜੀ ਆਪਣੇ ਅਖ਼ਬਾਰ ਵਿਚ ਉਧੇੜਦੇ ਸਨ ਅਤੇ ਸੰਸਾਰ ਅਮਨ ਲਈ ਵੀ ਦਿਲ ਖੋਲ੍ਹ ਕੇ ਲਿਖਦੇ। ਅਖ਼ਬਾਰ ਦੀ ਨੀਤੀ ਅੱਗੇ ਵਧੂ, ਜਮਹੂਰੀਅਤ ਪਸੰਦ ਅਤੇ ਧਰਮ ਨਿਰਪੱਖ ਸੀ। ਇਹੋ ਸਮਾਂ ਪੰਜਾਬੀ ਸੂਬੇ ਦੀ ਸਥਾਪਨਾ ਲਈ ਲੱਗਣ ਵਾਲੇ ਅਕਾਲੀ ਮੋਰਚਿਆਂ ਦਾ ਸਮਾਂ ਵੀ ਸੀ।

ਭਾਰਤੀ ਜੀ ਨੇ ਆਪਣੇ ਪਰਚੇ ਵਿਚ ਉਤੇਜਿਤੀ ਮੁੱਖ ਲੇਖ ਤੇ ਹੋਰ ਲੇਖ ਲਿਖ ਕੇ ਭਾਸ਼ਾ ਦੇ ਸੁਆਲ ਤੇ ਸਿੱਖ ਅਤੇ ਹਿੰਦੂ ਫ਼ਿਰਕਾਪ੍ਰਸਤਾਂ ਦੀਆਂ ਗੱਟਜ਼ ਸਥਾਪਨਾਵਾਂ ਦਾ ਵਿਰੋਧ ਕੀਤਾ। ਉਹਨਾਂ ਨੇ ਬਾਗੜੀ ਅਤੇ ਪਹਾੜੀ ਆਦਿ ਨੂੰ ਪੰਜਾਬੀ ਦੀਆਂ ਉਪ ਭਾਸ਼ਾਵਾਂ ਦੱਸਦੇ ਹੋਏ ਵਿਸ਼ਾਲ ਪੰਜਾਬੀ ਸੂਬੇ ਦੀ ਹਮਾਇਤ ਕੀਤੀ ਸੀ। ਪਰ ਕਿਉਂਕਿ ਅਕਾਲੀ ਲੀਡਰ ਉਹ ਖਿੱਤਾ ਚਾਹੁੰਦੇ ਸਨ ਜਿਸ ਵਿਚ ਸਿੱਖ ਬਹੁਗਿਣਤੀ ਵਿਚ ਆ ਜਾਣ, ਇਸ ਲਈ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਜਾਂ ਹਰਿਆਣੇ ਵਿਚ ਚਲੇ ਗਏ। ਪੰਜਾਬੋਂ ਬਾਹਰਲੇ ਪੰਜਾਬੀ ਭਾਈਆਂ ਨੂੰ ਜੇ ਭਾਰਤੀ ਜੀ ਦੇ ਉਹ ਲੇਖ ਸੁਣਾਏ ਪੜ੍ਹਾਏ ਜਾਣ ਤਾਂ ਉਹ ਕਹਿ ਸਕਦੇ ਹਨ ਕਿ ਜੋ ਦੁਰਦਸ਼ਾ ਅਸੀਂ ਹੁਣ ਭੋਗ ਰਹੇ ਹਾਂ ਇਸ ਬਾਰੇ ਉਸ

Sri Satguru Jagjit Singh Ji eLibrary NamdhariElibrary@gmail.com

ਸਿਆਣੇ ਬੰਦੇ ਨੂੰ ਕਿੰਨੀ ਅਗਾਊਂ ਸੂਝ ਸੀ। ਉਹਨਾਂ ਲੇਖਾਂ ਦਾ ਇਕ ਕਿਤਾਬਚਾ "ਪੰਜਾਬੀ ਸੂਬਾ ਤੇ ਅਸੀਂ ਪੰਜਾਬੀ" ਛਪਿਆ ਸੀ ਜਿਸਦੇ 'ਮੁਖ ਸ਼ਬਦ' ਵਿਚ ੭ ਜਨਵਰੀ ੧੯੬੬ ਨੂੰ ਭਾਰਤੀ ਹੋਰਾਂ ਨੇ ਲਿਖਿਆ ਸੀ:

"ਪੰਜਾਬ ਵਿਚ ਭਾਸ਼ਾ ਦੀ ਚਰਚਾ ਹਿੰਦੂ ਸਿੱਖ ਦੇ ਨਾਮ ਉੱਤੇ ਹੋ ਰਹੀ ਹੈ, ਜਿਸ ਨੂੰ ਅਸੀਂ ਪੰਜਾਬ ਲਈ ਚੰਗੀ ਗੱਲ ਨਹੀਂ ਸਮਝਦੇ।...ਪੰਜਾਬ ਵਿਚ ਜਿਹੜੇ ਹਿੰਦੀ ਲਈ ਲੜਦੇ ਹਨ ਉਹ ਹਿੰਦੀ ਨਹੀਂ ਜਾਣਦੇ ਤੇ ਜਿਹੜੇ ਪੰਜਾਬੀ ਦੀ ਦੁਹਾਈ ਦੇਂਦੇ ਹਨ ਉਹ ਪੰਜਾਬੀ ਦੀ ਮਰਯਾਦਾ ਨਹੀਂ ਪਛਾਣਦੇ।...ਅਸੀਂ ਦੇਸ਼ ਦੀ ਅਖੰਡਤਾ, ਕੌਮੀ ਏਕਤਾ ਤੇ ਧਾਰਮਿਕ ਸਹਿਹੋਂਦ ਦੇ ਵਿਸ਼ਵਾਸੀ ਹਾਂ ਇਸ ਲਈ ਕਿਸੇ ਵੀ ਅਜਿਹੀ ਗੱਲ ਦੀ ਹਮਾਇਤ ਨਹੀਂ ਕਰਦੇ ਜਿਹੜੀ ਕਿਸੇ ਵੀ ਤਰ੍ਹਾਂ ਦੇਸ਼ ਦੇ ਲੋਕਾਂ ਨੂੰ ਆਪਸ ਵਿਚ ਪਾੜਦੀ ਹੋਵੇ, ਸ਼ੱਕ ਸ਼ਕੂਕ ਪੈਦਾ ਕਰਦੀ ਹੋਵੇ ਤੇ ਪ੍ਰਸਪਰ ਝਗੜਿਆਂ ਦਾ ਕਾਰਨ ਬਣਦੀ ਹੋਵੇ।

"ਜਿਥੋਂ ਤੱਕ ਭਾਸ਼ਾ ਦੇ ਆਧਾਰ ਉੱਤੇ ਸੂਬਿਆਂ ਦੀ ਰਚਨਾ ਦਾ ਸਵਾਲ ਹੈ ਅਸੀਂ ਉਸ ਦੀ ਹਮਾਇਤ ਕਰਦੇ ਹਾਂ ਪਰ ਜੇ ਏਸ ਹੀ ਸਵਾਲ ਨੂੰ ਗਲਤ ਢੰਗ ਨਾਲ ਤੇ ਹੋਰ ਮਨੋਰਥਾਂ ਨਾਲ ਪੇਸ਼ ਕਰਕੇ ਇਸ ਬਾਰੇ ਦੂਜੀਆਂ ਧਿਰਾਂ ਵਿਚ ਭੁਲੇਖੇ ਪੈਦਾ ਕਰ ਦਿੱਤੇ ਗਏ ਹੋਣ, ਜਿਸ ਨਾਲ ਇਕੋ ਦੇਸ਼ ਇਕੋ ਪ੍ਰਾਂਤ ਵਿਚ ਰਹਿਣ ਵਾਲੇ ਲੋਕਾਂ ਵਿਚ ਇਕ ਦੂਜੇ ਦੇ ਪ੍ਰਤੀ ਸ਼ੱਕ ਤੇ ਡਰ ਦੀ ਭਾਵਨਾ ਪੈਦਾ ਹੁੰਦੀ ਹੋਵੇ ਤਾਂ ਅਸੀਂ ਉਲਾਰ ਦ੍ਰਿਸ਼ਟੀਕੋਣ ਛੱਡਕੇ, ਉਹ ਰਾਹ ਤਲਾਸ਼ ਕਰਨ ਦੇ ਹੱਕ ਵਿਚ ਹਾਂ, ਜਿਸ ਨਾਲ ਦੇਸ਼ ਦੀ ਸਭ ਤੋਂ ਕੀਮਤੀ ਚੀਜ਼ ਕੌਮੀ ਤੇ ਮਜ਼ਹਬੀ ਏਕਤਾ ਨੂੰ ਸੱਟ ਨਾ ਵੱਜੇ।"

ਭਾਰਤੀ ਹੋਰਾਂ ਦੇ ਜੀਵਨ ਵਿਚ ਯਾਤਰਾ ਅਤੇ ਵਿਸ਼ੇਸ਼ ਕਰਕੇ ਪਰਬਤ ਯਾਤਰਾ ਨਾਲ ਗੂੜ੍ਹਾ ਲਗਾਉ ਸੀ। ਉਹ 'ਪ੍ਰਤੱਖ ਨੂੰ ਪ੍ਰਮਾਣ ਨਹੀਂ' ਦੇ ਅਸੂਲ ਦੇ ਧਾਰਨੀ ਸਨ। ਮੈਂ ਉਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕਾਨੂੰਨ ਵਿਭਾਗ ਦਾ ਵਿਦਿਆਰਥੀ ਸਾਂ। ਡਾ. ਜਸਵੰਤ ਸਿੰਘ ਜੋਸ਼ ਹੋਰਾਂ ਦਾ ਉਹ ਆਖ਼ਰੀ ਸਾਲ ਸੀ ਕਾਨੂੰਨ ਵਿਚ ਤੇ ਮੇਰਾ ਪਹਿਲਾ। ਉਹ ਮੇਰੇ ਤੋਂ ਪਹਿਲਾਂ ਦੇ ਭਾਰਤੀ ਜੀ ਦੇ ਪ੍ਰਸ਼ੰਸਕ ਸਨ, ਦਿੱਲੀ ਉਹਨਾਂ ਪਾਸ ਕਾਫ਼ੀ ਸਮਾਂ ਰਹਿੰਦੇ ਰਹੇ ਸਨ ਅਤੇ ਉਹ ਹੁਣ ੧੬ ਸੈਕਟਰ ਵਿਚ ਹਰਚਰਨ ਸਿੰਘ ਨਿਰਮਾਣ ਕੋਲ ਰਹਿ ਰਹੇ ਸਨ, ਉਹ ਵੀ ਭਾਰਤੀ ਜੀ ਦੇ ਮਿੱਤਰ ਸਨ। ੨੫ ਜਨਵਰੀ ੧੯੭੧ ਦੀ ਸ਼ਾਮ ਨੂੰ ਭਾਰਤੀ ਜੀ ਚੰਡੀਗੜ੍ਹ ਆਏ ਅਤੇ ਸਾਨੂੰ ਵੀ ਨਾਲ ਤੋਰ ਲਿਆ ਕਿ ਸ਼ਿਮਲੇ ਵਿਚ ਬਰਫ਼ ਪੈ ਰਹੀ ਹੈ। ੨੬ ਜਨਵਰੀ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹਿਮਾਚਲ ਨੂੰ ਪੂਰੇ ਰਾਜ ਦਾ ਦਰਜਾ ਦੇ ਕੇ ਮੁੜ ਰਹੇ ਸਨ। ਅਸਾਂ ਸ਼ਿਮਲੇ ਨੂੰ ਜਾ ਰਹੀ ਆਪਣੀ ਬੱਸ ਵਿਚੋਂ ਉਹਨਾਂ ਦੇ ਚਲੰਤੇ ਦਰਸ਼ਨ ਕੀਤੇ। ਪਹਿਲਾਂ ਇਕ ਹੋਟਲ ਵਿਚ ਟਿਕੇ। ਫਿਰ ਇਕ ਰਾਤ ਗੁਰਦੁਆਰੇ ਵੀ ਕੱਟੀ। ਦੋਵੇਂ ਦਿਨ ਕਿਣਮਿਣ ਹੁੰਦੀ ਰਹੀ। ਬਰਫ਼ ਪੈਂਦੀ ਦੇਖਣ ਦੀ ਰੀਝ ਕਿਸੇ ਅਗਲੇ ਸਮੇਂ ਤੇ ਪਾ ਕੇ ਮੁੜ ਆਏ। ਪਰ ਇਹਨਾਂ ਦੋਹਾਂ ਦਿਨਾਂ ਵਿਚ ਭਾਰਤੀ ਜੀ ਦੇ ਨਿੱਘੇ ਸੁਭਾਅ ਅਤੇ ਮਿਲਾਪੜੀ ਸ਼ਖ਼ਸੀਅਤ ਦੇ ਦਰਸ਼ਨ ਨੇੜਿਉਂ ਹੋ ਕੇ ਕਰਨ ਦਾ ਮੌਕਾ ਮਿਲਿਆ। ਉਹ ਫ਼ੈਸਲਾ ਕਰਨ ਲੱਗੇ ਵੀ ਚਿਰ ਨਹੀਂ ਸਨ ਲਾਉਂਦੇ। ਇਹ ਠੀਕ ਹੈ ਇਥੇ ਟਿਕ ਜਾਈਏ। ਨਹੀਂ ਠੀਕ ਤਾਂ ਚਲੋ ਅਗਲੀ ਭਾਲ ਵਿਚ ਨਿਕਲੀਏ। ਮੈਂ ਉਹਨਾਂ ਨਾਲੋਂ ਉਮਰ ਵਿਚ ਭਾਵੇਂ ਚੌਥਾਈ ਸਦੀ ਛੋਟਾ ਸਾਂ ਪਰ ਆਪਣੇ ਵਰ੍ਹਿਆਂ ਤੇ ਇਕ ਸਥਾਪਿਤ ਲੇਖਕ, ਪੱਤਰਕਾਰ ਵਾਲੇ ਰੁਤਬੇ ਦਾ ਰੋਅਬ ਉਹ ਹਮਸਫ਼ਰਾਂ ਤੇ ਪਾਉਣ ਦੇ ਆਦੀ ਨਹੀਂ ਸਨ। ਇਸ ਤੋਂ ਬਾਅਦ ਖ਼ਤਾਂ ਪੱਤਰਾਂ ਦੀ ਸਾਂਝ ਬਣੀ ਰਹੀ। ਇਹ ਜਾਣਕੇ ਕਿ ਮੈਂ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਹਾਂ ਜਾਂ ਹੋਣ ਵਾਲਾ ਹਾਂ ਉਹਨਾਂ ਨੇ ਇਸ ਬਿਖਮ ਮਾਰਗ ਦੀਆਂ ਔਕੜਾਂ ਬਾਰੇ, ਤਦੋਂਕੀ ਵਿਸ਼ਵ ਪ੍ਰਸਥਿਤੀ ਦੇ ਸੰਬੰਧ ਵਿਚ ਇਕ ਲੰਮਾ ਖ਼ਤ ਮੈਨੂੰ ਲਿਖਿਆ ਜੋ ਮੇਰੇ ਪਾਸ ਅਜੇ ਵੀ ਸਾਂਭਿਆ ਪਿਆ ਹੈ।

ਫਿਰ ਲੰਮਾ ਸਮਾਂ ਭਾਰਤੀ ਜੀ ਦੇ ਦਰਸ਼ਨਾਂ ਦਾ ਸਬੱਬ ਨਾ ਬਣਿਆ। 'ਨਵਾਂ ਹਿੰਦੁਸਤਾਨ' ਚਿਰੋਕਣਾ ਬੰਦ ਹੋ ਚੁੱਕਾ ਸੀ। ਜੋਸ਼ ਜੀ ਤੋਂ ਪਤਾ ਲਗਦਾ ਰਹਿੰਦਾ ਕਿ ਉਹ ਹਰੀ ਨਗਰ ਦਿੱਲੀ ਵਿਚ ਰਹਿੰਦੇ ਹਨ। ਹੋਮਿਓਪੈਥੀ ਦੀ ਆਪਣੀ ਦੁਕਾਨ ਚਲਾਉਂਦੇ ਹਨ ਤੇ ਪਠਨ ਪਾਠਨ ਵਿਚ ਰੁੱਝੇ ਰਹਿੰਦੇ ਹਨ। ਇਸ ਸਮੇਂ ਦੌਰਾਨ ਉਨ੍ਹਾਂ ਦੀਆਂ ਕਈ ਖ਼ੂਬਸੂਰਤ ਕਹਾਣੀਆਂ ਅੰਮ੍ਰਿਤਾ ਪ੍ਰੀਤਮ ਹੋਰਾਂ ਦੁਆਰਾ ਸੰਪਾਦਿਤ 'ਨਾਗਮਣੀ' ਵਿਚ ਪੜ੍ਹਨ ਨੂੰ ਮਿਲਦੀਆਂ। ਜ਼ਿਆਦਾ

Sri Satguru Jagjit Singh Ji eLibrary NamdhariElibrary@gmail.com

ਕਹਾਣੀਆਂ ਪਹਾੜੀ ਜਨ-ਜੀਵਨ ਬਾਰੇ ਹੁੰਦੀਆਂ। ਇਕ ਕਹਾਣੀ ਵਿਚ ਉਨ੍ਹਾਂ ਲਿਖਿਆ ਸੀ ਕਿ ਪਹਾੜ ਵਿਚ ਤਿੰਨ ਡਬਲਿਊ ਐਸੇ ਨੇ ਜਿਨ੍ਹਾਂ ਤੋਂ ਸੁਚੇਤ ਰਹਿਣਾ ਪੈਂਦਾ ਹੈ। ਵੇਅ (ਰਸਤਾ), ਵੈਦਰ (ਮੌਸਮ) ਤੇ ਵੁਮੈਨ (ਔਰਤ)। ਆਪਣੇ ਨਿਜੀ ਜੀਵਨ ਵਿਚ ਵੀ ਇਸ ਸੁਚੇਤ ਬਿਰਤੀ ਕਾਰਨ ਹੀ ਉਹਨਾਂ ਏਕਾਕੀ ਜੀਵਨ ਪਸੰਦ ਕੀਤਾ। ਇਹ ਵੱਖਰੀ ਗੱਲ ਹੈ ਕਿ ਰੰਗਾਂ ਸੁਗੰਧਾਂ ਦੀ ਦੁਨੀਆਂ ਤੇ ਛਾ ਜਾਣ ਵਾਲੇ ਕੁਝ ਲੋਕਾਂ ਦਾ ਸਾਥ ਉਹਨਾਂ ਨੂੰ ਅੱਲ੍ਹੜ ਵਰੇਸ ਵਿਚ ਹੀ ਮਿਲ ਗਿਆ ਸੀ। ਬਾਅਦ ਵਿਚ ਇਕ ਖਲਾਅ ਉਹਨਾਂ ਦੀ ਹੋਂਦ ਵਿਚ ਜਿਵੇਂ ਹਾਜ਼ਰ ਰਹਿੰਦਾ। ਇਸ ਸਦੀਵੀ ਤਲਾਸ਼ ਭਟਕਣ ਦੇ ਵਿਸਮਾਦੀ ਰੰਗ ਵਿਚ ਹੀ ਉਹਨਾਂ ਨੇ ਜ਼ਿੰਦਗੀ ਨੂੰ ਇਸਦੇ ਅਸਲੀ ਅਰਥਾਂ ਵਿਚ ਸਮਝਣ ਦਾ ਵੱਲ ਸਿੱਖਿਆ। ਆਪਣੀ ਜ਼ਿੰਦਗੀ ਦਾ ਮਨੋਰਥ ਤਲਾਸ਼ਦਿਆਂ ਹੀ, ਕਮਿਊਨਿਸਟ ਪਾਰਟੀ ਦੇ ਕੁਲਵਕਤੀ ਜੀਵਨ ਤੋਂ, ਫਿਰ ਆਪਣੇ ਮੂਲ ਨਾਮਧਾਰੀ ਪੰਥ ਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਜੁੜਕੇ ਉਹ ਸਰਬੱਤ ਦੇ ਭਲੇ ਅਤੇ ਲੋਕ ਮੰਗਲ ਦੀ ਜਨ ਕਲਿਆਣਕਾਰੀ ਭਾਵਨਾ ਨਾਲ ਓਤਪੋਤ ਰਹੇ। ਸਤਿਗੁਰੂ ਜਗਜੀਤ ਸਿੰਘ ਦੇ ਵਰਦ ਹਸਤ ਤੇ ਮੁਹੱਬਤ ਨਾਲ ਸਰਸ਼ਾਰ ਹੋਇਆ ਇਹ ਲੇਖਕ, ਮਾਰਕਸ, ਗਾਂਧੀ, ਵਿਨੋਬਾ ਭਾਵੇ, ਰਵਿੰਦਰ ਨਾਥ ਟੈਗੋਰ ਤੇ ਸਤਿਗੁਰੂ ਰਾਮ ਸਿੰਘ ਨੂੰ ਆਪਣੇ ਚਿੰਤਨ ਦੇ ਕੇਂਦਰੀ ਬਿੰਦੂ ਮਿਥਦਾ ਸੀ। ਪੰਜਾਬੀ ਲੇਖਕਾਂ ਵਿਚੋਂ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਮਨ ਮੰਦਰ ਵਿੱਚ ਨਵੀਂ ਰੌਸ਼ਨੀ ਭਰ ਦਿੱਤੀ। ਨਾਨਕ ਸਿੰਘ ਨਾਵਲਿਸਟ ਦੇ ਬਹੁਤੇ ਪਾਤਰਾਂ ਵਿਚੋਂ ਉਹ ਖੁਦ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਕਰਦਾ ਰਹਿੰਦਾ। ਵਿਕਟਰ ਹਿਊਗੋ, ਗੋਰਕੀ ਤੇ ਫਿਕਨਜ਼ ਪੰਜਾਬੀ ਵਿਚ ਅਨੁਵਾਦਿਤ ਹੋਏ ਪੜ੍ਹੇ ਗਏ। ਪ੍ਰਭਾਕਰ ਮਾਚਵੇ, ਨਾਗਅਰਜੁਨ, ਅੰਮ੍ਰਿਤਾ ਪ੍ਰੀਤਮ, ਸ੍ਰ. ਸੋਭਾ ਸਿੰਘ ਆਰਟਿਸਟ, ਭਾਪਾ ਪ੍ਰੀਤਮ ਸਿੰਘ ਆਦਿ ਦੀ ਸੰਗਤ ਸਾਥ ਨੇ ਵੀ ਉਹਨਾਂ ਨੂੰ ਮੁੜ ਮੁੜ ਤਰਾਸ਼ਿਆ ਅਤੇ ਮਨੁੱਖ ਹਿਤੂ ਚਿੰਤਨ ਵਿਚ ਹੋਰ ਪ੍ਰਪੱਕ ਕੀਤਾ। ਉਹ ਅਚਾਰੀਆ ਰਜਨੀਸ਼ ਦੀਆਂ ਵਿਆਖਿਆਵਾਂ ਦਾ ਵੀ ਪ੍ਰਭਾਵ ਕਬੂਲਦੇ ਸਨ ਅਤੇ ਹਰਦਵਾਰ ਦੇ ਸਵਾਮੀ ਮ੍ਰਿਤੂੰਜਯ ਤੋਂ ਅਰਵਿੰਦ ਸਾਹਿਤ ਸਮਝਣ ਲਈ ਸਾਧਨਾ ਦੇ ਮਾਰਗ ਦਾ ਸਫ਼ਰ ਵੀ ਕੀਤਾ, ਪ੍ਰਾਣਯਾਮ ਵੀ ਸਿੱਖਿਆ। ਸ਼ਾਂਤੀ ਨਿਕੇਤਨ ਦੀ ਯਾਤਰਾ ਦੇ ਸਾਰਥਕ ਪ੍ਰਭਾਵਾਂ ਦਾ ਵੇਰਵਾ ਉਹਨਾਂ ਦੀ ਪੁਸਤਕ "ਮੈਂ ਅਜੇ ਵਾਪਸ ਨਹੀਂ ਆਇਆ" ਵਿਚ ਮਿਲਦਾ ਹੈ। ਉਥੇ ਸ੍ਰੀ ਸੁਧੀ ਰੰਜਨ ਦਾਸ ਨੇ ਜੋ ਨਿਆਂਇਕ ਜੀਵਨ ਤੋਂ ਸੇਵਾ ਮੁਕਤ ਹੋ, ਏਥੇ ਵਿਸ਼ਵ ਭਾਰਤੀ ਯੂਨੀਵਰਸਿਟੀ ਦੇ ਉਪ ਕੁਲਪਤੀ ਸਨ, ਸਨੇਹ ਦਾ ਪਾਤਰ ਬਣਾਈ ਰੱਖਿਆ। ਹਰ ਤਾੜਨ ਵਾਲੀ ਅੱਖ ਆਪਣੇ ਕੰਮ ਵਾਲਿਆਂ ਨੂੰ ਭਾਲ ਲੈਂਦੀ ਹੈ।

ਹੁਣ 'ਵਰਿਆਮ' ਵਿਚ ਛਪਣ ਵਾਲੇ ਯਾਤਰਾ ਸੰਸਮਰਣਾਂ, ਲੇਖਾਂ ਆਦਿ ਵਿਚੋਂ ਉਹਨਾਂ ਦੇ ਦਰਸ਼ਨ ਹੁੰਦੇ ਸਨ। ਮੈਂ ੧੯੯੨ ਈ. ਵਿਚ ਹੈਦਰਾਬਾਦ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦਾ ਮੈਂਬਰ ਚੁਣਿਆ ਗਿਆ। ਇਸ ਲਈ ਪਾਰਟੀ ਦੇ ਕੇਂਦਰੀ ਦਫ਼ਤਰ ਅਜੋਏ ਭਵਨ, ਨਵੀਂ ਦਿੱਲੀ ਤਿੰਨ ਚਾਰ ਮਹੀਨਿਆਂ ਵਿਚ ਇਕ ਗੇੜਾ-ਲੱਗਦਾ। ਇਸੇ ਸਾਲ ਦੇ ਸਤੰਬਰ ਮਹੀਨੇ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਹੋਰਾਂ ਦੇ ਘਰ ਦਿੱਲੀ ਵਿਖੇ ਹੀ, ਮਾਸਟਰ ਨਿਹਾਲ ਸਿੰਘ ਜੀ, ਤਾਰਾ ਸਿੰਘ ਅਨਜਾਣ, ਜਸਵਿੰਦਰ ਸਿੰਘ ਹਿਸਟੋਰੀਅਨ, ਐਸ.ਐਸ.ਮਨਧੀਰ, ਕਵੀ ਪੁੱਤਰ ਮਨਧੀਰ ਸਿੰਘ ਅਤੇ ਦਿੱਲੀ ਦੇ ਕੁਝ ਹੋਰ ਸਿੰਘਾਂ ਨਾਲ ੩-੪ ਘੰਟੇ ਦੀ ਲੰਮੀ ਮੀਟਿੰਗ ਭਾਰਤੀ ਜੀ ਨਾਲ ਹੋਈ। ਸੋਵੀਅਤ ਸਮਾਜਵਾਦੀ ਬਲਾਕ ਟੁੱਟਣ ਤੋਂ ਬਾਅਦ ਬਦਲਦੇ ਸੰਸਾਰ ਨਕਸ਼ੇ ਦੇ ਸਬੰਧ ਵਿਚ ਛੋਟੀਆਂ ਕੌਮੀਅਤਾਂ ਦੀ ਪਛਾਣ ਦੇ ਮਸਲੇ ਵੀ ਉੱਭਰੇ ਤੇ ਸਾਂਝੀਵਾਲਤਾ ਵਾਲੇ ਵਿਸ਼ਵ ਪ੍ਰਬੰਧ ਦੇ ਮੁੜ ਜੋੜ੍ਹ ਹੋਣ ਦੀਆਂ ਕਿਆਸ ਅਰਾਈਆਂ ਵੀ ਲੱਗੀਆਂ। ਭਾਰਤੀ ਜੀ ਦੀ ਮਸਲਿਆਂ ਦੀ ਸਮਝ, ਵਿਸ਼ਲੇਸ਼ਣ ਪੱਧਤੀ ਅਤੇ ਸਿੱਟਣੇ ਤੇ ਪਹੁੰਚਣ ਦੀ ਯੋਗਤਾ ਕਾਇਲ ਕਰਨ ਵਾਲੀ ਸੀ। ਮੈਂ ਇਸ ਮੀਟਿੰਗ ਦੁਆਰਾ ਪਿਛਲੇ ਵੀਹ ਸਾਲਾਂ ਤੋਂ ਨਾਮਧਾਰੀ ਸਮਾਜ ਵਿਚ ਹੋਏ ਵਿਕਾਸ ਦੀ ਉਸ ਦੀਆਂ ਸਾਹਿਤਕ ਇਤਿਹਾਸਕ ਪ੍ਰਾਪਤੀਆਂ ਦੀ ਤਸਵੀਰ ਵੇਖਣੀ ਚਾਹੁੰਦਾ ਸਾਂ ਤੇ ਹਾਜ਼ਿਰ ਸੱਜਣਾਂ ਵਿਚੋਂ ਕੁਝ ਮੇਰੀ ਕਮਿਊਨਿਸਟ ਨਿਸ਼ਠੇ ਦੀ ਅਡੋਲਤਾ ਵੀ ਪਰਖਣੀ ਚਾਹੁੰਦੇ ਸਨ। ਪਰ ਮੇਰਾ ਇਹ ਅਨੁਭਵ ਹੈ ਕਿ ਕੋਈ ਵੀ ਕਮਿਊਨਿਸਟ, ਸਤਿਗੁਰੂ ਰਾਮ ਸਿੰਘ ਦੀ ਸੰਗਤ ਵਿਚ ਆ ਕੇ ਆਪਣੇ ਆਪ ਨੂੰ ਸਹਿਜ ਹੀ ਮਹਿਸੂਸ ਕਰਦਾ ਹੈ। ਇਸੇ ਲਈ ਜਦੋਂ ਕਦੇ

Sri Satguru Jagjit Singh Ji eLibrary NamdhariElibrary@gmail.com

ਮੈਂ ਕਹਿਣਾ ਭਾਰਤੀ ਜੀ ਤੁਸੀਂ ਕਮਿਊਨਿਸਟ ਪਾਰਟੀ ਵਿਚ ਵੀ ਰਹੇ ਹੋ ਤਾਂ ਉਹਨਾਂ ਬੜੇ ਸਨੇਹ ਨਾਲ ਕਹਿਣਾ "ਯਾਰ। ਤੂੰ ਮੈਨੂੰ ਹੁਣ ਕਮਿਊਨਿਸਟ ਨਹੀਂ ਸਮਝਦਾ।" ਕਵੀ ਪ੍ਰੀਤਮ ਸਿੰਘ ਜੀ ਦੇ ਚਲਾਣੇ ਤੇ ਉਹਨਾਂ ਆਪਣੀ ਸ਼ਰਧਾਂਜਲੀ ਵਿਚ ਆਪਣੇ ਵਿਛੜੇ ਮਿੱਤਰ ਨੂੰ 'ਨਾਮਧਾਰੀ ਪਹਿਰਾਵੇ ਵਾਲੇ ਕਮਿਊਨਿਸਟ' ਦੀ ਹੀ ਸੰਗਿਆ ਦਿਤੀ ਸੀ ਅਤੇ ਉਹਨਾਂ ਨੂੰ "ਪੱਕਾ ਕਮਿਊਨਿਸਟ" ਅਤੇ "ਪੱਕਾ ਨਾਮਧਾਰੀ" ਗਰਦਾਨਿਆ ਸੀ।

ਫਿਰ ਜਦੋਂ ਕਦੇ ਮੈਂ ਦਿੱਲੀਓਂ ਫੋਨ ਕਰਦਾ ਤਾਂ ਉਹਨਾ ਆਦੇਸ਼ ਦੇਣਾ ਕਿ ਚਲੇ ਆਓ ਮੈਂ ਉਡੀਕ ਰਿਹਾ ਹਾਂ। ਮੈਂ ਫੋਨ 'ਤੇ ਹੀ ਹਰ ਵਾਰ ਉਹਨਾ ਨੂੰ ਰਾਹ ਪੁੱਛਦਾ ਤੇ ਜਦੋਂ ਦਿੱਲੀ ਦੀ ਵੱਡੀ ਜੇਲ੍ਹ ਦੀਆਂ ਉੱਚੀਆਂ ਉੱਚੀਆਂ ਕੰਧਾਂ ਕੋਲੋਂ ਦੀ ਰਿਕਸ਼ਾ ਲੰਘਦੀ ਤਾਂ ਮੈਂ ਸਮਝ ਲੈਂਦਾ ਕਿ ਹੁਣ ਟਿਕਾਣਾ ਨੇੜੇ ਹੀ ਹੈ ਤੇ ਭਾਰਤੀ ਜੀ ਆਪਣੇ ਘਰ ਤੋਂ ਵਾਹਵਾ ਉਰਾਂਹ ਆਪਣੇ ਵਿਸ਼ਾਲ ਹਿਰਦੇ ਤੇ ਖੁੱਲ੍ਹੀਆਂ ਬਾਹਵਾਂ ਨਾਲ ਸੁਆਗਤ ਕਰਨ ਵਾਸਤੇ ਆ ਰਹੇ ਹੁੰਦੇ ਕਿ ਕਿਤੇ ਆਉਣ ਵਾਲਾ ਖੁੰਝ ਨਾ ਜਾਏ। ਉਹ ਹਰ ਵਾਰ ਮਿਲਣ ਤੇ ਬੜੇ ਪ੍ਰਸੰਨ ਹੁੰਦੇ ਅਤੇ ਫਿਰ ਬਚਨ ਬਿਲਾਸ ਦਾ ਅਜਿਹਾ ਦੌਰ ਚਲਦਾ ਕਿ ਅਕਸਰ ਹੀ ਰਾਤ ਦੇ ਦੋ ਵੱਜ ਜਾਂਦੇ ਸਨ। ਪ੍ਰਸ਼ਾਦੇ ਪਾਣੀ ਤੋਂ ਬਾਅਦ ਉਹ ਆਪਣੇ ਸੇਵਕ ਮੰਗਲ ਨੂੰ ਇੱਕ ਅੱਧੀ ਵਾਰ ਚਾਹ ਛਕਾ ਕੇ ਸੌਣ ਲਈ ਭੇਜ ਦਿੰਦੇ ਅਤੇ ਸਾਡੀਆਂ ਗੱਲਾਂ ਹੁੰਦੀਆਂ ਕਿ ਮੁੱਕਣ ਵਿਚ ਨਾ ਆਉਂਦੀਆਂ। ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ ਤੋਂ ਹੋ ਕੇ ਹੋਰ ਭਖਦੇ ਪੰਥਕ ਮਸਲਿਆਂ ਬਾਰੇ ਵਿਚਾਰਾਂ ਵੀ ਚਲਦੀਆਂ ਅਤੇ ਵਿਚ ਵਿਚ ਉਹ 'ਵਰਿਆਮ' ਵਿਚ ਛਪੀ ਮੇਰੀ ਕਿਸੇ ਰਚਨਾ ਦੀ ਚਰਚਾ ਵੀ ਕਰ ਜਾਂਦੇ। ਉਹ ਬਹੁਤ ਗੰਭੀਰ ਪਾਠਕ ਸਨ। ਆਪਣੇ ਤੋਂ ਛੋਟੇ ਲੇਖਕਾਂ ਦਾ ਮਾਰਗ ਦਰਸ਼ਨ ਕਰਨਾ ਉਹਨਾਂ ਦਾ ਸੁਭਾਅ ਸੀ। ਚੱਕਰਵਰਤੀ ਹੋਰਾਂ ਬਾਰੇ ਮੇਰਾ ਆਰਟੀਕਲ ਛਪਿਆ ਤਾਂ ਕਹਿਣ ਲੱਗੇ ਕਿ ਹੁਣ ਆਲਮ ਜੀ ਬਾਰੇ ਵੀ ਲਿਖ। ਪੰਜਾਬ ਵਿਚ ਚੱਲਣ ਵਾਲੀਆਂ ਸਾਰੀਆਂ ਹੀ ਲੋਕ ਲਹਿਰਾਂ ਦੇ ਸੰਦਰਭ ਵਿਚ ਹੀ ਉਹ ੧੯੨੧-੨੨ ਈ. ਤੋਂ ਸ਼ੁਰੂ ਹੋਏ ਅਕਾਲੀ-ਕੂਕਾ ਦਵੰਦ ਬਾਰੇ ਵੀ ਜਾਨਦਾਰ ਚਰਚਾ ਕਰਦੇ। ਪੁਸਤਕ "ਸਤਿਗੁਰੂ ਤਿਸਕਾ ਨਾਉ" ਵਿਚ ਉਹਨਾਂ ਨਾਮਧਾਰੀ ਸਿੱਖਾਂ ਦੀ ਦੇਹਧਾਰੀ ਗੁਰੂ ਦੀ ਲੋੜ ਨੂੰ ਠੋਸ ਸੰਕਲਪ ਪ੍ਰਦਾਨ ਕੀਤੇ ਅਤੇ ਸਿੱਖਾਂ ਨੂੰ ਦੋ ਸ਼੍ਰੇਣੀਆਂ ਵਿਚ ਹੀ ਵੰਡਦੇ ਸਨ - ਇਕ ਗੁਰੂ ਵਾਲੇ ਸਿੱਖ ਅਤੇ ਦੂਸਰੇ ਗੁਰੂ ਤੋਂ ਬਿਨਾਂ ਸਿੱਖ। ਪੰਜਾਬ ਦੇ ਸਿਆਸੀ ਹਾਲਾਤ ਬਾਰੇ ਜੋ ਪੇਸ਼ੀਨਗੋਈਆਂ ਉਹਨਾਂ ੨੫-੩੦ ਸਾਲ ਪਹਿਲਾਂ ਕੀਤੀਆਂ ਸਨ ਉਹ ਤਕਰੀਬਨ ਪੂਰੀਆਂ ਉਤਰੀਆਂ।

ਭਾਰਤੀ ਜੀ ਗੁਰਬਾਣੀ 'ਤੇ ਆਧਾਰਿਤ ਅਧਿਆਤਮਵਾਦ ਅਤੇ ਵਿਗਿਆਨਕ ਤਾਰਕਿਕ ਦ੍ਰਿਸ਼ਟੀ ਦਾ ਸੁਮੇਲ ਕਰਨ ਲਈ ਯਤਨਸ਼ੀਲ ਰਹਿੰਦੇ ਸਨ। ਉਹਨਾਂ ਦਾ ਹਿੰਦੂ ਮਿਥਿਹਾਸ, ਸਿੱਖ ਇਤਿਹਾਸ, ਭਾਰਤ ਅਤੇ ਵਿਸ਼ਵ ਇਤਿਹਾਸ ਦਾ ਗਹਿਨ ਅਧਿਐਨ ਸੀ। ਯੋਗ ਸਾਧਨਾ ਤੰਤਰ ਵਿੱਦਿਆ ਜਿਹੀਆਂ ਗੈਰ ਵਿਗਿਆਨਕ ਚਿੰਤਨ ਪੱਧਤੀਆਂ ਵਿਚ ਵੀ ਉਹਨਾਂ ਦੀ ਡੂੰਘੀ ਦਿਲਚਸਪੀ ਸੀ। ਦਸ ਸਾਲ ਪਹਿਲਾਂ ਪਏ ਦਿਲ ਦੇ ਦੌਰੇ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾਦ੍ਰਿਸ਼ਟੀ ਸਦਕਾ ਉਹ ਨੌਂ-ਬਰ-ਨੌਂ ਹੋ ਗਏ ਸਨ। ਇਹਨਾਂ ਦਸਾਂ ਸਾਲਾਂ ਵਿਚ ਹੀ ਉਨ੍ਹਾਂ ਨੇ 'ਦਸਮ ਗ੍ਰੰਥ ਵਿਚ ਕੁੰਡਲਨੀ ਤੰਤਰ' ਜਹੀ ਗਹਿਰ ਗੰਭੀਰ ਰਚਨਾ ਅਤੇ ਹੋਰ ਕਈ ਹਲਕੇ ਫੁਲਕੇ ਨਿਬੰਧ ਵੀ ਲਿਖੇ। 'ਸਤਿਜੁਗ' ਜਦੋਂ ਦਿੱਲੀ ਪਹੁੰਚ ਗਿਆ ਤਾਂ ਪਹਿਲਾਂ ਪਹਿਲ ਉਹਨਾਂ ਦੇ ਜ਼ਿੰਮੇ ਲਿਖਣ ਦੀ ਸੇਵਾ ਰਹੀ। ਉਦੋਂ ਸੋਵੀਅਤ ਸੰਘ ਦੇ ਕਮਿਊਨਿਸਟ ਆਗੂ ਗਰਬਾਚੋਫ ਦੀ ਉਹਨਾਂ ਭਗਵਾਨ ਕ੍ਰਿਸ਼ਨ ਨਾਲ ਤੁਲਨਾ ਕੀਤੀ ਸੀ ਕਿ ਵਿਸ਼ਵ ਯੁੱਧ ਤੋਂ ਮੌਤ ਕੱਟ ਲੈਣ ਵਾਲਾ ਕੋਈ ਵੀ ਕਾਰਜ ਭਾਵੇਂ ਇਕ ਸਥਾਪਤ ਪ੍ਰਬੰਧ ਦੀ ਕੁਰਬਾਨੀ ਵੀ ਮੰਗ ਰਿਹਾ ਸੀ, ਮਹਿੰਗਾ ਸੌਦਾ ਨਹੀਂ ਸੀ, ਲੱਖਾਂ ਜਾਨਾਂ ਦੀ ਹੋਣੀ ਦੇ ਸਾਹਵੇਂ।

ਉਹਨਾਂ ਤੇ ਸਤਿਗੁਰੂ ਜੀ ਦਾ ਸਨੇਹ ਅੰਤ ਸਮੇਂ ਤਕ ਬਣਿਆ ਰਿਹਾ। ਉਹ ਲਿਖਦੇ ਹਨ ਕਿ ਮੈਨੂੰ ਮੇਰੇ ਸਾਰੇ ਹੀ ਵਿਸ਼ਵਾਸਾਂ ਸਮੇਤ ਆਪ ਪਰਵਾਨ ਕਰ ਲੈਂਦੇ ਹਨ। ਇਹੋ ਉਹਨਾਂ ਦੀ ਮਹਾਨਤਾ ਹੈ। ਐਤਕੀਂ ਹੋਲੇ ਤੇ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਸੱਦੇ ਤੇ ਭਾਰਤੀ ਜੀ ੮ ਮਾਰਚ ਨੂੰ ਆਏ ਸਨ ਅਤੇ ਦੁਪਹਿਰ ਬਾਦ ਦੀ ਦੀਵਾਨ ਵਿਚ ਉਹਨਾਂ

Sri Satguru Jagjit Singh Ji eLibrary NamdhariElibrary@gmail.com

ਨੂੰ 'ਸਾਹਿਤ ਮਾਰਤੰਡ' ਪੁਰਸਕਾਰ ਨਾਲ ਅਲੰਕਰਿਤ ਕੀਤਾ ਗਿਆ ਸੀ। ਉਹਨਾਂ ਦੇ ਸ੍ਰੀ ਭੈਣੀ ਸਾਹਿਬ ਪੁੱਜਣ ਤੋਂ ਦੋ ਕੁ ਘੰਟੇ ਪਹਿਲਾਂ ਮੈਂ ਉਥੋਂ ਕਰੀਵਾਲੇ ਨੂੰ ਚੱਲ ਪਿਆ ਸਾਂ ਕਿ ਇਸ ਸਨਮਾਨ ਦੀ ਚਰਚਾ ਭਾਰਤੀ ਜੀ ਨਾਲ ਕਿਸੇ ਵਿੱਲੀ ਵੇਰੀ ਸਮੇਂ ਸਾਂਝੀ ਕਰ ਲਵਾਂਗੇ। ਤੇ ਜੇ ਇਹ ਪਤਾ ਹੁੰਦਾ ਕਿ ਸ਼ੁੱਧ, ਬਿਬੇਕ ਤੇ ਪ੍ਰੇਮਾ ਭਗਤੀ ਦੀ ਇਹ ਤ੍ਰਿਮੂਰਤੀ ਆਪਣੀ ਲੀਲ੍ਹਾ ਸਮੇਟਣ ਵਾਲੀ ਹੈ ਤਾਂ ਮੈਂ ਵਾਪਸੀ ਸਫ਼ਰ ਨੂੰ ਹੋਰ ਦੋ ਪਹਿਰ ਲੇਟ ਕਰ ਲੈਂਦਾ। ੧੫ ਅਪ੍ਰੈਲ ਦੀ ਸ਼ਾਮ ਨੂੰ ਭਾਰਤੀ ਜੀ ਦੇ ਅਕਾਲ ਚਲਾਣੇ ਦੀ ਮਨਹੂਸ ਖ਼ਬਰ ਦਿੰਦੀ, ਜਗਦੀਸ਼ ਸਿੰਘ ਵਰਿਆਮ ਹੋਰਾਂ ਦੀ ਫੋਨ ਤੇ ਆਵਾਜ਼ ਦਰਦ ਦੇ ਕਿਸੇ ਡੂੰਘੇ ਖੂਹ ਵਿਚੋਂ ਆਉਂਦੀ ਮਲੂਮ ਹੋ ਰਹੀ ਸੀ। ਸੱਚੀਂ ਅਸੀਂ ਭਾਰਤੀ ਜੀ ਨੂੰ ਗੁਆ ਕੇ ਕਿੰਨੇ ਕੰਗਾਲ ਹੋ ਗਏ ਹਾਂ।

Sri Satguru Jagjit Singh Ji eLibrary NamdhariElibrary@gmail.com

ਤਵਾਰੀਖ ਸੰਤ ਖਾਲਸਾ ਦਾ ਲੇਖਕ -
ਪ੍ਰੋ. ਕਿਰਪਾਲ ਸਿੰਘ ਕਸੇਲ

ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਨਾਮ ਪੰਜਾਬੀ ਸਾਹਿਤ ਦੇ ਪਾਠਕਾਂ ਲਈ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਹਨਾਂ ਦਾ ਘਾਲਣਾ ਭਰਪੂਰ ਜੀਵਨ ਸੰਗਰਾਮ, ਜਿੱਥੇ ਜ਼ਿੰਦਗੀ ਦੇ ਬਿਖਮ ਮਾਰਗਾਂ 'ਤੇ ਲੰਮਿਆਂ ਪੈਂਡਿਆਂ ਵਿਚ ਹਾਰਿਆਂ ਹੁੱਟਿਆਂ ਲਈ, ਇਕ ਪ੍ਰੇਰਣਾ ਸਰੋਤ ਹੈ ਉੱਥੇ ਉਹਨਾਂ ਦੇ ਰਚਨਾ ਕਰਮ ਨੇ ਵੀ, ਮਾਂ-ਬੋਲੀ ਦੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਝੋਲੀਆਂ ਭਰ ਕੇ ਇਹਨੂੰ ਮਾਲਾਮਾਲ ਕਰ ਦਿਤਾ ਹੈ। ਪਿਛਲੀ ਅੱਧੀ ਸਦੀ ਤੋਂ ਪੰਜਾਬੀ ਸਾਹਿਤ ਦੇ ਅਣਗਿਣਤ ਵਿਦਿਆਰਥੀਆਂ ਨੇ ਉਹਨਾਂ ਅਤੇ ਪ੍ਰੋ. ਪਰਮਿੰਦਰ ਸਿੰਘ ਹੋਰਾਂ ਦੁਆਰਾ ਲਿਖਿਆ ਪੰਜਾਬੀ ਸਾਹਿਤ ਦਾ ਵਿਸਤ੍ਰਿਤ ਇਤਿਹਾਸ, ਪੜ੍ਹ ਪੜ੍ਹ ਕੇ ਆਪਣੀਆਂ ਜਮਾਤਾਂ ਪਾਸ ਕੀਤੀਆਂ ਹਨ। ਹੁਣ ਤੱਕ ਉਹ 60 ਤੋਂ ਵੱਧ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ, ਜਿਹਨਾਂ ਵਿਚੋਂ 12 ਨੇਤਰਹੀਣ ਹੋਣ ਤੋਂ ਪਹਿਲਾਂ ਅਤੇ ਬਾਕੀ ਸਭ ਬਾਅਦ ਵਿਚ ਲਿਖੀਆਂ। ਮਨੁੱਖੀ ਸਿਰੜ ਦਾ ਮੁਜਸਮਾਂ ਪ੍ਰੋਫੈਸਰ ਕਸੇਲ ਦੀ ਸ਼ਖਸੀਅਤ ਦੇ ਰੂਪ ਵਿਚ ਪ੍ਰਸਫੁਟਿਤ ਹੋਇਆ ਹੈ। ਸਰੀਰਕ ਅਪੰਗਤਾ ਨੂੰ ਆਪਣੀ ਕਮਜ਼ੋਰੀ ਨਾ ਸੁੰਕਾਰਦਿਆਂ ਇਕ ਵੰਗਾਰ ਦੇ ਤੌਰ 'ਤੇ ਲੈਣਾ, ਇਹ ਇਸ 'ਮਰਦ ਅਗੰਮੜੇ' ਦੇ ਚੋਲੇ ਪੂਰਨ-ਪੁਰਖ ਦੇ ਹਿੱਸੇ ਆਇਆ ਹੈ। ਫਿਰ ਲਿਖਣ ਪੜ੍ਹਣ ਦੇ ਕੰਮ ਦੀ ਕਿਆਸ ਤਾਂ ਔਖਾ ਤੋਂ ਬਿਨਾਂ ਕੀਤੀ ਹੀ ਨਹੀਂ ਜਾ ਸਕਦੀ। ਪ੍ਰੰਤੂ ਇਹ ਵੀ ਕੋਈ ਸੰਜੋਗ ਹੀ ਸੀ ਕਿ ਬਾਹਰ ਦੇ ਨੇਤਰ ਬੰਦ ਹੋਣ ਬਾਅਦ, ਕਸੇਲ ਜੀ ਦੇ ਅੰਦਰੂਨੀ ਨੇਤਰ ਖੁੱਲ੍ਹ ਗਏ ਅਤੇ ਉਹਨਾਂ ਆਪਣੇ ਰਚਨਾ ਕਰਮ ਦੇ ਵੱਡੇ ਮੁਅਜਜ਼ੇ ਕਰ ਵਿਖਾਏ।

ਜਦੋਂ ਕਿ ਜਿਹੇ ਨੇਤਰ ਜੋਤ ਗਈ, ਇਸ ਤੋਂ ਕੁਝ ਸਾਲ ਪਹਿਲਾਂ ਹੀ ਉਹਨਾਂ ਦਾ ਰਾਬਤਾ ਸ੍ਰੀ ਭੈਣੀ ਸਾਹਿਬ ਦੇ ਨਾਮਧਾਰੀ ਦਰਬਾਰ ਨਾਲ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਹਿਲੇ ਦਰਸ਼ਨ ਕਸੇਲ ਜੀ ਨੂੰ 10 ਸਤੰਬਰ 1959 ਨੂੰ, ਸਤਿਗੁਰੂ ਪਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਬਾਅਦ ਆਪ ਦੇ ਦਸਤਾਰਬੰਦੀ ਸਮਾਗਮ ਸਮੇਂ ਹੋਏ ਵਿਸ਼ਾਲ ਮੇਲੇ ਵਿਚ ਹੀ ਹੋਏ ਸਨ। ਉਸ ਦਿਨ ਤੋਂ ਬਾਅਦ ਕਸੇਲ ਜੀ ਦੇ ਮਨ ਵਿਚ ਆਪ ਪ੍ਰਤੀ ਸਤਿਕਾਰ ਪੈਦਾ ਹੋਇਆ। ਫਿਰ ਇਹ ਸਤਿਕਾਰ ਡੂੰਘੀ ਸ਼ਰਧਾ ਵਿਚ ਵਟ ਗਿਆ। ਇਸ ਸ਼ਰਧਾ ਦੇ ਪਿਛੇ ਕਸੇਲ ਜੀ ਦੇ ਪਰਿਵਾਰ ਅਤੇ ਨਾਮਧਾਰੀ ਦਰਬਾਰ ਦੀਆਂ ਸਾਮਰਾਜ ਵਿਰੋਧੀ ਪਰੰਪਰਾਵਾਂ ਨੇ ਵੀ ਇਹਨਾਂ ਸਬੰਧਾਂ ਨੂੰ ਵਿਕਸਿਤ ਕਰਨ ਵਿਚ ਉਤਪ੍ਰੇਰਕ ਦਾ ਕੰਮ ਕੀਤਾ। ਕਸੇਲ ਜੀ ਦਾ ਜਨਮ ਭਾਵੇਂ 19 ਮਾਰਚ 1928 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਪਿਤਾ ਸ. ਗੰਗਾ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਘਰ ਹੋਇਆ, ਜਿੱਥੇ ਪਿਤਾ ਸਰਕਾਰੀ ਨੌਕਰੀ ਵਿਚ ਸਨ, ਪਰ ਉਹਨਾਂ ਦਾ ਪਿਛਰਾ ਪਿੰਡ ਕਸੇਲ ਅਤੇ ਇਸ ਦਾ ਆਲਾ ਦੁਆਲਾ ਗਦਰ ਪਾਰਟੀ ਨਾਲ ਜੁੜੇ ਜਾਂਬਾਜ਼ਾਂ ਦਾ ਵੱਡਾ ਗੜ੍ਹ ਸੀ। ਖ਼ੁਦ ਕਸੇਲ ਜੀ ਦਾ ਤਾਇਆ, ਬਾਬਾ ਹਰਨਾਮ ਸਿੰਘ ਪਹਿਲਾਂ ਗਦਰ ਪਾਰਟੀ ਵਿਚ ਸਰਗਰਮ ਰਹੇ ਅਤੇ ਫਿਰ ਮਾਰਕਸਵਾਦ ਲੈਨਿਨਵਾਦ ਦੀ ਸਿਖਿਆ ਹਾਸਲ ਕਰਨ ਲਈ ਸੋਵੀਅਤ ਯੂਨੀਅਨ ਵਿਚ ਵੀ ਰਹੇ। ਆਪਣੇ ਵਿਦਿਆਰਥੀ ਜੀਵਨ ਤੋਂ ਕਸੇਲ ਜੀ ਅਗਾਂਹਵਧੂ ਵਿਚਾਰਾਂ ਦੇ ਪ੍ਰਭਾਵ ਵਿਚ ਆਉਣ ਸਦਕਾ ਭਾਰਤੀ ਕਮਿਊਨਿਸਟ ਪਾਰਟੀ ਨਾਲ ਵੀ ਜੁੜੇ ਰਹੇ। ਪਰ ਦੇਸ਼ ਵੰਡ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਸਰਬ ਪੱਖੀ ਵਿਕਾਸ ਅਤੇ ਇਸ ਨੂੰ ਸਰਕਾਰੇ ਦਰਬਾਰੇ ਬਣਦਾ ਸਨਮਾਨ ਦਿਵਾਉਣ ਲਈ ਉਹਨਾਂ ਨੇ ਆਪਣੇ ਲਈ ਪੰਜਾਬੀ ਅਧਿਆਪਨ ਤੇ ਲੇਖਨ ਦਾ ਖੇਤਰ ਚੁਣਿਆ ਤੇ ਜਿਸ ਵਿਚ ਉਹ ਬੜੀ ਬੁਲੰਦੀ 'ਤੇ ਪੁੱਜੇ। ਪ੍ਰਸਿੱਧ ਮਾਰਕਸਵਾਦੀ ਸਮੀਖਿਅਕ ਸੰਤ ਸਿੰਘ ਸੇਖੋਂ ਦੇ 'ਸਾਹਿਤਕਾਰ-ਇ-

Sri Satguru Jagjit Singh Ji eLibrary NamdhariElibrary@gmail.com

'ਆਲਮ' ਹੋਣ ਦਾ ਮਾਣ ਉਹਨਾਂ ਨੂੰ ਮਿਲਿਆ। ਪ੍ਰੋ. ਕਸੇਲ ਜੀ ਆਪਣੀਆਂ ਸਾਰੀਆਂ ਪ੍ਰਾਪਤੀਆਂ ਸਤਿਗੁਰੂ ਜਗਜੀਤ ਸਿੰਘ ਹੋਰਾਂ ਵੱਲੋਂ ਹੀ ਆਪਣੀ ਝੋਲੀ ਵਿਚ ਪਈਆਂ ਮਹਿਸੂਸ ਕਰਦੇ ਹਨ:

"ਕੋਰੀ ਬਖ਼ਸ਼ਸ਼ ਆਪ ਨੇ ਦਿਤਾ ਸੀ ਵਰਦਾਨ।
ਜੋ ਲਿਖੇ ਸ਼ੁਧ ਹੋਇਆ ਕੀਤਾ ਇੰਜ ਫ਼ੁਰਮਾਨ।
ਮੈਂ ਅੰਧਲਾ ਨੇਤਰਹੀਨ ਧਰ ਕੇ ਤੁਹਾਡੀ ਟੇਕ।
ਲਿਖੇ ਗ੍ਰੰਥ ਅਨੇਕ ਨੇ ਮੰਨੇ ਜਾਣ ਵਿਸ਼ੇਸ਼।
ਰੁਲਦੇ ਫਿਰਦੇ ਕੀਟ ਦੀ ਪੁੱਛੇ ਨਾ ਕੋਈ ਬਾਤ।
ਥਾਪ ਦਿਤਾ ਇਸ ਕੀਟ ਨੂੰ, ਆਪ ਦੇ ਵੱਡ-ਪ੍ਰਤਾਪ।
ਮਿਲੇ ਸਨਮਾਨ ਅਨੇਕ ਨੇ ਹੋਇਆ ਮੈਂ ਪ੍ਰਸਿੱਧ।
ਸਾਹਿਤ ਜਗਤ ਵਿਚ ਕਦਰ ਹੈ, ਸਿੰਘਾਂ ਵਾਲੀ ਸਿੱਧ।"

ਗ਼ਦਰ ਪਾਰਟੀ ਦੇ ਬਾਬਿਆਂ ਦੇ ਆਪ ਉੱਤੇ ਪਏ ਵੱਡੇ ਪ੍ਰਭਾਵ ਬਾਰੇ ਆਪ ਦਾ ਸ੍ਵੈ-ਕਥਨ ਹੈ: "ਅੱਜ ਕਲ੍ਹ ਲੋਕ ਕਹਿੰਦੇ ਹਨ ਕਿ ਇਹ ਦੇਸ ਭਗਤ ਨਾਸਤਿਕ ਬਾਬੇ ਸਨ, ਪਰ ਮੈਨੂੰ ਤਾਂ ਸੰਤ ਬਾਬਾ ਵਿਸਾਖਾ ਸਿੰਘ ਜੀ ਵਰਗੇ ਉਜਲ ਦੀਦਾਰ ਕਿਸੇ ਵੀ ਹੋਰ ਗੁਰਮੁਖ ਸੰਤ ਦੇ ਦਰਸ਼ਨ ਨਹੀਂ ਹੋਏ।"

ਇਸੇ ਤਰ੍ਹਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਬਾਰੇ ਹੇਠਲੇ ਪ੍ਰਭਾਵ ਕਸੇਲ ਜੀ ਆਪਣੀ ਆਤਮ-ਕਥਾ ਵਿਚ ਅੰਕਿਤ ਕਰਦੇ ਹਨ:

"ਕੇਂਦਰੀ ਪੰਜਾਬੀ ਲੇਖਕ ਸਭਾ ਦੀ ਪਹਿਲੀ ਕਾਨਫਰੰਸ ਵਿਚ ਮੈਂ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੂਰੋਂ ਹੀ ਦਰਸ਼ਨ ਕੀਤੇ ਸਨ।

"1959 ਦੀ 22-23 ਅਗਸਤ ਦੀ ਰਾਤ ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਸਦੀਵੀ ਵਿਛੋੜਾ ਦੇ ਗਏ। ਆਪ 20ਵੀਂ ਸਦੀ ਦੀ ਇਕ ਉੱਘੀ ਹਸਤੀ ਤੇ ਨਾਮਧਾਰੀ ਸਾਧ ਸੰਗਤ ਦੇ ਪੂਜ ਇਸ਼ਟ 1906 ਤੋਂ ਹੀ ਚਲੇ ਆਉਂਦੇ ਸਨ। ਆਪ ਜੀ ਦੀ ਬਹੁਪੱਖੀ ਸ਼ਖ਼ਸੀਅਤ ਅਤੇ ਅਧਿਆਤਮਕ ਪ੍ਰਕਾਸ਼ ਦੀਆਂ ਕਿਰਨਾਂ ਨੇ ਪੰਜਾਬ ਦੇ ਧਾਰਮਿਕ ਸਭਿਆਚਾਰਕ ਅਤੇ ਰਾਜਨੀਤਕ ਜੀਵਨ ਉੱਤੇ ਬੜਾ ਡੂੰਘਾ ਪ੍ਰਭਾਵ ਪਾਇਆ। ਭਾਰਤ ਦੇ ਸੁਤੰਤਰ ਸੰਗਰਾਮ ਵਿਚ ਵੀ ਆਪ ਅਤੇ ਆਪ ਜੀ ਦੇ ਅਨੁਯਾਈਆਂ ਦੇ ਯੋਗਦਾਨ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਸਵਰਗਵਾਸੀ ਪੰ. ਜਵਾਹਰ ਲਾਲ ਨਹਿਰੂ ਅਤੇ ਬਾਬੂ ਰਜਿੰਦਰ ਪ੍ਰਸ਼ਾਦ ਅਤੇ ਹੋਰ ਉੱਚ-ਕੋਟੀ ਦੇ ਨੇਤਾ ਨਾਲ ਆਪ ਜੀ ਦੇ ਨਿਕਟਵਰਤੀ ਸੰਬੰਧ ਸਨ। ਲਾਹੌਰ ਦੇ ਇਤਿਹਾਸਕ ਕਾਂਗਰਸ ਸੈਸ਼ਨ ਅਤੇ 1938 ਦੇ ਪਰਜਾ ਮੰਡਲ ਦੀ ਲੁਧਿਆਣਾ ਕਾਨਫਰੰਸ ਸਮੇਂ ਆਪ ਜੀ ਨੇ ਬਹੁਤ ਵੱਡੇ ਕਰਤਵ ਨੂੰ ਆਪਣੇ ਹਜ਼ਾਰਾਂ ਸੇਵਕਾਂ ਨਾਲ ਨਿਭਾਇਆ।"

ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪੰਜਾਬੀ ਐਮ.ਏ. ਦੀ ਪਹਿਲੀ ਕਲਾਸ ਵਿਚੋਂ ਆਪ ਨੇ ਪਹਿਲੇ ਨੰਬਰ 'ਤੇ ਰਹਿ ਕੇ ਪ੍ਰੀਖਿਆ ਪਾਸ ਕੀਤੀ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਪੰਜਾਬੀ ਅਧਿਆਪਨ ਸ਼ੁਰੂ ਕੀਤਾ। ਸੰਨ 1964 ਵਿਚ ਜਦੋਂ ਆਪ ਸਰਕਾਰੀ ਕਾਲਜ ਲੁਧਿਆਣਾ ਵਿਖੇ ਪੜ੍ਹਾ ਰਹੇ ਸਨ ਤਾਂ ਅਸਾਧ ਨੇਤਰ ਰੋਗ ਦਾ ਸ਼ਿਕਾਰ ਹੋ ਗਏ। ਬਹੁਤ ਥਾਵਾਂ 'ਤੇ ਇਲਾਜ ਕਰਵਾਇਆ ਗਿਆ ਪਰ ਨੇਤਰ ਜੋਤੀ ਬਹਾਲ ਨਾ ਹੋਈ। ਸੀ.ਐਮ.ਸੀ. ਹਸਪਤਾਲ ਲੁਧਿਆਣੇ ਇਲਾਜ ਲਈ ਰਹਿੰਦਿਆਂ ਹੀ ਉਹਨਾਂ 1947 ਤੋਂ 1964 ਈ. ਤੱਕ ਦੇ ਆਪਣੇ ਜੀਵਨ ਅਤੇ ਆਲੇ ਦੁਆਲੇ ਪਸਰੇ ਭਾਰਤ ਦੇ 'ਨਹਿਰੂ ਯੁੱਗ' ਨਾਲ ਸਬੰਧਿਤ ਪਹਿਲਾ ਨਾਵਲ 'ਵਾਰਡ ਨੰਬਰ 10' ਦੀ ਰਚਨਾ ਕੀਤੀ। "ਹਸਪਤਾਲ ਵਿਚ ਮੇਰੇ ਉੱਤੇ ਇਕ ਅਪਾਰ ਕਿਰਪਾ ਹੋਈ। ਉਹ ਸੀ ਹਸਪਤਾਲ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੇਰਾ ਹਾਲ-ਚਾਲ ਪੁੱਛਣ ਆਉਣਾ। ਹਾਲ ਚਾਲ ਕੀ ਉਹ ਤਾਂ ਜੀਵਨ ਦੇ ਇਸ ਰਣਖੇਤਰ ਵਿਚ ਜਿਸ ਵਿਚ ਮੈਂ ਇਕ ਭੀਸ਼ਣ ਰੋਗ ਵਿਚ ਗ੍ਰਸਿਆ ਘੋਲ ਕਰ ਰਿਹਾ ਹਾਂ, ਵਿਚ ਮੇਰੀ ਢਾਲ ਬਣ ਕੇ ਆਏ। ... ਜਦੋਂ ਸ੍ਰੀ ਸਤਿਗੁਰੂ

Sri Satguru Jagjit Singh Ji eLibrary NamdhariElibrary@gmail.com

ਜੀ ਮੇਰੇ ਕੋਲ ਆ ਕੇ ਖੜੇ ਸਨ ਤਾਂ ਮੈਂ ਉਹ ਮਾਲਾ ਜੋ ਕਦੇ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਲੇਖਕਾਂ ਦੀ ਪੰਜਾਬੀ ਕਾਨਫਰੰਸ ਤੋਂ ਪਿਛੋਂ ਮੈਨੂੰ ਬਖਸ਼ੀ ਸੀ, ਉਹ ਮੇਰੇ ਕੋਲ ਸੀ। ਮਾਲਾ ਤਾਂ ਮੇਰੇ ਕੋਲ ਸੀ, ਪਰ ਗੁਰਮੰਤਰ ਬਾਰੇ ਮੈਨੂੰ ਬਾਊ ਪਤਾ ਨਹੀਂ ਸੀ। ਮੈਂ ਅਰਜ਼ ਕੀਤੀ, "ਸਚੇ ਪਾਤਸ਼ਾਹ! ਇਹ ਮਾਲਾ ਤਾਂ ਤੁਸਾਂ ਮੈਨੂੰ ਬਖਸ਼ੀ ਸੀ। ਮੈਨੂੰ ਅਗਲਾ ਮਾਰਗ ਵੀ ਦੱਸ ਦਿਓ, ਆਪ ਜੀ ਨੇ ਉਨ੍ਹਾਂ ਦੇ ਨਾਲ ਆਏ ਇਕ ਸੂਬਾ ਜੀ ਨੂੰ ਹੁਕਮ ਦਿਤਾ, "ਪ੍ਰੋ. ਕਸੇਲ ਜੀ ਨੂੰ ਭਜਨ ਦੱਸ ਦਿਓ।" ਸੂਬਾ ਜੀ ਨੇ ਮੇਰੇ ਦੋਹਾਂ ਕੰਨਾਂ ਵਿਚ ਗੁਰਮੰਤਰ ਦਾ ਨਾਮ-ਨਾਦ ਸੁਣਾ ਦਿਤਾ ਅਤੇ ਬੱਸ ਮੇਰੀ ਅਵਸਥਾ ਕੁਝ ਅਜੇਹੀ ਅਡੋਲ ਹੋ ਗਈ, ਜਿਸ ਦਾ ਵਰਣਨ ਸ੍ਰੀ ਸੁਖਮਨੀ ਸਾਹਿਬ ਵਿਚ ਆਉਂਦਾ ਹੈ:

"ਜਿਉ ਮੰਦਰ ਕਉ ਥਾਮੈ ਥੰਮਨ।
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥" [4]

ਇਸ ਤਰ੍ਹਾਂ ਕਸੇਲ ਜੀ ਦਾ ਸੰਪਰਕ ਨਾਮਧਾਰੀ ਦਰਬਾਰ ਨਾਲ ਹੋਇਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਇਸ ਦਰਬਾਰ ਦਾ ਪੰਜਾਬੀ ਲੇਖਕਾਂ ਪ੍ਰਤੀ ਵਿਸ਼ੇਸ਼ ਲਗਾਉ ਸੀ। ਕਸੇਲ ਜੀ ਦਾ ਕਾਫ਼ੀ ਸਮਾਂ ਬਾਅਦ ਵਿਚ ਪਟਿਆਲਾ ਵਿਖੇ ਹੀ ਬਤੀਤ ਹੋਇਆ, ਜਿੱਥੇ ਉਹਨਾਂ ਨੇ ਆਪਣਾ ਮਕਾਨ ਵੀ ਬਣਾ ਲਿਆ ਸੀ। ਪਟਿਆਲੇ ਵਿਚ ਹੀ ਚੋਟੀ ਦੇ ਨਾਮਧਾਰੀ ਪੰਜਾਬੀ ਸਾਹਿਤਕਾਰ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦਾ ਨਿਵਾਸ ਸੀ। ਇਸ ਲਈ ਇਹਨਾਂ ਦੋਹਾਂ ਸਾਹਿਤਕਾਰਾਂ ਦੇ ਆਪਸੀ ਮੇਲ-ਮਿਲਾਪ ਨਾਲ ਵੀ ਕਸੇਲ ਜੀ ਨਾਮਧਾਰੀ ਸੰਗਤ ਅਤੇ ਸਤਿਗੁਰੂ ਸਾਹਿਬ ਪ੍ਰਤੀ ਆਕਰਸ਼ਿਤ ਹੋਏ। ਕਸੇਲ ਜੀ ਸੁਘੜ ਵਾਰਤਕਕਾਰ, ਯਥਾਰਥਵਾਦੀ ਨਾਵਲਕਾਰ, ਪ੍ਰਬੁੱਧ ਸਮੀਖਿਅਕ, ਉਚ-ਕੋਟੀ ਦੇ ਕਵੀ ਅਤੇ ਬੜੇ ਸਫ਼ਲ ਅਨੁਵਾਦਕ ਵੀ ਸਿੱਧ ਹੋਏ ਹਨ। ਵੀਹਵੀਂ ਸਦੀ ਦੇ ਅਣਗੌਲੇ ਪੰਜਾਬ ਦੇ ਸਾਹਿਤਕਾਰ ਅਤੇ ਜਾਣ-ਪਛਾਣੇ ਪੰਜਾਬੀ ਕਵੀ ਪ੍ਰੋ. ਪੂਰਨ ਸਿੰਘ ਹੋਰਾਂ ਦੀਆਂ ਸਿੱਖ ਫ਼ਲਸਫ਼ੇ ਬਾਰੇ ਲਿਖੀਆਂ, ਅੰਗਰੇਜ਼ੀ ਪੁਸਤਕਾਂ ਦਾ ਸਰਲ ਅਤੇ ਸੁਬੋਧ ਪੰਜਾਬੀ ਵਿਚ ਅਨੁਵਾਦ ਕਰਕੇ, ਕਸੇਲ ਜੀ ਨੇ ਨਾ ਸਿਰਫ਼ ਪੰਜਾਬੀ ਪਾਠਕਾਂ ਵਿਚ, ਪ੍ਰੋ. ਪੂਰਨ ਸਿੰਘ ਹੋਰਾਂ ਨੂੰ, ਹੋਰ ਜ਼ਿਆਦਾ ਹਰਮਨ ਪਿਆਰਾ ਬਣਾ ਦਿਤਾ, ਇਸ ਦੇ ਨਾਲ ਨਾਲ ਉਹਨਾਂ ਦਾ ਆਪਣਾ ਸਾਹਿਤਕ ਕੱਦ ਵੀ ਹੋਰ ਉਚਾ ਹੋਇਆ। ਪ੍ਰੋ. ਕਸੇਲ ਦੇ ਉਸਤਾਦਾਂ, ਸ਼ਾਗਿਰਦਾਂ ਅਤੇ ਸੰਗੀਆਂ-ਸਾਥੀਆਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਉਹਨਾਂ ਦੇ 75ਵੇਂ ਜਨਮ ਦਿਵਸ ਦੀ ਖੁਸ਼ੀ ਵਿਚ, ਸਤਿੰਦਰ ਸਿੰਘ ਨੰਦਾ ਦੁਆਰਾ ਸੰਪਾਦਿਤ, ਇਕ ਵੱਡ-ਆਕਾਰੀ, ਅਭਿਨੰਦਨ ਗ੍ਰੰਥ, ਇਹਨਾਂ ਸਾਰੇ ਸੱਜਣਾਂ ਦੇ ਯੋਗਦਾਨ ਨਾਲ ਤਿਆਰ ਹੋ ਗਿਆ। ਇਹ ਗ੍ਰੰਥ ਕਸੇਲ ਜੀ ਨੂੰ ਭੇਟ ਕਰਨ ਦੀ ਰਸਮ, ਸ੍ਰੀ ਭੈਣੀ ਸਾਹਿਬ ਵਿਖੇ, ਮਾਰਚ 2003 ਨੂੰ ਇਕ ਵੱਡਾ ਸਾਹਿਤਕ ਸਮਾਗਮ ਰਚ ਕੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਅਦਾ ਕੀਤੀ ਗਈ। ਕਸੇਲ ਜੀ ਨੂੰ ਉਹਨਾਂ ਦੇ ਸਾਹਿਤਕ ਕਾਰਜਾਂ ਲਈ ਜਿੰਨੇ ਇਨਾਮ ਸਨਮਾਨ ਦਿਤੇ ਗਏ ਹਨ ਏਨੇ ਕਿਸੇ ਵਿਰਲੇ ਟਾਂਵੇਂ ਸਾਹਿਤਕਾਰ ਦੇ ਹਿੱਸੇ ਆਉਂਦੇ ਹਨ।

ਭਾਵੇਂ ਕਸੇਲ ਜੀ ਸਮੁੱਚੇ ਪੰਜਾਬੀ ਸਾਹਿਤ ਜਗਤ ਦੇ ਇਕ ਚਮਕਦੇ ਸਿਤਾਰੇ ਹਨ ਪਰ ਜਿਸ ਤਰ੍ਹਾਂ ਅੱਧੀ ਸਦੀ ਤੋਂ ਉਹ ਨਾਮਧਾਰੀ ਜਗਤ ਨਾਲ ਆਪਣੇ ਸੰਬੰਧਾਂ ਨੂੰ ਲਗਾਤਾਰ ਮਜ਼ਬੂਤੀ ਬਖਸ਼ਦੇ ਰਹੇ ਹਨ। ਵੱਖ-ਵੱਖ ਪਰਚਿਆਂ ਵਿਚ ਲੇਖ ਕਵਿਤਾਵਾਂ ਲਿਖਣ ਅਤੇ ਸੈਮੀਨਾਰਾਂ ਵਿਚ ਕੂਕਾ ਅੰਦੋਲਨ ਅਤੇ ਇਸ ਦੇ ਸਾਹਿਤ ਬਾਰੇ ਵਿਸਤ੍ਰਿਤ ਪਰਚੇ ਪੇਸ਼ ਕਰਦੇ ਰਹੇ ਹਨ। ਹੁਣ ਇਕ ਪ੍ਰੋਜੈਕਟ ਬਣਾ ਕੇ ਸਮੁੱਚੇ ਨਾਮਧਾਰੀ ਇਤਿਹਾਸ ਬਾਰੇ ਆਪਣਾ ਲੇਖਣ ਕਾਰਜ ਮੁਕੰਮਲ ਕਰਨ ਵਾਲੇ ਹਨ ਤਾਂ ਅਸੀਂ ਇਸ ਲੇਖ ਵਿਚ ਕਸੇਲ ਜੀ ਦੁਆਰਾ ਲਿਖੇ ਨਾਮਧਾਰੀ ਪੰਜਾਬੀ ਸਾਹਿਤ ਤੱਕ ਹੀ ਸੀਮਤ ਰਹਾਂਗੇ।

ਜਿਹਾ ਕਿ ਉਪਰ ਦੱਸਿਆ ਗਿਆ ਹੈ ਕਿ ਉਹ ਇਕ ਪ੍ਰਤਿਭਾਸ਼ਾਲੀ ਪੰਜਾਬੀ ਕਵੀ ਹਨ। ਪ੍ਰੋ. ਪੂਰਨ ਸਿੰਘ ਹੋਰਾਂ ਦਾ ਕਥਨ ਹੈ - 'ਪ੍ਰੇਮ ਵਿਚ ਮੋਏ ਬੰਦਿਆਂ ਦੇ ਮਿੱਠੇ ਬੋਲ ਹੀ ਕਵਿਤਾ ਹਨ।' ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਪ੍ਰਤੀ ਆਪ ਦਾ ਡੂੰਘਾ ਪ੍ਰੇਮ ਅਤੇ ਅਥਾਹ ਸ਼ਰਧਾ ਨੇ ਦਿਲੀ ਜਜ਼ਬਾਤਾਂ ਦੀ ਤਰਜਮਾਨੀ ਲਈ ਕਵਿਤਾ ਦਾ ਰੂਪ ਧਾਰਿਆ। "ਜੈਸਾ ਸਤਿਗੁਰੁ ਸੁਣੀਦਾ" ਪ੍ਰਬੰਧ ਕਾਵਿ ਕਸੇਲ ਜੀ ਦੁਆਰਾ 1996 ਈ. ਵਿਚ

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਿਤ ਕਰਵਾਇਆ ਗਿਆ ਹੈ ਜਿਸ ਵਿਚ ਸਾਰੀ ਨਾਮਧਾਰੀ ਗੁਰੂ-ਪ੍ਰਣਾਲੀ ਦੀ ਮਹਿਮਾ ਦਾ ਬਖਾਨ ਕੀਤਾ ਗਿਆ ਹੈ। 1999 ਵਿਚ ਛਪੀ ਦੂਜੀ ਕਾਵਿ ਪੁਸਤਕ, 'ਚਾਲੀਸਾ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ' ਜਿਹਾ ਕਿ ਇਸ ਦੇ ਨਾਮ ਤੋਂ ਹੀ ਵਿਦਿਤ ਹੈ, ਵਰਤਮਾਨ ਸਤਿਗੁਰੂ ਜੀ ਦੀ ਮਹਿਮਾ ਤਕ ਹੀ ਸੀਮਿਤ ਹੈ।

"ਜੈਸਾ ਸਤਿਗੁਰੁ ਸੁਣੀਦਾ" ਦੇ ਮੰਗਲਾਚਰਣ ਵਿਚ ਕਵੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਦਾ ਮੰਗਲ ਕਰਦਾ ਹੈ, ਜੋ ਕਿ ਭਾਰਤੀ ਕਾਵਿ ਸ਼ਾਸਤਰ ਦੀ ਰਵਾਇਤ ਹੈ - ਇਸ਼ਟ ਉਪਾਸ਼ਨਾ:

"ਮੇਰੇ ਸਤਿਗੁਰ ਦਾ ਵਡ-ਪ੍ਰਤਾਪ ਹੈ ਭਾਈ, ਹਰੀ ਨਾਮ ਜਪਾਵੈ ਰਾਮ।
ਹਉਂ ਸਤਿਗੁਰ ਕਾ ਬਾਲਕਾ, ਜਗਜੀਤ ਸਦਾਵੈ ਰਾਮ।"[4]

ਕਵੀ ਦੇ ਸ਼ਬਦਾਂ ਵਿਚ, ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਨੂੰ, ਉਚ ਦੇ ਪੀਰ ਬਣਨ ਸਮੇਂ ਦਸਮ ਪਾਤਸ਼ਾਹ ਦੀ ਚਰਨਛੋਹ ਨਾਲ ਸਮਰਿਧ ਹੁੰਦਾ ਵਿਖਾਇਆ ਗਿਆ ਹੈ। ਉਦੋਂ ਸਤਿਲੁਜ ਵੀ ਇਸ ਨਗਰੀ ਦੇ ਲਾਗਿਉਂ ਲੰਘਦਾ ਸੀ, ਜੋ ਕਿ ਦਰਿਆ ਆਮ ਰਸਤਾ ਬਦਲ ਲੈਂਦੇ ਹਨ:

"ਉਤਰ ਪਛਮੀ ਦਿਸ਼ਾ ਵਿਚ, ਸੋਹੇ ਨਗਰ ਮਹਾਨ।
ਭਾਰਤ ਦੇ ਇਤਿਹਾਸ ਵਿਚ, ਚਮਕੇ ਜਿਸ ਦੀ ਸ਼ਾਨ।
ਇਹ ਉਹੋ ਹੀ ਭੈਣੇ ਹੈ, ਸਤਿਲੁਜ ਨਦੀ ਦਾ ਢੇਟ।
ਜਿੱਥੇ ਸਤੋਦਰੀ ਨਦੀ ਦਾ, ਜਲ ਮਾਰੇ ਪਲਸੇਟ
... .
ਮਾਛੀਵਾੜੇ ਆਣ ਕੇ, ਕੀਤਾ ਸੀ ਬਿਸਰਾਮ।
ਦਸਮ ਗੁਰੂ ਆ ਟਿਕੇ ਸਨ, ਜਾਣੇ ਕੁਲ ਜਹਾਨ।
ਲੰਘੇ ਇਸੇ ਰਾਹ ਤੋਂ ਬਣਕੇ, ਉਚ ਦੇ ਪੀਰ।
ਇਸ ਨਗਰੀ ਨੂੰ ਤੱਕਿਆ, ਬੱਝੀ ਦਿਲ ਵਿਚ ਧੀਰ।
ਇਸ ਸਥਾਨ ਤੇ ਹੋਇਆ, ਖ਼ਾਲਸਾ ਸੰਤ-ਪ੍ਰਕਾਸ਼,
ਦੁਆਦਸ ਗੁਰਇੰਦ ਹੈ, ਰਾਮ ਰੂਪ ਅਵਤਾਰ।"[5]

ਹਜ਼ਰੋ ਨਿਵਾਸੀ, ਗੁਰੂ ਬਾਲਕ ਸਿੰਘ ਜੀ ਤੋਂ ਸਤਿਗੁਰੂ ਰਾਮ ਸਿੰਘ ਸੈਨਿਕ ਜੀਵਨ ਸਮੇਂ ਨਾਮ ਦੀ ਦੀਖਿਆ ਲੈਣ ਗਏ। ਗੁਰੂ ਬਾਲਕ ਸਿੰਘ ਜੀ ਨੇ ਆਪ ਨੂੰ ਨਾਮ ਦੀ ਦਾਤ ਵੀ ਦਿਤੀ ਅਤੇ ਦਸਮੇਸ਼ ਜੀ ਦਾ ਸੰਤ ਖ਼ਾਲਸੇ ਦੀ ਸਾਜਣਾ ਕਰਨ ਵਾਲਾ ਹੁਕਮ ਵੀ ਸੁਣਾ ਦਿਤਾ ਜੋ ਕਿਸੇ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਪ੍ਰਤੀ ਫ਼ੁਰਮਾਇਆ ਸੀ:

"ਸਮਾਂ ਸੁਹੇਲਾ ਆ ਗਿਆ, ਗੁਰ ਬਾਲਕ ਦਾ ਫ਼ੁਰਮਾਨ
ਸੰਤ ਖ਼ਾਲਸਾ ਸਾਜ ਕੇ, ਪ੍ਰਗਟੀ ਜੋਤ ਮਹਾਨ।"[6]

1867 ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਸਮੇਂ ਅੰਗਰੇਜ਼ ਉਚ ਅਧਿਕਾਰੀਆਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਸ਼ਾਲ ਕੂਕਾ ਦਲ ਸਮੇਤ ਦਰਸ਼ਨ ਕੀਤੇ। ਉਹਨਾਂ ਦੀ ਸ਼ਖ਼ਸੀਅਤ ਅਤੇ ਸਾਦਾ ਰਹਿਣੀ ਬਹਿਣੀ, ਉਚ ਸੰਜਮੀ ਜੀਵਨ ਤੋਂ ਸਰਕਾਰ ਦੇ ਮੁਤਾਸਰ ਹੋਣ ਦੀ ਗਾਥਾ ਵੀ ਕਵੀ ਜੀ ਇਉਂ ਬਿਆਨ ਕਰਦੇ ਹਨ:

"ਤੱਕ ਸ਼ਾਨ ਗੁਰਦੇਵ ਦੀ, ਹਾਕਮ ਹੋਏ ਹੈਰਾਨ।
ਆਖਣ, 'ਸਤਿਗੁਰ ਰਾਮ ਸਿੰਘ, ਵਡਾ ਪੁਰਖ ਸੁਜਾਨ।
ਨੀਤੀ ਵਾਨ, ਮਿਠ-ਬੋਲੜਾ, ਜਾਪੇ ਪੁਰਖ ਮਹਾਨ।

Sri Satguru Jagjit Singh Ji eLibrary NamdhariElibrary@gmail.com

ਐਵੇਂ ਨਹੀਂ ਖ਼ਲਕਤ ਜੁੜੀ, ਇਸਦੇ ਗਿਰਦੇ ਆਣ।"[7]

ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ-ਪੰਜਾਬ ਵਿਚ ਸੁਤੰਤਰ ਖ਼ਾਲਸਾ ਰਾਜ ਦੀ ਪੁਨਰ ਸਥਾਪਨਾ ਨੂੰ - ਆਪਣੇ ਲਈ ਵੱਡਾ ਖ਼ਤਰਾ ਮੰਨਦਿਆਂ, ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਬਿਪਤਾ ਦੇ ਇਸ ਸਮੇਂ ਵਿਚ ਗੁਰੂ ਹਰੀ ਸਿੰਘ ਜੀ ਨੇ ਸਿੱਖੀ-ਬਾਗ਼ ਨੂੰ ਹਰਾ ਰੱਖਿਆ। ਉਹਨਾਂ ਆਪਣੇ ਧਾਰਮਕ ਕਰਤਵ ਵੀ ਪੂਰੇ ਕੀਤੇ। ਆਜ਼ਾਦੀ ਦੀ ਲਾਟ ਨੂੰ ਵੀ ਪਰਚੰਡ ਰੱਖਿਆ। ਭੈਣੀ ਸਾਹਿਬ ਵਿਖੇ ਲੋਹ-ਲੰਗਰ ਚੱਲਦਾ ਰਖਣ ਅਤੇ 'ਰਾਮ-ਸਰੋਵਰ' ਨੂੰ ਕਾਇਮ ਰੱਖ ਕੇ ਇਸ ਨੂੰ ਵੱਡੇ ਤੀਰਥ ਦਾ ਰੂਪ ਦੇਣ ਦੇ, ਆਪ ਦੇ ਯਤਨਾਂ ਦੀ, ਸਾਡਾ ਕਵੀ ਮੁਕਤ ਕੰਠ ਨਾਲ ਪ੍ਰਸੰਸਾ ਕਰਦਾ ਹੈ:

"ਸਤਿਗੁਰ ਹਰੀ ਸਿੰਘ ਨੇ, ਗੁਰੂ ਰਾਮ ਦੇ ਧਾਮ।
ਸਦਾ-ਵਰਤ ਚਲਾਇਆ, ਲੰਗਰ ਅਤਿ ਮਹਾਨ।

... ...

ਰਾਮ ਸਰੋਵਰ ਸਾਜਿਆ, ਹੋ ਕੇ ਅੰਤਰ ਧਿਆਨ
ਮਿਟਦੇ ਕਲ-ਕਲੇਸ਼ ਸਭ, ਕਰਦਾ ਜੋ ਇਸ਼ਨਾਨ।"[8]

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ, ਕਵੀ ਜੀ ਨੂੰ ਸੰਤ-ਮੰਡਲ ਵਿਚ, 'ਤਾਰਿਆਂ ਵਿਚ ਜਿਉਂ ਚੰਨ' ਸੁਸ਼ੋਭਿਤਮਾਨ ਨਜ਼ਰ ਆਉਂਦੇ ਹਨ। ਨਾਮ-ਦਾਨ, ਸੱਚ-ਸੋਧ, ਬਾਣੀ, ਕਥਾ-ਕੀਰਤਨ ਆਪ ਦੇ ਜੀਵਨ ਦੇ ਆਧਾਰ ਸਨ ਅਤੇ ਇਹ ਸਾਰੇ ਗੁਣ ਉਹ ਆਪਣੀ ਸੰਗਤ ਵਿਚ ਪ੍ਰਫੁੱਲਤ ਵੇਖਣ ਦੇ ਖ਼ਾਹਿਸ਼ਮੰਦ ਸਨ। ਉਹਨਾਂ ਦੇ ਸੰਗਤ ਦੇ ਭਲੇ ਲਈ ਦਿਤੇ ਉਪਦੇਸ਼ਾਂ ਨੂੰ, ਕਵੀ ਜੀ, ਗੌਹਜ-ਗਿਆਨ ਦੀਆਂ ਰਮਜ਼ਾਂ ਖੋਹਲਣ ਵਾਲੇ ਦੱਸਦੇ ਹਨ। ਕਸੇਲ ਜੀ ਦੇ ਅਨੁਸਾਰ, ਸਤਿਗੁਰੂ ਪਰਤਾਪ ਸਿੰਘ ਜੀ ਦੀ ਕੀਰਤੀ, ਸਮੇਂ ਸਥਾਨ ਦਿਆਂ ਬੰਧਨਾਂ ਤੋਂ ਮੁਕਤ ਹੋ ਕੇ ਚਹੁੰ ਕੂੰਟਾਂ ਵਿਚ ਫੈਲਦੀ ਜਾਏਗੀ:

'ਮਿਠੜੇ ਬੋਲ ਅਲਾਪਦੇ, ਕਰਦੇ ਗੁਰ ਵਖਿਆਨ।
ਹਰ ਹਿਰਦੇ ਨੂੰ ਠਾਰਦੇ, ਬਖ਼ਸ਼ਣ ਧੁਰ ਦਾ ਗਿਆਨ।
ਸੇਵਾ ਤੇ ਉਪਕਾਰ ਦੀ, ਐਸੀ ਚਲਾਈ ਰੀਤ।
ਕਥਾ ਗੁਰ ਪ੍ਰਤਾਪ ਦੀ, ਚਲਸੀ ਯੁੱਗਾਂ ਤੀਕ।"[9]

ਸਤਿਗੁਰੂ ਰਾਮ ਸਿੰਘ ਜੀ, ਗੁਰਬਾਣੀ ਆਸ਼ੇ ਅਨੁਸਾਰ, ਹਲੇਮੀ ਰਾਜ ਦੀ ਕਾਇਮੀ ਦਾ ਸੰਕਲਪ ਚਿਤਵਦੇ ਸਨ। ਉਹ ਸਾਂਝੀਵਾਲਤਾ ਦੇ ਮੁਦਈ ਸਨ। ਕਸੇਲ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਵੀ ਕਾਣੀ ਵੰਡ ਤੋਂ ਰਹਿਤ, ਇਕ ਸਮਾਜਿਕ ਆਰਥਿਕ ਵਿਵਸਥਾ ਦਾ ਭਵਿਖ ਨਕਸ਼ਾ ਨਜ਼ਰ ਆਉਂਦਾ ਹੈ ਤੇ ਕਿਉਂਕਿ ਆਪ ਦੇ ਸਮੇਂ ਵਿਚ ਹੀ ਵਿਸ਼ਵ ਦੇ ਜੰਗਾਂ ਦੀ ਭੱਠੀ ਵਿਚ ਝੋਕਿਆ ਗਿਆ ਸੀ। ਇਸ ਲਈ ਆਪ ਦੀ ਸਿਖਿਆ ਦਾ ਸਾਰ ਤੱਤ ਵੀ ਜੰਗ-ਰਹਿਤ ਅਤੇ ਲੁੱਟ-ਰਹਿਤ ਵਿਸ਼ਵ ਦੀ ਸਿਰਜਣਾ ਕਰਨਾ ਸੀ। ਕਸੇਲ ਜੀ ਲਿਖਦੇ ਹਨ:

"ਹਾਓ ਰੰਗ ਬਰਾਬਰੀ, ਸਭ ਵਰਣਾਂ ਦੀ ਸਾਂਝ।
ਹੋਵੇ ਹਲੇਮੀ ਰਾਜ ਤਦ, ਧਰਤ ਰਹੇ ਨਾ ਬਾਂਝ।
ਅੰਨ-ਧਨ ਉਦਯੋਗ ਤੇ, ਸਾਰੇ ਵਣਜ ਵਪਾਰ।
ਸਭ ਖ਼ਲਕਤ ਦੇ ਭਲੇ ਲਈ, ਸੋਹੇ ਇਹ ਸੰਸਾਰ।
ਮਿਟੇ ਕਲੇਸ਼ ਇਸ ਜੰਗ ਦਾ, ਜੋ ਕਰਦੀ ਧਰਤੀ ਕਰੂਪ।
ਮਾਨਸ-ਖਾਣੀ ਡੈਣ ਇਹ, ਰਹਿਣ ਨਾ ਦਵੇ ਸਲੂਕ।"[10]

ਇਸ ਤਰ੍ਹਾਂ ਇਸ ਕਾਵਿ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਦੇ ਵਿਵਿਧ ਪੱਖਾਂ ਤੇ ਸੰਕੇਤ ਰੂਪ

Sri Satguru Jagjit Singh Ji eLibrary NamdhariElibrary@gmail.com

ਵਿਚ ਝਾਤੀ ਪੁਆਉਣ ਤੋਂ ਬਾਅਦ ਉਹ ਵਰਤਮਾਨ ਸਤਿਗੁਰੂ ਜੀ, ਆਪਣੇ ਇਸ਼ਟ ਗੁਰਦੇਵ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗਦੀ-ਨਸ਼ੀਨੀ ਦਾ ਜ਼ਿਕਰ, ਡੋਲਦੇ ਮਨਾਂ ਨੂੰ ਧੀਰਜ ਬੰਨਾਉਣ ਲਈ ਕਰਦੇ ਹਨ:

"ਕਈਆਂ ਦੇ ਮਨ ਚਾਉ ਸੀ, ਗੁਰ-ਦਰਸ਼ਨ ਦੀ ਸਿੱਕ।
ਦਰਸ਼ਨ ਕਰਕੇ ਗੁਰੂ ਦਾ, ਮਨ ਜਾਵੇਗਾ ਟਿੱਕ।

....

ਸ਼ਰਧਾ ਤੇ ਉਤਸ਼ਾਹ ਦੋਵੇਂ, ਉਭਰੇ ਦਿਲ ਵਿਚਕਾਰ।
ਪੁਜਿਆ ਭੈਣੀ ਸਾਹਿਬ ਮੈਂ, ਕੁਝ ਮਿਤਰਾਂ ਦੇ ਨਾਲ।"[11]

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਬਾਅਦ ਜਿਥੇ ਨਾਮਧਾਰੀ ਸਾਧ ਸੰਗਤ ਨੂੰ ਦੇਸ਼-ਪਰਦੇਸਾਂ ਵਿਚ ਵਿਚਰ ਕੇ ਗੁਰਬਾਣੀ, ਗੁਰੂ ਘਰ ਨਾਲ ਜੋੜੀ ਰਖਣ ਹਿਤ ਆਪਣੀਆਂ ਧਾਰਮਿਕ ਅਧਿਆਤਮਕ ਜ਼ਿੰਮੇਵਾਰੀਆਂ ਨਿਭਾਈਆਂ। ਗੁਰਸਿਖਾਂ ਨੂੰ ਧਰਮ ਦੀ ਕਿਰਤ ਵਿਰਤ, ਖੇਤੀ, ਉਦਯੋਗ, ਬਾਗਬਾਨੀ, ਵਣਜ ਵਿਉਪਾਰ ਨਾਲ ਜੋੜਿਆ ਤੇ ਇਹਨਾਂ ਧੰਦਿਆਂ ਵਿਚ ਉਹਨਾਂ ਨੂੰ ਪ੍ਰਫੁੱਲਤ ਕੀਤਾ ਹੈ, ਉਥੇ ਹੀ ਆਪ ਨੇ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਕੇ ਸਾਹਿਤਕ ਪੱਤਰ ਸ਼ੁਰੂ ਕਰਵਾਏ। ਪੁਸਤਕਾਂ ਲਿਖਵਾਈਆਂ। ਕਸੇਲ ਜੀ ਵੀ ਸਤਿਗੁਰੂ ਜੀ ਦੇ ਇਸੇ ਸਨੇਹ-ਪਾਸ਼ ਵਿਚ ਬੱਝ ਕੇ ਹੀ ਆਪਣੇ ਵੱਡੇ ਕਰਤਬ ਨਿਭਾਅ ਪਾਏ ਹਨ। ਇਸ ਲਈ ਕਵੀ ਹਿਰਦੇ ਦੀ ਪਕੜ ਵਿਚੋਂ ਆਪ ਦੇ ਇਹ ਉਪਕਾਰ ਅਛੂਤੇ ਕਿਵੇਂ ਰਹਿ ਸਕਦੇ ਸਨ:

"ਵਰਤਮਾਨ ਗੁਰਦੇਵ ਨੇ, ਇਹੋ ਰੀਤ ਸੰਭਾਲ।
ਵਾਧਾ ਕੀਤਾ ਇਸ ਵਿਚ ਕਈ ਪੱਖਾਂ ਦੇ ਨਾਲ।
'ਵਰਿਆਮ', 'ਨਿਰੀਖਕ' ਜੋੜਦੇ, 'ਵਰਤਮਾਨ ਹਿੰਦੁਸਤਾਨ'।
ਉਚੀਆਂ ਕਿਰਤਾਂ ਗੁਰੂ ਤੋਂ, ਪਾਉਣ ਸਦਾ ਸਨਮਾਨ।
ਗੁਰ-ਇਤਿਹਾਸ, ਪੁਰਾਤਨ ਗ੍ਰੰਥ, ਵਲ ਕੀਤਾ ਹੈ ਧਿਆਨ।
ਉਜਲ ਰੂਪ ਵਿਚ ਛਪ ਰਹੇ, ਵੰਡਣ ਗੁਰਮਤਿ ਗਿਆਨ।

....

ਵਧੇ ਫੁਲੇ ਪੰਜਾਬ ਵਿਚ, ਮਾਂ-ਬੋਲੀ ਨਾਲ ਪ੍ਰੇਮ।
ਸਦਾ ਨਿਭਾਇਆ ਗੁਰੂ ਨੇ, ਥਾਪਿਆ ਵੱਡਾ ਨੇਮ।"[12]

ਇਹ ਪ੍ਰਬੰਧ ਕਾਵਿ ਦੋਹਰੇ ਛੰਦ ਵਿਚ ਹੀ ਰਚਿਆ ਗਿਆ ਹੈ ਪਰ ਇਸ ਵਿਚ ਬਾਰਾਂਮਾਹ, ਸਤਵਾਰੇ, ਪਹਿਰੇ ਆਦਿ ਕਾਵਿ ਰੂਪਾਂ ਦੀ ਵਰਤੋਂ ਵੀ ਕੀਤੀ ਗਈ ਹੈ। ਕਵੀ ਦੀ ਭਾਸ਼ਾ ਸਰਲ ਠੇਠ ਅਤੇ ਕੇਂਦਰੀ ਪੰਜਾਬੀ ਹੈ। ਕਵਿਤਾ ਵਿਚ ਬੇਲੋੜੇ ਅਲੰਕਾਰਾਂ ਦੇ ਗਹਿਣੇ ਨਹੀਂ ਵਰਤੇ ਗਏ। ਕਵੀ ਦਾ ਬਿਆਨ-ਰਸ ਧਾਰਾ ਪ੍ਰਵਾਹ ਚੱਲਦਾ ਹੈ, ਉਸਦੀ ਵਿਦਵਤਾ ਵੀ ਉਸਦੇ ਕਾਵਿਰਸ ਤੇ ਭਾਰੂ ਨਹੀਂ ਹੁੰਦੀ। ਇਸ ਤਰ੍ਹਾਂ ਇਹ ਇਕ ਨਿਵੇਕਲਾ ਤੇ ਅਨੂਠਾ ਪ੍ਰਭਾਵ ਸਿਰਜਣ ਵਾਲਾ ਕਾਵਿ ਹੋ ਨਿਬੜਦਾ ਹੈ ਜੋ ਇਸ ਮਾਰਗ ਦੇ ਜਗਿਆਸੂਆਂ ਲਈ ਤਾਂ ਸ਼ਰਧਾਲੂ ਕਾਵਿ ਦੀ ਸ਼੍ਰੇਣੀ ਵਿਚ ਆਉਂਦਾ ਹੈ। ਸਾਹਿਤ ਦੇ ਆਮ ਪਾਠਕਾਂ ਲਈ ਨਾਮਧਾਰੀ ਇਤਿਹਾਸ ਤੇ ਜੀਵਨ ਜਾਚ ਦੀਆਂ ਬਾਰੀਕੀਆਂ ਨੂੰ ਸਮਝਣ ਦਾ ਵੱਡਮੁੱਲਾ ਸੋਮਾ ਹੈ। ਕਵੀ ਦੇ ਪ੍ਰਗਤੀਸ਼ੀਲ ਜੀਵਨ ਦਰਸ਼ਨ ਦੇ ਝਲਕਾਰੇ ਵੀ ਇਸ ਵਿਚ ਪੈਂਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਦੇ ਚਾਲੀ ਸਾਲਾ ਅਵਸਰ ਨੂੰ ਸਮਰਪਿਤ ਚਾਲੀਸਾ – ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਆਪਣੇ ਇਸ਼ਟ ਗੁਰੂਦੇਵ ਨੂੰ ਦੋਹੇ ਦੇ ਰੂਪ ਵਿਚ, ਕਵੀ-ਕਸੇਲ ਦੁਆਰਾ ਰਚਿਆ ਗਿਆ ਹੈ। ਇਸ ਦੇ ਮੰਗਲਾਚਰਣ ਵਿਚ ਵੀ ਨਾਮਧਾਰੀ ਗੁਰ-ਪ੍ਰਣਾਲੀ ਨੂੰ ਦਸ ਸਤਿਗੁਰੂ ਸਾਹਿਬਾਨ ਤੋਂ ਬਾਅਦ ਸਿਮਰਿਆ ਗਿਆ ਹੈ:

Sri Satguru Jagjit Singh Ji eLibrary NamdhariElibrary@gmail.com

"ਗੁਰੂ ਬਾਲਕ ਰਹਿਉ ਗੁਪਤ, ਰਾਮ ਸਿੰਘ ਪ੍ਰਗਟ ਹੋਇ ਆਇਓ।
ਹਰੀ ਸਿੰਘ ਵਿਚ ਜੋਤ ਧਰ, ਵੱਡ-ਪ੍ਰਤਾਪੀ ਰੂਪ ਬਣਾਇਓ।
ਵਾਹੁ-ਵਾਹੁ ਗੁਰ ਜਗਜੀਤ ਹੈ, ਭੈਣੀ ਸਾਹਿਬ ਜੋਤ ਜਗਾਇਓ।
ਸੀਤਲ ਦਾਤਾ ਮੇਹਰਬਾਨ, ਚਰਨ ਪਰਸ ਅੰਮ੍ਰਿਤ ਫਲ ਪਾਇਓ।"

ਚਾਲੀਸਾ ਵਿਚ ਮੰਗਲਾਚਰਣ ਅਤੇ ਬਾਰਾਂਮਾਹ ਤੋਂ ਇਲਾਵਾ ਸਤਿਗੁਰੂ ਜੀ ਦੀ ਸ਼ਾਨ ਵਿਚ ਚਾਲੀ ਵਿਸ਼ੇਸ਼ ਛੰਦ ਰਚੇ ਗਏ ਹਨ, ਜਿਹਨਾਂ ਵਿਚ ਆਪ ਦੇ ਵੱਖ-ਵੱਖ ਦੈਵੀ ਅਤੇ ਮਨੁਖੀ ਗੁਣਾਂ ਦਾ ਵਰਣਨ ਮਿਲਦਾ ਹੈ। ਤਿੰਨੇ ਤੁਕਾਂ ਦੇ ਅੰਤ ਤੇ ਇਕ ਛੋਟੀ ਤੁਕ ਰਲਾਈ ਗਈ ਹੈ। ਹੇਠਲੇ ਛੰਦ ਵਿਚ ਸਤਿਗੁਰੂ ਜੀ ਦੁਆਰਾ ਵੱਖ-ਵੱਖ ਥਾਵਾਂ ਤੇ ਕੀਤੇ ਨਿਰਮਾਣ ਕਾਰਜਾਂ ਦਾ ਮਨੋਹਰ ਸ਼ੈਲੀ ਵਿਚ ਬਿਆਨ ਕੀਤਾ ਗਿਆ ਹੈ:

"ਗੁਰ ਧਾਮ ਵਾਲੀ ਸ਼ਾਨ, ਹੋਈ ਦੂਣੀ ਭੈਣੀ ਆਣ।
ਹੋਇਆ ਨਵ ਨਿਰਮਾਣ ਹੈ।
ਪ੍ਰਤਾਪ ਮੰਦਰ ਵਿਸ਼ਾਲ, ਅਸ਼ਟ ਭੁਜਾ ਸੋਹੇ ਤਾਲ
ਸੁੰਦਰ ਲੰਗਰ ਗੁਰੂ ਰਾਮ ਹੈ।
ਅਕਾਲ ਬੁੰਗਾ ਧਰਮਸ਼ਾਲ, ਸ਼ਹੀਦੀ ਸਮਾਰਕ ਬੇਮਿਸਾਲ,
ਵਸਾਇਆ ਨਗਰ ਮਸਤਾਨ ਹੈ।
ਉਚੀ ਕਲਾ ਸ਼ੁਭ ਤੇਰੀ, ਹੋਈ ਪ੍ਰਧਾਨ ਹੈ"

ਨਾਮਧਾਰੀ ਇਤਿਹਾਸ ਨਾਲ ਸਬੰਧਿਤ ਕਸੇਲ ਜੀ ਦਾ ਵੱਡਾ ਕੰਮ "ਤਵਾਰੀਖ ਸੰਤ ਖਾਲਸਾ ਗੁਰ-ਇਤਿਹਾਸ" ਹੈ। ਇਸ ਦਾ ਪਹਿਲਾ ਖੰਡ 903 ਸਫ਼ਿਆਂ ਦੇ ਵੱਡ-ਆਕਾਰੀ ਗ੍ਰੰਥ ਦੇ ਰੂਪ ਵਿਚ ਦਿੱਲੀ ਤੋਂ ਪ੍ਰਕਾਸ਼ਿਤ ਹੋਇਆ ਹੈ। ਇਸ ਦੇ ਪਹਿਲੇ ਖੰਡ ਵਿਚ ਨਾਮਧਾਰੀ ਸੰਤ ਖ਼ਾਲਸਾ ਦੇ 1857 ਈ. ਵਿਚ ਪ੍ਰਗਟ ਹੋਣ ਤੋਂ ਪਹਿਲੇ ਸਮੇਂ ਦਾ ਆਦਿ ਗੁਰੂ ਨਾਨਕ ਦੇਵ ਤੋਂ ਲੈ ਕੇ, ਲਾਹੌਰ ਦਰਬਾਰ ਦੇ ਸਿੱਖ ਰਾਜ ਦੇ ਅੰਗ੍ਰੇਜ਼ਾਂ ਦੁਆਰਾ ਹਥਿਆਏ ਜਾਣ ਤੱਕ ਦਾ ਇਤਿਹਾਸ, ਪਹਿਲੇ ਪੰਜ ਕੁ ਸੌ ਸਫ਼ਿਆਂ ਵਿਚ ਅੰਕਿਤ ਹੈ। ਇਉਂ ਉਸ ਪਿੱਠ-ਭੂਮੀ ਤੇ ਲੰਮਾ ਦ੍ਰਿਸ਼ਟੀਪਾਤ ਕੀਤਾ ਗਿਆ ਹੈ, ਜਿਸ ਕਾਰਨ ਸਿੱਖ ਰਾਜ ਗਿਆ ਅਤੇ ਨਾਮਧਾਰੀ ਸੰਤ ਖਾਲਸਾ ਸਿਰਜਣ ਦੀਆਂ ਪੂਰਵ-ਲੋੜਾਂ ਦਾ ਜ਼ਿਕਰ ਵੀ, ਇਕ ਵਿਵੇਕਸ਼ੀਲ ਇਤਿਹਾਸਕਾਰ ਦੀ ਪੈਨੀ ਦ੍ਰਿਸ਼ਟੀ ਨਾਲ ਕੀਤਾ ਗਿਆ ਹੈ। ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਪ੍ਰਮੁੱਖ ਜੀਵਨ ਸਮਾਚਾਰਾਂ ਅਤੇ ਘਟਨਾਵਾਂ ਨੂੰ ਮਗਰਲੇ 400 ਸਫ਼ਿਆਂ ਵਿਚ ਸਮੇਟਿਆ ਗਿਆ ਹੈ। ਇਉਂ ਇਹ ਇਤਿਹਾਸ ਵਿਸਤ੍ਰਿਤ ਵੀ ਹੈ ਅਤੇ ਬੇਲੋੜੀ ਜਾਣਕਾਰੀ ਤੋਂ ਵੀ ਬਚਿਆ ਹੈ। ਲੇਖਕ ਦੇ ਸਰੋਤ ਪਰੰਪਰਾਗਤ ਨਾਮਧਾਰੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ ਬਾਹੋਵਾਲ, ਭਾਈ ਧਿਆਨ ਸਿੰਘ ਕਾਦਰਾਬਾਦੀ, ਗਿਆਨੀ ਕਾਹਲਾ ਸਿੰਘ ਨੰਗਲ, ਕਵੀ ਚੰਦਾ ਸਿੰਘ, ਕਵੀ ਨਿਹਾਲ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚਕਰਵਰਤੀ, ਪ੍ਰੀਤਮ ਸਿੰਘ ਕਵੀ, ਤਰਨ ਸਿੰਘ ਵਹਿਮੀ, ਬਿਸ਼ਨ ਸਿੰਘ ਹਿਸਟੋਰੀਅਨ, ਮਾਸਟਰ ਨਿਹਾਲ ਸਿੰਘ, ਦਲੀਪ ਸਿੰਘ ਨਾਮਧਾਰੀ, ਪ੍ਰਿ: ਬੀਬੀ ਬੇਅੰਤ ਕੌਰ, ਤਾਰਾ ਸਿੰਘ ਅਨਜਾਣ, ਜਸਵਿੰਦਰ ਸਿੰਘ ਹਿਸਟੋਰੀਅਨ ਆਦਿ ਵੀ ਹਨ ਅਤੇ ਆਧੁਨਿਕ ਇਤਿਹਾਸਕਾਰ ਗੰਡਾ ਸਿੰਘ, ਨਾਹਰ ਸਿੰਘ, ਖੁਸ਼ਵੰਤ ਸਿੰਘ, ਫੌਜਾ ਸਿੰਘ ਬਾਜਵਾ, ਐਮ.ਐਸ. ਆਹਲੂਵਾਲੀਆ ਅਤੇ ਕੂਕਿਆਂ ਬਾਰੇ ਸਰਕਾਰੀ ਦਸਤਾਵੇਜ਼ ਵੀ। ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤਕ ਦਾ ਤਕਰੀਬਨ ਅੱਧੀ ਸਦੀ ਦਾ ਨਾਮਧਾਰੀ ਇਤਿਹਾਸ ਬੜੀ ਮਿਹਨਤ, ਲਗਨ ਅਤੇ ਉਤਸ਼ਾਹ ਨਾਲ ਲਿਖ ਕੇ ਰੀਝ ਨਾਲ 'ਆਰਸੀ ਪਬਲਿਸ਼ਰਜ਼' ਵਾਲਿਆਂ ਤੋਂ ਛਪਵਾਇਆ ਗਿਆ ਹੈ।

ਇਸ ਰਚਨਾ ਵਿਚ ਵੀ ਕਸੇਲ ਜੀ ਦੇ ਵਿਸ਼ਵ ਦ੍ਰਿਸ਼ਟੀਕੋਣ ਦੇ ਦਰਸ਼ਨ ਹੁੰਦੇ ਹਨ। ਜਿਹਾ ਕਿ ਉਪਰ ਜ਼ਿਕਰ

Sri Satguru Jagjit Singh Ji eLibrary NamdhariElibrary@gmail.com

ਆ ਚੁੱਕਾ ਹੈ ਉਹ ਗ਼ਦਰ ਲਹਿਰ ਨਾਲ ਜੁੜੇ ਪਰਿਵਾਰ ਦੇ ਰੁਕਨ ਹੋਣ ਸਦਕਾ, ਹਮੇਸ਼ਾਂ ਹੀ ਸਾਮਰਾਜ ਵਿਰੋਧੀ ਅੰਦੋਲਨਾਂ ਵਿਚ ਪੇਸ਼ ਪੇਸ਼ ਰਹੇ ਸਨ। ਨਾਮਧਾਰੀ ਪੰਥ ਦਾ ਜਨਮ ਵੀ ਸਾਮਰਾਜ ਵਿਰੋਧ ਵਿਚੋਂ ਹੋਇਆ ਸੀ। ਇਸੇ ਲਈ ਕਸੇਲ ਜੀ ਨੇ 1964 ਈ. ਤੋਂ ਆਪਣੇ ਆਪ ਨੂੰ ਮੁਕੰਮਲ ਤੌਰ 'ਤੇ ਨਾਮਧਾਰੀ ਪੰਥ ਨਾਲ ਏਕੀਕ੍ਰਿਤ ਕਰ ਲਿਆ ਸੀ। ਇਹ ਉਹ ਸਮਾਂ ਸੀ ਜਦੋਂ ਤੀਜੀ ਜੰਗ ਦੇ ਬੱਦਲ ਵਿਸ਼ਵ ਤੇ ਮੰਡਰਾ ਰਹੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੁਨੀਆਂ ਦੀਆਂ ਪ੍ਰਗਤੀਸ਼ੀਲ ਯੁੱਧ-ਵਿਰੋਧੀ ਸ਼ਕਤੀਆਂ ਨਾਲ ਲੋਕ-ਪੈਂਤੜੇ ਤੋਂ ਇਸ ਨਵ-ਸਾਮਰਾਜਵਾਦੀ ਨੀਤੀ ਦਾ ਵਿਰੋਧ ਕਰ ਰਹੇ ਸਨ। ਇਸ ਲਈ ਗ਼ਦਰੀ ਬਾਬਿਆਂ, ਤੇਜਾ ਸਿੰਘ ਸੁਤੰਤਰ ਦੀ ਲਾਲ ਪਾਰਟੀ ਅਤੇ ਲੋਕ-ਪੱਖੀ ਪੰਜਾਬੀ ਆਲੋਚਨਾ ਪ੍ਰਣਾਲੀ ਦੇ ਬਾਨੀ ਸੰਤ ਸਿੰਘ ਸੇਖੋਂ ਦੇ ਪੈਰੋਕਾਰ, ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਦਾ ਨਾਮਧਾਰੀ ਦਰਬਾਰ ਨਾਲ ਜੁੜਨਾ ਮਹਿਜ਼ ਇਕ ਸੰਜੋਗ ਹੀ ਨਹੀਂ ਸੀ ਸਗੋਂ ਵੇਲੇ ਦੀਆਂ ਤਾਕਤਾਂ ਦੇ ਤੋਲ ਵਿਚ, ਆਪਣੀ ਉਸਾਰੂ ਭੂਮਿਕਾ ਨੂੰ ਕਿੱਥੇ ਵਰਤਿਆ ਜਾ ਸਕਦਾ ਸੀ, ਇਸ ਦਿਸ਼ਾ ਵਿਚ ਉਹਨਾਂ ਦਾ ਇਕ ਸੋਚ ਸਮਝ ਕੇ ਪੁੱਟਿਆ ਕਦਮ ਹੀ ਸੀ।

ਆਪਣੇ ਵਿਸ਼ਲੇਸ਼ਣ ਵਿਚ ਕਸੇਲ ਜੀ ਪ੍ਰਮੁੱਖ ਇਤਿਹਾਸਕਾਰਾਂ ਦੀਆਂ ਕੁਝ ਪੂਰਬ-ਨਿਰਧਾਰਤ ਸਥਾਪਨਾਵਾਂ ਦੇ ਸਮਾਨੰਤਰ, ਆਪਣੇ ਵਿਚਾਰ ਪੇਸ਼ ਕਰਨ ਦੀ ਦਲੇਰੀ ਤੋਂ ਪਾਸਾ ਵੱਟਦੇ ਨਜ਼ਰ ਨਹੀਂ ਆਉਂਦੇ। ਡਾ. ਫੌਜਾ ਸਿੰਘ ਦੇ ਇਸ ਕਥਨ ਕਿ ਗੁਰੂ ਬਾਲਕ ਸਿੰਘ ਦੀ ਜਗਿਆਸੀ ਅਭਿਆਸੀ ਲਹਿਰ ਦੀ ਥਾਂ ਸਿਆਸੀ ਤੌਰ ਤੇ ਕੂਕਾ ਲਹਿਰ ਨੂੰ ਭਾਈ ਮਹਾਰਾਜ ਸਿੰਘ ਦੇ ਖ਼ਾਲਸਾ ਰਾਸ਼ਟਰਵਾਦ ਤੋਂ ਵਧੇਰੇ ਪ੍ਰਭਾਵਿਤ ਹੋਈ ਮੰਨਿਆ ਜਾ ਸਕਦਾ ਹੈ। ਪ੍ਰੋ. ਕਸੇਲ ਜੀ ਇਸ ਮਸਲੇ ਨੂੰ ਇਉਂ ਪੇਸ਼ ਕਰਦੇ ਹਨ: "ਸਤਿਗੁਰੂ ਰਾਮ ਸਿੰਘ ਭਾਈ ਮਹਾਰਾਜ ਸਿੰਘ ਦੀ ਪ੍ਰਸੰਸਾ ਤਾਂ ਕਰਦੇ ਹਨ, ਪਰ ਉਨ੍ਹਾਂ ਦਾ ਅਸਲੀ ਮਾਰਗ ਜੋ ਆਪ ਜੀ ਨੇ ਸੰਤ ਖ਼ਾਲਸਾ ਦੇ ਰੂਪ ਵਿਚ ਦ੍ਰਿੜਾਇਆ, ਉਸ ਦਾ ਮੁੱਖ ਆਧਾਰ ਅਧਿਆਤਮਕ ਜਾਗ੍ਰਿਤੀ ਹੀ ਸੀ। ਇਹ ਆਤਮਿਕ ਜਾਗ੍ਰਿਤੀ ਹੀ ਮੂਲ ਰੂਪ ਵਿਚ ਸਮਾਜਿਕ ਕ੍ਰਾਂਤੀਆਂ ਦਾ ਬੀਜ ਰੂਪ ਹੁੰਦਾ ਹੈ, ਜੋ ਅੱਗੋਂ ਜਾ ਕੇ ਸਮਾਜਿਕ ਲਹਿਰਾਂ ਦਾ ਰੂਪ ਧਾਰਨ ਕਰਦਾ ਹੈ।"[15]

ਮਲੇਰ ਕੋਟਲੇ ਵਿਚ 66 ਨਾਮਧਾਰੀ ਸਿੰਘਾਂ ਨੂੰ ਬਿਨਾਂ ਮੁਕੱਦਮਾਂ ਚਲਾਏ ਤੁਰੰਤ ਮ੍ਰਿਤੂ ਦੰਡ ਦਿੱਤੇ ਜਾਣ ਕਾਰਨ ਜੋ ਵਿਵਾਦ ਪੰਜਾਬ ਤੇ ਭਾਰਤ ਸਰਕਾਰ ਵਿਚਾਲੇ ਦੋਸ਼ੀ ਅਧਿਕਾਰੀਆਂ ਨੂੰ ਬਚਾਉਣ ਬਾਰੇ ਉਪਜਿਆ, ਉਸ ਦਾ ਵਿਸ਼ਲੇਸ਼ਣ ਵੀ ਕਸੇਲ ਜੀ ਨੇ ਮੌਕੇ ਦੀਆਂ ਦਸਤਾਵੇਜ਼ੀ ਗਵਾਹੀਆਂ ਦੇ ਆਧਾਰ ਤੇ ਆਪਣੀ ਤੀਖਣ-ਬੁੱਧੀ ਨਾਲ ਇਉਂ ਕੀਤਾ ਹੈ:

"ਭਾਵੇਂ ਕਾਵਨ ਦੀਆਂ ਕਾਰਵਾਈਆਂ ਨੂੰ ਪਸੰਦ ਨਹੀਂ ਸੀ ਕੀਤਾ ਗਿਆ। ਫਿਰ ਵੀ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਇਹ ਕਹਿ ਕੇ ਵਕਾਲਤ ਕੀਤੀ ਕਿ, "ਇਹ ਕਾਰਵਾਈ ਨੇਕ ਨੀਤੀ ਅਤੇ ਸਰਕਾਰ ਦੇ ਸਰਵੋਤਮ ਹਿਤਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ।" ਇਸ ਸਖ਼ਤ ਸਜ਼ਾ ਬਾਰੇ ਪਿੱਛੇ ਜਾ ਕੇ ਇਹ ਦਲੀਲ ਦਿੱਤੀ ਗਈ ਕਿ, "ਤੋਪਾਂ ਨਾਲ ਉਡਾ ਕੇ ਮੌਤ ਦੀ ਸਜ਼ਾ ਦੇਣੀ ਇਸ ਲਈ ਠੀਕ ਸਮਝੀ ਗਈ ਸੀ ਤਾਂ ਜੋ ਇਸ ਸਮੇਂ ਵੱਡੀ ਗਿਣਤੀ ਵਿਚ ਇਕੱਤਰ ਹੋਏ ਦਰਸ਼ਕਾਂ ਦੇ ਮਨ ਵਿਚ ਦਹਿਸ਼ਤ ਦਾ ਪ੍ਰਭਾਵ ਪਾਇਆ ਜਾ ਸਕੇ।" ਪਰ ਉਨ੍ਹਾਂ ਦਾ ਇਹ ਤਰਕ ਉਚਤਮ ਅਧਿਕਾਰੀਆਂ ਦੇ ਮਜ਼ਾਕ ਅਤੇ ਤਨਜ਼ ਦਾ ਕਾਰਨ ਬਣਿਆ। ਉਦਾਹਰਣ ਵਜੋਂ ਜਾਨ ਸਟਰੇਚੀ, ਜੋ ਵਾਇਸਰਾਏ ਦੀ ਕੌਂਸਲ ਦਾ ਮੈਂਬਰ ਸੀ, ਨੇ ਅਜਿਹੀ ਸਜ਼ਾ ਨੂੰ ਮਾਨਵਤਾ ਵਿਰੋਧੀ ਅਤੇ ਸਭਿਆ ਮਨੁੱਖ ਵਲੋਂ ਦਿਤੀ ਜਾਣ ਵਾਲੀ ਸਜ਼ਾ ਦੇ ਪ੍ਰਤੀਕੂਲ ਕਿਹਾ। ਉਸਨੇ ਇਹ ਵੀ ਕਿਹਾ ਕਿ "ਅਜਿਹੀ ਸਜ਼ਾ ਨੂੰ ਦਯਾ ਦ੍ਰਿਸ਼ਟੀ ਦੀ ਸੰਗਿਆ ਦੇਣੀ ਭਾਸ਼ਾ ਦੀ ਅਜੀਬ ਕੁਵਰਤੋਂ ਹੈ।"[16]

ਨਾਮਧਾਰੀ ਸ਼ਹੀਦੀ ਸਾਕੇ, ਸਤਿਗੁਰੂ ਜੀ ਅਤੇ ਸੂਬਿਆਂ ਦੀ ਜਲਾਵਤਨੀ, ਜਿਹਨਾਂ ਸੂਬਿਆਂ ਨੇ ਕਿਹਨਾਂ ਕਠਿਨ ਹਾਲਤਾਂ ਵਿਚ ਕੈਦਾਂ ਕੱਟੀਆਂ, ਪਿੱਛੋਂ ਉਹਨਾਂ ਦੇ ਪਰਿਵਾਰਾਂ ਤੇ ਕੀ-ਕੀ ਸਖ਼ਤੀਆਂ ਦੇ ਝੱਖੜ ਝੁੱਲੇ, ਇਹ ਸਾਰੇ ਵੇਰਵੇ ਪਹਿਲੀ ਵਾਰ ਕਸੇਲ ਜੀ ਦੇ ਲਿਖੇ ਇਸ ਇਤਿਹਾਸਕ ਗ੍ਰੰਥ ਵਿਚ ਸਵਿਸਥਾਰ ਪੜ੍ਹਨ ਨੂੰ ਮਿਲਦੇ ਹਨ। ਸ੍ਰੀ ਗੁਰੂ ਹਰੀ ਸਿੰਘ ਜੀ ਦਾ ਸਮਾਂ ਵੀ ਨਾਮਧਾਰੀਆਂ ਵਾਸਤੇ ਕਠਿਨ ਪ੍ਰੀਖਿਆ ਦਾ ਸਮਾਂ ਸੀ। ਸਤਿਗੁਰਾਂ ਦੇ ਦਰਸ਼ਨਾਂ ਲਈ,

Sri Satguru Jagjit Singh Ji eLibrary NamdhariElibrary@gmail.com

ਪੰਜ ਸਿੰਘ ਅੱਠੋਂ ਪਹਿਰੀਂ ਪੁਲੀਸ ਚੌਕੀ ਦੀ ਇਜਾਜ਼ਤ ਨਾਲ ਗੁਰਦੁਆਰੇ ਦੇ ਅੰਦਰ ਦਾਖ਼ਲ ਹੁੰਦੇ ਸਨ। ਅਗਲੇ ਦਿਨ ਉਹ ਨਿਕਲ ਜਾਂਦੇ ਅਤੇ ਹੋਰ ਨਵੇਂ ਪੰਜ ਆਪਣੇ ਨਾਂ-ਪਤੇ ਲਿਖਾ ਕੇ ਹਾਜ਼ਰ ਹੁੰਦੇ। ਬਾਹਰ ਭੁੱਖੇ-ਭਾਣੇ ਸਿੰਘ, ਟਿੱਬਿਆਂ, ਢੱਕੀਆਂ, ਜੰਗਲਾਂ ਵਿਚ ਲੁਕੇ ਰਹਿੰਦੇ। ਗੁਰੂ ਹਰੀ ਸਿੰਘ ਆਪ ਭੁੱਖੇ-ਤਿਹਾਏ ਰਹਿ ਕੇ ਉਹਨਾਂ ਤਕ ਲੁਕ ਛਿਪ ਕੇ ਜਲ-ਪਰਸ਼ਾਦਾ ਪੁਚਾਉਂਦੇ। ਇਸੇ ਸਮੇਂ ਹੀ ਦਲੀਪ ਸਿੰਘ ਅੰਤਿਮ ਸਿਖ ਮਹਾਰਾਜਾ ਦੀ ਪੰਜਾਬ ਵਾਪਸੀ ਦੇ ਚਰਚੇ ਕੂਕਿਆਂ ਤਕ ਪੁੱਜਦੇ ਸਨ। ਸਤਿਗੁਰੂ ਰਾਮ ਸਿੰਘ ਦੇ ਰੂਸ ਸਰਕਾਰ ਨਾਲ ਪੱਤਰ ਗੁਰੂ ਹਰੀ ਸਿੰਘ ਦੁਆਰਾ ਪਹੁੰਚਾਏ ਜਾਂਦੇ, ਗੁਰੂ ਹਰੀ ਸਿੰਘ ਦੇ ਪੱਤਰਾਂ ਸਮੇਤ। ਹੁਣ ਸਾਰੇ ਇਨਕਲਾਬੀ ਕੂਕੇ ਸਿੰਘ ਇਹਨਾਂ ਯੋਜਨਾਵਾਂ ਵਿਚ ਆਪ ਦੇ ਨਿਰਦੇਸ਼ਨ ਹੇਠ ਜੁਟੇ ਹੋਏ ਸਨ। ਗੁਰੂ ਹਰੀ ਸਿੰਘ ਜੀ ਦੀ ਉੱਚ ਸ਼ਖ਼ਸੀਅਤ ਬਾਰੇ ਇਸ ਸਾਰ-ਗਰਭਿਤ ਟਿਪਣੀ ਦੇ ਨਾਲ ਗ੍ਰੰਥ ਦਾ ਪਹਿਲਾ ਭਾਗ ਸਮਾਪਤ ਹੁੰਦਾ ਹੈ: "ਥੋੜ੍ਹੇ ਸ਼ਬਦਾਂ ਵਿਚ ਜੇਕਰ ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਬਾਰੇ ਕੁਝ ਕਹਿਣਾ ਹੋਵੇ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਆਪ ਬਾਬਾ ਫ਼ਰੀਦ ਜੀ ਦੇ ਸ਼ਲੋਕ ਦੇ ਸ਼ਬਦਾਂ :

'ਦਰਵੇਸਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ।'

(ਸਲੋਕ ਫਰੀਦ 60, ਪੰਨਾ 1381)

'ਸਭਨਾ ਮਨ ਮਾਣਿਕ, ਠਾਹਣੁ ਮੂਲ ਮਚਾਂਗਵਾ
ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ।'

(ਸਲੋਕ ਫਰੀਦ 129, ਪੰਨਾ 1384)

ਦੇ ਸਾਖਿਆਤ ਸਰੂਪ ਜਾਪਦੇ ਹਨ।"[5]

ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਸਮਾਚਾਰ, ਉਹਨਾਂ ਦੇ ਸਰਬਤ ਗੁਰੂ ਨਾਨਕ ਨਾਮਲੇਵਾ ਸੰਗਤਾਂ ਨੂੰ ਇਕ ਸੂਤਰ ਵਿਚ ਪ੍ਰੋਣ ਦੇ ਉਪਰਾਲੇ, ਉਹਨਾਂ ਦੇ ਸਮੇਂ ਭਾਰਤ ਵਿਚ ਚੱਲਣ ਵਾਲੀਆਂ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਨਾਲ ਕੂਕਿਆਂ ਦਾ ਤਾਲਮੇਲ, ਗੁਰਬਾਣੀ ਗੁਰਮਤਿ ਸੰਗੀਤ ਪਰੰਪਰਾ ਲਈ ਆਪ ਦੀਆਂ ਵੱਡਮੁੱਲੀਆਂ ਸਰਗਰਮੀਆਂ, ਸੰਗਤ ਨੂੰ ਨਾਮ ਬਾਣੀ ਨਾਲ ਜੋੜਨਾ, ਸਖ਼ਤੀਆਂ ਦੇ ਦੌਰ ਬਾਅਦ ਕੂਕਾ ਫੁਲਵਾੜੀ ਨੂੰ ਫਿਰ ਮਹਿਕਾਉਣਾ, ਦੇਸ਼ ਵੰਡ ਬਾਅਦ ਪੁਨਰ-ਵਸੇਵੇ ਦਾ ਮਹਾਨ ਕਾਰਜ, ਜੀਵਨ ਨਗਰ ਦੀ ਸਥਾਪਨਾ ਆਦਿ ਸਭ ਘਟਨਾਵਾਂ - ਵਿਸ਼ਵ ਤੇ ਕੌਮੀ ਘਟਨਾਵਾਂ ਦੇ ਪਰਸੰਗ ਵਿਚ ਪੇਸ਼ ਕਰਕੇ ਕਸੇਲ ਜੀ ਨੇ ਇਸ ਇਤਿਹਾਸ ਦਾ ਦੂਜਾ ਭਾਗ ਮੁਕੰਮਲ ਕਰ ਦਿੱਤਾ ਹੈ ਜੋ ਪ੍ਰੈਸ ਵਿਚ ਜਾਣ ਹੀ ਵਾਲਾ ਹੈ। ਇਸ ਮਹਾਨ ਤਵਾਰੀਖ ਦੀ ਤੀਜੀ ਲੜੀ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਬੰਧਿਤ ਹੈ ਜਿਸ ਤੇ ਪ੍ਰੋ. ਕਸੇਲ ਕਾਰਜਸ਼ੀਲ ਹਨ।

ਇਕ ਨੇਤਰਹੀਣ ਵਿਅਕਤੀ, ਪੰਜਾਬੀ ਦੇ ਸਾਹਿਤਕ ਖੇਤਰ ਦਾ ਉੱਚ ਦੁਮਾਲੜਾ ਸਾਹਿਤਕਾਰ ਅਤੇ ਹੁਣ ਹਜ਼ਾਰਾਂ ਪੰਨਿਆਂ ਦਾ ਨਾਮਧਾਰੀ ਇਤਿਹਾਸ, ਨਾਮਧਾਰੀ ਸਾਹਿਤ, ਨਾਮਧਾਰੀ ਸੱਭਿਆਚਾਰ ਗੁਮਨਾਮੀ ਦੇ ਝਰੋਖੇ 'ਚੋਂ ਮੁਕਤ ਕਰਵਾਉਣ ਲਈ ਜੁਟ ਰਿਹਾ ਹੈ। ਕੀ ਇਸਨੂੰ ਕੋਈ ਮੁਅਜਜ਼ਾ ਹੀ ਸਮਝਿਆ ਜਾਵੇ ਜਾਂ ਇਕ ਕਰਮਸ਼ੀਲ ਸਾਹਿਤ ਸਾਧਕ ਦੀ ਕਠੋਰ ਸਾਧਨਾ ਦਾ ਫਲ?

ਫੁੱਟ ਨੋਟ:

1. ਜੀਆ ਸਤਿਗੁਰ ਜੁਗੀਆ - 1996 - ਪਟਿਆਲਾ ਪੰਨੇ 12-13
2. ਅਭਿਨੰਦਨ ਗ੍ਰੰਥ (ਪ੍ਰੋ. ਕਿਰਪਾਲ ਸਿੰਘ ਕਸੇਲ) - 2003 - ਪਟਿਆਲਾ-ਸੰਪਾਦਕ ਸਤਿੰਦਰ ਸਿੰਘ ਨੂਰ - ਸਫ਼ਾ 553
3. ਉਹੀ - ਸਫ਼ਾ 580-81
4. ਜੀਆ ਸਤਿਗੁਰ ਜੁਗੀਆ - ਸਫ਼ਾ 10-11
5. ਉਹੀ - 17

Sri Satguru Jagjit Singh Ji eLibrary NamdhariElibrary@gmail.com

6. ਉਹੀ - 26
7. ਉਹੀ - 31
8. ਉਹੀ - 42-43
9. ਉਹੀ - 46-47
10. ਉਹੀ - 54-55
11. ਉਹੀ - 73-74
12. ਉਹੀ - 100-101
13. ਚਾਲੀਸਾ ਸਤਿਗੁਰੂ ਜਗਜੀਤ ਸਿੰਘ - 1999 - ਸ੍ਰੀ ਭੈਣੀ ਸਾਹਿਬ- ਸਫ਼ਾ 7
14. ਉਹੀ - ਸਫ਼ਾ 44
15. ਤਵਾਰੀਖ ਸੰਤ ਖਾਲਸਾ - 2006- ਦਿੱਲੀ- ਸਫ਼ਾ 512
16. ਉਹੀ - ਸਫ਼ਾ 704
17. ਉਹੀ - ਸਫ਼ਾ 899-900

Sri Satguru Jagjit Singh Ji eLibrary NamdhariElibrary@gmail.com

ਉੱਚ ਦੁਮਾਲੜਾ ਕਵੀਸ਼ਰ ਸੰਤ ਜੀਵਨ ਸਿੰਘ 'ਕਾਵਿ-ਭੂਸ਼ਨ'

"ਜੰਮਣ ਭੋਂ ਅਵਤਾਰਾਂ ਤੇ ਆਰਫਾਂ ਦੀ,
ਹਠੀਆਂ ਤਪੀਆਂ ਤੇ ਰੂਹਾਂ ਮਸਤਾਨੀਆਂ ਦੀ।
ਸੂਰਬੀਰਾਂ, ਕਵੀਸ਼ਰਾਂ, ਪੰਡਿਤਾਂ ਦੀ,
ਭਗਤਾਂ, ਧਰਮੀਆਂ, ਬ੍ਰਹਮ-ਗਿਆਨੀਆਂ ਦੀ।
ਤੂੰ ਦਰਗਾਹ ਹੈਂ ਆਸ਼ਕਾਂ ਸਾਦਕਾਂ ਦੀ,
ਤੂੰ ਸਮਾਧ ਸਰਬੰਸ ਦੇ ਦਾਨੀਆਂ ਦੀ।
ਤੇਰੀ ਮਿੱਟੀ ਵਿਚ ਮਹਿਕ ਸ਼ਹੀਦੀਆਂ ਦੀ,
ਤੇਰੀਆਂ ਤਰਥਾਂ 'ਚ ਗੂੰਜ ਕੁਰਬਾਨੀਆਂ ਦੀ।"

ਪੰਜਾਬੀ ਸੱਭਿਆਚਾਰ ਦੇ ਜੀਵੰਤ ਚਿਤੇਰੇ ਅਤੇ ਸਾਡੇ ਕੌਮੀ ਕਵੀ, ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੇ ਪਿਆਰੇ ਪੰਜਾਬ ਦੀ ਪਹਿਚਾਣ, ਜਿਨ੍ਹਾਂ ਲੋਕਾਂ ਨਾਲ ਜੋੜੀ ਹੈ, ਉਨ੍ਹਾਂ ਵਿਚ ਸੂਰਬੀਰ ਵੀ ਸ਼ਾਮਿਲ ਹਨ ਅਤੇ ਕਵੀਸ਼ਰ ਵੀ। ਇਹ ਦੋਵੇਂ ਗੁਣਾਂ ਵਾਲੇ ਲੋਕ ਦਰਅਸਲ ਇਕ ਦੂਜੇ ਦੇ ਪੂਰਕ ਹਨ। ਸੂਰਮੇ ਨੂੰ ਉਹਦੇ ਫ਼ਰਜ਼ ਲਈ ਵੰਗਾਰਨ ਦਾ ਕੰਮ ਕਵੀ ਦਾ ਹੈ। ਆਪਣੇ ਬਲੀਦਾਨ ਅਤੇ ਸੂਰਮਗਤੀ ਸਦਕਾ, ਕਵੀਸ਼ਰ ਦੇ ਰਚਨਾ ਸੰਸਾਰ ਵਿਚ ਆਪਣੇ ਖ਼ੂਨ ਨਾਲ ਰੰਗ ਭਰਨਾ ਸੂਰਬੀਰ ਦੇ ਹਿੱਸੇ ਆਇਆ। ਪੰਜਾਬੀ ਕਵਿਤਾ ਵਿਚ 'ਕਵੀਸ਼ਰੀ ਪਰੰਪਰਾ' ਜਿਸ ਵਿਚ ਕਵਿਤਾ ਦਾ ਸਮੂਹਿਕ ਗਾਇਨ ਹੁੰਦਾ ਹੈ ਅਤੇ ਜਥੇ ਦਾ ਆਗੂ ਕਵੀ ਵਿਆਖਿਆਕਾਰ ਵੀ ਹੁੰਦਾ ਹੈ, ਉਨ੍ਹੀਵੀਂ ਸਦੀ ਵਿਚ ਹੀ ਚੰਗੀ ਤਰ੍ਹਾਂ ਪ੍ਰਗਟ ਹੁੰਦੀ ਨਜ਼ਰ ਆਉਂਦੀ ਹੈ। ਇਹ ਪਰੰਪਰਾ ਵੀਹਵੀਂ ਸਦੀ ਵਿਚ ਆਪਣੇ ਪੂਰੇ ਜਲੌਅ ਵਿਚ ਸਰੋਤਾ ਵਰਗ ਦੇ ਸਨਮੁਖ ਹੁੰਦੀ ਹੈ। ਆਮ ਤੌਰ 'ਤੇ ਕਵੀਸ਼ਰੀ ਦਾ ਸ਼ੌਕ ਮਾਲਵਾ ਖਿੱਤੇ ਦਾ ਪਹਿਲਾ ਸ਼ੌਕ ਰਿਹਾ ਹੈ। ਮਾਲਵੇ ਦੇ ਲੋਕ-ਨਾਇਕਾਂ ਵਿਚ ਡਾਕੂ, ਸਾਧ ਜਾਂ ਕਵੀਸ਼ਰ ਨੂੰ ਹੀ ਗਿਣਿਆ ਜਾਂਦਾ ਸੀ।

ਬਾਬੂ ਰਜਬ ਅਲੀ ਅਤੇ ਮਾਘੀ ਸਿੰਘ ਜਿਹੇ ਪ੍ਰਸਿੱਧ ਕਵੀਸ਼ਰਾਂ ਦੇ ਸਾਹਿਤ ਦੇ ਖੋਜ ਕਰਨ ਵਾਲੇ ਵਿਦਵਾਨ ਅਜਮੇਰ ਸਿੰਘ ਹੋਰਾਂ ਦੇ ਮੁਤਾਬਿਕ ਕਵੀਸ਼ਰੀ ਵਿਚ ਕਾਵਿ ਦੇ ਨਿਆਰੇ ਸਰੂਪ ਤੇ ਗਾਇਨ ਦੀ ਸੁਤੰਤਰ ਸ਼ੈਲੀ ਮੌਜੂਦ ਹੈ। ਕਵੀਸ਼ਰੀ ਸ਼ਬਦ ਤੇ ਸੁਰ ਦੀ ਖੇਡ ਹੈ। ਛੰਦ, ਕਵੀਸ਼ਰੀ ਦਾ ਸਰੀਰ ਹੈ ਅਤੇ ਰਸ ਉਸ ਦੀ ਆਤਮਾ ਹੈ। ਪਿੰਗਲ ਤੋਂ ਬਿਨਾਂ ਕਵੀਸ਼ਰੀ ਨਹੀਂ ਹੋ ਸਕਦੀ। ਕਵੀਸ਼ਰੀ ਦੀ ਪਰਿਭਾਸ਼ਾ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ-

"ਕਵੀਸ਼ਰੀ ਇਕ ਅਜਿਹਾ ਕਾਵਿ-ਰੂਪ ਹੈ ਜੋ ਲੋਕ ਭਾਸ਼ਾ ਤੇ ਲੋਕ-ਮੁਹਾਵਰੇ ਵਿਚ ਅਖਾੜੇ ਦੀ ਪ੍ਰਸਥਿਤੀ ਤੇ ਸੀਮਾ ਨੂੰ ਦ੍ਰਿਸ਼ਟੀਗੋਚਰ ਰੱਖਦਿਆਂ ਛੋਟੇ ਤੋਂ ਛੋਟੇ ਵਿਸ਼ੇ ਤੋਂ ਲੈ ਕੇ ਦੀਰਘ ਤੋਂ ਦੀਰਘ ਵਿਸ਼ੇ ਤੱਕ, ਪਿੰਗਲ ਦੇ ਛੰਦਾਂ, ਪਿੰਗਲ ਤੋਂ ਵਿਕਸਿਤ ਹੋਏ ਨਵੇਂ ਛੰਦਾਂ ਅਤੇ ਨਵੀਆਂ ਤਰਜ਼ਾਂ (ਲੋਕ ਗੀਤਾਂ ਦੇ ਰੂਪ ਬੋਲੀਆਂ, ਕਲੀਆਂ ਆਦਿ) ਦੇ ਆਧਾਰ ਉੱਤੇ ਸਿਰਜਿਆ, ਗਾਇਆ ਤੇ ਮਾਣਿਆ ਜਾਂਦਾ ਹੈ।

ਕਵੀਸ਼ਰੀ ਇਕ ਸੁਤੰਤਰ ਕਾਵਿ-ਰੂਪ ਹੈ। ਪੰਜਾਬ ਦੇ ਕਿਸੇ ਵੀ ਵਿਦਵਾਨ ਨੇ ਕਵੀਸ਼ਰੀ ਨੂੰ ਇਕ ਸੁਤੰਤਰ ਕਾਵਿ-ਰੂਪ ਦੇ ਤੌਰ ਉੱਤੇ ਨਾ ਵੇਖਿਆ ਹੈ ਨਾ ਪਰਖਿਆ ਹੈ। ਕਵੀਸ਼ਰੀ ਨੂੰ ਆਮ ਤੌਰ 'ਤੇ ਕਿੱਸਾ-ਕਾਵਿ ਨਾਲ ਗਲਤੰਬ ਕੀਤਾ ਜਾਂਦਾ ਰਿਹਾ ਹੈ। (ਮਾਘੀ ਸਿੰਘ ਕਵੀਸ਼ਰ: ਜੀਵਨ ਤੇ ਰਚਨਾ, ਸਫ਼ਾ ੨੯)

Sri Satguru Jagjit Singh Ji eLibrary NamdhariElibrary@gmail.com

ਇਸ ਕਾਵਿ-ਰੂਪ ਬਾਰੇ ਚਰਚਾ ਛੇੜਨ ਤੋਂ ਬਾਅਦ ਅਸੀਂ ਵੀਹਵੀਂ ਸਦੀ ਦੇ ਦੂਜੇ ਅੱਧ ਦੇ ਇਕ ਉਸਤ
ਕਵੀਸ਼ਰ ਸੰਤ ਜੀਵਨ ਸਿੰਘ ਕਵੀਸ਼ਰ ਦੀ ਗੱਲ ਕਰਨੀ ਚਾਹਵਾਂਗੇ। ਕਵੀਸ਼ਰ ਜੀ ਆਪਣੇ ਜੀਵਨ ਤੋਂ ਹੀ 'ਅਕਾ
ਪੰਥ' ਨਾਮਧਾਰੀ ਪੰਥ ਨਾਲ ਜੁੜੇ ਹੋਏ ਸਨ। ਉਨ੍ਹਾਂ ਦਾ ਜੱਦੀ ਪਿੰਡ ਤਾਂ ਸਿੰਘਪੁਰਾ (ਅੰਮ੍ਰਿਤਸਰ) ਸੀ, ਜਿਸ ਦਾ ਪਹਿ
ਨਾਮ ਫੈਜ਼ੁੱਲਾਪੁਰ ਸੀ। ਨਵਾਬ ਕਪੂਰ ਸਿੰਘ ਹੋਰਾਂ ਨੇ ਦਲ ਖਾਲਸੇ ਦੇ ਸਮੇਂ ਵਿਚ ਇਸ ਦਾ ਨਾਂ ਸਿੰਘਪੁਰਾ ਕਰ ਦਿ
ਅਤੇ ਆਪਣੇ ਨਾਲ ਦੇ ਕੁਝ ਸਿੰਘਾਂ ਨੂੰ ਇੱਥੇ ਵਸਾ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਸਰੀਰ ਸਿੰਘ
ਬਸਤੀਵਾਦੀਆਂ ਦੀ ਗੁਲਾਮੀ ਝੱਲ ਰਹੇ ਮਲੇਸ਼ ਖਾਲਸੇ ਨੂੰ ਸੰਤ ਖਾਲਸੇ ਵਿਚ ਪਰਿਵਰਤਿਤ ਕੀਤਾ ਤਾਂ ਸਿੰਘਪੁਰੇ ਵਿ
ਵੀ ਸਿੱਖੀ ਦਾ ਬੂਟਾ ਮੁੜ ਪ੍ਰਫੁੱਲਿਤ ਹੋ ਗਿਆ। ਕਵੀਸ਼ਰ ਜੀ ਦਾ ਜਨਮ ੧੯੨੦ ਈ. ਵਿਚ ਸਿੰਘਪੁਰੇ ਦੇ ਗਰੀ
ਸਿੰਘ ਭਾਈ ਤਾਰਾ ਸਿੰਘ ਅਤੇ ਮਾਤਾ ਕਰਮ ਕੌਰ ਦੇ ਘਰ ਹੋਇਆ। ਮਾਤਾ ਦੇ ਪੇਕੇ ਮਾਝੇ ਦੇ ਪ੍ਰਸਿੱਧ ਪਿੰਡ ਵਲ
ਵਿਚ ਸਨ। ਇੱਥੇ ਵੀ ਸਿੱਖੀ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਸਨ। ਪਰਿਵਾਰਕ ਸਥਿਤੀ ਕੁਝ ਇਸ ਤਰ੍ਹਾਂ ਦੀ ਬਣ ਗ
ਕਿ ਜੀਵਨ ਸਿੰਘ ਦੀ ਜੁਆਨੀ ਦਾ ਕਾਫੀ ਹਿੱਸਾ, ਉਸ ਦੇ ਨਾਨਕੇ ਪਿੰਡ, ਵਲਟੋਹੇ ਵਿਚ ਹੀ ਬਤੀਤ ਹੋਇਆ। ਇ
ਸਮੇਂ ਪ੍ਰਾਇਮਰੀ ਤੱਕ ਦੀ ਮੁੱਢਲੀ ਵਿਦਿਆ ਸੁਰ ਸਿੰਘ ਤੋਂ ਪੜ੍ਹੀ ਅਤੇ ਫਿਰ ਪੱਟੀ ਦੇ ਨੇੜੇ ਪਿੰਡ ਆਸਲ ਉਤਾਰ
ਨਿਰਮਲੇ ਸੰਤਾਂ ਦੇ ਡੇਰੇ 'ਤੇ ਪੁੱਜ ਗਏ। ਸਾਧੂਆਂ ਦੇ ਇਹ ਡੇਰੇ ਵੀ ਤੱਤਕਾਲੀਨ ਪੰਜਾਬ ਵਿਚ ਧਾਰਮਿਕ ਵਿਦਿਅ
ਕੇਂਦਰ ਸਨ। ਕੋਈ ਨਿਪਟ ਅਨਪੜ੍ਹ ਬੋਲੀਕਾਰ ਆਪਣੀ ਵਿਦਿਅਕ ਯੋਗਤਾ ਦੀ ਅਣਹੋਂਦ ਬਾਰੇ ਇਉਂ ਦੱਸਦਾ

"ਨਾ ਮੈਂ ਮੋਲਣੇ ਪੜ੍ਹੀ ਗੁਰਮੁਖੀ,
ਨਾ ਬੈਠਾ ਸਾਂ ਡੇਰੇ।
ਨਿੱਤ ਨਵੀਆਂ ਮੈਂ ਜੋੜਾਂ ਬੋਲੀਆਂ,
ਉਲ ਕੇ ਮੂੰਹ ਚਲੇਰੇ।"

ਸੰਤਾਂ ਦੇ ਇਸ ਡੇਰੇ ਵਿਚੋਂ ਹੀ ਸਿੱਖ ਧਾਰਮਿਕ ਗ੍ਰੰਥਾਂ, ਰਾਮਾਇਣ, ਮਹਾਂਭਾਰਤ ਅਤੇ ਕੁਝ ਕੁਝ ਵੇਦਾਂਤ
ਗਿਆਨ ਹਾਸਿਲ ਕਰਨ ਦੇ ਨਾਲ ਨਾਲ ਪਿੰਗਲ ਦਾ ਅਧਿਐਨ ਵੀ ਕੀਤਾ। ਇਸ ਤਰ੍ਹਾਂ ਕਵਿਤਾ ਦੀ ਚੇਟਕ ਵੀ ਇ
ਹੀ ਲੱਗੀ ਅਤੇ ਹੁਣ ਛੰਦਾਬੰਦੀ ਵਿਚ ਮੁਹਾਰਤ ਵੀ ਹੋ ਗਈ। ਵਲਟੋਹੇ ਦੇ ਗਿਆਨੀ ਬਖਸ਼ੀਸ਼ ਸਿੰਘ ਸਰ
ਨਾਮਧਾਰੀ ਦਰਬਾਰ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਹੀ ਉੱਘੇ ਕਵੀ ਸਨ। ਉਨ੍ਹਾਂ ਦੀ ਸੰਗਤ ਨ
ਜੀਵਨ ਸਿੰਘ ਦੀ ਪ੍ਰਤਿਭਾ ਵਿਚ ਛਿਪਿਆ ਹੋਇਆ ਕਵਿਤਾ ਦਾ ਸੋਮਾ ਫੁੱਟ ਪਿਆ। ਇਸੇ ਪਿੰਡ ਦੇ ਸਾਥੀ ਸਮੁੰਦ ਸਿ
ਹੋਰਾਂ ਦੇ ਨਾਲ ਮਿਲ ਕੇ ਜੀਵਨ ਸਿੰਘ ਹੋਰਾਂ ਨੇ ੧੯੫੦ ਈ. ਵਿਚ ਆਪਣਾ ਪਹਿਲਾ ਕਵੀਸ਼ਰੀ ਜਥਾ ਸਿਰਜ ਲਿ
ਛੇਤੀ ਹੀ ਉਹ ਆਪਣੇ ਆਲੇ ਦੁਆਲੇ ਵਿਚ ਆਪਣੀ ਟੁਣਕਵੀਂ ਆਵਾਜ਼, ਪ੍ਰਸੰਗ ਦੀ ਠੋਸ ਅਤੇ ਠੇਠ ਪੇਸ਼ਕਾਰੀ ਸਦ
ਇਕ ਵਧੀਆ ਕਵੀਸ਼ਰ ਜਿਉਂ ਸਥਾਪਿਤ ਹੋ ਗਏ। ਪੱਟੀ ਕੋਲ ਦੇ ਪਿੰਡ ਮੁਗ਼ਲਵਾਲ ਦੇ ਨੌਜਵਾਨ ਸਵਿੰਦਰ ਸਿ
ਨਾਲ ੧੯੫੮ ਈ. ਵਿਚ ਉਨ੍ਹਾਂ ਦਾ ਸੰਪਰਕ ਹੋਇਆ ਅਤੇ ੧੯੬੩ ਈ. ਵਿਚ ਸੰਤਾਂਵਾਲੀ (ਜ਼ਿਲ੍ਹਾ ਸਿਰਸਾ) ਦੇ ਹਰ
ਸਿੰਘ ਸ਼ਾਮਿਲ ਹੋਏ। ਤਿੰਨਾਂ ਦਾ ਇਹ ਜਥਾ ੧੫ ਮਾਰਚ ੨੦੦੦ ਈ. ਤੱਕ ਸੰਤਾਂ ਦੇ ਅਕਾਲ ਚਲਾਣੇ ਤੱਕ ਕਾਇ
ਰਿਹਾ। ਵੈਸੇ ਸੰਤ ਜੀ ਲੱਕੜ ਦੇ ਵੀ ਬਹੁਤ ਵਧੀਆ ਕਾਰੀਗਰ ਸਨ ਅਤੇ ਕੁਝ ਸਮਾਂ ਪੱਟੀ ਵਿਚ ਕੰਮ ਵੀ ਕੀਤਾ ਸ

੧੯੬੦ ਈ. ਵਿਚ ਆਪ ਨੇ ਜੀਵਨ ਨਗਰ ਵਿਖੇ ਡੇਰਾ ਲਾ ਲਿਆ। ਛੋਟੇ ਚੇਲੇ ਹਰਬੰਸ ਸਿੰਘ ਦੇ ਨਾ
੧੯੭੦ ਈ. ਵਿਚ ਸਿਰਸਾ ਸ਼ਹਿਰ ਵਿਖੇ ਜਾ ਬਿਰਾਜੇ ਜਿੱਥੇ ਉਹ ਤਕਰੀਬਨ ਪੰਦੀ ਵਰ੍ਹੇ ਰਹੇ। ਸ੍ਰੀ ਸਤਿਗੁਰੂ ਜਗਜੀ
ਸਿੰਘ ਜੀ ਨੇ ਉਨ੍ਹਾਂ ਦੀ ਬਿਰਧ ਅਵਸਥਾ ਨੂੰ ਧਿਆਨ ਰੱਖਦਿਆਂ ੧੯੯੪ ਈ. ਤੋਂ ਸ੍ਰੀ ਭੈਣੀ ਸਾਹਿਬ ਦੇ ਗੁਰੂਘਰ ਵਿ
ਹੀ ਟਿਕ ਜਾਣ ਦਾ ਹੁਕਮ ਲਾ ਦਿੱਤਾ ਜਿੱਥੇ ਉਹ ਅੰਤਿਮ ਸਵਾਸਾਂ ਤੱਕ ਰਹੇ। ਉਨ੍ਹਾਂ ਦਾ ਸਪੁੱਤਰ ਅਰਜਨ ਸਿ
'ਆਜ਼ਾਦ' ਵੀ ਆਪਣੇ ਪਿਤਾ-ਪੁਰਖੀ ਗੁਣਾਂ ਸਦਕਾ ਵਧੀਆ ਕਵੀ ਅਤੇ ਸਾਹਿਤ ਰਸੀਆ ਹੈ। ਸਪੁੱਤਰੀ ਬੀਬ
ਜੋਗਿੰਦਰ ਕੌਰ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਨਿਵਾਸ ਰੱਖਦੀ ਹੈ।

Sri Satguru Jagjit Singh Ji eLibrary NamdhariElibrary@gmail.com

ਸੰਤ ਜੀਵਨ ਸਿੰਘ ਕਵੀਸ਼ਰ ਰਚਿਤ ਪ੍ਰਸੰਗਾਂ ਦੀ ਸੰਖਿਆ ੬੫ ਤੋਂ ੭੦ ਦੇ ਦਰਮਿਆਨ ਹੈ, ਜਿਨ੍ਹਾਂ 'ਚੋਂ ਕੁਝ ਕੁ ਨਾਂ ਇਸ ਤਰ੍ਹਾਂ ਹਨ - ਕਾਰੂੰ ਬਾਦਸ਼ਾਹ ਤੇ ਗੁਰੂ ਨਾਨਕ, ਵਲੀ ਕੰਧਾਰੀ, ਮਾਤਾ ਜੀਤੋ ਦਾ ਸੁਪਨਾ, ਖਾਲਸਾ ਸਾਜਨਾ, ਨਾਮਧਾਰੀ ਪੰਥ ਦੀ ਸਾਜਨਾ, ਮਲੇਰਕੋਟਲਾ, ਰਾਇਕੋਟ ਅਤੇ ਅੰਮ੍ਰਿਤਸਰ ਦੇ ਸ਼ਹੀਦੀ ਸਾਕੇ, ਕ੍ਰਿਸ਼ਨ ਸੁਦਾਮਾ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਸ਼ਹੀਦੀ ਗੁਰੂ ਤੇਗ ਬਹਾਦਰ ਜੀ, ਸਾਕਾ ਸਿਰਹੰਦ, ਸ਼ਹੀਦੀ ਭਾਈ ਮਨੀ ਸਿੰਘ, ਸ਼ਹੀਦੀ ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ ਦਾ ਪ੍ਰਸੰਗ, ਗੁਰੂ ਅਮਰਦਾਸ ਦਾ ਪ੍ਰਸੰਗ, ਤਪੇ ਦੀ ਸਾਖੀ, ਅਵਤਾਰ ਪਾਤਸ਼ਾਹੀ ਬਾਰ੍ਹਵੀਂ, ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਵਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੇਹਾਵਸਾਨ, ਸਾਕਾ ਚਮਕੌਰ, ਜੈਗ ਭੈਣਾਣੀ, ਮਹਾਰਾਣੀ ਜਿੰਦਾਂ, ਗੁਰਗੱਦੀ ਸਤਿਗੁਰੂ ਜਗਜੀਤ ਸਿੰਘ, ਛੱਬੀ ਵੈਸਾਖ ਦਾ ਪ੍ਰਸੰਗ, ਇੰਗਲੈਂਡ ਵਿਚ ਮੀਂਹ ਦੀ ਸਾਖੀ, ਭਾਈ ਰਾਇ ਸਿੰਘ ਦਾ ਪ੍ਰਸੰਗ ਇਤਿਆਦਿ। ਜ਼ਾਹਿਰ ਹੈ ਕਿ ਉਨ੍ਹਾਂ ਨੇ ਜ਼ਿਆਦਾਤਰ ਸਿੱਖ ਅਤੇ ਨਾਮਧਾਰੀ ਇਤਿਹਾਸ ਨੂੰ ਆਪਣੇ ਕਲੇਵਰ ਵਿਚ ਲੈਣ ਵਾਲੇ ਵਿਸ਼ਿਆਂ 'ਤੇ ਹੀ ਹੱਥ ਅਜ਼ਮਾਇਆ ਹੈ। ਕੌਮੀ ਆਜ਼ਾਦੀ ਦੇ ਪਰਵਾਨੇ ਸ਼ਹੀਦ ਭਗਤ ਸਿੰਘ ਦਾ ਪ੍ਰਸੰਗ ਵੀ ਉਨ੍ਹਾਂ ਆਪਣੇ ਵਿਲੱਖਣ ਅੰਦਾਜ਼ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਦੇ ਬਹੁਤ ਸਾਰੇ ਪ੍ਰਸੰਗ ਉਨ੍ਹਾਂ ਦੀ ਆਵਾਜ਼ ਵਿਚ ਰੀਕਾਰਡ ਵੀ ਹੋ ਚੁੱਕੇ ਹਨ ਤੇ ਹੱਥ ਲਿਖਤ ਪ੍ਰਸੰਗ ਸਾਰੇ ਦੇ ਸਾਰੇ ਨਾਮਧਾਰੀ ਦਰਬਾਰ ਦੀ ਸੁਰੱਖਿਆ ਵਿਚ ਪੁੱਜ ਗਏ ਹਨ।

ਨਾਮਧਾਰੀ ਜਗਤ ਸਮਕਾਲੀ ਦੇਹਧਾਰੀ ਸਤਿਗੁਰੂ ਵਿਚ ਭਰੋਸਾ ਰੱਖਦਾ ਹੈ ਜੋ ਉਨ੍ਹਾਂ ਨੂੰ ਸਿੱਖਾਂ ਦੇ ਦੂਜੇ ਫ਼ਿਰਕਿਆਂ ਨਾਲੋਂ ਵੱਖਰਿਆਉਂਦਾ ਹੈ। ਵਰਤਮਾਨ ਗੱਦੀਨਸ਼ੀਨ ਸਤਿਗੁਰੂ ਜਗਜੀਤ ਸਿੰਘ ਤੋਂ ਕਵੀਸ਼ਰ ਜੀ ਨੂੰ ਚੋਖਾ ਮਾਨ ਸਨਮਾਨ ਮਿਲਿਆ ਹੈ। ਸਿੱਖੀ ਦੀਆਂ ਬਰੀਕ ਰਮਜ਼ਾਂ ਨੂੰ ਆਪਣੇ ਹਲਕੇ ਫੁਲਕੇ ਢੰਗ ਨਾਲ ਸਿੱਧੀ ਸਾਦੀ ਠੇਠ ਮੁਹਾਵਰੇਦਾਰ ਟਕਸਾਲੀ ਪੰਜਾਬੀ ਵਿਚ ਸਮਝਾਉਣ ਸਦਕਾ ਅਤੇ ਗੁਰੂ ਅਤੇ ਸਿੱਖ ਦੇ ਰਿਸ਼ਤੇ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਲੇ ਉਨ੍ਹਾਂ ਦੇ ਯਤਨਾਂ ਸਦਕਾ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਅਜੋਕੇ ਯੁੱਗ ਦਾ ਭਾਈ ਗੁਰਦਾਸ ਕਹਿ ਕੇ ਉਚਿਆਇਆ ਹੈ। ਕਵੀਸ਼ਰ ਜੀ ਵੀ ਆਪਣੇ ਇਸ਼ਟ ਗੁਰੂ ਦੇਵ ਦੇ ਸਰਬਕਾਲੀ ਸਰਗੁਣ ਸਰੂਪ ਦਾ ਇਉਂ ਬਖਾਨ ਕਰਦੇ ਹਨ: -

"ਦਾਨੀਆਂ ਦੇ ਦਾਨੀ ਸਤਿਗੁਰੂ ਜਗਜੀਤ ਸਿੰਘ,
ਸਰਗੁਣ ਸਰੂਪ ਵਿਚ ਆਪ ਨਿਰੰਕਾਰ ਆ।
ਸੀਸ ਉੱਤੇ ਝੁੱਲਦਾ ਨਿਰੰਜਨੀ ਛਤਰ ਚੌਰ,
ਜੀਹਦੀ ਛਾਇਆ ਥੱਲੇ ਸੁਖੀ ਵੱਸੇ ਸੰਸਾਰ ਆ।
ਰੋਮ ਰੋਮ ਮਹਿਕ ਸਤੋ-ਗੁਣੀ ਖੇੜਾ ਖ਼ੁਸ਼ੀ ਟਹਿਕ,
ਸੱਚ ਸੁੱਚ ਸੰਜਮ ਦਾ ਪੁਤਲਾ ਸਾਕਾਰ ਆ।
ਚਿਹਰਾ ਨੂਰੋ ਨੂਰ ਨਾਮ ਨੇਤਰੀ ਸਰੂਰ ਸੁਖ,
ਝਲਕ ਪਲਕ ਠੰਢੀ-ਠਾਰ ਜਹੀ ਫੁਹਾਰ ਆ।
ਗਿਣਤੀ ਦਾ ਮਾਹਰ ਜੇ ਕੋਈ ਗਿਣੇ ਤਾਰੇ ਅੰਬਰਾਂ ਦੇ,
ਸਕਦਾ ਨਹੀਂ ਗਿਣ ਉਹ ਵੀ ਤੇਰੇ ਉਪਕਾਰ ਆ।
ਜਿਸ ਨੂੰ ਜਣਾਵੇਂ ਉਹੀ ਜਾਣਦਾ ਕਮਾਲ ਤੇਰਾ,
ਜਿਸ ਨੂੰ ਭੁਲਾਵੇਂ ਗੋਤੇ ਖਾਵੇ ਵਿਚਕਾਰ ਆ।
ਪਰਖ ਵਾਲਾ ਪਰਚਾ ਨਾ ਪਾਵੀਂ ਕਿਸੇ ਜੀਵ ਤਾਈਂ,
ਲੜ ਲੱਗਿਆਂ ਦੀ ਲਾਜ ਰੱਖਣੀ ਸੰਭਾਰ ਆ।
'ਜੀਵਨ' ਗੁਜ਼ਾਰਾ ਤੇਰੇ ਚਰਨਾਂ 'ਚ ਚਾਹ ਮੇਰੀ

Sri Satguru Jagjit Singh Ji eLibrary NamdhariElibrary@gmail.com

ਰਹਾਂ ਪ੍ਰਲੋਕ ਵਿਚ ਤੇਰਾ ਸੇਵਾਦਾਰ ਆ।"

ਆਪਣੇ ਸਤਿਗੁਰੂ ਦੀ ਸਾਦਾ ਰਹਿਣੀ ਬਹਿਣੀ ਦੇ ਹਵਾਲੇ ਨਾਲ ਵੀ ਉਨ੍ਹਾਂ ਨੂੰ ਪ੍ਰਣਾਮ ਕੀਤੀ ਗਈ ਹੈ:-

"ਜੱਗ ਦੇ ਸ਼ਿੰਗਾਰ ਮਾਤ ਪਾਏ ਜੋਹਦੀ ਸਾਦਗੀ ਨੇ,
ਐਸੇ ਮਹਾਰਾਜ ਤਾਈਂ ਮੇਰੀ ਨਮਸਕਾਰ ਏ।"

ਸਤਿਗੁਰੂ ਅਰਾਧਨਾ ਵਾਸਤੇ, ਮੰਗਲਾਚਰਣ ਜੋ ਕਵੀਸ਼ਰੀ ਪਰੰਪਰਾ ਦਾ ਅਭਿੰਨ ਅੰਗ ਹੈ। ਇਸ ਵਿਚ ਉਹ ਆਦਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹਾਜ਼ਰ ਹਜ਼ੂਰ ਜੀ ਤੱਕ ਸਾਰੇ ਸਿੱਖ ਇਤਿਹਾਸ ਨੂੰ ਕਾਨੀਬੰਦ ਕਰ ਗਏ ਹਨ। ਸਿਰਫ਼ ਦੋ ਤੁਕਾਂ ਵਿਚ ਹੀ ਸਬੰਧਿਤ ਸਤਿਗੁਰੂ ਜੀ ਨਾਲ ਜੁੜੇ ਹੋਏ ਵਿਸ਼ੇਸ਼ ਗੁਣਾਂ ਦਾ ਗਾਇਨ ਕਰਦੇ ਹਨ। ਕਵੀਸ਼ਰੀ ਸਾਹਿਤ ਵਿਚ ਉਨ੍ਹਾਂ ਦੀ ਇਸ ਅਰਦਾਸ ਰੂਪੀ ਰਚਨਾ ਦਾ ਉੱਚ ਮੁਲੰਕਣ ਕੀਤਾ ਜਾਏਗਾ ਕਿਉਂ ਜੁ ਸੁਚੱਜੀ ਸ਼ਬਦ ਜੜ੍ਹਤ ਅਤੇ ਖ਼ਿਆਲ ਉਡਾਰੀ ਦੀ ਅਮੀਰੀ ਸਦਕਾ ਇਹ ਕਾਵਿ ਚਿਰ-ਸਥਾਈ ਮਹੱਤਵ ਬਣਾ ਲਵੇਗਾ। ਕੁਝ ਕੁ ਤੁਕਾਂ ਹਾਜ਼ਰ ਹਨ:

"ਪ੍ਰਥਮੇ ਸਿਮਰ ਭਗੌਤੀ ਨੂੰ
ਗੁਰੂ ਨਾਨਕ ਨਾਮ ਧਿਆਇਆ ਏ।
ਜਿਸ ਤੋੜ ਕੇ ਸੰਗਲ ਭਰਮਾਂ ਦੇ
ਇਨਸਾਨ ਆਜ਼ਾਦ ਕਰਾਇਆ ਏ।"

... ...

"ਰਾਮ ਦਾਸ ਗੁਰ ਸੋਢੀ ਦੇ
ਚਰਨਾਂ 'ਤੇ ਸੀਸ ਝੁਕਾਇਆ ਏ।
ਕਾਵਾਂ ਤੋਂ ਹੰਸ ਬਨਾਵਣ ਲਈ
ਜਿਸ ਸੁਧਾ ਸਰੋਵਰ ਲਾਇਆ ਏ।
ਪੰਜਵੇਂ ਗੁਰ ਸਾਗਰ ਸਾਂਤੀ ਦੇ
ਮਾਲਕ ਸਿਰਤਾਜ ਸ਼ਹੀਦਾਂ ਦੇ।
ਵੈਰੀ ਦਾ ਭੈ ਦੂਰ ਕਰੋ
ਤੇ ਅੰਗ ਸੰਗ ਰਹੋ ਗਰੀਬਾਂ ਦੇ।"

... ...

"ਤੇਗ ਬਹਾਦਰ ਹਿੰਦ ਦੀ ਚਾਦਰ
ਸਾਦਰ ਸੀਸ ਝੁਕਾਇਆ ਏ।
ਮੈਨੂੰ ਕਾਵਿ ਦੇ ਸਿਧ 'ਚੋਂ ਪਾਰ ਕਰੋ
'ਮੱਖਣ' ਨੂੰ ਜਿਵੇਂ ਤਰਾਇਆ ਏ।
ਦਸਵੇਂ ਗੁਰ ਦਾਤੇ ਅੰਮ੍ਰਿਤ ਦੇ
ਦੁਖੀਆਂ ਲਈ ਤੇਗ ਉਠਾਈ ਏ।
ਜਿਸ ਤੋਂ ਸ਼ਕਤੀ ਲੈ ਚਿੜੀਆਂ ਨੇ
ਬਾਜਾਂ ਦੀ ਅਲਖ ਮੁਕਾਈ ਏ।

... ...

"ਗੁਰੂ ਰਾਮ ਸਿੰਘ ਹੈ ਰਾਮ ਰੂਪ

Sri Satguru Jagjit Singh Ji eLibrary NamdhariElibrary@gmail.com

ਧਰ ਬਾਹਰਵਾਂ ਜਾਮਾ ਆਇਆ ਏ।
ਆ ਗਊ ਗਰੀਬ ਦੇ ਕਸ਼ਟ ਹਰੇ
ਕਲਿਜੁਗ ਵਿਚ ਸਤਿਜੁਗ ਲਾਇਆ ਏ।

... ...

"ਪਰਨਾਮ ਮੇਰੀ ਉਸ ਖਾਲਸੇ ਨੂੰ
ਜੋ ਜਨਮਿਆਂ ਖੰਡੇ ਧਾਰ ਵਿਚੋਂ।
ਜੋ ਰਣ ਭੂਮੀ ਚਮਕੌਰ ਦੀ 'ਚੋਂ,
ਸਰਹਿੰਦ ਦੀ ਖਾਸ ਦੀਵਾਰ ਵਿਚੋਂ।"

ਆਪਣੇ ਪ੍ਰੇਰਣਾ ਸਰੋਤਾ ਤੋਂ ਗੁਰ ਇਤਿਹਾਸ ਦੀ ਸ਼ੁੱਧ ਅਤੇ ਸਪੱਸ਼ਟ ਜਾਣਕਾਰੀ ਅਤੇ ਕਵਿਤਾ ਦੀ ਦਾਤ ਕਵੀਸ਼ਰ ਜੀ ਇਉਂ ਮੰਗਦੇ ਹਨ:-

"ਅਨੁਭਵ ਦੀ ਤਾਕੀ ਖੋਹਲ ਦਿਓ
ਮੇਰੀ ਰੌਸ਼ਨੀ ਵਿਚ ਦਿਮਾਗ ਹੋਵੇ।
ਪੂਰੀ ਇਤਿਹਾਸ ਦੀ ਖੋਜ ਕਰਾਂ
ਬੁੱਧੀ ਦਾ ਤੇਜ਼ ਚਿਰਾਗ ਹੋਵੇ।
ਭੁਲਣੇ ਦੀ ਤੇਜ਼ ਕਟਾਰੀ ਲੈ
ਵਿਘਨਾਂ ਨੂੰ ਮਾਰ ਮੁਕਾ ਦੇਵਾਂ।
ਸ਼ੁਭ ਗੁਣਾਂ ਦੇ ਪੌਦੇ ਲਾ ਲਾ ਕੇ
ਕਵਿਤਾ ਦਾ ਬਾਗ਼ ਸਜਾ ਦੇਵਾਂ।

... ...

ਫੁੱਲ ਫੁੱਲ ਤੇ ਭਵਰੇ ਕੋਇਲਾਂ ਜਿਉਂ
ਬਣ ਹੰਸ ਸਰੋਤੇ ਬਹਿ ਜਾਵਣ
'ਜੀਵਨ' ਦੇ ਕਾਵਿ ਬਗੀਚੇ 'ਚੋਂ
ਮੁਸ਼ਕੇ ਮਨ ਮੋਤੀ ਲੈ ਜਾਵਣ।"

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜਦੋਂ ਅਨੰਦਪੁਰ ਦੀਆਂ ਪਹਾੜੀਆਂ ਵਿਚ ਰਣਜੀਤ ਨਗਾਰਾ ਗੂੰਜਣ ਲੱਗਾ ਅਤੇ ਸਿੰਘ ਪਹਾੜੀ ਰਾਜਿਆਂ ਦੀਆਂ ਫੌਜਾਂ ਨਾਲ ਮਾਰਾ ਖੜਕਾਰਾ ਕਰਨ ਲੱਗੇ ਤਾਂ ਮੁਗਲ ਸੱਤਾ ਦੇ ਪਿਛਲੱਗ ਬਣੇ ਪਹਾੜੀ ਰਾਜਿਆਂ ਨੂੰ ਆਪਣੀ ਪ੍ਰਭੂ ਸੱਤਾ ਗੁਰੂ ਜੀ ਦੇ ਘੋੜਿਆਂ ਦੇ ਖੁਰਾਂ ਹੇਠ ਰੁਲਦੀ ਨਜ਼ਰ ਆਈ। ਨਾਲ ਹੀ ਜਨ ਸਾਧਾਰਨ ਵਿਚ ਕੌਮੀ ਸਵੈਮਾਨ ਦੀ ਚਿਣਗ ਲਗਾ ਕੇ, ਹਿੰਦੂ ਵਰਣ ਆਸ਼ਰਮ ਦੇ ਜਾਤਪਾਤੀ ਵਿਧਾਨ 'ਤੇ ਵੀ ਹੱਲਾ ਬੋਲਿਆ ਜਾ ਰਿਹਾ ਸੀ। ਕਥਿਤ ਨੀਵੀਆਂ ਜਾਤਾਂ ਦੇ ਲੋਕਾਂ ਨੇ ਉਹ ਮੁਆਰਕੇ ਵਿਖਾਉਣੇ ਸਨ ਕਿ ਰਾਜਪੂਤਾਂ ਦਾ ਜਾਤੀ ਅਭਿਮਾਨ ਢਹਿ ਢੇਰੀ ਹੋ ਜਾਣਾ ਸੀ। ਇਨ੍ਹਾਂ ਇਤਿਹਾਸਕ ਕਾਰਨਾਂ ਦੀ ਪੜਚੋਲ ਕਰਦਾ ਹੋਇਆ "ਜੰਗ ਭੰਗਾਣੀ ਦੇ ਪ੍ਰਸੰਗ" ਵਿਚ ਰਾਜਾ ਭੀਮ ਚੰਦ ਕਹਿਲੂਰੀਆ ਗੁਰੂ ਜੀ ਨੂੰ ਆਪਣੀ ਰਿਆਸਤ ਤੁਰੰਤ ਛੱਡ ਦੇਣ ਦਾ ਅਲਟੀਮੇਟਮ ਦਿੰਦਾ ਹੈ। ਕਿਉਂਕਿ ਅਨੰਦਪੁਰ ਕੋਟ ਕਹਿਲੂਰ ਦੀ ਰਿਆਸਤ ਵਿਚ ਸੀ। ਇਨ੍ਹਾਂ ਸਤਰਾਂ ਵਿਚ ਠੇਠ ਪੰਜਾਬੀ ਮੁਹਾਵਰਾ ਵਰਤਿਆ ਹੈ:-

"ਇਕ ਮੱਥ ਵਿਚ ਰਹਿਣ ਨਾ ਦੋ ਢੱਟੇ,
ਜੰਗਲ ਇਕ ਵਿਚ ਸ਼ੇਰ ਦੋ ਗੱਜਦੇ ਨਹੀਂ।

Sri Satguru Jagjit Singh Ji eLibrary NamdhariElibrary@gmail.com

ਇਕ ਦੇਸ਼ ਵਿਚ ਰਹਿਣ ਨਾ ਦੋ ਰਾਜੇ,
ਰਾਜ ਇਕ ਨਗਾਰੇ ਦੋ ਵੱਜਦੇ ਨਹੀਂ।
ਖਹਿ ਕੇ ਬਾਂਸ ਦੇ ਵਾਂਗ ਨਾ ਅੱਗ ਲਾਵੀਂ
ਚੰਦਨ ਬਿਰਖ ਵਾਂਗੂੰ ਮਹਿਕਦਾਰ ਹੋ ਜਾ।
ਮੇਰੇ ਹੁਕਮ ਦੀ ਨਹੀਂ ਤਾਮੀਲ ਕਰਨੀ
ਮੇਰੀ ਰਾਜਧਾਨੀ ਵਿਚੋਂ ਬਾਹਰ ਹੋ ਜਾ।

... ...

ਮਹਿਰੇ ਜੱਟ ਤੇ ਨਾਈ ਤਰਖਾਣ ਛੀਬੇ,
ਇਨ੍ਹਾਂ ਸਾਥ ਕੀ ਤੇੜ੍ਹਾ ਨਿਭਾਵਣਾ ਏ।
ਰਾਜਪੂਤਾਂ ਦੇ ਧਨੁਸ਼ ਦੀ ਧਾਰ ਅੱਗੇ,
ਸੁੱਕੇ ਪੱਤਿਆਂ ਵਾਂਗ ਉੱਡ ਜਾਵਣਾ ਏ।
ਮਾਣ ਕਰੀਂ ਨਾ ਇਨ੍ਹਾਂ ਦੀ ਸ਼ਹਿ ਉੱਤੇ
ਵੇਲਾ ਸਾਂਭ ਕੇ ਤੇ ਪੱਬਾਂ ਭਾਰ ਹੋ ਜਾ।
ਮੇਰੇ ਹੁਕਮ ਦੀ ਨਹੀਂ ਤਾਮੀਲ ਕਰਨੀ
ਮੇਰੀ ਰਾਜਧਾਨੀ ਵਿਚੋਂ ਬਾਹਰ ਹੋ ਜਾ।"

ਵੈਸੇ ਤਾਂ ਕੋਈ ਵੀ ਕਵੀਸ਼ਰ ਜਦੋਂ ਵੀ ਸਿੱਖ ਇਤਿਹਾਸ ਦਾ ਵਰਣਨ ਕਰਦਾ ਹੈ ਤਾਂ ਹੱਥ ਕਿਸੇ ਨਾ ਕਿਸੇ ਖ਼ੂਨੀ ਪੱਤਰੇ 'ਤੇ ਹੀ ਜਾ ਪੈਂਦਾ ਹੈ; ਪ੍ਰੰਤੂ ਇਸ ਇਤਿਹਾਸ ਦਾ ਇਕ ਨਿਵੇਕਲਾ ਸਾਕਾ ਹੈ ਮਾਛੀਵਾੜੇ ਦਾ ਪ੍ਰਸੰਗ। ਪਰਿਵਾਰ ਅਤੇ ਸਿੰਘਾਂ ਪਿਆਰਿਆਂ ਤੋਂ ਵਿਛੜਨ ਤੋਂ ਬਾਅਦ ਜਿਸ ਚੜ੍ਹਦੀ ਕਲਾ ਵਿਚ ਗੁਰੂ ਜੀ ਆਪਣੇ ਮਿੱਤਰ ਪਿਆਰੇ ਨੂੰ ਸੰਬੋਧਿਤ ਹੁੰਦੇ ਹਨ, ਮਨੁੱਖੀ ਜੁਰਅਤ ਦੇ ਇਤਿਹਾਸ ਵਿਚ, ਇਸ ਤਰ੍ਹਾਂ ਦੀਆਂ ਮਿਸਾਲਾਂ ਬਹੁਤ ਘੱਟ ਹਨ। ਸਾਕਾ ਮਾਛੀਵਾੜੇ ਦਾ ਹੋਵੇ, ਕਲਮ ਕਵੀਸ਼ਰ ਜਿਊਣ ਸਿੰਘ ਦੀ ਹੋਵੇ ਅਤੇ ਬੋਲ ਸਵਿੰਦਰ ਸਿੰਘ ਅਤੇ ਹਰਵੇਲ ਸਿੰਘ ਦੇ ਹੋਣ ਸਮਾਂ ਫਿਰ ਕਿਵੇਂ ਨਾ ਖਲੋ ਜਾਵੇ: -

"ਕੋਈ ਹੱਥ ਲੇਖ 'ਚੋ ਕੱਢਦਾ ਨਹੀਂ
ਕਹਿਰਾਂ ਦਾ ਕੱਕਰ ਪੈਂਦਾ ਏ।
ਚੜ੍ਹ ਹੋਇਆ ਪਾਣੀ ਨਦੀਆਂ ਦਾ
ਅੱਗੇ ਨੂੰ ਮੂਲ ਨਾ ਵਹਿੰਦਾ ਏ।
ਹਰ ਇਕ ਨੂੰ ਸੋਗ ਸਤਾਇਆ ਏ
ਅੰਬਰ ਦੇ ਹੰਝੂ ਚੋਂਦੇ ਨੇ।
ਇਕ ਮਾਣਸ ਕੀ ਹੈ ਬਾਤ ਕਹਾਂ
ਹੈ ਬਿਰਛ ਨਿਮਾਣੇ ਰੋਂਦੇ ਨੇ।

... ...

ਕਰਨਾ ਸੀ ਵਾਂਗ ਫ਼ਕੀਰਾਂ ਦੇ
ਇਸ ਨੂੰ ਜੋ ਯਾਰ ਚਮਾਨੇ ਨੇ।
ਖਉਲੀ ਤੋਂ ਘੱਟੇ ਹੀਰੇ ਨੇ,
ਫਿਰ ਕੰਮ ਨਹੀਂ ਕਿਸੇ ਖ਼ਜ਼ਾਨੇ ਨੇ।

Sri Satguru Jagjit Singh Ji eLibrary NamdhariElibrary@gmail.com

ਜੇ ਇਸ ਵਿਯੋਗੀ ਹੋਣਾ ਸੀ,
ਕੀ ਲੋੜ ਸੀ ਫੇਰ ਸੰਜੋਗਾਂ ਦੀ।
ਕਿਉਂ ਲਿਖੇ ਸੰਜੋਗ ਵਿਧਾਤਾ ਨੇ,
ਵਹਿ ਜਾਂਦੀ ਕਲਮ ਵਿਜੋਗਾਂ ਦੀ।
ਤਨ ਤੇ ਇਸ ਲੀਰਾਂ ਪਾ ਕੇ ਜੋ,
ਵਿਰਨਾ ਜੀ ਹੋ ਅਲਬੇਲਾ ਏ।

... ...

"ਤਖ਼ਤ ਤਾਜ ਤੇ ਬਾਜ ਕਿੱਥੇ,
ਕਿਥੇ ਪ੍ਰਸਾਦੀ ਹਾਥੀ ਏ?
'ਅਜੀਤ' ਕਿੱਥੇ 'ਜੁਝਾਰ' ਕਿੱਥੇ,
ਕਿੱਥੇ ਉਹ ਸੰਗੀ ਸਾਥੀ ਏ?
ਮਾਤਾ ਤੇ ਛੋਟੇ ਬਾਲਾਂ ਦਾ
ਹੁਣ ਹੋਣਾ ਫੇਰ ਨਾ ਮੇਲਾ ਏ।
ਲਾਹ ਭਾਰ ਸੀਸ ਤੋਂ ਤੁਰ ਆਇਆ
ਇਹ ਰਾਹੀ ਇਕ ਇਕੇਲਾ ਏ।"

... ...

"ਜੀਵਨ" ਜੀ ਦਾਤਾ ਜੀਵਨ ਦਾ,
ਜੀਵਨ ਦਾ ਰਾਹ ਨਿਵੇਲਾ ਏ।
ਪਾ ਪੂਰਨੇ ਪੂਰਨ ਪੁਰਖ ਗਿਆ,
ਇਹ ਰਾਹੀ ਇਕ ਇਕੇਲਾ ਏ।"

ਨਾਮਧਾਰੀ ਸਿੰਘਾਂ ਨੇ ਜਨਵਰੀ ੧੮੭੨ ਈ. ਵਿਚ ਮਲੇਰਕੋਟਲੇ ਦੇ ਰੱਕੜ ਵਿਚ ਫਿਰ ਪੁਰਾਤਨ ਸਿੰਘ ਸੂਰਬੀਰਾਂ ਦੇ ਇਤਿਹਾਸ ਦਾ, ਨਵੀਨੀਕਰਨ ਹੀ ਤਾਂ ਕੀਤਾ ਸੀ। ਕਵੀਸ਼ਰ ਜੀ ਦੇ ਜਨਮ ਪਿੰਡ ਦੇ ਆਲੇ ਦੁਆਲੇ ਪੂਹਲਾ, ਭੱਲਵਾਂ, ਪੋਹੂ ਵਿੰਡ ਆਦਿ ਪਿੰਡ ਵੱਸਦੇ ਹਨ ਜੋ ਅਠਾਰਵੀਂ ਸਦੀ ਦੇ ਸ਼ਹੀਦ ਸਿੰਘਾਂ ਦੀਆਂ ਚਰਨ ਧੂੜਾਂ ਨਾਲ ਵਰੋਸਾਏ ਸਨ। ਅਜਿਹੇ ਆਲੇ ਦੁਆਲੇ ਵਿਚ ਪਰਵਾਨ ਚੜ੍ਹਿਆ ਬਾਲਕ ਸ਼ਹੀਦੀਆਂ ਦੇ ਚਾਉ ਤੇ ਉਮਾਹ ਨਾਲ ਨਦਰੀ ਨਦਰਿ ਨਿਹਾਲ ਕਿਵੇਂ ਨਾ ਹੋਇਆ ਹੋਵੇਗਾ। ਇਸੇ ਲਈ ਸ਼ਹੀਦਾਂ ਦੇ ਪ੍ਰਸੰਗਾਂ ਦਾ ਵਰਣਨ ਕਰਨ ਲੱਗਿਆਂ ਉਨ੍ਹਾਂ ਦੇ ਚਿਹਰਿਆਂ 'ਤੇ ਲਾਲੀਆਂ ਚਮਕ ਜਾਂਦੀਆਂ ਸਨ ਅਤੇ ਬੀਰ ਰਸ ਕਵਿਤਾ ਦਾ ਪ੍ਰਮੁੱਖ ਰਸ ਬਣ ਜਾਂਦਾ ਸੀ। ਮਲੇਰ ਕੋਟਲੇ ਵਿਚ ਰੜ੍ਹ ਪਿੰਡ ਦੇ ਬਾਲ ਬਿਸ਼ਨ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਬੇਮੁੱਖ ਹੋ ਕੇ, ਜੁਆਨੀ ਮਾਨਣ ਦੇ ਮੌਕੇ, ਲੁਧਿਆਣੇ ਦੇ ਡੀ.ਸੀ. ਕਾਵਨ ਨੇ ਆਪਣੀ ਮੇਮ ਦੀ ਸਿਫ਼ਾਰਿਸ਼ ਤੇ ਦੇਣੇ ਚਾਹੇ। ਪ੍ਰੰਤੂ ਬਿਸ਼ਨ ਸਿੰਘ ਦੀ ਮਾਰਫ਼ਤ ਕਵੀਸ਼ਰ ਜੀ ਜੋ ਜੁਆਬ ਦਿੰਦੇ ਹਨ ਉਹ ਉਸ ਦੇ ਚਟਾਨੀ ਇਰਾਦੇ ਅਤੇ ਹਿਮਾਲੀਆ ਪਰਬਤ ਜਿਹੀ ਦ੍ਰਿੜ੍ਹਤਾ ਨੂੰ ਪ੍ਰਗਟਾਉਂਦਾ ਹੈ:

"ਠਰੇ ਸੂਰਜ ਤੇ ਰੇਤ 'ਚੋਂ ਤੇਲ ਨਿਕਲੇ,
ਸਾਗਰ ਕੁੱਜੇ ਦੇ ਵਿਚ ਸਮਾ ਜਾਵੇ।
ਦਿਨੇ ਚਕੂਨ ਤਾਰੇ ਰਾਤੀਂ ਧੁੱਪ ਨਿਕਲੇ,
ਵਹਿਣ ਨਦੀਆਂ ਦਾ ਮੂੰਹ ਭੌਂਵਾ ਜਾਵੇ।

Sri Satguru Jagjit Singh Ji eLibrary NamdhariElibrary@gmail.com

ਜਤੀ ਜਤ ਛੱਡੇ ਸਤੀ ਸਤ ਛੱਡੇ,
ਤਮੋ ਗੁਣ ਅੰਦਰ ਵਿਸ਼ਨੂੰ ਆ ਸਕਦਾ।
'ਜੀਵਨ' ਹੋਣ ਅਨਹੋਣੀਆਂ ਸਭ ਗੱਲਾਂ,
ਬਿਸ਼ਨ ਸਿੰਘ ਨਹੀਂ ਧਰਮ ਵਟਾ ਸਕਦਾ।"

ਗਿਆਨੀ ਸੋਹਣ ਸਿੰਘ 'ਸੀਤਲ', ਜੋ ਪ੍ਰਸਿੱਧ ਢਾਡੀ, ਇਤਿਹਾਸਕਾਰ ਅਤੇ ਪੰਜਾਬੀ ਸਾਹਿਤ ਜਗਤ ਦੇ ਨਾਮਵਰ ਹਸਤਾਖ਼ਰ ਸਨ, ਉਨ੍ਹਾਂ ਨੇ ਜਦੋਂ ਜੀਊਣ ਸਿੰਘ ਹੁਰਾਂ ਤੋਂ 'ਜਿੰਦਾਂ ਮਹਾਰਾਣੀ' ਦਾ ਪ੍ਰਸੰਗ ਸੁਣਿਆ ਤਾਂ ਟਿੱਪਣੀ ਕੀਤੀ ਕਿ ਜਿਸ ਤਰ੍ਹਾਂ ਵਾਰਿਸ ਦੀ ਹੀਰ, ਹਾਸ਼ਮ ਦੀ ਸੱਸੀ, ਕਾਦਰ ਯਾਰ ਦਾ ਪੂਰਨ ਭਗਤ ਪ੍ਰਸਿੱਧ ਹੈ ਇਵੇਂ ਹੀ ਮਾਈ ਜਿੰਦਾਂ ਦੇ ਪ੍ਰਸੰਗ ਭਾਵੇਂ ਉਨ੍ਹਾਂ (ਸੀਤਲ ਜੀ) ਸਮੇਤ ਕਈਆਂ ਨੇ ਲਿਖੇ ਹਨ ਪਰ 'ਜਿੰਦਾਂ ਜੀਊਣ ਸਿੰਘ ਕਵੀਸ਼ਰ' ਵਾਲੀ ਹੀ ਮਕਬੂਲ ਹੋਵੇਗੀ। ਜਿੰਦਾਂ ਦਾ ਦੁਖਾਂਤ ਸਮੁੱਚੀ ਪੰਜਾਬੀ ਕੌਮ ਦਾ ਦੁਖਾਂਤ ਬਣ ਗਿਆ ਸੀ ਅਤੇ ਇਸ ਦਾ ਮਾਰਮਿਕ ਚਿਤਰਣ ਜਿਵੇਂ ਕਵੀਸ਼ਰ ਜੀ ਨੇ ਕੀਤਾ ਹੈ ਉਸ ਨਾਲ ਇਹਦਾ ਸੋਗੀ ਰੰਗ ਹੋਰ ਵੀ ਗੂੜ੍ਹਾ ਹੋ ਗਿਆ ਹੈ। ਪੰਜ ਦਰਿਆਵਾਂ ਦੀ ਰਾਣੀ ਨੂੰ ਫ਼ਕੀਰਨੀ ਬਣ ਕੇ ਮੰਗਣਾ ਵੀ ਪਿਆ, ਦੇਸ ਬਦਰ ਹੋਣਾ ਅਤੇ ਪੁੱਤਰ ਦੇ ਵਿਛੋੜੇ ਦਾ ਸੱਲ ਵੀ ਜਰਨਾ ਪਿਆ। ਜਦੋਂ ਮਹਾਰਾਣੀ ਨੂੰ ਅੰਗਰੇਜ਼ ਅਧਿਕਾਰੀ ਲਾਹੌਰ ਤੋਂ ਸ਼ੇਖੂਪੁਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਲਈ ਲਿਜਾ ਰਹੇ ਹਨ ਤਾਂ ਉਸ ਦੀ ਭਾਵੀ ਹੋਣੀ ਨੂੰ ਆਪ ਨੇ ਇਸ ਤਰ੍ਹਾਂ ਬਿਆਨਿਆ ਹੈ:

"ਜਾਂਦੀ ਜਿੰਦਾਂ ਨੂੰ ਆਈ ਆਵਾਜ਼ ਅਰਸ਼ੋਂ,
ਜਿੰਦਾਂ! ਪਰਤ ਲਹੌਰ ਵਿਚ ਆਵਣਾ ਨਹੀਂ।
ਜਿਹੜੇ ਕਿਲ੍ਹੇ ਦੀ ਬਣੀ ਸੈਂ ਮਹਾਰਾਣੀ,
ਉਸ ਕਿਲ੍ਹੇ ਵਿਚ ਪੈਰ ਆ ਪਾਵਣਾ ਨਹੀਂ।
ਜਾਂਦੀ ਵਾਰ ਦਲੀਪ ਨੂੰ ਪਿਆਰ ਦੇ ਲੈ,
ਮੱਥਾ ਚੁੰਮ ਕੇ ਫੇਰ ਖਿਡਾਵਣਾ ਨਹੀਂ।
ਹੁਣ ਰੋਂਦੇ ਦੇ, ਅੱਥਰੂ ਪੂੰਝ ਲੈ ਨੀ,
ਲੋਰੀ ਦੇ ਕੇ ਫੇਰ ਪਰਚਾਵਣਾ ਨਹੀਂ।"

ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸੂਬਿਆਂ ਸਮੇਤ ਇਲਾਹਾਬਾਦ ਦੇ ਕਿਲ੍ਹੇ ਵਿਚ ਨਜ਼ਰਬੰਦ ਸਨ ਤਾਂ ਇਕ ਦਿਨ ਚਰਚਾ ਚਲ ਪਈ, ਨਾਮ ਵੱਡਾ ਹੈ ਜਾਂ ਬਾਣੀ ਵੱਡੀ ਹੈ। ਪੂਰਨਾ ਸਿਦਕ ਤੇ ਆ ਕੇ ਪਿਆ ਸੀ। ਇਥੋਂ ਹੀ ਸਤਿਗੁਰੂ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਵੱਖ-ਵੱਖ ਪਾਸੇ ਤੋਰ ਦਿੱਤਾ ਜਾਂਦਾ ਹੈ। ਸੂਬਿਆਂ ਲਈ ਦੇਸ ਦੇ ਵਿਛੋੜੇ ਤੋਂ ਵੀ ਵੱਡਾ ਹੋ ਕੇ ਆ ਗਿਆ ਸੀ, ਸਤਿਗੁਰੂ ਦਾ ਵਿਛੋੜਾ। ਉਸ ਪ੍ਰਸੰਗ ਦਾ ਅਤੇ ਪਿਉ ਪੁੱਤਰਾਂ ਵਾਲੇ ਵਿਛੋੜੇ ਦੇ ਦੁੱਖ ਦਾ ਬਿਆਨ ਸਮਰੱਥ ਕਵੀਸ਼ਰ ਦੀ ਕਲਮ ਨੇ ਇਉਂ ਕੀਤਾ ਹੈ:

"ਜੀਵਨ ਸਿੰਘਾ ਜੋ ਮਨ ਰਹਿੰਦਾ
ਸਿਦਕ ਕਰੋਸਿਉਂ ਖ਼ਾਲੀ।
ਉਸ ਦੀ ਸਾਰੀ ਬਿਰਥਾ ਜਾਂਦੀ
ਜਿਤਨੀ ਘਾਲ ਹੈ ਘਾਲੀ।
ਮੌਤ ਚੰਗੀ ਇਸ ਜ਼ਿੰਦਗੀ ਤੋਂ
ਜਿੰਦ ਕੱਢ ਲੈ ਨਾਲ ਇਸ਼ਾਰੇ ਦੇ
ਧ੍ਰਿਗ ਜੀਵਨ ਸੰਸਾਰ ਦੇ ਅੰਦਰ,
ਜਿਊਣਾ ਬਾਝ ਪਿਆਰੇ ਦੇ।"

Sri Satguru Jagjit Singh Ji eLibrary NamdhariElibrary@gmail.com

ਸ਼ਹੀਦ ਭਗਤ ਸਿੰਘ ਦਾ ਪ੍ਰਸੰਗ ਦੋਹਾਂ ਪੰਜਾਬੀਆਂ ਅਤੇ ਹਿੰਦੁਸਤਾਨੀਆਂ ਦੀ ਕੌਮੀ ਅਣਖ ਦੀ ਵੀਰ ਗਾਥਾ ਬਣ ਚੁੱਕਾ ਹੈ। ਬਸਤੀਵਾਦੀ ਹਾਕਮਾਂ ਵਿਰੁੱਧ ਜੂਝਣ ਵਾਲੇ ਨਿਰਭੈ ਤੇ ਅੱਗੇ ਵਧੂ ਸੋਚ ਵਾਲੇ ਨੌਜੁਆਨਾਂ ਦਾ ਪ੍ਰਤੀਕ ਬਣ ਚੁੱਕਾ ਸੀ ਸਾਡਾ ਭਗਤ ਸਿੰਘ। ਭਾਵੇਂ ਉਹ ਸਿੱਧਾ ਪ੍ਰਭਾਵਤ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਤੋਂ ਹੋਇਆ ਐਪਰ ਸਤਿਗੁਰੂ ਰਾਮ ਸਿੰਘ ਜੀ, ਉਨ੍ਹਾਂ ਦੇ ਸੂਬਿਆਂ ਅਤੇ ਨਾਮਧਾਰੀ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਵੀ ਉਹ ਆਦਰ ਸਹਿਤ ਆਪਣੀਆਂ ਲਿਖਤਾਂ ਵਿਚ ਕਰਦਾ ਸੀ। ਬਾਬੂ ਰਜਬ ਅਲੀ ਜਿਹੇ ਪ੍ਰਸਿੱਧ ਕਵੀਸ਼ਰਾਂ ਤੋਂ ਇਲਾਵਾ ਅਣਗਿਣਤ ਹੋਰ ਕਵੀਸ਼ਰਾਂ ਨੇ ਭਗਤ ਸਿੰਘ ਲਿਖਿਆ ਤੇ ਗਾਇਆ ਹੈ। ਪਰ ਜਿਨ੍ਹਾਂ ਨੇ ਸਾਡੇ ਕਵੀਸ਼ਰ ਜੀ ਤੋਂ ਵੀ ਭਗਤ ਸਿੰਘ ਦਾ ਸਾਕਾ ਸੁਣਿਆ ਹੈ, ਉਹ ਉਨ੍ਹਾਂ ਦੇ ਚੇਤਿਆਂ ਵਿਚ ਸਦਾ ਮਘਦਾ ਰਹੇਗਾ। ਉਨ੍ਹਾਂ ਦਾ ਵਰਣਨ ਬੜਾ ਸਜੀਵ ਹੁੰਦਾ ਸੀ। ਘਟਨਾ ਦੀਆਂ ਬਰੀਕੀਆਂ ਵਿਚ ਉਤਰ ਕੇ ਹਰ ਨੁਕਤੇ ਨੂੰ ਪੂਰਾ ਸਾਫ਼ ਕੀਤਾ ਹੁੰਦਾ ਸੀ। ਕਿਉਂਕਿ ਕਵੀਸ਼ਰ ਦਾ ਸਬੰਧ ਆਪਣੇ ਸਰੋਤਿਆਂ ਨਾਲ ਸਿੱਧਾ ਹੁੰਦਾ ਹੈ। ਕਿੱਸੇ ਵਿਚ ਬੇਮਤਲਬ ਦੀ ਗੱਲ, ਲਮਕਾਉਣ ਲਈ ਪਾਈ ਜਾ ਸਕਦੀ ਹੈ ਪਰ ਕਵੀਸ਼ਰੀ ਨੀਰਸ ਬਿਆਨ ਅਤੇ ਅਕੇਵਾਂ ਬਰਦਾਸ਼ਤ ਨਹੀਂ ਕਰ ਸਕਦੀ। ਸਕਾਟ ਦੇ ਬਹਾਨੇ ਸਾਂਡਰਸ ਦਾ ਵੱਧ ਇਸ ਤਰ੍ਹਾਂ ਬਿਆਨਿਆ ਗਿਆ ਹੈ ਜਿਵੇਂ ਕਵੀ ਜੀ ਮੌਕੇ 'ਤੇ ਹੀ ਹਾਜ਼ਰ ਹੋਣ:-

"ਗੋਲੀ ਰਾਜਗੁਰੂ ਨੇ ਛੱਡੀ,
ਛਾਤੀ ਦੇ ਵਿਚ ਦੀ ਕੱਢੀ,
ਪਿਆ ਸੜਕ ਉੱਤੇ ਮੂੰਹ ਅੱਡੀ
ਚੱਲੇ ਜਿਉਂ ਖ਼ੂਨ ਫੁਹਾਰੇ ਆ।
ਭਾਰਤ ਦੇ ਤੁਰੇ ਦੁਲਾਰੇ ਆ।
ਭਗਤ ਸਿੰਘ ਜੀ ਹੋ ਕੇ ਨੇੜੇ,
ਕਰ ਫਾਇਰ ਨਬੇੜੇ ਝੇੜੇ
ਝੱਟ ਕਾਲ ਚੜ੍ਹਾਇਆ ਬੇੜੇ
ਠੰਢੀ ਕਰ ਦਿਲ ਦੀ ਲਾਟ ਦਿਓ,
ਜਿਦਾ ਨਾ ਜਾਣ ਸਕਾਟ ਦਿਓ।"

ਉਨ੍ਹਾਂ ਦੇ ਕਾਵਿ ਦੀ ਸੁਰ ਉਪਦੇਸ਼ਾਤਮਿਕ ਵੀ ਹੈ। ਇਸ ਲਈ ਉਹ ਮਨੁੱਖ ਨੂੰ ਸੰਸਾਰ ਯਾਤਰਾ ਸਾਰਥਕ ਬਣਾਉਣ ਲਈ ਪਰਉਪਕਾਰ ਵਿਚ ਰੁੱਝੇ ਰਹਿਣ ਲਈ ਆਖਦੇ ਹਨ:-

"ਬੰਦੇ ਨੇਕੀਆਂ ਦਾ ਵਣਜ ਕਮਾਵੀਂ
ਜੱਗ ਤੇ ਨਿਸ਼ਾਨ ਰਹਿਣਗੇ।
ਜਿੰਦ ਪਰਉਪਕਾਰ ਚਿੱਤ ਲਾਵੀਂ,
ਜੱਗ ਤੇ ਨਿਸ਼ਾਨ ਰਹਿਣਗੇ।"

ਕਵੀ ਲਈ ਆਦਰਸ਼ ਮਨੁੱਖ ਦਾ ਸੰਕਲਪ, ਸੁਆਸਥ ਸਰੀਰ ਵਿਚ ਕਵੀ ਮਨ ਦਾ ਨਿਵਾਸ, ਵਿਸ਼ਿਆਂ ਤੋਂ ਮੁਕਤ, ਸਾਫ਼ ਹਿਰਦਾ, ਨਿਮਾਣਿਆਂ ਨੂੰ ਮਾਣ ਦੇਣ ਵਾਲਾ, ਵਿਹਾਰ ਵਿਚ ਨਿਪੁੰਨ, ਸੁਆਲੀ ਦੀ ਲੋੜ ਪੂਰੀ ਕਰਨ ਵਾਲਾ ਪੁਰਖ ਹੈ:

"ਰੋਗ ਸੋਗ ਰਹਿਤ ਹੈ, ਸਰੀਰ ਜਿਸ ਆਦਮੀ ਦਾ
ਕਰਦੀ ਰਚਿਤ ਕਾਵਿ ਜਿਸ ਦੀ ਜ਼ੁਬਾਨ ਹੈ।
ਹਿਰਦਾ ਸਵੱਛ ਕੀਤਾ, ਆਤਮਾ ਪ੍ਰਤੱਛ ਕੀਤਾ
ਵਿਸ਼ਿਆਂ ਨੂੰ ਤੱਛ ਕੀਤਾ, ਸਾਖੀ ਭਗਵਾਨ ਹੈ।

Sri Satguru Jagjit Singh Ji eLibrary NamdhariElibrary@gmail.com

ਦਰ ਤੇ ਸਵਾਲੀ, ਆਇਆ ਮੋੜਦਾ ਨਹੀਂ ਖ਼ਾਲੀ,
ਖਿੜੇ ਔਖੜਦਾ ਨਹੀਂ ਟਾਲੀ, ਹੱਥੀਂ ਕਰਦਾ ਜੋ ਦਾਨ ਹੈ।
ਉਸ ਦੇ ਚਰਨ ਸਦਾ ਪੂਜੀਏ ਜਿਊਣ ਸਿਘਾ।
ਸੋਈ ਇਨਸਾਨ ਮਾਨੋਂ ਦੇਵਤੇ ਸਮਾਨ ਹੈ।"

... ...

"ਮਿੱਤਰ ਨੂੰ ਆਸ ਅਤੇ, ਸ਼ੱਤਰੂ ਨੂੰ ਭੈ ਜੀਹਦਾ,
ਮਾਣ ਹੈ ਨਿਮਾਣਿਆਂ ਨੂੰ, ਜਿਸ ਦੇ ਪਿਆਰ ਵਿਚ।
ਦੁੱਧ ਪੁੱਤ ਫੁੱਲ ਮੇਵਾ, ਚਾਕਰ ਕਰਨ ਸੇਵਾ,
ਚਲਦਾ ਵਿਹਾਰ ਰਹੇ, ਜਿਸ ਦਾ ਬਾਜ਼ਾਰ ਵਿਚ।
ਲਾਭ ਹੈ ਵਪਾਰਾਂ ਵਿਚ, ਕੀਰਤੀ ਹੈ ਯਾਰਾਂ ਵਿਚ
ਸ਼ੀਲ ਗੁਣ ਰੂਪ ਜਾਣੋਂ ਜਿਸ ਦੀ ਹੈ ਨਾਰ ਵਿਚ।
ਜਿਸ ਨੂੰ ਇਹ ਵਸਤਾਂ ਪ੍ਰਾਪਤ ਜਿਊਣ ਸਿਘਾ।
ਭੋਗਦਾ ਸੁਰਗ ਬੰਦਾ ਸਦਾ ਸੰਸਾਰ ਵਿਚ।"

ਇਕ ਗੱਲ ਤਾਲੂ ਤੱਤਾ ਕਰਵਾ ਦਿੰਦੀ ਹੈ ਅਤੇ ਇਕ ਗੱਲ ਬੰਦੇ ਨੂੰ ਅਸਮਾਨ 'ਤੇ ਪਹੁੰਚਾ ਦਿੰਦੀ ਹੈ। ਸਿਆਣਿਆਂ ਤੇ ਮੂਰਖਾਂ ਦੀ ਗੱਲ ਦੇ ਇਸ ਅੰਤਰ ਨੂੰ ਇਉਂ ਬਿਆਨ ਕਰਦੇ ਹਨ:-

"ਦਾਨਿਆਂ ਦੀ ਗੱਲ ਇਕ ਇਕ ਲੱਖ ਦੀ,
ਮੂਰਖ ਦੀ ਗੱਲ ਲੱਖ ਵੀ ਨਹੀਂ ਕੱਖ ਦੀ।
ਗੱਲ ਦਾ ਨਿਰਖ ਪਾਉਂਦੇ ਵਿਦਵਾਨ ਆ।
ਗੱਲ ਗੱਲ ਵਿਚ ਫ਼ਰਕ ਮਹਾਨ ਆ।"

ਕੌਮੀ ਮੁਕਤੀ ਅੰਦੋਲਨ ਦੌਰਾਨ ਇਸ ਨੂੰ ਕਮਜ਼ੋਰ ਕਰਨ ਲਈ ਵਿਦੇਸ਼ੀ ਹਾਕਮ ਸਾਡੇ ਲੋਕਾਂ ਦੀ ਏਕਤਾ ਛਿੰਨ ਭਿੰਨ ਕਰਨ ਲਈ ਆਪਣਾ ਚਿਰ ਪਰਖਿਆ ਫ਼ਿਰਕਾਪ੍ਰਸਤੀ ਦਾ ਹਥਿਆਰ ਵਰਤਿਆ ਕਰਦੇ ਸਨ। ਹੁਣ ਵੀ ਦੇਸ਼ ਦੇ ਵਿਕਾਸ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਤਾਕਤਾਂ ਫ਼ਿਰਕੂ ਸੋਚ ਤੇ ਟੇਕ ਰੱਖਦੀਆਂ ਹਨ। ਕਵੀ ਜਿਊਣ ਸਿੰਘ ਹੋਰਾਂ ਨੂੰ ਪ੍ਰਸਿੱਧ ਨਾਮਧਾਰੀ ਫ਼ਿਲਾਸਫ਼ਰ ਤੇ ਪ੍ਰਚਾਰਕ ਬਾਬਾ ਫ਼ਤਿਹ ਸਿੰਘ ਮਾਂਗਾ ਦੀ ਸੰਗਤ ਵਿਚੋਂ ਜੋ ਵਿਸ਼ਾਲ ਦ੍ਰਿਸ਼ਟੀ ਪ੍ਰਾਪਤ ਹੋਈ ਉਸ ਦਾ ਵਰਣਨ ਇਉਂ ਕਰਦੇ ਹਨ:-

"ਇਕ ਰਾਮ ਰਹੀਮ ਦਾ ਰੂਪ ਦਿਸੇ,
ਦੁਬਿਧਾ ਦੇ ਝੇਲੇ ਛੁੱਟ ਜਾਵਣ।
ਅਤੇ ਵੇਦ ਪੁਰਾਨ ਅੰਜੀਲਾਂ ਦੇ,
ਸਦੀਆਂ ਦੇ ਝਗੜੇ ਛੁੱਟ ਜਾਵਣ।
ਜਿੱਥੋਂ ਸਬਕ ਮਿਲੇ ਨਾ ਸਾਂਝਾਂ ਦਾ,
ਉਹ ਮੂੰਹ ਭੈੜੇ ਦਮ ਘੁੱਟ ਜਾਵਣ,
ਜੋ ਸੂਲਾਂ ਵਰਗੀਆਂ ਤਿੱਖੀਆਂ ਜੀਭਾਂ,
ਰੱਤੀ ਰੱਤੀ ਹੋ ਟੁੱਟ ਜਾਵਣ।
ਫੁਰ ਹੋ ਜਾਏ ਛੁਰੀ ਸ਼ਰੱਈਆਂ ਦੀ,
'ਜੀਵਨ' ਦਾ ਇਕ ਇਕਰਾਰ ਹੋਵੇ।

Sri Satguru Jagjit Singh Ji eLibrary NamdhariElibrary@gmail.com

ਮਿਹਰਾਂ ਦੀ ਵਰਖਾ ਕਰ ਦਾਤਾ,
ਮੇਰੀ ਕਾਵਿ ਬਸੰਤ ਬਹਾਰ ਹੋਵੇ।"

ਭਾਵੇਂ ਮਾਲਵੇ ਦੇ ਉਸਤਾਦ ਕਵੀਆਂ ਜਿਉਂ ਇਸ ਮਝੈਲ ਕਵੀਸ਼ਰ ਨੇ ਆਪਣੇ ਦੁਆਰਾ ਰਚਿਤ ਪਰਸੰਗਾਂ ਵਿਚ ਜ਼ਿਆਦਾ ਛੰਦਾਂ ਦੀ ਵਰਤੋਂ ਨਹੀਂ ਕੀਤੀ, ਉਹ ਬੈਂਤ, ਦੋਹਿਰਾ, ਦਵੱਈਆ, ਡਿਓਢ, ਭੌਰ, ਕੋਰੜਾ, ਪਉੜੀ, ਚਉਪਈ, ਕਬਿੱਤ, ਪਸਤੌਲ, ਕਲੀ ਆਦਿ ਛੰਦ ਵਰਤਦੇ ਹਨ। ਪਰ ਫਿਰ ਵੀ ਆਪਣੀ ਟਕਸਾਲੀ ਪੰਜਾਬੀ, ਖਿੱਚਪਾਊ ਸ਼ੈਲੀ, ਲੋਕ ਜੀਵਨ ਅਤੇ ਲੋਕ ਮੁਹਾਵਰੇ ਨਾਲ ਭਰਪੂਰ ਕਾਵਿ ਬਿੰਬਾਂ ਦੀ ਸਿਰਜਣਾ ਸਦਕਾ, ਆਪਣੀ ਰਚਨਾ ਦੇ ਵਸਤੂ ਅਤੇ ਰੂਪ ਗੁਣਾਂ ਦੇ ਸਦਕਾ, ਉਹ ਨਿਰਸੰਦੇਹ ਵੀਹਵੀਂ ਸਦੀ ਦੇ ਉੱਚ ਦੁਮਾਲੜੇ ਪੰਜਾਬੀ ਕਵੀਸ਼ਰਾਂ ਵਿਚ ਆਪਣਾ ਸਥਾਨ ਯਕੀਨੀ ਬਣਾ ਲੈਂਦੇ ਹਨ। ਨਾਮਧਾਰੀ ਭਾਈਚਾਰੇ ਨਾਲ ਸਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਅਸੀਂ ਉਨ੍ਹਾਂ ਦੀ ਰਚਨਾ ਵਿਚੋਂ ਹੀ ਢੂੰਡਿਆ ਕਰਾਂਗੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਦੇ ਪੰਜਾਹ ਸਾਲ ਲੰਮੇ ਕਵੀਸ਼ਰੀ ਜੀਵਨ ਤੇ ਪੰਥਕ ਸੇਵਾਵਾਂ ਸਦਕਾ ਉਨ੍ਹਾਂ ਨੂੰ 'ਕਾਵਿ-ਭੂਸ਼ਨ' ਦੀ ਉਪਾਧੀ ਬਖਸ਼ਿਸ਼ ਕੀਤੀ ਸੀ। ਉਨ੍ਹਾਂ ਦੀਆਂ ਪੰਜਾਬੀ ਸਾਹਿਤ ਪ੍ਰਤੀ ਘਾਲਣਾਵਾਂ ਸਦਕਾ, ਉਨ੍ਹਾਂ ਨੂੰ ਪ੍ਰਸਿੱਧ ਨਾਮਧਾਰੀ ਇਤਿਹਾਸਕਾਰ ਅਤੇ ਸਾਹਿਤਕਾਰ ਸੰਤ ਤਰਨ ਸਿੰਘ ਵਹਿਮੀ ਦੇ ਨਾਂ ਤੇ ਕਾਇਮ ਕੀਤੇ, "ਸੰਤ ਤਰਨ ਸਿੰਘ ਵਹਿਮੀ ਸਾਹਿਤਕ ਪੁਰਸਕਾਰ" ਨਾਲ ੧੯੯੫ ਈ. ਵਿਚ ਨਿਵਾਜਿਆ ਗਿਆ ਸੀ।

ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਜਦੋਂ ਸੰਤ ਜੀ ਦੀ ਕਵੀਸ਼ਰੀ ਸੁਣੀ ਤਾਂ ਕਹਿ ਦਿੱਤਾ ਕਿ ਤੁਸੀਂ ਜਦੋਂ ਵੀ ਚਾਹੋ ਸਾਡੇ ਗੁਰਦੁਆਰੇ ਵਿਚ ਆ ਕੇ ਦੀਵਾਨ ਲਾ ਸਕਦੇ ਹੋ। ਉਦੋਂ ਸੰਤ ਜੀ ਤਕਰੀਬਨ ਹਰ ਮਹੀਨੇ ਲੌਂਗੋਵਾਲ ਪਹੁੰਚਿਆ ਕਰਦੇ ਸਨ, ਜਥੇ ਸਮੇਤ। ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ ਆਦਿ ਬਹੁਤ ਸਾਰੇ ਸੂਬਿਆਂ ਵਿਚ ਉਹ ਆਪਣੇ ਪ੍ਰੋਗਰਾਮ ਦਿਆ ਕਰਦੇ ਸਨ। ਸਤਿਗੁਰੂ ਜਗਜੀਤ ਸਿੰਘ ਹੋਰਾਂ ਉਨ੍ਹਾਂ ਨੂੰ ਵਿਦੇਸ਼ੀ ਦੌਰਿਆਂ ਵਿਚ ਵੀ ਕਈ ਵਾਰ ਸ਼ਾਮਲ ਕੀਤਾ। ਸੰਤ ਲੌਂਗੋਵਾਲ ਜੀ ਨੇ ਹੀ ਜੀਵਨ ਸਿੰਘ ਹੋਰਾਂ ਨੂੰ 'ਉਸਤਾਦ ਕਵੀਸ਼ਰ' ਦਾ ਖਿਤਾਬ ਭੇਟ ਕੀਤਾ ਸੀ। ਸੰਤ ਜੀ ਵੀ ਸਤਿਗੁਰੂ ਜਗਜੀਤ ਸਿੰਘ ਹੋਰਾਂ ਜਿਉਂ ਕਵੀਸ਼ਰ ਹੋਰਾਂ ਨੂੰ ਵੱਡੇ ਚਾਅ ਅਤੇ ਉਮਾਹ ਨਾਲ ਸੁਣਿਆ ਕਰਦੇ ਸਨ। ਪੰਜਾਬੀ ਕਵੀਸ਼ਰੀ ਜਗਤ ਵਿਚ ਉਨ੍ਹਾਂ ਦਾ ਨਾਂ ਸਦਾ ਚਮਕਦਾ ਰਹੇਗਾ।

ਚੰਗਾ ਹੋਵੇ ਜੇ ਨਾਮਧਾਰੀ ਦਰਬਾਰ, ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਆਪਣੇ ਕਵੀਸ਼ਰ ਦੀ ਸਮੁੱਚੀ ਰਚਨਾ ਨੂੰ ਅੱਖਰਾਂ ਦਾ ਜਾਮਾ ਪੁਆ ਕੇ, ਭਾਵੀ ਪੀੜ੍ਹੀ ਲਈ ਸੁਰੱਖਿਅਤ ਕਰ ਦੇਵੇ।

ਸੰਤ ਜੀ ਦੀ ਯਾਦ ਨੂੰ ਚੇਤੇ ਵਜੋਂ ਇਹ ਰਚਨਾ ਪੇਸ਼ ਕਰਦਿਆਂ ਆਪਣੀ ਗੱਲ ਲਖਵਿੰਦਰ ਸਿੰਘ ਬਾਜਵਾ ਦੀਆਂ ਇਨ੍ਹਾਂ ਸਤਰਾਂ ਨਾਲ ਖ਼ਤਮ ਕਰਦਾ ਹਾਂ:

"ਉਹਦੀ ਕਲਮ ਨੂੰ ਰੱਬ ਤੌਫ਼ੀਕ ਬਖਸ਼ੀ,
ਜੀਵਣ ਚਿਤਰਿਆ ਜੀਵਨ ਸੰਸਾਰੀਆਂ ਦਾ।
ਏਸ ਗੱਲ ਵਿਚ 'ਬਾਜਵਾ' ਝੂਠ ਕੋਈ ਨਾ,
ਵਾਰਸ ਸ਼ਾਹ ਸੀ ਉਹ ਨਾਮਧਾਰੀਆਂ ਦਾ।"

Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਦੀ ਵਾਰ : ਹਰਸਾ ਸਿੰਘ ਚਾਤਰ

ਹਰਸਾ ਸਿੰਘ ਚਾਤਰ ਹੋਰਾਂ ਨੂੰ ਵੀਹਵੀਂ ਸਦੀ ਵਿਚ ਪੰਜਾਬੀ ਦਾ ਸਭ ਤੋਂ ਵੱਡਾ ਵਾਰਕਾਰ ਹੋਣ ਦਾ ਮਾ
ਮਿਲਿਆ ਹੈ। ਭਾਵੇਂ ਉਨ੍ਹਾਂ ਦੇ ਸਮਕਾਲੀ ਹੋਰ ਪੰਜਾਬੀ ਕਵੀ ਹਰਿੰਦਰ ਸਿੰਘ ਰੂਪ, ਗੁਰਦੇਵ ਸਿੰਘ ਮਾਨ, ਹਜ਼ਾਰਾ ਸਿੰ
ਮੁਸ਼ਤਾਕ, ਹਜ਼ਾਰਾ ਸਿੰਘ ਗੁਰਦਾਸਪੁਰੀ, ਇੰਦਰ ਸਿੰਘ ਚੱਕਰਵਰਤੀ, ਜਸਵੰਤ ਸਿੰਘ ਰਾਹੀ, ਪ੍ਰੋ. ਮੋਹਨ ਸਿੰਘ ਮਾਹਿਰ
ਕਰਤਾਰ ਸਿੰਘ ਬਲੱਗਣ ਆਦਿ ਨੇ ਗੁਣ ਤੇ ਗਿਣਤੀ ਪੱਖੋਂ ਕਈ ਵਾਰਾਂ ਰਚੀਆਂ ਸਨ ਪਰੰਤੂ ਇਹ ਚਾਤਰ ਜੀ ਹੀ ਸ
ਜਿਨ੍ਹਾਂ ਨੂੰ ਪੰਜਾਬੀ ਪਿਆਰਿਆਂ ਨੇ 'ਵਾਰਾਂ ਦਾ ਬਾਦਸ਼ਾਹ' ਦੇ ਲਕਬ ਨਾਲ ਨਿਵਾਜ ਕੇ ਆਪਣੀ ਕ੍ਰਿਤੱਗਤਾ ਪ੍ਰਗਟ ਕੀਤੀ

ਪ੍ਰਸਿੱਧ ਵਾਰਕਾਰ ਹਰਿੰਦਰ ਸਿੰਘ ਰੂਪ ਦੇ ਸ਼ਬਦਾਂ ਵਿਚ "ਵਾਰ ਪੰਜਾਬ ਦੀ ਰਾਗ ਤੇ ਪੰਜਾਬੀ ਅਨੁਭਵ ਦ
ਚਮਤਕਾਰ ਹੈ।"[1] ਕਿਉਂਕਿ ਪੰਜਾਬ ਨੂੰ ਹਜ਼ਾਰਾਂ ਵਰ੍ਹਿਆਂ ਤੋਂ ਭਾਰਤ ਦੀ 'ਖੜਗ-ਭੁਜਾ' ਹੋਣ ਦਾ ਮਾਣ ਪ੍ਰਾਪਤ ਹੋਇਆ
ਹੈ, ਇਥੋਂ ਦੇ ਵਸਨੀਕਾਂ ਨੂੰ ਵੀ ਕਾਬਲ ਦੇ ਜਾਇਆਂ ਜਿਉਂ ਨਿੱਤ ਮੁਹਿੰਮਾਂ ਵਿਚੋਂ ਲੰਘਣਾ ਪਿਆ ਹੈ, ਚੱਕਰਵਰਤੀ ਜ
ਦੇ ਸ਼ਬਦਾਂ ਵਿਚ 'ਜਾਂ ਮਰਨਾ ਜਾਂ ਮਾਰਨਾ ਜਿਨ੍ਹਾਂ ਦੀ ਹੈ ਕਾਰ'। ਪ੍ਰੋ. ਮੋਹਨ ਸਿੰਘ ਹੋਰਾਂ ਨੇ ਕਦੇ ਕਿਹਾ ਸੀ–

'ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ
ਵਿਚ ਜੰਗ ਦੇ ਦੇਵੀ ਕਟਾਰ ਸਾਡੀ।'

ਪੰਜਾਬੀਆਂ ਦੇ ਸੁਭਾਉ ਵਿਚ 'ਸ਼ਿੰਗਾਰ ਰਸ' ਲਈ ਵੀ ਭਾਵੇਂ ਖਿੱਚ ਬਣੀ ਰਹਿੰਦੀ ਹੈ ਪਰ ਵੀਰ ਪੰਜਾਬੀਆ
ਦੇ ਸੁਭਾਉ ਵਿਚ 'ਬੀਰ ਰਸ' ਵੀ ਉਨ੍ਹਾਂ ਦਾ ਮਨਭਾਉਂਦਾ ਰਸ ਹੈ। ਦਸਵੇਂ ਪਾਤਸ਼ਾਹ ਨੇ ਖਾਲਸੇ ਦੀ ਸਿਰਜਣਾ ਸਮੇ
ਅੰਮ੍ਰਿਤ ਛਕਾਉਣ ਤੇ ਛਕਣ ਲਈ 'ਬੀਰ ਆਸਣ' ਦੀ ਮੁਦਰਾ ਹੀ ਬੈਠਣ ਲਈ ਨਿਸ਼ਚਿਤ ਕੀਤੀ ਸੀ। ਜੰਗਾਂ ਜੁੱਧ
ਵਾਲੇ ਸਮਾਜ ਵਿਚ, 'ਧਰਮ ਜੁਧ ਕਾ ਚਾਓ' ਪੈਦਾ ਕਰਨ ਲਈ ਇਹੋ ਜਿਹੇ ਜੰਗਜੂ ਸਾਹਿਤ ਦੇ ਪਠਨ ਪਾਠਨ ਅਤੇ
ਰਚਨ ਦੀ ਲੋੜ ਬਣੀ ਰਹਿੰਦੀ ਸੀ। ਇਹ ਸਾਹਿਤ, ਵਾਰ ਕਾਵਿ ਰੂਪ ਵਿਚ ਆਪਣੇ ਪੂਰੇ ਜਲੌਅ ਵਿਚ ਨਿੱਖਰ ਕੇ ਪੇ
ਹੁੰਦਾ ਹੈ। ਡਾ. ਜੀਤ ਸਿੰਘ ਸੀਤਲ ਜਿਹੇ ਖੋਜੀ ਵਿਦਵਾਨ ਦਾ ਮੱਤ ਹੈ, "ਪੰਜਾਬੀ ਸਾਹਿਤ ਇਤਿਹਾਸ ਵਿਚ ਵਾਰ ਅੱ
ਤੋਂ ਹਜ਼ਾਰ ਸਾਲ ਪਹਿਲਾਂ ਤੋਂ ਮਿਲਦੀ ਹੈ। ਪੂਰਵ ਨਾਨਕ ਕਾਲ ਦੀਆਂ ਕੁਝ ਇਕ ਲੋਕ ਵਾਰਾਂ ਉਸ ਸਮੇਂ ਦੀਆ
ਮਹੱਤਵਪੂਰਨ ਰਚਨਾਵਾਂ ਹਨ। ਇਨ੍ਹਾਂ ਦੇ ਸੰਕੇਤ ਆਦਿ ਗ੍ਰੰਥ ਵਿਚ ਵੀ ਮਿਲਦੇ ਹਨ ਜਿਵੇਂ:–

ਆਸਾ ਦੀ ਵਾਰ-ਟੁੰਡੇ ਅਸਰਾਜੈ ਕੀ ਧੁਨੀ, ਗੂਜਰੀ ਕੀ ਵਾਰ- ਸਿਕੰਦਰ ਇਬਰਾਹੀਮ ਕੀ ਵਾਰ ਕੀ ਧੁਨੀ
ਰਾਗ ਵਡਹੰਸ ਕੀ ਵਾਰ-ਲਲਾ ਬਹਿਲੀਮਾ ਕੀ ਧੁਨ ਗਾਵਣੀ, ਰਾਮਕਲੀ ਕੀ ਵਾਰ-ਜੋਧੈ ਵੀਰੈ ਪੂਰਬਾਣੀ ਕੀ ਧੁਨੀ
ਸਾਰੰਗ ਕੀ ਵਾਰ-ਰਾਇ ਮਹਿਮੇ ਹਸਨੇ ਕੀ ਧੁਨੀ, ਮਲਾਰ ਕੀ ਵਾਰ, ਰਾਣੈ ਕੈਲਾਸ ਤਥਾ ਮਾਲਦੇਵੈ ਕੀ ਧੁਨਿ, ਕਾਨੜੇ
ਕੀ ਵਾਰ-ਮੂਸੇ ਕੀ ਵਾਰ ਕੀ ਧੁਨੀ।

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਕਾਲ ਤੋਂ ਪਹਿਲਾਂ ਹਿੰਦੂ, ਮੁਸਲਮਾਨ ਰਾਜੇ ਰਾਣਿਆਂ, ਬਾਦ
ਸਰਦਾਰਾਂ ਦੇ ਜੁੱਧਾਂ ਨੂੰ ਭੱਟ, ਡੂਮ, ਰਾਅ, ਢਾਡੀ, ਚਾਰਣ, ਵਾਰਾਂ ਦੇ ਰੂਪ ਵਿਚ ਗਾਉਂਦੇ ਤੇ ਆਪਣੇ ਮਿਹਰਬਾਨਾਂ ਦੀ
ਪ੍ਰਸੰਸਾ ਕਰਦੇ। ਇਨ੍ਹਾਂ ਵਾਰਾਂ ਵਿਚੋਂ ਕੁਝ ਵਾਰਾਂ (ਡਾ. ਮੋਹਨ ਸਿੰਘ ਅਨੁਸਾਰ) ਤੁਗਲਕਾਂ ਤੇ ਲੋਧੀਆਂ ਸਮੇਂ ਰਚੀਆਂ
ਗਈਆਂ। ਇਨ੍ਹਾਂ ਵਾਰਾਂ ਦੇ ਨਮੂਨੇ ਸਭ ਤੋਂ ਪਹਿਲਾਂ ਪੰਡਿਤ ਤਾਰਾ ਸਿੰਘ ਨਰੋਤਮ ਨੇ ਆਪਣੀ ਇਕ ਵਾਰਤਕ
ਪੋਥੀ ਵਿਚ ਦਿੱਤੇ। ਉਨ੍ਹਾਂ ਦਾ ਉਤਾਰਾ ਡਾ. ਚਰਨ ਸਿੰਘ ਨੇ ਕੀਤਾ ਤੇ 'ਬਾਣੀ ਬਿਉਰਾ' ਵਿਚ ਕੁਝ ਨਮੂਨੇ

Sri Satguru Jagjit Singh Ji eLibrary NamdhariElibrary@gmail.com

ਦਿੱਤੇ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੁਰਾਣੇ ਸਮੇਂ ਵਿਚ ਅਮੀਰ ਖੁਸਰੋ ਤੋਂ ਪਹਿਲਾ ਤੇ ਪਿਛੋਂ ਵਾਰਾਂ ਲਿਖੀਆਂ ਗਈਆਂ।'[2]

ਵਾਰ ਸ਼ਬਦ ਦੇ ਅਰਥ ਸਿਆਣਿਆਂ ਨੇ ਭਿੰਨ ਭਿੰਨ ਕੀਤੇ। ਮੂਲ ਰੂਪ ਵਿਚ ਦੋ ਤਰ੍ਹਾਂ ਦੇ ਅਰਥ ਠੀਕ ਮਲੂਮ ਹੁੰਦੇ ਹਨ। ਪਹਿਲਾ ਵਾਰ ਕਰਨਾ ਜਾਂ ਵਾਰ ਰੋਕਣਾ ਅਤੇ ਦੂਸਰਾ ਹੈ ਵਾਰਤਾ। ਵਾਰਤਾ ਤੋਂ ਭਾਵ ਬਿਆਨ ਕਰਨਾ ਹੈ। ਉੱਭ ਕਈਆਂ ਨੇ ਵੈਰੀ ਨੂੰ ਘੇਰਨ ਵਾਲੀ ਵਾਹਰ ਤੋਂ ਵੀ ਵਾਰ ਦੀ ਉਤਪਤੀ ਮੰਨੀ ਹੈ। ਹੱਲਾ ਕਰਨਾ, ਧਾਵਾ ਕਰਨਾ, ਸੱਟ ਮਾਰਨੀ, ਸਦਕੇ ਜਾਣਾ, ਜਸ ਗਾਉਣਾ ਆਦਿ ਵੀ ਸ਼ਬਦ ਵਾਰ ਨਾਲ ਸਬੰਧਿਤ ਹਨ। ਇਸ ਸਦਾ ਬਹਾਰ ਪੰਜਾਬੀ ਕਾਵਿ ਰੂਪ ਦੀ ਪ੍ਰਸਿੱਧੀ ਦਾ ਲਖਾਇਕ ਇਹ ਤੱਥ ਵੀ ਹੈ ਕਿ ਆਪਣੀ ਬਹੁ ਗਿਣਤੀ ਰਚਨਾ ਬ੍ਰਿਜ ਭਾਸ਼ਾ ਵਿਚ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਸੁਰ ਅਸੁਰ ਜੰਗਾਂ ਦਾ ਵਰਣਨ ਕਰਨ ਲਈ ਠੇਠ ਪੰਜਾਬੀ ਭਾਸ਼ਾ ਵਿਚ 'ਚੰਡੀ ਦੀ ਵਾਰ' ਦੀ ਰਚਨਾ ਕਰਦੇ ਹਨ। ਅਧਿਆਤਮਕ ਵਾਰਾਂ ਜੋ ਆਦਿ ਗ੍ਰੰਥ ਵਿਚ ਮਿਲਦੀਆਂ ਹਨ, ਉਨ੍ਹਾਂ ਵਿਚ ਮਨੁੱਖ ਦੇ ਮਨ ਮਸਤਕ ਵਿਚ ਨਿਰੰਤਰ ਹੋਣ ਵਾਲੇ ਨੇਕੀ ਤੇ ਬਦੀ ਦੀਆਂ ਸ਼ਕਤੀਆਂ ਦੇ ਅੰਤਰਰੋਧ ਦ੍ਵੰਦ ਨੂੰ ਬਿਆਨਿਆ ਗਿਆ ਹੈ। ਸਿੱਖ ਸੂਰਮਿਆਂ ਅਤੇ ਪੰਜਾਬੀ ਲੋਕ ਨਾਇਕਾਂ ਦੀਆਂ ਬੀਰ ਗਾਥਾਵਾਂ ਨੂੰ ਵਾਰ ਬੰਧ ਕਰਨ ਸਦਕਾ ਆਪਣੀ ਨਿਵੇਕਲੀ ਸ਼ੈਲੀ ਅਤੇ ਬਿਆਨ ਦੀ ਕਾਰੀਗਰੀ ਦੇ ਕਮਾਲ ਸਦਕਾ, ਸੁਚੱਜੀ ਸ਼ਬਦ ਚੋਣ ਵਾਰਾਂ ਵਿਚ ਮੁਹਾਵਰਿਆਂ ਦੀ ਨਗੀਨੇ ਵਾਂਗ ਜੜ੍ਹਤ ਸਦਕਾ, ਪਉੜੀ ਛੰਦ ਵਿਚ ਇਕ ਤੋਂ ਇਕ ਚੜ੍ਹਦੀਆਂ ਤੁਕਾਂ ਦੀ ਵਰਤੋਂ ਸਦਕਾ ਹੀ ਭਾਈ ਹਰਸਾ ਸਿੰਘ ਚਾਤਰ ਆਪਣੇ ਸਮੇਂ ਦਾ ਸ਼੍ਰੋਮਣੀ ਵਾਰਕਾਰ ਹੋ ਨਿੱਬੜਿਆ ਹੈ।

ਹਰਸਾ ਸਿੰਘ ਚਾਤਰ ਦਾ ਜਨਮ ਵੀਹਵੀਂ ਸਦੀ ਦੇ ਪਹਿਲੇ ਜਾਂ ਦੂਜੇ ਦਹਾਕੇ ਵਿਚ ਪਿੰਡ ਰਟੌਲ, ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਗੁਰਸਿੱਖ ਕਿਰਤੀ ਕੰਬੋਜ ਪਰਿਵਾਰ ਵਿਚ ਪਿਤਾ ਭਾਈ ਵਧਾਵਾ ਸਿੰਘ ਅਤੇ ਮਾਤਾ ਗੰਗੀ ਦੇ ਘਰ ਹੋਇਆ। ਬਚਪਨ ਵਿਚ ਹੀ ਅੰਮ੍ਰਿਤਸਰ ਆ ਗਿਆ ਜਿੱਥੇ ਬਾਬਾ ਲਾਭ ਸਿੰਘ ਜੋਬਨ ਦੀ ਅਗਵਾਈ ਵਿਚ ਗੁਰਮੁਖੀ ਅਤੇ ਲੰਡਿਆਂ ਦੀਆਂ ਚਾਰ ਜਮਾਤਾਂ ਚੌਲ ਮੰਡੀ ਦੀ ਪਾਠਸ਼ਾਲਾ ਵਿਚੋਂ ਪੜ੍ਹੀਆਂ। ਫਿਰ ਮੁਨੀਮੀ ਅਤੇ ਬਿਜਲੀ ਬੱਤੀ ਦਾ ਕੰਮ ਵੀ ਸਿੱਖਿਆ। ਇਹ ਸਮਾਂ ਦੇਸ਼ ਵਿਚ ਡੂੰਘੀ ਸਿਆਸੀ ਉਥਲ ਪੁਥਲ ਦਾ ਸਮਾਂ ਸੀ। ਸ਼ਹੀਦ ਭਗਤ ਸਿੰਘ ਹੋਰਾਂ ਦੀ ਸ਼ਹੀਦੀ ਤੋਂ ਬਾਅਦ ਨੌਜੁਆਨ ਭਾਰਤ ਸਭਾ ਗੈਰ ਕਾਨੂੰਨੀ ਕਰਾਰ ਦਿੱਤੀ ਗਈ ਤਾਂ ਕਿਰਤੀ ਸਭਾ ਵਜੂਦ ਵਿਚ ਆਈ। 'ਅਸਾਂ ਦੋਵਾਂ ਭਰਾਵਾਂ ਨੇ ਬੜੀ ਤਨਦੇਹੀ ਤੇ ਬੇਖੌਫ਼ ਹੋ ਕੇ ਕੰਮ ਕੀਤਾ। ਜਦੋਂ ਕਦੇ ਜਲਸਾ ਜਾਂ ਜਲੂਸ ਹੁੰਦਾ ਅਸੀਂ ਸਭ ਤੋਂ ਅੱਗੇ ਹੋ ਕੇ ਆਪਣੀਆਂ ਕਵਿਤਾਵਾਂ ਦੁਆਰਾ ਸੇਵਾ ਕਰਦੇ। ਕਈ ਵਾਰੀ ਵਾਰੰਟ ਨਿਕਲੇ ਪਰ ਅਸੀਂ ਬਾਕੀ ਦੇ ਵਰਕਰਾਂ ਦੀ ਇਮਦਾਦ ਨਾਲ ਬਚ ਜਾਂਦੇ ਰਹੇ ਤੇ ਪੁਲਿਸ ਸਾਨੂੰ ਫੜਨ ਵਿਚ ਕਾਮਯਾਬ ਨਾ ਹੋ ਸਕੀ।'[3]

ਸ. ਆਸਾ ਸਿੰਘ ਫੋਟੋਗ੍ਰਾਫ਼ਰ ਅਤੇ ਪ੍ਰਸਿੱਧ ਵਾਰਕਾਰ ਗਿਆਨੀ ਹਰਿੰਦਰ ਸਿੰਘ ਰੂਪ ਦੀ ਪ੍ਰੇਰਨਾ ਨਾਲ ਉਹ ਵਿਧਾਤਾ ਸਿੰਘ ਤੀਰ ਦਾ ਕਵਿਤਾ ਸਿੱਖਣ ਲਈ ਸ਼ਗਿਰਦ ਬਣ ਗਿਆ। ਵੰਡ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਹੁੰਦੇ ਮੁਸ਼ਾਇਰਿਆਂ ਵਿਚ ਭਾਗ ਲੈ ਕੇ ਉਸ ਦੀ ਸ਼ਾਇਰੀ ਪਰਪੱਕ ਹੁੰਦੀ ਗਈ। ਗੁਲਾਮ ਰਸੂਲ ਦੀ "ਯੂਸਫ਼ ਜ਼ੁਲੈਖਾਂ", ਹਨੂਮਾਨ ਨਾਟਕ ਅਤੇ ਸਾਰਕੁਤਾਵਲੀ ਆਦਿਕ ਪੁਸਤਕਾਂ ਨੇ ਉਸ ਦੀ ਕਾਵਿ ਸ਼ੈਲੀ ਘੜਨ ਵਿਚ ਹਿੱਸਾ ਪਾਇਆ। ਉਸ ਨੇ ਪੰਜਾਬੀ ਸੂਬੇ ਲਈ ਵਾਰ ਵਾਰ ਲੱਗਣ ਵਾਲੇ ਮੋਰਚਿਆਂ ਵਿਚ ਵੀ ਸਰਗਰਮ ਹਿੱਸਾ ਪਾਇਆ। ਉਸ ਨੂੰ ਜਦੋਂ ਕਦੇ ਮੋਰਚੇ ਬਾਰੇ ਪੁੱਛਿਆ ਜਾਂਦਾ ਤਾਂ ਜੁਆਬ ਦਿੰਦਾ -'ਜਿੰਨਾ ਚਿਰ ਨਾ ਸਿਰ ਦਾ ਸਿਹਰਾ ਲੱਗੇ, ਓਨਾ ਚਿਰ ਨਹੀਂ ਮੋਰਚਾ ਸਰ ਹੋਣਾ।' ਮੋਰਚੇ ਵਿਚ ਸ਼ਾਮਿਲ ਆਮ ਸਿੱਖ ਸੰਗਤਾਂ ਅਤੇ ਆਗੂਆਂ ਦੇ ਕਿਰਦਾਰ ਬਾਰੇ ਉਸ ਦੀਆਂ ਠੋਸ ਟਿੱਪਣੀਆਂ ਬੜੀਆਂ ਵਜ਼ਨਦਾਰ ਹੁੰਦੀਆਂ-

"ਸਿੰਘ ਨਿਕਲੇ ਵਾਂਗੂੰ ਆਸ਼ਕਾਂ, ਕਰਨੀ ਦੇ ਸੱਚੇ
ਜੇ ਲੀਡਰ ਕਿਤੇ ਵਟਾਉਣ ਨਾ, ਪੱਕਿਆਂ ਤੋਂ ਕੱਚੇ।'

Sri Satguru Jagjit Singh Ji eLibrary NamdhariElibrary@gmail.com

ਪੰਜਾਬੀ ਵਿਚ ਵਾਰ ਲਿਖਣ ਲਈ ਉਹ ਕਰਤਾਰ ਸਿੰਘ ਕਲਾਸਵਾਲੀਏ ਦੁਆਰਾ ਰਚਿਤ ਕਵਿਤਾ ਵਿ
ਸਿੱਖ ਇਤਿਹਾਸ, ਨਜਾਬਤ ਅਤੇ ਚੰਡੀ ਦੀ ਵਾਰ ਨੂੰ ਆਪਣੇ ਪ੍ਰੇਰਣਾ ਸਰੋਤ ਮੰਨਦਾ ਹੈ। ਪ੍ਰਿੰਸੀਪਲ ਐਸ. ਐਸ
ਅਮੋਲ, ਬਾਵਾ ਬਲਵੰਤ, ਸੰਤ ਇੰਦਰ ਸਿੰਘ ਚੱਕਰਵਰਤੀ, ਅਵਤਾਰ ਸਿੰਘ ਆਜ਼ਾਦ, ਪ੍ਰਿੰਸੀਪਲ ਸੋਢ, ਸੰਤ ਬਾਬ
ਫ਼ਤਹਿ ਸਿੰਘ, ਲਾਲ ਸਿੰਘ ਕੰਵਲ, ਜਥੇਦਾਰ ਸੰਤ ਸਿੰਘ ਤੇਗ਼ਾ, ਸ: ਗਿਆਨ ਸਿੰਘ ਐਡਵੋਕੇਟ, ਸੁਬਾ ਸਿੰਘ, ਪੂਰਨ ਸਿੰ
ਹੁਨਰ ਆਦਿ ਵੀ ਉਹਨੂੰ ਸਦਾ ਉਤਸ਼ਾਹਿਤ ਕਰਦੇ ਰਹੇ ਅਤੇ ਉਸ ਦੀ ਧਰਮ ਪਤਨੀ ਮਹਿੰਦਰ ਕੌਰ ਨੇ ਹਰ ਟਾਈਮ
ਉਸ ਨਾਲ ਮਰਦਾਂ ਵਾਂਗੂੰ ਘਾਣੀ ਪੀਤੀ। ਉਸ ਦੀਆਂ ਪ੍ਰਕਾਸ਼ਿਤ ਰਚਨਾਵਾਂ ਵਿਚ ਸ਼ਾਮਿਲ ਹਨ 'ਵਲਵਲੇ', 'ਲਹੂ
ਲੇਖ', 'ਲਹੂ ਦੀਆਂ ਧਾਰਾਂ', 'ਛਾਵੀਂ ਪਰਸੰਗ', 'ਪ੍ਰਥਮ ਭਗਾਉਤੀ', 'ਚਾਤਰ ਦੀਆਂ ਵਾਰਾਂ' ਅਤੇ ਨਾਮਧਾਰੀਅ
ਦੀਆਂ ਦੋ ਵਾਰਾਂ-'ਸੁੱਤਾ ਜਾਗੀਆਂ' ਅਤੇ 'ਕੂਕਿਆਂ ਦੀ ਵਾਰ'। ਹੀਰਾ ਸਿੰਘ ਦਰਦ ਹੋਰਾਂ ਤੋਂ ਉਹ ਆਪਣੀ ਕਾਵਿ ਗੁ
ਪ੍ਰਣਾਲੀ ਇਸ ਤਰ੍ਹਾਂ ਬਿਆਨਦਾ ਹੈ-

"ਮੈਂ ਹਾਂ ਗੁਰੂ ਦਸ਼ਮੇਸ਼ ਦਾ ਨਾਮ ਲੇਵਾ
ਹੋਰ ਕਿਸੇ ਤੇ ਨਹੀਂ ਇਤਕਾਦ ਮੇਰਾ।
ਜਿਅਰ ਸੁਣਨ ਦਾ ਸ਼ੁਰੂ ਤੋਂ ਸ਼ੌਂਕ ਲੱਗਾ
ਵਧਦਾ ਗਿਆ ਹਰ ਰੋਜ਼ ਸੁਆਦ ਮੇਰਾ।
ਪਹਿਲੇ ਅੱਜ ਮਗਰੋਂ ਚਾਤਰ ਜ਼ਾਹਰ ਹੋਇਆ,
ਏਦਾਂ ਤੁਰ ਪਿਆ ਆਦਿ ਜੁਗਾਦ ਮੇਰਾ।
ਮੇਰੇ ਬਾਬੇ ਉਸਤਾਦ ਨੂੰ 'ਦਰਦ' ਕਹਿੰਦੇ,
ਦਰਦੋਂ ਉਪਜਿਆ 'ਤੀਰ' ਉਸਤਾਦ ਮੇਰਾ।"

ਸਾਡੇ ਮੁਲਕ ਦੇ ਪੂੰਜੀਵਾਦੀ ਜਮਹੂਰੀ ਢਾਂਚੇ ਵਿਚ ਅਕਸਰ ਲੋਕ ਹਰ ਪੰਜਾਂ ਵਰਿਆਂ ਬਾਦ ਠੱਗੇ ਠੱਗੇ
ਮਹਿਸੂਸ ਕਰਦੇ ਹਨ ਕਿਉਂ ਜੁ ਲੋਕਾਂ ਦੇ ਬੁਨਿਆਦੀ ਮਸਲੇ ਜਿਉਂ ਦੇ ਤਿਉਂ ਖਲੋਤੇ ਰਹਿੰਦੇ ਹਨ। ਅਜਿਹੇ ਹੀ
ਉਪਰਾਮਤਾ ਦੇ ਇਕ ਦੌਰ ਵਿਚ ਕਵੀ ਚਾਤਰ ਆਪਣੇ ਵੋਟਰ ਸੱਜਣਾਂ ਨੂੰ ਚਿੰਤੀਆਂ ਨਸੀਹਤਾਂ ਨਾ ਮੰਨਣ ਤੇ ਝੰਜੋੜਦ
ਹੈ ਜਿਸ ਵਿਚ ਉਸ ਦੀ ਮੁਹਾਵਰੇਦਾਰ ਸ਼ੈਲੀ ਨੇ, ਕਵਿਤਾ ਦੀ ਚੰਗੀ ਧੁੰਮ ਬੰਨ੍ਹ ਦਿੱਤੀ ਹੈ-

'ਤੈਨੂੰ ਕਿਹਾ ਸੀ ਅਕਲ ਤੋਂ ਕੰਮ ਲੈ ਲਈਂ,
ਵੋਟਾਂ ਦਿੱਤੀਆਂ ਤੂੰ ਨੀਤਾਂ ਖੋਟੀਆਂ ਨੂੰ।
... ...
ਐਵੇਂ, ਗੌਰ ਨਾ ਕੁਰੇ ਸਿਕੰਦਰੀ 'ਤੇ,
ਕੂਰੋ ਟੇਕ ਮੱਥਾ ਧੌਂਗਾਂ ਘੋਟੀਆਂ ਨੂੰ।
ਇਹਨਾਂ ਨਹੀਂ ਉ ਦੁੱਧ ਦੀ ਤਿੱਪ ਦੇਣੀ,
ਬੂਹੇ ਬੰਨ੍ਹ ਨਾ ਫੰਡਰਾਂ ਝੋਟੀਆਂ ਨੂੰ।

ਕਵੀ ਨੇ ਪਉੜੀ ਛੰਦ ਦੀ ਤਾਂ ਆਪਣੀਆਂ ਵਾਰਾਂ ਵਿਚ ਭਰਪੂਰ ਵਰਤੋਂ ਕੀਤੀ ਹੈ ਪਰ ਕਿਤੇ ਕਿਤੇ ਛਪੈ ਛੰਦ
ਨੂੰ ਵੀ ਵਧੀਆ ਨਿਭਾਹਿਆ ਹੈ। ਕਵੀ ਸ਼ਸਤਰ ਤੇ ਸ਼ਾਸਤਰ ਦੋਵਾਂ ਦਾ ਪੁਜਾਰੀ ਹੈ ਤੇ ਅਣਖੀ ਸੂਰਮਿਆਂ ਅਤੇ
ਹਥਿਆਰਾਂ ਦੀ ਸੱਚੀ ਪੂਜਾ ਕਰਦਾ ਹੈ-

'ਮਰਦ ਕਰਦ ਬਿਨ ਗਰਦ, ਮਰਦ ਬਿਨ ਕਰਦ ਨਿਕੰਮੀ।
ਮਰਦ ਧਰਮ ਦੀ ਫੌਤ, ਕਰਦ ਫੌਤ ਹੋਣਾ ਕੰਮੀ।
ਮਰਦ ਕਰਦ ਇਤਫ਼ਾਕ ਕਰੈ, ਦੁਨੀਆਂ ਪਲਟਾਵੇ।

Sri Satguru Jagjit Singh Ji eLibrary NamdhariElibrary@gmail.com

ਮਰਦ ਕਰਦ ਕੇ ਗੀਤ, ਸਦਾ ਕਵਿ ਚਾਤਰ ਗਾਵੇ।
ਮਰਦ ਕਰਦ ਕੋ ਲਾਜ ਹੈ, ਜੇ ਮੂੰਹ ਮੋੜੇ ਖੇਤ 'ਚੋਂ।
ਕਰੇ ਤਹੌਈਆ ਜੋ ਕਦੇ, ਤੇਲ ਨਿਕਾਲੇ ਰੇਤ 'ਚੋਂ।'[4]

ਦੇਸ਼ ਪਿਆਰ ਸਾਡੇ ਕਵੀ ਦੀ ਕਵਿਤਾ ਦਾ ਮਨਭਾਉਂਦਾ ਵਿਸ਼ਾ ਹੈ। 'ਦੇਸ਼ ਪਿਆਰ ਦੀ ਵਾਰ' ਦਾ ਆਰੰਭ ਕਵੀ ਇਉਂ ਕਰਦਾ ਹੈ:

'ਲੈ ਬਣੀ ਦੇਸ਼ ਪਿਆਰ ਦੀ, ਅੱਜ ਵਾਰ ਸੁਣਾਵਾਂ
ਜਿਉਂ ਸਦਕੇ ਕੀਤਾ ਦੇਸ ਤੋਂ, ਪੁੱਤਰਾਂ ਨੂੰ ਮਾਵਾਂ
ਜਾਂ ਮਾਵਾਂ ਸਦਕੇ ਕੀਤੀਆਂ, ਪੁੱਤਰਾਂ ਨੇ ਛਾਵਾਂ
ਜਾਂ ਤੇਰੇ ਖੇਦ ਸੁਹਾਗਣਾਂ, ਲੜੀਆਂ ਅਬਲਾਵਾਂ

... ...

ਅੱਜ ਜੇ ਕੋਈ ਰੱਖੇ ਦੀਰਘਾ, ਸੁਣ ਲੈ ਸਮਝਾਵਾਂ
ਭਈ ਹੰਸਾਂ ਨਾਲ ਬਰਾਬਰੀ, ਕਦ ਕੀਤੀ ਕਾਵਾਂ।'[5]

ਬੰਦਾ ਸਿੰਘ ਬਹਾਦਰ, ਛਤਰਪਤੀ ਸ਼ਿਵਾਜੀ, ਸ਼ਾਮ ਸਿੰਘ ਅਟਾਰੀ-ਭਗਤ ਸਿੰਘ ਆਦਿ ਦੇ ਰੇਖਾ ਚਿੱਤਰ ਕਵੀ ਦੀ ਕਲਮ ਇਉਂ ਵਾਹ ਰਹੀ ਹੈ-

'ਕੀ ਬੰਦਾ ਸਿੰਘ ਦੀ ਵੀਰਤਾ, ਇਤਿਹਾਸ ਗਵਾਹੀ।
ਪਈ ਮੌਤ ਵਿਆਹੇ ਮਰਦ ਨੂੰ, ਉਸ ਮੌਤ ਵਿਆਹੀ।
ਇਉਂ ਬੰਦਾ ਸਿੰਘ ਦੇ ਨਾਮ ਤੋਂ, ਪਈ ਧੜਕੇ ਸ਼ਾਹੀ।
ਜਿਉਂ ਝੂਟੇ ਆਉਣ ਭੂਚਾਲ ਦੇ, ਹਰ ਜਗ੍ਹਾ ਤਬਾਹੀ।
'ਹਨ ਕਹਿੰਦੇ ਏਸੇ ਸਮੇਂ ਤੇ, ਉਠਿਆ ਮਰਹੱਟਾ।
ਉਸ ਰਣ ਵਿਚ ਦਿੱਤਾ ਮੌਤ ਨੂੰ, ਰੰਗ ਲਾਲ ਦੁਪੱਟਾ।
ਸੀ ਹਾਥੀ ਉਸ ਦੇ ਸਾਹਮਣੇ, ਮਹੀਅਲ ਜਿਹਾ ਕੱਟਾ।
ਲਾਹ ਧੌਣਾਂ ਧਰੀਆਂ ਇਸ ਤਰ੍ਹਾਂ, ਜਿਉਂ ਗੁੜ ਦਾ ਗੱਟਾ।

... ...

'ਸੀ ਭਾਵੇਂ ਦੇਸ਼ ਵਿਰੋਧੀਆਂ, ਕਰ ਲਈ ਗਦਾਰੀ।
ਪਰ ਸ਼ਾਮ ਸਿੰਘ ਸਰਦਾਰ ਨੇ, ਨਹੀਂ ਹਿੰਮਤ ਹਾਰੀ।
ਹੈ ਸ਼ਾਹ ਮੁਹੰਮਦ ਆਖਦਾ, ਉਸ ਸਮੇਂ ਲਿਖਾਰੀ।
ਸੀ ਭੁਰਕੀ ਚਾਰ ਹਜ਼ਾਰ ਦੀ, ਸਿਰ ਧਰਨੇ ਮਾਰੀ।
'ਲੈ ਫੇਰ ਭਗਤ ਸਿੰਘ ਸੂਰਮਾ, ਅਣਖਾਂ ਦਾ ਰਾਜਾ।
ਲੈ ਆਇਆ ਵਿਚ ਮੈਦਾਨ ਦੇ, ਬੰਬਾਂ ਦਾ ਵਾਜਾ।

... ...

ਇਹ ਵੇਖ ਸਿਆਣੇ ਕਰਨੀਆਂ, ਪਏ ਲਾਉਣ ਅੰਦਾਜ਼ਾ।
ਹੁਣ ਸਮਝ ਲਵੋ ਅੰਗ੍ਰੇਜ਼ ਦਾ, ਉਠ ਗਿਆ ਜਨਾਜਾ।'[6]

ਮੀਰਾ ਕੋਟ ਦੇ ਭਾਈ ਮਤਾਬ ਸਿੰਘ, ਮੱਸੇ ਰੰਘੜ ਦਾ ਸਿਰ ਵੱਢਣ ਬਾਅਦ ਜਦੋਂ ਫਰਾਰ ਹੋਏ ਤਾਂ ਆਪਣੇ ਪੁੱਤਰ ਭਾਈ ਰਾਇ ਸਿੰਘ ਜੋ ਅਬੋਧ ਬਾਲ ਸੀ, ਪਿੰਡ ਦੇ ਹੀ ਇਕ ਮੁਸਲਮਾਨ ਮਿੱਤਰ ਨੱਥੇ ਚੌਧਰੀ, ਨੂੰ ਸੌਂਪ ਗਏ। ਨੱਥੇ

Sri Satguru Jagjit Singh Ji eLibrary NamdhariElibrary@gmail.com

ਦੇ ਪੰਜ ਪੁੱਤਰ ਸਨ। ਉਹ ਲਾਹੌਰ ਦੀ ਸ਼ਾਹੀ ਸੈਨਾ ਨਾਲ ਲੜ ਕੇ ਸਾਰੇ ਮਰ ਗਏ ਪਰ ਬੱਚੇ ਰਾਇ ਸਿੰਘ ਨੂੰ ਵੈਰੀਆਂ ਦੇ ਹੱਥ ਆਉਣੋਂ ਬਚਾ ਗਏ। ਉਸੇ ਰਾਇ ਸਿੰਘ ਦਾ ਪੁੱਤਰ ਪਹਿਲਾ ਸਿੱਖ ਇਤਿਹਾਸਕਾਰ ਭਾਈ ਰਤਨ ਸਿੰਘ 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਕਰਤਾ ਸੀ। ਉਸੇ ਨੱਥੇ ਚੌਧਰੀ ਦੀ ਵਾਰ ਲਿਖ ਕੇ ਚਾਤਰ ਜੀ ਨੇ ਸਾਡੇ ਧਰਮ ਨਿਰਪੱਖ ਢਾਂਚੇ ਨੂੰ ਹੋਰ ਮਜ਼ਬੂਤ ਕੀਤਾ ਹੈ:-

'ਆਇਆ ਘੱਲੂਘਾਰਾ ਤੀਜਾ ਸੀ, ਗਈ ਹੋਰ ਪਚੀਦੀ।
ਰਣ 'ਚੋਂ ਨੱਥਾ ਚੌਧਰੀ, ਭਣਿਆ ਨਹੀਂ ਗੀਦੀ।
ਬਦਲੇ ਪਰ ਉਪਕਾਰ ਦੇ, ਜਿਨ ਮੌਤ ਖਰੀਦੀ।
ਚਾਤਰ ਮਰਦਾਂ ਮਿਥ ਲਿਆ, ਉਸੇ ਨੂੰ ਮੌਚੀ।'[7]

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਮਨ ਦੀ ਸ਼ਤਾਬਦੀ ਦੀ ਭੇਟਾ 'ਨਾਮਧਾਰੀਆਂ ਦੀਆਂ ਦੋ ਵਾਰਾਂ "ਕੂਹਾਂ ਜਾਗੀਆਂ" ਚਾਤਰ ਹੋਰਾਂ ਨੇ ਲਿਖ ਕੇ ਪ੍ਰਕਾਸ਼ਿਤ ਕੀਤੀਆਂ। ਪਹਿਲੀ ਵਾਰ ਹੈ - "ਅੰਮ੍ਰਿਤਸਰ ਵਿਚ ਬੁੱਚੜਾਂ ਦਾ ਬੰਧ"। ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋਣ ਬਾਅਦ ਸਿੱਖਾਂ ਦੇ ਪ੍ਰਸਿੱਧ ਤੀਰਥ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼ਰ੍ਹੇ ਆਮ ਗਊ ਬੱਧ ਹੋਣ ਲੱਗਾ ਤਾਂ ਅੱਜ ਦੇ ਕਥਿਤ 'ਗਊ-ਭਗਤਾਂ' ਦੇ ਪੁਰਖਿਆਂ ਨੂੰ ਵੀ ਕਵੀ ਵੰਗਾਰਦਾ ਹੈ ਕਿ ਉਦੋਂ ਉਹ ਕਿੱਥੇ ਸਨ-

"ਇਕ ਘੰਟੇਘਰ ਦੀ ਕੈਂਧ ਨੂੰ, ਮੱਲ ਲਿਆ ਕਸਾਈਆਂ
ਲਾ ਬਾਹਰ ਦੁਕਾਨਾਂ ਵੇਚਦੇ, ਅੰਦਰ ਕਤਲਾਈਆਂ
ਚੁੱਕ ਅੰਮ੍ਰਿਤਸਰ ਵਿਚ ਬੋਟੀਆਂ, ਕਾਵਾਂ ਨੇ ਪਾਈਆਂ
ਥਾਂ-ਥਾਂ ਤੇ ਗਿਰਝਾਂ ਬੈਠੀਆਂ, ਚੀਲ੍ਹਾਂ ਮੰਡਲਾਈਆਂ
ਮੂੰਹ ਚੁੱਕ ਅੜਿੰਗੀਆਂ ਅਰਸ਼ ਨੂੰ, ਗਊਆਂ ਘਬਰਾਈਆਂ
ਜੇ ਮਰਦ ਜੁਵਾਬ ਦੇਣ ਨਾ, ਕੀ ਦੇਣਾ ਮਾਈਆਂ
ਸਨ ਕਿੱਥੇ ਉਦੋਂ ਸੂਰਮੇ, ਅਰਸ਼ਾਂ ਦਿਆ ਸਾਈਆਂ
ਜੋ ਗਊ ਰਖਸ਼ਾ ਦੇ ਨਾਮ ਤੇ, ਅੱਜ ਦੇਣ ਦੁਹਾਈਆਂ।"[8]
ਅੰਮ੍ਰਿਤਸਰ, ਗੁਰੂ ਨਗਰੀ ਦੇ ਦਰਸ਼ਨ ਕਰਨ ਕੁਝ ਨਾਮਧਾਰੀ ਸਿੰਘ ਆਏ-
'ਓਹ ਪਹਿਲਾਂ ਨ੍ਹਾਤੇ ਤਾਲ 'ਚ, ਦੌਬ ਟੁੱਬੇ ਲਾਏ
ਫਿਰ ਦਰਸ਼ਨ ਕੀਤਾ ਗੁਰੂ ਦਾ, ਪਰਸ਼ਾਦ ਚੜ੍ਹਾਏ
ਸੀ ਕਰ ਅਰਦਾਸਾ ਸੋਧਿਆਂ, ਇਉਂ ਵਾਕ ਅਲਾਏ
ਜੇ, ਸਿਰ ਜਾਂਦਾ ਤਾਂ ਜਾਣ ਦੇ, ਸਾਡਾ ਸਿਦਕ ਨਾ ਜਾਏ।
ਇਸ ਸਾਕੇ ਵਿਚ ਹਿੱਸਾ ਲੈਣ ਵਾਲੇ ਸਿੰਘਾਂ ਦੇ ਨਾਮ ਪਤੇ ਇਉਂ ਦੱਸੇ ਹਨ-
'ਇਕ ਲਛਮਣ ਸਿੰਘ ਸੀ ਚਾਹਲ ਦਾ, ਕੌਮੀ ਪਰਵਾਨਾ
ਇਕ ਝੰਡਾ ਸਿੰਘ ਸੀ ਠੱਠਿਉਂ, ਸਿਦਕੀ ਮਸਤਾਨਾ
ਇਕ ਬੀਹਲਾ ਸਿੰਘ ਸੀ ਨਾਰਲੀ, ਚਾਤਰ ਤੇ ਦਾਨਾ
ਦੋ ਲਹਿਣਾ ਸਿੰਘ ਤੇ ਮਿਹਰ ਸਿੰਘ, ਲੋਪੋਕੀ ਜਾਨਾਂ
ਇਕ ਹਾਕਮ ਸਿੰਘ ਸਰਦਾਰ ਸੀ, ਹਰ ਠੋਕ ਨਿਸ਼ਾਨਾ
ਇਕ ਲਹਿਣਾ ਸਿੰਘ ਤਰਖਾਣ ਸੀ, ਬੇਖੌਫ਼ ਦੀਵਾਨਾ
ਭਗਵਾਨ ਸਿੰਘ ਮਹਰਾਣਿਉਂ, ਨਿੱਤ ਕਰੇ ਕਮਾਨਾ

Sri Satguru Jagjit Singh Ji eLibrary NamdhariElibrary@gmail.com

ਸੀ ਅੱਲ ਅੜਬੰਗੀ ਸਾਧ ਦੀ, ਭਰਿਆ ਪੈਮਾਨਾ।'[9]
ਇਹ ਸਿਘ ਨਾਮ ਦੇ ਆਸ਼ਕ ਨਹੀਂ ਸਨ ਅਸਲੀ ਸ਼ਮ੍ਹਾਂ ਦੇ ਪਰਵਾਨੇ ਸਨ-
'ਸੌਗ ਲੱਖਾਂ ਆਸ਼ਕ ਹੋਣਗੇ, ਢੌਂਗ ਜਿਨ੍ਹਾਂ ਵਜਾਏ
ਜੋ ਪਾਇਆ ਇਸ਼ਕ ਪਤੰਗਿਆਂ, ਕੋਈ ਵਿਰਲਾ ਪਾਵੇ
ਚਾਤਰ ਜੀ ਦੀ ਇਕ ਇਕ ਸਤਰ ਕਾਵਿਕ-ਸੋਚ ਨਾਲ ਲਬਰੇਜ਼ ਹੈ-
'ਪਿਆ ਭੁਖੇ ਮਹੀਨਾ ਹਾੜ ਦਾ ਗਰਮੀ ਦੇ ਭੰਡੇ
ਜਦ ਤੱਕ ਤਕਾ ਲਏ ਰਾਂਝਿਆਂ, ਰੰਗ ਪੁਰ ਦੇ ਖੇੜੇ
ਜੀ ਚੰਗੀ ਹੈ ਉਪਕਾਰ ਤੋਂ, ਸਿਘ ਮੌਤ ਸਹੇੜੇ
ਲੈ ਲੋਹਾ ਚੌਥੇ ਸੂਰਮਾ, ਨਹੀਂ ਖਾਂਦਾ ਧੋਤੇ
ਕਰ ਗੱਲੀਂ ਬਾਤੀਂ ਮੁੱਕਦੇ, ਜੋ ਨਹੀਂ ਝਮੇਲੇ
ਉਹ ਆਸ਼ਕ ਨੂੰ ਤਲਵਾਰ ਤੇ, ਜੋ ਜਾਣ ਨਿਬੇੜੇ।'[10]
ਬੁੱਚੜਾਂ ਤੇ ਹਮਲੇ ਦੇ ਦ੍ਰਿਸ਼ ਨੂੰ ਇਉਂ ਬਿਆਨਿਆ ਗਿਆ ਹੈ-
'ਜਾ ਰਾਤ ਵਜਾਏ ਕੂਕਿਆਂ, ਉਨ੍ਹਾਂ ਦੇ ਬਾਰਾਂ
ਸਣ ਏਦਾਂ ਸਿਰੀਆਂ ਖਿੱਚੀਆਂ, ਸਿੰਘਾਂ ਸਰਦਾਰਾਂ
ਕੜ ਜਿਉਂ ਖਰਬੂਜ਼ੇ ਵੇਲ ਤੋਂ, ਤੋੜੇ ਘੁਮਿਆਰਾਂ।'[11]
ਨਾਮਧਾਰੀਆਂ ਦੀ ਥਾਂ 'ਤੇ ਸ਼ਹਿਰ ਦੇ ਹੋਰ ਮੁਖੀ ਹਿੰਦੂ ਸਿੱਖ ਫੜੇ ਗਏ। ਸਰਕਾਰੀ ਤਸ਼ੱਦਦ ਕਾਰਨ ਬੇਦੋਸ਼ਿਆਂ ਨੂੰ ਇਕਬਾਲ ਕਰਵਾ ਲਿਆ ਅਤੇ ਉਨ੍ਹਾਂ ਨੂੰ ਫਾਂਸੀ ਦੇਣ ਦੀ ਤਿਆਰੀ ਹੋ ਗਈ। ਬੀਹਲਾ ਸਿੰਘ ਜਦੋਂ ਭੈਣੀ ਸਾਹਿਬ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਜਾਂਦਾ ਹੈ ਤਾਂ ਸਤਿਗੁਰੂ ਜੀ ਉਸ ਨੂੰ ਵੰਗਾਰਦੇ ਹਨ-
'ਜਿਸ ਡੰਗਰ ਮਰਦੇ ਵੇਖ ਕੇ, ਹਥਿਆਰ ਉਠਾਏ
ਉਹ ਬੰਦੇ ਮਰਦੇ ਵੇਖ ਕੇ, ਕਿਉਂ 'ਨੀਵੇਂ' ਪਾਏ
ਹੁਣ ਸਿੱਧਾ ਹੋ ਕੇ ਖਾਲਸਾ, ਗੁਰ ਫਤੇ ਗਜਾਏ
ਸਿਰ ਦੇ ਕੇ ਲਵੇ ਸ਼ਹੀਦੀਆਂ, ਜੱਸ ਦੁਨੀਆਂ ਗਾਏ।'[12]
ਤੇ ਉਨ੍ਹਾਂ ਦੇ ਆਪ ਪੇਸ਼ ਹੋ ਕੇ, ਦੱਬੇ ਹੋਏ ਹਥਿਆਰ ਪੁੱਟ ਕੇ ਦੇਣ ਬਾਅਦ, ਬੇਦੋਸ਼ ਛੱਡ ਦਿੱਤੇ ਗਏ ਅਤੇ ਉਨ੍ਹਾਂ ਦਾ ਕੇਸ ਨਵੇਂ ਸਿਰੇ ਤੋਰਿਆ ਗਿਆ। ਲੋਕ ਹੈਰਾਨ ਹਨ, ਸਰਕਾਰ ਹੈਰਾਨ ਹੈ। ਤੇ ਕਵੀ ਫਿਰ ਅੱਜ ਦੇ ਨਕਲੀ ਗਊ ਭਗਤਾਂ ਦਾ ਕੂਕਿਆਂ ਨਾਲ ਮੁਕਾਬਲਾ ਕਰਕੇ ਵਿਅੰਗ ਵੀ ਕੱਸਦਾ ਹੈ-
'ਪਏ ਮੰਨਣ ਲੋਹਾ ਸਿੰਘ ਦਾ, ਸਾਰੇ ਸੰਸਾਰੀ
ਛਈ ਕੂਕੇ ਬੰਦੀ ਛੋੜ ਨੇ, ਸਿੰਘ ਹਠੀਏ ਭਾਰੀ
ਹੁਣ ਗਊ ਰਖਿਆ ਦੇ ਨਾਮ 'ਤੇ ਕਰ ਚੋਰ ਬਾਜ਼ਾਰੀ
ਪਏ ਕੌਂਗਸ ਵੋਟ ਖਰੀਦਦੇ, ਅੱਜ ਦੇ ਵਾਪਾਰੀ।'[13]
ਇਨ੍ਹਾਂ ਸ਼ਹੀਦਾਂ ਦੀ ਅਮਰ ਗਾਥਾ ਨੂੰ ਚਾਤਰ ਇਉਂ ਯਾਦ ਕਰਦਾ ਹੈ-
'ਚਹੁ ਚਾਰ ਭੁਟ ਗਏ ਫਾਂਸੀਆਂ ਦੇ ਕਾਲੇ ਪਾਣੀ
ਪਰ ਦੇਹਾਂ ਦਾ ਲੱਗਾ ਪਤਾ ਨਾ, ਗਏ ਕਿੱਥੇ ਭਾਣੀ
ਸੀ ਛਮ ਛਮ ਵੱਜਦੀ ਢੋਲਕੀ, ਗੂੰਜੀ ਗੁਰਬਾਣੀ
ਕਿ ਰੱਖ ਵਿਖਾਈ ਕੂਕਿਆਂ, ਕਦੂ ਰੀਤ ਪੁਰਾਣੀ।'[14]

Sri Satguru Jagjit Singh Ji eLibrary NamdhariElibrary@gmail.com

ਮਲੇਰ ਕੋਟਲੇ ਵਾਲੇ ਸਾਕੇ ਦੀ 'ਕੂਕਿਆਂ ਦੀ ਵਾਰ' ਵਿਚ ਅੰਗ੍ਰੇਜ਼ਾਂ ਦੁਆਰਾ ਪੰਜਾਬ 'ਤੇ ਕਬਜ਼ਾ ਕੀਤੇ ਜਾਣ ਨੂੰ ਬੜੀ ਰੋਚਕ ਸ਼ੈਲੀ ਵਿਚ ਕਵੀ ਨੇ ਪੇਸ਼ ਕੀਤਾ ਹੈ-

'ਲੈ ਲੀਤੇ ਕੁੱਲ ਅੰਗਰੇਜ਼ ਨੇ, ਹਥਿਆਰ ਚੁਕੰਨੇ
ਪਾ ਨੱਥਾਂ ਸ਼ੇਰ ਪੰਜਾਬ ਦੇ, ਕਿੱਲਿਆਂ 'ਤੇ ਬੰਨ੍ਹੇ
ਫੜ ਸੱਪ ਖੜੱਪੇ ਕੀਲਕੇ, ਕਰ ਛੱਡੇ ਅੰਨ੍ਹੇ
ਇਉਂ ਪੀੜੀ ਅਣਖ ਪੰਜਾਬ ਦੀ, ਜਿਉਂ ਵੇਲਣ ਗੰਨੇ
ਜਦ ਬਾਜ਼ੀ ਹਰ ਜਾਏ ਕਿਸੇ ਦੀ, ਕਿਸਮਤ ਨਾ ਮੰਨੇ
ਤਦ ਬੱਕਰੀ ਚੜ੍ਹ ਜਾਏ ਸ਼ੇਰ 'ਤੇ, ਚੜ੍ਹ ਪਾਸੇ ਭੰਨੇ।'[11]

ਗਊ ਗਰੀਬ ਦੀ ਪੁਕਾਰ ਸੁਣ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਨੂੰ ਕਵੀ ਗੁਰਬਾਣੀ ਦੀਆਂ ਤੁਕਾਂ ਨਾਲ ਬੜੀ ਸਾਰਥਕ ਤਸ਼ਬੀਹ ਦਿੰਦਾ ਹੈ-

'ਉਸ ਕਲਿਜੁਗ ਅੰਦਰ ਆ ਕੇ, ਸਤਿਜੁਗ ਵਰਤਾਇਆ।
ਉਸ ਸੁੱਤਾ ਮੁਲਕ ਪੰਜਾਬ ਦਾ, ਲਾ ਅਣਖ ਜਗਾਇਆ
ਉਸ ਕੰਨਾ ਮੰਨਾ ਜੋਹਦਿਆਂ, ਕੰਨਾਂ ਵਿਚ ਪਾਇਆ
ਉਹ ਬਣਿਆ ਸਾਧ ਸ਼ੈਤਾਨ ਤੋਂ, ਅਸਚਰਜ ਵਿਖਾਇਆ
ਜਦ ਪੈਂਦਾ ਡਿੱਠਾ ਗੌਗ ਤੇ, ਜ਼ੁਲਮਾਂ ਦਾ ਸਾਇਆ
ਤਦ 'ਜੁਗ ਜੁਗ ਭਗਤ ਉਪਾਇਕੈ ਪੈਜ ਰਖਦਾ ਆਇਆ।''[12]

ਮਸਤਾਨੇ ਸਿੰਘਾਂ ਦੀ ਦਸ਼ਾ, ਬਾਬੇ ਵਡਭਾਗ ਸਿੰਘ ਨਾਲ ਤੁਲਨਾਈ ਗਈ ਹੈ, ਕੂਕਿਆਂ ਦੇ ਨੰਬਰ ਉਸ ਤੋਂ ਵਧ ਹਨ-

'ਸਿੰਘ ਮਾਘੀ ਮੇਲਾ ਕਰਨ ਨੂੰ, ਚਲ ਭੈਣੀ ਆਏ
ਹੋ ਹਾਜ਼ਰ ਸੀ ਹਜ਼ੂਰ ਦੇ, ਦੀਵਾਨ ਸਜਾਏ
ਲੈ ਕੁੱਟੇ ਛੈਣੇ ਢੋਲਕੀ, ਜੱਸ ਗੁਰੂ ਦੇ ਗਾਏ
ਜੀ ਖੋਲ੍ਹ ਖੋਲ੍ਹ ਮਸਤਾਨਿਆਂ, ਨੱਚ ਤਾਲ ਮਿਲਾਏ
ਜੋ ਕੇਸਾਂ ਕਾ ਕਰ ਲਿਖਿਆ, ਜੋ ਚਦਰ ਭੁਲਾਏ
ਜੇ ਵੇਖ ਲਵੇ ਵਡਭਾਗ ਸਿੰਘ, ਮੂੰਹ ਨੀਵਾਂ ਪਾਏ।''[13]

ਫਰਵਾਹੀ ਵਾਲੇ ਗੁਰਮੁਖ ਸਿੰਘ ਨੇ, ਮਲੇਰਕੋਟਲੇ ਦੇ ਕਾਜ਼ੀ ਦੁਆਰਾ ਉਸ ਦੇ ਸਾਹਵੇਂ ਬੈਲ ਜ਼ਿਬਾਹ ਕਰਨ ਦਾ ਪ੍ਰਸੰਗ ਡਾਢੀ ਵੇਦਨਾ ਨਾਲ ਸੰਗਤ ਨੂੰ ਸੁਣਾਇਆ-

'ਜਿਦ੍ਹਾ ਜੀਵਨ ਜੋਗਾ ਧਰਤ ਦੇ ਧੁਰ ਹੋਣ ਖਲੋਵੇ
ਜਿਦ੍ਹਾ ਸਾਰੀ ਦੁਨੀਆਂ ਵਾਸਤੇ ਰੱਜ ਮੁਕਦਾ ਹੋਵੇ
ਜਿਦ੍ਹੀ ਘਾਲ ਕਮਾਈ ਜੱਗ ਦੀ, ਗੁਰਬਤ ਨੂੰ ਧੋਵੇ
ਦੋ ਵੇਲੇ ਧਾਰਾਂ ਜਿਸ ਤੋਂ, ਕੁਲ ਦੁਨੀਆਂ ਚੋਵੇ
ਉਹ ਹੱਥ ਆਈ ਜਲਾਦ ਦੇ, ਗਊ ਮਾਤਾ ਰੋਵੇ
ਪਰ ਇਹ ਤਾਂ ਮਿਹਣਾ ਮਿੱਤਰੋ, ਮਰਦਾਂ ਨੂੰ ਹੋਵੇ।''[14]

ਸਿੰਘਾਂ ਦੀ ਕੋਟਲੇ ਤੇ ਚੜ੍ਹਾਈ ਦਾ ਦ੍ਰਿਸ਼ ਕਵੀ ਚਾਤਰ ਦੇ ਸ਼ਬਦਾਂ ਵਿਚ-

''ਹੁਣ ਪਏ ਅਰਦਾਸਾ ਸੋਧ ਕੇ ਬੰਨ੍ਹ ਸਿਰੀਂ ਮੁੜਾਸੇ

Sri Satguru Jagjit Singh Ji eLibrary NamdhariElibrary@gmail.com

ਓਹ ਸ਼ੇਰਾਂ ਵਾਂਗੂੰ ਭੁਕਦੇ, ਸਤਿਗੁਰ ਭਰਵਾਸੇ
ਜਿਸ ਰਾਹੋਂ ਕੂਕੇ ਲੰਘਦੇ, ਲੈ ਹੱਥ ਗੰਡਾਸੇ
ਪਏ ਜ਼ਾਲਮ ਲੁਕਦੇ ਅੰਦਰੀਂ, ਡਰ ਨਾਲ ਹਰਾਸੇ

... ...

'ਸੰਨ ਠਾਰਾਂ ਸੈ ਬਹੱਤਰੇ, ਮਾਘੀ ਦੇ ਪਾਲੇ
ਜਦ ਪੁੱਜੇ ਅੰਦਰ ਕੋਟਲੇ, ਕੂਕੇ ਮਤਵਾਲੇ
ਲੰਘ ਗੇ ਛਾਬੀ ਦਰਵਾਜਿਉਂ, ਹਥਿਆਰ ਸੰਭਾਲੇ
ਜੋ ਅੜਿਆ ਜਮਪੁਰ ਭੇਜਿਆ, ਕਰ ਮੌਤ ਹਵਾਲੇ
ਫਿਰ ਕੁਚਰ ਖ਼ਾਨੇ ਪਹੁੰਚ ਕੇ, ਉਹ ਹੱਥ ਵਿਖਾਲੇ
ਜੋ ਰਹਿ ਗਏ ਬੁੱਚੜ ਬੀਜ ਵੀ, ਭੁੱਲੇ ਨਹੀਂ ਹਾਲੇ।'[79]

ਗ੍ਰਿਫ਼ਤਾਰੀ ਤੋਂ ਬਾਅਦ ਸਿੰਘਾਂ ਨੂੰ ਫਿਰ ਮਲੇਰਕੋਟਲੇ ਦੇ ਮੈਦਾਨ ਵਿਚ ਲਿਆਂਦਾ ਗਿਆ ਹੈ–

'ਮੁੜ ਆਏ ਸਾਰੇ ਕੋਟਲੇ, ਅਣਖੀਲੇ ਕੂਕੇ
ਜੋ ਅਣਖ ਪਕਾਉਣੀ ਜਾਣਦੇ, ਦੇ ਸੀਸ ਭਲੂਕੇ
ਜਿਨ੍ਹਾਂ ਬੁੱਚੜ ਕੁਲ ਪੰਜਾਬ ਦੇ ਇਕ ਵੱਢੋਂ ਫੂਕੇ
ਤੱਕ ਜਿਨ੍ਹਾਂ ਨੂੰ ਜਮਰਾਜ ਵੀ, ਚੂਹੇ ਜਿਉਂ ਚੂਕੇ
ਜੋ ਫ਼ਨੀਅਰ ਵਾਂਗੂੰ ਜ਼ੁਲਮ ਦੇ, ਸਿਰ ਚੜ੍ਹ ਕੇ ਸ਼ੂਕੇ
ਜਿਨ੍ਹਾਂ ਧਾਂਕ ਬਹਾਈ ਧਰਮ ਦੀ, ਕੁਲ ਪਾਪ ਭਲੂਕੇ।'[80]

ਚਾਤਰ ਜੀ ਸਿੰਘਾਂ ਨੂੰ ਸ਼ਹੀਦ ਕਰਨ ਵਾਲੀਆਂ ਤੋਪਾਂ ਦੀ ਭਿਆਨਕਤਾ ਨੂੰ ਇਜ ਬਿਆਨ ਕਰਦੇ ਹਨ–

"ਨੌਂ ਤੋਪਾਂ ਵਿਚ ਮੁਕਾਬਲੇ, ਬਣ ਠਣ ਕੇ ਆਈਆਂ
ਜੋ ਮਣ-ਮਣ ਦਾਰੂ ਖਾਂਦੀਆਂ, ਚੱਲਣ ਹਲਕਾਈਆਂ
ਤੱਕ ਕਿਲ੍ਹੇ ਜਿਨ੍ਹਾਂ ਦੀ ਧੌਲ ਨੂੰ, ਡਿੱਗਣ ਵਿਚ ਖਾਈਆਂ
ਜੋ ਪਰਬਤ ਵੇਖਣ ਸਾਹਮਣੇ, ਉਡ ਜਾਣ ਹਵਾਈਆਂ
ਉਹ ਰਣ-ਚੰਡੀ ਦੀਆਂ ਚੇਲੀਆਂ, ਮੌਤਾਂ ਮੂੰਹ ਲਾਈਆਂ
ਨਾ ਜਾਗੇ ਧਰਤੀ ਜਿਸ ਥਾਂ ਇਹ ਜਾਣ ਚਲਾਈਆਂ।"[81]

ਸਿੱਖ-ਰਿਆਸਤਾਂ ਦੇ ਸੈਨਿਕਾਂ ਨੇ ਕੂਕੇ ਸਿੰਘਾਂ ਨੂੰ ਕਿਵੇਂ ਘੇਰਾ ਪਾਇਆ ਹੈ -

"ਛੱਟ ਗਿਰਦੇ ਸਾਢੇ ਸੱਤ ਸੌ, ਖੜ ਗਏ ਜਰਵਾਣੇ
ਪਟਿਆਲਾ ਨਾਭਾ ਜੀਂਦ ਦੇ, ਉਹ ਆਦਮ-ਖਾਣੇ
ਇਹ ਪੁਲਿਸ ਘੜੀ ਸਾਹ ਜ਼ੋਰ ਸੀ, ਕੁੱਲ ਆਲਮ ਜਾਣੇ
ਰਗ ਰਗ ਵਿਚ ਭਰੀ ਸ਼ਰਾਰਤਾਂ, ਕਰਦੇ ਮਨ ਮਾਣੇ
ਜਿਉਂ ਫੁੱਲਾਂ ਗਿਰਦੇ ਰਖਦੇ, ਕਰ ਵਾੜ ਸਿਆਣੇ
ਤਿਉਂ ਚੱਪੇ ਚੱਪੇ 'ਚਾਤਰਾ' ਬੈਠੇ ਸੀ ਠਾਣੇ।"[82]

ਕੂਕੇ ਤੋਪਾਂ ਦੇ ਸਾਹਵੇਂ ਇਉਂ ਖਲੋਤੇ ਹਨ ਜਿਵੇਂ ਆਜ਼ਾਦੀ ਹੀਰ ਵਰਨ ਲਈ, ਰਾਂਝਿਆਂ ਨੇ ਉਹਦਾ ਬੂਹਾ ਮੱਲਿਆ ਹੋਵੇ–

"ਹਕ ਬੈਠੇ ਆਣ ਨਜ਼ਾਰੇ, ਵਿਚ ਮੈਦਾਨ ਦੇ

Sri Satguru Jagjit Singh Ji eLibrary NamdhariElibrary@gmail.com

ਆ ਮੌਤਾਂ ਦੇ ਖੜਕਾਰੇ, ਸੰਗਲ ਖੜਕਦੇ
ਇਉਂ ਕੂਕੇ ਗਏ ਧਲਹਾਰੇ, ਤੋਪਾਂ ਸਾਹਮਣੇ
ਜਿਉਂ ਰਾਂਝੇ ਹੀਰ ਦੁਆਰੇ, ਤਲਬ ਦੀਦਾਰ ਦੀ
ਜਾਂ ਬਣ ਠਣ ਰਾਜ ਦੁਲਾਰੇ, ਖੜੇ ਸਵੰਬਰੀ
ਜਾਂ ਮੰਡੀ ਵਿਚ ਵਣਜਾਰੇ, ਸੌਦਾ ਮਾਰਦੇ
ਸੀ ਭਾਵੇਂ ਸੌ ਹਤਿਆਰੇ, ਲਾਂਭੀ ਗਾਰਦਾ
ਪਰ 'ਚਾਤਰ' ਮਰਦ ਮੁਨਾਰੇ, ਰਤਾ ਨਾ ਡੋਲਦੇ।"[੩੧]

ਕੂਕਿਆਂ ਦੀ ਇਸ ਮਰਦਾ ਵਾਲੀ ਕਾਰ ਨੂੰ ਬਿਆਨਦੀ ਕਵੀ ਚਾਤਰ ਦੀ ਇਹ ਵਾਰ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਫੁਰਮਾਇਸ਼ ਤੇ ਕੋਈ ਪੰਜਾਹ ਵਰ੍ਹੇ ਪਹਿਲਾਂ ਲਿਖੀ ਗਈ ਸੀ ਤੇ ਸੰਤ ਜੀ ਨੇ ਵੱਡੇ ਮਾਣ ਸਤਿਕਾਰ ਨਾਲ ਆਪਣੀ ਪੁਸਤਕ 'ਕੂਕਿਆਂ ਬਾਰੇ' ਵਿਚ ਇਸ ਨੂੰ ਸ਼ਾਮਲ ਕੀਤਾ ਸੀ। ਫਿਰ ਇਸ ਨਾਲ ਅੰਮ੍ਰਿਤਸਰ ਸਾਕੇ ਵਾਲੀ ਵਾਰ ਜੋੜ ਕੇ ਕਵੀ ਨੇ ੧੯੭੧ ਈ. ਵਿਚ ਦੋਵਾਂ ਵਾਰਾਂ ਨੂੰ ਖੁਦ ਪ੍ਰਕਾਸ਼ਿਤ ਕੀਤਾ ਸੀ, ਮਹਾਨ ਕੂਕਾ ਸ਼ਹੀਦਾਂ ਦੀ ਸ਼ਤਾਬਦੀ ਵਰ੍ਹੇ ਤੇ। 'ਚਾਤਰ' ਹੋਰਾਂ ਦੇ ਕਾਮਲ ਮਰਦ ਦੇ ਤਸੱਵਰ ਤੇ ਕੂਕੇ ਬੀਰ ਸੌ ਫ਼ੀਸਦੀ ਪੂਰੇ ਉੱਤਰੇ ਸਨ। ਇਸੇ ਲਈ ਉਹ ਆਪਣੀ ਇਸ ਇਤਿਹਾਸਕ ਵਾਰ ਵਿਚ ਉਹਨਾਂ ਦੀ ਕਰਨੀ ਦੀ ਮੁਕਤ ਕੰਠ ਨਾਲ ਪ੍ਰਸੰਸਾ ਕਰਦੇ ਹਨ ਤਾਂ ਕਿ ਰਣ ਵਿਚ ਉਨ੍ਹਾਂ ਦੀਆਂ ਕਹਾਣੀਆਂ ਚੱਲਦੀਆਂ ਰਹਿਣ ਅਤੇ ਆਉਣ ਵਾਲੀਆਂ ਨਸਲਾਂ ਦਾ ਲਹੂ, ਆਪਣੇ ਵਡੇਰਿਆਂ ਦੇ ਕਾਰਨਾਮੇ ਨੂੰ ਚੇਤੇ ਕਰ ਕੇ ਖੌਲਦਾ ਰਹੇ ਅਤੇ ਮਰਨ ਮੰਗਲ ਦੀ ਇਹ ਪਰੰਪਰਾ ਇਕ ਤੋਂ ਦੂਜੀ ਪੀੜ੍ਹੀ ਤੱਕ ਤੁਰਦੀ ਰਹੇ। ਖਿੜੇ ਮੱਥੇ ਬਿਨਾਂ ਅੱਖ ਝਮਕਿਆਂ ਉਨ੍ਹਾਂ ਦਾ ਸ਼ਹੀਦੀ ਵਰਨਾ ਇਕ ਮਿਸਾਲ ਹੀ ਤੇ ਬਣ ਗਿਆ ਸੀ-

'ਦੇਹ ਰੂੰਬਿਆਂ ਵਾਂਗ ਉਡਾਈ, ਤੋਪਾਂ ਚੱਲ ਕੇ
ਪਰ ਮਰਦਾਂ ਅਣਖ ਵਿਖਾਈ, ਆਣ ਕਮਾਲ ਦੀ
ਨਾ ਅੱਖ ਜ਼ਰਾ ਝਮਕਾਈ, ਸ਼ੇਰਾਂ ਕੂਕਿਆਂ
ਜਿੰਦ ਨਿਕਲੇ ਵਾਂਗ ਹਵਾਈ, ਜਾਵੇ ਅਰਸ਼ ਨੂੰ

... ...

ਧਨੀ ਜਿਨ੍ਹਾਂ ਜਾਨ ਲੜਾਈ, ਫਰਜ਼ ਪਛਾਣ ਕੇ
ਇਸ ਜੱਗ ਤੇ ਧੰਨ ਕਮਾਈ, ਚਾਤਰ ਉਨ੍ਹਾਂ ਦੀ।"[੩੨]

ਭਾਈ ਵਰਿਆਮ ਸਿੰਘ ਮਹਿਰਾਜ ਪਿੰਡ ਦੇ ਰਾਜੇ ਪਟਿਆਲੇ ਦੇ ਸਿੱਧੂ ਭਾਈਚਾਰੇ ਵਿਚੋਂ ਸਨ। ਉਸ ਨੂੰ ਛੱਡਣ ਦੀ ਸਿਫ਼ਾਰਿਸ਼ ਆਈ, ਇਸ ਬਹਾਨੇ ਕਿ ਇਸ ਦਾ ਕੱਦ ਮਧਰਾ ਹੈ, ਤੋਪ ਦਾ ਨਿਸ਼ਾਨਾ ਪੂਰਾ ਨਹੀਂ ਬੈਠਦਾ, ਪਰ ਧੰਨ ਸਿੱਖੀ ਸਿਦਕ ਤੇ ਧੰਨ ਕੁਰਬਾਨੀ – ਸੁਣੋ ਚਾਤਰ' ਦੀ ਜ਼ੁਬਾਨੀ –

"ਇਕ ਕੂਕਾ ਹੋਸੀ ਆਇਆ, ਨੀਵੇਂ ਕੱਦ ਦਾ
ਉਸ ਆਪੇ ਥੜ੍ਹਾ ਬਣਾਇਆ, ਇੱਟਾਂ ਜੋੜ ਕੇ
ਰੰਗ ਹੋਇਆ ਦੂਣ ਸਵਾਇਆ, ਖਾਰੇ ਚੜ੍ਹਦਿਆਂ
ਜੋ ਮਰਦ ਵਖਾਲੀ ਮਾਇਆ, ਵੇਖੀ ਸਾਰਿਆਂ
ਜਿਨ ਲਾਹ ਕੇ ਸੀਸ ਟਿਕਾਇਆ, ਉੱਤੇ ਤਲੀ ਦੇ
ਉਸ ਜ਼ੋਰ ਸੱਜਣ ਦਾ ਪਾਇਆ, ਆਸ਼ਕ ਮਰਦ ਨੇ
ਪਰ ਉਹ ਵੀ ਸਫਲ ਸਧਾਇਆ, ਕੀਤਾ ਤੋਪ ਨੇ
ਨਾ ਪਿੱਠ ਪਿਰ ਰਣਾਇਆ, ਚਾਤਰ ਯਾਰ ਨੇ।"[੩੩]

Sri Satguru Jagjit Singh Ji eLibrary NamdhariElibrary@gmail.com

ਹਰਨਾਮ ਸਿੰਘ ਰਤ ਪਿੰਡ ਦੇ ਬਾਲ ਕੂਕੇ ਦੀ ਸ਼ਹੀਦੀ ਲਈ ਕਵੀ ਨੇ ਕਿਆ ਮੌਲਿਕ ਤਸਵੀਰ ਸਿਰਜ ਲਈ ਹੈ। 'ਰੂਸ ਦੇ ਰਾਕਟ' ਵਾਲੀ-

"ਪਿਆ ਆਖੇ ਕਰੋ ਖਲਾਸੀ, ਗੋਲਾ ਮਾਰ ਕੇ
ਮੇਰਾ ਸਿਮਰਨ ਕਰਸੀਂ ਸੁਆਮੀ, ਨਿਕ ਜਾਏ ਦੇਸ ਤੋਂ
ਇਉਂ ਉਡਿਆ ਉਹ ਵਿਸ਼ਵਾਸੀ, ਕੂਕਾ ਬਾਲਕਾ
ਜਿਉਂ ਚਾਤਰ ਚੜ੍ਹੇ ਅਕਾਸ਼ੀ, ਰਾਕਟ ਰੂਸ ਦਾ।"[12]

ਅੰਤਿਮ ਬੰਦ ਵਿਚ ਕਵੀ ਚਾਤਰ ਇਸ ਸ਼ਹੀਦੀ ਸਾਕੇ ਦੇ ਸਦਾ ਨਵੇਂ ਨਵੇਲੇ ਬਣੇ ਰਹਿਣ ਦੀ ਭਵਿੱਖ ਬਾਣੀ ਕਰ ਕੇ ਆਪਣੇ ਪਾਤਰਾਂ ਦੇ ਬਹਾਨੇ ਆਪਣੀ ਅਮਰਤਾ ਪ੍ਰਾਪਤ ਕਰ ਗਿਆ ਹੈ-

"ਇਉਂ ਰੰਗ ਵਖਾਈ ਕੂਕਿਆਂ, ਕੌਲ ਆਲਮ ਜਾਣੇ
ਸਭ ਹੋਯਾਂ ਹਿਕੋ ਭੱਲੀਆਂ, ਸਤਿਗੁਰ ਦੇ ਭਾਣੇ
ਹੈ ਆਨ ਵਿਆਹੀ ਸੰਜੋਗਤਾ, ਵਿਹੰਦੇ ਰਹੇ ਰਾਣੇ
ਉਨ੍ਹਾਂ ਅਣਖ ਪੁਗਾਈ ਆਖਰੀ, ਕਰ ਜ਼ਾਲਮ ਕਾਣੇ
ਜੋ ਸੀਸ ਤਲੀ 'ਤੇ ਰੱਖਦੇ, ਜੱਗ ਪਾਪ ਮਿਟਾਣੇ
ਇਹ 'ਚਾਤਰ' ਸਾਕੇ ਉਨ੍ਹਾਂ ਦੇ ਨਾ ਹੋਣ ਪੁਰਾਣੇ।"[13]

ਲੋਕਾਂ ਦੇ ਜੂਠੇ ਭਾਂਡੇ ਮਾਂਜ ਕੇ, ਤੰਗੀਆਂ ਤੁਰਸ਼ੀਆਂ ਵਿਚ ਆਪਣੀ ਜੀਵਨ ਯਾਤਰਾ ਪੂਰੀ ਕਰਨ ਵਾਲਾ, ਪੰਜਾਬੀ ਮਾਂ ਬੋਲੀ ਦਾ ਇਹ ਲਾਡਲਾ ਸਪੂਤ, ਵਾਰ-ਕਾਰ ਹਰਸਾ ਸਿੰਘ 'ਚਾਤਰ' ਅੱਠਵੇਂ ਦਹਾਕੇ ਦੇ ਮੁੱਢ ਵਿਚ ਹੀ ਗੁਰੂ ਨਗਰੀ ਅੰਮ੍ਰਿਤਸਰ ਵਿਚ ਹੀ ਪੂਰਾ ਹੋ ਗਿਆ। ਉਸ ਨੂੰ ਪੰਜਾਬੀ ਸਾਹਿਤ ਵਿਚ ਸਦਾ ਜਿਉਂਦਾ ਰਖਣ ਲਈ ਉਸ ਦੀਆਂ ਦੇਸ਼ ਪਿਆਰ ਦੀਆਂ ਵਾਰਾਂ ਵਿਸ਼ੇਸ਼ ਕਰਕੇ 'ਕੂਕਿਆਂ ਦੀ ਵਾਰ' ਲੋਕਾਂ ਦੇ ਚੇਤਿਆਂ ਵਿਚ ਵੱਸਦੀ ਰਹੇਗੀ।

ਫੁੱਟ ਨੋਟ:

1. ਹਰਿੰਦਰ ਸਿੰਘ ਰੂਪ: ਵਾਰਾਂ ਅਤੇ ਕਵਿਤਾ, ਸੰਪਾਦਕ ਡਾ. ਅਵਿਨਾਸ਼ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੧ ਈ. ਸਫ਼ਾ ੩
2. 'ਪੰਜਾਬੀ ਦੁਨੀਆਂ' ਭਾਈ ਗੁਰਦਾਸ ਅੰਕ- ਸਤੰਬਰ ਅਕਤੂਬਰ ੧੯੬੯ ਈ. ਭਾਸ਼ਾ ਵਿਭਾਗ ਪੰਜਾਬ ਪਟਿਆਲਾ - ਸਫ਼ਾ ੬੦
3. ਚਾਤਰ ਦੀਆਂ ਵਾਰਾਂ - ਅੰਮ੍ਰਿਤਸਰ- ੧੯੬੭ ਈ. ਸਫ਼ਾ-੩
4. ਉਹੀ- ਸਫ਼ਾ ੧੦
5. ਉਹੀ - ਸਫ਼ਾ ੧੧
6. ਉਹੀ - ਸਫ਼ਾ ੧੨-੧੩
7. ਉਹੀ - ਸਫ਼ਾ ੩੩
8. 'ਕੂਕਾਂ ਜਾਗੀਆਂ' ਅੰਮ੍ਰਿਤਸਰ-੧੯੭੧ ਈ. ਸਫ਼ਾ ੧੦
9. ਉਹੀ - ਸਫ਼ਾ ੧੧
10. ਉਹੀ - ਸਫ਼ਾ ੧੨
11. ਉਹੀ - ਸਫ਼ਾ ੧੩
12. ਉਹੀ - ਸਫ਼ਾ ੧੫
13. ਉਹੀ - ਸਫ਼ਾ ੧੭

Sri Satguru Jagjit Singh Ji eLibrary NamdhariElibrary@gmail.com

14. ਉਹੀ – ਸਫ਼ਾ ੧੮
15. ਉਹੀ – ਸਫ਼ਾ ੧੯
16. ਉਹੀ – ਸਫ਼ਾ ੨੧
17. ਉਹੀ – ਸਫ਼ਾ ੨੨
18. ਉਹੀ – ਸਫ਼ਾ ੨੨-੨੩
19. ਉਹੀ – ਸਫ਼ਾ ੨੬-੨੭
20. ਉਹੀ – ਸਫ਼ਾ ੩੧-੩੨
21. ਉਹੀ – ਸਫ਼ਾ ੩੨-੩੩
22. ਉਹੀ – ਸਫ਼ਾ ੩੩
23. ਉਹੀ – ਸਫ਼ਾ ੩੪
24. ਉਹੀ – ਸਫ਼ਾ ੩੫
25. ਉਹੀ – ਸਫ਼ਾ ੩੫
26. ਉਹੀ – ਸਫ਼ਾ ੩੭
27. ਉਹੀ – ਸਫ਼ਾ ੩੮

Sri Satguru Jagjit Singh Ji eLibrary NamdhariElibrary@gmail.com

ਪ੍ਰਿੰਸੀਪਲ ਬੇਅੰਤ ਕੌਰ ਦੇ ਰਚਨਾ-ਸੰਸਾਰ 'ਤੇ ਇਕ ਪੰਛੀ ਝਾਤ

ਬੇਸ਼ਕ ਆਦਿ ਗੁਰੂ ਬਾਬੇ ਨਾਨਕ ਨੇ ਜਗਤ-ਜਨਨੀ ਇਸਤਰੀ ਦੀ ਪੁਰਖ ਸਮਾਜ ਨਾਲ ਹਰ ਪੱਖੋਂ ਬਰਾਬਰੀ ਦਾ ਝੰਡਾ ਬੁਲੰਦ ਕੀਤਾ ਸੀ, ਫਿਰ ਵੀ ਸਾਮੰਤੀ ਸੋਚ ਅਤੇ ਬ੍ਰਹਿਮਣਵਾਦੀ ਕਰਮ ਕਾਂਡੀ ਜੀਵਨ ਪੱਧਤੀ ਸਦਕਾ, ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਣਾ ਤੋਂ ਬਾਅਦ ਵੀ ਅਤੇ ਮੀਰ ਮੰਨੂ ਦੇ ਜ਼ੁਲਮਾਂ ਦੀ ਕੁਠਾਲੀ ਵਿਚੋਂ ਤਪ ਕੇ ਕੁੰਦਨ ਹੋਣ ਬਾਅਦ ਵੀ, ਸਿੱਖ ਸਮਾਜ ਵਿਚ ਬੀਬੀਆਂ ਨੂੰ ਉਹਨਾਂ ਦਾ ਬਣਦਾ ਹੱਕ ਨਹੀਂ ਮਿਲ ਰਿਹਾ ਸੀ। ਸਿੱਖੀ ਦਾ ਪੰਜਵਾਂ ਕਕਾਰ ਕਛਹਿਰਾ ਧਾਰਨ ਕਰਨ ਦੀ ਅਤੇ ਅੰਮ੍ਰਿਤ ਛਕਣ ਦੀ ਸਮਾਜਕ ਪ੍ਰਵਾਨਗੀ ਅਜੇ ਉਨ੍ਹਾਂ ਨੂੰ ਨਹੀਂ ਮਿਲੀ ਸੀ। ਇਹ ਕਾਰਵਾਈ ਸਿਆਹੜ ਪਿੰਡ ਵਿਖੇ ਸੰਪਨ ਕਰਨ ਤੋਂ ਬਾਅਦ ਖੋਟੇ ਪਿੰਡ ਵਿਚ ਸੰਨ ੧੮੬੩ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਮੁੰਡੇ ਕੁੜੀਆਂ ਦੀ ਸ਼ਾਦੀ ਲਈ ਅਨੰਦ ਮਰਿਆਦਾ ਆਰੰਭ ਕੀਤੀ ਸੀ। ਹੁਣ ਮਾਈਆਂ, ਭਾਈਆਂ ਦੇ ਬਰਾਬਰ ਜੀਵਨ ਦੇ ਹਰ ਖੇਤਰ ਵਿਚ ਵਿਚਰਨ ਦੇ ਸਮਰਥ ਸਨ। ਪੂਰੇ ਸਤਿਗੁਰੂ ਨੇ ਉਹਨਾਂ ਦੇ ਗਲਾਂ ਵਿਚੋਂ ਬਸਤੀਵਾਦੀਆਂ ਅਤੇ ਜਗੀਰਦਾਰਾਂ ਦੀ ਗੁਲਾਮੀ ਦੇ ਦੂਹਰੇ ਤੌਕ ਲਾਹ ਸੁੱਟੇ ਸਨ। ਇਸਤਰੀ ਪ੍ਰਤਿਭਾ ਦੀ ਮੌਲਿਕਤਾ ਨੇ ਆਪਣੇ ਮਨ ਮਸਤਕ ਵਿਚੋਂ ਸਦੀਆਂ ਦੇ ਜਾਲੇ ਝਾੜ ਮਾਰੇ ਅਤੇ ਉਹਨਾਂ ਦਾ ਕਿਰਦਾਰ ਸੰਪੂਰਨਤਾ ਦੀਆਂ ਸਿਖਰਾਂ ਛੋਹਣ ਲੱਗ ਪਿਆ। ਵਕਤ ਦੀ ਗੁੰਮਨਾਮੀ ਵਿਚੋਂ ਬਾਹਰ ਆ ਕੇ ਉਹ ਇਤਿਹਾਸ ਦੀਆਂ ਲਹਿਰਾਂ ਨਾਲ ਕਲੋਲ ਕਰਨ ਲੱਗ ਪਈਆਂ ਅਤੇ ਸਮੇਂ ਦੇ ਹਾਣ ਵਿਚ ਹੋ ਕੇ ਹਰ ਹੋਣੀ ਦਾ ਮੁਕਾਬਲਾ ਕਰਨ ਦੀ ਹਿੰਮਤ ਅਤੇ ਹੌਂਸਲਾ ਉਨ੍ਹਾਂ ਵਿਚ ਅੰਗੜਾਈਆਂ ਲੈਣ ਲੱਗ ਪਿਆ। ਜੇ ਪੱਧਰੀ ਪਿੰਡ ਦੀ ਮਾਈ ਸਾਹਬੋ ਅਤੇ ਵੜ੍ਹਿਆਂ ਦੀ ਮਾਈ ਹੁਕਮੀ ਬ੍ਰਹਮ ਗਿਆਨ ਦੇ ਸਾਗਰਾਂ ਵਿਚ ਤਾਰੀਆਂ ਲਾ ਰਹੀਆਂ ਸਨ ਤਾਂ ਮਾਈ ਇੰਦ ਕੌਰ ਅਤੇ ਖੇਮ ਕੌਰ ਮਲੇਰ ਕੋਟਲੇ ਦੇ ਸ਼ਹੀਦੀ ਸਾਕੇ ਵਿਚ ਰਣ ਚੰਡੀ ਦੇ ਵੇਸ ਵਿਚ ਦੇਸ਼ ਦੇ ਦੁਸ਼ਮਣਾਂ ਅਤੇ ਗੱਦਾਰਾਂ ਨੂੰ ਬੁਲੰਦ ਆਵਾਜ਼ ਵਿਚ ਵੰਗਾਰ ਰਹੀਆਂ ਸਨ।

ਖੁਸ਼ੀ ਦੀ ਗੱਲ ਹੈ ਕਿ ਨਾਮਧਾਰੀ ਭਾਈਚਾਰੇ ਵਿਚ ਇਸ ਸਮੇਂ ਵੀ ਬੀਬੀਆਂ ਆਪਣੀਆਂ ਕਰਤਾਰੀ ਅਤੇ ਸਿਰਜਣਾਤਮਕ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਹਨ। ਭਾਵੇਂ ਬਹੁਤ ਸਾਰੀਆਂ ਭੈਣਾਂ ਨੇ ਕਲਮ ਦੁਆਰਾ ਸਮਾਜ, ਪੰਥ, ਦੇਸ਼ ਦੀ ਸੇਵਾ ਕੀਤੀ ਹੈ। ਪਰ ਅੱਜ ਦੇ ਪ੍ਰਸੰਗ ਵਿੱਚ ਪ੍ਰਿੰਸੀਪਲ ਬੇਅੰਤ ਕੌਰ ਅਤੇ ਉਹਨਾਂ ਦੀ ਰਚਨਾ ਪ੍ਰਕਿਰਿਆ ਬਾਰੇ ਹੀ ਗੱਲ ਕੀਤੀ ਜਾਏਗੀ।

ਵਿਰਾਸਤ ਦੇ ਪੱਖੋਂ ਬੀਬੀ ਜੀ ਪੇਕਿਆਂ ਅਤੇ ਸਹੁਰਿਆਂ ਦੋਹਾਂ ਪਰਿਵਾਰਾਂ ਵਾਲੇ ਪਾਸਿਉਂ ਨਾਮਧਾਰੀਆਂ ਦੇ ਇਤਿਹਾਸਕ ਪਰਿਵਾਰਾਂ ਨਾਲ ਜੁੜੇ ਹੋਏ ਹਨ। ਉਹਨਾਂ ਦੇ ਪਿਤਾ ਮਿਸਤਰੀ ਗੰਡਾ ਸਿੰਘ, ਸੰਤ ਕੇਸਰ ਸਿੰਘ ਚਵਿੰਡਾ ਵਰਗੇ ਉੱਚ ਕੋਟੀ ਦੇ ਸੰਤਾਂ ਤੋਂ ਵਰੋਸਾਏ, ਸਤਿਗੁਰੂ ਪ੍ਰਤਾਪ ਸਿੰਘ ਦੇ ਅਪਾਰ ਸਨੇਹ ਦੇ ਪਾਤਰ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੂਬਾ ਪਦਵੀ ਨਾਲ ਨਿਵਾਜੇ ਗਏ ਸਨ। ਬੀਬੀ ਜੀ ਦੇ ਪਤੀ ਸ. ਸੰਤ ਸਿੰਘ ਹੋਰਾਂ ਦੇ ਨਾਨਾ ਜੀ, ਗੁਰੂ ਹਰੀ ਸਿੰਘ ਜੀ ਦੇ ਪਹਿਲੇ ਪਰਿਵਾਰ ਮਾਤਾ ਸਾਹਿਬ ਕੌਰ ਵਾਲੇ ਵਿਚੋਂ ਉਹਨਾਂ ਦੇ ਦੋਹਤਰੇ ਸਨ। ਇਸ ਤਰ੍ਹਾਂ ਪੰਥਕ ਜਜ਼ਬੇ ਨਾਲ ਲਬਰੇਜ਼ ਇਹ ਹਿਰਦਾ ਜਦੋਂ ਵੀ ਕਲਮ ਉਠਾਉਂਦਾ ਹੈ ਤਾਂ ਸ਼ਰਧਾ, ਸਿਦਕ, ਭਰੋਸਾ ਅਤੇ ਆਤਮ ਗਿਆਨ ਦੀਆਂ ਝੜੀਆਂ ਲੱਗ ਜਾਂਦੀਆਂ ਹਨ। ਬੀਬੀ ਬੇਅੰਤ ਕੌਰ ਨੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਤਿੰਨ ਭਾਸ਼ਾਵਾਂ ਵਿਚ ਐਮ.ਏ. ਕੀਤੀ, ਬੀ.ਟੀ. ਕੀਤੀ ਅਤੇ ਸਿੱਖਿਆ ਦੇ ਖੇਤਰ ਵਿਚ ਅੰਮ੍ਰਿਤਸਰ ਅਤੇ ਹਰਿਦੁਆਰ ਦੇ ਟਰੇਨਿੰਗ ਕਾਲਜਾਂ ਵਿਚ ਅਧਿਆਪਨ ਦਾ ਕੰਮ ਕੀਤਾ। ਸ਼ਹੀਦ ਬਿਸ਼ਨ ਸਿੰਘ ਪਬਲਿਕ ਸਕੂਲ ਜੀ ਦਿੱਲੀ ਵਿਖੇ

Sri Satguru Jagjit Singh Ji eLibrary NamdhariElibrary@gmail.com

ਸਥਾਪਨਾ ਹੋਈ ਤਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਰਕਾਰੀ ਨੌਕਰੀ ਛੱਡ ਕੇ ਇਸ ਦੀ ਪ੍ਰਿੰਸੀਪਲੀ ਸੰਭਾਲ ਲਈ। ਫਿਰ ਜਦੋਂ ਹੁਕਮ ਹੋਇਆ ਤਾਂ ਇਥੋਂ ਵੀ ਪਾਸੇ ਹੋ ਗਏ ਕਿਉਂਕਿ ਉਹ ਆਪਣੇ ਆਪ ਨੂੰ ਪੂਰਨ ਤੌਰ 'ਤੇ 'ਗੁਰੂ ਕੀ ਕਾਰ' ਵਿਚ ਸਮਝਦੇ ਸਨ।

ਬੀਬੀ ਜੀ ਨੇ ਪਹਿਲੀ ਪੁਸਤਕ, ਆਪਣੇ ਪਿਤਾ 'ਪੰਥ ਰਤਨ ਸੂਬਾ ਗੰਡਾ ਸਿੰਘ' ਦੇ ਜੀਵਨ ਚਰਿੱਤਰ ਬਾਰੇ ੧੯੯੦ ਈ. ਵਿਚ ਪ੍ਰਕਾਸ਼ਿਤ ਕਰਵਾ ਦਿੱਤੀ ਸੀ, ਸੂਬਾ ਜੀ ਦਾ ਜਨਮ ੧੯੯੫ ਈ. ਵਿਚ ਗੋਂਦਲਾਂ ਵਾਲੇ ਜ਼ਿਲ੍ਹਾ ਗੁਜਰਾਂ ਵਾਲਾ (ਹੁਣ ਪਾਕਿਸਤਾਨ ਦਾ ਪੱਛਮੀ ਪੰਜਾਬ) ਵਿਖੇ ਹੋਇਆ। ਬਾਅਦ ਵਿਚ ਉਹ ਸ਼ਹਿਰ ਗੁਜਰਾਂਵਾਲੇ ਵੱਸ ਗਏ। ਨੇੜੇ ਹੀ ਏਮਨਾਬਾਦ ਦਾ ਇਤਿਹਾਸਕ ਕਸਬਾ ਸੀ, ਜਿੱਥੇ ਗੁਰੂ ਨਾਨਕ ਦੇਵ ਜੀ ਆਪਣੇ ਮਿੱਤਰ, ਭਾਈ ਲਾਲੋ ਤਰਖਾਣ ਨੂੰ ਨਿਵਾਜਿਆ ਕਰਦੇ ਸਨ। ਬੀਬੀ ਜੀ ਲਿਖਦੇ ਹਨ -

"ਸੂਬਾ ਗੰਡਾ ਸਿੰਘ ਜੀ ਦਸਦੇ ਸਨ ਕਿ ਬਚਪਨ ਤੋਂ ਹੀ ਉਨ੍ਹਾਂ ਨੂੰ ਸਾਧ-ਸੰਗਤ ਦੀ ਸੇਵਾ ਦਾ ਬੜਾ ਸ਼ੌਕ ਸੀ। ਗੁਰਦਵਾਰੇ ਜਾ ਕੇ ਜਲ ਛਕਾਉਣ ਦੀ ਸੇਵਾ ਕਰਨ ਵਿਚ ਉਨ੍ਹਾਂ ਨੂੰ ਖਾਸ ਸੁਆਦ ਆਉਂਦਾ ਸੀ। ਖ਼ਾਸ ਕਰਕੇ ਹਰ ਮਹੀਨੇ ਏਮਨਾਬਾਦ, ਰੋੜੀ ਸਾਹਿਬ ਗੁਰਦਵਾਰੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸੇ ਵਕਤ ਰੋੜਾਂ ਦੀ ਵਿਛਾਈ ਕੀਤੀ ਸੀ, ਜਿੱਥੇ ਗੁਰੂ ਜੀ ਨੇ ਭਾਈ ਲਾਲੋ ਦੇ ਘਰੋਂ ਕੋਧਰੇ ਦਾ ਪ੍ਰਸ਼ਾਦਾ ਛਕਿਆ ਤੇ ਮਲਕ ਭਾਗੋ ਦੀਆਂ ਪੂਰੀਆਂ ਕਚੌਰੀਆਂ ਵਿਚੋਂ ਪਾਪ ਦੀ ਕਮਾਈ ਦਾ ਲਹੂ ਕੱਢਕੇ ਵਿਖਾਇਆ ਸੀ। ਉਥੇ ਜਾ ਕੇ ਸੇਵਾ ਕਰਦੇ ਹੁੰਦੇ ਸਨ।"

(ਸੂਬਾ ਗੰਡਾ ਸਿੰਘ ਸਫ਼ਾ ੨੭)

ਨਾਮਧਾਰੀ ਪੰਥ ਵਿਚ ਤਿੰਨ ਸੰਤ ਕੇਸਰ ਸਿੰਘ ਬਹੁਤ ਪ੍ਰਸਿੱਧ ਹੋਏ ਹਨ - ਇਕ ਸੰਤ ਕੇਸਰ ਸਿੰਘ ਮੁਹਾਵੇ ਵਾਲੇ ਕੇਸਰ ਕਿੱਲੀ.... ਗਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਪ੍ਰੇਰਨਾ-ਸਰੋਤ। ਦੂਜੇ ਸੰਤ ਕੇਸਰ ਸਿੰਘ ਜੀ ਚੁੱਪ, ਸੇਖਵਾਂ ਜ਼ਿਲ੍ਹਾ ਗੁਜਰਾਂਵਾਲਾ ਅਤੇ ਤੀਜੇ ਸੰਤ ਕੇਸਰ ਸਿੰਘ, "ਚਵਿੰਡਾ" ਜ਼ਿਲ੍ਹਾ ਸਿਆਲਕੋਟ। ਸੰਤ ਇੰਦਰ ਸਿੰਘ 'ਚੱਕਰਵਰਤੀ' ਲਿਖਦੇ ਹਨ -

"ਮੈਂ ਮਸਤਾਂ ਦੇ ਸਰਦਾਰ, ਸੰਤ ਕੇਸਰ ਸਿੰਘ ਜੀ ਚਵਿੰਡਾ ਦੇ ਗੁਜਰਾਂ ਵਾਲੇ ਜਾ ਕੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦਰਸ਼ਨ ਕੀਤੇ ਹਨ। ਉਹ ਜਦ ਬਾਂਹ ਖੜੀ ਕਰ ਕੇ 'ਹਾਇ' ਧੰਨ ਸਤਿਗੁਰੂ ਰਾਮ ਸਿੰਘ ਜੀ ਆਖਦੇ ਕਲੇਜਾ ਕੱਢ ਧਰਦੇ।"...

(ਕੂਕਿਆਂ ਬਾਰੇ, ਸਫ਼ਾ ੩੦੦)

ਚਵਿੰਡੇ ਵਾਲੇ ਸੰਤਾਂ ਨੇ ਜਦੋਂ ਮਿਸਤਰੀ ਗੰਡਾ ਸਿੰਘ ਹੋਰਾਂ ਨੂੰ ਨਾਮ ਦੀ ਦਾਤ ਦਿੱਤੀ ਤਾਂ ਅਖੌਤੀ ਧਰਮ ਪ੍ਰਚਾਰਕਾਂ ਵਾਂਗੂ ਲੰਮੇ ਚੌੜੇ ਨਸੀਹਤ ਨਾਮੇ ਦਾ ਬਖਾਨ ਨਹੀਂ ਕੀਤਾ ਸਗੋਂ ਇਹ ਕਿਹਾ, "ਭਾਈ, ਤੂੰ ਮਾਸ ਤੇ ਨਹੀਂ ਖਾਂਦਾ, ਸ਼ਰਾਬ ਤਾਂ ਨਹੀਂ ਪੀਂਦਾ, ਪਰ ਜੇ ਖਾਂਦਾ ਹੈਂ ਤਾਂ ਖਾਈ ਜਾਵੀਂ, ਜੇ ਪੀਂਦਾ ਹੈ ਤਾਂ ਪੀਵੀਂ ਜਾਵੀਂ, ਛੁਡਾਣ ਵਾਲੇ ਨੇ ਆਪੇ ਛੁਡਾ ਲੈਣਾ ਹੈ।.... (ਉਹੀ, ਸਫ਼ਾ ੨੯)

ਇਹ ਪੁਸਤਕ ਬੀਬੀ ਜੀ ਦੇ ਪੂਜਨੀਕ ਪਿਤਾ ਜੀ ਨਾਲ ਸੰਤ ਕੇਸਰ ਸਿੰਘ ਚਵਿੰਡਾ ਵਾਲਿਆਂ ਦੀਆਂ ਜੀਵਨ ਸਾਖੀਆਂ ਦਾ ਸਰਸ ਤੇ ਸਰਲ ਸ਼ੈਲੀ ਵਿਚ ਵਰਨਣ ਕਰਦੀ ਹੈ।

ਸੰਤ ਕੇਸਰ ਸਿੰਘ ਪਿੰਡ ਸਧਾਣੇ ਦੇ ਹੁਕਮ ਸਿੰਘ 'ਸ਼ਾਹ' ਪਾਸ ਰਿਹਾ ਕਰਦੇ ਸਨ। ਇਕ ਵੇਰ ਸ਼ਾਹ ਜੀ ਦੀ ਪੁੱਤਰੀ ਨੂੰ ਉਸਦੇ ਘਰ ਪੁਚਾਉਣ ਦੀ ਸੇਵਾ ਸੰਤ ਕੇਸਰ ਸਿੰਘ ਹੋਰਾਂ ਨੂੰ ਮਿਲ ਗਈ। ਜਾਂਦਿਆਂ ਉਹ ਵੀਹ ਕੋਹ ਘੋੜੀ ਦੇ ਨਾਲ ਨਾਲ ਤੁਰੇ ਗਏ ਜਿਸ ਤੇ ਬੀਬੀ ਸੁਆਰ ਸੀ। ਵਾਪਸੀ ਤੇ ਸੰਤਾਂ ਆਪ ਤੇ ਘੋੜੀ ਤੇ ਕੀ ਚੜ੍ਹਨਾ ਸੀ ਘੋੜੀ ਦਾ ਤਾਹਰੂ ਤੇ ਕਾਠੀ ਵੀ ਆਪਣੇ ਸਿਰ 'ਤੇ ਚੁੱਕ ਲਈ ਤੇ ਘੋੜੀ ਦੀ ਲਗਾਮ ਫੜੀ ਵੀਹ ਕੋਹ ਵਾਟ ਪੈਰੀਂ ਮੁਕਾ ਲਈ ਸਿਰ ਦੇ ਭਾਰ ਸਣੇ। ਜਦੋਂ ਉਹਨਾਂ ਨੂੰ ਘੋੜੀ 'ਤੇ ਨਾ ਚੜ੍ਹਨ ਬਾਰੇ ਪੁੱਛਿਆ ਤਾਂ ਬੋਲੇ-

"ਸ਼ਾਹ ਜੀ, ਮੈਨੂੰ ਜਾਪਿਆ ਸੀ ਕਿ ਜਾਂਦੀ ਵਾਰੀ ਘੋੜੀ ਤੇ ਕਾਫ਼ੀ ਭਾਰ ਸੀ ਤੇ ਬੀਬੀ ਜੀ ਵੀ ਥੱਕੇ ਹੋਏ ਸਨ

Sri Satguru Jagjit Singh Ji eLibrary NamdhariElibrary@gmail.com

ਤੇ ਘੋੜੀ ਥੱਕ ਗਈ ਹੋਵੇਗੀ ? ਆਖਰ ਇਸ ਦੇ ਵਿਚ ਵੀ ਸਾਡੇ ਵਰਗੀ ਜਾਨ ਹੈ। ਇਸ ਵਾਸਤੇ ਮੈਂ ਹੁਣ ਘੋੜੀ ਨੂੰ ਕਿਸੇ ਤਰ੍ਹਾਂ ਦੀ ਖੇਚਲ ਦੇਣੀ ਯੋਗ ਨਹੀਂ ਸੀ ਸਮਝੀ ਫਿਰ ਵੀ ਰਸਤੇ ਦੀ ਕਾਫ਼ੀ ਥਕਾਵਟ ਇਸ ਨੂੰ ਹੋ ਗਈ ਹੋਵੇਗੀ।" ਸ਼ਾਹ ਜੀ ਤੇ ਹੋਰ ਵੇਖਣ ਵਾਲੇ ਸਭ ਲੋਕ ਸੰਤਾਂ ਦੇ ਇਸ ਕੋਮਲ ਤੇ ਦਿਆਲੂ ਸੁਭਾਅ ਤੋਂ ਬਹੁਤ ਪ੍ਰਭਾਵਿਤ ਹੋਏ। (...ਸਫ਼ਾ ੧੬)

ਅੱਜ ਕਲ੍ਹ ਪਸ਼ੂਆਂ ਤੇ ਅੱਤਿਆਚਾਰ ਰੋਕਣ ਦੀਆਂ ਕਈ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਕਾਰਜਸ਼ੀਲ ਹਨ। ਪਰ ਅੱਜ ਤੋਂ ਤਕਰੀਬਨ ਸੌ ਵਰ੍ਹਾ ਪਹਿਲਾਂ ਇਹੋ ਜਿਹਾ ਆਚਰਣ, ਬੇਜ਼ੁਬਾਨੇ ਪਸ਼ੂਆਂ ਨਾਲ ਕਰਨਾ, ਕਿਸੇ ਮਹਾਂਪੁਰਖ ਦਾ ਹੀ ਜੇਰਾ ਹੋ ਸਕਦਾ ਹੈ।

ਸੂਬਾ ਜੀ ਨੇ ਪਹਿਲੇ ਹਵਨ ਯੱਗ ਸਮੇਂ ਇਕ ਐਸੇ ਯੰਤਰ ਦੀ ਈਜਾਦ ਕੀਤੀ ਜੋ ਹਵਨ ਦੀ ਅਗਨੀ ਤੇ ਘਿਓ ਅਤੇ ਫਿਰ ਜਲ ਦੇ ਛਿੱਟੇ ਆਪੇ ਹੀ ਸੁੱਟਦਾ ਸੀ। ਉਹਨਾਂ ਨੂੰ ਰਾਗ ਤਾਰ ਦੀਆਂ ਬਾਰੀਕੀਆਂ ਦੀ ਵੀ ਸੋਝੀ ਸੀ। ਗੁਜਰਾਂਵਾਲੇ ਤੋਂ ਬਾਦ ਦਿੱਲੀ ਦੀ ਨਾਮਧਾਰੀ ਸੰਗਤ ਨੂੰ ਨਿਵਾਜਦੇ ਹੋਏ ਇਹ ਵੱਡ-ਪਰਵਾਰੀ ਸੂਬਾ ਜੀ ੧੯੬੯ ਈ. ਵਿਚ ਅਕਾਲ ਚਲਾਣਾ ਕਰ ਗਏ। ਕਿਰਤੱਗ ਪੁੱਤਰੀ ਵੱਲੋਂ ਇਹ ਜੀਵਨ ਸਾਖੀਆਂ ਲਿਖ ਕੇ ਗੁਰਸਿੱਖ ਪਿਤਾ ਦੀ ਯਾਦ ਨੂੰ ਸਦੀਵੀ ਤੇ ਸੱਚਾ ਢੋਆ ਭੇਟ ਕੀਤਾ ਗਿਆ ਹੈ।

ਬੀਬੀ ਜੀ ਦੀ ਦੂਸਰੀ ਪੁਸਤਕ "ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਲੇ ਮਹੱਲੇ" ੧੯੯੧ ਈ. ਵਿਚ ਛਪੀ, ਜਦੋਂ ਨਾਮਧਾਰੀ ਦਰਬਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਅਵਤਾਰ ਸ਼ਤਾਬਦੀ ਮਨਾ ਰਿਹਾ ਸੀ। ੧੯੦੬ ਈ. ਵਿਚ ਮਾਨਾਂਵਾਲਾ ਜ਼ਿਲ੍ਹਾ ਸ਼ੇਖੂਪੁਰਾ ਵਿਚ ਨੇਤਰਾਂ ਦੀ ਤਕਲੀਫ਼ ਕਾਰਨ ਗੁਰੂ ਹਰੀ ਸਿੰਘ ਜੀ ਹੋਲੇ ਤੇ ਨਹੀਂ ਪੁੱਜੇ ਸਨ। ਸਾਹਿਬਜ਼ਾਦੇ ਪ੍ਰਤਾਪ ਸਿੰਘ ਹੋਰਾਂ ਨੂੰ ਦੋਹਾਂ ਮਾਤਾਵਾਂ, ਮਾਤਾ ਜੀਊਣ ਕੌਰ ਜੀ ਅਤੇ ਫਤੇਹ ਕੌਰ ਜੀ ਸਮੇਤ ਭੇਜਿਆ। ਈਸਵੀ ੧੯੦੭ ਵਿਚ ਨੁਸ਼ਹਿਰਾ ਜ਼ਿਲ੍ਹਾ ਗੁਜਰਾਤ ਵਿਚ ਪਹਿਲੇ ਅਤੇ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ੧੯੫੯ ਈ. ਵਿਚ ਅੰਤਿਮ ਹੋਲੇ ਵਿਚ ਦਰਸ਼ਨ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀਆਂ ਦੀ ਬਜਾਏ ਹੋਲੇ ਦੀ ਪਰੰਪਰਾ ਵਿਚ ਜੰਗਜੂ ਖ਼ਾਲਸੇ ਦੇ ਰੂਪ ਨੂੰ ਪ੍ਰਵਾਨਗੀ ਦਿੱਤੀ ਜਿੱਥੇ ਸ਼ਸਤਰਬੱਧ ਹੋ ਕੇ ਸਿੰਘਾਂ ਦੇ ਦਲ ਜੁੜਦੇ ਅਤੇ ਵੈਰੀਆਂ ਨਾਲ ਨਕਲੀ ਲੜਾਈਆਂ ਮੁੱਠ-ਭੇੜਾਂ ਦਾ ਅਭਿਆਸ ਵੀ ਹੁੰਦਾ। ਪ੍ਰਿੰਸੀਪਲ ਬੇਅੰਤ ਕੌਰ ਕਵੀ ਨਿਹਾਲ ਸਿੰਘ ਨੂੰ ਉਦਰਿਤ ਕਰਦੇ ਹਨ -

"ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰ ਦੋਨਾ ਟੋਲਾ ਹੈ
ਸੁਭਟ ਸੁਚਾਲਾ ਅਰ ਲਖ ਬਾਹਾ ਕਲਗਾ ਸਿੰਘ ਸੁਚੋਲਾ ਹੈ
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।"

(ਹੋਲਾ ਮਹੱਲੇ ਸਫ਼ਾ ੩੦)

ਲਗਦਾ ਹੈ ਕਿ ਸਿੰਘਾਂ ਨੇ ਸਾਰੀ ਵਿਆਕਰਣ ਹੀ ਉਲਟਾ ਦਿੱਤੀ ਹੈ ਸਾਰੇ ਇਸਤਰੀ ਲਿੰਗ ਸ਼ਬਦਾਂ ਨੂੰ ਪੁਲਿੰਗ ਵਿਚ ਬਦਲ ਕੇ। ਆਸ ਹੈ ਨਾਰੀ ਮੁਕਤੀ ਵਾਲੇ ਖਿਮਾ ਕਰਨਗੇ।

ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਪੰਜਾਬ ਵਿਚ ਦੁਬਾਰਾ ਖ਼ਾਲਸੇ ਨੂੰ ਸਾਜਿਆ ਤਾਂ ਉਹਨਾਂ ਨੇ ਵੀ ਹੋਲੇ ਦੇ ਤਿਉਹਾਰ ਦੀ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਸਿਆਸੀ ਪਛਾਣ ਨੂੰ ਕਾਇਮ ਰੱਖਦਿਆਂ ਪੰਜਾਬ ਦੇ ਵੱਖ-ਵੱਖ ਥਾਵਾਂ ਵਿਚ ੬ ਹੋਲੇ ਮਹੱਲੇ ਕੀਤੇ। ਉਹਨਾਂ ਦਾ ਆਖਰੀ ਹੋਲਾ ੧੮੭੧ ਈ. ਵਿਚ ਆਨੰਦਪੁਰ ਸਾਹਿਬ ਦੀ ਇਤਿਹਾਸਕ ਨਗਰੀ ਵਿਚ ਅਲੌਕਿਕ ਛਬ ਨਾਲ ਸੰਪੂਰਨ ਹੋਇਆ। ਪੁਜਾਰੀਆਂ ਅਤੇ ਤਖ਼ਤ ਵਾਲਿਆਂ ਨੇ ਖ਼ਦਸ਼ਾ ਪ੍ਰਗਟ ਕੀਤਾ ਸੀ ਕਿ ਕੂਕੇ ਸ਼ਾਇਦ ਕੇਸਗੜ੍ਹ ਸਾਹਿਬ ਤੇ ਕਬਜ਼ਾ ਕਰਨ ਆ ਰਹੇ ਹਨ। ਸਰਕਾਰ ਦੇ ਬੜੇ ਸਖ਼ਤ ਪ੍ਰਬੰਧ ਸਨ। ਸਤਿਗੁਰੂ ਜੀ ਨੇ ਸੂਬਾ ਲੱਖਾ ਸਿੰਘ ਜੀ ਨੂੰ ਕੁਝ ਵਿਸ਼ੇਸ਼ ਹਦਾਇਤਾਂ ਦੇ ਕੇ ਸਰਕਾਰ ਪਾਸ ਭੇਜਿਆ ਸੀ ਕਿ ਜੇ ਕੋਈ ਸਾਡੀ ਮਰਯਾਦਾ ਦੇ ਉਲਟ, ਦਾਰੂ ਨਸ਼ੇ ਵਿਚ ਜਾਂ ਗੰਦ-ਮੰਦ ਬਕਦਾ ਆਏਗਾ, ਸੋਧ ਦਿਤਾ ਜਾਏਗਾ। ਪ੍ਰਬੰਧ ਵਧੀਆ

Sri Satguru Jagjit Singh Ji eLibrary NamdhariElibrary@gmail.com

ਗਿਆ। ਉੱਚ ਅਧਿਕਾਰੀ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਸੰਗਤ ਘੱਟੋ ਘੱਟ ਤੀਹ ਹਜ਼ਾਰ ਸੀ। ਇਸ ਸਮੇਂ ਅਜਿਹੇ ਠਾਠ ਬਣੇ ਵੇਖਕੇ ਕੁਝ ਦਰਸ਼ਕਾਂ ਨੇ ਅਗਲੇ ਵਰ੍ਹੇ ਫਿਰ ਸਤਿਗੁਰੂ ਜੀ ਵਲੋਂ ਐਥੇ ਹੀ ਹੋਲਾ ਕਰਨ ਦੀ ਬੇਨਤੀ ਕੀਤੀ। ਭਾਈ ਧਿਆਨ ਸਿੰਘ ਕਾਦਰਾਬਾਦੀ ਦੇ ਸ਼ਬਦਾਂ ਵਿਚ ਸਤਿਗੁਰੂ ਜੀ ਦਾ ਜੁਆਬ ਸੀ ਕਿ ਹੁਣ ਮੇਲੇ ਤਕਦੀਰਾਂ ਦੇ ਹਨ। ਉਹ ਮੁਲਕ ਦੀ ਰਾਜਸੀ, ਸਮਾਜਿਕ ਸਥਿਤੀ ਨੂੰ ਭਾਂਪਣ ਦੇ ਸਮਰੱਥ ਸਨ ਅਤੇ ਉਹਨਾਂ ਨੂੰ ਦਿਸ ਰਿਹਾ ਸੀ ਕਿ ਹਜ਼ਾਰਾਂ ਸੰਗਤਾਂ ਦੇ ਇਕੱਠ ਵਿਚ ਉਹ ਸੁਤੰਤਰ ਵਿਚਰਦੇ ਬਸਤੀਵਾਦੀ ਹਾਕਮਾਂ ਨੂੰ ਭਾਉਂਦੇ ਨਹੀਂ। ਕਾਦਰਾਬਾਦੀ ਜੀ ਨੂੰ ਵੀ ਬੀਬੀ ਹੋਰਾਂ ਨੇ ਇਸ ਤਰ੍ਹਾਂ ਕੋਟ ਕੀਤਾ ਹੈ-

"ਬੋਲੇ ਪ੍ਰਭ ਸੁਣੋਹ ਮਮ ਭ੍ਰਾਤ
ਭਾਣੇ ਕੀ ਕਿਛ ਅਚਰਜ ਬਾਤ
...ਪਰਾਲਬਧ ਸੇ ਦੇਖੇ ਹੋਲਾ।
ਜਾਇ ਬਦੇਸ ਕੋਇ ਦਿਨ ਖੋਲਾ।
ਇਹੋ ਮਹੱਲਾ ਹੋਲਾ ਖੇਲੇ
ਨਦੀਆ ਵਾਹੁ ਸੰਜੋਗੀ ਮੇਲੇ।" (ਹੋਲੇ ਮੁਹੱਲੇ, ਸਫ਼ਾ ੩੨)

ਗੁਰੂ ਹਰੀ ਸਿੰਘ ਜੀ ਨੇ ਵੀ ਸਰਕਾਰੀ ਤੌਰ 'ਤੇ ਮਨਜ਼ੂਰੀ ਲੈ ਕੇ, ਜਦੋਂ ਸਖ਼ਤੀਆਂ ਦਾ ਦੌਰ ਕੁਝ ਘਟਿਆ, ੧੮੯੯ ਈ. ਤੋਂ ੧੯੦੫ ਈ. ਤੱਕ ਸੱਤ ਹੋਲੇ ਪੱਛਮੀ ਪੰਜਾਬ ਵਿਚ ਹੀ ਕੀਤੇ। ਉਹਨਾਂ ਦਾ ਆਖ਼ਰੀ ਹੋਲਾ ਨੁਸ਼ਹਿਰੇ (ਗੁਜਰਾਤ) ਅਤੇ ਸ੍ਰੀ ਭੈਣੀ ਸਾਹਿਬ ਦੋਹੀਂ ਥਾਈਂ ਹੋਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਹੋਲੇ ਮਹੱਲਿਆਂ ਨੂੰ ਪੰਥ ਦੀ ਖਿਲਰੀ ਪੁੱਲਰੀ ਸ਼ਕਤੀ ਨੂੰ ਸੰਗਠਿਤ ਕਰਨ ਲਈ ਕੇਂਦਰ ਬਿੰਦੂ ਦੇ ਤੌਰ 'ਤੇ ਵਰਤਿਆ। ਜਿਵੇਂ ਕਿ ਆਮ ਤੌਰ ਤੇ ਹੁੰਦਾ ਹੀ ਹੈ ਜਦੋਂ ਬਾਹਰੋਂ ਦੁਸ਼ਮਣ ਦਾ ਹਮਲਾ ਤੇਜ਼ ਹੋਵੇ, ਓਦੋਂ ਘਰ ਵਿਚੋਂ ਵੀ ਨਵੇਂ ਨਵੇਂ ਸ਼ਰੀਕ ਜੰਮ ਪੈਂਦੇ ਹਨ। ਇਹ ਸਾਧੂ ਸੰਤ ਆਪਣੀਆਂ ਕਥਿਤ ਰਿਧੀਆਂ ਸਿੱਧੀਆਂ ਅਤੇ ਇਹਨਾਂ ਦੇ ਪੈਰੋਕਾਰ ਲੋਕਾਂ ਦੀ ਵਿਸ਼ਾਲ ਸੰਖਿਆ ਦੇ ਆਸਰੇ ਗੱਦੀ ਨੂੰ ਹੀ ਪੁੱਠੇ ਪਾਉਣ ਦੇ ਆਹਰ ਵਿਚ ਰੁੱਝੇ ਰਹਿੰਦੇ ਹਨ। ਪੰਥਕ ਮਸਲੇ ਇਹਨਾਂ ਦੇ ਆਪਣੇ ਸੁਆਰਥ ਅੱਗੇ ਗੌਣ ਹੋ ਜਾਂਦੇ ਹਨ। ਇਹੋ ਜਿਹੀਆਂ ਕਈ ਮੰਜੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਪ ਤੇਜ ਅੱਗੇ ਮੂਧੀਆਂ ਵੱਜ ਗਈਆਂ। ਯੁਵਾ ਸਤਿਗੁਰੂ ਨੇ ਆਪਣੀ ਇਤਿਹਾਸਕ ਅਤੇ ਧਾਰਮਿਕ ਹਸਤੀ ਨੂੰ ਨਾਮਧਾਰੀ ਭਾਈਚਾਰੇ ਵਿਚ ਪਈਆਂ ਫੁੱਟਾਂ ਨੂੰ ਮੇਟਣ ਲਈ ਬਾਖ਼ੂਬੀ ਵਰਤਿਆ ਅਤੇ ਕੌਮ ਦੇ ਸਾਲਾਨਾ ਸੰਮੇਲਨ ਹੋਲੇ ਮਹੱਲੇ ਦੀ ਵੱਡੀ ਭੂਮਿਕਾ ਰਹੀ। ਇਸ ਲਈ ਇਹਨਾਂ ਹੋਲਿਆਂ ਮਹੱਲਿਆਂ ਬਾਰੇ ਲਿਖਕੇ ਪ੍ਰਿੰਸੀਪਲ ਜੀ ਨੇ ਆਪਣੇ ਪੰਥ ਦਰਦੀ ਹੋਣ ਦਾ ਸਬੂਤ ਵੀ ਦਿੱਤਾ ਹੈ ਅਤੇ ਬਿਖਰੇ ਇਤਿਹਾਸ ਦੀਆਂ ਤੰਦਾਂ ਨੂੰ ਸੂਤਰਬੱਧ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ।

ਹਰ ਹੋਲੇ ਮਹੱਲੇ 'ਤੇ ਆਮ ਤੌਰ ਤੇ ਪਿਛਲੇ ਵਰ੍ਹੇ ਦੀਆਂ ਘਟਨਾਵਾਂ ਦਾ ਲੇਖਾ ਜੋਖਾ ਹੁੰਦਾ ਸੀ ਅਤੇ ਆਉਣ ਵਾਲੇ ਸਮੇਂ ਲਈ ਬਣਨ ਵਾਲੇ ਪ੍ਰੋਗਰਾਮਾਂ ਦੀ ਰੂਪ ਰੇਖਾ ਉਲੀਕੀ ਜਾਂਦੀ ਸੀ। ਬੀਬੀ ਜੀ ਨੇ ਹੋਲਿਆਂ ਦੇ ਵਸਤੂ ਅਤੇ ਰੂਪਕ ਪੱਖ ਤੇ ਇਉਂ ਝਾਤ ਪੁਆਈ ਹੈ-

"ਇਹਨਾਂ ਹੋਲਿਆਂ ਦੇ ਸਮੇਂ ਸਤਿਗੁਰੂ ਜੀ ਦਾ ਆਪਣੇ ਰਾਗੀਆਂ ਸਮੇਤ ਸੁਰੀਲੀਆਂ ਸੁਰਾਂ ਰਾਹੀਂ ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦਾ ਕੀਰਤਨ ਕਰਨਾ, ਮਨ ਖਿਚਵੀਆਂ ਧੁਨਾਂ ਰਾਹੀਂ, ਢੋਲਕ ਛੈਣਿਆਂ ਦੀ ਗੁੰਜਾਰ ਨਾਲ ਹੋਲੀ ਦੇ ਦੀਵਾਨ ਸਜਾਉਂਦੇ ਤੇ ਮਸਤਾਨਿਆਂ ਦੇ ਟੋਲਿਆਂ ਦਾ ਮਸਤਾਨੀ ਅਵਸਥਾ ਵਿਚ ਵਿਚਰਨ ਕਰਨਾ, ਮਨ ਮਰਜ਼ੀ ਦੀਆਂ ਤਰਜ਼ਾਂ ਨਾ ਘੜ੍ਹ ਕੇ ਸ਼ੁੱਧ ਸ਼ਾਸਤ੍ਰੀ ਸੰਗੀਤ ਦੇ ਆਧਾਰ ਤੇ ਕੀਰਤਨ ਕਰਨਾ "ਮਾਘ ਬਤੀਤ ਭਏ ਰੁਤਿ ਫਾਗਣ ਆਇ ਗਈ ਸਭ ਖੇਲਤ ਹੋਰੀ।"

"ਕਵੀ-ਦਰਬਾਰਾਂ ਵਿਚ ਵੱਖ-ਵੱਖ ਵਿਸ਼ਿਆਂ ਤੇ ਕਵਿਤਾਵਾਂ ਨਾਲ ਸਾਧ-ਸੰਗਤ ਨੂੰ ਅਨੰਦਿਤ ਕਰਨਾ,

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਦਰਬਾਰ ਦੀ ਹੋਂਦ ਕਾਇਮ ਕਰਨ ਤੋਂ ਉਪਰੰਤ ਵਿਸ਼ੇਸ਼ ਇਕੱਤਰਤਾਵਾਂ ਕਰਕੇ ਕਈ ਤਰ੍ਹਾਂ ਦੇ ਮਤੇ ਪਾਸ ਕਰਨੇ, ਸਮੇਂ-ਸਮੇਂ ਸਿਰ ਉੱਘੇ ਜਥੇਦਾਰਾਂ, ਪ੍ਰਚਾਰਕਾਂ ਨੇ ਨਾਮਧਾਰੀ ਇਤਿਹਾਸ ਦੇ ਵੱਖ-ਵੱਖ ਵਿਸ਼ਿਆਂ ਤੇ ਸਾਧ-ਸੰਗਤ ਨੂੰ ਗਿਆਨ ਪ੍ਰਦਾਨ ਕਰਕੇ ਗੁਣਵਾਨ ਬਣਾਉਣਾ, ਢਾਡੀਆਂ ਦਾ ਬੀਰ ਰਸ ਦੇ ਗੀਤ ਗਾਇਨ ਕਰਕੇ ਵਾਤਾਵਾਰਣ ਨੂੰ ਸ਼ੁੱਧ ਤੇ ਸੁਗੰਧਮਈ ਬਨਾਉਣਾ, ਅੰਮ੍ਰਿਤ-ਪਾਨ ਕਰਾਕੇ ਕਈ ਸੱਜਣਾਂ ਨੂੰ ਸਿੰਘ ਸਜਾਉਣਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਉਣੇ, ਸਾਰੀ ਸਾਧ-ਸੰਗਤ ਨੂੰ ਆਪਣੇ ਪਵਿੱਤਰ ਹਸਤ-ਕੰਵਲਾਂ ਨਾਲ ਲੰਗਰ ਛਕਾਉਣਾ, ਸੂਤਰ ਕੱਤਣਾ ਤੇ ਸ਼ੁੱਧ ਪਾਠ ਉਚਾਰਣ ਤੇ ਕਵਿਤਾਵਾਂ ਪ੍ਰਤਿਯੋਗਤਾਵਾਂ (ਕਾਵਿ ਮੁਕਾਬਲੇ) ਕਰਾਕੇ ਸਤਿਗੁਰੂ ਪ੍ਰਤਾਪ ਸਿੰਘ ਜੀ.... ਵਿਜਈ ਪ੍ਰਤਿਯੋਗੀਆਂ ਨੂੰ ਪੁਰਸਕਾਰ ਵਿਤਰਣ ਕਰਕੇ ਉਤਸ਼ਾਹਿਤ ਕਰਨਾ, ਹੋਲੇ ਮਹੱਲਿਆਂ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਸਨ।" (ਹੋਲੇ ਮਹੱਲੇ...ਸਫ਼ਾ ੩੪-੩੫)

੧੯੦੯ ਈ. ਦੇ ਵਿੱਲੋਕੇ ਜ਼ਿਲ੍ਹਾ ਗੁਜਰਾਂਵਾਲੇ ਦੇ ਹੋਲੇ ਦੀ ਖ਼ਾਸ ਗੱਲ ਇਹ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਈ, ਗੰਗਾ ਕਿਨਾਰੇ ਕੌਤਕ ਵਾਲੀ, ਮਾਈ ਸਾਹਿਬੋ ਪੇਧਰੀ ਵਾਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਲਈ ਆਪਣੇ ਹੱਥੀਂ ਸੂਤ ਕੱਤ ਕੇ ਖੱਦਰ ਦਾ ਚੋਲਾ ਬਣਾ ਲਿਆਈ। ਉਸਦੇ ਬਸਤਰ ਪਹਿਨ ਕੇ ਹੀ ਹਜ਼ੂਰ ਨੇ ਸੁਖਮਨੀ ਸਾਹਿਬ ਦੀ ਬਾਣੀ ਕੰਠ ਕੀਤੀ ਸੀ। ਅਗਲੇ ਵਰ੍ਹੇ ਗਿੱਲ ਜ਼ਿਲ੍ਹਾ ਸ਼ੇਖੂਪੁਰਾ ਦੇ ਹੋਲੇ ਸਮੇਂ ਮਸਤੀ ਦਾ ਜੋ ਆਲਮ ਬਣਿਆ, ਸਤਿਗੁਰੂ ਜੀ ਉਸਦਾ ਅਕਸਰ ਜ਼ਿਕਰ ਕਰਿਆ ਕਰਦੇ ਸਨ ਕਿ ਉਹ ਖ਼ਾਸ ਹੀ ਸਮਾਂ ਸੀ ਅਨੋਖੇ ਰਸ ਵਾਲਾ।

੧੯੧੪ ਈ. ਦੇ ਮੋਟੇ (ਫਿਰੋਜ਼ਪੁਰ) ਦੇ ਹੋਲੇ ਸਮੇਂ ਸੰਤ ਕੇਸਰ ਸਿੰਘ ਮੁਹਾਵੇ ਵਾਲੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰ ਤੇ ਹੱਥ ਰੱਖ ਕੇ ਕਿਹਾ, "ਚੰਗਾ ਰਾਜ਼ੀ ਏਂ।" ਤੇ ਫਿਰ ਉਸੇ ਮਸਤਾਂ ਦੇ ਸਰਦਾਰ ਨੇ ਦੂਜੇ ਪਲ ਹੱਥ ਜੋੜ ਦਿੱਤੇ, "ਪਾਤਸ਼ਾਹ ਤੂੰ ਪਹਿਰੇ ਤੇ ਸਮੇਂ ਦਾ ਮਾਲਕ ਏਂ। ਇਸ ਕੇਸਰ ਨੂੰ ਮਾਫ਼ ਕਰ ਦੇ।" ਇਸ ਤਰ੍ਹਾਂ ਦੀ ਮਸਤ ਬਿਰਤੀ ਦਾ ਪਰਿਚਯ ਸੰਤ ਜਿਉਣ ਸਿੰਘ ਸਿਰਹਾਲੀ ਵਾਲੇ ੧੯੧੧ ਈ. ਦੇ ਲਾਹੌਰ ਦੇ ਹੋਲੇ ਸਮੇਂ ਦੇ ਚੁੱਕੇ ਸਨ।

੧੯੨੦ ਈ. ਦੇ ਵਰਨ (ਸ਼ੇਖੂਪੁਰਾ) ਪਿੰਡ ਦੇ ਹੋਲੇ ਦੀ ਵਿਸ਼ੇਸ਼ਤਾ ਸੀ, ਨਾਮਧਾਰੀ ਪੰਥ ਦੇ ਬੁਲਾਰੇ, "ਸਤਿਜੁਗ" ਅਖ਼ਬਾਰ ਦਾ ਸ਼ੁਰੂ ਹੋਣਾ। ਇਹ ਉਦੋਂ ਲਾਹੌਰ ਤੋਂ ਛਪਦਾ ਹੁੰਦਾ ਸੀ। ਵਰਨਾਂ ਦੇ ਹੋਲੇ ਸਮੇਂ ਤੰਬੂਆਂ ਆਦਿ ਦੇ ਸਮਾਨ ਦੇ ਕਿਰਾਏ ਦਾ ਬਕਾਇਆ ਦੋ ਸੌ ਰੁਪਏ ਸੰਤ ਆਲਾ ਸਿੰਘ ਜੀ ਨੇ ਆਪਣੇ ਜਥੇ ਸਮੇਤ ਦੋ ਮਹੀਨੇ ਗਹਿਣੇ ਪੈ ਕੇ ਪੂਰਾ ਕੀਤਾ। ਲੋਕ ਜ਼ਮੀਨ ਜਾਇਦਾਦ ਤਾਂ ਗਹਿਣੇ ਪਾਉਂਦੇ ਸਨ, ਪਰ ਕੂਕਿਆਂ ਨੇ ਸਾਰਾ ਜਥਾ ਹੀ ਗਹਿਣੇ ਪਾ ਦਿੱਤਾ ਸੀ। ਢੁੱਡੀਆਂ (ਲਾਇਲਪੁਰ) ਦੇ ੧੯੨੩ ਈ. ਵਿਚ ਹੋਏ ਹੋਲੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨੇਜ਼ੇਬਾਜ਼ੀ ਦੇ ਜੌਹਰ ਵਿਖਾਏ। ਕਿਸੇ ਦੇ ਇਹ ਕਹਿਣ ਤੇ ਕਿ ਇਹ ਕਰਾਮਾਤ ਹੈ, ਸਤਿਗੁਰੂ ਜੀ ਨੇ ਕਿਹਾ, "ਇਹ ਕਰਾਮਾਤ ਨਹੀਂ, ਇਹ ਕਸਰਤ ਹੈ। ਮੈਂ ਨਿੱਤ ਦੌੜਦਾ ਹਾਂ, ਉਛਲਦਾ ਹਾਂ ਤੇ ਘੋੜੇ ਤੇ ਚੜ੍ਹਦਾ ਹਾਂ।" (...ਹੋਲੇ ਮਹੱਲੇ – ਸਫ਼ਾ ੫੫)

੧੯੩੩ ਈ. ਦੇ ਹੋਲੇ ਸਮੇਂ ਹੋਏ ਕਵੀ ਦਰਬਾਰ ਵਿਚ ਸ੍ਰੀ ਭੈਣੀ ਸਾਹਿਬ ਪਹਿਲਾ ਇਨਾਮ ਲਾਲ ਸਿੰਘ ਕੰਵਲ (ਬਾਦ ਵਿਚ ਪ੍ਰਸਿੱਧ ਇਨਕਲਾਬੀ ਆਗੂ, ਪ੍ਰਚਾਰਕ ਤੇ ਕਵੀ ਬਣੇ) ਤੇ ਦੂਜਾ ਗੁਰਬਖ਼ਸ਼ ਸਿੰਘ ਉਰਫ਼ ਗੋਪਾ ਸਿੰਘ ਜੱਟ ਨੂੰ ਮਿਲਿਆ।

ਸਤਿਗੁਰੂ ਰਾਮ ਸਿੰਘ ਜੀ ਦਾ ਬ੍ਰਿਹਾ ਜਿੰਨੀ ਸ਼ਿੱਦਤ ਨਾਲ ਕੂਕਿਆਂ ਨੇ ਹੰਢਾਇਆ ਹੈ ਉਸਦੀ ਮਿਸਾਲ ਨਹੀਂ। ਬੈਂਕਾਕ (ਥਾਈਲੈਂਡ) ਦੇ ੧੯੫੦ ਈ. ਦੇ ਹੋਲੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਲੇ ਬਾਰੇ ਬਚਨ ਕੀਤਾ–

"ਹੋਲਾ, ਸਾਡਾ ਕਾਹਦਾ ਹੋਲਾ ਹੈ, ਹੋਲਾ ਤਾਂ ਹੀ ਹੋ ਸਕਦਾ ਹੈ, ਜੇ ਉਹ ਸਤਿਗੁਰੂ ਦਾ ਦਰਸ਼ਨ ਹੋਵੇ, ਉਸੇ ਤਰ੍ਹਾਂ ਸਾਧ-ਸੰਗਤ ਵਿਚ ਅਨੰਦ ਹੋਵੇ, ਸਿੱਖਾਂ ਵਿਚ ਈਰਖਾ ਦਵੈਸ਼ ਨਾ ਰਹੇ, ਦੁਨੀਆਂ ਉੱਤੇ ਕੋਈ ਦੁਖੀ ਨਾ ਰਹੇ, ਕਿਸੇ ਜਾਨਵਰ ਨੂੰ ਕੋਈ ਦੁੱਖ ਨਾ ਦੇਵੇ।" ਕਿਉਂਕਿ

"ਸਤਿਗੁਰੂ ਸਭਨਾ ਦਾ ਭਲਾ ਮਨਾਇਦਾ।" (...ਹੋਲੇ ਮਹੱਲੇ ੧੦੯)

Sri Satguru Jagjit Singh Ji eLibrary NamdhariElibrary@gmail.com

੧੯੫੯ ਈ. ਵਿਚ ਸਤਿਗੁਰੂ ਜੀ ਦਾ ਆਖ਼ਰੀ ਹੋਲਾ ਸ੍ਰੀ ਜੀਵਨ ਨਗਰ ਦੀ ਪੁੰਨ ਭੂਮੀ ਤੇ ਹੋਇਆ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਕੈਰੋਂਸ਼ਾਹੀ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ ਤੇ ਹੋਰ ਅੰਦੋਲਨਕਰ ਤਬਕਿਆਂ ਤੇ ਕਹਿਰ ਬਰਸਾ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਗਊ ਗ਼ਰੀਬ ਦੀ ਰੱਖਿਆ ਦੀ ਇਨਕਲਾਬੀ ਵਸੀਅਤ ਦੇ ਪੈਰੋਕਾਰ ਸਤਿਗੁਰੂ ਜੀ ਇਸ ਸਭ ਬਾਰੇ ਚੁੱਪ ਕਿਵੇਂ ਰਹਿ ਸਕਦੇ ਸਨ। ਪ੍ਰਿੰਸੀਪਲ ਸਾਹਿਬ ਲਿਖਦੇ ਹਨ -

"ਬੈਟਰਮੈਂਟ ਟੈਕਸ ਬਾਰੇ ਸਤਿਗੁਰੂ ਜੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਫ਼ੁਰਮਾਇਆ, "ਬੈਟਰਮੈਂਟ ਕਿਸਾਨਾਂ ਨਾਲ ਬੜਾ ਅਨਿਆਇ ਹੈ। ਕਿਸਾਨਾਂ ਦੀਆਂ ਇਸ ਮਸਲੇ ਤੇ ਗ੍ਰਿਫ਼ਤਾਰੀਆਂ ਅਤੇ ਨਜ਼ਰਬੰਦ ਕੋਈ ਸਿਆਣੀ ਨੀਤੀ ਨਹੀਂ। ਸੱਚਮੁੱਚ ਗ਼ਰੀਬ ਕਿਸਾਨਾਂ ਦਾ ਦੋ ਸਾਲਾਂ ਦੀਆਂ ਜਰਦੀ ਉਪਜਾਂ ਕਮਜ਼ੋਰ ਪੈਦਾ ਹੋਣ ਨਾਲ ਤੇ ਅੰਨ ਦੀ ਅਤਿ ਦੀ ਮਹਿੰਗਾਈ ਕਰਕੇ ਲੱਕ ਟੁੱਟਾ ਪਿਆ ਹੈ। ਉੱਤੋਂ ਬੈਟਰਮੈਂਟ ਟੈਕਸ ਦਾ ਲਗਾਉਣਾ ਕੋਈ ਨਿਆਇ ਸੰਗਤ ਨਹੀਂ। ਸਤਿਗੁਰੂ ਜੀ ਜ਼ਿਕਰ ਕੀਤਾ ਕਿ ਕਾਂਗਰਸ ਸਰਕਾਰਾਂ, ਗ਼ਰੀਬ ਵੱਸੋਂ ਵੱਲ ਉੱਕਾ ਹੀ ਬੇਧਿਆਨੀ ਵਰਤ ਰਹੀਆਂ ਹਨ। ਭ੍ਰਿਸ਼ਟਾਚਾਰ ਜ਼ਿੰਦਾਬਾਦ ਤੇ ਮੁਖ਼ਾਲਿਫ਼ਾਂ ਵੱਲ ਕੌੜਾ ਰਵੱਈਆ, ਮੌਜੂਦਾ ਸਰਕਾਰਾਂ ਦੀ ਅਧੋਗਤੀ ਦੀਆਂ ਨਿਸ਼ਾਨੀਆਂ ਹਨ।"

ਇਵੇਂ ਅਸੀਂ ਵੇਖਦੇ ਹਾਂ ਕਿ "ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੋਲੇ ਮਹੱਲੇ" ਪੁਸਤਕ ਵਿਚ ਬੀਬੀ ਜੀ ਨੇ ਕਾਫ਼ੀ ਮਿਹਨਤ ਕੀਤੀ ਹੈ। ਪ੍ਰੰਤੂ ਤੱਥਾਂ ਦਾ ਵਰਣਨ ਕਰਨ ਲੱਗਿਆਂ ਜੇ ਉਹ ਆਪਣੀ ਜਾਣਕਾਰੀ ਦੇ ਸ੍ਰੋਤਾਂ ਦਾ ਵੀ ਵੇਰਵਾ ਦੇ ਦਿੰਦੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਣੀ ਸੀ। ਉਹਨਾਂ ਦੀ ਭਾਸ਼ਾ ਤੋਂ ਕਿਤੇ ਕਿਤੇ ਇਹ ਪ੍ਰਭਾਵ ਵੀ ਪੈਂਦਾ ਹੈ ਕਿ ਹਿੰਦੀ ਦੇ ਵੈਸੇ ਤਾਂ ਪ੍ਰਚਲਿਤ, ਪ੍ਰੰਤੂ, ਪੰਜਾਬੀ ਭਾਸ਼ੀਆਂ ਲਈ ਓਪਰੇ ਸ਼ਬਦਾਂ ਦਾ ਪ੍ਰਯੋਗ ਵੀ ਉਹ ਬਿਨਾਂ ਗੁਰੇਜ਼ ਤੋਂ ਕਰੀ ਜਾਂਦੇ ਹਨ, ਜੇ ਇਹਨਾਂ ਦੀ ਥਾਂ ਉਹ ਠੇਠ ਪੰਜਾਬੀ ਸ਼ਬਦਾਂ ਦੀ ਵਰਤੋਂ ਕਰਦੇ ਤਾਂ ਰਚਨਾ ਦੀ ਅਮੀਰੀ ਵਿਚ ਹੋਰ ਵੀ ਵਾਧਾ ਹੁੰਦਾ। ਬੋਲੀ ਦੀ ਸ਼ੁੱਧਤਾ ਅਤੇ ਠੇਠਤਾ ਨੂੰ ਕਾਇਮ ਰੱਖ ਕੇ ਹੀ ਇਸ ਦੀ ਟਕਸਾਲੀ ਦਿੱਖ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਗੁਰੂ ਨਾਨਕ ਕੋਈ ਸੰਕੀਰਣ ਤਾਂ ਨਹੀਂ ਸਨ ਜਦੋਂ ਉਹ "ਬੋਲੀ ਅਵਰ ਤੁਮਾਰੀ" ਦਾ ਮਿਹਣਾ ਸੱਤਾਧਾਰੀ ਵਰਗ ਨਾਲ ਜੁੜੇ ਲੋਕਾਂ ਨੂੰ ਮਾਰਦੇ ਸਨ। ਦੂਜੇ ਦੀ ਖ਼ੁਸ਼ਾਮਦ ਵਿਚ ਹੀ ਕਈ ਵਾਰ ਅਸੀਂ ਹਮਕੀ ਤੁਮਕੀ ਕਰਕੇ ਆਪਣੇ ਮੂੰਹ ਦਾ ਸੁਆਦ ਵੀ ਕਿਰਕਿਰਾ ਕਰਦੇ ਹਾਂ। ਖ਼ੈਰ ਬੀਬੀ ਜੀ ਤੋਂ ਜ਼ਿਆਦਾ ਬਹੁਤ ਕਠਨ ਸ਼ਬਦਾਂ ਦੀ ਵਰਤੋਂ ਸਾਡੇ ਵਿਸ਼ਵ ਵਿਦਿਆਲਿਆਂ ਨਾਲ ਸੰਬੰਧਿਤ ਸੱਜਣ ਕਰਦੇ ਰਹੇ ਹਨ। ਮੋਟੀ ਗੱਲ ਭਾਸ਼ਾ ਦਾ ਆਪਣਾ ਸਰੂਪ ਕਾਇਮ ਰੱਖ ਕੇ ਹੀ ਤੁਸੀਂ ਕਿਸੇ ਵੀ ਰਚਨਾ ਦੇ ਮਿਆਰੀ ਹੋਣ ਦਾ ਪ੍ਰਮਾਣ ਹਾਸਿਲ ਕਰ ਸਕਦੇ ਹੋ।

੧੯੯੭ ਵਿਚ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਦਰਜ ਦੋ ਪ੍ਰਸਿੱਧ ਰਚਨਾਵਾਂ "ਬਾਰਾਂ ਮਾਂਹ ਤੁਖਾਰੀ" ਅਤੇ "ਬਾਰਾਂ ਮਾਂਹ ਮਾਝ" ਉੱਤੇ ਖੋਜ ਪੂਰਣ ਟਿੱਪਣੀਆਂ ਸਮੇਤ ਉਹਨਾਂ ਦੇ ਅਰਥ ਭਾਵ ਨੂੰ ਵਿਸਥਾਰਦੀ ਪੁਸਤਕ ਰਚੀ ਜਿਸ ਦਾ ਨਾਮਕਰਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਬਾਣੀ ਦੀ ਇਕ ਤੁਕ ਦੇ ਆਧਾਰ 'ਤੇ "ਦਰਸਨੁ ਦੇਹੁ ਦਇਆਪਤਿ ਦਾਤੇ" ਕੀਤਾ।

ਬਾਰਾਂ ਮਾਂਹ ਪੰਜਾਬੀ ਦਾ ਇਕ ਪ੍ਰਸਿੱਧ ਕਾਵਿ ਰੂਪ ਹੈ। ਪੰਜਾਬੀ ਤੋਂ ਇਲਾਵਾ ਹਿੰਦੀ ਦੀਆਂ ਬਹੁਤ ਸਾਰੀਆਂ ਉਪ ਭਾਸ਼ਾਵਾਂ ਵਿਚ ਵੀ ਇਸ ਵਿਧਾ ਦੀ ਵਰਤੋਂ ਮਿਲਦੀ ਹੈ। ਪੰਜਾਬ ਵਿਚ ਮੌਸਮ ਦੇ ਪੱਖੋਂ ਜਿੰਨੀ ਅਮੀਰੀ ਹੈ, ਉਹ ਭਾਰਤ ਸਮੇਤ ਦੁਨੀਆਂ ਦੇ ਹੋਰ ਖਿੱਤਿਆਂ ਵਿਚ ਘੱਟ ਹੀ ਮਿਲਦੀ ਹੈ। ਇਥੇ ਹਰ ਮਹੀਨੇ ਦੇ ਮੌਸਮ ਦੀ ਵੈਸੇ ਤਾਂ ਆਪਣੀ ਆਪਣੀ ਤਾਸੀਰ ਹੈ। ਕਿਸੇ ਮਹੀਨੇ ਦੇ ਪ੍ਰਭਾਵ ਸਦਕਾ ਜਿਹੋ ਜਿਹੀ ਸਰੀਰਕ ਦਸ਼ਾ ਬਣਦੀ ਹੈ ਅਤੇ ਇਹ ਦਸ਼ਾ ਸਾਧਕ ਦੀਆਂ ਮਾਨਸਿਕ ਬਿਰਤੀਆਂ ਤੇ ਕਿਸ ਤਰ੍ਹਾਂ ਦਾ ਅਸਰ ਪਾਉਂਦੀ ਹੈ, ਬਾਰਾਂ ਮਾਂਹ ਵਿਚ ਇਸ ਤਰ੍ਹਾਂ ਦੇ ਵਿਸ਼ੇ ਨੂੰ ਨਿਭਾਇਆ ਜਾਂਦਾ ਹੈ। ਸਾਡੇ ਲੋਕ ਸਾਹਿਤ ਵਿਚ ਬਾਰਾਂ ਮਾਂਹ ਕਿਸੇ ਪਿਰ ਵਿਹੂਣੀ ਸੁਆਣੀ ਦੀ ਆਤਮਿਕ ਤੜਪ ਦਾ ਵਾਹਕ ਬਣਦਾ ਹੈ। ਇਸੇ ਲੋਕ ਗੀਤ ਸ਼ੈਲੀ ਵਿਚ ਸੰਤ ਤਰਨ ਸਿੰਘ ਵਹਿਮੀ ਰਚਿਤ ਬਾਰਾਂ ਮਾਂਹ ਦੀਆਂ ਕੁਝ ਤੁਕਾਂ ਅਜੇ ਵੀ ਚੇਤੇ ਵਿਚ ਸੱਜਰੀਆਂ ਹਨ-

Sri Satguru Jagjit Singh Ji eLibrary NamdhariElibrary@gmail.com

"ਜੇਠ ਥੋੜਾ ਹੋਣ ਵੇ
ਲੈ ਆਇਓ ਨਾ।
ਹਾੜ ਪਈ ਮੈਨੂੰ ਧਾੜ
ਵੇ ਘਬਰਾਇਓਂ ਨਾ।
ਸਾਵਣ ਤੇਰਾ ਆਵਣ
ਹੋਇਆ ਥੀਆ ਨਾ।
ਭਾਦੋਂ ਭਰਮ ਭੁਲਾਣੀ
ਥਾਂਵ ਨਸੀਬਾਂ ਨਾ।"

ਬੀਬੀ ਜੀ ਆਪਣੀ ਪੁਸਤਕ ਦੇ ਆਰੰਭ ਵਿਚ ਬਾਰਹ ਮਾਹ ਕਾਵਿ ਰੂਪ ਦੀ ਪਰਿਭਾਸ਼ਾ ਹਿੰਦੀ 'ਸ਼ਬਦ ਸਾਗਰ' ਅਨੁਸਾਰ ਇਉਂ ਕਰਦੇ ਹਨ –

"ਵਹ ਪਦਯ ਯਾ ਗੀਤ ਜਿਸਮੇਂ ਬਾਰਹ ਮਹੀਨੋਂ ਕੀ ਪ੍ਰਾਕ੍ਰਿਤਕ ਵਿਸ਼ੇਸ਼ਤਾਓਂ ਕਾ ਵਰਣਨ ਕਿਸੀ ਵਿਰਹੀ ਯਾ ਵਿਰਹਣੀ ਕੇ ਮੁੰਹ ਸੇ ਕਰਾਯਾ ਗਯਾ ਹੋ।"

ਉਹ ਗੁਰੂ ਸਾਹਿਬ ਦੇ ਬਾਰਹ ਮਾਹਾ ਤੋਂ ਇਲਾਵਾ ੧੯੨੦ ਈ. ਵਿਚ ਪ੍ਰੇਮੀ ਵੀਰ ਸਿੰਘ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਾਨ ਵਿਚ ਰਚੇ, ਭਾਈ ਦੇਵਾ ਸਿੰਘ, ਕਾਲਾ ਸਿੰਘ ਅਤੇ ਨਿਹਾਲ ਸਿੰਘ ਦੁਆਰਾ ਸਤਿਗੁਰੂ ਰਾਮ ਸਿੰਘ ਅਤੇ ਮਸਤਾਨੇ ਦੀਵਾਨੇ ਨਾਮਧਾਰੀਆਂ ਬਾਰੇ ਰਚੇ ਬਾਰਹ ਮਾਹ ਦਾ ਜ਼ਿਕਰ ਵੀ ਕਰਦੇ ਹਨ।

ਬਾਰਹਮਾਹ ਰਾਗ ਤੁਖਾਰੀ ਗੁਰੂ ਨਾਨਕ ਦੇਵ ਜੀ ਦੀ ਅੰਤਿਮ ਰਚਨਾ ਕਰਕੇ ਮੰਨੀ ਜਾਂਦੀ ਹੈ। ਬੀਬੀ ਜੀ ਨੇ ਭਾਈ ਬਾਲੇ ਦੀ ਜਨਮ ਸਾਖੀ ਦਾ ਹਵਾਲਾ ਦਿੱਤਾ ਹੈ –"ਤਬ ਸੰਗਤਿ ਲਗੀ ਸਬਦੁ ਗਾਵਣਿ ਅਲਾਹੁਣੀਆ। ਤਬ ਬਾਬਾ ਬਿਸਮਾਦ ਦੇ ਘਰ ਆਇਆ। ਕਿਰੁ ਮਹਲਿ ਹੁਕਮ ਹੋਇਆ, ਰਾਗੁ ਤੁਖਾਰੀ ਕੀਤਾ, ਬਾਬਾ ਬੋਲਿਆ ਬਾਰਹ ਮਾਹ, ਰਾਤਿ, ਅੰਮ੍ਰਿਤ ਵੇਲਾ ਹੋਆ, ਚਲਾਣੇ ਕੇ ਵਖਤਿ।"

(ਦਰਸਨੁ ਦੇਹੁ ਦਇਆਪਤਿ ਦਾਤੇ...੨੪)

ਇਸ ਬਾਰਹ ਮਾਹ ਵਿਚ ਗੁਰੂ ਬਾਬੇ ਨਾਨਕ ਦੇ ਦੇਸ਼ ਪਿਆਰ ਅਤੇ ਕੁਦਰਤ ਪ੍ਰੇਮ ਦੇ ਵੀ ਦਰਸ਼ਨ ਹੁੰਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਕਹਿੰਦੇ ਸਨ ਕਿ ਦੇਸ਼ ਪਿਆਰ ਦਾ ਮੁੱਢ ਘਰ ਦੇ ਪਿਆਰ ਤੋਂ ਬੱਝਦਾ ਹੈ। ਸੋ ਵੈਸੇ ਤਾਂ ਗੁਰੂ ਨਾਨਕ ਸਮੇਂ ਸਥਾਨ ਦੀਆਂ ਹੱਦਾਂ ਤੋਂ ਪਾਰ ਲੰਘ ਜਾਣ ਵਾਲਾ ਇਕ ਬ੍ਰਹਿਮੰਡੀ ਨਹੀਂ ਤਾਂ ਕੌਮਾਂਤਰੀ ਵਿਅਕਤੀ ਤਾਂ ਹੈ, ਪਰ ਜੰਮਿਆ ਤਾਂ ਉਹ ਬਾਰ ਦੇ ਇਕ ਪਿੰਡ "ਤਲਵੰਡੀ ਰਾਇ ਭੋਇ" ਵਿਚ ਸੀ ਅਤੇ ਹੁਣ ਜਦੋਂ ਗੁਰੂ ਅੰਤਿਮ ਸਫ਼ਰ ਦੀ ਤਿਆਰੀ ਲਈ ਅੱਖਾਂ ਮੀਟ ਰਿਹਾ ਹੈ ਤਾਂ ਬੀਤਿਆ ਵਕਤ ਚਲਚਿੱਤਰ ਜਿਉਂ ਸਾਹਮਣੇ ਆ ਰਿਹਾ ਹੈ। ਇਸ ਵਿਸਮਾਦ ਦੀ ਅਵਸਥਾ ਵਿਚ ਬਾਬਾ ਨਾਨਕ, ਆਪਣਾ ਪਿੰਡ ਆਪਣੇ ਖੇਤ, ਆਪਣੇ ਵਣ ਕਰੀਰ, ਛੱਪੜ-ਟੋਭੇ, ਟਿੱਬੇ ਅਤੇ ਬੋਹੜ ਅਤੇ ਸਮੁੱਚੀ ਬਾਰ, ਵਰ੍ਹੇ ਦੇ ਬਾਰਾਂ ਮਹੀਨਿਆਂ ਵਿਚ ਕੀ ਕੀ ਵੇਸ ਧਾਰਨ ਕਰਦੀ ਹੈ, ਇਸ ਸਭ ਕਾਸੇ ਨੂੰ ਯਾਦ ਕਰਕੇ ਆਪਣੇ ਅਖ਼ੀਰੀ ਸਫ਼ਰ ਨੂੰ ਆਨੰਦ ਮਈ ਬਣਾ ਰਿਹਾ ਹੈ।

ਪ੍ਰਿੰਸੀਪਲ ਜੀ ਇਸ ਬਾਰਹ ਮਾਹ ਦੇ ਵਿਸ਼ੇ ਵਸਤੂ ਨੂੰ ਇਉਂ ਸਮੇਟਦੇ ਹਨ-

"ਸੱਚੇ ਪਾਤਸ਼ਾਹ ਜੀ ਨੇ ਇਸ ਨੂੰ ਰਾਗ ਤੁਖਾਰੀ ਵਿਚ ਲਿਖਿਆ ਹੈ। ਇਹ ਰਾਗ ਸਰਦੀ ਦਾ ਹੈ, ਵਿਯੋਗ, ਪੀੜਾ, ਕਸਕ, ਦਰਦ, ਤੜਪ ਦਾ ਪ੍ਰਤੀਕ ਹੈ। ਆਤਮਾ ਆਪਣੀ ਪਰਮ-ਆਤਮਾ ਤੋਂ ਵਿਛੜਕੇ ਤੜਪ ਰਹੀ ਹੈ, ਲੋਚ ਰਹੀ ਹੈ ਤੇ ਸੱਚੇ ਪਾਤਸ਼ਾਹ ਜੀ ਇਸ ਵਿਛੋੜੇ ਦੀ ਸਿਕ ਨੂੰ ਹਮੇਸ਼ਾ ਹਮੇਸ਼ਾ ਲਈ ਖ਼ਤਮ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਆਪਣੇ ਪਿਆਰੇ ਪ੍ਰੀਤਮ ਦੀ ਯਾਦ ਰਾਤ ਦਿਨ ਸਤਾਉਂਦੀ ਹੈ, ਤੜਪਾਉਂਦੀ ਹੈ... ਉਸ ਦਾ ਕੋਈ ਮੀਤ ਨਹੀਂ, ਉਸ ਦਾ ਕੋਈ ਸਖਾ ਬੰਧਪ ਨਹੀਂ, ਉਸਦਾ ਕੋਈ ਸਾਜਨ ਨਹੀਂ। ਇਸ ਲਈ ਸਾਧਕ ਨੂੰ ਇਕ ਪਲ ਵੀ ਗੁਜ਼ਾਰਨਾ ਕਠਿਨ ਹੋ ਰਿਹਾ

Sri Satguru Jagjit Singh Ji eLibrary NamdhariElibrary@gmail.com

ਹੈ।... ਪਪੀਹਾ ਆਪਣੀਆਂ ਉੱਚੀਆਂ ਸੁਰਾਂ ਵਿਚ ਆਪਣੇ ਪ੍ਰੀਤਮ ਨੂੰ ਪੁਕਾਰ ਰਿਹਾ ਹੈ। ਕੋਇਲ ਕੂ-ਕੂ ਦੀ ਮਿਠਾ ਭਰਪੂਰ ਆਵਾਜ਼ ਵਿਚ ਕੂਕ ਰਹੀ ਹੈ, ਪਰ ਕੰਤ ਦੇ ਦਰਸ਼ਨ ਨਹੀਂ ਮਿਲ ਰਹੇ। ਪ੍ਰੀਤਮ ਦੇ ਦਰਸ਼ਨਾਂ ਦੀ ਤਾਂ ਵਿਆਕੁਲ ਕਰ ਰਹੀ ਹੈ, ਵਿਛੋੜੇ ਦੇ ਪਲ ਮੁੱਕ ਹੀ ਨਹੀਂ ਰਹੇ, ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਇਕ ਪਲ, ਇ ਘੜੀ ਹਉਕੇ ਸਿਸਕੀਆਂ ਬਣ ਰਹੇ ਹਨ। (ਉਹੀ ਸਫਾ ੨੫)

ਇਸ ਰਚਨਾ ਦਾ ਪ੍ਰਕਿਰਤੀ ਚਿਤਰਨ ਵੀ ਕਮਾਲ ਦਾ ਹੈ। ਲੇਖਿਕਾ ਦਾ ਕਥਨ ਹੈ -

"ਸਤਿਗੁਰੂ ਨਾਨਕ ਦੇਵ ਜੀ ਨੇ ਪ੍ਰਕਿਰਤੀ ਦੇ ਚਿੱਤਰ ਨੂੰ ਅਤਿਅੰਤ ਸੁੰਦਰ ਸ਼ੈਲੀ ਵਿਚ ਚਿਤਰਨ ਕੀਤਾ ਹੈ ਕੁਦਰਤ ਦਾ ਜਿਨਾ ਬਹੁ-ਰੰਗਾ ਸਾਫ ਸੁੰਦਰ ਵਰਣਨ ਇਸ ਬਾਣੀ ਵਿਚ ਮਿਲਦਾ ਹੈ ਉਹ ਹੋਰ ਕਿਧਰੇ ਨਹੀਂ ਮਿਲਦਾ ਸ੍ਰੀ ਗੁਰੂ ਜੀ ਨੇ ਬਿਰਹੋਂ ਨੂੰ ਤੇਜ਼ ਕਰਨ ਲਈ, ਕੁਦਰਤ ਦੇ ਦ੍ਰਿਸ਼ਾਂ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਉਲੀਕਿਆ ਹੈ ਬਦਲਦੀਆਂ ਹੋਈਆਂ ਰੁੱਤਾਂ, ਰੁੱਤਾਂ ਅਨੁਸਾਰ ਬਦਲਦਾ ਹੋਇਆ ਵਾਤਾਵਰਣ ਬਿਰਹਣੀ ਦੀ ਪੀੜਾ ਨੂੰ ਹੋਰ ਉਤੇਜਿ ਕਰਦਾ ਹੈ।

ਇਸ ਦੀ ਬੋਲੀ ਦੀ ਚਰਚਾ ਕਰਦਿਆਂ ਸਾਧਾਰਨ ਤੇ ਕੁਦਰਤੀ ਰੰਗ ਵਾਲੀ ਬੋਲੀ ਆਖਿਆ ਗਿਆ ਹੈ ਸਥਾਨਕ ਸ਼ਬਦਾਵਲੀ ਵਿਚ ਬਿਰਹੋਂ ਕੁੱਠਿਆਂ ਦੇ ਦਿਲੀ ਜਜ਼ਬਿਆਂ ਦੀ ਸਟੀਕ ਤਰਜਮਾਨੀ ਕੀਤੀ ਗਈ ਹੈ। "ਪਤੀ" ਸ਼ਬਦ ਲਈ ਹੀ ਪਿਆਰਾ, ਪ੍ਰਿਅ, ਸਹੁ, ਪਿਰ, ਪ੍ਰੀਤਮ, ਭਤਾਰ, ਸਾਜਨ, ਢੋਲਾ, ਵਰ ਆਦਿ ਅਤੇ "ਪਤਨੀ" ਵਾਸਤੇ ਧਨ, ਸਾਧਨ, ਸੇਜ, ਦੁਹਾਗਣ, ਸੁਹਾਗਣ ਇਤਿਆਦਿ ਸ਼ਬਦਾਂ ਦੀ ਵਰਤੋਂ ਤੇ ਚਾਨਣਾ ਪਾਇਆ ਗਿਆ ਹੈ। ਆਮ ਪਾਠਕਾਂ ਨੂੰ ਲੇਖਿਕਾ ਦੇ ਇਸ ਬਾਰਾਂ ਮਾਹ ਬਾਰੇ ਕੱਢੇ ਸਿੱਟਿਆਂ ਨਾਲ ਸਹਿਮਤ ਹੋਣਾ ਹੀ ਪਵੇਗਾ-

"ਜੇਕਰ ਇਹ ਕਹਿ ਦਿੱਤਾ ਜਾਵੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਰਾਗ ਤੁਖਾਰੀ ਵਿੱਚ ਬਾਰਹ-ਮਾਹ ਕਲਾ ਦੀਆਂ ਸਿਖਰਾਂ ਨੂੰ ਛੋਹ ਰਿਹਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਏਗੀ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਬਾਰਹ-ਮਾਹ ਦੀ ਆਪਣੀ ਹੀ ਇਕ ਖ਼ਾਸ ਵਿਸ਼ੇਸ਼ਤਾ ਹੈ, ਤੇ ਆਪਣੇ ਆਪ ਵਿਚ ਇਹ ਇਕ ਅਦੁਤੀ ਅਤੇ ਸਰਵ-ਸ਼੍ਰੇਸ਼ਟ ਰਚਨਾ ਹੈ।"

ਪਿੰਡਾਲੇ ਵਾਲੀ ਬੀਬੀ ਰਜਨੀ, ਗੁਰੂ ਬਾਲਕ ਸਿੰਘ ਜੀ ਦੇ ਸਿੱਖ ਭਾਈ ਸੰਗਤਾ ਜੀ, ਬਾਬਾ ਧੈਂਕਾ ਜੀ ਲਬਾਲਬ, ਬਾਲਮੀਕ, ਭਗਤ ਪ੍ਰਹਿਲਾਦ, ਮਾਤਾ ਸੀਤਾ, ਰਾਜਾ ਅੰਬਰੀਕ, ਰਾਜਾ ਜਨਕ, ਸ਼ੇਖ ਫਰੀਦ, ਜਿਊਣ ਸਿੰਘ ਸਿਰਹਾਲੀ, ਸੰਤ ਜਮੀਅਤ ਸਿੰਘ ਕਾਹਨਾ ਢਾਡਾ, ਬਾਬਾ ਜਮੀਅਤ ਸਿੰਘ ਗਿੱਲ, ਸੰਤ ਰਾਮ ਸਹਾਇ ਜੀ, ਬਾਬਾ ਬੁੱਧਾ ਸਿੰਘ ਜੀ, ਲਹਿਣਾ ਸਿੰਘ ਘਰਜਾਖ, ਸੰਤ ਜਵਾਹਰ ਸਿੰਘ ਮਿਰਜ਼ੇ ਵਾਲੀਆ ਆਦਿ ਨਾਮਧਾਰੀ ਸੰਪ੍ਰਦਾਇ ਦੀਆਂ ਪਹੁੰਚੀਆਂ ਹਸਤੀਆਂ ਦੀਆਂ ਸਾਖੀਆਂ ਨਾਲ ਜੋੜ ਕੇ ਆਮ ਪਾਠਕ ਦੀ ਇਸ ਵਿਸ਼ੇ ਵਿਚ ਦਿਲਚਸਪੀ ਨੂੰ ਜਗਾਇਆ ਗਿਆ ਹੈ। ਗੁਰਬਾਣੀ ਦੀ ਸੰਪ੍ਰਦਾਇਕ ਵਿਆਖਿਆ ਵਿਚ ਇਸ ਤਰ੍ਹਾਂ ਦੇ ਪਰਸੰਗ ਸ਼ਰਧਾਵਾਨ ਸਿੱਖਾਂ ਦੇ ਮੂੰਹੋਂ ਅਕਸਰ ਆਮ ਸੁਣੇ ਜਾਂਦੇ ਹਨ ਅਤੇ ਇਸੇ ਢੰਗ ਨੂੰ ਇਸ ਪੁਸਤਕ ਵਿਚ ਵਰਤਿਆ ਗਿਆ ਹੈ।

ਬਾਰਹ ਮਾਹ ਮਾਝ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਲੇਖਿਕਾ ਇਸ ਨੂੰ ਗੁਰੂ ਨਾਨਕ ਦੀ ਬਾਰਹ ਮਾਹ ਦੀ ਲੜੀ ਨੂੰ ਹੋਰ ਅਗੇ ਤੋਰਿਆ ਵੇਖਦੀ ਹੈ। ਸਤਿਗੁਰੂ ਸ਼ਰਨ ਵਿਚ ਜਾ ਕੇ ਜੀਵਨ ਦੀ ਆਖ਼ਰੀ ਮੰਜ਼ਿਲ ਨੂੰ ਪ੍ਰਾਪਤ ਕਰਨਾ ਇਸ ਦਾ ਕੇਂਦਰੀ ਭਾਵ ਹੈ। ਲੇਖਿਕਾ ਦੇ ਅਨੁਸਾਰ "ਜਿੱਥੇ ਇਕ ਪਾਸੇ ਬਾਰਹ ਮਾਹ ਤੁਖਾਰੀ ਭਾਵਾਂ ਨਾਲ ਓਤ-ਪ੍ਰੋਤ ਹੈ, ਦੂਸਰੇ ਪਾਸੇ ਬਾਰਹ ਮਾਹ ਮਾਝ ਫ਼ਲਸਫ਼ੇ ਨਾਲ ਭਰਪੂਰ ਹੈ।" ਦੋਹਾਂ ਬਾਰਹ ਮਾਹਾਂ ਵਿਚ ਅਲੰਕਾਰਾਂ ਦੀ ਵਰਤੋਂ ਰੂਪਕ ਪੱਖ ਅਤੇ ਬਿੰਬ ਵਿਧਾਨ ਤੇ ਵੀ ਚੰਗਾ ਚਾਨਣਾ ਪਾਇਆ ਗਿਆ ਹੈ।

ਇਸ ਬਾਰਹ ਮਾਹ ਦੇ ਵੱਖ ਵੱਖ ਮਹੀਨਿਆਂ ਨਾਲ ਵੀ ਸਾਖੀਆਂ, ਹੱਡ ਬੀਤੀਆਂ ਦੇ ਸਾਡੇ ਨਿਕਟ ਵਾਲੇ ਸਮੇਂ ਦੇ ਹਵਾਲੇ ਦਿੱਤੇ ਗਏ ਹਨ। "ਇਕ ਘਿਨੁ ਤਿਸੁ ਬਿਨੁ ਜੀਵਣਾ" ਸਿਰਲੇਖ ਹੇਠ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਨੂੰ ਇਉਂ ਚਿਤਰਿਆ ਗਿਆ ਹੈ-

Sri Satguru Jagjit Singh Ji eLibrary NamdhariElibrary@gmail.com

"ਸਮਦਰਸੀ ਗਰੀਬ ਨਿਵਾਜ, ਸੰਗੀਤ ਦੇ ਪ੍ਰੇਮੀ, ਅਧਿਆਤਮਕ ਉੱਚਤਾ ਦੇ ਮਾਲਕ, ਬੇ-ਜ਼ਬਾਨਾਂ ਦੇ ਪਾਲਕ, ਦੇਸ਼ ਰਟਨ ਰਾਹੀਂ ਮਨੁੱਖਾਂ ਦਾ ਉਧਾਰ ਕਰਨ ਵਾਲੇ, ਸਾਦਗੀ ਦੇ ਪੀਰ, ਗਊਆਂ ਦੇ ਕਾਹਨ, ਹਿੰਸਾ ਦੇ ਵਿਰੋਧੀ, ਬਖਸ਼ਸ਼ਾਂ ਦੇ ਭੰਡਾਰੇ, ਕਰਨੀ ਕਥਨੀ ਵਿਚ ਸਾਮੰਜਸ ਲਿਆਉਣ ਵਾਲੇ ਪੀਆ ਅੱਜ ਕਿੱਥੇ ? ਉਨ੍ਹਾਂ ਤੋਂ ਬਿਨਾਂ ਇਕ ਸੁਆਸ ਲੈਣਾ ਵੀ ਵਿਅਰਥ ਹੈ। (...ਉਹੀ ਸਫਾ ੧੬੭)

ਨਾਮਧਾਰੀਆਂ ਨੇ ਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਬਹੁਤ ਡੂੰਘਾ ਹੰਢਾਇਆ। ਇਸ ਲਈ ਅਜਿਹੇ ਦਰਦ-ਕੁੱਠਿਆਂ ਅਤੇ ਬਿਰਹੋਂ-ਮਾਰਿਆਂ ਲਈ ਜਿੱਥੇ "ਦਰਸਨ ਦੇਹੁ ਦਇਆਪਤਿ ਦਾਤੇ" ਉਨ੍ਹਾਂ ਦੀ ਆਤਮਿਕ ਸ਼ਕਤੀ ਨੂੰ ਬਲਵਾਨ ਕਰੇਗੀ ਉੱਥੇ ਆਮ ਸਿਖ ਸੰਸਾਰ ਅਤੇ ਪੰਜਾਬੀ ਸਾਹਿਤ ਦੇ ਪਾਠਕ ਵੀ ਇਸ ਪੁਸਤਕ ਤੋਂ ਆਪਣਾ ਰਾਹ ਰੁਸ਼ਨਾ ਸਕਦੇ ਹਨ। ਅੰਤ ਵਿਚ ਪਹਿਲੇ ਅਤੇ ਪੰਜਵੇਂ ਗੁਰੂ ਦੇ ਬਾਰਹ ਮਾਹਾਂ ਦਾ ਤੁਲਨਾਤਮਿਕ ਅਧਿਐਨ ਪੇਸ਼ ਕਰਕੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਬਾਰਹ ਮਾਹ ਮਾਝ ਦੀ ਰਚਨਾ ਵੀ ਬਾਰਹ-ਮਾਹ ਤੁਖਾਰੀ ਦੀਆਂ ਨੀਹਾਂ ਤੇ ਕੀਤੀ ਗਈ ਹੈ ਅਤੇ ਉਸ ਵਿਚਲੇ ਵਿਚਾਰਾਂ ਨੂੰ ਹੀ ਅੱਗੇ ਤੋਰਿਆ ਗਿਆ ਹੈ।

ਜਿਸ ਕਾਰਜ ਸਦਕਾ ਬੀਬੀ ਬੇਅੰਤ ਕੌਰ ਜੀ ਦਾ ਨਾਮ, ਗੁਰੂ-ਪ੍ਰੇਮੀਆਂ ਦੀਆਂ ਨਜ਼ਰਾਂ ਵਿਚ ਅਮਰਤਾ ਨੂੰ ਪਰਾਪਤ ਕਰ ਜਾਏਗਾ, ਉਹ ਹੈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਨ ਕਲਿਆਣ ਲਈ ਦਿੱਤੇ ਉਪਦੇਸ਼ਾਂ ਨੂੰ ਸੰਕਲਿਤ ਕਰਕੇ ਛਪਵਾਉਣਾ। "ਲਾਲ ਏਹਿ ਰਤਨ" ਨਾਮ ਦੀਆਂ ਪੁਸਤਕ ਲੜੀਆਂ ਦੀਆਂ ਪਹਿਲੀਆਂ ਦੋ ਜਿਲਦਾਂ ਕ੍ਰਮਵਾਰ ੧੯੯੫ ਈ. ਅਤੇ ੧੯੯੯ ਈ. ਵਿਚ ਛਪ ਗਈਆਂ ਹਨ ਜਿਹਨਾਂ ਵਿਚ ੧੯੪੮, ੧੯੫੦, ੧੯੫੧ ਅਤੇ ੧੯੫੨ ਈ. ਤੱਕ ਥਾਈਲੈਂਡ ਦੇ ਦੌਰਿਆਂ ਦੌਰਾਨ ਰੀਕਾਰਡ ਹੋਏ ਭਾਸ਼ਨ ਹਨ। ਪਿਛਲੇ ਸਾਲਾਂ ੧੯੫੯ ਈ. ਤੱਕ ਦੇ ਭਾਸ਼ਨ ਤਿੰਨ ਹੋਰ ਜਿਲਦਾਂ ਵਿਚ ਛਪ ਚੁੱਕੇ ਹਨ।

ਇਹ ਠੀਕ ਹੈ ਕਿ ਇਹ ਸਾਰੇ ਭਾਸ਼ਨ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਹੀ ਉਚਾਰਨ ਕੀਤੇ ਗਏ ਸਨ, ਪ੍ਰੰਤੂ ਇਹਨਾਂ ਨੂੰ ਪੁਸਤਕ ਰੂਪ ਦੇਣ ਲਈ ਜੋ ਪਰਿਸ਼ਰਮ ਜ਼ਰੂਰੀ ਸੀ ਉਹ ਬੀਬੀ ਜੀ ਦੇ ਹੀ ਵੱਸ ਦੀ ਗੱਲ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ੧੯੬੪ ਈ. ਤੋਂ ਹੀ ਇਹਨਾਂ ਭਾਸ਼ਨਾਂ ਦੀ ਸਾਂਭ ਸੰਭਾਲ ਅਤੇ ਇਹਨਾਂ ਨੂੰ ਅੱਖਰਾਂ ਦਾ ਰੂਪ ਦੇ ਕੇ ਕਾਪੀਆਂ ਤੇ ਲਿਖਾਉਣ ਦਾ ਕਾਰਜ ਤਾਂ ਵਿਢਿਆ ਹੋਇਆ ਸੀ। ਉਹਨਾਂ ਦੇ ਅਸ਼ੀਰਵਾਦ ਤੋਂ ਬਿਨਾਂ ਤਾਂ ਕੋਈ ਵੀ ਇਹ ਕਾਰਜ ਸੰਪੰਨ ਕਰਨ ਬਾਰੇ ਸੋਚ ਵੀ ਨਹੀਂ ਸੀ ਸਕਦਾ, ਪ੍ਰੰਤੂ ਇਸਦੀ ਸੰਪਾਦਨਾ ਵਿਚ ਵਡੇਰੀ ਜ਼ਿੰਮੇਵਾਰੀ ਨਿਭਾ ਕੇ ਬੀਬੀ ਹੋਰਾਂ ਨੇ ਇਤਿਹਾਸਕ ਕਾਰਜ ਕਰ ਵਿਖਾਇਆ ਹੈ। ਭਾਵੇਂ ਸਤਿਗੁਰੂ ਜੀ ਤੋਂ ਇਲਾਵਾ ਇਸ ਕੰਮ ਦੇ ਹੋਰ ਸਹਿਯੋਗੀਆਂ, ਜਿਹਨਾਂ ਵਿਸ਼ੇ ਵਸਤੂ ਨਾਮ ਗ੍ਰਾਮ ਸਪਸ਼ਟ ਕਰਨ ਵਿਚ ਹਿੱਸਾ ਪਾਇਆ ਉਹਨਾਂ ਦਾ ਵਰਣਨ ਭੂਮਿਕਾ ਵਿਚ ਆ ਗਿਆ ਹੈ ਜਿਵੇਂ ਕਿ "ਪੰਥ ਰਤਨ ਮਾਸਟਰ ਨਿਹਾਲ ਸਿੰਘ, ਪੰਥ ਭੂਸ਼ਨ ਸ੍ਰੀ ਐਚ ਐਸ. ਹੰਸਪਾਲ, ਪ੍ਰੀਤਮ ਸਿੰਘ ਕਵੀ, ਅਮਰ ਭਾਰਤੀ, ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ, ਪੰਡਿਤ ਰਾਜਿੰਦਰ ਸਿੰਘ ਗੁਰੂਸਰ, ਕੁੰਦਨ ਸਿੰਘ ਨਕਵੀ, ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਸਿੰਘ ਰਿਟਾਇਰ ਜੀ ਐਮ. (ਬੀ ਐਚ ਈ ਐਲ.) (ਬੀਬੀ ਜੀ ਦੇ ਪਤੀ ਦੇਵ), ਸੰਤ ਜਗਤਾਰ ਸਿੰਘ ਆਦਿ।" ਇਹਨਾਂ ਟੇਪ ਉਪਦੇਸ਼ਾਂ ਨੂੰ ਅੱਖਰ-ਰੂਪ ਦੇਣ ਵਿਚ ਗੁਰਮੁਖ ਸਿੰਘ ਲੋਹਾਰਾ ਅਤੇ ਸੰਤ ਹਰਪਾਲ ਸਿੰਘ ਸੇਵਕ ਨੇ ਵੀ ਯੋਗਦਾਨ ਪਾਇਆ।

ਪੰਜ ਜਿਲਦਾਂ ਵਿਚ ਛਾਪਣ ਵਾਲੇ ਇਹਨਾਂ ਉਪਦੇਸ਼ਾਂ ਦੇ ਕਾਲ-ਖੰਡ ਅਤੇ ਵਿਸ਼ੇ ਵਸਤੂ ਬਾਰੇ ਆਪ ਇਉਂ ਝਾਤ ਪੁਆਉਂਦੇ ਹਨ:

"ਸਤਿਗੁਰੂ ਜੀ ਨੇ ੧੯੦੬ ਤੋਂ ੧੯੫੯ ਤਕ ਨਾਮਧਾਰੀ ਪੰਥ ਦੀ ਰਹਿਨੁਮਾਈ ਕੀਤੀ। ਇਸ ਸਮੇਂ ਵਿਚ ਆਪ ਜੀ ਨੇ ਅਣਗਿਣਤ ਬਚਨ ਕਰਕੇ ਅਨੇਕਾਂ ਹਿਰਦਿਆਂ ਨੂੰ ਤ੍ਰਿਪਤ ਕੀਤਾ, ਪਰ ਸੰਨ ੧੯੪੮ ਤੋਂ ੧੯੫੯ ਤਕ ਵਿਦੇਸ਼ੀ ਦੌਰਿਆਂ ਸਮੇਂ ਦਿੱਤੇ ਪ੍ਰਵਚਨ ਹੀ ਟੇਪਾਂ ਰਾਹੀਂ ਉਪਲਬਧ ਹੋ ਸਕੇ ਹਨ। ਇਨ੍ਹਾਂ ਵਿਚ ਸਤਿਗੁਰੂ ਜੀ ਨੇ ਸਤਿਗੁਰੂ ਬਿਲਾਸ ਦੀ ਕਥਾ ਤੇ ਵਿਆਖਿਆ ਕੀਤੀ ਹੈ ਤੇ ਨਾਲ ਵੱਖ-ਵੱਖ ਵਿਸ਼ਿਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਆਤਮਿਕ,

Sri Satguru Jagjit Singh Ji eLibrary NamdhariElibrary@gmail.com

ਸਭਿਆਚਾਰਕ, ਵਿਦਿਅਕ, ਆਰਥਿਕ ਤੇ ਓਜ ਭਰਪੂਰ, ਗਿਆਨ ਵਰਧਕ, ਅਨੰਦ ਦਾਇਕ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਚਾਨਣ ਪਾਇਆ ਹੈ।

ਕੁਝ ਕੁ ਵੰਨਗੀਆਂ ਇਸ ਪ੍ਰਕਾਰ ਹਨ:

ਸਤਿਗੁਰੂ

੧ ਗੁਰੂ ਰਿਸ਼ਤਿਆਂ ਤੋਂ ਉਚੀ ਚੀਜ਼ ਹੈ, ਉਹ ਇਨ੍ਹਾਂ ਸਭਨਾਂ ਤੋਂ ਵਖਰੀ ਚੀਜ਼ ਹੈ, ਜਿਹਨਾਂ ਨੇ ਤੇ ਸਮਝ ਲਿਆ ਸਤਿਗੁਰੂ, ਉਹਨਾਂ ਨੂੰ ਤੇ ਮਿਲ ਗਿਆ -ਸਭ ਕੁਝ, ਜਿਹੜੇ ਰਿਸ਼ਤੇਦਾਰੀ 'ਚ ਅੜੇ ਰਹੇ, ਉਹਨਾਂ ਦਾ ਕੁਝ ਨਹੀਂ ਬਣਦਾ।

੫ ਜਿਸ ਦਿਨ ਸਤਿਗੁਰਾਂ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਨੇ ਦਰਸ਼ਨ ਦਿੱਤੇ, ਅਸੀਂ ਪੇਸ਼ ਹੋਏ, ਵਿੱਚੇ ਮੈਂ ਭੀ ਤੁਹਾਡੇ ਨਾਲ ਰਗੜੀਂਦੇ ਜਾਣਾ ਹੈ, ਕਿਉਂਕਿ ਅਸੀਂ ਹੁਕਮਾਂ ਉੱਤੇ ਨਹੀਂ ਚੱਲ ਰਹੇ।

੬. ਸਤਿਗੁਰੂ ਐਸੀ ਚੀਜ਼ ਹੈ ਕਿ ਜਿਸਨੂੰ ਕੋਈ ਛਲ ਨਹੀਂ ਸਕਦਾ, ਜਿਸਨੂੰ ਕੋਈ ਦਬਾ ਨਹੀਂ ਸਕਦਾ। ਖੇਡ ਹੈ-ਕੁਦਰਤ ਦੀ।

ਸਿੱਖ

੧ ਧੰਨ ਸਤਗੁਰੂ। ਧੰਨ ਸਤਿਗੁਰੂ ਦੇ ਸਿੱਖ!! ਜਿਹੜੇ ਸਤਿ ਬਚਨ ਮੰਨਦੇ ਹਨ ਕਿਉਂਕਿ ਗੁਰੂ ਨੇ ਜੋ ਹੁਕਮ ਦਿਤਾ ਹੈ, ਸਿਖ ਨੇ ਮੰਨਿਆ ਤਾਂ ਗੁਰਮੁਖ; ਜੇ ਗੁਰੂ ਦਾ ਹੁਕਮ ਨਹੀਂ ਮੰਨਿਆ, ਮਨ ਦੇ ਆਖੇ ਲੱਗਿਆ ਤਾਂ ਮਨਮੁਖ।

੩. ਜਿਹੜਾ ਸਿੱਖ, ਸਿੱਖ ਨੂੰ ਗੁਰੂ ਦਾ ਰੂਪ ਨਹੀਂ ਜਾਣਦਾ ਉਸ ਨੂੰ ਸਿਖੀ ਦਾ ਪਤਾ ਨਹੀਂ ਕੁਝ ਲੱਗਿਆ ਕਿ ਸਿੱਖੀ ਕੀ ਚੀਜ਼ ਹੈ।

ਸਾਂਝੀਵਾਲਤਾ

੨. ਐਥੇ ਜਿਹੜੇ ਤੁਸੀਂ ਸਰੀਰ ਬੈਠੇ ਹੋ, ਇਉਂ ਨਾ ਦੇਖਿਆ ਕਰੋ ਕਿ ਇਹ ਹਿੰਦੂ ਹੈ, ਸਿਖ ਹੈ, ਮੋਨਾ ਹੈ, ਦਾੜ੍ਹੀ ਵਾਲਾ ਹੈ। ਕੇਸਾਂ ਵਾਲਾ ਹੈ। ਇਹ ਕਾਲੀ ਪੱਗ ਵਾਲਾ ਹੈ, ਚਿੱਟੀ ਵਾਲਾ ਹੈ, ਇਹ ਕ੍ਰਿਪਾਨ ਵਾਲਾ ਹੈ, ਇਹ ਮਾਲਾ ਵਾਲਾ ਹੈ। ਤੁਸੀਂ ਹਿੰਦੁਸਤਾਨੀ ਇਥੇ ਆਏ ਹੋ, ਤੁਸੀਂ ਰਲਕੇ ਬਹਿ ਕੇ ਸਭ ਆਪੋ ਆਪਣੇ ਇਸ਼ਟ ਨੂੰ ਅਰਾਧੋ।

ਸੱਚ ਤੇ ਸੁੱਚ:

ਸੱਚ ਤੇ ਸੁੱਚ ਦ੍ਰਿੜਾਈ, ਅੰਦਰੋਂ ਵੀ ਸੁੱਚੇ ਹੋਵੋ ਬਾਹਰੋਂ ਵੀ ਸੁੱਚੇ ਹੋਵੋ। ਜੇ ਤੁਸੀਂ ਅੰਦਰੋਂ ਕਿਸੇ ਨੂੰ ਦੁਖੀ ਦੇਖਦੇ ਹੋ ਕੇ ਈਰਖਾ ਕਰਦੇ ਹੋ, ਤੁਹਾਡਾ ਅੰਦਰ ਦੁਖੀ ਹੋ ਜਾਂਦਾ ਹੈ ਤਾਂ ਤੁਸੀਂ ਜੂਠੇ ਹੋ ਜਾਂਦੇ ਹੋ। ਧਿਆਨ ਦਿਓ।

ਧਰਮ ਦੀ ਕਿਰਤ:

ਧਰਮ ਦੀ ਕਿਰਤ ਕਰਨ ਵਾਲਿਆਂ ਦਾ ਥੋੜ੍ਹਾ ਵੀ ਬਹੁਤਾ ਹੋ ਜਾਂਦਾ ਹੈ।

ਕਚਹਿਰੀ:

ਮੈਂ ਸਾਰਿਆਂ ਅੱਗੇ ਅਰਜ਼ ਕਰਦਾਂ, ਜਿਨ੍ਹਾਂ ਦੇ ਆਪਸ ਵਿਚ ਵੀ ਕੋਈ ਇਕ ਦੂਏ ਨਾਲ ਝਗੜਾ ਹੈ ਉਹਨਾਂ ਨੂੰ ਕਚਹਿਰੀ ਵਿਚ ਨਹੀਂ ਜਾਣਾ ਚਾਹੀਦਾ, ਦੋ ਚਹੁੰ ਦਿਨਾਂ ਵਿਚ ਸਭ ਆਪੋ ਆਪਣੇ ਦੱਸਣ ਤਾਂ ਕਿ ਜਿੰਨੀ ਕੁ ਸਾਡੀ ਵਾਹ ਲੱਗੇ ਅਸੀਂ ਉਹ ਸਾਰੇ ਨਿਬੇੜ ਲਈਏ, ਕੋਈ ਰੌਲਾ ਨਾ ਕਿਸੇ ਦਾ ਰਹਿ ਜਾਏ।”

(...ਲਾਲ ਏਹ ਰਤਨ, ਜਿਲਦ ਪਹਿਲੀ, ਸਫ਼ਾ ੯-੧੦-੧੧)

ਇਹ ਪੁਸਤਕਾਂ ਨਾਮਧਾਰੀ ਇਤਿਹਾਸ ਦੇ ਪਾਠਕਾਂ ਵਾਸਤੇ ਤਾਂ ਦਸਤਾਵੇਜ਼ੀ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਮਲੇਰ ਕੋਟਲੇ ਦੇ ਸਾਕੇ ਤੋਂ ਕੁੱਲ ੧੯ ਵਰ੍ਹੇ ਬਾਦ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਗਟ ਹੋਏ ਸਨ। ਉਸ ਸਮੇਂ ਦੇ ਬਹੁਤ ਸਾਰੇ ਸਿੱਖ ੧੯੩੦-੩੫ ਈ. ਤੱਕ ਜੀਵਤ ਰਹੇ ਸਨ। ਮਾਤਾ ਜੀਵਨ ਕੌਰ ਜੀ ਵੀ ਉਸ ਸਮੇਂ ਦੇ ਪ੍ਰਤੱਖ ਦਰਸ਼ੀ ਸਨ। ਸੋ ਸਤਿਗੁਰੂ ਜੀ ਦੇ ਭਾਸ਼ਨਾਂ ਵਿਚੋਂ ਇਤਿਹਾਸਿਕ ਬਾਰੀਕੀਆਂ ਅਤੇ ਗੁਰਮਤ ਫ਼ਲਸਫ਼ੇ ਨੂੰ ਸਮਝਣ ਵਾਲੀਆਂ

Sri Satguru Jagjit Singh Ji eLibrary NamdhariElibrary@gmail.com

ਘਟਨਾਵਾਂ ਦਾ ਬੜਾ ਸਜੀਵ ਵਰਣਨ ਮਿਲਦਾ ਹੈ।

ਸਤਿਗੁਰੂ ਜੀ ਦੀ ਸੰਬੋਧਨੀ ਸ਼ੈਲੀ ਸਪਸ਼ਟ ਅਤੇ ਨਿਖੜਵੀਂ ਸੀ। ਇਹ ਆਪਣੇ ਸਰੋਤਿਆਂ ਦਾ ਮਨ ਇਕਾਗਰ ਕਰਨ ਲਈ ਕੈਸੇ ਜਣਕੇ ਪ੍ਰਮਾਣ ਦੇ ਸਕਦੇ ਹਨ। ਪਹਿਲੇ ਭਾਗ ਦਾ ਆਰੰਭ ਹੀ ਹੇਠਲੀਆਂ ਸਤਰਾਂ ਨਾਲ ਹੁੰਦਾ ਹੈ-

"ਭਾਈ ਸਾਹਿਬ ਹਰਨਾਮ ਸਿੰਘ ਜੀ- ਸਾਡੇ ਰਾਗੀ ਸਿੰਘ, ਜਿਮੀਂਦਾਰ ਸਨ। ਜਿਸ ਵੇਲੇ ਕਰਦੇ ਸੀ ਸ਼ੁਰੂ ਕੀਰਤਨ ਤੇ ਵਿਆਖਿਆ, ਇਹੋ ਹੀ ਪ੍ਰਮਾਣ ਦਿੰਦੇ ਸਨ ਕਿ ਜਿਸ ਵਕਤ ਬੱਦਲ ਹੋ ਜਾਏ, ਜਿਹੜੇ ਜਿਮੀਂਦਾਰ ਸਿਆਣੇ ਹਨ ਉਹ ਬਾਰਸ਼ ਪੈਣ ਤੋਂ ਪਹਿਲਾਂ ਹੀ ਕਹੀਆਂ ਲੈ ਕੇ ਆਪਣੇ ਖੇਤਾਂ ਦੇ ਵੱਟੇ-ਬੰਨੇ ਬੰਨ੍ਹ ਲੈਂਦੇ ਹਨ। ਇਸ ਵਾਸਤੇ ਕਿ ਜੇ ਬਾਰਿਸ਼ ਹੁੰਦੀ ਹੈ, ਉਹਨਾਂ ਦੇ ਖੇਤਾਂ ਦਾ ਪਾਣੀ ਰੁੜ੍ਹ ਕੇ ਉਹਦੀ ਤਾਕਤ ਵੀ ਲੈ ਜਾਂਦਾ ਹੈ। ਦੂਸਰੇ ਦੇ ਖੇਤਾਂ ਵਿਚ ਚਲਾ ਜਾਂਦਾ ਹੈ।

ਇਸੇ ਤਰ੍ਹਾਂ ਸਾਧ-ਸੰਗਤ ਵਿਚ ਆ ਕੇ ਜਦੋਂ ਕਿਸੇ ਜਗ੍ਹਾ ਕਿਸੇ ਸੁਸਾਇਟੀ, ਸਭਾ ਵਿਚ ਜਾਈਏ, ਬੈਠੀਏ, ਵਿਆਖਿਆਨ-ਕਥਾ-ਕੀਰਤਨ ਸੁਣੀਏ ਤਾਂ ਆਪਣੀਆਂ ਵੱਟਾਂ-ਬੰਨੇ, ਕੰਨ, ਅੱਖਾਂ, ਜ਼ੁਬਾਨ, ਮਨ, ਇਹਨੂੰ ਉਧਰਲੇ ਪਾਸੇ ਲਾਈਏ ਤੇ ਕੋਈ ਚੀਜ਼ ਮਿਲ ਜਾਂਦੀ ਹੈ, ਜੇ ਵੱਟਾਂ ਬੰਨੇ ਨਾ ਬੱਝੇ ਹੋਣ, ਝਾਕੀਏ ਕਿਸੇ ਵੱਲ, ਗੱਲ ਕਿਸੇ ਨਾਲ ਕਰਦੇ ਰਹੀਏ, ਕੰਨ ਕਿਧਰੇ ਕਰ ਛੱਡੀਏ ਤੇ ਫਿਰ ਸੁਣਦਾ ਕੁਝ ਨਹੀਂ।"

ਭਾਈ ਧਿਆਨ ਸਿੰਘ ਕਾਦਰਾਬਾਦੀ ਦੇ "ਸਤਿਗੁਰੂ ਬਿਲਾਸ" ਪੁਸਤਕ ਦੀ ਕਥਾ, ਜੋ ਸ੍ਰੀ ਮੁਖ ਤੋਂ ਕੀਤੀ ਜਾਂਦੀ ਸੀ, ਇਹਨਾਂ ਭਾਸ਼ਣਾਂ ਦਾ ਮੁੱਖ ਵਿਸ਼ਾ ਹੈ। ਉਂਞ ਉਹ ਨਾਮਧਾਰੀ ਕਵੀਆਂ ਬਾਰਾਂ ਮਾਹ ਵਾਲੇ ਚੰਦਾ ਸਿੰਘ ਭੱਬਰ, ਨਿਹਾਲ ਸਿੰਘ, ਗਿਆਨੀ ਕਾਲਾ ਸਿੰਘ ਨੌਰੰਗ ਵਾਲੇ ਤੋਂ ਬਿਨਾਂ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ ਅਤੇ ਰਤਨ ਸਿੰਘ ਭੰਗੂ ਵਾਲੇ ਦੋਵੇਂ), ਨਰਾਇਣ ਹਰੀ ਉਪਦੇਸ਼, ਸੌ ਸਾਖੀ, ਸਾਖੀ ਵੱਡ ਤੀਰਥ ਵਾਲੀ, ਰਹਿਤਨਾਮੇ, ਹੁਕਮਨਾਮੇ, ਗੁਰਸਿਖ ਨਾਮਾ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ, ਅੱਲਾ ਯਾਰ ਜੋਗੀ, ਜਨਮ ਸਾਖੀਆਂ, ਸ੍ਰੀ ਆਦਿ ਗਰੰਥ ਅਤੇ ਦਸਮ ਗਰੰਥ, ਹਨੂਮਾਨ ਨਾਟਕ, ਵਿਰਾਗ ਸਾਗਰ ਆਦਿ ਗ੍ਰੰਥਾਂ ਦੇ ਹਵਾਲੇ ਵੀ ਦਿੰਦੇ ਹਨ ਜਿਸ ਨਾਲ ਵਿਸ਼ੇ ਦਾ ਵਿਸਥਾਰ ਹੋ ਕੇ ਵੀ ਇਕ ਕੇਂਦਰੀ ਨੁਕਤੇ 'ਤੇ ਸਰੋਤੇ ਪਾਠਕ ਦਾ ਧਿਆਨ ਟਿਕਿਆ ਰਹਿੰਦਾ ਹੈ। ਵਕਤਾ ਦੀ ਖੂਬੀ ਇਸੇ ਗੱਲ ਵਿਚ ਹੁੰਦੀ ਹੈ ਕਿ ਉਹ ਆਪਣੇ ਸਰੋਤਿਆਂ ਵਿਚ ਦਿਲਚਸਪੀ ਬਣਾਈ ਰੱਖਦਾ ਹੈ ਜਿਹਨਾਂ ਦੀ ਉਂਗਲੀ ਫੜ ਕੇ ਉਹ ਕਦੇ ਉਹਨਾਂ ਨੂੰ ਅਕਾਸ਼ ਵਿਚ ਉਡਾਉਂਦਾ ਹੈ ਕਦੇ ਪਤਾਲ ਲੋਕ ਦੀ ਸੈਰ ਕਰਾਉਂਦਾ ਹੈ ਕਦੇ ਪਿੰਡ-ਸ਼ਹਿਰ-ਗਿਰਾਂ ਅਤੇ ਕਦੇ ਖੂੰਖਾਰ ਜਾਨਵਰਾਂ ਨਾਲ ਸ਼ਿੰਗਾਰੇ ਹੋਏ ਵਣਾਂ ਪਰਬਤਾਂ ਵਿਚ ਲੈ ਜਾਂਦਾ ਹੈ। ਸਤਿਗੁਰੂ ਜੀ ਸਿੱਖਾਂ ਦੇ ਮਨਾਂ ਵਿਚ ਗੁਰਸਿੱਖ ਵਾਲਾ ਜੀਵਨ ਜੀਊਣ ਦੀ ਪ੍ਰੇਰਨਾ ਪੈਦਾ ਕਰਦੇ ਸਨ। ਉਹਨਾਂ ਨੂੰ ਆਪਣਾ ਆਤਮਿਕ ਬਲ ਮਜ਼ਬੂਤ ਕਰਨ ਲਈ ਕਥਨੀ ਤੇ ਕਰਨੀ ਦੇ ਸੂਰੇ ਬਣਨ ਦੀ ਪ੍ਰੇਰਨਾ ਦਿੰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਉਹਨਾਂ ਦੇ ਰੰਗੂਨ ਮਰਗੋਈ ਜਾ ਕੇ ਦਰਸ਼ਨ ਕਰਨ ਵਿਚ, ਸਿੱਖਾਂ ਨੇ ਜੋ ਜੋ ਜਫ਼ਰ ਜਾਲੇ, ਉਸ ਦਾ ਵੀ ਇਹਨਾਂ ਉਪਦੇਸ਼ਾਂ ਵਿਚ ਸਜੀਵ ਵਰਣਨ ਹੈ ਅਤੇ ਰਾਮ ਵਿਯੋਗੀ ਕਿਹੋ ਜਹੀ ਹਾਲਤ ਵਿਚ ਰਹਿੰਦੇ ਸਨ ਇਸ ਦਾ ਜ਼ਿਕਰ ਵੀ ਕਲਾਤਮਿਕ ਸਿਖਰਾਂ ਛੂੰਹਦਾ ਹੈ-

"ਬਾਬਾ ਹਰਨਾਮ ਸਿੰਘ ਜੀ – ਫ਼ਰੀਦਕੋਟ ਦੀ ਰਿਆਸਤ ਭਾਣਾ ਪਿੰਡ ਜੋ ਫ਼ਰੀਦਕੋਟ ਤੋਂ ਤਿੰਨ ਕੋਹ ਹੈ – ਦੇ ਲੰਬੜਦਾਰ ਸਨ। ਉਨ੍ਹਾਂ ਦੇ ਘਰ ਮਾਈ ਜੀ ਦਾ ਨਾਂ ਚੰਦੋ ਸੀ... ਜਿਤਨਾ ਚਿਰ ਸਰੀਰ ਰਿਹਾ, ਬਾਬਾ ਜੀ ਨੇ ਕੇਸਾਂ ਨੂੰ ਘਿਓ (ਜਾਂ ਤੇਲ) ਨਹੀਂ ਲਾਇਆ – ਪ੍ਰਸ਼ਾਦਾ ਚੋਪੜ ਕੇ ਨਹੀਂ ਛਕਿਆ, ਪੈਰੀਂ ਜੋੜਾ ਨਹੀਂ ਪਾਇਆ, ਮੰਜੀ ਉੱਤੇ ਸੁੱਤੇ ਨਹੀਂ।...ਮਾਈ ਚੰਦੋ ਜੀ ਦਾ ਭੀ ਇਹੀ ਹਾਲ ਰਿਹਾ, ਉਨ੍ਹਾਂ ਦੇ ਨੇਤਰਾਂ ਵਿਚੋਂ ਜਲ ਨਹੀਂ ਸੀ ਬੰਦ ਹੁੰਦਾ। ਮਾਈ (ਜੀਵਨ ਕੌਰ) ਜੀ ਦੱਸਦੇ ਸਨ, ਜੇ ਸਿਖ ਆ ਜਾਣ ਸੇਵਾ ਕਰਦੇ ਫਿਰਨਾ, ਜਲ ਵਗਦਾ ਰਹਿਣਾ, ਜੋ ਸਿਖ ਤੁਰ ਜਾਣ ਤੇ ਧਾਹੀਂ ਮਾਰਨੀਆਂ।"

(ਉਹੀ ਸਫ਼ਾ ੨੨੫)

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਪੰਥ ਦੇ ਵਿਕਾਸ ਵਾਸਤੇ ਕੀ ਕੀ ਮੁਸ਼ਕਿਲਾਂ ਆਈਆਂ। ਲੋਕ ਮਾਨਸਿਕਤਾ ਕੀ ਸੀ? ਜਿਸ ਤਰ੍ਹਾਂ ਰੰਗੀਆਂ ਕੁਰਸੀਆਂ ਦੇ ਦਿਨ ਖਿੜੇ ਮੱਥੇ, 'ਹੁਕਮਿ ਰਜਾਈ' ਚੱਲ ਕੇ ਕੱਟੇ ਜਾ ਰਹੇ ਸਨ। ਇਕ ਪਰੰਪਰਾ ਜਿਸ ਦੇ ਪਿਛੇ ਅਥਾਹ ਕੁਰਬਾਨੀਆਂ ਸਨ, ਤਪ ਤਿਆਗ ਸੀ, ਵਿਕਸਿਤ ਹੋ ਰਹੀ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਪੰਜਾਬੀ ਅਤੇ ਵਿਸ਼ੇਸ਼ ਕਰ ਸਿੱਖ ਪਹਿਚਾਣ ਬਣਾਈ ਰੱਖਣ ਲਈ ਨਾਮਧਾਰੀਆਂ ਦਾ ਇਤਿਹਾਸਕ ਰੋਲ ਅਨੇਕੇ ਬੁੱਧੀਜੀਵੀਆਂ ਨੂੰ ਨਹੀਂ ਦਿਸ ਰਿਹਾ ਜਿਹੜੇ "ਕੂਕੇ ਸਿੱਖ ਨਹੀਂ" ਦਾ ਪ੍ਰਲਾਪ ਵੇਲੇ ਕੁਵੇਲੇ ਕਰਦੇ ਰਹਿੰਦੇ ਹਨ।

"ਇਕ ਸਿੱਖ ਸੁਜਾਨ ਸਿੰਘ ਸਤਿਗੁਰਾਂ (ਗੁਰੂ ਰਾਮ ਸਿੰਘ ਜੀ) ਸਜਾਇਆ ਮੁੰਡੀਆਂ (ਜ਼ਿਲ੍ਹਾ ਲੁਧਿਆਣਾ) 'ਚ ਪਹਿਲੇ ਪਹਿਲ ਜਦੋਂ ਆਏ ਨੇ। ਸੁਜਾਨ ਸਿੰਘ ਆਖਿਆ, "ਮਹਾਰਾਜ ਮੇਰੇ ਕੋਲ ਥਾਲ ਨਹੀਂ ਸਿੱਖਾਂ ਦੀ ਝੱਲੀ ਜਾਂਦੀ।"

ਸਤਿਗੁਰੂ ਕਹਿੰਦੇ, "ਭਾਈ ਸੁਜਾਨ ਸਿਹਾਂ ਜੇ ਘਰ ਵਿਚ ਹੋਰ ਕੁਝ ਨਾ ਹੋਵੇ, ਸਿੱਖ ਆਏ ਨੂੰ ਜਲ ਦਾ ਛੰਨਾ ਲੈ ਕੇ ਮਿਲ ਪਈਏ, ਮੂੰਹ ਸਿੱਧਾ ਰਵੇ।"

(...ਲਾਲ ਏਹਿ ਰਤਨ, ਭਾਗ ਦੂਜਾ, ਸਫ਼ਾ ੩੦੯-੩੧੦)

'ਸਰੀ ਦੇ ਸੰਤੋਖੀ ਖਾਏ' ਸਿੱਖ ਅਕਸਰ ਪ੍ਰਸ਼ਾਦ ਛਕਣ ਸਮੇਂ ਕਹਿੰਦੇ ਹਨ। ਪਰ ਕਿਹੋ ਜਿਹੇ ਸੰਤੋਖੀ ਸਨ ਇਸ ਪੰਥ ਦੇ ਲੋਕ, ਜੋ ਆਪਣਿਆਂ ਵਿਚ ਵਿਚਰਦੇ ਹੋਏ ਹਰ ਔਖੀ ਘੜੀ ਨੂੰ ਜੀ ਆਇਆਂ ਕਹਿਕੇ ਮਿਲਦੇ ਅਤੇ ਉੱਜੜੇ ਥੁੜੇ ਗਰੀਬ ਕਿਸਾਨਾਂ ਨਾਲ ਸਾਂਝ ਪਾ ਕੇ ਅਨੰਦਿਤ ਹੁੰਦੇ। ਥਾਈਲੈਂਡ ਦੇ ਬੈਂਕੌਕ ਨਿਵਾਸੀ ਰੱਜੇ ਪੁੱਜੇ ਨਾਮਧਾਰੀ ਸੰਤਾਂ ਨੂੰ ਇਸ ਤਰ੍ਹਾਂ ਦੇ ਸੁਦਾਮਿਆਂ ਦਾ ਪ੍ਰਸੰਗ ਸੁਣਾ ਕੇ ਸਤਿਗੁਰੂ ਪ੍ਰਤਾਪ ਸਿੰਘ ਗੌਰਵੰਤ ਹੁੰਦੇ ਹਨ।

"ਮੈਂ ਹੁਣ ਤੁਹਾਨੂੰ ਕੀ ਦੱਸਾਂ, ਮੈਨੂੰ ਸਾਰੀ ਜ਼ਿੰਦਗੀ 'ਚ ਇਕ ਵਕਤ ਮਿਲਿਆ ਹੈ। ਘਾੜ੍ਹੀਆਂ ਵਾਲੇ ਪਿੰਡ ਵਿਚ (ਜ਼ਿਲ੍ਹਾ ਸ਼ੇਖੂਪੁਰਾ) ਭਾਈ ਬੀਰ ਸਿੰਘ ਜੀ ਹੋਰੀਂ ਹੁੰਦੇ ਸਨ, ਇਕ ਨਾਮਧਾਰੀ ਸਿੰਘ, ਹੀਰਾ ਸਿੰਘ ਖ਼ਤਰਾਵਾਂ, (ਜ਼ਿਲ੍ਹਾ ਅੰਮ੍ਰਿਤਸਰ) ਦੇ ਭਰਾ ਸੂਰਤ ਸਿੰਘ ਦੇ ਚਾਚੇ ਤਾਏ।...ਅਣਆਈ ਉਸ ਸਾਲ ਇਰਨੀ ਲੱਗੀ ਹੋਈ ਸੀ ਕਿ ਲੋਕਾਂ ਨੇ ਦਰਖ਼ਤ ਵੱਢ ਕੇ ਸੜਕਾਂ ਦੇ ਡੰਗਰਾਂ ਨੂੰ ਚਾਰ ਲਏ ਸੀ। ਨਨਕਾਣੇ ਸਾਹਿਬ ਦਾ ਮੇਲਾ ਸੀ। ਅਸੀਂ ਘੋੜਿਆਂ ਵਾਲਿਆਂ ਦੇ ਨਾਲ ਰਾਤ ਨੂੰ ਰਹੇ... ਬਾਬਾ ਬੂਟਾ ਸਿੰਘ ਹੋਰਾਂ ਦੇ ਨਾਲ। ਮਾਤਾ ਜੀ ਵੱਡੇ। ਮਹਾਰਾਜ ਨਿਹਾਲ ਸਿੰਘ ਜੀ, ਗੁਰਦਿਆਲ ਸਿੰਘ ਜੀ, ਅਸੀਂ ਦਸ ਪੰਦਰਾਂ ਸਰੀਰ ਘਾੜ੍ਹੀਆਂ ਆ ਗਏ। ਓਹਨਾਂ ਸਿੱਖਾਂ ਦੇ ਘਰ ਗਏ। ਓਹਨਾਂ ਦੇ ਘਰ ਕਣਕ ਦਾ ਆਟਾ ਵੀ ਨਹੀਂ ਸੀ, ਘਿਓ ਤਾਂ ਕਿੱਥੇ? ਉਹਨਾਂ ਨੇ ਸਾਰੇ ਪਿੰਡ ਵਿਚ ਚਹੁੰ ਆਨਿਆਂ ਦਾ ਘਰ ਘਿਓ ਭਾਲਿਆ, ਨਹੀਂ ਮਿਲਿਆ। ਪ੍ਰਸ਼ਾਦੇ ਮਿੱਸੇ ਤੰਦੂਰ ਲਾਏ। ਅੱਧ ਸੇਰ ਪੱਕਾ ਦੁੱਧ ਉਨ੍ਹਾਂ ਦੇ ਘਰ ਸੀ ਜਿਹੜਾ ਤੌੜਾ ਧਰਿਆ ਹੋਇਆ ਸੀ। ਉਹ ਲਿਆ ਕੇ ਸਾਨੂੰ ਸਾਰਿਆਂ ਨੂੰ ਦਿੱਤਾ ਅਸੀਂ ਥੋੜ੍ਹਾ-ਥੋੜ੍ਹਾ ਵੰਡਿਆ। ਉਨ੍ਹਾਂ ਪ੍ਰਸ਼ਾਦਿਆਂ ਵਰਗਾ ਸੱਚੀ ਗੱਲ ਹੈ.... ਸਾਰੀ ਜ਼ਿੰਦਗੀ 'ਚ ਇਹੋ ਜਿਹਾ ਸਵਾਦ ਨਹੀਂ ਆਇਆ। ...ਉਹ ਚੀਜ਼ ਸੀ ਸਿੱਖੀ ਦੇ ਵਿਚ, ਪ੍ਰੇਮ ਦੇ ਵਿਚ। ...ਸਾਡਾ ਹੁਣ ਕੰਮ ਕੀ ਹੈ? ਸਭ ਤੋਂ ਵੱਡੀਆਂ ਸਤਿਗੁਰਾਂ ਦੀਆਂ ਖ਼ੁਸ਼ੀਆਂ, ਵੱਡੇ ਮੇਲੇ ਇਹ ਹਨ, ਜੇ ਗਰੀਬਾਂ ਦੇ ਮੂੰਹ ਅੰਨ ਪਵੇ, ਜੇ ਨੰਗੇ ਨੂੰ ਕੱਪੜਾ ਮਿਲ ਜਾਏ, ਜੇ ਕਿਸੇ ਗਰੀਬ ਦਾ ਕਾਰਜ ਸਰ ਜਾਏ। ਸਤਿਗੁਰੂ ਕ੍ਰਿਪਾ ਕਰਨ ਮੇਰੇ ਤੇ ਵੀ ਤੁਸੀਂ ਇਹ ਕ੍ਰਿਪਾ ਕਰੋ, ਮੇਰਾ ਮਨ ਵੀ ਇਸ ਗੱਲ ਵੱਲ ਦੇਖਦਾ ਰਿਹਾ ਕਰੇ, ਸਾਰਾ ਵਕਤ ਨਹੀਂ ਇੱਕੋ ਜਿਹਾ ਰਹਿੰਦਾ। ਇਹ ਬੜੀ ਜ਼ਰੂਰੀ ਚੀਜ਼ ਹੈ।"

(...ਉਹੀ, ਸਫ਼ਾ ੩੧੦-੧੧)

ਖ਼ਾਲਸਾ ਸਾਜਨਾ ਦੇ ੩੦੦ ਸਾਲਾ ਆਯੋਜਨਾਂ ਦੇ ਸੰਦਰਭ ਵਿਚ ਬੀਬੀ ਬੇਅੰਤ ਕੌਰ ਨੇ ਕੌਮਾਂਤਰੀ ਭਾਈਚਾਰੇ ਨੂੰ ਨਾਮਧਾਰੀ ਸਮਾਜ ਸਤਿਗੁਰੂਆਂ, ਸ਼ਹੀਦੀ ਸਾਕਿਆਂ, ਰਹਿਤ ਮਰਯਾਦਾ ਅਤੇ ਇਸਦੇ ਇਤਿਹਾਸ ਤੇ ਪੰਛੀ ਝਾਤ ਪੁਆਉਣ ਖ਼ਾਤਿਰ ਅੰਗ੍ਰੇਜ਼ੀ ਵਿਚ 'ਦੀ ਨਾਮਧਾਰੀ ਸਿੱਖਜ਼' ਨਾਂ ਦੀ ਵੱਡ ਅਕਾਰੀ 66 ਪੰਨਿਆਂ ਵਾਲੀ ਬਹੁਤ ਵਧੀਆ ਛਾਪੀ ਹੋਈ ਰਚਨਾ ਪ੍ਰਸਤੁਤ ਕੀਤੀ। ਪਹਿਲੇ ਗੁਰੂ ਜੀ ਤੋਂ ਲੈ ਕੇ ਹੁਣ ਵਰਤਮਾਨ ਸਤਿਗੁਰੂ ਜੀ ਤੱਕ ਪੂਰਾ ਕੁਰਸੀਨਾਮਾ ਦਿੱਤਾ ਹੈ। ਸੁਰਜੀਤ ਸਿੰਘ 'ਜੀਤ' ਵਲਾਇਤ ਵਾਸੀ ਤੋਂ ਇਲਾਵਾ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਬਲਯੂ. ਐਚ.

Sri Satguru Jagjit Singh Ji eLibrary NamdhariElibrary@gmail.com

ਮੈਕਲੋਡ ਅਤੇ ਖੁਸ਼ਵੰਤ ਸਿੰਘ ਦੀਆਂ ਕੂਕਿਆਂ ਬਾਰੇ ਲਿਖਤਾਂ ਵੀ ਦਰਜ ਕੀਤੀਆਂ ਹਨ।

ਬੀਬੀ ਹੋਰਾਂ ਨੇ ਆਦਿ ਗ੍ਰੰਥ ਦੇ ਬਾਰਾਂ ਮਾਹਾਂ ਤੋਂ ਬਾਦ ਦਸਮ ਗ੍ਰੰਥ ਵਿਚ ਆਏ ਦੋ ਬਾਰਾਂ ਮਾਹਾਂ ਤੇ "ਇਹ ਸੁੰਦਰਿ ਸਯਾਮ ਕੀ ਮਾਨ ਤਜੈ" ਅਤੇ "ਬਚਿੱਤਰ ਨਾਟਕ ਇਕ ਅਪੂਰਵ ਕ੍ਰਿਤੀ" ਇਹਨਾਂ ਬਾਣੀਆਂ ਦਾ ਵਿਸਤ੍ਰਿਤ ਅਧਿਅਨ ਕਰਕੇ ਪ੍ਰਕਾਸ਼ਿਤ ਕਰਵਾਈਆਂ ਹਨ।

ਸਿਖ ਸ਼ਹੀਦਾਂ ਬਾਰੇ ਪ੍ਰਸਿੱਧ ਬੀਬੀਆਂ ਅਤੇ "ਨਾਮਧਾਰੀ ਰਹਿਤ ਮਰਿਆਦਾ" ਬਾਰੇ ਵੀ ਤਿੰਨ ਪੁਸਤਕਾਂ ਵੀ ਛਪੀਆਂ। ਉਹਨਾਂ ਆਪਣਾ ਵਸੀਲਿਆਂ ਤੋਂ ਵਧ ਕੇ ਵੀ ਇਹ ਗਿਆਨ ਗੰਗਾ ਵਹਾਉਣ ਦਾ ਉਪਰਾਲਾ ਕੀਤਾ ਹੈ। ਕਲਮ ਕਾਰ ਜੋ ਆਪਣੀ ਰਚਨਾ ਦੇ ਮਾਧਿਅਮ ਨਾਲ ਆਉਣ ਵਾਲੇ ਸਮੇਂ ਦੀਆਂ ਲੋੜਾਂ ਦੀ ਪੂਰਤੀ ਕਰ ਰਿਹਾ ਹੁੰਦਾ ਹੈ। ਜਿਸਦਾ ਉਸਨੂੰ ਖੁਦ ਨੂੰ ਵੀ ਕੋਈ ਬੋਧ ਨਹੀਂ ਹੁੰਦਾ। ਬੀਬੀ ਹੋਰਾਂ ਨੇ ਆਪਣੇ ਸੁਯੋਗ ਜੀਵਨ ਸਾਥੀ ਸ੍. ਸੰਤ ਸਿੰਘ ਅਤੇ ਸੁਲੱਗ ਪੁੱਤਰਾਂ ਨੂੰਹਾਂ ਦੀ ਸਹਾਇਤਾ ਨਾਲ ਜੋ ਕਾਰਜ ਥੋਹੜੇ ਸਮੇਂ ਵਿਚ ਹੀ ਸੰਪੰਨ ਕਰ ਲਏ ਹਨ ਉਸਨੂੰ ਵੇਖ ਕੇ ਉਹਨਾਂ ਦੇ ਜਜ਼ਬੇ ਸਿਰੜ ਤੇ ਸਿਦਕ ਨੂੰ ਸਲਾਮ ਕਰਨੀ ਬਣਦੀ ਹੈ। ਗੁਰੂ ਪਿਆਰਿਆਂ ਮਸਤਾਨਿਆਂ, ਸ਼ਹੀਦਾਂ ਅਤੇ ਆਸ਼ਕਾਂ-ਸਾਦਕਾਂ ਦਾ ਇਹ ਪੰਥ ਆਪਣੇ ਪ੍ਰਤੀ ਕੀਤੀਆਂ ਇਸ ਬੀਬੀ ਦੀਆਂ ਸੇਵਾਵਾਂ ਦਾ ਉੱਚ ਮੁਲੰਕਣ ਕਰੇਗਾ ਹੀ, ਪੰਜਾਬੀ ਸਾਹਿਤ ਦੀਆਂ ਉਂਗਲਾਂ ਤੇ ਗਿਣੇ ਜਾਣ ਵਾਲੀਆਂ ਭੈਣਾਂ ਵਿਚ ਵੀ ਉਹਨਾਂ ਦਾ ਬਣਦਾ ਸਥਾਨ ਲਾਜ਼ਮੀ ਨਿਸ਼ਚਿਤ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਮਾਸਟਰ ਅਮਰੀਕ ਸਿੰਘ - ਮਹਾਂਕਵੀ ਦੇ ਰੂਪ ਵਿਚ

ਮਾਸਟਰ ਅਮਰੀਕ ਸਿੰਘ ਜੀ ਆਪਣੇ ਜੀਵਨ ਕਾਲ ਦੀ ਹੀਰਕ ਜਯੰਤੀ ਮਨਾ ਚੁੱਕੇ ਹਨ। ਪੱਛਮੀ ਪੰਜਾਬ ਦੇ ਜ਼ਿਲ੍ਹਾ ਗੁਜਰਾਂਵਾਲਾ ਦੇ ਲਾਲੇਪੁਰ ਪਿੰਡ ਵਿਖੇ ਸ੍ਰ. ਕਰਤਾਰ ਸਿੰਘ ਹੰਜਰਾ ਦੇ ਕਿਰਤੀ ਕਿਸਾਨ ਪਰਿਵਾਰ ਵਿਚ ਉਹਨਾਂ ਦਾ ਜਨਮ ਹੋਇਆ। ਮਾਤਾ ਲਾਭ ਕੌਰ ਪ੍ਰਸਿੱਧ ਨਾਮਧਾਰੀ ਲੇਖਕ ਸੰਤ ਤਰਨ ਸਿੰਘ ਵਹਿਮੀ ਦੀ ਸਕੀ ਭੈਣ ਸੀ। ਇਉਂ ਲੇਖਣੀ ਤੇ ਖ਼ਾਸ ਕਰ ਕਵਿਤਾ ਨਾਲ ਸਨੇਹ ਉਹਨਾਂ ਨੂੰ ਆਪਣੇ ਮਾਮਾ ਜੀ ਤੋਂ ਵਿਰਸੇ ਵਿਚ ਮਿਲਿਆ। ਜਿੱਥੇ ਵਹਿਮੀ ਜੀ ਗੁਰੂ ਕੇ ਸਿੱਖਾਂ ਦੀਆਂ ਸਾਖੀਆਂ ਦੀ ਖੋਜ ਖ਼ਬਰ ਲੈਂਦੇ ਕਈ ਵਾਰ ਮਸਤਾਨੀ ਬਿਰਤੀ ਧਾਰਨ ਕਰ ਲੈਂਦੇ ਸਨ, ਉੱਥੇ ਭਾਵੇਂ ਉਹ ਪ੍ਰਸਿੱਧ ਨਾਮਧਾਰੀ ਸੰਤ ਈਸ਼ਰ ਸਿੰਘ ਦੇ ਪੁੱਤਰ ਸਨ ਪਰ ਪਿਤਾ ਜੀ ਵਿਹਾਰ ਕਾਰ ਅਤੇ ਪੁਰਸ਼ਾਰਥ ਵਿਚ ਰੁੱਝਿਆਂ ਰਹਿ ਕੇ ਪਰਮਾਰਥੀ ਮਾਰਗ ਦੇ ਬਚਨ ਬਿਲਾਸ ਸੁਣਦੇ ਕਰਦੇ ਸਨ। ਇਸ ਲਈ ਮਸਤਾਨੇ ਹੁੰਦਿਆਂ ਵੀ ਦਾਨੇ ਜਾਪਣ ਵਾਲੇ ਅਮਰੀਕ ਸਿੰਘ ਹੋਰਾਂ ਦੀ ਕਾਫ਼ੀ ਰਚਨਾ ਸੂਫ਼ੀ ਸ਼ਾਇਰੀ ਦੇ ਲਾਗੇ ਚਾਗੇ ਅਪੜਨ ਦੇ ਆਹਰ ਵਿਚ ਮਿਲਦੀ ਹੈ। ਵੰਡ ਤੋਂ ਬਾਅਦ ਉਹ ਉਦੋਂ ਦੇ ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ (ਹੁਣ ਜ਼ਿਲ੍ਹਾ) ਦੇ ਪਿੰਡ ਅੰਮ੍ਰਿਤਸਰ ਕਲਾਂ ਵਿਚ ਪਰਿਵਾਰ ਸਮੇਤ ਅਬਾਦ ਹੋ ਗਏ, ਜੋ ਨਵੇਂ ਵਸਾਏ ਨਾਮਧਾਰੀ ਇਲਾਕੇ ਦੇ ਕੇਂਦਰੀ ਪਿੰਡ ਸ੍ਰੀ ਜੀਵਨ ਨਗਰ ਦਾ ਗੁਆਂਢੀ ਪਿੰਡ ਹੈ। ਉਹਨਾਂ ਮੈਟ੍ਰਿਕ ਕਰਨ ਤੋਂ ਬਾਅਦ ਗਿਆਨੀ ਤੱਕ ਵਿੱਦਿਆ ਹਾਸਲ ਕੀਤੀ ਅਤੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਵਿਖੇ, ਇੱਕੀ ਵਰ੍ਹੇ ਅਧਿਆਪਨ ਅਤੇ ਦਸ ਵਰ੍ਹੇ ਇਸ ਕਾਲਜ ਅਤੇ ਸਕੂਲ ਨੂੰ ਚਲਾਉਣ ਵਾਲੀ ਸ੍ਰੀ ਗੁਰੂ ਹਰੀ ਸਿੰਘ ਵਿਦਿਅਕ ਸੁਸਾਇਟੀ ਦੀ ਸਫ਼ਲ ਮੈਨੇਜਰੀ ਕਰਨ ਉਪਰੰਤ ਹੁਣ ਉਹ "ਅਨੁਪਮ ਪਬਲਿਕ ਸਕੂਲ, ਏਲਨਾਬਾਦ" ਦੀ ਸਰਪ੍ਰਸਤੀ ਕਰ ਰਹੇ ਹਨ। ਇਉਂ ਉਹਨਾਂ ਦਾ ਸਾਰਾ ਜੀਵਨ ਕਿਸੇ ਨਾ ਕਿਸੇ ਰੂਪ ਵਿਚ ਪਠਨ ਪਾਠਨ ਨਾਲ ਹੀ ਜੁੜਿਆ ਰਿਹਾ। ਅੱਜ ਕੱਲ੍ਹ ਉਹ ਇਲਾਕੇ ਦੇ ਮੁੱਖ ਨਗਰ ਏਲਨਾਬਾਦ ਦੇ ਬਾਹਰ ਇਕ ਸੂਏ ਦੇ ਕਿਨਾਰੇ ਤੇ ਰਮਣੀਕ ਸਥਾਨ ਵਿਚ 'ਨਵਾਂ ਲਾਲੇ ਪੁਰ' ਬਸਤੀ ਦਾ ਨਾਂ ਰੱਖ ਕੇ ਰਹਿ ਰਹੇ ਹਨ।

ਕਿਸਾਨ ਪਰਿਵਾਰ ਨਾਲ ਸੰਬੰਧਿਤ ਹੁੰਦਿਆਂ ਅਧਿਆਪਨ ਦੇ ਕੰਮ ਤੋਂ ਵਿਹਲ ਸਮੇਂ ਉਹ ਕਿਸਾਨੀ, ਡਰਾਇਵਰੀ ਆਦਿ ਕੰਮ ਵੀ ਕਰਦੇ ਰਹੇ ਹਨ। ਇਸ ਲਈ ਜ਼ਿੰਦਗੀ ਆਪਣੇ ਵਿਵਿਧ ਰੰਗਾਂ ਵਿਚ ਉਹਨਾਂ ਦੀ ਸ਼ਾਇਰੀ ਵਿਚ ਉਘੜਦੀ ਹੈ। ਕੋਈ ੪੦ ਵਰ੍ਹੇ ਪਹਿਲਾਂ ਛਪੇ 'ਪੰਖੜੀਆਂ' ਕਾਵਿ ਸੰਗ੍ਰਹਿ ਵਿਚ ਸ਼ਾਮਲ ਹੋਣ ਬਾਅਦ ਉਹ 'ਸ਼ਾਮ ਦੀ ਮਹਿਕ' ਅਤੇ 'ਦਰਦ ਦਾ ਅਹਿਸਾਸ' ਦੋ ਗ਼ਜ਼ਲ ਸੰਗ੍ਰਹਿ, ਇਕ ਵਿਅੰਗ ਕਾਵਿ 'ਮਿੱਠੀਆਂ ਮਿਰਚਾਂ', ਇਕ ਗੀਤ ਸੰਗ੍ਰਹਿ 'ਸੱਚੀ ਤੇਰੀ ਸਿਫ਼ਤ', 'ਸ਼ੇਅਰਾਂ ਦਾ ਸ਼ੀਰਾਜ਼ਾ' ਅਤੇ ਹਿੰਦੀ ਵਿਚ 'ਦੋਹਾਵਲੀ' ਤੋਂ ਇਲਾਵਾ ਇਕ ਮਿਨੀ ਗੀਤ ਸੰਗ੍ਰਹਿ ਹੁਣ ਤਕ ਪ੍ਰਕਾਸ਼ਿਤ ਕਰਵਾ ਚੁੱਕੇ ਹਨ।

ਪ੍ਰੰਤੂ ਸਾਡੀ ਚਰਚਾ ਦਾ ਵਿਸ਼ਾ ਹੈ ਉਹਨਾਂ ਦੁਆਰਾ ੨੦੦੧ ਈ. ਵਿਚ ਛਪਵਾਇਆ ਗਿਆ ਮਹਾਂ ਕਾਵਿ 'ਜਿਨ ਮਾਰਗ ਦੀਆ ਬਤਾਇ' ਹੈ। ਇਹ ਮਹਾਂ ਕਾਵਿ ਸੰਤ ਇੰਦਰ ਸਿੰਘ ਚੱਕਰਵਰਤੀ ਦੁਆਰਾ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਜਨਮ ਸਾਖੀ ਪਰੰਪਰਾ ਵਿਚ ਲਿਖੇ ਵਾਰਤਕ ਗ੍ਰੰਥ 'ਨਾਮਧਾਰੀ ਇਤਿਹਾਸ ਹਿੱਸਾ ਪਹਿਲਾ' 'ਤੇ ਆਧਾਰਿਤ ਹੈ। ਚੱਕਰਵਰਤੀ ਜੀ ਨੇ ਗੁਰੂ ਜੀ ਦੇ ਨਿਵਾਸ ਅਸਥਾਨ ਹਜ਼ਰੋ ਸਾਹਿਬ (ਜ਼ਿਲ੍ਹਾ ਅਟਕ, ਪੱਛਮੀ ਪੰਜਾਬ) ਪਹੁੰਚ ਕੇ ਉੱਥੋਂ ਦੀ ਨਾਮਧਾਰੀ ਸੰਗਤ ਤੋਂ ਸੁਣ ਕੇ ਇਹ ਸਾਖੀਆਂ ਤੇ ਪਰਸੰਗ ਨੋਟ ਕੀਤੇ ਹਨ। ਇਤਿਹਾਸਕ ਤੌਰ ਤੇ ਇਸ ਮਸਾਲੇ ਦੀ ਭਰੋਸੇਯੋਗਤਾ ਬਾਰੇ ਕਿੰਤੂ ਪ੍ਰੰਤੂ ਨੂੰ ਦਰਕਿਨਾਰ ਕਰਦਿਆਂ, ਕਿਸੇ ਵਿਅਕਤੀ ਵਿਸ਼ੇਸ਼ ਅਤੇ ਉਸ ਦੀ ਸੰਸਥਾ ਨਾਲ ਜੁੜੇ

Sri Satguru Jagjit Singh Ji eLibrary NamdhariElibrary@gmail.com

ਲੋਕਾਂ ਦੀਆਂ ਮਨੋਬਿਰਤੀਆਂ ਨੂੰ ਸਮਝਣ ਲਈ, ਉਹਨਾਂ ਦੇ ਸਮੂਹਿਕ ਜਜ਼ਬਿਆਂ, ਆਸ਼ਾਵਾਂ ਤੇ ਉਮੰਗਾਂ ਦੀ ਨਿਸ਼ਾਨਦੇਹੀ ਕਰਨ ਲਈ ਇਹ ਸਾਖੀ ਸਾਹਿਤ ਵੀ ਇਤਿਹਾਸ ਦੇ ਮੁੱਢਲੇ ਸੋਮਿਆਂ ਵਿਚ ਗਿਣਿਆ ਜਾਂਦਾ ਹੈ।

ਮਾ. ਅਮਰੀਕ ਸਿੰਘ ਜਿਹੇ ਸੰਵੇਦਨਸ਼ੀਲ ਕਵੀ ਇਹਨਾਂ ਬਚਨਾਂ ਨੂੰ ਜਦੋਂ ਆਪਣੀ ਕਵਿਤਾ ਦਾ ਜਾਮਾ ਪੁਆਉਂਦੇ ਹਨ ਤਾਂ ਉਹਨਾਂ ਦਾ ਰੂਪ ਹੋਰ ਵੀ ਨਿੱਖਰ ਆਉਂਦਾ ਹੈ। ਸ੍ਰੀ ਗੁਰੂ ਬਾਲਕ ਸਿੰਘ ਜੀ ਨਾਮਧਾਰੀ ਇਤਿਹਾਸ ਦੀ ਮਹੱਤਵਪੂਰਨ ਕੜੀ ਹਨ, ਕਿਉਂ ਜੁ ਉਹ ਨਾਮਧਾਰੀ ਸਿੰਘਾਂ ਦੇ ਅਕੀਦੇ ਅਨੁਸਾਰ, ਗੁਰੂ ਨਾਨਕ ਦੀ ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਲੀ ਸਿੱਖੀ ਨੂੰ ਫਿਰ ਪੰਜਾਬ ਦੇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਪਰਫੁੱਲਤ ਹੁੰਦੀ ਵਿਖਾਉਣ ਸਮੇਂ ਇਸ ਵਿੱਚ ਗੁਰੂ ਬਾਲਕ ਸਿੰਘ ਦੁਆਰਾ ਗੁਰਤਾ ਨੂੰ ਅਮਾਨਤ ਰੂਪ ਵਿਚ ਸਾਂਭਣ ਦਾ ਇਜ਼ਹਾਰ ਕਰਦੇ ਹਨ। ਉਹ ਆਪਣੇ ਭਰੋਸੇ ਦੀ ਪੁਸ਼ਟੀ ਲਈ ਗਿਆਨੀ ਗਿਆਨ ਸਿੰਘ ਜੀ ਰਚਿਤ ਪੰਥ ਪ੍ਰਕਾਸ਼ ਦੀ ਗਵਾਹੀ ਪੁਆਉਂਦੇ ਹਨ:

ਬਾਲਕ ਮੁਰੀਸ ਤੇ ਵਿਸੇਸ ਉਪਦੇਸ ਨਾਮ
ਸਦੀ ਨਰ ਨਾਰੀ ਲੈ ਅਪਾਰੀ ਭਵ ਤੇ ਤਰੇ।

....

ਐਪੈ ਗੁਰ ਦਸਮ ਦਰਸ ਦੇ ਜੋ ਕਹਯੋ ਤਾਂਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੇ।"

ਗੁਰੂ ਬਾਲਕ ਸਿੰਘ ਜੀ ਦੀ ਉਚੀ ਬਿਰਤੀ ਬਾਰੇ, ਗਿਆਨੀ ਜੀ ਦਾ ਹੇਠਲਾ ਕਬਿੱਤ ਵਰਨਣਯੋਗ ਹੈ, ਜਿਸ ਵਿਚ ਉਹ ਇਕ ਮੌਲਿਕ ਤਸ਼ਬੀਹ ਵਰਤਦੇ ਹਨ ਕਿ ਜਿਵੇਂ ਘੜੇ ਵਿਚ ਜਗਾਏ ਦੀਵੇ ਦਾ ਪ੍ਰਕਾਸ਼ ਬਾਹਰ ਨਹੀਂ ਜਾਂਦਾ, ਗੁਰੂ ਬਾਲਕ ਸਿੰਘ ਜੀ ਨੇ ਆਪਣੀ ਅਜ਼ਮਤ ਨੂੰ ਇਸ ਤਰ੍ਹਾਂ ਢੱਕ ਕੇ ਰੱਖਿਆ ਕਿ ਇਹ ਸਤਿਗੁਰੂ ਰਾਮ ਸਿੰਘ ਦੁਆਰਾ ਹੀ ਪ੍ਰਗਟ ਹੋਵੇ:

ਨਾਮ ਸਿੰਘ ਬਾਲਕ ਪੈ ਪਾਲਕ ਪਿੰਗਬਰਾਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਯਾਗੀ ਹੈਂ।
ਤਾਲਕ ਰਖੈ ਹੈਂ ਏਕ ਖਾਲਕ ਸੈਂ ਸਾਲਕ ਸੇ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜ਼ਮਤ,
ਸਜਮਤ ਭਗਤਿ ਵਿਰਕਤਿ ਅਦਾਗੀ ਹੈਂ।
ਕੀਰਤਨ ਕਥਾ ਸਤਸੰਗ, ਜਥਾ ਜੋਗ ਤਥਾ,
ਰਾਖਤ ਥਾ, ਭਾਖਤ ਥਾ ਭਜਨ ਸਜਾਗੀ ਹੈਂ।

ਇਸ ਤਰ੍ਹਾਂ ਦੀ ਨਿਰਮਾਣ ਅਤੇ ਕਲਿਆਣਕਾਰੀ ਸ਼ਖ਼ਸੀਅਤ ਨੂੰ ਜੋ ਆਪਣੇ ਵੇਲੇ ਦੀਆਂ ਬਸਤੀਵਾਦ ਦੀਆਂ ਪਸਾਰਵਾਦੀ ਨੀਤੀਆਂ ਦਾ ਵਿਰੋਧ ਕਰਕੇ ਇਤਿਹਾਸਕ ਸ਼ਕਤੀਆਂ ਦਾ ਸਾਥ ਦੇਵੇ, ਮਹਾਂ ਕਾਵਿ ਦਾ ਨਾਇਕ ਚੁਣਨਾ, ਇਸ ਦੇ ਵਿਸ਼ੇ ਨਾਲ ਪੂਰਾ ਨਿਆਂ ਹੈ। ਜਿਹੜੀਆਂ ਆਪਣੇ ਕਾਲਖੰਡ ਵਿਚ ਆਪਣੇ ਭੂਖੰਡ ਦੇ ਸਧਾਰਨ ਜਨ ਨੂੰ ਹਰਕਤ ਵਿਚ ਲਿਆਉਣ ਉਹ ਮਹਾਨ ਹਸਤੀਆਂ ਹੀ ਇਤਿਹਾਸ ਦੇ ਪੰਨਿਆਂ ਦਾ ਸ਼ਿੰਗਾਰ ਬਣਦੀਆਂ ਹਨ।

ਮਹਾਂਕਾਵਿ ਦੇ ਆਰੰਭ ਵਿਚ ਆਮ ਤੌਰ ਤੇ ਮਹਾਂਕਵੀ ਆਪਣੀ ਵਿਦਵਤਾ ਦੇ ਜੌਹਰ ਵਿਖਾਉਂਦਿਆਂ ਮੰਗਲਾ ਚਰਣ ਦੇ ਤੌਰ ਤੇ ਕਿੰਨੇ ਹੀ ਸਫ਼ੇ ਭਰ ਦਿੰਦੇ ਹਨ। ਮਾਸਟਰ ਅਮਰੀਕ ਸਿੰਘ ਜੀ ਇਸ ਮਾਮਲੇ ਵਿਚ ਬੜੇ ਸਿੱਧੇ ਸਾਦੇ ਰਹੇ ਹਨ। ਉਹ ਗੁਰੂ ਬਾਲਕ ਸਿੰਘ ਜੀ ਦੇ ਪ੍ਰਗਟ ਹੋਣ ਨੂੰ ਹੀ ਮੰਗਲਾਚਰਣ ਮਿਥ ਕੇ ਤੁਰ ਪਏ ਹਨ।

ਅਟਕ ਜ਼ਿਲ੍ਹਾ ਪੰਜਾਬ ਦਾ ਜਿਸ ਨੂੰ ਪੋਠੋਹਾਰ ਨੇ ਕਹਿੰਦੇ।

Sri Satguru Jagjit Singh Ji eLibrary NamdhariElibrary@gmail.com

ਉੱਥੇ ਹੈ ਇਕ ਪਿੰਡ ਸਰਵਾਲਾ, ਪੁਰ ਪੰਜਾਬ ਦੇ ਲਹਿੰਦੇ।
ਨਾਮ ਸੀ ਬਾਬਾ ਦਿਆਲ ਸਿੰਘ ਜੋ ਜ਼ਾਤ ਅਰੋੜੇ ਥੱਰਰੇ।
ਬੜੇ ਦਿਆਲੂ ਭਗਤ ਸੁਣੀਂਦੇ, ਕਹਿਣ ਇਤਿਹਾਸ ਦੇ ਪੱਤਰੇ।
ਉਹਨਾਂ ਦੇ ਘਰ ਗੁਰ ਬਾਲਕ ਸਿੰਘ ਜੀ ਅਵਤਾਰ ਲਿਆ ਸੀ।
ਭਾਗ ਭਰੀ ਮਾਤਾ ਦੀ ਕੁੱਖੋਂ, ਹੀਰਾ ਚਮਕ ਪਿਆ ਸੀ।
ਨਾਹਾਂ ਸੈ ਇਕਤਾਲੀ ਸੰਮਤ, ਫੱਗਣ ਪੂਰਨਮਾਸ਼ੀ।
ਦਸਮ ਪਿਤਾ ਦੇ ਵਾਕ ਪੂਰਨ ਲਈ, ਜੋਤ ਇਹ ਸੀ ਪਰਗਾਸੀ।"

ਵੇਲੇ ਦੇ ਪਾਂਧੇ ਪੰਡਿਤਾਂ ਦੀ ਭਵਿੱਖਬਾਣੀ ਗੁਰੂ ਜੀ ਬਾਰੇ ਕਰਵਾਈ ਗਈ ਹੈ, ਜਿਵੇਂ ਕਿ ਸਾਰੀਆਂ ਅਵਤਾਰੀ ਹਸਤੀਆਂ ਬਾਰੇ ਇਹ ਕੁਝ ਕਿਹਾ ਜਾਂਦਾ ਹੈ ਰਿਵਾਜਨ ਤੌਰ 'ਤੇ ਵੀ:-

ਜਿਧਰ ਵੀ ਸੁਤੇ ਸਿੱਧ ਹੀ, ਮਿਹਰ ਨਜ਼ਰ ਕਰ ਤਰਸਨ
ਮਿੱਟੀ ਸੁਵਰਨ ਰੂਪ ਹੋ ਜਾਸੀ, ਬਿਖ ਨੂੰ ਅੰਮ੍ਰਿਤ ਬਰਸਨ।"

ਉਹ ਘਰੋਂ ਵਸਤਾਂ ਲਿਜਾ ਕੇ ਲੋੜਵੰਦਾਂ ਵਿਚ ਵੰਡ ਦਿੰਦੇ ਹਨ। ਛੋਟੇ ਬੱਚਿਆਂ ਨੂੰ ਆਪਣੇ ਨਾਲ ਬਿਠਾ ਕੇ ਬੰਦਗੀ ਲਈ ਪ੍ਰੇਰਦੇ ਹਨ। ਉਹਨਾਂ ਦਾ ਟਿਕਾਣਾ ਕਿੱਥੇ ਹੁੰਦਾ ਹੈ? ਮਾਸਟਰ ਜੀ ਦੱਸਦੇ ਹਨ:

ਸਤਿਗੁਰੂ ਨਾਨਕ ਦੇਵ ਜੀ ਵਾਂਗੂੰ, ਆਪ ਜੀ ਦਾ ਵੀ ਡੇਰਾ।
ਜਾਂ ਕਬਰਾਂ ਜਾਂ ਮੜ੍ਹੀਆਂ ਅੰਦਰ, ਚਾਹੇ ਸ਼ਾਮ ਸਵੇਰਾ।"

ਬਾਬੇ ਦਿਆਲ ਸਿੰਘ ਨੇ ਇੱਕ ਹੱਟੀ ਛੋਈ ਪਿੰਡ ਵਿਚ ਵੀ ਪਾਈ ਸੀ। ਗੁਰੂ ਬਾਲਕ ਸਿੰਘ ਬਾਲ ਉਮਰਾ ਵਿਚੋਂ ਜਦੋਂ ਸਰਵਾਲੇ ਤੋਂ ਛੋਈ ਨੂੰ ਜਾਂਦੇ ਤਾਂ ਦੋ ਨਦੀਆਂ ਦੇ ਸੰਗਮ ਦੀ ਇਕ ਰਮਣੀਕ ਥਾਂ ਉਹਨਾਂ ਨੂੰ ਸਮਾਧੀ ਰਤ ਬਣਾ ਦਿੰਦੀ:

ਹਰੋਂ ਨਦੀ ਤੇ ਸਿੰਧ ਦਰਿਆ ਹਨ, ਜਿੱਥੇ ਆਕੇ ਮਿਲਦੇ।
ਵੇਖ ਕੇ ਇਹ ਰਮਣੀਕ ਨਜ਼ਾਰਾ, ਕੰਵਲ ਮਨਾਂ ਦੇ ਖਿਲਦੇ।
ਸਾਹਮਣੇ ਛੋਈ ਪਰਬੱਤ ਦਿੱਸੇ, ਅਕਾਸ਼ਾਂ ਨੂੰ ਛੂੰਹਦਾ।
ਕੁਦਰਤ ਰਸੀਆਂ ਦੇ ਦਿਲ ਤਾਈਂ, ਇਹ ਦ੍ਰਿਸ਼ ਖਿੱਚਦਾ ਹੁੰਦਾ।"

ਇਸੇ ਜਗ੍ਹਾ ਤੇ ਮਾਸਟਰ ਜੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦਿੰਦੇ ਹਨ ਅਤੇ ਸੌਂਪੀ ਦਾਤ ਰਾਮ ਸਿੰਘ ਦੇ ਰੂਪ ਵਿਚ ਵਸੂਲ ਲੈਣ ਦਾ ਬਚਨ ਕਰਦੇ ਹਨ। ਹੁਣ ਉਹਨਾਂ ਦੇ ਵੱਡੇ ਭਾਈ ਮੇਨਾ ਸਿੰਘ ਨੇ ਹਜ਼ਰੋ ਹੱਟੀ ਪਾ ਲਈ ਤਾਂ ਗੁਰੂ ਬਾਲਕ ਸਿੰਘ ਸਮੇਤ ਪਰਿਵਾਰ ਉੱਥੇ ਟਿਕ ਗਏ।

ਰਾਵਲਪਿੰਡੀ ਤੋਂ ਸਾਈਂ ਜਵਾਹਰ ਮੱਲ ਜੀ ਕਲਾਲ (ਆਹਲੂਵਾਲੀਏ) ਹਜ਼ਰੋਂ ਆ ਕੇ ਸ਼ਰਾਬ ਦੀ ਦੁਕਾਨ ਕਰਦੇ ਸਨ। ਗੁਰੂ ਬਾਲਕ ਸਿੰਘ ਜੀ ਵੀ ਉਹਨਾਂ ਦੇ ਨਾਲ ਬਚਨ ਬਿਲਾਸ ਕਰਨ ਲਈ ਕਦੇ ਕਦੇ ਇਸ ਦੁਕਾਨ ਤੇ ਚਰਨ ਪਾਉਂਦੇ ਸਨ ਕਿਉਂਕਿ ਸਾਈਂ ਜੀ ਭਾਵੇਂ ਦਾਰੂ ਵੇਚਦੇ ਸਨ ਪਰ ਹਰ ਖਰੀਦਾਰ ਨੂੰ ਜਿਵੇਂ ਅੱਜ ਕੱਲ੍ਹ ਬੋਤਲ 'ਤੇ 'ਵਿਧਾਨਕ ਤਾੜਨਾ' ਲਿਖੀ ਹੁੰਦੀ ਹੈ, ਤਾੜਨਾ ਜ਼ਰੂਰ ਕਰਦੇ:

"ਆਹਲੂਵਾਲੀਏ ਸਾਂਈਂ ਜਵਾਹਰ, ਰਾਵਲਪਿੰਡੀ ਵਾਸੀ।
ਹਜ਼ਰੋਂ ਵਿਚ ਸ਼ਰਾਬ ਵੇਚਦੇ, ਚੱਲਦੀ ਹੱਟੀ ਖਾਸੀ।
ਗ੍ਰਹਿਸਤੀ ਹੁੰਦਿਆਂ ਪੂਰਨ ਸੰਜਮ, ਕੀਤੇ ਵੱਸ ਵਿਚ ਇੰਦਰੇ।
ਲੈਣ ਸ਼ਰਾਬ ਜੋ ਆਵੇ, ਉਸਦੇ ਖੋਲ੍ਹਣ ਮਨ ਦੇ ਜਿੰਦਰੇ।
ਕਹਿਣ ਭਾਈ! ਇਹ ਜ਼ਹਿਰ ਨਾ ਪੀਵੇਂ, ਜੋ ਐਸੀ ਮੌਜ ਮਾਣੇ।
ਆਪਣੇ ਅਤੇ ਪਰਾਏ ਅੰਦਰ ਫ਼ਰਕ ਮਿਟਾਵੇ ਸਾਰੇ।"

Sri Satguru Jagjit Singh Ji eLibrary NamdhariElibrary@gmail.com

ਗੁਰੂ ਬਾਲਕ ਸਿੰਘ ਜੀ ਨੇ ਹਜ਼ਰੋ ਵਿਚ ਸਰਾਫ਼ੀ ਦੀ ਹੱਟੀ ਪਾ ਲਈ ਅਤੇ ਇਸ ਦੁਕਾਨ ਦੇ ਮਾਧਿਅਮ ਰਾਹੀਂ ਅਭਿਆਗਤਾਂ ਦੀਆਂ ਲੋੜਾਂ ਪੂਰੀਆਂ ਕਰਦੇ। ਉਹ ਨਾ ਤਾਂ ਕਰਜ਼ ਦੀ ਰਕਮ ਦਾ ਕੋਈ ਵਿਆਜ ਲੈਂਦੇ ਸਨ ਨਾ ਕਿਸੇ ਸੁਆਲੀ ਨੂੰ ਵਾਪਸ ਮੋੜਦੇ ਸਨ। ਕਦੇ ਕਦੇ ਹੱਟੀ ਦੀ ਸਾਰੀ ਮਾਇਆ ਵੰਡ ਵੀ ਦਿਆ ਕਰਦੇ। ਸਾਂਈਂ ਜਵਾਹਰ ਮੱਲ ਜੋ ਆਪਣੇ ਆਦਮੀ ਭੇਜਕੇ ਗੁਰੂ ਜੀ ਦੁਆਰਾ ਵੰਡੀ ਮਾਇਆ ਮੋੜ ਲਿਆਉਂਦੇ। ਇਸ ਵਾਪਸ ਆਈ ਮਾਇਆ ਨੂੰ ਗੁਰੂ ਜੀ ਇਹ ਕਹਿ ਕੇ ਠੁਕਰਾ ਦਿੰਦੇ ਸਨ:

ਗੁਰਾਂ ਕਿਹਾ ਜੇ ਮੰਨੋ ਇਸਨੂੰ ਧਰਮ ਦੇ ਲੇਖੇ ਲਾਵੋ।
ਸਾਂਈਂ ਜੀ ਇਹ ਨਿਕਲਿਆ ਪਾਣੀ ਮੁੜ ਖੂਹੇ ਨਾ ਪਾਵੋ।

ਭਾਈ ਮੁੱਖੇ ਦੀ ਬਾਗੀਚੀ ਵਿਚ ਖੂਹੀ ਲੱਗ ਗਈ। ਪਿਛਲੇ ਪਹਿਰ ਗੁਰੂ ਜੀ ਉੱਥੇ ਦੀਵਾਨ ਸਜਾਉਂਦੇ। ਗੁਰੂ ਦੀ ਮਹਿਮਾ ਦਾ ਉੱਤਮ ਬਖਾਨ ਕੀਤਾ ਗਿਆ ਹੈ:

ਸੰਗਤ ਦੇ ਵਿਚ ਬੈਠਿਆਂ ਸਤਿਗੁਰੂ ਸੋਭਾ ਪਾਵਨ ਐਸੀ।
ਵਿਚ ਤਾਰਿਆਂ ਚੰਦਰਮਾ ਦੀ ਦਿਸਦੀ ਹੈ ਛਬ ਜੈਸੀ।

ਜੈਦੇ ਪਿੰਡ ਦੇ ਧਨੀ ਰਾਮ ਨੂੰ ਵੀ ਗੁਰੂ ਬਾਲਕ ਸਿੰਘ ਦੀ ਕ੍ਰਿਪਾ ਨਾਲ ਨਾਮ ਦੀ ਰੰਗਣ ਚੜ੍ਹ ਗਈ। ਉਹਨੇ ਠਾਕੁਰ ਪੂਜਾ ਛੱਡ ਦਿੱਤੀ ਅਤੇ ਗੁਰੂ ਨਾਲ ਮੇਲਣ ਵਾਲੇ ਸਿੱਖਾਂ ਦਾ ਜੱਸ ਗਾਉਣ ਲੱਗਾ:

ਧੰਨ ਉਹ ਸਿੱਖ ਨੇ ਗੁਰਾਂ ਨਾਲ ਜੋ ਸਿੱਖਾਂ ਤਾਈਂ ਮਿਲਾਂਦੇ।
ਧਨੀ ਰਾਮ ਵੀ ਧੰਨ ਧੰਨ ਹੋ ਕੇ, ਪਰਤ ਘਰਾਂ ਨੂੰ ਜਾਂਦੇ।

ਇਸੇ ਤਰ੍ਹਾਂ ਓਡੇ ਪਿੰਡ ਦੇ ਰਾਮ ਸਹਾਇ ਨੂੰ ਵੀ ਗੁਰੂ ਬਾਲਕ ਸਿੰਘ ਨੇ ਨਿਹਾਲ ਕੀਤਾ-

ਫਿਰ ਹਰ ਰੋਜ਼ ਹੀ ਇਕ ਰਸ ਦਰਸ਼ਨ ਵਿਚ ਸਮਾਧੀ ਪਾਵੇ।
ਧੰਨ ਗੁਰੂ ਬਾਲਕ ਸਿੰਘ ਜਿਹੜਾ, ਇਹ ਵਿਧੀਆਂ ਸਮਝਾਵੇ।

ਹੋਤੀ ਮਰਦਾਨ ਤੋਂ ਆਏ ਭਾਈ ਸੰਤ ਸਿੰਘ ਨੂੰ ਗੁਰੂ ਜੀ ਸਿੱਖੀ ਮਾਰਗ ਇਉਂ ਦ੍ਰਿੜ੍ਹ ਕਰਵਾਉਂਦੇ ਹਨ:

ਸੰਤ ਸਿੰਘ ਜੀ ਪਿੰਡ ਵਿਚ ਜਾ ਕੇ, ਧਰਮਸਾਲ ਬਣਵਾਓ।
ਪੁਰ ਕੀ ਬਾਣੀ ਗ੍ਰੰਥ ਸਾਹਿਬ ਦਾ ਵਿਚ ਪ੍ਰਕਾਸ਼ ਕਰਾਓ।
ਅੰਮ੍ਰਿਤ ਵੇਲੇ ਸਣਕੇਸੀਂ, ਇਸ਼ਨਾਨ ਕਰੋ ਗੁਰੂ ਧਿਆਓ।
ਨਾਮ ਅਭਿਆਸ ਕਰੋ ਹਰ ਵੇਲੇ, ਬਾਣੀ ਪੜ੍ਹੋ ਪੜ੍ਹਾਓ।
ਦਸਾਂ ਨੌਹਾਂ ਦੀ ਕਰੋ ਕਮਾਈ, ਜੀਵਨ ਸਫਲ ਬਣਾਓ।

... ...

ਕਿਰਤੀ ਸਿੱਖਾਂ ਲਈ ਹੁਕਮ ਹੈ ਸਾਧਕੇ ਘਰ ਦੇ ਧੰਦੇ।
ਗੁਰੂ ਆਗਿਆ ਮੰਨਣੀ ਹਰਦਮ ਮਾਰ ਮਨਾਂ ਨੂੰ ਜੰਦੇ।
ਭੁੱਖੇ ਨੂੰ ਅੰਨ ਦੇਣਾ ਬਸਤਰ ਦੇਣੇ ਨੰਗੇ ਤਾਈਂ।
ਦੁਖੀਏ ਦਾ ਦੁਖ ਦੂਰ ਕਰਨ ਹਿਤ ਉੱਦਮ ਕਰਨਾ ਭਾਈ।
ਸੱਚ ਬੋਲਣੋਂ ਕਦੀ ਨਾ ਟਲਿਓ ਸੰਤ ਸਿੰਘ ਜੀ ਸੁਣਨਾ।
ਪੂਜਾ-ਧਾਨ ਵਿਹੁ ਕਰ ਜਾਣੋ ਅੰਗੀਕਾਰ ਨਾ ਕਰਨਾ।

... ...

ਆਪਣੇ ਆਪ ਨੂੰ ਕਿੰਨਾ ਹੀ ਵੱਡਾ ਕੋਈ ਸਿੱਖ ਅਖਵਾਏ।
ਹੱਕ ਬਿਗਾਨਾ ਜੋ ਖਾਂਦਾ ਹੈ ਉਹ ਮੁਕਤੀ ਨਾ ਪਾਇ।[30]

Sri Satguru Jagjit Singh Ji eLibrary NamdhariElibrary@gmail.com

ਸੋਢੀ ਹੁਕਮ ਸਿੰਘ, ਜੋ ਗੁਰੂ-ਕੁਲ ਵਿਚੋਂ ਹੋਣ ਦੇ ਮਾਣ ਨਾਲ ਗੜੂਰਿਆ ਫਿਰਦਾ ਸੀ, ਉਸਨੂੰ ਵੀ ਗੁਰੂ ਜੀ ਨੇ ਖਰੇ ਪਤੇ ਦੀ ਗੱਲ ਦੱਸੀ:

"ਜੋ ਕੁਲ ਦਾ ਅਭਿਮਾਨ ਨੇ ਕਰਦੇ, ਉਹ ਖ਼ਾਲੀ ਰਹਿ ਜਾਂਦੇ।
ਸੇਵਾ ਭਾਵ ਨਿੰਮ੍ਰਤਾ ਵਾਲੇ ਉਹ ਪਦਵੀਆਂ ਪਾਂਦੇ।

... ...

ਚਿੱਤ ਵਿਚੋਂ ਕੱਢ ਦੇਵੋ ਉੱਕਾ ਸਾਰੇ ਭਰਮ ਭੁਲੇਖੇ।
ਅਮਲਾਂ ਬਾਝ ਨਾ ਸੋਢੀ ਬੇਦੀ, ਲੱਗਣ ਕਿਧਰੇ ਲੇਖੇ।[1]

ਸਤਿਗੁਰੂ ਰਾਮ ਸਿੰਘ ਜੀ ਬਾਰੇ, ਗੁਰੂ ਬਾਲਕ ਸਿੰਘ ਜੀ ਕਿਸ ਤਰ੍ਹਾਂ ਦੇ ਬਚਨ ਕਰਦਿਆਂ ਉਹਨਾਂ ਦੀ ਉਡੀਕ ਵਿਚ ਰਹਿੰਦੇ ਸਨ, ਮਾਸਟਰ ਜੀ ਦੇ ਰੰਗ ਵੇਖੋ:

ਵਿਸ਼ੇ ਵਿਕਾਰਾਂ ਦੀ ਅਗਨੀ ਵਿਚ ਸੜਦੇ ਲੋਕਾਂ ਤਾਈਂ।
ਦਰਸ਼ਨ ਦੇ ਕੇ ਸ਼ਾਂਤ ਕਰਨਗੇ, ਬਿਲਕੁਲ ਬਰਫ਼ ਨਿਆਈਂ।
ਉਹਨਾਂ ਦੀ ਮਰਿਯਾਦਾ ਹੋਸੀ, ਖੰਡੇ ਵਰਗੀ ਤਿੱਖੀ।
ਰਿਖੀਆਂ ਵਾਲੀ ਰਹਿਤ ਰੱਖਣਗੇ, ਦੇਵਤਿਆਂ ਜਿਓਂ ਸਿੱਖੀ।[2]

ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ ਗੁਰੂ ਬਾਲਕ ਸਿੰਘ ਜੀ ਵੈਰਾਗੀ ਵੀ ਹੁੰਦੇ ਹਨ ਤੇ ਇਸ ਤਰ੍ਹਾਂ ਦੇ ਬਚਨ ਕਰਦੇ ਹਨ:

ਸਾਨੂੰ ਬੰਸ ਰਾਖੇ ਹੀ ਸਮਝੋ, ਅਸਲੀ ਮਾਲਕ ਭੈਣੀ।
ਆਵਨਗੇ ਤਾਂ ਲੈ ਜਾਵਣਗੇ, ਗੱਲ ਹੋਰ ਕੀ ਕਹਿਣੀ।
ਕਰ ਕਰ ਬਚਨ ਅਜਿਹੇ ਸਤਿਗੁਰ ਹੋਏ ਆਪ ਵੈਰਾਗੀ।
ਛੇਤੀ ਆਵਣ ਦਰਸ ਦਿਖਾਲਣ, ਪਿਆਸ ਦਰਸ ਦੀ ਲਾਗੀ।[3]

ਲਾਹੌਰ ਦਰਬਾਰ ਦੀ ਫ਼ੌਜ ਖ਼ਜ਼ਾਨਾ ਲੈ ਕੇ ਪਿਸ਼ਾਵਰ ਜਾ ਰਹੀ ਸੀ। ਗੁਰੂ ਰਾਮ ਸਿੰਘ ਜੀ ਵੀ ਇਸ ਸੈਨਾ ਵਿਚ ਸਨ। ਪੰਜੂ ਉਧਰਲੀ ਸੈਨਾ ਨੇ ਅਟਕ ਤੋਂ ਉਰ੍ਹਾਂ ਹੀ ਖ਼ਜ਼ਾਨਾ ਲੈ ਲਿਆ ਅਤੇ ਇਹ ਸੈਨਾ ਲਾਹੌਰ ਨੂੰ ਵਾਪਸ ਪਰਤ ਗਈ। ਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸੰਗੀ ਸਾਥੀ ਇਸ ਵਿਹਲ ਦਾ ਲਾਭ ਉਠਾ ਕੇ ਹਜ਼ਰੋਂ ਵਿਖੇ ਗੁਰੂ ਬਾਲਕ ਸਿੰਘ ਜੀ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ। ਪਹਿਲਾਂ ਨਾਮ ਦੀ ਦਾਤ ਉਹਨਾਂ ਤੋਂ ਬਾਬੇ ਜਮੀਅਤ ਸਿੰਘ ਗਿਲ ਨੇ ਪ੍ਰਾਪਤ ਕੀਤੀ:

ਪਹਿਲ ਜਮੀਤ ਸਿੰਘ ਜੀ ਬਾਬੇ ਗਿੱਲਾਂ ਵਾਲੇ ਕੀਤੀ।
ਦਰਸ਼ਨ ਕਰ ਗੁਰ ਬਾਲਕ ਸਿੰਘ ਦੇ, ਬੱਝ ਗਈ ਪਰਤੀਤੀ।[4]

ਦੋਹਾਂ ਸਤਿਗੁਰੂਆਂ ਦੇ ਮਿਲਣ ਨੂੰ ਮਾਸਟਰ ਜੀ ਨੇ ਬੜੇ ਕਲਾਤਮਕ ਢੰਗ ਨਾਲ ਚਿਤਰਿਆ ਹੈ:

"ਗੁਰੂ ਰਾਮ ਸਿੰਘ ਜੀ ਨੇ ਮੱਥਾ ਟੇਕ ਬੈਠਣਾ ਚਾਹਿਆ।
ਪਰ ਅੱਗੋਂ ਗੁਰੂ ਬਾਲਕ ਸਿੰਘ ਜੀ, ਉਚੀ ਬਚਨ ਸੁਣਾਇਆ।
ਆਓ ਜੀ, ਠਾਕੁਰ ਜੀ ਪਿਆਰੇ, ਰਹੇ ਉਡੀਕ ਤੁਹਾਨੂੰ।
ਮਿਹਰ ਹੋਈ ਅੱਜ ਦਰਸ਼ਨ ਦੇ ਕੇ, ਕਰੋ ਨਿਹਾਲ ਅਸਾਨੂੰ।"[5]

ਭਾਈ ਧਨੀ ਰਾਮ ਇਕ ਦਿਨ ਮਸਤਾਨੀ ਅਵਸਥਾ ਵਿਚ ਆ ਗਏ ਅਤੇ ਉਹ ਪਰਸ਼ਾਦਿਆਂ ਨਾਲ ਰੱਜ ਹੀ ਨਹੀਂ ਸਨ ਰਹੇ। ਉਹ ਮਾਈ ਨੂੰ ਕਹਿੰਦੇ ਕਿ ਟੋਕਰੀ ਵਾਲੇ ਸਾਰੇ ਪਰਸ਼ਾਦੇ ਦੇ ਦਿਓ ਫਿਰ ਛਕਾਂਗਾ। ਮਾਈ ਨੇ ਸਾਰੇ ਪਰਸ਼ਾਦੇ ਨਾ ਦਿੱਤੇ। ਧਨੀ ਰਾਮ ਹੱਥ ਵਿਚਲੇ ਵੀ ਧਰਤੀ 'ਤੇ ਸੁਟ ਕੇ ਨੱਸ ਗਿਆ, ਗੁਰੂ ਬਾਲਕ ਸਿੰਘ ਉਹਨੂੰ ਮਨਾਉਣ

Sri Satguru Jagjit Singh Ji eLibrary NamdhariElibrary@gmail.com

ਲਈ ਲੱਭਦੇ ਫਿਰਨ, ਪਿੱਛੇ ਪਿੱਛੇ ਕਿ ਪਰਸ਼ਾਦੇ ਹੁਣ ਸਾਰੇ ਹੀ ਲੈ ਜਾਓ। ਸਾਂਈ ਜਵਾਹਰ ਮੱਲ ਗੁਰੂ ਜੀ ਦੀ ਅਵਸਥਾ ਵੇਖ ਕੇ ਪਰੇਸ਼ਾਨ ਹੋ ਕੇ ਕਹਿੰਦਾ ਕਿ ਇਹਨਾਂ ਕਮਲਿਆਂ ਕਮਲਿਆਂ ਤੋਂ ਕਿਉਂ ਡਰਦੇ ਹੋ। ਗੁਰੂ ਜੀ ਜੁਆਬ, ਮਾਸਟਰ ਜੀ ਦੇ ਸ਼ਬਦਾਂ ਵਿਚ:

"ਪਰਮੇਸ਼ਰ ਨੇ ਸਾਡੇ ਪੱਲੇ ਮਸਤ ਲੋਕ ਹਨ ਪਾਏ।
ਅਸੀਂ ਤਾਂ ਕੀ ਹਾਂ ਪਰਮੇਸ਼ਰ ਵੀ ਸ਼ੌਂਫ਼ ਇਹਨਾਂ ਤੋਂ ਖਾਏ।"[16]

ਗੁਰੂ ਬਾਲਕ ਸਿੰਘ ਜੀ ਦਾ ਭਾਈ ਮੰਨਾ ਸਿੰਘ ਉਪਜ ਵਧਾਉਣ ਵਾਸਤੇ ਆਪਣੀ ਪੈਲੀ ਵਿਚ ਖੂਹ ਲਆਉਣ ਦੀ ਗੱਲ ਕਰਦਾ ਹੈ, ਪਰ ਗੁਰੂ ਜੀ ਉਹਨੂੰ ਕਹਿੰਦੇ ਹਨ ਫਿਰ ਕਦੇ ਮਾਲੂ ਬਣਵਾਓ ਕਦੇ ਟਿੰਡਾਂ, ਕਦੇ ਬੀ ਲਿਆਓ ਕਦੇ ਗਾਹਕ ਲਭੋ, ਕਦੇ ਪਸ਼ੂਆਂ ਦਾ ਉਜਾੜਾ। ਮਹਿਕਮਾ ਮਾਲ ਦੇ ਕਰਮਚਾਰੀ ਤਾਂ ਕਬੀਰ ਜੀ ਦੇ ਵੇਲੇ ਤੋਂ ਹੀ ਭਗਤ ਜਨਾਂ ਨੂੰ ਤੰਗ ਕਰਦੇ ਆਏ ਹਨ:

"ਪਟਵਾਰੀ ਦੇ ਅੱਗੇ ਪਿੱਛੇ, ਸਾਨੂੰ ਫਿਰਨਾਂ ਪੈਣਾਂ।
ਨਹੀਂ ਤੇ ਰੱਛ ਕਚਹਿਰੀ ਕਰ ਉਸ ਵੱਧ ਮਾਮਲਾ ਲੈਣਾ।
ਨੰਬਰਦਾਰ ਦੀ ਦੱਸ ਭਾਈ ਕਰੇ ਖ਼ੁਸ਼ਾਮਦ ਕਿਹੜਾ
ਐਸੇ ਦੁਖਾਂ ਨਾਲ ਅਸਾਡਾ ਭਰਿਆ ਰਹੇਗਾ ਵਿਹੜਾ।"[17]

ਅੰਗਰੇਜ਼ ਸਰਕਾਰ ਨੇ ਹਜ਼ਰੋ ਸਾਹਿਬ ਨੂੰ ਜਾਣ ਵਾਲੇ ਪੱਤਣਾਂ ਤੇ ਪਹਿਰੇ ਬੈਠਾ ਦਿੱਤੇ ਹਨ ਪਰ ਫਿਰ ਵੀ ਗੁਰੂ ਦਰਸ਼ਨਾਂ ਦੇ ਭੌਰੇ ਹੀਲੇ ਵਸੀਲੇ ਕਰ ਕੇ ਪੁਜ ਜਾਂਦੇ ਹਨ। ਵੱਡੇ ਵੱਡੇ ਅਭਿਮਾਨੀ ਗਿਆਨ ਚਰਚਾ ਲਈ ਆਉਂਦੇ ਹਨ ਅੱਖਾਂ ਨੀਵੀਆਂ ਕਰ ਕੇ ਜਾਂਦੇ ਹਨ। ਪੁਲੀਸ ਦਾ ਥਾਣੇਦਾਰ ਹੱਟੀਉਂ ਹੱਟੀ ਲਿਖਵਾਉਂਦਾ ਹੈ ਕਿ ਕੋਈ ਗੁਰੂ ਬਾਲਕ ਸਿੰਘ ਜੀ ਦਾ ਸਿੱਖ ਤਾਂ ਨਹੀਂ। ਭਾਈ ਮੁਖਾ ਜਦੋਂ ਇਹ ਇਕਰਾਰ ਕਰਦਾ ਹੈ ਥਾਣੇਦਾਰ ਤੋਂ ਚੁਪੇੜਾਂ ਖਾਂਦਾ ਹੈ। ਭਾਈ ਮੰਨਾ ਸਿੰਘ ਡਰਦਾ ਵੀ ਹੈ ਪਰ ਗੁਰੂ ਕਿਰਪਾ ਕਰਕੇ ਸੁਰਖ਼ਰੀਆ ਬਣ ਜਾਂਦਾ ਹੈ ਭਾਈ ਧਨੀ ਰਾਮ ਦੀ ਬਖ਼ਸ਼ਿਸ਼ ਸਦਕਾ। ਗੁਰੂ ਰਾਮ ਸਿੰਘ ਜੀ ਤੇ ਗੁਰੂ ਬਾਲਕ ਸਿੰਘ ਜੀ ਦੇ ਦੋਬਾਰਾ ਮੇਲ ਦਾ ਪਰਸੰਗ ਵੀ ਲਿਖਿਆ ਹੈ। ਇਉਂ ਭਗਤੀ ਰਸ ਵਿਚ ਗੁੰਧੀ ਇਸ ਰਚਨਾ ਵਿਚ ਸ਼ਾਂਤ ਰਸ ਭਰਪੂਰ ਹੈ। ਗੁਰੂ ਬਾਲਕ ਸਿੰਘ ਜੀ ਵਰਗੀ ਮੁਕਾਬਲਤਨ ਘੱਟ ਜਾਣੇ ਜਾਂਦੇ ਇਤਿਹਾਸਕ ਵਿਅਕਤੀ ਦੇ ਜੀਵਨ ਵੇਰਵਿਆਂ ਦੀਆਂ ਤੰਦਾਂ ਫੜਨ ਲਈ ਅਤੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਦੇ ਮਰਮ ਨੂੰ ਸਮਝਣ ਲਈ ਇਹ ਮਹਾਂਕਾਵਿ ਮੱਦਦਗਾਰ ਸਿੱਧ ਹੋਵੇਗਾ।

ਇਸ ਵਿੱਚ ਇਕੋ ਹੀ ਛੰਦ ਦਵੱਈਆ ਵਰਤਿਆ ਹੈ। ਇਸਨੂੰ ਸਰਗਾਂ ਦੀ ਬਜਾਏ ਛੋਟੇ ਕਾਂਡਾਂ ਵਿੱਚ ਵੰਡਿਆ ਗਿਆ ਹੈ। ਇਸ ਵਿਚ ਪ੍ਰਕਿਰਤੀ ਚਿਤਰਣ ਦੀ ਘਾਟ ਵੀ ਰੜਕਦੀ ਹੈ। ਕਥਾ ਰਸ ਦਾ ਚੋਖਵਾਂ ਪ੍ਰਭਾਵ ਨਹੀਂ ਪੈਂਦਾ ਜਿਸ ਦਾ ਕਾਰਨ ਇਹੋ ਹੈ ਕਿ ਗੁਰੂ ਬਾਲਕ ਸਿੰਘ ਜੀ ਦੇ ਜੀਵਨ ਵੇਰਵਿਆਂ ਦੇ ਸਰੋਤ ਬਹੁਤ ਘੱਟ ਮਿਲਦੇ ਹਨ। ਪ੍ਰੰਤੂ ਫਿਰ ਵੀ ਇਸ ਵਿੱਚ ਮਾਨਵਵਾਦ ਦੇ ਥਾਂ ਥਾਂ ਤੇ ਦਰਸ਼ਨ ਹੁੰਦੇ ਹਨ। ਨੇਕੀ ਤੇ ਬਦੀ ਦੀ ਜੰਗ ਵਾਂਗੂ, ਕੂੜ ਕੁਸੱਤ ਦੀ ਲੜਾਈ ਜਿਉਂ। ਇਸ ਵਿਚ ਦੁਨਿਆਵੀ ਲੋੜਾਂ ਲਾਲਚਾਂ ਦੇ ਮੁਕਾਬਲੇ ਤੇ ਆਤਮਿਕ ਸਰੂਰ ਮਾਨਣ ਵਾਲੀਆਂ ਹਸਤੀਆਂ ਦੀ ਫਰੋਹ ਨੂੰ ਚਿਤਰਿਤ ਕੀਤਾ ਗਿਆ ਹੈ। ਨਿਰੋਲ ਪ੍ਰਮਾਰਥ ਨੂੰ ਵਿਸ਼ਾ ਬਣਾ ਕੇ ਮਹਾਂ ਕਾਵਿ ਲਿਖਣ ਦੇ ਬਿਖੜੇ ਕਾਰਜ ਨੂੰ ਮਾਸਟਰ ਜੀ ਨੇ ਪਰਵਾਨ ਕੀਤਾ ਹੈ ਜਿਸ ਵਿਚ ਉਹ ਕਾਫ਼ੀ ਸਫ਼ਲ ਹੋਏ ਹਨ।

ਭਾਸ਼ਾ ਦੇ ਪੱਖੋਂ ਕੇਂਦਰੀ ਪੰਜਾਬੀ ਵਰਤੀ ਗਈ ਹੈ। ਪਾਤਰਾਂ ਨੂੰ ਜਿਊਂਦੇ ਪਾਤਰ ਬਨਾਉਣ ਲਈ ਕਿਤੇ ਕਿਤੇ ਪੋਠੋਹਾਰੀ ਦੇ ਸ਼ਬਦ ਵਿਚ ਆ ਜਾਂਦੇ ਤਾਂ ਹੋਰ ਵੀ ਸੋਨੇ 'ਤੇ ਸੁਹਾਗਾ ਹੁੰਦਾ। ਮਾਸਟਰ ਜੀ ਨੇ ਜਿੱਥੇ ਤੱਕ ਪੰਜਾਬੀ ਸ਼ਬਦ ਭੰਡਾਰ ਵਿਚੋਂ ਸਰ ਗਿਆ ਹੈ ਕੰਮ ਚਲਾਇਆ ਹੈ, ਸਿਰਫ਼ ਆਪਣੀ ਵਿਦਵਤਾ ਦੇ ਪ੍ਰਗਟਾਵੇ ਲਈ ਅੰਗਰੇਜ਼ੀ ਜਾਂ ਅਰਬੀ ਫ਼ਾਰਸੀ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਉਹਨਾ ਦੀ ਸ਼ਬਦ ਚੋਣ ਮੌਕੇ ਮੁਤਾਬਕ ਢੁਕਵੀਂ ਅਤੇ ਵਜ਼ਨਦਾਰ ਹੁੰਦੀ ਹੈ। ਗੁਰਬਾਣੀ ਦੀਆਂ ਤੁਕਾਂ ਮੁੰਦਰੀ ਵਿਚ ਨਗਾਂ ਵਾਂਗੂੰ ਜੜੀਆਂ ਹਨ:

Sri Satguru Jagjit Singh Ji eLibrary NamdhariElibrary@gmail.com

ਪਰ ਕਰਮਾਂ ਬਿਨ ਮਿਲਦਾ ਨਾਹੀਂ ਗੁਰਾਂ ਨੇ ਕਿਹਾ ਉਚਾਰ।
ਕਰਮ ਮਿਲੇ ਤਾਂ ਪਾਈਐ ਹਰ ਹਿਕਮਤ ਹੁਕਮ ਖੁਆਰ।

ਸੇਜਲ ਨੇਤਰ ਨਾਲ ਗੁਰਾਂ ਨੇ ਦੱਸਿਆ ਹੈ ਬੇਪੀਰ।
ਲਾਗੀ ਹੋਇ ਸੁ ਜਾਨੈ ਪੀਰ। ਰਾਮ ਭਗਤ ਅਣਿਆਲੇ ਤੀਰ।

ਪੰਜਾਬੀ ਮੁਹਾਵਰੇ ਨੂੰ ਵਧੀਆ ਤਰ੍ਹਾਂ ਬੰਨ੍ਹਿਆਂ ਗਿਆ ਹੈ:

ਗੁਰਾਂ ਕਿਹਾ ਇਹ ਮਾਈ ਹੀ ਨਹੀਂ ਠਾਕੁਰ ਜੀ ਤੋਂ ਡਰਦੀ।
ਇਸ ਸਭ ਦੁਨੀਆਂ ਇਹਨਾਂ ਅੱਗੇ ਭਰਦੀ ਹਰ ਹਰ ਕਰਦੀ।

ਅਲੰਕਾਰਾਂ ਦੀ ਵਰਤੋਂ ਭਾਵੇਂ ਬਹੁਤੀ ਨਹੀਂ ਕੀਤੀ ਗਈ ਪਰ ਜਿੱਥੇ ਹੋਈ ਹੈ ਸੁਚੱਜੀ ਹੋਈ ਹੈ। ਅਨੁਪਰਾਸ ਅਲੰਕਾਰ ਨੂੰ ਵੇਖੋ:

ਆਖੇ ਮੈਂ ਅਨਭੋਲ ਗੁਰੂ ਜੀ ਗਿਆ ਮਾਰਿਆ ਤਾਂਹੀ।
ਅਪਰਾਧੀ ਅਗਿਆਨ ਅਵਸਥਾ, ਬਖਸ਼ ਲਵੋ ਖਿਨ ਮਾਂਹੀ।

ਉਹਨਾਂ ਦੀਆਂ ਕੁਝ ਤੁਕਾਂ ਤਾਂ ਲੋਕ ਅਖਾਣਾਂ ਦਾ ਰੂਪ ਧਾਰਨ ਕਰਨ ਦੀ ਸਮਰੱਥਾ ਰੱਖਣ ਵਾਲੀਆਂ ਅਟੱਲ ਸੱਚਾਈਆਂ ਹਨ:

ਪਰ ਕੀ ਜਾਣੇ ਨੀਵੇਂ ਹੋਣਾ, ਉਚਿਆਂ ਦੀ ਨੀਸ਼ਾਨੀ।

... ...

ਸਿਖ ਚਾਵਾਂ ਸੰਗ ਭਰ ਜਾਂਦੇ, ਜਦ ਸਰਨ ਗੁਰਾਂ ਦੀ ਜਾਏ।

... ...

ਜਾਤ ਅਭਿਮਾਨ ਜੋ ਕਰਦਾ ਉਸਦਾ ਸਭ ਕੁਝ ਨਿਹਫਲ ਜਾਂਦਾ।
ਨਾ ਉਹਦਾ ਨਿਸਤਾਰਾ ਹੁੰਦਾ, ਨਾ ਉਹ ਮੁਕਤੀ ਪਾਂਦਾ।

... ...

ਚੰਗੇ ਕੰਮ ਕਰੇ ਜੋ ਭਾਈ ਸੁਖ ਹੈ ਏਥੇ ਓਥੇ।
ਮੰਦੇ ਕੰਮੀਂ ਜਦ ਕਦ ਮੰਦਾ, ਪੜ੍ਹ ਵੇਖੋ ਸਭ ਪੋਥੇ।

ਗੁਰਾਂ ਤੋਂ ਭੁੱਲ ਬਖਸ਼ਾਓ, ਨਹੀਂ ਤੇ ਕੀਤੀ ਕੱਤਰੀ ਜਾਣੀ।
ਗੁਰੂ ਬਿਨਾਂ ਹੈ ਭਗਤੀ, ਜੀਵਨ ਪਾਣੀ ਵਿਚ ਮਧਾਣੀ।

ਗੁਰੂ ਦੀ ਵਿਲੱਖਣ ਹਸਤੀ ਦੀ ਮਹਿਮਾ ਨਾਲ ਵੀ ਇਹ ਰਚਨਾ ਭਰਪੂਰ ਹੈ, ਕਿਉਂ ਜੁ ਕੂਚ ਲੇਖੇ ਪਾੜ ਰਿਹਾ ਹੈ ਅਤੇ ਲੇਖਿਆਂ ਦੀ ਚਿੰਤਾ ਕਿਸ ਯੁੱਗ ਵਿਚ ਕਿਹਨੂੰ ਨਹੀਂ ਸਤਾਉਂਦੀ ਰਹੀ:

ਨਾਮ ਦਾਨ ਦੇ ਭਗਤੀ ਲਾਇਨ ਪਾੜ ਸੁੱਟੇ ਸਭ ਲੇਖੇ
ਬਖਸ਼ਣਹਾਰ ਗੁਰੂ ਜਿਸ ਸਾਡੇ ਔਗੁਣ ਕਦੇ ਨਾ ਵੇਖੇ।

ਮਹਾਂਕਾਵਿ 'ਜਿਨ ਮਾਰਗ ਦੀਆ ਬਤਾਇ' ਦੇ ਭੂਮਿਕਾ ਲੇਖਕ ਸਾਧੂ ਸਿੰਘ ਕਿਸਾਨ ਨਾਲ ਸਹਿਮਤ ਹੋਇਆ ਜਾ ਸਕਦਾ ਹੈ ਕਿ ਇਸ ਰਚਨਾ ਸਦਕਾ, ਨਾਮਧਾਰੀ ਜਗਤ ਵਿਚ, "ਇਹ ਇਕੱਲੀ ਪੁਸਤਕ ਵੀ ਇਹਨਾਂ ਨੂੰ ਸਦਾ ਜੀਊਂਦੇ ਰੱਖਣ ਲਈ ਕਾਫੀ ਹੈ।" ਪਰ ਆਓ ਆਪਾਂ ਆਸ ਰੱਖੀਏ ਕਿ ੧੯੮੭ ਤੋਂ ਬਾਅਦ ਦੇ ਇਸ ਉਥਲ-ਪੁਥਲ ਵਾਲੇ ਸਮੇਂ ਬਾਰੇ, ਜਦੋਂ ਮਾਸਟਰ ਜੀ ਕੋਈ ਨਵੀਂ ਰਚਨਾ ਸਾਡੀ ਝੋਲੀ ਪਾਉਣਗੇ, ਤਾਂ ਇਸ ਸਮੇਂ ਦੇ ਪਰਤੱਖ ਦਰਸ਼ੀ ਹੋਣ ਕਾਰਨ ਉਹਨਾਂ ਦਾ ਬਿਆਨ ਵਧੇਰੇ ਯਥਾਰਥਕ ਅਤੇ ਕਵਿਤਾ ਵੀ ਨਿੱਗਰ ਹੋਵੇਗੀ।

Sri Satguru Jagjit Singh Ji eLibrary NamdhariElibrary@gmail.com

ਫੁੱਟ ਨੋਟ:

1. ਜਿਨ ਮਾਰਗ ਦੀਆਂ ਬਰਕਤਿ, ਸਫ਼ਾ ੧੩
2. ਉਹੀ, ਸਫ਼ਾ ੧੪
3. ਉਹੀ, ਸਫ਼ਾ ੧੬
4. ਉਹੀ, ਸਫ਼ਾ ੨੧
5. ਉਹੀ, ਸਫ਼ਾ ੨੫
6. ਉਹੀ, ਸਫ਼ਾ ੩੪
7. ਉਹੀ, ਸਫ਼ਾ ੪੨
8. ਉਹੀ, ਸਫ਼ਾ ੫੩
9. ਉਹੀ, ਸਫ਼ਾ ੫੭
10. ਉਹੀ, ਸਫ਼ਾ ੫੮-੫੯
11. ਉਹੀ, ਸਫ਼ਾ ੬੨
12. ਉਹੀ, ਸਫ਼ਾ ੬੮
13. ਉਹੀ, ਸਫ਼ਾ ੮੩
14. ਉਹੀ, ਸਫ਼ਾ ੧੧੭
15. ਉਹੀ, ਸਫ਼ਾ ੧੦੯
16. ਉਹੀ, ਸਫ਼ਾ ੧੧੮
17. ਉਹੀ, ਸਫ਼ਾ ੧੩੬
18. ਉਹੀ, ਸਫ਼ਾ ੨੬
19. ਉਹੀ, ਸਫ਼ਾ ੧੯
20. ਉਹੀ, ਸਫ਼ਾ ੧੨੫
21. ਉਹੀ, ਸਫ਼ਾ ੫੩
22. ਉਹੀ, ਸਫ਼ਾ ੬੦
23. ਉਹੀ, ਸਫ਼ਾ ੭੮
24. ਉਹੀ, ਸਫ਼ਾ ੧੦੧
25. ਉਹੀ, ਸਫ਼ਾ ੧੦੫
26. ਉਹੀ, ਸਫ਼ਾ ੮੭
27. ਉਹੀ, ਸਫ਼ਾ ੯੪

Sri Satguru Jagjit Singh Ji eLibrary NamdhariElibrary@gmail.com

ਜਗਦੀਸ਼ ਸਿੰਘ 'ਵਰਿਆਮ' ਦੀ ਸਾਹਿਤਕ ਪੱਤਰਕਾਰੀ

"ਫੁੱਲਾਂ ਦੀ ਡਾਲ ਹਾਂ ਕਦੇ ਖੰਡੇ ਦੀ ਧਾਰ ਹਾਂ,
ਦੇਖਣ ਨੂੰ ਐਵੇਂ ਕਾਲਿਆਂ ਹਰਫ਼ਾਂ ਦੀ ਡਾਰ ਹਾਂ।
ਉਹ ਜੰਗ ਜਿਹੜੀ ਹਰ ਸਮੇਂ ਬੰਦੇ ਦੇ ਮਨ 'ਚ ਹੈ,
ਯਾਰੋ ਮੈਂ ਉਸ ਜੰਗ ਦਾ ਨਾਮਾ-ਨਿਗਾਰ ਹਾਂ। -ਸੁਰਜੀਤ ਪਾਤਰ

ਮੈਂ ਉਸ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਨਿਰਾ ਜਗਦੀਸ਼ ਸਿੰਘ ਜਾਂ ਜਗਦੀਸ਼ ਸਿੰਘ 'ਜੰਮੂ' ਹੁੰਦਾ ਸੀ। ਕਿਉਂ ਜੁ ਜਲੰਧਰ ਤੋਂ ਕਾਰੋਬਾਰ ਦੇ ਸਿਲਸਿਲੇ ਵਿਚ ਉਹ ਜੰਮੂ ਪੁੱਜ ਗਿਆ ਸੀ। ਸੰਨ ੧੯੬੫ ਈ. ਵਿਚ ਨਾਮਧਾਰੀ ਵਿਦਿਅਕ ਜਥੇ ਦਾ ਪਹਿਲਾ ਸੰਮੇਲਨ ਸ੍ਰੀ ਭੈਣੀ ਸਾਹਿਬ ਦੀ ਤਪੋ-ਭੂਮੀ ਵਿਖੇ ਹੋਇਆ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਮੇਲਨ ਤੇ ਪਹੁੰਚਣ ਦੇ ਹੁਕਮ ਦੀ ਉਲੰਘਣਾ ਜਥੇਦਾਰ ਨੱਥਾ ਸਿੰਘ ਦੇਹ ਵਾਲਿਆਂ ਦਾ ਪੁੱਤਰ ਨਾ ਕਰ ਸਕਿਆ ਅਤੇ ਰੁਜ਼ਗਾਰ ਖੁੱਸਣ ਦਾ ਗਿਲਾ ਵੀ ਕਿਸੇ ਨਾਲ ਨਾ ਕੀਤਾ। ਕਿਉਂ ਜੁ ੯-੧੦ ਦਿਨ ਨਵਾਂ ਧੰਦਾ ਜੇ ਬੰਦ ਕਰ ਦੇਈਏ ਤਾਂ ਦੁਬਾਰਾ ਕਦੋਂ ਚੱਲਦਾ ਹੈ? ਜਗਦੀਸ਼ ਸਿੰਘ ਨੂੰ ਆਪਣੀ ਹੋਣੀ ਦਾ ਅਹਿਸਾਸ ਹੋ ਗਿਆ ਸੀ। ਕੁਝ ਪਾਉਣ ਲਈ ਬਹੁਤ ਕੁਝ ਤਿਆਗਣਾ ਪੈਂਦਾ ਹੈ ਅਤੇ ਬੇਕਾਰੀ ਤਾਂ ਉਹ ਸਮੱਸਿਆ ਹੈ ਜੋ ਗੋਸਾਈਂ ਤੁਲਸੀ ਦਾਸ ਦੇ ਸਮੇਂ ਤੋਂ ਹੀ ਕਲਮਾਂ ਵਾਲਿਆਂ ਨੂੰ ਤੰਗ ਕਰਦੀ ਰਹੀ ਹੈ-

"ਜੀਵਿਕਾ ਵਿਹੀਨ ਲੋਗ ਸੀਧਮਾਨ ਸੋਚ ਬਸ
ਕਹੈਂ ਏਕ ਏਕਨ ਸੇ-"ਕਹਾਂ ਜਾਈ ਕਾ ਕਰੀ?"

ਪੰਜਾਬੀ ਵਿਚ ਪੱਤਰਕਾਰੀ ਅਤੇ ਉਹ ਵੀ ਸਾਹਿਤਕ ਪੱਤਰਕਾਰੀ ਦੇ ਬਿਖਮ ਮਾਰਗ ਤੇ ਚੱਲਣਾ, ਤਣੀ ਹੋਈ ਰੱਸੀ ਉੱਤੇ ਚੱਲਣ ਜਿਉਂ ਹੈ। ਮਲੇਰ ਕੋਟਲੇ ਦੇ ਕੂਕਾ ਸ਼ਹੀਦ ਵਰਿਆਮ ਸਿੰਘ ਨੂੰ ਮਧਰੇ ਕੱਦ ਦੇ ਬਹਾਨੇ ਛੱਡਿਆ ਜਾਣਾ ਸੀ। ਕਵੀ ਤਾਰਾ ਸਿੰਘ ਨੇ ਓਸੇ ਬਾਬਤ ਲਿਖਿਆ ਹੈ:

"ਜਿਨ੍ਹਾਂ ਦੇ ਕੱਦ ਛੋਟੇ ਸੀ,
ਉਹਨਾਂ ਚਾਰ ਇੱਟਾਂ ਰੱਖੀਆਂ ਪੈਰਾਂ ਤਲੇ,
ਤੇ ਹੋ ਗਏ ਬਾਲਗ।"

ਉਸ ਸ਼ਹੀਦ ਦੀ ਯਾਦ ਨੂੰ ਸਮਰਪਿਤ ਪਰਚਾ "ਵਰਿਆਮ" ਬਾਈ ਦਹਾਕੇ ਪਹਿਲੋਂ ਜਲੰਧਰੋਂ ਛਪਣਾ ਸ਼ੁਰੂ ਹੋਇਆ। ਪਹਿਲੇ ਪੰਜਾਂ-ਛੇਆਂ ਵਰ੍ਹਿਆਂ ਵਿਚ ਹੀ ਇਸ ਪਰਚੇ ਨੇ ਆਪਣੀ ਪਹਿਚਾਣ ਨਾ ਸਿਰਫ਼ ਦੇਸ਼ ਵਿਚ ਹੀ ਸਗੋਂ ਹੋਰਨਾਂ ਪੰਜਾਬੀ ਸਮਝੇ ਜਾਣ ਵਾਲੇ ਦੇਸ਼ਾਂ ਵਿਚ ਵੀ ਬਣਾ ਲਈ। ਜਗਦੀਸ਼ ਸਿੰਘ ਦੇ ਨਾਂ ਨਾਲ ਪਰਚਾ 'ਵਰਿਆਮ' ਇਸ ਕਦਰ ਜੁੜ ਗਿਆ ਕਿ ਜਗਦੀਸ਼ ਸਿੰਘ ਤੋਂ ਬਿਨਾਂ 'ਵਰਿਆਮ' ਦੀ ਅਤੇ 'ਵਰਿਆਮ' ਤੋਂ ਬਿਨਾਂ ਜਗਦੀਸ਼ ਸਿੰਘ ਦੀ ਹੋਂਦ ਸਵੀਕਾਰੀ ਹੀ ਨਹੀਂ ਜਾ ਸਕਦੀ। ਜਦੋਂ ਉਸ ਨੂੰ ਪਰਚਾ ਕੱਢਦਿਆਂ ਪੂਰੇ ਸੋਲ੍ਹਾਂ ਵਰ੍ਹੇ ਹੋ ਗਏ ਤਾਂ ਪੱਤਰਕਾਰੀ ਨਾਲ ਆਪਣੇ ਇਸ਼ਕ ਬਾਰੇ ਉਸ ਅਕਬਰ ਅਲਾਹਾਬਾਦੀ ਦੇ ਬਹਾਨੇ ਨਾਲ ਗੱਲ ਕੀਤੀ ਸੀ-

"ਕੁਝ ਨਤੀਜਾ ਨਾ ਸਹੀ ਇਸ਼ਕ ਕੀ ਉਮੀਦੋਂ ਕਾ,
ਦਿਲ ਤੋਂ ਬਹੁਤਾ ਹੈ ਤਬੀਅਤ ਤੋ ਬਹਲ ਜਾਤੀ ਹੈ।"

Sri Satguru Jagjit Singh Ji eLibrary NamdhariElibrary@gmail.com

ਜਿਹੜੀਆਂ ਮੁਸ਼ਕਿਲਾਂ ਏਨੇ ਲੰਮੇ ਸਮੇਂ ਵਿਚ ਉਸਨੂੰ ਦਰਪੇਸ਼ ਆਈਆਂ, ਉਨ੍ਹਾਂ ਉੱਤੇ ਇਕ ਦਾਰਸ਼ਨਿਕ ਅੰਦਾਜ਼ ਵਿਚ ਟਿੱਪਣੀ ਕਰਦਿਆਂ ਉਸ ਲਿਖਿਆ:

"ਜੀਵਨ ਵਿਚ ਵਿਵਸਾਏ ਵਾਸਤੇ ਦੌੜ-ਭੱਜ, ਖੋਹ-ਖਿੱਚ, ਸੌਂਤ-ਅਸੌਂਤ ਦੇ ਭੇੜ, ਮੋਹ-ਮਾਇਆ, ਲਾਲਚ ਦੇ ਤਮਾਸ਼ੇ, ਮਾਨ-ਅਪਮਾਨ ਦੀ ਖੇਡ ਅਤੇ ਹੋਰ ਸ਼ਬਦਾਂ ਤੋਂ ਬਾਹਰੀਆਂ ਕਰਤੂਤਾਂ ਵੇਖ ਕੇ ਭਰਥਰੀ ਹਰੀ ਦੀ ਗੱਲ ਬੜੀ ਚੰਗੀ ਲੱਗਦੀ ਹੈ-

"ਵਿਧਾਤਾ ਨੇ ਆਪਣੇ ਲਿਲਾਟ ਫਲਕ 'ਤੇ ਜੋ ਥੋੜ੍ਹਾ ਬਹੁਤ ਧਨ ਲਿਖ ਦਿੱਤਾ ਹੈ ਉਹ ਉਸ ਨੂੰ ਰੇਗਿਸਤਾਨ ਵਿਚ ਵੀ ਮਿਲ ਜਾਂਦਾ ਹੈ ਅਤੇ ਇਸ ਤੋਂ ਵੱਧ ਮੇਰੂ ਪਰਬਤ, ਸੋਨੇ ਦੇ ਪਹਾੜ ਉੱਤੇ ਵੀ ਨਹੀਂ ਮਿਲ ਸਕਦਾ।

ਇਸ ਵਾਸਤੇ ਹੇ ਮਨੁੱਖ ਧੀਰਜਸ਼ਾਲੀ ਬਣੋ। ਧਨਵਾਨਾਂ ਦੇ ਅੱਗੇ ਬੇਅਰਥ ਆਪਣੀ ਦੀਨ ਬ੍ਰਿਤੀ ਮੱਤ ਕਰੋ। ਵੇਖੋ ਘੜਾ ਖੂਹ ਅਤੇ ਸਮੁੰਦਰ ਵਿਚ ਵੀ ਬਰਾਬਰ ਪਾਣੀ ਗ੍ਰਹਿਣ ਕਰਦਾ ਹੈ।"

(ਵਰਿਆਮ, ਨਵੰਬਰ, ੧੯੯੧)

ਜਗਦੀਸ਼ ਸਿੰਘ 'ਵਰਿਆਮ' ਇਕ ਬਹੁ-ਆਯਾਮੀ ਸ਼ਖ਼ਸੀਅਤ ਦੇ ਸੁਆਮੀ ਹਨ। ਪਹਿਲੀ ਗੱਲ ਉਨ੍ਹਾਂ ਬਾਰੇ ਇਹ ਕਹਾਂਗਾ ਕਿ ਪ੍ਰਿੰਸੀਪਲ ਤੇਜਾ ਸਿੰਘ ਦੇ "ਸਾਊਪੁਣੇ" ਵਾਲੇ ਲੇਖ ਦੀਆਂ ਸਾਰੀਆਂ ਸ਼ਰਤਾਂ 'ਤੇ ਉਹ ਖਰੇ ਉਤਰਦੇ ਹਨ। ਇਕ ਸਾਊ ਸੱਜਣ ਹਨ। ਬੋਲ-ਚਾਲ ਲੇਖਣੀ ਵਿਚ ਹਲੀਮੀ ਦਾ ਪੱਲਾ ਘੁੱਟ ਕੇ ਫੜੀ ਰੱਖਦੇ ਹਨ। ਨਿਮਰਤਾ ਦੀ ਮੂਰਤ ਦਾ ਨਾਂ ਹੈ ਜਗਦੀਸ਼ ਸਿੰਘ 'ਵਰਿਆਮ'।

ਉਹ ਬਹੁਤ ਵਧੀਆ ਸੰਗਠਨ-ਕਰਤਾ ਵੀ ਹੋ ਨਿੱਬੜੇ ਹਨ। ਇਕ ਸ਼ਾਨਦਾਰ ਪਰਚੇ ਨੂੰ ਚੌਥਾਈ ਸਦੀ ਚਾਲੂ ਰੱਖ ਕੇ ਆਪਣੀ ਪ੍ਰਬੰਧ ਕੁਸ਼ਲਤਾ ਦਾ ਲੋਹਾ ਤਾਂ ਉਹਨਾਂ ਮੰਨਵਾ ਹੀ ਲਿਆ ਹੈ। ਨਾਮਧਾਰੀ ਵਿਦਿਅਕ ਜੱਥਾ, ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਲੇਖਕ ਸਭਾ, ਜਲੰਧਰ ਅਤੇ ਨਾਮਧਾਰੀ ਦਰਬਾਰ ਦੇ ਮੋਹਰੀ ਅਹੁਦਿਆਂ 'ਤੇ ਉਹ ਬਿਰਾਜਮਾਨ ਰਹੇ ਹਨ ਤੇ ਹੁਣ ਵੀ ਹਨ। ਮੇਰੀ ਜਾਣਕਾਰੀ ਦੇ ਘੇਰੇ ਤੋਂ ਬਾਹਰ ਵੀ ਉਹਨਾਂ ਦੇ ਕਈ ਕਾਰਜ-ਖੇਤਰ ਹਨ। ਜਲੰਧਰ ਦੀਆਂ ਪੰਜਾਬੀ ਲੇਖਕਾਂ ਦੀਆਂ ਮੀਟਿੰਗਾਂ, ਗੋਸ਼ਟੀਆਂ ਤੋਂ ਲੈ ਕੇ ਏਸ਼ੀਆ, ਯੂਰਪ, ਅਮਰੀਕਾ ਅਤੇ ਅਫ਼ਰੀਕਾ ਮਹਾਂਦੀਪਾਂ ਵਿਚ ਸਮੇਂ ਸਮੇਂ ਹੋਣ ਵਾਲੇ ਕੌਮਾਂਤਰੀ ਸੰਮੇਲਨਾਂ ਵਿਚ ਵੀ ਉਹਨਾਂ ਆਪਣਾ ਬਣਦਾ ਯੋਗਦਾਨ ਪਾਇਆ ਹੈ। ਨਾਮਧਾਰੀ ਸਮਾਜ ਨਾਲ ਜੁੜੇ ਹੋਣ ਕਾਰਨ ਹੋਲੇ ਮਹੱਲੇ, ਅੱਸੂ ਦੇ ਮੇਲੇ, ਸੰਗੀਤ ਸੰਮੇਲਨ, ਸ਼ਾਕਾਹਾਰੀ ਸੰਮੇਲਨ, ਪ੍ਰਸਿੱਧ ਨਾਮਧਾਰੀ ਸਾਹਿਤਕ ਅਤੇ ਇਤਿਹਾਸਕ ਵਿਅਕਤੀਆਂ ਦੇ ਸੰਮੇਲਨਾਂ ਵਿਚ ਉਹਨਾਂ ਦਾ ਸ਼ਾਮਲ ਹੋਣਾ ਗਰੰਟੀਸ਼ੁਦਾ ਹੁੰਦਾ ਹੈ। ਫੇਰ ਇਹਨਾਂ ਸਾਰਿਆਂ ਸੰਮੇਲਨਾਂ ਦੀ ਸੰਖੇਪ ਪਰ ਭਾਵਪੂਰਕ ਰਪਟ ਆਪਣੇ ਪਰਚੇ ਲਈ ਉਹ ਖ਼ੁਦ ਤਿਆਰ ਕਰਦੇ ਹਨ ਜਿਹਨੂੰ ਪੜ੍ਹਦਿਆਂ ਕਦੇ ਵੀ ਅਕੇਵਾਂ ਮਹਿਸੂਸ ਨਹੀਂ ਹੁੰਦਾ। ਦੇਸ਼ ਵਿਚਲੇ ਅਤੇ ਬਾਹਰਲੇ ਦੌਰਿਆਂ ਦੇ ਯਾਤਰਾ ਬਿਰਤਾਂਤ ਵੀ ਉਹਨਾਂ ਦੀ ਲੇਖਣੀ ਦਾ ਸ਼ਿੰਗਾਰ ਬਣਦੇ ਹਨ।

ਉਹ ਬਹੁਤ ਥੋੜ੍ਹਾ ਅਤੇ ਬਹੁਤ ਠੋਸ ਲਿਖਣ ਦੇ ਅਸੂਲ ਦੇ ਧਾਰਨੀ ਹਨ। ਉਹ ਉਹਨਾਂ ਸੰਪਾਦਕਾਂ ਵਿਚੋਂ ਨਹੀਂ ਜੋ ਸਾਰੇ ਪਰਚੇ 'ਤੇ ਖ਼ੁਦ ਹੀ ਛਾਏ ਰਹਿੰਦੇ ਹਨ। ਉਹ ਪਰਚੇ ਵਿਚ ਸੰਪਾਦਕੀ ਦੇ ਨਾਂ 'ਤੇ ਚਲੰਤ ਮਾਮਲਿਆਂ ਬਾਰੇ ਸਟੀਕ ਟਿੱਪਣੀਆਂ ਤਾਂ ਕਰਦੇ ਹਨ ਪਰ "ਵਰਿਆਮ" ਦੇ ਹਰ ਸਫ਼ੇ ਅਤੇ ਹਰ ਰਚਨਾ ਵਿਚ ਉਹਨਾਂ ਦੀ ਚੋਣ ਛਾਪ ਮੌਜੂਦ ਰਹਿੰਦੀ ਹੈ। ਇਹਨਾਂ ਸਮਕਾਲੀ ਘਟਨਾਵਾਂ ਬਾਰੇ ਲਿਖਣ ਨੂੰ ਕਈ ਵੱਡੇ ਲੇਖਕ ਛੋਟਾ ਕੰਮ ਸਮਝਦੇ ਹਨ। ਪ੍ਰਸਿੱਧ ਹਿੰਦੀ ਵਿਅੰਗਕਾਰ ਹਰੀ ਸ਼ੰਕਰ ਪਾਰਸਾਈ ਇਸ ਤਰ੍ਹਾਂ ਦੀ ਸੋਚ ਦੀ ਖਿੱਲੀ ਉਡਾਉਂਦੇ ਹਨ:

"ਮੈਨੂੰ ਗਿਆਨੀਆਂ ਨੇ ਲਗਾਤਾਰ ਸਲਾਹ ਦਿੱਤੀ ਕਿ ਕੁਝ ਸ਼ਾਸਵਤ ਲਿਖੋ। ਐਸਾ ਲਿਖੋ ਜੋ ਅਮਰ ਹੋ ਜਾਵੇ। ਇਸ ਤਰ੍ਹਾਂ ਦੀ ਸਲਾਹ ਦੇਣ ਵਾਲੇ ਕਦੇ ਦੇ ਮਰ ਗਏ ਹਨ। ਮੈਂ ਜਿੰਦਾ ਹਾਂ ਕਿਉਂਕਿ ਜੋ ਮੈਂ ਅੱਜ ਲਿਖਦਾ ਹਾਂ, ਕੱਲ੍ਹ ਮਰ ਜਾਂਦਾ ਹੈ। ਲੇਖਕਾਂ ਨੂੰ ਮੇਰੀ ਸਲਾਹ ਹੈ ਕਿ ਅਜਿਹਾ ਸੋਚ ਕੇ ਕਦੀ ਨਾ ਲਿਖੋ ਕਿ ਮੈਂ ਸ਼ਾਸਵਤ ਲਿਖ ਰਿਹਾ ਹਾਂ। ਸ਼ਾਸਵਤ ਲਿਖਣ ਵਾਲੇ ਤਾਂ ਤੁਰੰਤ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਆਪਣਾ ਲਿਖਿਆ ਜੋ ਰੋਜ਼ ਮਰਦਾ ਵੇਖਦੇ ਹਨ ਉਹੀ

Sri Satguru Jagjit Singh Ji eLibrary NamdhariElibrary@gmail.com

ਅਮਰ ਹੁੰਦੇ ਹਨ। ਜੋ ਆਪਣੇ ਯੁੱਗ ਦੇ ਪ੍ਰਤੀ ਈਮਾਨਦਾਰ ਨਹੀਂ ਉਹ ਅਨੰਤਕਾਲ ਦੇ ਪ੍ਰਤੀ ਕੀ ਈਮਾਨਦਾਰ ਹੋਵੇਗਾ ?" – ਹਿੰਦੀ ''ਪਹਿਲ'' ਦਾ ਪਨਵਾਂ ਅੰਕ, ਸਫ਼ਾ ੧੬੭

ਉਹ 'ਪ੍ਰਦੂਸ਼ਣ ਦਾ ਦੈਂਤ' ਸੰਪਾਦਕੀ ਲਿਖ ਕੇ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਵੇਈਂ ਨਦੀ ਦੀ ਹਾਲਤ ਤੇ ਚਿੰਤਾ ਪ੍ਰਗਟ ਕਰਦੇ ਲਿਖਦੇ ਹਨ–

"ਪਿਛਲੇਰੇ ਸਾਲਾਂ ਵਿਚ 'ਵਰਿਆਮ' ਦਾ ਇਕ ਵਾਤਾਵਰਨ ਅੰਕ ਅਸੀਂ ਪ੍ਰਕਾਸ਼ਿਤ ਕਰ ਸਕੇ ਸਾਂ, ਜਿਸ ਦੇ ਮੁੱਖ ਪੰਨੇ 'ਤੇ ਸੁਖਵੰਤ ਆਰਟਿਸਟ ਦੇ ਬਣਾਏ ਚਿੱਤਰ ਦੇ ਨਾਲ ਉਸ ਦਾ ਇਕ ਸ਼ੇਅਰ ਵੀ ਛਪਿਆ ਸੀ ਜੋ ਸਾਰੀ ਗੱਲ ਨੂੰ ਪ੍ਰਤੀਕਾਤਮਕ ਤੌਰ 'ਤੇ ਉਜਾਗਰ ਕਰਦਾ ਸੀ –

"ਤਿੜਕੀ ਧਰਤੀ 'ਚੋਂ ਤੇਜ਼ਾਬੀ ਬੂ ਆਵੇ।
ਕੁੱਖ 'ਚ ਲੈ ਕੇ ਰੋਗ ਚਿੜੀ ਕਿੱਧਰ ਜਾਵੇ।"

ਆਪਣਾ ਤੋੜਾ ਏਥੇ ਝਾੜਦੇ ਹਨ–

"ਵਾਤਾਵਰਨ ਦੀ ਸਵੱਛਤਾ ਸਾਡਾ ਸਾਰਿਆਂ ਦਾ ਸਾਂਝਾ ਕਰਤੱਵ, ਧਰਮ, ਫ਼ਰਜ਼ ਹੋਣਾ ਚਾਹੀਦਾ ਹੈ। ਸਰਕਾਰ ਨੇ ਇਸ ਮੰਤਵ ਲਈ ਮਹਿਕਮੇ ਬਣਾਏ ਹਨ। ਕਾਨੂੰਨ ਬਣਾਏ ਹਨ, ਪਰ ਲਾਗੂ ਕਰਨ ਵਾਲੇ ਤਾਂ ਇਨਸਾਨ ਹੀ ਹਨ। ਇਹ ਕਾਰਜ ਤਾਂ ਸਾਨੂੰ ਆਪਣੇ ਤੋਂ, ਆਪਣੇ ਘਰ ਤੋਂ ਹੀ ਸ਼ੁਰੂ ਕਰਨਾ ਪਵੇਗਾ। ਇਸ ਸਮੱਸਿਆ ਨੂੰ ਮਨੋ ਗੰਭੀਰਤਾ ਨਾਲ ਕਬੂਲਣਾ ਪਵੇਗਾ। ਇਸ ਕਾਰਜ ਵਿਚ ਅਵੇਸਲਾਪਨ ਘਾਤਕ ਸਿੱਧ ਹੋ ਰਿਹਾ ਹੈ।" –(ਵਰਿਆਮ, ਜੂਨ, ੧੯੯੬)

ਏਸੇ ਤਰ੍ਹਾਂ ਪੰਜਾਬ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਲਾਗੂ ਕਰਨ ਦੇ ਅਣਵਿਗਿਆਨਕ ਫ਼ੈਸਲੇ ਦੀ ਚੀਰਫਾੜ ਕਰਦਿਆਂ ਆਪਣੀ ਗੱਲ ਇਸ ਤਰ੍ਹਾਂ ਦੇ ਅੰਦਾਜ਼ ਨਾਲ ਸਮਾਪਤ ਕਰਦੇ ਹਨ–

"ਸਾਡੀ ਅਰਦਾਸ ਹੈ, ਹੇ ਸੱਚਿਆ ਪਾਤਸ਼ਾਹ ਬਾਬਾ ਨਾਨਕ। ਆਪਣੇ ਸਿੱਖਾਂ 'ਤੇ ਕਿਰਪਾ ਕਰ...ਅਤੇ ਮਲੇਛ ਭਾਖਾ ਦੀ ਕਾਬਜ਼ੇਦਾਰੀ ਤੋਂ ਰੱਖਿਆ ਕਰ।" –(ਵਰਿਆਮ, ਉਹੀ...)

ਇਸ ਤਰ੍ਹਾਂ ਦੀ ਗੱਲ ਆਪਣੀ ਬੋਲੀ ਬਾਰੇ ਉਹੀ ਲੇਖਕ ਕਰ ਸਕਦਾ ਹੈ ਜੋ ਇਸ ਨਾਲ ਪੂਰੀ ਤਰ੍ਹਾਂ ਜੁੜਿਆ ਹੋਵੇ। ਇਸ ਦੇ ਵਿਕਾਸ ਅਤੇ ਪ੍ਰਚਾਰ ਪ੍ਰਸਾਰ ਲਈ ਸਰਕਾਰੀ ਅਦਾਰਿਆਂ ਦੀ ਖ਼ਾਮੋਸ਼ੀ ਤੁੜਵਾਉਣ ਲਈ ਜਿਸ ਨੇ ਜਲਸੇ-ਜਲੂਸ, ਮੁਜ਼ਾਹਰੇ-ਮੀਟਿੰਗਾਂ, ਧਰਨਿਆਂ ਅਤੇ ਸਤਿਆਗ੍ਰਹਿਆਂ ਵਿਚ ਹਿੱਸਾ ਲਿਆ ਹੋਵੇ ਅਤੇ ਆਪਣੇ ਦੇਸ਼ ਵਿਚ ਹੀ ਵਿਦੇਸ਼ੀ ਭਾਸ਼ਾ ਦੇ ਦਾਅਵੇ ਤੋਂ ਆਪਣੀ ਭਾਸ਼ਾ ਨੂੰ ਮੁਕਤ ਕਰਵਾਉਣ ਲਈ ਧੂਹ-ਘੜੀਸ ਬਰਦਾਸ਼ਤ ਕੀਤੀ ਹੋਵੇ।

ਦੁਰਘਟਨਾਵਾਂ ਜ਼ਿੰਦਗੀ ਦਾ ਇਕ ਜ਼ਰੂਰੀ ਭਾਗ ਬਣਦੀਆਂ ਜਾ ਰਹੀਆਂ ਹਨ। ਕਦੇ ਡੱਬਵਾਲੀ ਅਗਨੀ ਕਾਂਡ, ਕਦੇ ਕਿਸੇ ਦਰਿਆ ਵਿਚ ਕਿਸ਼ਤੀ ਉਲਟ ਜਾਣੀ, ਦਿੱਲੀ ਵਿਚ ਜਮਨਾ ਦਰਿਆ ਵਿਚ ਡਿੱਗ ਕੇ ਬੱਚੇ ਮਰੇ ਤਾਂ 'ਵਰਿਆਮ' ਆਪਣੇ ਸੰਪਾਦਕੀ "ਬੱਚਿਆਂ ਨਾਲ ਦੁਰਘਟਨਾ" ਵਿਚ ਕੁਝ ਬਹੁਤ ਜ਼ਰੂਰੀ ਨੁਕਤੇ ਉਭਾਰਦਾ ਹੈ–

"ਅਜੇ ਕੁਝ ਸਮਾਂ ਪਹਿਲਾਂ ਇਸ ਪਾਸੇ ਧਿਆਨ ਦੁਆਇਆ ਸੀ ਕਿ ਤੁਸੀਂ ਸਵੇਰੇ-ਸਵੇਰੇ ਰਿਕਸ਼ਿਆਂ, ਬੱਘੀਆਂ ਨਾਲ ਲਟਕਦੇ ਬੱਚੇ ਜ਼ਹਿਰੀਲੇ ਧੂੰਏਂ ਵਿਚ ਜਾਂਦੇ ਆਮ ਵੇਖੇ ਹੋਣਗੇ। ਇਨ੍ਹਾਂ ਥਰੀ-ਵੀਲ੍ਹਰਾਂ ਵਿਚ ਅਕਸਰ ਮਿੱਟੀ ਦਾ ਤੇਲ ਪਾਇਆ ਜਾਂਦਾ ਹੈ। ਫਲਸਰੂਪ ਭਿਆਨਕ ਸ਼ੋਰ ਅਤੇ ਜ਼ਹਿਰੀਲਾ ਧੂੰਆਂ ਇਹਨਾਂ ਬੱਚਿਆਂ ਨੂੰ ਗ੍ਰਸ ਲੈਂਦਾ ਹੈ।... ਇਹ ਹੌਲੀ ਹੌਲੀ ਮੌਤ ਦੇ ਮੂੰਹ ਵੱਲ ਜਾ ਰਹੇ ਹੁੰਦੇ ਹਨ। ਇਕ ਇਕ ਰਿਕਸ਼ੇ ਵਿਚ ਵੀਹ ਵੀਹ ਨਿਆਣੇ। ਇਕ ਇਕ ਬੱਸ ਵਿਚ ਸਵਾ ਸੌ ਬੰਦਾ।... ਨਿਰੀਆਂ ਟਾਈਆਂ ਲੁਆ ਕੇ, ਸੈਂਕੜੇ ਰੁਪਏ ਦੀਆਂ ਫੀਸਾਂ ਦੇ ਕੇ ਅਤੇ ਅੰਗਰੇਜ਼ ਬਣਾਉਣ ਦਾ ਭਰਮ ਪੈਦਾ ਕਰਕੇ ਤਾਂ ਬੱਚਿਆਂ ਦਾ ਭਵਿੱਖ ਨਹੀਂ ਸੰਰ ਜਾਣਾ। ਹੈ ਕੋਈ ਇਹਨਾਂ ਦਾ ਸੱਚਾ ਹਮਦਰਦ, ਕੋਈ ਸਰਕਾਰ, ਕੋਈ ਲੀਡਰ, ਕੋਈ ਸਮਾਜ ਸੇਵਕ ਜੋ ਇਹਨਾਂ ਫੁੱਲਾਂ ਨੂੰ ਇਸ ਟਰੈਜਡੀ ਤੋਂ ਨਿਜਾਤ ਦੁਆਵੇ।" (ਵਰਿਆਮ, ਦਸੰਬਰ, ੧੯੯੭)

Sri Satguru Jagjit Singh Ji eLibrary NamdhariElibrary@gmail.com

ਵਰਿਆਮ ਦੇ ਵਿਸ਼ੇਸ਼ ਅੰਕਾਂ ਨੇ ਪੰਜਾਬੀ ਪੱਤਰਕਾਰਿਤਾ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ। ਸੂਬਾ ਸਾਹਿਬ ਸਿੰਘ ਅੰਕ ਦੇ ਸਰਵਰਕ 'ਤੇ ਛਪੇ ਚਿੱਤਰ ਤੇ ਉਕਰਿਆ ਸ਼ੇਅਰ ਕਿਸੇ ਵਿਆਖਿਆ ਦਾ ਮੁਥਾਜ ਨਹੀਂ:

"ਪਿਆਰ ਸਾਡੇ ਦੀ ਪਰਖ ਇਸ ਵਤਨ ਦੀ ਮਿਟੀ ਕਰੇ,
ਦੇਸ਼ ਦੀ ਸੁਆਧੀਨਤਾ ਪਲਦੀ ਲਹੂ ਦੇ ਆਸਰੇ।
ਮਿਟ ਗਏ ਜੋ ਵਤਨ ਦੀ ਇੱਜ਼ਤ ਲਈ,
ਯਾਦ ਉਹਨਾਂ ਦੀ ਸਦਾ ਸੱਜਰੀ ਰਹੇ, ਮਘਦੀ ਰਹੇ।"

"ਸੂਬਾ ਸਾਹਿਬ ਸਿੰਘ ਅੰਕ" ਭੇਜਣ ਦੀਆਂ ਚਿੱਠੀਆਂ ਅਬਦੁਲ ਗਫੂਰ ਕੁਰੇਸ਼ੀ ਵਰਗੇ ਪਾਕਿਸਤਾਨੀ ਲੇਖਕਾਂ ਵਲੋਂ ਵੀ ਆਈਆਂ। ਪੰਜਾਬੀ ਗਲਪ ਦੇ ਮੁੱਢਲੇ ਹਸਤਾਖਰ ਨਾਨਕ ਸਿੰਘ ਤੇ ਜੋ ਅੰਕ ਕੱਢਿਆ ਗਿਆ ਤਾਂ ਪੰਜਾਬੀ ਕਹਾਣੀ ਦੇ ਵਰਤਮਾਨ, ਵਰਿਆਮ ਸਿੰਘ ਸੰਧੂ ਬਾਰੇ ਵਰਿਆਮ ਦਾ ਵਿਸ਼ੇਸ਼ ਅੰਕ ਕਾਫ਼ੀ ਚਰਚਿਤ ਹੋਇਆ। ਪੰਜਾਬੀ ਟ੍ਰਿਬਿਊਨ ਵਿਚ ਸ਼ਾਮ ਸਿੰਘ ਲਿਖਦੇ ਹਨ-

ਪਰਚੇ 'ਵਰਿਆਮ' ਦੇ ਸੰਪਾਦਕ ਜਗਦੀਸ਼ ਸਿੰਘ 'ਸੱਜਣ ਸੋਈ ਨਾਲ ਮੈਂ...' ਵਿਚ ਆਪਣੇ ਵੱਲੋਂ ਲਿਖਦਿਆਂ ਲਿਖਿਆ ਕਿ ਅਠਾਰਾਂ ਸਾਲ ਪਹਿਲਾਂ ਵਰਿਆਮ ਰਸਾਲੇ ਦਾ ਜਨਮ ਹੋਇਆ। ਐਮਰਜੈਂਸੀ ਵਿਚ ਹਰ ਲਿਖਤ ਸੈਂਸਰ ਤੋਂ ਪਾਸ ਕਰਾਉਣੀ ਪੈਂਦੀ ਸੀ। ਇਕ ਦਿਨ ਇਕ ਦੋਸਤ ਸੈਂਸਰ ਅਧਿਕਾਰੀ ਨੇ ਘਰੇ ਦੀ ਗੱਲ ਸਮਝਾਈ- "ਤੁਸੀਂ ਭਲੇ ਆਦਮੀ ਹੋ ਤੇ ਘਰ ਦੀ ਗੱਲ ਮੈਂ ਤੁਹਾਨੂੰ ਦੱਸ ਦਿਆਂ। ਵਰਿਆਮ ਸੰਧੂ ਤੇ ਇਕ ਦੋ ਹੋਰ ਬੰਦਿਆਂ ਨੂੰ ਨਾ ਛਾਪੋ। ਅਸੀਂ ਇਹ ਹੀ ਕੱਟਾਂਗੇ। ਉਸ ਵੇਲੇ ਵਰਿਆਮ ਸੰਧੂ ਨੂੰ ਅਸੀਂ ਜਾਣਦੇ ਤੱਕ ਵੀ ਨਹੀਂ ਸਾਂ।"

ਕਮਾਲ ਇਹ ਹੈ ਕਿ ਇਸੇ ਮਾਸਿਕ ਪੱਤਰ 'ਵਰਿਆਮ' ਦਾ ਉਨ੍ਹੀਵੇਂ ਸਾਲ ਦਾ ਪਹਿਲਾ ਅੰਕ ਵਰਿਆਮ ਸਿੰਘ ਸੰਧੂ ਅੰਕ ਛਾਪਿਆ ਗਿਆ। -ਪੰਜਾਬੀ ਟ੍ਰਿਬਿਊਨ ੨੬-੧੧-੧੯੯੩

ਸੰਤ ਤਰਨ ਸਿੰਘ ਵਹਿਮੀ ਹੋਰਾਂ ਦੀ ਨਾਮਧਾਰੀ ਸਾਹਿਤ, ਇਤਿਹਾਸ, ਸਮਾਜ ਅਤੇ ਸੱਭਿਆਚਾਰ ਬਾਰੇ ਦੇਣ ਵਡਮੁੱਲੀ ਹੈ। ਉਹਨਾਂ ਦੇ ਜਿਉਂਦਿਆਂ "ਜਸ ਜੀਵਨ" ਦੀਆਂ ਦੋ ਜਿਲਦਾਂ ਹੀ ਛਪੀਆਂ ਸਨ ਅਤੇ ਜਿਸ ਤਰ੍ਹਾਂ ਦਾ ਹੁੰਗਾਰਾ ਲੇਖਕ ਉਡੀਕਦਾ ਸੀ ਉਹ ਵੀ ਆਲੇ-ਦੁਆਲੇ ਵਲੋਂ ਨਾ ਮਿਲਿਆ। ਉਹਨਾਂ ਦੀ ਦੂਸਰੀ ਬਰਸੀ ਦੇ ਸਮਾਗਮ ਬਾਰੇ ਜੋ ਪਿੰਡ ਬੁੱਢੀ ਮਾੜੀ ਜਿਲ੍ਹਾ ਸਿਰਸਾ ਵਿਚ ਪਰਿਵਾਰ ਵੱਲੋਂ ਕੀਤਾ ਗਿਆ ਸੀ, ਵਰਿਆਮ ਨੇ "ਵਹਿਮੀ ਸਮਾਗਮ" ਦੇ ਨਾਂ ਹੇਠ ਆਪਣੀ ਸੰਪਾਦਕੀ ਲਿਖੀ -

"ਕਿਸੇ ਲੇਖਕ ਦੀ ਯਾਦ ਵਿਚ ਸਲਾਨਾ ਸਮਾਗਮ ਕਰਨਾ ਬੜੀ ਹੀ ਚੰਗੀ ਪਿਰਤ ਹੈ। ਵਹਿਮੀ ਜੀ ਖੁਸ਼ਕਿਸਮਤ ਸਨ ਕਿ ਉਹਨਾਂ ਦੇ ਪਰਿਵਾਰ ਨੂੰ ਉਹਨਾਂ ਦੀ ਲਖਤਾ ਹੈ। ਪਰਿਵਾਰ ਵਾਲੇ ਸਮਰੱਥ ਵੀ ਹਨ ਜਿਸ ਕਰਕੇ ਵੱਡਾ ਖ਼ਰਚ ਕਰਕੇ ਅਜਿਹਾ ਸਲਾਨਾ ਪ੍ਰੋਗਰਾਮ ਉਹਨਾਂ ਰੱਖਿਆ ਹੈ।

ਪਰ ਇਸ ਸਬੰਧ ਵਿਚ ਅਸੀਂ ਸੁਝਾਅ ਦਿਆਂਗੇ ਕਿ ਜੇ ਉਹ ਹਰ ਸਾਲ ਖ਼ਰਚ ਕਰਨ ਨੂੰ ਤਿਆਰ ਹਨ ਤਾਂ ਇਸ ਮੇਲੇ ਨੂੰ ਹੋਰ ਵੀ ਸਾਰਥਕ ਬਣਾਇਆ ਜਾ ਸਕਦਾ ਹੈ। ਵਹਿਮੀ ਜੀ ਦੀ ਘਾਲਣਾ ਦੇ ਨਾਲ ਨਾਲ ਹੋਰ ਵੀ ਲੇਖਕਾਂ ਨੂੰ ਯਾਦ ਕੀਤਾ ਜਾ ਸਕਦਾ ਹੈ। ਸਲਾਨਾ ਪੁਰਸਕਾਰ ਵੀ ਰੱਖਿਆ ਜਾ ਸਕਦਾ ਹੈ, ਅਤੇ ਗੋਸ਼ਟੀ ਵੀ ਹੋ ਸਕਦੀ ਹੈ ਅਤੇ ਕਾਫ਼ੀ ਕੁਝ ਪ੍ਰਕਾਸ਼ਿਤ ਵੀ ਕੀਤਾ ਜਾ ਸਕਦਾ ਹੈ। ...ਭਾਵੇਂ ਵਹਿਮੀ ਜੀ ਦਾ ਸਮਾਜਿਕ ਦਰਜਾ ਕਿੰਨਾ ਵੀ ਉੱਚਾ ਹੋਵੇ ਪਰ ਉਹਨਾਂ ਦੀ ਸਥਾਪਤੀ ਇਕ ਕਵੀ ਜਾਂ ਲੇਖਕ ਵਜ ਹੀ ਸੀ। ਇਸ ਵਾਸਤੇ ਉਹਨਾਂ ਨੂੰ ਵੱਡੀ ਸ਼ਰਧਾਂਜਲੀ ਸਾਹਿਤਕ ਪੱਧਰ ਤੇ ਹੀ ਹੋਵੇਗੀ। -(ਵਰਿਆਮ, ਸਤੰਬਰ ੧੯੯੦)

ਅਸੀਂ ਵੇਖਦੇ ਹਾਂ ਕਿ ਜਗਦੀਸ਼ ਸਿੰਘ ਹੋਰਾਂ ਦੇ ਉਪਰੋਕਤ ਸੁਝਾਵਾਂ ਨੂੰ ਭਵਿੱਖ ਵਿਚ ਮੂਰਤੀਮਾਨ ਕਰਦਿਆਂ ਤਕਰੀਬਨ ੧੯ ਸਾਲਾਨਾ ਸਾਹਿਤਕ ਸਮਾਗਮ ਪਰਿਵਾਰ ਨੇ ਕਰਵਾਏ ਜਿਹਨਾਂ ਵਿਚ ਪੰਜਾਬੀ ਸਾਹਿਤ ਜਗਤ ਦੀਆਂ ਨਾਮਵਰ ਸ਼ਖਸੀਅਤਾਂ ਅਤੇ ਉੱਚ ਪੰਥਕ ਹਸਤੀਆਂ ਸ਼ਾਮਲ ਹੁੰਦੀਆਂ ਰਹੀਆਂ। ਵਹਿਮੀ ਜੀ ਦੀ ਮੁਕੰਮਲ ਰਚਨਾ ਨੇ

Sri Satguru Jagjit Singh Ji eLibrary NamdhariElibrary@gmail.com

ਛਾਪੇ ਦਾ ਜਾਮਾ ਪਹਿਨਿਆ ਅਤੇ ਹੁਣ ਪਿਛਲੇ ਦੋ ਤਿੰਨ ਸਾਲਾਂ ਤੋਂ ਇਹ ਸਮਾਗਮ ਨਾਮਧਾਰੀ ਦਰਬਾਰ ਵੱਲੋਂ ਹੀ ਆਯੋਜਿਤ ਹੋਣ ਲੱਗ ਪਿਆ ਹੈ। ਵਰਿਆਮ ਦੀਆਂ ਵੇਲੇ ਸਿਰ ਕੀਤੀਆਂ ਸਟੀਕ ਟਿੱਪਣੀਆਂ ਨੇ, ਭਾਵੀ ਸਮਾਗਮਾਂ ਦੀ ਰੂਪ ਰੇਖਾ ਵੀ ਉਲੀਕ ਦਿੱਤੀ ਅਤੇ ਪੰਥਕ ਜਜ਼ਬੇ ਵਿਚ ਮੌਜੂਦ ਇਕ ਰਚਨਾਕਾਰ ਨੂੰ ਵਿਸਿਮਰਤੀ ਦੇ ਗਰਭ ਵਿਚ ਜਾਣ ਤੋਂ ਵੀ ਬਚਾ ਲਿਆ।

ਜਗਦੀਸ਼ ਸਿੰਘ ਵਰਿਆਮ ਜਿਸ ਵਿਰਸੇ ਨੂੰ ਅੱਗੇ ਤੋਰਦਾ ਹੈ, ਸ੍ਰੀ ਵਹਿਮੀ ਜੀ ਦੇ ਪਹਿਲਕੇ ਨਾਮਧਾਰੀ ਲੇਖਕਾਂ, ਸੰਪਾਦਕਾਂ ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚੱਕਰਵਰਤੀ ਉਸ ਦੇ ਪਹਿਲੇ ਪੜਾਅ ਹਨ। ਸੰਤ ਮੰਗਲ ਸਿੰਘ ਲਾਇਲਪੁਰੀ, ਅਮਰ ਭਾਰਤੀ, ਪ੍ਰੀਤਮ ਸਿੰਘ ਪੰਛੀ, ਪ੍ਰੀਤਮ ਸਿੰਘ ਕਵੀ, ਮਾਸਟਰ ਨਿਹਾਲ ਸਿੰਘ 'ਪੰਥ ਰਤਨ', ਆਤਮਾ ਸਿੰਘ ਸਨਮਤਰਾ, ਰਜਿੰਦਰ ਸਿੰਘ ਗੁਰੂਸਰ ਉਸ ਵਿਰਸੇ ਦਾ ਦੂਜਾ ਦੌਰ ਹਨ। "ਵਰਿਆਮ" ਹੋਰਾਂ ਦੇ ਸਮਕਾਲੀਆਂ ਵਿਚ ਸ. ਸ. ਮਨਧੀਰ, ਸਰਬ ਸ਼ਕਤੀਮਾਨ, ਸੁਵਰਨ ਸਿੰਘ ਸਨੇਹੀ, ਦਲੀਪ ਸਿੰਘ ਨਾਮਧਾਰੀ, ਸੁਖਬੀਰ ਸਿੰਘ ਗੁਲਾਟੀ, ਨਰਿੰਦਰ ਸਿੰਘ ਆਦਿ ਸ਼ਾਮਲ ਹਨ।

ਜਗਦੀਸ਼ ਸਿੰਘ ਵਰਿਆਮ ਦੇ ਰਚਨਾ ਸੰਸਾਰ ਦਾ ਇਕ ਦਵੰਦ ਇਹ ਹੈ ਕਿ ਉਹ ਗੂਹੜ ਧਾਰਮਿਕ ਰੁਚੀਆਂ ਵਾਲਾ ਅਤੇ ਆਪਣੇ ਪੰਥ ਦੀਆਂ ਵੱਡੀਆਂ ਜ਼ਿੰਮੇਵਾਰੀਆਂ ਸੰਭਾਲਣ ਵਾਲਾ ਵਿਅਕਤੀ ਹੈ - ਪਰ ਜੀਵਨ ਪ੍ਰਤੀ ਉਸਦੀ ਪਹੁੰਚ ਉਸਨੂੰ ਜੀਵਿਤ ਸੰਸਾਰ ਜਾਂ ਯਥਾਰਥ ਬੋਧ ਦਾ ਪੱਲਾ ਘੁੱਟ ਕੇ ਫੜੀ ਰੱਖਣ ਲਈ ਪ੍ਰੇਰਦੀ ਹੈ। ਆਪਣੇ ਧਾਰਮਿਕ ਅਕੀਦਿਆਂ ਅਤੇ ਵਿਗਿਆਨਕ ਵਿਸ਼ਵ ਦ੍ਰਿਸ਼ਟੀ ਦੇ ਵਿਚਾਲੇ ਉਸ ਨੇ ਕਮਾਲ ਦਾ ਸਾਮੰਜਸ ਸਿਰਜਿਆ ਹੈ। ਉਹ ਕਿਸੇ ਇਕ ਪੱਖ ਵੱਲ ਵੀ ਉਲਾਰ ਨਹੀਂ ਹੁੰਦਾ ਸਗੋਂ ਆਪਣੇ ਬਿਰਤਾਂਤ ਨੂੰ ਮਾਨਵੀ ਸਰੋਕਾਰਾਂ ਦੀ ਪੁੱਠ ਲਾਈ ਰੱਖਦਾ ਹੈ। ਉਸ ਦੇ ਪਰਚੇ ਦੀ ਲੋਕਪ੍ਰਿਯਤਾ ਅਤੇ ਸਾਰਥਿਕਤਾ ਦਾ ਰਾਜ਼ ਵੀ ਇਹੀ ਹੈ। ਜੇ ਉਹ ਆਪਣੇ ਮਹਾਨ ਨਾਮਧਾਰੀ ਪੰਥ ਦੇ ਪ੍ਰਚਾਰਕਾਂ, ਜਥੇਦਾਰਾਂ ਬਾਰੇ ਲਿਖੇਗਾ ਤਾਂ ਉਸਦਾ ਆਪਣਾ ਹੀ ਇਕ ਵਿਲੱਖਣ ਰੰਗ ਅਤੇ ਅੰਦਾਜ਼ ਹੋਵੇਗਾ। ਉਸ ਦੇ ਛੋਟੇ ਛੋਟੇ ਵਾਕ ਨਾਮਧਾਰੀ ਮਸਤਾਨਿਆਂ ਦੀ ਮਸਤੀ ਵਿਚ ਓਤਪੋਤ ਹੋਏ ਹੋਣਗੇ। ਉਸ ਦੇ ਵਰਣਨ ਵਿਚੋਂ ਸੰਗੀਤ ਲਹਿਰੀਆਂ ਉੱਠਦੀਆਂ ਅਨੁਭਵ ਹੋਣਗੀਆਂ। ਉਸਦੇ ਕਥਨ ਵਿਚੋਂ ਢੋਲਕ ਛੈਣਿਆਂ ਦੀਆਂ ਗੁੰਜਾਰਾਂ ਪੈਂਦੀਆਂ ਸੁਣਾਈ ਦੇਣਗੀਆਂ। ਇਹੋ ਜਿਹੀ ਉਸਦੀ ਇਕ ਰਚਨਾ ਹੈ, "ਤੇ ਢੋਲਕ ਵੱਜਦੀ ਰਹੀ" ਜਿਸ ਵਿਚ ਜਥੇਦਾਰ ਗਿਆਨ ਸਿੰਘ ਚੀਰਿਕੇ ਵਾਲਿਆਂ ਬਾਬਤ ਇਉਂ ਵਰਣਨ ਕਰਦੇ ਹਨ -

"ਜਥੇਦਾਰ ਗਿਆਨ ਸਿੰਘ ਦਾ ਗੁਰਬਾਣੀ ਗਾਇਨ ਵਿਚ ਗੁਰਬਾਣੀ ਦੇ ਪ੍ਰਮਾਣ ਦੇਣ ਵਿਚ ਜਵਾਬ ਨਹੀਂ। ਇਹਨਾਂ ਦਾ ਦੀਵਾਨ ਫ਼ਲਸਫ਼ਾ ਪ੍ਰਧਾਨ ਹੁੰਦਾ ਹੈ। ਗੁਰਬਾਣੀ ਦੀਆਂ ਬਰੀਕੀਆਂ ਬਹੁਤ ਸਾਦੇ ਸ਼ਬਦਾਂ ਵਿਚ ਜਦੋਂ ਦੱਸਦੇ ਹਨ ਤਾਂ ਬਦੋਬਦੀ ਸਰੋਤਾ ਸਿਰ ਹਿਲਾਉਂਦਾ ਹੈ। ਆਵਾਜ਼ ਦੀ ਸੀਮਾ ਸਭ ਸਪਤਕਾਂ ਪਾਰ ਕਰਦੀ ਹੈ। ਗਾਇਨ ਵਿਚ ਸੁਰਾਂ ਦਾ ਉਤਰਾ ਚੜ੍ਹਾਅ ਆਰਾਮ ਨਾਲ ਕਰਦੇ ਹਨ।..ਹੌਲੇ ਦੀਆਂ ਧਾਰਨਾਵਾਂ ਦੀ ਘਨਘੋਰ ਵੀ ਅਸਮਾਨ ਛੂੰਹਦੀ ਹੈ। ਸੰਗਤਾਂ ਦੇ ਹਰਮਨ ਪਿਆਰੇ ਜਥੇਦਾਰ ਹਨ। ਆਸਾ ਦੀ ਵਾਰ ਵੀ ਲਾ ਲੈਂਦੇ ਹਨ। ਜੇ ਦੋ ਜਣੇ ਕੀਰਤਨ ਕਰਨ ਤਦ ਵੀ ਠੀਕ ਤੇ ਜੇ ਦੋ ਸੌ ਬੰਦੇ ਨਾਲ ਹੋਣ ਤਦ ਵੀ। ਸਬਰ ਸੰਤੋਖ ਵਾਲੇ ਸੰਤ ਹਨ। ਨਾਮਧਾਰੀ ਮੇਲਿਆਂ ਵਿਚ ਹੋਲਿਆਂ ਮਹੌਲਿਆਂ ਵਿਚ ਸੰਗਤਾਂ ਬਹੁਤ ਚਾਅ ਨਾਲ ਇਹਨਾਂ ਨੂੰ ਸੁਣਦੀਆਂ ਹਨ।" -(ਬਸੰਤ ਅੰਕ ਸਤਿਜੁਗ ੨੦੫੧ ਬਿਕ੍ਰਮੀ)

ਆਜ਼ਾਦੀ ਮਿਲਣ ਤੋਂ ਬਾਅਦ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ। ਪੂਰਬੀ ਪੰਜਾਬ ਭਾਰਤ ਵਿਚ ਅਤੇ ਪੱਛਮੀ ਪੰਜਾਬ ਪਾਕਿਸਤਾਨ ਵਿਚ ਚਲਾ ਗਿਆ। ਵੰਡ ਦੀ ਕਤਲੋ-ਗਾਰਤ, ਸਾੜ-ਫੂਕ ਬਾਅਦ ਲੋਕੀਂ ਵਲੂੰਧਰੇ ਜਜ਼ਬਿਆਂ ਨਾਲ ਪਿਓ ਦਾਦਿਆਂ ਦੀ ਭੋਇੰ ਤੋਂ ਜੋ ਹੇਰਵਾ ਲੈ ਕੇ ਵਿੱਛੜੇ ਅੱਧੀ ਸਦੀ ਮਗਰੋਂ ਵੀ ਉਹ ਮਿਟਦਾ ਨਹੀਂ ਸਗੋਂ ਵਧਦਾ ਜਾਂਦਾ ਹੈ। ਦੋਹਾਂ ਪੰਜਾਬਾਂ ਵਿਚਾਲੇ ਇਕ ਸਾਹਿਤਕ ਅਤੇ ਸੱਭਿਆਚਾਰਕ ਪੁਲ ਉਸਾਰਨ ਦਾ ਕੰਮ ਕਰ ਰਿਹਾ ਹੈ, ਲਾਹੌਰ ਤੋਂ ਸ਼ਾਹਮੁਖੀ ਵਿਚ ਪੰਜਾਬੀ ਭਾਸ਼ਾ ਵਿਚ ਛਪਣ ਵਾਲੇ ਪਰਚੇ 'ਰਵੇਲ' ਦਾ ਨੌਜੁਆਨ ਸੰਪਾਦਕ ਇਲਿਆਸ ਘੁੰਮਣ। ਉਹ ਇਧਰ ਆਵੇ ਤਾਂ ਵਰਿਆਮ ਚੁੱਪ ਕਿਵੇਂ ਰਹੇ। "ਇਲਿਆਸ ਦੀ ਹਿੰਦ ਫੇਰੀ" ਸੀਰਸ਼ਕ

Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ ਵਿਚ ਲਿਖਦੇ ਹਨ-

"ਇਂਜ ਲੱਗ ਰਿਹਾ ਸੀ ਕਿ ਏਧਰਲਾ ਪੰਜਾਬ ਉਧਰਲੇ ਪੰਜਾਬ ਦੇ ਗਲ ਲੱਗ ਕੇ ਪੰਜਾਹ ਸਾਲ ਪੁਰਾਣੇ ਦੁੱਖ ਨੂੰ ਰੋ ਰਿਹਾ ਸੀ। ਅਫ਼ਸੋਸ ਕਰ ਰਿਹਾ ਸੀ ਅਤੇ ਇਲਿਆਸ ਘੁੰਮਣ, ੩੬ ਸਾਲਾਂ ਦਾ ਜੁਆਨ ਇੰਜੀਨੀਅਰ ਮਾਧਿਅਮ, ਜ਼ਰੀਆ ਬਣਿਆ ਇਸ ਰੁਦਨ ਦਾ, ਇਸ ਅਫ਼ਸੋਸ ਦਾ। ਉਂਜ ਤਾਂ ਜੋ ਸੰਤਾਲੀ ਵਿਚ ਹੋਇਆ ਉਹਦਾ ਅਫ਼ਸੋਸ ਤਾਂ ਪੰਜਾਬੀਆਂ ਨੂੰ ਸਦੀਆਂ ਤੱਕ ਕਰਨਾ ਪਵੇਗਾ, ਪਰ ਇਸ ਘੱਲੂਘਾਰੇ ਤੋਂ ਪੰਜਾਹ ਸਾਲ ਬਾਅਦ ਵੀ ਜੇ ਇਸ ਪਾਸੇ ਨੂੰ ਮੋੜ ਪਿਆ ਹੈ ਤਾਂ ਚੰਗੀ ਕਿਸਮਤ ਹੈ। (ਵਰਿਆਮ ਮਈ ੧੯੯੭)

ਪੰਜਾਬ ਦੀ ਵੰਡ ਤੋਂ ਬਾਅਦ ਇਧਰਲੇ ਪੰਜਾਬ ਦੇ ਇਕ ਰੰਗ ਦੇ ਫ਼ਿਰਕੂਆਂ ਨੇ ਭਾਸ਼ਾ ਨੂੰ ਧਰਮ ਨਾਲ ਜੋੜ ਕੇ ਆਪਣੀ ਮਾਂ-ਬੋਲੀ ਨੂੰ ਕੰਡ ਵਿਖਾ ਦਿੱਤੀ ਅਤੇ ਦੂਜੇ ਰੰਗ ਦੇ ਫ਼ਿਰਕੂਆਂ ਨੇ ਧਰਮ ਨੂੰ ਆਪਣੀ ਸੌੜੀ ਸਿਆਸਤ ਨਾਲ ਜੋੜ ਕੇ ਫ਼ਿਰਕੂ ਵੰਡ ਨੂੰ ਗਹਿਰਾ ਕਰ ਦਿੱਤਾ ਸੀ। ਇਸ ਦਾ ਨਤੀਜਾ ਪੰਜਾਬ ਦੇ ਦੁਖਾਂਤ ਦੇ ਤੌਰ 'ਤੇ ਵਾਪਰਿਆ। ਇਸ ਦੁਖਾਂਤ ਤੋਂ ਕਈ ਵਰ੍ਹੇ ਪਹਿਲਾਂ ਪੰਥਕ ਥੋੜੇ ਦੇ ਕੁਚੱਜੇ ਮੁਹਾਣਿਆਂ ਨੂੰ 'ਵਰਿਆਮ' ਆਪਣੀ ਸੰਪਾਦਕੀ 'ਪੰਜਾਬ ਸਥਿਤੀ ਤੇ ਇਕ ਝਾਤ' ਵਿਚ ਖਰੀਆਂ ਖਰੀਆਂ ਆਖ ਸੁਣਾਉਂਦੇ ਹਨ-

ਹੁਣ ਵੀ ਸੰਤ ਭਿੰਡਰਾਂ ਵਾਲਿਆਂ ਦੀ ਗ੍ਰਿਫ਼ਤਾਰੀ ਦੇ ਮਾਮਲੇ ਵਿਚ ਸਭ ਨੂੰ ਪਤਾ ਹੈ ਕਿ ਅਕਾਲੀ ਲੀਡਰਸ਼ਿਪ ਦੀ ਦੁਬਿਧਾ ਦਾ ਕੀ ਹਾਲ ਹੈ। ਮਨ ਹੋਰ ਮੁਖ ਹੋਰ ਹੁੰਦਾ ਹੈ। ਫੇਰ ਉਹ ਗੱਲ ਨੂੰ 'ਵਲਣ' ਵਾਸਤੇ ਕੁਝ ਹੋਰ ਹੁੰਦਾ ਹੈ। ਇਸ ਤਰ੍ਹਾਂ ਇਹਨਾਂ ਦੇ ਪੈਰੋਂ ਜ਼ਮੀਨ ਨਿਕਲਦੀ ਜਾ ਰਹੀ ਹੈ। ਆਪਸ ਵਿਚ ਪਾਟੋ-ਧਾੜ ਹੈ। ਸਿੱਖ ਸੰਗਤਾਂ ਇਕੱਲੇ ਇਕੱਲੇ ਲੀਡਰ ਦੇ ਕਿਰਦਾਰ ਤੇ ਬਹਿਸ ਕਰਦੀਆਂ ਤੇ ਚੰਗੀ ਪੁਣ-ਛਾਣ ਕਰਦੀਆਂ ਹਨ ਅਤੇ ਲੀਡਰ ਨਿਤ ਨਵਾਂ ਨਾਅਰਾ ਕਦੀ ਪੰਥ ਨੂੰ ਖ਼ਤਰਾ, ਕਦੀ ਪੰਥ ਨਾਲ ਵਿਤਕਰੇ ਦਾ ਲਾ ਕੇ, ਪੰਥ ਨੂੰ ਹਾਸੋ-ਹੀਣਾ ਬਣਾਉਂਦੇ ਹਨ। ਇਹ ਪ੍ਰਚਾਰ ਤਾਂ ਧਰਮ ਤੇ ਰਾਜਨੀਤੀ ਇਕ ਦਾ ਕਰਦੇ ਹਨ। ਪਰ ਅਮਲ ਵਿਚ ਧਰਮ ਤੋਂ ਕੋਹਾਂ ਦੂਰ ਰਾਜਨੀਤੀ ਦੀ ਦਲਦਲ ਵਿਚ ਬੁਰੀ ਤਰ੍ਹਾਂ ਫਸੇ ਹਨ ਅਤੇ ਇਸ ਖੇਤਰ ਵਿਚ ਝੂਠ ਅਤੇ ਮੱਕਾਰੀ ਦੀ ਸਿਆਸਤ ਵਿਚ ਇਨ੍ਹਾਂ ਤੋਂ ਵੱਡੇ ਆਗੂ ਬੈਠੇ ਹਨ ਜਿਨ੍ਹਾਂ ਤੋਂ ਮਾਰ ਖਾਣ ਬਾਅਦ ਫੇਰ ਇਹ ਧਰਮ ਦਾ ਵਾਸਤਾ ਪਾਉਂਦੇ ਹਨ। ਬੱਸ ਏਸੇ ਚੱਕਰ ਵਿਚ ਹੀ ਨਿਘਾਰ ਤੋਂ ਨਿਘਾਰ ਵੱਲ ਜਾ ਰਹੇ ਹਨ।

ਜੇ ਇਹ ਸਚਮੁੱਚ ਧਰਮ ਪਰਾਇਣ ਬਣ ਜਾਣ, ਸੱਚ ਦਾ ਪੱਲਾ ਫੜਨ ਤਾਂ ਰਾਜ ਮਿਲਖ ਸਿਕਦਾਰੀਆਂ ਇਹਨਾਂ ਦੇ ਪਿਛੇ ਲੱਗੀਆਂ ਫਿਰਨਗੀਆਂ ਜਿਵੇਂ ਧੁਰ ਪਿਛੇ ਲੱਗੀਆਂ ਸਨ।" -(ਵਰਿਆਮ, ਸਤੰਬਰ ੧੯੮੧)

ਸਾਡਾ ਇਹ ਲੇਖਕ ਸੰਸਾਰ ਅਮਨ, ਆਪਸੀ ਭਾਈਚਾਰੇ ਅਤੇ ਸਹਿਹੋਂਦ ਦੀਆਂ ਸ਼ਕਤੀਆਂ ਨਾਲ ਕਰਿੰਗੜੀ ਪਾ ਕੇ ਤੁਰਦਾ ਹੈ। ਉਸ ਦੀਆਂ ਅੱਖਾਂ ਵਿਚ ਇਕ ਭਵਿੱਖ-ਨਕਸ਼ਾ ਲਟਕਦਾ ਹੈ। ਗੁਰੂ ਨਾਨਕ ਦੇ ਹਲੀਮੀ ਰਾਜ ਦਾ, ਗੁਰੂ ਰਾਮ ਸਿੰਘ ਦੇ ਦੁੱਖ ਨੇਰ੍ਹ ਅਤੇ ਲੋੜਾਂ ਥੁੜਾਂ ਤੋਂ ਰਹਿਤ ਸਮਾਜ ਦਾ ਜਿਹਨੂੰ ਅੱਜ ਦੀ ਵਿਗਿਆਨਕ ਭਾਸ਼ਾ ਵਿਚ ਸਮਾਜਵਾਦ ਦਾ ਨਾਂ ਵੀ ਦਿੱਤਾ ਜਾ ਸਕਦਾ ਹੈ। ਦੁਨੀਆਂ ਦੇ ਪਹਿਲੇ ਸਮਾਜਵਾਦੀ ਦੇਸ਼ ਦੇ ਟੁੱਟਣ ਤੇ "ਇਹ ਸੋਵੀਅਤ ਯੂਨੀਅਨ" ਦੀ ਸੰਪਾਦਕੀ ਸਭ ਕਾਸੇ ਤੇ ਘੋਖਵੀਂ ਨਿਗਾਹ ਮਾਰਦੀ ਹੈ-

"ਅਰਬਾਂ ਲੋਕਾਂ ਦੇ ਆਦਰਸ਼ਾਂ ਤੇ ਸੁਪਨਿਆਂ ਦਾ ਦੇਸ਼ ਜੇ ਅੱਜ ਦੁਨੀਆਂ ਦੇ ਨਕਸ਼ੇ ਤੋਂ ਅਲੋਪ ਹੋ ਗਿਆ ਹੈ ਤਾਂ ਇਹ ਇਕ ਜ਼ਬਰਦਸਤ ਭੁਚਾਲ ਵਾਲੀ ਗੱਲ ਹੈ। ਸਾਰੀ ਦੁਨੀਆਂ ਦਾ ਸੰਤੁਲਨ ਹਿਲ ਗਿਆ ਹੈ। ਜਿਵੇਂ ਧਰਤੀ ਹੇਠੋਂ ਬੌਲਦ ਨਿਕਲ ਗਿਆ ਹੋਵੇ।... ਪੱਛਮੀ ਦੇਸ਼ਾਂ ਨੇ ਗੋਰਬਾਚੋਵ ਸਾਹਿਬ ਨੂੰ ਅਮਨ ਸ਼ਾਂਤੀ ਦਾ ਨੋਬਲ ਇਨਾਮ ਤਾਂ ਦੇ ਦਿੱਤਾ ਪਰ ਸੋਵੀਅਤ ਯੂਨੀਅਨ ਨੂੰ ਆਰਥਿਕ ਸਹਾਇਤਾ ਨਾ ਦਿੱਤੀ... ਇੰਜ ਗੋਰਬਾਚੋਵ ਦੀ ਗੱਡੀ ਦਾ ਐਕਸੀਡੈਂਟ ਹੋ ਗਿਆ।"

ਕੋਈ ਵੀ ਰਾਜ ਪ੍ਰਬੰਧ ਜਾਂ ਸਿਸਟਮ ਕੇਵਲ ਵਿਚਾਰਧਾਰਾ ਦੇ ਆਸਰੇ ਪ੍ਰਵਾਨ ਨਹੀਂ ਚੜ੍ਹ ਸਕਦਾ ਜਿੰਨਾ ਚਿਰ ਉਸ ਵਿਚਾਰਧਾਰਾ ਦੇ ਪਿੱਛੇ ਭਰਪੂਰ ਅਮਲ ਨਾ ਹੋਵੇ। ਰਾਜ ਬਦਲਣ ਨਾਲ ਵਿਚਾਰਧਾਰਾ ਮਰਦੀ ਨਹੀਂ ਹੁੰਦੀ।

Sri Satguru Jagjit Singh Ji eLibrary NamdhariElibrary@gmail.com

ਸਮਾਜਵਾਦੀ ਰੂਸ ਬਣਨ ਨਾਲ ਪਹਿਲੀ ਵਿਚਾਰਧਾਰਾ ਖ਼ਤਮ ਨਹੀਂ ਸੀ ਹੋਈ ਅਤੇ ਹੁਣ ਸਮਾਜਵਾਦੀ ਸੋਵੀਅਤ ਯੂਨੀਅਨ ਖ਼ਤਮ ਹੋਣ ਨਾਲ ਸਮਾਜਵਾਦੀ ਨਹੀਂ ਖ਼ਤਮ ਹੋ ਜਾਣੇ। ਇਹ ਘੋਲ ਜਾਰੀ ਰਹਿੰਦਾ ਹੈ। ਚੰਗੇ ਅਮਲ ਤੇ ਤਜਰਬਿਆਂ ਨਾਲ ਅੱਗੇ ਤੋਂ ਨਵਾਂ ਪ੍ਰਬੰਧ ਸਿਰਜਣ ਵਿਚ ਮਨੁੱਖ ਲੱਗਾ ਰਹਿੰਦਾ ਹੈ। - (ਵਰਿਆਮ, ਦਸੰਬਰ ੧੯੯੧)

ਆਪਣੇ ਸੰਪਰਕ ਵਿਚ ਆਈਆਂ ਧਾਰਮਿਕ ਹਸਤੀਆਂ, ਲੇਖਕਾਂ, ਕਵੀਆਂ, ਰਾਜ-ਨੇਤਾਵਾਂ, ਜਥੇਦਾਰਾਂ, ਪ੍ਰਚਾਰਕਾਂ, ਸੰਪਾਦਕਾਂ, ਪੱਤਰਕਾਰਾਂ ਆਦਿ ਬਾਰੇ ਵੀ ਵਰਿਆਮ ਨੇ ਬੜਾ ਪੁਰ-ਖ਼ਲੂਸ ਲਿਖਿਆ ਹੈ। ਪੰਜਾਬੀ ਪੱਤਰਕਾਰੀ ਦੇ ਬਾਬਾ ਬੋਹੜ ਗੁਰਬਖ਼ਸ਼ ਸਿੰਘ ਬੰਨੋਆਣਾ ਬਾਰੇ ਲਿਖਦੇ ਹਨ-

"ਪਰ ਜਦੋਂ ਕਵੀ ਜੀ (ਪ੍ਰੀਤਮ ਸਿੰਘ) ਨੇ ਬਾਬਾ ਬੰਨੋਆਣਾ ਨਾਲ ਮੁਲਾਕਾਤ ਕਰਾਈ ਤਾਂ ਨਾ ਉਹ ਅਕਾਲੀ ਲੱਗਦਾ ਸੀ ਨਾ ਕੋਈ ਕਾਮਰੇਡ, ਨਾ ਬਾਬਾ ਅਤੇ ਨਾ ਹੀ ਸੀਨੀਅਰ ਪੱਤਰਕਾਰ। ਇਕ ਸਿਰਫ਼ ਪਸਲੀ ਦਾ ਆਦਮੀ ਕਿਤਾਬਾਂ ਰਸਾਲਿਆਂ ਨੂੰ ਜੱਫੀ ਪਾਈ ਪ੍ਰੈਸ ਦਫ਼ਤਰ ਦੇ ਦਰ ਤੇ ਥੱਕਾ ਟੁੱਟਾ ਜਿਹਾ ਬੰਦਾ ਹੀ ਲੱਗਾ।

ਕਈ ਆਦਮੀ ਹੁੰਦੇ ਹਨ ਜਿਨ੍ਹਾਂ ਦਾ ਪਹਿਲੀ ਵਾਰ ਮਿਲਣ ਤੇ ਪ੍ਰਭਾਵ ਬਹੁਤ ਜਲਾਲੀ ਹੁੰਦਾ ਹੈ ਅਤੇ ਵਕਤ ਦੇ ਨਾਲ ਉਹ ਪ੍ਰਭਾਵ ਹੌਲੀ ਹੌਲੀ ਜ਼ੀਰੋ ਹੋ ਜਾਂਦਾ ਹੈ। ਕਈਆਂ ਦਾ ਪ੍ਰਭਾਵ ਮਨਫ਼ੀ ਤੋਂ ਸ਼ੁਰੂ ਹੋ ਕੇ ਅਕੀਦਤ ਦੀ ਹੱਦ ਤੱਕ ਪੁੱਜ ਜਾਂਦਾ ਹੈ। ਬਾਬਾ ਬੰਨੋਆਣਾ ਦੂਸਰੀ ਕਿਸਮ ਦੇ ਬੰਦਿਆਂ ਵਿਚੋਂ ਹੈ।"- ਵਰਿਆਮ, ਨਵੰਬਰ, ੧੯੮੨

ਜਦੋਂ ਅਜੇ ਵਰਿਆਮ ਨੂੰ ਛਪਦਿਆਂ ਦੋ ਕੁ ਵਰ੍ਹੇ ਹੀ ਹੋਏ ਸਨ। ਭਵਿੱਖ ਦ੍ਰਿਸ਼ਟੀ ਦੇ ਸੁਆਮੀ ਪ੍ਰੀਤਮ ਸਿੰਘ ਕਵੀ ਨੇ ਲੱਖਣ ਲਾ ਲਿਆ ਸੀ- ਸਮੁੱਚੇ ਤੌਰ 'ਤੇ ਜਗਦੀਸ਼ ਸਿੰਘ ਉਪਜਾਊ ਦਿਮਾਗ਼ ਦਾ ਮਾਲਕ ਹੈ। ਇਕ ਲੀਡਰ ਦੀ ਯੋਗਤਾ ਰੱਖਦਾ ਹੈ। -(ਵਰਿਆਮ, ਅਕਤੂਬਰ ੧੯੯੧)

ਪ੍ਰੀਤਮ ਸਿੰਘ ਕਵੀ ਹੋਰਾਂ ਦੀ ਇਕ ਨਵੀਂ ਸਾਹਿਤ ਵਿਧਾ ਰੋਜ਼ਨਾਮਚਾ ਵਿਚ ਲਿਖੀ ਰਚਨਾ "ਬੀਤੇ ਦੀਆਂ ਪੈੜਾਂ" ਪਹਿਲਾਂ ਪਹਿਲ ਵਰਿਆਮ ਦੇ ਪੰਨਿਆਂ 'ਤੇ ਹੀ ਛਪਣੀ ਸ਼ੁਰੂ ਹੋਈ ਸੀ। ਇਸੇ ਤਰ੍ਹਾਂ ਜਸਵੰਤ ਸਿੰਘ ਵਿਰਦੀ ਹੋਰਾਂ ਦੇ ਭਾਰਤ ਦੀਆਂ ਨਦੀਆਂ ਬਾਰੇ ਬੜੇ ਗਿਆਨ ਭਰਪੂਰ ਅਤੇ ਉੱਚ ਪਾਏ ਦੇ ਸਾਹਿਤਕ ਲੇਖ ਵੀ ਵਰਿਆਮ ਨੇ ਛਾਪੇ। ਵਰਿਆਮ ਸਿੰਘ ਸੰਧੂ ਦੇ ਵਿਦੇਸ਼ੀ ਸਫ਼ਰਨਾਮੇ ਵੀ ਸਭ ਤੋਂ ਪਹਿਲਾਂ ਛਾਪਣ ਦਾ ਸ਼ਰਫ਼ ਵਰਿਆਮ ਨੂੰ ਹਾਸਲ ਹੋਇਆ। ਪ੍ਰੋ. ਮੋਹਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੰਤ ਤਰਨ ਸਿੰਘ ਵਹਿਮੀ, ਸ. ਸ. ਮੀਸ਼ਾ, ਜਾਤਰਾ ਸੰਸਮਰਣਾਂ ਨੂੰ ਸਮੇਟਦੇ ਅਫ਼ਰੀਕਾ ਅੰਕ, ਯੂ.ਕੇ. ਅੰਕ, ਵਿਦਿਅਕ ਸੰਮੇਲਨਾਂ ਬਾਰੇ ਅੰਕ, ਸੰਗੀਤ ਸੰਮੇਲਨ ਅੰਕ, ਬਸੰਤ ਅੰਕ ਆਦਿ ਪ੍ਰਭਾਵਸ਼ਾਲੀ ਅੰਕਾਂ ਤੋਂ ਇਲਾਵਾ ਸਤਿਗੁਰੂ ਜਗਜੀਤ ਸਿੰਘ ਅੰਕ ਵੀ ਕਾਫ਼ੀ ਚਰਚਿਤ ਹੋਏ।

ਹਰ ਵਿਅਕਤੀ ਦੀ ਪ੍ਰਤਿਭਾ ਨੂੰ ਨਿਖਾਰਨ ਵਿਚ ਜਿੱਥੇ ਉਸਦੇ ਚੌਗਿਰਦੇ ਦਾ ਯੋਗਦਾਨ ਹੁੰਦਾ ਹੈ ਉਥੇ ਉਸ ਦੇ ਪੁਰਖਿਆਂ ਦੀ ਕਿਰਤ ਕਮਾਈ ਵੀ ਉਸਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਸਹਾਈ ਹੁੰਦੀ ਹੈ। ਸਿਆਲਕੋਟ ਜ਼ਿਲ੍ਹੇ ਦੀ ਨਾਰੋਵਾਲ ਤਹਿਸੀਲ ਦੇ ਪਿੰਡ ਚੱਕ ਦੇ ਸੰਤ ਨੱਥਾ ਸਿੰਘ ਜੀ ਜੱਥੇਦਾਰ ਅਤੇ ਮਾਤਾ ਸੁਵਰਨ ਕੌਰ ਦੇ ਪਰਿਵਾਰ ਵਿਚ ਜਗਦੀਸ਼ ਸਿੰਘ ਹੋਰੀਂ ਪੈਦਾ ਹੋਏ। ਸਿਆਲਕੋਟ ਜ਼ਿਲ੍ਹੇ ਵਿਚ ਸਮੁੱਚੇ ਪੰਜਾਬ ਵਿਚੋਂ ਕੂਕਿਆਂ ਦੇ ਪਿੰਡਾਂ ਦੀ ਗਿਣਤੀ ਸਭ ਤੋਂ ਵੱਧ ਸੀ। ਇਹ ਕੂਕੇ ਮਸਤਾਨਿਆਂ ਦਾ ਜ਼ਿਲ੍ਹਾ ਸੀ ਜਿਹਨਾਂ ਵਿਚ ਝੰਡਾ ਸਿੰਘ ਮਿਲਖਾ ਸਿੰਘ ਆਦਿ ਨੇ ਬੜੀ ਪ੍ਰਸਿੱਧੀ ਪਾਈ। ਜਥੇਦਾਰ ਨੱਥਾ ਸਿੰਘ ਹੋਰਾਂ ਦੀ ਪਛਾਣ ਇਕ ਸੱਚੇ ਸੁੱਚੇ ਕਿਰਤੀ ਸਿੱਖ ਅਤੇ ਨਾਮ ਬਾਣੀ ਦੇ ਰਸੀਏ ਗੁਰਬਾਣੀ ਦੇ ਹਜ਼ਰਿਨੇ ਕੀਰਤਨੀਏ ਦੇ ਤੌਰ ਤੇ ਬਣ ਚੁੱਕੀ ਸੀ। ਉਹ ਸਿੱਧੀਆਂ ਸਾਦੀਆਂ ਧਾਰਨਾਵਾਂ ਵਿਚ ਸ਼ਬਦ ਪੜ੍ਹਦੇ ਸਨ। ਢੋਲਕੀ ਵਜਾਉਂਦੇ ਸਨ ਅਤੇ ਉਸ ਲੋਕ ਗੀਤ ਨੂੰ ਸਾਰਥਕ ਕਰਦੇ ਸਨ-

"ਉਹ ਘਰ ਕੂਕਿਆਂ ਦਾ
ਜਿਥੇ ਛੈਣੇ ਢੋਲਕੀ ਖੜਕੇ।"

ਪਿੰਡ ਚੱਕ ਦੀ ਭੰਗੜਾ ਟੀਮ ਅਤੇ ਹੌਲੇ ਦੇ ਦੀਵਾਨ ਲਾਉਣ ਵਾਲੀ ਨਾਮਧਾਰੀ ਸਿੰਘਾਂ ਦੀ ਟੀਮ ਆਲੇ ਦੁਆਲੇ ਪ੍ਰਸਿੱਧ ਸੀ। ਵੈਸੇ ਇਹ ਦੂ ਇਨ ਵਨ ਸੀ। ਭੰਗੜਾ ਟੀਮ ਵਾਲੇ ਜਦੋਂ ਚਾਦਰੇ ਖੋਹਲਕੇ ਮੋਢਿਆਂ ਤੇ ਧਰ ਲੈਂਦੇ

Sri Satguru Jagjit Singh Ji eLibrary NamdhariElibrary@gmail.com

ਤਾਂ ਢੋਲੋਂ ਕਚਹਿਰੇ ਨਿਕਲ ਆਉਂਦੇ ਅਤੇ ਫਿਰ ਉਹ ਢੋਲਕ ਛੈਣਿਆਂ ਦੇ ਦੁਆਲੇ ਹੋ ਜਾਂਦੇ। ਭੰਗੜੇ ਦੇ ਢੋਲ ਦੇ ਤਾਲ ਅਤੇ ਕੁੜੀਆਂ ਦੀ ਢੋਲਕੀ ਦੀਆਂ ਗੜਗੂੰਜਾਂ ਨੇ ਬਾਲ ਜਗਦੀਸ਼ ਨੂੰ ਇਸ ਤਰ੍ਹਾਂ ਦੀ ਸੁਰ ਸੂਝ ਦਾ ਸੁਆਮੀ ਬਣਾ ਦਿੱਤਾ ਕਿ ਉਹ ਬਹੁਤ ਵੱਡੇ ਵੱਡੇ ਸੰਗੀਤ ਸੰਮੇਲਨਾਂ ਵਿਚ ਘੰਟਿਆਂ ਬੱਧੀ ਬੈਠਕੇ ਇਹਨਾਂ ਨੂੰ ਮਾਣ ਸਕਦਾ ਹੈ ਅਤੇ ਅਧਿਕਾਰ ਪੂਰਵਕ ਇਹਨਾਂ ਦੀ ਰਪਟ ਵੀ ਲਿਖ ਸਕਦਾ ਹੈ।

ਵਰਿਆਮ ਦੀ ਨਿਰਮਾਣਤਾ, ਸਾਦਗੀ, ਹਲੀਮੀ, ਨੇਕਨੀਅਤੀ, ਈਮਾਨਦਾਰੀ, ਨਿਸ਼ਕਪਟ ਸੁਭਾਉ ਅਤੇ ਹੋਰ ਮਨੁੱਖੀ ਗੁਣਾਂ ਦੀ ਪੈੜ ਜਥੇਦਾਰ ਨੱਥਾ ਸਿੰਘ ਜੀ ਦੇ ਚਰਿਤਰ ਵੱਲ ਹੀ ਜਾਂਦੀ ਹੈ। "ਪਿਤਾ ਸ੍ਰੀ ਨੂੰ ਯਾਦ ਕਰਦਿਆਂ" ਉਹ ਲਿਖਦੇ ਹਨ-

ਉਹ ਲੋਕਤ ਦੀ ਰਗ (ਟੋਹ) ਪਛਾਣ ਲੈਂਦੇ ਸਨ। ਨਾ ਉਹ ਫਰਜ਼ੀ ਲੋਕਤ ਪਸੰਦ ਕਰਦੇ ਸਨ, ਨਾ ਉਹ ਫਰਜ਼ਾ ਵਿਅਕਤੀ ਅਤੇ ਨਾ ਹੀ ਫਰਜ਼ਾ ਨਿਜ਼ਾਮ। ਉਹਨਾਂ ਨੂੰ 'ਹਰਾਮ ਦੀ ਕਮਾਈ' ਤੋਂ ਸਖ਼ਤ ਨਫ਼ਰਤ ਸੀ। ਉੱਚਾ ਸੁੱਚਾ ਉਹਨਾਂ ਦਾ ਆਪਣਾ ਚਰਿੱਤਰ ਸੀ ਅਤੇ ਅਜਿਹੇ ਹੀ ਬੰਦੇ ਉਹਨਾਂ ਨੂੰ ਪਸੰਦ ਸਨ। ਉੱਚੇ ਚਰਿੱਤਰ ਦੀ ਪਛਾਣ ਤਾਂ ਬਹੁਤ ਸਾਰੇ ਲੋਕ ਕਰਦੇ ਹਨ ਪਰ ਇਹਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇਣ ਤੋਂ ਘੇਸ ਕਰ ਜਾਂਦੇ ਹਨ।"

-(ਵਰਿਆਮ, ਮਾਰਚ ੧੯੯੬)

ਇਸ ਤਰ੍ਹਾਂ ਦੇ ਪਿਤਾ ਸ੍ਰੀ ਤੋਂ ਪ੍ਰਭਾਵਿਤ ਪੁੱਤਰ ਸਪੁੱਤਰ ਹੋ ਜਾਂਦੇ ਹਨ। ਸ਼ਾਇਦ ਸੰਤਾਂ ਦੀ ਇਹ ਸਿੱਖਿਆ ਹੋਣਲੇ ਸੰਸਾਰ ਵਿਚ ਜਗਦੀਸ਼ ਸਿੰਘ ਹੋਰਾਂ 'ਤੇ ਪੂਰੀ ਉਤਰੀ ਹੈ:

"ਦੋਗਲੇ ਸ਼ਬਦਾਂ ਦੀਆਂ ਖੂਬਸੂਰਤ ਲਿਖਤਾਂ ਨਾ ਦੇਖ,
ਹੱਕ ਦੀ ਆਵਾਜ਼ ਸੁਣ, ਸੱਚ ਦਾ ਪਰਚਮ ਲਹਿਰਾ।" -(ਫ਼ਤਹਿਜੀਤ)

ਆਪਣੇ ਜੀਵਨ ਦੇ ਛੇ ਦਹਾਕਿਆਂ ਅਤੇ ਸਾਹਿਤਕ ਸਫ਼ਰ ਦੇ ਢਾਈ ਦਹਾਕਿਆਂ ਵਿਚ ਇਹ "ਵਰਿਆਮ ਇਕੱਲਾ" ਬਣ ਕੇ ਪ੍ਰਗਟਿਆ ਹੈ। ਇਸ ਵਰਗਾ ਕੋਈ ਬਣਕੇ ਤਾਂ ਵੇਖੇ। ਵਿਅਕਤੀਗਤ, ਪਰਿਵਾਰਕ, ਭਾਈਚਾਰਕ, ਪੇਸ਼ਕ, ਸਾਹਿਤਕ, ਸੱਭਿਆਚਾਰਕ, ਸੂਬਾਈ ਅਤੇ ਕੌਮੀ ਕਿੰਨੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ। ਇਉਂ ਲੱਗਦਾ ਹੈ ਜਿਵੇਂ ਕੋਈ ਜਨਮਾਂ ਦੀ ਸੇਵਾ ਇਹ ਸੱਜਣ ਇਕ ਜਨਮ ਵਿਚ ਨਿਭਾ ਰਹੇ ਹਨ ਤੇ ਜਾਂ ਫਿਰ-

"ਛੋਟੀ ਸੀ ਨਿਜ ਜ਼ਿੰਦਗੀ ਮੇਂ ਜੀ ਲੀ ਹੈਂ ਜ਼ਿੰਦਗੀਆਂ ਅਨਗਿਨ,
ਜ਼ਿੰਦਗੀ ਹਰ ਏਕ ਜਵਲਿਤ ਚੰਦਨ ਦਾ ਈਂਧਨ ਹੈ।" -ਮੁਕਤੀਬੋਧ

Sri Satguru Jagjit Singh Ji eLibrary NamdhariElibrary@gmail.com

‘ਖਿੱਲਰੇ ਪੱਤਰਿਆਂ’ ਵਿਚ ਮੌਜੂਦ
ਜਗਦੀਸ਼ ਸਿੰਘ ‘ਵਰਿਆਮ’ ਅਤੇ ਉਸਦਾ ਪੰਜਾਬ

ਇੱਕੀਵੀਂ ਸਦੀ ਦੇ ਪੰਜਵੇਂ ਵਰ੍ਹੇ ਦੀ ਪਹਿਲੀ ਤਿਮਾਹੀ ਵਿਚ ਜਿਸ ਗਲਪ ਰਚਨਾ ਨੇ ਪੰਜਾਬੀ ਪਾਠਕਾਂ ਅਤੇ ਪਾਰਖੂਆਂ ਦਾ ਧਿਆਨ ਆਪਣੇ ਵੱਲ ਖਿੱਚਿਆ, ਉਹ ਜਗਦੀਸ਼ ਸਿੰਘ ਵਰਿਆਮ ਦਾ 'ਸਜਿੰਦ ਬਿਰਤਾਂਤ' – "ਖਿੱਲਰੇ ਪੱਤਰੇ" ਹੈ। ਪੰਜਾਬੀ ਸ੍ਵੈਜੀਵਨੀ ਵਿਧਾ ਵਿਚ ਇਕ ਨਿੱਗਰ ਅਤੇ ਨਰੋਆ ਵਾਧਾ। ਵੇਰਵਾ ਤਾਂ ਇਸ ਵਿਚ ਬੀਤ ਗਈ ਸਦੀ ਦੇ ਪੰਜਵੇਂ ਅਤੇ ਛੇਵੇਂ ਦਹਾਕੇ ਦਾ ਹੀ ਹੈ, ਪਰੰਤੂ ਭਾਰਤੀ ਉਪ ਮਹਾਂਦੀਪ ਦਾ ਇਹ ਕਾਲ ਖੰਡ ਆਪਣੀਆਂ ਤਹਿਆਂ ਵਿਚ ਏਨਾ ਕੁਝ ਸਮੋਈ ਬੈਠਾ ਹੈ ਕਿ ਬੰਦਾ ਲਿਖਣ ਵਾਲਾ ਹੋਵੇ ਪੜ੍ਹਨ ਵਾਲੇ ਨੂੰ ਬਹੁਤ ਕੁਝ ਨਵਾਂ ਲੱਭ ਜਾਂਦਾ ਹੈ। ਦੇਸ ਉਜਾੜੇ ਦੀਆਂ ਜ਼ਿਆਦਾਤਰ ਬਾਤਾਂ ਪਾਉਣ ਵਾਲੇ ਜ਼ਿਆਦਾਤਰ ਲੋਕਾਂ ਦੇ ਉਲਟ ਜਗਦੀਸ਼ ਸਿੰਘ ਜਜ਼ਬਾਤੀ ਰੌਅ ਵਿਚ ਵਹਿ ਨਹੀਂ ਜਾਂਦਾ। ਉਹ ਘਟਨਾਵਾਂ ਦੇ ਠੋਸ ਧਰਾਤਲ ਉੱਤੇ ਵਿਚਰਦਾ ਹੈ। ਹੋਈ ਬੀਤੀ ਤੇ ਕਿਸੇ ਤ੍ਰਿਕਾਲ ਦ੍ਰਿਸ਼ਟਾ ਵਾਂਗੂੰ ਇਕ ਵਿਹੰਗਮ ਨਜ਼ਰ ਸੁੱਟਦਾ ਹੈ ਅਤੇ ਨਿਰੰਤਰ ਧਾਰਾ ਪ੍ਰਵਾਹ ਚੱਲ ਰਹੀ ਜ਼ਿੰਦਗੀ ਦੇ ਸਫ਼ਰ ਵਿਚ ਜੁਟੇ ਲੋਕਾਂ ਦੀ ਅਤੇ ਉਨ੍ਹਾਂ ਦੇ ਪੈਂਡਿਆਂ ਦੀ ਖ਼ੈਰ ਮੰਗਦਾ ਹੈ। ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਭਾਵ ਵਿਹੂਣਾ ਹੈ ਜਾਂ ਜਜ਼ਬਿਆਂ ਤੋਂ ਸੱਖਣੀ ਰੂਹ ਹੈ। ਜਿਸ ਬਾਰੀਕੀ ਅਤੇ ਖ਼ੂਬੀ ਨਾਲ ਉਹ ਆਪਣੇ ਪਿੰਡ, ਇਸ ਦੇ ਚੌਗਿਰਦੇ ਅਤੇ ਲੋਕਾਂ ਦਾ ਜ਼ਿਕਰ ਕਰਦਾ ਹੈ ਉਹਦੇ ਸ਼ਬਦ ਡੂੰਘੀ ਸ਼ਰਧਾ ਅਤੇ ਗਹਿਰੀ ਵੇਦਨਾ ਨਾਲ ਸਰਾਬੋਰ ਹਨ। ਉਹ ਆਪਣੇ ਪੁਰਖਿਆਂ ਅਤੇ ਉਨ੍ਹਾਂ ਦੇ ਇਸ਼ਟਾਂ ਪ੍ਰਤੀ ਨਤ ਮਸਤਕ ਹੁੰਦਿਆਂ ਵੀ ਕੋਈ ਮਸੀਹੀ ਆਵਰਣ ਨਹੀਂ ਓੜ੍ਹਦਾ। ਉਸ ਨੂੰ ਦੇਵਤਿਆਂ ਜਾਂ ਫ਼ਰਿਸ਼ਤਿਆਂ ਨਾਲੋਂ ਆਪਣੀਆਂ ਔਜ਼ਾਂ ਥੁੜਾਂ ਲਈ ਜੱਦੋ ਜਹਿਦ ਕਰਦੇ ਲੋਕ ਵਧੇਰੇ ਆਕ੍ਰਸ਼ਿਤ ਕਰਦੇ ਹਨ। ਉਹ ਪਾਗ਼ਲ ਪੌਣਾਂ ਵਿਚ ਰੁਮਕਦੀ ਜਾ ਰਹੀ ਜ਼ਿੰਦਗੀ ਦੀ ਤੋਰ ਪਛਾਨਣ ਦੇ ਸਮਰੱਥ ਹੈ ਤੇ ਇਹੋ ਪਛਾਣ ਉਸ ਦੇ ਸਫ਼ਲ ਸ਼ਬਦ ਚਿਤੇਰੇ ਹੋਣ ਦੀ ਜ਼ਾਮਨੀ ਭਰਦੀ ਹੈ। ਕਿਸੇ ਵੀ ਚੰਗੀ ਪੁਸਤਕ ਜਿਉਂ "ਖਿੱਲਰੇ ਪੱਤਰੇ" ਨੂੰ ਵਾਰ ਵਾਰ ਪੜ੍ਹਨ ਵਾਲੇ ਪਾਠਕ ਨੂੰ ਹਰ ਪਾਠ ਵਿਚੋਂ ਕੁਝ ਨਾ ਕੁਝ ਹੋਰ ਨਵੇਲਾ ਲੱਭ ਜਾਂਦਾ ਹੈ। ਉਸ ਦੀਆਂ ਨਿੱਕੀਆਂ ਗੱਲਾਂ ਵੱਡੇ ਅਰਥ ਸਿਰਜਣ ਦੇ ਸਮਰੱਥ ਹਨ।

ਨਿੱਕੇ ਹੁੰਦਿਆਂ ਹੀ ਲੇਖਕ ਦੇ ਕੰਨਾਂ ਵਿਚ ਨਾਮਧਾਰੀ ਦੀਵਾਨਾਂ ਵਿਚ ਵੱਜਣ ਵਾਲੇ ਢੋਲਕੀ ਛੈਣਿਆਂ ਦੀਆਂ ਗੂੰਜਾਂ ਪੈਂਦੀਆਂ ਰਹੀਆਂ ਹਨ। ਇਸੇ ਕਾਰਨ ਉਸ ਦੇ ਸ਼ਬਦ ਵੀ ਲੈਅ-ਸੁਰ ਤਾਲ ਬੱਧ ਹਨ। ਇਕ ਸੰਗੀਤਕਤਾ ਇਨ੍ਹਾਂ ਵਿਚ ਵਿਦਮਾਨ ਹੈ। ਉਹ ਬੇਸੁਰੇ ਸ਼ਬਦਾਂ ਅਤੇ ਬੇਤਾਲ ਵਾਰਤਾਲਾਪ ਤੋਂ ਕੰਨੀ ਕੱਟ ਕੇ ਲੰਘ ਜਾਂਦਾ ਹੈ। ਜਗਦੀਸ਼ ਸਿੰਘ ਵਰਿਆਮ ਦੀ ਪੰਜਾਬੀ ਵਾਰਤਕ ਵਿਚ ਇਕ ਆਪਣੀ ਸ਼ੈਲੀ ਹੈ। ਕੇਂਦਰੀ ਟਕਸਾਲੀ ਪੰਜਾਬੀ, ਜਿਸ ਵਿਚ ਉਸ ਦੀਆਂ ਗਹਿਣ ਭਾਵਾਂ, ਨਾ ਪਠੋਹਾਰੀ ਅਤੇ ਨਾ ਦੁਆਬੀ ਉਪ ਭਾਖਾ ਦਾ ਕੋਈ ਰਲਾ ਹੈ। ਪਰ ਜਗਦੀਸ਼ ਸਿੰਘ ਦੀ ਇਸ ਠੇਠ ਆਪਣੀ ਸ਼ੈਲੀ ਦੀ ਸਿਰਜਣਾ ਕੋਈ ਇਕ ਦਿਨ ਵਿਚ ਨਹੀਂ ਹੋ ਗਈ। ਇਸ ਪਿੱਛੇ ਉਸ ਦਾ ਪੂਰੇ ਤੀਹ ਵਰ੍ਹੇ ਲੰਮਾ ਸਾਹਿਤਕ ਪੱਤਰਕਾਰੀ ਦਾ ਸਫ਼ਰ ਹੈ। ਇਕ ਇਕੱਲੀ ਜਾਨ ਦੇ ਬਲਬੂਤੇ ਪੰਜਾਬੀ ਵਿਚ ਸਾਹਿਤਕ ਪਰਚਾ ਕੱਢਣਾ ਅਤੇ ਉਸ ਪਰਚੇ ਨਾਲ ਜੁੜੀ ਸੰਪ੍ਰਦਾਇ ਦੇ ਜ਼ਿਆਦਾ ਸੱਜਣ ਵੀ ਜੇ ਅੱਖਰ ਪ੍ਰੇਮ ਤੋਂ ਮੁਕਤ ਹੋਣ ਤਾਂ ਫਿਰ ਵੀ ਇਸ ਪਰਚੇ ਦੁਆਰਾ ਤਹਿ ਕੀਤਾ ਲੰਮਾ ਪੈਂਡਾ ਜਗਦੀਸ਼ ਸਿੰਘ ਦੇ ਸਿਰੜ ਨੂੰ ਸਲਾਮ ਹੈ। ਉਸ ਦਾ ਪਰਚਾ 'ਵਰਿਆਮ' ਤੇ ਉਹ ਆਪ ਹੁਣ ਤਾਂ 'ਏਕ ਜੋਤਿ ਦੁਇ ਮੂਰਤੀ' ਵਾਲੀ ਦਸ਼ਾ ਦੇ ਲਖਾਇਕ ਬਣ ਗਏ ਹਨ। ਇਸੇ ਲਈ 'ਵਰਿਆਮ' ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

ਹੈ ਅਤੇ ਜਗਦੀਸ਼ ਸਿੰਘ 'ਵਰਿਆਮ' ਹੈ। ਫੇਰ ਪਰਚੇ ਦੀ ਗੱਲ ਤਾਂ ਚਲੰਤ ਪਰੰਪਰਾ ਵਿਚ ਆ ਗਈ ਹਾਲ ਦੀ ਘੜੀ ਅਸੀਂ ਉਨ੍ਹਾਂ ਦੀ ਪਲੇਠੀ ਪੁਸਤਕ (ਇਕ ਅੱਧ ਲਘੂ ਅਕਾਰੀ ਨੂੰ ਛੱਡ ਕੇ) 'ਖਿੱਲਰੇ ਪੱਤਰੇ' ਦੀ ਸਾਹਿਤਕ, ਸਮਾਜਿਕ, ਸੱਭਿਆਚਾਰਕ ਅਤੇ ਇਤਿਹਾਸਕ ਅਮੀਰੀ ਦਾ ਲੇਖਾ ਜੋਖਾ ਕਰਨਾ ਚਾਹਵਾਂਗੇ।

ਪੁਸਤਕ ਦਾ ਇਕ ਹੋਰ ਨਿਵੇਕਲਾ ਗੁਣ ਹੈ, ਕਿਰਤ ਸੱਭਿਆਚਾਰ ਨੂੰ ਸਮਰਪਿਤ ਰਚਨਾ। ਲੇਖਕ ਕਿਰਤੀ ਪਰਿਵਾਰ ਵਿਚੋਂ ਹੈ ਅਤੇ ਸਿੱਖਾਂ ਦੇ ਉਸ ਨਾਮਧਾਰੀ ਫ਼ਿਰਕੇ ਨਾਲ ਸਬੰਧਿਤ ਹੈ, ਜਿਸ ਦੇ ਮੋਢੀਆਂ ਨੇ ਆਪਣੇ ਪੰਥ ਵਿਚ ਵਿਹਲੜਾਂ ਅਤੇ ਮਖੱਟੂਆਂ ਦਾ ਪ੍ਰਵੇਸ਼ ਨਿਸ਼ੇਧ ਕਰਾਰ ਦਿੱਤਾ। ਗੁਰੂ ਨਾਨਕ ਦੀ ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦੀ ਪਰੰਪਰਾ ਨੂੰ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ ਪੂਰੀ ਤਨਦੇਹੀ ਨਾਲ ਨਿਭਾਇਆ। ਇਸੇ ਲਈ 'ਵਰਿਆਮ' ਦੀ ਇਸ ਰਚਨਾ ਵਿਚਲੇ ਪਾਤਰ ਨਿਰੋਲ ਪ੍ਰਭੂ ਦਰਸ਼ਨਾਂ ਲਈ ਜੋਦੜੀਆਂ ਨਹੀਂ ਕਰਦੇ ਸਗੋਂ ਉਹ ਹੱਡ ਮਾਸ ਦੇ ਪੁਤਲਿਆਂ ਵਿਚੋਂ ਹੀ ਜੀਵਨ ਦੇ ਅਰਥ ਲੱਭਦੇ ਹਨ। ਲੇਖਕ ਦਾ ਪਿਤਾ, ਚਾਚੇ ਤਾਏ ਅਤੇ ਹੋਰ ਭਾਈਚਾਰਾ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਨੂੰ ਪ੍ਰਣਾਏ ਹੋਏ ਹਨ। ਉਹ ਨਾ ਸਿਰਫ਼ ਆਪਣੀਆਂ ਲੋੜਾਂ ਦੀ ਪੂਰਤੀ ਕਰਦੇ ਹਨ ਸਗੋਂ ਵੇਲੇ ਕੁਵੇਲੇ ਆਏ ਕਿਸੇ ਅਭਿਆਗਤ ਦੀਆਂ ਲੋੜਾਂ ਦੀ ਪੂਰਤੀ ਨੂੰ ਵੀ ਆਪਣੇ ਮਨੁੱਖੀ ਫ਼ਰਜ਼ ਦਾ ਹਿੱਸਾ ਸਮਝਦੇ ਹਨ। ਰੋਟੀ-ਰੋਜ਼ੀ ਦੀ ਭਾਲ ਵਿਚ ਨਿੱਤ ਨਵੇਂ ਪੈਂਡਿਆਂ ਦੀ ਤਲਾਸ਼ ਉਨ੍ਹਾਂ ਦੀ ਹੋਣੀ ਹੈ। ਉਹ ਦੇਸ਼ ਵਿਚੋਂ 'ਪਰਦੇਸੀ' ਹੋ ਜਾਂਦੇ ਹਨ ਅਤੇ 'ਪਰਦੇਸ' ਵਿਚ ਆਪਣਾ ਦੇਸ਼ ਸਿਰਜਣ ਦੀ ਸਮਰੱਥਾ ਰਖਦੇ ਹਨ। ਮੈਂ ਸਮਝਦਾ ਹਾਂ ਕਿ ਜਗਦੀਸ਼ ਸਿੰਘ ਦੀ ਟਾਬਰੀ ਦੇ ਲੋਕਾਂ ਨੂੰ ਹੀ ਪੰਜਾਬੀ ਕਵੀ ਪਾਸ਼ ਨੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ ਆਖਿਆ ਸੀ ਤੇ ਇਸ ਮਹਾਨ ਕਵਿਤਾ ਵਾਲੇ ਸਾਰੇ ਚਿੰਨ੍ਹ ਉਸ ਦੀ ਵਾਰਤਕ ਵਿਚ ਹਾਜ਼ਰ ਹਨ।

ਲੇਖਕ ਨੇ ਪੁਸਤਕ ਆਪਣੀ ਮਾਤਾ ਬੀਬੀ ਸੁਵਰਨ ਕੌਰ ਅਤੇ ਪਿਤਾ ਜਥੇਦਾਰ ਨੱਥਾ ਸਿੰਘ ਹੋਰਾਂ ਦੀ ਮਿੱਠੀ ਯਾਦ ਨੂੰ ਐਵੇਂ ਹੀ ਸਮਰਪਿਤ ਨਹੀਂ ਕੀਤੀ। ਇਸ ਪੁਸਤਕ ਦੇ ਪੰਨਿਆਂ ਉੱਤੇ ਅਤੇ ਜਗਦੀਸ਼ ਸਿੰਘ ਦੀ ਸ਼ਖਸੀਅਤ ਉੱਤੇ, ਉਨ੍ਹਾਂ ਦੇ ਆਪੂੰ ਕਮਾਏ ਕਿਰਦਾਰ ਦੀ ਬੁਲੰਦੀ ਛਾਈ ਹੋਈ ਹੈ। ਪਿਤਾ ਬਾਰੇ ਵਰਿਆਮ ਹੋਰਾਂ ਕਿਤੇ ਲਿਖਿਆ ਸੀ ਕਿ ਉਹ ਲੱਕੜ ਦੇ ਮਿਸਤਰੀ ਸਨ। ਉਨ੍ਹਾਂ ਨੂੰ ਨਾ ਫ਼ਰਜ਼ੀ ਲੱਕੜ, ਨਾ ਫ਼ਰਜ਼ਾ ਵਿਅਕਤੀ ਅਤੇ ਨਾ ਫ਼ਰਜ਼ਾ ਨਜ਼ਾਮ ਪਸੰਦ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਹੋਰ ਜੋ ਮਰਜ਼ੀ ਹੋ ਜਾਵੇ ਪਰ ਉਹ ਫ਼ਰਜ਼ੇ ਨਿਜ਼ਾਮ ਦਾ ਪ੍ਰਸ਼ੰਸਕ ਨਹੀਂ ਹੋ ਸਕਦਾ। ਮੈਂ ਸਮਝਦਾ ਹਾਂ ਕਿ ਇਹੋ ਹੀ 'ਵਰਿਆਮ' ਹੋਰਾਂ ਦਾ ਜੀਵਨ ਦਰਸ਼ਨ ਹੈ ਜਿਸ ਦੀਆਂ ਬਾਤਾਂ ਉਹ ਹੋਰਨਾਂ ਦੇ ਘਰਾਣੇ ਦੇ ਨਾਲ ਆਪਣੀ ਜੀਵਨ ਕਥਾ ਦੇ ਇਸ ਮੁੱਢਲੇ ਭਾਗ ਵਿਚ ਪਾਉਂਦੇ ਹਨ। ਕਿਤੇ ਕਿਤੇ ਉਹ 'ਆਖਾਂ ਧੀ ਨੂੰ ਸਮਝਾਵਾਂ ਨੂੰਹ ਨੂੰ' ਵਾਲਾ ਢੰਗ ਵੀ ਸੁਚੱਜ ਨਾਲ ਵਰਤਦੇ ਹਨ।

ਪੰਜਾਬੀਆਂ ਦੇ ਗਿਆਰਾਂ ਕੁ ਸਾਲ ਹੀ ਸ਼ਾਇਦ ਇਕ ਥਾਂ ਟਿਕ ਕੇ ਸੌਖਿਆਂ ਲੰਘਦੇ ਸਨ ਇਸ ਲਈ ਬਾਰ੍ਹਵੇਂ ਵਰ੍ਹੇ ਵਿਚ ਕਿਤੇ ਨਾ ਕਿਤੇ ਉਨ੍ਹਾਂ ਨੂੰ ਖੱਟਣ ਲਈ ਜਾਣਾ ਹੀ ਪੈਂਦਾ ਸੀ। ਲੇਖਕ ਦਾ ਪਿਤਾ ਅਤੇ ਉਸ ਦੇ ਸਕੇ ਸੋਧਰੇ ਸਿਆਲਕੋਟ ਜ਼ਿਲ੍ਹੇ ਦੇ ਆਪਣੇ ਪਿੰਡ ਤੋਂ ਰਾਵਲਪਿੰਡੀ ਪੁੱਜਦੇ ਹਨ ਜਿਸ ਨੂੰ ਉਹ ਆਪਣੀ ਬੋਲੀ ਵਿਚ ਰੌਲਪਿੰਡੀ ਸੱਦਦੇ ਹਨ। ਅੱਜ ਤਾਂ ਲੇਖਕ ਨੂੰ ਪੋਠੋਹਾਰ ਭਾਵੇਂ ਇਸ ਦੇ ਸੁਪ੍ਰਸਿੱਧ ਪੰਜਾਬੀ ਲੇਖਕਾਂ ਸਦਕਾ ਯਾਦ ਆਉਂਦਾ ਹੈ ਪਰ ਬਚਪਨ ਵਿਚ ਵੇਖੀ ਪਿੰਡੀ ਦੀ ਯਾਦ ਉਸ ਦੇ ਮਨ ਮਸਤਕ 'ਤੇ ਕਿਵੇਂ ਉੱਕਰੀ ਹੋਈ ਹੈ, ਉਸ ਦੇ ਆਪਣੇ ਸ਼ਬਦਾਂ ਵਿਚ, "ਇਸ ਭਾਗਭਰੀ ਸੋਹਣੀ ਪਿੰਡੀ ਵਿਚ ਮੈਂ ਨਾਰੋਵਾਲ ਸਿਆਲਕੋਟ ਦੇ ਇਕ ਪਸਿੱਤੇ ਜਿਹੇ ਪਿੰਡ ਵਿਚੋਂ ਛੇ ਕੁ ਸਾਲ ਦੀ ਉਮਰ ਵਿਚ ਹੀ ਪਹੁੰਚ ਗਿਆ ਸਾਂ ਅਤੇ ਕੁੱਲ ਸਮਾਂ ਦੋ ਢਾਈ ਸਾਲ ਦਾ ਹੀ ਉਥੇ ਮਾਣਿਆ। ਉਸ ਵੇਲੇ ਪਿੰਡੀ ਸਿਆਲਕੋਟੀ ਕਾਰੀਗਰਾਂ ਵਾਸਤੇ ਵਲੈਤ ਸੀ। ਅੱਜ ਜਦੋਂ ਮੈਂ ਵਲੈਤ ਵੀ ਅੱਖੀਂ ਵੇਖ ਚੁੱਕਾ ਹਾਂ ਤਾਂ ਰਾਵਲਪਿੰਡੀ ਅਸਲੀ ਵਲੈਤ ਨਾਲੋਂ ਵੀ ਅਸਲੋਂ ਹੀ ਸੋਹਣੀ ਅਜੇ ਵੀ ਦਿਸਦੀ ਪਈ ਹੈ। ਇਸ ਵਲੈਤੋਂ ਸੋਹਣੀ ਪਿੰਡੀ ਵਿਚ ਮੇਰੇ ਪਿਤਾ ਜੀ ਮੁਸਾਫ਼ਰੀ ਲਾਉਣ ਜਾਂਦੇ ਹੁੰਦੇ ਸਨ। ਅੱਜ ਜਿਵੇਂ ਇੰਗਲੈਂਡ ਦੇ ਸਾਊਥਾਲ ਵਿਚ ਇਕ ਪੰਜਾਬ ਹੀ ਵਸਿਆ ਹੋਇਆ ਹੈ, ਉਦੋਂ ਰਾਵਲਪਿੰਡੀ ਵਿਚ ਚਿੱਟੀਆਂ ਹੱਟੀਆਂ, ਕਮੇਟੀ ਮਹੱਲਾ ਤੇ ਭਾਬੜੀ ਮੁਹੱਲੇ ਵਿਚ ਸਿਆਲਕੋਟ ਹੀ

Sri Satguru Jagjit Singh Ji eLibrary NamdhariElibrary@gmail.com

ਵਸਿਆ ਹੋਇਆ ਸੀ। ਰਾਜਸ ਮਿਸਤਰੀ, ਤਰਖਾਣੇ, ਲੁਹਾਰੇ ਕੰਮ ਦੇ ਮਾਹਰ ਕਾਰੀਗਰਾਂ ਦੀ ਇਥੇ ਭਾਰੀ ਗਿਣਤੀ ਰਹਿੰਦੀ ਸੀ। ਇਥੇ ਇਨ੍ਹਾਂ ਦੇ ਦੋ ਗੁਰਦੁਆਰੇ ਵੀ ਸਨ। ਇਕ ਗੁਰਦੁਆਰਾ ਰਾਮਗੜ੍ਹੀਆ ਸਦਾਉਂਦਾ ਸੀ ਜਿਸ ਦੀ ਬਣਤਰ ਅਤੇ ਚਮਕ ਦਮਕ ਰਾਮਗੜ੍ਹੀਆਂ ਦੇ ਹੁਨਰ ਅਤੇ ਭਾਈਚਾਰਕ ਸਾਂਝ ਨੂੰ ਦਰਸਾਉਂਦੀ ਅਤੇ ਦੂਸਰਾ ਗੁਰਦੁਆਰਾ ਨਾਮਧਾਰੀਆਂ ਦਾ ਸੀ। ਜਿਸ ਦੀ ਸਾਦੀ ਅਤੇ ਸਫੈਦ ਇਮਾਰਤ 'ਚੋਂ ਅਕਸਰ ਦੇਸੀ ਘਿਓ ਦੇ ਕੜਾਹ ਪ੍ਰਸ਼ਾਦ ਅਤੇ ਹਵਨ ਦੀ ਸਮੱਗਰੀ ਦੀ ਖੁਸ਼ਬੋ ਆਉਂਦੀ ਰਹਿੰਦੀ ਸੀ। ਇਹ ਖੁਸ਼ਬੋ ਅੰਮ੍ਰਿਤ ਵੇਲੇ ਮਰੀ ਦੀ ਪਹਾੜੀ ਤੋਂ ਆਉਂਦੀ ਠੰਡੀ ਪੌਣ ਵਿਚ ਸ਼ਾਮਿਲ ਹੁੰਦੀ ਤਾਂ ਮਨ ਵਿਚ ਖੇੜੇ ਦਾ ਪ੍ਰਭਾਵ ਸਿਰਜਦੀ। ਖੇੜਿਆਂ ਖੁਸ਼ੀਆਂ ਅਤੇ ਨਿਤ ਨਰੋਏ ਪਨ ਦਾ ਅਹਿਸਾਸ ਕਰਾਉਂਦੀ।"[1]

ਕਿਰਤੀ ਪਿਤਾ ਦੀ ਇਹ ਰੀਝ ਸੀ ਕਿ ਕੌਮੀ ਚੇਤਨਾ ਦੇ ਇਸ ਪਰਚੰਡ ਹੋ ਰਹੇ ਦੌਰ ਵਿਚ, ਸਕੂਲੀ ਸਿੱਖਿਆ ਦੀ 'ਲਿਸ਼ਕੋਰ' ਉਸ ਦੇ ਬੱਚੇ ਦਾ ਚਿਹਰਾ ਮੁਹਰਾ ਰੁਸ਼ਨਾਏ। ਗੁਰਮੁਖੀ ਅੱਖਰਾਂ ਅਤੇ ਗੁਰਬਾਣੀ ਦੇ ਗਿਆਨ ਦੇ ਬਾਵਜੂਦ ਉਹ ਆਪਣੇ ਆਪ ਨੂੰ ਅਨਪੜ੍ਹ ਸਮਝਦੇ ਸਨ ਅਤੇ ਇਸ ਅਨਪੜ੍ਹਤਾ ਨੂੰ ਦੂਰ ਕਰਨ ਲਈ ਮਾਧਿਅਮ ਬਾਲ ਜਗਦੀਸ਼ ਸੀ, ਜਿਸ ਦੀ ਸਕੂਲੇ ਪਹਿਲੀ ਫੇਰੀ ਪੋਠੋਹਾਰੀ ਉਪ ਭਾਸ਼ਾ ਦੇ ਜਾਣੂੰ ਨਾ ਹੋਣ ਕਾਰਨ ਉਸ ਲਈ ਮਜ਼ਾਕ ਦਾ ਕਾਰਨ ਵੀ ਬਣਦੀ ਹੈ। ਛੇਤੀ ਹੀ ਉਹ ਆਪਣੇ ਹਮਜੋਲੀਆਂ ਵਿਚ ਰਚ ਮਿਚ ਜਾਂਦਾ ਹੈ। ਇਥੇ ਹੀ ਉਹ ਪਹਿਲੀ ਵੇਰ ਰੇਡੀਓ ਵੇਖਦਾ ਹੈ ਜੋ ਉਹਦੇ ਮੁਤਾਬਿਕ ਡੱਬੇ ਵਿਚੋਂ ਆਵਾਜ਼ ਆ ਰਹੀ ਹੁੰਦੀ। ਰੇਡੀਓ ਤੋਂ ਸੁਣੇ ਕੁਝ ਸ਼ਬਦਾਂ "ਜਰਮਨ, ਰੂਸ, ਬ੍ਰਤਾਨੀਆਂ, ਹਿਟਲਰ, ਗਾਂਧੀ, ਨਹਿਰੂ, ਪਟੇਲ ਤੇ ਜਿਨਾਹ" ਦੀ ਜਾਣਕਾਰੀ ਉਹ ਪਿਤਾ ਜੀ ਤੋਂ ਮੰਗਦਾ ਤਾਂ ਜਿਨਾ ਕੁ ਉਹ ਜਾਣਦੇ ਦੱਸ ਕੇ ਫਿਰ ਉਸ ਨੂੰ ਬਰਫ਼ੀ ਲੈ ਦਿੰਦੇ ਅਤੇ ਕਹਿੰਦੇ, "ਤੂੰ ਕੀ ਲੈਣੈ ਇਨ੍ਹਾਂ ਗੱਲਾਂ 'ਚੋਂ, ਤੂੰ ਬਰਫ਼ੀ ਖਾਹ।" ਜੇ ਕਿਤੇ ਜਗਦੀਸ਼ ਸਿੰਘ ਬਾਪੂ ਜੀ ਦੀ ਗੱਲ ਮੰਨ ਕੇ ਸਿਰਫ਼ ਬਰਫ਼ੀ ਖਾਣ ਵਿਚ ਹੀ ਧਿਆਨ ਰੱਖਦਾ ਤਾਂ ਸ਼ਾਇਦ ਉਹ ਸਫਲ ਕਾਰੋਬਾਰੀ ਵਿਅਕਤੀ ਬਣ ਜਾਂਦਾ, ਪਰ ਹਰ ਵਰਤਾਰੇ ਬਾਰੇ ਘੋਖਦੀਆਂ ਪੁੱਛਾਂ ਵਾਲੇ ਉਸ ਦੇ ਸੁਭਾਅ ਨੇ ਹੀ ਉਸ ਨੂੰ ਆਮ ਜਣਾ ਨਾ ਰਹਿਣ ਦਿੱਤਾ। ਇਹੋ ਉਸਦੀਆਂ ਬਾਅਦ ਵਿਚ ਪੇਸ਼ ਆਉਣ ਵਾਲੀਆਂ ਦੁਸ਼ਵਾਰੀਆਂ ਅਤੇ ਮੁਸੀਬਤਾਂ ਦਾ ਮੁੱਢ ਬੱਝਣ ਦਾ ਆਰੰਭ ਸੀ। ਉਹ ਉਨ੍ਹਾਂ ਲੋਕਾਂ ਦੀ ਕਤਾਰ ਵਿਚ ਸ਼ਾਮਿਲ ਹੋ ਗਿਆ ਜੋ ਆਪਣੀ ਜ਼ਮੀਰ ਜਾਂ ਸਮਝ ਦੇ ਕੈਦੀ ਹੁੰਦੇ ਹਨ। ਕਵੀ ਹਾਸ਼ਮ ਦੇ ਸ਼ਬਦਾਂ ਵਿਚ - "ਤੈਨੂੰ ਹੁਸਨ ਖਰਾਬ ਕਰੇਂਦਾ ਅਤੇ ਸਾਨੂੰ ਸਮਝ ਸਤਾਇਆ।"

ਨਾਮਧਾਰੀ ਸੱਭਿਆਚਾਰ ਵਿਚ ਢੋਲਕੀ ਛੈਣਿਆਂ ਨਾਲ ਸਿੱਧੀਆਂ ਸਾਦੀਆਂ ਧਾਰਨਾਂ ਪੜ੍ਹ ਕੇ, ਲੰਗਰ ਵਾਲੇ ਹੌਲੇ ਦੇ ਦੀਵਾਨ ਦਾ ਬੜਾ ਮਹੱਤਵ ਹੈ। ਨਾਮਧਾਰੀ ਘਰਾਂ ਦੀ ਪਛਾਣ ਇਉਂ ਦੱਸੀ ਜਾਂਦੀ ਸੀ - 'ਉਹ ਘਰ ਕੂਕਿਆਂ ਦਾ, ਜਿਥੇ ਛੈਣੇ ਢੋਲਕੀ ਖੜਕੇ।' ਕੈਂਹ ਦੀਆਂ ਬਾਲੀਆਂ ਨੂੰ ਛੈਣਿਆਂ ਵਿਚ ਤਬਦੀਲ ਕਰਨ ਦਾ ਵੱਲ ਉਨ੍ਹਾਂ ਨੂੰ ਆਉਂਦਾ ਸੀ ਅਤੇ ਲੋਕ ਕਵੀ ਨੂੰ ਇਹੋ ਗੱਲ ਉਨ੍ਹਾਂ ਦਾ ਵੱਡਾ ਗੁਣ ਜਾਪਦੀ ਸੀ - 'ਬਾਲੀ ਭੰਨ ਕੇ ਬਣਾ ਲਏ ਛੈਣੇ, ਬੱਲੇ ਬੱਲੇ ਕੂਕਿਆਂ ਦੇ।' ਇਹ ਇਕ ਸੁਖਦ ਸੰਜੋਗ ਗਿਣਿਆ ਜਾਵੇਗਾ ਕਿ ਬਾਲ ਜਗਦੀਸ਼ ਦੇ ਪੈਦਾ ਹੋਣ ਦੀ ਖ਼ਬਰ ਜਦੋਂ ਰਾਵਲਪਿੰਡੀ ਪੁੱਜੀ ਉਨ੍ਹਾਂ ਦੇ ਸਿਆਲਕੋਟ ਵਾਲੇ ਪਿੰਡ ਤੋਂ ਤਾਂ ਪਿੰਡੀ ਦੀ ਸਾਰੀ ਨਾਮਧਾਰੀ ਸੰਗਤ ਜਥੇਦਾਰ ਨੱਥਾ ਸਿੰਘ ਦੇ ਨਿਵਾਸ 'ਤੇ ਜੁੜ ਕੇ ਦੀਵਾਨ ਸਜਾਉਂਦੀ ਹੈ। ਉਂਝ ਇਹ ਸੰਗਤ ਦੀਵਾਨ ਰੋਜ਼ ਰਾਤ ਨੂੰ ਲਾਉਂਦੀ ਹੀ ਲਾਉਂਦੀ ਹੈ, ਕਦੇ ਕਿਸੇ ਵੱਲ ਕਦੇ ਕਿਸੇ ਵੱਲ। ਇਨ੍ਹਾਂ ਦੀਵਾਨਾਂ ਵਿਚ ਜਥੇਦਾਰ ਨੱਥਾ ਸਿੰਘ ਹੋਰਾਂ ਜਿਹੇ ਸਥਾਨਕ ਜਥੇਦਾਰ ਵੀ ਹੁੰਦੇ ਅਤੇ ਅਤਰ ਸਿੰਘ ਸੰਭੜਆਲੀਏ ਵਰਗੇ ਪੀੜ੍ਹੀਆਂ ਬੀਤ ਜਾਣ ਬਾਅਦ ਵੀ ਚੇਤਿਆਂ ਵਿਚ ਵੱਸਣ ਵਾਲੇ ਜਥੇਦਾਰ ਵੀ ਕਦੇ ਕਦੇ ਆ ਦਰਸ਼ਨ ਦਿੰਦੇ। ਕਿਰਤ ਅਤੇ ਸੰਗੀਤ ਦਾ ਆਦਿ ਕਾਲ ਤੋਂ ਹੀ ਆਪਸੀ ਰਿਸ਼ਤਾ ਤੁਰਿਆ ਆਉਂਦਾ ਹੈ। ਸੰਤ ਅਤਰ ਸਿੰਘ ਦੇ ਦੀਵਾਨਾਂ ਨੂੰ ਲੋਕ ਫ਼ਿਰਕੂ ਵਲਗਣਾਂ ਤੋਂ ਉੱਪਰ ਉੱਠ ਕੇ ਸੁਣਦੇ ਸਨ। ਲੇਖਕ ਦੇ ਆਪਣੇ ਸ਼ਬਦਾਂ ਵਿਚ "ਸਾਰਾ ਦਿਨ ਕੰਮ ਕਰ ਕੇ ਜਦੋਂ ਇਹ ਲੋਕ ਥੱਕ ਜਾਂਦੇ ਤਾਂ ਏਸ ਥਕਾਣ ਨੂੰ ਲਾਹੁਣ ਵਾਸਤੇ ਘੰਟਿਆਂ ਬੱਧੀ ਖੂਬ ਢੋਲਕੀ ਛੈਣੇ ਵਜਾਉਂਦੇ ਤੇ ਉੱਚੀ-ਉੱਚੀ ਸ਼ਬਦ ਪੜ੍ਹਦੇ। ਚਿੱਟੀਆਂ ਚੌਂਟੀਆਂ ਇਲਾਕੇ

Sri Satguru Jagjit Singh Ji eLibrary NamdhariElibrary@gmail.com

ਵਿਚ ਵੱਡਾ ਚੌਕ ਸੀ। ਉਥੇ ਨਿੱਤ ਦੀਵਾਨ ਲੱਗਦੇ ਹੀ ਰਹਿੰਦੇ ਤੇ ਜਦ ਕਦੇ ਸਿਆਲਕੋਟ ਦੇ ਪਿੰਡਾਂ ਵੱਲੋਂ ਕੋਈ ਵੱਡਾ ਜਥੇਦਾਰ ਆ ਜਾਣਾ ਤਾਂ ਹੋਰ ਵੀ ਉਤਸਾਹ ਫੈਲ ਜਾਣਾ। ਜੇ ਕਿਤੇ ਜਥੇਦਾਰ ਅਤਰ ਸਿੰਘ ਦਾ ਆਉਣਾ ਸੁਣੀਂਦਾ ਤਾਂ ਸਾਰੇ ਇਲਾਕੇ ਵਿਚ ਨਾਮਧਾਰੀ, ਅਕਾਲੀ, ਹਿੰਦੂ, ਮੁਸਲਮਾਨ ਸਭ ਨੂੰ ਚਾਅ ਚੜ੍ਹ ਜਾਣਾ। ਸੰਤ ਅਤਰ ਸਿੰਘ ਹੋਰਾਂ ਹੱਥਾਂ ਵਿਚ ਲੌਂਕਤ ਅਤੇ ਘੁੰਗਰੂਆਂ ਵਾਲੀਆਂ ਖੜਤਾਲਾਂ ਵਜਾਉਣੀਆਂ, ਉਨ੍ਹਾਂ ਨਿਰਤ ਵੀ ਕਰਨਾ ਅਤੇ ਉਚੀ ਉਚੀ ਧਾਰਨਾਂ ਵੀ ਪੜ੍ਹਨੀਆਂ। ਉਹ ਸਾਦੀਆਂ ਸੌਖੀਆਂ ਧਾਰਨਾਂ ਪੜ੍ਹਦੇ ਜਿਵੇਂ 'ਕੋਈ ਗੁਣ ਨਾ ਗੁਰੂ ਜੀ ਵਿਚ ਮੇਰੇ, ਔਗੁਣਾਂ ਦਾ ਮੈਂ ਭਰਿਆ।' ਬਹੁਤ ਰਗੜਾ ਪਿੜ ਬੱਝਦਾ ਸੀ। ਢੋਲਕੀ ਛੈਣਿਆਂ ਦੀ ਭਰਵੀਂ ਗੂੰਜ ਵਿਚ ਸੰਤ ਅਤਰ ਸਿੰਘ ਨੇ ਸ਼ਬਦ ਪੜ੍ਹਨੇ। ਜਦੋਂ ਗੱਲਾਂ ਕਰਨੀਆਂ ਤਾਂ ਕਦੀ ਤਾਂ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦੇਣੀਆਂ ਅਤੇ ਕਦੇ ਰੁਆ ਦੇਣਾ। ਜਦੋਂ ਉਹ ਵੈਰਾਗ ਵਿਚ ਹੁੰਦੇ ਤਾਂ ਆਪ ਵੀ ਬੇਸੁਧ ਤੇ ਸਰੋਤੇ ਵੀ। ਜਦੋਂ ਉਹ ਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਪੜ੍ਹ ਰਹੇ ਹੁੰਦੇ 'ਲੱਗੀਆਂ ਵਾਲੇ ਜਾਣਦੇ ਬੇਦਰਦਾਂ ਨੂੰ ਕੀਹ' ਤਾਂ ਕਠੋਰ ਹਿਰਦਾ ਵੀ ਪਿਘਲ ਜਾਂਦਾ ਤੇ ਅੱਖੀਆਂ 'ਚੋਂ ਹੰਝੂ ਪਰਲ ਪਰਲ ਵਗ ਤੁਰਦੇ। ਉਹ ਅਕਸਰ ਵੱਡੀਆਂ ਥਾਵਾਂ 'ਤੇ ਛਾਲ ਮਾਰ ਕੇ ਚੜ੍ਹ ਜਾਂਦੇ ਤੇ ਉਤਰ ਵੀ ਜਾਂਦੇ। ਚਿੱਟੀਆਂ ਹੱਟੀਆਂ ਚੌਕ ਵਿਚ ਇਕ ਵੱਡਾ ਸਾਰਾ ਖੂਹ ਸੀ। ਇਕ ਵਾਰ ਸੰਤਾਂ ਨੂੰ ਅਜਿਹਾ ਜੋਸ਼ ਚੜ੍ਹਿਆ ਦੌੜੇ ਦੌੜੇ ਗਏ ਅਤੇ ਛੜੱਪ ਖੂਹ ਵਿਚ ਛਾਲ ਮਾਰ ਦਿੱਤੀ।...ਨਾਮਧਾਰੀਆਂ ਦੇ ਮਸਤਾਨਿਆਂ ਨੇ ਕਈ ਵਾਰ ਹਵਨ ਕੁੰਡ ਦੀ ਅੱਗ ਵਿਚ ਛਾਲ ਮਾਰ ਦੇਣੀ। ਇਨ੍ਹਾਂ ਬਾਰੇ ਮਸ਼ਹੂਰ ਸੀ ਕਿ ਜਿਹੜੇ ਅਸਲੀ ਮਸਤਾਨੇ ਹੁੰਦੇ ਹਨ ਉਨ੍ਹਾਂ ਨੂੰ ਕੋਈ ਸੁਧ ਨਹੀਂ ਹੁੰਦੀ ਤੇ ਨਾ ਹੀ ਉਨ੍ਹਾਂ ਨੂੰ ਸੱਟ ਲੱਗਦੀ ਹੈ ਨਾ ਅੱਗ ਦਾ ਸੇਕ।

ਇਸੇ ਧਰਤੀ 'ਤੇ ਲੇਖਕ ਨੇ ਭਾਈ ਮੋਤੀ ਮੁਸਲਮਾਨ ਰਬਾਬੀ ਦਾ ਉਪਰੋਕਤ ਦੋਹਾਂ ਗੁਰਦੁਆਰਿਆਂ ਵਿਚ ਵੱਡੇ ਉਤਸ਼ਾਹ ਨਾਲ ਸੁਣਿਆ ਜਾਂਦਾ ਕੀਰਤਨ ਵੀ ਸੁਣਿਆ ਅਤੇ ਲੋਕਾਂ ਦੀ ਫ਼ਰਮਾਇਸ਼ 'ਤੇ ਉਨ੍ਹਾਂ ਦਾ ਪ੍ਰਸਿੱਧ ਮਾਰਫ਼ਤ ਦਾ ਉਹ ਗੀਤ ਵੀ "ਕੋਈ ਹੋਰ ਨਾ ਖੁਮਾਰੇ ਵਿਚ ਬੋਲੇ, ਐਵੇਂ ਤੈਨੂੰ ਭਰਮ ਪਿਆ।"

ਰਾਵਲਪਿੰਡੀ ਦੀ ਰਈਸ ਦੰਪਤੀ ਸ. ਆਤਮਾ ਸਿੰਘ ਨਾਮਧਾਰੀ ਅਤੇ ਬੀਬੀ ਲੀਲਾਵੰਤੀ ਵੀ ਰਾਗੀਆਂ ਜਿਉਂ ਸਿੱਖਾਂ ਦੀਆਂ ਸਾਰੀਆਂ ਸਟੇਜਾਂ ਤੇ ਕੀਰਤਨ ਕਰਦੇ ਸਨ। ਇਸ ਸਰਦਾਰ ਨੇ ਰਾਵਲਪਿੰਡੀ ਵਿਚ ਨਾਮਧਾਰੀ ਹੋਲਾ ਮਹੱਲਾ ਵੀ ਕਰਵਾਇਆ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ, ਜਦੋਂ ਸਿਆਲਕੋਟ ਤੋਂ ਸਪੈਸ਼ਲ ਰੇਲ ਗੱਡੀ ਰਾਵਲ ਪਿੰਡੀ ਗਈ ਸੀ। ਆਜ਼ਾਦ ਭਾਰਤ ਦੀ ਸਿਰਸਾ ਸੀਟ ਤੋਂ ਲੋਕ ਸਭਾ ਦੀ ਪਹਿਲੀ ਚੋਣ ਇਸੇ ਸਰਦਾਰ ਨੇ ਜਿੱਤੀ ਸੀ ਪਰ ਛੇਤੀ ਹੀ ਉਹ ਚੱਲ ਵਸਿਆ ਸੀ। ਉਸ ਦੀ ਵਿਧਵਾ ਬੀਬੀ ਲੀਲਾਵੰਤੀ ਗੁਰੂ ਭਗਤੀ, ਨਾਮ ਸਿਮਰਨ, ਸੇਵਾ ਅਤੇ ਨਿਮਰਤਾ ਦੀ ਖ਼ੂਬਸੂਰਤ ਮੂਰਤ ਸੀ।' ਇਸੇ ਸ਼ਹਿਰ ਵਿਚ ਜਨਮ ਅਸ਼ਟਮੀ ਦੇ ਜਲੂਸ ਸਮੇਂ ਬਾਲ ਜਗਦੀਸ਼ ਇਕ ਵੇਰ ਗੁਆਚ ਗਿਆ ਸੀ ਪਰ ਕਿਸੇ ਜਾਣੂ ਬੰਦੇ ਨੇ ਉਹ ਦੀ ਬਾਂਹ ਫੜ ਲਈ। ਸ਼ਾਇਦ ਇਸੇ ਕਰ ਕੇ ਹੀ ਫਿਰ ਜਦੋਂ ਕਦੇ ਉਹ ਹਰਫ਼ਾਂ ਦੇ ਜਲੂਸ ਵਿਚ ਗੁਆਚਣ ਲੱਗਦਾ ਤਾਂ ਕੋਈ ਨਾ ਕੋਈ ਵਰਿਆਮ ਸਿੰਘ ਸੰਧੂ ਵਰਗਾ ਉਸ ਦੀ ਬਾਂਹ ਫੜਨ ਲਈ ਬਹੁੜ ਪੈਂਦਾ।

ਰਾਵਲਪਿੰਡੀ ਵਿਚ ਵੱਸਦੇ ਸਿਆਲਕੋਟੀਏ ਵੈਸਾਖੀ ਦੇ ਸਮੇਂ ਚਿੱਟੀਆਂ ਹੱਟੀਆਂ ਰਾਵਲਪਿੰਡੀ ਵਿਖੇ ਆਪਣੇ ਭੰਗੜੇ ਦੀ ਪੇਸ਼ਕਾਰੀ ਵੀ ਕਰਦੇ। ਭੰਗੜਾ ਤਾਂ ਸਿਆਲਕੋਟੀਆਂ ਦੇ ਸਾਹਾਂ ਵਿਚ ਰਚਿਆ ਹੋਇਆ ਸੀ। ਪਰ ਲੇਖਕ ਉਸ ਭੰਗੜੇ ਦੀ ਮੌਲਿਕਤਾ ਬਿਆਨ ਕਰਦਾ ਹੈ ਅਤੇ ਹੁਣ ਭੰਗੜੇ ਦੇ ਨਾਂ 'ਤੇ ਹੁੰਦੀ ਹੁੱਲੜਬਾਜ਼ੀ ਨੂੰ ਪਸੰਦ ਨਹੀਂ ਕਰਦਾ। ਉਸ ਦੇ ਪਿੰਡ 'ਢੇ' ਦੀ ਭੰਗੜੇ ਦੀ ਟੀਮ ਨੂੰ ਇਨ ਵਨ ਸੀ। ਜਦੋਂ ਜੁਆਨ ਭੰਗੜਾ ਪਾ ਰਹੇ ਹੁੰਦੇ ਤਾਂ ਸੰਤ ਨਰਾਇਣ ਸਿੰਘ ਡੱਡੀਆਂ ਵਾਲੇ ਦੇ ਇਸ਼ਾਰੇ 'ਤੇ ਲਾਬੇ ਚੋਹਲ ਦਿੰਦੇ। ਹੇਠੋਂ ਗੁਰਮੁਖੀ ਕਚਹਿਰੇ ਨਿਕਲ ਆਉਂਦੇ। ਫਿਰ ਉਹ ਛੈਣੇ ਹੱਥਾਂ ਵਿਚ ਫੜ ਕੇ ਨਾਮਧਾਰੀ ਦੀਵਾਨ ਵਿਚ ਵੜ ਜਾਂਦੇ। ਸਾਡਾ ਲੇਖਕ ਪਿੰਡੀ ਦੀ ਸਰਦਾਰੀ ਤੋਂ ਅੱਕ ਕੇ ਪਿੰਡ ਦੀ ਮਿੱਟੀ ਨੂੰ ਯਾਦ ਕਰਦਾ ਹੈ, ਪਿੰਡ ਜੋ ਇਕ ਸਰੋਵਰ ਜਿਹੇ ਛੱਪੜ ਦੇ ਕੰਢੇ ਕੱਚੇ ਕੋਠਿਆਂ ਅਤੇ ਕੁੱਲੀਆਂ ਵਿਚ ਵੱਸਦਾ ਹੈ। ਪਿੰਡ ਭਾਵੇਂ ਛੋਟਾ ਹੈ ਪਰ ਇਸ ਦੇ ਫ਼ੌਜੀ ਦੇਸ ਦੇਸਾਂਤਰਾਂ ਵਿਚ ਲੱਗੀਆਂ ਜੰਗਾਂ ਵਿਚ ਭਾਗ ਲੈਣ ਵਾਲੇ ਹਨ। ਇਥੋਂ

Sri Satguru Jagjit Singh Ji eLibrary NamdhariElibrary@gmail.com

ਰਾਵੀ ਦਰਿਆ ਨੇੜੇ ਹੀ ਹੈ। ਇਸ ਲਈ ਪਿੰਡ ਵਾਰ ਵਾਰ ਢਹਿੰਦਾ ਹੋਵੇਗਾ। ਢੇਹ ਤੋਂ ਹੀ ਢੇਹ ਸ਼ਬਦ ਬਣ ਗਿਆ ਹੋਵੇ। ਪਿੰਡਾਂ ਦੇ ਨਾਵਾਂ 'ਤੇ ਦਰਿਆ ਦੀ ਸੰਸਕ੍ਰਿਤੀ ਦਾ ਅਸਰ ਹੈ। ਇਕ ਮਸ਼ਹੂਰ ਕਸਬਾ 'ਗੋਤਾ' ਲਾਗੇ ਹੀ ਸੀ ਤੇ ਹੋਰ ਨੇੜਲੇ ਪਿੰਡ 'ਪੂੰਗਾ' ਅਤੇ ਡੱਡੀਆਂ ਸਨ। ਗੋਤੇ ਦੇ ਵਾਟਤੇ ਇਸ ਨੂੰ 'ਗੌਤਮ ਨਗਰੀ ਧਾਰਾ ਨਦੀ ਦੇ ਕਿਨਾਰੇ' ਦੱਸਦੇ। ਧਾਰਾ ਨਦੀ ਭਾਵ ਰਾਵੀ ਹੁਣ ਵਹਿਣ ਬਦਲ ਕੇ ਦੂਰ ਚਲੀ ਗਈ ਸੀ। ਢੇ ਪਿੰਡ ਵਿਚ ਹਰ ਵਰ੍ਹੇ ਸਤਿਗੁਰੂ ਪ੍ਰਤਾਪ ਸਿੰਘ ਦੀ ਹਾਜ਼ਰੀ ਵਿਚ ਜੋੜ ਮੇਲਾ ਕਰਵਾਉਣ ਵਾਲਾ, ਇਕ ਛੋਟਾ ਕਿਸਾਨ, ਜਿਸ ਦੀ ਕੰਡ ਅਕਸਰ ਪਾਟੀ ਹੁੰਦੀ, ਬਾਬਾ ਕੂਸ ਵਾਲਾ ਪ੍ਰਸਿੱਧ ਸੀ ਸਾਰੇ ਦੁਆਬ ਵਿਚ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿਚ ਮਹਾਰਾਜਾ ਦਲੀਪ ਸਿੰਘ – ਕੂਸ ਅਤੇ ਕੂਕਿਆਂ ਦੀ ਇਕ ਤਿਕੋਣ ਬਣਦੀ ਹੈ। ਇਸੇ ਲਈ ਹਰ ਕੂਕਾ ਕੂਸ ਨੂੰ ਉਡੀਕਦਾ ਸੀ। ਉਹ ਆਵੇ ਅਤੇ ਅੰਗਰੇਜ਼ਾਂ ਦਾ ਬਿਸਤਰਾ ਇਥੋਂ ਗੋਲ ਕਰੇ। ਨਾਮਧਾਰੀ ਪੰਥ ਵਿਚ ਇਕ ਤੋਂ ਵੱਧ ਅਜਿਹੇ ਬਾਬੇ ਸਨ ਜਿਨ੍ਹਾਂ ਦੀਆਂ ਕੂਸ ਵੱਲ ਲੱਗੀਆਂ ਆਸਵੰਦ ਨਜ਼ਰਾਂ ਕਾਰਨ ਲੋਕ ਉਨ੍ਹਾਂ ਦਾ ਅਸਲੀ ਨਾਂ ਤਾਂ ਭੁੱਲ ਗਏ ਤੇ ਉਹ "ਬਾਬਾ ਕੂਸ" ਹੀ ਬਣ ਗਏ। ਬਧਾਵੇ, ਛਲੇਡੇ ਅਤੇ ਅੰਗ-ਅੰਗ ਵੱਖ ਕਰ ਕੇ ਫਿਰ ਜੋੜ ਲੈਣ ਵਾਲੇ ਕਲਪਿਤ ਫਕੀਰਾਂ ਦੀ ਚਰਚਾ ਵੀ ਇਸ ਪਿੰਡ ਵਿਚ ਹੁੰਦੀ ਰਹਿੰਦੀ। ਲੋਕ ਵਿਸ਼ਵਾਸ ਤੇ ਲੋਕ ਮਨਾਉਤਾਂ ਸਾਰੇ ਪਿੰਡਾਂ ਵਿਚ ਰਲਦੀਆਂ ਮਿਲਦੀਆਂ ਹੀ ਹਨ।

ਖਾਰੇ ਪਿੰਡ ਦਾ ਜਥੇਦਾਰ ਈਸ਼ਰ ਸਿੰਘ ਖੜਤਾਲਾਂ ਵਜਾ ਕੇ ਦੀਵਾਨ ਲਾਉਂਦਾ। ਜਦੋਂ ਖੜਤਾਲਾਂ ਦੇ ਘੁੰਗਰੂਆਂ ਘੁੰਗਰੂਆਂ ਅਤੇ ਛੈਣਿਆਂ ਦੇ ਤਾਲ ਦਾ ਸੁਮੇਲ ਹੁੰਦਾ ਤਾਂ ਅਦਭੁਤ ਰਸ ਨਿਕਲਦਾ। ਜਥੇਦਾਰ ਦੀ ਆਪਣੀ ਆਵਾਜ਼ ਬਹੁਤ ਸੁਰੀਲੀ ਸੀ ਅਤੇ ਉਹ ਵੈਰਾਗ ਵਿਚ ਭਿਜ ਕੇ ਧਾਰਨਾਂ ਪੜ੍ਹਦਾ। ਢੇ ਦੇ ਸਾਹਮਣੇ ਸੀ ਪਿੰਡ ਪੂੰਗਾ ਜਿਸ ਨੂੰ ਨਾਮਧਾਰੀ ਜਗਤ ਵਿਚ ਸੰਤ ਸੁੰਦਰ ਸਿੰਘ ਪੂੰਗਾਂ ਵਾਲਿਆਂ ਦੀ ਵਿਸ਼ੇਸ਼ ਕੀਰਤਨ ਸ਼ੈਲੀ ਸਦਕਾ ਪ੍ਰਸਿੱਧੀ ਮਿਲੀ। 'ਸੁੱਖਾ ਸਿੰਘ ਮਤਾਬ ਸਿੰਘ ਵੱਲੋਂ ਮੱਸੇ ਰੰਗੜ ਦਾ ਸਿਰ ਵੱਢਣ ਦਾ ਪ੍ਰਸੰਗ ਮੁਸਲਮਾਨ ਵੀ ਦਿਲਚਸਪੀ ਨਾਲ ਸੁਣਦੇ। ਸੰਤ ਜਦੋਂ ਆਪਣੀ ਨਿਵੇਕਲੀ ਸ਼ੈਲੀ ਵਿਚ 'ਮਾਰੀ ਖਿੱਚ ਤਲਵਾਰ ਮਤਾਬ ਸਿੰਘ ਨੇ, ਸਿਰ ਮੱਸੇ ਦਾ ਲਾਹ ਕੇ ਰੱਖ ਦਿੱਤਾ' ਸੁਣਾਉਂਦੇ ਤਾਂ ਰਣਭੂਮੀ ਦੀ ਸਜੀਵ ਚਿੱਤਰਕਾਰੀ ਪੇਸ਼ ਕਰ ਦਿੰਦੇ। ਉਨ੍ਹਾਂ ਦੀ ਆਸਾ ਦੀ ਵਾਰ ਉਤੇ ਪਕੜ ਤਾਂ ਏਨੀ ਵਿਖਿਆਤ ਹੋ ਗਈ ਕਿ ਲੋਕ-ਕਲਾਕਾਰ ਭੰਡ ਸੰਤਾਂ ਦੀ ਨਕਲ ਲਾਹੁਣੋਂ ਨਾ ਰਹਿ ਸਕੇ।

'ਮਜਮੇ 'ਚ ਇਕ ਭੰਡ ਕੁੜੀ ਬਣ ਗਿਆ। ਉਹ ਕੁੜੀ ਲੁਕਦੀ ਫਿਰੇ ਕਦੇ ਇਥੇ ਕਦੇ ਉਥੇ। ਇਕ ਹੋਰ ਭੰਡ ਨੇ ਡਾਂਟਿਆ, "ਕੁੜੀਏ, ਤੂੰ ਕੌਣ ਏਂ?" ਉਹਨੇ ਕੰਬਦੀ ਹੋਈ ਨੇ ਦੱਸਿਆ, "ਜੀ ਮੈਂ ਆਸਾ ਦੀ ਵਾਰ ਹਾਂ।" "ਆਸਾ ਦੀ ਵਾਰ ਹੈਂ ਤਾਂ ਇਥੇ ਲੁਕਦੀ ਕਿਉਂ ਫਿਰਦੀ ਏਂ?" ਸਹਿਮੀ ਹੋਈ ਕੁੜੀ ਨੇ ਆਜਜ਼ੀ ਨਾਲ ਕਿਹਾ, "ਜੀ ਮੈਂ ਪੂੰਗਾਂ ਵਾਲੇ ਤੋਂ ਲੁਕਦੀ ਫਿਰਦੀ ਹਾਂ।"[3]

ਮੁਲਕ ਦਾ ਬਟਵਾਰਾ ਹੁਣ ਹਕੀਕਤ ਬਣਨ ਵਾਲਾ ਸੀ। ਪਾਕਿਸਤਾਨ ਬਣਨ ਦੀਆਂ ਕਨਸੋਆਂ ਆ ਰਹੀਆਂ ਸਨ। ਹਿੰਦੁਸਤਾਨ ਦੀ ਆਜ਼ਾਦੀ ਪੰਜਾਬ ਦਾ ਉਜਾੜਾ ਬਣ ਕੇ ਆਉਣ ਵਾਲੀ ਸੀ। ਬਾਲ ਜਗਦੀਸ਼ ਸਿੰਘ ਮਨੁੱਖੀ ਇਤਿਹਾਸ ਵਿਚ ਵਾਪਰੇ ਇਸ ਭਿਆਨਕ ਦੁਖਾਂਤ ਦਾ ਚਸ਼ਮਦੀਦ ਗਵਾਹ ਸੀ। ਉਸ ਨੇ ਨਾਮਧਾਰੀ ਜਥੇਦਾਰਾਂ ਦੀਆਂ ਭਾਣਾ ਵਰਤਣ ਦੀਆਂ ਭਵਿੱਖ ਬਾਣੀਆਂ ਅਕਸਰ ਸੁਣੀਆਂ ਸਨ ਜੋ ਆਪਣੇ ਦੀਵਾਨਾਂ ਵਿਚ ਇਹ ਧਾਰਨਾ ਅਕਸਰ ਪੜ੍ਹਿਆ ਕਰਦੇ ਸਨ। 'ਹੁਣ ਲੋਹੇ ਦੇ ਸੁਹਾਗੇ ਫਿਰਨੇ, ਬਾਰ੍ਹੀਂ ਕੋਹੀਂ ਦੀਵਾ ਬਲੇਗਾ' ਅਤੇ ਜਾਂ ਫਿਰ 'ਨੰਗੀ ਪੈਰੀਂ ਤੁਰਨਾ ਪੈ ਜਾਊ, ਜ਼ਮਾਨਾ ਬਦਲਣ ਵਾਲਾ ਏ।' ਲੇਖਕ ਆਪਣੇ ਪਿਤਾ ਜਥੇਦਾਰ ਨੱਥਾ ਸਿੰਘ ਤੋਂ ਸੁਣੀ ਇਸ ਧਾਰਨਾ ਨੂੰ ਵੀ ਇਸ ਚੌਗਿਰਦੀ ਦੇ ਸੰਦਰਭ ਵਿਚ ਰੱਖ ਕੇ ਮੁੜ ਚਿਤਵ ਰਿਹਾ ਹੈ 'ਸ਼ੇਰਾਂ ਨੂੰ ਘਾਹ ਖੁਆ ਦਏਂ, ਜਦ ਨਿਗ੍ਹਾ ਬਦਲ ਜਾਏ ਤੇਰੀ।'

ਇਸ ਬਦਲੀ ਫ਼ਿਜ਼ਾ ਵਿਚ ਹੀ ਜਦੋਂ ਫ਼ਸਾਦੀ ਜਥਾ 'ਹਿੰਦੁਸਤਾਨ ਜ਼ਿੰਦਾਬਾਦ', 'ਪਾਕਿਸਤਾਨ ਮੁਰਦਾਬਾਦ' ਦੇ ਨਾਅਰੇ ਮਾਰ ਰਿਹਾ ਹੈ। ਦੀਸ਼ੇ (ਜਗਦੀਸ਼ ਸਿੰਘ) ਪਾਸ ਇਕ ਮੁਸਲਮਾਨ ਬੱਚਾ ਰੌਣਕ ਮੇਲਾ ਵੇਖਣ ਆ ਖਲੋਂਦਾ। ਪਰ ਸ਼ੈਤਾਨ ਆਪਣਾ ਕੰਮ ਕਰ ਚੁੱਕਾ ਸੀ। ਫ਼ਿਰਕੂ ਜੋਸ਼ ਵਿਚ ਦੀਸ਼ੇ ਨੇ ਉਸ ਮੁੰਡੇ ਦੇ ਨੱਕ 'ਤੇ ਵੱਟ ਕੇ ਇਕ ਮੁੱਕਾ ਮਾਰਿਆ ਉਹਨੂੰ ਵਿਚਾਰੇ ਨੂੰ ਸਮਝ ਨਾ ਆਈ ਕਿ ਇਹ ਬੜਾ ਸ਼ਰੀਫ਼ ਸਿੱਖ ਮੁੰਡਾ ਮੁਤੱਸਬੀ ਹੋ ਕੇ ਹਮਲਾਵਰ ਕਿਵੇਂ ਬਣ ਗਿਆ।

Sri Satguru Jagjit Singh Ji eLibrary NamdhariElibrary@gmail.com

ਇਸੇ ਤੇ ਉਸ ਮੁੰਡੇ ਦੀ ਮਾਤਾ ਤੋਂ ਮਿਲਣ ਵਾਲੇ ਉਲ੍ਹਾਮੇ ਤੋਂ ਲੇਖਕ ਦੀ 'ਮਾਤਾ ਨੂੰ ਖਲੋਣ ਜੋਗੀ ਥਾਂ ਨਹੀਂ ਸੀ ਲੱਭਦੀ।' ਇਸ ਮੁੱਕੇ ਨੂੰ ਜਗਦੀਸ਼ ਸਿੰਘ ਨੇ ਸਾਧਾਰਨ ਮੁੱਕਾ ਨਹੀਂ ਰਹਿਣ ਦਿੱਤਾ, ਇਹੋ ਉਸ ਦਾ ਕਲਾ ਕੌਸ਼ਲ ਹੈ। ਮੁਲਾਹਜ਼ਾ ਫ਼ਰਮਾਓ, "ਸਾਡੇ ਪਿੰਡ ਦੇ ਨਵੇਂ ਦੌਰ ਵਿਚ ਵੱਜਣ ਵਾਲਾ ਸ਼ਾਇਦ ਇਹ ਪਹਿਲਾ ਮੁੱਕਾ ਸੀ ਜਿਸ ਦੀ ਸ਼ੁਰੂਆਤ ਹੋਈ ਇਕ ਅਸਲੋਂ ਹੀ ਮਾਸੂਮ ਅਤੇ ਬੇਗੁਨਾਹ ਉੱਤੇ। ਇਹ ਬੇਗੁਨਾਹੀ ਅਤੇ ਮਾਸੂਮੀਅਤ ਸਦਾ ਹੀ ਅਸਲ ਸ਼ਿਕਾਰ ਬਣਦੀ ਰਹੀ ਹੈ।"[4]

ਲੇਖਕ, ਪਿਤਾ ਦੇ (ਹੁਣ ਤੱਕ ਬਹੁਤ ਚਰਚਿਤ ਹੋ ਚੁੱਕੇ) ਸਾਈਕਲ ਤੇ ਉਨ੍ਹਾਂ ਨਾਲ ਆਪਣੀ ਭੂਆ ਦੇ ਪਿੰਡ ਗਾਹਟੂਵਾਲ ਜਾਂਦਾ ਹੈ ਅਤੇ ਇਕ ਛੋਟੀ ਜਿਹੀ ਕਰਦ ਉਥੋਂ ਬਣਵਾ ਕੇ ਸੋਟੀ 'ਤੇ ਅਟੰਗ ਲੈਂਦਾ ਹੈ। "ਬਣ ਗਿਆ, ਪੂਰਾ ਸਿੰਘ, ਲੈ ਗਿਆ ਸਭ ਤੋਂ ਨੰਬਰ।" ਜ਼ਹਿਰੀ ਪੌਣਾਂ ਦਾ ਅਸਰ ਹਰ ਥਾਂ ਪਰਤੱਖ ਵੇਖਿਆ ਜਾ ਸਕਦਾ ਹੈ। ਪਹਿਲਾਂ ਲੋਕ ਸਮਝਦੇ ਹਨ ਕਿ ਚਲੋ ਅੰਗਰੇਜ਼ਾਂ ਦਾ ਰਾਜ ਮੁੱਕ ਕੇ ਮੁਸਲਮਾਨਾਂ ਦਾ ਆ ਜਾਵੇਗਾ ਸਾਨੂੰ ਕੀ ਫ਼ਰਕ ਪੈਂਦਾ ਹੈ ਅਸੀਂ ਤਾਂ ਇੱਥੇ ਹੀ ਵੱਸਣਾ ਹੈ ਪਰ ਓੜਕ ਹਾਲਾਤ ਮਾਰ ਧਾੜ, ਹਿੰਸਾ, ਲੁੱਟ ਖੋਹ, ਖ਼ੂਨ ਖ਼ਰਾਬੇ ਅਤੇ ਕਤਲੋ ਗਾਰਤ ਦੇ ਐਸੇ ਬਣ ਜਾਂਦੇ ਹਨ ਕਿ ਪੂਰਬੀ ਪੰਜਾਬ ਵਿਚੋਂ ਮੁਸਲਮਾਨ ਪਾਕਿਸਤਾਨ ਜਾਣੇ ਸ਼ੁਰੂ ਹੋ ਜਾਂਦੇ ਹਨ ਅਤੇ ਪੱਛਮੀ ਪੰਜਾਬ ਵਿਚੋਂ ਹਿੰਦੂ ਸਿੱਖ ਪਿਓ ਦਾਦੇ ਅਤੇ ਵੱਡ ਵਡੇਰਿਆਂ ਦੇ ਮੁਲਕ ਨੂੰ ਆਖ਼ਰੀ ਫ਼ਤਹਿ ਬੁਲਾ ਕੇ 'ਆਜ਼ਾਦ ਹੋਏ' ਹਿੰਦੁਸਤਾਨ ਵੱਲ ਵਹੀਰਾਂ ਘੱਤ ਲੈਂਦੇ ਹਨ। ਜਗਦੀਸ਼ ਸਿੰਘ ਦੇ "ਵਿੱਸਰੇ ਪੱਤਰੇ" ਇਸ ਇਤਿਹਾਸਕ ਘਟਨਾ ਦਾ ਬਿਆਨ ਬੜੇ ਕਲਾਮਈ ਅੰਦਾਜ਼ ਵਿਚ ਕਰਦੇ ਹਨ। ਇਸੇ ਲਈ ਬਹੁਤ ਸਾਰੇ ਆਲੋਚਕ ਇਸ ਪੁਸਤਕ ਨੂੰ ਬਟਵਾਰੇ ਉੱਤੇ ਰਚੇ ਗਏ ਸਾਹਿਤ ਵਿਚ ਇਕ ਨਿੱਗਰ ਵਾਧਾ ਦੱਸ ਰਹੇ ਹਨ। ਕਾਫ਼ਲਿਆਂ ਦੇ ਰੂਪ ਵਿਚ ਤਹਿ ਕੀਤੇ ਜਾਣ ਵਾਲੇ ਇਸ ਭਿਆਨਕ ਸਫ਼ਰ ਦਾ ਵੇਰਵਾ ਵੀ ਜਿਸ ਬਾਰੀਕੀ ਨਾਲ ਜਗਦੀਸ਼ ਸਿੰਘ ਕਰਦਾ ਹੈ ਉਹ ਪਹਿਲਾਂ ਕਿਸੇ ਦੇ ਹਿੱਸੇ ਨਹੀਂ ਆਈ। ਅੱਠ ਨੌਂ ਸਾਲ ਦੀ ਬਾਲ ਉਮਰੇ ਮਨ ਮਸਤਕ 'ਤੇ ਪਏ ਇਨ੍ਹਾਂ ਪ੍ਰਭਾਵਾਂ ਨੂੰ ਤਕਰੀਬਨ ਅੱਧੀ ਸਦੀ ਬਾਅਦ ਪੇਸ਼ ਕਰਨ ਲੱਗਿਆਂ ਉਨ੍ਹਾਂ ਪੂਰੀ ਸੁਹਿਰਦਤਾ ਤੋਂ ਕੰਮ ਲਿਆ ਹੈ। ਉਹ ਆਪਣੇ ਪਰਿਵਾਰ ਦੇ ਜੀਆਂ ਸਮੇਤ ਚੱਲ ਰਹੇ ਹਨ। ਪਿਤਾ ਜੀ ਪਾਸ ਉਹੋ ਪੁਰਾਣਾ ਸਾਈਕਲ। ਬਿਸਤਰਾ ਵੀ ਉਸੇ ਤੇ। ਨਵ ਜਨਮੀ ਬੱਚੀ ਅਤੇ ਮਾਤਾ ਵੀ ਉਸੇ 'ਤੇ। ਕਦੇ ਕਦੇ ਲੇਖਕ ਨੂੰ ਵੀ ਇਸੇ ਸਵਾਰੀ ਦਾ ਸੁੱਖ ਮਿਲਦਾ ਹੈ। ਜਦੋਂ ਹੋਰ ਲੋਕ ਸੋਚਦੇ ਹਨ ਕਿ ਚਾਰ ਦਿਨਾਂ ਦੇ ਠੰਢ ਠੰਢਾਉਰੇ ਬਾਅਦ ਉਹ ਫਿਰ ਆਪਣੇ ਪੁਰਾਣੇ ਘਰਾਂ ਵਿਚ ਆ ਜਾਣਗੇ, ਪਰ ਬਾਲ ਜਗਦੀਸ਼ ਬੋਝਲ ਉਦਾਸੀ ਦੇ ਭਾਰ ਹੇਠ ਦੱਬੀ ਫ਼ਿਜ਼ਾ ਵਿਚੋਂ ਕੁਝ ਪੜ੍ਹਨ ਦੇ ਸਮਰੱਥ ਹੋ ਗਿਆ ਸੀ ਤੇ ਮਾਤਾ ਜੀ ਨੂੰ ਉਸ ਕਿਹਾ ਸੀ – "ਅਸੀਂ ਵਾਪਸ ਨਹੀਂ ਆਉਣਾ।" ਤੇ ਹੁਣ ਜਦੋਂ ਉਹ ਚਿੱਕੜ ਚੌੜਿਆਂ ਵਿਚ ਸਾਈਕਲ ਰੇਹੜ ਰਹੇ ਸਨ, ਕਦੇ ਕਦੇ ਸੰਤ ਨੱਥਾ ਸਿੰਘ ਜੀ ਵੀ ਅੱਕ ਕੇ ਲੇਖਕ ਦੀ ਮਾਤਾ ਨੂੰ, ਨਵਜਾਤ ਬੱਚੀ ਬਾਰੇ "ਸੁੱਟ ਪਰ੍ਹਾਂ ਇਹਨੂੰ" ਕਹਿ ਚੁੱਕੇ ਸਨ ਤਾਂ ਇਹ ਬਾਲ ਜਗਦੀਸ਼ ਦਾ ਭੈਣ ਦੇ ਹੱਕ ਵਿਚ ਮਾਰਿਆ ਨਾਅਰਾ ਹੋਣ ਦੇ ਰੂਪ ਵਿਚ ਪ੍ਰਗਟ ਹੁੰਦਾ ਜਿਸ ਤੋਂ 'ਮਾਂ ਦੀ ਮਮਤਾ ਨੂੰ ਹੋਰ ਬਲ ਮਿਲ ਜਾਂਦਾ ਅਤੇ 'ਨਿੱਕੀ ਜਿੰਦ ਦੇ ਸਵਾਸ ਵਧ ਜਾਂਦੇ।' 'ਕਦੇ ਚਿੱਕੜ ਵਿਚੀਂ, ਕਦੇ ਆੜਾਂ ਦੇ ਉੱਤੋਂ ਦੀ, ਕਦੇ ਪਾਣੀ ਵਿਚ ਅਤੇ ਕਦੇ ਪਹਿਆਂ ਵਿਚ ਸਫ਼ਰ ਜਾਰੀ ਸੀ।'

ਬਦਲੇ ਹਾਲਾਤ ਲੋਕਾਂ ਦੇ ਮਨਾਂ ਵਿਚ ਕਿਵੇਂ ਤਬਦੀਲੀ ਲਿਆਉਂਦੇ ਹਨ। ਇਕ ਪਿੰਡ ਦਾ ਇਮਾਮ ਕਤਲ ਕਰਨ ਅਤੇ ਲੁੱਟਣ ਖੋਹਣ ਵਿਚ ਕੁਖਿਆਤ ਸੀ। ਹੁਣ ਜਦੋਂ ਕਾਫ਼ਲਾ ਉਹਦੇ ਸਾਹਮਣਿਓਂ ਲੰਘ ਰਿਹਾ ਸੀ ਤਾਂ ਉਹ ਚੁੱਪ ਚਾਪ ਵੇਖ ਰਿਹਾ ਸੀ। 'ਕਤਲ ਉਧਾਲੇ ਸਾਮਾਨ ਦੀ ਲੁੱਟ ਤਾਂ ਹਰ ਇਕ ਨੇ ਸੋਚੀ ਹੋਵੇਗੀ, ਪਰ ਪੂਰੇ ਦਾ ਪੂਰਾ ਇਲਾਕਾ ਆਪਣੇ ਘਰ ਘਾਟ ਛੱਡ ਕੇ ਚਲਾ ਜਾਵੇਗਾ, ਇਹ ਤਾਂ ਕਿਸੇ ਦੇ ਵਹਿਮੋ ਗੁਮਾਨ ਵਿਚ ਵੀ ਨਹੀਂ ਹੋਵੇਗਾ, ਹਮਲਾਵਰ ਵੀ ਹੈਰਾਨ ਹੋ ਗਏ ਸਨ।" ਅਤੇ ਸਾਧਾਰਨ ਮਿਹਨਤਕਸ਼ ਲੋਕ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਅਜੇ ਕਿਤੇ ਕਿਤੇ ਫ਼ਿਰਕੂ ਬੁਖ਼ਾਰ ਦੀ ਲਪੇਟ ਵਿਚ ਨਹੀਂ ਸਨ ਆਏ। 'ਅੱਗੇ ਆਏ ਤਾਂ ਇਕ ਅਸਲੋਂ ਉਲਟ ਨਜ਼ਾਰਾ ਵੇਖਿਆ। ਇਕ ਪਿੰਡ ਦੇ ਬਾਹਰ ਕੁਝ ਮੁਸਲਮਾਨ ਕਾਮੇ ਖੜ੍ਹੇ ਸਨ। ਉਹ ਵਿਚਾਰੇ ਜਿਵੇਂ ਰੋ ਰਹੇ ਸਨ, "ਓ ਸਾਡੇ ਰਾਜਿਓ

Sri Satguru Jagjit Singh Ji eLibrary NamdhariElibrary@gmail.com

ਸਾਨੂੰ ਛੱਡ ਕੇ ਕਿੱਥੇ ਤੁਰ ਚੱਲੇ ਹੋ। ਅਸਾਂ ਤੇ ਤੁਹਾਡੇ ਆਸਰੇ ਰਾਜ ਕੀਤਾ। ਤੁਹਾਡੇ ਘਰਾਂ 'ਚ ਰੋਟੀਆਂ ਖਾਧੀਆਂ। ਤੁਸੀਂ ਦੇਸਾਂ ਵਾਲਿਓ, ਕਿੱਥੇ ਤੁਰ ਚੱਲੇ ਹੋ, ਸਾਨੂੰ ਛੱਡ ਕੇ।" ਅਜਿਹੀ ਸੁਹਿਰਦਤਾ ਦੀ ਕੇਨੀ ਫੜਕੇ ਹੀ ਹਿੰਦ ਪਾਕ ਰਿਸ਼ਤਿਆਂ ਦੀ ਕੱਲਰੀ ਧਰਤੀ ਨੂੰ ਸਮਝਦਾਰੀ ਦੇ ਪਾਣੀਆਂ ਨਾਲ ਸਿੰਜ ਕੇ ਮੁੜ ਦੋਸਤੀ ਦੀ ਬਾਸਮਤੀ ਮਹਿਕਾਈ ਜਾ ਸਕਦੀ ਹੈ।

ਤੇ ਇਸੇ ਸਫ਼ਰ ਵਿਚ ਲੇਖਕ ਦੇ ਛੋਟੇ ਭਰਾ ਕੁਲਦੀਪ ਲਈ ਜਦੋਂ ਪਿਤਾ ਸ੍ਰੀ ਨੇ ਪਕਾਉਣ ਵਾਲਿਆਂ ਤੋਂ ਰੋਟੀ ਮੰਗ ਕੇ ਉਸ ਨੂੰ ਖਿਲਾਉਣਾ ਚਾਹਿਆ ਤਾਂ ਬਹੁਤਿਆਂ ਦਾ ਜੁਆਬ ਸੀ 'ਰੋਟੀ ਵਾਲਤੂ ਨਹੀਂ ਹੈ।' ਪਰ ਇਕ ਬੀਬੀ ਵਿਚ ਪੰਜਾਬ ਦੀ ਆਤਮਾ ਜ਼ਿੰਦਾ ਹੋਈ ਜਿਸ ਬੱਚੇ ਲਈ ਰੋਟੀ ਮੁਹੱਈਆ ਕਰਵਾਈ। ਇਨ੍ਹਾਂ ਅਸਾਧਾਰਨ ਹਾਲਤਾਂ ਬਾਰੇ ਅਠਾਰ੍ਹਵੀਂ ਸਦੀ ਦੇ ਸਿੱਖ ਆਗੂ ਸ. ਜੱਸਾ ਸਿੰਘ ਰਾਮਗੜ੍ਹੀਏ ਦੁਆਰਾ ਪੜ੍ਹਿਆ ਜਾਂਦਾ ਕਬਿੱਤ ਲਿਖ ਕੇ, ਲੇਖਕ ਨੇ ਇਤਿਹਾਸ ਦੇ ਦੁਹਰਾਉ ਨੂੰ ਪ੍ਰਗਟ ਕੀਤਾ ਹੈ-

"ਕਬਹੂੰ ਕਬਹੂੰ ਬਾਜ ਹਾਥ ਬਾਜਤੇ ਨਗਾਰੇ ਸਾਥ,
ਕਬਹੂੰ ਤੋ ਪਾਇ ਪਿਆਦੇ ਬੋਝ ਸੀਸ ਸਹੀਏ।
ਕਬਹੂੰ ਕਬਹੂੰ ਮੇਵੇ ਔ ਮਠਾਈ ਕੀ ਨਾ ਰੁਚੀ ਹੋਤ,
ਕਬਹੂੰ ਤੋ ਏਕ ਮੁੱਠੀ ਨਾਜ ਕੀ ਨਾ ਲਹੀਏ।
ਕਬਹੂੰ ਨਿਜ ਦੁਆਰ ਪਰ ਭਿਖਾਰੀਅਨ ਕੀ ਭੀਰ ਹੋਤ,
ਕਬਹੂੰ ਤੋ ਪਰ ਦੁਆਰ ਆਪ ਜਾਇ ਬਹੀਏ।
ਛੋਡੀਏ ਨਾ ਹਿੰਮਤ ਬਿਸਾਰੀਏ ਨਾ ਹਰੀ ਨਾਮ,
ਜਾਹੂੰ ਬਿਧ ਰਾਮ ਰਾਖੇ ਤਾਹੂੰ ਬਿਧ ਰਹੀਏ।"[੫]

ਡੇਰਾ ਬਾਬਾ ਨਾਨਕ ਦੇ ਹਿੰਦੂ-ਮੁਸਲਿਮ ਏਕਤਾ ਦੇ ਪ੍ਰਤੀਕ ਬਾਬੇ ਨਾਨਕ ਦੇ ਗੁਰਦੁਆਰੇ ਕੋਲ ਹੀ ਮੁਸਲਮਾਨਾਂ ਦਾ ਇਕ ਵੱਡਾ ਕਾਫ਼ਲਾ ਜਨੂੰਨੀਆਂ ਵੱਲੋਂ ਤਹਿ ਤੇਗ ਕਰ ਦਿੱਤਾ ਗਿਆ ਸੀ। ਇਥੇ ਹੀ ਕਈ ਦਿਨਾਂ ਬਾਅਦ ਪੱਕਣ ਵਾਲੀਆਂ "ਰੋਟੀਆਂ ਦੀ ਮਹਿਕ" ਅਤੇ "ਲਾਸ਼ਾਂ ਦੀ ਬੋ" ਹੋਰਨਾਂ ਲੱਖਾਂ ਬਦਕਿਸਮਤਾਂ ਜਿਉਂ ਲੇਖਕ ਨੂੰ ਵੀ ਝੱਲਣੀ ਪਈ। ਆਪਣੇ ਸਮੇਂ ਵਿਚ ਸੈਦਪੁਰ ਦੀ ਕਤਲਾਮ ਤੇ ਗੁਰੂ ਬਾਬੇ ਨਾਨਕ ਦਾ ਕਵੀ ਹਿਰਦਾ ਦ੍ਰਵਿਤ ਹੋਇਆ ਸੀ ਤੇ ਉਸ ਲਿਖਿਆ ਸੀ "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।"

"ਇਤਿਹਾਸ ਦਾ ਮਜ਼ਾਕ ਦੇਖੋ। ਰੱਬ ਨੂੰ ਜਾਮਨਾ ਮਾਰਨ ਵਾਲੇ ਸਾਂਝੇ ਗੁਰੂ-ਪੀਰ ਦੀ ਨਗਰੀ ਦੇ ਕੋਲ ਹੀ ਮਾਸਪੁਰੀ ਬਣੀ ਹੋਈ ਸੀ ਅਤੇ ਮਾਸ ਪੁਰੀ ਬਾਬੇ ਦੀ ਆਪਣੀ ਉੱਮਤ ਨੇ ਬਣਾਈ ਸੀ। ਜਿਵੇਂ ਬਾਲਿਆਂ ਨੇ ਮਰਦਾਨਿਆਂ ਨੂੰ ਮਾਰ ਦਿੱਤਾ ਹੋਵੇ।

"ਤਾਈ ਹਰਨਾਮ ਕੌਰ ਬਾਰ-ਬਾਰ ਇਹ ਹੀ ਕਹਿ ਰਹੀ ਸੀ 'ਨੀ ਭੈਣੋਂ ਮਾਰੇ ਗਏ ਓਧਰਲੇ ਸਿੱਖ (ਸਣੇ ਹਿੰਦੂਆਂ) ਤੇ ਇਧਰਲੇ ਮੁਸਲਮਾਨ, ਚੰਗੀ ਆਜ਼ਾਦੀ ਆਈ ਏ। ਭਰੇ ਭਰਾਏ ਘਰ ਛੱਡ ਕੇ ਆ ਗਏ ਹਾਂ। ਓਧਰ ਰਾਜ ਕਰਦੇ ਸਾਂ ਏਧਰ ਮੰਗਤੇ ਹੋ ਗਏ ਹਾਂ।'[੬]

ਤੇ ਉਜੜ ਕੇ ਆਉਣ ਵਾਲਿਆਂ ਨੂੰ ਪਨਾਹਗੀਰ, ਰਿਫਿਊਜੀ ਜਾਂ ਸ਼ਰਨਾਰਥੀ ਆਦਿ ਸ਼ਬਦਾਂ ਨਾਲ ਕਿਵੇਂ ਰਹਿਮ ਦਾ ਪਾਤਰ ਬਣਾ ਕੇ ਪੇਸ਼ ਕੀਤਾ ਜਾਂਦਾ, ਇਹ ਸ਼ਬਦ ਉਨ੍ਹਾਂ ਦੀ ਆਤਮਾ ਨੂੰ ਪੱਛ ਜਾਂਦੇ। ਸਿਤਮ ਜ਼ਰੀਫ਼ੀ ਇਹ ਹੈ ਕਿ ਹੁਣ ਜਦੋਂ ਉਹ ਆਪੋ ਆਪਣੇ ਕੰਮਾਂ ਧੰਦਿਆਂ ਵਿਚ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕੇ ਹਨ ਤਾਂ ੫੮ ਵਰ੍ਹੇ ਬੀਤਣ ਬਾਅਦ ਵੀ ਇਹ ਸ਼ਬਦ ਉਨ੍ਹਾਂ ਦੀ ਪਛਾਣ ਨਾਲ ਬਹੁਤ ਥਾਵਾਂ 'ਤੇ ਚੰਬੜੇ ਹੋਏ ਹਨ। ਜਿਸ ਕਰਕੇ ਉਨ੍ਹਾਂ ਨੂੰ ਉੱਥੋਂ ਦੀ ਮੁੱਖਧਾਰਾ ਵਿਚ ਸਮੋਣ ਦੇ ਕੁਦਰਤੀ ਮੌਕੇ ਤੋਂ ਵੀ ਵਿਰਵਾ ਰੱਖਿਆ ਜਾ ਸਕਦਾ ਹੈ।

ਤੇ ਲੇਖਕ ਦਾ ਪਰਿਵਾਰ, ਪਹਿਲੋਂ ਹੀ ਕਾਰੋਬਾਰ ਕਰ ਰਹੇ, ਜਲੰਧਰ ਵਿਚ ਸਿਆਲਕੋਟੋਂ ਆ ਕੇ ਟਿਕੇ ਹੋਏ,

Sri Satguru Jagjit Singh Ji eLibrary NamdhariElibrary@gmail.com

ਨਾਨਕਿਆਂ ਦੇ ਘਰ ਪੁਜ ਜਾਂਦਾ ਹੈ। ਇਕ ਦਿਨ ਮਾਮੇ ਦੇ ਇਕ ਪੁੱਤਰ ਨਾਲ ਜਲੰਧਰ ਵਿਚਲੇ ਮੁਸਲਮਾਨਾਂ ਦੀਆਂ ਧੁਆਂਖੀਆਂ ਦੁਕਾਨਾਂ ਦੇ ਮਲਬੇ ਵਿਚੋਂ ਕੁਝ ਲੱਭਣ ਲਈ ਜਗਦੀਸ਼ ਵੀ ਉਸ ਨਾਲ ਹੋ ਗਿਆ। "ਉਹ ਟੱਪ-ਟੱਪ ਕੇ ਵਿਚੋਂ ਡੱਬੇ ਲੱਭੇ ਅਤੇ ਫਰੋਲੇ ਜਿਵੇਂ ਕੁਕੜੀ ਮਿੱਟੀ 'ਚੋਂ ਦਾਣਾ ਚੁਗ ਲੈਂਦੀ ਹੈ। ਪਰ ਮੈਂ ਸਾਰਾ ਦਿਨ ਲਾ ਕੇ ਕੁਝ ਬਲੌਰੀ ਬਾਂਟੇ ਹੀ ਲੱਭ ਸਕਿਆ। ਸਾਡੀ ਕੋਸ਼ਿਸ਼ ਸਫਲ ਹੋ ਗਈ ਸੀ। ਜਿਵੇਂ ਸ਼ਿਕਾਰੀ ਨੂੰ ਸ਼ਿਕਾਰ ਮਿਲ ਗਿਆ ਹੋਵੇ। ਜੇ ਉਹ ਵੀ ਨਾ ਮਿਲਦੇ ਤਾਂ ਆਪਣੀ ਬੜੀ ਬੇਇਜ਼ਤੀ ਹੋਣੀ ਸੀ। ਆਪਣੀ ਕਿਸਮਤ ਹੈ ਜ਼ਿੰਦਗੀ ਵਿਚ ਸਦਾ ਬਾਂਟੇ ਹੀ ਹੱਥ ਲੱਗੇ ਹਨ।"[7]

ਇਸੇ ਸਮੇਂ ਲੇਖਕ ਕੁਝ 'ਸੂਰਮਿਆਂ' ਦੁਆਰਾ ਸੁੱਟੇ ਇਕ ਮੁਸਲਮਾਨ ਮੁੰਡੇ ਨੂੰ ਸਾਰੀ ਰਾਤ ਤਿਲ ਤਿਲ ਕਰ ਕੇ ਅੱਗ ਵਿਚ ਸੜਦੇ ਦੀਆਂ 'ਅੱਲ੍ਹਾ ਹੂ' ਦੀਆਂ ਆਵਾਜ਼ਾਂ ਸੁਣਦਾ ਰਿਹਾ। 'ਉਸ ਵੇਲੇ ਦੇ ਉਹ 'ਸੂਰਮੇ' ਬਾਅਦ ਵਿਚ ਵੀ ਮੈਂ ਵੇਖਦਾ ਰਿਹਾ - ਵੱਡੇ ਆਦਮੀ ਬਣ ਗਏ ਟਰਾਂਸਪੋਰਟ ਤੇ ਵਪਾਰੀ। ਇਕ ਗੁਰਦੁਆਰੇ ਦਾ ਪ੍ਰਧਾਨ ਵੀ ਬਣ ਗਿਆ।' ਇਹ ਉਸ ਸਮੇਂ ਦੀ ਹਵਾ ਦਾ ਹੀ ਅਸਰ ਸੀ ਕਿ ਆਪਣੀ ਸੂਰਮਗਤੀ ਸਿੱਧ ਕਰਨ ਲਈ ਕਈ ਲੋਕ ਝੂਠ ਹੀ ਆਖ ਦਿੰਦੇ ਕਿ ਉਹਨਾਂ ਵੀ ਇਕ ਦੋ ਮੁਸਲਮਾਨ ਮਾਰੇ ਹਨ। ਖ਼ੂਨ ਇਸ ਤਰ੍ਹਾਂ ਹੀ ਜਣੇ ਖਣੇ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ। ਜਲੰਧਰ ਰਹਿੰਦਿਆਂ ਹੀ ਲੇਖਕ ਦੇ ਪਿਤਾ ਨੂੰ ਇਕ ਫ਼ਰਨੀਚਰ ਦੀ ਦੁਕਾਨ ਵਾਲਾ ਮਾਲਕ, ਰਾਵਲਪਿੰਡੀ ਦੀ ਜਾਣਕਾਰੀ ਸਦਕਾ, ਹੋਰਨਾਂ ਤੋਂ ਇਕ ਰੁਪੈ ਵੱਧ, ਚਾਰ ਰੁਪਏ ਰੋਜ਼ਾਨਾ 'ਤੇ ਕੰਮ ਦੇ ਦਿੰਦਾ ਹੈ। ਲੇਖਕ ਚੌਥੀ ਵਿਚ ਦਾਖ਼ਲ ਹੋ ਜਾਂਦਾ ਹੈ ਤੇ ਜ਼ਿੰਦਗੀ ਫਿਰ ਮਹਿਕਣ ਲੱਗ ਪਈ ਹੈ। ਇਹ ਪੰਜਾਬੀ ਕਿਰਦਾਰ ਦੀ ਵਿਸ਼ੇਸ਼ਤਾ ਹੈ ਕਿ ਹਰ ਧਾੜੇ ਉਜਾੜੇ ਬਾਅਦ ਉਹ ਉਸ ਮਿਥਿਹਾਸਕ ਪੰਛੀ 'ਕਕਨੂਸ' ਜਿਉਂ ਆਪਣੇ ਹੀ ਖੰਭਾਂ ਦੀ ਅੱਗ ਨਾਲ ਸੜ ਜਾਂਦਾ ਹੈ ਅਤੇ ਫਿਰ ਇਸੇ ਆਪਣੀ ਹੀ ਰਾਖ ਵਿਚੋਂ ਮੁੜ ਜੀਵਿਤ ਹੋ ਉੱਠਦਾ ਹੈ।

ਮੁੜ ਵਸੇਬਾ (ਰੀ ਸੈਟਲਮੈਂਟ) ਵਿਭਾਗ ਜਲੰਧਰ ਵਿਚ ਹੀ ਹੋਣ ਕਾਰਨ ਕਲੇਮਾਂ ਦੀ ਭੱਜ ਦੌੜ ਵਿਚ ਸਾਰਾ ਪੰਜਾਬ ਹੀ ਜਲੰਧਰ ਤੁਰਿਆ ਫਿਰਦਾ ਸੀ। ਲੇਖਕ ਨੂੰ ਉਸ ਦੇ 'ਪਿੰਡ ਦਾ ਕੋਈ ਕਿਸਾਨ ਵੀ ਕਦੇ-ਕਦਾਈਂ ਮਿਲ ਪੈਂਦਾ। ਲੇਖਕ ਦੇ ਤਾਏ ਕਿਸ਼ਨ ਸਿੰਘ ਨਾਲ ਇਨ੍ਹਾਂ ਕਿਸਾਨਾਂ ਦੀ ਪੁਰਾਣੀ ਦੋਸਤੀ ਸੀ। ਸੋ ਬਾਹਰੋਂ ਆਉਣ ਵਾਲਿਆਂ ਲਈ ਪ੍ਰਸ਼ਾਦੇ ਵੀ ਤਿਆਰ ਹੁੰਦੇ ਅਤੇ ਰਾਤ ਨੂੰ ਮੰਜੇ ਵੀ ਗਲੀ ਵਿਚ ਡਾਹ ਦਿੱਤੇ ਜਾਂਦੇ। ਸੰਤ ਨੱਥਾ ਸਿੰਘ ਇਕ ਮੰਦਿਰ ਵਿਚ ਜਾ ਕੇ ਕੀਰਤਨ ਵੀ ਕਰਨ ਲੱਗ ਪਏ। ਨਾਮਧਾਰੀਆਂ ਵਾਲੇ ਦੀਵਾਨਾਂ ਦੀਆਂ ਧਾਰਨਾਂ ਨਾਲ ਕ੍ਰਿਸ਼ਨ-ਲੀਲ੍ਹਾ ਪੇਸ਼ ਕਰਦੇ-

"ਕਾਹਨੂੰ ਛਾਲ ਜਮਨਾ ਵਿਚ ਮਾਰੀ,
ਨਿੱਕੀ ਜਿਹੀ ਗੇਂਦ ਬਦਲੇ।

...   .

ਜਦੋਂ ਬੰਸਰੀ ਵਜਾਈ ਨੰਦ ਲਾਲ ਨੇ,
ਰੁੱਖਾਂ ਵਿਚੋਂ ਰਸ 'ਚੋ ਪਿਆ।"

ਇਕ ਮਾਮੇ ਕਰਤਾਰ ਸਿੰਘ ਦੇ ਪੰਜੀ ਰੁਪਇਆਂ ਨਾਲ ਸੰਤ ਨੱਥਾ ਸਿੰਘ ਹੋਰਾਂ ਆਪਣੇ ਢੋਲਕੀ ਛੈਣੇ ਖਰੀਦ ਲਏ। ਇਸ ਤਰ੍ਹਾਂ ਹੁਣ ਸਿਆਲਕੋਟ ਰਾਵਲਪਿੰਡੀ ਦੀ ਬਜਾਏ, ਜਲੰਧਰ ਵਿਚ ਆ ਹਾਜ਼ਰ ਹੋਇਆ। ਨਾਮਧਾਰੀਆਂ ਦਾ ਸ਼ਬਦੀ ਜਥਾ ਬਣ ਗਿਆ ਸੀ। 'ਲੰਮ-ਸਲੰਮੇ ਸੰਤ ਉਜਾਗਰ ਸਿੰਘ ਦੇ ਹੱਥ ਵਿਚ ਖੂੰਡਾ ਹੁੰਦਾ ਤੇ ਸ਼ਬਦੀ ਜਥੇ ਦੇ ਕਿਸੇ ਪ੍ਰਾਰਥੀ ਸਿੱਖ ਦੇ ਘਰ ਦੀਵਾਨ ਲਾਉਣ ਜਾਣ ਸਮੇਂ, ਗ੍ਰਹਿ-ਪ੍ਰਵੇਸ਼ ਤੋਂ ਪਹਿਲਾਂ ਉੱਚੀ ਧਾਹ ਕਰ ਕੇ ਪੜ੍ਹਨਾ "ਘਰ ਸਾਧ ਪ੍ਰਾਹੁਣੇ ਆਏ, ਉੱਠ ਕੇ ਮਿਲ ਬਿਦਰਾ।" ਜਿਹਦੇ ਵਿਚ ਕੋਈ ਸ਼ੱਕ ਨਹੀਂ ਕਿ ਇਹ 'ਬਿਦਰ', 'ਸੰਤ ਨੱਥਾ ਸਿੰਘ ਹੋਰੀਂ' ਹੀ ਸਨ। ਲੇਖਕ ਦੀ ਇਸੇ ਅਮੀਰ ਵਿਰਾਸਤ ਸਦਕਾ ਹੀ ਸਾਨੂੰ ਉਸ ਦੀ ਲੇਖਣੀ ਵਿਚ ਢੋਲਕੀ ਛੈਣਿਆਂ ਦੀ ਗੂੰਜ ਸੁਣਾਈ ਦਿੰਦੀ ਹੈ ਅਤੇ ਉਸ ਦੇ ਸ਼ਬਦਾਂ ਵਿਚੋਂ ਵੀ ਦੇਸੀ ਘਿਓ ਦੀ ਮਹਿਕ ਆਉਂਦੀ ਰਹਿੰਦੀ ਹੈ।

ਅਗਲੇ ਵਰ੍ਹਿਆਂ ਵਿਚ ਪੰਜਾਬੀ ਸੂਬਾ ਬਨਾਮ ਮਹਾਂ ਪੰਜਾਬ, ਸੰਸਾਰ ਅਮਨ ਲਹਿਰ ਆਦਿ ਸਿਆਸੀ ਅਤੇ

Sri Satguru Jagjit Singh Ji eLibrary NamdhariElibrary@gmail.com

ਸਭਿਆਚਾਰਕ ਸਰਗਰਮੀਆਂ, ਜਲੰਧਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀਆਂ ਹਨ। ਪੰਜਾਬੀ ਲੇਖਕਾਂ ਨੇ ਵੀ ਇਸ ਸ਼ਹਿਰ ਨੂੰ ਵੱਡੀ ਗਿਣਤੀ ਵਿਚ ਭਾਗ ਲਾਏ। ਲੇਖਕ ਨੂੰ ਜਨਸੰਘੀ ਲੀਡਰਾਂ ਜੰਗ ਦੱਤ ਸ਼ਰਮਾ ਆਦਿ ਦੀਆਂ ਠੇਠ ਪੰਜਾਬੀ ਵਿਚ ਕੀਤੀਆਂ ਤਕਰੀਰਾਂ ਵੀ ਚੇਤੇ ਹਨ ਅਤੇ ਅੰਮ੍ਰਿਤਸਰ ਦੇ ਅਕਾਲੀਆਂ ਵੱਲੋਂ ਕੱਢੇ ਜਲੂਸ ਵਿਚ ਹਾਥੀ ਦੇ ਹੌਦੇ ਉੱਤੇ ਬੈਠਾ ਮਾਸਟਰ ਤਾਰਾ ਸਿੰਘ ਵੀ, ਜਿਸ ਦੀ ਜ਼ਿੰਦਗੀ ਵਿਚ ਉਸ ਦੇ ਜਲੌਅ ਦਾ ਸਿਖਰ ਉਹ ਜਲੂਸ ਹੀ ਸੀ। ਵਿਦਿਆਰਥੀ ਜੀਵਨ ਵਾਲੇ ਬਹੁਤ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਉੱਤੇ ਲੇਖਕ ਸਾਨੂੰ ਪੰਛੀ ਝਾਤ ਪੁਆਉਂਦਾ ਹੈ ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਵਰਗੇ ਕੁਝ ਸੁਹਿਰਦ ਸੱਜਣਾਂ ਦੇ ਵਕਤੋਂ ਪਹਿਲਾਂ ਸੰਸਾਰ ਛੱਡ ਜਾਣ ਤੇ ਅਫ਼ਸੋਸ ਵੀ ਪ੍ਰਗਟ ਕਰਦਾ ਹੈ। ਉਹ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਵਿਦਿਆਰਥੀ ਰਿਹਾ ਸੀ। ਲੇਖਕ ਵਿਅੰਗ-ਵਿਧਾ ਦੁਆਰਾ ਲਾਇਲਪੁਰ ਸ਼ਹਿਰ ਦੇ ਨਾਂ ਦੀ ਚੀਰ ਫਾੜ ਕਰਦਾ ਹੈ 'ਇਸ ਤਰ੍ਹਾਂ ਸ਼ਹਿਰ ਲਾਇਲਪੁਰ ਦਾ ਨਾਮ ਭਾਵੇਂ ਪਾਕਿਸਤਾਨ ਵਿਚ ਮਿਟ ਗਿਆ ਹੁਣ ਫ਼ੈਸਲਾਬਾਦ ਰੱਖ ਦਿੱਤਾ ਗਿਆ ਹੈ। ਪਰ ਜਲੰਧਰ ਵਿਚ ਜਿਉਂਦਾ ਰਿਹਾ। (ਲਾਇਲਪੁਰ ਦੀ ਕਿਸਮਤ ਸੀ ਕਿ ਪਹਿਲਾਂ ਨਾਮ ਇਕ ਅੰਗਰੇਜ਼ ਦੇ ਨਾਂਅ ਉੱਤੇ ਰੱਖਿਆ ਗਿਆ। ਬਾਅਦ ਵਿਚ ਸਾਊਦੀ ਅਰਬ ਦੇ ਹੁਕਮਰਾਨ ਦੇ ਨਾਂਅ ਉੱਤੇ) ਆਪਣਾ ਪੰਜਾਬੀ ਜਾਂ ਪਾਕਿਸਤਾਨੀ ਨਾਮ ਨਸੀਬ ਨਹੀਂ ਹੋਇਆ।'

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੀ ਘਟਨਾ ਦਾ ਲੇਖਕ ਦੀ ਜ਼ਿੰਦਗੀ ਨਾਲ ਡੂੰਘਾ ਸਬੰਧ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨਮਿੱਤ ਹੋਏ ਸ਼ਰਧਾਂਜਲੀ ਸਮਾਗਮ ਤੋਂ ਅਗਲੇ ਹੀ ਦਿਨ ਸ੍ਰੀ ਭੈਣੀ ਸਾਹਿਬ ਵਿਚ ਲੇਖਕ ਦਾ ਵੀ ਅਨੇਕ ਹੋਰਨਾਂ ਜੋੜਿਆਂ ਜਿਉਂ ਨਵੇਂ ਨਵੇਂ ਗੱਦੀ ਨਸ਼ੀਨ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ, ਅਨੰਦ ਕਾਰਜ ਹੁੰਦਾ ਹੈ। "ਸਤਿਗੁਰੂ ਪ੍ਰਤਾਪ ਸਿੰਘ ਤਾਂ ਸਾਰੇ ਨਾਮਧਾਰੀਆਂ ਦੀ ਜਿੰਦ ਜਾਨ ਸਨ। ਉਨ੍ਹਾਂ ਨੂੰ ਵੇਖ ਕੇ ਤਾਂ ਲੋਕਾਂ ਨੂੰ ਆਪਣੇ ਡੂੰਘੇ ਦੁੱਖ ਭੁੱਲ ਜਾਂਦੇ ਸਨ। ਇਹ ਤਾਂ ਕਿਸੇ ਚਿਤਵਿਆ ਨਹੀਂ ਸੀ ਕਿ ਉਹ ਕਦੀ ਵੀ ਲੋਕਾਂ ਦੀ ਜ਼ਿੰਦਗੀ 'ਚੋਂ ਲਾਂਭੇ ਹੋ ਜਾਣਗੇ।"

ਉਨ੍ਹਾਂ ਦੀ ਯਾਦ ਵਿਚ ਇਕ ਬਹੁਤ ਭਾਰੀ ਇਕੱਠ ਭੈਣੀ ਸਾਹਿਬ ਵਿਖੇ ਹੋਇਆ, ਜਿੱਥੇ ਵੱਖ-ਵੱਖ ਮੱਤ-ਮਤਾਂਤਰਾਂ, ਸਮਾਜਿਕ, ਧਾਰਮਿਕ ਸੰਗਠਨਾਂ ਤੇ ਸਿਆਸੀ ਪਾਰਟੀਆਂ ਦੇ ਆਗੂ, ਹੋਰ ਸਮਕਾਲੀ ਪ੍ਰਸਿੱਧ ਹਸਤੀਆਂ ਉਨ੍ਹਾਂ ਨੂੰ ਆਪਣੇ ਸ਼ਰਧਾ ਪੁਸ਼ਪ ਭੇਟ ਕਰਨ ਲਈ ਪਹੁੰਚੀਆਂ ਸਨ। ਲੇਖਕ ਨੂੰ ਉੱਚਾ ਲੰਮਾ ਮਹਾਰਾਜਾ, ਪਟਿਆਲਾ (ਯਾਦਵਿੰਦਰ ਸਿੰਘ) ਅਤੇ ਮਾਸਟਰ ਤਾਰਾ ਸਿੰਘ ਦੇ ਇਕ ਦੂਜੇ ਨੂੰ ਕਾਟਵੇਂ ਸੁਰ ਵਿਚ ਕੀਤੇ ਭਾਸ਼ਣ ਵੀ ਚੇਤੇ ਹਨ ਅਤੇ ਪੰਜਾਬ ਦੇ ਇਕ ਰਹਿ ਚੁੱਕੇ ਵਜ਼ੀਰ ਗਿਆਨੀ ਕਰਤਾਰ ਸਿੰਘ ਜੋ ਸਿਰਫ਼ ਕਛਹਿਰੇ ਵਿਚ ਹੀ ਵਿਚਰਦੇ ਸਨ, ਦੁਆਰਾ ਖਲੋਤਿਆਂ ਹੀ ਸ਼ਰਲਾ ਛੱਡਣ ਦੀ ਕ੍ਰਿਆ ਵੀ ਚੇਤੇ ਹੈ। ਪਰ ਸ਼ਰਧਾਂਜਲੀ ਸਮਾਗਮ ਵਿਚ ਮੇਲਾ ਲੁੱਟਣ ਵਾਲੀ ਤਕਰੀਰ ਵੀ ਗਿਆਨੀ ਕਰਤਾਰ ਸਿੰਘ ਦੀ ਹੀ ਸੀ - "ਨਾਮਧਾਰੀਏ ਬਾਰਾਂ ਪਾਤਸ਼ਾਹੀਆਂ ਦੀ ਅਰਦਾਸ ਕਰਦੇ ਹਨ ਅਤੇ ਅਸੀਂ ਦਸਾਂ ਪਾਤਸ਼ਾਹੀਆਂ ਦੀ। ਇਸ ਗੱਲ ਤੋਂ ਲੜਾਈਆਂ ਵੀ ਹੋ ਜਾਂਦੀਆਂ ਸਨ। ਜਦ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਭੈਣੀ ਸਾਹਿਬ ਵਿਚ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇ ਕਾਨਫਰੰਸ ਸੱਦੀ ਤਾਂ ਉਨ੍ਹਾਂ ਸਾਹਮਣੇ ਇਕ ਅੜਾਉਣੀ ਪਾ ਦਿੱਤੀ ਗਈ ਕਿ ਅਸੀਂ ਤਾਂ ਜਾਂਦੇ ਹਾਂ, ਜੇ ਤੁਸੀਂ ਅਰਦਾਸ ਦਸਾਂ ਪਾਤਸ਼ਾਹੀਆਂ ਦੀ ਕਰੋ... ਬਾਬਾ ਪ੍ਰਤਾਪ ਸਿੰਘ ਜੀ ਨੇ ਆਪਣੇ ਕੇਂਦਰ ਵਿਚ ਇਹ ਅਰਦਾਸ ਕਰਾਉਣੀ ਪ੍ਰਵਾਨ ਕਰ ਲਈ, ਪਰ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਵਾਂ ਵਿਚ ਏਕਤਾ ਕਾਇਮ ਕਰ ਦਿੱਤੀ। ਇਹ ਉਨ੍ਹਾਂ ਦਾ ਬਹੁਤ ਵੱਡਾ ਪਰਉਪਕਾਰ ਸੀ।"

ਜੇ ਕੌਮੀ ਕਵੀ ਸ਼ਾਹ ਮੁਹੰਮਦ ਨੇ ਪੰਜਾਬ ਦਾ ਦਸ ਸਾਲਾਂ ਦਾ ਇਤਿਹਾਸ ੪੨੦ ਸਤਰਾਂ ਵਿਚ ਕਾਨੀਬੰਦ ਕੀਤਾ ਹੈ ਤਾਂ ਜਗਦੀਸ਼ ਸਿੰਘ ਵਰਿਆਮ ਨੇ ਇਸ ਤੋਂ ਇਕ ਸਦੀ ਬਾਅਦ ਵਾਲੇ ਪੰਜਾਬ ਦਾ ਕੋਈ ਵੀਹ ਸਾਲਾਂ ਦਾ ਇਤਿਹਾਸ ੧੨੦ ਸਫ਼ਿਆਂ ਦੀ ਇਸ ਪੁਸਤਕ ਵਿਚ ਆਪਣੀ ਕਥਾ ਬਖਾਨਦਿਆਂ ਪੇਸ਼ ਕਰ ਦਿੱਤਾ ਹੈ। ਪੰਜਾਬੀ ਸਾਹਿਤ ਜਗਤ ਦਾ ਹੁਣ ਕੋਈ ਵੱਡਾ ਛੋਟਾ ਨਾਂ ਐਸਾ ਬਚਿਆ ਯਾਦ ਨਹੀਂ ਆ ਰਿਹਾ ਜਿਹਨੇ ਇਸ 'ਸੰਜੀਵਨੀ' ਦਾ ਨੋਟਿਸ ਨਾ ਲਿਆ ਹੋਵੇ। ਗਿਆਨੀ ਗੁਰਦਿੱਤ ਸਿੰਘ ਹੋਰਾਂ ਬਹੁਤ ਪਹਿਲਾਂ ਆਪਣੇ ਪਿੰਡ ਮਿੱਠੇਵਾਲ ਬਾਰੇ "ਮੇਰਾ ਪਿੰਡ" ਲਿਖ ਕੇ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਤਹਿਲਕਾ ਮਚਾ ਦਿੱਤਾ ਸੀ ਕੁਝ ਉਵੇਂ ਦਾ ਹੀ ਕੰਮ ਵਰਿਆਮ ਜੀ ਦਾ ਹੈ। ਪੰਜਾਬ ਦੇ ਪਿੰਡਾਂ ਬਾਰੇ ਲਿਖੇ ਸਾਹਿਤ ਵਿਚ ਇਹ ਨੇਮ ਵਾਧਾ ਹੈ। ਸਾਹਿਤ ਵਿਚ ਅਮਰਤਵ ਪ੍ਰਾਪਤ ਕਰਨ ਲਈ ਢੇਰੀਆਂ ਪੁਸਤਕਾਂ ਲਿਖਣੀਆਂ ਜ਼ਰੂਰੀ ਨਹੀਂ। ਜ਼ਰੂਰੀ ਹੈ ਚੱਜ ਦੀ ਲਿਖਤ ਹੋਣੀ।

ਅਹਿਮਦ ਯਾਰ ਹੋਰੀਂ ਵਾਰਿਸ ਸ਼ਾਹ ਦੀ ਇਕਲੌਤੀ ਰਚਨਾ ਹੀਰ ਨੂੰ ਕਿਵੇਂ ਵੇਖ ਰਹੇ ਹਨ ਆਪਣੇ ਨਾਲ ਤੁਲਨਾਅ ਕੇ - "ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ, ਆਪਣੀ ਉਮਰ ਲੰਘਾਈ
ਤੇ ਉਸ ਇਨ੍ਹਾਂ ਕਿੱਸਿਆਂ ਵਿਚੋਂ, ਇਕਾ ਈ ਹੀਰ ਬਣਾਈ
ਜੋ ਅਟਕਲ ਮਜ਼ਮੂਨ ਬੰਨ੍ਹਣ ਦੀ ਉਸ ਸ਼ ਮੈਂ ਨਹੀਂ ਪਾਈ
ਵੱਡਾ ਤੁਅੱਜਬ ਆਵੇ ਜਾਂ ਵੇਖ ਉਹਦੀ ਵਡਿਆਈ।"

ਤੇ ਇਹ ਮਜ਼ਮੂਨ ਬੰਨ੍ਹਣ ਦੀ ਅਟਕਲ ਜਗਦੀਸ਼ ਸਿੰਘ ਵਰਿਆਮ ਨੂੰ ਵੀ ਹੈ। ਇਸੇ ਲਈ ਆਸ ਕਰਦੇ ਹਾਂ ਕਿ ਉਮਰ ਦੇ ਬਾਕੀ ਪੰਧ ਦੀ ਬਾਤ ਜਦੋਂ ਉਹ ਪਾਏਗਾ ਤਾਂ ਹੋਰ ਸ਼ਾਹਕਾਰ ਪ੍ਰਗਟ ਹੋਣਗੇ। ਡੂੰਘੀ ਚੇਤਨਾ ਨਾਲ ਲੈਸ ਇਹ ਅੱਖਰ ਕਿੰਨਿਆਂ ਮੋਇਆਂ ਦੀ ਰੌਸ਼ਨੀ ਬਣਨਗੇ ਅਤੇ ਕਿੰਨਿਆਂ ਥੱਕਿਆਂ ਟੁੱਟਿਆਂ, ਸਾਹ ਸਤ ਹੀਣਾਂ ਨੂੰ ਮੁੜ ਪੈਂਡੇ ਪੈਣ ਦਾ ਬਲ ਬਖ਼ਸ਼ਣਗੇ। ਹਰ ਨਰੋਈ ਸੋਚ ਅਤੇ ਸੱਜਰੇ ਦਿਨ ਦਾ ਸਵਾਗਤ ਕਰਨਾ ਬਣਦਾ ਹੈ। 'ਵਰਿਆਮ' ਇਹੋ ਕੰਮ ਆਪਣੀ ਕਲਮ ਨਾਲ ਕਰੀ ਜਾ ਰਿਹਾ ਹੈ, ਰਾਹ ਦੀਆਂ ਮੁਸ਼ਕਿਲਾਂ ਤੋਂ ਬੇਧਿਆਨ, ਬੇਨਿਆਜ਼, ਤੁਰਦੇ ਪੈਰਾਂ ਦੀ ਬਾਤ ਹੀ ਸੁਣਨ ਵਾਲੇ ਕੰਨਾਂ ਨੂੰ ਸਕੂਨ ਬਖ਼ਸ਼ਦੀ ਹੈ। ਜਗਦੀਸ਼ ਸਿੰਘ ਦਾ ਜੀਵਨ-ਦਰਸ਼ਨ ਇਕ ਗਤੀਸ਼ੀਲ ਵਿਅਕਤੀਤਵ ਦੇ ਗਿਰਦ ਹੀ ਘੁੰਮਦਾ ਹੈ। ਇਹੋ ਉਸਦੀ ਸੀਮਾ ਹੈ ਤੇ ਇਹੋ ਉਸ ਦੀ ਪ੍ਰਾਪਤੀ।

ਫੁੱਟ ਨੋਟ

1. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੧੫
2. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੨੧
3. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੪੦
4. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੪੬
5. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੭੬
6. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੭੨
7. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੮੦
8. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੯੬
9. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੧੧੫
10. ਖਿਲਰੇ ਪੱਤਰੇ -੨੦੦੫ ਈ. , ਜਲੰਧਰ, ਸਫ਼ਾ ੧੨੦

Sri Satguru Jagjit Singh Ji eLibrary NamdhariElibrary@gmail.com

ਗੁਰਮਤਿ ਜੀਵਨ-ਜਾਂਚ ਦਾ ਇੰਜੀਨੀਅਰ
ਸੰਤ ਦਲੀਪ ਸਿੰਘ ਨਾਮਧਾਰੀ

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਇਆਂ ਨੂੰ ਭਾਵੇਂ ਛੇਵਾਂ ਸਾਲ ਜਾ ਰਿਹਾ ਸੀ ਪਰ ਇਹ ਪਹਿਲੇ ਵੇਲਿਆਂ ਦਾ ਹੀ ਭੈਣੀ ਸਾਹਿਬ ਸੀ। ਮੇਰੀ ਜਨਮ ਭੂਮੀ ਹੋਣ ਕਾਰਨ ਵੀ ਅਤੇ ਬਾਪੂ ਜੀ ਤੋਂ ਉਨ੍ਹਾਂ ਦੇ ਅਤੇ ਦਾਦਾ ਜੀ ਦੇ ਜੀਵਨ ਦੇ ਭੈਣੀ ਸਾਹਿਬ ਨਾਲ ਸਬੰਧਿਤ ਸਮਾਚਾਰ ਕਾਫੀ ਮਾਤਰਾ ਵਿਚ ਸੁਣੇ ਹੋਣ ਕਾਰਨ, ਭੈਣੀ ਸਾਹਿਬ ਮੇਰੇ ਲਈ ਹਮੇਸ਼ਾ ਹੀ ਆਕਰਸ਼ਣ ਦਾ ਕੇਂਦਰ ਰਿਹਾ ਸੀ। ਸੰਨ 1955 ਈ. ਵਿਚ ਜਦੋਂ ਅਸੀਂ ਇੱਥੋਂ ਕਰੀਵਾਲਾ (ਸਿਰਸਾ) ਆ ਗਏ ਸਾਂ ਤਾਂ ਭੈਣੀ ਸਾਹਿਬ ਨੂੰ ਮੁੜ ਚੰਗੀ ਤਰ੍ਹਾਂ ਵੇਖਣ ਦੀ ਰੀਝ ਪ੍ਰਬਲ ਹੋ ਉਠਦੀ ਸੀ, ਕਿਉਂਕਿ ਸਵਾ ਕੁ ਛੇ ਸਾਲ ਦੀ ਉਮਰ ਵਿਚ ਇੱਥੋਂ ਪਿੰਡ ਜਾ ਵਸੇ ਸਾਂ। ਹੁਣ 1965 ਈ. ਦੀਆਂ ਗਰਮੀਆਂ ਵਿਚ ਨਾਮਧਾਰੀ ਵਿਦਿਅਕ ਜਥੇ ਦਾ ਪਹਿਲਾ ਵੱਡਾ ਸੰਮੇਲਨ ਇੱਥੇ ਹੋ ਰਿਹਾ ਸੀ ਅਤੇ ਬਾਪੂ ਜੀ ਦੇ ਹੁਕਮ ਮੁਤਾਬਕ ਤਲਵਾੜਾ ਝੀਲ (ਰਾਜਸਥਾਨ) ਤੋਂ ਗੱਡੀ ਚੜ੍ਹ ਕੇ ਅਗਲੀ ਸਵੇਰ ਤਕ ਅਸੀਂ ਇਤਿਹਾਸਕ ਨਗਰੀ ਵਿਚ ਕੁਝ ਹੋਰਨਾਂ ਸਹਿਪਾਠੀਆਂ ਸਮੇਤ ਪੁੱਜ ਗਏ ਸਾਂ। ਇਸ ਭੈਣੀ ਸਾਹਿਬ ਦੇ ਆਲੇ ਦੁਆਲੇ ਅਜੇ ਕੋਠੇ ਦੇ ਇੱਥੇ ਮੌਜੂਦ ਸਨ ਜਿਹਨਾਂ 'ਤੇ ਰਾਤ ਨੂੰ ਸਫ਼ਾਂ ਵਿਛਾ ਕੇ ਸੰਮੇਲਨ ਵਿਚ ਭਾਗ ਲੈਣ ਵਾਲੇ ਵਿਦਿਆਰਥੀ ਸੌਂ ਜਾਂਦੇ ਸਨ। ਸਾਰੀਆਂ ਇਤਿਹਾਸਕ ਇਮਾਰਤਾਂ ਅਜੇ ਆਪਣੇ ਪੁਰਾਤਨ ਸਰੂਪ ਵਿਚ ਹੀ ਸਨ। ਇਸ ਸੰਮੇਲਨ ਵਿਚ ਨਾਮਧਾਰੀ ਪੰਥ ਦਾ ਭੂਤ, ਭਵਿਖ ਅਤੇ ਵਰਤਮਾਨ ਹਾਜ਼ਰ ਸੀ। ਪ੍ਰਸਿੱਧ ਸਾਹਿਤਕਾਰ ਅਤੇ 'ਸਤਿਜੁਗ' ਦੇ ਲਾਸਾਨੀ ਸੰਪਾਦਕ ਰਹੇ ਸੰਤ ਇੰਦਰ ਸਿੰਘ ਚੱਕਰਵਰਤੀ ਨਵੀਂ ਪੀੜ੍ਹੀ ਨੂੰ ਆਪਣਾ ਥਾਪੜਾ ਦੇਣ ਲਈ ਮੌਜੂਦ ਸਨ। ਸੁਬਹਾ ਸ਼ਾਮ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕੱਤਰਤਾਵਾਂ ਹੁੰਦੀਆਂ ਅਤੇ ਵਿਚਾਰ ਚਰਚਾ ਵਿਚ ਪੰਥਕ ਵਿਦਵਾਨਾਂ ਤੋਂ ਬਿਨਾਂ ਯੁਵਾ ਨਾਮਧਾਰੀ ਵੀ ਭਾਗ ਲੈਂਦੇ। ਜਿਹੜੇ ਨੌਜਵਾਨ ਨਾਮਧਾਰੀ ਇਸ ਸੰਮੇਲਨ ਤੇ ਆਪਣੀ ਛਾਪ ਛੱਡ ਰਹੇ ਸਨ ਉਨ੍ਹਾਂ ਵਿਚੋਂ ਪ੍ਰੋ. ਹਾਕਮ ਸਿੰਘ, ਪ੍ਰੋ. ਇੰਦਰ ਸਿੰਘ, ਹਰਵਿੰਦਰ ਸਿੰਘ ਹੰਸਪਾਲ, ਜਗਦੀਸ਼ ਸਿੰਘ 'ਜੰਮੂ' (ਹੁਣ 'ਵਰਿਆਮ'), ਸੁਵਰਨ ਸਿੰਘ ਸਨੇਹ, ਜਗਦੀਸ਼ ਸਿੰਘ ਅੰਮ੍ਰਿਤਸਰ ਅਤੇ ਦਲੀਪ ਸਿੰਘ 'ਯਮੁਨਾ ਨਗਰ' ਆਦਿ ਪ੍ਰਮੁੱਖ ਸਨ। ਚਾਰ ਪੰਜ ਸਾਲ ਇਹ ਮੇਲ-ਜੋਲ ਗਰਮੀਆਂ ਦੀ ਰੁੱਤੇ ਕਦੇ ਮੰਡੀ (ਹਿਮਾਚਲ), ਕਦੇ ਸ੍ਰੀ ਜੀਵਨ ਨਗਰ ਅਤੇ ਕਦੇ ਸ੍ਰੀ ਭੈਣੀ ਸਾਹਿਬ ਹੀ ਬਣਿਆ ਰਿਹਾ। ਫਿਰ ਮਲੇਰਕੋਟਲੇ ਸ਼ਹੀਦੀ ਸਮਾਰਕ ਦੇ ਨੀਂਹ ਪੱਥਰ ਰੱਖਣ ਸਮੇਂ ਉਹਨਾਂ ਦੇ ਦਰਸ਼ਨਾਂ ਦਾ ਸਬੱਬ ਬਣਿਆ। ਪਰ ਇਸ ਦੌਰਾਨ ਕਿੰਨਾ ਕੁਝ ਬਦਲ ਗਿਆ ਸੀ। ਉਹ ਯਮੁਨਾ ਨਗਰ ਤੋਂ ਲੁਧਿਆਣੇ ਆ ਗਏ ਸਨ ਅਤੇ ਹੁਣ ਦਲੀਪ ਸਿੰਘ 'ਨਾਮਧਾਰੀ' ਦੇ ਨਾਮ ਹੇਠ, ਕੂਕਿਆਂ ਨਾਲ ਸਬੰਧਿਤ ਇਤਿਹਾਸਕ ਵਿਹਾਰਿਆਂ ਤੇ ਉਹਨਾਂ ਦੇ ਵਿਸ਼ੇਸ਼ ਲੇਖ ਨਾਮਵਰ ਪੰਜਾਬੀ ਅਖ਼ਬਾਰਾਂ ਦੇ ਪੰਨਿਆਂ ਦਾ ਸ਼ਿੰਗਾਰ ਹੁੰਦੇ ਸਨ।

ਦਲੀਪ ਸਿੰਘ ਨਾਮਧਾਰੀ ਨੇ 62 ਸਾਲਾਂ ਦੀ ਸਾਰਥਕ ਉਮਰ ਭੋਗ ਕੇ 30 ਅਪ੍ਰੈਲ, 2006 ਈ. ਨੂੰ ਅਕਾਲ ਚਲਾਣਾ ਕੀਤਾ। ਵਿਦਿਅਕ ਜਥੇ ਨਾਲ ਤਾਂ ਉਹ ਇਸ ਦੀ ਸਥਾਪਨਾ ਤੋਂ ਹੀ ਜੁੜੇ ਹੋਏ ਸਨ 1982 ਤੋਂ 1995 ਈ. ਤੱਕ ਉਹ 'ਵਿਸ਼ਵ ਨਾਮਧਾਰੀ ਵਿਦਿਅਕ ਜਥੇ' ਦੇ ਪ੍ਰਧਾਨ ਦੀ ਸੇਵਾ ਬਾਖੂਬੀ ਨਿਭਾਉਂਦੇ ਰਹੇ। ਸਿੱਖੀ ਦੀ ਪੰਡ ਖੁੱਲ੍ਹਣ ਵਾਲੇ ਜ਼ਿਲ੍ਹੇ ਸਿਆਲਕੋਟ ਦੀ ਨਾਰੋਵਾਲ ਤਹਿਸੀਲ ਦੇ ਪਿੰਡ ਕੋਧਾਲਾ ਵਿਖੇ 1994 ਈ. ਨੂੰ ਪਿਤਾ ਸੰਤ ਕਿਸ਼ਨ ਸਿੰਘ ਅਤੇ ਮਾਤਾ ਪ੍ਰੀਤਮ ਕੌਰ ਦੇ ਘਰ ਇਸ ਨਿਸ਼ਠਾਵਾਨ ਕੂਕੇ ਲੇਖਕ ਅਤੇ ਪ੍ਰਚਾਰਕ ਦਾ ਜਨਮ ਹੋਇਆ ਸੀ। ਜੀਵਨ

Sri Satguru Jagjit Singh Ji eLibrary NamdhariElibrary@gmail.com

ਵਿਚ ਜਿਹਨਾਂ ਲੋਕਾਂ ਦੇ ਸੰਗ ਸਾਥ ਤੇ ਬੰਦਾ ਬਹੁਤਾ ਗਰਵਿਤ ਮਹਿਸੂਸ ਕਰਦਾ ਹੈ, ਨਾਮਧਾਰੀ ਜੀ ਦਾ ਸ਼ੁਮਾਰ ਐਸੇ ਸੱਜਣਾਂ ਵਿਚ ਹੁੰਦਾ ਹੈ। ਪੰਜ ਭਰਾ ਤੇ ਤਿੰਨ ਭੈਣਾਂ ਆਪ ਦੇ ਪਰਿਵਾਰ ਦੇ ਹੋਰ ਜੀਅ ਸਨ। ਵੰਡ ਤੋਂ ਬਾਅਦ ਪਰਿਵਾਰ ਨੂੰ ਦਿੱਲੀ, ਸ੍ਰੀ ਜੀਵਨ ਨਗਰ ਅਤੇ ਯਮੁਨਾ ਨਗਰ ਰਹਿਣ ਦਾ ਸਮਾਂ ਮਿਲਿਆ। ਮਕੈਨੀਕਲ ਇੰਜਨੀਅਰਿੰਗ ਦਾ ਡਿਪਲੋਮਾ ਕਰਨ ਤੋਂ ਬਾਅਦ ਉਹਨਾਂ 1968-69 ਵਿਚ ਫਗਵਾੜੇ ਨੌਕਰੀ ਕੀਤੀ ਅਤੇ ਫਿਰ 1972 ਵਿਚ ਲੁਧਿਆਣੇ ਨਿਵਾਸ ਕਰਕੇ ਆਪਣਾ ਕਾਰੋਬਾਰ ਸ਼ੁਰੂ ਕਰ ਲਿਆ ਅਤੇ ਹੌਲੀ ਹੌਲੀ ਸਫਲਤਾ ਹਾਸਲ ਕਰ ਲਈ। 1996 ਈ. ਵਿਚ ਉਹ "ਸਤਿਗੁਰੂ ਪਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਚੇਅਰਮੈਨ ਵੀ ਬਣੇ। ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ ਨਾਲ ਇਸ ਕਦਰ ਨਿਕਟਤਾ ਮਾਣੀ ਕਿ ਥਾਈਲੈਂਡ, ਹਾਂਗਕਾਂਗ, ਸਿੰਘਾਪੁਰ ਤੇ ਅਫਰੀਕਾ ਦੇ ਦੌਰਿਆਂ ਸਮੇਂ ਆਪ ਵੀ ਉਨ੍ਹਾਂ ਦੀ ਹਜ਼ੂਰੀ ਵਿਚ ਰਹੇ। ਨਾਮਧਾਰੀ ਸਾਹਿਤ, ਇਤਿਹਾਸ, ਮਰਿਆਦਾ ਆਦਿ ਬਾਰੇ 1983 ਈ. ਤੋਂ ਹੀ 'ਨਿਰੀਖਿਅਕ" ਨਾਮ ਦਾ ਇਕ ਛਿਮਾਹੀ ਪਰਚਾ ਵੀ ਕਈ ਸਾਲਾਂ ਤੱਕ ਆਪਣੇ ਯਾਦਗਾਰੀ ਅੰਕ ਲੈ ਕੇ ਆਪ ਦੀ ਸੰਪਾਦਨਾ ਹੇਠ ਆਉਂਦਾ ਰਿਹਾ। "ਸਤਿਜੁਗ" ਨਾਮਧਾਰੀ ਹਫ਼ਤਾਵਾਰ ਤੋਂ ਉਹਨਾਂ ਆਪਣਾ ਸਾਹਿਤਕ ਸਫ਼ਰ 1965 ਈ. ਦੇ ਲਾਗੇ ਚਾਗੇ ਹੀ ਸ਼ੁਰੂ ਕੀਤਾ ਸੀ, ਜਿਸ ਦੀ ਸੰਪੂਰਨਤਾ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ - "ਗਾਥਾ ਸੁਤੰਤਰਤਾ ਸੰਗਰਾਮ ਦੀ" ਅਤੇ "ਕੂਕਾ ਲਹਿਰ" ਨਾਲ ਹੁੰਦੀ ਹੈ। ਨਾਮਧਾਰੀ ਗੁਰਸਿੱਖ ਜੀਵਨ ਫਲਸਫ਼ੇ ਬਾਰੇ ਉਹਨਾਂ ਦੀ ਪੁਸਤਕ "ਅੰਮ੍ਰਿਤ-ਨਾਮੁ" ਨੇ ਵੀ ਜਗਿਆਸੂਆਂ ਲਈ ਰਾਹ ਰੁਸ਼ਨਾਏ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਉਹਨਾਂ ਨੂੰ ਦੂਸਰੇ ਮਤਾਵਿਲੰਬੀਆਂ ਦੀਆਂ ਸਟੇਜਾਂ ਤੋਂ ਨਾਮਧਾਰੀ ਪੱਖ ਦੀ ਤਰਜਮਾਨੀ ਕਰਨ ਲਈ ਅਕਸਰ ਭੇਜਿਆ ਜਾਂਦਾ ਸੀ। ਉਹ ਆਪਣੀ ਮਿਕਨਾਤੀਸੀ ਸ਼ਖ਼ਸੀਅਤ, ਹਲੀਮੀ, ਵਿਦਵਤਾ, ਵਰਣਿਤ ਵਿਸ਼ੇ ਤੇ ਗਹਿਰੀ ਪੈਂਠ, ਸਾਊ ਦਿੱਖ, ਮਿਠਬੋਲੜੇ ਸੁਭਾਉ ਕਾਰਨ ਹਰ ਐਸੇ ਮੌਕੇ ਤੋਂ ਸਫਲਤਾਪੂਰਵਕ ਆਪਣੀ ਛਾਪ ਛੱਡ ਕੇ ਵਾਪਸ ਪਰਤਦੇ ਰਹੇ। ਉਹਨਾਂ ਨੂੰ ਤਹਿਰੀਰ ਤੇ ਤਕਰੀਰ ਦੇ ਧਨੀ ਵਿਰਲਿਆਂ ਪੁਰਖਾਂ ਦੀ ਕੋਟੀ ਵਿਚ ਰੱਖਿਆ ਜਾ ਸਕਦਾ ਹੈ। ਉਹ ਆਪਣੇ ਨਿਜ ਤੋਂ ਉੱਪਰ ਉਠ ਕੇ ਸਮੂਹ ਦੇ ਭਲੇ ਲਈ ਯਤਨਸ਼ੀਲ ਰਹਿੰਦੇ ਸਨ। ਇਹੋ ਵਜ੍ਹਾ ਸੀ ਕਿ ਜਿੰਨੀਆਂ ਸੰਸਥਾਵਾਂ ਸੰਗਠਨਾਂ ਅਤੇ ਸ਼ਖ਼ਸੀਅਤਾਂ ਨੇ ਦਲੀਪ ਸਿੰਘ ਨਾਮਧਾਰੀ ਦੀ ਆਖ਼ਰੀ ਰਸਮ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭੈਣੀ ਸਾਹਿਬ ਭਾਗ ਲਿਆ, ਉਹ ਬੇਮਿਸਾਲ ਸੀ। ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਨੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦਾ ਉਹਨਾਂ ਨੂੰ ਪੀ ਆਰ.ਓ. ਕਹਿ ਕੇ ਯਾਦ ਕੀਤਾ। ਸਮਾਗਮ ਉਲੀਕਣੇ ਤੇ ਵਿਉਂਤਣੇ ਉਸਦਾ ਸ਼ੌਕ ਸੀ। ਉਹਨਾਂ ਦੀ ਜੀਵਨ ਸਾਥਣ ਬੀਬੀ ਰਜਵੰਤ ਕੌਰ ਆਪ ਦੇ ਚਲਾਣੇ ਤੋਂ ਕੁਝ ਕੁ ਵਰ੍ਹੇ ਪਹਿਲਾਂ ਹੀ ਪ੍ਰਲੋਕ ਗਮਨ ਕਰ ਗਏ ਸਨ। ਵੱਡਾ ਪੁੱਤਰ ਕੁਲਵੰਤ ਸਿੰਘ ਵਿਦੇਸ਼ ਵਿਚ ਸਥਾਪਿਤ ਹੈ ਅਤੇ ਛੋਟਾ ਨਵਤੇਜ ਸਿੰਘ ਨਾਮਧਾਰੀ ਵਿਦਿਅਕ ਜਥੇ ਦੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਨਿਭਾਉਂਦਿਆਂ ਪਿਤਾ ਪੁਰਖੀ ਲੀਹਾਂ 'ਤੇ ਚੱਲ ਰਿਹਾ ਹੈ। ਉਸਦੇ ਮਿੱਤਰ ਸੰਤ ਜਗਦੀਸ਼ ਸਿੰਘ 'ਵਰਿਆਮ' ਨੇ ਦਲੀਪ ਸਿੰਘ ਹੋਰਾਂ ਬਾਰੇ, ਜੂਨ 2006 ਦੇ 'ਵਰਿਆਮ' ਦੇ ਸੰਪਾਦਕੀ ਵਿਚ ਲਿਖਿਆ ਸੀ - "ਜੇ ਉਤਸ਼ਾਹ, ਜੋਸ਼, ਉਮਾਹ ਅਤੇ ਜਜ਼ਬੇ ਦੀ ਗੱਲ ਕਰਨੀ ਹੋਵੇ ਤਾਂ ਉਸਦਾ ਨਾਂਅ ਸੀ ਦਲੀਪ ਸਿੰਘ ਨਾਮਧਾਰੀ। ਜੇ ਸਮਰਪਣ ਅਤੇ ਗੁਰੂ ਹੁਕਮ ਨੂੰ ਸਿਰ ਮੱਥੇ ਮੰਨਣ ਦੀ ਮਿਸਾਲ ਦੇਣੀ ਹੋਵੇ ਤਾਂ ਉਹ ਦਲੀਪ ਸਿੰਘ ਸੀ। ਨਾਮਧਾਰੀ ਪੰਥ ਲਈ ਦੌੜ-ਭੱਜ ਕਰਨਾ, ਇਸ ਦੀਆਂ ਸਫਲਤਾਵਾਂ ਉੱਤੇ ਖ਼ੁਸ਼ ਹੋਣਾ ਅਤੇ ਇਕ ਵਿਸਮਾਦ ਵਿਚ ਦੌੜੇ ਫਿਰਨਾ, ਇਹ ਦਲੀਪ ਸਿੰਘ ਦਾ ਸ਼ੌਕ ਸੀ।"

ਉਹਨਾਂ ਦੇ ਜੀਵਨ ਵੇਰਵੇ ਅਤੇ ਸੁਭਾਅ ਬਾਰੇ ਦੱਸਣ ਬਾਅਦ ਅਸੀਂ ਉਹਨਾਂ ਦੀਆਂ ਰਚਨਾਵਾਂ ਦੇ ਵੇਰਵੇ ਲਈ ਉੱਪਰ ਵਰਣਿਤ ਤਿੰਨਾਂ ਪੁਸਤਕਾਂ ਦੀ ਹੀ ਫੋਲਾ ਫਾਲੀ ਕਰਾਂਗੇ, ਭਾਵੇਂ ਨਾਮਧਾਰੀ ਰਹਿਤ ਮਰਿਆਦਾ, ਗਊ ਦੀ ਮਹਾਨਤਾ, ਗੁਰਸਿੱਖੀ ਵਿਚਾਰਧਾਰਾ, ਸਿੱਖ ਇਤਿਹਾਸ ਵਿਚੋਂ ਚੋਣਵੇਂ ਸਵਾਲ ਜਵਾਬ (ਅਜੀਤ ਸਿੰਘ ਨਾਮਧਾਰੀ ਦੇ ਸਹਿਯੋਗ ਨਾਲ), ਨਾਮਧਾਰੀ ਸੰਤ ਖਾਲਸਾ, ਜੰਗੇ ਆਜ਼ਾਦੀ ਦੇ ਨਾਮਧਾਰੀ ਸ਼ਹੀਦ ਆਦਿ ਪੁਸਤਕਾਂ ਵੀ ਉਨ੍ਹਾਂ ਦੀ ਕ੍ਰਿਤ ਹਨ। ਗਾਥਾ- ਸੁਤੰਤਰਤਾ ਸੰਗ੍ਰਾਮ ਦੀ" 2002 ਈ. ਵਿਚ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਜਿਸ ਦੇ ਉਹ

Sri Satguru Jagjit Singh Ji eLibrary NamdhariElibrary@gmail.com

ਸਕੱਤਰ ਵੀ ਸਨ, ਵੱਲੋਂ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਦਾ ਸਿਰਲੇਖ ਇਸ ਗੱਲ ਦਾ ਲਖਾਇਕ ਹੈ ਕਿ ਨਾਮਧਾਰੀ ਇਤਿਹਾਸ ਜਾਂ ਕੂਕਾ ਅੰਦੋਲਨ ਦੀ ਤਾਰੀਖ਼ ਨੂੰ ਅਜੇ ਤੱਕ ਇਤਿਹਾਸਕ ਚੌਖਟੇ ਵਿਚ ਰੱਖ ਕੇ ਵੇਖਣ ਪਰਖਣ ਦੀ ਪਿਰਤ ਕੁਝ ਕੁ ਯਤਨਾਂ ਨੂੰ ਛੱਡ ਕੇ ਨਹੀਂ ਪਈ ਸੀ। ਪੰਜਾਬ ਦੇ ਇਤਿਹਾਸ ਦੇ ਧੁਰੰਧਰ ਵਿਦਵਾਨ ਡਾ. ਗੰਡਾ ਸਿੰਘ ਹੋਰਾਂ ਦਾ ਇਹ ਮੱਤ ਸੀ ਕਿ ਨਿਰੰਕਾਰੀਆਂ ਜਿਉਂ ਨਾਮਧਾਰੀ ਜਾਂ ਕੂਕਾ ਲਹਿਰ ਵੀ ਇਕ ਧਾਰਮਿਕ ਜਾਂ ਸਮਾਜ ਸੁਧਾਰਕ ਲਹਿਰ ਸੀ। 1857 ਈ. ਦੇ ਗਦਰ ਤੋਂ ਡਰੇ ਹੋਏ ਅੰਗਰੇਜ਼ਾਂ ਨੇ ਇਸਦੀਆਂ ਕੁਝ ਕੁ ਹਥਿਆਰਬੰਦ ਕਾਰਵਾਈਆਂ ਨੂੰ ਵੱਡਾ ਨਾਉਂ (ਕੂਕਾ ਰੀਬੈਲੀਅਨ) ਦੇ ਕੇ ਇਹਨਾਂ ਉੱਤੇ ਸਿਆਸੀ ਮਨੋਰਥ ਆਰੋਪਿਤ ਕਰ ਦਿੱਤੇ ਸਨ। ਗੰਡਾ ਸਿੰਘ ਹੋਰਾਂ ਦੀ ਇਸ ਧਾਰਨਾ ਦਾ ਖੰਡਨ ਸੰਤ ਨਿਧਾਨ ਸਿੰਘ ਆਲਿਮ (ਜੁੱਗ ਪਲਟਾਊ ਸਤਿਗੁਰੂ), ਸੰਤ ਇੰਦਰ ਸਿੰਘ ਚੱਕਰਵਰਤੀ (ਮਹਾਂਕਾਵਿ -ਮਾਲਵੇਂਦਰ ਅਤੇ ਪੁਸਤਕ "ਕੂਕਿਆਂ ਬਾਰੇ"), ਨਾਹਰ ਸਿੰਘ ਐਮ.ਏ. (ਨਾਮਧਾਰੀ ਇਤਿਹਾਸ), ਡਾ. ਅਮਰ ਭਾਰਤੀ (ਸਿੱਖ ਇਤਿਹਾਸ ਅਤੇ ਕੂਕੇ – ਇਕ ਤੁਲਨਾਤਮਿਕ ਅਧਿਐਨ), ਪ੍ਰੀਤਮ ਸਿੰਘ ਪੰਛੀ (ਦਮਨ ਚੱਕਰ ਕੇ ਪਥਾਸ ਵਰਸ਼), ਹਰੰਭਾ ਸਿੰਘ ਅਨਜਾਣ (ਸਰਹਨ ਕੇ ਸਿਰਮੌਰ) ਆਦਿਕ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਪੰਜਾਬੀ ਵਿਚ ਛਪੀਆਂ ਨਾਮਧਾਰੀ ਇਤਿਹਾਸਕਾਰਾਂ ਜਾਂ ਇਤਿਹਾਸ ਨਾਲ ਸਬੰਧਿਤ ਇਹਨਾਂ ਪੁਸਤਕਾਂ ਦੀ ਪਰੰਪਰਾ ਨੂੰ ਹੀ ਅੱਗੇ ਤੋਰਨ ਵਾਲੀ ਹੈ ਦਲੀਪ ਸਿੰਘ ਨਾਮਧਾਰੀ ਕ੍ਰਿਤ "ਗਾਥਾ – ਸੁਤੰਤਰਤਾ ਸੰਗਰਾਮ ਦੀ।"

144 ਸਫ਼ਿਆਂ ਤੇ ਫੈਲੀ ਇਸ ਪੁਸਤਕ ਵਿਚ ਸੁਤੰਤਰਤਾ ਸੰਗਰਾਮ ਦੀ ਗਾਥਾ ਤਾਂ ਪਹਿਲੇ 120 ਸਫ਼ਿਆਂ ਤੇ ਹੀ ਹੈ। ਸਤਿਗੁਰੂ ਰਾਮ ਸਿੰਘ, ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਦੀ ਸੁਯੋਗ ਅਗਵਾਈ ਵਿਚ ਨਾਮਧਾਰੀ ਸਿੰਘ ਆਜ਼ਾਦੀ ਸੰਗਰਾਮ ਦੀਆਂ ਕੂਕਿਆਂ ਸਮੇਤ ਵਿਭਿੰਨ ਲਹਿਰਾਂ ਵਿਚ ਜੁੱਟਦੇ ਹਨ ਅਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਹੇਠ ਦੇਸ਼ ਅਤੇ ਸਮਾਜ ਦੀ ਪੁਨਰ ਉਸਾਰੀ ਵਿਚ ਜੁੱਟ ਜਾਂਦੇ ਹਨ। ਪੁਸਤਕ ਦੇ ਮੁੱਢਲੇ ਸ਼ਬਦਾਂ ਵਿਚ ਨਾਮਧਾਰੀ ਜੀ ਆਪਣੇ ਪਹਿਲੇ ਪ੍ਰੇਰਣਾ ਸਰੋਤ ਸਤਿਗੁਰੂ ਪਰਤਾਪ ਸਿੰਘ ਜੀ ਦਾ ਜ਼ਿਕਰ ਕਰਨ ਤੋਂ ਪਹਿਲਾਂ ਨਾਮਧਾਰੀ ਗੁਰੂ ਪਰੰਪਰਾ ਦੇ ਮੋਢੀ ਸਤਿਗੁਰੂ ਸਾਹਿਬਾਨ ਦਾ ਜੀਵਨ ਦਰਸ਼ਨ ਸੰਖੇਪ ਵਿਚ ਇਉਂ ਬਿਆਨਦੇ ਹਨ:

"ਚੂੰਕਿ ਕੌਮਾਂ ਦਾ ਆਤਮਿਕ, ਸਮਾਜਿਕ ਤੇ ਰਾਜਸੀ ਵਿਕਾਸ, ਉਹਨਾਂ ਮਹਾਂ ਪੁਰਖਾਂ ਉੱਤੇ ਹੀ ਨਿਰਭਰ ਹੋਇਆ ਕਰਦਾ ਹੈ ਅਤੇ ਅਜੇਹੇ ਮਹਾਂਪੁਰਸ਼ ਇਤਿਹਾਸ ਸਿਰਜਨ ਵਾਲੇ ਬਹੁਤ ਘੱਟ ਬਲਕਿ 'ਕੋਟਨ ਮੈਂ ਕੋਊ' ਹੀ ਹੋਇਆ ਕਰਦੇ ਹਨ। ... ਇਹੋ ਜਿਹੇ ਪਰਮ ਪੁਰਖਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਹੋਏ ਹਨ ਜੋ ਆਪਣੀ ਰੂਹਾਨੀ ਦੌਲਤ ਨੂੰ ਆਮ ਲੋਕਾਈ ਤੱਕ ਵੰਡਦੇ ਨਜ਼ਰ ਆਉਂਦੇ ਹਨ। ... ਉਹਨਾਂ ਵੱਲੋਂ ਵਿੱਢੇ ਗਏ ਕਾਰਜ ਦੀ ਪੂਰਤੀ ਕਰਨ ਵਾਲੇ ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਤੋਂ ਬਾਅਦ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਦੇ ਸਰੂਪ ਵਿਚ ਹੀ ਇਕ ਸੱਚੇ ਰਹਿਬਰ ਵਜੋਂ ਅਜੋਕੀ ਮਨੁੱਖਤਾ ਲਈ ਪ੍ਰੇਰਨਾ-ਸ੍ਰੋਤ ਬਣੇ ਆ ਰਹੇ ਹਨ।

"ਸਤਿਗੁਰੂ ਪਰਤਾਪ ਸਿੰਘ ਜੀ ਦੇ ਬਹੁਤ ਨੇੜਿਓਂ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਜੌਲਾਨੀ ਦਰਸ਼ਨ ਨੇ ਅਣਗਿਣਤ ਲੋਕਾਈ ਨੂੰ ਰੂਹਾਨੀ ਸਕੂਨ ਬਖ਼ਸ਼ਿਆ ਹੈ। ਨਾਮਧਾਰੀ ਸਿੰਘਾਂ ਨੂੰ ਮਜ਼ਬੂਤ ਬਣਾਉਣ ਲਈ... ਉੱਚ ਆਚਰਨ ਦੇ ਧਾਰਨੀ ਬਣਾਉਣ ਤੇ ਜ਼ੋਰ ਦਿੱਤਾ ਹੈ। ਸਮੁੱਚੀ ਸਿੱਖ ਸੰਪ੍ਰਦਾਇ ਨੂੰ ਇਕ ਪਲੇਟਫਾਰਮ ਤੇ ਇਕਜੁੱਟ ਕਰਨ ਦੇ ਉਪਰਾਲੇ ਕੀਤੇ। ਇਥੋਂ ਤੱਕ ਕਿ ਹਿੰਦੂ-ਸਿੱਖ-ਮੁਸਲਿਮ ਏਕਤਾ ਤੇ ਬਲ ਦਿੰਦੇ ਰਹੇ ਹਨ। ਇਸੇ ਸਾਂਝ ਨੂੰ ਨਿਰੂਪਦਿਆਂ, ਹਰ ਪ੍ਰਕਾਰ ਦੀ ਸੰਕੀਰਨਤਾ ਤੋਂ ਉਪਰ ਉਠਦਿਆਂ, ਹਰ ਉਸ ਆਦਮੀ ਤੇ ਸੰਸਥਾ ਦੀ ਕਦਰ ਕਰਦੇ ਸਨ ਜਿਸ ਵਲੋਂ ਮਨੁੱਖ ਜਾਤੀ ਦੇ ਕਲਿਆਣ ਲਈ ਮਨੁੱਖਤਾ ਦੇ ਭਲੇ ਲਈ ਨਿੱਗਰ ਰੂਪ ਵਿਚ ਕੁਝ ਕੀਤਾ ਜਾ ਰਿਹਾ ਹੋਵੇ। ਉਹ ਉੱਚੀਆਂ-ਸੁੱਚੀਆਂ ਮਨੁੱਖੀ ਕਦਰਾਂ ਕੀਮਤਾਂ ਦੇ ਧਾਰਨੀ ਸਨ, ਅਹਿੰਸਾ ਦੇ ਪ੍ਰੇਮੀ ਸਨ ਅਤੇ ਦੁਨੀਆਂ ਵਿਚ ਅਮਨ ਤੇ ਸ਼ਾਂਤੀ ਕਾਇਮ ਹੋਈ ਵੇਖਣ ਦੇ ਚਾਹਵਾਨ ਸਨ।"[4]

1857 ਈ. ਦੇ ਸਿਪਾਹੀਆਂ ਦੇ ਗ਼ਦਰ ਜਾਂ ਪਹਿਲੇ ਸੁਤੰਤਰਤਾ ਸੰਗਰਾਮ ਦੇ ਆਪ ਮੁਹਾਰੇ ਉੱਠ ਪੈਣ ਦੇ ਅਨੇਕ ਕਾਰਨਾਂ ਵਿਚੋਂ ਇਕ ਕਾਰਨ ਕੰਪਨੀ ਸਰਕਾਰ ਦੀ ਸ਼ਹਿ ਤੇ ਭਾਰਤ ਵਿਚ ਤੇਜ਼ੀ ਨਾਲ ਹੋ ਰਿਹਾ ਈਸਾਈਅਤ ਦਾ

Sri Satguru Jagjit Singh Ji eLibrary NamdhariElibrary@gmail.com

ਪਰਚਾਰ ਵੀ ਸੀ। ਨਾਮਧਾਰੀ ਜੀ ਵੀ ਕੂਕਾ ਅੰਦੋਲਨ ਦੀ ਪਿੱਠ ਭੂਮੀ ਵਿਚ ਇਸ ਨੂੰ ਵੀ ਇਕ ਕਾਰਨ ਵਜੋਂ ਵੇਖ ਰਹੇ ਸਨ – "ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੀ ਸੰਨ 1834 ਈ. ਵਿਚ ਲੁਧਿਆਣਾ ਈਸਾਈ ਮਿਸ਼ਨਰੀਆਂ ਦਾ ਕੇਂਦਰ ਬਣ ਚੁੱਕਾ ਸੀ ਅਤੇ ਅਗਲੇ ਸਾਲ ਹੀ ਇਥੇ ਸਕੂਲ ਤੇ ਚਰਚ ਬਣਾ ਕੇ ਪ੍ਰਚਾਰ ਕਾਰਜ ਸ਼ੁਰੂ ਹੋ ਚੁੱਕਾ ਸੀ। ਸੰਨ 1849 ਈ. ਵਿਚ ਪੰਜਾਬ ਉੱਤੇ ਅੰਗਰੇਜ਼ ਰਾਜ ਕਾਇਮ ਹੋਣ ਉਪਰੰਤ ਇਨ੍ਹਾਂ ਇਸਾਈ ਮਿਸ਼ਨਰੀਆਂ ਨੂੰ ਸਰਕਾਰੀ ਸਹਾਇਤਾ ਅਤੇ ਸਮਰਥਨ ਮਿਲ ਜਾਣ ਕਾਰਨ ਇਹ ਪ੍ਰਚਾਰ ਸਾਰੇ ਪੰਜਾਬ ਅੰਦਰ ਵੱਡੇ ਪੱਧਰ ਤੇ ਹੋਣ ਲਗ ਪਿਆ ਸੀ। ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ 1850 ਈ. ਵਿਚ ਇਹ ਕਾਨੂੰਨ ਬਣਾ ਦਿੱਤਾ ਸੀ ਕਿ ਆਪਣਾ ਧਰਮ ਛੱਡਣ ਉਪਰੰਤ ਵੀ ਵਿਅਕਤੀ ਨੂੰ ਆਪਣੀ ਪਿਤਾ-ਪੁਰਖੀ ਜਾਇਦਾਦ ਦਾ ਹੱਕ ਪ੍ਰਾਪਤ ਰਹੇਗਾ। ਇਸ ਕਰਕੇ ਹੀ ਪੰਜਾਬ ਵਿਚ ਲੋਕ ਧੜਾ-ਧੜ ਇਨ੍ਹਾਂ ਦੇ ਪ੍ਰਚਾਰ ਦੇ ਅਸਰ ਹੇਠ ਆਉਣ ਲੱਗ ਪਏ ਸਨ। ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਬਣਾਇਆ ਜਾ ਚੁੱਕਾ ਸੀ ਅਤੇ ਹੋਰ ਸਿੱਖ ਸਰਦਾਰ ਅਤੇ ਮੁਸਾਹਿਬ ਵੀ ਇਨ੍ਹਾਂ ਦੇ ਝੋਲੀ ਚੁੱਕ ਤੇ ਖ਼ੈਰ-ਖ਼ਾਹ ਬਣਦੇ ਜਾ ਰਹੇ ਸਨ। ਮੇਜਰ ਲੀਚ ਜੋ ਕਿ ਅੰਬਾਲਾ ਏਜੰਸੀ ਦਾ ਸੁਪਰਵਾਇਜ਼ਰ ਸੀ, ਲਿਖਦਾ ਹੈ ਕਿ "ਸਿੱਖ ਧਰਮ ਜਿਸਨੇ ਚਿਰਾਂ ਤੋਂ ਆਪਣੀ ਸ਼ਾਨ ਬਣਾਈ ਹੋਈ ਸੀ, ਹੁਣ ਪੂਰਨ ਰੂਪ ਵਿਚ ਢਹਿੰਦੀ ਕਲਾ ਵੱਲ ਜਾ ਰਿਹਾ ਹੈ।"[3]

ਆਪਣੇ ਕਥਨ ਦੀ ਪੁਸ਼ਟੀ ਲਈ ਨਾਮਧਾਰੀ ਜੀ ਪੁਸਤਕ ਵਿਚ ਦੇਸੀ ਬਦੇਸੀ ਲੇਖਕਾਂ ਦੇ ਹਵਾਲਿਆਂ, ਪੰਥ ਪ੍ਰਕਾਸ਼- ਗਿਆਨੀ ਗਿਆਨ ਸਿੰਘ, ਸਤਿਗੁਰੂ ਬਿਲਾਸ- ਭਾਈ ਧਿਆਨ ਸਿੰਘ ਕਾਦਰਾਬਾਦੀ, ਸਤਿਗੁਰੂ ਬਿਲਾਸ- ਭਾਈ ਸੰਤੋਖ ਸਿੰਘ ਬਾਹੋਵਾਲ, ਨਾਮਧਾਰੀ ਇਤਿਹਾਸ- ਨਾਹਰ ਸਿੰਘ ਐਮ.ਏ., ਹੁਕਮਨਾਮੇ- ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਬਾਰਾਂ ਮਾਹ – ਭਾਈ ਚੰਦਾ ਸਿੰਘ, ਬਾਰਾਂ ਮਾਹ – ਭਾਈ ਨਿਹਾਲ ਸਿੰਘ, 'ਨਾਮਧਾਰੀ ਸ਼ਹੀਦ ਬਿਲਾਸ' –ਭਾਈ ਕਾਹਲਾ ਸਿੰਘ ਨੰਗਲ, ਕੂਕਾ ਮੂਵਮੈਂਟ – ਡਾ. ਫੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ- (ਦਸਤਾਵੇਜ਼ ਅੰਗਰੇਜ਼ੀ ਵਿਚ) ਸੰਗ੍ਰਹਿ ਕਰਤਾ- ਜਸਵਿੰਦਰ ਸਿੰਘ ਹਿਸਟੋਰੀਅਨ ਆਦਿ ਪੁਸਤਕਾਂ ਦੀ ਭਰਪੂਰ ਵਰਤੋਂ ਕਰਦੇ ਹਨ। 'ਪੰਜਾਬ ਦੇ ਇਤਿਹਾਸ' ਵਿਚੋਂ ਉਹ ਮੁਹੰਮਦ ਲਤੀਫ਼ ਨੂੰ ਇਉਂ ਉਧਰਿਤ ਕਰਦੇ ਹਨ ਤਾਂ ਕਿ ਕੂਕਿਆਂ ਦਾ ਅੰਗਰੇਜ਼ ਸਰਕਾਰ ਦਾ ਬਿਸਤਰਾ ਗੋਲ ਕਰਨ ਵਾਲਾ ਨਿਸ਼ਾਨਾ ਸਪਸ਼ਟ ਹੋ ਜਾਏ – "(ਗੁਰੂ) ਰਾਮ ਸਿੰਘ ਅਤੇ ਉਸਦੇ ਮੁਰੀਦਾਂ ਦੇ ਮੁੱਦੇ ਮਹਿਜ਼ ਧਾਰਮਿਕ ਹੀ ਨਹੀਂ ਸਨ, ਸਗੋਂ ਇਕ ਧਾਰਮਿਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿਚ ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।"[4]

ਹਰ ਲਹਿਰ ਜਿਸ ਧਰਾਤਲ ਤੇ ਉਠਦੀ ਹੈ, ਉਸ ਦੇ ਕੁਝ ਅੰਤਰ-ਵਿਰੋਧ ਹੁੰਦੇ ਹਨ, ਕੁਝ ਚਾਲਕ ਸ਼ਕਤੀਆਂ ਹੁੰਦੀਆਂ ਹਨ, ਸਮਾਜਿਕ ਆਰਥਕ ਪਰਿਪੇਖ ਹੁੰਦਾ ਹੈ ਅਤੇ ਲਹਿਰ ਦੇ ਆਗੂ ਦਾ ਕੰਮ ਸ਼ਕਤੀਆਂ ਦੇ ਸਹੀ ਤੋਲ ਨੂੰ ਵਿਕਸਤ ਕਰਕੇ, ਇਨਕਲਾਬੀ ਹਾਲਤਾਂ ਦੀ ਖੋਜ ਪੜਤਾਲ ਕਰਕੇ ਲਹਿਰ ਦਾ ਆਗੂ ਦਸਤਾ ਤਿਆਰ ਕਰਨਾ ਹੁੰਦਾ ਹੈ। ਇਸ ਨਜ਼ਰੀਏ ਤੋਂ ਕੂਕਾ ਸੰਗਰਾਮ ਨੂੰ ਸਮਝਣ ਲਈ, ਲੇਖਕ ਨੇ ਡਾ. ਪੀ. ਸੀ. ਰਾਏ ਦੀ ਲੰਮੀ ਟੂਕ ਦਿੱਤੀ ਹੈ – "ਪੁਰਾਤਨ ਧਰਮ ਵਿਚ ਪ੍ਰਪੱਕ ਹੋ ਚੁੱਕੀ ਨਾਮਧਾਰੀ ਸੰਸਥਾ ਅੰਦਰ ਅਸਹਿਯੋਗ ਤੇ ਨਾ-ਮਿਲਵਰਤਨ ਦਾ ਐਸਾ ਸੰਚਾਰ ਕੀਤਾ ਕਿ ਉਸ ਵੱਲੋਂ ਸਿੱਖ ਸੰਪਰਦਾ ਵਿਚੋਂ ਇਕ ਬੇ-ਮਿਸਾਲ ਰਾਜਨੀਤਕ ਚੇਤਨਾ ਦ੍ਰਿਸ਼ਟੀਗੋਚਰ ਹੋਈ। ਅਨੇਕ ਤਰ੍ਹਾਂ ਦੇ ਇਤਿਹਾਸਕ ਉਤਰਾਵਾਂ-ਚੜ੍ਹਾਵਾਂ, ਹਮਲਿਆਂ ਤੇ ਜੁਆਬੀ ਹਮਲਿਆਂ ਦੇ ਨਤੀਜੇ ਵਜੋਂ ਪੰਜਾਬ ਦੇ ਹਾਲਾਤ ਵਿਚ ਤੇਜ਼ੀ ਨਾਲ ਤਬਦੀਲੀ ਆਈ। ਇਹੀ ਇਕ ਐਸਾ ਕਾਰਣ ਹੈ ਕਿ ਧਾਰਮਿਕ ਸੰਪਰਦਾ ਨੂੰ ਵੀ ਹਥਿਆਰਬੰਦ ਹੋਣਾ ਪਿਆ। ਬ੍ਰਿਟਿਸ਼ ਪੰਜੇ ਵਿਚੋਂ ਆਪਣੀ ਤੇ ਭਾਰਤ ਦੀ ਆਜ਼ਾਦੀ ਲਈ ਹੋਰ ਬਦੇਸ਼ੀ ਰਾਜਾਂ ਨਾਲ ਸਬੰਧ ਜੋੜ ਕੇ ਉਨ੍ਹਾਂ ਦੀ ਸਹਾਇਤਾ ਹਾਸਲ ਕਰਨ ਲਈ ਯਤਨ ਕਰਨਾ ਪਿਆ। ਸਿੱਖ ਰਾਜ ਦੇ ਖ਼ਾਤਮੇ ਕਰਕੇ ਖ਼ਾਲਸਾ ਫੌਜ ਦੇ ਬਹੁਤੇ ਸਿੱਖ ਬੇਕਾਰ ਹੋ ਗਏ ਸਨ। ਉਨ੍ਹਾਂ ਲਈ ਨਿਰਾ ਖੇਤੀਬਾੜੀ ਉੱਤੇ ਨਿਰਭਰ ਰਹਿਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਮੰਦੇ ਦਿਨਾਂ ਵਿਚ ਗੁਜ਼ਾਰਾ ਕਰਨ ਲਈ, ਖੇਤੀਬਾੜੀ ਦਾ ਕੰਮ ਸ਼ੁਰੂ ਕਰਨ ਤੇ ਵੀ ਇਕ ਫੌਜੀ ਜਾਤੀ ਲਈ ਇਸ ਕੰਮ ਵਿਚ ਪੂਰੀ ਤਰ੍ਹਾਂ ਮਨ ਲਗਾਉਣਾ ਸੰਭਵ ਨਹੀਂ। ਖ਼ਾਸ ਕਰਕੇ ਬਹੁਤੇ ਲੋਕ ਬੇਜ਼ਮੀਨੇ ਹਲ ਵਾਹਕ ਸਨ – ਜੋ ਇਸ ਕੰਮ ਰਾਹੀਂ

Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਦਾ ਗੁਜ਼ਾਰਾ ਚਲਾਉਣਾ ਅਸੰਭਵ ਹੋ ਗਿਆ ਸੀ। ਸੋ ਇਸ ਜਾਤੀ ਵਿਚ ਬਹੁਤ ਹੀ ਜ਼ਿਆਦਾ ਬੇਚੈਨੀ ਦੀ ਹਾਲਤ ਪੈਦਾ ਹੋ ਗਈ। ਇਸ ਅਸੰਤੋਖ ਦੀ ਅੱਗ ਵਿਚ ਬਾਲਣ ਪਾਇਆ ਅੰਗਰੇਜ਼ਾਂ ਦੀ ਲੁੱਟ-ਖਸੁੱਟ ਦੀ ਨੀਤੀ ਨੇ। ਬੇ-ਜ਼ਮੀਨ ਕਿਸਾਨ ਸਮਾਜ ਨੇ ਨਾਮਧਾਰੀ ਸੰਪਰਦਾ ਦੇ ਇਸ ਮੁਕ ਜਾਗਰਨ ਦੀ ਯੋਜਨਾ ਵਿਚ ਪੂਰੀ ਤਰ੍ਹਾਂ ਮਨ ਲਗਾਇਆ ਤੇ ਇਸ ਅੰਦੋਲਨ ਵਿਚੋਂ ਆਪਣਾ ਆਜ਼ਾਦੀ ਦਾ ਰਾਹ ਲੱਭਿਆ ਅਤੇ ਖਾਸ ਕਰਕੇ ਕੂਕਾ ਸੰਪਰਦਾ ਦੇ ਜਨਕ ਗੁਰੂ ਬਾਲਕ ਸਿੰਘ ਦੇ ਉਤਰਾਅਧਿਕਾਰੀ ਜ਼ਿਲ੍ਹਾ ਲੁਧਿਆਣਾ ਦੇ ਗੁਰੂ ਰਾਮ ਸਿੰਘ ਜੀ ਦੀ ਅਸਾਧਾਰਨ ਸੰਗਠਨ ਪ੍ਰਤਿਭਾ ਭਾਸ਼ਣ ਕਲਾ ਤੇ ਅਡੋਲ ਸਿਦਕ ਨੇ ਇਸ ਅੰਦੋਲਨ ਦੀ ਨੀਂਹ ਪੱਕੀ ਕਰ ਦਿੱਤੀ ਤੇ ਹੌਲੀ-ਹੌਲੀ ਕੂਕਾ ਅੰਦੋਲਨ ਕਿਸਾਨ ਸਮਾਜ ਦਾ ਆਪਣਾ ਅੰਦੋਲਨ ਬਣ ਗਿਆ।"[4]

ਇਸੇ ਪਰੰਪਰਾ ਨੂੰ ਅੱਗੇ ਵਧਾਉਣ ਵਾਲੀ ਨਾਮਧਾਰੀ ਜੀ ਦੀ ਨਾਮਧਾਰੀ ਇਤਿਹਾਸ ਬਾਰੇ ਦੂਜੀ ਪ੍ਰਸਿੱਧ ਪੁਸਤਕ "ਭਾਰਤੀ ਸੁਤੰਤਰਤਾ ਇਤਿਹਾਸ ਦਾ ਸੁਨਹਿਰੀ ਪੰਨਾ – ਕੂਕਾ ਲਹਿਰ (1857 ਤੋਂ 1947 ਈ. ਤੱਕ) ਹੈ। ਇਸ ਨੂੰ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ 2005 ਈ. ਵਿਚ ਲੇਖਕ ਦੇ ਚਲਾਣੇ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਪ੍ਰਕਾਸ਼ਿਤ ਕੀਤਾ ਸੀ। ਟਾਈਟਲ ਪੇਜ ਉੱਤੇ ਸਿਆਹੜ ਪਿੰਡ ਵਿਖੇ 1863 ਈ. ਵਿਚ ਮਾਈਆਂ ਨੂੰ ਅੰਮ੍ਰਿਤ ਛਕਾਉਣ ਵਾਲੀ ਘਟਨਾ ਦਾ ਮਹੱਤਵਪੂਰਨ ਕਲਮੀ ਚਿਤਰ ਹੈ। ਬੈਕ ਪੇਜ 'ਤੇ ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ. ਸੈਫ਼ਦੀਨ ਕਿਚਲੂ ਅਤੇ ਮੌਲਾਨਾ ਹਬੀਬੁੱਲਾ ਦਾ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨਾਲ 1947 ਈ. ਤੋਂ ਪਹਿਲਾਂ ਕਿਸੇ ਦੀਵਾਨ ਵਿਚ ਬੈਠਿਆਂ ਦੀ ਫੋਟੋ, ਆਜ਼ਾਦੀ ਦੀ ਲੜਾਈ ਵਿਚ ਨਾਮਧਾਰੀ ਯੋਗਦਾਨ ਦੀ ਮੂੰਹ ਬੋਲਦੀ ਤਸਵੀਰ ਵੀ ਹੈ ਅਤੇ ਕੂਕਿਆਂ ਦੀ ਧਰਮ ਨਿਰਪੱਖਤਾ ਦੀ ਉਚ ਨੀਤੀ ਦਾ ਪ੍ਰਗਟਾਵਾ ਵੀ ਹੈ। ਪੁਸਤਕ ਬੜੀ ਰੀਝ ਨਾਲ ਛਾਪੀ ਗਈ। ਡਾ. ਕੁਲਵਿੰਦਰ ਕੌਰ ਮਿਨਹਾਸ ਦੀਆਂ ਬੈਕ ਕਵਰ ਤੇ ਟਿੱਪਣੀਆਂ ਪੁਸਤਕ ਅਤੇ ਇਸਦੇ ਲੇਖਕ ਬਾਰੇ ਕਾਫ਼ੀ ਕੁਝ ਕਹਿ ਜਾਂਦੀਆਂ ਹਨ –

"ਇਹ ਵਿਅਕਤੀ ਮੂਲ ਰੂਪ ਵਿਚ ਪਾਠਕ ਹੈ। ਪੜ੍ਹਨਾ ਤੇ ਸਮਝਣਾ, ਸੋਚਣਾ ਤੇ ਖੋਜਣਾ, ਪਰਖਣਾ ਤੇ ਵਿਚਾਰਨਾ, ਪੁਨਰ-ਵਿਚਾਰਨਾ ਤੇ ਸੋਧਣਾ ਆਦਿ ਸੰਤ ਦਲੀਪ ਸਿੰਘ ਦੇ ਅਧਿਐਨ-ਲੇਖਨ ਦੇ ਕਾਰਜ-ਪ੍ਰਕਾਰਜ ਹਨ। ਲਗਨ ਅਤੇ ਸੁਹਿਰਦਤਾ, ਡੂੰਘੇ ਅਧਿਐਨ ਅਤੇ ਗੰਭੀਰਤਾ ਦੁਆਰਾ ਵਿਕਸਿਤ ਹੋਏ ਗੁਣ ਹਨ। ਸੁਭਾਅ ਦੀ ਗੰਭੀਰਤਾ ਤੇ ਧਿਆਨ ਵਰਤਮਾਨ ਸਥਿਤੀ ਵਲ ਮੋੜਿਆ ਹੈ। ਵਰਤਮਾਨ ਨੂੰ ਭਲੀ-ਭਾਂਤ ਸਮਝਣ ਲਈ ਇਤਿਹਾਸ ਦੇ ਅਧਿਐਨ ਦੀ ਅਕਾਂਖਿਆ ਨੇ ਜਨਮ ਲਿਆ ਹੈ। ਇਹਨਾਂ ਨੂੰ ਹੌਲੀ ਹੌਲੀ ਇਤਿਹਾਸ ਦਾ ਮਹੱਤਵ ਸੰਬੰਧ ਦੇ ਨਿਰਮਾਣ ਲਈ ਅਵੱਸ਼ਕ ਪ੍ਰਤੀਤ ਹੋਣ ਲੱਗ ਪਿਆ ਹੈ।

"ਉਹਨਾਂ ਨੇ ਕਈ ਦਹਾਕੇ ਨਿਠ ਕੇ ਅਧਿਐਨ ਕੀਤਾ ਹੈ। ਫਲਸਰੂਪ ਆਤਮ ਵਿਸ਼ਵਾਸ ਵਿਚ ਵਾਧਾ ਹੁੰਦਾ ਹੈ। ਤ੍ਰਿਪਤੀ ਵਾਸਤੇ ਨਵੀਂ ਨਵੀਂ ਪੁਸਤਕ, ਅਣ ਖਿਆਲੀ ਲਿਖਤ, ਦੂਰ ਪਈ ਦਸਤਾਵੇਜ਼ ਆਦਿ ਤੱਕ ਰਸਾਈ ਕੀਤੀ ਹੈ। ਇਹ ਸ਼ਲਾਘਾਯੋਗ ਵਿਅਕਤੀਗਤ ਗੁਣ ਹਨ ਹੀ, ਬਲਕਿ ਸਮਾਜ ਲਈ ਲਾਭਕਾਰੀ ਵੀ ਹਨ"

ਆਧਾਰਭੂਤ ਢਾਂਚਾ ਪਹਿਲੀ ਪੁਸਤਕ ਵਾਲਾ ਹੀ ਹੈ। ਨਿਸ਼ਚੇ ਹੀ ਇਸ ਵਿਚ ਕੁਝ ਨਵੇਂ ਸਰੋਤਾਂ ਦੀ ਵਰਤੋਂ ਕੀਤੀ ਗਈ ਹੈ। ਲੇਖਕ ਕਿਧਰੇ ਵੀ ਆਪਣੀ ਮੌਲਿਕ ਖੋਜ ਦਾ ਦੰਭ ਨਹੀਂ ਰਚਦਾ। ਇਉਂ ਪਾਠਕ ਨੂੰ ਕੂਕਾ ਲਹਿਰ ਬਾਰੇ ਬੇਸ਼ਕੀਮਤੀ ਸਮੱਗਰੀ ਸਰਕਾਰੀ ਦਸਤਾਵੇਜ਼ਾਂ ਦੀਆਂ ਟੂਕਾਂ, ਪ੍ਰਸਿੱਧ ਨਾਮਧਾਰੀ ਇਤਿਹਾਸਕਾਰਾਂ ਦੇ ਹਵਾਲੇ ਅਤੇ ਪੰਜਾਬ ਜਾਂ ਦੇਸ਼ ਦੇ ਹੋਰਨਾਂ ਮਹੱਤਵਪੂਰਨ ਸਾਹਿਤਕ ਤੇ ਇਤਿਹਾਸਕ ਵਿਅਕਤੀਆਂ ਜਿਹਾ ਕਿ ਭਾਈ ਵੀਰ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਮਾਸਟਰ ਤਾਰਾ ਸਿੰਘ, ਭਾਈ ਪਰਮਾਨੰਦ, ਪੰਡਿਤ ਜਵਾਹਰ ਲਾਲ ਨਹਿਰੂ, ਸ਼ਹੀਦੇ-ਆਜ਼ਮ ਭਗਤ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਨੇਤਾ ਜੀ ਸੁਭਾਸ਼ ਚੰਦਰ ਬੋਸ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪੰਡਿਤ ਸੁੰਦਰ ਲਾਲ, ਡਾ. ਰਜਿੰਦਰ ਪ੍ਰਸ਼ਾਦ, ਸ੍ਰ. ਖੁਸ਼ਵੰਤ ਸਿੰਘ, ਸੰਤੋਖ ਸਿੰਘ ਧੀਰ, ਪ੍ਰੋ. ਕਿਰਪਾਲ ਸਿੰਘ ਕਸੇਲ ਆਦਿਕ ਦੇ ਇਸ ਲਹਿਰ ਅਤੇ ਇਸਦੇ ਆਗੂਆਂ ਪ੍ਰਤਿ ਵਿਚਾਰ ਇੱਕੋ ਪੁਸਤਕ ਵਿਚੋਂ ਉਪਲਬਧ ਹੋ ਜਾਂਦੇ ਹਨ। ਕੂਕਿਆਂ ਬਾਰੇ

Sri Satguru Jagjit Singh Ji eLibrary NamdhariElibrary@gmail.com

ਇਸਨੂੰ ਸੰਦਰਭ ਪੁਸਤਕਾਂ ਦੀ ਸੂਚੀ ਵਿਚ ਰੱਖਿਆ ਜਾ ਸਕਦਾ ਹੈ। ਇਸ ਵਿਚ ਦੇਸ਼ ਦੀ ਆਜ਼ਾਦੀ ਵਾਸਤੇ ਕੂਕਿਆਂ ਦੁਆਰਾ ਰੂਸ, ਅਫ਼ਗਾਨਿਸਤਾਨ, ਨੇਪਾਲ ਆਦਿ ਗੁਆਂਢੀ ਦੇਸ਼ਾਂ ਨਾਲ ਜੁੜਵੇਂ ਯਤਨਾਂ ਲਈ ਹੰਭਲਾ ਮਾਰਨ ਦੇ ਦਿਲਚਸਪ ਵੇਰਵੇ ਵੀ ਦਰਜ ਹਨ। ਕੂਕਿਆਂ ਦੇ ਸਮਤਾਮੂਲਕ ਵਿਸ਼ਵ ਦ੍ਰਿਸ਼ਟੀਕੋਣ ਦੀ ਖੁੱਲ੍ਹ ਕੇ ਚਰਚਾ ਕਰਨ ਤੋਂ ਸਾਡਾ ਲੇਖਕ ਪਤਾ ਨਹੀਂ ਕਿਉਂ ਸੰਕੋਚ ਕਰ ਗਿਆ ਹੈ। ਇਸ ਤਰ੍ਹਾਂ ਲਹਿਰ ਨੂੰ ਨਵੇਂ ਦਿਸਹੱਦੇ ਅਤੇ ਨਵੇਂ ਆਯਾਮ ਹਾਸਲ ਹੁੰਦੇ ਹਨ ਅਤੇ ਇਹ ਅਤੀਤਮੁਖੀ ਨਾ ਰਹਿ ਕੇ ਵਰਤਮਾਨ ਦੇ ਹਾਣ ਦੀ ਬਣੀ ਜਾਂਦੀ ਹੈ। ਤਕਰੀਬਨ ਅੱਧੀ ਸਦੀ ਤਕ ਬਹੁਤੇਰੇ ਨਾਮਧਾਰੀ ਨਿਜੀ ਸੰਪਤੀਆਂ ਨੂੰ ਗੁਰੂ ਕੇ ਲੰਗਰ ਦੇ ਹਵਾਲੇ ਕਰਕੇ, ਸ੍ਰੀ ਭੈਣੀ ਸਾਹਿਬ ਵਿਚ ਇਕ ਕਮਿਊਨ ਜਿਉਂ ਵਿਚਰਦੇ ਰਹੇ। ਇਸ ਮਰਿਆਦਾ ਦੇ ਅੰਸ਼ ਅੱਜ ਵੀ ਕਿਤੇ ਕਿਤੇ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਅਤੇ ਮਗਰਲੇ ਸਤਿਗੁਰੂ ਸਾਹਿਬਾਨ ਦੀ ਸਿੱਖਿਆ ਦਾ ਕੇਂਦਰੀ ਨੁਕਤਾ 'ਗਊ ਅਤੇ ਗਰੀਬ ਦੀ ਰੱਖਿਆ' ਲਹਿਰ ਦੇ ਨਿਸ਼ਾਨੇ ਸਪਸ਼ਟ ਕਰਨ ਲਈ ਮਹੱਤਵਪੂਰਨ ਹੈ। ਕੋਈ ਵੀ ਲਹਿਰ ਆਪਣੇ ਜੀਵੰਤ ਜੀਵਨ ਮੁੱਲਾਂ ਸਦਕਾ ਹੀ ਆਪਣੀ ਸਾਰਥਿਕਤਾ ਸਿੱਧ ਕਰ ਸਕਦੀ ਹੈ।

ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਹੀ 2004 ਈ. ਵਿਚ ਲੇਖਕ ਦੀ 'ਅੰਮ੍ਰਿਤ-ਨਾਮ' ਨਾਮ ਦੀ ਪੁਸਤਕ ਛਾਪਣ ਦਾ ਸ਼ਰਫ਼ ਖੱਟਿਆ। ਇਸ ਪੁਸਤਕ ਵਿਚ ਲੇਖਕ ਗੁਰਮੰਤ ਦੇ ਰਹੱਸਵਾਦੀ ਅਤੇ ਅਧਿਆਤਮਕ ਪੈਂਤੜੇ ਤੇ ਗੁਰੂ-ਸਿੱਖ ਦੇ ਸਬੰਧਾਂ ਨਾਲ ਜੁੜੇ ਮਸਲਿਆਂ ਤੇ ਗੁਰਬਾਣੀ ਅਤੇ ਗੁਰਮਤ ਸਾਹਿਤ ਦੀ ਰੌਸ਼ਨੀ ਵਿਚ ਝਾਤ ਪੁਆਉਂਦਾ ਹੈ। ਪਰ ਸਿੱਖੀ ਦੀ ਵਿਆਖਿਆ ਕਰਦਿਆਂ ਉਹ ਸੰਕੀਰਣ ਨਹੀਂ ਰਹਿੰਦਾ। ਪ੍ਰੋ. ਕਿਸ਼ਨ ਸਿੰਘ ਜਿਹੇ ਮਾਰਕਸਵਾਦੀ ਦ੍ਰਿਸ਼ਟੀ ਵਾਲੇ ਆਲੋਚਕ ਦੇ ਸਤਿਗੁਰੂ ਸਬੰਧੀ ਵਿਚਾਰਾਂ ਨੂੰ ਠੋਸ ਹਕੀਕਤ ਦੇ ਨੇੜੇ ਮੰਨ ਕੇ ਨਾਮਧਾਰੀ ਜੀ ਲਿਖਦੇ ਹਨ – "ਪ੍ਰੋ. ਕਿਸ਼ਨ ਸਿੰਘ 'ਗੁਰਬਾਣੀ, ਮਨੁੱਖ ਤੇ ਉਸ ਦੀ ਆਜ਼ਾਦੀ ਵਿਚ ਸਤਿਗੁਰੂ ਕਿਹੋ ਜਿਹਾ ਹੁੰਦਾ ਹੈ, ਦੇ ਬਾਰੇ ਲਿਖਦੇ ਹਨ:

"ਸਤਿਗੁਰੂ ਅਸਲ ਮਨੁੱਖ ਹੈ। ਉਹ ਐਸਾ ਇਨਸਾਨ ਹੈ ਜਿਸ ਨੂੰ ਇਹ ਪਤਾ ਹੈ ਕਿ ਮਨੁੱਖ ਮਾਇਆ ਦੇ ਬੰਧਨ ਵਿਚ ਕਿਸ ਤਰ੍ਹਾਂ ਪਿਆ, ਕਿਸ ਤਰ੍ਹਾਂ ਉਹ ਉਸ ਨੂੰ ਖਾ ਰਹੀ ਹੈ ਅਤੇ ਮਾਇਆ ਦੇ ਬੰਧਨ ਵਿਚੋਂ ਨਿਕਲਣ ਵਾਸਤੇ ਮਨੁੱਖ ਲਈ ਅਸਲੀ ਰਾਹ ਕੀ ਹੈ? ਮਾਇਆ ਦੇ ਨਿਜ਼ਾਮ ਨੂੰ ਖ਼ਤਮ ਕਰਨ ਵਾਸਤੇ ਸਤਿਗੁਰੂ ਦੀ ਚੇਤਨਾ ਇਨਕਲਾਬੀ ਹੈ। ਉਸ ਦਾ ਗਿਆਨ ਵਿਗਿਆਨਿਕ ਹੈ ਅਤੇ ਉਸ ਦੀ ਕਰਨੀ ਇਸ ਨੂੰ ਖ਼ਤਮ ਕਰ ਦੇ ਰਾਹ ਪਈ ਹੈ। ਸਤਿਗੁਰੂ ਕਿਉਂਕਿ ਉਹ ਇਨਸਾਨ ਹੈ, ਜਿਸ ਨੂੰ ਪਤਾ ਹੈ ਕਿ ਮਨੁੱਖ ਗੁਲਾਮ ਕਿਸ ਤਰ੍ਹਾਂ ਹੈ ਅਤੇ ਉਹ ਆਜ਼ਾਦ ਕਿਸ ਤਰ੍ਹਾਂ ਹੋ ਸਕਦਾ ਹੈ, ਇਸ ਲਈ ਉਹ ਮਾਇਆ ਦੇ ਨਿਜ਼ਾਮ ਦੇ ਵਿਰੁੱਧ ਇਨਕਲਾਬ ਦੇ ਸੱਚ ਦੀ ਜੋਤ ਹੈ। ਮਨੁੱਖ ਦੀ ਆਜ਼ਾਦੀ ਵਾਸਤੇ ਇਨਕਲਾਬ ਹੀ ਉਸਦੀ ਜ਼ਿੰਦਗੀ, ਜ਼ਿੰਦਗੀ ਦੀ ਸ਼ੁਰੂ ਕਰਨੀ ਤੇ ਉਸ ਦਾ ਵਿਕਾਸ ਹੈ। ਆਜ਼ਾਦੀ ਕਿਉਂਕਿ ਮਨੁੱਖ ਦਾ ਸਦਾ ਦਾ ਮਸਲਾ ਹੈ, ਇਸ ਲਈ ਸਰਬੱਤ ਦੀ ਆਜ਼ਾਦੀ ਸਦਾ ਰਹਿਣ ਵਾਲਾ ਸੱਚ ਹੈ, ਇਹ ਕਦੇ ਪੁਰਾਣਾ ਹੋਣ ਵਾਲਾ ਨਹੀਂ। ਸਤਿਗੁਰੂ ਕਿਉਂਕਿ ਹੈ ਹੀ ਉਹ ਜੋ ਇਸ ਸੱਚ ਦਾ ਮਨੁੱਖੀ ਸਰੂਪ ਹੈ।"

ਭਾਰਤੀ ਪੌਰਾਣਿਕ ਸਾਹਿਤ ਵਿਚ ਮਿਸਾਲਾਂ ਦੇ ਕੇ ਨਾਮਧਾਰੀ ਜੀ ਨੇ ਪ੍ਰਤੀਪਾਦਿਤ ਵਿਸ਼ੇ ਦੀ ਪੁਸ਼ਟੀ ਕਰਨੀ ਚਾਹੀ ਹੈ, "ਜੀਵਨ ਦਾ ਸਾਰ ਧਿਆਨ ਨੂੰ ਸਥਿਰ ਕਰਨਾ" ਵਾਲੇ ਲੇਖ ਵਿਚ ਉਹ ਸੁਕਦੇਵ ਮੁਨੀ ਅਤੇ ਰਾਜੇ ਜਨਕ ਦੀ ਇਕ ਸਾਖੀ ਦਰਜ ਕਰਦੇ ਹਨ – "ਸੁਕਦੇਵ ਮੁਨੀ ਜੀ ਹੋਏ ਹਨ। ਉਹ ਗੁਰੂ ਧਾਰਨ ਕਰਨ ਲਈ ਪਿਤਾ ਬਿਆਸ ਜੀ ਦੇ ਕਹਿਣ ਤੇ ਰਾਜਾ ਜਨਕ ਜੀ ਨੂੰ ਗੁਰੂ ਧਾਰਨ ਕਰਨ ਲਈ ਰਾਜ ਦਰਬਾਰ ਵਿਚ ਪੁੱਜੇ ਤਾਂ ਕੀ ਦੇਖਦਾ ਹੈ ਕਿ ਰਾਜਾ ਜਨਕ ਜੀ ਇਕ ਐਸੀ ਅਵਸਥਾ ਵਿਚ ਖਲੋਤੇ ਹਨ ਕਿ ਉਨ੍ਹਾਂ ਨੂੰ ਦੇਖ ਮਨ ਵਿਚ ਸ਼ੰਕਾ ਉਪਜੀ। ਉਸੇ ਸਮੇਂ ਇਕ ਹੋਰ ਘਟਨਾ ਵਾਪਰੀ। ਰਾਜਦੂਤ ਨੇ ਰਾਜੇ ਨੂੰ ਖ਼ਬਰ ਕੀਤੀ ਕਿ ਸ਼ਹਿਰ 'ਚ ਅੱਗ ਲੱਗ ਗਈ ਹੈ ਤੇ ਸਾਰਾ ਸ਼ਹਿਰ ਸੜ ਰਿਹਾ ਹੈ। ਫਿਰ ਖ਼ਬਰ ਆਈ ਕਿ ਇਹ ਭਿਆਨਕ ਅੱਗ ਹੌਲੀ-ਹੌਲੀ ਕਿਲੇ ਦੇ ਮੁੱਖ ਦਰਵਾਜ਼ੇ ਤੱਕ ਪੁੱਜ ਰਹੀ ਹੈ। ਚੂੰਕਿ ਸੁਕਦੇਵ ਇਸੇ ਮੁੱਖ ਦਰਵਾਜ਼ੇ 'ਤੇ ਆਪਣੀ ਤੂੰਬੀ ਤੇ ਕਪੀਨ ਟੰਗ ਆਇਆ ਸੀ। ਉਸ ਵੱਲ ਖ਼ਿਆਲ ਚਲਾ ਗਿਆ ਕਿ ਕਿਤੇ ਸੜ ਕੇ

Sri Satguru Jagjit Singh Ji eLibrary NamdhariElibrary@gmail.com

ਸੁਆਹ ਨਾ ਹੋ ਜਾਵਣ। ਦੌੜਿਆ ਬਾਹਰ। ਰਾਜਾ ਜਨਕ ਜੀ ਨੇ ਉਸ ਨੂੰ ਆਵਾਜ਼ ਮਾਰੀ ਤੇ ਗੁੱਸੇ ਵਿਚ ਆਖਿਆ ਕਿ ਵਾਹ ਓਏ ਰਿਖੀ ਪੁੱਤਰ। ਬਾਰਾਂ ਸਾਲ ਮਾਂ ਪੇਟ ਵਿਚ ਭਗਤੀ ਕੀਤੀ, 24 ਵਰ੍ਹੇ ਬਾਹਰ ਆ ਕੇ ਸਮਾਧੀ ਲਾਈ। 36 ਵਰ੍ਹੇ ਬੀਤਣ 'ਤੇ ਵੀ ਮੋਹ-ਮਾਇਆ ਦਾ ਤਿਆਗ ਨਹੀਂ ਕਰ ਸਕਿਆ। ਕੀ ਕਰਦਾ ਰਿਹਾ? ਸਾਰਾ ਸ਼ਹਿਰ ਸੜਨ ਦੀ ਚਿੰਤਾ ਨਹੀਂ, ਇਕ ਤੂੰਬੀ ਕਪੀਨ ਦੀ ਚਿੰਤਾ?

ਕ੍ਰੋਧ ਵਸ ਵਾਪਸ ਪਿਤਾ ਕੋਲ ਪੁੱਜਾ ਤਾਂ ਪਿਤਾ ਨੇ ਸਮਝਾਇਆ ਕਿ ਕੋਈ ਅੱਗ ਨਹੀਂ ਸੀ ਲੱਗੀ, ਸਿਰਫ਼ ਤੇਰੀ ਪਰਖ ਕਰਨੀ ਸੀ, ਉਸ ਵਿਚ ਤੂੰ ਰਹਿ ਗਿਆ।"[6]

ਸਾਧਕ ਦੀ ਮਾਨਸਕ ਦਸ਼ਾ ਦੀ ਉਚਤਾ ਵਾਸਤੇ ਸਰੀਰਕ ਦਸ਼ਾ ਸੁਧਾਰਨ ਤੇ ਵੀ ਜ਼ੋਰ ਦਿੱਤਾ ਗਿਆ ਹੈ। ਸੋ ਨਾਮ ਦਾਨ ਇਸ਼ਨਾਨ ਅੰਮ੍ਰਿਤ ਵੇਲੇ ਦਾ ਜਾਗਣਾ ਅਤੇ ਨਿੱਤਨੇਮ ਦਾ ਅਭਿਆਸੀ ਨੇਮਬੱਧ ਜੀਵਨ। ਅੰਤਹਕਰਨ ਵਿਚੋਂ ਹਉਮੈ ਦੀ ਮੈਲ ਕੱਟਣੀ। ਗੁਰਬਾਣੀ ਦਾ ਕੀਰਤਨ ਵੀ ਇਸ ਅਵਸਥਾ ਲਈ ਸਹਾਈ ਹੁੰਦਾ ਹੈ। ਸਤਿਗੁਰੂ ਸਰੂਪ ਦਾ ਆਸਰਾ ਧਿਆਨ ਇਸਥਿਤ ਹੋਣ ਵਿਚ ਇਮਦਾਦੀ ਹੈ। ਉਹ ਗੁਪਤ ਨਾਮ ਜਪਣ ਤੇ ਜ਼ੋਰ ਦਿੰਦੇ ਹਨ। ਇਉਂ ਇਕ ਬੜੇ ਬਾਰੀਕ ਵਿਸ਼ੇ ਨੂੰ ਨਾਮਧਾਰੀ ਜੀ ਨੇ ਇਸ ਪੁਸਤਕ ਵਿਚ ਸਫਲਤਾ ਪੂਰਵਕ ਨਿਭਾਹਿਆ ਹੈ।

ਆਪਣੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਜਦੋਂ ਉਹਨਾਂ ਦੀ ਖ਼ਬਰ ਲੈਣ ਲੁਧਿਆਣੇ ਗਏ ਸਾਂ ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਮੈਂ – ਤਾਂ ਆਪਣਾ ਅੰਤ ਨੇੜੇ ਆਇਆ ਜਾਣ ਕੇ ਵੀ ਉਹ ਨਾਮਧਾਰੀ ਇਤਿਹਾਸ ਦੇ ਵਿਸਤ੍ਰਿਤ ਪੱਖਾਂ ਬਾਰੇ ਚਰਚਾ ਕਰਦੇ ਰਹੇ। ਆਪਣੇ ਮੰਤਵ ਦੀ ਸਪੱਸ਼ਟਤਾ ਕਾਰਨ ਉਹਨਾਂ ਨੂੰ ਕਦੇ ਦੁਬਿਧਾਗ੍ਰਸਤ ਨਹੀਂ ਸੀ ਵੇਖਿਆ। ਇਕ ਚੰਗਾ ਲੇਖਕ ਜਾਂ ਚੰਗਾ ਸਾਹਿਤਕਾਰ ਵਧੀਆ ਮਨੁੱਖ ਵੀ ਹੋ ਸਕਦਾ ਹੈ। ਇਸ ਧਾਰਨਾ ਨੂੰ ਨਾਮਧਾਰੀ ਜੀ ਨੇ ਆਪਣੀ ਕਰਨੀ ਦੁਆਰਾ ਬਲ ਬਖ਼ਸ਼ਿਆ ਹੈ। ਕਈ ਵੇਰ ਮੈਂ ਇਹ ਵੀ ਸੋਚਦਾ ਹਾਂ ਕਿ ਜੇ ਉਹ ਆਪਣੇ ਬਹੁਭਾਂਤੀ ਜ਼ਿੰਮੇਵਾਰੀਆਂ ਵਾਲੇ ਸੰਸਾਰ ਤੋਂ ਥੋਹੜਾ ਮੁਕਤ ਹੁੰਦੇ ਤਾਂ ਸਾਹਿਤ ਇਤਿਹਾਸ ਸਿਰਜਣਾ ਜਾਂ ਲੇਖਣ ਕਾਰਜ ਨੂੰ ਕੁਝ ਵੱਧ ਸਮਾਂ ਦੇ ਸਕਦੇ ਸਨ। ਆਪਣੀ ਹਲੀਮੀ, ਲਗਨ, ਦ੍ਰਿੜ੍ਹਤਾ, ਵਿਦਵਤਾ ਅਤੇ ਕਲਾਤਮਕ ਸੋਚ ਕਾਰਨ ਦਲੀਪ ਸਿੰਘ ਹੋਰਾਂ ਨੇ ਹਰ ਮੁਲਾਕਾਤੀ ਤੇ ਆਪਣੀ ਨਿਵੇਕਲੀ ਛਾਪ ਛੱਡੀ। ਉਹ ਗੁਰਮਤ ਜੀਵਨ ਜਾਚ ਦਾ ਵਧੀਆ ਇੰਜਨੀਅਰ ਸਿੱਧ ਹੋਇਆ ਹੈ।

ਫੁੱਟ ਨੋਟ

1. ਗਾਥਾ ਗੁਰੰਜਨਤਾ ਸੰਗਰਾਮ ਦੀ- ਸ੍ਰੀ ਭੈਣੀ ਸਾਹਿਬ 2002 ਈ. ਸਫ਼ਾ 7-8
2. ਉਪਰੋਕਤ ਸਫ਼ਾ 13-14
3. ਉਪਰੋਕਤ ਸਫ਼ਾ 28-29
4. ਉਪਰੋਕਤ ਸਫ਼ਾ 45
5. ਅੰਮ੍ਰਿਤ ਨਾਮ - ਚੰਡੀਗੜ੍ਹ, 2004 ਈ. ਸਫ਼ਾ 39
6. ਉਪਰੋਕਤ ਸਫ਼ਾ 160

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਜਗਤ ਦਾ ਵਿਸ਼ਵਕੋਸ਼ : ਸੁਵਰਨ ਸਿੰਘ ਸਨੇਹੀ

ਪ੍ਰੀਤਮ ਸਿੰਘ ਪੰਛੀ ਨੂੰ ਨਾਮਧਾਰੀ ਚਾਣਕੀਆ ਕਹਿ ਕੇ ਯਾਦ ਕਰਿਆ ਕਰਦੇ ਸਨ, ਉਹ ਸੰਤ ਇੰਦਰ ਸਿੰਘ ਚੱਕਰਵਰਤੀ, ਆਪਣੇ ਅੰਗਰੇਜ਼ੀ ਭਾਸ਼ਾ ਦੇ ਗਿਆਨ ਦੇ ਵਿਹੂਣੇ ਦਾ ਝੋਰਾ ਅਕਸਰ ਝੁਰਿਆ ਕਰਦੇ ਸਨ। ਅੰਗਰੇਜ਼ ਅਧਿਕਾਰੀਆਂ ਦੁਆਰਾ ਦਸਤਾਵੇਜ਼ਾਂ ਵਿਚ ਦਰਜ ਨਾਮਧਾਰੀ ਇਤਿਹਾਸ ਤੱਕ ਸਿਧੀ ਰਸਾਈ ਹੋਣ ਦੀ ਅਸਮਰੱਥਾ ਉਹਨਾਂ ਨੂੰ ਉਮਰ ਭਰ ਖਲਦੀ ਰਹੀ। ਇਸੇ ਪ੍ਰਸੰਗ ਵਿਚ ਉਹ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਹੋਰਾਂ ਦੇ ਜੋਬਨ ਰੁੱਤੇ ਅਧਵਾਟੇ ਤੁਰ ਜਾਣ ਦਾ ਹੇਰਵਾ ਵੀ ਕਰਦੇ ਸਨ ਕਿਉਂਕਿ ਮਹਾਰਾਜ ਜੀ ਨੇ ਸਰਕਾਰੀ ਰੀਕਾਰਡ ਵਿਚ ਮੌਜੂਦ "ਕੂਕਾ ਆਊਟ ਬ੍ਰੇਕ" ਆਦਿ ਸਮੱਗਰੀ ਨੂੰ ਸਭ ਤੋਂ ਪਹਿਲਾਂ ਹਵਾ ਲੁਆਈ ਸੀ। ਮਹਾਰਾਜ ਅੰਗਰੇਜ਼ੀ ਦੇ ਚੰਗੇ ਗਿਆਤਾ ਸਨ। ਚੱਕਰਵਰਤੀ ਜੀ ਦੇ ਇਸ ਝੋਰਾ ਝੁਰਨ ਦਾ ਇਹ ਲਾਭ ਹੋਇਆ ਕਿ ਇਕ ਦਬੰਗ ਨਾਮਧਾਰੀ ਲੇਖਕ ਸੰਤ ਸੁਵਰਨ ਸਿੰਘ ਸਨੇਹੀ ਨੇ ਵਿਦਿਆਰਥੀ ਜੀਵਨ ਵਿਚ ਹੀ ਉਚ ਅੰਗਰੇਜ਼ੀ ਵਿਦਿਆ ਹਾਸਲ ਕਰਕੇ ਇਸ ਵਿਚ ਪਾਰੰਗਤ ਹੋਣ ਦਾ ਮਨ ਬਣਾ ਲਿਆ ਤਾਂ ਕਿ ਚੱਕਰਵਰਤੀ ਜੀ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਕੇ ਨਾਮਧਾਰੀ ਇਤਿਹਾਸ ਖੋਜ ਕਾਰਜ ਨੂੰ ਕੁਝ ਵਿਲੱਖਣਤਾ ਪ੍ਰਦਾਨ ਕੀਤੀ ਜਾ ਸਕੇ। ਨਾਮਧਾਰੀ ਇਤਿਹਾਸ ਨਾਲ ਡੂੰਘੀ ਮੱਸ ਰੱਖਣ ਵਾਲਿਆਂ ਲਈ, ਇਹ ਖੁਸ਼ੀ ਦੀ ਗੱਲ ਹੈ ਕਿ ਸਨੇਹੀ ਜੀ ਆਪਣੇ ਮਿਸ਼ਨ ਵਿਚ ਪੂਰਨ ਭਾਂਤ ਸਫਲ ਹੋਏ ਹਨ। ਉਹ ਕਵੀ, ਵਾਰਤਕ ਲੇਖਕ, ਇਤਿਹਾਸਕਾਰ, ਕਹਾਣੀ ਲੇਖਕ, ਇਤਿਹਾਸ ਖੋਜੀ, ਸਾਹਿਤ ਪਾਰਖੂ ਆਦਿ ਬਹੁ ਵਿਧਾਈ ਲੇਖਕ, ਅਨੁਵਾਦਕ ਅਤੇ ਕਈ ਪੁਸਤਕਾਂ ਦੇ ਸੰਪਾਦਕ ਦੇ ਤੌਰ ਤੇ ਸਥਾਪਿਤ ਹੋ ਚੁੱਕੇ ਹਨ। ਅੰਗਰੇਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਉਹ ਇੱਕੋ ਜਿਹੇ ਅਧਿਕਾਰ ਨਾਲ ਆਪਣੀ ਗੱਲ ਕਹਿ ਤੇ ਲਿਖ ਸਕਦੇ ਹਨ। ਲਗਾਤਾਰ ਹਰ ਵਰ੍ਹੇ ਇਤਿਹਾਸ ਕਾਨਫਰੰਸਾਂ, ਪੰਜਾਬ ਅਤੇ ਦੇਸ਼ ਪੱਧਰ ਦੀਆਂ ਵਿਚ ਆਪਣੇ ਖੋਜ ਪੱਤਰਾਂ (ਜ਼ਿਆਦਾਤਰ ਨਾਮਧਾਰੀ ਇਤਿਹਾਸ-ਸਾਹਿਤ-ਮਰਿਆਦਾ ਬਾਰੇ) ਦੁਆਰਾ ਹਾਜ਼ਰੀ ਭਰਨ ਸਦਕਾ ਉਹ ਦੇਸ਼ ਭਰ ਦੇ ਇਤਿਹਾਸਕਾਰਾਂ ਵਿਚ ਆਪਣੇ ਵਿਸ਼ੇ ਦੇ ਇਕ ਅਧਿਕਾਰਤ ਨਾਮ ਦੇ ਤੌਰ ਤੇ ਜਾਣੇ ਜਾਂਦੇ ਹਨ।

ਸਨੇਹੀ ਜੀ ਬਹੁਤ ਸਫਲ ਖ਼ਾਨਦਾਨੀ ਵੈਦ ਵੀ ਹਨ ਜਿਹਨਾਂ ਦੇ ਮਰੀਜ਼ਾਂ ਦੀ ਸੰਖਿਆ ਦੇਸ਼ਾਂ-ਦੇਸਾਂਤਰਾਂ ਵਿਚ ਫੈਲੀ ਹੈ। ਆਪ ਦੇ ਪਿਤਾ ਵੈਦ ਦਲੀਪ ਸਿੰਘ ਨਾਮਧਾਰੀ ਵੰਡ ਤੋਂ ਪਹਿਲਾਂ ਜ਼ਿਆਦਾ ਸਮਾਂ ਪੱਛਮੀ ਪੰਜਾਬ ਦੀ ਸ਼ੇਖੂਪੁਰਾ-ਲਾਇਲਪੁਰ ਵਾਲੀ ਬਾਰ ਵਿਚ ਬਿਤਾਇਆ ਕਰਦੇ ਸਨ। ਕਿਉਂਕਿ ਬਾਰ ਵਿਚ ਆਪ ਇਕੱਲੇ ਹੀ ਰਹਿੰਦੇ ਸਨ ਇਸ ਲਈ ਬਰਤਾਨਵੀ ਸਰਕਾਰ ਦੇ ਖਿਲਾਫ ਹਥਿਆਰਬੰਦ ਬਗ਼ਾਵਤ ਕਰਨ ਵਾਲੇ ਜਾਂਬਾਜ਼ ਨੌਜੁਆਨ ਤੇ ਹੋਰ ਅਕਸਰ ਵੇਲੇ ਕੁਵੇਲੇ ਟਿਕਣ ਲਈ ਆਉਂਦੇ ਰਹਿੰਦੇ ਸਨ ਅਤੇ ਇਉਂ ਆਪ ਦਾ ਬਾਰ ਵਾਲਾ ਟਿਕਾਣਾ ਦੁਆਬੇ ਦੇ ਬਹੁਤ ਸਾਰੇ ਜੁੱਗਗਰਦਾਂ ਅਤੇ ਹੋਰਨਾਂ ਦਾ ਵੀ ਸੁਰੱਖਿਅਤ ਅੱਡਾ ਸੀ। ਹਰ ਰੰਗ ਦੇ ਸੁਤੰਤਰਤਾ ਸੰਗਰਾਮ ਨੂੰ, ਸਮੇਤ ਕਮਿਊਨਿਸਟਾਂ ਦੇ, ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਮਾਨਤਾ ਦਿੱਤੇ ਜਾਣ ਸਦਕਾ, ਉਹਨਾਂ ਦੀਆਂ ਸੰਗਤਾਂ ਦੇਸ਼ ਭਗਤਾਂ ਲਈ ਆਪਣੇ ਬੂਹੇ ਅੱਠੇ ਪਹਿਰ ਖੋਹਲੀ ਰੱਖਦੀਆਂ ਸਨ। ਇਹ ਸ਼ਾਇਦ ਵਰਾਲਾ ਨਾਂ ਦਾ ਪਿੰਡ ਸੀ ਅਤੇ ਗੁਆਂਢੀ ਪਿੰਡ ਮੁਠੱਡੇ ਦੇ ਇਨਕਲਾਬੀ ਕਵੀ ਲੱਖਾ ਸਿੰਘ ਜੌਹਰ ਨਾਲ ਆਪ ਮੀਟਿੰਗਾਂ ਵਿਚ ਵੀ ਸ਼ਾਮਲ ਹੁੰਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਤੇ ਇਨਕਲਾਬੀਆਂ ਦੀ ਜੰਗ ਬਦਲੀ ਵਾਲੀ ਸਾਂਝ ਨੂੰ ਪਰਪੱਕ ਕਰਦੇ।

ਵੰਡ ਤੋਂ ਕੁਝ ਸਾਲ ਪਹਿਲਾਂ ਵੈਦ ਦਲੀਪ ਸਿੰਘ ਆਪਣੇ ਜੱਦੀ ਪਿੰਡ ਸ਼ਾਹਪੁਰ ਵਿਖੇ ਆ ਗਏ ਜਿੱਥੇ ਮਾਤਾ

Sri Satguru Jagjit Singh Ji eLibrary NamdhariElibrary@gmail.com

ਵਿਦਿਆ ਕੌਰ ਦੇ ਉਦਰ ਤੋਂ, ਜੋ ਅਪਰੇ ਪਿੰਡ ਨਾਲ ਸਬੰਧਿਤ ਸੀ, ਸਨੇਹੀ ਜੀ ਦਾ ਜਨਮ 14 ਅਗਸਤ, 1943 ਈ. ਨੂੰ ਹੋਇਆ। ਇਹ ਪੁਰਾਤਨ ਸਮੇਂ ਦਾ ਮਸ਼ਹੂਰ ਪਿੰਡ ਸੀ, ਜਿੱਥੇ ਸਿੱਖ ਰਾਜ ਵੇਲੇ ਇਕ ਕਿਲਾ ਵੀ ਹੁੰਦਾ ਸੀ, ਜੋ ਸਨੇਹੀ ਹੋਰਾਂ ਦੀ ਸੁਰਤ ਵਿਚ ਹੀ ਢਹਿ ਗਿਆ ਸੀ। ਫਲੌਰ ਤੇ ਗੁਰਾਏ ਦੇ ਵਿਚਾਲੇ ਵੱਸੇ ਇਸ ਪਿੰਡ ਦੀ ਕਾਵਿਕ ਜਾਣ ਪਛਾਣ ਸਨੇਹੀ ਜੀ ਇਉਂ ਕਰਵਾਉਂਦੇ ਹਨ-

"ਲੱਗਦੀ ਤਸੀਲ ਸਾਨੂੰ ਹੈ ਫਲੌਰ ਜੀ।
ਥਾਣੇ ਵਿਚ ਨੌਕਰਾਂ ਦਾ ਨਵਾਂ ਤੌਰ ਜੀ।
ਵੱਢੀ ਬਿਨਾਂ ਬਿਨੈ ਨਾਹੀਂ ਮਨਜ਼ੂਰ ਹੈ।
ਪਿੰਡ ਮੇਰਾ ਸ਼ਾਹਪੁਰ ਮਸ਼ਹੂਰ ਹੈ।
ਵੈਦ ਹੈ ਦਲੀਪ ਸਿੰਘ ਪ੍ਰਸਿੱਧ ਜੀ।
ਮੰਨਦੇ ਨੇ ਲੋਕ ਉਸ ਤਾਈਂ ਸਿੱਧ ਜੀ।
ਪੈਸੇ ਘੱਟ ਲੈਣਾ ਉਹਦਾ ਦਸਤੂਰ ਹੈ।
ਪਿੰਡ ਮੇਰਾ ਸ਼ਾਹਪੁਰ ਮਸ਼ਹੂਰ ਹੈ।

ਆਪ ਤੋਂ ਇਕ ਤਿੰਨ ਸਾਲ ਵੱਡੀ ਭੈਣ ਕੁਲਵੰਤ ਕੌਰ ਸੁਰਗਵਾਸੀ ਨੁਸ਼ਹਿਰੇ ਮੱਝਾ ਸਿੰਘ (ਗੁਰਦਾਸਪੁਰ) ਵਿਖੇ ਵਿਆਹੀ ਸੀ। ਦੋ ਛੋਟੀਆਂ ਭੈਣਾਂ ਕੁਲਵਿੰਦਰ ਕੌਰ, ਸਤਵੰਤ ਕੌਰ ਨੂਰਮਹਿਲ ਵੱਲ ਵਿਆਹੀਆਂ ਹਨ। ਆਪ ਤੋਂ ਦੋਵੇਂ ਛੋਟੇ ਭਾਈ ਗੁਰਚਰਨ ਸਿੰਘ, ਹਰਦੇਵ ਸਿੰਘ ਵੀ ਸ਼ਾਹਪੁਰ ਵਿਖੇ ਹੀ ਨਿਵਾਸ ਰੱਖਦੇ ਹਨ। ਸਨੇਹੀ ਜੀ ਦਾ ਪਹਿਲਾ ਅਨੰਦ ਉੱਧੜ ਗਿਆ ਸੀ। ਦੂਸਰਾ ਅਨੰਦ ਕਾਰਜ 1979 ਈ. ਵਿਚ ਰੇਰੂ (ਜਲੰਧਰ) ਦੇ ਸ੍ਰ. ਮਨਜੀਤ ਸਿੰਘ ਦੀ ਪੁੱਤਰੀ ਬੀਬੀ ਗੁਰਵਿੰਦਰ ਕੌਰ ਨਾਲ ਹੋਇਆ। ਦਵਿੰਦਰਜੀਤ ਸਿੰਘ, ਮਨਪ੍ਰੀਤ ਸਿੰਘ ਦੋ ਲੜਕੇ ਅਤੇ ਖੁਸ਼ਜੀਤ ਕੌਰ ਲੜਕੀ, ਤਿੰਨ ਸੰਤਾਨਾਂ ਹਨ।

ਅੰਮ੍ਰਿਤਸਰੋਂ ਬਾਲ-ਸਾਹਿਤ ਦਾ ਇਕ ਪੰਜਾਬੀ ਪਰਚਾ 'ਕੰਵਲ' ਛਪਿਆ ਕਰਦਾ ਸੀ। ਸਨੇਹੀ ਜੀ ਨੇ ਸਾਹਿਤਕ ਜੀਵਨ ਦੀ ਸ਼ੁਰੂਆਤ ਬਾਲ-ਸਾਹਿਤ ਦੁਆਰਾ ਕੀਤੀ ਅਤੇ ਉਪਰੋਕਤ ਪਰਚੇ ਵਿਚ 1957-58 ਈ. ਵਿਚ ਕਾਫ਼ੀ ਛਪੇ। ਜਲੰਧਰੋਂ ਛਪਦੇ ਪੰਜਾਬੀ ਅਖ਼ਬਾਰ "ਅਕਾਲੀ ਪੱਤਰਿਕਾ" ਦੇ ਹਫ਼ਤਾਵਾਰੀ ਕਾਲਮ 'ਬਾਲ ਦਰਬਾਰ' ਦੇ 1960-61 ਵਿਚ ਸੰਪਾਦਕ ਰਹੇ। ਇਸੇ ਸਮੇਂ ਹੀ ਪ੍ਰਸਿੱਧ ਸੁਤੰਤਰਤਾ ਸੰਗਰਾਮੀਏ ਅਤੇ ਕਾਵਿ-ਉਸਤਾਦ ਮਨਸਾ ਸਿੰਘ ਦੁਖੀ ਨੇ ਸਾਹਿਤ ਪਰੁਨ ਲਿਖਣ ਦੀ ਚੇਟਕ ਨੂੰ ਪਾਣ ਚਾੜ੍ਹ ਦਿੱਤੀ ਅਤੇ ਝੁਕਾਉ ਦੇਸ਼ ਭਗਤੀ ਅਤੇ ਦੇਸ਼ ਭਗਤਾਂ ਵੱਲ ਹੋਣਾ ਕੁਦਰਤੀ ਹੀ ਸੀ ਕਿਉਂ ਜੁ ਘਰ ਵਿਚ 'ਸਤਿਜੁਗ' ਸੋਝ ਤੋਂ ਪਹਿਲਾਂ ਹੀ ਆਉਂਦਾ ਸੀ। ਉਸ ਦੀਆਂ ਪੁਰਾਣੀਆਂ ਫਾਈਲਾਂ ਦੀ ਫੋਲਾ ਫਾਲੀ ਨੇ ਖੋਜੀ ਬਿਰਤੀ ਨੂੰ ਵਿਗਸਣ ਲਈ ਉਤਸਾਹਿਤ ਕੀਤਾ। ਦੁਖੀ ਜੀ ਤੋਂ ਬ੍ਰਿਜ ਭਾਸ਼ਾ ਅਤੇ ਕਾਵਿ ਦੀ ਛੰਦਾਬੰਦੀ ਦਾ ਗਿਆਨ ਬਾਅਦ ਵਿਚ ਪੁਰਾਤਨ ਗ੍ਰੰਥਾਂ ਦੇ ਅਧਿਐਨ ਸਮੇਂ ਸਹਾਇਕ ਸਿੱਧ ਹੋਇਆ।

ਅਕਾਦਮਿਕ ਵਿੱਦਿਆ ਵਜੋਂ ਸਨੇਹੀ ਜੀ ਅੰਗਰੇਜ਼ੀ ਅਤੇ ਇਤਿਹਾਸ ਦੀ ਐਮ.ਏ. ਹਨ। ਬੀ. ਏ. ਵਿਚ 'ਆਨਰਜ਼ ਇਨ ਪੰਜਾਬੀ' ਕੀਤੀ। ਲੰਡਨ ਦੇ ਇਕ ਇਨਸਟੀਚਿਊਟ ਤੋਂ 'ਰੇਡੀਓ ਲਿਖਤਾਂ' ਅਤੇ 'ਜਰਨਲਿਜ਼ਮ' ਤੇ ਡਿਪਲੋਮਾ ਕੀਤਾ। ਇਹ ਸਾਰੀ ਪੜ੍ਹਾਈ ਉਹਨਾਂ ਨੇ ਆਪਣੀ ਹਿੰਮਤ ਨਾਲ ਗ੍ਰਹਿਸਤੀ ਜ਼ਿੰਮੇਵਾਰੀਆਂ ਭੈਣਾਂ ਭਰਾਵਾਂ ਅਤੇ ਬੱਚਿਆਂ ਪ੍ਰਤੀ ਨਿਭਾਉਂਦਿਆਂ ਸ੍ਵੈ-ਅਧਿਅਨ ਦੁਆਰਾ ਕੀਤੀ ਹੈ। ਸੰਸਕ੍ਰਿਤ, ਉਰਦੂ ਅਤੇ ਹਿੰਦੀ ਭਾਸ਼ਾਵਾਂ ਦਾ ਗਿਆਨ ਵੀ ਉਹਨਾਂ ਵੱਖ ਵੱਖ ਸੰਸਥਾਨਾਂ ਦੇ ਇਮਤਿਹਾਨ ਪਾਸ ਕਰਕੇ ਹਾਸਲ ਕੀਤਾ ਹੈ।

ਵਿਸ਼ਵ ਸ਼ਾਂਤੀ ਅੰਦੋਲਨ ਨਾਲ 1965 ਤੋਂ ਜੁੜਿਆ ਹੈ ਜਦੋਂ ਸਾਡੇ ਸ਼ਹਿਰ ਸਿਰਸੇ ਵਿਚ ਪੰਜਾਬ ਹਰਿਆਣਾ ਦੀ ਅੰਤਿਮ ਸਾਂਝੀ ਰਾਜ ਕਾਨਫਰੰਸ ਹੋਈ ਸੀ ਜਿੱਥੇ ਅਸੀਂ ਭੈਣੀ ਸਾਹਿਬ ਵਾਲੇ ਪਹਿਲੇ ਵਿਦਿਆਰਥ ਸੰਮੇਲਨ ਤੋਂ ਬਾਅਦ, ਫਿਰ ਇਕ ਦੂਜੇ ਦੇ ਕੁਝ ਨੇੜੇ ਹੋਏ ਸਾਂ। ਉਸਨੇ ਐਫਰੋ-ਏਸ਼ੀਅਨ ਲੇਖਕਾਂ ਦੀ 1979 ਈ. ਵਿਚ ਦਿੱਲੀ

Sri Satguru Jagjit Singh Ji eLibrary NamdhariElibrary@gmail.com

ਵਾਲੀ ਵਰਕਸ਼ਾਪ ਵਿਚ ਭਾਗ ਲੈ ਕੇ, ਕੂਕਾ ਲਹਿਰ ਦੀ ਸਾਮਰਾਜ ਵਿਰੋਧੀ ਭਾਵਨਾ ਨੂੰ ਹੋਰ ਪ੍ਰਚੰਡ ਕੀਤਾ ਸੀ। ਕਿਉਂਕਿ ਉਹ ਲੰਮਾ ਸਮਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਜੀ ਸਕੱਤਰ ਵੀ ਰਿਹਾ ਹੈ ਇਸ ਕਰਕੇ ਤੇ ਕੁਝ ਹੋਰ ਕਾਰਨਾਂ ਕਰਕੇ ਵੀ ਉਹਨੇ 1968 ਈ. ਤੋਂ 1994 ਈ. ਤੱਕ ਏਸ਼ੀਆ, ਅਫ਼ਰੀਕਾ ਅਤੇ ਯੂਰਪ ਦੇ ਡੇਢ ਦਰਜਨ ਦੇ ਕਰੀਬ ਦੇਸ਼ਾਂ ਦਾ ਅਤੇ ਕਨੇਡਾ, ਅਮਰੀਕਾ ਆਦਿ ਦੇਸ਼ਾਂ ਵਿਚ ਵਾਹਵਾ ਵਿਸ਼ਵ ਭਰਮਣ ਵੀ ਕੀਤਾ ਹੈ।

ਅਮਰੀਕਨ ਜੰਗ ਬਾਜ਼ ਹਾਕਮਾਂ ਦੁਆਰਾ ਦੂਜੇ ਸੰਸਾਰ ਜੰਗ ਤੋਂ ਬਾਅਦ ਇਕ ਥੋਨੇ ਹਥਿਆਰਾਂ ਦੀ ਦੌੜ ਅਤੇ ਠੰਢੀ ਜੰਗ ਤੇਜ਼ ਕੀਤੀ ਗਈ। ਸੋਵੀਅਤ ਸੰਘ, ਹੋਰ ਸਮਾਜਵਾਦੀ ਦੇਸ਼ਾਂ ਅਤੇ ਵਿਸ਼ੇਸ਼ ਕਰ ਤੀਜੀ ਦੁਨੀਆ ਦੇ ਦੇਸ਼ਾਂ ਦੀ ਘੇਰਾਬੰਦੀ ਜਾਰੀ ਰੱਖੀ। ਵੀਅਤਨਾਮ ਵਿਚ ਲੰਮਾ ਸਮਾਂ ਬੇਦੋਸਾ ਮਨੁੱਖੀ ਖ਼ੂਨ ਵਹਾਇਆ। 1969 ਈ. ਵਿਚ ਸਨੇਹੀ ਦੀ ਵੀਅਤਨਾਮ ਉੱਤੇ ਅਮਰੀਕੀ ਹਮਲੇ ਵਿਰੁੱਧ ਪੰਜਾਬੀ ਪੁਸਤਕ "ਰੱਤੇ ਵਹਿਣ" ਨੂੰ 'ਸੋਵੀਅਤ ਲੈਂਡ ਨਹਿਰੂ ਅਵਾਰਡ" ਨਾਲ ਨਿਵਾਜਿਆ ਗਿਆ। ਭਾਰਤ ਸਰਕਾਰ ਦੇ ਬਾਲਗ ਸਿੱਖਿਆ ਦੇ ਪ੍ਰੋਗਰਾਮ ਤਹਿਤ, ਕੇਂਦਰੀ ਸਿੱਖਿਆ ਮੰਤਰਾਲੇ ਤੋਂ ਆਪਣੀਆਂ ਪ੍ਰਕਾਸ਼ਨਾਵਾਂ ਲਈ, ਭਾਸ਼ਾ ਵਿਭਾਗ, ਪੰਜਾਬ ਤੋਂ ਸਾਹਿਤਕ ਲੇਖ ਮੁਕਾਬਲਿਆਂ ਵਿਚ, ਛੋਟੀ ਕਹਾਣੀ ਮੁਕਾਬਲੇ, ਡਾ. ਗੰਡਾ ਸਿੰਘ ਮੈਮੋਰੀਅਲ ਟਰਸਟ, ਪੰਜਾਬ ਵੱਲੋਂ ਮਹਾਰਾਜਾ ਦਲੀਪ ਸਿੰਘ ਦੀ ਧਰਮ ਭਾਵਨਾ ਦਾ ਉਭਾਰ ਅਤੇ ਪੁਰਾਣੇ ਰਹਿਤਨਾਮਿਆਂ ਦਾ ਇਕ ਮੁਲੰਕਣ ਤੇ ਵੀ ਇਨਾਮ ਹਾਸਲ ਕੀਤੇ। ਉਸਨੇ ਬਦੇਸ਼ੀ ਪ੍ਰਸ਼ਨੋਤਰੀ ਮੁਕਾਬਲਿਆਂ ਵਿਚ ਇਨਾਮ ਜਿਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਕੂਕਿਆਂ ਬਾਰੇ ਉਸ ਦੇ ਅੰਗਰੇਜ਼ੀ ਕਿਤਾਬਚੇ ਨੈਰੋਬੀ, ਲੰਡਨ ਅਤੇ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੋਏ। ਜਲੰਧਰ ਰੇਡੀਓ ਤੋਂ ਪੰਜਾਬੀ ਵਿਚ ਉਸਦੀਆਂ ਗੱਲਾਂ ਬਾਤਾਂ 1968 ਤੋਂ ਨਸ਼ਰ ਹੋ ਰਹੀਆਂ ਹਨ। ਉਹ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਅਤੇ ਭਾਰਤੀ ਇਤਿਹਾਸ ਕਾਂਗਰਸ, ਕਲਕੱਤਾ ਦਾ ਜੀਵਨ ਮੈਂਬਰ ਹੈ। ਪੰਜਾਬ ਹਿਸਟਰੀ ਕਾਨਫਰੰਸ, ਪਟਿਆਲਾ ਅਤੇ ਇੰਟਰਨੈਸ਼ਨਲ ਵੈਜੀਟੇਰੀਅਨ ਯੂਨੀਅਨ, ਇੰਗਲੈਂਡ ਦਾ ਸਹਿਯੋਗੀ ਮੈਂਬਰ ਹੋਣ ਤੋਂ ਇਲਾਵਾ ਭਾਰਤੀ ਸ਼ਾਕਾਹਾਰੀ ਕਾਂਗਰਸ, ਚੇਨਈ ਦਾ ਕਾਰਜਕਾਰਨੀ ਦਾ ਮੈਂਬਰ ਹੈ। 'ਸਤਿਜੁਗ, ਸੰਜੀਵਨ ਨਗਰ ਅਤੇ ਸੁਨੇਹੜੇ, ਲੰਡਨ ਦੇ ਵਿਸ਼ੇਸ਼ ਅੰਕਾਂ ਦੇ ਸੰਪਾਦਨ ਦੀ ਸੇਵਾ ਵੀ ਉਹ ਨਿਭਾਅ ਚੁੱਕਾ ਹੈ। ਪੰਜਾਬ ਹਿਸਟਰੀ ਕਾਨਫਰੰਸ ਦੇ 1976 ਈ. ਤੋਂ 2004 ਈ. ਤੱਕ ਹੋਏ ਭਿੰਨ-ਭਿੰਨ ਸਾਲਾਨਾ ਸਮਾਗਮਾਂ ਵਿਚ ਉਹ ਕੂਕਿਆਂ ਬਾਰੇ 24 ਬਹੁਤ ਮਹੱਤਵਪੂਰਨ ਖੋਜ ਪੱਤਰ ਅੰਗਰੇਜ਼ੀ ਵਿਚ ਪੜ੍ਹ ਚੁੱਕਾ ਹੈ ਜਿਹਨਾਂ ਵਿਚ ਕੁਝ ਕੁ ਨਾਮ ਇਸ ਤਰ੍ਹਾਂ ਹਨ:

"ਬਰਤਾਨਵੀ ਦਸਤਾਵੇਜ਼ਾਂ ਵਿਚ ਕੂਕਾ ਲਹਿਰ ਬਾਰੇ ਅੰਤਰ ਵਿਰੋਧ, ਸਿੱਖ ਰਾਜ ਦੇ ਸਬੰਧ ਵਿਚ ਕੂਕੇ, ਉਨ੍ਹੀਵੀਂ ਸਦੀ ਦੇ ਕੂਕਿਆਂ ਦੀ ਸਿਆਸੀ ਚੇਤਨਾ, ਪੰਜਾਬ ਦਾ ਸਮਾਜਿਕ ਵਾਤਾਵਰਣ ਅਤੇ ਕੂਕਾ ਲਹਿਰ, 1871 ਦੇ ਬੁੱਚੜ ਬੰਧ ਕੇਸ ਵਿਚ ਜਾਲਸਾਜ਼ੀ, ਇਤਿਹਾਸਕਾਰੀ ਅਤੇ ਨਾਮਧਾਰੀ ਇਤਿਹਾਸ, ਨਾਮਧਾਰੀ ਇਤਿਹਾਸ ਦਾ ਭੰਡਾਰ – ਸਤਿਗੁਰੂ ਪਰਤਾਪ ਸਿੰਘ, ਫੂਲਕੀਆਂ ਮੁਖੀ ਅਤੇ ਨਾਮਧਾਰੀ ਬਗਾਵਤ, ਨਜ਼ਰਬੰਦ ਗੁਰੂ ਰਾਮ ਸਿੰਘ ਨਾਲ ਨਾਮਧਾਰੀਆਂ ਦਾ ਪੱਤਰ ਵਿਹਾਰ, ਕੂਕਾ ਮੁਕਦਮਿਆਂ ਦਾ ਸੁਆਲ, ਗੁਰੂ ਰਾਮ ਸਿੰਘ ਦੀ ਵਿਵਾਦਮਈ ਮ੍ਰਿਤੂ, ਕਾਂਗਰਸ ਦਾ 44ਵਾਂ ਸਮਾਗਮ ਅਤੇ ਨਾਮਧਾਰੀ, ਗੁਰੂ ਨਾਨਕ ਸਰਬ ਸਿੱਖ ਸੰਪ੍ਰਦਾਇ ਕਾਨਫਰੰਸ – 1934, 21ਵੀਂ ਸਦੀ ਵਿਚ ਨਾਮਧਾਰੀ ਇਤਿਹਾਸ, ਮਹਾਰਾਜਾ ਨਾਭਾ ਤੋਂ ਨਾਮਧਾਰੀਆਂ ਨੂੰ ਵਿਵਾਦਮਈ ਤੋਹਫ਼ਾ, ਨਾਮਧਾਰੀ ਇਤਿਹਾਸ ਦੇ ਸੋਮੇ..." ਇਤਿਆਦਿ। ਜ਼ਾਹਰ ਹੈ ਕਿ ਪਹਿਲੀ ਵੇਰ ਨਾਮਧਾਰੀ ਇਤਿਹਾਸ ਨੂੰ ਵਿਭਿੰਨ ਕੋਣਾਂ ਤੋਂ, ਇਸਦੀਆਂ ਝਰੀਟੀਆਂ ਵਿਚ ਜਾ ਕੇ ਫੋਲਾ ਫਲਾਈ ਕਰਨ ਦਾ ਬਿਖਮ ਕਾਰਜ ਸੁਵਰਨ ਸਿੰਘ ਸਨੇਹੀ ਦੇ ਹਿਸੇ ਆਇਆ ਹੈ। ਉਹ ਇਤਿਹਾਸ ਲੇਖਨ ਦੀ ਵਿਗਿਆਨਕ ਵਿਧਾ ਦਾ ਧਾਰਨੀ ਹੈ। ਗੱਲ ਦੀ ਪੁਸ਼ਟੀ ਵਾਸਤੇ ਠੋਸ ਹਵਾਲਿਆਂ ਨੂੰ ਪੇਸ਼ ਕਰਦਾ ਹੈ। ਅਟਕਲਪੱਚੂ ਦਲੀਲਾਂ ਤੇ ਮਗਜ਼ਪੱਚੀ ਕਰਨਾ ਉਸ ਦੇ ਸ਼ੌਕ ਦਾ ਹਿੱਸਾ ਨਹੀਂ। ਇਸ ਲਈ ਨਤੀਜੇ ਕੱਢਣ ਵਾਲੀਆਂ ਲਿਖਤਾਂ ਸਦਕਾ ਉਸ ਦੀ ਗੱਲ ਇਹਨਾਂ ਕਾਨਫਰੰਸਾਂ ਵਿਚ ਹਮੇਸ਼ਾਂ ਗੌਰ ਨਾਲ ਸੁਣੀ ਤੇ ਸਲਾਹੀ ਜਾਂਦੀ ਰਹੀ ਹੈ। 'ਸਨੇਹੀ ਦੇ ਇਹ ਸਾਰੇ ਖੋਜ ਪੱਤਰ ਜੇ ਪੁਸਤਕ ਰੂਪ ਵਿਚ ਉਪਲਬਧ ਹੋ ਜਾਣ ਤਾਂ ਨਾਮਧਾਰੀ ਇਤਿਹਾਸ ਲੇਖਨ ਨੂੰ ਹੋਰ ਸਮਰਿਧ ਕੀਤਾ ਜਾ

Sri Satguru Jagjit Singh Ji eLibrary NamdhariElibrary@gmail.com

ਸਕਦਾ ਹੈ ਅਤੇ ਇਕ ਅਮੀਰ ਪਰੰਪਰਾ ਨਾਲ ਨਿਵਾਜਿਆ ਜਾ ਸਕਦਾ ਹੈ। 'ਸਨੇਹੀ' ਪੁਰਾਤਨਤਾ ਅਤੇ ਆਧੁਨਿਕਤਾ ਦਾ ਸੁਮੇਲ ਹੈ। ਇਸ ਲਈ ਉਸਦੀ ਇਤਿਹਾਸ ਦ੍ਰਿਸ਼ਟੀ ਭਰੋਸੇਯੋਗ ਹੈ। ਮੁੱਲਵਾਨ ਹੈ।

ਪੰਜਾਬੀ ਵਿਚ ਵੀ ਨਾਮਧਾਰੀ ਸਾਹਿਤ, ਇਤਿਹਾਸ, ਜੀਵਨ ਜਾਚ ਉੱਤੇ ਅਤੇ ਆਮ ਪੰਜਾਬੀ ਸਾਹਿਤ ਬਾਰੇ ਵੀ ਉਹ 23 ਦੇ ਕਰੀਬ ਖੋਜ ਪੱਤਰ ਲਿਖ ਚੁੱਕਾ ਹੈ ਜਿਹਨਾਂ ਵਿਚ 'ਸਤਿਜੁਗ' ਦੀ ਪ੍ਰਕਾਸ਼ਨ ਨੀਤੀ, ਨਾਮਧਾਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ, ਨਾਮਧਾਰੀ ਗਲਪ ਸਾਹਿਤ, ਕਵੀਸ਼ਰੀ ਤੇ ਨਾਮਧਾਰੀ ਕਵੀਸ਼ਰੀ, ਪੰਜਾਬੀ ਕਾਵਿ ਦਾ ਧਾਰਮਕ ਮੁਹਾਵਰਾ – ਨਾਮਧਾਰੀ ਕਾਵਿ ਆਦਿ ਕਾਫੀ ਪ੍ਰਸਿੱਧ ਹੋਏ। ਪੰਜਾਬੀ ਵਿਚ ਉਸ ਦੀਆਂ ਛੋਟੀਆਂ ਵੱਡੀਆਂ 15 ਪ੍ਰਕਾਸ਼ਿਤ ਅਤੇ 7 ਅਪ੍ਰਕਾਸ਼ਿਤ ਪੁਸਤਕਾਂ ਪਈਆਂ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਅਵਤਾਰ ਸਿੰਘ ਆਜ਼ਾਦ ਅਤੇ ਮੁਨਸ਼ਾ ਸਿੰਘ 'ਦੁਖੀ' ਬਾਰੇ ਉਸ ਤੋਂ ਮੋਨੋਗਰਾਫ ਲਿਖਵਾਏ। ਪ੍ਰਾਣ ਪੂਜਾ, ਉਸ ਦੀ ਸੰਪਾਦਿਤ ਪੁਸਤਕ ਹੈ, ਜਿਸ ਵਿਚ ਸ਼ਾਕਾਹਾਰ ਦੇ ਹੱਕ ਵਿਚ ਨਵੇਂ ਪੁਰਾਣੇ ਉੱਭਰਦੇ ਲੇਖਕਾਂ ਦੀਆਂ ਰਚਨਾਵਾਂ ਆਪ ਨੇ ਕੋਈ ਚਾਰ ਦਹਾਕੇ ਪਹਿਲਾਂ ਸੰਗ੍ਰਹਿਤ ਕੀਤੀਆਂ ਸਨ। ਇਕ ਪੁਰਾਣੇ ਨਾਮਧਾਰੀ ਕਵੀ ਭਾਈ ਨਿਰੰਜਨ ਸਿੰਘ ਮ੍ਰਿਗੇਸ਼ ਲਿਖਤ ਸਾਕਾ ਮਲੇਰਕੋਟਲਾ ਦਾ ਖਰੜਾ ਸੁਦ੍ਰਸ਼ਨ ਸਿੰਘ ਵਿਰਕ ਤੋਂ ਪ੍ਰਾਪਤ ਕਰਕੇ ਆਪ ਨੇ ਸੰਪਾਦਿਤ ਕੀਤਾ ਹੈ। ਇਸ ਤੋਂ ਇਲਾਵਾ 'ਸਤਿਜੁਗ', 'ਵਰਿਆਮ', ਆਦਿਕ ਹਫਤਾਵਾਰੀ ਤੇ ਮਾਸਕ ਪਰਚਿਆਂ, 'ਰੋਜ਼ਾਨਾ ਅਜੀਤ', 'ਪੰਜਾਬੀ ਟ੍ਰਿਬਿਊਨ', 'ਨਵਾਂ ਜ਼ਮਾਨਾ' ਆਦਿ ਦੈਨਿਕ ਅਖ਼ਬਾਰਾਂ ਵਿਚ ਭਿੰਨ ਭਿੰਨ ਮਸਲਿਆਂ ਅਤੇ ਵਿਸ਼ਿਆਂ ਤੇ ਆਪ ਦੇ ਸੈਂਕੜੇ ਆਰਟੀਕਲ ਪ੍ਰਕਾਸ਼ਿਤ ਹੋ ਚੁੱਕੇ ਹਨ। ਉਹਨਾਂ ਨੇ ਆਯੁਰਵੇਦ ਪ੍ਰਣਾਲੀ ਦੀ ਵੈਦਗੀ ਅਤੇ ਪੱਤਰਕਾਰਤਾ ਨੂੰ ਹੀ ਕਿੱਤੇ ਦੇ ਤੌਰ ਤੇ ਅਪਣਾਇਆ ਹੈ। ਨਾਮਧਾਰੀ ਦਰਬਾਰ ਵੱਲੋਂ ਨਾਮਧਾਰੀ ਸਿੱਖਾਂ ਦੇ ਰੋਜ਼ਾਨਾ ਪਾਠ ਦੀਆਂ ਬਾਣੀਆਂ ਦੇ ਪ੍ਰਕਾਸ਼ਿਤ "ਨਾਮਧਾਰੀ ਨਿਤਨੇਮ" ਦੀ ਵਿਸਥਾਰਤ ਭੂਮਿਕਾ ਦੇ ਲੇਖਕ ਹੋਣ ਦਾ ਲਾਹਾ ਵੀ ਉਹ ਖੱਟ ਚੁੱਕੇ ਹਨ।

ਉਹਨਾਂ ਦੀਆਂ ਲੇਖਕੀਯ ਪ੍ਰਾਪਤੀਆਂ ਅਤੇ ਸੰਖੇਪ ਜੀਵਨ ਵੇਰਵੇ ਦੇਣ ਤੋਂ ਬਾਅਦ ਲਿਖਤਾਂ ਦੇ ਕੁਝ ਕੁ ਵੇਰਵੇ ਪਾਠਕਾਂ ਨਾਲ ਸਾਂਝਿਆ ਕਰਦੇ ਹਾਂ। ਮੇਰਾ ਖਿਆਲ ਹੈ ਕਿ ਨਾਮਧਾਰੀ ਪਰਚੇ 'ਸਤਿਜੁਗ' ਵਿਚ ਸਨੇਹੀ ਜੀ ਤੇ ਮੈਂ ਪ੍ਰੀਤਮ ਸਿੰਘ ਕਵੀ ਹੋਰਾਂ ਦੀ ਸੰਪਾਦਨਾ ਦੇ ਸਮੇਂ 1964-65 ਈ. ਵਿਚ ਇਕੱਠੇ ਹੀ ਛਾਪਣ ਲੱਗੇ ਸਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਸਮੇਂ 'ਸਤਿਜੁਗ' ਨੇ ਜਨਵਰੀ 1967 ਵਿਚ 'ਦਸਮੇਸ਼ ਅੰਕ' ਸ੍ਰੀ ਜੀਵਨ ਨਗਰ (ਸਿਰਸਾ) ਤੋਂ ਪ੍ਰਕਾਸ਼ਿਤ ਕੀਤਾ ਜਿਸ ਵਿਚ ਸਨੇਹੀ ਜੀ ਦਾ "ਦਸਮੇਸ਼ ਤੇ ਸਾਡਾ ਭਵਿੱਖ" ਨਾਮੇ ਲੇਖ ਛਪਿਆ ਸੀ। ਰਵਾਲਸਰ (ਹਿਮਾਚਲ ਪ੍ਰਦੇਸ਼) ਅਤੇ ਸਹੇੜਾ ਸਾਹਿਬ (ਰਾਜਸਥਾਨ) ਸਥਾਨਾਂ ਦੀ ਦਸਮ ਪਾਤਸ਼ਾਹ ਦੀ ਯਾਤਰਾ ਨੂੰ, 'ਸ੍ਰੀ ਗੁਰ ਪਰਤਾਪ ਸੂਰਜ' ਅਤੇ 'ਸੌ ਸਾਖੀ' ਆਦਿ ਪੁਰਾਤਨ ਪੁਸਤਕਾਂ ਦੇ ਹਵਾਲੇ ਨਾਲ ਭਵਿੱਖਤ ਵਾਕਾਂ ਦੇ ਸੰਦਰਭ ਵਿਚ ਪੇਸ਼ ਕਰਨ ਤੋਂ ਪਹਿਲਾਂ ਸਾਡਾ ਲੇਖਕ, ਪੱਛਮੀ ਪੱਧਤੀ ਦੇ ਅੰਨ੍ਹੇ ਪੈਰੋਕਾਰਾਂ ਦੇ ਬਖੀਏ ਉਧੇੜਦਿਆਂ ਆਪਣੀ ਗੱਲ ਇਉਂ ਪੇਸ਼ ਕਰਦਾ ਹੈ – "ਲਗ ਪਗ ਦਸ ਦਹਾਕੇ ਉਨ੍ਹਾਂ ਅੰਗਰੇਜ਼ਾਂ ਦੇ ਅਧੀਨ ਰਹਿਣ ਕਾਰਨ, ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਭੰਨਣ ਤੋੜਨ, ਵਿਗਾੜਨ ਤੇ ਅਸਲੋਂ ਹੀ ਖ਼ਤਮ ਕਰਨ ਲਈ ਸਿੱਖਾਂ ਨੂੰ ਹੀ ਵਰਤਿਆ ਹੋਵੇ, ਪੱਛਮੀ ਰੀਤਾਂ ਰਸਮਾਂ ਸਾਡੇ ਭਾਰਤੀਆਂ ਵਿਚ ਇਨਾ ਘਰ ਕਰ ਗਈਆਂ ਹਨ ਕਿ ਅਸੀਂ ਕਦੇ ਭਾਰਤੀ ਹੋਣ ਦੇ ਨਾਤੇ ਸੋਚ ਵੀ ਨਹੀਂ ਸਕਦੇ। ਸਾਡਾ ਖਾਣ ਪੀਣ, ਰਹਿਣ ਸਹਿਣ, ਪਹੁਨ ਪਰਾਹੁਣ, ਗੱਲ ਕੀ ਸਭ ਕੁਝ ਹੀ ਪੱਛਮੀ ਤਰਜ਼ ਦਾ ਹੋ ਗਿਆ ਹੈ। ਭਾਵੇਂ ਅਸੀਂ ਹਰ ਬਦੇਸ਼ੀ ਗੱਲ ਅਪਨਾਉਣ ਵਿਚ ਮਾਣ ਅਨੁਭਵ ਕਰਦੇ ਹੋਈਏ, ਪਰ ਅਸੀਂ ਬਦੇਸ਼ੀ ਚੰਗਿਆਈਆਂ ਨਹੀਂ ਸਗੋਂ ਬੁਰਿਆਈਆਂ ਹੀ ਗ੍ਰਹਿਣ ਕਰਨ ਤੇ ਹੀ ਲੱਕ ਬੰਨਿਆ ਹੋਇਆ ਹੈ ਤੇ ਇਸ ਨਿਤ ਵਧਦੇ ਬਦੇਸ਼ੀ ਪਰਛਾਵੇਂ ਦੇ ਪ੍ਰਭਾਵ ਥੱਲੇ ਅਸੀਂ ਇਨੇ ਕੁ ਆ ਗਏ ਹਾਂ ਕਿ ਇਖਲਾਕੀ ਪੁਸਤਕਾਂ ਦੇ ਹੁੰਦਿਆਂ ਵੀ ਸਾਨੂੰ ਡਰ ਹੈ ਕਿ ਮਨੁੱਖਾਂ ਦੇ ਮਨ ਧਰਮ ਤੋਂ ਖ਼ਾਲੀ ਰਹਿਣਗੇ।"

ਰਵਾਲਸਰ ਅਤੇ ਸੁਹੇੜਾ ਸਾਹਿਬ ਨੂੰ 'ਭਾਣੇ ਦੇ ਸਮੇਂ' ਕੂਕਿਆਂ ਵੱਲੋਂ ਸੁਰੱਖਿਅਤ ਕਿਉਂ ਸਮਝਿਆ ਜਾਂਦਾ ਸੀ, ਪੁਰਾਤਨ ਗ੍ਰੰਥਾਂ ਅਤੇ ਸਾਖੀਆਂ ਦੇ ਹਵਾਲੇ ਨਾਲ ਸਨੇਹੀ ਸਾਹਿਬ ਨੇ ਇਹ ਗੁੰਝੀ ਸੁਲਝਾਉਣ ਦੀ ਆਪਣੇ ਢੰਗ

Sri Satguru Jagjit Singh Ji eLibrary NamdhariElibrary@gmail.com

ਨਾਲ ਕੋਸ਼ਿਸ਼ ਕੀਤੀ ਹੈ। "ਛਾਪਿਆਂ ਅਤੇ ਸੇਵਾ ਦਾ ਮੁੱਲ" 1966 ਈ. ਦੇ ਬਸੰਤ ਅੰਕ (ਸਤਿਜੁਗ, ਸ੍ਰੀ ਜੀਵਨ ਨਗਰ) ਕਿਸੇ ਵਿਸ਼ੇਸ਼ ਅੰਕ ਵਿਚ ਛਪੀ ਸ਼ਾਇਦ ਪਹਿਲੀ ਰਚਨਾ ਹੈ ਜਿਸ ਵਿਚ ਪ੍ਰੀਤਮ ਸਿੰਘ 'ਕਵੀ' ਹੋਰਾਂ, ਪੁੰਗਰਦੇ ਲੇਖਕਾਂ ਨੂੰ ਉਤਸ਼ਾਹਿਤ ਕਰਨ ਵਾਲੇ ਆਪਣੇ ਸੁਭਾਉ ਤਹਿਤ, ਇਹ ਸੰਪਾਦਕੀ ਟਿੱਪਣੀ ਦਰਜ ਕਰਕੇ, ਭਵਿੱਖ ਦੇ ਇਕ ਸਫਲ ਲੇਖਕ ਨੂੰ ਆਪਣੇ ਪਾਠਕਾਂ ਸਾਹਵੇਂ ਲਿਆ ਖਲਿਹਾਰਿਆ – "ਸ੍ਰੀ ਸਨੇਹੀ ਉਨ੍ਹਾਂ ਜੁਆਨਾਂ 'ਚੋਂ ਹਨ ਜੋ ਬੇਸਰੋ ਸਾਮਾਨ ਮਨ ਆਈ ਮੁਹਿੰਮ ਵਿਚ ਕੁੱਦ ਪੈਂਦੇ ਹਨ। ਅਭਾਵ ਸਨੇਹੀ ਜੀ ਨੂੰ ਹੇਠਾਂ ਖਿੱਚ ਰਿਹਾ ਹੈ, ਸੁਭਾਵ ਉਨ੍ਹਾਂ ਨੂੰ ਉਤਾਂਹ ਵਲ ਵਧਣ ਦੀ ਪ੍ਰੇਰਣਾ ਦਿੰਦਾ ਹੈ। ਇਸ ਜਰਨਲਿਸਟ ਬਣਨ ਦੀ ਚਾਹ ਰੱਖਣ ਵਾਲੇ ਵਿਅਕਤੀ ਦੀ ਕਲਮ ਅਤੇ ਕਰਮ ਨੂੰ ਵੇਖੋ!" ਇਸ ਲੇਖ ਵਿਚ ਰੁੜਕੇ ਖੁਰਦ ਪਿੰਡ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਇਕ ਫੇਰੀ ਸਮੇਂ ਧਰਮੇਂ ਜੱਟ ਵੱਲੋਂ ਜਿੱਥੇ ਸਤਿਗੁਰੂ ਜੀ ਬੈਠੇ ਸਨ, ਉਸ ਕਿੱਕਰ ਦੇ ਛਾਪੇ ਵੱਢ-ਵੱਢ ਹੇਠਾਂ ਸੁੱਟਣ ਵਾਲੇ ਜਟਕੇ ਅਵੇਸਲੇ ਸੁਭਾਉ ਦਾ ਚਿਤਰਨ ਤੇ ਨਤੀਜਨ ਉਸ ਵਡ-ਪਰਵਾਰੀ ਦਾ ਛੇਤੀ ਹੀ ਖ਼ਾਤਮਾ ਦੱਸਿਆ ਗਿਆ ਹੈ ਅਤੇ ਦੂਜੇ ਸ੍ਰ. ਈਸ਼ਰ ਸਿੰਘ ਹੋਰਾਂ ਦੀ ਸੇਵਾ ਭਾਵਨਾ ਕਰਕੇ ਇੱਕੋ ਲਿੰਘ ਜਿਹੀ ਉਸ ਦੇ ਇੱਕ ਪੁੱਤਰ ਦਾ ਪਰਿਵਾਰ ਬਹੁਤ ਫੈਲਣ ਦਾ ਕਨਟਰਾਸਟ ਚਿਤਰਿਆ ਗਿਆ ਹੈ। ਇਸ ਅੰਕ ਵਿਚ ਸੁਵਰਨ ਸਿੰਘ ਵਿਰਕ ਅਤੇ ਸੁਵਰਨ ਸਿੰਘ ਸਨੇਹੀ ਦੇ ਦੋ ਆਰਟੀਕਲ ਸ਼ਾਮਲ ਕਰਦਿਆਂ, ਇਕ ਬਜ਼ੁਰਗ ਨਾਮਧਾਰੀ ਸਾਹਿਤਕਾਰ ਨੂੰ ਅੰਕ ਵਿਚ ਥਾਂ ਨਾ ਦੇ ਸਕਣ ਦੀ ਮਜਬੂਰੀ ਨੂੰ, ਕਵੀ ਜੀ ਨੇ ਨਵੀਂ ਪੌਦ ਨੂੰ ਸ਼ਾਮਲ ਕੀਤੇ ਬਿਨਾਂ ਉਹਨਾਂ ਨੂੰ ਸੰਤੋਖ ਨਾ ਆਉਣਾ ਦੱਸਿਆ ਸੀ। ਨਵੀਆਂ ਕਲਮਾਂ ਲਾਉਣ ਵਾਲੇ ਹੀ ਬਾਗ ਬਗੀਚਿਆਂ ਦੀ ਨੁਹਾਰ ਬਦਲਿਆ ਕਰਦੇ ਹਨ।" ਕੂਕਿਆਂ ਸਬੰਧੀ ਸਰਕਾਰੀ ਲਿਖਤਾਂ ਵਿਚ ਪ੍ਰਸਪਰ ਵਿਰੋਧ", 'ਸਤਿਜੁਗ' ਦੇ "ਪ੍ਰਦੇਸ ਗਵਨ ਸ਼ਤਾਬਦੀ ਅੰਕ" - 1972 ਈ. ਵਿਚ ਛਪਿਆ ਸਨੇਹੀ ਹੋਰਾਂ ਦਾ ਇਕ ਮਹੱਤਵ ਪੂਰਨ ਲੇਖ ਹੈ ਜਿਸ ਵਿਚ ਉਹਨਾਂ ਨੇ ਦਸਤਾਵੇਜ਼ਾਂ ਅਤੇ ਸਮਕਾਲੀ ਨਾਮਧਾਰੀ ਲੇਖਕਾਂ ਦੀਆਂ ਟਿਪਣੀਆਂ ਦੁਆਰਾ ਵੀ ਇਹ ਮੱਤਭੇਦ ਪ੍ਰਗਟ ਕੀਤੇ ਹਨ ਅਤੇ ਵੱਖ ਵੱਖ ਸਰਕਾਰੀ ਅਧਿਕਾਰੀਆਂ ਦੀਆਂ ਵੱਖ ਵੱਖ ਰੀਪੋਰਟਾਂ ਵਿਚੋਂ ਝਲਕਦੇ ਵਖਰੇਵੇਂ ਵੀ ਜੱਗ ਜ਼ਾਹਰ ਕੀਤੇ ਹਨ, ਮਿਸਾਲ ਵਜੋਂ ਉਹ ਲਿਖਦੇ ਹਨ – "ਸਤਿਗੁਰੂ ਰਾਮ ਸਿੰਘ ਦੇ ਨਿਜੀ ਨਿਤ ਕਰਮ ਬਾਰੇ, ਹੁਸ਼ਿਆਰਪੁਰ ਪੁਲਸ ਦਾ ਇਨਸਪੈਕਟਰ ਫਜ਼ਲ ਹੁਸੈਨ ਲਿਖਦਾ ਹੈ: "(ਗੁਰੂ) ਰਾਮ ਸਿੰਘ ਦਿਨ ਵਿਚ ਤਿੰਨ ਵਾਰ ਇਸ਼ਨਾਨ ਕਰਦੇ ਹਨ, ਤੇ ਹਰ ਰੋਜ਼ ਤੜਕੇ ਦੋ ਵਜੇ ਗ੍ਰੰਥ (ਸਾਹਿਬ) ਦਾ ਪਾਠ ਕਰਦੇ ਹਨ – ਜਿਸ ਦੀ ਉਨ੍ਹਾਂ ਨੂੰ ਪੂਰੀ ਸਮਝ ਤੇ ਗਿਆਨ ਹੈ। ਉਹ ਹਰ ਭੈੜੀ ਚੀਜ਼ ਨੂੰ ਨਫ਼ਰਤ ਕਰਦੇ ਹਨ।" ਪੰਜਾਬ ਪੁਲਿਸ ਦਾ ਇੰਸਪੈਕਟਰ ਜਨਰਲ 19 ਜਨਵਰੀ 1871 ਦੀ ਆਪਣੀ ਚਿੱਠੀ ਵਿਚ ਉਨ੍ਹਾਂ ਦੇ ਪਰਚਾਰ ਨੂੰ ਭ੍ਰਸ਼ਟਾਚਾਰੀ ਕਹਿੰਦਾ ਹੈ, ਪਰ ਦੂਜੇ ਪਾਸੇ ਲੁਧਿਆਣੇ ਦਾ ਕਾਇਮ ਮੁਕਾਮ ਡੀ. ਸੀ. ਚਾਰਲਸ ਇਲੀਅਟ ਇਸ ਪਰਚਾਰ ਨੂੰ ਧਾਰਮਕ ਤੇ ਸਦਾਚਾਰਕ ਮੰਨਦਾ ਹੈ। ਗੁਰੂ ਰਾਮ ਸਿੰਘ ਜੀ ਦਾ ਮੁੱਖ ਉਪਦੇਸ਼ ਜਨਵਰੀ 1867 ਦੇ ਯਾਦ ਪੱਤਰ ਅਨੁਸਾਰ ਇਹ ਸੀ ਕਿ 'ਚੋਰੀ ਨਾ ਕਰੋ, ਝੂਠ ਜਾਂ ਮੰਦਾ ਨਾ ਬੋਲੋ, ਕਿਸੇ ਬੁਰੇ ਦੀ ਸੰਗਤ ਨਾ ਕਰੋ ਤੇ ਨਾ ਹੀ ਕਿਸੇ ਦੇ ਐਬ 'ਤੇ ਪਰਦਾ ਪਾਓ', ਤਾਂ ਫਿਰ ਉਹ ਆਪ ਪੰਜਾਬ ਦੀ ਵੱਡੀ ਰਕਮ ਮਾਰ ਕੇ ਕਿਵੇਂ ਜਾ ਸਕਦੇ ਹਨ, ਜਿਸ ਦਾ ਜ਼ਿਕਰ ਫਰਵਰੀ 1867 ਵਿਚ ਥਾਰੰਟਨ ਕਰਦਾ ਹੈ? ਮੇਕਨਬ ਦਾ ਵਿਸ਼ਵਾਸ ਸੀ ਕਿ "ਇਸ ਪੰਥ ਦੇ ਮੁੱਢਲੇ ਮੰਤਵਾਂ ਵਿਚੋਂ ਇਕ ਸੀ ਭ੍ਰਿਸ਼ਟਾਚਾਰ ਤੇ ਬਦਫੈਲੀ ਦੀ ਸਖਤ ਮਨਾਹੀ ਕਰਨੀ। ਉਨ੍ਹਾਂ (ਗੁਰੂ ਰਾਮ ਸਿੰਘ) ਦੇ ਆਪਣੇ ਚਰਿਤਰ ਵਿਰੁੱਧ ਮੈਂ ਕੋਈ ਦੋਸ਼ ਨਹੀਂ ਸੁਣਿਆ।"[5]

ਬਦੇਸ਼ੀ ਸਰਕਾਰ ਦੀ ਇਹ ਨੀਤੀ ਹੁੰਦੀ ਸੀ ਕਿ ਉਹ ਲੋਕ ਲਹਿਰਾਂ ਦੇ ਆਗੂਆਂ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਬਦਨਾਮ ਕਰਨ ਲਈ ਤਰ੍ਹਾਂ ਤਰ੍ਹਾਂ ਦੀਆਂ ਭਰਾਂਤੀਆਂ ਫੈਲਾ ਦਿੰਦੇ ਸਨ। ਲੋਕ ਮਨਾਂ ਵਿਚੋਂ ਕਿਸੇ ਬਿੰਬ ਨੂੰ ਤਿੜਕਾਉਣ ਵਾਸਤੇ। ਜਹਾਂਗੀਰ ਬਾਦਸ਼ਾਹ ਦੇ ਸਮੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਭਾਂਡਾ, ਚੰਦੂ ਦੀਵਾਨ ਦੀ ਪੁੱਤਰੀ ਦਾ (ਗੁਰੂ) ਹਰਗੋਬਿੰਦ ਜੀ ਲਈ ਰਿਸ਼ਤਾ ਅਪ੍ਰਵਾਨ ਕਰਨ ਸਿਰ ਭੰਨਿਆ ਜਾਣਾ। ਅੰਗਰੇਜ਼-ਸਿੱਖ ਜੰਗਾਂ ਸਮੇਂ ਮਹਾਰਾਣੀ ਜਿੰਦਾਂ ਨੂੰ ਸਗੋਂ ਬਾਰੂਦ ਦੀ ਥਾਂ ਭੇਜਣ ਲਈ ਬਦਨਾਮ ਕਰਨਾ ਅਤੇ ਹੁਣ ਸਤਿਗੁਰੂ ਜੀ ਅਤੇ ਉਹਨਾਂ ਦੇ ਸੂਬਿਆਂ ਬਾਰੇ ਮਨਘੜਤ ਕੂੜ ਧਾਰਣਾ ਦਾ ਪਾਜ ਸਨੇਹੀ ਜੀ ਨੇ ਉਪਰੋਕਤ ਲੇਖ ਵਿਚ ਖੋਹਲਦਿਆਂ ਇਸਨੂੰ ਦਾਲ

Sri Satguru Jagjit Singh Ji eLibrary NamdhariElibrary@gmail.com

ਵਿਚੋਂ ਦਾਣਾ ਟੋਹਣ ਵਾਲੀ ਕਹਾਵਤ 'ਤੇ ਹੀ ਘਟਾਇਆ ਹੈ ਕਿਉਂਕਿ ਚੱਕਰਵਰਤੀ ਜੀ ਦੇ ਸ਼ਬਦਾਂ ਵਿਚ -

"ਕੂਜ਼ ਮਾਰਨੋਂ ਡਰਨ ਨਾ ਇਹ ਅੰਗਰੇਜ਼ ਸ਼ੈਤਾਨ।
ਜਿਨ੍ਹਾਂ ਦੇ ਦਿਲ ਵਿਚ ਨਹੀਂ, ਧਰਮ ਨੇਮ ਈਮਾਨ।"

ਇਕ ਹੋਰ 'ਬਸੰਤ ਅੰਕ' ਵਿੱਚ ਛਪੇ ਲੇਖ" ਨਾਮਧਾਰੀ ਇਤਿਹਾਸ ਤੇ ਉਸਦੇ ਲੇਖਕ" ਵਿਚ ਸਨੇਹੀ ਸਾਹਿਬ ਪੱਖਪਾਤੀ ਇਤਿਹਾਸਕਾਰਾਂ ਦੇ ਪਰਖਚੇ ਉਡਾਉਂਦੇ ਹਨ ਜਿਹਨਾਂ ਨੇ ਕੂਕਾ ਇਤਿਹਾਸ ਨੂੰ - ਅੰਗਰੇਜ਼ ਲੇਖਕਾਂ ਦੀਆਂ ਨਜ਼ਰਾਂ ਵਿਚੋਂ ਹੀ ਵੇਖਣ ਦੀ ਕੋਸ਼ਿਸ਼ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਆਪਣੇ ਆਪ ਲਈ ਵਰਤੇ ਸ਼ਬਦ "ਮੈਂ ਤਾਂ ਰਪਟੀਏ ਦੀ ਮਾਫ਼ਕ ਹਾਂ" ਨੂੰ ਬੇਜਾ ਉਦਰਿਤ ਕਰਨ ਲਈ ਉਹਨਾਂ ਇਕ 'ਪ੍ਰਸਿੱਧ' ਇਤਿਹਾਸਕਾਰ ਨਾਲ ਦਸਤਪੰਜਾ ਲਿਆ ਅਤੇ ਉਸਨੂੰ ਚਾਰੇ ਖ਼ਾਨੇ ਚਿੱਤ ਕੀਤਾ। ਸਨੇਹੀ ਜੀ ਦੀ ਇਤਿਹਾਸ ਦ੍ਰਿਸ਼ਟੀ ਉਹਨਾਂ ਦੇ ਹੇਠਲੇ ਸ਼ਬਦਾਂ ਵਿਚ ਝਲਕਦੀ ਹੈ - "ਵਿਸ਼ਵ ਦੇ ਪ੍ਰਸਿੱਧ ਵਿਚਾਰਕ ਬੇਕਨ ਅਨੁਸਾਰ 'ਇਤਿਹਾਸ ਲੋਕਾਂ ਨੂੰ ਸੂਝਵਾਨ ਬਣਾਉਂਦਾ ਹੈ' ਪਰ ਇਹ ਗੱਲ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਇਤਿਹਾਸ ਆਪ ਸਹੀ ਹੋਵੇ ਤੇ ਲਿਖਿਆ ਸਹੀ ਢੰਗ ਨਾਲ ਗਿਆ ਹੋਵੇ। ਪੱਖਪਾਤ ਦੀ ਐਨਕ ਲਾ ਕੇ ਲਿਖਿਆ ਇਤਿਹਾਸ ਨਾ ਸਹੀ ਇਤਿਹਾਸ ਕਿਹਾ ਜਾ ਸਕਦਾ ਹੈ ਤੇ ਨਾ ਹੀ ਸ਼ੁਭ ਦਾਤਾ। ਉਹ ਵਿਨਾਸ਼ਕਾਰੀ ਸਿੱਧ ਹੋ ਸਕਦਾ ਹੈ ਤੇ ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਐਚ. ਜੀ. ਵੈਲਜ਼ ਦੇ ਸ਼ਬਦ ਕਿ 'ਮਨੁੱਖੀ ਇਤਿਹਾਸ ਵਿਦਿਆ ਅਤੇ ਵਿਨਾਸ਼ ਦੇ ਵਿਚਕਾਰ ਵੱਧੋ ਵੱਧ ਦੌੜ ਬਣੀ ਹੋਈ ਹੈ,' ਇਸ ਤਰ੍ਹਾਂ ਦੇ ਇਤਿਹਾਸ ਉੱਪਰ ਠੀਕ ਢੁਕ ਸਕਦੇ ਹਨ।"[3]

'ਸਤਿਜੁਗ' ਦੇ ਅਟੱਲ ਪ੍ਰਤਾਪੀ ਆਗਮਨ-ਸ਼ਤਾਬਦੀ ਅੰਕ- 1990 ਵਿਚ ਸਨੇਹੀ ਹੋਰਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਭਾਰਤ ਦੇ ਪਹਿਲੇ ਪਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਪ੍ਰਸਪਰ ਸਬੰਧਾਂ, ਜਿਹਨਾਂ ਨੂੰ ਕੂਕਾ-ਕਾਂਗਰਸ ਸਬੰਧਾਂ ਦੇ ਵਿਆਪਕ ਘੇਰੇ ਵਿਚ ਵੀ ਪੜਤਾਲਿਆ ਗਿਆ ਹੈ, ਬਾਰੇ ਇਕ ਤੁਲਨਾਤਮਕ ਅਤੇ ਸਾਰਗਰਭਿਤ ਵਿਵੇਚਨ ਪੇਸ਼ ਕੀਤਾ ਗਿਆ ਹੈ। ਲੇਖ ਦਾ ਨਾਮ ਹੈ - "ਦੋਸਤ ਏ, ਵਖਰੇਵੇਂ ਕਈ"। ਦੋਹਾਂ ਦੀ ਦੋਸਤੀ ਤਾਂ ਕੌਮੀ ਮੁਕਤੀ ਅੰਦੋਲਨ ਦਰਮਿਆਨ ਬਰਤਾਨਵੀ ਸਾਮਰਾਜ ਵਿਰੋਧੀ ਭਾਵਨਾਵਾਂ ਕਰਕੇ ਵਿਕਸਿਤ ਹੋਈ ਸੀ। ਨਹਿਰੂ ਕਾਂਗਰਸ ਦੇ ਉੱਘੇ ਰੁਕਨ ਸਨ, ਸਤਿਗੁਰੂ ਜੀ ਦੇਸ਼ ਆਜ਼ਾਦੀ ਲਈ ਚੱਲੀ ਮਹਾਨ ਕੂਕਾ ਲਹਿਰ ਦੇ ਉੱਤਰਾਧਿਕਾਰੀ ਸਨ। 1929-39 ਈ. ਦੇ ਹੰਗਾਮਾ ਭਰੇ ਅਨੇਕ ਮੌਕਿਆਂ 'ਤੇ ਆਪ ਨੇ ਆਪਣੇ ਪੰਥ ਦੀ ਧਿਰ ਕਾਂਗਰਸ ਦੇ ਆਜ਼ਾਦੀ ਪ੍ਰਾਪਤੀ ਦੇ ਯਤਨਾਂ ਨਾਲ ਜੋੜੀ। ਕਾਂਗਰਸ ਲਈ ਕੋਰੇ ਚੈੱਕ 'ਤੇ ਦਸਤਖ਼ਤ ਕਰਨ ਦੀ ਗੱਲ ਵੀ ਕੀਤੀ ਪਰ ਫਿਰ ਵੀ ਵਖਰੇਵੇਂ ਦੋਹਾਂ ਦੀ ਸਮਾਜਿਕ ਆਰਥਿਕ ਪਿੱਠਭੂਮੀ ਵਿਚੋਂ ਵੀ ਉਪਜੇ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਵਿਆਪਕ ਸਮਤਾਮੂਲਕ ਸਿੱਖਿਆ ਦੇ ਪ੍ਰਭਾਵ ਵਿਚੋਂ ਵੀ ਨਿਕਲੇ। ਨਹਿਰੂ ਜੀ ਦਿਲ ਦਿਮਾਗ ਤੋਂ ਸ਼ੁੱਧ ਅੰਗਰੇਜ਼ ਸਨ ਜਦੋਂ ਕਿ ਸਤਿਗੁਰੂ ਜੀ ਭਾਰਤੀ ਸੰਸਕ੍ਰਿਤੀ ਦੇ ਅਲੰਬਰਦਾਰ। ਆਜ਼ਾਦੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੀ ਚਿਤਵੀ 'ਗਊ ਗ਼ਰੀਬ ਦੀ ਰਾਖੀ ਵਾਲੀ' ਆਜ਼ਾਦੀ ਨਾ ਆਉਣ ਕਾਰਨ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਹਿਰੂ ਜੀ ਤੋਂ ਮੋਹਭੰਗ ਹੋਣਾ ਲਾਜ਼ਮੀ ਸੀ। ਸਨੇਹੀ ਜੀ ਨੇ ਇਸਨੂੰ ਬੜਾ ਢੰਗ ਨਾਲ ਸਮੇਟਿਆ ਅਤੇ ਸੂਤਰਬੱਧ ਕੀਤਾ ਹੈ - "ਹੋਰ ਵੀ ਕਿੰਨੀਆ ਗੱਲਾ ਸਨ ਜਿਹਨਾਂ ਵਿਚ ਸਤਿਗੁਰੂ ਜੀ ਦੀ ਵਿਚਾਰਧਾਰਾ ਤੇ ਨੀਤੀਆਂ ਦਾ ਨਹਿਰੂ ਜੀ ਦੀ ਨੀਤੀ ਤੇ ਵਿਚਾਰਧਾਰਾ ਨਾਲ ਵਿਰੋਧ ਸੀ, ਜਿਵੇਂ, ਵਿਦਿਅਕ ਨੀਤੀ, ਸੰਸਕ੍ਰਿਤੀ, ਨਸ਼ਾਬੰਦੀ ਆਦਿ ਜਿਸ ਕਰਕੇ ਜਾਪਦਾ ਹੈ ਬਰਤਾਨਵੀ ਰਾਜ ਸਮੇਂ ਦੀ ਗੰਢੀ ਦੋਸਤੀ, ਸੁਤੰਤਰਤਾ ਪ੍ਰਾਪਤੀ ਪਿੱਛੋਂ ਜੇ ਪੂਰੀ ਤਰ੍ਹਾਂ ਟੁੱਟੀ ਨਹੀਂ ਵੀ ਸੀ, ਤਾਂ ਟੁੱਟਣ ਦੇ ਨੇੜੇ ਜ਼ਰੂਰ ਪਹੁੰਚ ਗਈ ਸੀ।"[4]

ਅਟੱਲ ਪ੍ਰਾਪਤੀ... ਆਗਮਨ ਸ਼ਤਾਬਦੀ ਅੰਕ ਭਾਗ ਦੂਜਾ - 1991 ਈ. ਜੋ 'ਸਤਿਜੁਗ' ਵੱਲੋਂ ਸ੍ਰੀ ਜੀਵਨ ਨਗਰ ਤੋਂ ਹੀ ਪ੍ਰਕਾਸ਼ਿਤ ਹੋਇਆ ਸੀ - ਵਿਚ ਸਨੇਹੀ ਜੀ ਦੀ ਇਕ ਹੋਰ ਮਹੱਤਵਪੂਰਨ ਰਚਨਾ "ਸ੍ਰੀ ਜੀਵਨ ਨਗਰ ਕਿਉਂ ਤੇ ਕਿਵੇਂ ?" ਸਨਖਤਰਾ ਜੀ ਦੀ ਸੰਪਾਦਕੀ ਸਮੇਂ ਪ੍ਰਕਾਸ਼ਿਤ ਹੋਈ ਸੀ। 'ਸਤਿਜੁਗ' ਦੇ ਸ੍ਰੀ ਜੀਵਨ ਨਗਰੋਂ ਛਪਣ

Sri Satguru Jagjit Singh Ji eLibrary NamdhariElibrary@gmail.com

ਦੇ ਇਹ ਅੰਤਿਮ ਦੋ ਤਿੰਨ ਸਾਲ ਹੀ ਸਨ। ਫਿਰ ਇਸ ਦਾ ਪ੍ਰਕਾਸ਼ਨ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਹੋਣਾ ਸ਼ੁਰੂ ਹੋ ਗਿਆ ਸੀ। ਸਨੇਹੀ ਜੀ ਨੇ ਪਹਿਲੇ ਸਤਿਗੁਰੂ ਸਾਹਿਬਾਨ ਦੁਆਰਾ ਵਿਭਿੰਨ ਨਗਰ ਜਿਹਾ ਕਿ ਕਰਤਾਰਪੁਰ, ਚੱਕ ਗੁਰੂ (ਅੰਮ੍ਰਿਤਸਰ), ਕਰਤਾਰਪੁਰ (ਜਲੰਧਰ), ਅਨੰਦਪੁਰ ਆਦਿ ਆਬਾਦ ਕਰਨ ਦੀ ਲੜੀ ਵਿਚ ਹੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੁਆਰਾ ਪੰਜਾਬ-ਰਾਜਸਥਾਨ (ਉਸ ਸਮੇਂ ਰਿਆਸਤ ਬੀਕਾਨੇਰ) ਸੀਮਾ ਤੇ ਸ੍ਰੀ ਜੀਵਨ ਨਗਰ ਵਸਾਉਣ ਦੇ ਸਬੰਧ ਵਿਚ ਹੇਠਲੇ ਕਾਰਨ ਗਿਣਾਏ ਸਨ - "ਕਿਸੇ ਵੀ ਨਗਰ ਦੀ ਸਥਾਪਨਾ ਪਿਛੇ ਸਮੇਂ ਦੀ ਲੋੜ ਮੁੱਖ ਕਾਰਨ ਹੁੰਦਾ ਹੈ। ਨਿਕਟ ਭਵਿਖ ਵਿਚ ਪੈਦਾ ਹੋਣ ਵਾਲੀ ਸੰਕਟ ਸਥਿਤੀ ਦਾ ਅਨੁਮਾਨ ਤੇ ਉਸ ਦਾ ਸਾਹਮਣਾ ਕਰਨ ਦੀ ਵਿਉਂਤਬੰਧ ਦੂਰਦੇਸ਼ੀ, ਸ੍ਰੀ ਜੀਵਨ ਨਗਰ ਦੀ ਸਥਾਪਨਾ ਦਾ ਮੁੱਖ ਉਦੇਸ਼ ਸੀ। ਮਹਾਂ ਪੁਰਖਾਂ ਨੇ ਅੱਗ ਲੱਗਣ ਦੀ ਸੰਭਾਵਨਾ ਨੂੰ ਧਿਆਨ ਵਿਚ ਰੱਖਕੇ ਉਸ ਤੋਂ ਪਹਿਲਾਂ ਹੀ ਖੂਹ ਪੁੱਟ ਲੈਣ ਵਾਲੇ ਵਿਅਕਤੀ ਨੂੰ ਸੁਝਵਾਨ ਵਿਅਕਤੀ ਮੰਨਿਆ ਹੈ। ਸਤਿਗੁਰੂ ਦੀ ਸੂਝ ਬੂਝ ਤੇ ਦੂਰਦੇਸ਼ੀ ਆਮ ਵਿਅਕਤੀ ਨਾਲੋਂ ਕਿਤੇ ਅਗੇਰੇ ਹੁੰਦੀ ਹੈ। ਇਸ ਪੱਖੋਂ ਸ੍ਰੀ ਜੀਵਨ ਨਗਰ ਦੀ ਸਥਾਪਨਾ ਪਿੱਛੇ ਲੁਕੇ ਕਾਰਨ ਨੂੰ ਅਸੀਂ ਦੋ ਰੂਪਾਂ ਵਿਚ ਵਾਚ ਸਕਦੇ ਹਾਂ। ਇਕ ਹੈ 'ਭਾਣਾ' ਤੇ ਦੂਜਾ ਪੰਜਾਬ ਦਾ ਬਟਵਾਰਾ।' ਅੱਗੇ ਆਪ 'ਭਾਣੇ' ਦੀ ਵਿਆਖਿਆ ਇਉਂ ਕਰਦੇ ਹਨ -

'ਭਾਣਾ' ਅਸਲ ਵਿਚ ਅਕਾਲ ਪੁਰਖ ਦੀ ਰਜ਼ਾ ਨੂੰ ਕਿਹਾ ਜਾਂਦਾ ਹੈ, ਪਰ ਨਾਮਧਾਰੀ ਪੰਥ ਵਿਚ ਭਾਣੇ ਤੋਂ ਉਸ ਸੰਕਟ ਸਥਿਤੀ ਦਾ ਭਾਵ ਲਿਆ ਜਾਂਦਾ ਹੈ ਜਿਸ ਵਿਚ ਵਿਸ਼ਵ ਤਬਾਹੀ ਦੀ ਭਵਿੱਖਬਾਣੀ ਕਰਦਿਆਂ ਬੜੀ ਹੀ ਭਿਆਨਕ ਸਥਿਤੀ ਦਾ ਬਿਆਨ ਕੀਤਾ ਗਿਆ ਗ੍ਰੰਥਾਂ ਵਿਚ ਮਿਲਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਵਾਲਸਰ ਯਾਤਰਾ ਦੇ ਪ੍ਰਸੰਗ ਵਿਚ ਇਸ ਭਾਣੇ ਦੇ ਸੰਕੇਤ ਬੜੇ ਸਪਸ਼ਟ ਮਿਲਦੇ ਹਨ।"[5]

ਇਸੇ ਲੇਖ ਵਿਚ ਸਨੇਹੀ ਜੀ ਨੇ ਸ੍ਰੀ ਰਾਮ ਜੀ ਦੁਆਰਾ ਸੀਤਾ ਸਵੰਬਰ ਸਮੇਂ ਧਨੁਖ ਤੋੜੇ ਜਾਣ ਕਾਰਨ ਕਵੀ ਹਿਰਦੇ ਰਾਮ ਭੱਲਾ ਦੁਆਰਾ ਵੀਹ ਹਰ ਘਟਨਾਵਾਂ ਲੰਕਾ ਦਹਿਨ ਆਦਿ ਘਟਿਤ ਹੁੰਦੀਆਂ ਵਿਖਾਕੇ ਜੀਵਨ ਨਗਰ ਦੀ ਸਥਾਪਨਾ ਬਾਅਦ ਵੀ ਨਾਮਧਾਰੀਆਂ ਅਤੇ ਸੱਤਾਧਾਰੀ ਕਾਂਗਰਸ ਵਿਚਾਲੇ ਦੁਖਦਾਈ ਸਬੰਧਾਂ ਦੀ ਲਪੇਟ ਵਿਚ ਆਏ, ਭਾਈ ਘਸੀਟਾ ਸਿੰਘ ਦਾ ਕਤਲ, ਕੰਧਾਰਾ ਸਿੰਘ ਵਰਨ ਦੀ ਫਾਂਸੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦਾ ਦੁਖਦਾਈ ਅਤੇ ਸਮੇਂ ਤੋਂ ਪਹਿਲਾਂ ਵਿਛੋੜਾ ਆਦਿ ਗਿਣਕੇ ਇਸਨੂੰ ਵੀ ਭਾਣੇ ਦੇ ਸੰਕਲਪ ਵਿਚ ਹੀ ਮੂਰਤੀਮਾਨ ਹੁੰਦਾ ਵਿਖਾਇਆ ਹੈ। ਲੇਖਕ ਦੀ ਪੈਨੀ ਦ੍ਰਿਸ਼ਟੀ ਹੀ ਘਟਨਾਵਾਂ ਦੇ ਤੁਲਨਾਤਮਕ ਅਧਿਐਨ ਲਈ ਜ਼ਿੰਮੇਵਾਰ ਹੈ।

ਸਿਰਹਾਲੀ ਪਰਿਵਾਰ ਨਾਲ ਸਬੰਧਿਤ ਕਵੀ ਨਿਰੰਜਨ ਸਿੰਘ 'ਮ੍ਰਿਗੇਸ਼' ਦੀ ਰਚਨਾ "ਸਾਕਾ ਮਲੇਰਕੋਟਲਾ" ਸਨੇਹੀ ਜੀ ਦੀ ਸੁਯੋਗ ਸੰਪਾਦਨਾ ਹੇਠ ਮ੍ਰਿਗੇਸ਼ ਪਰਿਵਾਰ, ਅੰਮ੍ਰਿਤਸਰ ਖੁਰਦ (ਹਰਿਆਣਾ) ਨੇ 2005 ਈ. ਵਿਚ ਪ੍ਰਕਾਸ਼ਿਤ ਕੀਤੀ। ਇਸ ਵਿਚ ਸਨੇਹੀ ਜੀ ਦੇ ਦੋ ਆਰਟੀਕਲ ਬੇਸ਼ਕੀਮਤੀ ਹਨ। ਪਹਿਲਾ 'ਸਾਕਾ ਮਲੇਰਕੋਟਲਾ ਤੇ ਇਤਿਹਾਸਕਾਰ' ਅਤੇ ਦੂਜਾ 'ਮ੍ਰਿਗੇਸ਼' ਕਵੀ ਰਚਿਤ ਸਾਕਾ ਮਲੇਰਕੋਟਲਾ ਦਾ ਸੰਖੇਪ ਆਲੋਚਨਾਤਮਕ ਅਧਿਐਨ'। ਪਹਿਲੇ ਲੇਖ ਵਿਚ ਸਨੇਹੀ ਜੀ ਇਸ ਗੱਲ ਨੂੰ ਬੜੀ ਨਿਡਰਤਾ ਅਤੇ ਦਲੇਰੀ ਨਾਲ ਸਿੱਧ ਕਰਦੇ ਹਨ ਕਿ ਨਾਮਧਾਰੀਆਂ ਦਾ ਇਤਿਹਾਸ ਉਹਨਾਂ ਤੋਂ ਬੇਹਤਰ ਹੋਰ ਕਿਹੜਾ ਲਿਖ ਸਕਦਾ ਹੈ। ਭਾਵੇਂ ਇਸ ਵਿਚ ਕੁਝ ਅਤਿਕਥਨੀ/ਅਤਿਸਜੋਕਤੀ ਵੀ ਹੋ ਸਕਦੀ ਹੈ ਫਿਰ ਵੀ ਸਨੇਹੀ ਜੀ ਦੀਆਂ ਦਲੀਲਾਂ ਅਕੱਟ ਹਨ - "ਸਿੱਖਾਂ ਦੀ ਇਹ ਬਦਕਿਸਮਤੀ ਰਹੀ ਕਿ ਉਹ ਇਤਿਹਾਸ ਬਣਾਉਣ ਵਿਚ ਤਾਂ ਸਿਰ ਧੜ ਦੀ ਬਾਜ਼ੀ ਲਾ ਕੇ ਵੀ ਲੱਗੇ ਰਹੇ ਪਰ ਇਨੀ ਮਿਹਨਤ ਨਾਲ ਤੇ ਲਹੂ ਡੋਲ੍ਹ ਕੇ ਬਣਾਏ ਹੋਏ ਇਤਿਹਾਸ ਨੂੰ ਕਲਮਬੰਦ ਕਰਨ ਦਾ ਬਹੁਤਾ ਕੰਮ ਗ਼ੈਰ ਸਿੱਖਾਂ ਜਾਂ ਵਿਰੋਧੀਆਂ ਤੇ ਛੱਡਦੇ ਰਹੇ। ਇਸ ਦਾ ਇਕ ਕਾਰਣ ਇਹ ਵੀ ਹੈ ਕਿ ਇਤਿਹਾਸ ਲਿਖਣ ਦੀ ਕਲਾ ਦੀ ਗੱਲ ਤਾਂ ਕਿਤੇ ਰਹੀ ਸਿੱਖ ਤਾਂ ਤਵਾਰੀਖ ਤੋਂ ਹੀ ਅਨਜਾਣ ਸਨ। ਸਿੱਖ ਇਤਿਹਾਸ ਨੂੰ ਸਮਰਪਿਤ ਇਕ ਹੋਰ ਪ੍ਰੇਮੀ ਨੇ ਗਿਆਨੀ ਜੀ (ਗਿ. ਗਿਆਨ ਸਿੰਘ) ਤੋਂ ਮਗਰੋਂ ਵੀ ਅਜਿਹਾ ਕੌੜਾ ਸੱਚ ਹੀ ਬਿਆਨ ਕਰਦਿਆਂ ਲਿਖਿਆ ਹੈ, "ਅਸੀਂ ਬੜੇ ਦੂਰ ਬੈਠੇ ਹਾਂ ਤੇ ਅਵੇਸਲੇ ਬੈਠੇ ਹਾਂ ਤੇ ਸਮਝ ਰਹੇ ਹਾਂ ਕਿ ਅਸੀਂ ਮੰਜ਼ਿਲ ਮਾਰੀ ਬੈਠੇ ਹਾਂ। ਸੱਚ ਇਹ ਹੈ ਕਿ ਅਸਾਂ ਅਜੇ ਤੱਕ ਇਤਿਹਾਸ ਦੇ ਦਰਸ਼ਨ ਵੀ ਨਹੀਂ ਕੀਤੇ।"

Sri Satguru Jagjit Singh Ji eLibrary NamdhariElibrary@gmail.com

ਇਸੇ ਕਰਕੇ ਸਿੱਖਾਂ ਨਾਲ ਅਨਿਆਇ ਹੋਣਾ ਸੁਭਾਵਕ ਵੀ ਸੀ ਤੇ ਜ਼ਰੂਰੀ ਵੀ।" ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਕੌਮੀ ਇਤਿਹਾਸ ਨੂੰ ਉਸ ਕੌਮ ਦਾ ਬੰਦਾ ਹੀ ਠੀਕ ਲਿਖ ਸਕਦਾ ਹੈ। ਦੂਜੀ ਕੌਮ ਦਾ ਆਦਮੀ ਅੰਦਰਲੀਆਂ ਗੱਲਾਂ ਨੂੰ ਸਮਝ ਹੀ ਨਹੀਂ ਸਕਦਾ।" ਗਰੈਂਡ ਡਫ ਨੇ ਮਰਹੱਟਿਆਂ ਦਾ ਇਤਿਹਾਸ ਲਿਖਿਆ ਤੇ ਸੁਹਣਾ ਲਿਖਿਆ ਪਰ ਮਰਹੱਟਾ ਆਦਰਸ਼ ਨੂੰ ਉਹ ਸਮਝ ਨਾ ਸਕਿਆ।" ਇਹੋ ਵਿਚਾਰ ਗਿਆਨੀ ਗਿਆਨ ਸਿੰਘ ਦੇ ਸਨ।"

ਸਨੇਹੀ ਜੀ ਨੂੰ ਗਿਲਾ ਹੈ ਕਿ ਅੰਗਰੇਜ਼ਾਂ ਨੇ ਤਾਂ ਆਪਣੇ ਘੋਸ਼ਿਤ ਸ਼ੱਤਰੂਆਂ ਕੂਕਿਆਂ ਦਾ ਇਤਿਹਾਸ ਵਿਗਾੜਣਾ ਹੀ ਸੀ, ਹੁਣ ਕੁਝ ਆਪਣੇ ਵੀ ਇਸੇ 'ਨੇਕ ਕੰਮ' ਵਿਚ ਜੁਟੇ ਹਨ। ਉਹ ਗਿਆਨੀ ਹੀਰਾ ਸਿੰਘ ਦਰਦ ਹੋਰਾਂ ਦੇ ਹਵਾਲੇ ਨਾਲ ਉਨ੍ਹਾਂ ਦੀ ਪੁਖ਼ਤਾ ਰਾਇ ਇਉਂ ਦਰਜ ਕਰਦੇ ਹਨ – "ਪਰ ਜਿਨ੍ਹਾਂ ਕੌਮਾਂ ਦੇ ਇਤਿਹਾਸ ਅਲੋਪ ਹੋ ਜਾਂਦੇ ਹਨ ਜਾਂ ਉਨ੍ਹਾਂ ਵਿਚ ਮਿਲਾਵਟ ਕਰਕੇ ਵਿਗਾੜ ਦਿਤੇ ਜਾਂਦੇ ਹਨ ਜਾਂ ਉਂਗਰ ਦੁੰਗਰ ਜਾਂ ਨਿਰੀ ਸ਼ਰਧਾ ਭਗਤੀ ਨਾਲ ਲਿਖੇ ਜਾਂਦੇ ਹਨ, ਉਹ ਕੌਮਾਂ ਅਵਨਤੀ ਦੀਆਂ ਖੱਡਾਂ ਵਿਚ ਹੀ ਧੱਕੇ ਖਾਂਦੀਆਂ ਰਹਿੰਦੀਆਂ ਹਨ।"

ਦੂਸਰੇ ਆਰਟੀਕਲ ਵਿਚ ਇਸ ਸਾਕੇ ਨੂੰ ਭਾਰਤੀ ਕਾਵਿ ਪਰੰਪਰਾ, ਪਿੰਗਲ ਛੰਦ-ਵਿਧਾਨ ਆਦਿ ਦੇ ਸਰੂਪ ਵਿਚ ਰੱਖ ਕੇ ਸਨੇਹੀ ਜੀ ਨੇ ਪਰਖਣ ਨਿਰਖਣ ਦਾ ਸਫ਼ਲ ਉਪਰਾਲਾ ਕੀਤਾ ਹੈ ਅਤੇ 266 ਪਾਦ ਟਿੱਪਣੀਆਂ ਨਾਲ ਮੂਲ ਰਚਨਾ ਦੀ ਅਮੀਰੀ ਨੂੰ ਹੋਰ ਵਿਸਥਾਰਿਆ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਨੇਹੀ ਜੀ ਦਾ ਲਿਖਿਆ ਅਵਤਾਰ ਸਿੰਘ ਆਜ਼ਾਦ – ਜੀਵਨ ਤੇ ਰਚਨਾ – ਮੋਨੋਗ੍ਰਾਫ਼ 1992 ਈ. ਵਿਚ ਪ੍ਰਕਾਸ਼ਿਤ ਹੋਇਆ ਹੈ। ਸਨੇਹੀ ਵੀ ਆਜ਼ਾਦ ਹੋਰਾਂ ਤੋਂ ਥਾਪੜਾ ਹਾਸਲ ਕਰ ਚੁੱਕਿਆ ਸੀ ਕਿਉਂ ਕਿ ਵਿਦਿਆਰਥੀ ਜੀਵਨ ਸਮੇਂ ਜਲੰਧਰ ਰਹਿਣ ਵੇਲੇ ਉਹ ਆਜ਼ਾਦ ਜੀ ਦੇ ਲੜਕੇ ਦਾ ਸਹਿਪਾਠੀ ਰਹਿ ਚੁਕਾ ਸੀ। ਉਮਰ ਵਿਚ ਭਾਵੇਂ ਢੇਰ ਫ਼ਰਕ ਸੀ ਪਰ ਇਕ ਹੋਰ ਗੁਣ ਸਨੇਹੀ ਤੇ ਆਜ਼ਾਦ ਵਿਚ ਸਾਂਝਾ ਸੀ – ਸਮੇਂ ਸਮੇਂ ਨਾਮਧਾਰੀ ਪਰਚੇ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਦੀ ਤਿਆਰੀ ਸਮੇਂ ਦੋਹਾਂ ਨੇ ਹੀ ਵੱਖ-ਵੱਖ ਸਮੇਂ 'ਮਹਿਮਾਨ ਸੰਪਾਦਕ' ਦੀ ਸੇਵਾ ਨਿਭਾਈ ਸੀ। ਸਨੇਹੀ ਨਾਮਧਾਰੀ ਸੀ ਅਤੇ ਆਜ਼ਾਦ ਨਾਮਧਾਰੀਆਂ ਤੋਂ ਬਹੁਤ ਪ੍ਰਭਾਵਿਤ ਸੀ। ਇਸ ਲਈ ਆਜ਼ਾਦ ਜੀ ਬਾਰੇ ਲਿਖਦਿਆਂ ਸਨੇਹੀ ਦੀ ਕਲਾ ਕੌਸ਼ਲ ਬੁਲੰਦੀਆਂ ਛੂੰਹਦਾ ਪ੍ਰਤੀਤ ਹੋ ਰਿਹਾ ਹੈ। ਸੁਣ ਸੁਣਾਕੇ ਲਿਖਣਾ ਅਤੇ ਜਿਸ ਵਿਅਕਤੀ ਦੀ ਬਜ਼ੁਰਗਾਨਾ ਤੇ ਵਿਦਵਾਨਾਂ ਵਾਲੀ ਸ਼ਖ਼ਸੀਅਤ ਦੇ ਕੋਲੋਂ ਹੋ ਕੇ ਦਰਸ਼ਨ ਦੀਦਾਰੇ ਕੀਤੇ ਹੋਣ, ਉਸ ਬਾਰੇ ਲਿਖਣਾ ਵੱਖਰੀ ਗੱਲ ਬਣ ਜਾਂਦੀ ਹੈ। ਅਵਤਾਰ ਸਿੰਘ ਆਜ਼ਾਦ ਪੰਜਾਬੀ ਸਾਹਿਤ ਜਗਤ ਦੀ ਇਕ ਵਿਲੱਖਣ ਸ਼ਖ਼ਸੀਅਤ ਸਨ। ਸਤਿਗੁਰੂ ਸਾਹਿਬਾਨ ਅਤੇ ਪੰਜਾਬ ਦੇ ਲੋਕ ਨਾਇਕਾਂ ਬਾਰੇ ਉਹਨਾਂ ਦੇ ਮਹਾਂਕਾਵਿ ਬੇਜੋੜ ਹਨ। ਪੰਜਾਬੀ ਪੱਤਰਕਾਰਤਾ ਵਿਚ ਦੇਸ਼ ਭਗਤੀ ਵਾਲੀਆਂ ਬੇਬਾਕ ਲਿਖਤਾਂ ਲਈ ਉਹਨਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਹਨਾਂ ਦੀ ਕਵਿਤਾ ਦਾ ਸਰੋਤੀ ਅੰਸ਼ ਕਿਤੇ ਨਾ ਕਿਤੇ ਨਾਮਧਾਰੀ ਜਥੇਦਾਰਾਂ ਦੇ ਗੁਰਬਾਣੀ ਆਧਾਰਿਤ ਕੀਰਤਨ ਵਾਲੇ ਪਿਛੋਕੜ ਨਾਲ ਵੀ ਜਾ ਜੁੜਦਾ ਹੈ। ਇਸ ਪ੍ਰਣਾਲੀ ਵਿਚ ਆਜ਼ਾਦ ਹੋਰਾਂ ਦਾ ਸਥਾਨ 'ਸਨੇਹੀ' ਨੇ ਇਉਂ ਸੁਨਿਸ਼ਚਿਤ ਕੀਤਾ ਹੈ। – "ਸੰਤ ਸੁੰਦਰ ਸਿੰਘ ਪੂੰਗਾਂ ਵਾਲੇ ਤੇ ਸੰਤ ਲਾਲ ਸਿੰਘ ਭੂਰੇ ਗਿੱਲਾਂ ਵਾਲੇ ਦੇ ਕੀਰਤਨ ਤੋਂ ਅਵਤਾਰ ਸਿੰਘ ਬੜਾ ਪ੍ਰਭਾਵਤ ਸੀ। ਕੀਰਤਨ ਵਿਚ ਉਸਦੀ ਦਿਲਚਸਪੀ ਦਾ ਅਸਲ ਕਾਰਨ ਇਹਨਾਂ ਸੰਤਾਂ ਦੇ ਕੀਰਤਨ ਦਾ ਰਸਮਈ ਹੋਣਾ ਹੀ ਸਮਝਿਆ ਜਾ ਸਕਦਾ ਹੈ। ਕੀਰਤਨ ਸੰਬੰਧੀ ਆਪਣੇ ਉਦਗਾਰ ਪ੍ਰਗਟ ਕਰਦਿਆਂ ਉਹ ਲਿਖਦਾ ਹੈ, "ਮੈਂ ਵੇਖਿਆ ਹੈ ਅਸਲ ਕੀਰਤਨ ਦਾ ਸੁਆਦ ਤਦੇ ਹੀ ਆ ਸਕਦਾ ਹੈ, ਜੇਕਰ ਕੀਰਤਨ ਕਰਨ ਵਾਲਾ ਕੀਰਤਨੀਆ ਸੱਜਣ ਸ਼ਬਦ ਦੇ ਅਰਥਾਂ ਵਿਚ ਗੜੂੰਦ ਹ ਕੇ ਕੀਰਤਨ ਕਰ ਰਿਹਾ ਹੋਵੇ ਅਤੇ ਉਹ ਕੀਰਤਨ ਸੁਆਦ ਨਾਲ ਭਰਪੂਰ ਹੋ ਗਿਆ ਹੋਵੇ।" ਨਾਮਧਾਰੀਆਂ ਵੱਲੋਂ ਕੀਰਤਨ ਦੀ ਪੁਰਾਤਨ ਗੁਰ ਰੀਤੀ ਦੀ ਕੀਤੀ ਗਈ ਸੰਭਾਲ ਨੂੰ ਉਹ ਉਨ੍ਹਾਂ ਵੱਲੋਂ ਸਿੱਖੀ ਨੂੰ ਦਿੱਤੀ ਗਈ ਮਹਾਨ ਦੇਣ ਸਮਝਦਾ ਸੀ ਤੇ ਨਾਮਧਾਰੀ ਸਮਾਗਮਾਂ ਵਿਚ ਹੁੰਦੇ ਕੀਰਤਨ ਨੂੰ ਅਖੰਡ ਕੀਰਤਨ, ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰ ਤੇ ਦੀਵਾਨਾਂ ਵਿਚ ਹੁੰਦਾ ਸੀ। "ਨਾਮਧਾਰੀ ਦੀਵਾਨਾਂ ਵਿਚ ਅਖੰਡ ਕੀਰਤਨ ਹੁੰਦਾ ਹੈ ਜਿਸ ਵਿਚ... ਨਾਮਧਾਰੀਆਂ ਨੇ ਇਸ ਪਰੰਪਰਾ ਨੂੰ ਅੱਗੇ

Sri Satguru Jagjit Singh Ji eLibrary NamdhariElibrary@gmail.com

ਤੋਰਿਆ ਹੈ, ਵਿਸ਼ੇਸ਼ ਕਰਕੇ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਗੁਰਮਤ ਸੰਗੀਤ ਕਾਨਫਰੰਸਾਂ ਕਰ ਕੇ ਇਸ ਦੀ ਵਡਿਆਈ ਨੂੰ ਉਜਾਗਰ ਕਰਨ ਦਾ ਭਰਪੂਰ ਜਤਨ ਵੀ ਕੀਤਾ ਹੈ।"[7]

ਸਨੇਹੀ ਜੀ ਦੇ ਮੁਤਾਬਿਕ ਸਿੱਖੀ ਅਤੇ ਸਤਿਗੁਰੂ ਸਾਹਿਬਾਨ ਵਿਚ ਪੂਰਨ ਵਿਸ਼ਵਾਸ ਰੱਖਣ ਵਾਲਾ 'ਆਜ਼ਾਦ' ਸਿੱਖ ਰਹੁਰੀਤਾਂ ਵੱਲੋਂ ਵੀ ਕਦੇ ਕਦੇ ਆਜ਼ਾਦ ਹੋ ਜਾਂਦਾ ਸੀ। ਇਸ ਮੌਜੀ ਤਬੀਅਤ ਦਾ ਜੀਵਨ ਵਿਚ ਉਸਨੂੰ ਨੁਕਸਾਨ ਵੀ ਹੋਇਆ ਅਤੇ ਅਖ਼ਬਾਰਾਂ ਵਿਚ ਉਸਦੇ ਪਤਿਤ ਹੋਣ ਦੀ ਚਰਚਾ ਜਦੋਂ ਜ਼ੋਰਾਂ 'ਤੇ ਸੀ ਤਾਂ ਉਸਦੇ ਕਿਸੇ ਹਮਦਰਦ ਦੇ ਇਹ ਲਿਖਣ ਤੇ ਕਿ ਉਹ ਸਾਬਤ ਸੂਰਤ ਹੈ, ਪੁਰਾਣੀ ਫੋਟੋ ਛਾਪ ਦਿੱਤੀ ਸੀ, ਉਸ ਮਿੱਤਰ ਨੂੰ ਹੁਣ ਹੇਠੀ ਤੋਂ ਬਚਾਉਣ ਲਈ ਆਜ਼ਾਦ ਹੋਰਾਂ ਨੂੰ ਕਈ ਮਹੀਨੇ ਸ੍ਰੀ ਭੈਣੀ ਸਾਹਿਬ ਦਾ 'ਗੁਪਤ ਵਾਸ' ਵੀ ਕੱਟਣਾ ਪਿਆ ਤਾਂ ਕਿ 'ਸਾਬਤ ਸੂਰਤ' ਹੋ ਕੇ ਉਹ ਬਾਹਰਲੇ ਸਿੱਖ ਸੰਸਾਰ ਵਿਚ ਪ੍ਰਗਟ ਹੋ ਸਕਣ।

ਆਜ਼ਾਦ ਦੇ ਰਚਨਾ ਸੰਸਾਰ ਅਤੇ ਨਿਜੀ ਜੀਵਨ ਵਿਚ 'ਸਨੇਹੀ' ਨੂੰ ਕੋਈ ਦਵੰਦ ਨਜ਼ਰ ਨਹੀਂ ਆਉਂਦਾ। ਉਹ ਲਿਖਦਾ ਹੈ – "ਸਾਡੀ ਜਾਚੇ ਅਸਲੀਅਤ ਇਹ ਸੀ ਕਿ ਅਵਤਾਰ ਸਿੰਘ ਜੇਲ੍ਹਾਂ ਕੱਟਣ ਤੇ ਫਾਕਾਂ ਖਾਣ ਵਾਲਾ ਕਵੀ ਸੀ, ਜਿਸ ਦੀਆਂ ਦੋ ਪੁਸਤਕਾਂ ... ਸਰਕਾਰ ਨੇ ਲੋਕਾਂ ਦੇ ਹੱਥਾਂ ਵਿਚ ਜਾਣ ਤੋਂ ਇਸ ਕਰਕੇ ਰੋਕ ਲਈਆਂ ਸਨ ਕਿ ਉਹ ਜਨ-ਸਾਧਾਰਨ ਨੂੰ ਵੀ 'ਕੁਰਾਹੇ' ਪਾ ਦੇਣਗੀਆਂ। ਦੂਜੇ ਕਿਰਤੀ ਸਾਥੀਆਂ ਵਾਂਗ ਉਹ ਸਾਰੀ ਉਮਰ ਭੁੱਖ ਨਾਲ ਜੂਝਦਾ ਰਿਹਾ, ਉਸ ਦੀਆਂ ਪਤਨੀਆਂ ਸਮੇਤ ਪਰਿਵਾਰ ਦੇ ਕਈ ਜੀਅ ਕੇਵਲ ਇਸੇ ਕਰਕੇ ਸਦਾ ਲਈ ਵਿਛੜ ਗਏ ਕਿ ਉਨ੍ਹਾਂ ਦੇ ਘਰ ਵਿਚ ਪੈਸੇ ਦੀ ਅਣਹੋਂਦ ਕਾਰਨ, ਉਹ ਉਨ੍ਹਾਂ ਦਾ ਇਲਾਜ ਕਰਵਾਉਣ ਦੀ ਥਾਂ ਉਨ੍ਹਾਂ ਨੂੰ ਵਿਲਕਦਿਆਂ ਦਮ ਤੋੜਦਿਆਂ ਦੇਖਣ ਲਈ ਮਜਬੂਰ ਸੀ। ਇੱਥੋਂ ਤੱਕ ਕਿ ਪਿੱਛੋਂ ਜਾ ਕੇ ਉਸਦਾ ਆਪਾ ਵੀ ਇਸੇ ਗੱਲ ਦਾ ਸ਼ਿਕਾਰ ਹੋਇਆ ਸੀ। ਉਸ ਦੇ ਜੀਵਨ ਦਾ ਇਸ ਤੋਂ ਵੱਡਾ ਹੋਰ ਦੁਖਾਂਤ ਕੀ ਹੋ ਸਕਦਾ ਸੀ ?"[9]

ਸਾਹਿਤ ਸ਼ਾਸਤਰੀ ਅਤੇ ਇਤਿਹਾਸਕਾਰ ਸੁਵਰਨ ਸਿੰਘ ਸਨੇਹੀ ਦੇ ਨਾਮਧਾਰੀ ਇਤਿਹਾਸ – ਸਾਹਿਤ ਦੇ ਸਬੰਧ ਵਿਚ ਕਰਨ ਵਾਲੇ ਹੋਰ ਵਡੇਰੇ ਕਾਰਜ ਉਸ ਦੇ ਸਾਹਮਣੇ ਹਨ। ਉਸ ਦੀਆਂ ਆਪਣੀਆਂ ਜੀਵਨ ਹਾਲਤਾਂ ਕੁਝ ਕੁ ਆਜ਼ਾਦ ਸਾਹਿਬ ਨਾਲ ਮੇਲ ਖਾਂਦੀਆਂ ਹਨ। ਪਰ ਉਹ ਖ਼ੁਦਦਾਰ ਵਿਅਕਤੀ ਹੈ। ਜ਼ਿੰਦਗੀ ਦੀਆਂ ਤਲਖ਼ੀਆਂ ਨੂੰ ਜਿਸ ਕਦਰ ਉਹਨੇ ਹੰਢਾਇਆ ਹੈ ਇਸੇ ਕਾਰਨ ਕਈਆਂ ਨੂੰ ਉਸਦਾ ਕੌੜਾ ਸੱਚ ਰਾਸ ਨਹੀ ਆਉਂਦਾ। ਪਰ ਇਹ ਅਲਬੇਲਾ ਲੇਖਕ, ਜਿਸ ਨੂੰ ਮੈਂ ਨਾਮਧਾਰੀ ਜਗਤ ਦਾ ਵਿਸ਼ਵਕੋਸ਼ ਆਖਣ ਦੀ ਜੁਰਅਤ ਕਰ ਰਿਹਾ ਹਾਂ, ਉਸ ਨੂੰ ਸੰਭਾਲਣਾ ਆਪਣੀ ਕੌਮੀ ਧਰੋਹਰ ਨੂੰ ਸੰਭਾਲਣ ਦੇ ਤੁੱਲ ਹੋਵੇਗਾ।

ਫੁੱਟ ਨੋਟ:

1. ਸਤਿਜੁਗ – ਵਿਸਾਖੀ ਅੰਕ – ਸ੍ਰੀ ਜੀਵਨ ਨਗਰ – 1967 ਈ. ਸਫ਼ਾ 43-44
2. ਸਤਿਜੁਗ – ਪ੍ਰਕਾਸ਼ ਦਿਵਸ ਸ਼ਤਾਬਦੀ ਅੰਕ, ਸ੍ਰੀ ਜੀਵਨ ਨਗਰ – 1972 ਈ. ਸਫ਼ਾ 19-20
3. ਸਤਿਜੁਗ – ਬਸੰਤ ਅੰਕ ਸ੍ਰੀ ਜੀਵਨ ਨਗਰ – 1987 ਈ. ਸਫ਼ਾ 49
4. ਸਤਿਜੁਗ – ਅਟੱਲ ਪ੍ਰਾਪਤੀ ਆਗਮਨ ਸ਼ਤਾਬਦੀ ਅੰਕ – 1990 ਈ. ਸਫ਼ਾ 98
5. ਸਤਿਜੁਗ – ਆਗਮਨ ਸ਼ਤਾਬਦੀ ਅੰਕ, ਭਾਗ 2 – 1991 ਈ. ਸਫ਼ਾ 9-10
6. ਸਾਕਾ ਮਲੇਰਕੋਟਲਾ – ਅੰਮ੍ਰਿਤਸਰ ਗੁਰਦੇਵ (ਲੁਧਿਆਣਾ) 2005 ਈ. ਸਫ਼ਾ 8-9
7. ਉਪਰੋਕਤ – ਸਫ਼ਾ 12
8. ਅਵਤਾਰ ਸਿੰਘ ਆਜ਼ਾਦ – ਸੁਵਰਨ ਸਿੰਘ ਸਨੇਹੀ – ਪੰਜਾਬੀ ਯੂਨੀਵਰਸਿਟੀ, ਪਟਿਆਲਾ ਸਫ਼ਾ 10
9. ਉਪਰੋਕਤ – 75

Sri Satguru Jagjit Singh Ji eLibrary NamdhariElibrary@gmail.com

ਗੱਦਕਾਰ ਪ੍ਰੋ. ਤਾਰਾ ਸਿੰਘ ਅਨਜਾਣ

ਤਾਰਾ ਸਿੰਘ ਅਨਜਾਣ, ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਲਗਪਗ ਚਾਰ ਦਹਾਕਿਆਂ ਤੋਂ ਵੱਸਣ ਵਾਲਾ, ਪੰਜਾਬੀ ਦਾ ਬਹੁ ਅਯਾਮੀ ਲੇਖਕ ਹੈ। ਉਹ ਬਹੁ ਅਯਾਮੀ ਲੇਖਕ ਹੀ ਨਹੀਂ ਸਗੋਂ ਬਹੁ ਅਯਾਮੀ ਪ੍ਰਤਿਭਾ ਵੀ ਹੈ। ਉਹ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਦਿਲੀ ਤੋਂ ਛਪਦੇ ਸਪਤਾਹਿਕ (ਤ੍ਰੈਭਾਸ਼ੀ-ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗ੍ਰੇਜ਼ੀ) ਪਰਚੇ 'ਸਤਿਜੁਗ' ਦਾ ਹਕੀਕੀ ਸੰਪਾਦਕ ਵੀ ਹੈ। ਦਰਬਾਰ ਦਾ ਜ਼ਿੰਮੇਵਾਰ ਸੇਵਾਦਾਰ ਵੀ ਹੈ। ਪੰਜਾਬੀ ਦਾ ਕਵੀ, ਕਹਾਣੀਕਾਰ, ਜੀਵਨੀ ਲੇਖਕ, ਇਤਿਹਾਸ ਲੇਖਕ ਅਤੇ ਸੁਖੇਨ ਸਫਲ ਨਿਬੰਧਕਾਰ ਵੀ ਹੈ। ਦਿੱਲੀ ਵਿਚ ਪੰਜਾਬੀ ਭਾਸ਼ਾ ਦੇ ਅਧਿਆਪਨ ਕਾਰਜ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਣ ਕਾਰਨ, ਪਠਨ ਪਾਠਨ ਦੀਆਂ ਬਰੀਕੀਆਂ ਨੂੰ ਗਹੁ ਨਾਲ ਘੋਖਣ ਪੜਤਾਲਣ ਕਾਰਨ ਇਕ ਸਫਲ ਸਿੱਖਿਆ ਸਾਮਗਰੀ ਦੇ ਮੁਕਾਮ ਤੇ ਵੀ ਪੁੱਜ ਗਿਆ ਹੈ। ਪੰਜਾਬੀ ਭਾਸ਼ਾ ਦਾ ਪੱਕਾ ਮੁੱਢ ਬੰਨ੍ਹਣ ਵਾਸਤੇ ਵਿਆਕਰਣ ਦਾ ਵੀ ਮਾਹਿਰ ਹੈ। ਸਾਊ, ਸੁਘੜ ਅਤੇ ਬੜਾ ਬੀਬਾ ਸੱਜਣ ਹੁੰਦਿਆਂ ਵਿਨਮਰ ਸ਼ਖਸੀਅਤ ਦਾ ਸੁਆਮੀ ਹੈ। ਤਾਰਾ ਸਿੰਘ ਅਨਜਾਣ ਦੀਆਂ ਇਹ ਸਾਰੀਆਂ ਪ੍ਰਾਪਤੀਆਂ ਰਾਤੋਂ ਰਾਤ ਉਸ ਦੀ ਝੋਲੀ ਵਿਚ ਨਹੀਂ ਪੈ ਗਈਆਂ। ਇਸ ਲਈ ਉਸ ਨੇ ਵਰ੍ਹਿਆਂ ਲੰਮੀ ਸਿਰੜੀ ਸਾਧਨਾ ਦਾ ਪੈਂਡਾ ਤਹਿ ਕੀਤਾ ਹੈ। ਉਸ ਦੀ ਕੰਡ 'ਤੇ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਮਾਈ ਨਾਲ ਪਰਿਵਾਰ ਦੀ ਉਦਰ ਪੂਰਤੀ ਕਰਨ ਵਾਲੇ ਗੁਰਸਿੱਖ ਨਾਮਧਾਰੀ ਮਾਤਾ ਪਿਤਾ ਦਾ ਥਾਪੜਾ ਰਿਹਾ ਹੈ ਤਦੇ ਤਾਂ ਮਾਇਆਵਾਦੀ ਨਜ਼ਾਮ ਵਿਚ ਵੀ ਉਹ ਪੈਸੇ ਦੀ ਚੂਹਾ ਦੌੜ ਵਿਚ ਸ਼ਾਮਿਲ ਨਹੀਂ ਹੋਇਆ ਹੈ। ਉਸਨੇ ਪੱਛਮੀ ਪੰਜਾਬ ਦੇ ਤਦੋਂਕੇ ਜ਼ਿਲ੍ਹਾ ਲਾਹੌਰ ਦੀ ਰਾਇਵਿੰਡ ਮੰਡੀ ਵਿਚ ਬਾਪੂ ਭਗਤ ਸਿੰਘ ਅਤੇ ਬੇਬੇ ਸੰਤ ਕੌਰ ਦੇ ਪਰਿਵਾਰ ਵਿਚ ੪ ਅਕਤੂਬਰ ੧੯੪੪ ਈ. ਨੂੰ ਅੱਖਾਂ ਖੋਹਲੀਆਂ ਸਨ। ਇਹ ਪਰਿਵਾਰ ਸਾਧ ਸੇਵੀ ਸੀ ਜਿੱਥੇ ਆਸ ਪਾਸ ਦੇ ਪਿੰਡਾਂ ਦੀਆਂ ਨਾਮਧਾਰੀ ਸੰਗਤਾਂ ਦੇ ਕਮਰ ਕੱਸੇ ਖੁੱਲ੍ਹਦੇ ਰਹਿੰਦੇ। ਮਾਤਾ ਦਾ ਪੇਕਾ ਪਿੰਡ ਵੀ ਜ਼ਿਲ੍ਹਾ ਲਾਹੌਰ ਵਿਚ ਹੀ ਸੁਲਤਾਨ ਕੇ ਦੇ ਨਾਲ ਮੁਹੰਮਦੀਪੁਰ ਸੀ। ਬਾਲ ਤਾਰਾ ਸਿੰਘ ਨੇ ਆਪਣੇ ਸੰਸਕਾਰਾਂ ਨਾਲ ਐਸੀ ਪੀਡੀ ਗੰਢ ਪਾਈ ਕਿ ਅੱਜ ਵੀ ਉਹ ਆਪਣੇ ਸਤਿਗੁਰੂ ਦੇ ਦੱਸੇ ਮਾਰਗ ਤੇ ਨਿਰੰਤਰ ਗਤੀਸ਼ੀਲ ਹੈ। ਦੇਸ਼ ਦੀ ਵੰਡ ਤੋਂ ਬਾਅਦ, ਉਹ ਜ਼ਿਲ੍ਹਾ ਲਾਹੌਰ ਦੀਆਂ ਨਾਮਧਾਰੀ ਸੰਗਤਾਂ ਨਾਲ ਉਸ ਵੇਲੇ ਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਨਵ-ਸਥਾਪਿਤ ਇਲਾਕਾ ਸ੍ਰੀ ਜੀਵਨ ਨਗਰ ਦੇ ਪਿੰਡ ਕਰੀਵਾਲਾ ਵਿਚ ਆ ਟਿਕੇ। ਫਿਰ ਮੰਡੀ ਦੇ ਮਕਾਨਾਂ ਦਾ ਕਲੇਮ ਵਗੈਰਾ ਮਿਲਣ ਬਾਅਦ ਉਹ ਸਿਰਸਾ ਸ਼ਹਿਰ ਵਿਚ ਹੀ ਵੱਸ ਗਏ ਜਿੱਥੇ ਉਹਨਾਂ ਦੇ ਹੋਰ ਬਹੁਤ ਸਾਰੇ ਸਬੰਧੀ ਵੀ ਟਿਕ ਗਏ ਸਨ। ਤਾਰਾ ਸਿੰਘ ਅਨਜਾਣ ਨੇ ਆਪਣਾ ਸਾਹਿਤਕ ਸਫ਼ਰ ੧੯੬੬ ਈ. ਵਿਚ ਸਿਰਸਾ ਤੋਂ ਸ਼ੁਰੂ ਹੋਣ ਵਾਲੇ ਇਕ ਪੰਜਾਬੀ ਮਾਸਿਕ ਪਰਚੇ, "ਚਿੱਟੇ ਕਾਂ" ਤੋਂ ਸ਼ੁਰੂ ਕੀਤਾ। ਉਂਝ ਉਹ ਸ੍ਰੀ ਜੀਵਨ ਨਗਰ ਤੋਂ ਛਪਣ ਵਾਲੇ ਪਰਚੇ "ਸਤਿਜੁਗ" ਅਤੇ ਨਵਾਂ ਹਿੰਦੁਸਤਾਨ ਵਿਚ ਵੀ ਆਪਣੇ ਵਿਦਿਆਰਥੀ ਕਾਲ ਤੋਂ ਹੀ ਲਿਖਣ ਲੱਗ ਪਏ ਸਨ। ਸੰਜੋਗ ਨਾਲ ਉਹਨਾਂ ਨੂੰ ਜੀਵਨ ਸਾਥਣ ਬੀਬੀ ਜਸਪਾਲ ਕੌਰ ਜੋ ਮਿਲੇ ਉਹ ਵੀ ਦਿੱਲੀ ਦੇ ਨਾਮਧਾਰੀ ਹਲਕਿਆਂ ਦੇ ਜਾਣੇ ਪਛਾਣੇ ਲੇਖਕ, ਸ੍ਰੀ ਨਿਰੰਜਨ ਸਿੰਘ ਜਿਓਣੀ ਜੀ ਦੀ ਸਪੁੱਤਰੀ ਹਨ। ਸਿਰਸਾ ਤੇ ਭਿਵਾਨੀ ਵਿਚ ਗ੍ਰੈਜੂਏਸ਼ਨ ਤੱਕ ਦੀ ਸਿੱਖਿਆ ਗ੍ਰਹਿਣ ਕਰਨ ਬਾਅਦ ਅਨਜਾਣ ਜੀ ਨੇ ਦਿੱਲੀ ਆ ਕੇ ਹੀ ਪੋਸਟ ਗ੍ਰੈਜੂਏਸ਼ਨ ਕੀਤੀ ਅਤੇ ਅਧਿਆਪਨ ਕਾਰਜ ਨੂੰ ਕਿੱਤੇ ਵਜੋਂ ਅਪਣਾਇਆ।

ਜਿੱਥੋਂ ਤੱਕ ਅਨਜਾਣ ਜੀ ਦੇ ਰਚਨਾ ਸੰਸਾਰ ਦਾ ਸਬੰਧ ਹੈ ਇਹ ਬਹੁਤ ਵਿਸਤ੍ਰਿਤ ਹੈ। ਉਹਨਾਂ ਨੇ ਨਾਮਧਾਰੀ

Sri Satguru Jagjit Singh Ji eLibrary NamdhariElibrary@gmail.com

ਪੰਥ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜੀਵਨੀ ਨਾਲ ਸਬੰਧਿਤ ਪੁਸਤਕ "ਸਭਹਨ ਕੇ ਸਿਰਮੌਰ" ੧੯੯੬ ਈ. ਵਿਚ ਨਾਮਧਾਰੀ ਪੰਥ ਦੇ ਗੌਰਵ ਨੂੰ ਚਾਰ ਚੰਨ ਲਾਉਣ ਵਾਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨ ਗਾਥਾ ਬਾਰੇ "ਸਾਹਿਬ ਗੁਣੀ ਗਹੇਰਾ" ੧੯੯੧ ਈ. ਵਿਚ ਅੰਮ੍ਰਿਤਸਰ ਦੇ ੧੮੭੧ ਈ. ਦੇ ਨਾਮਧਾਰੀ ਸ਼ਹੀਦਾਂ ਵਿਚੋਂ ਇਕ ਬਾਬਾ ਲਹਿਣਾ ਸਿੰਘ ਜੀ ਦੀ ਜੀਵਨੀ ੧੯੯੨ ਈ. ਵਿਚ, ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿਚ ਰਹਿ ਕੇ ਸੇਵਾ ਕਰਨ ਵਾਲੇ ਵਿਅਕਤੀਆਂ ਦੇ ਸੰਖੇਪ ਵਿਅਕਤੀ ਚਿਤਰ "ਸੇਵਕ ਸੱਚੇ ਸ਼ਾਹ ਕੇ" ੧੯੯੨ ਈ. ਵਿਚ ਪ੍ਰਕਾਸ਼ਿਤ ਕਰਵਾਈਆਂ। ਸਤਿਗੁਰੂ ਪ੍ਰਤਾਪ ਸਿੰਘ ਜਨਮ ਸ਼ਤਾਬਦੀ ਸਮੇਂ "ਬਡ ਪਰਤਾਪ ਸੁਨਿਓ ਪ੍ਰਭ ਤੁਮਰੋ" (੧੯੯੦) ਅਤੇ "ਪਰਤਾਪ ਸਦਾ ਗੁਰ ਕਾ ਘਟਿ ਘਟਿ" (੧੯੯੧), ਜਸਵਿੰਦਰ ਸਿੰਘ ਹਿਸਟੋਰੀਅਨ ਅਤੇ ਤਾਰਾ ਸਿੰਘ ਕਾਮਿਲ ਹੋਰਾਂ ਨਾਲ ਸਹਿ ਸੰਪਾਦਿਤ ਕੀਤੀਆਂ। ਇਹਨਾਂ ਪੁਸਤਕਾਂ ਵਿਚੋਂ ਅਨਜਾਣ ਸਾਹਿਬ ਦੀਆਂ ਮੌਲਿਕ ਲਿਖਤਾਂ ਦਾ ਇਸ ਕਦਰ ਪਾਠਕਾਂ ਵਲੋਂ ਸੁਆਗਤ ਹੋਇਆ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਸ਼ਹੀਦ ਲਹਿਣਾ ਸਿੰਘ ਵਾਲੀਆਂ ਪੁਸਤਕਾਂ ਦੇ ਦੂਜੇ ਐਡੀਸ਼ਨ ਛਪ ਗਏ ਹਨ। ਉਂਝ "ਸਾਹਿਬ ਗੁਣੀ ਗਹੇਰਾ" ਅਤੇ "ਸੰਖੇਪ ਨਾਮਧਾਰੀ ਇਤਿਹਾਸ" ਜੋ ੨੦੦੫ ਈ. ਵਿਚ ਆਪ ਨੇ ਛਾਪਿਆ ਉਹਨਾਂ ਦੇ ਪਹਿਲੇ ਐਡੀਸ਼ਨ ਮੁੱਕ ਚੁੱਕੇ ਹਨ ਜਾਂ ਮੁੱਕਣ ਵਾਲੇ ਹਨ। ੧੯੯੫ ਈ. ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਨਾਮਧਾਰੀ ਕਵੀਆਂ ਵਲੋਂ ਪਿਛਲੀ ਇਕ ਸਦੀ ਵਿਚ ਰਚੇ ਗਏ, "ਰਾਮ ਵਿਯੋਗੀਆਂ ਦੇ ਬਾਰਾਂ ਮਾਂਹ" ਅਨਜਾਣ ਹੋਰਾਂ ਨੇ ਸੰਪਾਦਿਤ ਕੀਤੇ। ਦਿੱਲੀ ਦੇ ਪੰਜਾਬੀ ਵਿਦਿਆਰਥੀਆਂ ਲਈ ਉਹ ਦਰਜਨ ਦੇ ਲਗਪਗ ਪੁਸਤਕਾਂ ਦਾ ਸੰਪਾਦਨ ਜਾਂ ਸਹਿ ਸੰਪਾਦਨ ਕਰ ਚੁੱਕੇ ਹਨ। "ਸਾਡੇ ਲਾਭਦਾਇਕ ਬੂਟੇ" ੧੯੯੭ ਈ. ਵਿਚ ਉਹਨਾਂ ਦੀ ਅਨੁਵਾਦਿਤ ਰਚਨਾ ਹੈ ਜੋ ਉਹਨਾ ਦੇ ਪ੍ਰਕਿਰਤੀ ਪ੍ਰੇਮ ਦੀ ਲਖਾਇਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ' ਨੂੰ ਉਹਨਾਂ "ਵਾਰ ਸ੍ਰੀ ਭਗਉਤੀ ਜੀ ਕੀ ਇਕ ਅਧਿਐਨ" ੨੦੦੪ ਵਿਚ ਪ੍ਰਕਾਸ਼ਿਤ ਕੀਤਾ। 'ਟਕਸਾਲੀ ਪੰਜਾਬੀ ਵਿਆਕਰਨ ਤੇ ਰਚਨਾਵਲੀ' – ੨੦੦੬, 'ਜਿਨ ਟੂਟੀ ਲਈ ਮਿਲਾਇ' – ੨੦੦੬, 'ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ' – ੨੦੦੮ ਉਸ ਦੀਆਂ ਹੋਰ ਪੰਜਾਬੀ ਪੁਸਤਕਾਂ ਹਨ। ਹੁਣ ਤੱਕ ਉਹਨਾਂ ਦੇ ਚਾਰ ਨਿਬੰਧ ਸੰਗ੍ਰਹਿ ਛਪ ਚੁੱਕੇ ਹਨ – 'ਆਪਣੇ ਰੂ–ਬ–ਰੂ' (੧੯੯੯), 'ਅਜਾਂ ਕੀ ਖੱਟਿਆ' (੧੯੯੯), 'ਅੰਧੇਰੇ ਦੀਪਕ ਬਾਲੀਐ' (੧੯੯੯) ਤੇ ਹੁਣੇ ਜਿਹੇ ਹੀ ਸ੍ਰੀ ਭੈਣੀ ਸਾਹਿਬ 'ਹੋਲਾ ਮਹੱਲਾ' ਦੇ ਪੁਰਵ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਰੀਲੀਜ਼ ਹੋਣ ਵਾਲੀ ਚੌਥੀ ਪੁਸਤਕ ਹੈ – 'ਚਤੁਰ ਸਿਆਣਾ ਸੁਘੜ ਸੋਇ' –(੨੦੦੬)। ਉਹਨਾਂ ਨੂੰ ਦੇਸ਼ ਅਤੇ ਵਿਦੇਸ਼ ਵਿਚ ਬਹੁਤ ਸਾਰੀਆਂ ਯਾਤਰਾਵਾਂ ਕਰਨ ਤੋਂ ਇਲਾਵਾ ਬਹੁਤ ਸਾਰੇ ਮਾਨ–ਸਨਮਾਨਾਂ ਨਾਲ ਵੀ ਨਿਵਾਜਿਆ ਜਾ ਚੁੱਕਿਆ ਹੈ।

ਤਾਰਾ ਸਿੰਘ ਅਨਜਾਣ ਦੇ ਰਚਨਾ ਸੰਸਾਰ ਦਾ ਸੰਖੇਪ ਵੇਰਵਾ ਦੱਸਣ ਬਾਅਦ, ਅਸੀਂ ਵਾਰਤਕਕਾਰ ਅਨਜਾਣ ਨੂੰ ਉਸਦੀ ਨਵ ਪ੍ਰਕਾਸ਼ਿਤ ਪੁਸਤਕ ਦੇ ਸੰਦਰਭ ਵਿਚ ਆਪਣੇ ਪਾਠਕਾਂ ਦੇ ਰੂ–ਬ–ਰੂ ਕਰਾਂਗੇ। ਪੰਜਾਬੀ ਵਿਚ ਕਵੀ ਬਹੁਤ ਹਨ, ਕਹਾਣੀਕਾਰ ਬਹੁਤ ਹਨ, ਨਾਵਲਕਾਰ ਅਤੇ ਨਾਟਕਕਾਰ ਵੀ ਵਾਹਵਾ ਲੱਭ ਜਾਂਦੇ ਹਨ, ਆਲੋਚਕਾਂ ਅਤੇ ਸਫਰਨਾਮਾ ਲੇਖਕਾਂ ਦੀਆਂ ਵੀ ਚੋਖੀਆਂ ਕਿਰਤਾਂ ਆ ਚੁੱਕੀਆਂ ਹਨ ਪਰ ਮੈਂ ਸਮਝਦਾ ਹਾਂ ਕਿ ਪੰਜਾਬੀ ਵਿਚ ਨਿਬੰਧ ਲੇਖਕਾਂ ਦੀ ਕੁਝ ਕਮੀ ਹੈ। ਇਸ ਕਮੀ ਨੂੰ ਜਿਵੇਂ ਦੂਰ ਕਰਨ ਦਾ ਬੀੜਾ ਹੀ ਤਾਰਾ ਸਿੰਘ ਨੇ ਚੁੱਕਿਆ ਹੈ। ਵੈਸੇ ਅਨਜਾਣ ਹੋਰਾਂ ਦੇ ਅਭਿਭੂਤ ਹੋਣ ਲਈ ਇਹ ਤੱਥ ਵੀ ਸਹਾਈ ਹੁੰਦਾ ਹੈ ਕਿ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀਆਂ ਵਿਚੋਂ ਉਸ ਦੇ ਇਸ਼ਟ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਕ ਨਿਵੇਕਲਾ ਹਸਤਾਖ਼ਰ ਹਨ। ਉਹਨਾਂ ਦੀ ਬੋਲੀ ਦਾ ਮੁਹਾਵਰਾ ਪੰਡਿਤ ਸ਼ਰਧਾ ਰਾਮ ਫਿਲੌਰੀ ਨਾਲੋਂ ਵਧੇਰੇ ਠੁੱਕਦਾਰ ਹੈ। ਆਰੀਆ ਸਮਾਜੀਆਂ ਅਤੇ ਸਿੰਘ ਸਭਾਈਆਂ ਦੇ ਸੰਵਾਦਾਂ ਵਿਚੋਂ ਪਰਵਾਨ ਚੜ੍ਹਦੀ ਹੋਈ ਆਧੁਨਿਕ ਪੰਜਾਬੀ ਗਲਪ ਵੀਹਵੀਂ ਸਦੀ ਦੀਆਂ ਵਿਗਿਆਨਕ ਪ੍ਰਾਪਤੀਆਂ ਅਤੇ ਰਾਜਨੀਤਕ ਅੰਦੋਲਨਾਂ ਦੇ ਰੰਗ ਵਿਚ ਰੰਗੀ ਗਈ। ਭਾਈ ਮੋਹਨ ਸਿੰਘ ਵੈਦ, ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਲਾਲ ਸਿੰਘ ਕਮਲਾ ਅਕਾਲੀ ਜੋ ਸਾਡੇ ਪਹਿਲੇ ਸਫਲ ਨਿਬੰਧ ਲੇਖਕ ਹਨ, ਹਲਕੀ

Sri Satguru Jagjit Singh Ji eLibrary NamdhariElibrary@gmail.com

ਫੁਲਵਰੀ ਗਲਪ ਰਚਨਾ ਕਰਨ ਵਾਲੇ ਤਾਂ ਸਿਰਦਾਰ ਕਪੂਰ ਸਿੰਘ ਆਈ ਸੀ ਐਸ. ਅਤੇ ਕੁਝ ਹੋਰਨਾਂ ਨੇ ਗਹਿਰ ਗੰਭੀਰ ਵਿਸ਼ਿਆਂ ਦੇ ਨਿਭਾਹ ਲਈ ਪੰਜਾਬੀ ਵਾਰਤਕ ਦੇ ਜੁੱਸੇ ਨੂੰ ਸਫਲਤਾ ਪੂਰਵਕ ਵਰਤਿਆ। ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਗਿਆਨੀ ਹੀਰਾ ਸਿੰਘ ਦਰਦ, ਭਾਈ ਸੰਤੋਖ ਸਿੰਘ, ਸੋਹਣ ਸਿੰਘ ਜੋਸ਼, ਤੇਜਾ ਸਿੰਘ ਸੁਤੰਤਰ, ਅਰਜਨ ਸਿੰਘ ਗੜਗੱਜ, ਅਵਤਾਰ ਸਿੰਘ ਆਜ਼ਾਦ, ਇੰਦਰ ਸਿੰਘ ਚੱਕਰਵਰਤੀ, ਨਿਧਾਨ ਸਿੰਘ ਆਲਿਮ, ਮਾਸਟਰ ਤਾਰਾ ਸਿੰਘ, ਭਾਈ ਰਣਧੀਰ ਸਿੰਘ, ਅਵਤਾਰ ਸਿੰਘ ਮਲਹੋਤਰਾ ਅਤੇ ਜਗਜੀਤ ਸਿੰਘ ਆਨੰਦ ਆਦਿਕ ਨੇ ਕੌਮੀ ਮੁਕਤੀ ਅੰਦੋਲਨ ਦੇ ਪਹਿਲੇ ਅਤੇ ਪਿਛਲੇਰੇ ਪੜਾਵਾਂ ਲਈ ਪੰਜਾਬੀ ਨਸਰ 'ਤੇ ਕਲਮ ਅਜ਼ਮਾਈ ਕੀਤੀ। ਵਾਰਤਕ ਵਿਚ ਜਿਸ ਤਰ੍ਹਾਂ ਸਮਕਾਲੀ ਮਸਲਿਆਂ ਨਾਲ ਬੇਬਾਕੀ ਨਾਲ ਨਜਿੱਠਿਆ ਜਾ ਸਕਦਾ ਹੈ ਉਹ ਸਾਹਿਤ ਦੀ ਕਿਸੇ ਹੋਰ ਵਿਧਾ ਵਿਚ ਏਨਾ ਸੰਭਵ ਨਹੀਂ ਹੁੰਦਾ। ਲੋਕਾਂ ਦੀ ਜੀਵਨ ਜਾਚ ਨੂੰ ਸੁਧਾਰਨ ਲਈ ਅੱਜ ਵੀ ਪ੍ਰੋ. ਨਰਿੰਦਰ ਸਿੰਘ ਕਪੂਰ, ਹਰਚੰਦ ਸਿੰਘ ਸਰਹਿੰਦੀ, ਕਰਨੈਲ ਸਿੰਘ ਸੋਮਲ ਇਤਿਆਦਿਕ ਬਹੁਤ ਸਾਰੇ ਵਾਰਤਕ ਲੇਖਕ ਲਗਾਤਾਰ ਯਤਨਸ਼ੀਲ ਹਨ। ਇਹਨਾਂ ਨਵੇਂ ਪੁਰਾਣੇ ਵਾਰਤਕਕਾਰਾਂ ਵਿਚ ਤਾਰਾ ਸਿੰਘ ਅਨਜਾਣ ਦਾ ਨਾਂ ਜੋੜਨਾ ਇਕ ਸੁਖਾਵਾਂ ਅਨੁਭਵ ਹੈ।

ਇਹ ਗੱਲ ਪਹਿਲਾਂ ਹੀ ਚੇਤੇ ਰੱਖਣ ਵਾਲੀ ਹੈ ਕਿ ਅਨਜਾਣ ਹੋਰਾਂ ਦੀ ਨਿਬੰਧਕਾਰੀ ਉਹਨਾਂ ਦੀਆਂ ਆਪਣੇ ਸਪਤਾਹਿਕ ਪਰਚੇ 'ਸਤਿਜੁਗ' ਪ੍ਰਤੀ ਸੰਪਾਦਕੀ ਜ਼ਿੰਮੇਵਾਰੀਆਂ ਵਿਚੋਂ ਜਨਮ ਲੈਂਦੀ ਹੈ। 'ਸਤਿਜੁਗ' ਉਸ ਸੰਪ੍ਰਦਾਇ ਦਾ ਪਰਚਾ ਹੈ, ਜਿਸ ਦਾ ਪੰਜਾਬ ਵਿਚ ਚੱਲੇ ਸੁਤੰਤਰਤਾ ਸੰਗਰਾਮ ਵਿਚ ਮੋਢੀ ਰੋਲ ਰਿਹਾ ਹੈ। ਆਪਣੇ ਕੁਝ ਕੁ ਵਿਸ਼ੇਸ਼ ਧਾਰਮਿਕ ਵਿਸ਼ਵਾਸਾਂ ਤੇ ਅਡਿੱਗ ਪਹਿਰਾ ਦਿੰਦਿਆਂ ਵੀ ਇਹ ਸਮੁਦਾਇ ਸਮੁੱਚੇ ਭਾਈਚਾਰੇ ਦਾ ਅਨਿੱਖੜਵਾਂ ਅੰਗ ਹੈ। ਗੁਰੂ ਅਤੇ ਗੁਰੂ ਬਾਣੀ ਤੇ ਇਸਦੀ ਮੁਕੰਮਲ ਟੇਕ ਹੈ। ਅੱਜ ਦੇ ਵਿਗਿਆਨਕ, ਤਕਨੀਕੀ ਅਤੇ ਸੂਚਨਾ ਕ੍ਰਾਂਤੀ ਦੀ ਗੋਦ ਵਿਚ ਆਏ, ਸੰਸਾਰ ਪਿੰਡ ਵੱਲ ਵਧ ਰਹੀ ਇੱਕੀਵੀਂ ਸਦੀ ਵਿਚ, ਇਕ ਧਰੁਵੀ ਵਿਸ਼ਵ ਦੇ ਆਕਾਵਾਂ ਦੀਆਂ ਸੈਨਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਤੌਰ 'ਤੇ ਹਮਲਾਵਰ ਨੀਤੀਆਂ ਦਾ ਮੁਕਾਬਲਾ ਕਰਨ ਲਈ ਭਾਰਤ ਦੀ ਇੱਕ ਮਹੱਤਵਪੂਰਨ ਘੱਟ ਗਿਣਤੀ ਸਿਖ ਭਾਈਚਾਰੇ ਵਿਚ ਅੱਗੋਂ ਫਿਰ ਇਕ ਘੱਟ ਗਿਣਤੀ ਨਾਮਧਾਰੀ ਸਮਾਜ ਨੇ, ਅਜੋਕੇ ਸੰਦਰਭ ਵਿਚ ਆਪਣੀ ਇਤਿਹਾਸਕ ਭੂਮਿਕਾ ਕਿਵੇਂ ਨਿਭਾਉਣੀ ਹੈ ਇਸ ਤੋਂ ਸਾਡਾ ਗਲਪਕਾਰ ਤਾਰਾ ਸਿੰਘ ਅਨਜਾਣ ਪੂਰਨ ਰੂਪ ਵਿਚ ਸੁਚੇਤ ਹੈ। ਉਹ ਸਮਝਦਾ ਹੈ ਕਿ ਆਪਣੀ ਮਹਾਨ ਵਿਰਾਸਤ ਨੂੰ ਵਰਤਮਾਨ ਸਤਿਗੁਰੂ ਪ੍ਰਤੀ ਪੂਰਨ ਨਿਸ਼ਠਾ ਵਿਚ ਵਿਚਾਰਦਿਆਂ, ਗੁਰਮਤਿ ਗਾਡੀ ਰਾਹ ਤੇ ਚੱਲਦਿਆਂ, ਨਰੋਈਆਂ ਮਾਨਵਵਾਦੀ ਕਦਰਾਂ ਕੀਮਤਾਂ ਨਾਲ ਸਾਂਝ ਭਿਆਲੀ ਪਾ ਕੇ ਹੀ, ਸਾਡਾ ਭਾਈਚਾਰਾ ਵਰਤਮਾਨ ਧੁੰਦੂਕਾਰੇ ਵਿਚੋਂ ਸੁਰੱਖਿਅਤ ਬਾਹਰ ਨਿਕਲ ਸਕਦਾ ਹੈ। ਇਸ ਲਈ ਉਸ ਦੀ ਜ਼ਿਆਦਾ ਤਰ ਨਿਬੰਧਕਾਰੀ ਉਪਰੋਕਤ ਉਦੇਸ਼ ਦੀ ਪੂਰਤੀ ਹਿੱਤ ਹੀ ਕੀਤੀ ਗਈ ਹੈ। ਉਸ ਦੀ ਵਾਰਤਕ ਰਚਨਾ ਦੇ ਰੂਪ ਸ਼ੈਲੀ ਆਦਿ ਦੀ ਚਰਚਾ ਤੋਂ ਪਹਿਲਾਂ ਉਸ ਦਾ ਵਸਤੂ ਪੱਖ ਫਰੋਲਣਾ ਲਾਹੇਵੰਦ ਰਹੇਗਾ।

ਉਸ ਦੀਆਂ ਲਿਖਤਾਂ ਦੀ ਆਧਾਰ ਸਮੱਗਰੀ ਬਾਰੇ ਚਰਚਾ ਕਰਦੇ ਹੋਏ ਉੱਘੇ ਪੰਜਾਬੀ ਸਮਾਲੋਚਕ ਡਾ. ਸਤਿੰਦਰ ਸਿੰਘ ਨੂਰ ਇਉਂ ਲਿਖਦੇ ਹਨ: "ਤਾਰਾ ਸਿੰਘ ਅਨਜਾਣ ਨੇ ਇਨ੍ਹਾਂ ਵਿਚਾਰਾਂ ਨੂੰ ਪ੍ਰਗਟਾਉਂਦਿਆਂ ਗੁਰਬਾਣੀ, ਸਿੱਖ ਇਤਿਹਾਸ ਤੇ ਹੋਰ ਸ੍ਰੋਤਾਂ ਤੇ ਗ੍ਰੰਥਾਂ ਨੂੰ ਆਪਣਾ ਆਧਾਰ ਬਣਾਇਆ ਹੈ। ਗੁਰਬਾਣੀ ਦਾ ਉਸ ਨੂੰ ਇਨਾ ਡੂੰਘਾ ਗਿਆਨ ਹੈ ਕਿ ਹਰ ਵਿਚਾਰ ਨਾਲ ਸੰਬੰਧਤ ਟੂਕਾਂ ਉਹ ਸਹਿਜੇ ਹੀ ਪਾਠਕਾਂ ਸਾਹਵੇਂ ਸਾਕਾਰ ਕਰਦਾ ਤੁਰਿਆ ਜਾਂਦਾ ਹੈ। ਭਾਈ ਗੁਰਦਾਸ, ਭਾਈ ਸੰਤੋਖ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਹੁਕਮਨਾਮੇ ਸਤਿਗੁਰੂ ਰਾਮ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦੇ ਕਥਨ, ਉਸ ਦੀ ਸਿਮਰਤੀ ਦੇ ਅੰਗ ਸੰਗ ਹਨ ਅਤੇ ਇਉਂ ਬਾਣੀ ਦੇ ਨਾਲ ਨਾਲ ਇਤਿਹਾਸ ਪ੍ਰਮਾਣਾਂ ਵਾਸਤੇ ਉਸ ਦੀ ਸਿਮਰਤੀ ਵਿਚ ਫੈਲਿਆ ਹੋਇਆ ਹੈ। ਇਸੇ ਕਾਰਨ ਉਸ ਦੀ ਵਾਰਤਕ ਵਿਚੋਂ ਵਿਸ਼ਾਲਤਾ ਦਾ ਪ੍ਰਭਾਵ ਪੈਂਦਾ ਹੈ।"[1]

"ਚਤੁਰ ਸਿਆਣਾ ਸੁਘੜ ਸੋਇ" ਵਿਚ ਕੁੱਲ ੩੪ ਨਿਬੰਧ ਹਨ। ਇਹਨਾਂ ਵਿਚੋਂ ਜ਼ਿਆਦਾਤਰ ਸਿਰਲੇਖ ਗੁਰਬਾਣੀ ਦੀਆਂ ਤੁਕਾਂ 'ਤੇ ਆਧਾਰਿਤ ਹਨ। ਗੁਰਬਾਣੀ ਦੇ ਮੁਤਾਬਿਕ ਆਦਰਸ਼ਕ ਜੀਵਨ ਜਾਚ ਨੂੰ ਪ੍ਰਣਾਏ ਸਦਾਚਾਰਕ

Sri Satguru Jagjit Singh Ji eLibrary NamdhariElibrary@gmail.com

ਅਸੂਲਾਂ ਦਾ ਭਰਪੂਰ ਵਰਣਨ ਇਸ ਸੰਗ੍ਰਹਿ ਵਿਚੋਂ ਬਾਰ ਬਾਰ ਪੜ੍ਹਨ ਨੂੰ ਮਿਲਦਾ ਹੈ। ਮਨੁੱਖਾ ਜੀਵਨ ਲਈ ਔਕੜਾਂ ਪੈਦਾ ਕਰਨ ਵਾਲੀਆਂ ਸਮੂਹ ਬੁਰਾਈਆਂ ਜਿਵੇਂ ਕਿ ਹੰਕਾਰ, ਨਿੰਦਾ, ਨਿਕੰਮਾਪਣ, ਵਕਤ ਗੁਆਉਣਾ, ਅਉਗੁਣ, ਨਸ਼ੇ/ਤਮਾਕੂ, ਬਣਾਵਟੀ ਆਚਾਰ-ਵਿਹਾਰ, ਅਭਿਮਾਨ ਆਦਿ ਤੋਂ ਸੁਚੇਤ ਕੀਤਾ ਗਿਆ ਹੈ। ਸੇਵਾ, ਸਿਮਰਨ, ਅੰਮ੍ਰਿਤ ਵੇਲੇ ਦਾ ਜਾਗਣਾ, ਨਾਮ, ਦਾਨ, ਇਸ਼ਨਾਨ ਆਦਿ ਦਾ ਮਹੱਤਵ, ਗੁਰੂ ਅਤੇ ਸਿੱਖ ਦਾ ਰਿਸ਼ਤਾ, ਦੇਹਧਾਰੀ ਗੁਰੂ ਦਾ ਸਥਾਨ, ਬੁਢਾਪਾ, ਦੁੱਖ, ਸਤਿਗੁਰੂ ਰਾਮ ਸਿੰਘ ਦਾ ਸਿੱਖਿਆ ਦਰਸਨ, ਮੌਤ ਆਦਿਕ ਵਿਸ਼ਿਆਂ ਤੇ ਬੜੀ ਗੰਭੀਰਤਾ ਨਾਲ ਚਰਚਾ ਕੀਤੀ ਗਈ ਹੈ। ਮੌਤ ਨਾਲ ਸਬੰਧਿਤ ਕੁਝ ਨਿਬੰਧਾਂ ਦਾ ਪਾਠ ਜ਼ਿੰਦਗੀ ਨੂੰ ਹੋਰ ਹੁਸੀਨ ਬਣਾਉਂਦਾ ਹੈ ਅਤੇ ਇਹ ਮੌਤ ਦੇ ਭੈ ਨੂੰ ਨਕਾਰਣ ਵਾਲੇ ਹਨ।

ਅਭਿਮਾਨ ਮਨੁੱਖ ਨੂੰ ਕਿਸ ਤਰ੍ਹਾਂ ਕੱਖਾਂ ਤੋਂ ਹੌਲਾ ਕਰ ਦਿੰਦਾ ਹੈ। ਇਸ ਬਾਰੇ ਪਹਿਲੇ ਨਿਬੰਧ ਵਿਚ ਹੀ ਲੇਖਕ ਨੇ ਬੜੇ ਪਤੇ ਦੀ ਗੱਲ ਕੀਤੀ ਹੈ: "ਐਸੇ ਹੰਕਾਰੀ ਵਿਅਕਤੀ ਦਾ ਦਿਮਾਗ ਜਵਾਬ ਦੇ ਜਾਂਦਾ ਹੈ। ਦਿਮਾਗੀ ਨੁਕਸ ਕਾਰਨ ਉਹ ਸਹੀ ਸੋਚ ਨਹੀਂ ਸੋਚ ਸਕਦਾ। ਉਸ ਨੂੰ ਬੁਰੇ ਭਲੇ ਦੀ ਕੀ, ਆਪਣੇ ਪਰਾਏ ਦੀ ਵੀ ਪਛਾਣ ਨਹੀਂ ਆਉਂਦੀ। ਉਹ ਕਿਸੇ ਨਾਲ ਬੋਲਣਾ ਚਾਹੇ ਤਾਂ ਉਸਦੇ ਮੂੰਹੋਂ ਬੋਲ ਸਹੀ ਨਹੀਂ ਨਿਕਲਦੇ। ਉਸ ਦੀ ਇਸ ਹਾਲਤ ਬਾਰੇ ਉਹ ਤਾਂ ਸ਼ੈਖਿਕ ਜ਼ੋਰ ਤੇ ਸੋਚਣ ਤੋਂ ਅਸਮਰਥ ਹੁੰਦਾ ਹੈ, ਪਰ ਉਸ ਦੇ ਟੋਲੇ ਦੇ ਲੋਕ ਵੀ, ਧਰਮ ਦੀ ਥਾਂ ਧੜੇ ਨੂੰ ਪਿਆਰ ਕਰ ਕੇ, ਅਹੰਕਾਰ ਦੇ ਕਿੰਗਰੇ ਤੋਂ ਜਿਨਾ ਚਿਰ ਹੇਠਾਂ ਨਹੀਂ ਉਤਰਦੇ, ਉਹਨਾ ਦੀ ਸਿਆਣਪ ਕਿਸੇ ਕੰਮ ਨਹੀਂ ਆਉਂਦੀ।"[5]

ਲੇਖਕ ਦੇ ਮੁਤਾਬਿਕ ਮਨੁੱਖ ਨੂੰ ਹਰਾਉਣ ਲਈ ਉਸਦੇ ਵਿਰੋਧੀ ਨਹੀਂ ਚਾਹੀਦੇ ਸਗੋਂ ਉਸਦਾ ਹੰਕਾਰ ਹੀ ਕਾਫ਼ੀ ਹੁੰਦਾ ਹੈ। "ਪੰਜਵੇਂ ਪਾਤਸ਼ਾਹ ਤਾਂ ਚਤੁਰ, ਪ੍ਰਬੀਣ, ਕਾਰਜ ਕੁਸ਼ਲ, ਨਿਪੁੰਨ ਤੇ ਸਿਆਣਾ ਵਿਅਕਤੀ ਉਸ ਨੂੰ ਹੀ ਮੰਨਦੇ ਹਨ ਜੋ ਹੰਕਾਰ ਦਾ ਤਿਆਗ ਕਰਦਾ ਹੈ। ਆਪ ਦੀ ਬਾਣੀ ਵਿਚ ਆਇਆ ਹੈ-

'ਚਤੁਰ ਸਿਆਣਾ ਸੁਘੜ ਸੋਇ
ਜਿਨ ਤਜਿਆ ਅਭਿਮਾਨ।'[6]

ਇਉਂ ਮਨ, ਬਚਨ, ਕਰਮ ਹਰ ਪੱਖ ਤੋਂ ਹਉਮੈ ਦਾ ਤਿਆਗ ਕਰਨਾ ਹੀ ਮਨੁੱਖ ਦੀ ਪੂਰਨਤਾ ਦਾ ਲੱਛਣ ਹੈ ਤੇ ਇਹੋ ਇਸ ਪੁਸਤਕ ਦਾ ਕੇਂਦਰੀ ਨੁਕਤਾ ਹੈ।

ਲੇਖਕ "ਯੋਗ ਵਸ਼ਿਸ਼ਟ" ਦੇ ਹਵਾਲੇ ਨਾਲ ਲਿਖਦਾ ਹੈ-

"ਇਹ ਅਹੰਕਾਰ ਮਹਾਂ ਦੁਸ਼ਟ ਹੈ ਤੇ ਇਹੋ ਮਨੁੱਖ ਦਾ ਪਰਮ ਸ਼ੱਤਰੂ ਹੈ। ਇਹ ਮਿਥਿਆ ਹੈ ਤੇ ਸਭ ਦੁੱਖਾਂ ਦੀ ਖਾਨ ਹੈ। ਜਿੱਥੇ ਅਹੰਕਾਰ ਹੈ ਉਥੇ ਸਭ ਦੁੱਖ ਆ ਜਾਂਦੇ ਹਨ, ਅਹੰਕਾਰ ਹੀ ਸਭ ਅਪਦਾ ਦਾ ਮੂਲ ਹੈ।"[7]

ਉਸਦੇ ਮੁਤਾਬਿਕ ਨਾ ਵੱਡੇ ਵੱਡੇ ਰਾਜੇ ਮਹਾਰਾਜੇ, ਮਾਇਆਧਾਰੀ, ਖੜਗਧਾਰੀ ਹੰਕਾਰ ਤੋਂ ਬਚੇ ਹਨ ਅਤੇ ਨਾ ਘਰਬਾਰ ਸਭ ਕੁਝ ਤਿਆਗਣ ਵਾਲੇ ਸਾਧੂ ਸੰਤ ਹੀ। ਸਭ ਕੁਝ ਤਿਆਗਣ ਵਾਲੇ ਆਪਣੇ ਤਿਆਗ ਦੀ ਹਉਮੈ ਨਾਲ ਹੀ ਧੌਣ ਅਕੜਾਈ ਫਿਰਦੇ ਹਨ ਅਤੇ ਕਿਸੇ ਕਿਨਾਰੇ ਲੱਗਣ ਦੀ ਬਜਾਏ ਅੱਧ ਵਿਚਾਲੇ ਹੀ ਠੱਕੇ ਠੋਲੇ ਖਾਂਦੇ ਫਿਰਦੇ ਹਨ। ਸ਼ੇਖ ਫਰੀਦ ਜੀ ਦੇ ਚਿੜੀਆਂ ਮਾਰ ਜੀਵਾਉਣ ਵਾਲੀ ਸਾਖੀ ਨਾਲ, ਲੇਖਕ ਪਾਣੀ ਡੋਹਲਣ ਵਾਲੀ ਬੀਬੀ ਦੀ ਮਿਸਾਲ ਦੇ ਕੇ, ਸ਼ੇਖ ਸਾਹਿਬ ਦਾ ਹੰਕਾਰ ਨਵਿਰਤ ਹੋਇਆ ਦੱਸਦਾ ਹੈ।

ਅਕਾਰਣ ਹੰਕਾਰ ਕਰਨ ਵਾਲਿਆਂ ਦੀ ਥੁੰਬ ਠੱਪਣ ਲਈ ਸਾਡਾ ਲੇਖਕ ਇਕ ਲੋਕੋਕਤੀ ਵਰਗੀ ਮਿੰਨੀ ਲੋਕ ਕਥਾ ਦਾ ਸਹਾਰਾ ਲੈਂਦਾ ਹੈ-

"ਕਈਆਂ ਨੂੰ ਬਿਨਾਂ ਤਾਕਤ ਤੋਂ ਆਪਣੀ ਤਾਕਤ ਦਾ ਐਵੇਂ ਹੀ ਹੰਕਾਰ ਹੋ ਜਾਂਦਾ ਹੈ। ਇਕ ਜ਼ਿਮੀਦਾਰ ਨੇ ਆਪਣੀ ਫ਼ਸਲ ਵੇਚਣ ਲਈ ਸ਼ਹਿਰ ਜਾਣਾ ਸੀ। ਉਸ ਨੇ ਗੱਡਾ ਜੋੜਿਆ, ਅਨਾਜ ਦੀਆਂ ਬੋਰੀਆਂ ਉੱਤੇ ਰੱਖੀਆਂ ਤੇ ਗੱਡਾ ਹਿੱਕ ਦਿੱਤਾ। ਉਸ ਦੇ ਘਰ ਦਾ ਇਕ ਕੁੱਤਾ ਵੀ ਗੱਡੇ ਦੇ ਹੇਠਾਂ-ਹੇਠਾਂ ਤੁਰਿਆ ਗਿਆ। ਸ਼ਹਿਰ ਮੰਡੀ ਵਿਚ ਪੁੱਜੇ ਤਾਂ ਉੱਥੇ ਬੈਠੇ ਕੁੱਤਿਆਂ ਪੁੱਛਿਆ, "ਕਿਵੇਂ ਬਣੀ?" ਕਿਸਾਨ ਦਾ ਕੁੱਤਾ ਕਹਿਣ ਲੱਗਾ, "ਗੱਡਾ ਭਰ ਕੇ ਦਾਣਿਆਂ ਦਾ

Sri Satguru Jagjit Singh Ji eLibrary NamdhariElibrary@gmail.com

ਲਿਆਇਆ ਹਾਂ, ਪਹੁੰਚ ਗਿਆ ਹਾਂ। ਐਵੇਂ ਮੈਂ-ਮੈਂ ਕਰੀ ਜਾਣਾ ਹੀ ਹੰਕਾਰ ਹੈ।...

...ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਇਸ ਤੋਂ ਵੀ ਅਗਾਂਹ ਦਾ ਉਪਦੇਸ਼ ਦੇਂਦੇ ਹਨ। ਉਹਨਾਂ ਦਾ ਕਥਨ ਹੈ ਕਿ ਹੰਕਾਰ ਛੱਡਣ ਨਾਲ ਸਹਿਜ ਹੋ ਜਾਈਏ, ਮਨ ਵਿਚ ਕੋਈ ਸੰਕਲਪ ਵਿਕਲਪ ਨਾ ਪੈਦਾ ਹੋਵੇ ਕਿ "ਜੇ ਮੈਂ ਹੰਕਾਰ ਛੱਡਿਆ ਹੈ, ਫਿਰ ਇਹ ਹੰਕਾਰ ਆ ਜਾਏ, ਮੈਂ ਹੰਕਾਰ ਛੱਡਿਆ ਹੈ।"[5]

ਦੁਨੀਆਂ ਵਿਚ ਸਹਿਜ ਭਾ ਵਿਚਰਦਿਆਂ ਵੀ ਮਨੁੱਖ ਲੋੜੀਂਦਾ ਇੱਜ਼ਤ ਮਾਣ ਪ੍ਰਾਪਤ ਕਰ ਸਕਦਾ ਹੈ। ਇਸ ਲਈ ਵਿਸ਼ੇਸ਼ ਤਰੱਦਦ ਜਾਂ ਉਪਰਾਲੇ ਕਰਨ ਦੀ ਲੋੜ ਨਹੀਂ। ਲੇਖਕ ਅਨੁਸਾਰ–

"ਉੱਚੀਆਂ ਅਟਾਰੀਆਂ, ਵੱਡੀਆਂ-ਵੱਡੀਆਂ ਕੋਠੀਆਂ, ਮਹਿਲ ਮਾੜੀਆਂ, ਫੈਕਟਰੀਆਂ, ਕਾਰਖਾਨੇ, ਜ਼ਮੀਨ-ਜਾਇਦਾਦ, ਸਰਕਾਰੀ ਰੁਤਬੇ ਜ਼ਰੂਰੀ ਨਹੀਂ ਕਿ ਆਦਰਯੋਗ ਹੋਣ ਦਾ ਸੂਚਕ ਹੋਣ ਕਿਉਂਕਿ ਪਤਿ ਦੇ ਮਾਪਦੰਡ ਹੋਰ ਹਨ। ਇੱਜ਼ਤ ਸਦਾ ਸੱਚੇ ਸੁੱਚੇ ਮਨੁੱਖ ਦੀ ਹੁੰਦੀ ਹੈ।...

"ਇੱਜ਼ਤ ਨਾ ਧੁਰੋਂ ਕਰਮਾਂ ਵਿਚ ਲਿਖੀ ਆਉਂਦੀ ਹੈ ਨਾ ਪਿਓ ਦਾਦੇ ਦੀ ਜਾਇਦਾਦ ਹੈ। ਇਹ ਤਾਂ ਆਪਣੀ ਕਮਾਈ ਹੈ। ਇਸ ਨਾਲ ਮਨੁੱਖ ਪਿਓ ਦਾਦੇ ਦਾ ਨਾਂ ਰੌਸ਼ਨ ਵੀ ਕਰ ਸਕਦਾ ਹੈ ਤੇ ਉਹਨਾਂ ਦੀ ਕਮਾਈ ਇੱਜ਼ਤ ਨੂੰ ਘੱਟੇ ਕੌਡੀਆਂ ਰੋਲ ਵੀ ਸਕਦਾ ਹੈ।"[6]

ਲੇਖਕ ਦੇ ਅਨੁਸਾਰ ਮਨੁੱਖ ਨੂੰ ਆਪਣੀ ਪੱਥਰ ਬਿਰਤੀ ਤੋਂ ਛੁਟਕਾਰਾ ਪਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਜੁ ਕੋਈ ਭਗਵਾਨ ਰਾਮ ਉਹਨੂੰ ਆਪਣੀ ਚਰਨ ਛੂਹ ਨਾਲ ਅਹੱਲਿਆ ਬਣਾ ਦੇਵੇ। ਐਸੇ ਮਨੁੱਖ ਉਹਨਾਂ ਪੱਥਰਾਂ ਵਰਗੇ ਹੁੰਦੇ ਹਨ ਜੋ ਸੌ ਵਰ੍ਹੇ ਜਲ ਵਿਚ ਰਹਿ ਕੇ ਵੀ ਭਿੱਜਦੇ ਨਹੀਂ ਭਾਵ ਸੰਸਾਰ ਵਿਚ ਆ ਕੇ ਵੀ ਚੰਗੇ ਗੁਣ ਗ੍ਰਹਿਣ ਨਹੀਂ ਕਰਦੇ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਐਸੇ ਗੁਣ-ਗ੍ਰਹਿਣ ਕਰਨ ਤੋਂ ਕੋਰੇ ਵਿਅਕਤੀਆਂ ਨੂੰ ਮੂਰਖ ਦੀ ਸੰਗਿਆ ਦੇ ਕੇ ਅਪਜੱਸ ਵਿਹਾਜਦੇ ਦਸਿਆ ਗਿਆ ਹੈ। ਜੱਸ ਜਾਂ ਅਪਜੱਸ ਹਾਸਲ ਕਰਨਾ ਮਨੁੱਖ ਦੇ ਆਪਣੇ ਕਿਰਦਾਰ ਤੇ ਨਿਰਭਰ ਹੈ। ਉਹ ਸ਼ੇਖ਼ ਫ਼ਰੀਦ ਦਾ ਹਵਾਲਾ ਦਿੰਦੇ ਹਨ ਕਿ ਜਿਹਨਾਂ ਕੰਮਾਂ ਵਿਚ ਕੋਈ ਗੁਣ ਨਹੀਂ ਉਹ ਛੱਡ ਦਿਓ। ਕਬੀਰ ਸਾਹਿਬ ਦਾ ਸ਼ਲੋਕ ਸੁਣਾਉਂਦੇ ਹਨ ਕਿ ਗੁਣ ਤਾਂ ਮਿੱਠੇ ਗੰਨੇ ਦੀ ਪੋਰੀ ਹੈ ਅਤੇ ਔਗੁਣ ਗੰਨੇ ਦੀ ਰਸਵਿਹੀਨ ਪੋਰੀ ਹੈ। ਅਨਜਾਣ ਜੀ ਡੂੰਘੇ ਮਰਮ ਦੀਆਂ ਬਾਤਾਂ ਕਿਵੇਂ ਸਹਿਜ ਭਾ ਪਾ ਕੇ ਦੁਨਿਆਵੀ ਜੀਵਨ ਦੇ ਪਾਂਧੀਆਂ ਦਾ ਰਾਹ ਸੁਖਾਲਾ ਕਰ ਰਹੇ ਹਨ–

"ਗੁਣ ਗ੍ਰਹਿਣ ਕਰਨ ਦਾ ਇਕ ਸਮਾਂ ਹੁੰਦਾ ਹੈ, ਇਕ ਉਮਰ ਹੁੰਦੀ ਹੈ। ਇਸ ਲਈ ਘਰ ਸਮਾਜ ਤੇ ਸਕੂਲ ਸਿੱਖਣ ਦੇ ਕੇਂਦਰ ਹੁੰਦੇ ਹਨ। ਸਕੂਲ ਜਾਣ ਵਾਲੀ ਉਮਰ ਵਿਚ ਜੇ ਸਕੂਲ ਜਾ ਕੇ ਪੜ੍ਹਾਈ ਨਹੀਂ ਕੀਤੀ, ਤਾਂ ਵੱਡੇ ਹੋਇਆਂ ਕਾਰਾਂ-ਵਿਹਾਰਾਂ ਵਿਚ ਪਿਆਂ, ਨਾ ਸਮਾਂ ਬਚਦਾ ਹੈ ਤੇ ਨਾ ਹੀ ਧਿਆਨ ਪੜ੍ਹਨ ਵੱਲ ਲਾ ਸਕੀਦਾ ਹੈ। ਫਿਰ ਇਕ ਅਖਾਣ ਸਹਿਜੇ ਹੀ ਲਾਗੂ ਹੁੰਦਾ ਹੈ ਕਿ ਬੁੱਢੇ ਤੋਤੇ ਕਿਨ ਪੜ੍ਹਾਏ। ਜੇ ਬੜਾ ਜੀਅ ਕਰੇ ਤਾਂ ਏਨਾ ਕੁ ਹੀ ਜ਼ੋਰ ਲਾ ਕੇ ਪੜ੍ਹ ਸਕੀਦਾ ਹੈ ਕਿ ਕਾਲਾ ਅੱਖਰ ਭੈਂਸ ਬਰਾਬਰ ਨਾ ਦਿਸੇ। ਫਿਰ ਵੀ ਪਛਤਾਵਾ ਰਹਿੰਦਾ ਹੈ ਕਿ ਵੇਲਾ ਰਹਿੰਦੇ ਅਨਪੜ੍ਹਤਾ ਦੇ ਔਗੁਣ ਤੋਂ ਛੁਟਕਾਰਾ ਪਾ ਕੇ ਮਾਣ ਕਿਉਂ ਨਾ ਪ੍ਰਾਪਤ ਕੀਤਾ। ਕੁਝ ਕੁ ਲੋਕ ਸਾਧਨ ਮਿਲਣ ਉੱਤੇ ਵਿਚਾਲੇ ਛੱਡੀ ਪੜ੍ਹਾਈ ਜਾਰੀ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਇਹ ਉਮਰ ਕੰਮ ਵਿਚ ਹੱਥ ਸਿੱਧੇ ਕਰਨ ਦੀ ਹੁੰਦੀ ਹੈ। ਫਿਰ ਦਿਲ ਲਾ ਕੇ ਕੰਮ ਕਰਨ ਦੀ, ਪੈਸੇ ਕਮਾ ਕੇ ਘਰ ਘਾਟ ਬਣਾਉਣ ਚਲਾਉਣ ਦੀ।

"ਔਗੁਣ ਹਾਰੇ ਸਾਰੀ ਉਮਰ ਕੋਈ ਕੰਮ ਨਹੀਂ ਕਰਦੇ। ਉਹ ਸਮਾਜ ਤੋਂ ਵੀ ਨਹੀਂ ਸਿੱਖਦੇ। ਉਹਨਾਂ ਨੂੰ ਸਮਾਜ ਵਿਚ ਵਿਚਰਨਾ, ਬੈਠਣਾ, ਉੱਠਣਾ ਗੱਲਬਾਤ ਕਰਨਾ ਨਹੀਂ ਆਉਂਦਾ। ਦਾਨਿਆਂ ਵਰਗਾ ਗੁਣ ਉਹਨਾਂ ਵਿਚ ਹੁੰਦਾ ਹੀ ਨਹੀਂ। ਘਰ ਦੇ ਵੱਡਿਆਂ ਦਾ ਤਾਂ ਜੀਅ ਕਰਦਾ ਹੈ ਕਿ ਉਹਨਾਂ ਦਾ ਪੁੱਤਰ-ਧੀ ਉਹਨਾਂ ਤੋਂ ਅੱਗੇ ਨਿਕਲੇ। ਉਹ ਮਿਹਨਤ ਕਰਕੇ ਗੁਣ ਗ੍ਰਹਿਣ ਕਰੇ। ਰੂਹਾਨੀਅਤ ਦਾ ਗੁਣ ਹੋਰ ਅਗੇਰੇ ਦੀ ਗੱਲ ਹੈ।"[7]

ਮਨੁੱਖ ਨਿਮਰ ਵੀ ਹੋਵੇ, ਗੁਣ ਗ੍ਰਹਿਣ ਕਰਨ ਵਾਲਾ ਵੀ ਹੋਵੇ, ਪਰ ਇਸ ਸਭ ਕਾਸੇ ਦਾ ਮਨੁੱਖੀ ਭਾਈਚਾਰੇ

Sri Satguru Jagjit Singh Ji eLibrary NamdhariElibrary@gmail.com

ਨੂੰ ਕੀ ਲਾਭ ? ਸਮਾਜ ਨੂੰ ਅਜੇਹੇ ਵਿਅਕਤੀ ਦਾ ਲਾਭ ਉਸ ਸਮੇਂ ਹੀ ਪੁੱਜਦਾ ਹੈ, ਜਦੋਂ ਉਹ ਸੇਵਾ ਕਰਨ ਦੇ ਮਾਰਗ 'ਤੇ ਅੱਗੇ ਵਧਦਾ ਹੈ। ਪਰ ਸਾਡੇ ਲੇਖਕ ਅਨੁਸਾਰ ਹੁਣ ਤਾਂ ਸੇਵਾ ਸ਼ਬਦ ਦੇ ਅਰਥ ਹੀ ਬਦਲ ਗਏ ਹਨ। ਕਰਮਚਾਰੀ ਦੀ ਤਨਖ਼ਾਹ ਨੂੰ ਸੇਵਾ ਫਲ ਕਿਹਾ ਜਾਂਦਾ ਹੈ। ਰਾਜਨੇਤਾ ਕੁਰਸੀ ਦੇ ਅਭਿਲਾਖੀ ਹੁੰਦੇ ਹਨ ਪਰ ਕਹਿਣਗੇ 'ਜਿਤਾ ਕੇ ਸੇਵਾ ਦਾ ਮੌਕਾ ਦਿਓ।' ਤਾਰਾ ਸਿੰਘ ਅਨਜਾਣ ਦੇ ਸ਼ਬਦਾਂ ਵਿਚ 'ਸੇਵਾ ਕਰਨ ਵਾਲਾ ਜੇ ਕਿਸੇ ਲੋੜਵੰਦ ਗ਼ਰੀਬ ਦੀ ਮੱਦਦ ਕਰਦਾ ਹੈ ਤਾਂ ਕਿਸੇ ਪ੍ਰਾਪਤੀ ਲਈ ਨਹੀਂ। ਜੇ ਕਿਸੇ ਦੀ ਮੁੱਠੀ ਚਾਪੀ ਕਰਦਾ ਹੈ ਤਾਂ ਕਿਸੇ ਰੁਪਏ ਪੈਸੇ ਲਈ ਨਹੀਂ। ਸੇਵਾ ਕਰਨ ਵਾਲਾ ਆਪਣਾ ਪਰਾਇਆ ਨਹੀਂ ਵੇਖਦਾ, ਉਸ ਦੀ ਲੋੜ ਵੇਖਦਾ ਹੈ। ਉਹ ਦੂਜੇ ਦਾ ਭਲਾ ਕਰਨਾ ਚਾਹੁੰਦਾ ਹੈ। ਇਸ ਦਾ ਸੁਖ ਉਸ ਨੂੰ ਵੀ ਮਿਲਦਾ ਹੈ। ਐਸੇ ਮਨੁੱਖਾਂ ਬਾਰੇ ਨੀਤੀਵਾਨ ਚਾਣਕਿਆ ਨੇ ਲਿਖਿਆ ਹੈ - 'ਜਿਨ੍ਹਾਂ ਮਨੁੱਖਾਂ ਦੇ ਦਿਲਾਂ ਵਿਚ ਦੂਜੇ ਲਈ ਭਲੇ ਦੀ ਭਾਵਨਾ ਹੁੰਦੀ ਹੈ, ਉਹਨਾਂ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਕਦਮ-ਕਦਮ 'ਤੇ ਉਹਨਾਂ ਨੂੰ ਸਾਰੇ ਸੁੱਖ ਮਿਲਦੇ ਹਨ।

'ਮਹਾਤਮਾ ਗਾਂਧੀ ਸੇਵਾ ਨੂੰ ਐਨਾ ਉੱਚਾ ਗਿਣਦੇ ਸਨ ਕਿ ਉਹਨਾਂ ਨੇ ਲਿਖਿਆ, "ਸੇਵਾ ਧਰਮ ਦਾ ਪਾਲਣ ਕੀਤੇ ਬਿਨਾਂ ਮੈਂ ਅਹਿੰਸਾ ਧਰਮ ਦਾ ਪਾਲਣ ਨਹੀਂ ਕਰ ਸਕਦਾ।"[੫]

ਦੂਜਿਆਂ ਦੇ ਦੋਸ਼ ਵੇਖ ਕੇ ਖ਼ੁਸ਼ ਹੋਣ ਵਾਲੇ ਅਤੇ ਦੂਜਿਆਂ ਦੇ ਗੁਣ ਵੇਖ ਕੇ ਪਰੇਸ਼ਾਨੀ ਮੰਨਣ ਵਾਲੇ ਨਿੰਦਕ ਨੂੰ, ਸੰਸਾਰ ਵਿਚ ਫਿਟਕਾਂ ਹੀ ਪੈਂਦੀਆਂ ਹਨ। ਨਿੰਦਿਆ ਨੂੰ ਸੰਸਾਰ ਵਿਚ ਫਿਟਕਾਂ ਹੀ ਪੈਂਦੀਆਂ ਹਨ। ਨਿੰਦਿਆ ਦਾ ਅਰਥ ਗ੍ਰੰਥਾਂ ਵਿਚ ਲਿਖਿਆ ਹੈ ਕਿ ਜਿਹੜਾ ਕਿਸੇ ਦਾ ਕਸੂਰ ਨਾ ਹੋਵੇ, ਉਹ ਦੋਸ਼ ਲਾ ਕੇ ਦੂਸਰੇ ਦੇ ਸਾਹਵੇਂ ਕਹਿਣਾ, ਐਵੇਂ ਕਿਸੇ ਨਿਰਦੋਸ਼ ਦੀ ਭੰਡੀ ਕਰਨੀ, ਬਦਨਾਮੀ ਕਰਨੀ, ਗੁਣਾਂ ਵਿਚ ਦੋਸ਼ ਥੋਪਣ ਦਾ ਕਰਮ।

"ਇਸ ਨਾਲ ਇਕ ਹੋਰ ਸ਼ਬਦ ਹੈ ਪਰੀਵਾਦ - ਉਸ ਦਾ ਮਤਲਬ ਹੈ ਜਿਹੜਾ ਕਿਸੇ ਦਾ ਦੋਸ਼ ਹੈ, ਕਮੀ ਕਮਜ਼ੋਰੀ ਹੈ, ਮਾੜਾ ਗੁਣ ਹੈ, ਉਸ ਨੂੰ ਕਥਨ ਕਰਨਾ।

"ਊਜ ਲਾਉਣ ਵਾਲਾ, ਨਿੰਦਕ, ਕਿਸੇ ਦਾ ਲਿਹਾਜ਼ ਨਹੀਂ ਕਰਦਾ, ਉਸ ਨੂੰ ਇਸ ਪਾਸਿਉਂ ਸਦਾ ਹੀ ਵਰਜਿਆ ਗਿਆ ਹੈ।"[੬]

ਨਾਮਧਾਰੀ ਸੰਗਤ ਨੂੰ ਉਸਦੇ ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਦਾ ਸਵਾ ਪਹਿਰ ਰਾਤ ਰਹਿੰਦੀ ਉੱਠਣ ਦਾ ਆਦੇਸ਼ ਹੈ ਭਾਵ ਸੂਰਜ ਚੜ੍ਹਨ ਤੋਂ ਚਾਰ ਘੰਟੇ ਪਹਿਲਾਂ। ਇਉਂ ਨਾਮਧਾਰੀਆਂ ਦਾ ਅੰਮ੍ਰਿਤ ਵੇਲਾ ਸਭ ਤੋਂ ਵੱਡਾ ਹੈ। ਭਾਈ ਕਾਹਨ ਸਿੰਘ ਨਾਭਾ ਚਾਰ ਘੜੀ ਰਾਤ ਰਹਿੰਦੀ ਨੂੰ ਬ੍ਰਹਮ ਮਹੂਰਤ ਜਾਂ ਅੰਮ੍ਰਿਤ ਵੇਲਾ ਆਖਦੇ ਹਨ। ਘੜੀ ੨੪ ਮਿੰਟ ਦੀ ਹੁੰਦੀ ਹੈ। ਇਹ ਜਿਹੇ ਵੇਰਵੇ ਦੇ ਕੇ ਗੁਰਬਾਣੀ ਦੀਆਂ ਤੁਕਾਂ ਨਾਲ ਅੰਮ੍ਰਿਤ ਵੇਲੇ ਚਮਕਣ ਵਾਲੇ ਤਾਰਿਆਂ ਦੀ ਨਿੰਮੀ ਨਿੰਮੀ ਲੋਅ ਦਸ ਕੇ ਅਤੇ ਫਰੀਦ ਜੀ ਦੇ ਸ਼ਬਦਾਂ ਵਿਚ ਪਿਛਲੀ ਰਾਤ ਨਾ ਜਾਗਣ ਵਾਲੇ ਨੂੰ "ਜਿਊਂਦਾ ਮੋਇਆ" ਕਹਿ ਕੇ ਅਨਜਾਣ ਜੀ ਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਭਜਨ ਪਾਠ ਆਦਿ ਕਰਕੇ ਆਪਣੇ ਕਾਰ ਵਿਹਾਰ, ਅਧਿਅਨ ਆਦਿ ਵਿਚ ਪੈਣ ਵਾਲਿਆਂ ਨੂੰ ਦੂਜਿਆਂ ਨਾਲੋਂ ਵੱਧ ਕਾਮਯਾਬ ਹੁੰਦੇ ਦੱਸਿਆ ਹੈ। ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਮ੍ਰਿਤ ਵੇਲੇ ਉਠ ਕੇ ਭਜਨ ਬੰਦਗੀ ਕਰਨ ਦੀ ਪਿਰਤ ਨੂੰ ਗੁਰਬਾਣੀ ਦੇ ਸ਼ਬਦਾਂ ਵਿਚ ਕਲ੍ਹੇ ਕਲੇਸ਼ ਦਾ ਨਾਸ਼ ਕਰਨ ਵਾਲੀ ਅਤੇ ਸੁੱਖ ਸੁਵਿਧਾ ਵਿਚ ਵਾਧਾ ਕਰਨ ਵਾਲੀ ਦੱਸ ਕੇ ਇਕ ਮਹੱਤਵਪੂਰਨ ਪ੍ਰਸ਼ਨ ਦਾਗਦਾ ਹੈ ਕਿ ਜੇ ਸਿੱਖ ਅੰਮ੍ਰਿਤ ਵੇਲੇ ਜਾਗਣ ਵਾਲੀ ਇਸ ਜੁਗਤ ਦਾ "ਲਾਹਾ ਨਹੀਂ ਲੈਂਦਾ ਤਾਂ ਫਿਰ ਨੁਕਸਾਨ ਕਿਸ ਦਾ ਹੈ। ਉਸ ਦਾ ਜਾਂ ਕਿਸੇ ਹੋਰ ਦਾ ?"

ਅਨਜਾਣ ਦੇ ਮੁਤਾਬਿਕ ਜ਼ਿੰਦਗੀ ਦੇ ਸਾਰੇ ਪੱਖਾਂ ਦੀ ਸੋਝੀ ਰੱਖਣ ਵਾਲਾ ਹੁਕਮ ਅਤੇ ਰਜ਼ਾ ਵਿਚ ਸ਼ਾਕਰ ਰਹਿਣ ਵਾਲਾ ਹੀ ਪੜ੍ਹਿਆ ਵਿਅਕਤੀ ਅਖਵਾ ਸਕਦਾ ਹੈ। ਇਹ ਪੜ੍ਹਾਈ ਕਿਤਾਬੀ ਗਿਆਨ ਤੋਂ ਰਤਾ ਅਗੇਰੇ ਦੀ ਹੈ। "ਪਰ ਚਾਹੀਦਾ ਵੀ ਇਹੋ ਹੈ ਕਿ ਜੇ ਕਮੀ ਰਹਿ ਗਈ ਹੈ ਤਾਂ ਆਪਣੇ ਆਪ ਨੂੰ ਸੁਧਾਰਿਆ ਜਾਏ, ਜੇ ਪ੍ਰਾਪਤੀ ਹੋਈ ਹੈ ਉਸ ਦੀ ਕਿਰਪਾ ਸਮਝੀ ਜਾਵੇ। ਗੱਲਾਂ ਨਾਲ ਹੀ ਸੁਹਾਗਣ ਨਾ ਬਣਿਆ ਜਾਵੇ।"[੭]

Sri Satguru Jagjit Singh Ji eLibrary NamdhariElibrary@gmail.com

ਵਰਤਮਾਨ ਧਾਰਮਿਕ, ਸਾਹਿਤਕ ਰਾਜਨੀਤਕ ਅਤੇ ਸਮਾਜਕ ਖੇਤਰਾਂ ਵਿਚ ਕਹਿਣ ਨੂੰ ਤਾਂ ਲੋਕ ਸੇਵਾ ਕਰਦੇ ਹਨ ਪਰ ਹਰ ਕੋਈ ਉਸੇ ਕੰਮ ਨੂੰ ਖੁਸ਼ੀ ਖੁਸ਼ੀ ਕਰਦਾ ਹੈ ਜਿਥੇ ਉਸਨੂੰ ਧਨ ਪ੍ਰਾਪਤੀ ਵਧੇਰੇ ਹੁੰਦੀ ਹੋਵੇ। ਤਾਰਾ ਸਿੰਘ ਅਨਜਾਣ ਨੇ ਸਾਡੀਆਂ ਨਿੱਕੀਆਂ-ਨਿੱਕੀਆਂ ਕਮਜ਼ੋਰੀਆਂ ਤੋਂ ਵੀ ਪਰਦਾ ਹਟਾ ਕੇ ਸਾਡੀ ਜੀਵਨ ਜਾਚ ਦਾ ਮੂੰਹ ਸੰਵਾਰਨ ਲਈ ਉਪਰਾਲੇ ਕੀਤੇ ਹਨ – "ਕਈ ਵਾਰ ਭਾਅ ਮੁਕਾ ਕੇ ਵੀ ਪੂਰਾ ਮੁੱਲ ਦੇਣ ਦਾ ਜੇਰਾ ਨਹੀਂ ਕਰਦਾ। ਇਹ ਤਾਂ ਭੁੱਲ ਹੀ ਜਾਈਦਾ ਹੈ ਕਿ ਆਪਣੀ ਜ਼ਬਾਨ ਉੱਤੇ ਪੱਕਾ ਰਿਹਾ ਜਾਏ। ਇਹ ਚਤੁਰਾਈ ਆ ਜਾਂਦੀ ਹੈ ਕਿ ਦੂਜੇ ਦੇ ਵਿਹਾਰ ਵਿਚ, ਉਸ ਦੇ ਕੰਮ ਵਿਚ, ਉਸ ਦੀ ਬਣੀ ਵਸਤੂ ਵਿਚ ਨੁਕਸ ਕੱਢ ਕੇ ਘੱਟ ਪੈਸੇ ਦਿੱਤੇ ਜਾਣ।" ਲੇਖਕ ਦੀਆਂ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਗੱਲਾਂ ਨੂੰ ਹਰ ਕੋਈ ਆਪਣੇ ਅੰਦਰ ਵਸਾ ਲਵੇ ਤਾਂ ਦੁਨੀਆਂ ਕਿੰਨੀ ਹੁਸੀਨ ਹੋ ਸਕਦੀ ਹੈ। ਲੜਾਈ ਝਗੜੇ ਕਿੰਨੇ ਘਟ ਸਕਦੇ ਹਨ। ਇਹੋ ਜਿਹੀ ਭਲੀ ਮੱਤ ਕੋਈ ਭਲਾ ਪੁਰਖ ਹੀ ਦੇ ਸਕਦਾ ਹੈ। ਲੇਖਕ ਦੀ ਭਲੇਮਾਣਸੀ ਦੇ ਅਸੀਂ ਤਾਂ ਬਚਪਨ ਤੋਂ ਗੁਆਹ ਹਾਂ, ਪਰ ਹੁਣ ਤਾਂ ਇਹ ਜੱਗ ਜ਼ਾਹਿਰ ਹੋ ਚੁਕੀ ਹੈ। ਉਸਦੀ ਆਪਣੀ ਘਾਲਣਾ ਦਾ ਖ਼ਜ਼ਾਨਾ ਏਨਾ ਵਿਸ਼ਾਲ ਹੈ ਕਿ ਉਸ ਤੋਂ ਹਰ ਕਿਸੇ ਨੂੰ ਹਮੇਸ਼ਾ ਭਲੀ ਮੱਤ ਦੀ ਆਸ ਬਣੀ ਰਹਿੰਦੀ ਹੈ। ਆਪਣੀ ਇਸ ਮੱਤ ਨੂੰ ਸ਼ਬਦਾਂ ਦਾ ਜਾਮਾ ਪੁਆ ਕੇ, ਪੰਜਾਬੀ ਪਾਠਕਾਂ ਦੀ ਦਸ਼ਾ ਤੇ ਦਿਸ਼ਾ ਸੁਧਾਰਨ ਦਾ ਅਵੱਲੜਾ ਰਾਹ ਚੁਣ ਕੇ, ਉਸਨੂੰ ਦਿਲੀ ਤਸਕੀਨ ਹਾਸਲ ਹੁੰਦੀ ਹੈ।

ਅਨਜਾਣ ਨੇ ਆਪਣੇ ਨਿਬੰਧਾਂ ਲਈ ਸਿਰਲੇਖ ਕੁਝ ਅਟੱਲ ਸਚਾਈਆਂ ਵਿਚੋਂ ਵੀ ਲਏ ਹਨ ਜਿਵੇਂ ਸ਼ੇਖ਼ ਫ਼ਰੀਦ ਜੀ ਦਾ ਕਥਨ ਹੈ – "ਕਾਲੀ ਜਿਨੀ ਨਾ ਰਾਵਿਆ ਧਉਲੀ ਰਾਵੈ ਕੋਇ।" ਇਸ ਨਿਬੰਧ ਵਿਚ ਲੇਖਕ ਨੇ ਵਕਤ ਦੀ ਕੀਮਤ ਤੇ ਝਾਤ ਪੁਆਈ ਹੈ। ਉਸ ਦਾ ਕਹਿਣਾ ਹੈ – "ਇਹ ਸੱਚਾਈ ਸ਼ੇਖ਼ ਫ਼ਰੀਦ ਜੀ ਦੇ ਜੀਵਨ-ਤਜਰਬੇ ਵਿਚੋਂ ਸਾਹਮਣੇ ਆਈ ਹੈ ਜੋ ਉਹਨਾਂ ਸੱਤ-ਅੱਠ ਸੌ ਸਾਲ ਪਹਿਲਾਂ ਆਪਣੀ ਬਾਣੀ ਰਾਹੀਂ ਅੰਕਿਤ ਕੀਤੀ ਹੈ। ਇਹ ਦੱਸਦੀ ਹੈ ਕਿ ਸਾਨੂੰ ਸਮੇਂ ਪਿੱਛੇ ਛੱਡ ਜਾਣਾ ਹੈ। ਜਵਾਨੀ ਨੇ ਬੁਢਾਪੇ ਵਿਚ ਬਦਲ ਜਾਣਾ ਹੈ। ਜਿਹੜੇ ਕਾਰਜ ਜਵਾਨੀ ਵਿਚ ਕਰਨੇ ਹੁੰਦੇ ਹਨ, ਬੁਢਾਪੇ ਵਿਚ ਨਹੀਂ ਹੋ ਸਕਦੇ। ਉਹਨਾਂ ਕਾਰਜਾਂ ਵਿਚੋਂ ਸ਼ੇਖ਼ ਫ਼ਰੀਦ ਜੀ ਸਾਡਾ ਧਿਆਨ ਪ੍ਰਭੂ ਦੇ ਸਿਮਰਨ ਵਲ ਕੇਂਦਰਿਤ ਕਰਦੇ ਹਨ।"[11]

ਅਨਜਾਣ ਨੇ ਅਧਿਆਤਮਕ ਦ੍ਰਿਸ਼ਟੀਕੋਣ ਦੇ ਨਾਲ ਨਾਲ ਸੰਸਾਰਕ ਨਜ਼ਰੀਏ ਨੂੰ ਵੀ ਬਾਖੂਬੀ ਨਿਭਾਇਆ ਹੈ। ਉਪਰੋਕਤ ਨਿਬੰਧ ਵਿਚ ਹੀ ਦਰਜ ਹੈ – "ਜਵਾਨੀ ਵਿਚ ਨਾਮ ਸਿਮਰਨ ਦਾ ਮਤਲਬ ਕੇਵਲ ਇਹ ਨਹੀਂ ਕਿ ਆਪਣੀਆਂ ਸੰਸਾਰਕ ਜ਼ਿਮੇਂਵਾਰੀਆਂ ਤੋਂ ਮੂੰਹ ਮੋੜ ਲੈਣਾ। ਨਹੀਂ ਉਹ ਜ਼ਿਮੇਂਵਾਰੀਆਂ ਵੀ ਨਿਭਾਉਣੀਆਂ ਹਨ। ਸੁੱਚੀ ਕਿਰਤ ਕਰਨੀ ਹੈ। ਪਰਵਾਰ ਪ੍ਰਤੀ ਜ਼ਿਮੇਂਵਾਰੀਆਂ ਨਿਭਾਉਣੀਆਂ ਹਨ, ਪਰ ਬਿਰਤੀ ਸ਼ੁੱਧ ਰੱਖਣੀ ਹੈ।"[12]

"ਦੇਹਧਾਰੀ ਗੁਰੂ ਦਾ ਸਥਾਨ" ਅਤੇ "ਦੇਹਧਾਰੀ ਗੁਰੂ ਦੀ ਲੋੜ" ਆਦਿ ਨਿਬੰਧਾਂ ਵਿਚ ਲੇਖਕ ਨੇ ਆਪਣੀ ਸੰਪ੍ਰਦਾਇਕ ਮਨੌਤ ਨੂੰ ਗੁਰਬਾਣੀ ਅਨੁਸਾਰ ਸਿੱਧ ਕਰਨ ਦਾ ਯਤਨ ਕੀਤਾ ਹੈ। ਉਹ ਬੜੇ ਸਰਲ ਢੰਗ ਨਾਲ ਆਪਣੀ ਗੱਲ ਕਰਦਾ ਹੈ – "ਸਿੱਖ ਦੀ ਹੋਂਦ ਤਾਂ ਹੀ ਹੈ ਜੇ ਉਸ ਦਾ ਗੁਰੂ ਹੈ। ਜੇ ਉਸ ਨੇ ਗੁਰੂ ਧਾਰਨ ਨਹੀਂ ਕੀਤਾ ਤਾਂ ਉਹ ਸਿੱਖ ਕਿਸਦਾ ਹੈ। ਗੁਰੂ ਧਾਰਨ ਹੀ ਨਹੀਂ ਕਰਨਾ ਸਿੱਖ ਨੇ ਉਸਦੇ ਹੁਕਮ ਵਿਚ ਵੀ ਰਹਿਣਾ ਹੈ।

"ਕਈ ਵਾਰ ਇਕ ਵਿਚਾਰ ਉਪਜਦਾ ਹੈ ਕਿ ਦੇਹਧਾਰੀ ਗੁਰੂ ਦੀ ਲੋੜ ਕਿਉਂ ਹੈ? ਕੀ ਇਸ ਬਿਨਾਂ ਕੋਈ ਗੁਰੂ ਨਹੀਂ ਹੋ ਸਕਦਾ? ਦੇਹਧਾਰੀਆਂ ਵਿਚੋਂ ਵੀ ੮੪ ਲੱਖ ਜੂਨਾਂ ਹਨ। ਸਭ ਜੀਆਂ ਦੇਹਾਂ ਹਨ। ਉਹਨਾਂ ਵਿਚ ਕਿਹੜੀਆਂ ਦੇਹਾਂ ਗੁਰੂ ਦੀ ਲੋੜ ਨਹੀਂ ਪੂਰੀ ਕਰਦੀਆਂ?

"...ਇਸ ਗੱਲ ਬਾਰੇ ਸੰਦੇਹ ਨਹੀਂ ਕਿ ਸਭ ਜੂਨਾਂ ਦੇਹਧਾਰੀ ਹਨ ਪਰ ਮਨੁੱਖ ਦਾ ਦਿਮਾਗ ਸਭ ਜੂਨਾਂ ਤੋਂ ਵੱਧ ਵਿਕਸਿਤ ਹੈ। ਉਸ ਕੋਲ ਸੁਣਨ ਬੋਲਣ ਦੀ ਪ੍ਰਕਿਰਿਆ ਵੀ ਹੋਰਾਂ ਤੋਂ ਕਿਤੇ ਵੱਧ ਕੰਮ ਆਉਣ ਵਾਲੀ ਹੈ ਤੇ ਫਿਰ ਜਦੋਂ ਗੁਰੂ ਦੀ ਲੋੜ ਹੁੰਦੀ ਹੈ ਆਪਣੇ ਤੋਂ ਸਿਆਣੇ, ਉੱਚੇ-ਸੁੱਚੇ ਨੂੰ ਹੀ ਗੁਰੂ ਕਰੇਗਾ ਜੋ ਅਧਿਆਤਮਕ ਪੱਖੋਂ ਉਸ ਤੋਂ ਬਹੁਤ ਅੱਗੇ ਹੋਵੇਗਾ।"[13]

Sri Satguru Jagjit Singh Ji eLibrary NamdhariElibrary@gmail.com

ਪਰ ਇਹ ਗੁਰੂ ਤੇ ਸਿੱਖ ਦਾ ਰਿਸ਼ਤਾ ਮੁਕੰਮਲ ਸਮਰਪਣ ਦਾ ਹੈ। ਤਰਕ ਵਿਤਰਕ ਜਾਂ ਦਲੀਲਬਾਜ਼ੀ ਲਈ ਇਸ ਵਿਚ ਕੋਈ ਥਾਂ ਨਹੀਂ ਹੁੰਦੀ। ਐਸੇ ਚਲਾਕ ਸਿੱਖਾਂ ਦੇ ਦਰਸ਼ਨ ਵੀ ਅਨਮਾਣ ਰਚਨਾ ਵਿਚੋਂ ਸਹਿਵਨ ਹੀ ਹੋ ਜਾਂਦੇ ਹਨ- "ਇਝ ਲੱਗਦਾ ਹੈ ਸਿੱਖ ਆਪਣੀ ਚਤੁਰਾਈ ਨਾਲ ਸਤਿਗੁਰੂ ਨੂੰ ਆਖਦਾ ਹੈ ਸਤਿਗੁਰੂ ਸੱਚਾ ਪਾਤਸ਼ਾਹ, ਗਰੀਬ ਨਿਵਾਜ਼ ਹੈ, ਪਰ ਵਿਚਾਰ ਤੋਂ ਸਿੱਖ ਹੁਕਮ ਮੰਨਣ ਦੀ ਥਾਂ ਹੁਕਮ ਮਨਵਾਉਣ ਦੀ ਚਲਾਕੀ ਕਰ ਰਿਹਾ ਲੱਗਦਾ ਹੈ। ਸਿੱਖ ਤਾਂ ਗੁਰੂ ਦਾ ਬਚਨ ਮੰਨਣ ਵਾਲਾ ਹੀ ਹੋ ਸਕਦਾ ਹੈ, ਉਸ ਦੀ ਰਜ਼ਾ ਵਿਚ ਰਹਿਣ ਵਾਲਾ ਭਾਈ ਬਾਲੇ ਦੀ ਜਨਮ-ਸਾਖੀ ਵਿਚ ਲਿਖਿਆ ਹੈ, "ਸਿੱਖ ਨਿਰਮਲ ਉਹ ਹਨ ਜਿਨ੍ਹਾਂ ਗੁਰੂ ਤੋਂ ਬਿਨਾ ਹੋਰ ਕੁਝ ਨਹੀਂ ਜਾਤਾ।"[14]

"ਝੂਠੇ ਸਰਿ ਸਾਕ" ਵਿਚ ਦੁਨਿਆਵੀ ਰਿਸ਼ਤਿਆ ਦੀ ਚੀਰ ਫਾੜ ਕੀਤੀ ਗਈ ਹੈ। ਮਨੁੱਖ ਹਾਂ ਵਿਚ ਹਾਂ ਮਿਲਾਉਣ ਵਾਲੇ ਨੂੰ ਹੀ ਚੰਗਾ ਮਿਤਰ ਸਮਝਦਾ ਹੈ। ਜੇ ਕੋਈ ਸਹੀ ਰਾਇ ਦੇ ਦੇਵੇ ਤਾਂ ਉਸ ਤੋਂ ਕਿਨਾਰਾ ਕਸ਼ੀ ਕਰ ਲਈ ਜਾਂਦੀ ਹੈ। ਅੱਤਿ ਨਿਕਟ ਰਿਸ਼ਤਿਆਂ ਵਿਚ ਤਲਖ਼ੀਆਂ ਇਸ ਕਦਰ ਵਧ ਜਾਂਦੀਆਂ ਹਨ ਕਿ ਨੌਬਤ ਖ਼ੂਨ ਖਰਾਬੇ ਤੱਕ ਪੁੱਜ ਜਾਂਦੀ ਹੈ। ਰਾਜ-ਸੱਤਾ ਵਾਲਿਆ ਨੇ ਸਕੇ ਸਬੰਧੀਆਂ ਦੀਆ ਲਾਸ਼ਾ ਨੂੰ ਆਪਣੇ ਤਖ਼ਤ ਦੇ ਪਾਵੇ ਬਨਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ।

ਲੇਖਕ ਮਨੂ ਸਿਮ੍ਰਤੀ ਦੇ ਹਵਾਲੇ ਨਾਲ ਕਹਿੰਦਾ ਹੈ "ਜਿਸ ਘਰ ਵਿਚ ਪਤਨੀ, ਬਹੂ, ਭੈਣ, ਭਾਣਜੀ ਅਤੇ ਬੇਟੀ ਆਦਿ ਦੁਖੀ ਰਹਿੰਦੀਆਂ ਹਨ ਉਹ ਘਰ ਜਲਦੀ ਹੀ ਨਸ਼ਟ ਹੋ ਜਾਂਦਾ ਹੈ। ਜਿਸ ਘਰ ਵਿਚ ਉਹ ਖ਼ੁਸ਼ ਰਹਿੰਦੀਆਂ ਹਨ ਉਸ ਖ਼ਾਨਦਾਨ ਦੀ ਹਮੇਸ਼ਾ ਉਨਤੀ ਹੁੰਦੀ ਹੈ।" ਸ਼ਾਇਦ ਏਸੇ ਕਰਕੇ ਕਿਸੇ ਹੋਰ ਨੇ ਕਿਹਾ ਹੈ, ਮਰਦ ਮਕਾਨ ਬਣਾਉਂਦੇ ਹਨ, ਔਰਤਾਂ ਉਸ ਨੂੰ ਘਰ ਬਣਾਉਂਦੀਆਂ ਹਨ।

"ਪੰਜਾਬੀ ਦੇ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਭੈਣਾਂ ਭਰਾਵਾਂ ਦੇ ਸੁਭਾ ਦੇ ਫ਼ਰਕ ਤੇ ਇਕ ਦੂਜੇ ਪ੍ਰਤੀ ਭਾਵਨਾ ਨੂੰ ਪੇਸ਼ ਕਰਦਿਆਂ ਲਿਖਿਆ ਹੈ, "ਭਰਾ ਦੀ ਗਲਤੀ ਨੂੰ ਭੈਣ ਛੇਤੀ ਮੁਆਫ਼ ਕਰ ਦੇਂਦੀ ਹੈ ਪਰ ਭੈਣ ਦੀ ਮਾਮੂਲੀ ਹਰਕਤ ਤੋਂ ਔਖਾ ਹੋਇਆ ਭਰਾ ਉਸ ਨੂੰ ਕਈ ਵਾਰ ਕਤਲ ਕਰ ਦੇਣ ਦੀ ਮਿਥ ਲੈਂਦਾ ਹੈ।"[15]

ਦਰਅਸਲ ਮਾਇਆਵਾਦੀ ਨਜ਼ਾਮ ਵਿਚ ਜਿਥੇ ਸਭ ਕੁਝ ਪੈਸੇ ਨੂੰ ਹੀ ਸਮਝ ਲਿਆ ਜਾਂਦਾ ਹੈ, ਰਿਸ਼ਤੇ ਨਾਤੇ ਵੀ ਪੈਸੇ ਦੀ ਤੱਕੜੀ ਵਿਚ ਹੀ ਤੋਲੇ ਜਾਂਦੇ ਹਨ। ਇਸੇ ਲਈ ਸਾਨੂੰ ਇਹਨਾ ਦੀ ਕੁੜੱਤਣ ਪ੍ਰੇਸ਼ਾਨ ਕਰਦੀ ਹੈ। ਨਹੀਂ ਤਾਂ ਮਾਂ ਪਿਓ, ਭੈਣ-ਭਰਾ, ਪਤੀ-ਪਤਨੀ ਅਤੇ ਸੱਜਣਾਂ-ਮਿੱਤਰਾਂ ਵਰਗਿਆਂ ਨੇਿੜਆਂ ਮਿੱਠਿਆਂ ਰਿਸ਼ਤਿਆਂ ਨੂੰ ਖ਼ਾਰਜ ਕਰ ਦੇਈਏ ਤਾਂ ਦੁਨੀਆਂ ਵਿਚ ਬਾਕੀ ਕੀ ਰਹਿ ਜਾਂਦਾ ਹੈ।

ਬ੍ਰਿਧ ਅਵਸਥਾ ਬਾਰੇ "ਅਜੁ ਫਰੀਦੈ ਕੂਜੜਾ ਸੈ ਕੋਹਾਂ" ਬੜਾ ਵਿਚਾਰ ਉਤੇਜਕ ਨਿਬੰਧ ਹੋ ਨਿਬੜਿਆ ਹੈ। ਇਸ ਵਿਚ ਬੁਢਾਪੇ ਨੂੰ ਇਕ ਸਰਾਪ ਨਹੀਂ ਸਗੋਂ ਇਕ ਵਰਦਾਨ ਦੇ ਤੌਰ 'ਤੇ ਗ੍ਰਹਿਣ ਕਰਨ ਲਈ ਲੇਖਕ ਕਹਿੰਦਾ ਹੈ। ਕਿਉਂਕਿ ਹਰ ਪਦਾਰਥ ਦੀ ਤੇ ਜੀਵਾਂ ਦੀ ਉਮਰ ਹੁੰਦੀ ਹੈ, ਤੇਜ ਪ੍ਰਤਾਪ ਘਟਣਾ ਹੀ ਹੁੰਦਾ ਹੈ, ਪਰ ਜੁਆਨੀ ਵੇਲੇ ਕੋਈ ਨਹੀਂ ਸੋਚਦਾ। ਲੇਖਕ ਗੁਰਬਾਣੀ ਦੇ ਹਵਾਲੇ ਨਾਲ ਕਹਿੰਦਾ ਹੈ ਕਿ ਜਵਾਨੀ ਹੀ ਨਹੀਂ, ਧਨ ਤੇ ਫੁੱਲ ਵੀ ਸਦਾ ਇੱਕੋ ਰੰਗ ਵਿਚ ਨਹੀਂ ਰਹਿੰਦੇ। ਲੇਖਕ ਕੁਦਰਤ ਦੀ ਇਸ ਤਬਦੀਲੀ ਦੇ ਨਿਯਮ ਦਾ ਖਿੜੇ ਮੱਥੇ ਸੁਆਗਤ ਕਰਦਾ ਹੈ ਅਤੇ ਫਿਰ ਫ਼ਰੀਦ ਜੀ ਦੇ ਹਵਾਲੇ ਨਾਲ ਦੱਸਦਾ ਹੈ ਕਿ ਸੌ ਸਾਲ ਦੀ ਉਮਰ ਭੋਗਣ ਵਾਲੇ ਸਰੀਰ ਨੇ ਵੀ ਤਾਂ ਓੜਕ ਨੂੰ ਬਿਨਸਣਾ ਹੀ ਹੈ, ਇਸ ਲਈ ਸਰੀਰ ਦਾ ਮੋਹ ਚਿਰਕਾਲ ਤੱਕ ਨਿਰਾਰਥਕ ਹੀ ਹੈ। ਲੇਖਕ ਬਿਰਧਾਂ ਨੂੰ ਇਹ ਰਾਇ ਵੀ ਦਿੰਦਾ ਹੈ ਕਿ "ਉਹ ਸਰੀਰਕ ਤੌਰ ਤੇ ਬੁੱਢੇ, ਬੀਮਾਰ ਤੇ ਕਮਜ਼ੋਰ ਹੁੰਦੇ ਹੋਏ ਵੀ ਮਾਨਸਿਕ ਕਮਜ਼ੋਰੀ, ਬੁਢੇਪੇ ਤੇ ਹੀਣ ਭਾਵ ਦਾ ਸ਼ਿਕਾਰ ਨਾ ਹੋਣ। ਧਨ ਪਦਾਰਥ ਨੂੰ ਜੱਫਾ ਨਾ ਮਾਰਨ, ਕਿਸੇ ਤੇ ਬੇਇਤਬਾਰੀ ਨਾ ਕਰਨ ਅਤੇ ਲੱਗਦੀ ਵਾਹ ਕੋਈ ਨਾ ਕੋਈ ਕੰਮ ਕਰਦੇ ਰਹਿਣ। ਉਹ ਜ਼ਿੰਦਗੀ ਨੂੰ ਆਖ਼ਰੀ ਪਲ ਤਕ ਜਿਉਣ।

ਜਿਸ ਨੂੰ ਵੀ ਮਿਲੀਏ ਉਹ ਆਪਣੇ ਦੁੱਖਾਂ ਦਾ ਕੋਈ ਨਾ ਕੋਈ ਰੋਣਾ ਲੈ ਕੇ ਬੈਠ ਜਾਂਦਾ ਹੈ। ਦੁੱਖ ਦੀ ਉਤਪਤੀ ਬਾਰੇ ਲੇਖਕ ਸਟੀਕ ਵਿਸ਼ਲੇਸ਼ਣ ਪੇਸ਼ ਕਰਦਾ ਹੈ-

Sri Satguru Jagjit Singh Ji eLibrary NamdhariElibrary@gmail.com

''ਦੁੱਖ ਕਿਸੇ ਵਸਤੂ, ਕਿਸੇ ਹਾਲਤ ਦੇ ਪ੍ਰਤੀਕੂਲ ਸਥਿਤੀ ਹੋਣ ਕਾਰਨ ਸਮਝਿਆ ਜਾਂਦਾ ਹੈ। ਉਹ ਪ੍ਰਤੀਕੂਲ ਸਥਿਤੀ ਸਰੀਰਕ ਹੋ ਸਕਦੀ ਹੈ, ਆਤਮਿਕ ਵੀ ਹੋ ਸਕਦੀ ਹੈ।''[11] ਕੋਈ ਸਭ ਕੁਝ ਹੁੰਦਿਆਂ ਸੁੰਦਿਆਂ ਵੀ ਦੁਖੀ ਰਹਿਣ ਦੇ ਆਦੀ ਬਣ ਜਾਂਦੇ ਹਨ। ਮਨ ਨੂੰ ਬਲਵਾਨ ਕਰਕੇ ਹੀ ਦੁੱਖ ਦੀ ਤੀਖਣਤਾ ਨੂੰ ਘਟਾਇਆ ਜਾ ਸਕਦਾ ਹੈ।

ਤਮਾਕੂ-ਨੋਸ਼ਾਂ ਨੂੰ ਇਸ ਆਦਤ ਤੋਂ ਬਚਣ ਲਈ ਪ੍ਰੇਰਦਿਆਂ ਲਿਖਿਆ ਗਿਆ ਹੈ ਕਿ ੯੦ ਫ਼ੀਸਦੀ ਤਮਾਕੂ ਉਤਪਾਦਨ ਦੀ ਖਪਤ ਭਾਰਤ ਵਿਚ ਹੁੰਦੀ ਹੈ। ਇੱਥੇ ੨੫ ਕਰੋੜ ਲੋਕ ਤਮਾਕੂ ਵਰਤਦੇ ਹਨ ਜਿਹਨਾਂ ਵਿਚੋਂ ੧੯ ਕਰੋੜ ੨੫ ਸਾਲ ਤੱਕ ਦੀ ਉਮਰ ਦੇ ਹਨ। ਭਾਰਤ ਤੇ ਥਾਈਲੈਂਡ ਵਿਚ ਹਰ ਵਰ੍ਹੇ ੧੦ ਲੱਖ ਤਮਾਕੂ ਨੋਸ਼ਾਂ ਦੀ ਗਿਣਤੀ ਵਧ ਜਾਂਦੀ ਹੈ। ਇਕ ਸਿਗਰਟ ਪੀਣ ਨਾਲ ੧੧ ਮਿੰਟ ਜ਼ਿੰਦਗੀ ਘਟ ਜਾਂਦੀ ਹੈ।

ਅੱਜ ਏਡਜ਼ ਦੀ ਮਹਾਂਮਾਰੀ ਮਾਨਵ ਜਾਤੀ ਅੱਗੇ ਵੱਡਾ ਖ਼ਤਰਾ ਹੈ। ਰਿਸ਼ਤਿਆਂ ਦੀ ਪਵਿੱਤਰਤਾ ਤੇ ਇਸੇ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਬਹੁਤ ਜ਼ੋਰ ਦਿੱਤਾ ਸੀ। ਸਾਡਾ ਲੇਖਕ ਉਹਨਾਂ ਦੇ ਇਕ ਹੁਕਮਨਾਮੇ ਨੂੰ ਇਸੇ ਸੰਦਰਭ ਵਿਚ ਉਦਰਿਤ ਕਰਦਾ ਹੈ-

''ਰੰਡੀ ਦੇ ਸੰਗਿ ਤੇ ਇਕ ਤਾਂ ਸਰੀਰ ਨੂੰ ਦੁੱਖ ਲੱਗ ਜਾਂਦਾ ਹੈ, ਦੂਜਾ ਪੈਸਾ ਬਰਬਾਦ ਹੁੰਦਾ ਹੈ, ਤੀਸਰਾ ਧਰਮ ਜਾਂਦਾ ਹੈ ਚੌਥਾ ਲੋਕਾਂ ਮੇਂ ਬਹੁਤ ਭੰਡੀ ਹੁੰਦੀ ਹੈ - ਘਰ ਮੇਂ ਘਰ ਦੀ ਸਿੰਘਣੀ ਸਾਥ ਸਪਰਸ਼ ਹੋਆ ਤਾਂ ਉਸਨੂੰ ਵੀ ਬਿਮਾਰੀ ਹੋਇ ਜਾਊ ਜੇ ਨਾ ਕੀਤਾ ਤਾਂ ਬੀ ਦੋਸ਼ ਹੈ।''[12] (ਹੁਕਮਨਾਮਾ ੪੯)

ਦਾਜ ਦੀ ਬਲੀ ਚੜ੍ਹਦੀਆਂ ਅਬਲਾਵਾਂ ਦੀ ਮੂਕ ਵੇਦਨਾ ਤਾਰਾ ਸਿੰਘ ਅਨਜਾਣ ਦੀ ਲਿਖਤ ਵਿਚ ਵਿਦਮਾਨ ਹੈ। ਇਹ ਉਸਦੇ ਸੁਚੇਤ ਲੇਖਕ ਹੋਣ ਦਾ ਪ੍ਰਮਾਣ ਹੈ। ਉਸ ਦੀ ਸਮਾਜਿਕ ਜ਼ਿੰਮੇਵਾਰੀ ਦੀ ਪਛਾਣ ਹੈ। ਉਸ ਦੀ ਸੁਘੜਤਾ ਦਾ ਚਿੰਨ੍ਹ ਹੈ। ਸਮਕਾਲੀ ਸਮੱਸਿਆਵਾਂ ਤੋਂ ਮੂੰਹ ਫੇਰ ਕੇ ਕੋਈ ਵੀ ਲੇਖਕ ਵਧੀਆ ਲੇਖਕ ਨਹੀਂ ਬਣ ਸਕਦਾ। ਉਸਨੇ ਮਾਪਿਆਂ ਦੁਆਰਾ ਤਹਿਸ਼ੁਦਾ ਅਤੇ ਪ੍ਰੇਮ ਵਿਆਹਾਂ ਦਾ ਤੁਲਨਾਤਮਕ ਅਧਿਅਨ ਕਰਕੇ ਸਿੱਟਾ ਕੱਢਿਆ ਹੈ ਕਿ ਪ੍ਰੇਮ-ਵਿਆਹ ਜ਼ਿਆਦਾ ਅਸਫਲ ਹੁੰਦੇ ਹਨ। ਉਹ ਔਰਤ ਦੀ ਆਜ਼ਾਦੀ ਦੇ ਸੰਕਲਪ ਵਿਚ ਦੇਹ ਦੀ ਆਜ਼ਾਦੀ ਨੂੰ ਸ਼ਾਮਲ ਨਹੀਂ ਕਰਦਾ।

ਪਹਿਲਾ ਤੇ ਆਖਰੀ ਨਿਬੰਧ ਹਉਮੈ-ਹੰਕਾਰ ਬਾਰੇ ਲਿਖ ਕੇ ਉਸਨੇ ਇਸ ਭਿਆਨਕ ਰੋਗ ਨੂੰ ਰੇਖਾਂਕਿਤ ਕਰਨ ਦਾ ਪੁਰਜ਼ੋਰ ਯਤਨ ਕੀਤਾ ਹੈ ਜਿਸ ਨੇ ਜ਼ਿੰਦਗੀਆਂ ਨੂੰ ਨੀਰਸ ਬਣਾ ਦਿੱਤਾ ਹੈ। ਲਾਲਾ ਹਰਦਿਆਲ ਦੇ ਹਵਾਲੇ ਨਾਲ ਕਿਹਾ ਗਿਆ ਹੈ-

''ਹੰਕਾਰ ਕਰਨ ਵਾਲਾ ਲੋੜ ਵੀ ਨਹੀਂ ਮਹਿਸੂਸ ਕਰਦਾ ਕਿਸੇ ਨਾਲ ਚੰਗੇ ਤੇ ਬਰਾਬਰ ਦੇ ਸੰਬੰਧ ਰੱਖਣ ਦੀ। ਹਾਂ ਜਿਹੜਾ ਉਸ ਦੀ ਹਉਮੈ ਨੂੰ ਪੱਠੇ ਪਾਵੇ ਉਸ ਨੂੰ ਚੰਗਾ ਲੱਗਦਾ ਹੈ। ਉਹ ਇਹ ਹੀ ਸੁਣ ਕੇ ਖ਼ੁਸ਼ ਹੁੰਦਾ ਹੈ - ਤੂੰ ਉੱਚੀ ਕੁੱਲ ਦਾ ਹੈਂ, ਤੂੰ ਬਹੁਤ ਵਿਦਵਾਨ ਹੈਂ, ਤੂੰ ਬੜਾ ਜੋੜ ਤੋੜ ਕਰਨ ਵਾਲਾ, ਸਰਕਾਰੇ ਦਰਬਾਰੇ ਮਾਣ ਪ੍ਰਾਪਤ ਕਰਨ ਵਾਲਾ ਆਗੂ ਹੈਂ। ਤੂੰ ਬਹੁਤ ਅਮੀਰ ਹੈਂ, ਸਭ ਤੈਨੂੰ ਸਲਾਮਾਂ ਕਰਦੇ ਹਨ।''[13]

ਤਾਰਾ ਸਿੰਘ ਅਨਜਾਣ ਦੀ ਵਾਰਤਕ ਦੀ ਇਕ ਵਿਲੱਖਣ ਨੁਹਾਰ ਹੈ। ਉਸ ਨੇ ਖਾਲੀ ਠੇਠ ਕੇਂਦਰੀ ਪੰਜਾਬੀ ਵਰਤੀ ਹੈ। ''ਜਿਵੇਂ ਬੋਲੋ ਤਿਵੇਂ ਲਿਖੋ'' ਡਾ. ਮੋਹਨ ਸਿੰਘ ਜੋਸ਼ ਹੋਰਾਂ ਦਾ ਉਸਨੇ ਅਨੁਕਰਣ ਕੀਤਾ ਹੈ। ਸ਼ਬਦ ਚੋਣ ਬੜੀ ਵੱਖਰੀ ਹੈ। ਜਿੱਥੇ ਜਿਸ ਸ਼ਬਦ ਨਾਲ ਗੱਲ ਬਣਦੀ ਹੈ ਉਹੋ ਵਰਤਿਆ ਹੈ। ਵਾਕ ਬਣਤਰ ਰਸਦਾਰ, ਠੁੱਕਦਾਰ ਅਤੇ ਮੁਹਾਵਰੇਦਾਰ ਹੈ। ਪੰਜਾਬੀ ਦੇ ਲੋਕ ਅਖਾਣਾਂ ਦਾ ਭਰਪੂਰ ਇਸਤੇਮਾਲ ਗੱਲ ਨੂੰ ਪਾਠਕ ਦੇ ਸੀਨੇ ਤਕ ਪੁਚਾਉਣ ਲਈ ਕੀਤਾ ਹੈ। ਸ਼ੈਲੀ ਵਿਚ ਰੌਚਿਕਤਾ ਦੇ ਨਾਲ ਨਾਲ ਠਹਿਰਾਉ ਵੀ ਹੈ। ਸਰਲ, ਸਪਸ਼ਟ ਤੇ ਸੰਜਮੀ ਵਾਕ ਬਣਤਰ। ਇਸ ਤਰ੍ਹਾਂ ਦੀ ਵਾਰਤਕ ਸ਼ੈਲੀ ਉੱਚੀ ਜੀਵਨ ਜਾਚ ਤੇ ਘਾਲ ਕਮਾਈ ਵਾਲੇ ਲੇਖਕ ਦੇ ਹਿੱਸੇ ਹੀ ਆਉਂਦੀ ਹੈ। ਉਮਰ ਦਾ ਨਿਚੋੜ ਇਕ ਇਕ ਤੁਕ ਵਿਚ ਬੋਲਦਾ ਹੈ। ਹੇਠਲੇ ਪਹਿਰੇ ਵਿਚ ਉਹਨਾਂ ਦੀ ਸ਼ੈਲੀ ਦੀ ਨਿਵੇਕਲੀ ਪਹਿਚਾਨ ਝਲਕਦੀ ਹੈ। ਤਕਰੀਬਨ ਹਰ ਵਾਕ ਮੁਹਾਵਰੇ ਦਾਰ ਬਣਾ ਦਿੱਤਾ ਹੈ - ''ਜਵਾਨੀ ਦੀ ਸੰਭਾਲ ਕਰਨੀ ਬੜੀ ਜ਼ਰੂਰੀ ਹੈ ਉਸ ਨੂੰ

Sri Satguru Jagjit Singh Ji eLibrary NamdhariElibrary@gmail.com

ਦਿਸ਼ਾ ਦੇਣ ਦੀ ਲੋੜ ਹੈ। ਉਹ ਬੇਮੁਹਾਰੇ ਊਂਠ ਵਾਂਗ, ਪਵਨ ਵੇਗ ਘੋੜੇ ਵਾਂਗ, ਅੜਬ ਵਹਿਕੜੇ ਵਾਂਗ ਜਾਂ ਹੜ੍ਹ ਦੇ ਪਾਣੀ ਵਾਂਗ ਆਉਂਦੀ ਹੈ। ਉਸ ਨੇ ਹਵਾਈ ਕਿਲ੍ਹੇ ਬਣਾਏ ਹੁੰਦੇ ਹਨ, ਸੁਪਨੇ ਸੰਜੋਏ ਹੁੰਦੇ ਹਨ। ਉਸ ਦੇ ਪੈਰ ਧਰਤੀ 'ਤੇ ਨਹੀਂ ਹੁੰਦੇ। ਜ਼ਿੰਦਗੀ ਦੀ ਅਸਲੀਅਤ ਉਸ ਨੂੰ ਪਤਾ ਨਹੀਂ ਹੁੰਦੀ। ਉਹ ਆਪਣੇ ਹੱਕ ਹੀ ਸਮਝਦੀ ਹੈ, ਫ਼ਰਜ਼ ਨੂੰ ਨਹੀਂ। ਉਸ ਨੇ ਮਾਪਿਆਂ ਕੋਲੋਂ ਜੋ ਵੀ ਲਿਆ ਹੁੰਦਾ ਹੈ, ਉਹਨਾਂ ਦੀ ਜੇਬ ਵੇਖ ਕੇ ਨਹੀਂ ਆਪਣੀ ਮਰਜ਼ੀ ਅਨੁਸਾਰ। ਜੇ ਕੋਈ ਸਮਝਾਉਣ ਲੱਗੇ ਤਾਂ ਭੂਤਰ ਛੱਡਿਉਂ ਪਾਰ। ਪਰ ਜਿਸ ਜੁਆਨੀ ਨੂੰ ਨੱਥ ਪੈ ਜਾਂਦੀ ਹੈ, ਜਿਸ ਹੜ੍ਹ ਦੇ ਪਾਣੀ ਨੂੰ ਸੇਧ ਦਿੱਤੀ ਜਾਂਦੀ ਹੈ। ਉਹ ਆਪਣਾ ਆਪ ਵੀ ਸੁਆਰਦੀ ਹੈ, ਸਮਾਜ ਵਿਚ ਮਾਣ ਪਾਉਂਦੀ ਹੈ।" ੧੯

ਭੂਮਿਕਾ ਲੇਖਕ ਨੂਰ ਸਾਹਿਬ ਦੀ ਗੱਲ ਫੇਰ ਦੁਹਰਾਂਵਾਗੇ – "ਇਹ ਪੁਸਤਕ ਪੂਰਬੀ-ਦ੍ਰਿਸ਼ਟੀ ਦੀ ਆਦਰਸ਼ਵਾਦੀ ਜੀਵਨ ਜਾਚ ਦਾ ਸੰਚਾਰ ਵੀ ਕਰਦੀ ਹੈ ਤੇ ਮਨੁੱਖ ਨੂੰ ਚੰਗੇਰੇ ਸੱਭਿਆਚਾਰ ਦੀ ਚੇਤਨਾ ਵੀ ਦਿੰਦੀ ਹੈ। ਮਨੁੱਖ ਨੂੰ ਅੰਦਰੋਂ ਜਗਾਉਂਦੀ ਹੈ।

ਨਿਰਸੰਦੇਹ ਆਪਣੇ ਨਿਬੰਧਾਂ ਦੀ ਚੌਥੀ ਪੁਸਤਕ 'ਚਤੁਰ ਸਿਆਣਾ ਸੁਘੜ ਸੋਇ" ਦੇ ਪ੍ਰਕਾਸ਼ਨ ਨਾਲ ਤਾਰਾ ਸਿੰਘ ਅਨਜਾਣ ਇਕ ਸੁਘੜ ਨਿਬੰਧਕਾਰ ਵਜੋਂ ਸਥਾਪਿਤ ਹੋ ਗਿਆ ਹੈ। ਭਵਿੱਖ ਵਿਚ ਉਸ ਦੀ ਕਲਮ ਨੇ ਹੋਰ ਵਡੇਰੀਆਂ ਜ਼ਿੰਮੇਵਾਰੀਆਂ ਅਤੇ ਮਨੁੱਖਾ ਜੀਵਨ ਦੀਆਂ ਦੁਸ਼ਵਾਰੀਆਂ ਨਾਲ ਦਰਪੇਸ਼ ਹੋਣਾ ਹੈ।

ਫੁੱਟ ਨੋਟ:

1. ਚਤੁਰ ਸਿਆਣਾ ਸੁਘੜੁ ਸੋਇ (ਨਿਬੰਧ ਸੰਗ੍ਰਹਿ) – ਤਾਰਾ ਸਿੰਘ ਅਨਜਾਣ ੨੦੦੬ – ਦਿੱਲੀ – ਸਫ਼ਾ ੫
2. ਉਪਰੋਕਤ ਸਫ਼ਾ ੧੦
3. ਉਪਰੋਕਤ ਸਫ਼ਾ ੧੩
4. ਉਪਰੋਕਤ ਸਫ਼ਾ ੧੪
5. ਉਪਰੋਕਤ ਸਫ਼ਾ ੧੬
6. ਉਪਰੋਕਤ ਸਫ਼ਾ ੨੦
7. ਉਪਰੋਕਤ ਸਫ਼ਾ ੨੮-੨੯
8. ਉਪਰੋਕਤ ਸਫ਼ਾ ੩੩
9. ਉਪਰੋਕਤ ਸਫ਼ਾ ੪੨
10. ਉਪਰੋਕਤ ਸਫ਼ਾ ੫੧
11. ਉਪਰੋਕਤ ਸਫ਼ਾ ੬੪
12. ਉਪਰੋਕਤ ਸਫ਼ਾ ੬੭
13. ਉਪਰੋਕਤ ਸਫ਼ਾ ੮੨-੮੩
14. ਉਪਰੋਕਤ ਸਫ਼ਾ ੮੭
15. ਉਪਰੋਕਤ ਸਫ਼ਾ ੧੦੩
16. ਉਪਰੋਕਤ ਸਫ਼ਾ ੧੧੯
17. ਉਪਰੋਕਤ ਸਫ਼ਾ ੧੪੧
18. ਉਪਰੋਕਤ ਸਫ਼ਾ ੧੪੬-੧੪੭
19. ਉਪਰੋਕਤ ਸਫ਼ਾ ੧੪੪

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਇਤਿਹਾਸ ਖੋਜ ਦਾ ਮੀਲ ਪੱਥਰ

ਜਸਵਿੰਦਰ ਸਿੰਘ ਹਿਸਟੋਰੀਅਨ

ਸ. ਨਾਹਰ ਸਿੰਘ ਐਮ.ਏ. ਤੋਂ ਬਾਅਦ ਨਾਮਧਾਰੀ ਇਤਿਹਾਸ ਦੀ ਦਸਤਾਵੇਜ਼ੀ ਸਮੱਗਰੀ ਜੁਟਾਉਣ ਲਈ ਜਿਹੜਾ ਦੂਸਰਾ ਨਾਂ ਉੱਭਰ ਕੇ ਸਾਹਮਣੇ ਆਇਆ ਹੈ, ਉਹ ਸ. ਜਸਵਿੰਦਰ ਸਿੰਘ ਹਿਸਟੋਰੀਅਨ ਹੁਰਾਂ ਦਾ ਹੈ। ਭਾਈ ਨਾਹਰ ਸਿੰਘ ਹੋਰਾਂ ਦੀ ਭਾਈ ਕਿਰਪਾਲ ਸਿੰਘ ਨਾਲ ਰਲ ਕੇ ਸੰਪਾਦਿਤ ਪੁਸਤਕ 'ਰੀਬੈਲਜ਼ ਅਗੇਂਸਟ ਦੀ ਬ੍ਰਿਟਿਸ਼ ਰੂਲ' (ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਜ਼) ੧੮੬੩ ਈ. ਤੋਂ ੧੮੮੧ ਈ. ਤੱਕ ਪੰਜਾਬ ਅਤੇ ਭਾਰਤ ਸਰਕਾਰ ਦੇ ਕੂਕਿਆਂ ਨਾਲ ਸਬੰਧਿਤ ਦਸਤਾਵੇਜ਼ਾਂ ਦਾ ਸੰਗ੍ਰਹਿ ਹੈ। ਇਸ ਤੋਂ ਅਗਲਾ ਕੰਮ ਜਸਵਿੰਦਰ ਸਿੰਘ ਹੋਰਾਂ ਦੁਆਰਾ ਸੰਪਾਦਿਤ ਪੁਸਤਕ 'ਕੂਕਾ ਮੂਵਮੈਂਟ ਫਰੀਡਮ ਸਟਰੱਗਲ ਇਨ ਪੰਜਾਬ' ਵਿਚ ਮਿਲਦਾ ਹੈ ਕਿਉਂ ਜੁ ੧੮੮੦ ਈ. ਤੋਂ ਲੈ ਕੇ ੧੯੦੩ ਈ. ਤੱਕ ਦੇ ਦਸਤਾਵੇਜ਼ ਇਸ ਵਿਚ ਉਪਲਬਧ ਹਨ। ਇਹ ਇਤਿਹਾਸ ਖੋਜੀਆਂ ਲਈ ਵੱਡਮੁੱਲੀ ਪੁਸਤਕ ਉਨ੍ਹਾਂ ਨੇ ੧੯੮੫ ਈ. ਵਿਚ ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ ਸੀ। ਇਸ ਤੋਂ ਪਹਿਲਾਂ ਉਹ ਇਕ ਮਹੱਤਵਪੂਰਨ ਦਸਤਾਵੇਜ਼ੀ ਪੁਸਤਕ 'ਕੂਕਾਜ਼ ਆਫ਼ ਨੋਟ-ਇਨ ਪੰਜਾਬ' ਵੀ ਛਪਵਾ ਚੁੱਕੇ ਸਨ ਜਿਸ ਵਿਚ ਉਨ੍ਹੀਵੀਂ ਸਦੀ ਦੇ ਅੰਤਿਮ ਦੋ ਦਹਾਕਿਆਂ ਤੋਂ ਪਹਿਲਾਂ ਪੰਜਾਬ ਵਿਚ ਵੱਸਣ ਵਾਲੇ ਜ਼ਿਕਰਯੋਗ ਕੂਕਿਆਂ ਬਾਰੇ ਸਰਕਾਰ ਅੰਗ੍ਰੇਜ਼ੀ ਕਿਵੇਂ ਸੋਚਦੀ ਸੀ, ਉਹਨਾਂ ਦਾ ਨਖਸ਼ਿਖ-ਹੁਲੀਆ ਵਰਤੋਂ ਵਿਹਾਰ ਪੁਲਿਸ ਕਪਤਾਨ ਦੇ ਆਪਣੇ ਜ਼ਿੰਦੇ ਰੰਜੀ ਵਿਚ ਹੁੰਦੀ ਸੀ ਅਤੇ ਇਨ੍ਹਾਂ ਸਾਰੇ ਪਾਤਰਾਂ 'ਤੇ ਸਰਕਾਰ ਦੀ ਖੁਫ਼ੀਆ ਨਜ਼ਰ ਰਹਿੰਦੀ ਸੀ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਹੜੇ ਪਿੰਡਾਂ ਵਿਚ ਨਾਮਧਾਰੀ ਸਿੰਘ ਰਹਿੰਦੇ ਸਨ ਇਹ ਲਿਸਟ ਵੀ ਇਸ ਵਿਚ ਦਰਜ ਹੈ। ਉਨ੍ਹਾਂ ਪਿੰਡਾਂ ਦੇ ਥਾਣਿਆਂ ਜ਼ਿਲ੍ਹਿਆਂ ਦੇ ਵੇਰਵਿਆਂ ਮੁਤਾਬਿਕ ਦਸਤਾਵੇਜ਼ਾਂ ਤੋਂ ਇਲਾਵਾ ਭਾਈ ਨਾਹਰ ਸਿੰਘ ਹੋਰਾਂ ਦੀ ਨਾਮਧਾਰੀ ਅੰਦੋਲਨ ਬਾਰੇ ੧੯੫੭ ਈ. ਵਿਚ ਛਪਣ ਵਾਲੀ ਇਕੋ ਇਕ ਪ੍ਰਸਿੱਧ ਪੁਸਤਕ "ਨਾਮਧਾਰੀ ਇਤਿਹਾਸ" ਮਿਲਦੀ ਹੈ ਜਦੋਂ ਕਿ ਭਾਈ ਜਸਵਿੰਦਰ ਸਿੰਘ ਹੋਰਾਂ ਦੁਆਰਾ ਨਾਮਧਾਰੀ ਇਤਿਹਾਸ ਨਾਲ ਸਬੰਧਿਤ ਅਨੇਕਾਂ ਪੁਸਤਕਾਂ ਦਾ ਸੰਪਾਦਨ ਕਾਰਜ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਪ੍ਰਸਿੱਧੀ ਪ੍ਰਾਪਤ ਹਨ ੧੯੯੮ ਈ. ਵਿਚ ਛਪਣ ਵਾਲੇ 'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ", ੧੯੯੬ ਵਿਚ ਛਪਣ ਵਾਲੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਬੰਧਿਤ ਪੁਸਤਕ 'ਬੇਅੰਤ ਪਾਤਸ਼ਾਹ'। ਇੱਕੀਵੀਂ ਸਦੀ ਦੇ ਅਰੰਭ ਵਿਚ ਹੀ ਦੋ ਭਾਗਾਂ ਵਿਚ ਆਪ ਦੁਆਰਾ ਸੰਪਾਦਿਤ ਪ੍ਰਸਿੱਧ ਇਤਿਹਾਸਕ ਰਚਨਾ 'ਸ੍ਰੀ ਸਤਿਗੁਰੂ ਬਿਲਾਸ ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ' ਦੋ ਜਿਲਦਾਂ ਵਿਚ ਛਾਪੀ ਗਈ ਹੈ। ਇਸ ਤੋਂ ਇਲਾਵਾ ਤਾਰਾ ਸਿੰਘ ਅਨਜਾਣ ਅਤੇ ਅਮਰ ਭਾਰਤੀ ਜੀ ਨਾਲ ਸੰਯੁਕਤ ਰੂਪ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਸਮੇਂ ਕੁਝ ਪੁਸਤਕਾਂ ਦੀ ਤਿਆਰੀ ਵਿਚ ਆਪ ਦਾ ਯੋਗਦਾਨ ਅਤੇ ਇਤਿਹਾਸਕ ਲੇਖ ਵੱਡਮੁੱਲੇ ਹਨ। 'ਸਤਿਜੁਗ' ਸਪਤਾਹਿਕ ਅਤੇ 'ਵਰਿਆਮ' ਮਾਸਿਕ ਪੰਜਾਬੀ ਪਰਚਿਆਂ ਵਿਚ ਸਮੇਂ ਸਮੇਂ ਛਪਣ ਵਾਲੇ ਆਪ ਦੇ ਲੇਖ ਨਾਮਧਾਰੀ ਇਤਿਹਾਸ ਦੇ ਪਾਠਕਾਂ ਨੂੰ ਬੜੀ ਸਟੀਕ, ਠੋਸ ਅਤੇ ਸਾਰਥਿਕ ਜਾਣਕਾਰੀ ਮੁਹੱਈਆ ਕਰਨ ਵਾਲੇ ਹਨ। ਇਸ ਵਿਦਵਾਨ ਸੱਜਣ ਦੀ ਰਚਨਾ ਦੀ ਸੰਖੇਪ ਜਾਣਕਾਰੀ ਤੋਂ ਪਹਿਲਾਂ ਰਤਾ ਇਸ ਦਾ ਅਕੀਦਤ ਪਿਛੋਕੜ ਅਤੇ ਕੁਝ ਕੁ ਜੀਵਨ ਪੰਧ ਦਾ ਵੇਰਵਾ ਲਾਹੇਵੰਦ ਰਹੇਗਾ।

ਜਸਵਿੰਦਰ ਸਿੰਘ ਦੇ ਪਿਤਾ ਰਾਮਗੜ੍ਹੀਆ ਭਾਈਚਾਰੇ ਵਿਚੋਂ ਸ. ਕਿਰਪਾਲ ਸਿੰਘ ਕਲਸੀ ਸਨ ਜੋ ਚੌਕ ਤੋਂ

Sri Satguru Jagjit Singh Ji eLibrary NamdhariElibrary@gmail.com

ਪਹਿਲਾਂ ਲਾਇਲਪੁਰ ਜ਼ਿਲ੍ਹੇ ਦੇ 118 ਚੱਕ ਵਿਚ ਆਟਾ ਚੱਕੀ ਮਸ਼ੀਨ ਇੰਜਣ ਤੇ ਲਾ ਕੇ ਚਲਾਉਂਦੇ ਸਨ। ਵੰਡ ਤੋਂ ਬਾਅਦ ਰੇਲਵੇ ਵਿਚ ਜਗਾਧਰੀ ਫਿਟਰ ਲੱਗ ਗਏ। ਇਸ ਤੋਂ ਪਹਿਲਾਂ ३-४ ਸਾਲ ਬਟਾਲੇ ਰਹੇ ਜਿਥੇ ਸਿਥਲ ਮੁਹੱਲੇ ਵਿਚ ੧੯ ਅਗਸਤ ੧੯੪੯ ਈ. ਮਾਤਾ ਹਰਬੰਸ ਕੌਰ ਦੇ ਉਦਰ ਥੀਂ ਜਸਵਿੰਦਰ ਸਿੰਘ ਨੇ ਜਨਮ ਲਿਆ। ਮਾਤਾ ਹਰਬੰਸ ਕੌਰ ਦਾ ਪਿਤਾ ਹਰਨਾਮ ਸਿੰਘ ਲਾਹੌਰ ਵਿਚ ਰਹਿੰਦਾ ਸੀ ਜਿੱਥੇ ਉਹ ਰੇਲਵੇ ਦੇ ਬਿਜਲੀ ਮਹਿਕਮੇ ਵਿਚ ਕੰਮ ਕਰਦੇ ਸਨ। ਉਸ ਦਾ ਪਿਛੋਕੜ ਜ਼ਿਲ੍ਹਾ ਗੁਰਦਾਸਪੁਰ ਦੇ ਰਿਆੜਕੀ ਇਲਾਕੇ ਦਾ ਪ੍ਰਸਿੱਧ ਪਿੰਡ ਔਲਖ ਬੇਰੀ ਸੀ। ਹਜ਼ਾਰਾ ਸਿੰਘ ਗੁਰਦਾਸਪੁਰੀ-ਜੱਸਾ ਸਿੰਘ ਰਾਮਗੜ੍ਹੀਏ ਦੀ ਪ੍ਰਸਿੱਧ ਵਾਰ ਵਿਚ ਉਸਦੀ ਜਨਮ ਭੂਮੀ ਦਾ ਜ਼ਿਕਰ ਇਉਂ ਕਰਦੇ ਹਨ।

'ਉਹਨੇ ਗਾਹੀ ਭੁੱਲ ਰਿਆੜਕੀ ਧੁਰ ਔਲਖ ਬੇਰੀ।' -

ਜਿਵੇਂ ਸਾਡੇ ਇਕ ਲੋਕ ਨਾਇਕ ਰਾਂਝੇ ਨਾਲ ਹੋਈ ਸੀ। 'ਬੰਜਰ ਜ਼ਿਮੀਂ ਰੰਝੇਟੇ ਨੂੰ ਆਈ ਆ ਈ' ਵਾਰਿਸ ਸ਼ਾਹ ਦੇ ਕਥਨ ਮੁਜਬ ਪਰ ਇਥੇ ਭਾਈ ਹਰਨਾਮ ਸਿੰਘ ਨੂੰ ਤਾਂ ਇਸ ਦੇ ਭਰਾਵਾਂ ਨੇ ਸਾਰੀ ਭੋਇੰ ਤੋਂ ਹੀ ਬੇਦਖ਼ਲ ਕਰ ਦਿੱਤਾ ਅਤੇ ਉਹ ਲਾਹੌਰ ਪੁੱਜ ਗਿਆ ਕਿਰਤ ਦੇ ਸੰਦ ਲੈ ਕੇ। ਸਮਾਂ ਪਹਿਲੀ ਸੰਸਾਰ ਜੰਗ ਦੇ ਲਾਗੇ ਚਾਗੇ ਸੀ। ਲਾਹੌਰ ਇਨ੍ਹਾਂ ਦਿਨਾਂ ਵਿਚ ਕੂਕਾ ਪਰਚਾਰ ਦਾ ਵੱਡਾ ਗੜ੍ਹ ਸੀ। ਇਥੇ ਆਉਣ ਤੋਂ ਬਾਅਦ ਹਰਨਾਮ ਸਿੰਘ ਵੀ ਲਾਹੌਰ ਦੀ ਨਾਮਧਾਰੀ ਸੰਗਤ ਦੇ ਪ੍ਰਭਾਵ ਵਿਚ ਆ ਕੇ ਕੂਕਾ ਬਣ ਗਿਆ ਅਤੇ ਦੇਸ਼ ਭਗਤੀ ਦੀ ਲਾਗ ਵੀ ਕੂਕਿਆਂ ਤੋਂ ਲੱਗ ਗਈ। ਇਕ ਹੋਰ ਸੰਜੋਗ ਇਸ ਤਰ੍ਹਾਂ ਬਣਿਆ ਕਿ ਜਲ੍ਹਿਆਂ ਵਾਲੇ ਸਾਕੇ ਦਾ ਬਦਲਾ ਲੈਣ ਵਾਲਾ ਅਮਰ ਸ਼ਹੀਦ ਊਧਮ ਸਿੰਘ ਸੁਨਾਮ ਵੀ ਉਨ੍ਹਾਂ ਦਿਨਾਂ ਵਿਚ ਲਾਹੌਰ ਰੇਲਵੇ ਵਿਚ ਆ ਗਿਆ। ਵਜ਼ੀਰਾਸਤਾਨ ਦੀ ਗੜਬੜ ਨੂੰ ਦਬਾਉਣ ਲਈ ਰੇਲਵੇ ਮਹਿਕਮੇ ਦੇ ਮੁਲਾਜ਼ਮ ਵੀ ਉਥੇ ਕੰਮ ਕਰਦੇ ਸਨ। ਇਸ ਕੰਮ ਦੇ ਇਵਜ਼ਾਨੇ ਵਜੋਂ ਊਧਮ ਸਿੰਘ ਸੁਨਾਮ ਅਤੇ ਹਰਨਾਮ ਸਿੰਘ ਹਰਾਂ ਨੂੰ ਇਕ ਇਕ ਤਮਗ਼ਾ (ਮੈਡਲ) ਪ੍ਰਾਪਤ ਹੋਇਆ ਜਿਸ ਤੇ ਇਕ ਪਾਸੇ ਉੱਕਰਿਆ ਸੀ SV Kaisar-I-Hind ਵਜ਼ੀਰਾਸਤਾਨ (੧੯੧੯-੨੧) ਅਤੇ ਜਾਰਜ ਚੌਥੇ ਵਲੈਤ ਦੇ ਬਾਦਸ਼ਾਹ ਦਾ ਚਿੱਤਰ ਸੀ। ਦੂਜੇ ਬੰਨੇ ਕਿਲ੍ਹਾ ਜਮਰੌਦ ਦਾ ਚਿੱਤਰ ਉੱਕਰਿਆ ਸੀ। ਇਹ ਸ਼ਾਤਰ ਅੰਗ੍ਰੇਜ਼ ਦਿਮਾਗ਼ ਕਬਾਇਲੀ ਮੁਸਲਮਾਨਾਂ ਨੂੰ ਦਬਾਉਣ ਲਈ ਇਉਂ ਸਿੱਖ ਸਾਈਕੀ ਨੂੰ ਪ੍ਰਭਾਵਿਤ ਕਰ ਰਿਹਾ ਸੀ। ਹਰਨਾਮ ਸਿੰਘ ਉਮਰ ਵਿਚ ਊਧਮ ਸਿੰਘ ਸੁਨਾਮ ਤੋਂ ੪-੫ ਵਰ੍ਹੇ ਵੱਡਾ ਸੀ। ਭਾਈ ਹਰਨਾਮ ਸਿੰਘ ਸਿੱਧੀ ਨਾਮਧਾਰੀ ਦਸਤਾਰ ਸਜਾਉਂਦਾ ਸੀ ਅਤੇ ਗਾਤਰਾ ਪਾਸ ਰੱਖਦਾ ਸੀ। ਇਸ ਤੇ ਊਧਮ ਸਿੰਘ ਦੀ ਦਿਲਚਸਪੀ ਉਸ ਦੇ ਵੱਖ ਪਹਿਰਾਵੇ ਵਿਚ ਜਾਗ ਪਈ। ਸੰਪਰਕ ਵਧਦਾ ਗਿਆ ਅਤੇ ਨਾਮਧਾਰੀ ਇਤਿਹਾਸ ਤੋਂ ਜਾਣੂ ਹੋ ਕੇ ਉਸ ਛੇਤੀ ਹੀ ਇਹ ਨੌਕਰੀ ਛੱਡ ਦਿੱਤੀ ਅਤੇ ਫਿਰ ਗਦਰ ਪਾਰਟੀ ਵਾਲਿਆਂ ਦੇ ਸੰਪਰਕ ਵਿਚ ਆ ਕੇ ਆਪਣੇ ਮਿਸ਼ਨ ਦੀ ਪੂਰਤੀ ਹਿਤ ਵਲੈਤ ਜਾ ਕੇ ਕਈ ਸਾਲਾਂ ਬਾਅਦ ਮਾਈਕਲ ਓਡਵਾਇਰ ਨੂੰ ਮਾਰ ਕੇ ਜਾਮੇ ਸ਼ਹਾਦਤ ਨੋਸ਼ ਕਰ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੂਕਾ ਦੇਸ਼ ਭਗਤਾਂ ਦੀਆਂ ਸਾਖੀਆਂ ਸੁਣਾ ਸੁਣਾ ਕੇ ਹਰਨਾਮ ਸਿੰਘ ਨੇ ਊਧਮ ਸਿੰਘ ਦੇ ਜੁਆਨ ਖ਼ੂਨ ਨੂੰ ਹੋਰ ਗਰਮਾਇਆ ਹੋਵੇਗਾ ਜੋ ਪਹਿਲਾਂ ਹੀ ਜਲ੍ਹਿਆਂ ਵਾਲੇ ਬਾਗ਼ ਦੇ ਹਿਰਦੇ ਵੇਧਕ ਸਾਕੇ ਤੋਂ ਅਤੀ ਪੀੜਿਤ ਸੀ। ਇਉਂ ਇਤਿਹਾਸ ਵਿਚ ਇਕ ਲਹਿਰ ਦੂਜੀ ਲਹਿਰ ਨੂੰ ਪ੍ਰਭਾਵਿਤ ਕਰਦੀ ਰਹੀ ਹੈ।

ਹਰਨਾਮ ਸਿੰਘ ਤੋਂ ਉਲਟ ਉਸ ਦਾ ਜੁਆਈ ਕਿਰਪਾਲ ਸਿੰਘ ਜਮਾਂਦਰੂ ਕੂਕਾ ਸੀ ਜੋ ਬਾਰ ਵਿਚ ਆਉਣ ਤੋਂ ਪਹਿਲਾਂ ਵੇਰਕਾ (ਅੰਮ੍ਰਿਤਸਰ) ਦੇ ਪਾਸ ਤਲਵੰਡੀ ਦਸੌਂਧਾ ਸਿੰਘ ਪਿੰਡ ਦਾ ਵਸਨੀਕ ਸੀ। ੧੯੫੩ ਈ. ਵਿਚ ਭਾਈ ਕਿਰਪਾਲ ਸਿੰਘ ਪਰਿਵਾਰ ਸਣੇ ਰੇਲਵੇ ਦੀ ਜਗਾਧਰੀ ਵਰਕਸ਼ਾਪ ਵਿਚ ਆ ਗਏ ਜਿਥੇ ਉਨ੍ਹਾਂ 'ਨਾਮਧਾਰੀ ਪਰਚਾਰਕ ਜਥਾ' ਸਥਾਪਿਤ ਕੀਤਾ। ਉਹ ਭਾਵੇਂ ਅਨਪੜ੍ਹ ਸਨ ਪਰ ਪੰਜਾਬ ਅਤੇ ਸਿੱਖ ਇਤਿਹਾਸ ਤੋਂ ਭਲੀ ਭਾਂਤ ਪਰੀਚਿਤ ਸਨ। ਆਪਣੇ ਬਚਪਨ ਵਿਚ ਪਿਤਾ ਸ੍ਰੀ ਦੁਆਰਾ ਲਾਏ ਦੀਵਾਨਾਂ ਵਿਚ ਆਪਣੇ ਖ਼ੂਨ ਰੰਗੇ ਇਤਿਹਾਸ ਦੀਆਂ ਸਾਖੀਆਂ ਸੁਣ ਸੁਣ ਕੇ ਬਾਲ ਜਸਵਿੰਦਰ ਦੇ ਮਨ ਵਿਚ ਇਤਿਹਾਸ ਖੋਜ ਰੂਪੀ ਬਿਰਖ ਦਾ ਕੋਈ ਬੀਜ ਬੀਜਿਆ ਗਿਆ ਜੋ ਸਮਾਂ ਪਾ ਕੇ ਆਪਣੇ ਪੂਰੇ ਜਲੌਅ ਵਿਚ ਪ੍ਰਗਟ ਹੋ ਕੇ, ਨਾਮਧਾਰੀ ਇਤਿਹਾਸ ਦਾ ਬੋਹੜ ਬਿਰਖ ਬਣ ਗਿਆ।

Sri Satguru Jagjit Singh Ji eLibrary NamdhariElibrary@gmail.com

ਜਸਵਿੰਦਰ ਸਿੰਘ ਚੌਥੀ ਤੱਕ ਜਗਾਧਰੀ ਪੜ੍ਹੇ। ੧੯੫੭-੫੯ ਤੱਕ ਰਾਜਪੁਰੇ ਦੀ ਰੇਲਵੇ ਵਰਕਸ਼ਾਪ ਵਿਚ ਰਹੇ। ਫਿਰ ਆਪਣਾ ਤਬਾਦਲਾ ਦਿੱਲੀ ਹੋ ਜਾਣ ਤੇ ਸੰਤ ਕਿਰਪਾਲ ਸਿੰਘ ਸਕੂਰ ਬਸਤੀ ਵਿਖੇ ਆ ਟਿਕੇ। ਜਸਵਿੰਦਰ ਸਿੰਘ ਨੇ ਛੇਵੀਂ ਤੋਂ ਐਮ. ਏ. (ਇਤਿਹਾਸ) ਤੱਕ ਦੀ ਪੜ੍ਹਾਈ ਦਿੱਲੀ ਹੀ ਕੀਤੀ। ਫਿਰ ੧੯੬੯ ਈ. ਵਿਚ ਯੂ.ਪੀ.ਐਸ.ਸੀ. ਦਾ ਇਮਤਿਹਾਨ ਪਾਸ ਕਰਕੇ ਰੱਖਿਆ ਮੰਤਰਾਲੇ (ਭਾਰਤ ਸਰਕਾਰ) ਵਿਚ ਨੌਕਰੀ ਕਰ ਲਈ। ਨੌਕਰੀ ਸਿਰਫ਼ ੧੫ ਸਾਲ ਹੀ ਕੀਤੀ। ਜੇ ਪੰਜ ਕੁ ਵਰ੍ਹੇ ਹੋਰ ਨੌਕਰੀ ਕਰ ਲੈਂਦੇ ਤਾਂ ਸਰਕਾਰ ਤੋਂ ਤਾਉਮਰ ਪੈਨਸ਼ਨ ਦੇ ਹੱਕਦਾਰ ਹੋ ਜਾਂਦੇ। ਪਰ ਆਪਣੇ ਇਸ਼ਟ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਦੇਸ਼ ਪਾ ਕੇ ੧੯੮੩ ਈ. ਵਿਚ ਸਰਕਾਰੀ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਨਾਮਧਾਰੀ ਇਤਿਹਾਸ ਦੇ ਗਹਿਨ ਮੁਤਾਲਿਆ ਅਤੇ ਲਿਖਣ ਕਾਰਜ ਵਿਚ ਪੂਰੀ ਤਨਦੇਹੀ ਨਾਲ ਜੁੱਟ ਗਏ। ਗੁਰੂ ਕਿਰਪਾ ਤੋਂ ਪੈਨਸ਼ਨ ਨੂੰ ਕੁਰਬਾਨ ਕਰਨ ਵਾਲੇ ਜਸਵਿੰਦਰ ਸਿੰਘ ਜਹੇ ਸਿਦਕੀ ਸਿੱਖ ਦੇ ਦਰਸ਼ਨ ਅਜਿਹੇ ਕਲੂ ਕਾਲ ਦੇ ਸਮੇਂ ਵਿਚ ਵੀ ਹੋ ਜਾਂਦੇ ਹਨ।

੧੯੭੭ ਈ. ਵਿਚ ਜਦੋਂ ਆਪ ਰੱਖਿਆ ਮੰਤਰਾਲੇ ਵਿਚ ਸਨ ਤਾਂ ਆਪ ਦੇ ਦਫ਼ਤਰ ਦੇ ਨੇੜੇ ਹੀ, ਇਤਿਹਾਸਕ ਦਸਤਾਵੇਜ਼ਾਂ ਦਾ ਭੰਡਾਰ, ਰਾਸ਼ਟਰੀ ਅਭਿਲੇਖਾਗਾਰ ਸੀ। ਦਫ਼ਤਰ ਵਿਚ ਹਰ ਬੁੱਧ ਤੇ ਸ਼ਨਿਚਰਵਾਰ ਦੇ ਵੱਜੇ ਅੱਧੀ ਛੁੱਟੀ ਵੇਲੇ ਸਾਰੀ ਛੁੱਟੀ ਹੋ ਜਾਂਦੀ ਸੀ। ਆਪ ਆਪਣੇ ਦਫ਼ਤਰ ਤੋਂ ਆਗਿਆ ਲੈ ਕੇ ਉਸ ਸਮੇਂ ਆਰਕਾਈਵਜ਼ ਵਿਚ ਜਾ ਕੇ ਖੋਜ ਕਾਰਜ ਵਿਚ ਜੁੱਟ ਜਾਂਦੇ ਸਨ। ਉਥੇ ਹੀ ਸਰਕਾਰੀ ਦਸਤਾਵੇਜ਼ਾਂ ਵਿਚੋਂ ਨਾਮਧਾਰੀ ਇਤਿਹਾਸ ਖੋਜਣ ਵਾਲੇ ਸ. ਨਾਹਰ ਸਿੰਘ ਐਮ.ਏ. ਅਤੇ ਬਾਬੂ ਕਰਤਾਰ ਸਿੰਘ ਨਾਲ ਜਸਵਿੰਦਰ ਸਿੰਘ ਦੀ ਮੁਲਾਕਾਤ ਹੋਈ। ਇਨ੍ਹਾਂ ਦੋਵਾਂ ਵਿਦਵਾਨਾਂ ਨਾਲ ਤਾਲਮੇਲ ਨੌਕਰੀ ਛੱਡਣ ਉਪਰੰਤ ਵੀ ਕਾਇਮ ਰਿਹਾ।

ਜਸਵਿੰਦਰ ਸਿੰਘ ਦੀ ਇਸ ਇਤਿਹਾਸ ਖੋਜੀ ਬਿਰਤੀ ਦੀ ਜਾਣਕਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਤੱਕ ਵੀ ਪੁੱਜ ਗਈ ਤਾਂ ਆਪ ਜੀ ਵੱਲੋਂ ਵੀ ਜਸਵਿੰਦਰ ਸਿੰਘ ਨੂੰ ਇਸ ਕੰਮ ਲਈ ਹੋਰ ਉਤਸ਼ਾਹਿਤ ਕੀਤਾ ਜਾਣ ਲੱਗ ਪਿਆ। ਸਤਿਗੁਰੂ ਜੀ ਤਾਂ ਉਚੇਚਾ ਸਮਾਂ ਦੇ ਕੇ ਵੀ ਜਸਵਿੰਦਰ ਸਿੰਘ ਨਾਲ ਨਾਮਧਾਰੀ ਦਸਤਾਵੇਜ਼ਾਂ ਬਾਰੇ ਅਕਸਰ ਚਰਚਾ ਕਰਿਆ ਕਰਦੇ ਸਨ ਅਤੇ ਇਕ ਐਸੀ ਚਰਚਾ ਸਮੇਂ ਹੀ ਜਦੋਂ ਪੂਰਬ ਸਕੱਤਰ ਸੰਤ ਤਰਸੇਮ ਸਿੰਘ ਜੀ ਵੀ ਹਜ਼ੂਰੀ ਵਿਚ ਸਨ, ਜਸਵਿੰਦਰ ਸਿੰਘ ਨੂੰ ਨੌਕਰੀ ਛੱਡ ਕੇ ਸਮੁੱਚਾ ਸਮਾਂ ਨਾਮਧਾਰੀ ਇਤਿਹਾਸਕ ਖੋਜ ਕਾਰਜ ਨੂੰ ਅਰਪਣ ਕਰਨ ਦਾ ਹੁਕਮ ਹੋ ਗਿਆ ਅਤੇ ਇਕ ਸ਼ਰਧਾਵਾਨ ਸਿੱਖ ਜਿਉਂ ਅਗਲੇ ਦਿਨ ਹੀ ਜਸਵਿੰਦਰ ਸਿੰਘ ਹੋਰਾਂ ਨੇ ਕੇਂਦਰ ਸਰਕਾਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਪਣੇ ਆਪ ਨੂੰ ਸਤਿਗੁਰੂ ਜੀ ਨੂੰ ਸਮਰਪਿਤ ਕਰ ਦਿੱਤਾ। ਉਦੋਂ ਤੋਂ ਲੈ ਕੇ ਹੁਣ ਤੱਕ ਆਪ ਜੋ ਹੁਕਮ ਹੁੰਦਾ ਹੈ, ਉਸ ਮੁਤਾਬਿਕ ਸੇਵਾ ਨਿਭਾਉਂਦੇ ਆ ਰਹੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਅਤੇ ਮਰਗੋਈ ਤੋਂ ਜੋ ਹੁਕਮਨਾਮੇ ੧੮੭੫ ਈ. ਤੋਂ ੧੮੮੧ ਈ. ਤੱਕ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਅਤੇ ਆਪਣੇ ਪਰਿਵਾਰਕ ਮੈਂਬਰਾਂ ਤੇ ਹੋਰਨਾਂ ਥਾਵਾਂ 'ਤੇ ਵੱਸਣ ਵਾਲੇ ਨਾਮਧਾਰੀ ਸਿੰਘਾਂ/ਬੀਬੀਆਂ ਨੂੰ ਲਿਖੇ ਉਨ੍ਹਾਂ ਦੀ ਕਥਾ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਦੀਵਾਨਾਂ ਵਿਚ ਹੁੰਦੀ ਆਉਂਦੀ ਸੀ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੀ ਸ. ਜਸਵਿੰਦਰ ਸਿੰਘ ਹੋਰਾਂ ਪਾਸੋਂ ਸੰਪਾਦਿਤ ਕਰਵਾ ਕੇ ਇਨ੍ਹਾਂ ਨੂੰ ਛਾਪੇ ਦਾ ਜਾਮਾ ਪੁਆ ਕੇ ਨਾਮਧਾਰੀ ਸੰਗਤ ਅਤੇ ਪੰਜਾਬ ਦੇ ਇਤਿਹਾਸ ਅਤੇ ਪੰਜਾਬੀ ਸਾਹਿਤ ਦੇ ਖੋਜੀਆਂ ਦੀ ਇਕ ਚਿਰੋਕਣੀ ਲੋੜ ਨੂੰ ਪੂਰਾ ਕੀਤਾ ਜਾ ਸਕਿਆ। ਪੰਜਾਬੀ ਸਾਹਿਤ ਦੇ ਉੱਘੇ ਹਸਤਾਖ਼ਰ ਡਾ. ਹਰਿਭਜਨ ਸਿੰਘ ਦਿੱਲੀ ਵਾਲੇ ਅਤੇ ਪ੍ਰਮੁੱਖ ਆਲੋਚਕ ਸੁਤਿੰਦਰ ਸਿੰਘ ਨੂਰ ਦੇ ਮੁੱਢਲੇ ਸ਼ਬਦਾਂ ਬਾਅਦ ਜਸਵਿੰਦਰ ਸਿੰਘ ਹੋਰਾਂ ਦੀ 'ਹੁਕਮਨਾਮਿਆਂ ਬਾਰੇ' ੬੮ ਸਫ਼ੇ ਲੰਮੀ ਇਕ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬੰਦੀ ਜੀਵਨ ਬਾਰੇ, ਕਿਹੜੇ ਕਾਰਨਾਂ ਕਰਕੇ ਉਨ੍ਹਾਂ ਨੂੰ ਦੇਸ ਬਦਰ ਕੀਤਾ ਗਿਆ, ਹੁਕਮਨਾਮੇ ਕਿਨ੍ਹਾਂ ਕਿਨ੍ਹਾਂ ਵਿਅਕਤੀਆਂ ਨੂੰ ਸੰਬੋਧਿਤ ਸਨ, ਸਿੱਖ ਆਪਣੀਆਂ ਅਰਦਾਸਾਂ ਕਿਵੇਂ ਸਤਿਗੁਰੂ ਜੀ ਤੱਕ ਪਹੁੰਚਾਉਂਦੇ ਸਨ, ਇਸ ਤੋਂ ਵੀ ਪਹਿਲਾਂ ਉਹ ਪੰਜਾਬ ਜਾਂ ਸ੍ਰੀ ਭੈਣੀ ਸਾਹਿਬ ਤੋਂ ਆਪਣੇ ਸਫ਼ਰ ਦੀ ਤਿਆਰੀ ਕਿਵੇਂ

Sri Satguru Jagjit Singh Ji eLibrary NamdhariElibrary@gmail.com

ਆਰੰਭਦੇ ਸਨ, ਕਲਕੱਤੇ ਜਾਂ ਰੰਗੂਨ ਵਿਚ ਜਾਂ ਮਰਗੋਈ ਵਿਚ ਉਨ੍ਹਾਂ ਦੇ ਕੌਣ ਕੌਣ ਜ਼ਿੰਮੇਵਾਰੀ ਸਨ, ਸਤਿਗੁਰੂ ਜੀ ਦੇ ਸਿਖ ਦਰਸ਼ਨ ਕਿਵੇਂ ਕਰਦੇ ਸਨ, ਸਿਖਾਂ ਦੀਆਂ ਅਰਦਾਸਾਂ ਦਾ ਅਤੇ ਸਤਿਗੁਰੂ ਜੀ ਦੇ ਹੁਕਮਨਾਮਿਆਂ ਦਾ ਆਦਾਨ ਪ੍ਰਦਾਨ ਕਿਵੇਂ ਹੁੰਦਾ ਸੀ, ਪੰਜਾਬ ਵਿਚ ਇਹਨਾਂ ਨੂੰ ਪੁਲਿਸ ਅਤੇ ਸਰਕਾਰੀ ਮੁਖ਼ਬਰਾਂ ਦੀਆਂ ਨਜ਼ਰਾਂ ਤੋਂ ਕਿਵੇਂ ਸੁਰੱਖਿਅਤ ਰੱਖਿਆ ਜਾਂਦਾ ਸੀ, ਕਿਹੜੇ ਸਿਖ ਦਰਸ਼ਨਾਂ ਨੂੰ ਜਾਂਦੇ ਗ੍ਰਿਫ਼ਤਾਰ ਕੀਤੇ ਗਏ, ਕਿਨ੍ਹਾਂ ਸਿਖਾਂ ਤੋਂ ਹੁਕਮਨਾਮੇ ਫੜੇ ਜਾਣ ਤੇ ਉਨ੍ਹਾਂ ਨਾਲ ਕੀ ਬੀਤੀ? ਇਹ ਸਭ ਵੇਰਵੇ ਹਿਸਟੋਰੀਅਨ ਦੀ ਇਸ ਬੇਜੋੜ ਰਚਨਾ ਵਿਚ ਉਪਲਬਧ ਹਨ। ਅੰਗ੍ਰੇਜ਼ ਸਰਕਾਰ ਜਲਾਵਤਨ ਸਤਿਗੁਰੂ ਜੀ ਅਤੇ ਪੰਜਾਬ ਵਿਚਲੇ ਉਨ੍ਹਾਂ ਦੇ ਪੈਰੋਕਾਰਾਂ ਵਿਚਾਲੇ ਕੋਈ ਵੀ ਸੰਪਰਕ ਕਿਉਂ ਨਹੀਂ ਸੀ ਬਣਨ ਦਿੰਦੀ – ਜਸਵਿੰਦਰ ਸਿੰਘ ਦੇ ਸ਼ਬਦਾਂ ਵਿਚ ਪੜ੍ਹੋ:

"ਸਰਕਾਰ ਨੂੰ ਆਪਣੇ ਖੁਫ਼ੀਆ ਆਦਮੀਆਂ ਵੱਲੋਂ ਲਗਾਤਾਰ ਖ਼ਬਰਾਂ ਮਿਲ ਰਹੀਆਂ ਸਨ ਕਿ ਨਾਮਧਾਰੀ ਸਿਖ ਰੰਗੂਨ ਜਾਂਦੇ ਹਨ ਅਤੇ ਹੁਕਮਨਾਮੇ ਲੈ ਕੇ ਆਉਂਦੇ ਹਨ। ਕਈ ਹੁਕਮਨਾਮੇ ਪਕੜੇ ਵੀ ਗਏ ਪਰ ਜੁਲਾਈ ੧੮੮੦ ਤੱਕ ਇਕ ਵੀ ਸਿਖ ਸਤਿਗੁਰੂ ਜੀ ਨੂੰ ਮਿਲਦਾ ਅਥਵਾ ਹੁਕਮਨਾਮੇ ਲੈਂਦਾ ਫੜਿਆ ਨਹੀਂ ਜਾ ਸਕਿਆ। ੧੮੭੭ ਈ. ਵਿਚ ਇਕ ਗੋਰੇ ਅਫ਼ਸਰ ਨੇ ਖ਼ੁਦ ਸਤਿਗੁਰੂ ਜੀ ਨੂੰ ਨੈਣਾ ਸਿੰਘ ਦੇ ਰੰਗੂਨ ਆਉਣ ਅਤੇ ਹੁਕਮਨਾਮੇ ਲੈ ਕੇ ਜਾਣ ਬਾਰੇ ਪੁੱਛਿਆ ਸੀ ਪਰ ਫੇਰ ਵੀ ਇਹ ਪ੍ਰਵਾਹ ਰੁਕਿਆ ਨਹੀਂ। ਜਿਸ ਖ਼ਤਰੇ ਤੋਂ ਬਚਣ ਲਈ ਅੰਗ੍ਰੇਜ਼ਾਂ ਨੇ ਸਤਿਗੁਰੂ ਜੀ ਨੂੰ ਰੰਗੂਨ ਭੇਜਿਆ, ਕਿਸੇ ਨਾਲ ਮਿਲਣ ਨਾ ਦੇਣ ਦੇ ਉਚੇਚੇ ਜਤਨ ਕੀਤੇ, ਉਹ ਖ਼ਤਰਾ ਤਾਂ ਬਣਿਆ ਹੀ ਰਿਹਾ। ਇਸ ਲਈ ਗੋਰੀ ਸਰਕਾਰ ਨੇ ਮਈ ੧੮੭੮ ਈ. ਦੀ ਇਕ ਫ਼ਾਈਲ ਵਿਚ ਲਿਖਿਆ: ਉਹ (ਸਤਿਗੁਰੂ ਰਾਮ ਸਿੰਘ) ਬਹੁਤ ਖ਼ਤਰਨਾਕ ਵਿਅਕਤੀ ਹੈ, ਸ਼ਾਇਦ ਹਿੰਦੁਸਤਾਨ ਵਿਚ ਇਸ ਸਮੇਂ ਸਭ ਤੋਂ ਜ਼ਿਆਦਾ ਖ਼ਤਰਨਾਕ ਵਿਅਕਤੀ ਅਤੇ ਇਸ ਨਾਲ ਹੋ ਰਹੇ ਖ਼ਤ ਪੱਤਰ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ। ਰੰਗੂਨ ਤੋਂ ਹੀ ਸਤਿਗੁਰੂ ਜੀ ਦਾ ਸੰਪਰਕ ਉੱਥੇ ਜਾਂਦੇ ਸਿੱਖਾਂ ਰਾਹੀਂ ਰੂਸ ਤੱਕ ਜੁੜਿਆ ਰਿਹਾ ਅਤੇ ਕਈ ਮਹੱਤਵਪੂਰਨ ਪੱਤਰ ਰੂਸ ਤੋਂ ਰੰਗੂਨ ਅਤੇ ਰੰਗੂਨ ਤੋਂ ਰੂਸ ਪੁੱਜਦੇ ਰਹੇ।

ਇਸ ਪੁਨੀਤ ਯਾਤਰਾ ਸਦਕਾ, ਜੋ ਹੁਕਮਨਾਮੇ ਪੰਜਾਬ ਆਏ ਕਈ ਫੜੇ ਗਏ, ਕਈ ਸਮੇਂ ਦੀ ਗਰਦ ਵਿਚ ਗੁਆਚ ਗਏ ਜਾਂ ਨਸ਼ਟ ਹੋ ਗਏ ਅਤੇ ਕੁਝ ਜੋ ਮੈਨੂੰ ਨਾਮਧਾਰੀ ਦਰਬਾਰ ਤੋਂ ਪ੍ਰਾਪਤ ਹੋਏ ਹਨ ਉਹ ਸਾਰੇ ਇਸ ਪੁਸਤਕ ਵਿਚ ਛਾਪ ਦਿੱਤੇ ਹਨ।"[1]

ਇਸ ਇਤਿਹਾਸਕ ਕਾਰਜ ਵਿਚ ਨਾਮਧਾਰੀ ਸਿਖਾਂ ਨੂੰ ਜਿਹੜੇ ਖੇਤਰਾਂ ਤੋਂ ਸਹਿਯੋਗ ਮਿਲਦਾ ਰਿਹਾ ਕਲਕੱਤੇ ਦੇ ਜਿਹੜੇ ਮੰਦਿਰਾਂ ਵਿਚ ਖ਼ੁਦ ਸਨ ਉਨ੍ਹਾਂ ਲਈ ਸੋਧ ਦਾ ਜਲ ਹਾਸਲ ਕਰਨ ਲਈ ਉਹ ਵੇਰਵੇ ਦੇ ਕੇ ਲਿਖਤ ਨੂੰ ਰੋਚਿਕਤਾ ਪ੍ਰਦਾਨ ਕੀਤੀ ਹੈ। ਹੋਰਨਾਂ ਸਹਾਇਕ ਸਰੋਤਾਂ 'ਤੇ ਵੀ ਆਪ ਦੀ ਲਿਖਤ ਇਉਂ ਚਾਨਣ ਪੁਆਉਂਦੀ ਹੈ।

"ਸਾਡੀ ਧੰਨਤਾ ਦੇ ਪਾਤਰ ਉਹ ਸਿਖ ਵੀ ਹਨ ਜੋ ਰੰਗੂਨ ਜਾਂਦੇ ਸਿਖਾਂ ਦੀ ਹਰ ਤਰ੍ਹਾਂ ਨਾਲ ਮੱਦਦ ਕਰਿਆ ਕਰਦੇ ਸਨ। ਅੰਮ੍ਰਿਤਸਰ ਦੇ ਰਹਿਣ ਵਾਲੇ ਮਹਿਤਾਬ ਸਿੰਘ 'ਪਕੌੜੀਏ' ਦਾ ਛੋਟਾ ਭਰਾ ਖ਼ੁਸ਼ਹਾਲ ਸਿੰਘ ਕਲਕੱਤੇ ਰਹਿੰਦਾ ਸੀ ਅਤੇ ਚਿਤਪੁਰ ਰੋਡ 'ਤੇ ਇਸ ਦੀ ਦੁਕਾਨ ਸੀ। ਖ਼ੁਸ਼ਹਾਲ ਸਿੰਘ ਕੋਲ ਨਾਮਧਾਰੀ ਸਿੰਘ ਰੰਗੂਨ ਆਉਣ ਜਾਣ ਸਮੇਂ ਅਕਸਰ ਰੁਕਦੇ ਹੁੰਦੇ ਸਨ ਅਤੇ ਆਪਣਾ ਵਾਧੂ ਸਾਮਾਨ ਛੱਡਦੇ ਅਤੇ ਬਸਤਰ ਬਦਲਦੇ ਸਨ। ਖ਼ੁਸ਼ਹਾਲ ਸਿੰਘ ਇਨ੍ਹਾਂ ਨੂੰ ਜਹਾਜ਼ ਚੜ੍ਹਾਉਣ ਅਤੇ ਵਾਪਸੀ ਤੇ ਲੈਣ ਵੀ ਜਾਂਦਾ ਹੁੰਦਾ ਸੀ। ਇਸ ਤਰ੍ਹਾਂ ਕਲਕੱਤੇ ਹੀ 6 ਮਾਛੋਆ ਬਾਜ਼ਾਰ ਰੋਡ 'ਤੇ ਰਹਿੰਦਾ ਪਿਹਾਰੋ ਸਿੰਘ ਵੀ ਰੰਗੂਨ ਜਾਂਦੇ ਆਉਂਦੇ ਸਿਖਾਂ ਦੀ ਮੱਦਦ ਕਰਿਆ ਕਰਦਾ ਸੀ।"

"ਸ੍ਰੀ ਭੈਣੀ ਸਾਹਿਬ ਡੇਰੇ ਵਿਚ ਖ਼ਰਾਸ ਤੇ ਕੰਮ ਕਰਦੇ ਸ਼ੇਰ ਸਿੰਘ 'ਖ਼ਰਾਸੀਏ' ਦਾ ਛੋਟਾ ਭਰਾ ਸ਼ਾਮ ਸਿੰਘ ਰੰਗੂਨ ਰੇਲਵੇ ਸਟੇਸ਼ਨ 'ਤੇ ਕੰਮ ਕਰਦਾ ਸੀ। ਗੁਜਰਾਂਵਾਲੇ ਦਾ ਲਹਿਣਾ ਸਿੰਘ ਰੰਗੂਨ ਪੁਲਿਸ ਵਿਚ ਸਿਪਾਹੀ ਸੀ ਅਤੇ ਰੰਗੂਨ ਦੀ ਠਾਕੁਰ ਬਾੜੀ ਵਿਖੇ ਰਹਿਣ ਵਾਲਾ ਅੰਮ੍ਰਿਤਸਰ ਦਾ ਪੰਜਾਬ ਸਿੰਘ ਸਰਵੇ ਮਹਿਕਮੇ ਵਿਚ ਕੰਮ ਕਰਦਾ ਹੁੰਦਾ ਸੀ। ਇਹ ਸਭ ਪੰਜਾਬ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਆਉਣ ਵਾਲੇ ਸਿਖਾਂ ਦੀ ਮਦਦ ਕਰਿਆ ਕਰਦੇ ਸਨ।"

Sri Satguru Jagjit Singh Ji eLibrary NamdhariElibrary@gmail.com

"ਬਰਮਾ ਦੇ ਦੂਸਰੇ ਸ਼ਹਿਰ ਮੌਲਮੀਨ ਵਿਚ ਬਾਬਾ ਲੱਖਾ ਸਿੰਘ, ਬਾਬਾ ਜਵਾਹਰ ਸਿੰਘ ਅਤੇ ਬਾਬਾ ਬ੍ਰਹਮਾ ਸਿੰਘ ਨਜ਼ਰਬੰਦ ਸਨ। ਏਥੇ ਮੌਲਮੀ ਚਰਚ ਵਿਚ ਨੌਕਰੀ ਕਰਨ ਵਾਲਾ ਸ਼ਾਮ ਸਿੰਘ ਅਤੇ ਪੁਲਿਸ ਵਿਚ ਨੌਕਰੀ ਕਰਨ ਵਾਲਾ ਹਰਿਨਾਮ ਸਿੰਘ ਵੀ ਮੌਲਸੀਨ ਵਿਖੇ ਸੂਬਿਆਂ ਪਾਸ ਆਉਣ ਜਾਣ ਵਾਲੇ ਨਾਮਧਾਰੀ ਸਿੰਘਾਂ ਦੀ ਮਦਦ ਕਰਿਆ ਕਰਦੇ ਸਨ।"

ਹੁਕਮਨਾਮਿਆਂ ਦਾ ਰਾਜਨੀਤਕ ਮਹੱਤਵ, ਸਮਾਜਿਕ ਮਹੱਤਵ, ਧਾਰਮਿਕ ਮਹੱਤਵ ਅਤੇ ਸਮਾਜ ਸੁਧਾਰ ਦੇ ਮਾਮਲੇ ਵਿਚ ਸਤਿਗੁਰੂ ਜੀ ਵੱਲੋਂ ਪੁੱਟੇ ਗਏ ਕ੍ਰਾਂਤੀਕਾਰੀ ਕਦਮਾਂ ਦਾ ਉਲੇਖ ਕਰਦਿਆਂ ਜਸਵਿੰਦਰ ਸਿੰਘ ਲਿਖਦਾ ਹੈ ਕਿ ਜਿਥੇ ਭਾਰਤ ਸਰਕਾਰ ਨੇ ਸਤਿਗੁਰੂ ਜੀ ਤੋਂ ਪੂਰੀ ਇਕ ਸਦੀ ਬਾਅਦ ੧੯੭੮ ਈ. ਵਿਚ ਕਾਨੂੰਨ ਬਣਾਇਆ ਸੀ ਕਿ ਵਿਆਹ ਸਮੇਂ ਲੜਕੀ ਦੀ ਉਮਰ ੧੮ ਸਾਲ ਅਤੇ ਲੜਕੇ ਦੀ ੨੧ ਸਾਲ ਤੋਂ ਘੱਟ ਨਾ ਹੋਵੇ, ਸਤਿਗੁਰੂ ਜੀ ਦੇ ੨੩ਵੇਂ ਹੁਕਮਨਾਮੇ ਵਿਚ ਇਹ ਅੰਕਿਤ ਹੈ:-

"ਗੁਰੂ ਜੀ ਦਾ ਬੀ ਇਹੋ ਹੁਕਮ ਹੈ ਜੋ ਅਠਾਰਾਂ ਬਰਸਾ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ, ਉਰੇ ਨਹੀਂ ਕਰਨਾ।"

ਪੰਜਾਬੀ ਸਾਹਿਤ ਦੇ ਪਾਰਖੂਆਂ ਲਈ ਇਨ੍ਹਾਂ ਹੁਕਮਨਾਮਿਆਂ ਦੀ ਵਾਰਤਕ ਦਾ ਇਸ ਲਈ ਵੀ ਬੜਾ ਮਹੱਤਵ ਹੈ ਕਿ ਇਹ ਉਹੀ ਸਮਾਂ ਸੀ ਜਦੋਂ ਪੰਜਾਬੀ ਭਾਸ਼ਾ ਬੋਲਚਾਲ ਵਿਚੋਂ ਨਿਕਲ ਕੇ ਅੱਖਰਾਂ ਦਾ ਜਾਮਾ ਧਾਰਨ ਕਰ ਰਹੀ ਸੀ।

ਜਸਵਿੰਦਰ ਸਿੰਘ ਹੋਰਾਂ ਦਾ ਹੁਕਮਨਾਮਿਆਂ ਤੋਂ ਬਾਅਦ ਦੂਸਰਾ ਵੱਡਾ ਕੰਮ ਸੰਤ ਸੰਤੋਖ ਸਿੰਘ ਬਾਹੋਵਾਲ ਕ੍ਰਿਤ ਪੁਸਤਕ "ਸਤਿਗੁਰੂ ਬਿਲਾਸ" ਨੂੰ ਦੋ ਭਾਗਾਂ ਵਿਚ ਸੰਪਾਦਿਤ ਕਰ ਕੇ ਛਪਵਾਉਣਾ ਹੈ। ਇਹ ਉਹ ਮਹਾਨ ਰਚਨਾ ਹੈ ਜਿਸ ਦੀ ਕਥਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੀਵਾਨਾਂ ਵਿਚ ਹੁੰਦੀ ਰਹੀ ਹੈ। ਨਾਮਧਾਰੀ ਪੰਥ ਦੀ ਇਸ ਤੋਂ ਵੱਧ ਪ੍ਰਮਾਣਿਕ ਪੁਸਤਕ ਹੋਰ ਕੋਈ ਨਹੀਂ। ਇਹ ਵੀ ਇਕ ਸੰਜੋਗ ਹੀ ਸੀ ਕਿ ਆਪਣੇ ਲਿਖੇ ਜਾਣ ਤੋਂ ਪੂਰੀ ਇਕ ਸਦੀ ਬੀਤਣ ਬਾਅਦ ਹੀ ਇਸ ਪੁਸਤਕ ਨੂੰ ਛਾਪੇ ਦਾ ਜਾਮਾ ਨਸੀਬ ਹੋਇਆ। ਸ਼ਾਇਦ ਇਹ ਗ੍ਰੰਥ ਜਸਵਿੰਦਰ ਸਿੰਘ ਵਰਗੇ ਕਿਸੇ ਸੁਘੜ ਸੰਪਾਦਕ ਦੀ ਉਡੀਕ ਵਿਚ ਬੈਠਾ ਹੋਇਆ ਸੀ। ਜਿਸ ਨੇ ਇਸ ਗ੍ਰੰਥ ਵਿਚਲੀਆਂ ਘਟਨਾਵਾਂ ਦੀ ਸਰਕਾਰੀ ਰਿਕਾਰਡ ਨਾਲ ਛਾਣ-ਬੀਣ ਕਰ ਕੇ ਇਸ ਦੀ ਪ੍ਰਮਾਣਿਕਤਾ ਨੂੰ ਅਨਿੱਖੇਧ ਕਰਾਰ ਦਿੱਤਾ। ਜਸਵਿੰਦਰ ਸਿੰਘ ਤੋਂ ਪਹਿਲਾਂ ਸਾਡੇ ਇਤਿਹਾਸਕਾਰ ਸੰਤ ਤਰਨ ਸਿੰਘ ਵਹਿਮੀ ਜੀ 'ਜੱਸ ਜੀਵਨ' ਵਿਚ ਪਿੰਡ ਬਾਹੋਵਾਲ ਨੂੰ ਗੁਰਦਾਸਪੁਰ ਜ਼ਿਲ੍ਹੇ ਦੇ 'ਡੇਹਰਾ ਬਾਬਾ ਨਾਨਕ' ਇਲਾਕੇ ਵਿਚ ਲਿਖਦੇ ਸਨ ਪਰ ਸਰਕਾਰੀ ਰਿਕਾਰਡ ਵਿਚ ਜਦੋਂ ਜਸਵਿੰਦਰ ਸਿੰਘ ਨੂੰ ਸਾਰੇ ਗੁਰਦਾਸਪੁਰ ਜ਼ਿਲ੍ਹੇ ਵਿਚ ਇਸ ਨਾਂ ਦਾ ਕੋਈ ਪਿੰਡ ਨਾ ਮਿਲਿਆ ਤਾਂ ਉਸ ਦੀ ਖੋਜ ਨੇ ਇਸ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜਾ ਲੱਭਿਆ। ਇਹ ਬਾਹੋਵਾਲ ਗ਼ਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਵਾਲੇ ਉੱਘੇ ਸੂਰਬੀਰਾਂ ਦਾ ਪਿੰਡ ਸੀ ਤੇ ਇਹ ਕਿਵੇਂ ਨਾ ਹੁੰਦਾ ਕਿ ਭਾਈ ਸੰਤੋਖ ਸਿੰਘ ਜਿਹੇ ਕੂਕਾ ਅੰਦੋਲਨ ਵਿਚ ਤਪੇ ਹੋਏ ਲੇਖਕ ਦੇ ਪਿੰਡ ਦੀ ਮਿੱਟੀ ਦਾ ਬਾਅਦ ਵਿਚ ਚੱਲਣ ਵਾਲੀਆਂ ਕੌਮੀ ਮੁਕਤੀ ਦੀਆਂ ਲਹਿਰਾਂ ਨਾਲ ਕੋਈ ਜੀਵੰਤ ਰਿਸ਼ਤਾ ਨਾ ਬਣਦਾ। ਆਪਣੇ ਇਕ ਆਰਟੀਕਲ 'ਨਾਮਧਾਰੀ ਅੰਦੋਲਨ ਦਾ ਗ਼ਦਰ ਪਾਰਟੀ ਲਹਿਰ 'ਤੇ ਪ੍ਰਭਾਵ' ਵਿਚ ਮੈਂ ਇਨ੍ਹਾਂ ਰਿਸ਼ਤਿਆਂ ਦੀਆਂ ਪੈੜਾਂ ਨੱਪਣ ਦੀ ਨਿਸ਼ਾਨਦੇਹੀ ਕੀਤੀ ਹੈ। ਸਾਡੇ ਚੰਗੇ ਭਾਗਾਂ ਨੂੰ ਜਸਵਿੰਦਰ ਸਿੰਘ ਨੂੰ, ਸ੍ਰੀ ਭੈਣੀ ਸਾਹਿਬ ਵਿਖੇ ਇਥੋਂ ਦੇ ਮੂਲ ਨਿਵਾਸੀ ਬਖਸ਼ੀ ਹਰਦੇਵ ਸਿੰਘ ਹੋਰਾਂ ਦੇ ਬਿਰਧ ਅਵਸਥਾ ਵਿਚ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਦੇ ਦਰਸ਼ਨ ਇਥੇ ਕੀਤੇ ਸਨ ਅਤੇ ਇਉਂ ਉਹ ਕੂਕਾ ਇਤਿਹਾਸ ਦੇ ਇਸ ਪ੍ਰਸਿੱਧ ਪਾਤਰ ਅਤੇ ਲੇਖਕ ਦਾ ਮੁਹਾਂਦਰਾ ਵੀ ਪਾਠਕਾਂ ਨਾਲ ਸਾਂਝਾ ਕਰਦਾ ਹੈ। "ਬਖਸ਼ੀ ਜੀ ਨੇ ਸੰਤ ਸੰਤੋਖ ਸਿੰਘ ਦੇ ਚੰਗੀ ਤਰ੍ਹਾਂ ਦਰਸ਼ਨ ਕੀਤੇ ਹੋਏ ਸਨ ਅਤੇ ਇਨ੍ਹਾਂ ਨੂੰ 'ਭਜਨ' ਵੀ ਸੰਤ ਜੀ ਨੇ ਹੀ ਦਿੱਤਾ ਸੀ। ੯ ਜੂਨ ੧੯੯੨ ਨੂੰ ਸੰਤ ਸੰਤੋਖ ਬਾਰੇ ਮੈਂ ਕੁਝ ਜਾਣਕਾਰੀਆਂ ਬਖਸ਼ੀ ਜੀ ਪਾਸੋਂ ਲਈਆਂ ਅਤੇ ਰਿਕਾਰਡ ਵੀ ਕੀਤੀਆਂ ਸਨ। ਬਖਸ਼ੀ ਜੀ ਨੂੰ ਸੰਤੋਖ ਸਿੰਘ ਦੇ ਪਿੰਡ ਅਤੇ ਪਰਿਵਾਰ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਨਾਲ ਹੋਈ

Sri Satguru Jagjit Singh Ji eLibrary NamdhariElibrary@gmail.com

ਗੱਲਬਾਤ 'ਚੋਂ ਜੋ ਜਾਣਕਾਰੀ ਸੰਤ ਜੀ ਬਾਰੇ ਹੋਈ ਉਹ ਇਸ ਪ੍ਰਕਾਰ ਹੈ:- ਸੰਤੋਖ ਸਿੰਘ ਦਾ ਕੱਦ ਲਗਪਗ ੫ ਫੁੱਟ ੬ ਇੰਚ, ਰੰਗ ਸਾਫ਼, ਸਰੀਰ ਪਤਲਾ ਅਤੇ ਚਿਹਰੇ ਤੇ ਪਤਲੀ ਦਾਹੜੀ, ਜ਼ਾਤ ਉਨ੍ਹਾਂ ਦੀ ਕਲਾਲ ਸੀ। ਇਸ ਤਰ੍ਹਾਂ ਸੰਤ ਸੰਤੋਖ ਸਿੰਘ ਜੀ ਪ੍ਰਸਿੱਧ ਲੇਖਕ ਕੁਇਰ ਸਿੰਘ ਦੇ ਵਰਗ ਦੇ ਹੀ ਬਣਦੇ ਹਨ। ਕੁਇਰ ਸਿੰਘ ਕਲਾਲ ਸੀ ਅਤੇ ਸੰਤ ਸੰਤੋਖ ਸਿੰਘ ਵੀ ਕਲਾਲ ਸਨ। ਕੁਇਰ ਸਿੰਘ ਨੇ ਗੁਰੂ ਬਿਲਾਸ- ਪਾਤਸ਼ਾਹੀ ੧੦ ਲਿਖਿਆ ਅਤੇ ਸੰਤ ਸੰਤੋਖ ਸਿੰਘ ਨੇ "ਸਤਿਗੁਰੂ ਬਿਲਾਸ" ਦੀ ਰਚਨਾ ਕੀਤੀ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਜਾਣਕਾਰੀ ਮਿਲਦੀ ਹੈ।"[5]

ਇਸ ਗ੍ਰੰਥ ਦੀ ਵਿਲੱਖਣਤਾ ਦਾ ਜ਼ਿਕਰ ਕਰਦਿਆਂ ਜਸਵਿੰਦਰ ਸਿੰਘ ਲਿਖਦੇ ਹਨ ਕਿ ਨਾਮਧਾਰੀਆਂ ਬਾਰੇ ਸਰਕਾਰ ਅੰਗ੍ਰੇਜ਼ੀ ਦੇ ਅਧਿਕਾਰੀਆਂ ਦੁਆਰਾ ਲਿਖਤ ਦਸਤਾਵੇਜ਼ੀ ਸਮੱਗਰੀ ੧੮੬੩ ਈ. ਤੋਂ ੧੮੮੧ ਈ. ਤੱਕ ਹੀ ਮੁੱਖ ਤੌਰ 'ਤੇ ਉਪਲਬਧ ਹੈ। ਸੋ ਨਾਮਧਾਰੀ ਇਤਿਹਾਸ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਬਚਪਨ, ਜੁਆਨੀ ਦੇ ਸਮਾਚਾਰ, ਲਾਹੌਰ ਦਰਬਾਰ ਦੀ ਨੌਕਰੀ, ਗੁਰੂ ਬਾਲਕ ਸਿੰਘ ਜੀ ਨਾਲ ਮੇਲ, ੧੮੫੭ ਈ. ਦੀ ਵਿਸਾਖੀ ਨੂੰ ਨਾਮਧਾਰੀ ਸੰਤ ਖਾਲਸੇ ਦੀ ਸਥਾਪਨਾ, ਅਪ੍ਰੈਲ ੧੮੬੭ ਈ. ਦੇ ਹਰਿਦੁਆਰ ਅਰਧ ਕੁੰਭੀ ਸਮੇਂ ਸਤਿਗੁਰੂ ਜੀ ਦੇ ਮਸਤਾਨੀ ਅਵਸਥਾ ਦੇ ਚੋਜ, ਰਾਏ ਸਿੰਘ ਨੂੰ ਦਸਮ ਪਾਤਸ਼ਾਹ ਦੀ ਸਿੱਖੀ ਦੀ ਟਕਸਾਲੀ ਮਰਿਆਦਾ ਲਿਆਉਣ ਲਈ ਹਜ਼ੂਰ ਸਾਹਿਬ ਭੇਜਣਾ ਅਤੇ ਫਿਰ ਗੁਰੂ ਹਰੀ ਸਿੰਘ ਜੀ ਦੇ ਸਮੇਂ ਨਾਮਧਾਰੀ ਪੰਥ ਤੇ ਝੁੱਲਣ ਵਾਲੀਆਂ ਬਿਪਤਾਵਾਂ ਦੇ ਅਕਹਿ ਅਤੇ ਅਸਹਿ ਝੱਖੜਾਂ ਦਾ ਵਰਣਨ, ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ ਇਹ ਸਭ ਵੇਰਵੇ, ਭਾਈ ਸੰਤੋਖ ਸਿੰਘ ਬਾਹੋਵਾਲ ਦੀ ਰਚਨਾ ਵਿਚ ਹੀ ਰਾਖਵੇਂ ਕੀਤੇ ਗਏ ਹਨ। ਗੁਰੂ ਬਾਲਕ ਸਿੰਘ ਜੀ ਦੇ ਨਾਲ ਸਬੰਧਿਤ ਸਮਾਚਾਰ, ਸੰਤੋਖ ਸਿੰਘ ਨੂੰ ਕਾਹਨ ਸਿੰਘ ਮਹੰਤ ਹਜਰੋ ਦੀ ਗੁਰੂ ਹਰੀ ਸਿੰਘ ਦੇ ਸਮੇਂ, ਭੈਣੀ ਸਾਹਿਬ ਫੇਰੀ ਸਮੇਂ, ਛੱਕਾ ਰਾਮ ਕਵੀਸ਼ਰ ਦੀ ਸਾਖੀਆਂ ਵਾਲੀ ਪੋਥੀ ਵਿਚੋਂ ਮਿਲਦੇ ਹਨ। ਸੂਬਾ ਕਾਹਨ ਸਿੰਘ ਨਿਹੰਗ ਪਿੰਡ ਚੱਕ ਕੂਕਿਆਂ ਦਾ ਰਿਆਸਤ ਮਲੇਰਕੋਟਲਾ, ਇੰਗਲੈਂਡ ਦੀ ਮਲਕਾ ਦੀ ਜੁਬਲੀ ਸਮੇਂ ਕੈਦ ਵਿਚੋਂ ਮੁਕਤ ਕਰਕੇ ਪੰਜਾਬ ਭੇਜ ਦਿੱਤਾ ਗਿਆ ਸੀ। ਉਸ ਤੋਂ ਸੰਤੋਖ ਸਿੰਘ ਨੇ ਸਤਿਗੁਰੂ ਜੀ ਦੇ ਸੈਨਿਕ ਜੀਵਨ ਦੇ ਵੇਰਵੇ ਇਕੱਤਰ ਕੀਤੇ ਹਨ। ਸੰਨ ੧੮੮੧ ਈ. ਵਿਚ ਹੀ ਭਾਈ ਨਾਨੂੰ ਸਿੰਘ ਹਜ਼ੂਰੀ ਸੇਵਕ ਮਰਗੋਈ ਤੋਂ ਵਾਪਸ ਆਪਣੇ ਪਿੰਡ ਰੁੜਕੀ ਆ ਗਿਆ ਸੀ। ਸਤਿਗੁਰੂ ਜੀ ਦੇ ਬੰਦੀ ਜੀਵਨ ਦੇ ਬਚਨ ਬਿਲਾਸ ਬਾਹੋਵਾਲ ਜੀ ਨੇ ਨਾਨੂੰ ਸਿੰਘ ਜਦੋਂ ਚੋਰੀ ਛਿਪੇ ਭੈਣੀ ਸਾਹਿਬ ਆਉਂਦਾ ਉਸ ਤੋਂ ਸੁਣ ਕੇ ਲਿਖੇ। ਸਤਿਗੁਰੂ ਜੀ ਦੇ ਸਮੇਂ ਦੇ ਹੋਰ ਵੀ ਬਹੁਤ ਸਿੰਘ ਭੈਣੀ ਸਾਹਿਬ ਡੇਰੇ ਵਿਚ ਰਹਿੰਦੇ ਸਨ ਜਾਂ ਆਉਂਦੇ ਜਾਂਦੇ ਸਨ। ਇਉਂ ਸੰਤੋਖ ਸਿੰਘ ਜੋ ਲਿਖਦਾ ਸੀ ਉਹ ਸ਼ਾਮ ਨੂੰ ਗੁਰੂ ਹਰੀ ਸਿੰਘ ਜੀ ਨੂੰ ਸੁਣਾਇਆ ਜਾਂਦਾ ਸੀ। ਸੁਧਾਈ ਦੀ ਲੋੜ ਹੁੰਦੀ ਤਾਂ ਕਰ ਲੈਂਦਾ।

ਜਸਵਿੰਦਰ ਸਿੰਘ ਦੇ ਲਿਖਣ ਮੁਤਾਬਿਕ ਭਾਈ ਸੰਤੋਖ ਸਿੰਘ ਦਾ ਜੀਵਨ ਕਾਲ ੧੮੩੫ ਈ. ਤੋਂ ੧੯੦੬ ਈ. ਤੱਕ ਫੈਲਿਆ ਹੈ। ਉਸ ਦੇ ਆਪਣੇ ਲਿਖਣ ਮੁਤਾਬਿਕ ਉਹ ੧੮੮੨ ਈ. ਵਿਚ ਸ੍ਰੀ ਭੈਣੀ ਸਾਹਿਬ ਗੁਰੂ ਹਰੀ ਸਿੰਘ ਜੀ ਦੀ ਸ਼ਰਨ ਵਿਚ ਆਇਆ ਜਿੱਥੇ ਗੁਰੂ ਦਰਸ਼ਨਾਂ ਨਾਲ ਉਸ ਦੇ ਭਟਕਦੇ ਮਨ ਨੂੰ ਸ਼ਾਂਤੀ ਮਿਲੀ ਅਤੇ ਉਸ ਨੇ ਇਤਿਹਾਸ ਲਿਖਣ ਦਾ ਕਾਰਜ ਆਰੰਭਿਆ। ਇਉਂ ਇਸ ਮਹਾਨ ਗ੍ਰੰਥ ਦਾ ਰਚਨਾ ਕਾਲ ਵੀ ੧੮੮੨ ਈ. ਤੋਂ ੧੯੦੬ ਈ. ਤੱਕ ਦਾ ਹੈ। "ਇਸ ਤਰ੍ਹਾਂ ਇਹ ਗ੍ਰੰਥ ਉਨ੍ਹੀਵੀਂ ਸਦੀ ਅਖ਼ੀਰ ਦੀ ਪੰਜਾਬੀ ਵਾਰਤਕ ਦਾ ਸੁੰਦਰ ਨਮੂਨਾ ਹੈ।" ਸੰਤੋਖ ਸਿੰਘ ਦੀ ਦੂਜੇ ਸਮਕਾਲੀ ਲੇਖਕਾਂ ਨਾਲੋਂ ਭਿੰਨਤਾ ਨੂੰ ਹਿਸਟੋਰੀਅਨ ਇਉਂ ਇੰਗਤ ਕਰਦਾ ਹੈ। "ਇਕ ਗੱਲ ਹੋਰ ਵੀ ਹੈ ਜੋ ਸੰਤੋਖ ਸਿੰਘ ਦੀ ਵਾਰਤਕ ਰਚਨਾ ਨੂੰ ਸਿਖਰ 'ਤੇ ਲੈ ਜਾਂਦੀ ਹੈ। ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਤੋਂ ਬਾਅਦ ਉਨ੍ਹੀਵੀਂ ਸਦੀ ਵਿਚ ਜੋ ਵੀ ਰਚਨਾਵਾਂ ਵਾਰਤਕ ਵਿਚ ਲਿਖੀਆਂ ਗਈਆਂ ਸਨ ਉਹ ਜਾਂ ਤਾਂ ਧਾਰਮਿਕ ਸਮਾਜ ਸੁਧਾਰਕ ਜਾਂ ਅੰਗਰੇਜ਼ਾਂ ਦੀ ਉਸਤਤ ਵਿਚ, ਉਨ੍ਹਾਂ ਦੀ ਸੇਵਾ ਕਰਨ ਵਿਚ ਲਿਖੀਆਂ ਗਈਆਂ ਸਨ, ਲੇਕਿਨ ਸੰਤ ਸੰਤੋਖ ਸਿੰਘ ਦੀ ਰਚਨਾ 'ਸਤਿਗੁਰੂ ਬਿਲਾਸ' ਹੀ ਇਕ ਐਸੀ ਰਚਨਾ ਸੀ ਜੋ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਉਨ੍ਹਾਂ ਵਿਰੁੱਧ ਵਿਚਾਰਧਾਰਾ

Sri Satguru Jagjit Singh Ji eLibrary NamdhariElibrary@gmail.com

ਨੂੰ ਪ੍ਰਤੱਖ ਰੂਪ ਵਿਚ ਪ੍ਰਗਟ ਕਰਦੀ ਹੈ। ਨਿਸ਼ਚੇ ਹੀ ਇਹ ਇਕ ਵਿਸ਼ੇਸ਼ ਤੇ ਵਿਲੱਖਣ ਗੱਲ ਹੈ।"[4]

ਭਾਈ ਸੰਤੋਖ ਸਿੰਘ ਦੇ ਦੈਨਿਕ ਜੀਵਨ ਵਿਚ ਕਰਨ ਵਾਲੇ ਕਾਰਜਾਂ, ਉਸ ਦੀ ਦੇਸ਼ ਭਗਤੀ ਅਤੇ ਗੁਰੂ ਭਗਤੀ ਦਾ ਸਟੀਕ ਵਰਣਨ ਵੀ ਜਸਵਿੰਦਰ ਸਿੰਘ ਦੀ ਕਲਮ ਦਾ ਕਮਾਲ ਬਣ ਕੇ ਪੇਸ਼ ਹੋਇਆ ਹੈ। "ਸੰਤ ਸੰਤੋਖ ਸਿੰਘ ਨੇ ਜਿਨ੍ਹਾਂ ਕਠਿਨ ਹਾਲਤਾਂ ਵਿਚ 'ਸਤਿਗੁਰੂ ਬਿਲਾਸ' ਗ੍ਰੰਥ ਲਈ ਸਮੱਗਰੀ ਇਕੱਠੀ ਕੀਤੀ ਉਸ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ, ਥੋੜ੍ਹੀ ਹੋਵੇਗੀ। ਲੇਖਕ ਨੇ ਸਵੇਰੇ ਉੱਠ ਕੇ ਇਸ਼ਨਾਨ ਪਾਣੀ ਕਰਨ ਤੋਂ ਬਾਅਦ ਨਿਤਨੇਮ ਕਰਨਾ, ਫੇਰ ਡੇਰੇ ਵਿਚ ਸਫ਼ਾਈ ਅਤੇ ਗੋਹੇ-ਕੂੜੇ ਦੀ ਸੇਵਾ ਕਰਨੀ, ਲੰਗਰ ਲਈ ਬਾਹਰੋਂ ਅੱਕ ਪੁੱਟ ਕੇ ਲਿਆਉਣੇ ਅਤੇ ਕਈ ਵਾਰ ਲੋਹ ਥੱਲੇ ਬਾਲਣ ਝੋਕਣ ਦੀ ਵੀ ਸੇਵਾ ਕਰਨੀ। ਇਨ੍ਹਾਂ ਕੰਮਾਂ ਤੋਂ ਇਲਾਵਾ ਉਨ੍ਹਾਂ ਨੇ ਦਿਨੇ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣੀ ਅਤੇ ਪਾਠਾਂ, ਹਵਨ ਤੇ ਵਰਨੀਆਂ ਵਿਚ ਵੀ ਲੱਗਣਾ। ਉਸ ਸਮੇਂ ਰੋਜ਼ ਕੇਵਲ ਦਸ ਨਾਮਧਾਰੀ ਸਿੱਖਾਂ ਨੂੰ ਲਿਖ ਕੇ ਡੇਰੇ ਅੰਦਰ ਆਉਣ ਅਤੇ ਦਰਸ਼ਨ ਕਰਨ ਦੀ ਪੁਲਿਸ ਵੱਲੋਂ ਆਗਿਆ ਮਿਲਦੀ ਸੀ। ਇਨ੍ਹਾਂ ਦਰਸ਼ਨ ਕਰਨ ਆਏ ਸਾਧਾਂ-ਸੰਤਾਂ ਪਾਸੋਂ ਵੀ ਸੰਤੋਖ ਸਿੰਘ ਨੇ ਗੁਰੂ ਸਾਖੀਆਂ ਪੁੱਛ ਕੇ ਲਿਖਣੀਆਂ ਅਤੇ ਫੇਰ ਗੁਰੂ ਹਰੀ ਸਿੰਘ ਜੀ ਨੂੰ ਸੁਣਾ ਸੋਧ ਕੇ ਲਿਖਣੀਆਂ। ਬਹੁਤ ਵਾਰੀ ਸੰਤ ਜੀ ਸਤਿਗੁਰੂ ਹਰੀ ਸਿੰਘ ਜੀ ਨਾਲ ਦੌਰਿਆਂ 'ਤੇ ਵੀ ਜਾਂਦੇ ਸੀ ਅਤੇ ਰੋਜ਼ ਦੇ ਰੁਝੇਵਿਆਂ 'ਚੋਂ ਸਮਾਂ ਕੱਢ ਕੇ ਸਬੰਧਿਤ ਵਿਅਕਤੀਆਂ ਪਾਸੋਂ ਜਾਣਕਾਰੀ ਇਕੱਤਰ ਕਰਦੇ ਸੀ। ਪਾਬੰਦੀਆਂ ਹੇਠ ਸੀਮਤ ਸਾਧਨਾਂ ਅਤੇ ਸੀਮਤ ਲੋਕਾਂ ਨਾਲ ਮਿਲਣ ਦੇ ਅਵਸਰਾਂ 'ਚੋਂ ਵੀ ਮੌਕਾ ਵੇਖ ਕੇ ਸੰਤ ਸੰਤੋਖ ਸਿੰਘ ਨੇ ਗੁਰੂ ਜੱਸ ਇਕੱਤਰ ਕਰਦੇ ਹੀ ਰਹਿਣਾ। ਇਹ ਇਕ ਕਠਿਨ ਤਪੱਸਿਆ ਸੀ। ਇਸ ਤਰ੍ਹਾਂ ਉਨ੍ਹਾਂ ਪਾਸ ਸਤਿਗੁਰੂ ਰਾਮ ਸਿੰਘ ਜੀ ਦੇ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਦੀ ਢੇਰ ਸਮੱਗਰੀ ਇਕੱਤਰ ਹੋ ਗਈ।

"ਸੰਤ ਸੰਤੋਖ ਸਿੰਘ ਜੀ ਸ੍ਰੀ ਭੈਣੀ ਸਾਹਿਬ ਡੇਰੇ ਵਿਚ ਸਥਾਈ ਤੌਰ 'ਤੇ ਰਹਿਣ ਵਾਲਿਆਂ ਦੀ ਸੂਚੀ ਵਿਚ ਨਹੀਂ ਸਨ। ਪਹਿਲਾਂ ਉਹ ਅਕਾਲ ਬੁੰਗੇ ਕੋਲ ਇਕ ਛੋਟੇ ਜਿਹੇ ਝੌਂਪੜੇ ਵਿਚ ਰਹਿੰਦੇ ਸੀ ਅਤੇ ਫੇਰ ਪ੍ਰਕਾਸ਼ ਦੇ ਕੋਲ ਆ ਕੇ ਰਹਿਣ ਲੱਗ ਪਏ। ਡੇਰੇ ਵਿਚ 'ਲਿਹਾਜ਼' ਨਾਲ ਰਹਿਣ ਵਾਲਿਆਂ ਵਿਚ ਉਹ ਸ਼ਾਮਿਲ ਸਨ। ਗੋਹੇ-ਕੂੜੇ ਦੀ ਸੇਵਾ ਕਰਨੀ ਅਤੇ ਡੇਰੇ ਦੀ ਸਫ਼ਾਈ ਕਰ ਦੇਣੀ। ਪੁਲਿਸ ਵਾਲੇ ਵੀ ਉਹਨਾਂ ਨੂੰ ਦੇਖ ਕੇ ਅਣਡਿੱਠ ਕਰ ਦਿੰਦੇ ਸਨ ਕਿਉਂਕਿ ਉਹਨਾਂ ਨੂੰ ਡੇਰੇ 'ਚੋਂ ਰਸਦ, ਦੁੱਧ, ਘਿਓ ਅਤੇ ਹੋਰ ਵਸਤ ਮਿਲ ਜਾਣੀ। ਫੇਰ ਵੀ ਕਈ ਐਸੇ ਸਮੇਂ ਆਏ ਜਦੋਂ ਪੁਲਿਸ ਵਾਲਿਆਂ ਲੇਖਕ ਨੂੰ ਡੇਰੇ ਵਿਚੋਂ ਕੱਢ ਦਿੱਤਾ ਅਤੇ ਉਹਨਾਂ ਨਾਲ ਲੜਾਈ ਝਗੜਾ ਕੀਤਾ। ਇਕ ਐਸੇ ਝਗੜੇ ਵਿਚ ਪੁਲਿਸ ਵਾਲਿਆਂ ਝੂਠੇ ਗਵਾਹ ਬਣਾ ਕੇ ਸੰਤੋਖ ਸਿੰਘ ਨੂੰ ਛੇ ਮਹੀਨੇ ਦੀ ਕੈਦ ਕਰਵਾ ਦਿੱਤੀ ਸੀ, ਪਰ ਇਹ ਗੁਰੂ ਦੇ ਪਿਆਰੇ ਜੇਲ੍ਹਖਾਨੇ 'ਚੋਂ ਛੁੱਟ ਕੇ ਫੇਰ ਸਿੱਧੇ ਡੇਰੇ ਸ੍ਰੀ ਭੈਣੀ ਸਾਹਿਬ ਆ ਆਪਣੇ ਨਿਤਾਪ੍ਰਤੀ ਕੰਮ ਵਿਚ ਲੱਗ ਗਏ, ਇਹੀ ਗੁਰੂ ਭਗਤੀ ਹੈ।"[5]

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਾਂ ਬਹੁਤ ਤੇਜ਼ੀ ਨਾਲ ਕੂਕਾ ਮੱਤ ਜਾਂ ਨਾਮਧਾਰੀ ਪੰਥ ਦਾ ਪ੍ਰਚਾਰ ਪਸਾਰ ਹੋਇਆ ਜਿਸ ਦੀ ਗਿਣਤੀ ਲੱਖਾਂ ਵਿਚ ਸੀ ਅਤੇ ਆਪਣੇ ਕਲਾਵੇ ਵਿਚ ਉਹ ਅਟਕ ਤੋਂ ਜਮਨਾ ਤੱਕ ਦੇ ਖੇਤਰ ਨੂੰ ਲੈ ਰਿਹਾ ਸੀ। ਬਦੇਸ਼ਾਂ ਨਾਲ ਸਬੰਧ ਬਣ ਰਹੇ ਸਨ। ਗੁਰੂ ਹਰੀ ਸਿੰਘ ਜੀ ਨੂੰ ਕਾਫ਼ੀ ਸਖ਼ਤੀਆਂ ਦਾ, ਅੰਦਰੂਨੀ ਤੇ ਬਹਿਰੂਨੀ ਵਿਰੋਧੀਆਂ ਵੱਲੋਂ ਸਾਹਮਣਾ ਕਰਨਾ ਪਿਆ। ਸਿੱਖਾਂ ਨੇ ਹਰ ਤਰ੍ਹਾਂ ਦੀਆਂ ਮੁਸੀਬਤਾਂ ਨੂੰ ਖਿੜੇ ਮੱਥੇ ਜੀ ਆਇਆਂ ਕਹਿੰਦਿਆਂ ਗੁਰੂ ਹਰੀ ਸਿੰਘ ਜੀ ਦੇ ਥਾਪੜੇ ਨਾਲ ਸਿੱਖੀ ਨੂੰ ਹਰੀ ਰੱਖਿਆ। ਉਨ੍ਹਾਂ ਦੇ ਸਪੁੱਤਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤਾਂ ਵਿਚ ਫਿਰ ਲਹਿਰਾਂ ਬਹਿਰਾਂ ਸ਼ੁਰੂ ਹੋ ਗਈਆਂ। ਉਹਨਾਂ ਨੇ ਆਪਣੇ ਜੀਵਨ ਦੇ ਪਹਿਲੇ ਤੇਰ ਵਰ੍ਹੇ ਗੁਰਦੁਆਰਾ ਭੈਣੀ ਸਾਹਿਬ ਦੇ ਬੂਹੇ 'ਤੇ ਬੈਠੀ ਪੁਲਿਸ ਚੌਂਕੀ ਦੀ ਸਖ਼ਤੀ ਸਖ਼ਤ ਨਿਗਰਾਨੀ ਹੇਠ ਬਿਤਾਏ। ਫਿਰ ਉਹ ਦੇਸ਼ ਆਜ਼ਾਦੀ ਲਈ ਚੱਲਣ ਵਾਲੀਆਂ ਅਨੇਕਾਂ ਲਹਿਰਾਂ ਕਾਂਗਰਸ, ਗ਼ਦਰ ਪਾਰਟੀ ਲਹਿਰ, ਬੱਬਰ ਅਕਾਲੀ, ਕਿਰਤੀ ਕਿਸਾਨ ਲਹਿਰਾਂ, ਰਜਵਾੜਾ ਸ਼ਾਹੀ ਜਨਤਾ ਦਾ ਪ੍ਰਜਾ ਮੰਡਲ ਦੀ ਅਗਵਾਈ ਵਿਚ ਅੰਦੋਲਨ ਆਦਿ ਵਿਚ ਆਪਣੇ ਆਪਣੇ ਢੰਗ ਨਾਲ ਆਪਣੇ ਸਿੱਖਾਂ ਨੂੰ ਸ਼ਾਮਿਲ ਹੋਣ ਲਈ ਉਤਸ਼ਾਹਿਤ ਕਰਦੇ ਰਹੇ। ਉਹ ਗੁਰੂ ਨਾਨਕ ਨਾਮ

Sri Satguru Jagjit Singh Ji eLibrary NamdhariElibrary@gmail.com

ਲੇਵਿਆਂ ਹਿੰਦੂ ਸਿੱਖਾਂ, ਹਿੰਦੂ ਸਿੱਖ ਮੁਸਲਿਮ ਇਤਿਹਾਦ ਦੇ ਹਮਾਇਤੀ ਸਨ। ਦੇਸ਼ ਦੀ ਆਜ਼ਾਦੀ ਬਾਅਦ ਉੱਜੜ ਪੁੱਜੜ ਕੇ ਆਏ ਲੋਕਾਂ ਦੇ ਪੁਨਰ ਵਿਸੇਬੇ ਦਾ ਪ੍ਰਬੰਧ ਵੀ ਕੀਤਾ। ਨਾਮ ਬਾਣੀ ਦਾ ਪ੍ਰਵਾਹ ਪੂਰਵਜ ਗੁਰੂਆਂ ਜਿਉਂ ਜਾਰੀ ਰੱਖਿਆ ਅਤੇ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਦੀ ਪ੍ਰਥਾ ਨੂੰ ਵੀ ਕਾਇਮ ਰੱਖਿਆ। ਉਹ ਪੰਜਾਬੀ ਭਾਸ਼ਾ ਗੁਰਮੁਖੀ ਲਿੱਪੀ ਦੇ ਵੀ ਵੱਡੇ ਮੁਦਈ ਸਨ। ਉਨ੍ਹਾਂ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ 'ਤੇ ਦਿੱਲੀ ਵਿਖੇ ਹੋਏ ਸਮਾਗਮਾਂ ਸਮੇਂ ਲੇਖਨ ਕਾਰਜ ਵਿਚ ਜਸਵਿੰਦਰ ਸਿੰਘ ਦਾ ਯੋਗਦਾਨ ਵਡਮੁੱਲਾ ਸੀ। ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ਦੇਸ਼ ਦੇ ਸੁਤੰਤਰਤਾ ਸੰਗਰਾਮ ਦਾ ਜ਼ਿਕਰ ਹਿਸਟੋਰੀਅਨ ਜੀ ਦੇ ਸ਼ਬਦਾਂ ਵਿਚ

"ਸ੍ਰੀ ਸਤਿਗੁਰੂ ਜੀ ਦੇ ਛੋਟੇ ਭਰਾ ਮਹਾਰਾਜ ਨਿਹਾਲ ਸਿੰਘ ਜੀ, ਮਹਾਰਾਜ ਗੁਰਦਿਆਲ ਸਿੰਘ ਜੀ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਸੰਤ ਨਿਧਾਨ ਸਿੰਘ ਆਲਮ, ਇੰਦਰ ਸਿੰਘ ਚੱਕਰਵਰਤੀ ਆਦਿ ਅਨੇਕ ਨਾਮਧਾਰੀ ਆਲ ਇੰਡੀਆ ਕਾਂਗਰਸ ਦੇ ਸਰਗਰਮ ਵਰਕਰ ਰਹੇ। ੧੯੨੯ ਈ. ਵਿਚ ਲਾਹੌਰ ਕਾਂਗਰਸ ਸੈਸ਼ਨ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੱਡੀ ਗਿਣਤੀ ਵਿਚ ਨਾਮਧਾਰੀਆਂ ਨੂੰ ਭੇਜ ਕੇ ਅਤੇ ਜਵਾਹਰ ਲਾਲ ਨਹਿਰੂ ਦੇ ਜਲੂਸ ਲਈ ੧੦੦ ਘੋੜੇ ਭੇਜ ਕੇ ਅਸਫਲ ਹੋਣ ਤੋਂ ਬਚਾਇਆ ਕਿਉਂਕਿ ਸਿੱਖਾਂ ਦੇ ਇਕ ਵਰਗ ਨੇ ਲਾਹੌਰ ਦੇ ਕਾਂਗਰਸ ਸੰਮੇਲਨ ਦਾ ਬਾਈਕਾਟ ਕਰ ਦਿੱਤਾ ਹੋਇਆ ਸੀ। ਇਹੀ ਨਹੀਂ ਸਾਰੇ ਸੰਮੇਲਨ ਦੇ ਲੰਗਰ ਦਾ ਪ੍ਰਬੰਧ ਵੀ ਮਾਤਾ ਜੀਵਨ ਕੌਰ ਜੀ ਨੇ ਆਪ ਜਾ ਕੇ ਨਿਰਵਿਘਨ ਚਾਲੂ ਰੱਖਿਆ।"

"ਪ੍ਰਸਿੱਧ ਕਾਂਗਰਸੀ ਨੇਤਾ ਸਮੇਂ-ਸਮੇਂ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ। ਪੰ. ਜਵਾਹਰ ਲਾਲ ਨਹਿਰੂ, ਡਾ. ਰਾਜਿੰਦਰ ਪ੍ਰਸਾਦ, ਡਾ. ਪੱਟਾਭੀਸੀਤਾਰਮਈਆ, ਡਾ. ਕੇ. ਐਮ. ਮੁਨਸ਼ੀ, ਮੌਲਾਨਾ ਹਬੀਬੁਲ ਰਹਿਮਾਨ, ਮਾਸਟਰ ਤਾਰਾ ਸਿੰਘ ਅਤੇ ਹੋਰ ਅਨੇਕ ਉੱਘੇ ਨੇਤਾਵਾਂ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ। ੧੯੩੭ ਈ. ਦੀਆਂ ਚੋਣਾਂ ਅਤੇ ਲੁਧਿਆਣਾ ਵਿਖੇ ੧੯੩੯ ਈ. ਦੀ "ਸਟੇਟ ਪੀਪਲਜ਼ ਕਾਨਫਰੰਸ" ਵਿਚ ਸ੍ਰੀ ਸਤਿਗੁਰੂ ਜੀ ਦੇ ਸਹਿਯੋਗ ਨੂੰ ਭੁਲਾਇਆ ਨਹੀਂ ਜਾ ਸਕਦਾ। ਸ੍ਰੀ ਸਤਿਗੁਰੂ ਜੀ ਨੇ ਇਹ ਸਾਰਾ ਸਹਿਯੋਗ ਬਿਨਾਂ ਕਿਸੇ ਸਵਾਰਥ ਦੀ ਇੱਛਾ ਰੱਖਿਆਂ ਦਿੱਤਾ ਅਤੇ ੧੯੪੫ ਈ. ਵਿਚ ਸ਼ਿਮਲੇ ਡਾ. ਅਬੁਲ ਕਲਾਮ ਆਜ਼ਾਦ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਪੁੱਛਣ 'ਤੇ ਸ੍ਰੀ ਸਤਿਗੁਰੂ ਜੀ ਨੇ ਕਿਹਾ ਸੀ ਕਿ "ਸਾਡੀਆਂ ਕੋਈ ਮੰਗਾਂ ਨਹੀਂ ਹਨ ਅਤੇ ਮੈਂ ਕੋਰੇ ਕਾਗਜ਼ 'ਤੇ ਦਸਤਖ਼ਤ ਕਰ ਦਿੰਦਾ ਹਾਂ ਤੁਸੀਂ ਜੋ ਚਾਹੋ ਲਿਖ ਲਵੋ। ਇਹ ਹੈ ਨਿ-ਸਵਾਰਥ ਦੇਸ਼ ਪ੍ਰਤੀ ਪਿਆਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਰਫ਼ ਇਹੋ ਇੱਛਾ ਸੀ ਕਿ ਭਾਰਤ ਸੁਤੰਤਰ ਹੋਵੇ ਕਿਉਂਕਿ ਸੁਤੰਤਰਤਾ ਦੇ ਸੰਘਰਸ਼ ਦਾ ਮੁੱਢ ਤਾਂ ਗੁਰੂ ਰਾਮ ਸਿੰਘ ਜੀ ਨੇ ਹੀ ਬੰਧਾ ਸੀ।"[5]

ਨਾਮਧਾਰੀ ਇਤਿਹਾਸ ਦੇ ਇਕ ਸਦੀ ਤੋਂ ਵੱਧ ਸਮੇਂ 'ਤੇ ਸਤਿਗੁਰੂ ਪ੍ਰਤਾਪ ਸਿੰਘ ਅਤੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਾਪ ਹੈ। ਇਹ ਸਾਰਾ ਸਮਾਂ ਬੜਾ ਹੋਣੀਆਂ ਭਰਪੂਰ ਹੈ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਤਰ ਵਿਚ ਦੂਰ-ਰਸ ਸਿੱਟਿਆਂ ਵਾਲੀਆਂ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ। ਇਸ ਪਰਿਵਰਤਨਕਾਰੀ ਸਮੇਂ ਵਿਚ ਕਿਸੇ ਵੀ ਮਿਸ਼ਨ ਜਾਂ ਸੰਸਥਾ ਦੀ ਸਫਲਤਾ ਪੂਰਵਕ ਅਗਵਾਈ ਕਰਨੀ ਬਿਖਮ ਕਾਰਜ ਹੁੰਦਾ ਹੈ ਅਤੇ ਪਿਤਾ ਪੁੱਤਰਾਂ ਦੀ ਇਸ ਗੁਰੂ ਜੋੜੀ ਨੇ ਵੰਗਾਰਾਂ ਭਰਪੂਰ ਸਮੇਂ ਦੀਆਂ ਸਾਰੀਆਂ ਹੋਣੀਆਂ ਨਾਲ ਖਿੜੇ ਮੱਥੇ ਦਸਤਪੰਜਾ ਲਿਆ। ਸਤਿਗੁਰੂ ਜਗਜੀਤ ਸਿੰਘ ਨੂੰ ੧੯੫੯ ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਦੇ ਦੇਹਾਵਸਾਨ ਬਾਅਦ ਬਹੁਤ ਸਾਰੀਆਂ ਚੁਣੌਤੀਆਂ ਦਰਪੇਸ਼ ਸਨ। ਦ੍ਰਿੜ ਇੱਛਾ ਸ਼ਕਤੀ ਨਾਲ ਉਨ੍ਹਾਂ ਪ੍ਰਸਥਿਤੀਆਂ ਨੂੰ ਹੌਲੀ ਹੌਲੀ ਆਪਣੇ ਅਨੁਕੂਲ ਕੀਤਾ। ਪੰਜਾਬ ਅਤੇ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਹਰ ਮਹਾਂਦੀਪ ਵਿਚ ਵੱਸਣ ਵਾਲੇ ਨਾਮਧਾਰੀ ਭਾਈਚਾਰੇ ਨੂੰ ਏਕਤਾ ਦੇ ਸੂਤਰ ਵਿਚ ਪਰੋ ਕੇ ਆਪਣੀ ਜਥੇਬੰਦਕ ਤਾਕਤ ਦਾ ਅਹਿਸਾਸ ਵੀ ਕਰਵਾਇਆ ਅਤੇ ਵੱਖ ਵੱਖਰੇ ਮੰਚਾਂ ਨੂੰ ਅਨੇਕਾਂ ਧਾਰਮਿਕ ਤੇ ਰਾਜਸੀ ਮੁਖੀਆਂ ਨਾਲ ਸਾਂਝਾ ਕਰਦਿਆਂ, ਕੂਕਪੁਣੇ ਜਾਂ ਨਾਮਧਾਰੀ ਪੰਥ ਦੀ ਵਿਲੱਖਣ ਹਸਤੀ ਨੂੰ ਵੀ ਬਰਕਰਾਰ ਰੱਖਿਆ। ਆਪ ਦੇ ਜੀਵਨ ਦੇ ਵਿਵਿਧ ਰੰਗਾਂ ਅਤੇ ਬਹੁਆਯਾਮੀ ਵਿਅਕਤੀਤਵ

Sri Satguru Jagjit Singh Ji eLibrary NamdhariElibrary@gmail.com

ਤੇ ਪੰਛੀ ਝਾਤ ਪੁਆਉਂਦੀ ਜਸਵਿੰਦਰ ਸਿੰਘ ਹੋਰਾਂ ਦੀ ਸੰਪਾਦਿਤ ਪੁਸਤਕ "ਬੇਅੰਤ ਪਾਤਸ਼ਾਹ" ਹੈ, ਜੋ ਇਸ ਵਿਸ਼ੇ ਦੀ ਪਹਿਲੀ ਪ੍ਰਮਾਣਿਕ ਇਤਿਹਾਸਕ ਪੁਸਤਕ ਹੋ ਨਿਬੜੀ ਹੈ ਇਸ ਦੇ ਆਰੰਭ ਵਿਚ ਆਪ ਦਾ ਲਿਖਿਆ ਇਕ ਵਡਮੁੱਲਾ ਮੁੱਖ ਲੇਖ ਹੈ। ਇਸ ਵਿਚੋਂ ਹੇਠਲੀਆਂ ਦੋ ਟੂਕਾਂ ਦੇ ਕੇ ਅਸੀਂ ਹਿਸਟੋਰੀਅਨ ਜੀ ਦੇ ਮੁਲੰਕਣ ਨਾਲ ਸਹਿਮਤ ਹੋਣਾ ਵੀ ਨਹੀਂ ਰਹਿ ਸਕਦੇ ਅਤੇ ਪਹਿਲੀ ਟੂਕ ਵਿਚੋਂ ਸਾਹਿਤ ਪ੍ਰਤੀ ਸਤਿਗੁਰੂ ਜੀ ਦੇ ਉਦਾਤ ਵਿਚਾਰ ਮੂਰਤੀਮਾਨ ਹੁੰਦੇ ਹਨ।

"੩ ਅਕਤੂਬਰ ੧੯੫੮ ਨੂੰ ਲੁਧਿਆਣਾ ਵਿਖੇ ਪੰਜਾਬੀ ਲੇਖਕ ਕਾਨਫਰੰਸ ਦਾ ਉਦਘਾਟਨ ਕਰਦਿਆਂ ਸਤਿਗੁਰੂ ਜੀ ਨੇ ਇਕੱਠੇ ਹੋਏ ਲੇਖਕਾਂ ਨੂੰ ਸੰਬੋਧਨ ਕਰਦਿਆਂ ਕਿਹਾ:-

"ਅੱਜ ਦੇ ਸੰਸਾਰ ਵਿਚ ਸਾਹਿਤਕਾਰਾਂ ਅਤੇ ਵਿਦਵਾਨਾਂ ਦੀ ਕਦਰ ਕਰਨ ਦੀ ਡਾਢੀ ਲੋੜ ਹੈ। ਇਨ੍ਹਾਂ ਦੇ ਯਤਨਾਂ ਰਾਹੀਂ ਹੀ ਦੁਨੀਆ ਵਿਚ ਅਮਨ ਸਥਾਪਿਤ ਹੋ ਸਕਦਾ ਹੈ, ਖੁਸ਼ਹਾਲੀ ਆ ਸਕਦੀ ਹੈ ਅਤੇ ਮਨੁੱਖਤਾ ਦਾ ਵਿਕਾਸ ਹੋ ਸਕਦਾ ਹੈ। ਕੁਝ ਗੱਲਾਂ ਮੈਂ ਇੱਥੇ ਇਕੱਠੇ ਹੋਏ ਲੇਖਕਾਂ ਤੇ ਹੋਰ ਆਏ ਸੱਜਣਾਂ ਦੀ ਸੇਵਾ ਵਿਚ ਵੀ ਕਹਿਣਾ ਚਾਹੁੰਦਾ ਹਾਂ। ਅੱਜ ਦਾ ਸਾਹਿਤ ਪੜ੍ਹ ਕੇ ਕਈ ਵਾਰੀ ਬੜੀ ਨਿਰਾਸਤਾ ਹੁੰਦੀ ਹੈ ਕਿ ਉਹ ਜ਼ਿੰਦਗੀ ਦੇ ਨੀਵੇਂ ਥੱਲੇ ਨੂੰ ਵਧੇਰੇ ਦਰਸਾਂਦੇ ਹਨ।

ਉਨ੍ਹਾਂ ਦੀਆਂ ਰਚਨਾਵਾਂ, ਕਹਾਣੀਆਂ, ਨਾਟਕ, ਕਵਿਤਾਵਾਂ ਪੜ੍ਹ ਕੇ ਕੋਈ ਉਤਸ਼ਾਹ ਨਹੀਂ ਮਿਲਦਾ ਅਤੇ ਕੋਈ ਉਚੇਚੀ ਪ੍ਰੇਰਨਾ ਪ੍ਰਾਪਤ ਨਹੀਂ ਹੁੰਦੀ। ਸਾਹਿਤਕਾਰਾਂ ਦੇ ਜ਼ਿੰਮੇ ਇਕ ਬੜਾ ਭਾਰਾ ਫਰਜ਼ ਹੈ। ਉਹ ਜਨਤਾ ਨੂੰ ਵਿੱਦਿਆ ਦੇਣ, ਗਿਆਨ ਦੇਣ ਤੇ ਉੱਚਾ ਉੱਠਣ ਦੀ ਪ੍ਰੇਰਨਾ ਦੇਣ। ਉਹ ਅਜਿਹਾ ਸਾਹਿਤ ਪੈਦਾ ਕਰਨ ਜਿਸ ਰਾਹੀਂ ਜਨ ਸਾਧਾਰਨ ਦਾ ਆਚਰਣ ਉੱਚਾ ਹੋ ਸਕੇ। ਨੀਵੇਂ, ਨਿਤਾਣੇ ਤੇ ਕਮਜ਼ੋਰਾਂ ਵਿਚ ਹੌਸਲੇ ਦਾ ਸੰਚਾਰ ਹੋ ਸਕੇ ਤਾਂ ਕਿ ਸਾਡੇ ਦੇਸ਼ ਦਾ ਕਲਿਆਣ ਹੋਵੇ, ਇਸਦਾ ਦੂਜੇ ਦੇਸ਼ਾਂ ਵਿਚ ਸਤਿਕਾਰ ਵਧੇ ਫੁੱਲੇ।"

"ਮਹਾਂ ਸਾਗਰ 'ਚੋਂ ਇਕ ਬੂੰਦ ਕੱਢ ਕੇ ਮੈਂ ਪਾਠਕਾਂ ਦੇ ਸਾਹਮਣੇ ਰੱਖਣ ਦਾ ਛੋਟਾ ਜਿਹਾ ਯਤਨ ਕੀਤਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਹੁਤ ਸਾਰੇ ਪੱਖਾਂ ਬਾਰੇ ਅਜੇ ਜ਼ਿਕਰ ਕਰਨਾ ਰਹਿ ਗਿਆ ਹੈ ਅਤੇ ਜੋ ਕੁਝ ਲਿਖਿਆ ਹੈ ਉਹ ਬਹੁਤ ਥੋੜ੍ਹਾ ਹੈ। ਸੰਖੇਪ ਹੈ। ਜੀਵਨ ਦੇ ਪਚੱਤਰ ਸਾਲ ਪੂਰੇ ਕਰਨ ਦੇ ਬਾਅਦ ਵੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ 'ਬੇਅੰਤ ਜੀ' ਵਾਲੀ ਹੀ ਚੁਸਤੀ ਅਤੇ ਫੁਰਤੀ ਹੈ। ਆਰਾਮ ਦੀ ਕੋਈ ਲੋੜ ਨਹੀਂ, ਕੋਈ ਇੱਛਾ ਨਹੀਂ, ਫੇਰ ਵੀ ਥਕਾਵਟ ਕਿਧਰੇ ਨੇੜੇ ਨਹੀਂ ਆਉਂਦੀ। ਅਸੀਂ ਲੋਕ ਜਦੋਂ ਵੀ ਬੈਠਦੇ ਉੱਠਦੇ ਹਾਂ, ਹੱਥਾਂ ਨੂੰ ਜ਼ਮੀਨ ਤੇ ਲਗਾ ਆਸਰਾ ਲੈ ਕੇ ਉੱਠਦੇ ਹਾਂ, ਪਰ ਸਤਿਗੁਰੂ ਜੀ ਹੁਣ ਵੀ ਕਦੇ ਹੱਥਾਂ ਦਾ ਆਸਰਾ ਲੈ ਕੇ ਨਹੀਂ ਉੱਠਦੇ। ਚੰਗੇ ਚੰਗੇ ਨੌਜਵਾਨਾਂ ਦੀ ਬੱਸ ਹੋ ਜਾਂਦੀ ਹੈ ਜਦੋਂ ਕੁਝ ਕੁ ਦਿਨ ਹੀ ਸਤਿਗੁਰੂ ਜੀ ਨਾਲ ਰਹਿਣਾ ਜਾਂ ਸਫ਼ਰ ਕਰਨਾ ਹੋਵੇ। ਸਤਿਗੁਰੂ ਜੀ ਦੀ ਲੱਖਤਾ ਕੌਣ ਕਰ ਸਕਦਾ ਹੈ? ਅਸੀਂ ਤਾਂ ਇਹੋ ਆਸ ਕਰਦੇ ਹਾਂ ਕਿ ਸਾਡੇ ਸਿਰਾਂ 'ਤੇ ਬੇਅੰਤ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤ੍ਰ ਛਾਇਆ ਲੰਮੇ ਸਮੇਂ ਤੱਕ ਬਣੀ ਰਹੇ।"

ਸੰਪਾਦਿਤ ਪੁਸਤਕਾਂ ਤੋਂ ਇਲਾਵਾ ਇਤਿਹਾਸਕ ਦਸਤਾਵੇਜ਼ਾਂ ਨਾਲ ਸਬੰਧਿਤ ਜਸਵਿੰਦਰ ਸਿੰਘ ਹੋਰਾਂ ਦੀਆਂ ਗਤੀਵਿਧੀਆਂ ਨਿਰੰਤਰ ਜਾਰੀ ਹਨ। ਛੋਟੀ ਸਾਹਿਬ ਪੁਲਿਸ ਚੌਕੀ ਨਾਲ ਸਬੰਧਿਤ ੧੯੨੮-੨੯ ਬਿਕ੍ਰਮੀ ਦੇ ਪੋਹ ਮਹੀਨੇ (੧੮੭੨ ਈ.) ਦੇ ਕੂਕਿਆਂ ਦੁਆਰਾ ਵੱਡੀ ਪੱਧਰ 'ਤੇ ਕੀਤੇ ਜਾਣ ਵਾਲੇ ਸੰਭਾਵਿਤ ਵਿਦਰੋਹ, ਜਿਸ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਕਾਲੇ ਨੂੰ ਗਤੀ ਪ੍ਰਦਾਨ ਕੀਤੀ, ਮਿਆਂਮਾਰ (ਬਰਮਾ) ਦੇਸ਼ ਵਿਚ ਸਤਿਗੁਰੂ ਜੀ ਅਤੇ ਕੂਕਿਆਂ ਨਾਲ ਸਬੰਧਿਤ ਥਾਵਾਂ ਦੀ ਖੋਜ ਪੜਤਾਲ ਬਾਰੇ ਨਕਸ਼ੇ ਆਦਿਕ ਬਣਾ ਕੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਵੱਡਮੁੱਲੀਆਂ ਪੰਥਕ ਸੇਵਾਵਾਂ ਜਸਵਿੰਦਰ ਸਿੰਘ ਨਿਭਾਅ ਚੁੱਕੇ ਹਨ। ਜਸਵਿੰਦਰ ਸਿੰਘ ਦੇ ਇਸਤਰ੍ਹਾਂ ਦੇ ਛਪਣ ਵਾਲੇ ਦੋ ਤਿੰਨ ਦਰਜਨ ਲੇਖ ਇਤਿਹਾਸਕ ਨਜ਼ਰੀਏ ਤੋਂ ਦਸਤਾਵੇਜ਼ੀ ਮਹੱਤਤਾ ਦੇ ਧਾਰਨੀ ਹਨ। ਹਰ ਆਰਟੀਕਲ ਕੋਈ ਨਾ ਕੋਈ ਨਵਾਂ ਨੁਕਤਾ ਉਭਾਰਦਾ ਹੈ ਅਤੇ ਕੂਕਾ ਇਤਿਹਾਸ ਨਾਲ ਸਬੰਧਿਤ ਬਹੁਤ ਸਾਰੀ ਜਾਣਕਾਰੀ ਭਰਪੂਰ ਸਮੱਗਰੀ ਪਹਿਲੀ ਵੇਰ ਪਾਠਕਾਂ ਦੇ ਸਨਮੁੱਖ ਹੁੰਦੀ ਹੈ।

Sri Satguru Jagjit Singh Ji eLibrary NamdhariElibrary@gmail.com

ਨਿਕਟ ਭਵਿੱਖ ਵਿਚ ਦਸਤਾਵੇਜ਼ਾਂ ਦੀਆਂ ਦੋ ਤਿੰਨ ਪੁਸਤਕਾਂ ਸੁਤੰਤਰਤਾ ਸੰਗਰਾਮ ਵਿਚ ਕਲਮ ਦੁਆਰਾ ਸ਼ਾਮਿਲ ਹੋਣ ਵਾਲੇ ਨਾਮਧਾਰੀ ਕਵੀਆਂ ਦੀਆਂ ਰੌਂਦ ਭਰਪੂਰ ਕਵਿਤਾਵਾਂ ਦੀ ਸੰਪਾਦਿਤ ਪੁਸਤਕ ਅਤੇ ਅੰਗਰੇਜ਼ਾਂ ਦੀ ਗਊ ਹੱਤਿਆ ਦੀ ਪਾਲਿਸੀ ਬਾਰੇ ਪੁਸਤਕ "ਮਿਟੈ ਕਸਟ ਗਊਅਨ" ਤਿਆਰੀ ਅਧੀਨ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਯਤਨਾਂ ਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ "ਨਾਮਧਾਰੀ ਗੁਰੂ ਰਾਮ ਸਿੰਘ ਚੇਅਰ" ਸਥਾਪਿਤ ਕੀਤੀ ਗਈ। ਜਸਵਿੰਦਰ ਸਿੰਘ ਸ਼ੁਰੂ ਤੋਂ ਹੁਣ ਤਕ ਉਸ ਚੇਅਰ ਦੀਆਂ ਸਾਰੀਆਂ ਸਰਗਰਮੀਆਂ ਵਿਚ ਪੇਸ਼ ਪੇਸ਼ ਰਹਿੰਦੇ ਹਨ। ਇਸੇ ਸਮੇਂ ਦੌਰਾਨ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਲਗਾਤਾਰ ਸੱਤ ਸਾਲ ਉੱਤਰ ਪ੍ਰਦੇਸ਼ ਤੋਂ ਨਾਮਜ਼ਦ ਮੈਂਬਰ ਵੀ ਰਹੇ ਹਨ।

ਜਸਵਿੰਦਰ ਸਿੰਘ ਸੁਘੜ ਸਿਆਣੇ, ਖੋਜੀ, ਪਾਰਖੂ, ਬੁੱਧ ਬਿਬੇਕ ਦੇ ਸੁਆਮੀ ਅਤੇ ਵਿਨਮਰ ਸੁਭਾਅ ਦੇ ਮਾਲਕ ਹਨ। ਉਹ ਮਿਲਣਸਾਰ ਅਤੇ ਮਿੱਠਬੋਲੜੇ ਹਨ। ਗੱਲ ਨੂੰ ਥੋੜ੍ਹੇ ਵਿਚ ਮੁਕਾਉਣਾ ਉਨ੍ਹਾਂ ਦੀ ਆਦਤ ਹੈ। ਉਹ ਆਪਣੀ ਗੱਲ 'ਤੇ ਪਹਿਰਾ ਦੇਣਾ ਜਾਣਦੇ ਹਨ ਅਤੇ ਇਸੇ ਲਈ ਉਨ੍ਹਾਂ ਦੀ ਵਚਨਬੱਧਤਾ ਕਦੇ ਦਾਗੀ ਨਹੀਂ ਹੋਈ। ਉਹ ਭਾਵੇਂ ਮਾਇਕ ਪੱਖੋਂ ਕਿਸੇ ਉੱਚੇ ਘਰਾਣੇ ਨਾਲ ਸਬੰਧਿਤ ਨਾ ਹੋ ਕੇ ਇਕ ਕਿਰਤੀ ਦਸਤਕਾਰ ਗੁਰਸਿੱਖ ਪਰਿਵਾਰ ਨਾਲ ਸਬੰਧਿਤ ਸਨ ਅਤੇ ਵੱਡੀਆਂ ਪਰਿਵਾਰਕ ਜ਼ਿੰਮੇਵਾਰੀਆਂ ਉਨ੍ਹਾਂ ਦੇ ਸਿਰ 'ਤੇ ਹਨ। ਫਿਰ ਵੀ ਇਤਿਹਾਸ ਖੋਜ ਦੇ ਇਸ ਬਿਖਮ ਮਾਰਗ ਵਿਚ ਆਉਣ ਵਾਲੀਆਂ ਸਾਰੀਆਂ ਔਕੜਾਂ ਨੂੰ ਉਹਨਾਂ ਗੁਰ ਕਿਰਪਾ ਨਾਲ ਅਬੂਰ ਕੀਤਾ ਹੈ। ਇਸ ਭੌਤਿਕ ਜਗਤ ਦੇ ਬਾਹਰੀ ਦੁਨਿਆਵੀ ਪ੍ਰਲੋਭਨ ਵੀ ਉਨ੍ਹਾਂ ਨੂੰ ਆਪਣੇ ਚੁਣੇ ਹੋਏ ਰਸਤੇ ਤੋਂ ਥਿੜਕਾ ਨਹੀਂ ਸਕੇ।

ਜਸਵਿੰਦਰ ਸਿੰਘ ਹੋਰਾਂ ਦਾ ਅਨੰਦ ਕਾਰਜ ਸੰਨ ੧੯੭੬ ਈ. ਵਿਚ ਬੀਬੀ ਸੁਦਰਸ਼ਨ ਕੌਰ ਪੁੱਤਰੀ ਸ. ਹਰਨਾਮ ਸਿੰਘ ਧਨਬਾਦ (ਬਿਹਾਰ) ਨਾਲ ਹੋਇਆ। ਬੀਬੀ ਦੀ ਵਿੱਦਿਅਕ ਯੋਗਤਾ ਬੀ.ਏ. ਤੱਕ ਹੈ। ਤਿੰਨ ਪੁਤਰੀਆਂ ਆਪ ਦੇ ਗ੍ਰਹਿਸਤ ਜੀਵਨ ਦਾ ਮਿੱਠਾ ਫਲ ਹਨ ਜਿਨ੍ਹਾਂ ਵਿਚੋਂ ਵੱਡੀਆਂ ਦੋਹਾਂ ਦੇ ਅਨੰਦ ਕਾਰਜ ਹੋ ਚੁੱਕੇ ਹਨ। ਬੀਬੀ ਮਨਜੀਤ ਕੌਰ ਵਿਲਾਇਤ ਨਿਵਾਸੀ ਵਿਦਵਾਨ ਖੋਜੀ ਅਤੇ ਮੇਰੇ ਪੁਰਾਣੇ ਮਿੱਤਰ ਸ. ਸੁਰਜੀਤ ਸਿੰਘ ਜੀਤ ਦੇ ਵੱਡੇ ਸਪੁੱਤਰ ਸ. ਹਰਜੀਤ ਸਿੰਘ ਨਾਲ ਵਿਆਹੀ ਹੈ। ਵਿਚਕਾਰਲੀ ਪੁੱਤਰੀ ਬੀਬੀ ਹਰਜੀਤ ਕੌਰ ਦਿੱਲੀ ਵਿਖੇ ਹੀ ਸ. ਮਹਾਂ ਸਿੰਘ ਨੂੰ ਵਿਆਹੀ ਹੈ।

ਜਸਵਿੰਦਰ ਸਿੰਘ ਹਿਸਟੋਰੀਅਨ ਦਾ ਨਾਂ ਨਾਮਧਾਰੀ ਇਤਿਹਾਸ ਖੋਜ ਦੇ ਕਾਰਜ ਵਿਚ ਇਕ ਮੀਲ ਪੱਥਰ ਬਣ ਕੇ ਉਭਰਿਆ ਹੈ - "ਅੱਲਾਹ ਕਰੇ ਜ਼ੋਰੇ-ਕਲਮ, ਔਰ ਭੀ ਜ਼ਿਆਦਾ।"

ਫੁੱਟ ਨੋਟ:

1. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ - ੧੯੯੮ ਈ. ਸ੍ਰੀ ਭੈਣੀ ਸਾਹਿਬ, ਸਫਾ ੩੯-੪੦
2. ਉਪਰੋਕਤ ਸਫਾ ੮੭-੮੮
3. ਸਤਿਗੁਰੂ ਬਿਲਾਸ (ਭਾਗ ਪਹਿਲਾ) - ੨੦੦੨ ਈ. - ਸ੍ਰੀ ਭੈਣੀ ਸਾਹਿਬ, ਸਫਾ ੮-੯
4. ਉਪਰੋਕਤ ਸਫਾ - ੧੦
5. ਉਪਰੋਕਤ ਸਫਾ ੧੩-੧੪
6. ਕੌਰ ਪ੍ਰਤਾਪ ਅਰਸ਼ ਰੂਪ- ੧੯੯੦ ਈ., ਸ੍ਰੀ ਭੈਣੀ ਸਾਹਿਬ, ਸਫਾ ੨੦-੨੧
7. ਸੰਯੋਗ ਪਾਤਸ਼ਾਹ - ੧੯੯੬ ਈ. - ਸ੍ਰੀ ਭੈਣੀ ਸਾਹਿਬ, ਸਫਾ ੪੧
8. ਉਪਰੋਕਤ ਸਫਾ ੪੯

Sri Satguru Jagjit Singh Ji eLibrary NamdhariElibrary@gmail.com

ਵਿਸਮਾਦੀ ਸ਼ਾਇਰੀ ਦਾ ਰਚਨਹਾਰਾ:
ਦਲਬੀਰ ਸਿੰਘ ਤਰਸ (ਆਸਟ੍ਰੇਲੀਆ)

ਜਿਸ ਤਰ੍ਹਾਂ ਜਗਦੀਸ਼ ਸਿੰਘ ਵਰਿਆਮ ਹੋਰਾਂ, ਕਾਵਿ-ਸੰਗ੍ਰਹਿ 'ਸਫ਼ਰ' ਦੀ ਭੂਮਿਕਾ ਵਿਚ ਲਿਖਿਆ ਹੈ, ਠੀਕ ਉਵੇਂ ਹੀ ਮੇਰੀ ਵੀ ਪਹਿਲੀ ਪਛਾਣ, ਦਲਬੀਰ ਸਿੰਘ 'ਤਰਸ' ਹੋਰਾਂ ਨਾਲ ਪਿਛਲੀ ਸਦੀ ਦੇ ਸੱਤਰਵੇਂ ਦਹਾਕੇ ਤੋਂ ਰਤਾ ਪਹਿਲਾਂ ਜੀਵਨ ਨਗਰ (ਸਿਰਸਾ) ਤੋਂ ਛਪਣ ਵਾਲੇ ਅਤੇ ਪ੍ਰੀਤਮ ਸਿੰਘ ਜੀ ਕਵੀ ਦੁਆਰਾ ਸੰਪਾਦਿਤ ਸਪਤਾਹਿਕ ਪਰਚੇ 'ਸਤਿਜੁਗ' ਦੁਆਰਾ ਹੀ ਹੋਈ ਸੀ। ਉਸ ਸਮੇਂ ਉਨ੍ਹਾਂ ਦੀ ਕਵਿਤਾ 'ਫੰਦਾ ਬੰਦੀ' ਦੀ ਨਵਾਬੀ ਜੁੱਤੀ ਦੀ ਕੈਦ ਤੋਂ ਮੁਕਤ ਹੁੰਦੀ ਸੀ। ਮੈਨੂੰ ਜਾਪਦਾ ਹੈ ਕਿ ਉਨ੍ਹਾਂ ਦੀ ਕਵਿਤਾ ਤੋਂ ਉਸ ਸਮੇਂ ਪੰਜਾਬੀ ਦੇ ਮਹਾਂਕਵੀ ਸ. ਅਵਤਾਰ ਸਿੰਘ 'ਆਜ਼ਾਦ' ਹੋਰਾਂ ਦੀਆਂ ਕਵਿਤਾਵਾਂ ਦਾ ਕੁਝ ਕੁ ਪ੍ਰਭਾਵ ਪ੍ਰਗਟ ਹੁੰਦਾ ਸੀ। ਕੋਈ ਇਕ ਦਹਾਕਾ ਮੇਰੇ ਜਿਹੇ ਪਾਠਕ 'ਤਰਸ' ਹੋਰਾਂ ਦੀਆਂ ਡੂੰਘੇ ਸਾਹਿਤਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਮੁੱਲਾਂ ਵਾਲੀਆਂ ਕਵਿਤਾਵਾਂ ਦਾ ਅਨੰਦ ਮਾਣਦੇ ਅਤੇ ਆਤਮ ਵਿਭੋਰ ਹੁੰਦੇ ਰਹੇ। ਪ੍ਰੀਤਮ ਸਿੰਘ ਕਵੀ ਹੋਰਾਂ ਦੇ 'ਸਤਿਜੁਗੀ'-ਸੇਵਾ ਤੋਂ ਮੁਕਤ ਹੋਣ ਬਾਅਦ ਜਾਪਦਾ ਹੈ ਕਿ ਤਰਸ ਜੀ ਦਾ ਬੇਰੋਕ ਟੋਕ ਚੱਲਦਾ ਰਚਨਾ ਪ੍ਰਵਾਹ ਵੀ ਜਿਵੇਂ ਮੋਨ ਧਾਰਨ ਕਰ ਗਿਆ। ਚਿਰਾਂ ਬਾਅਦ ਮਾਸਿਕ ਪੱਤਰ 'ਵਰਿਆਮ' ਵਿਚ ਫਿਰ ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਹੋਣੇ ਸ਼ੁਰੂ ਹੋ ਗਏ। ਸਾਖਿਆਤ ਦਰਸ਼ਨ, ਹੁਣੇ ਹੁਣੇ ਕੌਲੀ ਛੁਡਾ ਕੇ ਲੰਮੀ ਯਾਤਰਾ ਤੇ ਚਲੇ ਗਏ ਸੱਜਣ ਪਿਆਰੇ, ਸੰਤ ਦਲੀਪ ਸਿੰਘ ਜੀ ਨਾਮਧਾਰੀ ਦੀ ਪੁਸਤਕ 'ਕੂਕਾ-ਲਹਿਰ' ਤੇ ਹੋਈ ਗੋਸ਼ਟੀ ਸਮੇਂ 30 ਸਿਤੰਬਰ 2003 ਈ. ਨੂੰ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਿਖੇ ਹੋਏ। ਪਹਿਲੇ ਦਰਸ਼ਨ 'ਸਤਿਜੁਗ' ਵਿਚ ਬਹੁਰੰਗੀ ਫਿਫਟੀ ਵਾਲੀ, ਨੋਕਦਾਰ ਦਸਤਾਰ ਨਾਲ, ਯੁਵਾ ਅਵਸਥਾ ਦੇ ਸਨ ਅਤੇ ਹੁਣ ਬਿਰਧ ਅਵਸਥਾ ਦਾ ਆਰੰਭ ਸੀ ਅਤੇ ਸਰੀਰ ਗੁਰਮੁਖੀ ਬਾਣੇ ਵਿਚ ਸਜਿਆ ਸੰਵਰਿਆ। ਉਹ ਦੋਵੇਂ ਜੀਅ ਹੁਣ ਆਪਣੇ ਪਿੰਡ ਮੁਠੱਡੇ (ਜਲੰਧਰ) ਜਾ ਰਹੇ ਸਨ ਅਤੇ ਉਥੇ ਇਕ ਆਧੁਨਿਕ ਸੁਵਿਧਾਵਾਂ ਵਾਲਾ ਮਕਾਨ ਬਣਾ ਰਹੇ ਸਨ, ਤਾਂ ਜੁ ਆਸਟ੍ਰੇਲੀਆ ਮਹਾਂਦੀਪ ਵਿਚ ਵੱਸਦੇ ਬੱਚਿਆਂ ਦਾ ਇਸ ਭਾਰਤ ਭੂਮੀ ਅਤੇ ਪੰਜ ਦਰਿਆਵਾਂ ਦੇ ਦੇਸ਼ ਨਾਲ ਕੁਝ ਨਾਤਾ ਜੁੜਿਆ ਰਹਿ ਸਕੇ। ਮੈਂ ਸੱਜਰੀਆਂ ਰਚਨਾਵਾਂ ਬਾਰੇ ਚਰਚਾ ਕੀਤੀ ਤਾਂ ਕਹਿਣ ਲੱਗੇ ਕਿ 4 ਪੁਸਤਕਾਂ ਕਵਿਤਾ ਦੀਆਂ ਛਪ ਚੁੱਕੀਆਂ ਹਨ। 2006 ਈ. ਦੇ ਨਾਮਧਾਰੀ ਸਿੱਖਾਂ ਦੇ ਹੋਲੇ ਮੁਹੱਲੇ ਦੇ ਸੁਅਵਸਰ ਤੇ ਭਾਈ ਹਰਜੀਤ ਸਿੰਘ ਜੀ ਮੁਠੱਡਿਆਂ ਵਾਲਿਆਂ ਰਾਹੀਂ ਤਰਸ ਜੀ ਦੇ 2004 ਈ. ਵਿਚ ਛਪੇ 'ਸੋਹਲੜੇ', 'ਲਹਿਰਾਂ' ਅਤੇ 'ਪ੍ਰਦੇਸਣ' ਅਤੇ 2005 ਈ. ਵਿਚ ਛਪੇ 'ਸਫ਼ਰ' ਚਾਰੇ ਕਾਵਿ-ਸੰਗ੍ਰਹਿ ਪ੍ਰਾਪਤ ਕਰਕੇ ਮੈਂ ਅਨੰਦ ਵਿਭੋਰ ਹੋ ਗਿਆ।

ਪ੍ਰਦੇਸਣ ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਪੰਜਾਬੀ ਸਾਹਿਤ ਦੇ ਭੀਸ਼ਮ ਪਿਤਾਮਾ ਪ੍ਰੋ. ਕਿਰਪਾਲ ਸਿੰਘ ਕਸੇਲ ਹੋਰਾਂ ਦੀ ਲਿਖੀ ਜਾਣਕਾਰੀ ਮੁਤਾਬਿਕ 'ਸੰਤ ਦਲਬੀਰ ਸਿੰਘ ਤਰਸ ਦਾ ਜਨਮ 29 ਅਗਸਤ, 1935 ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਮੁਠੱਡਾ ਕਲਾਂ ਵਿਚ ਹੋਇਆ। ਪਿਤਾ ਦਾ ਨਾਮ ਸ. ਰਤਨ ਸਿੰਘ ਅਤੇ ਮਾਤਾ ਦਾ ਨਾਮ ਹਰਭਜਨ ਕੌਰ ਸੀ। ਫਿਲੌਰ ਦੇ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰ ਕੇ, ਸਰਕਾਰੀ ਕਾਲਜ ਲੁਧਿਆਣਾ ਤੋਂ ਐਫ਼ ਐਸ. ਸੀ. ਦੀ ਪ੍ਰੀਖਿਆ 1955 ਵਿਚ ਪਾਸ ਕਰ ਕੇ ਦਲਬੀਰ ਸਿੰਘ ਆਪਣੇ ਪਿਤਾ ਕੋਲ ਆਸਟ੍ਰੇਲੀਆ ਪਹੁੰਚ ਗਿਆ, ਜਿਥੇ ਉਹ ਆਟੋ ਇੰਜੀਨੀਅਰਿੰਗ ਦੀ ਡਿਗਰੀ ਪਾਸ ਕਰਕੇ 2001 ਵਿਚ ਸੇਵਾ ਨਵਿਰਤ ਹੋਇਆ। ਕਵੀ ਦਾ ਨਾਨਕਾ

Sri Satguru Jagjit Singh Ji eLibrary NamdhariElibrary@gmail.com

ਪਰਿਵਾਰ – ਨਾਨਾ ਈਸ਼ਰ ਸਿੰਘ ਤੇ ਉਸਦੇ ਭਰਾ ਸੇਵਾ ਸਿੰਘ ਤੇ ਸਾਹਿਬ ਸਿੰਘ ਗੁਰੂ ਹਰੀ ਸਿੰਘ ਸਮੇਂ ਆਪਣਾ ਪਿੰਡ ਰਣੀਆਂ (ਗਿੱਲ) ਜ਼ਿਲ੍ਹਾ ਲੁਧਿਆਣਾ ਛੱਡ ਕੇ ਸ੍ਰੀ ਭੈਣੀ ਸਾਹਿਬ ਹੀ ਜਾ ਟਿਕੇ ਸਨ। ਸੰਤ ਦਲਬੀਰ ਸਿੰਘ ਦੀ ਮਾਤਾ ਦਾ ਵਿਆਹ ਵੀ ਮਾਤਾ ਜੀਵਨ ਕੌਰ ਨੇ ਆਪਣੀ ਸਰਪ੍ਰਸਤੀ ਵਿਚ ਕੀਤਾ ਸੀ। ਮੁਠੱਡਾ ਪਿੰਡ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਸਿੱਖੀ ਜਾਂ ਸ੍ਰੀ ਭੈਣੀ ਸਾਹਿਬ ਦੀ ਡਿਉਢੀ ਹੋਣ ਦਾ ਮਾਣ ਪ੍ਰਾਪਤ ਸੀ। ਕਵੀ ਦਾ ਪੜਦਾਦਾ ਸੰਤ ਦੇਵਾ ਸਿੰਘ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਸੀ ਅਤੇ ਗੁਰਮੁਖੀ ਅੱਖਰਾਂ ਦਾ ਬੋਧ ਉਸ ਨੇ ਆਪਣੇ ਦਾਦੇ ਸੰਤਪਾਲ ਸਿੰਘ ਤੋਂ ਹਾਸਿਲ ਕੀਤਾ ਸੀ। ਇਉਂ ਨਾਨਕਿਆਂ ਤੋਂ ਦਾਦਕਿਆਂ ਵੱਲੋਂ ਉਹ ਟਕਸਾਲੀ ਨਾਮਧਾਰੀ ਪਰਿਵਾਰਾਂ ਨਾਲ ਸਬੰਧਿਤ ਸੀ। ਨਾਮਧਾਰੀ ਗੁਰਇਤਿਹਾਸ, ਰਹੁ ਰੀਤਾਂ, ਸੰਸਕਿਆਚਾਰ ਨਾਲ ਉਸ ਨੂੰ ਨਿੱਜੀ ਜੀਵਨ ਵਿਚੋਂ ਜੋ ਕੁਝ ਪ੍ਰਾਪਤ ਹੋਇਆ ਭਾਵੀ ਸਾਹਿਤਕ ਜੀਵਨ ਦੀ ਉਸਾਰੀ ਵਿਚ ਉਹ ਉਸ ਲਈ ਇਕ ਮਜ਼ਬੂਤ ਆਧਾਰ ਹੋ ਨਿੱਬੜਿਆ।

ਸਫ਼ਰ ਦੀ ਭੂਮਿਕਾ ਵਿਚ ਉੱਘੇ ਸਾਹਿਤ ਸੇਵੀ ਸ. ਜਗਦੀਸ਼ ਸਿੰਘ ਸੰਪਾਦਕ 'ਵਰਿਆਮ', ਲਿਖਦੇ ਹਨ:

"ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਬੀਜੇ ਸੰਸਕਾਰ ਦਲਬੀਰ ਸਿੰਘ ਤਰਸ ਦੇ ਨਾਲ ਹੀ ਮੁਠੱਡਿਆਂ ਤੋਂ ਸਿਡਨੀ ਤੱਕ ਨਾਲ ਹੀ ਗਏ। ਆਸਟ੍ਰੇਲੀਆ ਦੀ ਧਰਤੀ ਉੱਤੇ ਸੰਘਰਸ਼ ਦੇ ਪਿੱਛੇ-ਪਿੱਛੇ ਖੁਸ਼ਹਾਲੀ ਕੁਦਰਤੀ ਤੌਰ ਤੇ ਆਈ। ਜਿਥੇ ਹੋਰ ਲੋਕ ਇਸ ਦਾ ਪ੍ਰਗਟਾਵਾ ਖਾਣ-ਪੀਣ ਅਤੇ ਐਸ਼ਮਈ ਜੀਵਨ ਦੁਆਰਾ ਕਰਦੇ ਉਥੇ ਦਲਬੀਰ ਸਿੰਘ ਜੀ ਨੇ ਇਹ ਸਮਾਂ ਚਿੰਤਨ ਅਤੇ ਮਰਿਆਦਾਬੱਧ ਜੀਵਨ ਦੇ ਅਭਿਆਸ ਵਿਚ ਲਾਇਆ। ਉਸ ਦਾ ਆਪਣੇ ਵਤਨੋਂ ਵਿਛੋੜਾ, ਗੁਰੂ ਤੋਂ ਵਿਛੋੜਾ, ਕਵਿਤਾ ਦੇ ਰੂਪ ਵਿਚ ਫੁੱਟਦਾ ਰਿਹਾ ਅਤੇ ਉਹ ਲਿਖਦਾ ਰਿਹਾ। ਇਸ ਹੇਰਵੇ ਨੇ ਉਸ ਨੂੰ ਆਪਣੇ ਵਿਰਸੇ ਦੇ ਹੋਰ ਨੇੜੇ ਲਿਆਂਦਾ। ... ਇਸ ਤਰ੍ਹਾਂ ਵਤਨੋਂ ਦੂਰ ਉਸ ਦੀ ਉਦਾਸੀ, ਪੰਜਾਬੀ ਕਾਵਿ-ਜਗਤ ਪੰਜਾਬੀ ਭਾਈਚਾਰੇ ਅਤੇ ਨਾਮਧਾਰੀ ਸੰਗਤਾਂ ਵਾਸਤੇ ਵਰਦਾਨ ਸਾਬਤ ਹੋਈ। 'ਵਰਿਆਮ' ਵਿਚ ਛਪੀਆਂ ਉਸ ਦੀ ਵਾਰਤਕ ਦੀਆਂ ਕਿਸ਼ਤਾਂ ਦੱਸਦੀਆਂ ਹਨ ਕਿ ਆਸਟ੍ਰੇਲੀਆ ਵਿਚ ਜਿਥੇ ਉਹ ਸਮਾਂ ਕੱਢ ਕੇ ਸਾਹਿਤਕ ਸਰਗਰਮੀਆਂ ਨਾਲ ਜੁੜਿਆ ਰਿਹਾ ਹੈ, ਉਥੇ ਉਸ ਨੇ ਆਪਣਾ ਉੱਚਾ-ਸੁੱਚਾ ਮਰਿਆਦਾ ਵਾਲਾ ਮਿਸਾਲੀ ਜੀਵਨ ਵੀ ਕਾਇਮ ਰੱਖਿਆ ਹੈ।"

ਉਸ ਦੇ ਜੀਵਨ ਅਤੇ ਪਰਿਵਾਰਿਕ ਪਿਛੋਕੜ ਆਦਿ ਦੀ ਸੰਖੇਪ ਜਾਣਕਾਰੀ ਤੋਂ ਬਾਅਦ ਅਸੀਂ ਉਸ ਦੀਆਂ ਕਵਿਤਾਵਾਂ ਦੇ ਵਸਤੂ ਪੱਖ ਦੀ ਚਰਚਾ ਕਰਾਂਗੇ। ਜੇ ਪੁਸਤਕ 'ਸੋਹਲੜੇ' ਨੂੰ ਰਤਾ ਪਾਸੇ ਰੱਖ ਲਈਏ ਤਾਂ ਉਸ ਦੀਆਂ ਬਾਕੀ ਤਿੰਨ ਪੁਸਤਕਾਂ 'ਪਰਦੇਸਣ', 'ਲਹਿਰਾਂ' ਅਤੇ 'ਸਫ਼ਰ' ਦਾ ਵਸਤੂ ਪੱਖ ਤਕਰੀਬਨ ਰਲਦਾ ਮਿਲਦਾ ਹੈ। 'ਸੋਹਲੜੇ' ਉਸ ਦੇ ਜੀਵਨ ਦੇ ਉਰਜਾ ਕਾਲ ਦੀ ਰਚਨਾ ਨਾਲ ਸਬੰਧਿਤ ਹੈ ਜਦੋਂ ਜੁਆਨੀ ਜਜ਼ਬਿਆਂ 'ਤੇ ਭਾਰੂ ਨਹੀਂ ਹੁੰਦੀ ਹੈ। ਜਦੋਂ ਬੰਦਾ ਪੌਣ ਵੇਗ ਨਾਲ ਦੌੜਨ ਵਾਲੇ ਹਰਫ਼ਾਂ ਦੇ ਘੋੜਿਆਂ ਦੀ ਸੁਆਰੀ ਕਰਨ ਦੇ ਸਮਰੱਥ ਹੁੰਦਾ ਹੈ। ਜਦੋਂ ਉਹ ਆਪਣੇ ਵਿਰਸੇ ਅਤੇ ਵਰਤਮਾਨ ਦੇ ਅੰਤਰ ਵਿਰੋਧਾਂ ਨੂੰ ਹੱਲ ਕਰਨ ਦੇ ਵੀ ਸਮਰੱਥ ਹੁੰਦਾ ਹੈ। ਜਦੋਂ ਪਰਾ-ਲੌਕਿਕਤਾ ਤੇ ਇਹ-ਲੌਕਿਕਤਾ ਹਾਵੀ ਹੁੰਦੀ ਹੈ।

ਉੱਪਰ ਵਰਣਿਤ ਪਹਿਲੀਆਂ ਤਿੰਨਾਂ ਪੁਸਤਕਾਂ ਦੀ ਕਵਿਤਾ ਰਹੱਸਵਾਦ ਦੀ ਪੇਤਲੀ ਬੁੱਕਲ ਵਿਚ ਲਿਪਟੀ ਨਜ਼ਰ ਆਉਂਦੀ ਹੈ। ਕਈ ਸੱਜਣ ਅਧਿਆਤਮਵਾਦ ਨੂੰ ਰਹੱਸਵਾਦ ਨਾਲ ਰਲਗੱਡ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਦਰੁਸਤ ਨਹੀਂ। ਸਾਡੇ ਗੁਰੂ ਅਧਿਆਤਮਵਾਦੀ ਸਨ ਪਰ ਸੰਸਾਰਕ ਲੋੜਾਂ ਤੋਂ ਅਤੇ ਲੋਕ ਵਿਰੋਧੀ ਸੱਤਾ ਤੋਂ ਉਹ ਭਾਂਜਵਾਦੀ ਦ੍ਰਿਸ਼ਟੀਕੋਣ ਨਹੀਂ ਅਪਣਾਉਂਦੇ ਸਨ ਸਗੋਂ 'ਜੂਝਣ ਕੋ ਦਾਉ' ਨਾਲ ਅਨੰਦਿਤ ਮਹਿਸੂਸ ਕਰਦੇ ਸਨ। ਰਹੱਸਵਾਦੀ ਕਵਿਤਾ, ਸੰਸਾਰਕ ਜ਼ਰੂਰਤਾਂ ਅਤੇ ਢਾਂਚਾਗਤ ਬੁਨਿਆਦੀ ਅੰਤਰ ਵਿਰੋਧਾਂ ਅਤੇ ਅਧਿਆਤਮਕਤਾ ਦਾ ਆਵਰਣ ਓਢ ਕੇ, ਇਸ ਲੋਕ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋਣ ਦਾ ਉਪਰਾਲਾ ਕਰਦੀ ਹੈ। ਇਹ ਉਮਰ ਦਾ ਤਕਾਜ਼ਾ ਵੀ ਹੁੰਦਾ ਹੈ, ਜਦੋਂ ਰਚਨਾਕਾਰ ਆਪਣੀ ਗੱਲ ਸਿੱਧੀ ਅਤੇ ਸਪੱਸ਼ਟ ਰੂਪ ਵਿਚ ਕਰਨ ਦੀ ਥਾਂ, ਰਹੱਸਾਤਮਕਤਾ ਦਾ ਸਹਾਰਾ ਲੈਂਦਾ ਹੈ। ਪ੍ਰੰਤੂ ਤਰਸ ਸਾਹਿਬ ਦੇ ਰਹੱਸਵਾਦ ਵਿਚ ਵੀ ਸਿੱਖ ਦਰਸ਼ਨ ਦੇ ਅਨੁਰੂਪ ਜੀਵੰਤ

Sri Satguru Jagjit Singh Ji eLibrary NamdhariElibrary@gmail.com

ਜੀਵਨ ਮੁੱਲਾਂ ਵਾਲੀ ਸ਼ਾਇਰੀ ਦੇ ਦਰਸ਼ਨ ਗਾਹੇ ਬਗਾਹੇ ਹੋ ਜਾਂਦੇ ਹਨ। ਭਾਰਤੀਆਂ ਬਾਰੇ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੇ ਦੁਰੇਡੀਆਂ ਧਰਤੀਆਂ ਗਾਹੀਆਂ ਹਨ ਪਰ ਇਹ ਕਦੇ ਵੀ ਉਥੇ ਜੰਗ ਜਾਂ ਤਲਵਾਰ ਲੈ ਕੇ ਨਹੀਂ ਗਏ। ਦੀਨ ਦੁਖੀਆਂ ਪ੍ਰਤੀ ਆਪਣੀ ਸੰਵੇਦਨਾ ਨੂੰ ਵੀ, ਸਾਡਾ ਕਵੀ ਮਹਿਸੂਸ ਕਰਦਾ ਹੈ ਅਤੇ ਭਾਰਤੀ ਦਰਸ਼ਨ ਦੀ ਬੁਨਿਆਦੀ ਸੱਚਾਈ ਨੂੰ ਵੀ ਇਉਂ ਸੂਤਰਬੱਧ ਕਰਦਾ ਹੈ, ਆਪਣੇ ਇਸ ਸਾਨੇਟ ਵਿਚ:

"ਪਰਦੇਸਣ ਮੇਰੀ ਜਿੰਦੜੀਏ।
ਜੀਵਨ ਨਾ ਜੰਗ ਤਲਵਾਰਾਂ ਦੀ;
ਇਹ ਨਿੱਤ ਨਿੱਤ ਵਧਦੀਆਂ ਭੁੱਖਾਂ ਦੀ
ਤੇ ਗੁੱਝਿਆਂ ਗੁੱਝਿਆ ਵਾਰਾਂ ਦੀ
ਨਰਕ ਨਾਲ ਹੈ ਨਾਤਾ ਇਸ ਦਾ
ਮਿਰਤੂ ਸੰਗ ਬਸੇਰਾ ਹੈ;
ਹਰ ਇਕ ਜੀਤ ਪਰੀ ਦੇ ਤਨ ਤੇ,
ਹਾਰ ਭਿਆਨਕ ਚਿਹਰਾ ਹੈ;
ਤਿਲਕਣ ਹਾਰੇ ਹਾਸਿਆਂ ਪਿੱਛੇ,
ਰੀਕੇ ਪਈ ਸਿੱਲ ਦੁਖਿਆਰਾਂ ਦੀ।"[1]

ਸਾਡਾ ਕਵੀ 'ਨਿਵੈ ਸੁ ਗਉਰਾ ਹੋਇ 'ਗੁਰਵਾਕ ਦਾ ਧਾਰਨੀ ਹੈ। ਉਹ ਨਿਰਮਾਣਤਾ ਨੂੰ ਪਰਕਿਰਤੀ ਅਤੇ ਮਨੁੱਖੀ ਸਮਾਜ ਦਾ ਇਕ ਵਸਿਆ ਆਭੂਸ਼ਣ ਸਮਝਦਾ ਹੈ। ਉਹ ਇਸ ਅਸੂਲ ਦਾ ਵੀ ਧਾਰਨੀ ਹੈ ਕਿ ਕੁਝ ਲੈਣ ਦਾ ਉਹ ਹੱਕਦਾਰ ਹੈ ਜਿਸ ਨੂੰ ਕੁਝ ਦੇਣਾ ਵੀ ਆਉਂਦਾ ਹੈ:

'ਪਰਦੇਸਣ ਮੇਰੀ ਜਿੰਦੜੀਏ।
ਮਸਕੀਨ ਹੋਇ ਕੇ ਨਿਵ ਨਿਵ ਚਲ
ਜਿਉਂ ਨੀਵਾਣਾਂ ਵੱਲ ਨੂੰ ਜਾਂਦਾ,
ਨਦੀਆਂ ਨਾਲੋਂ ਟੁੱਟਿਆ ਜਲ
ਜਿਤ ਮੁੱਖ ਜਾਵਣ, ਸੀਰ ਸੁਹਾਵਣ,
ਧਰਤੀ ਨੂੰ ਹਰਿਆਂਦੇ ਨੇ,
ਸੱਚੇ ਦੀ ਸੁੱਚੀ ਕਰ ਸੇਵਾ
ਅਮਰ ਪਦਾਰਥ ਪਾਂਦੇ ਨੇ
ਜੋ ਕੁਝ ਲੈਣਾ ਏਸ ਜਗਤ ਤੋਂ
ਸਦਾ ਸਦਾ ਕਰ ਦੇਣ ਦੇ ਵੱਲ।"[2]

ਆਸਟ੍ਰੇਲੀਆ ਮਹਾਂਦੀਪ ਵਿਚ ਬੜੇ ਵਿਸ਼ਾਲ ਭੂਖੰਡ ਹਨ ਜੋ ਨਦੀਆਂ, ਨਾਲਿਆਂ, ਝੀਲਾਂ, ਪਰਬਤਾਂ, ਰੁੱਖਾਂ ਬੂਟਿਆਂ ਅਤੇ ਬਨਸਪਤੀ ਨਾਲ ਕੱਜੇ ਹੋਏ ਹਨ। ਕਵੀ ਇਸ ਖੁੱਲ੍ਹ ਦਾ ਉਪਾਸ਼ਕ ਹੈ। ਜੰਗਲਾਂ ਬੇਲਿਆਂ ਦੀਆਂ ਜੂਹਾਂ ਵਿਚੋਂ ਕੁਦਰਤ ਦੇ ਵੰਨ-ਸੁਵੰਨੇ ਰੰਗਾਂ ਨੂੰ ਨਿਹਾਰਦਾ, ਧਰਤੀ ਮਾਂ ਦੇ ਸੀਨੇ ਵਿਚ ਲੇਟ ਪੋਟ ਹੋ ਕੇ, ਮਿੱਠੀਆਂ ਲੋਰੀਆਂ ਸੁਣਨ ਦਾ ਅਭਲਾਸ਼ੀ ਹੈ। ਇਸੇ ਲਈ ਆਪਣੀ ਇਸ਼ਟ-ਭਗਤੀ ਦਾ ਜ਼ਿਕਰ ਕਰਨ ਲਈ ਵੀ ਧਰਤੀ ਮਾਤਾ ਦੀਆਂ ਮਹਾਨ ਕਰਨੀਆਂ ਦਾ ਬਖਾਨ ਆਪਣੇ ਨਿਵੇਕਲੇ ਕਾਵਿਕ ਅੰਦਾਜ਼ ਵਿਚ ਇਉਂ ਕਰਦਾ ਹੈ:

"ਪਰਦੇਸਣ ਮੇਰੀ ਜਿੰਦੜੀਏ।
ਤਕ ਧਰਤੀ ਪੰਡ ਪਿਆਰਾਂ ਦੀ

Sri Satguru Jagjit Singh Ji eLibrary NamdhariElibrary@gmail.com

ਚਰਨ ਕੰਵਲ ਦੀ ਛੂਹ ਵਿਚ ਰਹਿਣੀ,
ਪੀਰਾਂ ਗੁਰ ਅਵਤਾਰਾਂ ਦੀ।
ਸਭ ਦੀਆਂ ਪੀੜਾਂ ਸਭ ਦੇ ਹਿਝੂ
ਸੀਨੇ ਵਿਚ ਸਮਾਂਦੀ ਏ,
ਚੌਕਰ ਪੀਣੀ ਨਿੰਘ ਵੰਡੀਣੀ
ਸਭ ਦੀ ਮਾਤ ਸਦਾਂਦੀ ਏ;
ਚਰਨਾਂ ਦੀ ਨਾ ਭਗਤੀ ਬਾਝੋਂ
ਮਿਲਦੀ ਥਾਂ ਅੰਬਾਰਾਂ ਦੀ।"[1]

ਸਤਿਗੁਰੂ ਰਾਮ ਸਿੰਘ ਜੀ ਸਮੂਹ ਮਨੁੱਖ ਮਾਰੂ ਹਥਿਆਰਾਂ ਨੂੰ ਖਾਰੇ ਸਮੁੰਦਰਾਂ ਵਿਚ ਡੁਬੋਇਆ ਵੇਖਣ ਦੀ ਰੀਝ ਰੱਖਦੇ ਸਨ। ਹਿੰਸਾ ਲਈ ਉਨ੍ਹਾਂ ਦੇ ਮੱਤ ਵਿਚ ਕੋਈ ਥਾਂ ਨਹੀਂ ਸੀ ਭਾਵੇਂ ਨਾਮਧਾਰੀ ਇਤਿਹਾਸ ਵਿਚ ਇਸ ਦੇ ਕੁਝ ਅਪਵਾਦ ਵੀ ਮਿਲਦੇ ਹਨ। ਅਹਿੰਸਾ ਸੂਰਬੀਰ ਵਿਅਕਤੀ ਦਾ ਗਹਿਣਾ ਹੁੰਦੀ ਹੈ। ਕਮਜ਼ੋਰ ਆਦਮੀ ਅਹਿੰਸਾ ਦੇ ਮਾਰਗ ਤੇ ਨਹੀਂ ਚੱਲ ਸਕਦਾ। ਇਹ ਸੱਚ ਮਾਰਗ ਦੇ ਪਾਂਧੀ ਸੂਰਬੀਰ ਹੀ ਸਨ ਜਿਨ੍ਹਾਂ ਮਰਨ ਕਬੂਲਣ ਲੱਗਿਆਂ ਢਿੱਲ ਨਹੀਂ ਕੀਤੀ। ਨਾਮਧਾਰੀ ਮਸਤਾਨੇ ਸ਼ਹੀਦੀਆਂ ਵਰਨ ਦੇ ਚਾਉ ਨਾਲ ਕਿਵੇਂ ਪਰਨੂਰ ਹੋ ਕੇ ਮੌਤ ਦੇ ਵਿਹੜੇ ਵਿਚ ਧਮਾਲਾਂ ਪਾਉਂਦੇ ਸਨ, ਇਨ੍ਹਾਂ ਨਿਵੇਕਲੇ ਅਨੁਭਵਾਂ ਦੀ ਮੌਲਿਕ ਅਮੀਰੀ ਨਾਲ ਭਰਪੂਰ ਹੈ ਕਵੀ ਤਰਸ ਦੀ ਕਵਿਤਾ:

"ਪਰਦੇਸਣ ਮੇਰੀ ਜਿੰਦੜੀਏ।
ਹਿੰਸਾਵਾਨ ਕਦੇ ਤਰਦਾ ਨਹੀਂ
ਦਇਆਵਾਨ ਨਾਮਰਸ ਗੁੰਧਾ,
ਇਹ ਜੀਵਨ ਕਦੇ ਹਰਦਾ ਨਹੀਂ।
ਜੋ ਦੁੱਖੀਆਂ ਹਿੱਤ ਰੱਤ ਵਹਾਂਦਾ
ਜੀਵਨ ਲਾਲ ਬਣਾ ਜਾਂਦਾ,
ਸੱਚੇ ਦੀ ਸੱਚੀ ਕਰ ਸੇਵਾ,
ਮੁਕਤੀ ਦਾ ਦਰ ਪਾ ਜਾਂਦਾ
ਆਵਾ ਗਵਣ ਦੇ ਚੱਕਰ ਵਿਚ
ਮੁੜ ਮੁੜ ਜਿਊਂਦਾ ਮਰਦਾ ਨਹੀਂ
.....
"ਪਰਦੇਸਣ ਮੇਰੀ ਜਿੰਦੜੀਏ।
ਪ੍ਰੇਮ ਹੀ ਰੂਪ ਸੱਚਾਈ ਦਾ।
ਸੱਚ ਦੀ ਖ਼ਾਤਰ ਏਸ ਜਹਾਂ ਵਿਚ,
ਸੂਲੀ ਭੀ ਚੜ੍ਹ ਜਾਈਦਾ।
ਜੋ ਸੱਚ ਸਾਗਰ ਵਿਚ ਸਮੋਏ,
ਪੀਠ ਪੀਆ ਢੌਲ ਕਰਦੇ ਨਹੀਂ
ਮੌਤ ਭੀ ਹੈ ਤੇ ਸਨਮੁੱਖ ਰਹਿੰਦੇ,
ਹੱਸ ਕਦੂਨੇ ਕਦੇ ਮਰਦੇ ਨਹੀਂ;
ਇਹ ਮਾਰਗ ਹੈ ਅਤੀ ਅਨੂਪਮ

Sri Satguru Jagjit Singh Ji eLibrary NamdhariElibrary@gmail.com

ਇਸ ਰਾਹ ਪ੍ਰੀਤਮ ਪਾਈਦਾ।”

ਭਾਂਤ-ਭਾਂਤ ਦੀ ਮਾਇਆ ਮਨੁੱਖਾ ਜੀਵਨ ਦੇ ਬੁਨਿਆਦੀ ਪ੍ਰਯੋਜਨ ਤੋਂ ਲਾਂਭੇ ਲੈ ਜਾਂਦੀ ਹੈ। ਸੱਚ ਦੇ ਮਾਰਗ 'ਤੇ ਚੱਲਣ ਨਾਲ ਹੀ ਕੂੜ ਦੀ ਕੰਧ ਨਿਖੁੱਟ ਜਾਂਦੀ ਹੈ। ਇਸ ਸੱਚੇ ਮਾਰਗ 'ਤੇ ਚੱਲਣ ਨੂੰ ਹੀ ਸਾਡਾ ਕਵੀ ਸਤਿਗੁਰੂ ਦੀ ਸੇਵਾ ਨਾਲ ਜੋੜ ਕੇ ਵੇਖ ਰਿਹਾ ਹੈ। ਇਸ ਤਰ੍ਹਾਂ ਦੀਆਂ ਅਟੱਲ ਸੱਚਾਈਆਂ ਆਪ ਮੁਹਾਰੇ ਕਵੀ ਦੀ ਕਾਨੀ ਦੀ ਨੋਕ 'ਤੇ ਆ ਕੇ ਨੱਚ ਉੱਠਦੀਆਂ ਹਨ:

“ਪਰਦੇਸਣ ਮੇਰੀ ਜਿੰਦੜੀਏ।
ਮਾਇਆ ਦੇ ਘਰ ਕਦੇ ਨਾ ਜਾਵੀਂ
ਐਵੇਂ ਨਾ ਇਹ ਰਤਨ ਅਮੋਲਕ
ਕੌਡੀਆਂ ਭਾ ਸੁੱਟ ਆਵੀਂ
ਇਹ ਜੀਵਨ ਇਹ ਉੱਤਮ ਦਿਹੁਰੀ
ਇਸ ਦੀ ਕਰ ਪਹਿਚਾਣ;
ਸੱਚ ਦਾ ਮਾਰਗ ਘੋਰ ਤਪੱਸਿਆ
ਹਰ ਦੇ ਘਰ ਲੈ ਜਾਣ,
ਸੰਤ ਮਾਰਗ ਹੀ ਸਤਿਗੁਰੂ ਸੇਵਾ
ਸਾਸ ਸਾਸ ਇਸ ਸੱਚ ਰਚਾਵੀਂ।”

ਗੁਰਬਾਣੀ ਅਤੇ ਮੱਧਕਾਲੀ ਪੰਜਾਬੀ ਕਿੱਸਾ ਕਾਵਿ ਵਿਚ ਅੰਮ੍ਰਿਤ ਵੇਲੇ ਦੀ ਮਹਿਮਾ ਦਾ ਬਹੁਤ ਬਖਾਨ ਮਿਲਦਾ ਹੈ। ਰੰਗ ਰੱਤੜੇ ਜੀਵ ਇਸ ਸਮੇਂ ਨੂੰ ਆਪਣੇ ਪਿਆਰੇ ਦੀ ਸਿਫ਼ਤ ਸਲਾਹ ਵਿਚ, ਉਸ ਦਾ ਵਿਰਦ ਕਰਦਿਆਂ ਬਤੀਤ ਕਰਦੇ ਹਨ। ਕੰਮਾਂ ਧੰਦਿਆਂ ਵਿਚ ਜੁੱਟਣ ਵਾਲਿਆਂ ਵੀ ਆਪਣੇ ਭਾਵੀ ਕਾਰਾਂ ਵਿਹਾਰਾਂ ਦੀ ਰੂਪ ਰੇਖਾ ਇਸੇ ਸਮੇਂ ਉਲੀਕਣੀ ਹੁੰਦੀ ਹੈ। ਇਸ ਲਈ ਸਾਡਾ ਗੁਰਸਿੱਖ ਕਵੀ ਇਸ ਅਲੌਕਿਕ ਸਮੇਂ ਦੀ ਤਸਵੀਰਕਸ਼ੀ ਕਰਨ ਵਿਚ ਪਿੱਛੇ ਕਿਵੇਂ ਰਹਿ ਸਕਦਾ ਹੈ ਜਦੋਂ ਧਰਤੀ ਅਸਮਾਨ ਬਗਲਗੀਰ ਹੁੰਦੇ ਜਾਪਦੇ ਹਨ।

“ਪਰਦੇਸਣ ਮੇਰੀ ਜਿੰਦੜੀਏ!
ਜਾਗ ਉੱਠਿਆ ਅੰਮ੍ਰਿਤ ਵੇਲਾ
ਦੂਰ ਬਣਾਂ ਵਿਚ ਰੰਗੀ ਰੱਤਾ ਪੰਛੀ ਗਾਏ ਇਕੇਲਾ।
ਧੁਰ ਅਕਾਸ਼ੋਂ ਗੰਗਾ ਨ੍ਹਾ ਕੇ ਆਵੇ ਉਸ ਦੀ ਬਾਣੀ;
ਸਮੇਂ ਦੇ ਚਲਦੇ ਕਦਮ ਖਲੋ ਗਏ ਜਾਂ ਉਸ ਧੁਨ ਪਛਾਣੀ;
ਐਂਜ ਨੀ ਜਾਪੇ ਹੋਣ ਜਾਂ ਲੱਗਾ
ਧਰਤ ਅੰਬਰ ਦਾ ਮੇਲਾ।”

ਪੁਸਤਕ 'ਪਰਦੇਸਣ' ਦੇ 'ਆਦਿ-ਕਥਨ' ਵਿਚ ਅਸੀਂ ਕਸੇਲ ਸਾਹਿਬ ਦੇ ਇਨ੍ਹਾਂ ਵਿਚਾਰਾਂ ਨੂੰ ਉਦਰਿਤ ਕਰ ਕੇ ਇਸ ਬਾਰੇ ਆਪਣੀ ਚਰਚਾ ਸਮੇਟਦੇ ਹਾਂ: “ਪਰਦੇਸਣ ਮੇਰੀ ਜਿੰਦੜੀਏ ਦਾ ਦਾਰਸ਼ਨਿਕ ਪੱਖ ਭਾਵੇਂ ਕੁਝ ਵੀ ਹੋਵੇ ਪਰ ਇਨ੍ਹਾਂ ਤਿੰਨਾਂ ਸ਼ਬਦ ਸਮੂਹਾਂ 'ਪਰਦੇਸਣ ਮੇਰੀ ਜਿੰਦੜੀਏ' ਦੀ ਆਤਮ ਸੰਬੋਧਨੀ ਧੁਨੀ ਕਾਵਿ ਮਈ ਦ੍ਰਿਸ਼ਟੀ ਤੋਂ ਬੜੀ ਆਕਰਸ਼ਕ ਤੇ ਮਨ ਨੂੰ ਧੂਹ ਪਾਉਣ ਵਾਲੀ ਹੈ।

ਇਸ ਵਿਚ ਵੈਰਾਗ ਵੀ ਹੈ ਅਤੇ ਅਨੁਰਾਗ ਵੀ। ਇਹ ਦੋਵੇਂ ਪਦ ਵੈਰਾਗ ਤੇ ਅਨੁਰਾਗ ਇਸ ਕਾਵਿ-ਸੰਗ੍ਰਹਿ ਦੇ ਸੰਗੀਤਕ ਵਿਧਾਨ ਦੇ ਪ੍ਰਧਾਨ ਸੁਰ ਹਨ। ... ਪ੍ਰਗੀਤ ਰੂਪ ਵਿਚ ਹੋਣ ਕਰਕੇ ਇਸ ਕਵਿਤਾ ਦਾ ਸਮੁੱਚਾ ਲਹਿਜਾ ਜਾਂ ਟੋਨ ਹੀ ਵੱਖਰੀ ਭਾਂਤ ਦਾ ਹੈ ਅਤੇ ਪੰਜਾਬੀ ਕਵਿਤਾ ਦਾ ਇਹ ਇਕ ਨਿਵੇਕਲਾ ਹੀ ਸਰੂਪ ਹੈ, ਜਿਸ ਵਿਚ ਰਹੱਸਵਾਦੀ

Sri Satguru Jagjit Singh Ji eLibrary NamdhariElibrary@gmail.com

ਅਨੁਭਵ ਦੀ ਵਿਅਕਤੀਗਤ ਮੌਲਿਕਤਾ, ਨਰੋਆਪਣ ਅਤੇ ਤਾਜ਼ਗੀ ਮੌਜੂਦ ਹੈ। ਇਹ ਰਚਨਾ ਕਾਵਿ ਕੌਸ਼ਲਤਾ ਦੀ ਸ਼ਿਲਪਗਤ, ਸ਼ਿਲ-ਤਰਾਸ਼ ਤੋਂ ਮੁਕਤ ਹੁੰਦੀ ਹੋਈ ਵੀ ਕਾਵਿ ਕਲਾ ਦੇ ਉੱਤਮ ਗੁਣਾਂ ਨਾਲ ਭਰਪੂਰ ਹੈ।"

ਦੂਸਰੀ ਕਾਵਿ ਪੁਸਤਕ 'ਲਹਿਰਾਂ' ਵਿਚ ਤਰਸ ਜੀ ਨੇ 390 ਰੁਬਾਈਆਂ, ਡੂੰਘੀ ਗੁਰ ਭਗਤੀ ਅਤੇ ਸੱਜਣ ਵਿਛੋੜੇ ਦੀ ਭਾਹ ਵਿਚ ਭੁੰਜ ਕੇ ਲਿਖੀਆਂ ਹਨ। ਲੇਖਕ ਜਾਂ ਕਵੀ ਦਾ ਕਰਤਾਰੀ ਕਾਜ ਇਕ ਅਰੁਕ ਪ੍ਰਵਾਹ ਵਾਲਾ, ਵੇਗਮਾਨ ਹੁੰਦਾ ਹੈ। ਕੋਈ ਇਕ ਦ੍ਰਿਸ਼, ਕੋਈ ਇਕ ਘਟਨਾ, ਕੋਈ ਇਕ ਬਚਨ, ਕੋਈ ਇਕ ਮਿੱਠੀ ਕੌੜੀ ਯਾਦ ਉਸ ਦੀ ਕਲਮ ਨੂੰ ਗਤੀਸ਼ੀਲ ਕਰਨ ਲਈ ਕਾਫ਼ੀ ਹੁੰਦੀ ਹੈ। ਕਸੇਲ ਜੀ ਅਨੁਸਾਰ ਭਾਈ ਵੀਰ ਸਿੰਘ ਹੋਰਾਂ ਦੀਆਂ ਅਧਿਆਤਮਕ ਰੰਗਣ ਦੇ ਰਹੱਸ ਵਿਚ ਰੰਗੀਆਂ ਰੁਬਾਈਆਂ ਅਤੇ ਪ੍ਰੀਤਮ ਸਿੰਘ ਕਵੀ ਦੀਆਂ ਸਿਮਰਨ ਵਿਚਲੀਆਂ ਗੁਰੂ ਭਗਤੀ ਇਸ਼ਟ ਉਪਾਸਨਾ ਨਾਲ ਲਬਰੇਜ਼ ਰੁਬਾਈਆਂ ਦਾ ਰੰਗ ਕਵੀ ਦਲਬੀਰ ਸਿੰਘ ਤਰਸ ਦੀਆਂ ਰੁਬਾਈਆਂ ਵਿਚ 'ਇਸ਼ਟ ਤੇ ਗੁਰੂ ਪ੍ਰੇਮ ਦੀਆਂ ਯਾਦਾਂ ਦੇ ਰੰਗੀਨ ਸੁਪਨਿਆਂ ਤੇ ਥਰਥਰਾਂਦੇ ਹਿਰਦੇ ਪ੍ਰੇਮ ਉਦਗਾਰਾਂ ਨੂੰ ਪ੍ਰਗਟਾਉਣ ਦਾ ਸਫਲ ਯਤਨ ਕੀਤਾ ਗਿਆ ਹੈ। 'ਤਰਸ' ਦਾ ਆਪਣਾ ਨਿਵੇਕਲਾ ਅੰਦਾਜ਼ ਤੇ ਨਾਮ ਖ਼ੁਮਾਰੀ ਵਾਲੀ ਮਸਤੀ ਰੁਬਾਈ ਵਿਚ ਇਉਂ ਪ੍ਰਸਫੁਟਿਤ ਹੁੰਦੀ ਹੈ:

'ਗੁਰਦੇਵ ਪੀਆ ਨੇ ਦੀਓ ਖਿਡੌਣਾ
ਇਕ ਮਸਤਾਨੀ ਚਾਈ ਫਿਰੇ।
ਸੁਗਮਾਈ ਫਿਰੇ ਸਧਰਾਈ ਫਿਰੇ
ਨਾਲ ਕਾਲਜੇ ਲਾਈ ਫਿਰੇ।
ਅੰਦਰ ਫਿਰੇ ਜਾਂ ਬਾਹਰ ਫਿਰੇ
ਦਿਨੇ ਫਿਰੇ ਜਾਂ ਰਾਤ ਫਿਰੇ
ਸਾਈਆਂ ਸੰਗ ਸਮਾਈ ਫਿਰੇ।'[7]

...

"ਰੁੱਤਾਂ ਆਈਆਂ ਰੁੱਤਾਂ ਗਈਆਂ,
ਏਸ ਰੁੱਤ ਦਾ ਰੰਗ ਹੀ ਹੋਰ।
ਨਾ ਸਾਵਣ ਨੇ ਧਰਤ ਨੁਹਾਈ,
ਨਾ ਬਦਲੋਟੀ ਪਾਇਆ ਸ਼ੋਰ।
ਏਸ ਰੁੱਤ ਦੀ ਮਹਿਮਾ ਨਿਆਰੀ,
ਨਾ ਉੱਤਰੇ ਜਾਂ ਚੜ੍ਹੇ ਖ਼ੁਮਾਰੀ,
ਜਿਉਂ ਜਿਉਂ ਸਮਾਂ ਬੀਤਦਾ ਜਾਏ
ਗਾੜ੍ਹੀ ਹੁੰਦੀ ਜਾਵੇ ਲੋਰ।"[8]

ਆਪਣੇ ਇਸ਼ਟ, ਪਰਦੇਸੀ ਪ੍ਰੀਤਮ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਹੰਝੂ ਵਹਾਉਂਦਿਆਂ ਨਾਮਧਾਰੀਆਂ ਦੀਆਂ ਚਾਰ ਪੰਜ ਪੀੜ੍ਹੀਆਂ ਇੱਥੋਂ ਵਿਦਾ ਹੋ ਚੁੱਕੀਆਂ ਹਨ। ਤੇ ਇਹ ਨਾਮਧਾਰੀ ਕਵੀ ਜੋ ਭਾਈ ਚੰਦਾ ਸਿੰਘ ਅਤੇ ਨਿਹਾਲ ਸਿੰਘ ਜਿਹੇ, ਗੁਰੂ ਵਿਛੋੜੇ ਵਿਚ ਬਾਰਾਂ ਮਾਂਹ ਲਿਖਣ ਵਾਲੇ ਕਵੀਆਂ ਦਾ ਕਲਮੀ ਵਾਰਿਸ ਹੈ, ਇਸ ਦੀ ਰਚਨਾ ਵਿਚੋਂ ਗੁਰੂ ਵਿਛੋੜੇ ਦੀ ਅਗਨ ਦਾ ਸੇਕ ਕਿਉਂ ਨਾ ਆਵੇ। ਨਾਲ ਹੀ ਉਸ ਦਾ ਪ੍ਰਕਿਰਤੀ ਚਿਤਰਣ, ਬਿੰਬ ਵਿਧਾਨ ਅਤੇ ਦ੍ਰਿਸ਼ਾਵਲੀ ਕਾਵਿ-ਕਲਾ ਕੌਸ਼ਲ ਦੇ ਵਡਮੁੱਲੇ ਗੁਣਾਂ ਦੀ ਧਾਰਨੀ ਹੈ:-

"ਰੁੱਤ ਬਦਲ ਗਈ ਝੁੰਡ ਪਰਤ ਆਏ
ਮੁੜ ਕੂੰਜਾਂ ਦੀਆਂ ਡਾਰਾਂ ਦੇ।

Sri Satguru Jagjit Singh Ji eLibrary NamdhariElibrary@gmail.com

ਪੂਰਨ ਚੰਦ ਅਕਾਸ਼ੀਂ ਹੋਇਆ
ਸਾਗਰ ਵਿਚ ਉਭਾਰਾਂ ਦੇ।
ਕਦੋਂ ਪਰਤਣਾਂ ਵਤਨੀ ਪ੍ਰੀਤਮ
ਸੱਧਰਾਂ ਅੱਜ ਉਡੀਕਦੀਆਂ;
ਅੱਖੀਆਂ ਵਿਚ ਪਿਆਸਾਂ ਰੜਕਣ
ਲੰਘ ਗਏ ਦਿਨ ਇਕਰਾਰਾਂ ਦੇ।"[9]

ਇਤਿਹਾਸਕ ਨਗਰੀ, ਜੋ ਗੁਰੂ ਚਰਨਾਂ ਦੀ ਛੋਹ ਨਾਲ ਪਵਿੱਤਰ ਹੋ ਚੁੱਕੀ ਹੈ, ਸ੍ਰੀ ਭੈਣੀ ਸਾਹਿਬ ਦੇ ਜਾਹੋ ਜਲਾਲ ਨੂੰ ਇਕ ਰੁਬਾਈ ਵਿਚ ਇਉਂ ਬੰਨ੍ਹਿਆ ਹੈ:

"ਚੁੰਮ ਚੁੰਮ ਜਾਵੇ ਧਰਤ ਨੂੰ,
ਜਿਹਨੂੰ ਚਰਨ ਕੰਵਲ ਗਏ ਛੁਹ।
ਰੋਮ ਰੋਮ 'ਚੋਂ ਉਠਦੀ ਜਿਹਦੇ ਵਤਨਾਂ ਦੀ ਖੁਸ਼ਬੋ।
ਸ਼ਿੰਗਾਰ ਦਿਓ ਇਹਦੇ ਨਿੰਮ ਬਰੋਟੇ,
ਰਾਮ ਸਰੋਵਰ ਸੀਸ ਝੁਕਾਓ;
ਹਰੀ-ਮੰਦਿਰ ਦੀਆਂ ਪੌੜਾਂ ਵਿਚੋਂ,
ਜੀਵਨ ਦੀ ਲਓ ਲੋਅ।"[10]

ਤੇ ਜਦੋਂ ਕਵੀ ਮੁਰਸ਼ਦ ਦੇ ਰੰਗ ਵਿਚ ਰੰਗਿਆ ਹੋ ਕੇ, ਜੀਵਨ ਦੀਆਂ ਸਾਰੀਆਂ ਦੁਸ਼ਵਾਰੀਆਂ ਸਾਹਾਂ ਰੂਪੀ ਨੱਕੇ ਵਿਚੋਂ ਲੰਘਾਉਣ ਦੇ ਸਮਰੱਥ ਹੋ ਗਿਆ ਤਾਂ ਹਰ ਹਮਲੇ ਵਿਚੋਂ ਉਹਨੂੰ ਫੁੱਲਾਂ ਦੀ ਸੁਗੰਧ ਮਹਿਸੂਸ ਹੋਈ:-

"ਐਨਾ ਸਾਜਨ ਡੂੰਘਾ ਲੈ ਗਏ ਇਸ ਦੋਹੀ ਤੋਂ ਪਾਰ
ਨੱਕੇ ਵਿਚੋਂ ਅਸੀਂ ਲੰਘਾਈ ਹਰ ਉਠਦੀ ਮੰਝਧਾਰ।
ਅੰਮ੍ਰਿਤ ਜਾਣ ਅਸਾਂ ਵਿਖ ਪੀਤਾ,
ਏਸ ਸਮੇਂ ਦੀਆਂ ਪੀੜਾਂ ਦਾ;
ਫੁੱਲਾਂ ਵਾਂਗੂੰ ਅਸੀਂ ਹੰਢਾਏ,
ਇਸ ਧਰਤੀ ਤੇ ਵਾਰ।"[11]

ਗੌਤਮ ਬੁੱਧ ਨੇ ਕਿਹਾ ਸੀ ਕਿ ਜੀਵਨ ਰੂਪੀ ਸਾਜ਼ ਦੇ ਤਾਰ ਢਿੱਲੇ ਛੱਡ ਦਿਓਗੇ ਤਾਂ ਇਹ ਵੱਜੇਗਾ ਨਹੀਂ। ਜ਼ਿਆਦਾ ਕੱਸ ਦਿਓਗੇ ਤਾਂ ਤਾਰਾਂ ਟੁੱਟ ਜਾਣਗੀਆਂ। ਉਸ ਅਨੁਸਾਰ ਮੱਧ ਮਾਰਗ ਹੀ ਸਹਿਜ ਦਾ ਮਾਰਗ ਸੀ। ਸਾਡਾ ਕਵੀ ਵੀ ਬੁੱਧ ਜਿਉਂ ਦੁੱਖਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਖਾਹਿਸ਼ਾਂ ਤੇ ਤ੍ਰਿਸ਼ਨਾਵਾਂ ਤੇ ਕਾਬੂ ਪਾਉਣ ਦੀ ਗੱਲ ਬੜੇ ਬਰੀਕ ਅੰਦਾਜ਼ ਵਿਚ, ਇਸ ਗੀਤ ਵਰਗੇ ਅੰਦਾਜ਼ ਵਾਲੀ ਸੂਖਮ ਰੁਬਾਈ ਵਿਚ ਇਉਂ ਕਰਦਾ ਹੈ:

"ਧੀਰੇ ਨੀ ਧੀਰੇ ਭੈਣ ਨੀ ਖੁਮਾਰੀਏ!
ਧੀਰੇ ਨੀ ਪੰਖ ਹਲਾ।
ਧੀਰੇ ਨੀ ਧੀਰੇ ਆਪਾ ਪੋਚ ਪੋਚ ਰੱਖੀਏ,
ਸੱਜਣ ਮਿਲਣ ਦਾ ਚਾਅ।
ਛੱਡ ਦਿੱਤੀਆਂ ਜਿਨ੍ਹਾਂ ਡੋਰਾਂ ਨੀ ਲੰਮੀਆਂ,
ਹੱਥ ਵਿਚ ਰਹਿ ਗਏ ਦੁੱਖ,
ਸਾਰੀਆਂ ਨੀ ਸੱਧਰਾਂ ਰੁੜ੍ਹ ਪੁੜ੍ਹ ਜਾਣੀਆਂ

Sri Satguru Jagjit Singh Ji eLibrary NamdhariElibrary@gmail.com

ਬੜੇ ਤੇਜ਼ ਨੀ ਇਹ ਪਵਣ ਵਰ੍ਹਾ।"[11]

ਕਵੀ ਦਾ ਆਪਾ ਸੋਨੇ ਦੀਆਂ ਜ਼ੰਜੀਰਾਂ ਵਿਚ ਬੱਝਣ ਵਾਲਾ ਨਹੀਂ ਅਤੇ ਉਸ ਦੀਆਂ ਰੁਬਾਈਆਂ ਵਿਚੋਂ ਚਰਖੜੇ ਦੀ ਘੂਕਰ, ਤਰਿੰਜਣਾਂ ਦਾ ਰੰਗ, ਪੰਛੀਆਂ ਦੇ ਬੋਲ, ਰੁੱਖਾਂ ਦੇ ਗੀਤ, ਮੇਘਲੇ, ਨਦੀ ਵਿਚ ਬੇੜੇ, ਕੰਵਲ ਫੁੱਲ, ਪਰਬਤ, ਸਾਗਰ, ਗੰਗਾ ਜਮਨਾ, ਜੋਗਣ, ਚਰਾਗ਼ ਤੋਂ ਨਿੱਕਲੀ ਲੋਅ, ਭੌਰਾ, ਫਣ-ਫ੍ਰਿਣ, ਚੰਦ ਸੂਰਜ, ਲਲਾਰੀ, ਚਸ਼ਮੇ, ਕਸਤੂਰੀ, ਚਿੱਤਰਕਾਰ, ਗੁਲ ਸਬਾ, ਧਰੂ ਫੁਟਾਲਾ, ਝੱਖੜ, ਸਟੇਸ਼ਨ ਤੇ ਰੁਕਦੀ ਗੱਡੀ ਆਦਿ ਸਜੀਵ ਬਿੰਬਾਂ ਦੇ ਦਰਸ਼ਨ ਹੁੰਦੇ ਹਨ। ਇਸ ਪੁਸਤਕ ਵਿਚੋਂ ਹੇਠਲੀ ਰੁਬਾਈ ਦੇ ਕੇ ਅੱਗੇ ਤੁਰਦੇ ਹਾਂ ਜਿਸ ਰੁਬਾਈ ਨੇ ਸੂਫ਼ੀ ਕਵਿਤਾ ਦੀ ਯਾਦ ਤਾਜ਼ਾ ਕਰ ਦਿੱਤੀ ਹੈ:

"ਐਮੀਂਆ ਨੀ ਦਿਨ ਬੀਤਣ ਆਇਆ,
ਅਜੇ ਵੀ ਰਹਿ ਪੂਣੀਆਂ ਪਈਆਂ।
ਧੂ ਧੂ ਤੰਦਾਂ ਕੱਢੀ ਜਾਵਾਂ,
ਗੂੜ੍ਹ ਗੱਲਾਂ ਸਭ ਹੋ ਰਹੀਆਂ।
ਘੂਕਰ ਚਰਖੀ ਸੰਗ ਸੱਜਣ ਦਾ,
ਸਭ ਰਹਿ ਉੱਤਰਨ ਗੂਹੜੇ;
ਜੁੱਗ ਜੁੱਗ ਜੀਵੇ ਰੰਗ ਤ੍ਰਿੰਜਣ ਦਾ,
ਅਸਾਂ ਮਾਣ ਦਿਹਾੜਾਂ ਲਈਆਂ।"[12]

ਤਰਸ ਜੀ ਦੀ ਕਾਵਿ-ਪੁਸਤਕ 'ਸਫ਼ਰ' ਨੂੰ ਜਗਦੀਸ਼ ਸਿੰਘ ਵਰਿਆਮ ਹੋਰਾਂ 'ਇਕ ਰਹੱਸਵਾਦੀ ਅਧਿਆਤਮਕ ਕਲਾਕ੍ਰਿਤੀ' ਆਖਿਆ ਹੈ। ਨਾਲ ਹੀ ਉਹ ਕਹਿੰਦੇ ਹਨ ਕਿ 'ਇਸ ਕਾਵਿ ਰਚਨਾ ਦੀ ਖੂਬੀ ਇਹ ਹੈ ਕਿ ਇਹ ਪਾਠਕ ਨੂੰ ਉਂਗਲੀ ਫੜ ਕੇ "ਮੈਂ" ਤੋਂ ਸ਼ੁਰੂ ਕਰ ਕੇ "ਤੂੰ" ਤੱਕ ਪਹੁੰਚਾ ਦਿੰਦੀ ਹੈ। ਇਸੇ ਪੁਸਤਕ ਦੀ ਭੂਮਿਕਾ ਵਿਚ ਪ੍ਰਸਿੱਧ ਗ਼ਜ਼ਲਗੋ ਅਤੇ ਪੰਜਾਬੀ ਸਾਹਿਤ ਦੇ ਉੱਘੇ ਵਿਦਵਾਨ ਪ੍ਰੋ. ਕਰਤਾਰ ਸਿੰਘ ਕਾਲੜਾ ਲਿਖਦੇ ਹਨ "ਸਾਈਂ ਨਾਲ ਮੇਲ ਹੀ ਅੰਤਿਮ ਲਕਸ਼ ਹੈ – ਧਰਮ ਦਾ ਵੀ ਤੇ ਮਨੁੱਖੀ ਜੀਵਨ ਦਾ ਵੀ, ਇਸੇ ਲਕਸ਼ ਦੀ ਤਾਂਘ ਹੈ ਕਵੀ ਤਰਸ ਦੀ ਸਮੁੱਚੀ ਰਚਨਾ ਵਿਚ, ਸਿਮਰਨ, ਜਾਪ, ਨਾਮ, ਅਭਿਆਸ ਇਸ ਦਾ ਇਕ ਮਾਤਰ ਸਾਧਨ ਹੈ...

ਇਸ ਪੁਸਤਕ ਵਿਚ 1,2,3 ਦੇ ਸਿਰਲੇਖਾਂ ਹੇਠ 83 ਕਵਿਤਾਵਾਂ ਹਨ। ਗ਼ਜ਼ਲ ਦੇ ਸ਼ੇਅਰਾਂ ਵਾਂਗ ਭਾਵੇਂ ਸਾਰੇ ਸ਼ੇਅਰ ਸੁਤੰਤਰ ਤਾਂ ਨਹੀਂ ਅੰਤਰ ਸਬੰਧਿਤ ਜ਼ਰੂਰ ਹਨ। ਵਿਸ਼ਾ ਉਹੀ ਪਹਿਲੀਆਂ ਪੁਸਤਕਾਂ ਵਾਲਾ ਸਿੱਖ ਦਾਰਸ਼ਨਿਕ ਰੰਗਣ ਵਾਲਾ ਹੈ। ਜੀਵਨ ਦੇ ਲਕਸ਼ ਨੂੰ ਸਮਝਣਾ ਅਤੇ ਉਸ ਦੇ ਅਨੁਰੂਪ ਹੁਕਮ, ਰਜ਼ਾ, ਭਾਣੇ ਵਿਚ ਨਿਰੰਤਰ ਤੁਰੇ ਰਹਿਣਾ ਕਿਉਂ ਜੁ –

"ਤੁਰੇ ਜਾਣਾ ਰਾਹੀ,
ਇਹ ਆਖ ਗਏ ਸਿਆਣੇ
ਰੁਕ ਗਏ ਤਾਂ ਜਿੰਦੜੀ ਵਿਚ
ਕਾਲਾ ਅੰਧਾਰ ਆ ਜਾਏ।"[14]

ਬ੍ਰਹਿਮੰਡੀ ਤੌਰ ਨੂੰ ਇਕ ਵਿਧੀ ਵਿਧਾਨ ਵਿਚ ਬੱਝੀ ਦੱਸ ਕੇ ਸਾਡਾ ਕਵੀ ਕਹਿੰਦਾ ਹੈ:

"ਇਹ ਦਿਨ ਚੜ੍ਹ ਰਿਹਾ ਹੈ, ਔਹ ਰਾਤ ਜਾ ਰਹੀ ਹੈ,
ਇਹ ਕਿਰਨਾਂ ਦਾ ਖਲਾਰਾ, ਸਭ ਕੁਝ ਹੈ ਤੇਰੇ ਕਰਕੇ।"[15]

ਕਵੀ ਦੀ ਉਮਰ ਭਾਵੇਂ ਡੰਗੋਰੀ ਫੜਨ ਵਾਲੀ ਹੋ ਗਈ ਹੈ ਪਰ ਉਸ ਦੀ ਚੇਤਨਾ ਜੁਆਨ ਹੈ ਇਸੇ ਲਈ ਉਹ ਕਹਿ ਉੱਠਦਾ ਹੈ:

Sri Satguru Jagjit Singh Ji eLibrary NamdhariElibrary@gmail.com

"ਇਹ ਕਾਨਿਆਂ ਦੀ ਕੁੱਲੀ, ਹੈ ਸੋਨ ਰੰਗੀ ਦਮਕੀ,
ਜਦ ਤੋਂ ਹੋਇਆ ਏਥੇ, ਪ੍ਰੀਤਮ ਉਤਾਰਾ ਤੇਰਾ।"[16]

ਕਵੀ ਲਈ ਸੱਚੀ ਕਾਰ ਕਮਾਉਣ ਵਾਲੇ ਲੋਕ ਹੀ ਹਮੇਸ਼ਾਂ ਸੁੱਚੇ ਰਹਿ ਸਕਦੇ ਹਨ ਅਤੇ ਆਪਣੇ ਤੋਂ ਵਾਧੂ ਧਨ ਪਦਾਰਥ ਨੂੰ ਵੰਡ ਛਕਣਾ, ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਦੀ ਇਕ ਨਿਸ਼ਾਨੀ ਮਾਲੂਮ ਹੁੰਦਾ ਹੈ:

"ਸੁਬਾਹ ਸ਼ਾਮ ਉਹ ਸੁੱਚਮ ਰਹਿੰਦੇ,
ਜੋ ਸੱਚੀ ਕਾਰ, ਕਮਾਂਦੇ,
ਸਭ ਤੋਂ ਉੱਤਮ ਸੇਵ ਤੋਂ ਸੇਵਾ,
ਜੋ ਵਾਧੂ ਵੰਡ ਖਾਣਾ।
ਇਸ ਤੋਂ ਉੱਤਮ ਉਹ ਪਦ ਪਾਂਦੇ,
ਜੋ ਦੂਸਰਿਆਂ ਲਈ ਜੀਂਦੇ,
ਜੋ ਰਾਹਾਂ ਦੇ ਕੰਡੇ ਚੁਗਦੇ, ਸੂਖਮ ਮਿਲੇ ਟਿਕਾਣਾ।"[17]

ਕੁਝ ਅਟੱਲ ਸਚਾਈਆਂ ਵਰਗੇ ਸ਼ੇਅਰ ਇਸ ਰਚਨਾ ਵਿਚ ਥਾਂ ਪਰ ਥਾਂ ਵਿਦਮਾਨ ਹਨ, ਜਿਵੇਂ ਕਿ ਜੰਗ ਭੀ ਜ਼ਰੂਰੀ ਹੈ ਪਰ ਜੰਗ ਅਮਨ ਦਾ ਬਦਲ ਨਹੀਂ ਹੋ ਸਕਦਾ ਤੇ ਜਿਊਂਦੇ ਰਹਿਣ ਲਈ ਭੋਜਨ ਐਨਾ ਜ਼ਰੂਰੀ ਹੈ ਤਾਂ ਹੀ ਸਾਡੇ ਭਗਤਾਂ ਨੇ ਕਿਹਾ ਸੀ ਕਿ ਤੇਰੀ ਭਗਤੀ ਭੁੱਖੇ ਪੇਟ ਨਹੀਂ ਹੋ ਸਕਦੀ:

"ਸ਼ਮਾਂ ਭੀ ਇਕ ਸ਼ਮਸ਼ੀਰ ਹੈ,
ਬੁਝਣਾ ਇਹਦੀ ਤਾਸੀਰ ਹੈ
ਫਿਰ ਭੀ ਸੋਤ ਜਲ ਦੇ ਵਹਿਣ ਦਾ,
ਫੁਹਾਰ ਕਰਨਾ ਧਰਮ ਹੈ।
ਜਦ ਤੱਕ ਹੈ ਜੀਣਾ ਜਿੰਦ ਨੇ,
ਆਹਾਰ ਕਰਨਾ ਧਰਮ ਹੈ।
ਪ੍ਰਭ ਜੀ! ਤੇਰੀ ਹੋਂਦ ਦਾ,
ਇਜ਼ਹਾਰ ਕਰਨਾ ਧਰਮ ਹੈ।"[18]

ਮਲੇਰਕੋਟਲੇ ਦੇ ਰੱਕੜ ਵਿਚ 17-18 ਜਨਵਰੀ 1872 ਈ. ਨੂੰ ਸ਼ਹੀਦ ਹੋਣ ਵਾਲੇ ਦੇਸ਼ ਰੱਖਿਅਕ ਨਾਮਧਾਰੀ ਮਸਤਾਨਿਆਂ ਬਾਰੇ ਭਾਈ ਹੀਰਾ ਸਿੰਘ ਜਥੇਦਾਰ, ਵਰਿਆਮ ਸਿੰਘ ਮਰ੍ਹਾਜ ਅਤੇ ਬਾਲ ਬਿਸ਼ਨ ਸਿੰਘ ਦੀਆਂ ਅਪੂਰਵ-ਬਲੀਦਾਨ ਵਾਲੀਆਂ ਸ਼ਹੀਦੀਆਂ ਦੇ ਕਲਮੀ ਚਿੱਤਰ ਇਉਂ ਖਿੱਚੇ ਹਨ:-

"ਰੱਕੜ ਵਿਚ ਬਿਜਲੀ ਕੜਕ ਰਹੀ,
ਕਿਤੇ ਸੀਨੇ ਜਿੰਦੜੀ ਧੜਕ ਰਹੀ,
ਕੀ ਇਸ਼ਕ ਹੁੰਦਾ ਪਰਵਾਨੇ ਦਾ,
ਇਨ੍ਹਾਂ ਲਾਟਾਂ ਨੂੰ ਸਮਝਾ ਕੇ ਆਈਏ।

...

ਇੱਥੇ ਚੱਲਦਾ ਹੁਕਮ ਜੱਲਾਦੀ ਦਾ,
ਪ੍ਰਭ ਜੀ ਨਾਲ ਜੋੜ ਸਮਾਈ ਦਾ,
ਹੀਰਾ ਸਿੰਘ ਭਗਵਾਨ ਖੜ੍ਹੇ-
ਰਣ ਚੋਂ ਆ ਦਰਸ ਕਰਾ ਕੇ ਆਈਏ।

Sri Satguru Jagjit Singh Ji eLibrary NamdhariElibrary@gmail.com

ਉਹਦੇ ਜੱਗ ਤੋਂ ਨਾਤੇ ਛੁਟ ਜਾਂਦੇ,
ਜੇ ਨਾਲ ਪ੍ਰਿਯਾ ਦੇ ਜੁੜ ਜਾਂਦੇ,
ਧੀਆਂ ਤੇ ਖੜੇ ਇਕ ਲਾੜੇ ਦੀ,
ਕਰ ਆਖ਼ਰੀ ਰਸਮ ਅਦਾ ਕੇ ਆਈਏ।
ਕੋਈ ਘਾਲ ਨਹੀਂ ਭਗਵਾਨ ਸਕੇ,
ਸਤਿਗੁਰ ਦਾ ਵਰਦਾਨ ਸਕੇ,
ਆ ਜ਼ੁਲਮ ਦੀ ਇਕ ਸ਼ਮਸ਼ੀਰ ਹੇਠਾਂ,
ਬਾਲਕ ਦੀ ਬਲੀ ਚੜ੍ਹਾ ਕੇ ਆਈਏ।"[19]

ਕਵੀ ਦੀ 1970 ਈ. ਤੋਂ ਪਹਿਲਾਂ ਦੀ ਅਤੇ ਕੁਝ ਬਾਅਦ ਦੀ ਕਵਿਤਾ 'ਸੋਹਲੜੇ' ਪੁਸਤਕ ਵਿਚ ਉਪਲਬਧ ਹੈ। ਇਸ ਦੇ ਆਦਿ-ਕਥਨ ਵਿਚ ਵੀ ਕਸੇਲ ਸਾਹਿਬ ਲਿਖਦੇ ਹਨ, "ਸੋਹਿਲਾ ਕਾਵਿ ਰੂਪ ਪੰਜਾਬੀ ਦੇ ਸ਼ਾਸਤਰੀ ਕਾਵਿ ਦਾ ਹੀ ਪ੍ਰਵਾਨਿਤ ਸਰੂਪ ਹੈ। ਵੀਹਵੀਂ ਸਦੀ ਵਿਚ ਪੰਜਾਬੀ ਦੀ ਆਧੁਨਿਕ ਕਵਿਤਾ ਦਾ ਜਨਮ ਹੋਇਆ। ਇਸ ਦੀ ਇਕ ਵਿਸ਼ੇਸ਼ ਕਾਵਿ-ਧਾਰਾ ਨਵ-ਅਧਿਆਤਮਕ ਜਾਂ ਨਵ-ਰਹੱਸਵਾਦੀ ਕਵਿਤਾ ਸੀ। ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਵਰਗੇ ਮਹਾਨ ਕਵੀਆਂ ਨੇ, ਇਸ ਨਵ-ਰਹੱਸਵਾਦੀ ਕਵਿਤਾ ਦੀ ਨੀਂਹ ਰੱਖੀ, ਜਿਸ ਦੀ ਪ੍ਰਕਿਰਤੀ ਸਨਾਤਨੀ ਅਧਿਆਤਮਵਾਦੀ ਕਵਿਤਾ ਤੋਂ ਵੱਖਰੀ ਸੀ। ਭਾਵੇਂ ਅਧਿਆਤਮਵਾਦ, ਵੀਹਵੀਂ ਸਦੀ ਦੀ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਖ ਵਿਸ਼ਾ ਨਹੀਂ ਸੀ ਰਿਹਾ, ਫਿਰ ਵੀ ਇਸ ਦੀ ਪਰੰਪਰਾ ਪਿਛਲੀ ਸਦੀ ਦੀ ਕਵਿਤਾ ਵਿਚ ਨਿਰੰਤਰ ਜਾਰੀ ਰਹੀ। ਵੀਹਵੀਂ ਸਦੀ ਦੇ ਉੱਤਰਾਧ ਵਿਚ ਪ੍ਰੀਤਮ ਸਿੰਘ ਸਫ਼ੀਰ ਤੇ ਜਸਵੰਤ ਸਿੰਘ ਨੇਕੀ, ਅਧਿਆਤਮਕ ਕਾਵਿ-ਧਾਰਾ ਦੇ ਨਵ-ਰਹੱਸਵਾਦੀ ਸਿਰਮੌਰ ਕਵੀ ਹਨ। 1991 ਵਿਚ ਪ੍ਰਕਾਸ਼ਿਤ ਜਸਵੰਤ ਸਿੰਘ ਨੇਕੀ ਨੇ ਆਪਣੇ ਇਕ ਕਾਵਿ-ਸੰਗ੍ਰਹਿ ਦਾ ਨਾਮ "ਗੀਤ ਮੇਰਾ ਸੋਹਿਲਾ ਤੇਰਾ" ਰੱਖਿਆ। ਸਾਡੇ ਵਰਤਮਾਨ ਕਵੀ ਸੰਤ ਦਲਬੀਰ ਸਿੰਘ ਤਰਸ ਦਾ 'ਸੋਹਿਲੜਾ' ਨਾਮ ਦਾ ਇਹ ਕਾਵਿ-ਸੰਗ੍ਰਹਿ ਪੰਜਾਬੀ ਦੀ ਇਸ ਨਵ-ਅਧਿਆਤਮਵਾਦੀ ਪਰੰਪਰਾ ਦਾ ਹੀ ਅਗਲਾ ਵਿਸਥਾਰ ਹੈ।

"ਸੰਤ ਦਲਬੀਰ ਸਿੰਘ ਤਰਸ ਨੇ ਵੀ ਇਸ 'ਸੋਹਿਲੜੇ' ਨਾਮ ਦੇ ਕਾਵਿ-ਸੰਗ੍ਰਹਿ ਵਿਚ ਕਿਸੇ ਪ੍ਰਭੁਤਾਵਾਨ ਸੰਸਾਰੀ ਮਨੁੱਖ ਦੇ ਸੋਹਿਲੇ ਨਹੀਂ ਗਾਏ, ਸਗੋਂ ਅਗਮ ਅਗੋਚਰ ਪ੍ਰਭੂ ਪ੍ਰੀਤਮ ਤੇ ਇਸ ਧਰਤੀ ਉੱਤੇ ਉਸ ਦੇ ਸਾਕਾਰ ਸਰਗੁਣ ਸਰੂਪ ਸਤਿਗੁਰੂ ਦੇ ਸਤੋਤਰ ਰਚੇ ਹਨ।"

ਪਰ ਸਾਡਾ ਕਵੀ ਸਮਕਾਲੀ ਯਥਾਰਥ ਤੋਂ ਪਾਸਾ ਵੱਟ ਕੇ ਲੰਘਣ ਵਾਲਾ ਨਹੀਂ ਉਸ ਨੂੰ ਪਤਾ ਹੈ ਕਿ ਮਾਇਆਵਾਦੀ ਨਜ਼ਾਮ ਵਿਚ ਹੱਕ ਮੰਗਣ ਵਾਲਿਆਂ ਤੇ ਸੱਤਾ ਕਹਿਰ ਬਰਸਾਉਂਦੀ ਹੈ ਅਤੇ ਵਿਗਿਆਨ ਜੇ ਇਨ੍ਹਾਂ ਖ਼ੂੰਖਾਰ ਰਾਖਸ਼ਾਂ ਦੇ ਹਵਾਲੇ ਹੋ ਗਈ ਤਾਂ 'ਹੀਰੋਸ਼ੀਮਾ' ਅਤੇ 'ਨਾਗਾਸਾਕੀ' ਹੀ ਦੁਹਰਾਏ ਜਾਣਗੇ:

"ਸੌਂ ਗਏ ਅੱਜ ਨਿਰਾਸ਼ ਦੀ ਮੰਜੀ ਰੋ ਰੋ ਜੀਵ ਨਿਮਾਣੇ,
ਨਾਲ ਗੋਲੀਆਂ ਭੁੰਨੇ ਜਾਂਦੇ ਜਾਂ ਮੰਗੇ ਇਨ੍ਹਾਂ ਦਾਣੇ
ਜਗਤ ਜਲੰਦਾ ਰਾਖਣਹਾਰੇ ਸੀਤਲਤਾ ਵਰਸਾਓ।

....

ਪੀ ਕੇ ਖ਼ੂਨ ਡਕਾਰ ਨਾ ਲੈਂਦੇ ਮਨੁੱਖਤਾ ਦੇ ਰਖਵਾਲੇ;
ਬੰਬ ਹੈ ਵਿਗਿਆਨ ਦੀ ਛੋਗੀ ਦੈਂਤਾਂ ਹੋਈ ਹਵਾਲੇ;
ਹਉਂ ਜਾਣ ਪਰਮਾਰਥ ਸ਼ਾਸਤ ਬੰਧ ਬਣੇ ਬਣ ਆਓ।"[20]

ਆਪਣੇ ਇਸ਼ਟ-ਸੱਜਣ ਦੇ ਦਰਸ਼ਨਾਂ ਤੋਂ ਬਿਨਾਂ ਉਸ ਨੂੰ ਕਰਮਕਾਂਡ ਫੋਕਟ ਲਗਦੇ ਹਨ

Sri Satguru Jagjit Singh Ji eLibrary NamdhariElibrary@gmail.com

"ਤੀਰਥ ਤੱਪ ਇਹ ਜੋਗ ਇਸ਼ਨਾਨਾ, ਭਰਮਣ ਵਾਥੇ ਫਿਰੇ ਲੁਕਾਈ।
ਨਾ ਕੋਈ ਸੋਧ ਸੱਜਨ ਵੱਲ ਜਾਏ, ਨਾ ਮਲ ਲਾਥੇ ਸੁੱਚ ਨਾ ਪਾਈ।
ਸੁਣਦੀ ਰਹੁ ਧਰ ਨੀਝ ਟਿਕਾ ਕੇ, ਕੋਈ ਗੀਤ ਸੱਜਣ ਜੀ ਗਾਵਣਗੇ।"

ਕਵੀ ਦੀ ਡੂੰਘੀ ਕਾਵਿਕ ਅਨੁਭੂਤੀ ਦਾ ਇਹ ਕਮਾਲ ਹੈ ਕਿ ਮਲੇਰਕੋਟਲੇ ਦੇ ਰੱਕੜ ਵਿਚ ਜਦੋਂ ਕੂਕੇ ਸਿੱਖ ਬਰਤਾਨਵੀ ਬਸਤੀਵਾਦੀ ਤੋਪਾਂ ਦੁਆਰਾ ਉਡਾਏ ਜਾ ਰਹੇ ਹਨ ਤਾਂ ਕਵੀ ਨੂੰ ਮਹਿਸੂਸ ਹੁੰਦਾ ਹੈ ਕਿ ਇਹ ਤਾਂ ਸਤਿਗੁਰੂ ਰਾਮ ਸਿੰਘ ਆਪ ਹੀ ਉਡ ਰਹੇ ਹਨ:

"ਪਾਟ ਗਿਆ ਅੰਬਰ ਦਾ ਸੀਨਾ
ਡੂੰਘੀ ਭਾਰਤ ਮਾਂ ਦਾ ਹਿਰਦਾ
ਸੱਚ ਖੰਡ ਨਾਲ ਜੁੜਿਆ
ਜਾਂ ਉਸ ਤੱਕਿਆ
ਵਰਿਆਮ ਬੱਚੜਾ
ਮੋੜਿਆ ਨਾ ਜੋ ਮੁੜਿਆ
ਬਾਹਰ-ਵਾਂਗਾਂ ਸੇਜ ਬਣਾਈ
ਨਾਲ ਮੌਤ ਦੇ ਜੁੜਿਆ
'ਅਕਾਲ ਪੁਰਖੁ ਤੇਰੀ ਸਰਨਾਈ'
ਫੀਤਾ ਫੀਤਾ ਹੋ ਕੇ ਰਾਮ ਸਿੰਘ
ਇਸ ਰੱਕੜ ਵਿਚ ਉਡਿਆ

ਤੇ ਅਗਲੀ ਤੁਕ ਵਿਚ ਸਤਿਗੁਰੂ ਜੀ ਦੇ ਪ੍ਰਦੇਸ ਗਮਨ ਦੇ ਮਾਰਮਿਕ ਦ੍ਰਿਸ਼ ਨੂੰ "ਮਮਤਾ ਰੰਗੀ ਭਰੀ ਭਰਾਈ ਗਾਗਰ ਦੇ ਖਾਲੀ ਹੋ ਜਾਣ" ਦੇ ਬਿੰਬ ਨਾਲ ਜੋੜਿਆ ਹੈ:

"ਇਸੇ ਰੁੱਖ ਦੀ ਛਾਵੇਂ ਬਹਿ ਬਹਿ ਕੇ
ਛਾਵੀਆਂ ਵਿਚ ਡੂੰਘਾਣਾਂ ਲਹਿ ਕੇ
ਕਈ ਵੇਰ ਅਸੀਂ ਤੱਕਿਆ ਪ੍ਰੀਤਮ
ਇਕ ਰੱਥ ਤੇ ਚੜ੍ਹਿਆ
ਕਾਲੀ ਕੰਬਲੀ ਓਹੜੀ
ਮਮਤਾ ਰੰਗੀ
ਭਰੀ ਭਰਾਈ
ਮੂੰਹ ਮੂੰਹ ਗਾਗਰ
ਖਿਨਾਂ ਪਲਾਂ ਵਿਚ ਰੁੜ੍ਹਗੀ।"

ਲੰਮੀ ਸਰੋਦੀ ਕਵਿਤਾ 'ਯੁੱਧਮ' ਵਿਚ ਕਰਮ ਪਹਿਲਾਂ ਜਾਂ ਕ੍ਰਿਸ਼ਨ-ਅਰਜਨ ਸੰਵਾਦ ਦੁਆਰਾ ਅਰਜਨ ਨੂੰ ਯੁੱਧ ਲਈ ਤਿਆਰ ਕਰਦਾ ਹੈ ਕੌਰਵਾਂ ਦੇ ਖਿਲਾਫ਼ ਫਿਰ ਸਤਿਗੁਰੂ ਰਾਮ ਸਿੰਘ ਜੀ ਨੂੰ ਗੋਰਾਸ਼ਾਹੀ ਵਿਰੁਧ ਜੂਝਦੇ ਵਿਖਾ ਕੇ ਇਹ ਦੱਸਿਆ ਹੈ ਕਿ ਅੱਜ ਵੀ 'ਅਰਜਨ' ਸੱਚ ਦੀ ਅੰਤਿਮ ਜਿੱਤ ਲਈ ਲਗਾਤਾਰ ਸੰਘਰਸ਼ੀਲ ਹੈ ਅਤੇ ਸਾਡੇ ਕਵੀ ਨੂੰ ਸੱਚ ਦੀ ਫਤਹਿ ਵਿਚ ਅਡੋਲ ਭਰੋਸਾ ਹੈ:

"ਪਾਰਥ ਉੱਠੋ! ਧਨੁਸ਼ ਉਠਾਓ;
ਯੁੱਧ ਕਰੋ ਤੇ ਧਰਮ ਨਿਭਾਓ।

Sri Satguru Jagjit Singh Ji eLibrary NamdhariElibrary@gmail.com

ਹਾਰ ਜੀਤ ਨਾ ਕਰੈ ਕਹਾਣੀ
ਨਾ ਤੋਰੇ ਇਹ ਬਾਤ ਨਦਾਨੀ।
ਯੁੱਧ ਤੇਰਾ ਤੇ ਬਾਣ ਇਹ ਤੇਰੇ
ਪਰਨਾਮ ਯੁੱਧ ਦਾ ਹੱਥ ਨਾ ਤੋਰੇ

....

"ਅੱਜ ਦਾ ਯੁੱਧ ਬੜਾ ਬਚਿੱਤਰ
ਮੁਰਾਰ ਨਹੀਂ ਕਰਤਾਰ ਖੜ੍ਹੇ ਨੇ।
ਗੋਰਾ ਸ਼ਾਹੀ ਸੀਨੇ ਵੱਜੀ
ਤੱਕ ਚੀਨੀ ਅਸਵਾਰ ਖੜ੍ਹੇ ਨੇ।
ਅੱਜ ਵੀ ਅਮਰ ਆਤਮਾ ਅਰਜਨ
ਬਾਣੋ ਬਾਣ ਵਧਾਈ ਜਾਂਦਾ
ਵਿਜੈ ਸੱਤ ਦੀ ਹੋ ਕੇ ਰਹਿਣੀ
ਕਿਨੀ ਯੁੱਧ ਦੀ ਹੋਏ ਲੰਬਾਈ।

....

ਝੂਠੇ ਇਹ ਆਕਾਰ ਨਾ ਰਹਿਣੇ
ਇਹ ਵਿਚ ਮੁੱਕੇ ਤਾਂ ਮੁੱਕ ਜਾਏ
ਜੀਵਨ ਦਾ ਇਹ ਅੰਤ ਨਹੀਂ ਹੈ
ਸੱਚ ਪਸਾਰਾ ਹੋ ਕੇ ਰਹਿਸੀ
ਅਰਜਨ ਇਹ ਅਜ਼ਮਾਈ ਜਾਂਦਾ।"

ਸਤਿਗੁਰੂ ਰਾਮ ਸਿੰਘ ਜੀ ਦੇ ਦੇਸ ਨਿਕਾਲੇ ਤੋਂ ਬਾਅਦ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਆਪ ਦੇ ਅਨੁਜ ਭ੍ਰਾਤਾ ਸ੍ਰੀ ਗੁਰੂ ਹਰੀ ਸਿੰਘ ਜੀ ਤੇ ਆ ਗਈ। ਅੰਗ੍ਰੇਜ਼ ਸਰਕਾਰ ਤਾਨ ਠੋਕ ਕੇ ਪੁੱਛ ਰਹੀ ਸੀ ਹੁਣ ਹੈ ਹਿੰਮਤ ਕਿਸੇ ਵਿਚ ਜੋ ਸਾਡੀ ਮਾਰ ਸਹਿਣ ਲਈ ਤਿਆਰ ਹੋਵੇ ? ਧੀਰ, ਸ਼ਾਂਤ, ਗੰਭੀਰ, ਖਿਮਾਂ, ਸੰਥ, ਨਿਆਂ ਅਤੇ ਮਹਾਨ ਸਿਦਕ ਦੀ ਮੂਰਤੀ ਸਨ ਗੁਰੂ ਹਰੀ ਸਿੰਘ। ਕਵੀ ਹਰਸ ਆਪਣੇ ਸ਼ਬਦਾਂ ਵਿਚ ਉਸ ਮਹਾਨ ਸ਼ਖ਼ਸੀਅਤ ਦਾ ਰੇਖਾ ਚਿੱਤਰ ਇਉਂ ਉਲੀਕਦਾ ਹੈ:

"ਲੈ ਗਈ ਗੱਲ ਹੁਣ ਹੱਦਾਂ ਤੋਂ ਬਾਹਰ
ਸਿੱਖ ਸਭਿਅਤਾ ਦਾ ਇਹ ਚਾਨਣ
ਹਿੰਦ ਦੀ ਗੋਦ ਦਾ ਫ਼ਖ਼ਰ ਹੈ ਇਹ
ਮਟਕ ਰਹੀ ਸਰਕਾਰ
ਗੁਰੂ ਰਾਮ ਸਿੰਘ ਦੇ ਹੁਣ ਪਿੱਛੋਂ
ਕੌਣ ਸਹੇਗਾ ਸਾਡੀ ਮਾਰ

...

"ਰੌਨ ਰੌਨ ਜੇਹਲਾਂ ਭਰੀਆਂ ਗਈਆਂ
ਕਾਲਖ ਵਰਗਾ ਕਾਰਨ ਜਿਸਦਾ
ਇਥੇ ਧਰਮ ਇਨ੍ਹਾਂ ਦਾ ਰੌਚੀਏ

Sri Satguru Jagjit Singh Ji eLibrary NamdhariElibrary@gmail.com

ਇਥੇ ਰਹਿਤ ਜਿਨ੍ਹਾਂ ਦੀ ਲੁੱਟੀਏ
ਇਥੇ ਜ਼ਹਿਰ ਸੋਧ ਤੇ ਮਲੀਏ
ਦੇਖ ਲਵਾਂਗੇ ਕੀ ਕੁਝ ਕਰਦਾ
ਗੁਰੂ ਚੀਨੀ ਅਸਵਾਰ।

...

"ਗੁਰੂ ਧਾਮ ਤੇ ਲੱਗਿਆ ਪਹਿਰਾ
ਟੋਪਾਂ ਵਾਲੇ ਕਰਨ ਪਰੇਟਾਂ
ਕੁਝ ਸਿੱਖਾਂ ਨੂੰ ਬਹਿਣ ਨਹੀਂ ਦੇਣਾ
ਦਿਲਬਰ ਨੂੰ ਦੁੱਖ ਕਹਿਣ ਨਹੀਂ ਦੇਣਾ

....

"ਇਸ ਮੌਸਿਆ ਦੀ ਕਾਲੀ ਰੁੱਤੇ
ਜਦੋਂ ਅਨ੍ਹੇਰੀ ਝਾਗੀ ਉੱਤੇ
ਜਦੋਂ ਧਰਮ ਦੀ ਹੁੰਦੀ ਮਿਣਤੀ
ਜਦੋਂ ਜਬਰ ਦੀਆਂ ਪੈਣ ਜਰੀਬਾਂ
ਇਕ ਸੀ ਜੋਤ ਇਲਾਹੀ ਬੈਠੀ।
ਆਪਣਾ ਤਾਣ ਲਗਾਈ ਜਾਂਦੀ
ਹਰਦਮ ਤਾਰ ਸਿੱਖਾਂ ਨਾ ਛੋਡੀ
ਮਾਲ ਅਮੋਲ ਪੁਜਾਈ ਜਾਂਦੀ
ਹਰ ਦਾ ਦੁੱਖ ਕਲੇਜੇ ਸਹਿ ਕੇ
ਹਰ ਕੇ ਅੰਦਰ ਆਪਾ ਤਹਿ ਕੇ
ਹਰ ਇਕ ਪੀੜ 'ਉਸੇ' ਦੀ ਕਹਿ ਕੇ
ਲੜੀ ਨਾਮ ਦੀ ਆਪੂੰ ਲਾ ਕੇ
ਪਰਮਾਰਥ ਦੀ ਬੁੱਕਲ ਦੇ ਵਿਚ
ਗੁਰੂ ਵੀਰ ਦੀ ਜੋਤ ਜਗੀਦੀ
ਨੇਤਰ ਰਹੇ ਫੁਹਾਰ
ਵਿਚਰ ਰਹੇ ਸੰਸਾਰ
ਗੁਰੂ ਹਰੀ ਅਵਤਾਰ"[34]

ਸ੍ਰੀ ਜੀਵਨ ਨਗਰ ਵਿਚ ਸਤਿਜੁਗ ਦਾ ਸੰਪਾਦਕ ਬਣ ਕੇ ਕਵੀ ਪ੍ਰੀਤਮ ਸਿੰਘ ਜੀ 1957 ਈ. ਵਿਚ ਆਏ ਸਨ। ਨਾਮਧਾਰੀ ਭਾਈਚਾਰੇ ਲਈ ਉਹ ਬਿਪਤਾ ਦਾ ਸਮਾਂ ਸੀ। ਪੰਜਾਬ ਦੀ ਕੈਰੋਂਸ਼ਾਹੀ ਨਾਲ ਟੱਕਰ ਸੀ। ਚੌਧਰੀ ਦੇਵੀ ਲਾਲ ਅਤੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਅਜੇ ਆਪੋ ਵਿਚ ਵਿਗੜੀ ਨਹੀਂ ਸੀ। ਦੋਵੇਂ ਮਿਲ ਕੇ ਕੂਕਾ ਪੰਥ ਦਾ ਹਰ ਬਣਦਾ ਕੰਮ ਵਿਗਾੜਨ ਦੇ ਆਹਰ ਵਿਚ ਸਨ। ਕਚਹਿਰੀ ਪੇਸ਼ ਹੋਣਾ ਜਾਂ ਨਾ ਹੋਣਾ ਇਸੇ ਕਸ਼ਮਕਸ਼ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ। ਦੁੱਖਾਂ ਦੇ ਪਹਾੜ ਟੁੱਟ ਪਏ ਨਾਮਧਾਰੀਆਂ ਤੇ। ਇਸ ਸਮੇਂ 'ਸਤਿਜੁਗ' ਪਰਚੇ ਦੁਆਰਾ ਢਾਰਸ ਬੰਨਾਉਣ, ਧੀਰਜ ਦੇਣ ਅਤੇ ਸਰਕਾਰ ਵਿਰੁੱਧ ਜੂਝਣ ਦੇ ਸੰਕਲਪ ਨੂੰ ਹੋਰ ਪਕੇਰਾ ਕਰਨ ਦਾ ਕੰਮ ਵੀ ਕਵੀ ਜੀ ਨੇ ਆਪਣੀਆਂ ਲਿਖਤਾਂ ਅਤੇ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ, ਗੁਰੂ ਹਰੀ

Sri Satguru Jagjit Singh Ji eLibrary NamdhariElibrary@gmail.com

ਸਿਖ ਅੰਕ, ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਅੰਕ, ਬਸੰਤ ਅੰਕ ਆਦਿ ਦੁਆਰਾ ਕਵੀ ਜੀ ਨੇ ਕੀਤਾ। ਨਵੀਆਂ ਕਲਮਾਂ ਤਰਸ, ਵਿਰਕ ਜਿਹਾਂ ਨੂੰ ਉਤਸ਼ਾਹਿਤ ਕਰਕੇ ਮਾਂਜਿਆ ਸੁਆਰਿਆ। ਆਪਣੇ ਉਸਤਾਦ ਨੂੰ ਕਵੀ ਤਰਸ ਦੀ ਭਾਵਪੂਰਤ ਸ਼ਰਧਾਂਜਲੀ:

"ਜੀਵਨ ਨਗਰ ਦੇ ਜੀਵਨ ਦੇ ਵਿਚ
'ਕਵੀ' ਬਣ ਨਵਜੀਵਨ ਆਇਆ
ਮਾਰੂਥਲ ਇਹ ਧਰਤ ਜਗਾਈ,
ਨਵੀਆਂ ਛੂਹਾਂ ਨਵ-ਉਮੰਗਾਂ
ਇੱਕ ਮਧਰ ਪੁਸ਼ਪ ਮਹਿਕਾਇਆ।
ਗੂੰਜਣ ਲੱਗੀਆਂ ਖੁਸ਼ਕ ਫ਼ਿਜ਼ਾਂ ਵਿਚ
ਅੰਮ੍ਰਿਤ ਭਿੰਨੀਆਂ ਵਾਰਾਂ
ਨੇੜੇ ਨੇੜ ਦਿਆਂ ਦੇਸਾਂ ਵਿਚੋਂ
ਦੂਰ ਦਿਆਂ ਪ੍ਰਦੇਸਾਂ ਵਿੱਚੋਂ,
ਸਭੇ ਜੁੜੀਆਂ ਏਥੇ ਤਾਰਾਂ।

ਧੀਵੀ ਖੁਸ਼ਬੋ ਧਰਤੋਂ ਉੱਠੀ,
ਸ਼ੀਤਲਤਾ ਆਕਾਸ਼ ਤੋਂ ਉੱਠੀ।
ਬਸੰਤ ਦਿਆਂ ਫੁੱਲਾਂ 'ਚੋਂ ਉੱਠੀ,
ਗੁਰੂ ਹਰੀ ਤੇ ਸ੍ਰੀ ਸਿਮਰਤੀ
ਸਤਿਜੁਗ ਦੇ ਪ੍ਰਕਾਸ਼ 'ਚੋਂ ਉੱਠੀ।

ਸੋਚ-ਸੁੱਚ ਤੇ ਸੁੰਦਰ ਸਾਹਿਤ
ਕਵੀ ਜੀਆਂ ਇਕ ਬੂਟਾ ਲਾਇਆ।
ਰੰਗ ਰੰਗਾਂ ਦੇ ਪੰਛੀ ਚਹਿਕੇ
ਚੌਣ ਸੁਫਨੀਆਂ ਛੇੜ ਤਰੰਗਾਂ
ਦੇਸ ਸਾਰੇ ਨੂੰ ਆ ਗਰਮਾਇਆ।"[54]

ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਬਿਰਾਜਮਾਨ ਹੋਏ। ਉਨ੍ਹਾਂ ਦੇ ਛੋਟੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਨੇ ਸਿੱਖ ਸੇਵਕ ਦੀ ਨਿਆਈਂ ਭਰਾਤਾ ਸਤਿਗੁਰੂ ਦੇ ਚਰਨਾਂ ਦਾ ਸਾਥ ਮਾਣਿਆ ਅਤੇ ਇਨ੍ਹਾਂ ਦੇ ਵੀਰਾਂ ਦੇ ਮਿੱਤਰ ਪਿਆਰਿਆਂ ਦੇ ਸਾਥੀਆਂ ਦੇ ਸਖੇ ਸੁਹੇਲਿਆਂ ਦਾ ਸਾਥ ਕਵੀ ਜੀ ਮਾਣ ਰਹੇ ਸਨ:

"ਏਕ ਵੀਰ ਸੇਵਕ ਕੀ ਨਿਆਈ
ਵੀਰ ਵਡੇਰਾ ਸਤਿਗੁਰੂ ਪਿਆਰਾ
ਦੋਹਾਂ ਦਾ ਇਹੋ ਧੁਰੋਂ ਪਛਾਤਾ
ਦੋਵਾਂ ਸੰਗ ਮਿੱਤਰਤਾ ਨਾਤਾ
ਦੋਹਾਂ ਦਾ ਇਸ ਮਾਹੋਂ ਪਸਾਰਾ।"[55]

Sri Satguru Jagjit Singh Ji eLibrary NamdhariElibrary@gmail.com

ਤੇ ਅੰਤਿਮ ਪੰਕਤੀਆਂ ਵਿਚ ਕਵੀ ਜੀ ਦੇ ਸਫ਼ਲ ਜੀਵਨ ਤੇ ਤਰਸ ਹੋਰਾਂ ਕਾਵਿ-ਮੋਹਰ ਲਾ ਦਿੱਤੀ ਹੈ।

ਛੱਡ ਜਾਂਦੇ ਜੋ ਯਾਦਾਂ ਪਿੱਛੇ
ਆਵਣ ਸਫਲਾ ਕਰ ਜਾਂਦੇ ਨੇ।
ਇਹ ਵਿਰਲੀ ਹੈ ਕਾਠ ਦੀ ਬੇੜੀ
ਕਦੇ ਛੇਕ ਜੋ ਪੈਣ ਨਾ ਦਿੰਦੇ
ਭਵ ਸਾਗਰ ਸਭ ਤਰ ਜਾਂਦੇ ਨੇ।"

ਕਵਿਤਾ 'ਕੁੰਦਨ' ਵਿਚ ਤਰਸ ਆਪਣੇ ਪੋਤਰੇ ਕੁੰਦਨ ਨੂੰ ਮੁਖ਼ਾਤਿਬ ਹੋ ਕੇ ਉਸ ਨੂੰ ਉਸ ਦੇ ਪੁਰਖਿਆਂ ਅਤੇ ਕੂਕੇ ਵੀਰਾਂ, ਸ਼ਹੀਦਾਂ, ਮਸਤਾਨਿਆਂ ਦਾ ਇਤਿਹਾਸ ਸੁਣਾ ਕੇ ਉਸ ਨੂੰ ਗਰਵਿਤ ਕਰਦਾ ਹੈ ਤਾਂ ਕਿ ਉਹ ਆਪਣੀਆਂ ਜੜ੍ਹਾਂ ਨਾਲ ਸ਼ਿੱਦਤ ਨਾਲ ਜੁੜਿਆ ਰਹੇ।

"ਕੁੰਦਨ ਤੇਰੀਆਂ ਜੜ੍ਹਾਂ ਪਤਾਲੀਂ
ਵੱਡਿਆ ਹੋ ਤੂੰ ਜਾਣ ਲਵੇਂਗਾ
ਉਸ ਮਿੱਟੀ ਦਾ ਬੀਜ ਹੈਂ ਤੂੰ
ਜਿਸ ਮਿੱਟੀ ਵਿਚ ਤੇਰੇ ਵੱਡੇਰੇ
ਲੰਮੀ ਯਾਤਰਾ ਕਰ ਕੇ ਸੁੱਤੇ
ਜੋ ਮਿੱਟੀ ਸੀ ਧੰਨ ਕਹਾਉਂਦੀ
ਗੁਰੂ ਰਾਮ ਦੀਆਂ ਪਾ ਕੇ ਛੁਹਾਂ
ਹਰ ਸੰਗਰਾਮ ਦਾ ਮੁੱਢ ਇਹ ਨਗਰੀ
ਬਾਰੂਦੋਂ ਧੱਪ ਦਾ ਪਿੰਡ ਜੋ ਭੈਣੀ
ਤੇਰਾ ਪਿੰਡ ਸੀ ਉਸ ਦੀ ਡਿਓੜੀ।"

ਇਸੇ ਪੁਸਤਕ ਵਿਚਲੇ ਕੁਝ ਗੀਤ ਵੀ ਕਵੀ ਨੇ ਬਿਰਹਾ ਦੇ ਰੰਗ ਵਿਚ ਭਿੱਜ ਕੇ ਲਿਖੇ ਹਨ।

"ਜਿੰਦੇ ਨੀ ਸਾਨੂੰ ਗਾਈ ਜਾਣ ਦੇ
ਲਿੱਖੀ ਉਮਰਾ ਦੇ ਲੰਮੇਂ ਲੰਮੇ ਗੀਤ
ਬਿਰਹਾ ਦੀ ਪੀੜ ਬੋਲਦੀ
ਫੇਰਾ ਪੌਣਗੇ ਵਤਨ ਮੇਰੇ ਮੀਤ।"

....

"ਸੁੱਤੇ ਸੁਪਨੇ ਆਈ ਜਗਾਵਣ
ਸੰਘਣੇ ਵਾਂਗੂ ਛਾਵਾਂ
ਧੰਨੇ ਪੋਟਲੀ ਬੁਕਲੀ ਪਾਂਵਾ
ਗੀਤ ਮਿਲੇ ਜੋ ਟਾਵਾਂ
ਚੰਨ ਸੋਹੇਂ ਫਿਰ ਖੁੱਲ੍ਹੇ ਪੋਟਲੀ,
ਰੈਣ ਫਿਰੇ ਸਧਰਾਈ।
ਲਹਰਾ ਪਿੱਪਲਾ ਵੇ
ਮੇਰੀ ਪੀਂਘ ਸਿਖਰ ਤੇ ਆਈ
ਝੂਮ ਝੂਮ ਹਾਂ ਪਿੱਪਲਾ ਵੇ

Sri Satguru Jagjit Singh Ji eLibrary NamdhariElibrary@gmail.com

ਮੇਰੀ ਪੀਂਘ ਸਿਖਰ ਤੇ ਆਈ।"[30]

....

ਧੀਰੇ ਨੀ ਖੁਮਾਰੀਏ ਪੌਂਖੜੀ ਹਲਾ
ਧੀਰੇ ਧੀਰੇ ਅੰਬਰਾ ਵੇ ਤੋਲ
ਧੀਰੇ ਧੀਰੇ ਪੌਣੇ ਸਾਡੀ ਪਾਲਕੀ ਚਲਾ
ਜਾਣਾ ਧੀਰੇ, ਧੀਰੇ ਸੱਜਣਾਂ ਦੇ ਕੋਲ।"[31]

ਇਉਂ ਅਸੀਂ ਵੇਖਦੇ ਹਾਂ ਕਿ ਲੱਗਭਗ ਅੱਧੀ ਸਦੀ ਤੋਂ ਸਾਹਿਤ ਸੇਵਾ ਵਿਚ ਜੁਟਿਆ ਦਲਬੀਰ ਸਿੰਘ ਤਰਸ ਪੰਜਾਬੀ ਦਾ ਇਕ ਸਫਲ ਕਵੀ ਸਿੱਧ ਹੁੰਦਾ ਹੈ। ਉਸ ਦੀ ਕਵਿਤਾ ਤੇ ਬੇਸ਼ਕ ਅੰਗ੍ਰੇਜ਼ੀ ਕਵੀ ਵਾਲਟ ਵਿਟਮੈਨ ਦਾ ਪ੍ਰਭਾਵ ਔਂਗਿਆ ਜਾ ਸਕਦਾ ਹੈ, ਪਰ ਉਸ ਦੀ ਕਵਿਤਾ ਦਾ ਮੁੱਖ ਸੋਮਾ ਗੁਰਬਾਣੀ ਹੈ ਅਤੇ ਗੁਰਬਾਣੀ ਵਿਚੋਂ ਵੀ ਗੁਰੂ ਅਤੇ ਸਿੱਖ ਦੇ ਰਿਸ਼ਤੇ ਨੂੰ ਉਸ ਬੜੀ ਸਜੀਵਤਾ ਨਾਲ ਆਪਣੇ ਕਾਵਿ ਵਿਚ ਰੂਪਮਾਨ ਕੀਤਾ ਹੈ। ਬੈਠਾ ਉਹ ਭਾਵੇਂ ਆਸਟ੍ਰੇਲੀਆ ਵਾਲੀ ਗੋਰਿਆਂ ਦੀ ਧਰਤੀ ਤੇ ਹੈ ਪਰ ਉਸ ਦੇ ਚੇਤਿਆਂ ਵਿਚ ਪੰਜਾਬ ਦੇ ਰੁੱਖ ਬੇਲੇ, ਭੂ ਦ੍ਰਿਸ਼ ਅਤੇ ਇਤਿਹਾਸਕ ਥਾਵਾਂ ਵੱਸਦੀਆਂ ਹਨ। ਆਪਣੇ ਇਤਿਹਾਸ ਨਾਲ ਜੁੜ ਕੇ ਉਸ ਬੜੀਆਂ ਸ਼ਕਤੀਸ਼ਾਲੀ ਕਵਿਤਾਵਾਂ ਲਿਖੀਆਂ ਹਨ। ਉਸ ਦੀ ਕਵਿਤਾ ਸਿੱਧੀ ਸਪਾਟ ਨਹੀਂ ਪਾਠਕ ਇਸ ਦੀਆਂ ਵਾਦੀਆਂ ਵਿਚ ਅਟਕ ਅਟਕ ਕੇ ਤੁਰਦਾ ਹੈ ਪਰ ਜਦੋਂ ਉਸ ਨੂੰ ਕਾਵਿ ਗੁਣ ਅਤੇ ਕਾਵਿ ਰਸ ਦੀ ਅਨੁਭੂਤੀ ਹੁੰਦੀ ਹੈ ਤਾਂ ਫਿਰ ਉਹ ਆਪਣੇ ਪਾਠਕ ਦੀ ਉਂਗਲ ਨੂੰ ਪੀਢੀ ਗੰਢ ਪਾ ਲੈਂਦੀ ਹੈ। ਇਸ ਕਵਿਤਾ ਦਾ ਰੰਗ ਰੂਪ ਵੀ ਗੁਰਬਾਣੀ ਜਿਉਂ ਇਸ ਦਾ ਵਾਰ ਵਾਰ ਪਾਠ ਕਰਨ ਨਾਲ ਨਿੱਖਰਦਾ ਹੈ। ਇਸ ਤਰ੍ਹਾਂ ਦੇ ਗਹਿਰ ਗੰਭੀਰ ਸੂਫ਼ੀ ਰੰਗਣ ਵਾਲੇ, ਮਾਨਵੀ ਸਰੋਕਾਰਾਂ ਨਾਲ ਲੈਸ, ਕਾਵਿ ਨੇ ਪੰਜਾਬੀ ਕਾਵਿ ਜਗਤ ਵਿਚ ਆਪਣੀ ਇਕ ਵਿਸ਼ੇਸ਼ ਜਗ੍ਹਾ ਬਣਾ ਲੈਣੀ ਹੈ, ਅਜਿਹਾ ਮੇਰਾ ਵਿਸ਼ਵਾਸ ਹੈ। ਅਸੀਂ ਆਸ ਰੱਖਾਂਗੇ ਕਿ ਭਵਿੱਖ ਵਿਚ ਵੀ ਦਲਬੀਰ ਸਿੰਘ ਤਰਸ ਆਪਣੇ ਨਿਵੇਕਲੇ ਅੰਦਾਜ਼ ਵਾਲੀ ਵਿਸਮਾਦੀ ਸ਼ਾਇਰੀ ਨਾਲ ਪੰਜਾਬੀ ਪਾਠਕਾਂ ਦੇ ਰੂ-ਬ-ਰੂ ਹੁੰਦੇ ਰਹਿਣਗੇ।

ਫੁੱਟ ਨੋਟ:

1. ਪਰਦੇਸਣ, ਲੁਧਿਆਣਾ 2004 ਈ. ਸਫ਼ਾ 11
2. ਉਪਰੋਕਤ ਸਫ਼ਾ 12
3. ਉਪਰੋਕਤ ਸਫ਼ਾ 13
4. ਉਪਰੋਕਤ ਸਫ਼ਾ 20
5. ਉਪਰੋਕਤ ਸਫ਼ਾ 24
6. ਉਪਰੋਕਤ ਸਫ਼ਾ 34
7. ਲਹਿਰਾਂ, ਲੁਧਿਆਣਾ, 2004, ਸਫ਼ਾ 15
8. ਉਪਰੋਕਤ ਸਫ਼ਾ 23
9. ਉਪਰੋਕਤ ਸਫ਼ਾ 25
10. ਉਪਰੋਕਤ ਸਫ਼ਾ 28
11. ਉਪਰੋਕਤ ਸਫ਼ਾ 30
12. ਉਪਰੋਕਤ ਸਫ਼ਾ 56
13. ਉਪਰੋਕਤ ਸਫ਼ਾ 66

Sri Satguru Jagjit Singh Ji eLibrary NamdhariElibrary@gmail.com

14. ਸਫ਼ਰ, ਲੁਧਿਆਣਾ, 2005 ਈ. ਸਫ਼ਾ 13
15. ਉਪਰੋਕਤ ਸਫ਼ਾ 33
16. ਉਪਰੋਕਤ ਸਫ਼ਾ 15
17. ਉਪਰੋਕਤ ਸਫ਼ਾ 20
18. ਉਪਰੋਕਤ ਸਫ਼ਾ 44
19. ਉਪਰੋਕਤ ਸਫ਼ਾ 64
20. ਸੈਂਚਰੀਜ਼, ਲੁਧਿਆਣਾ, 2004 ਈ. ਸਫ਼ਾ 15-16
21. ਉਪਰੋਕਤ ਸਫ਼ਾ 20
22. ਉਪਰੋਕਤ ਸਫ਼ਾ 33-34
23. ਉਪਰੋਕਤ ਸਫ਼ਾ 55-56
24. ਉਪਰੋਕਤ ਸਫ਼ਾ 117-118
25. ਉਪਰੋਕਤ ਸਫ਼ਾ 62
26. ਉਪਰੋਕਤ ਸਫ਼ਾ 64
27. ਉਪਰੋਕਤ ਸਫ਼ਾ 65
28. ਉਪਰੋਕਤ ਸਫ਼ਾ 73
29. ਉਪਰੋਕਤ ਸਫ਼ਾ 79
30. ਉਪਰੋਕਤ ਸਫ਼ਾ 82
31. ਉਪਰੋਕਤ ਸਫ਼ਾ 111

ਸਤਿਗੁਰੂ ਜਗਜੀਤ ਸਿੰਘ ਪੁਸਤਕਾਲਯ

Sri Satguru Jagjit Singh Ji eLibrary NamdhariElibrary@gmail.com

ਦੇਹ ਵਿਚੋਂ ਅਲੋਪ ਹੋਣ ਦੀ ਸ਼ਾਇਰੀ -''ਤੂੰ ਹੀ ਤੂੰ''
ਰਚਿਤ ਸੁਰਿੰਦਰ ਕੌਰ ਖਰਲ

ਆਪਣੇ ਆਪ ਦੇ ਰੂ-ਬ-ਰੂ ਹੋਣ ਦਾ ਨਾਂ ਹੀ ਕਵਿਤਾ ਹੈ। ਰੂਹ ਦਾ ਪਹਿਰਨ ਜੇ ਕੋਈ ਹੈ ਤਾਂ ਉਹ ਸ਼ਾਇਰੀ ਹੀ ਹੈ। ਸਿਰਜਣਾ ਦੇ ਛਿਣਾਂ ਦਾ ਵਿਸਮਾਦੀ ਰਹੱਸ ਜਿਨ੍ਹਾਂ ਦੀ ਝੋਲੀ ਪੈ ਜਾਂਦਾ ਹੈ ਉਹਨਾਂ ਲਈ ਸਮਾਂ, ਸਥਾਨ, ਸਮਾਜ ਤੇ ਸਰੀਰਾਂ ਦੇ ਹੱਦਾਂ ਬੰਨੇ ਸੌੜੀਆਂ ਕਲਪਣਾ ਤੋਂ ਵੱਧ ਕੁਝ ਨਹੀਂ ਹੁੰਦੇ। ਉਹਨਾਂ ਦੇ ਮੂੰਹੋਂ ਕਿਰਦੇ ਸ਼ਬਦਾਂ ਦੇ ਫੁੱਲਾਂ ਨਾਲ ਆਲਾ ਦੁਆਲਾ ਮਹਿਕ ਉੱਠਦਾ ਹੈ। ਅਨੰਦ ਦੀ ਇਸ ਅਵਸਥਾ ਨੂੰ ਮਾਨਣ ਲਈ ਧਰਤੀ ਵੀ ਉਠ ਕੇ ਬੁੱਕਲ ਮਾਰ ਕੇ ਬੈਠ ਜਾਂਦੀ ਹੈ। ਨਿਜ ਤੇ ਪਰ ਦੇ ਸਾਰੇ ਝੇੜੇ ਮੁੱਕ ਜਾਂਦੇ ਹਨ। ਸੂਖਮ ਕਾਇਆ ਦੁਨਿਆਵੀ ਬੰਧਨਾਂ ਤੋਂ ਮੁਕਤ ਹੋ ਕੇ ਬ੍ਰਹਮੰਡ ਦੀਆਂ ਉਡਾਣਾਂ ਤੇ ਨਿਕਲ ਤੁਰਦੀ ਹੈ। ਇਹ ਸ਼ਾਇਰੀ ਦੀ ਸ਼ਕਤੀ ਹੈ ਕਿ ਜਿਹੜਾ ਸੰਸਾਰ ਉਹ ਰਚਦੀ ਹੈ, ਉੱਥੇ ਥੁੜ੍ਹਾਂ ਹੁੰਦਿਆਂ ਵੀ ਕੋਈ ਥੁੜ੍ਹ ਨਹੀਂ ਜਾਪਦੀ। ਸਭ ਕੁਝ ਪਰੀਪੂਰਣ, ਭਰਿਆ ਪੂਰਾ। ਨਦਰੀ ਨਦਰਿ ਨਿਹਾਲ ਦੀ ਅਵਸਥਾ ਇਸ ਦੀ ਤਰਜਮਾਨੀ ਕਰਦੀ ਹੈ। ਇਸ ਤਰ੍ਹਾਂ ਦੀ ਕਵਿਤਾ ਨੂੰ ਪੜ੍ਹਨ ਸੁਣਨ ਨਾਲ ਰੂਹ ਨੂੰ ਇਕ ਰੱਜ ਪ੍ਰਾਪਤ ਹੁੰਦਾ ਹੈ। ਮਨ, ਘੜੀ ਦੋ ਘੜੀਆਂ ਇਸ ਬਿਆਨੋਂ ਬਾਹਰੀ ਅਲੌਕਿਕ ਦਸ਼ਾ ਦੇ ਵੱਸ ਹੋ ਕੇ, ਆਪਹੁਦਰੀਆਂ ਤੇ ਬੇਨਿਯਮੀਆਂ ਕਰਨ ਤੋਂ ਪ੍ਰਹੇਜ਼ ਕਰਨ ਦਾ ਵੱਲ ਸਿਖਦਾ ਹੈ। ਇਸ ਤਰ੍ਹਾਂ ਦੀ ਗਹਿਰ ਗੰਭੀਰ ਵੀ ਤੇ ਹਲਕੀ ਫੁਲਕੀ ਵੀ ਸ਼ਾਇਰੀ ਦੇ ਦਰਸ਼ਨ ਹੁੰਦੇ ਹਨ ਚਰਚਿਤ ਸ਼ਾਇਰਾ (ਸੁਸ਼ਾ) ਸੁਰਿੰਦਰ ਕੌਰ ਖਰਲ ਦੇ ਦੂਜੇ ਕਾਵਿ ਸੰਗ੍ਰਹਿ "ਤੂੰ ਹੀ ਤੂੰ" ਦਾ ਪਾਠ ਕਰਦਿਆਂ। ਪੰਜਾਬੀ ਕਵਿਤਾ ਦਾ ਅੰਬਰ ਕਿੱਡਾ ਵਿਸ਼ਾਲ ਹੈ, ਇਹ ਪੁਸਤਕ ਉਸਦੀ ਸ਼ਾਹਦੀ ਭਰਦੀ ਹੈ।

ਬੀਬੀ ਖਰਲ ਦੇ ਪਹਿਲੇ ਕਾਵਿ-ਸੰਗ੍ਰਹਿ 'ਬਖ਼ਸ਼ਿਸ਼' ਨੂੰ ਕਵਿਤਾ ਵਿਚ ਇਕ ਨਵੀਂ ਸ਼ੁਰੂਆਤ ਦੱਸਦਿਆਂ ਬਹੁਤ ਸਾਰੇ ਕਾਵਿ ਆਲੋਚਕਾਂ/ਪਾਠਕਾਂ ਨੇ ਉਨ੍ਹਾਂ ਦੀ ਸ਼ਾਇਰੀ ਨੂੰ ਸੰਭਾਵਨਾਵਾਂ ਭਰਪੂਰ ਸ਼ਾਇਰੀ ਕਿਹਾ ਸੀ। ਇਹ ਖ਼ੁਸ਼ੀ ਦੀ ਗੱਲ ਹੈ ਕਿ ਹੱਥਲੀ ਪੁਸਤਕ ਨੇ ਅਜਿਹੇ ਟਿੱਪਣੀਕਾਰਾਂ ਨੂੰ ਨਿਰਾਸ਼ ਨਹੀਂ ਕੀਤਾ। ਹੁੰਦਾ ਇਸ ਤਰ੍ਹਾਂ ਹੈ ਕਿ ਜਦੋਂ ਕੋਈ ਇਕ ਰਚਨਾਕਾਰ ਇਤਿਹਾਸਕਾਰ ਵੀ ਹੋਵੇ, ਕਥਾ ਲੇਖਕ ਵੀ, ਨਿਬੰਧਕਾਰ ਵੀ, ਜੀਵਨੀ ਲੇਖਕ ਵੀ ਅਤੇ ਕਵੀ ਵੀ ਤਾਂ ਕਈ ਵੇਰ ਇਹ ਕਿਆਸ ਕਰ ਲਿਆ ਜਾਂਦਾ ਹੈ ਕਿ ਉਸਦੀਆਂ ਕਰਤਾਰੀ ਸ਼ਕਤੀਆਂ ਏਨੀਆਂ ਵਿਧਾਵਾਂ ਵਿਚ ਵੰਡੀਆਂ ਜਾਣ ਸਦਕਾ, ਸ਼ਾਇਦ ਕਿਸੇ ਇਕ ਵਿਧਾ ਵਿਚ ਆਪਣੀ ਵੱਖਰੀ ਪਹਿਚਾਣ ਸਥਾਪਿਤ ਨਾ ਕਰ ਸਕਣ। ਬੀਬੀ ਖਰਲ ਨੇ ਇਸ ਭਰਮ ਨੂੰ ਤੋੜਿਆ ਹੈ ਅਤੇ ਵਧੀਆ ਵਾਰਤਕ ਲਿਖਾਰੀ ਹੋਣ ਦੇ ਨਾਲ ਨਾਲ ਉਹ ਇਕ ਸਫਲ ਕਵਿੱਤਰੀ ਵੀ ਸਿੱਧ ਹੋਈ ਹੈ।

"ਤੂੰ ਹੀ ਤੂੰ" ਦੀ ਕਵਿਤਾ ਨੂੰ ਸੂਫ਼ੀ ਕਵਿਤਾ ਦੇ ਘੇਰੇ ਵਿਚ ਲਿਆ ਕੇ ਨਿਰਖਿਆ ਪਰਖਿਆ ਜਾ ਸਕਦਾ ਹੈ। ਠੀਕ ਹੈ ਕਿ ਇਹ ਕਵਿਤਾ ਛੰਦਬੱਧ ਨਹੀਂ ਪ੍ਰੰਤੂ ਫਿਰ ਵੀ ਇਸ ਵਿਚ ਇਕ ਰਿਦਮ ਹੈ, ਇਕ ਲੈਅ ਹੈ। ਸ਼ਬਦ ਜੜ੍ਹਤ ਸੁਰ ਤਾਲ ਦੇ ਮੁਤਾਬਿਕ ਚੱਲਦੀ ਹੈ। ਇਕ ਸੰਗੀਤਕਤਾ ਇਹਨਾਂ ਛੋਟੇ ਛੋਟੇ ਕਾਵਿ-ਟੋਟਿਆਂ ਵਿਚੋਂ ਜਨਮ ਲੈਂਦੀ ਹੈ:

"ਨੈਣਾਂ 'ਚ ਅਨੇਕਾਂ ਅਫ਼ਸਾਨੇ,
ਹੋਠਾਂ ਤੇ ਚੁੱਪ ਦਾ ਜਿੰਦਰਾ,
ਦਿਲ 'ਚ ਸਮਰਪਣ ਦੀਆਂ ਧੜਕਣਾਂ
ਆਤਮਾ 'ਚ ਅਣਗਿਣਤ ਫੁੱਲਾਂ ਦੀ ਖ਼ੁਸ਼ਬੋ

Sri Satguru Jagjit Singh Ji eLibrary NamdhariElibrary@gmail.com

ਲੈ ਕੇ
ਮੈਂ ਤੇਰੇ ਦਰ ਤੇ ਆਈ ਹਾਂ।" (ਸਫ਼ਾ 23)

ਸੂਫ਼ੀਆਂ ਦੀ ਕਵਿਤਾ ਦਾ ਕੇਂਦਰਬਿੰਦੂ ਮੁਰਸ਼ਿਦ ਹੁੰਦਾ ਹੈ। ਉਸ ਨਾਲ ਮੇਲ ਮਿਲਾਪ ਦੇ ਹੀਲੇ ਵਸੀਲੇ ਸੋਚੇ ਜਾਂਦੇ ਹਨ। ਉਸਦੀ ਨਿਕਟਤਾ ਜੀਵਨ ਅਤੇ ਉਸ ਤੋਂ ਦੂਰੀ ਮੌਤ ਵਿਖਾਲੀ ਦਿੰਦੀ ਹੈ। ਮੁਰਸ਼ਿਦ ਦੇ ਪ੍ਰੇਮ ਦਾ ਪਾਤਰ ਬਣਨ ਲਈ ਲੋਕ ਲਾਜ ਦੀਆਂ ਹੀਣੀਆਂ ਭਾਵਨਾਵਾਂ ਦਾ ਤਿਆਗ ਕਰਕੇ ਵਡੇਰੇ ਸੰਸਾਰ ਦੇ ਵਾਸੀਆਂ ਨਾਲ ਸਾਂਝ ਪਾਈ ਜਾਂਦੀ ਹੈ। ਦਰਅਸਲ ਇਹ ਮੁਰਸ਼ਦ ਵੀ ਇਸ ਤਰ੍ਹਾਂ ਦਾ ਇਕ ਸੰਪੂਰਨ ਵਿਅਕਤਿਤਵ ਹੁੰਦਾ ਹੈ ਕਿ ਜੋ ਉਸ ਤੱਕ ਪੁੱਜ ਜਾਂਦਾ ਹੈ ਉਸ ਦੇ ਗੁਣਾਂ ਦਾ ਪਰਤੌ ਸਾਧਕ ਵਿਚ ਵੀ ਵੇਖਣ ਨੂੰ ਮਿਲ ਜਾਂਦਾ ਹੈ। ਉਹ ਫਿਰ ਕਿਸੇ ਇਕ ਵਿਅਕਤੀ ਵਿਸ਼ੇਸ਼, ਕਿਸੇ ਇਕ ਫ਼ਿਰਕੇ ਜਾਂ ਜਨ ਸਮੂਹ, ਕਿਸੇ ਵਿਸ਼ੇਸ਼ ਜਾਗੀਰਦਾਰ ਜਾਂ ਸੰਪ੍ਰਦਾਇਕ ਭਾਈਚਾਰੇ ਤਕ ਹੀ ਸੀਮਤ ਨਾ ਹੋਕੇ ਸਮੁੱਚੀ ਲੋਕਾਈ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ। ਉਸਦੀ ਹਸਤੀ ਵਿਸ਼ਾਲ ਬ੍ਰਹਮੰਡ ਦੇ ਇਕ ਕਿਣਕੇ ਦੇ ਸਮਾਨ ਹੁੰਦਿਆਂ ਵੀ ਉਸ ਨਾਲ ਇਸ ਤਰ੍ਹਾਂ ਆਤਮਸਾਤ ਹੋ ਜਾਂਦੀ ਹੈ ਕਿ ਸ੍ਰਿਸ਼ਟੀ ਦੇ ਸਾਰੇ ਦੁਖ ਸੁਖ ਉਸ ਦੇ ਆਪਣੇ ਹੋ ਜਾਂਦੇ ਹਨ। ਉਰਦੂ ਸ਼ਾਇਰ ਦੇ ਮੁਤਾਬਿਕ:

"ਕਾਂਟਾ ਚੁਭੇ ਕਿਸੀ ਕੋ ਤੜਪਤੇ ਹੈਂ ਐ ਮੀਰ ਹਮ,
ਸਾਰੇ ਜਹਾਂ ਕਾ ਦਰਦ ਹਮਾਰੇ ਦਿਲ ਮੇਂ ਹੈ।... (ਮੀਰ ਤਕੀ ਮੀਰ)

ਇਸ ਤਰ੍ਹਾਂ ਦੀਆਂ ਖ਼ੁਸ਼ੀਆਂ ਗ਼ਮੀਆਂ ਦੀਆਂ ਸਾਰੀਆਂ ਸੀਮਾਵਾਂ ਤੋਂ ਪਾਰ ਜਾ ਕੇ ਸ਼ਾਇਰਾ ਕਹਿ ਉੱਠਦੀ ਹੈ

"ਮੈਨੂੰ ਤਾਂ ਹੁਣ ਚੰਗਾ ਲਗਦੈ
ਸਿਰਫ਼ ਗੁੰਮਨਾਮ ਰਹਿਣਾ
ਤੈਨੂੰ ਵੇਖਦਿਆਂ ਰਹਿਣਾ
ਤੇਰੀਆਂ ਯਾਦਾਂ ਸੰਗ ਜੁੜਨਾ
ਲਿਖਣਾ ਤਾਂ ਸਿਰਫ਼ ਤੇਰੇ ਬਾਰੇ
ਗਾਉਣਾ ਤਾਂ ਸਿਰਫ਼ ਤੇਰੇ ਗੀਤ (ਸਫ਼ਾ 19)

ਇਸ ਤਰ੍ਹਾਂ ਦੀ ਕੋਈ ਪ੍ਰੇਮ-ਦੀਵਾਨੀ, ਕੋਈ ਬਿਰਹੋਂ-ਕੁੱਠੀ ਰੂਹ ਹੀ ਮੁਰਸ਼ਿਦ ਦੇ ਮਿਲਾਪ ਲਈ ਤੜਫਦੀ ਹੈ, ਲੱਭਦੀ ਹੈ। ਇਹ ਤਿਲ ਤਿਲ ਕਰਕੇ ਮਰਨਾ ਹੀ ਤਾਂ ਪ੍ਰੇਮੀਆਂ ਦੇ ਹਿੱਸੇ ਆਇਆ ਹੈ। ਉਹਨਾਂ ਨੂੰ ਆਪਣੇ ਹੀ ਹੱਡਾਂ ਦੀ ਅੱਗ ਬਾਲ ਕੇ ਵਿਛੋੜੇ ਦਾ ਸਿਆਲ ਕੱਟਣਾ ਪੈਂਦਾ ਹੈ। ਇਸੇ ਬਿਰਹੇ ਤੋਂ ਸੱਖਣੇ ਤਨ ਨੂੰ ਸ੍ਰੋਮਣੀ ਸੂਫ਼ੀ ਸ਼ਾਇਰ ਫ਼ਰੀਦ ਜੀ ਨੇ ਮਸਾਣ ਦਾ ਵਿਸ਼ੇਸ਼ਣ ਦਿਤਾ ਹੈ। ਸ਼ਾਹ ਹੁਸੈਨ ਮੁਰਸ਼ਿਦ ਦੇ ਵਿਛੋੜੇ ਦੇ ਧੁਖਦੇ ਧੂੰਏਂ ਨੂੰ ਜਦੋਂ ਵੀ ਫੋਲਦਾ ਹੈ ਤਾਂ ਉਸ ਨੂੰ ਲਾਲ (ਭਾਵ ਮਘਦਾ ਹੋਇਆ) ਹੀ ਦਿਸਦਾ ਹੈ। ਬੁੱਲ੍ਹੇ ਸ਼ਾਹ ਆਪਣਾ ਸੱਯਦਪੁਣਾ (ਉੱਚੀ ਜ਼ਾਤ) ਮੁਰਸ਼ਿਦ ਦੇ ਅਰਾਈਂਪੁਣੇ ਤੋਂ ਕੁਰਬਾਨ ਕਰ ਦਿੰਦਾ ਹੈ। ਕਵੀ ਹਾਸ਼ਮ ਨੇ ਵੀ ਵਿਛੋੜੇ ਦੀ ਇਸੇ ਅੱਗ ਨੂੰ ਇਉਂ ਚਿਤਰਿਆ ਹੈ:

"ਆਤਸ਼ ਜਾਣ ਬਿਰਹੁੰ ਦੀ ਆਤਸ਼
ਵਿਚ ਰੋਜ਼ੀ ਖ਼ੂਬ ਪਛਾਤੀ।
ਜਿਹੜੀ ਰੋਜ਼ ਮਿਲੇ ਤਰ ਨਦੀਆਂ
ਪਰ ਸਰਦ ਨਾ ਹੋਵੇ ਛਾਤੀ।
ਉਤਰ ਏਸ ਸੇਜ ਦੇ ਪਾਰੇ,
ਉਹ ਬੈਠ ਖ਼ੂਨ ਵਿਚ ਨਹਾਤੀ।
'ਹਾਸ਼ਮ' ਮੋਇਆਂ ਬਾਝ ਨਹੀਂ ਮਿਲਦਾ
ਅਸਾਂ ਖ਼ੂਬ ਸਹੀ ਕਰ ਜਾਤੀ।"

ਸ਼ਾਇਰਾ ਖ਼ਰਲ ਨੂੰ ਵੀ ਇਹ ਭਾਵਾ ਆਭਾਸ ਹੈ ਕਿ ਉਸ ਨੂੰ ਪਾਉਣ ਵਾਸਤੇ ਬਾਕੀ ਸਭ ਕੁਝ ਗੁਆਉਣਾ ਪੈਂਦਾ ਹੈ। ਉਹ ਆਪਣੀ ਹੋਂਦ ਤੱਕ ਵੀ ਕੁਰਬਾਨ ਕਰਨ ਬਾਰੇ ਸੋਚ ਸਕਦੀ ਹੈ। ਪ੍ਰੰਤੂ ਉਸ ਦਾ ਮੁਰਸ਼ਿਦ ਕੋਈ ਛੋਟੀ ਮੋਟੀ

Sri Satguru Jagjit Singh Ji eLibrary NamdhariElibrary@gmail.com

ਹਸਤੀ ਨਹੀਂ। ਉਹ ਸੂਰਜ ਹੈ, ਸਮੁੰਦਰ ਹੈ, ਹਵਾ ਹੈ, ਰੌਸ਼ਨੀ ਹੈ, ਅਗਨੀ ਹੈ। ਸਮਰਪਣ ਦੀ ਭਾਵਨਾ ਨਾਲ ਮਖ਼ਮੂਰ, ਉਸ ਦੇ ਮੌਲਿਕ, ਨਰੋਏ ਅਤੇ ਸੱਜਰੇ ਕਾਵਿ ਬਿੰਬ ਕਵਿਤਾ ਦੀ ਅਮੀਰੀ ਵਿਚ ਵਾਧਾ ਕਰਦੇ ਹਨ:

"ਤੂੰ ਸੂਰਜ ਹੈਂ
ਮੈਂ ਤੇਰੀ ਤਪਸ਼ ਵਿਚ
ਪਿਘਲ ਕੇ
ਤੇਰੀਆਂ ਕਿਰਨਾਂ ਦੇ
ਪ੍ਰਚੰਡ ਤੇਜ ਵਿਚ ਗੁੰਮ ਹੋ ਜਾਣਾ ਚਾਹੁੰਦੀ ਹਾਂ।
ਤੂੰ ਸਮੁੰਦਰ ਹੈਂ
ਮੈਂ ਇਕ ਤੁਪਕਾ ਬਣ
ਤੇਰੀਆਂ ਲਹਿਰਾਂ ਵਿਚ ਸਮਾਅ
ਤੇਰਾ ਇਕ ਹਿਸਾ ਬਣ ਜਾਣਾ ਚਾਹੁੰਦੀ ਹਾਂ
ਤੂੰ ਹਵਾ ਹੈਂ
ਮੈਂ ਆਪਾ ਗੁਆ
ਇਕ ਅਣੂ ਵਾਂਗ
ਤੇਰੇ ਅੰਦਰ
ਰਚ ਜਾਣਾ ਚਾਹੁੰਦੀ ਹਾਂ।"... (ਸਫ਼ਾ 16)

ਬੁੱਲ੍ਹੇ ਵਾਂਗੂ ਮੁਰਸ਼ਦ ਦੇ ਇਸ਼ਕ ਵਿਚ ਉਹ ਥੱਈਆ ਥੱਈਆ ਕਰਕੇ ਨੱਚ ਰਹੀ ਹੈ। ਸਾਈਂ ਦੇ ਪਿਆਰ ਦਾ ਇਹ ਕੈਸਾ ਜਾਦੂ ਹੈ ਜੋ ਸਿਰ ਚੜ੍ਹ ਕੇ ਬੋਲਦਾ ਹੈ। ਏਥੇ ਆਕੇ ਜਦੋਂ ਇਸ਼ਕ ਦੀ ਸਮਝ ਪੈਂਦੀ ਹੈ ਤਾਂ ਮੈਂ ਅਤੇ ਤੂੰ ਦਾ ਸਾਰਾ ਝਗੜਾ ਹੀ ਮਿਟ ਜਾਂਦਾ ਹੈ। 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ" ਵਾਲੀ ਅਵਸਥਾ ਜਦੋਂ ਤਾਰੀ ਹੋ ਜਾਂਦੀ ਹੈ ਉਦੋਂ ਹੀ ਕਿਸੇ ਕਲਮ ਦੀ ਨੋਕ 'ਤੇ ਇਹੋ ਜਿਹੀਆਂ ਸ੍ਵੈ-ਵਿਵੇਚਨ ਵਾਲੀਆਂ ਤੁਕਾਂ ਆਉਂਦੀਆਂ ਹਨ:

"ਕਦੇ ਕਦੇ ਤਾਂ
ਆਪਾ
ਤੇਰੀਆਂ ਮਿਹਰਾਂ ਦੇ
ਕਾਬਲ ਨਹੀਂ ਲੱਗਦਾ
ਤੇ ਕਦੇ ਕਦੇ
ਤੇਰੇ ਅੰਦਰ ਸਿਮਟਦੀ ਹੋਂਦ
ਤੇਰੇ ਹਾਣ ਦੀ ਹੋ ਰਹਿੰਦੀ ਹੈ।" (ਸਫ਼ਾ 11)

ਕਵਿਤਾ ਜੇ ਆਤਮਾ ਦਾ ਗਹਿਣਾ ਹੈ ਤਾਂ ਇਹ ਮੁਕਤ ਹੋਣ ਦਾ ਹਥਿਆਰ ਵੀ ਹੈ। ਸਾਰੇ ਬੰਧਨਾਂ ਵਿਚੋਂ ਉਹ ਬੰਧਨ ਤੋੜਨੇ ਜ਼ਿਆਦਾ ਕਠਿਨ ਹੁੰਦੇ ਹਨ ਜੋ ਸਾਡੇ ਸ੍ਵੈ ਨੇ ਨਿਰਮਿਤ ਕੀਤੇ ਹੁੰਦੇ ਹਨ। ਹਰ ਸਮਾਜਿਕ ਤਾਣੇ ਪਾਣੇ ਦੀ ਕਾਇਮੀ ਵਾਸਤੇ ਇਕ ਸੁਰੱਖਿਆਤਮਕ ਢਾਂਚਾ ਮੌਜੂਦ ਹੁੰਦਾ ਹੈ। ਕਵਿਤਾ ਇਸ ਢਾਂਚੇ ਨਾਲ ਵੀ ਟਕਰਾਉਂਦੀ ਹੈ ਅਤੇ ਕਦੇ ਕਦੇ ਇਹ "ਪਾਸ਼" ਦੇ ਸ਼ਬਦਾਂ ਵਿਚ ਬੜੀ ਨਿਸੱਤੀ ਵੀ ਹੋ ਜਾਂਦੀ ਹੈ। ਪ੍ਰੌੜ੍ਹ ਕਵੀ ਪ੍ਰ. ਮੋਹਨ ਸਿੰਘ ਹੋਰਾਂ ਨੂੰ ਵੀ ਇਹੋ ਝੋਰਾ ਰਿਹਾ ਸੀ:

"ਸ਼ਸਤਰਬੰਧ ਪ੍ਰਬੰਧ ਨਾਲ ਕਿਵੇਂ ਜੂਝਦੇ
ਸਾਡੇ ਕੋਲ ਤਾਂ ਇਕੋ ਸ਼ਸਤਰ ਛੰਦ ਸੀ।"

ਆਪੇ ਨਾਲ ਜੂਝਣ ਵਾਲੇ ਆਸ਼ਕਾਂ ਸਾਦਕਾਂ ਨੇ ਪ੍ਰਵਾਹ ਕਿਸ ਦੀ ਕੀਤੀ ਹੈ? ਉਹ ਤੇ ਸੂਲੀਆਂ 'ਤੇ ਝੂਟੇ ਲੈਣ ਵਾਲੇ ਮਨਸੂਰ ਹੋਰਾਂ ਦੇ ਕਬੀਲੇ ਦੇ ਲੋਕ ਹੁੰਦੇ ਹਨ। ਉਹਨਾਂ ਦਾ ਡੇਰਾ ਸਿਰ ਤੋਂ ਪਰ੍ਹੇ ਹੁੰਦਾ ਹੈ। ਆਪਣੇ ਪ੍ਰੀਤਮ ਦਾ

Sri Satguru Jagjit Singh Ji eLibrary NamdhariElibrary@gmail.com

ਖਿਆਲ ਹੀ ਉਹਨਾਂ ਨੂੰ ਜਿੰਦਾ ਰੱਖਦਾ ਹੈ। ਜਦੋਂ ਉਹ ਖਿਆਲ ਵਿਸਰਦਾ ਹੈ ਉਹ ਛਿਣ ਉਨ੍ਹਾਂ ਲਈ ਮੌਤ ਤੁੱਲ ਹੁੰਦੇ ਹਨ। ਮੇਲ ਵਸਲ ਦੀਆਂ ਘੜੀਆਂ ਵਿਚ ਸਾਧਕ ਚਾਹੁੰਦਾ ਹੈ ਕਿ ਇਹੋ ਸਥਿਤੀ ਸਦਾ ਬਣੀ ਰਹੇ। ਦੇਹ ਦਾ ਠੀਕਰਾ ਫੁੱਟ ਜਾਵੇ ਏਥੇ ਜਾਂ ਉਥੇ ਕੀ ਫ਼ਰਕ ਪੈਂਦਾ ਹੈ। ਇਸ ਤਰ੍ਹਾਂ ਹੀ ਉਚ ਆਤਮਕ ਮੰਡਲਾਂ ਦੀ ਯਾਤਰਾ ਵਿਚ ਬਦੇਹ ਹੋਣ ਦਾ ਅਨੁਭਵ ਵੀ ਕਵਿਤ੍ਰੀ ਨੇ ਹੰਢਾਇਆ ਹੈ ਜਿਸਦਾ ਬਖ਼ੂਬੀ ਵਰਣਨ ਕਰਨਾ ਵੀ ਹਾਰੀ ਸਾਰੀ ਦੇ ਹਿੱਸੇ ਨਹੀਂ ਆਉਂਦਾ:

ਹਰ ਛਿਣ
ਹਰ ਪਲ
ਹਰ ਥਾਂ
ਤੇਰੀ ਮੌਜੂਦਗੀ ਦੇ
ਅਹਿਸਾਸ ਵਿਚ
ਝੂਮ ਝੂਮ ਉਠਦਾ ਹੈ
"ਮੈਂ" ਗੁਆਚੀ ਗੁਆਚੀ
ਆਨੰਦਤ ਆਨੰਦਤ
ਪਰਤੱਖ-ਅਪਰਤੱਖ
ਤੇਰੇ ਦਰਸ਼ਨਾਂ ਦਾ
ਅੰਮ੍ਰਿਤ ਪਾਨ ਕਰਦਿਆਂ
ਕਦੇ ਕਦੇ
ਦੇਹ ਵਿਚੋਂ ਅਲੋਪ ਹੋ ਜਾਂਦੀ ਹੈ। ...(ਸਫ਼ਾ 26)

ਉਹ ਸੰਘਣੇ ਹਨੇਰੇ ਵਿਚ ਚਾਨਣ ਦੀ ਲੀਕ ਵੇਖਣ ਦੇ ਸਮਰੱਥ ਹੈ। ਉਹ ਮਾਰੂਥਲ ਵਿਚ ਤਪਦੇ ਸੂਰਜ ਦੀ ਅਗਨੀ ਥੱਲੇ, ਲਹੂ ਲੁਹਾਨ ਪੈਰਾਂ ਨਾਲ ਆਪਣੇ ਸਿਰੜ ਨੂੰ ਸਿਰ ਮੱਥੇ 'ਤੇ ਧਰੀ, ਵਾਹੋਦਾਹੀ ਨਿਸ਼ਾਨੇ ਵੱਲ ਜਾ ਰਹੀ ਹੈ। ਅਜਿਹੇ ਸਮੇਂ ਮਿਲਣ ਵਾਲੇ ਬਿਰਛ ਦੀ ਛਾਂ ਸਦਕੇ ਉਹ ਦੁਆਵਾਂ ਨਾਲ ਉਸ ਦੀ ਝੋਲੀ ਭਰ ਸਕਦੀ ਹੈ। ਦਰਦ ਦੇ ਸਮੁੰਦਰ ਨੂੰ ਆਪਣੇ ਪਿੰਡੇ 'ਤੇ ਹੰਢਾ ਕੇ ਇਲਜ਼ਾਮਾਂ ਦੇ ਦਰਿਆ ਦੀ ਅਗਨੀ 'ਚੋਂ ਲੰਘੀ ਹੈ। ਜਦੋਂ ਕੋਈ ਰਹਿਮਤ ਦੀ ਨਜ਼ਰ ਨਸੀਬ ਹੋਈ ਤਾਂ ਆਪਾ ਹੌਲਾ ਫੁੱਲ ਹੋ ਗਿਆ। ਉਹ ਆਪਣੀ ਸਿਰਜਨਾਤਮਕ ਸ਼ਕਤੀ ਲਈ ਵੀ ਉਸੇ ਅਦੁੱਤੀ ਸ਼ਖ਼ਸੀਅਤ ਤੋਂ ਵਾਰਨੇ ਜਾਂਦੀ ਹੈ। ਉਸਦੇ ਖਿਆਲ ਨਾਲ ਮਨ ਬਲਵਾਨ ਹੁੰਦਾ ਹੈ ਅਤੇ ਸਭ ਪਰਿਸਥਿਤੀਆਂ ਸਹਿਜ ਹੋ ਜਾਂਦੀਆਂ ਹਨ। ਆਪਣੀ 'ਮੈਂ' ਨੂੰ ਮਾਰੇ ਬਿਨਾ ਉਸ ਰਹਿਮਤਾਂ ਵੰਡਣ ਵਾਲੇ ਬਖ਼ਸ਼ਿੰਦ ਦੀ ਸੋਝੀ ਨਹੀਂ ਪਾਈ ਜਾ ਸਕਦੀ। ਮੁਰਸ਼ਦ ਦੇ ਪਵਿੱਤਰ ਮੁਖਾਰਬਿੰਦ 'ਚੋਂ ਨਿਕਲੇ ਸ਼ਬਦ, ਉਸ ਲਈ ਗੀਤਾ ਦੇ ਸ਼ਲੋਕ, ਰਾਮਾਇਣ ਦੇ ਦੋਹੇ, ਗ੍ਰੰਥ ਸਾਹਿਬ ਦੇ ਸ਼ਬਦ ਅਤੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਹਨ। ਇਸੇ ਭਾਵ ਦੀ ਤਰਜਮਾਨੀ ਕਦੇ ਸਾਡੇ ਮਹਾਨ ਕਿੱਸਾਕਾਰ ਨੇ ਕੀਤੀ ਸੀ:

ਇਹ ਮਾਇਨੇ ਕੁਰਆਨ ਸ਼ਰੀਫ਼ ਦੇ ਨੇ,
ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੇ।"

ਉਸਦੀ ਹੋਂਦ ਕਦੋਂ ਬਚਪਨ ਵਿਚ ਹੀ ਗੁਆਚ ਗਈ ਸੀ ਜਿਸਨੂੰ ਇਹ ਮੁਰਸ਼ਦ ਇਕ ਘਣਛਾਵੇਂ ਬਿਰਛ ਦੇ ਰੂਪ ਵਿਚ ਮਿਲਿਆ, ਜੋ ਕਦੇ ਪਿਤਾ, ਕਦੇ ਭਾਈ ਤੇ ਹੋਰ ਦੁਨਿਆਵੀ ਰਿਸ਼ਤਿਆਂ ਵਾਂਗ ਮੋਹ ਮੁਹੱਬਤ ਵੰਡਦਾ ਰਿਹਾ। ਇਹ ਸਾਰੀ ਕਵਿਤਾ ਉਸੇ ਨਾਲ ਜੁੜੇ ਰਹਿਣ ਦੀ ਜੋਦੜੀ ਹੈ, ਅਰਜ਼ੋਈ ਹੈ, ਇਕ ਤਰਲਾ ਹੈ। ਇਸੇ ਲਈ ਇਸਨੂੰ ਸਮਰਪਣ ਦੀ, ਸ਼ਰਧਾ ਦੀ, ਵਿਸ਼ਵਾਸ ਦੀ ਸ਼ਾਇਰੀ ਕਿਹਾ ਗਿਆ ਹੈ। ਸਿਦਕ ਅਤੇ ਭਰੋਸੇ ਨੂੰ ਬਲ ਮਿਲਦਾ ਹੈ ਇਸ ਰਚਨਾ ਦੇ ਵਿਚੋਂ ਹੀ ਲੰਘਦਿਆਂ।

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਦਾ ਪਹਿਰੇਦਾਰ - ਸਤਿਜੁਗ

ਸਪਤਾਹਿਕ ਸਤਿਜੁਗ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਦਾ ਪ੍ਰਤੀਨਿਧ ਪਰਚਾ ਹੈ। ਇਸ ਦੇ ਛਪਣ ਸਥਾਨ, ਲਾਹੌਰ, ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ (ਸਿਰਸਾ) ਅਤੇ ਹੁਣ ਦਿੱਲੀ ਹਨ। ਇਸ ਦੇ ਸੰਪਾਦਕਾਂ ਦੇ ਘੇਰੇ ਵਿਚ ਬਹੁਰੰਗੀਆਂ ਸ਼ਖ਼ਸੀਅਤਾਂ ਆਉਂਦੀਆਂ ਰਹੀਆਂ ਹਨ। ਨਾਮਧਾਰੀਆਂ ਦਾ ਪੰਥਕ ਅਖ਼ਬਾਰ ਹੋਣ ਤੋਂ ਇਲਾਵਾ ਸਿੱਖ ਪੁਨਰ-ਜਾਗਰਿਤੀ, ਕੌਮੀ ਮੁਕਤੀ ਅੰਦੋਲਨ ਅਤੇ ਵੰਡ ਬਾਅਦ ਦੇਸ਼ ਦੀ ਨਵ ਉਸਾਰੀ ਵਿਚ ਵੀ ਇਸ ਦਾ ਸਾਰਥਿਕ ਯੋਗਦਾਨ ਰਿਹਾ ਹੈ। ਪੰਜਾਬੀ ਪੱਤਰਕਾਰੀ ਅਤੇ ਵਿਸ਼ੇਸ਼ ਕਰ ਸਾਹਿਤਕ ਪੱਤਰਕਾਰੀ ਦੇ ਇਤਿਹਾਸ ਵਿਚ ਵੀ ਇਸ ਦਾ ਅਨੂਠਾ ਯੋਗਦਾਨ ਹੈ। ਇਸ ਦੀ ਉਮਰ ਵੀ ਦਹਾਕਾ ਕੁ ਘੱਟ ਸਦੀ ਹੋ ਚੱਲੀ ਹੈ। ਪੰਜਾਬੀ ਅਖ਼ਬਾਰਾਂ ਜਾਂ ਪਰਚਿਆਂ ਦੇ ਭਾਗ ਵਿਚ ਏਨੀ ਅਰਬਲਾ ਥੋੜ੍ਹਿਆਂ ਦੇ ਹਿੱਸੇ ਆਈ ਹੈ। ਜਿਉਂ-ਜਿਉਂ ਬਿਰਧ ਹੋਇਆ ਹੈ, ਸਾਧ-ਸੰਤਹੀਣ ਹੋਣ ਦੀ ਥਾਵੇਂ, ਇਸ ਹਿੰਦੀ-ਅੰਗਰੇਜ਼ੀ ਅਤੇ ਰੰਗੀਨ ਫੋਟੋਆਂ ਨੂੰ ਇਕ ਇਕ ਪੰਨਾ ਦੇ ਕੇ, ਨਾਮਧਾਰੀਆਂ ਨੂੰ ਸਾਰੇ ਭਾਰਤ ਅਤੇ ਬਾਕੀ ਸੰਸਾਰ ਵਿਚ ਵੱਸਦੇ ਹੋਣ ਦਾ ਅਹਿਸਾਸ ਕਰਵਾਇਆ ਹੈ। ਵਰਤਮਾਨ ਸੰਪਾਦਕੀ-ਸਮੂਹ ਇਸ ਨੂੰ ਵਿਸ਼ਵੀਕਰਣ ਦੀ ਪ੍ਰਕਿਰਿਆ ਨਾਲ ਇਕਸੁਰ ਕਰਨ ਦੇ ਰੌਂਅ ਵਿਚ ਜਾਪਦਾ ਹੈ। ਭਾਵੇਂ ਇਸ ਦੀ ਇਮਾਰਤ ਦਾ ਬਹੁਤਾ ਵਜ਼ਨ ਇਸਦੇ ਬਲਵਾਨ ਅਤੀਤ ਨੇ ਹੀ ਚੁੱਕਿਆ ਹੈ। ਪੰਜਾਬੀ ਸਾਹਿਤ ਜਗਤ ਅਤੇ ਭਾਈਚਾਰੇ ਦੀਆ ਸਾਰੀਆ ਹੀ ਨਾਮਵਰ ਕਲਮਾਂ ਦਾ ਸਹਿਯੋਗ ਇਸ ਗੁਰੂ-ਪਿਆਰੇ ਪਰਚੇ ਨੂੰ ਮਿਲਦਾ ਰਹਿਣਾ, ਇਸ ਦੇ ਸੰਸਥਾਪਕ ਸਤਿਗੁਰੂ ਪਰਤਾਪ ਸਿੰਘ ਅਤੇ ਵਰਤਮਾਨ ਪ੍ਰਿਤਪਾਲਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਜ਼ਮਤ ਕਰਕੇ ਸੰਭਵ ਹੁੰਦਾ ਰਿਹਾ ਹੈ।

1920 ਈ. ਵਿਚ ਸਤਿਜੁਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬੀ ਪੱਤਰਕਾਰੀ ਦੀ ਸਥਿਤੀ ਕੀ ਸੀ, ਇਸ ਸੰਬੰਧ ਵਿਚ ਅਸੀਂ ਇਕ ਖੋਜੀ-ਵਿਦਵਾਨ ਸ੍. ਜਸਵਿੰਦਰ ਸਿੰਘ ਹਿਸਟੋਰੀਅਨ ਨੂੰ ਉਦਰਿਤ ਕਰਨ ਦੀ ਖ਼ੁਸ਼ੀ ਲਵਾਂਗੇ:

"ਪੰਜਾਬ ਵਿਚ ਪਹਿਲਾ ਅਖ਼ਬਾਰ 1867 ਈ. ਵਿਚ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ' ਸ਼ੁਰੂ ਹੋਇਆ। ਇਸ ਅਖ਼ਬਾਰ ਦੀ ਲਿਪੀ ਤਾਂ ਗੁਰਮੁਖੀ ਸੀ ਪਰ ਭਾਸ਼ਾ ਹਿੰਦੀ ਅਤੇ ਬ੍ਰਿਜ ਰਲਵੀਂ। 'ਅਖ਼ਬਾਰ ਸ੍ਰੀ ਦਰਬਾਰ ਸਾਹਿਬ' ਪੱਥਰ ਦੇ ਛਾਪੇ ਤੇ ਨਿਕਲਦਾ ਸੀ ਅਤੇ ਇਸ ਨੂੰ ਸ਼ੁਰੂ ਕਰਨ ਵਾਲੇ ਸਨ ਮੁਨਸ਼ੀ ਨਰਾਇਣ ਅਤੇ ਦਿਤਾਇਆ ਲਾਲ। ਇਸ ਤੋਂ ਬਾਅਦ ਸ਼ਿਮਲੇ ਤੋਂ 1872 ਈ. ਵਿਚ 'ਸਿਵਲ ਐਂਡ ਮਿਲਟਰੀ ਗਜ਼ਟ' ਸ਼ੁਰੂ ਹੋਇਆ। 1875 ਈ. ਵਿਚ 'ਸਟੇਟਸਮੈਨ' ਨਿਕਲਣਾ ਸ਼ੁਰੂ ਹੋਇਆ ਅਤੇ 1878 ਈ. ਵਿਚ ਸ੍. ਦਿਆਲ ਸਿੰਘ ਮਜੀਠੀਏ ਦੇ ਉਦਮ ਨਾਲ 'ਟ੍ਰਿਬਿਊਨ' ਸ਼ੁਰੂ ਹੋਇਆ, ਲੇਕਿਨ ਪੰਜਾਬੀ ਦਾ ਪਹਿਲਾ ਅਖ਼ਬਾਰ ਪ੍ਰੋ. ਗੁਰਮੁਖ ਸਿੰਘ ਨੇ 1880 ਈ. ਵਿਚ 'ਗੁਰਮੁਖੀ' ਸ਼ੁਰੂ ਕੀਤਾ ਜੋ ਲਗਪਗ ਅੱਠ ਸਾਲ ਚੱਲਦਾ ਰਿਹਾ। ਇਹ ਪ੍ਰੋ. ਗੁਰਮੁਖ ਸਿੰਘ ਕੰਵਰ ਸਿੰਘ ਸਕੀਏ ਸਨ ਅਤੇ ਅੰਗ੍ਰੇਜ਼ਾਂ ਦੇ ਵਫ਼ਾਦਾਰ ਵੀ।

"ਪੰਜਾਬ ਵਿਚ ਪੱਤਰਕਾਰੀ ਦੇ ਇਤਿਹਾਸ ਵਿਚ 1867 ਤੋਂ 1880 ਈ. ਤੱਕ ਦੇ ਸਮੇਂ ਨੂੰ 'ਮੁੱਢਲਾ ਸਮਾਂ' ਮੰਨਿਆ ਜਾਂਦਾ ਹੈ। ਗਿਆਨੀ ਕੁਲਦੀਪ ਸਿੰਘ 'ਪੱਤਰਕਾਰੀ' ਪੁਸਤਕ ਵਿਚ ਲਿਖਦੇ ਹਨ – "ਪੰਜਾਬੀ ਪੱਤਰਕਾਰੀ ਦਾ ਮੁੱਢਲਾ ਸਮਾਂ 1867 ਤੋਂ 1880 ਈ. ਤੱਕ ਦਾ ਹੈ। ਇਸ ਸਮੇਂ ਪੱਥਰ ਦੇ ਛਾਪੇ ਰਾਹੀਂ ਹੀ ਛਪਾਈ ਹੁੰਦੀ ਸੀ। ਮੁਢਲੇ ਅਖ਼ਬਾਰਾਂ ਦਾ ਆਸ਼ਾ ਧਰਮ ਦਾ ਪ੍ਰਚਾਰ ਸੀ। ਰਾਜ ਭਗਤੀ ਜਾਂ ਸਰਕਾਰਪ੍ਰਸਤੀ ਵੀ ਇਨ੍ਹਾਂ ਦਾ ਇਕ ਗੁਣ ਸੀ। ਇਸੇ ਤਰ੍ਹਾਂ 1880 ਤੋਂ 1900 ਈ. ਤੱਕ 20 ਸਾਲ ਦੇ ਸਮੇਂ ਵਿਚ 12 ਸਪਤਾਹਿਕ ਅਤੇ 20 ਮਾਸਕ ਪਤਰ ਸ਼ੁਰੂ ਹੋਏ ਜਿਨ੍ਹਾਂ 'ਚੋਂ ਵਰਨਣਯੋਗ ਨਾਂ ਸਨ - ਖ਼ਾਲਸਾ ਸਮਾਚਾਰ, ਗੁਰਮਤਿ ਪ੍ਰਕਾਸ਼, ਸਿੰਘ ਸਭਾ ਗਜ਼ਟ, ਖ਼ਾਲਸਾ ਅਖ਼ਬਾਰ, ਸੁਧਾਰ

Sri Satguru Jagjit Singh Ji eLibrary NamdhariElibrary@gmail.com

ਪੱਤ੍ਰਿਕਾ, ਨਿਰਗੁਣਿਆਰਾ...

"ਇਸੇ ਤਰ੍ਹਾਂ ਅਗਲੇ ਵੀਹ ਸਾਲ, ਅਰਥਾਤ 1900 ਤੋਂ 1920 ਈ. ਤਕ ਦੇ ਸਮੇਂ ਨੂੰ ਸਪਤਾਹਿਕ, 3 ਪੰਦਰਾ ਰੋਜ਼ਾ, 42 ਮਾਸਕ ਪੱਤਰ ਅਤੇ ਇਕ ਤ੍ਰੈਮਾਸਕ ਪੱਤਰ (ਫੁੱਲਵਾੜੀ) ਸ਼ੁਰੂ ਹੋਏ। ਇਹਨਾਂ ਵਿਚੋਂ ਖ਼ਾਲਸਾ ਸੇਵਕ, ਅੰਮ੍ਰਿਤਸਰ ਪਤ੍ਰਕਾ, ਪੰਥ ਮਿੱਤਰ, ਸੱਚਾ ਢੰਡੋਰਾ, ਬੀਰ, ਸ਼ਹੀਦ ਆਦਿ ਅਖ਼ਬਾਰ ਚਲਕੇ ਛੇਤੀ ਹੀ ਬੰਦ ਹੋ ਗਏ ਪਰ 'ਦੁਖ ਨਿਵਾਰਨ' ਔਖੇ ਤੌਰ ਚੱਲਦਾ ਆਇਆ। ਇਸ ਤੋਂ ਅਗਲੇ ਸਮੇਂ, ਅਰਥਾਤ 1920 ਈ. ਤੋਂ 1935 ਈ. ਤੱਕ ਦੇ ਸਮੇਂ ਵਿਚ ਪੰਜਾਬੀ ਦੇ 23 ਅਖ਼ਬਾਰ ਚਾਲੂ ਹੋਏ। 'ਅਕਾਲੀ' ਅਖ਼ਬਾਰ ਲਗਪਗ ਸਤਿਜੁਗ ਦਾ ਹਾਣੀ ਹੀ ਸੀ ਜੋ ਮਈ 1920 ਈ. ਨੂੰ ਸ਼ੁਰੂ ਹੋਇਆ। ਸਮੇਂ ਦੇ ਹਾਲਾਤ ਕਾਰਨ ਇਸ ਦਾ ਨਾਂ 'ਅਕਾਲੀ ਤੇ ਪ੍ਰਦੇਸੀ' ਵੀ ਹੋ ਗਿਆ।"

ਸਤਿਜੁਗ ਦੇ ਪਰਕਾਸ਼ਨ ਤੋਂ ਪਹਿਲਾਂ ਪੰਜਾਬੀ ਪੱਤਰਕਾਰੀ ਵਿਚ ਦੋ ਵੱਖ ਵੱਖ ਧਾਰਾਵਾਂ ਕ੍ਰਿਆਸ਼ੀਲ ਰਹਿ ਚੁੱਕੀਆਂ ਸਨ। ਪਹਿਲੀ ਧਾਰਾ ਪ੍ਰੋ. ਗੁਰਮੁਖ ਸਿੰਘ ਹੋਰਾਂ ਵਾਲੀ ਸਿੰਘ ਸਭਾ ਲਹਿਰ ਵਾਲੀ ਸੀ। 'ਅੰਮ੍ਰਿਤਸਰ' ਵਿਚ 1873 ਈ. ਵਿਚ ਸਿੰਘ ਸਭਾ ਦੀ ਸਥਾਪਨਾ ਸ੍ਰ. ਠਾਕਰ ਸਿੰਘ ਸੰਧਾਂਵਾਲੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਮਈਆ ਸਿੰਘ, ਭਾਈ ਜਵਾਹਰ ਸਿੰਘ ਆਦਿਕ ਵਿਦਵਾਨ ਸ਼ਾਮਲ ਸਨ। ਕਹਿਣ ਨੂੰ ਤਾਂ ਇਸ ਦੇ ਵੈਰੀ ਕਾਰਨ, ਸਿੱਖ ਧਰਮ ਨੂੰ ਈਸਾਈ ਦਰਪੇਸ਼ ਵੰਗਾਰਾਂ ਸਨ, ਪਰ ਹਕੀਕਤ ਵਿਚ ਸਰਕਾਰ ਅੰਗਰੇਜ਼ੀ ਨੇ ਜਲਾਵਤਨ ਸਤਿਗੁਰੂ ਰਾਮ ਸਿੰਘ ਉਹਨਾਂ ਦੇ ਹੋਰ ਮੁਖੀਆਂ ਅਤੇ ਕੂਕੇ ਸਿੰਘਾਂ ਦਾ , ਆਮ ਸਿੱਖ ਭਾਈ ਚਾਰੇ ਵਿਚ ਵੈਲੇ, ਵਿਆਪਕ ਪ੍ਰਭਾਵ ਨੂੰ ਘੀਣ ਕਰਨ ਲਈ, ਇਸ ਸਭਾ ਦੀ ਰਚਨਾ ਕਰਵਾਈ ਸੀ। ਭਿਰ ਸ੍ਰ. ਠਾਕੁਰ ਸਿੰਘ ਸੰਧਾਂਵਾਲੀਆ, ਸਮਾਂ ਪਾ ਕੇ ਮਹਾਰਾਜਾ ਦਲੀਪ ਸਿੰਘ ਦੀ ਪੰਜਾਬ ਵਾਪਸੀ ਵਾਸਤੇ ਵੀ ਯਤਨਸ਼ੀਲ ਰਹੇ। ਵਲਾਇਤ ਵਿਚ ਜਾ ਕੇ ਮਹਾਰਾਜੇ ਨੂੰ ਈਸਾਈਅਤ ਤੋਂ ਮੁੜ ਸਿੱਖ ਧਰਮ ਵੱਲ ਪਰੇਰਨ ਵਿਚ ਵੀ ਇਸੇ ਵਿਅਕਤੀ ਦੇ ਯਤਨ ਕਾਰਗਰ ਸਨ। ਇਸੇ ਸਭਾ ਵਿਚ ਬਾਬਾ ਖੇਮ ਸਿੰਘ ਬੇਦੀ ਵੀ ਸਨ ਪਰ ਬਾਬਾ ਜੀ, ਭਾਵੇਂ ਉਹ ਗੁਰੂ ਬੰਸ ਵਿਚੋਂ ਸਨ, ਅੰਗਰੇਜ਼ ਸਰਕਾਰ ਤੋਂ ਵਿਸ਼ੇਸ਼ ਸਹੂਲਤਾਂ ਦੇ ਤਲਬਗਾਰ ਹੋਣ ਕਾਰਨ, ਕੋਈ ਵੀ ਗੱਲ ਸਰਕਾਰ ਵਿਰੋਧੀ ਨਹੀਂ ਸਨ ਬਰਦਾਸ਼ਤ ਕਰਦੇ। ਇਸ ਲਈ ਸ੍ਰ. ਠਾਕੁਰ ਸਿੰਘ ਸੰਧਾਂਵਾਲੀਏ ਦੇ ਪਰਭਾਵ ਵਾਲੀ ਅੰਮ੍ਰਿਤਸਰ ਦੀ ਸਭਾ ਦੇ ਮੁਕਾਬਲੇ ਹੀ, 1879 ਈ. ਵਿਚ ਸਿੰਘ ਸਭਾ ਲਾਹੌਰ ਦੀ ਸਥਾਪਨਾ ਹੋਈ। ਇਹ ਵੀ ਇਤਿਹਾਸ ਦੀ ਇਕ ਵਿਡੰਬਨਾ ਸੀ ਕਿ ਕਦੇ ਕੂਕਾ ਲਹਿਰ ਵਿਚ ਸਰਗਰਮ ਰਹੇ ਦੀਵਾਨ ਬੂਟਾ ਸਿੰਘ ਲਹੌਰ ਦੀ ਸਿੰਘ ਸਭਾ ਦੇ ਪਹਿਲੇ ਪਰਧਾਨ ਤੇ ਪ੍ਰੋ. ਗੁਰਮੁਖ ਸਿੰਘ ਇਸ ਦੇ ਸਕੱਤਰ ਬਣੇ।" ਮਹਾਰਾਜਾ ਦਲੀਪ ਸਿੰਘ ਦੇ ਦੇਸ਼ ਨਾ ਪਰਤਣ ਦੇਣ ਦੇ ਸਰਕਾਰ ਦੇ ਫ਼ੈਸਲੇ ਦੇ ਪਿੱਛੇ ਬਾਬਾ (ਖੇਮ ਸਿੰਘ ਬੇਦੀ) ਜੀ ਦਾ ਹੀ ਪ੍ਰਭਾਵ ਸਮਝਿਆ ਗਿਆ।" ਡਾ. ਅਮਰ ਭਾਰਤੀ ਦਾ ਮੱਤ ਹੈ ਕਿ ਅੰਮ੍ਰਿਤਸਰ ਵਾਲੀ ਸਿੰਘ ਸਭਾ ਅੰਗਰੇਜ਼ ਵਿਰੋਧੀ ਵਿਚਾਰਾਂ ਵਿਚ ਜ਼ਿਆਦਾ ਉਗਰ ਸੀ ਜਦੋਂ ਕਿ ਲਹੌਰ ਦੀ ਸਿੰਘ ਸਭਾ ਵਿਚ ਸਰਕਾਰਪ੍ਰਸਤਾਂ ਦੀ ਭਰਮਾਰ ਸੀ। ਮਨੋਰਥ ਦੋਹਾਂ ਦਾ, ਸਿੱਖ ਧਰਮ ਦਾ ਪੰਜਾਬੀ ਭਾਸ਼ਾ ਦਾ, ਪੁਨਰ ਉਥਾਨ ਵੀ ਸੀ, ਢੰਗ ਆਪੋ ਆਪਣਾ ਸੀ, ਪਹਿਲਾ ਤਿੱਖੇ ਟਕਰਾਉ ਵਲ ਜਾਂਦਾ ਰਾਹ ਸੀ, ਦੂਜਾ ਵਲ ਵਲੇਵੇਂ ਮਾਰ ਕੇ ਚਮੜੀ ਬਚਾਉਣ ਵੱਲ। ਜੇ ਸਿੰਘ ਸਭਾ ਦੌਰ ਦੀ ਪੰਜਾਬੀ ਪੱਤਰਕਾਰੀ ਵਿਚ, ਅਤੀਤ ਦੇ ਗੌਰਵ ਨੂੰ ਮਹਿਮਾ ਮੰਡਿਤ ਕਰਨ ਤੋਂ ਇਲਾਵਾ, ਪੇਸ਼ ਕੌਮੀ ਸਿਆਸੀ ਮੁਸ਼ਕਿਲਾਂ ਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ।

ਵੀਹਵੀਂ ਸਦੀ ਦੇ ਮੁੱਢ ਵਿਚ ਜਾਂ ਪਿਛਲੀ ਦੇ ਆਖ਼ਰੀ ਦਹਾਕੇ, ਕੁਝ ਪੰਜਾਬੀ ਰੋਟੀ ਰੋਜ਼ੀ ਦੀ ਤਲਾਸ਼ ਲਈ, ਅਮਰੀਕਾ, ਕੈਨੇਡਾ ਆਦਿ ਨਵੀਆਂ ਧਰਤੀਆਂ 'ਤੇ ਪੁੱਜੇ। ਉੱਥੇ ਉਹਨਾਂ ਨੂੰ ਪਹਿਲਾਂ ਤਾਂ ਦਾਖ਼ਲਾ ਆਸਾਨੀ ਨਾਲ ਮਿਲ ਜਾਂਦਾ ਸੀ, ਪਰ ਹੌਲੀ ਹੌਲੀ ਸਰਕਾਰਾਂ ਨੇ ਆਵਾਸ ਦੇ ਕਾਨੂੰਨ ਸਖ਼ਤ ਬਣਾਉਣੇ ਸ਼ੁਰੂ ਕਰ ਦਿੱਤੇ। ਆਜ਼ਾਦ ਲੋਕਾਂ ਨਾਲ ਵਾਹ ਪੈਣ ਨਾਲ, ਉਹਨਾਂ ਨੂੰ ਗ਼ੁਲਾਮ ਜੀਵਨ ਦੀਆਂ ਦੁਸ਼ਵਾਰੀਆਂ ਦਾ ਹੋਰ ਤੀਬਰ ਅਹਿਸਾਸ ਹੋਇਆ। ਉਹਨਾਂ ਨੇ ਸੰਗਠਨ ਵੀ ਬਣਾਉਣਾ ਸ਼ੁਰੂ ਕੀਤਾ ਅਤੇ ਦੇਸ਼ ਵਿਚ ਆਪਣੇ ਟੀਚੇ ਅੰਗਰੇਜ਼ੀ ਦਮਨ ਤੋਂ, ਹਥਿਆਰਬੰਦ ਹੋ ਕੇ, ਸਿੱਧੀ ਟੱਕਰ ਲੈ ਕੇ, ਮੁਕਤੀ ਹਾਸਲ ਕਰਨ ਦੇ ਮਨੋਰਥ ਲਈ, ਜਨ ਸਮਰਥਨ ਜੁਟਾਉਣ ਲਈ, ਸ਼ਬਦ ਦੀ ਭੂਮਿਕਾ ਤੇ

Sri Satguru Jagjit Singh Ji eLibrary NamdhariElibrary@gmail.com

ਵੀ ਬਲ ਦਿਤਾ। ਇਸ ਮਹਾਨ ਗ਼ਦਰ ਅੰਦੋਲਨ ਨੇ 1 ਨਵੰਬਰ, 1913 ਨੂੰ ਸਾਨਫਰਾਂਸਿਸਕੋ ਤੋਂ 'ਗ਼ਦਰ' ਨਾਮ ਦਾ ਪਰਚਾ ਜੋ ਹਫ਼ਤਾਵਾਰੀ ਸੀ, ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਕੱਢਿਆ। ਇਸ ਦੇ ਅੰਕਾਂ ਵਿਚ ਕਵਿਤਾ ਅਤੇ ਵਾਰਤਕ ਦੁਆਰਾ, ਦੇਸ ਵਿਚ ਗ਼ਦਰ ਮਚਾਉਣ ਦੀਆਂ ਯੋਜਨਾਵਾਂ ਬਾਰੇ, ਦੇਸ਼ ਵਾਸੀਆਂ ਨੂੰ ਟੁੰਬਵੀਆਂ ਅਪੀਲਾਂ ਕੀਤੀਆਂ ਜਾਂਦੀਆਂ ਸਨ। ਇਸ ਤੋਂ ਪਹਿਲਾਂ ਬਾਬੂ ਹਰਨਾਮ ਸਿੰਘ ਕਾਹਰੀ, ਸਾਹਰੀ ਤੇ ਗੁਰੂਦੱਤ ਕੁਮਾਰ ਨੇ ਰਲ਼ ਕੇ ਇਕ ਮਾਹਵਾਰੀ ਪੰਜਾਬੀ ਪਰਚਾ 'ਸੁਦੇਸ਼ ਸੇਵਕ' ਜਨਵਰੀ 1910 ਵਿਚ ਕੱਢਿਆ ਸੀ। ਪਹਿਲੇ ਸਫ਼ੇ ਉੱਤੇ ਮੋਟੇ ਅੱਖਰਾਂ ਵਿਚ ਲਿਖਿਆ ਹੁੰਦਾ – "ਮਰਨ ਭਲਾ ਹੈ ਉਸ ਕੇ ਲੀਏ ਜੋ ਅਪਨੇ ਲੀਏ ਜੀਏ, ਜੀਤਾ ਵੁਹ ਜੋ ਮਰ ਚੁੱਕਾ ਹੋ ਇਨਸਾਨ ਕੇ ਲੀਏ।" ਇਸੇ ਤਰ੍ਹਾਂ ਗ਼ਦਰ ਤੋਂ ਪਹਿਲਾ 'ਸਨਸਾਰ' ਅਖ਼ਬਾਰ ਵੀ ਇਹੋ ਸੁਦੇਸ਼ੀ ਚੇਤਨਾ ਪਰਚੰਡ ਕਰਨ ਦਾ ਕੰਮ ਕਰ ਰਿਹਾ ਸੀ, ਜਿਸ ਨੂੰ ਪਰਵਾਸੀ ਪੰਜਾਬੀ ਛਾਪਦੇ ਸਨ।

ਸਿੰਘ ਸਭਾ ਅਖ਼ਬਾਰਾਂ ਦੀਆਂ 'ਨਿਮਕ ਹਲਾਲ ਨਾਥ ਕਾ ਰਹੀਏ' ਬੇਨਤੀਆਂ ਦੇ ਮੁਕਾਬਲੇ 'ਗ਼ਦਰ' ਦੀ ਯਮਾਲਾਂ ਪਾਉਂਦੀ ਪੰਜਾਬੀ ਵਾਰਤਕ ਦਾ ਨਮੂਨਾ ਵੀ ਵੇਖੀਏ –

"ਆਓ। ਪਿਆਰਿਓ, ਵੇਲਾ ਬੀਤਦਾ ਜਾਂਦਾ ਹੈ। ਦੇਸ਼ ਵਿਚ ਜ਼ੁਲਮ ਦੀ ਹੱਦ ਹੋ ਗਈ ਹੈ। ਸਾਰੀ ਦੁਨਿਆਂ ਤੁਹਾਡਾ ਮੂੰਹ ਵੇਖ ਰਹੀ ਹੈ ਕਿ ਕਦ ਇਹ ਸ਼ੇਰ ਉਠਣ ਤੇ ਤਦ ਅੰਗਰੇਜ਼ਾਂ ਦਾ ਸੱਤਿਆਨਾਸ ਕਰਨ। ਤਨ, ਮਨ, ਧਨ ਨਾਲ ਵਤਨ ਦੀ ਸੇਵਾ ਕਰੋ। ਸਾਰਿਆਂ ਨੂੰ ਗ਼ਦਰ ਦੀ ਖ਼ਾਤਰ ਤਿਆਰ ਕਰ ਲਵੋ। ਕਿਸੇ ਦਿਨ ਕਲਮ ਦੀ ਥਾਂ ਬੰਦੂਕ ਤੇ ਸਿਆਹੀ ਦੀ ਥਾਂ ਲਹੂ ਨਾਲ ਕੰਮ ਹੋਵੇਗਾ। ਇਸ ਗ਼ਦਰ ਦੀ ਖ਼ਾਤਰ ਪ੍ਰਾਰਥਨਾ ਕਰੋ। ਗੱਲ ਕਰੋ ਤਾਂ ਗ਼ਦਰ ਦੀ। ਸੁਫ਼ਨਾ ਦੇਖੋ ਤਾਂ ਗ਼ਦਰ ਦਾ। ਧਨ ਕਮਾਓ ਤਾਂ ਗ਼ਦਰ ਦੀ ਖ਼ਾਤਰ। ਅੰਨ ਖਾਓ ਤਾਂ ਗ਼ਦਰ ਦੀ ਖ਼ਾਤਰ, ਬਸ ਗ਼ਦਰ ਦੇ ਸਿਪਾਹੀ ਬਣ ਜਾਓ (ਅਖ਼ਬਾਰ ਗ਼ਦਰ, 1 ਨਵੰਬਰ 1913)"[74]

ਸਿੰਘ ਸਭਾ, ਚੀਫ਼ ਖਾਲਸਾ ਦੀਵਾਨ ਆਦਿ ਦੀ ਹਮਦਰਦੀ ਨਾ ਕੂਕਾ ਲਹਿਰ ਨਾਲ ਸੀ ਅਤੇ ਨਾ ਹੀ ਗ਼ਦਰ ਲਹਿਰ ਨਾਲ। ਸਿੱਖ ਪੁਨਰ ਜਾਗਰਣ, ਸਿੱਖ ਗੌਰਵ ਦੀ ਬਹਾਲੀ, ਪੰਜਾਬੀ ਭਾਸ਼ਾ ਵਿਚ ਵਿਚਾਰਾਂ ਦਾ ਆਦਾਨ ਪ੍ਰਦਾਨ ਸਿੰਘ ਸਭਾ ਲਹਿਰ ਅਤੇ ਕੂਕਾ ਲਹਿਰ ਦੇ ਜੁੜਵੇਂ ਤੱਤ ਕਹੇ ਜਾ ਸਕਦੇ ਹਨ। ਗ਼ਦਰ ਲਹਿਰ ਵਾਲੇ ਜਿਸ ਤਰ੍ਹਾਂ ਹੁਣ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਤਲਵਾਰ ਦੀ ਧਾਰ 'ਤੇ ਨੱਚਣ ਲਈ ਤਿਆਰ ਸਨ ਇਸੇ ਤਰ੍ਹਾਂ ਹੀ ਕਦੇ ਕੂਕੇ ਮਸਤਾਨੇ ਫਰੰਗੀ ਸਰਕਾਰ ਵਿਰੁਧ ਰਣ ਤੱਤੇ ਵਿਚ ਕੁੱਦੇ ਸਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਿੰਘ ਸਭਾ ਲਹਿਰ ਅਤੇ ਗ਼ਦਰ ਲਹਿਰ ਦੀ ਪੰਜਾਬੀ ਪੱਤਰਕਾਰੀ ਦਾ ਸੰਮਿਲਤ ਪ੍ਰਭਾਵ, ਕੂਕਾ ਲਹਿਰ ਦੀ ਵੀਹਵੀਂ ਸਦੀ ਵਿਚਲੀ ਪੰਜਾਬੀ ਪੱਤਰਕਾਰੀ, ਖ਼ਾਸ ਕਰਕੇ ਸਤਿਜੁਗ ਦੀ ਪੱਤਰਕਾਰੀ ਵਿਚ ਲੱਭਿਆ ਜਾ ਸਕਦਾ ਹੈ।

ਸਤਿਜੁਗ ਦਾ ਪਹਿਲਾ ਸੰਪਾਦਕ ਭਾਈ ਨਿਰੰਕਾਰ ਸਿੰਘ ਚੇਤਨ ਸੀ। ਇਸੇ ਸਮੇਂ ਸੰਤ ਨਿਧਾਨ ਸਿੰਘ ਆਲਮ ਲਾਹੌਰ ਤੋਂ ਹੀ 'ਕੂਕਾ' ਨਾਮ ਦਾ ਪੰਜਾਬੀ ਰੋਜ਼ਾਨਾ ਅਖ਼ਬਾਰ ਕੱਢਦੇ ਰਹੇ ਸਨ। ਪਰ ਇਸਦੇ ਜ਼ਿਆਦਾ ਅੰਕ ਛਪੇ ਹੋਣ ਇਹ ਮਲੂਮ ਨਹੀਂ ਹੁੰਦਾ। ਸਤਿਜੁਗ ਛਾਪਣ ਦਾ ਮਨੋਰਥ ਇਸ ਦਾ ਕਵੀ –ਸੰਪਾਦਕ ਭਾਈ ਨਿਰੰਕਾਰ ਸਿੰਘ ਚੇਤਨ ਪਹਿਲੇ ਅੰਕ ਦੇ ਸਰਵਰਕ 'ਤੇ ਹੀ, ਇਉਂ ਸਪਸ਼ਟ ਕਰ ਦਿੰਦਾ ਹੈ:

ਸਤਿਜੁਗ ਅਖ਼ਬਾਰ ਹੈ ਨਾਮ ਏਹਦਾ,
ਏਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਨਿਜ ਦੇਸ਼ ਤੇ ਧਰਮ ਦੀ ਸੇਵ ਲਈ,
ਬੀੜਾ ਚੁਕਿਆ ਸੰਗਤਾਂ ਪਜਾਰੀਆਂ ਨੇ।
ਏਸ ਕੰਮ ਨੂੰ ਤੋੜ ਨਿਭਾਣ ਲਈ,
ਕਰ ਲੀਤੀਆਂ ਖੂਬ ਤਿਆਰੀਆਂ ਨੇ
ਜਿਸ ਮੋਢਰੇ 'ਤੇ ਭਣ ਜਾਣ ਚੇਤਨ,

Sri Satguru Jagjit Singh Ji eLibrary NamdhariElibrary@gmail.com

ਫੌਜਾਂ ਗੁਰੂ ਦੀਆਂ ਕਦੇ ਨਾ ਹਾਰੀਆਂ ਨੇ।
ਤੋਪ ਨਾਲੇ ਉਡੇ ਕਈ ਚੜ੍ਹੇ ਫਾਸੀ,
ਕਈਆਂ ਕੱਟੀਆਂ ਕੈਦਾਂ ਕਰਾਰੀਆਂ ਨੇ
ਜਿਲਾ-ਵਤਨ ਹੋਏ ਨਜ਼ਰਬੰਦ ਰਹੇ,
ਅਸਾਂ ਤੰਗੀਆਂ ਬਹੁਤ ਸਹਾਰੀਆਂ ਨੇ।
ਉਮਰ ਚੋਰ-ਨਿਗਰਾਨੀਆਂ ਵਿਚ ਗੁਜ਼ੇ,
ਹੋਰ ਕਈ ਪਾਬੰਦੀਆਂ ਭਾਰੀਆਂ ਨੇ।
ਨਿਤ ਪੇਸ਼ ਹੁੰਦੇ ਰਹੇ ਹਾਕਮਾਂ ਦੇ,
ਪਈਆਂ ਬੇੜੀਆਂ ਸਦਾ ਖਵਾਰੀਆਂ ਨੇ।
ਥਾਉਂ ਥਾਂ ਪੁਲਿਸ ਸਾਡੇ ਨਾਉਂ ਲਿਖਦੀ,
ਦੱਸਾਂ ਕੀ ਮੁਸੀਬਤਾਂ ਭਾਰੀਆਂ ਨੇ।
ਸੁਣੀ ਕਿਸੇ ਨਾ ਹਾਲ ਪੁਕਾਰ ਸਾਡੀ,
ਅਸਾਂ ਅਰਜ਼ੀਆਂ ਬਹੁਤ ਗੁਜ਼ਾਰੀਆਂ ਨੇ।
ਅਜੇ ਤੀਕ ਅੱਖਾਂ ਵਿਚ ਰੜਕਨੇ ਹਾਂ,
ਵ੍ਹਾਵ੍ਹਾ ਤੇਰੀਆਂ ਕੁਦਰਤਾਂ ਨਜਾਰੀਆਂ ਨੇ।
ਸਾਡੇ ਬੂਹੇ ਤੋਂ ਪੁਲਿਸ ਨਾ ਉਠਦੀ ਏ,
ਅੱਕ ਗਏ ਹਾਂ ਬਹੁਤ ਲਾਚਾਰੀਆਂ ਨੇ
ਹੁਣ ਸਮੇਂ ਨੇ ਆਣ ਕੇ ਫੇਰ ਖਾਧਾ,
ਗਲਾਂ ਵਿਗੜੀਆਂ ਰੱਬ ਸਵਾਰੀਆਂ ਨੇ
ਨਾਲ ਲਹੂ ਦੇ ਸਿੰਜਿਆ ਬਾਗ ਕੌਮੀ,
ਸਿਖਾਂ ਹਿੰਦੂਆਂ ਮੋਮਨਾਂ ਆਰੀਆਂ ਨੇ।
ਫੁਲ ਖਿੜੇ ਪੰਖੇਰੂ ਚਹਿਕ ਉਠੇ,
ਭੁੱਲ ਗਈਆਂ ਮੁਸੀਬਤਾਂ ਸਾਰੀਆਂ ਨੇ।"[5]

ਇਸ ਵਿਚ ਸੰਪਾਦਕ ਪਰਚੇ ਦਾ ਮਨੋਰਥ ਦੇਸ਼, ਧਰਮ ਦੀ ਸੇਵਾ, ਖੂਨ ਸਨੇ ਪੱਤਰਿਆਂ ਵਾਲੇ ਨਾਮਧਾਰੀ ਇਤਿਹਾਸ ਦਾ ਜ਼ਿਕਰ ਕਰਦਿਆਂ, ਜੱਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਅਦ, ਮੁਲਕ ਦੀ ਸਿਆਸਤ ਵਿਚ ਆਏ ਹਾਂ ਪੱਖੀ ਕੌਮੀ ਉਭਾਰ ਦੀ ਗੱਲ ਤੋਰਦਿਆਂ ਆਜ਼ਾਦੀ ਸੰਗਰਾਮ ਦੇ ਮੁਲਕ ਵਿਚ ਮਜ਼ਬੂਤ ਹੋਣ ਨਾਲ, ਕੂਕਿਆਂ ਦੀਆਂ ਪਿਛਲੀਆਂ ਔਕੜਾਂ ਭੁੱਲ ਜਾਣ ਦੀ ਖੁਸ਼ੀ ਵੀ ਪ੍ਰਗਟ ਕਰਦਾ ਹੈ।

ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਪਿੰਡ ਭਰੂਹੀ ਚੱਕ, ਜ਼ਿਲ੍ਹਾ ਸਿਆਲਕੋਟ ਦੇ ਕਾਹਲੋਂ ਗੋਤ ਦੇ ਕਿਸਾਨ ਪਰਿਵਾਰ ਨਾਲ ਸਬੰਧਿਤ ਸਨ। ਉਹ ਸ਼ੇਖੂਪੁਰੇ ਜ਼ਿਲ੍ਹੇ ਵਿਚ ਪਟਵਾਰੀ ਲੱਗੇ ਹੋਏ ਸਨ। ਨਾਮਧਾਰੀ ਸਾਧੂਆਂ ਦੀ ਸੰਗਤ ਨਾਲ ਵੀਹਵੀਂ ਸਦੀ ਦੇ ਪਹਿਲੇ ਦੋ ਤਿੰਨ ਸਾਲਾਂ ਵਿਚ ਹੀ, ਨਾਮਧਾਰੀ ਬਣੇ। ਫਿਰ ਗੁਰੂ ਹਰੀ ਸਿੰਘ ਜੀ ਦੀ ਸ਼ਖ਼ਸੀਅਤ ਤੋਂ ਐਸੇ ਪ੍ਰਭਾਵਿਤ ਹੋਏ ਕਿ ਉਹਨਾਂ ਦੇ ਹੁਕਮ ਤੇ ਪਟਵਾਰੀ ਦੀ ਨੌਕਰੀ ਛੱਡ ਕੇ ਪੰਥਕ ਪਰਚਾਰ ਵਿਚ ਜੁੱਟ ਗਏ ਸਨ। ਗੁਰਦੁਆਰਾ ਰਕਾਬ ਗੰਜ ਦੇ ਮੋਰਚੇ ਸਮੇਂ 1914 ਈ. ਵਿਚ ਸੰਤ ਜੀ, ਦਿੱਲੀ ਵਿਚ ਜਾ ਕੇ ਪਹਿਲੀ ਵੇਰ ਗ੍ਰਿਫ਼ਤਾਰ ਹੋਏ, ਜਿਸ ਨਾਲ ਸਿੱਖ ਪੰਥਕ ਹਲਕਿਆਂ ਵਿਚ ਛੇਤੀ ਹੀ ਮਸ਼ਹੂਰ ਹੋਏ। ਬਾਅਦ ਵਿਚ ਕਾਂਗਰਸ ਦੇ ਪੰਜਾਬ ਵਿਚ ਸਰਗਰਮ ਕਾਰਕੁੰਨ ਰਹੇ। ਸਰਕਾਰ ਵਿਰੁਧ ਧੂੰਆਂਧਾਰ ਪਰਚਾਰ ਕਰਦੇ ਅਤੇ ਕਲਮ ਨੂੰ ਵੀ ਇਸੇ ਸੁਰ ਵਿਚ ਵਰਤਦੇ।

Sri Satguru Jagjit Singh Ji eLibrary NamdhariElibrary@gmail.com

ਇਸ ਲਈ ਉਹਨਾਂ ਦਾ ਇਕ ਪੈਰ ਜਿਹਲ ਵਿਚ ਤੇ ਇਕ ਬਾਹਰ ਹੁੰਦਾ। ਉਹਨਾ ਦੇ ਅੰਦਰ ਜਾਣ ਨਾਲ ਅਖ਼ਬਾਰ ਬੰਦ ਹੋ ਜਾਂਦਾ। ਕਿਉਂਕਿ ਚੇਤਨ ਜੀ ਦੇ ਨਾਲ ਸਤਿਜੁਗ ਦਾ ਜ਼ਿਆਦਾ ਲਿਖਣ ਕਾਰਜ ਸੰਤ ਮੰਗਲ ਸਿੰਘ ਕਰਦੇ ਸਨ।

ਫਿਰ ਸੰਤ ਨਿਧਾਨ ਸਿੰਘ ਆਲਮ ਪ੍ਰਸਿੱਧ ਨਾਮਧਾਰੀ ਵਿਦਵਾਨ, ਪਰਚਾਰਕ ਤੇ ਸਿਧਾਂਤਕਾਰ, ਸੰਪਾਦਕ ਸਤਿਜੁਗ ਬਣੇ। ਪਰ ਕੌਮੀ ਅੰਦੋਲਨ ਵਿਚ ਉਹਨਾਂ ਦੀਆਂ ਆਦਤਾਂ ਵੀ 'ਫਤੂਹੀ ਚੱਕੀਏ', ਜਿਸਨੂੰ 'ਅਰਸ਼ੀ ਫ਼ਰਿਸ਼ਤਾ' ਵੀ ਕਹਿੰਦੇ ਸਨ, ਵਾਲੀਆਂ ਹੀ ਸਨ। ਆਲਿਮ ਜੀ ਵੀ ਕਦੇ ਜਿਹਲ ਵਿਚ ਤੇ ਕਦੇ ਬਾਹਰ ਹੁੰਦੇ। ਸੋ ਮੁੱਢਲੇ ਪੰਜ ਛੇ ਸਾਲ ਸਤਿਜੁਗ ਵੀ ਆਪਣੇ ਪਾਠਕਾਂ ਨਾਲ ਲੁਕਣਮੀਟੀਆਂ ਖੇਡਦਾ ਰਹਿੰਦਾ ਸੀ। ਸਰਕਾਰ ਅੰਗਰੇਜ਼ੀ ਤਾਂ ਇਸ ਦੀ ਵਿਰੋਧੀ ਸੀ ਹੀ, ਨਵਾਂ ਉਭਰਿਆ ਅਕਾਲੀ ਅੰਦੋਲਨ ਵੀ ਨਾਮਧਾਰੀਆਂ ਦੇ ਦੇਹਧਾਰੀ ਗੁਰੂ ਵਾਲ ਪੈਂਤੜੇ ਸਦਕਾ, ਇਸ ਪਰਚੇ ਨੂੰ ਪੰਜਾਬ ਸਰਕਾਰ ਤੋਂ ਬੰਦ ਕਰਵਾਉਣ ਲਈ ਕੋਈ ਨਾ ਕੋਈ ਬਹਾਨਾ ਘੜ ਲੈਂਦਾ। ਇਹ ਰੋਜ਼ ਰੋਜ਼ ਦੀਆਂ ਦੁਸ਼ਵਾਰੀਆਂ ਨੂੰ ਮੁੱਖ ਰੱਖ ਕੇ ਸਤਿਗੁਰੂ ਪਰਤਾਪ ਸਿੰਘ ਜੀ, ਜਿਹਨਾਂ ਦੇ ਛੋਟੇ ਭਾਈ ਮਹਾਰਾਜ ਗੁਰਦਿਆਲ ਸਿੰਘ ਦੇ ਖ਼ੁਆਬਾਂ ਦੀ ਤਾਮੀਰ ਹੀ ਇਹ ਅਖ਼ਬਾਰ ਸੀ, 1927-28 ਈ. ਵਿਚ ਇਸਨੂੰ ਭੈਣੀ ਸਾਹਿਬ ਲੈ ਆਏ। ਹੁਣ ਇਸ ਦਾ ਸੰਪਾਦਕ ਉੱਭਰਦਾ ਪ੍ਰਤਿਭਾਵਾਨ ਨਾਮਧਾਰੀ-ਸਾਹਿਤਕਾਰ, ਸੰਤ ਇੰਦਰ ਸਿੰਘ ਚੱਕਰਵਰਤੀ ਥਾਪਿਆ ਗਿਆ। ਨੌਜੁਆਨ ਉਤਸ਼ਾਹੀ ਲੇਖਕ 'ਚੱਕਰਵਰਤੀ' ਸਤਿਜੁਗ ਦੇ ਮੁੱਖ ਪਰੇਰਣਾ ਸਰੋਤ, ਮਹਾਰਾਜ ਗੁਰਦਿਆਲ ਸਿੰਘ ਜੀ ਦੀ ਨਿਕਟਤਾ ਵਿਚ ਸੀ ਅਤੇ ਦੋਹਾਂ ਸੱਜਣਾਂ ਨੇ ਨਾਮਧਾਰੀ ਪੰਥ ਦੇ ਗੌਰਵਸ਼ਾਲੀ ਇਤਿਹਾਸ ਨੂੰ ਪੰਜਾਬੀ ਪਾਠਕਾਂ ਤਕ ਪਹੁੰਚਾਉਣ ਲਈ ਲੱਕ ਬੰਨ੍ਹ ਲਿਆ। ਹੁਣ ਤੱਕ ਕੌਮੀ ਅੰਦੋਲਨ ਵੀ ਜ਼ੋਰ ਫੜ ਚੁੱਕਾ ਸੀ। ਲਾਹੌਰ ਰਾਵੀ ਦੇ ਕੰਢੇ ਕੌਮੀ ਤੇ ਕੌਮਾਂਤਰੀ ਹਾਲਤਾਂ ਕਾਰਨ ਕਾਂਗਰਸ ਨੂੰ, ਆਪਣੇ ਸਲਾਨਾ ਸੰਮੇਲਨ ਵਿਚ, ਮੁਕੰਮਲ ਆਜ਼ਾਦੀ ਦਾ ਮਤਾ ਪਾਸ ਕਰਨਾ ਪੈ ਗਿਆ। ਦੇਸ਼ ਦੇ ਨਵਯੁਵਕ ਅਤੇ ਹੋਰ ਚੁੰਗ ਗਰਦ, ਖੇਤਾਂ ਅਤੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੇ ਵੀ, ਸਾਮਰਾਜੀ ਲੁੱਟ ਅਤੇ ਦਮਨ ਵਿਰੁੱਧ ਉਠ ਖੜੇ ਹੋਏ। ਇਸੇ ਸਮੇਂ 1928 ਈ. ਦੀ ਆਖ਼ਰੀ ਤਿਮਾਹੀ ਵਿਚ ਮਹਾਰਾਜ ਗੁਰਦਿਆਲ ਸਿੰਘ ਆਪਣਾ 31-32 ਸਾਲ ਦਾ ਜੀਵਨ ਪੂਰਾ ਕਰਕੇ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਇਸ ਵੱਡੇ ਵਿਗੋਚੇ ਨੂੰ ਸਾਹਿਤਕਾਰ ਚੱਕਰਵਰਤੀ ਨੇ ਇਕ ਵੰਗਾਰ ਵਜੋਂ ਲਿਆ ਅਤੇ ਇਸ ਦਾ ਨਤੀਜਾ ਸੀ 22 ਮਾਘ 1986 ਬਿਕਰਮੀ ਮੁਤਾਬਿਕ 1930 ਈ. ਨੂੰ ਸ੍ਰੀ ਭੈਣੀ ਸਾਹਿਬੋਂ ਪ੍ਰਕਾਸ਼ਿਤ ਹੋਣ ਵਾਲਾ ਸਤਿਜੁਗ ਦਾ ਪਹਿਲਾ 'ਬਸੰਤ ਅੰਕ'। ਇਸ ਅੰਕ ਦੇ ਛਪਣ ਨਾਲ ਹੀ ਪੰਜਾਬੀ ਸਾਹਿਤਕ ਜਗਤ ਵਿਚ ਸਤਿਜੁਗ ਨਾਮਧਾਰੀ ਪਰਚਾ ਅਤੇ ਇਸ ਦਾ ਸੰਪਾਦਕ ਚੱਕਰਵਰਤੀ ਰਾਤੋ-ਰਾਤ ਮਕਬੂਲ ਹੋ ਗਏ। ਚੱਕਰਵਰਤੀ ਜੀ ਨੇ, ਭਾਈ ਕਾਹਨ ਸਿੰਘ ਨਾਭਾ ਦੇ ਹੁਕਮ ਮੁਤਾਬਿਕ, ਇਸ ਅੰਕ ਵਿਚ 91 ਵੱਡੇ ਸਫ਼ਿਆਂ ਤੇ ਫੈਲਿਆ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਜਨਮ ਸ਼ਤਾਬਦੀ ਜਾਂ ਸਤਿਗੁਰੂ ਜਗਜੀਤ ਸਿੰਘ ਦੀ ਗੱਦੀ-ਨਸ਼ੀਨੀ ਦੇ 40-50 ਸਾਲ ਪੂਰੇ ਹੋਣ ਤੇ ਇਹਨਾਂ ਸਤਿਗੁਰੂ ਸਾਹਿਬਾਨ ਨਾਲ ਸਬੰਧਿਤ ਵਿਸ਼ੇਸ਼ ਅੰਕ ਛਾਪੇ ਗਏ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਬਾਅਦ, ਕੁਝ ਸਾਲਾਨਾ ਅੰਕ ਉਹਨਾਂ ਦੀ ਯਾਦ ਵਿਚ ਵਡਮੁੱਲੀ ਸਮੱਗਰੀ ਲੈ ਕੇ ਹਾਜ਼ਰ ਹੁੰਦੇ ਰਹੇ ਹਨ। ਸਤਿਜੁਗ ਦਾ 1959 ਈ. ਵਿਚ ਛਪਿਆ ਸ਼ਰਧਾਂਜਲੀ ਅੰਕ ਹੀ ਇਕ ਇਤਿਹਾਸਕ ਦਸਤਾਵੇਜ਼ ਹੋ ਨਿਬੜਿਆ ਹੈ। ਉਪਰੋਕਤ ਅੰਕ ਅਤੇ ਸਤਿਜੁਗ ਦਾ 'ਸਿਆਮ ਅੰਕ' ਅਤੇ 'ਗੁਰੂ ਹਰੀ ਸਿੰਘ ਅੰਕ' ਇਸ ਦੇ ਅਤੀ ਕ੍ਰਿਆਸ਼ੀਲ, ਅਗਰਗਾਮੀ ਸੋਚ ਵਾਲੇ, ਸੰਪਾਦਕ, ਪਰਸਿੱਧ ਲੇਖਕ, ਸ੍ਰੀ ਪ੍ਰੀਤਮ ਸਿੰਘ 'ਕਵੀ' ਦੀਆਂ ਵੱਡੀਆਂ ਪਰਾਪਤੀਆਂ ਕਹੀਆਂ ਜਾ ਸਕਦੀਆਂ ਹਨ। ਇੰਦਰ ਸਿੰਘ ਚੱਕਰਵਰਤੀ ਅਤੇ ਪ੍ਰੀਤਮ ਸਿੰਘ ਕਵੀ ਦੋਵੇਂ ਗੁਰੂ-ਚੇਲਾ ਵੀ ਸਨ। ਸ਼ਾਇਦ ਇਸੇ ਕਾਰਨ ਸਤਿਜੁਗ ਦੀ ਸੰਪਾਦਨਾ ਵਿਚ ਅੱਜ ਤੱਕ ਕੋਈ ਤੀਜਾ ਨਾਂ ਇਹਨਾਂ ਦੀ ਸਾਹਿਤਕ ਬੁਲੰਦੀ ਨੂੰ ਛੋਹ ਨਹੀਂ ਸਕਿਆ। ਭਾਵੇਂ ਘਾਲਣਾ ਅਤੇ ਲੰਮੀ ਸੇਵਾ ਦੇ ਪੱਖੋਂ ਮਾਸਟਰ ਨਿਹਾਲ ਸਿੰਘ, ਪ੍ਰੀਤਮ ਸਿੰਘ ਪੰਛੀ, ਮੰਗਲ ਸਿੰਘ ਲਾਇਲਪੁਰੀ, ਰਜਿੰਦਰ ਸਿੰਘ ਸਿੰਘ ਗੁਰੂ-ਸਰ, ਆਤਮਾ ਸਿੰਘ ਸਨਖੱਤਰਾ ਅਤੇ ਤਾਰਾ ਸਿੰਘ ਅਨਜਾਣ ਆਦਿਕ ਵੀ ਇਸ ਖੇਤਰ ਵਿਚ ਜਾਣੇ ਪਛਾਣੇ ਅਤੇ ਬੜੇ ਅਦਬ ਨਾਲ ਲਏ ਜਾਣ ਵਾਲੇ ਨਾਂ ਹਨ। ਅਲਪ ਅਵਧੀ ਲਈ ਸਵਾਮੀ ਸ਼ਰਧਾ ਨੰਦ, ਪ੍ਰਸਿੱਧ

Sri Satguru Jagjit Singh Ji eLibrary NamdhariElibrary@gmail.com

ਵਿਦਵਾਨ ਡਾ. ਅਮਰ ਭਾਰਤੀ, ਆਤਮਾ ਸਿੰਘ ਜੰਰਲ, ਸੁਵਰਨ ਸਿੰਘ ਸਨੇਹੀ, ਗੁਰਭਜਨ ਸਿੰਘ ਨਾਮਧਾਰੀ ਅਤੇ ਸੰਤੋਖ ਸਿੰਘ ਸਾਜਨ ਵੀ ਇਸਦੇ ਸੰਪਾਦਕ ਰਹੇ ਸਨ। ਚੱਕਰਵਰਤੀ ਅਤੇ ਪ੍ਰੀਤਮ ਸਿੰਘ ਕਵੀ ਦਾ ਸੰਪਾਦਨ-ਕਾਲ, ਇਕ ਇਕ ਦਹਾਕੇ ਤੋਂ ਵੱਧ ਦੋਹਾਂ ਦਾ ਬਣਦਾ ਸੀ, ਹੁਣ ਇਹ 1992 ਈ. ਤੋਂ ਸ੍ਰੀ ਜੀਵਨ ਨਗਰ ਦੀ ਥਾਵੇਂ ਦੇਸ਼ ਦੀ ਰਾਜਧਾਨੀ ਦਿਲੀ ਤੋਂ ਛਪਣਾ ਸ਼ੁਰੂ ਹੋ ਚੁਕਾ ਹੈ। ਇਸਦੇ ਪਹਿਲੇ ਸੰਪਾਦਕ ਨਿਰੰਕਾਰ ਸਿੰਘ ਚੇਤਨ ਦੀਆ ਕੁਝ ਬੇਹਤਰੀਨ ਕਵਿਤਾਵਾਂ ਅਤੇ ਲੇਖਾਂ ਤੋਂ ਇਲਾਵਾ ਉਸ ਬਾਰੇ ਹੋਰ ਕੋਈ ਵੀ ਜਾਣਕਾਰੀ, ਵਿਸਮ੍ਰਿਤੀ ਦੇ ਗਰਭ ਵਿਚ ਚਲੀ ਗਈ ਹੈ। ਇਸ ਤਰ੍ਹਾਂ ਸਵਾਮੀ ਸ਼ਰਧਾਨੰਦ ਜੋ 1941 ਈ. ਵਿਚ ਸਤਿਜੁਗ ਦੇ ਸੰਪਾਦਕ ਰਹੇ ਕੋਈ ਤੁਰਦੇ ਫਿਰਦੇ ਸੰਨਿਆਸੀ ਸਨ, ਜੋ ਭੈਣੀ ਸਾਹਿਬ ਆ ਟਿਕੇ ਸਨ।

ਪ੍ਰੀਤਮ ਸਿੰਘ ਪੰਛੀ ਨਾਮਧਾਰੀ ਵਿਦਿਆਲਾ ਭੈਣੀ ਸਾਹਿਬ ਦੇ ਪ੍ਰੀਤਮ ਸਿੰਘ ਕਵੀ ਵਾਂਗ ਹੀ ਵਿਦਿਆਰਥੀ ਸਨ। ਲਿਖਣ ਦਾ ਸ਼ੌਕ ਬਚਪਨ ਤੋਂ ਸੀ, ਉਹ ਵੀ ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਹੀ ਲਿਖਣ ਕਲਾ ਦਾ ਉਸਤਾਦ ਮੰਨਦੇ ਸਨ। ਪੇਸ਼ੇ ਵਜੋਂ ਅਧਿਆਪਕ ਮਾਸਟਰ ਨਿਹਾਲ ਸਿੰਘ ਨੇ 1945 ਈ. ਤੋਂ 1953 ਈ. ਤੱਕ ਇਸ ਦਾ ਸੰਪਾਦਨ ਕੀਤਾ। ਉਹ ਬਹੁ ਵਿਧਾਵੀ ਲੇਖਕ ਵੀ ਸਨ ਅਤੇ ਪੰਥਕ ਪਰਚਾਰ ਦੇ ਜਜ਼ਬੇ ਨਾਲ ਓਤਪੋਤ ਸ਼ਖ਼ਸੀਅਤ ਵੀ। ਮੰਗਲ ਸਿੰਘ ਲਾਇਲਪੁਰੀ 1954 ਈ. ਤੋਂ 1956 ਈ. ਤੱਕ ਇਸ ਦੇ ਸੰਪਾਦਕ ਰਹੇ। ਉਹ ਵੀ ਇਕ ਲਟ ਲਟ ਬਲਦੀ ਆਤਮਾ ਸਨ, ਜੋ ਆਪਣੇ ਪੰਥ ਦਾ ਔਖਤਾਂ ਦਾ ਪਛਤੇਵਾਂ ਦੂਰ ਕਰਨ ਲਈ ਜੁੱਟੇ ਰਹਿੰਦੇ। ਸੁਵਰਨ ਸਿੰਘ ਸਨੇਹੀ ਤੇ ਗੁਰਭਜਨ ਸਿੰਘ ਨਾਮਧਾਰੀ(ਪਿੰਡ ਸੰਤ ਨਗਰ) ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਜੀ ਸਕੱਤਰ ਹੋਣ ਦੇ ਨਾਲ ਨਾਲ, ਕੁਝ ਕੁਝ ਮਹੀਨੇ ਹੀ ਇਹ ਜ਼ਿੰਮੇਵਾਰੀ ਨਿਭਾਉਣੀ ਪਈ ਸੀ। ਸੰਤੋਖ ਸਿੰਘ ਸਾਜਨ (ਸੰਤ ਨਗਰ) ਗੈਰ ਤਰਕ ਸਿੰਘ ਵਹਿਮੀ ਦਾ ਚੇਲਾ ਸੀ, ਬੁਨਿਆਦੀ ਤੌਰ ਤੇ ਕਵੀ ਸੀ ਪਰ ਕੁਝ ਸਮਾਂ ਵਾਰਤਕ ਦੇ ਕਈ ਰੂਪਾਂ 'ਤੇ ਹੱਥ ਅਜ਼ਮਾਈ ਕਰਦਾ ਰਿਹਾ। ਰਜਿੰਦਰ ਸਿੰਘ ਗੁਰੂਸਰ 1954 ਤੋਂ 1957 ਈ. ਤੱਕ ਅਬੋਹਰ ਮਲੋਟ ਦੇ ਵਿਚਾਲੇ ਜਿਹੇ ਆਪਣੇ ਪਿੰਡ ਤੋਂ ਹੀ ਇਸ ਦੀ ਸੰਪਾਦਨਾ ਕਰਦਾ ਰਿਹਾ। ਉਸ ਨੇ ਸਤਿਜੁਗ ਨੂੰ ਮਾਸਕ ਪੱਤਰ ਦਾ ਰੂਪ ਦੇ ਕੇ, ਸਾਂਝਾ ਪੰਨਾ ਵੀ ਬਣਾਇਆ ਅਤੇ ਉਸ ਦੀਆਂ ਯਾਦਗਾਰੀ ਲਿਖਤਾਂ ਇਤਿਹਾਸਕਤਾ ਅਤੇ ਰੌਚਕਤਾ ਦਾ ਰੰਗ ਸਮੇਟੀ ਰੱਖਦੀਆਂ ਸਨ। 2010 ਬਿਕ੍ਰਮੀ ਦੇ 'ਬਸੰਤ ਅੰਕ' ਵਿਚ 1992 ਬਿਕ੍ਰਮੀ ਦੇ ਜਬਤਸ਼ੁਦਾ ਅੰਕ ਦੇ ਮੁਖ ਲੇਖ, ਕੁਝ ਕਵਿਤਾਵਾਂ ਅਤੇ ਤਸਵੀਰਾਂ ਦੁਬਾਰਾ ਛਾਪਕੇ, ਇਸ ਨਾਲ ਪਾਠ ਅੰਕ ਜੋੜ ਕੇ ਇਹਨੂੰ ਇਕ ਯਾਦਗਾਰੀ ਅੰਕ ਬਣਾ ਦਿਤਾ। ਰਜਿੰਦਰ ਸਿੰਘ ਦੁਆਰਾ ਹੀ ਸੰਪਾਦਿਤ 2013 ਬਿਕ੍ਰਮੀ ਦਾ ਬਸੰਤ ਅੰਕ ਸੰਤ ਕਿਸ਼ਨ ਸਿੰਘ ਹਿਸਟੋਰੀਅਨ ਦੀ ਖੋਜ ਸਦਕਾ, ਤੇ ਸੰਪਾਦਕ ਦੀ ਲਿਖਤ ਦੀ ਮਿਹਨਤ ਨਾਲ ਕੂਕਿਆਂ ਦੇ ਲੋਕ ਸਾਹਿਤ ਦਾ ਭੰਡਾਰ ਬਣ ਗਿਆ। ਆਤਮਾ ਸਿੰਘ ਜਲਧਰਾ ਨੇ 1968 ਈ. ਤੋਂ 1991 ਈ. ਤੋਂ ਲੰਮਾ ਸਮਾਂ ਇਹ ਸੇਵਾ ਪੰਥਕ ਪਰਚਾਰ ਦੇ ਜਜ਼ਬੇ ਤਹਿਤ ਨਿਭਾਈ। ਉਸ ਜਿੰਨੀ ਲੰਮੀ ਪਾਰੀ ਸਤਿਜੁਗ ਦੇ ਕਿਸੇ ਸੰਪਾਦਕ ਨੇ ਨਹੀਂ ਖੇਡੀ। ਪਰ ਉਸ ਦੀਆਂ ਲਿਖਤਾਂ ਅਤੇ ਵਿਵੇਚਨਾ ਆਧੁਨਿਕ ਹੋਣ ਦੀ ਬਜਾਏ ਪਰੰਪਰਾਮੁਖੀ ਹੋਣ ਕਾਰਨ ਪਰਚੇ ਦੀ ਤਿੱਖੀ ਦਿੱਖ ਨਾ ਬਣਾ ਸਕੀਆਂ। ਆਧੁਨਿਕ ਯੁੱਗ ਬੋਧ ਨਾਲ ਲੈਸ ਗੁਜਰ ਵਿਦਵਾਨ ਡਾ. ਅਮਰ ਭਾਰਤੀ 1992 ਤੋਂ 1993 ਈ. ਤੱਕ ਇਸ ਦਾ ਸੰਪਾਦਕ ਰਿਹਾ। ਉਹਨਾਂ ਦੀਆਂ ਕੌਮਾਂਤਰੀ ਸਥਿਤੀ ਬਾਰੇ ਟਿੱਪਣੀਆ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਦਾ ਡੰਕਾ ਵਜਾਉਣ ਵਿਚ ਸਫ਼ਲ ਰਹੀਆਂ ਪਰ ਵਕਤ ਥੋੜਾ ਸੀ। ਹੁਣ 1993 ਈ. ਤੋਂ ਅੱਜ ਤੱਕ ਇਹ ਸੇਵਾ ਪ੍ਰੋ. ਤਾਰਾ ਸਿੰਘ ਅਨਜਾਣ ਨਿਭਾਉਂਦੇ ਆ ਰਹੇ ਹਨ। ਪ੍ਰੋ. ਅਨਜਾਣ ਵੀ ਬੁਨਿਆਦੀ ਤੌਰ ਤੇ ਪੰਜਾਬੀ ਅਧਿਆਪਨ ਤੇ ਇਸ ਦੀਆਂ ਸਰਗਰਮੀਆਂ ਨੂੰ ਸਮਰਪਿਤ ਰਹੇ ਹਨ। ਉਹਨਾਂ ਦਾ ਗਿਆਨ ਖੇਤਰ ਵਿਸ਼ਾਲ ਹੈ। ਲਿਖਤ ਪਰਵਾਹ ਲਗਪਗ ਅੱਧੀ ਸਦੀ ਤੋਂ ਜਾਰੀ ਹੈ। ਉਹ ਕਮਾਲ ਦੇ ਅਨੁਸ਼ਾਸਨ ਵਿਚ ਰਹਿਣ ਵਾਲੇ ਵਿਅਕਤੀ ਹਨ। ਸਤਿਜੁਗ ਪਰਚੇ ਵਿਚ ਅੱਜ ਕਲ੍ਹ ਸਤਿਗੁਰੂ ਜੀ ਦੇ ਪਰਵਚਨ, ਪੰਥਕ ਸਰਗਰਮੀਆਂ ਅਤੇ ਅਨਜਾਣ ਜੀ ਦੇ ਲੇਖਾਂ ਤੋਂ ਇਲਾਵਾ ਹੋਰ ਘੱਟ ਹੀ ਸਮੱਗਰੀ ਛਪਦੀ ਹੈ। ਸਤਿਜੁਗ ਦਾ ਨਵੇਂ ਨਾਮਧਾਰੀ ਲੇਖਕ ਪੈਦਾ ਕਰਨ ਵਾਲੀ ਟਕਸਾਲ ਦਾ ਜੋ ਸ਼ਿਲਾਨਿਆਸ ਚੱਕਰਵਰਤੀ ਜੀ ਨੇ ਕੀਤਾ ਸੀ, ਅਤੇ ਕਵੀ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਜਿਸਨੂੰ ਹੋਰ ਵਿਸਤਰਿਤ ਕੀਤਾ ਸੀ, ਉਹ ਪੱਖ ਗੌਰ ਹਾਜ਼ਰ ਹੈ। ਉਂਝ ਅੰਗਰੇਜ਼ੀ ਵਿਚ ਇਸ ਦੇ ਪ੍ਰਿੰਟ ਲਾਈਨ ਤੇ ਛਪਣ ਵਾਲੇ ਐਡੀਟਰ ਹਰਵਿੰਦਰ ਸਿੰਘ ਹੰਸਪਾਲ ਵਲੋਂ ਕੁਝ ਸਮੱਗਰੀ ਛਪਦੀ ਰਹਿੰਦੀ ਹੈ। ਅਨਜਾਣ ਜੀ ਦੇ ਮੁੱਖ ਲੇਖ, ਸਤਿਗੁਰੂ ਜੀ ਨਾਮਧਾਰੀ ਪੰਥ ਨੂੰ ਵਰਤਮਾਨ ਹਾਲਤਾ ਵਿਚ ਕਿਵੇਂ ਚਲਾਉਣਾ ਚਾਹੁੰਦੇ ਹਨ, ਇਸੇ ਰੌਸ਼ਨੀ ਵਿਚ ਲਿਖੇ ਜਾਂਦੇ ਹਨ। ਉਹ ਆਪਣੀ ਲਿਖਤ ਦੁਆਰਾ ਕਈ ਸਮੱਸਿਆਵਾਂ ਦਾ ਸਮਾਧਾਨ ਵੀ ਕਰਦੇ ਹਨ ਅਤੇ ਜਿਹੜੀਆਂ ਜ਼ਰੂਰੀ ਸਮਝੀਆਂ ਜਾਂਦੀਆਂ ਹਨ, ਉਹਨਾ ਨੂੰ ਉਭਾਰਦੇ ਵੀ ਹਨ।

ਇਸ ਤਰ੍ਹਾਂ ਸਤਿਜੁਗ ਚਲੰਤ ਘਟਨਾਵਾਂ ਦਾ ਚਿਤੇਰਾ ਵੀ ਹੈ, ਆਪਣੇ ਇਤਿਹਾਸ ਦਾ ਵਿਆਖਿਆਕਾਰ ਵੀ ਹੈ। ਹੁਣ ਇਸ ਦਾ ਕਵਿਤਾ ਭਾਗ ਜਾਂ ਸਾਹਿਤ ਦੀਆਂ ਹੋਰ ਵਿਧਾਵਾਂ ਨੂੰ ਜ਼ਿਆਦਾ ਥਾਂ ਨਹੀਂ ਦਿਤਾ ਜਾਂਦਾ। ਕਿਉਂਕਿ ਸਤਿਜੁਗ ਕੂਕੇ ਸੰਗਰਾਮੀਆਂ ਦਾ ਪਰਚਾ ਸੀ, ਇਸ ਲਈ ਕਾਮਰੇਡ ਸੋਹਣ ਸਿੰਘ ਜੋਸ਼ ਦੀ ਪੁਸਤਕ 'ਅਕਾਲੀ ਮੋਰਚਿਆਂ ਦਾ ਇਤਿਹਾਸ' ਇਹ ਫੌਜਾਂ ਵਿਚ ਨਾ ਪੜ੍ਹੇ ਜਾਣ ਵਾਲੇ ਪਰਚਿਆਂ ਦੀ ਕਾਲੀ ਸੂਚੀ ਵਿਚ ਸ਼ਾਮਲ ਸੀ। ਸਤਿਜੁਗ ਦੇ ਵਿਚ ਛਪਣ ਵਾਲੇ ਸਰਕਾਰ ਵਿਰੋਧੀ ਲੇਖਾਂ ਕਾਰਨ, ਕਈ ਵੇਰ ਇਸ ਦੀ ਜ਼ਮਾਨਤ ਮੰਗ ਲਈ ਜਾਂਦੀ ਸੀ ਪੰਜ-ਪੰਜ ਹਜ਼ਾਰ ਰੁਪਏ ਤੱਕ। ਚੱਕਰਵਰਤੀ ਜੀ ਦੇ ਮੁੱਖ ਲੇਖ 'ਅਪੂਰਵ ਬਲੀਦਾਨ' ਅਤੇ ਵਰਿਆਮ ਸਿੰਘ ਮੁਸੱਵਰ ਦੁਆਰਾ ਬਣਾਏ, ਸਾਕਾ ਮਲੇਰਕੋਟਲਾ, ਸਤਿਗੁਰੂ ਜੀ ਦਾ ਭੈਣੀ ਸਾਹਿਬ ਤੋਂ ਗੱਡੇ ਤੇ ਬੈਠ ਕੇ ਪਰਦੇਸ ਤੁਰਨਾ, ਅਲਾਹਬਾਦ ਕਿਲੇ ਵਿਚ ਮੁਖਿਆਂ ਸਮੇਤ ਪਿੰਜਰਾ-ਬੰਦ ਵਿਖਾਏ ਜਾਣਾ, ਕਲਕੱਤੇ ਤੋਂ ਜਹਾਜ਼ ਦੁਆਰਾ ਰੰਗੂਨ ਲਈ ਰਵਾਨੀ ਆਦਿ ਚਿਤਰਾਂ ਸਦਕਾ, 1936 ਈ. ਦੇ ਬਸੰਤ ਅੰਕ ਨੂੰ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਿਆ। ਸੰਪਾਦਕ ਚੱਕਰਵਰਤੀ ਜੀ ਨੂੰ ਰੂਪੋਸ਼ ਹੋਣਾ ਪਿਆ ਕਈ ਮਹੀਨੇ। ਇਸੇ ਵਰ੍ਹੇ ਹਰਨਾਮ ਸਿੰਘ ਬਗ਼ਲੀ ਵਾਲੇ ਦਾ ਕਿੱਸਾ 'ਸੰਤ ਖਾਲਸਾ' ਜੋ ਸਤਿਜੁਗ ਨੂੰ ਛਾਪਣ ਵਾਲੇ 'ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ' ਸ੍ਰੀ ਭੈਣੀ ਸਾਹਿਬ ਵਿਚ ਹੀ ਛਪਿਆ ਸੀ, ਜ਼ਬਤ ਕਰ ਲਿਆ ਗਿਆ। ਇਸ ਤੇ ਸਤਿਜੁਗ ਦੀ ਟਿੱਪਣੀ ਇਉਂ ਆਈ:

"ਅਜੇ ਸਤਿਜੁਗ ਦੇ ਬਸੰਤ ਅੰਕ (1992 ਬਿਕ੍ਰਮੀ -1936 ਈ.) ਦੀ ਜ਼ਬਤੀ ਦਾ ਮਾਮਲਾ ਖ਼ਤਮ ਨਹੀਂ ਸੀ ਹੋਇਆ ਕਿ ਸਰਕਾਰ ਪੰਜਾਬ ਨੇ "ਸੰਤ ਖਾਲਸਾ" ਨਾਮੀ ਅਤਿ ਸਾਧਾਰਣ ਅਤੇ ਸਾਦਾ ਜਿਹਾ ਟ੍ਰੈਕਟ ਵੀ ਜ਼ਬਤ ਕਰ ਲਿਆ ਹੈ। ਇਸ ਸਾਧਾਰਣ ਜਹੇ ਟ੍ਰੈਕਟ ਵਿਚ ਨਾਮਧਾਰੀ ਇਤਿਹਾਸ ਨਾਲ ਸਬੰਧ ਰੱਖਣ ਵਾਲੀਆਂ ਘਟਨਾਵਾਂ ਸਰਲ ਜਹੇ ਪੰਜਾਬੀ ਬੈਂਤਾਂ ਵਿਚ ਦਰਜ ਹਨ ਅਤੇ ਸਾਨੂੰ ਕਦੇ ਖ਼ਿਆਲ ਵੀ ਨਹੀਂ ਸੀ ਹੋ ਸਕਦਾ ਕਿ ਸਰਕਾਰ ਇਸ ਟ੍ਰੈਕਟ ਨੂੰ ਜ਼ਬਤ ਕਰ ਲਵੇਗੀ। ਜੇ ਸਰਕਾਰ ਇਹੋ ਜਿਹੇ ਟ੍ਰੈਕਟਾਂ ਨੂੰ ਵੀ ਜ਼ਬਤ ਕਰਨ ਲਗ ਪਈ ਤਾਂ ਇਸ ਦੇ ਸਾਫ਼ ਅਰਥ ਇਹ ਹੋਣਗੇ ਕਿ ਅਸੀਂ ਨਾਮਧਾਰੀ ਇਤਿਹਾਸ ਨਾਲ ਸਬੰਧ ਰੱਖਣ ਵਾਲੀ ਕਿਸੇ ਘਟਨਾ ਨੂੰ ਵੀ ਪ੍ਰਕਾਸ਼ਿਤ ਨਹੀਂ ਕਰ ਸਕਿਆ ਕਰਾਂਗੇ। ਸਰਕਾਰ ਦਾ ਇਹ ਸਖ਼ਤ ਧੱਕਾ ਹੈ ਤੇ ਇਕ ਤਰ੍ਹਾਂ ਨਾਲ ਉਸ ਦਾ ਇਹ ਕਦਮ ਸਾਡੇ ਧਰਮ ਵਿਚ ਦਖ਼ਲ ਦੇਣ ਵਾਲੀ ਗੱਲ ਹੈ।... ਸਰਕਾਰ ਨੂੰ ਸਿਆਣਪ ਅਤੇ ਨਿਆਇ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਧੱਕੇ ਤੋਂ ਕੰਮ ਲੈ ਕੇ ਸਾਡੇ ਇਤਿਹਾਸਕ ਵਾਕਯਾਤ ਨਾਲ ਸਬੰਧ ਰੱਖਣ ਵਾਲੀਆਂ ਪੁਸਤਕਾਂ, ਅਖ਼ਬਾਰਾਂ ਤੇ ਟ੍ਰੈਕਟਾਂ ਨੂੰ ਜ਼ਬਤ ਕਰਨੋਂ ਸੰਕੋਚ ਕਰਨਾ ਚਾਹੀਦਾ ਹੈ। -(ਮਾਰਚ 1936 ਈ.)*

ਸਤਿਜੁਗ ਨੇ ਪੰਜਾਬੀ ਭਾਸ਼ਾ ਦੇ ਪਰਚਾਰ ਪਰਸਾਰ ਵਿਚ ਵੀ ਆਪਣੇ ਜਨਮ ਤੋਂ ਹੀ ਹਿੱਸਾ ਪਾਇਆ। ਜੁਲਾਈ 1920 ਈ. ਦੇ ਇਸ ਦੇ ਅੰਕ ਵਿਚ ਗਿਆਨੀ ਓਂਕਾਰ ਨਾਥ ਦਾ ਇਕ ਪੱਤਰ ਛਪਿਆ। ਇਸ ਵਿਚ ਕਿਹਾ ਗਿਆ ਕਿ ਲਹੌਰ ਦੀ ਨਗਰ ਪਾਲਿਕਾ ਨੇ ਸ਼ਹਿਰ ਵਿਚ ਦੇਸੀ ਪੜ੍ਹਾਈ ਦੇ 100 ਸਕੂਲ ਖੋਹਲਣੇ ਹਨ। ਉਰਦੂ ਦੇ 40 ਹੋਣਗੇ। ਹਿੰਦੀ ਵਾਲੇ ਵੀ ਕੁਝ ਖੁਲਵਾਣ ਵਿਚ ਕਾਮਯਾਬ ਹੋਏ ਹਨ। "ਪਰ ਪੰਜਾਬੀ ਦੇ ਪ੍ਰੇਮੀ ਅਜੇ ਤੀਕ ਸੁੱਤੇ ਪਏ ਹਨ। ਪੰਜਾਬੀ ਦੇ ਪ੍ਰੇਮੀਆਂ ਨੂੰ ਚਾਹੀਦਾ ਹੈ ਕਿ ਉਹ ਵੀ ਇਕ ਜੱਥਾ ਬਣਾ ਕੇ ਮਯੂਨਸੀਪਲ ਕਮੇਟੀ ਲਹੌਰ ਦੀ ਸੇਵਾ ਵਿਚ ਬੇਨਤੀ ਕਰਨ ਕਿ ਪੰਜਾਬੀਆਂ ਦੀ ਮਾਤ੍ਰੀ ਭਾਸ਼ਾ ਪੰਜਾਬੀ ਹੈ, ਏਸ ਲਈ ਪੰਜਾਬੀ ਵਿਦਿਆ ਦੇ ਪ੍ਰਚਾਰ ਲਈ ਪੰਜਾਬੀ ਸਕੂਲ ਭੀ ਕਮੇਟੀ ਦੀ ਤਰਫੋਂ ਖੋਲ੍ਹੇ ਜਾਨ। ਮੇਰਾ ਪੂਰਨ ਵਿਸ਼ਵਾਸ ਹੈ ਕਿ ਪੰਜਾਬੀ ਦੇ ਪ੍ਰੇਮੀਆਂ ਦੀ ਪ੍ਰਾਰਥਨਾ ਉਤੇ ਜ਼ਰੂਰ

Sri Satguru Jagjit Singh Ji eLibrary NamdhariElibrary@gmail.com

ਗੌਰ ਕੀਤਾ ਜਾਵੇਗਾ ਅਰ ਪੰਜਾਬੀ ਦੇ ਸਕੂਲ ਭੀ ਜ਼ਰੂਰ ਖੋਲੇ ਜਾਨਗੇ।"[7]

ਸਤਿਜੁਗ ਦੇ ਐਡੀਟਰ ਸੰਤ ਨਿਧਾਨ ਸਿੰਘ ਆਲਿਮ ਕਿਸ ਤਰ੍ਹਾਂ ਸਰਕਾਰ ਵਿਰੁੱਧ ਧੂੰਆਂਧਾਰ ਪਰਚਾਰ ਕਰਦੇ ਸਨ ਅਤੇ ਕਿਵੇਂ ਸਰਕਾਰ ਵਿਰ ਉਹਨਾ ਤੇ ਕਾਨੂੰਨੀ ਪਾਬੰਦੀਆ ਲਾਉਂਦੀ ਸੀ - 'ਐਡੀਟਰ ਸਤਿਜੁਗ ਦੀ ਜ਼ਬਾਨਬੰਦੀ' - ਸਿਰਲੇਖ ਹੇਠ ਇਹ ਖ਼ਬਰ ਸਿਤੰਬਰ 1921 ਦੇ ਸਤਿਜੁਗ ਵਿਚ ਪ੍ਰਕਾਸ਼ਿਤ ਹੋਈ: "ਡਿਸਟ੍ਰਿਕਟ ਮੈਜਿਸਟਰੇਟ ਲਾਹੌਰ ਦੇ ਲਿਖਤੀ ਹੁਕਮ ਅਨੁਸਾਰ ਭਾਈ ਨਿਧਾਨ ਸਿੰਘ ਜੀ ਆਲਿਮ ਐਡੀਟਰ ਸਤਿਜੁਗ ਦੀ 5 ਅਕਤੂਬਰ (20 ਅੱਸੂ) ਤੋਂ 2 ਮਹੀਨੇ ਤਕ 144 ਜ਼ਾਬਤਾ ਫੌਜਦਾਰੀ ਦੇ ਅਧੀਨ ਜ਼ਿਲਾ ਲਾਹੌਰ ਦੀਆਂ ਹੱਦਾਂ ਅੰਦਰ ਜ਼ਬਾਨ ਬੰਦੀ ਕੀਤੀ ਗਈ ਹੈ, ਹੁਕਮ ਵਿਚ ਲਿਖਿਆ ਹੈ ਕਿ ਆਪ ਜ਼ਿਲਾ ਲਾਹੌਰ ਦੇ ਕਿਸੇ ਵੀ ਪਬਲਿਕ ਜਲਸੇ ਵਿਚ ਸ਼ਾਮਲ ਨਹੀਂ ਹੋ ਸਕਣਗੇ ਅਤੇ ਨਾ ਹੀ ਕੋਈ ਲੈਕਚਰ ਕਰ ਸਕਣਗੇ।"[8]

ਸਿੱਖ ਰਿਆਸਤਾਂ ਵਿਚੋਂ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਜਿਹਨਾਂ ਨੇ ਬਾਅਦ ਵਿਚ, ਨਾਮ ਬਦਲ ਕੇ ਗੁਰਚਰਨ ਸਿੰਘ ਵੀ ਕਰ ਲਿਆ ਸੀ, ਉਸ ਦੇ ਹਿਰਦੇ ਵਿਚ ਦੇਸ ਭਗਤੀ ਦੇ ਬੀਜ ਅਕਸਰ ਅੰਕੁਰਿਤ ਹੁੰਦੇ ਰਹਿੰਦੇ ਹਨ। ਉਸਦਾ ਪਿਤਾ ਮਹਾਰਾਜਾ ਹੀਰਾ ਸਿੰਘ ਰਾਜਗੱਦੀ 'ਤੇ ਬਹਿਣ ਤੋਂ ਪਹਿਲਾ, ਸਤਿਗੁਰੂ ਰਾਮ ਸਿੰਘ ਜੀ ਤੋਂ ਨਾਮ ਦੀ ਦਾਤ ਲੈ ਚੁੱਕਾ ਸੀ। ਜਦੋਂ ਉਹ ਪਹਿਲੇ ਮਹਾਰਾਜੇ ਦੇ ਬੇਵਾਰਿਸ ਮਰਨ ਤੇ, ਉਸਦੇ ਸ਼ਰੀਕੇ ਵਿਚੋਂ ਨੇੜਿਉਂ ਹੋਣ ਕਾਰਨ, ਤਖ਼ਤ ਦਾ ਵਾਰਿਸ ਮੰਨ ਲਿਆ ਗਿਆ ਤਾਂ ਸਤਿਗੁਰੂ ਜੀ ਨੇ ਰਾਜਿਆਂ ਦੇ ਸੰਭਾਵੀ ਦੌਰ ਦੇ ਖ਼ਾਤਮੇ ਨੂੰ ਨਜ਼ਰ ਅੰਦਾਜ਼ ਕਰਦਿਆਂ ਬੋਲਾ ਕੀਤਾ ਸੀ: "ਹੀਰੇ ਵੀ ਕੁੱਬਰੇ ਬੇੜੇ ਵਿਚ ਲੱਭ ਰੱਖ ਲਈ ਹੈ।" ਮਹਾਰਾਜਾ ਨਾਭਾ ਰਿਪੁਦਮਨ ਸਿੰਘ, ਆਪਣੀਆਂ ਕਾਰਵਾਈਆਂ ਤੋਂ ਅੰਗਰੇਜ਼ਾਂ ਦੀ ਅੱਖ ਦੀ ਕਿਰਕਿਰੀ ਬਣ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੀ, ਇਕ ਪ੍ਰਸਿਧ ਇਸਤਰੀ-ਸੂਬਾ ਮਾਈ ਹੁਕਮੀ ਵੀ ਉਹਦੇ ਰਣਵਾਸ ਵਿਚ ਰਹਿ ਕੇ, ਰਾਣੀਆਂ ਨੂੰ ਗੁਰਬਾਣੀ ਤੇ ਗੁਰਮਤ ਉਪਦੇਸ਼ ਦਿਆ ਕਰਦੀ ਸੀ। ਮਹਾਰਾਜੇ ਪਟਿਆਲੇ ਨਾਲ ਉਸ ਦੇ ਝਗੜੇ ਦਾ ਬਹਾਨਾ ਬਣਾ ਕੇ ਅੰਗਰੇਜ਼ਾਂ ਨੇ ਉਸਨੂੰ ਗੱਦਿਉਂ ਹੀ ਨਾ ਲਾਹਿਆ, ਸਗੋਂ ਕੋਡਾਈ ਕੈਨਾਲ (ਮਦਰਾਸ) ਵਿਚ ਨਜ਼ਰਬੰਦ ਵੀ ਕਰ ਦਿਤਾ। ਉਸੇ ਦੀ ਬਰਤਰਫ਼ੀ ਤੇ ਸਿੱਖਾਂ ਵਲੋਂ ਪ੍ਰਸਿੱਧ ਜੈਤੋ ਦਾ ਮੋਰਚਾ ਲੱਗਾ ਸੀ। ਸਤਿਜੁਗ ਦੇ 25 ਹਾੜ 1991 ਬਿਕ੍ਰਮੀ (1934 ਈ.) ਵਿਚ ਮਹਾਰਾਜਾ ਨਾਭਾ ਦੇ ਹੱਕ ਵਿਚ ਇਉਂ ਆਵਾਜ਼ ਬੁਲੰਦ ਕੀਤੀ ਗਈ ਸੀ:

"ਸ੍ਰੀ ਮਹਾਰਾਜਾ ਜੀ ਨਾਲ ਬੇ-ਇਨਸਾਫ਼ੀ -

ਅਜ ਸਭ ਸੂਬਿਆਂ ਵਿਚ ਉਹ ਲੋਕ ਆਜ਼ਾਦ ਹੋ ਰਹੇ ਹਨ ਜਿਨ੍ਹਾਂ ਗੌਰਮਿੰਟ ਦੇ ਵਿਰੁਧ ਐਲਾਨੀਆ ਬਾਗ਼ੀਆਨਾ ਪ੍ਰਚਾਰ ਕੀਤਾ। ਮਹਾਰਾਜਾ ਗੁਰਚਰਨ ਸਿੰਘ ਜੀ ਨੇ ਐਸਾ ਕੀ ਅਪਰਾਧ ਕਰ ਦਿਤਾ ਹੈ ਕਿ ਓਹਨਾਂ ਦੀ ਸਜ਼ਾ ਦਾ ਅੰਤ ਹੋਣ ਵਿਚ ਹੀ ਨਹੀਂ ਆਉਂਦਾ? ਮਹਾਰਾਜਾ ਨੂੰ ਅਜਹਿ ਸਖ਼ਤੀ ਦਾ ਸ਼ਿਕਾਰ ਹੋਏ 14 ਸਾਲ ਪੂਰੇ ਹੋ ਗਏ ਹਨ। ਇਤਨੇ ਚਿਰ ਮਗਰੋਂ ਤਾਂ ਉਮਰ ਕੈਦ ਦੇ ਕੈਦੀ ਭੀ ਰਿਹਾ ਕਰ ਦਿੱਤੇ ਜਾਂਦੇ ਹਨ।"[9]

ਨਾਮਧਾਰੀ ਕਿਉਂਕਿ ਦੇਹਧਾਰੀ ਗੁਰੂ ਵਿਚ ਆਸਥਾ ਰੱਖਦੇ ਹਨ ਇਸ ਲਈ ਸ੍ਰੀ ਗੁਰੂ ਗਰੰਥ ਸਾਹਿਬ ਬਨਾਮ ਦੇਹਧਾਰੀ ਗੁਰੂ ਮੁੱਦੇ 'ਤੇ ਵੀ ਲੰਮਾ ਸਮਾਂ ਸਤਿਜੁਗ ਵਿਚ, ਸੰਤ ਨਿਧਾਨ ਸਿੰਘ ਆਲਿਮ ਵੱਲੋਂ, ਆਜ਼ਾਦੀ ਤੋਂ ਪਹਿਲਾਂ ਅਤੇ ਮਹੰਤ ਆਤਮਾ ਸਿੰਘ ਜੀ ਸਨਖੱਤਰਾ ਵਲੋਂ, ਆਜ਼ਾਦੀ ਤੋਂ ਬਾਅਦ, ਲੰਮੀਆਂ ਬਹਿਸਾਂ ਚੱਲਦੀਆਂ ਰਹੀਆਂ ਸਨ। 1934 ਈ. ਵਿਚ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ, ਸ੍ਰੀ ਭੈਣੀ ਸਾਹਿਬ, ਜਿਸ ਵਿਚ ਸਿੱਖ ਪੰਥ ਅਤੇ ਗੁਰੂ ਨਾਨਕ ਸਾਹਿਬ ਵਿਚ ਭਰੋਸਾ ਰੱਖਣ ਵਾਲੀਆਂ ਸੰਪਰਦਾਵਾਂ ਦੇ ਮੁਖੀ ਜੁੜੇ ਸਨ, ਇਹ ਫ਼ੈਸਲਾ ਹੋਇਆ ਆਪੋ ਆਪਣਾ ਪਰਚਾਰ ਮੰਡਨ ਰੂਪ ਵਿਚ ਕਰੋ, ਦੂਜਿਆਂ ਦਾ ਖੰਡਣ ਨਾ ਕਰੋ। ਇਸ ਲਈ 'ਸਤਿਜੁਗ' ਨੇ ਵੀ ਆਪਣੀ ਵਾਦ ਵਿਵਾਦ ਵਾਲੀ ਨੀਤੀ ਕੁਝ ਸਮੇਂ ਲਈ ਸਥਗਿਤ ਕਰ ਦਿਤੀ ਸੀ। ਪ੍ਰਸਿੱਧ ਪੰਜਾਬੀ ਸਾਹਿਤਕਾਰ, ਪ੍ਰੀਤਲੜੀ ਦੇ ਸੰਪਾਦਕ ਸ੍. ਗੁਰਬਖਸ਼ ਸਿੰਘ 'ਪ੍ਰੀਤਲੜੀ' ਨੇ, ਇਸ ਘਟਨਾ ਤੇ ਆਪਣੀ ਖ਼ੁਸ਼ੀ ਪ੍ਰਗਟ ਕਰਦਿਆਂ 11 ਅਪ੍ਰੈਲ 1934 ਨੂੰ ਸੰਪਾਦਕ ਸਤਿਜੁਗ ਦੇ ਨਾਇਕ ਪਤਰਿਕਾ ਲਿਖੀ ਸੀ, ਜੋ ਛਾਪੀ ਗਈ ਸੀ:

Sri Satguru Jagjit Singh Ji eLibrary NamdhariElibrary@gmail.com

"ਆਪ ਮੇਰੀ ਬਿਨੈ ਮੰਨ ਕੇ, ਸਤਿਜੁਗ ਦੀ ਪਾਲਿਸੀ ਨੂੰ ਸਤਿਜੁਗੀ ਕਰਨਾ ਸਵੀਕਾਰ ਕਰਦੇ ਹੋ, ਏਹਦੇ ਨਾਲ ਤੇ ਆਪ ਨੇ ਮੈਨੂੰ ਮੋਹ ਹੀ ਲਿਆ ਹੈ। ਆਪ ਸਚ ਮੁਚ ਕੇਡੇ ਵੱਡੇ ਤੇ ਚੰਗੇ ਹੋ। ਜਿਹੜੇ ਮੈਨੂੰ ਆਪਣੇ ਨੇੜੇ ਸਮਝਦੇ ਸਨ ਤੇ ਜਿਹਨਾਂ ਦੇ ਨਾਲ ਮੇਰਾ ਮਤਿ ਭੇਦ ਕੁਝ ਥੋੜਾ ਹੈ, ਉਹਨਾਂ 'ਚੋਂ ਕਈਆਂ ਨੇ ਮੈਨੂੰ ਸਰਾਪ ਦੇ ਦਿਤਾ ਹੈ ਪਰ ਆਪ ਨੇ ਏਡਾ ਪਿਆਰ ਕੀਤਾ ਹੈ।...ਮੈਨੂੰ ਬੜੀ ਪ੍ਰਸੰਨਤਾ ਹੋਵੇ ਜੇ ਸਤਿਜੁਗ ਵਿਚ ਅੱਗੋਂ ਕਦੇ ਕਿਸੇ ਬਹਿਸ ਛਾਹੁਣ ਵਾਲੇ ਦੀ ਰੀਝ ਪੂਰੀ ਨਾ ਕੀਤੀ ਜਾਵੇ। ਬਹਿਸਾਂ ਨਾਲ ਅਸੀਂ ਕਿਸੇ ਨੂੰ ਵੀ ਮਨਾ ਨਹੀਂ ਸਕਦੇ। ਬਹਿਸ ਸਿਰਫ਼ ਇਕ ਦਿਮਾਗ਼ੀ ਵਰਜਿਸ਼ ਹੈ। ਅਗਰ ਕਿਸੇ ਨੂੰ ਕਾਇਲ ਕਰਨਾ ਹੋਵੇ ਤਾਂ ਆਪਣੇ ਪਿਆਰ ਭਰੇ ਜੀਵਨ ਨਾਲ ਹੀ ਕਾਇਲ ਕਰਨਾ ਚਾਹੀਦਾ ਹੈ...।"[10]

ਸਤਿਜੁਗ ਦੀ ਪ੍ਰਕਾਸ਼ਨ ਨੀਤੀ ਬਾਰੇ ਸੁਵਰਨ ਸਿੰਘ ਸਨੇਹੀ – ਸਤਿਜੁਗ ਦੇ 65 ਸਾਲਾ ਅੰਕ ਵਿਚ ਲਿਖਦੇ ਹਨ: "ਧਰਮ ਦੇ ਸਬੰਧ ਵਿਚ ਨਾਮਧਾਰੀ ਬੜੇ ਕੱਟੜ ਮੰਨੇ ਜਾਂਦੇ ਹਨ ਤੇ ਇਹ ਨਾਮਧਾਰੀ ਪੰਥ ਦਾ ਇਕੋ ਇਕ ਪਰਚਾ ਸੀ ਫਿਰ ਵੀ ਇਸ ਦੀ ਪ੍ਰਕਾਸ਼ਨ ਨੀਤੀ ਨੂੰ ਨਿਰੋਲ ਧਰਮ ਦੇ ਚੌਖਟੇ ਵਿਚ ਬੰਨ੍ਹ ਰਖਣਾ ਸੰਭਵ ਨਹੀਂ ਸੀ। ਨਾਮਧਾਰੀ ਆਪਣੇ ਆਪ ਨੂੰ ਚੌਗਿਰਦੇ ਤੋਂ ਵੱਖ ਵੀ ਨਹੀਂ ਸਨ ਰੱਖ ਸਕਦੇ ਅਤੇ ਆਪਣੇ ਪਿਛੋਕੜ, ਸਹਿਤ ਆਪਣੇ ਇਤਿਹਾਸ ਨਾਲੋਂ ਟੁੱਟ ਵੀ ਨਹੀਂ ਸਨ ਸਕਦੇ। ਇਹਨਾਂ ਅਤੇ ਅਜੇਹੇ ਹੋਰਨਾਂ ਕਾਰਨਾਂ ਕਰਕੇ ਰਾਜਨੀਤੀ, ਭਾਸ਼ਾ, ਸਮਾਜ, ਸਾਹਿਤ, ਵਿਸ਼ਵ ਅਮਨ ਜਹੀਆਂ ਮਹਾਨ ਗੱਲਾਂ ਵੀ ਇਸ ਦੀ ਨੀਤੀ ਦੇ ਘੇਰੇ ਵਿਚ ਰੱਖੀਆਂ ਗਈਆਂ ਸਨ। ਹਾਂ ਕੋਈ ਵੀ ਰਚਨਾ ਧਾਰਮਿਕ ਵਿਚਾਰਧਾਰਾ ਦੇ ਪ੍ਰਤੀਕੂਲ ਨਹੀਂ ਸੀ ਛਪ ਸਕਦੀ। ਭਾਵੇਂ ਆਰਥਕ ਪੱਖੋਂ ਇਸ ਨਾਲ ਕਿੰਨਾ ਵੀ ਘਾਟਾ ਕਿਉਂ ਨਾ ਪੈਂਦਾ ਹੋਵੇ।"[11]

ਗਊ ਗਰੀਬ ਦੀ ਰੱਖਿਆ, ਸਤਿਗੁਰੂ ਰਾਮ ਸਿੰਘ ਦੀ ਸਿੱਖਿਆ ਦਾ ਮੂਲ ਆਧਾਰ ਹੈ। ਉਹਨਾਂ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਸਿੱਖਾਂ ਦੀ ਅਰਦਾਸ ਦਾ ਅੰਤਿਮ ਭਾਗ 'ਨਾਨਕ ਨਾਮ ਚੜ੍ਹਦੀ ਕਲਾ – ਤੇਰੇ ਭਾਣੇ ਸਰਬੱਤ ਦਾ ਭਲਾ' ਵੀ ਆਪ ਦੁਆਰਾ ਹੀ ਪਰਚਲਿਤ ਕੀਤਾ ਗਿਆ ਸੀ। ਅੰਗਰੇਜ਼ ਸਰਕਾਰ ਸਮੇਂ ਲੱਗਣ ਵਾਲੇ ਲਾਹੌਰ, ਅੰਮ੍ਰਿਤਸਰ ਆਦਿ ਦੇ ਮਸ਼ਹੂਰ ਕਿਸਾਨ ਮੋਰਚੇ ਅਤੇ ਸੁਤੰਤਰਤਾ ਤੋਂ ਬਾਅਦ ਲੱਗਣ ਵਾਲੇ ਬੈਟਰਮੈਂਟ ਮੋਰਚਿਆਂ ਆਦਿ ਦਾ 'ਸਤਿਜੁਗ' ਨੇ ਪੁਰਜ਼ੋਰ ਸਮਰਥਨ ਕੀਤਾ ਸੀ।

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਤਰੱਕੀ ਲਈ ਵੀ ਇਹ ਪਰਚਾ ਮੁੱਢੋਂ ਹੀ ਯਤਨਸ਼ੀਲ ਰਿਹਾ ਹੈ। ਸਤਿਗੁਰੂ ਰਾਮ ਸਿੰਘ ਨੇ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਦਾ ਗਿਆਨ ਹਰ ਨਾਮਧਾਰੀ ਲਈ ਲਾਜ਼ਮੀ ਕਰਾਰ ਦਿਤਾ ਸੀ ਤਾਂ ਜੁ ਉਹ ਗੁਰਬਾਣੀ ਤੋਂ ਲਾਭਵੰਤ ਹੋ ਸਕੇ। ਗੁਰੂ ਹਰੀ ਸਿੰਘ ਜੀ ਦੇ ਸਮੇਂ ਗਿਆਨੀ ਦਿਤ ਸਿੰਘ ਜੀ ਜਹੇ ਪੰਜਾਬੀ ਪਿਆਰਿਆਂ ਦੇ ਸ੍ਰੀ ਭੈਣੀ ਸਾਹਿਬ ਆਉਣ ਦੇ ਹਵਾਲੇ ਬਾਹੋਵਾਲ ਜੀ ਦੀ ਦੂਜੀ ਜਿਲਦ ਵਿਚੋਂ ਮਿਲਦੇ ਹਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਪੰਜਾਬੀ ਕਾਨਫਰੰਸਾਂ ਕਰਵਾਈਆਂ ਗਈਆਂ, ਜਿਹਨਾਂ ਨੂੰ ਹੋਰ ਵਿਸਤਾਰਿਤ ਕਰਕੇ ਸਤਿਗੁਰੂ ਜਗਜੀਤ ਸਿੰਘ ਦੇ ਸਮੇਂ 'ਵਿਸ਼ਵ ਪੰਜਾਬੀ ਸੰਮੇਲਨਾਂ' ਦੀ ਦੇਸ਼ ਤੇ ਵਿਦੇਸ਼ਾਂ ਵਿਚ ਪਰਿਪਾਟੀ ਪਾਈ ਗਈ। ਪੰਜਾਬੀ ਪ੍ਰਤੀ ਇਸ ਪ੍ਰੇਮ ਦਾ ਹੁੰਗਾਰਾ ਸਤਿਜੁਗ ਦੇ ਪੰਨਿਆਂ ਵਿਚ ਦਰਜ ਹੈ: "ਪੰਜਾਬ ਸਾਡਾ ਵਤਨ ਹੈ। ਇਸ ਦੀ ਬੋਲੀ ਨੂੰ ਤਰੱਕੀ ਦੇਣੀ ਸਾਡਾ ਸਭ ਤੋਂ ਪਹਿਲਾ ਕੰਮ ਹੈ। ਕਿਸੇ ਸੂਬੇ ਵਿਚ ਪੈਦਾ ਹੋਏ ਮਨੁੱਖ ਨੂੰ ਗੁੜ੍ਹਤੀ ਦੇ ਨਾਲ ਹੀ ਮਾਤਾ ਵਲੋਂ ਉਸਦੀ ਮਾਤ ਭਾਸ਼ਾ ਵਿਚ ਮਿਠੀਆਂ ਲੋਰੀਆਂ ਦਿਤੀਆਂ ਜਾਂਦੀਆਂ ਹਨ ਤੇ ਮਾਤ ਭਾਸ਼ਾ ਦਾ ਪਿਆਰ ਗੁੜ੍ਹਤੀ ਦੇ ਨਾਲ ਹੀ ਅੰਦਰ ਚਲਾ ਜਾਂਦਾ ਹੈ।... ਉਸੇ ਮਾਤ ਭਾਸ਼ਾ ਪੰਜਾਬੀ ਦੀ ਤਰੱਕੀ ਵਾਸਤੇ ਅਸਾਂ ਨੇ, ਅੱਸੂ ਦੇ ਮੇਲੇ ਸਮੇਂ 1-2 ਕੱਤਕ ਨੂੰ ਪੰਜਾਬੀ ਮੇਲਾ ਕਰਨਾ ਨੀਯਤ ਕੀਤਾ ਹੈ,.. ਅਸੀ ਆਪਣੇ ਪਾਠਕਾਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਇਸ ਸਮਾਗਮ ਨੂੰ ਚਾਰ ਚੰਨ ਲਾਉਣ ਲਈ, ਉਹ ਪੂਜਯ ਤੇ ਮਹਾਨ ਵਯਕਤੀਆਂ ਆਉਣਗੀਆਂ, ਜਿਨ੍ਹਾਂ ਦੇ ਦਰਸ਼ਨ ਆਪ ਹਜ਼ਾਰਾਂ ਰੁਪੈ ਖ਼ਰਚ ਕੇ ਵੀ ਨਹੀਂ ਕਰ ਸਕਦੇ।" (ਪੰਜਾਬੀ ਮੇਲਾ 26 ਭਾਦਰੋਂ 1999 ਬਿ.)"[12]

ਸਤਿਜੁਗ ਵਿਚ ਗੁਰੂ ਪਰਿਵਾਰ ਨਾਲ ਸਬੰਧਿਤ ਵਿਅਕਤੀਆਂ ਸਤਿਗੁਰੂ ਰਾਮ ਸਿੰਘ ਜੀ ਦੇ ਦੋਹਿਤੇ ਭਾਈ ਸੂਰਤ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਭਤੀਜੇ ਮਹਾਰਾਜ ਗੁਰਦਿਆਲ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੋਟੇ

Sri Satguru Jagjit Singh Ji eLibrary NamdhariElibrary@gmail.com

ਕਰਤਾ ਮਹਾਰਾਜ ਬੀਰ ਸਿੰਘ ਦੀਆਂ ਮਨੋਹਰ, ਖੋਜ ਭਰਪੂਰ ਅਤੇ ਭਾਵਪੂਰਤ ਰਚਨਾਵਾਂ ਵੀ ਛਪਦੀਆਂ ਰਹੀਆਂ ਹਨ।

ਇਹਨਾਂ ਸਤਰਾਂ ਦਾ ਲੇਖਕ ਆਪਣੇ ਜਾਤੀ ਅਨੁਭਵ ਨਾਲ, ਇਹ ਗੱਲ ਕਹਿ ਸਕਦਾ ਹੈ ਕਿ ਪੰਜਾਬੀ ਸਾਹਿਤ ਅਤੇ ਨਾਮਧਾਰੀ ਇਤਿਹਾਸ ਨਾਲ, ਉਸਦਾ ਲਗਾਉ ਘਰ ਵਿਚ ਮਿਲਦੇ ਸਤਿਜੁਗ ਦੇ ਬਸੰਤ ਅੰਕਾਂ ਅਤੇ ਹੋਰ ਵਿਸ਼ੇਸ਼-ਅੰਕਾਂ ਨੂੰ ਬਚਪਨ ਵਿਚ ਹੀ ਪੜ੍ਹ ਸਕਣ ਕਾਰਨ, ਸੰਭਵ ਹੋਇਆ ਸੀ। ਵੈਸੇ ਤੇ ਚੱਕਰਵਰਤੀ ਜੀ ਦੀਆਂ ਬਸੰਤ ਅੰਕਾਂ ਵਿਚ ਛਪੀਆਂ ਸਾਰੀਆਂ ਹੀ ਲਿਖਤਾਂ ਰੋਚਿਕ ਸ਼ੈਲੀ ਵਿਚ ਲਿਖੀਆਂ ਗਿਆਨ ਦਾ ਭੰਡਾਰ ਹੁੰਦੀਆਂ ਸਨ ਪਰ ਭਾਦੋਂ 1998 ਬਿਕ੍ਰਮੀ (ਅਗਸਤ-ਸਿਤੰਬਰ 1914 ਈ.) ਵਿਚ ਸ੍ਰੀ ਭੈਣੀ ਸਾਹਿਬ ਤੋਂ ਛਪੇ ਸੰਤ ਅੰਕ ਵਿਚ ਉਹਨਾਂ ਦੀ ਲਿਖਤ 'ਬੰਗੀਆਂ ਵਾਲਾ' ਪੜ੍ਹ ਕੇ ਤਾਂ ਮੈਂ ਕੀਲਿਆ ਹੀ ਗਿਆ ਸਾਂ ਜਿਸ ਵਿਚ ਇਕ ਨਾਮਧਾਰੀ ਮਸਤਾਨੇ ਗੁਰੂ ਕੇ ਲੰਗਰ ਦੇ ਉਗਰਾਹੀਏ ਦੀ ਵੈਰਾਗ-ਗਾਥਾ ਅੰਕਿਤ ਸੀ, ਜੋ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਜਿਸ ਪਿੰਡ ਵੀ ਜਾਂਦਾ (ਚੱਕਰਵਰਤੀ ਜੀ ਬਚਪਨ ਵਿਚ ਆਪਣੇ ਪਿੰਡ ਲੱਲ ਕਲਾਂ ਵਿਚ ਉਸਦੇ ਦਰਸ਼ਨ ਕਰਿਆ ਕਰਦੇ ਸਨ) ਨਾ ਸਾਰੀ ਰਾਤ ਆਪ ਸੌਂਦਾ ਕੋਠੇ 'ਤੇ ਚੜ੍ਹ ਕੇ ਸ਼ਬਦ ਪੜ੍ਹਦਾ ਰਹਿੰਦਾ ਲੋਕ ਧਾਰਨਾ ਵਿਚ, ਤੇ ਨਾ ਪਿੰਡ ਦੇ ਲੋਕਾਂ ਨੂੰ ਸੌਣ ਦਿੰਦਾ ਸੀ। 1996 ਬਿਕ੍ਰਮੀ ਦਾ ਸੰਤ ਅੰਕ ਭਾਗ ਪਹਿਲਾ ਤੇ ਇਹ ਭਾਗ ਦੂਜਾ ਨਾਮਧਾਰੀ ਇਤਿਹਾਸ ਦੀ ਬੇਸ਼ਕੀਮਤੀ ਸਮੱਗਰੀ ਦਾ ਭੰਡਾਰ ਹਨ।

ਸਤਿਜੁਗ ਵਿਚ ਲੇਖ ਅਤੇ ਪੰਜਾਬੀ ਦੇ ਚੋਟੀ ਦੇ ਕਵੀਆਂ ਦੀਆਂ ਕਵਿਤਾਵਾਂ ਤੋਂ ਇਲਾਵਾ, ਕਹਾਣੀਆਂ, ਇਕਾਂਗੀ, ਨਾਟਕ ਅਤੇ ਸਫ਼ਰਨਾਮੇ ਵੀ ਛਪਦੇ ਰਹੇ ਹਨ। ਸੰਤ ਅੰਕ ਜੀਵਨੀ ਸਾਹਿਤ ਦਾ ਉੱਤਮ ਨਮੂਨਾ ਹਨ। ਸਤਿਜੁਗ ਦੇ ਬਹੁਤ ਸਾਰੇ ਵਿਸ਼ੇਸ਼ ਅੰਕ ਵਡਮੁੱਲੀ ਸਮੱਗਰੀ ਦੇ ਸਰੋਤ ਹਨ। ਹੁਣ ਦਿੱਲੀ ਤੋਂ ਛਪਣ ਵਾਲੇ ਵਿਸ਼ੇਸ਼ ਅੰਕਾਂ ਨੂੰ ਸੰਵਾਰਨ ਵਿਚ ਸ੍ਰ. ਹਰਵਿੰਦਰ ਸਿੰਘ ਹੰਸਪਾਲ, ਐਡੀਟਰ ਸਤਿਜੁਗ ਅਤੇ ਸੰਪਾਦਕ ਪ੍ਰੋ. ਤਾਰਾ ਸਿੰਘ ਅਨਜਾਣ, ਸਹਾਇਕ ਇੰਦਰਜੀਤ ਸਿੰਘ ਹੋਰਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ।

ਅੱਜ ਇਕ-ਧਰੁਵੀ ਵਿਸ਼ਵ ਦੇ ਝੰਡਾ ਬਰਦਾਰ ਏਸ਼ੀਆ ਅਫ਼ਰੀਕਾ ਦੇ ਪੁਰਾਤਨ ਦੇਸ਼ਾਂ ਦੀਆ ਮਹਾਨ ਸੱਭਿਆਚਾਰਾਂ ਨੂੰ ਆਪਣੇ ਪਸਾਰੇ ਲਈ ਵੱਡਾ ਖ਼ਤਰਾ ਸਮਝ ਕੇ ਪੱਛਮੀ ਸਭਿਆਚਾਰ, ਸਾਹਿਤ, ਕਲਾ ਦਾ ਇਕ ਛਤਰ ਸਾਮਰਾਜ ਕਾਇਮ ਕਰਨਾ ਚਾਹੁੰਦੇ ਹਨ। ਪੰਜਾਬ ਦੇ ਨਰੋਏ ਸਭਿਆਚਾਰ ਦੀ ਰਾਖੀ ਲਈ, ਪੰਜਾਬੀ ਭਾਸ਼ਾ ਦੇ ਪਰਸਾਰ ਲਈ, ਜੀਵੰਤ ਜੀਵਨ ਮੁੱਲਾਂ ਤੇ ਕਦਰਾਂ ਕੀਮਤਾਂ ਦੀ ਰਾਖੀ ਲਈ, ਆਪਣੇ ਸਾਮਰਾਜ ਵਿਰੋਧੀ ਦੇਸ਼ ਭਗਤ ਵਿਰਸੇ ਨੂੰ ਸੁਰਜੀਤ ਰੱਖਣ ਲਈ, ਪੰਜਾਬ ਵਿਚ ਚੱਲਣ ਵਾਲੀਆਂ ਬਸਤੀਵਾਦ ਵਿਰੋਧੀ, ਲੋਕ ਲਹਿਰਾਂ ਦੀ ਗੁੜ੍ਹਤੀ ਲੈ ਕੇ ਸ਼ੁਰੂ ਹੋਏ, ਤਕਰੀਬਨ 90 ਸਾਲ ਪੁਰਾਣੇ ਇਸ ਪਰਚੇ ਦੇ, ਸ਼ਾਨਦਾਰ ਇਤਿਹਾਸ ਦੀ ਸਮੀਖਿਆ ਬਿਨਾਂ, ਨਾਮਧਾਰੀ ਸਾਹਿਤ ਦੀ ਗੱਲ ਪੂਰੀ ਨਹੀਂ ਕੀਤੀ ਜਾ ਸਕਦੀ। ਇਸ ਕਵਿਤਾ ਇਸ ਦੇ ਮੁੱਢਲੇ ਸੰਪਾਦਕ ਦੀ, ਮਨੋਰਥ ਬਿਆਨਦੀ ਸੀ ਤੇ ਇਕ ਕਵਿਤਾ ਸਭ ਤੋਂ ਲੰਮਾ ਸਮਾਂ ਰਹੇ ਸੰਪਾਦਕ ਦੀ ਦੇ ਕੇ, ਇਸ ਦੀ ਗੌਰਵ-ਗਾਥਾ ਸਮੇਟਾਂਗੇ:

"ਜਿਵੇਂ ਬਾਰ੍ਹਵੇਂ ਸਤਿਗੁਰੂ ਰਾਮ ਸਿੰਘ ਜੀ,
ਕਲੂ ਕਾਲ ਵਿਚ ਕੀਤਾ ਸਾਕਾਰ ਸਤਿਜੁਗ।
ਕੀਤਾ ਤਿਵੇਂ ਮਹਿਸੂਸ ਪ੍ਰਤਾਪ ਸਤਿਗੁਰ,
ਕਰੀਏ ਆਪਣਾ ਜਾਰੀ ਅਖ਼ਬਾਰ ਸਤਿਜੁਗ।
ਮਹਾਰਾਜ ਗੁਰਦਿਆਲ ਸਿੰਘ ਬਣੇ ਆਗੂ,
ਲਾਹੌਰੋਂ ਨਿਕਲਣ ਲੱਗਾ ਹੋ ਤਿਆਰ ਸਤਿਜੁਗ।
'ਅਰਸ਼ੀ ਫ਼ਰਿਸ਼ਤਾ', 'ਆਲਿਮ', 'ਸ੍ਰੀ ਚੱਕਰਵਰਤੀ',
ਪਹਿਲਾ ਲਿਖਿਆ ਚੇਤਨ ਲਿਖਾਰ ਸਤਿਜੁਗ।
ਲੋਕਾਂ ਕਵਿਤਾ ਦੁਆਰਾ ਸੀ ਉਸ ਵੇਲੇ,

Sri Satguru Jagjit Singh Ji eLibrary NamdhariElibrary@gmail.com

ਧਾਕ ਪਾ ਦਿਤੀ ਇਕ ਵਾਰ ਸਤਿਜੁਗ।
ਭੈਣੀ ਸਾਹਿਬ ਫਿਰ ਆ ਕੇ ਛਪਣ ਲੱਗਾ,
ਬਾਕਾਇਦਾ ਹਫ਼ਤਾਵਾਰ ਸਤਿਜੁਗ।
ਵੀਹ ਵਰ੍ਹੇ ਪੂਰੇ ਏਥੇ ਛਪ ਕਰਕੇ,
ਖਾਸ ਅੰਕਾਂ ਦੀ ਲਾਈ ਬਹਾਰ ਸਤਿਜੁਗ।
ਵੱਡੇ ਵੱਡੇ ਵਿਦਵਾਨਾਂ ਲਿਖਾਰੀਆਂ ਦੇ,
ਦਿੰਦਾ ਲੇਖ ਧੜੱਲੇਦਾਰ ਸਤਿਜੁਗ।
ਜੀਵਨ ਨਗਰ ਫਿਰ ਸਤਿਗੁਰਾਂ ਲੈ ਆਂਦਾ,
ਛੱਤੀ ਸਾਲਾਂ ਤੋਂ ਚੱਲੇ ਇਕਸਾਰ ਸਤਿਜੁਗ।
ਛੋਹ ਪਾ ਸਤਿਗੁਰੂ ਜਗਜੀਤ ਸਿੰਘ ਦੀ,
ਸਾਰੇ ਪੰਥ ਵਿਚ ਵੰਡੇ ਮਹਿਕਾਰ ਸਤਿਜੁਗ।
ਘਰ ਘਰ ਪਹੁੰਚ ਕੇ ਪੰਥ ਦੀ ਡਾਕ ਵੰਡਦਾ,
ਸੰਤ ਗਾਥਾ ਦੀ ਪਾਉਂਦਾ ਫੁਹਾਰ ਸਤਿਜੁਗ।
ਅਮਨ ਏਕਤਾ ਵਾਸਤੇ ਜਤਨ ਕਰਦਾ,
ਰੱਖੇ ਦੋਖੀਆਂ ਤੇ ਖ਼ਬਰਦਾਰ ਸਤਿਜੁਗ।
ਹਰਿ 'ਆਤਮਾ' ਪੜ੍ਹੋ ਮੰਗਵਾ ਇਸਨੂੰ,
ਨਾਮਧਾਰੀਆਂ ਦਾ ਪਹਿਰੇਦਾਰ ਸਤਿਜੁਗ।

ਆਤਮਾ ਸਿੰਘ ਸਨਖਤ੍ਰਵੀ।"[13]

ਫੁੱਟ ਨੋਟ:

1. ਸਤਿਜੁਗ – 80 ਸਾਲਾ ਵਿਸ਼ੇਸ਼ ਅੰਕ – 2001 ਈ., ਦਿੱਲੀ – ਸਫ਼ਾ 13-14
2. ਭਾਈ ਵੀਰ ਸਿੰਘ ਗਿਆਨੀ – ਡਾ. ਕਰਨੈਲ ਸਿੰਘ ਸੋਮਲ –(ਜੀਵਨ ਰਚਨਾ ਤੇ ਸ਼ਖ਼ਸੀਅਤ) 2005 ਈ., ਅੰਮ੍ਰਿਤਸਰ– ਸਫ਼ਾ 51
3. ਉਹੀ – ਸਫ਼ਾ 279
4. ਗ਼ਦਰ ਲਹਿਰ – ਇਤਿਹਾਸ ਰਾਜਨੀਤੀ ਅਤੇ ਸਾਹਿਤ – 2008 ਈ. ਜਲੰਧਰ, ਸਫ਼ਾ 167 (ਸੰਪਾ. ਡਾ. ਸਰਬਜੀਤ ਸਿੰਘ)
5. ਸਤਿਜੁਗ – 26 ਮਈ, 1920 ਈ. ਮੁਤਾਬਿਕ 14 ਜੇਠ, 1978 ਬਿਕਰਮੀ – ਪਹਿਲਾ ਅੰਕ– ਲਾਹੌਰ ਪੰਨਾ 7
6. ਸਤਿਜੁਗ – ਅੱਸੀ ਸਾਲਾ ਵਿਸ਼ੇਸ਼ ਅੰਕ, ਸਫ਼ਾ 55
7. ਉਹੀ – ਸਫ਼ਾ 45
8. ਉਹੀ – ਸਫ਼ਾ 49
9. ਉਹੀ – ਸਫ਼ਾ 33
10. ਸਤਿਜੁਗ – ਸ੍ਰੀ ਜੀਵਨ ਨਗਰ – 65 ਸਾਲਾ ਵਿਸ਼ੇਸ਼ ਅੰਕ (ਭਾਗ ਦੂਜਾ) 2 ਫੱਗਣ 2042 ਬਿਕਰਮੀ ਮੁਤਾਬਿਕ 13 ਫਰਵਰੀ 1986 – ਸੁਵਰਨ ਸਿੰਘ ਸਨੇਹੀ ਦੇ ਲੇਖ ਵਿਚੋਂ ਉਧਰਿਤ, ਸਫ਼ਾ 15
11. ਉਹੀ – ਸਫ਼ਾ 14
12. ਉਹੀ – ਸਫ਼ਾ 21
13. ਉਹੀ – ਸਫ਼ਾ 1

Sri Satguru Jagjit Singh Ji eLibrary NamdhariElibrary@gmail.com

ਕੂਕਾ ਸਾਹਿਤ ਦਾ ਪੰਜਾਬ ਦੇ ਸਭਿਆਚਾਰਕ, ਸਮਾਜਿਕ ਅਤੇ ਆਰਥਿਕ ਜੀਵਨ 'ਤੇ ਅਸਰ

ਭਾਰਤ ਦੇ ਸਿਰ 'ਤੇ ਛਤਰ ਜਿਉਂ ਸਜਣ ਵਾਲੇ ਪੰਜਾਬ ਦਾ ਇਤਿਹਾਸ ਬੜਾ ਅਦਭੁਤ ਹੈ। ਜ਼ਿੰਦਗੀ ਨੂੰ ਰੂਹ ਨਾਲ ਜਿਊਣਾ ਪੰਜਾਬੀਆਂ ਦੇ ਸੁਭਾਉ ਦਾ ਮੀਰੀ ਗੁਣ ਹੈ। ਇਹ ਸੁਭਾਉ ਇਕ ਦਿਨ ਵਿਚ ਹੀ ਨਹੀਂ ਬਣਦਾ। ਇਸ ਦੇ ਪਿੱਛੇ ਤਾਰੀਖ਼ੀ ਵਿਰਸਾ, ਜਿਊਂਦੀਆਂ ਪਰੰਪਰਾਵਾਂ ਦੀ ਮਾਣ ਮਰਿਆਦਾ, ਮਿੱਟੀ ਦੀ ਤਾਸੀਰ ਅਤੇ ਪੌਣ ਪਾਣੀ ਦੀ ਮਹਿਕ ਸ਼ਾਮਲ ਹੁੰਦੀ ਹੈ। ਪੰਜਾਬ ਵਿਚ ਲਹਿੰਦੇ ਜਾਂ ਉੱਤਰ-ਪੱਛਮ ਵਲੋਂ ਆਉਣ ਵਾਲੇ ਸਾਰੇ ਲੋਕਾਂ ਨੂੰ ਗੁਜ਼ਰਨਾ ਪੈਂਦਾ ਸੀ, ਇਸ ਲਈ ਹਿੰਦੁਸਤਾਨ ਨਾਲ ਉਹਨਾਂ ਦੀ ਪਹਿਲੀ ਪਹਿਚਾਣ ਪੰਜਾਬ ਵਿਚ ਹੀ ਹੁੰਦੀ। ਦਰਾਵੜ, ਆਰੀਆ, ਸਿੱਥੀਅਨ, ਹੂਣ, ਗੁਰਜਰ, ਪ੍ਰਤੀਹਾਰ ਮੰਗੋਲ, ਸ਼ਕ, ਤੁਰਕ, ਮੁਗ਼ਲ ਆਦਿ ਮੱਧ ਏਸ਼ੀਆ ਅਤੇ ਹੋਰ ਖ਼ਿੱਤਿਆਂ ਦੇ ਘੁਮੰਤੂ ਕਬੀਲੇ ਵੀ ਇੱਥੇ ਆਏ ਅਤੇ ਇਹਨਾ ਵਿਚੋਂ ਬਹੁਤ ਸਾਰੇ ਇਥੇ ਹੀ ਵੱਸ ਗਏ। ਇਉਂ ਇਕ ਸੰਮਿਲਤ ਸੱਭਿਆਚਾਰ ਹੋਂਦ ਵਿਚ ਆਇਆ। ਜਿਸ ਨਾਲ ਸਮੇਂ ਸਮੇਂ ਵੈਦਿਕ ਸੰਸਕ੍ਰਿਤੀ, ਬੁੱਧ ਅਤੇ ਜੈਨ ਮੱਤ ਦੇ ਉਦਾਰ ਵਿਚਾਰਾਂ, ਇਸਲਾਮੀ ਸੂਫ਼ੀਵਾਦ, ਭਗਤੀ ਲਹਿਰ, ਸਿੱਖ ਗੁਰੂ ਸਾਹਿਬਾਨ ਦੀ ਇਸ ਲੋਕ ਦੇ ਮਸਲਿਆਂ ਨਾਲ ਸਿੱਧੀ ਟੱਕਰ ਲੈਂਦੀ, ਇਕ ਪ੍ਰਗਤੀਸ਼ੀਲ ਵਿਚਾਰਧਾਰਾ ਨੇ ਤਿੱਖਾ ਸੰਵਾਦ ਰਚਾਇਆ। ਇਸ ਸਭ ਕਾਸੇ ਦੇ ਸੰਮਿਲਤ ਉੱਦਮਾਂ ਨਾਲ ਪੰਜਾਬੀ ਸੰਸਕ੍ਰਿਤੀ ਹੋਂਦ ਵਿਚ ਆਉਂਦੀ ਹੈ। ਦਰਿਆ ਦੇ ਪਾਣੀ ਦੇ ਵੇਗ ਜਿਵੇਂ ਵਿਚਾਰ ਪ੍ਰਵਾਹ ਵੀ ਆਪਣੇ ਲਈ ਕੋਈ ਬੰਧੇਜ ਸਵੀਕਾਰ ਨਹੀਂ ਕਰਦਾ। ਜੋ ਜੀਊਣ ਜੋਗਾ ਹੈ ਉਹ ਆਪਣਾ ਸਥਾਨ ਬਣਾ ਲੈਂਦਾ ਹੈ। ਵੇਲਾ ਵਿਹਾ ਚੁੱਕੇ ਵਿਚਾਰ, ਰੀਤੀ ਰਿਵਾਜ ਭੂਤ ਦਾ ਹਿੱਸਾ ਬਣ ਜਾਂਦੇ ਹਨ। ਭੂਤ ਦੀਆਂ ਨੀਂਹਾਂ ਵਰਤਮਾਨ ਦੀ ਉਸਾਰੀ ਹੁੰਦੀ ਹੈ। ਭਵਿੱਖ ਮੁਖੀ ਵਰਤਮਾਨ ਹੀ ਲੰਮਾ ਸਮਾਂ ਟਿਕ ਸਕਦਾ ਹੈ। ਪੰਜਾਬ ਦੇ ਇਤਿਹਾਸ ਦੇ ਅਜੋਕੇ ਮਸਲਿਆਂ ਨੂੰ ਸਮਝਣ ਲਈ ਇਸਦੇ ਪਿਛੋਕੜ ਨੂੰ ਸਮਝਣਾ ਜ਼ਰੂਰੀ ਹੈ ਤਾਂ ਕਿ ਨਰੋਏ ਸਬਕ ਸਿੱਖ ਕੇ ਸਾਰਥਕ ਸਿੱਟੇ ਕੱਢੇ ਜਾ ਸਕਣ।

ਪੰਜਾਬੀ ਸੰਸਕ੍ਰਿਤੀ, ਸਾਹਿਤ ਅਤੇ ਸਭਿਆਚਾਰ ਨੂੰ ਅਮੀਰ ਕਰਨ ਵਿਚ ਬਹੁਤ ਸਾਰੀਆਂ ਲੋਕ-ਲਹਿਰਾਂ ਦਾ ਯੋਗਦਾਨ ਹੈ। ਇਕ ਇਸ ਤਰ੍ਹਾਂ ਦੀ ਜ਼ਿਕਰ ਕਰਨ ਜੋਗ ਅਤੇ ਗੌਰਵਮਈ ਲੋਕ-ਲਹਿਰ ਕੂਕਾ ਲਹਿਰ ਜਾਂ ਨਾਮਧਾਰੀ ਅੰਦੋਲਨ ਸੀ। ਜਿਸ ਨੇ ਪੰਜਾਬੀ ਵਿਰਸੇ ਦੇ ਨਰੋਏ ਅੰਸ਼ਾਂ ਨੂੰ ਨਾ ਸਿਰਫ਼ ਆਪਣੇ ਵਿਚ ਸਮੋਇਆ ਸਗੋਂ ਬੰਧਨ ਬਣੀ ਪਰੰਪਰਾ ਨੂੰ ਤਿਲਾਂਜਲੀ ਵੀ ਦਿੱਤੀ। ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੀ ਸਿੱਖੀ ਜੀਵਨ ਜਾਚ ਨੂੰ ਲੁਪਤ ਹੋਣ ਤੋਂ ਬਚਾਇਆ। ਗੁਰਬਾਣੀ ਦੇ ਉਪਦੇਸ਼ ਨੂੰ ਫਿਰ ਪੰਜਾਬ ਦੇ ਕੋਨੇ ਕੋਨੇ ਤੱਕ ਪਹੁੰਚਾਇਆ। ਸਿੱਖ ਧਰਮ ਵਿਚ ਸਾਮੰਤਵਾਦ ਦੇ ਪ੍ਰਭਾਵ ਹੇਠ ਧਰਮ ਦੇ ਭੈੜੇ ਰੂਪ ਵਿਚ ਪਰੋਹਤਵਾਦ ਦੀ ਜਕੜ ਮਜ਼ਬੂਤ ਹੋਈ ਜਿਸ ਨਾਲ ਟੱਕਰ ਲੈ ਕੇ ਇਸ ਲਹਿਰ ਨੇ ਸਿੱਖੀ ਦੇ ਮੂਲ ਸਰੂਪ ਨੂੰ ਪਛਾਨਣ ਅਤੇ ਪੁਨਰ ਜੀਵਤ ਕਰਨ ਦਾ ਵਡਮੁੱਲਾ ਕਾਰਜ ਆਰੰਭ ਕੀਤਾ। ਮਾਰਕਸਵਾਦੀ ਚਿੰਤਕ ਗੁਰਬਖ਼ਸ਼ ਸਿੰਘ ਫਰੈਂਕ ਇਸ ਲਹਿਰ ਦੇ ਸਰੂਪ ਤੇ ਇਉਂ ਝਾਤ ਪਾਉਂਦੇ ਹਨ:

"ਪੰਜਾਬ ਉਪਰ ਅੰਗਰੇਜ਼ਾਂ ਦੇ ਅਧਿਕਾਰ ਨੂੰ ਪੰਜਾਬੀ ਜਨਤਾ ਕਦੇ ਵੀ ਕਬੂਲ ਨਹੀਂ ਸਕੀ। ਇਸ ਲਈ ਸ਼ਾਇਦ ਹੀ ਕੋਈ ਦਹਾਕਾ ਅਜੇਹਾ ਗੁਜ਼ਰਿਆ ਹੋਵੇਗਾ ਜਿਸ ਵਿਚ ਪੰਜਾਬ ਦੀ ਆਜ਼ਾਦੀ ਲਈ ਕੋਈ ਬਹੁਤ ਵੱਡੀ ਕੋਸ਼ਿਸ਼ ਨਾ ਕੀਤੀ ਗਈ ਹੋਵੇ। ਇਸ ਤਰ੍ਹਾਂ ਦਾ ਹੀ ਇਕ ਬਹੁਤ ਵੱਡਾ ਪ੍ਰਯਤਨ ਨਾਮਧਾਰੀਆਂ ਦਾ ਸੀ। ਦੂਜੀਆਂ ਗੱਲਾਂ ਤੋਂ ਇਲਾਵਾ, ਨਾਮਧਾਰੀ ਸੰਘਰਸ਼ ਦਾ ਇਕ ਪੱਖ ਅੰਗਰੇਜ਼ਾਂ ਦੀ ਹਰੇਕ ਵਸਤੂ ਦਾ ਬਾਈਕਾਟ ਸੀ, ਜਿਸਦੇ ਵਿਚ

Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ੀ ਵੇਸ ਭੂਸ਼ਾ, ਅੰਗਰੇਜ਼ੀ ਸਿੱਖਿਆ ਅਤੇ ਇੱਥੋਂ ਤੱਕ ਕਿ ਅੰਗਰੇਜ਼ੀ ਯਾਤਾਯਾਤ ਅਤੇ ਸੰਚਾਰ ਦੇ ਸਾਧਨ ਵੀ ਸ਼ਾਮਲ ਸਨ। ਇਹ ਮਹਾਤਮਾ ਗਾਂਧੀ ਵਾਲਾ ਸੁਦੇਸ਼ੀ ਦਾ ਨਾਹਰਾ ਸੀ, ਜੋ ਉਹਨਾਂ ਤੋਂ ਕਈ ਦਹਾਕੇ ਪਹਿਲਾਂ ਦਿੱਤਾ ਗਿਆ ਸੀ। ਨਾਮਧਾਰੀਆਂ ਦੀ ਧਾਰਮਕ ਪੱਖਬਾਜ਼ੀ ਦੀ ਵਰਤੋਂ ਕਰਦਿਆਂ (ਉਹ ਗਊ ਰੱਖਿਆ ਲਈ ਅੰਧ ਵਿਸ਼ਵਾਸ ਦੀ ਹੱਦ ਤਕ ਉਤਸ਼ਾਹੀ ਸਨ) ਅੰਗਰੇਜ਼ਾਂ ਨੇ ਮੁਸਲਮਾਨਾਂ ਨਾਲ ਉਹਨਾਂ ਦੇ ਝੇੜਿਆਂ ਨੂੰ ਤਿੱਖਾ ਕੀਤਾ। ਇਸ ਬਹਾਨੇ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿਤਾ ਅਤੇ ਉਹਨਾਂ ਦੇ ਗੁਰੂ (ਸਤਿਗੁਰੂ ਰਾਮ ਸਿੰਘ) ਨੂੰ ਦੇਸ਼ ਨਿਕਾਲਾ ਦੇ ਦਿਤਾ ਗਿਆ।"

ਫਰੈਂਕ ਸਾਹਿਬ ਦੀ ਇਹ ਟਿਪਣੀ ਰੂਸੀ (ਸੋਵੀਅਤ ਕਾਲ) ਇਤਿਹਾਸਕਾਰਾਂ ਤੋਂ ਪ੍ਰਭਾਵਿਤ ਹੈ ਜੋ ਕੂਕਾ ਅੰਦੋਲਨ ਨੂੰ ਅਖੀਰ ਵਿਚ ਸੰਪਰਦਾਇਕ ਅੰਦੋਲਨ ਸਮਝਣ ਦੀ ਭੁੱਲ ਕਰ ਜਾਂਦੇ ਸਨ। ਨਾਮਧਾਰੀ ਸਿੰਘਾਂ ਨੇ ਬੁੱਚੜਖ਼ਾਨਿਆਂ ਤੇ ਹਮਲਿਆਂ ਨੂੰ ਬੁੱਚੜਾਂ (ਮੁਸਲਮਾਨਾਂ) ਤੇ ਹਮਲਿਆਂ ਵਜੋਂ ਨਹੀਂ ਲਿਆ, ਸਗੋਂ ਇਸ ਨੂੰ ਬੁੱਚੜਖ਼ਾਨੇ ਖੁਲ੍ਹਵਾਉਣ ਵਾਲੀ, ਬ੍ਰਿਟਿਸ਼ ਹਾਕਮਾਂ ਦੀ ਕਿਰਕੂ ਨੀਤੀ ਜਿਸ ਰਾਹੀਂ ਉਹ ਫ਼ਿਰਕਿਆਂ ਵਿਚ ਦੁਵੇਸ਼ ਪਾ ਰਹੇ ਸਨ, 'ਤੇ ਹਮਲੇ ਵਜੋਂ ਲਿਆ। ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਉਣ ਵਾਲੇ ਅੰਗਰੇਜ਼ ਅਧਿਕਾਰੀ ਵੀ ਆਪਣੀਆਂ ਲਿਖਤਾਂ ਵਿਚ ਇਸ ਕਾਰਵਾਈ ਨੂੰ, ਕੂਕਿਆਂ ਦੁਆਰਾ ਬ੍ਰਿਟਿਸ਼ ਸੱਤਾ ਤੋਂ ਸਿੱਧੀ ਨਾਬਰੀ ਦੱਸ ਰਹੇ ਸਨ।

ਗਊ ਅਤੇ ਨਦੀ ਸਾਡੀ ਪੁਰਾਣੀ ਖੇਤੀ ਅਰਥ ਵਿਵਸਥਾ ਦੇ ਦੋ ਮਹੱਤਵਪੂਰਨ ਅੰਗ ਸਨ। ਵਿਸ਼ਵੀਕਰਨ ਦੀਆਂ ਨੀਤੀਆਂ ਵੀ ਇਹਨਾਂ ਦੋਹਾਂ ਨੂੰ ਸਮਾਪਤ ਕਰਨ ਵੱਲ ਵਧ ਰਹੀਆਂ ਹਨ। ਹੁਣ ਮੁਨਾਫ਼ਾ ਕਮਾਉਣ ਵਾਲੀ ਅਰਥ ਵਿਵਸਥਾ ਵਿਚ ਮਨੁੱਖੀ ਜਜ਼ਬਿਆਂ ਦੀ ਕੋਈ ਥਾਂ ਨਹੀਂ। ਨਦੀਆਂ ਤੇ ਡੈਮ ਉਸਾਰੇ ਜਾ ਰਹੇ ਹਨ। ਪਿੰਡ ਅਤੇ ਜੰਗਲ ਡੁੱਬ ਰਹੇ ਹਨ। ਗਊਆਂ ਦੀ ਚਰਾਗਾਹ ਖ਼ਤਮ ਹੋ ਰਹੀ ਹੈ। ਬੈਲਾਂ ਦਾ ਤਿਆਗ ਕਰਕੇ ਛੋਟੀ ਜੋਤ ਵਾਲੀ ਖੇਤੀ ਮਸ਼ੀਨੀਕਰਨ ਦਾ ਬੋਝ ਨਹੀਂ ਝੱਲ ਸਕੀ। ਗਊ ਤੇ ਗਰੀਬ ਇਕ ਦੂਜੇ ਦੇ ਸਮਾਨਰਥੀ ਸ਼ਬਦ ਹਨ। ਕੂਕਾ ਅੰਦੋਲਨ ਦਾ ਕੇਂਦਰੀ ਧੁਰਾ ਗਊ ਅਤੇ ਗਰੀਬ ਦੀ ਰੱਖਿਆ ਕਰਨਾ ਵੀ ਸੀ। ਸਾਡਾ ਬ੍ਰਿਜ ਭਾਸ਼ਾ ਵਿਚ ਛੰਦਾਬੰਦੀ ਕਰਨ ਵਾਲਾ ਪੁਰਾਤਨ ਨਾਮਧਾਰੀ ਕਵੀ ਭਾਈ ਧਿਆਨ ਸਿੰਘ 'ਕਾਦਰਾਬਾਦੀ' ਮਲੇਰ ਕੋਟਲੇ ਦੇ ਸ਼ਹੀਦਾਂ ਦੀ ਮਹਿਮਾ ਕਰਦਾ ਹੋਇਆ ਆਪਣੀ ਪੁਸਤਕ 'ਸਤਿਗੁਰੂ ਬਿਲਾਸ' ਵਿਚ ਲਿਖਦਾ ਹੈ:

"ਸੀਸ ਦੀਏ ਅਰ ਸੀ ਨ ਕਰੀ ਜਿਨ, ਸਿਖਨ ਤਾਹਿ ਕੇ ਮੈਂ ਬਲਿਹਾਰੀ।
ਗੋ ਹਿਤ ਤੋਹਿ ਤਨੀ ਸਹਿ ਕੇ, ਜਿਨ ਬੁਚੜ ਮਾਰ ਕੇ ਧੇਨ ਉਬਾਰੀ।
ਤੇ ਸਿਖ ਦਾ ਗੁਰ ਕੇਹਰਿ ਰਾਮ ਸੁ ਧਿਆਨ ਮਿਰਗੰਦ ਕਰੇਤ ਜੁਹਾਰੀ।
ਗੋਇ ਗਰੀਬਨ ਪਾਲਨ ਕੈ ਹਿਤ ਰਾਮ ਮ੍ਰਿਗਿੰਦ ਆਏ ਤਨ ਧਾਰੀ।"

ਨਾਮਧਾਰੀ ਜਾਂ ਕੂਕਾ ਨਾਮ ਪੰਜਾਬ ਦੇ ਵੱਖ ਵੱਖ ਖਿੱਤਿਆਂ ਵਿਚ ਪ੍ਰਚਲਿਤ ਹਨ। ਸਿਆਲਕੋਟ ਅਤੇ ਪੱਛਮੀ ਪੰਜਾਬ ਵਿਚ ਨਾਮਧਾਰੀ ਸ਼ਬਦ ਵਰਤਿਆ ਜਾਂਦਾ ਸੀ। ਮਾਲਵੇ ਵਿਚ ਕੂਕਾ ਸ਼ਬਦ ਜ਼ਿਆਦਾ ਪ੍ਰਚਲਿਤ ਸੀ। ਅਸੀਂ ਫਿਰ ਕਾਦਰਾਬਾਦੀ ਜੀ ਦਾ ਹਵਾਲਾ ਦਿੰਦੇ ਹਾਂ ਜਦੋਂ ਲਹਿੰਦੇ ਪੰਜਾਬ ਦੇ ਇਕ ਮੇਲੇ ਵਿਚ ਇਕ ਅੰਮ੍ਰਿਤਸਰ ਸ਼ਹਿਰ ਨਿਵਾਸੀ ਸਿੰਘ, ਜੋ ਕੰਘੇ ਕੜੇ ਆਦਿ ਵੇਚਣ ਜਾਂਦਾ ਹੈ, ਆਪਣੀ ਪਛਾਣ ਇਉਂ ਕਰਵਾਉਂਦਾ ਹੈ:

'ਸ੍ਰੀ ਅੰਮ੍ਰਿਤਸਰ ਕੇ ਬਾਸਿੰਦੇ। ਸਿੰਘ ਨਾਮਧਾਰੀ ਹਮ ਹੁੰਦੇ।'

ਇਕ ਹੋਰ ਪਰਸੰਗ ਵਿਚ ਕਾਦਰਾਬਾਦੀ ਜੀ ਲਿਖਦੇ ਹਨ ਕਿ ਗੋਰਿਆਂ ਨੇ ਹੁਜਰੇ ਤੋਂ ਚੁੱਕ ਕੇ ਦੀਪਾਲਪੁਰ (ਮਿੰਟਗੁਮਰੀ) ਵਿਚ ਤਹਿਸੀਲ ਪਾ ਦਿਤੀ। ਜਿੱਥੇ ਰਿਆਜ਼ ਹੁਸੈਨ ਨਾਮ ਦਾ ਇਕ ਤਹਿਸੀਲਦਾਰ ਲੱਗਾ। ਉਹ ਜਦੋਂ ਲੰਘੇ ਤਾਂ ਉਸ ਬਾਜ਼ਾਰ ਵਿਚ ਪਕੌੜੇ ਤਲ ਕੇ ਵੇਚਣ ਵਾਲੇ, ਭਾਈ ਮਹਿਲ ਸਿੰਘ ਤੋਂ ਬਿਨਾਂ ਸਾਰਾ ਬਾਜ਼ਾਰ ਉਸਨੂੰ ਸਲਾਮ ਕਰਦਾ ਹੈ। ਇੱਥੇ ਭਾਈ ਮਹਿਲ ਸਿੰਘ ਦੀ ਪਛਾਣ ਕੂਕਾ ਸਿਖ ਵਜੋਂ ਕੀਤੀ ਹੈ ਅਤੇ ਤਸੀਲਦਾਰ ਦੇ ਪੁੱਛਣ ਤੇ ਉਹ ਕਹਿੰਦਾ ਹੈ: ਅਸੀਂ ਸਲਾਮ ਦੇ ਵਾਕਫ਼ ਨਹੀਂ, ਸਤਿ ਸ੍ਰੀ ਅਕਾਲ ਜਾਣਦੇ ਹਾਂ। ਤਹਿਸੀਲਦਾਰ ਕਾਗਜ਼ ਪੈਨਸਿਲ

Sri Satguru Jagjit Singh Ji eLibrary NamdhariElibrary@gmail.com

ਲੈ ਕੇ 'ਸਤਿ ਸ੍ਰੀ ਅਕਾਲ' ਲਿਖ ਲੈਂਦਾ ਹੈ ਤੇ ਜਦੋਂ ਸਿਧ ਜੀ ਪਾਸ ਆਉਂਦਾ ਹੈ ਰੋਜ ਸਤਿ ਸ੍ਰੀ ਅਕਾਲ ਬੁਲਾਉਂਦਾ। ਮਹਿਲ ਸਿੰਘ ਕੂਕੇ ਦੇ ਨਿਹੰਗੀ ਸੁਭਾਉ ਬਾਰੇ ਕਵੀ ਲਿਖਦਾ ਹੈ:

"ਇਹ ਨਹਿ ਉਠੈ ਨ ਕਰੈ ਸਲਾਮ। ਪੂਛਾ ਕੌਣ ਸੁ ਕਹਿਤ ਤਮਾਮ।
ਕੂਕਾ ਸਿਖ ਇਹ ਅਹੈ ਹਜ਼ੂਰ। ਨਾਮ ਮਹਿਲ ਸਿੰਘ ਗੁਰ ਭਰਪੂਰ।
ਕਹਿਤ ਨਿਹੰਗ ਨ ਕਿਸ ਕੀ ਕਾਨ। ਸਭਾ ਲੋਕ ਹੈ ਭਕਤ ਮਹਾਨ।
ਹਾਕਮ ਤਬ ਤਿਸ ਦਿਸਾ ਨਿਹਾਰਾ। ਖੜਾ ਹੋਇ ਕਰ ਕੀਆ ਦੀਦਾਰਾ।
ਮਹਿਲ ਸਿੰਘ ਜੀ ਭਾਖਾ ਤਾਹਿ। ਹਮ ਸਲਾਮ ਕੇ ਵਾਕਫ਼ ਨਾਹਿ।
ਵਾਕਫ਼ ਸਤਿ ਸ੍ਰੀ ਅਕਾਲ। ਜੋ ਗਜਾਇ ਬੋਲੋਂ ਤਿਸ ਨਾਲ।"

ਪ੍ਰਸਿੱਧ ਸਿਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ 1889 ਈ. ਦੀ ਪੰਥ ਪਰਕਾਸ਼ ਦੀ ਦੂਜੀ ਐਡੀਸ਼ਨ ਵਿਚ, ਕੂਕੇ ਸਿੱਖਾਂ ਦਾ ਵੇਰਵਾ 28 ਕਬਿੱਤ ਰਚ ਕੇ ਦਿਤਾ ਹੈ। ਉਹਨਾਂ ਵਿਚ ਉਹ ਨਾਮਧਾਰੀ ਸਿੱਖਾਂ ਦਾ ਸਹੀ ਨਾਮ, ਨਾਮਧਾਰੀ ਲਿਖਦਾ ਹੈ, ਪੰਜੂ ਸਬਦ ਦੀ ਮਸਤੀ ਵਿਚ ਸਿਰ ਤੋਂ ਦਸਤਾਰ ਉਤਰ ਜਾਣ, ਅਤੇ ਉਚੀ ਉਚੀ ਹੌਲੇ ਦੇ ਸ਼ਬਦ ਪੜ੍ਹਦਿਆਂ ਲੋਕਾਂ ਦੁਆਰਾ 'ਕੂਕੇ' ਆਖੇ ਜਾਣ ਦਾ ਜ਼ਿਕਰ ਵੀ ਕਰਦੇ ਹਨ। ਇਹ ਵੀ ਦੱਸਦੇ ਹਨ ਕਿ ਸਿਰਫ਼ ਦਸਤਾਰ ਉਤਰਨ ਤੋਂ ਬਿਨਾਂ ਹੋਰ ਇਹਨਾ ਦੀਆਂ ਰੀਤਾਂ ਆਮ ਸਿੱਖਾਂ ਵਰਗੀਆਂ ਹੀ ਹਨ:

ਕਬਿੱਤ
ਪੰਥ ਖਾਲਸੇ ਮੇਂ ਏਕ ਸ਼ਾਖ ਕੂਕੇ ਸਿੰਘਨ ਕੀ,
ਤੀਸਕ ਬਰਸ ਤੈਂ ਜੋ ਬਿਦਤੇ ਮਹਾਨ ਹੈਂ।
ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇ
ਸਿਰ ਤੇ ਉਤਰ ਜਾਤ ਦਸਤਾਰ ਗਾਲ ਹੈਂ।
ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ
ਕੂਕ ਮਾਰਨੇ ਤੇ ਕੂਕੇ ਜਗਤ ਬਖਾਨ ਹੈਂ।
ਏਕ ਦਸਤਾਰ ਕੇ ਉਤਾਰ ਬਿਨ ਔਰ ਰੀਤਿ,
ਚਾਹੀਅਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈਂ।"

ਨਾਮਧਾਰੀ ਸਿੱਖਾਂ ਦਾ ਪਹਿਰਾਵਾ, ਸਫ਼ੈਦ ਬਾਣਾ, ਮਾਲਾ, ਸਿੱਧੀ ਪੱਗ, ਉਨ੍ਹਾਂ ਦੁਆਰਾ ਹਵਨ ਦੀ ਸਨਾਤਨੀ ਰੀਤ ਬਰਕਰਾਰ ਰਖਣੀ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਕਰਨੇ, ਆਪਣਾ ਰਾਜ ਵਾਪਿਸ ਲੈਣ ਦੀ ਇੱਛਾ ਰਖਣੀ, 'ਦਸਮੇਂ ਗੁਰੂ' ਜੀ ਦੇ ਪੱਕੇ ਸਿੱਖ ਹੋਣ ਦੇ ਔਖੀ ਵੇਖੇ ਲੱਛਣ ਦੱਸਣੇ, ਜਿਸ ਵਿਚ ਚੰਡੀ ਦੀ ਵਾਰ ਦਾ ਪਾਠ ਕਰਨਾ ਵੀ ਸ਼ਾਮਲ ਹੈ, ਗਿਆਨੀ ਜੀ ਇਉਂ ਸੰਖੇਪ ਵਿਚ ਬਿਆਨ ਕਰਦੇ ਹਨ:

"ਜਟਨ ਭਵਾਨੀ ਕੀ ਉਪਾਸਨਾ ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਚੂਕੇ ਹੈਂ।
ਸਕਲ ਬਸਨ ਮਾਲਾ ਸੂਧੀ ਦਸਤਾਰ ਧਾਰੀ,
ਕਉ ਹੈ ਹਵਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿਖ ਸਾਦਿਕ ਸਹੀ ਹੈਂ ਸਭਿ,
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਤੇਰੇ ਜੈਸੇ ਲੱਛਣ ਹੈਂ ਟੇਰੇ ਜੈਸੇ ਗਿਆਨ ਸਿੰਘ,
ਐਸੇ ਪਰਸਿੱਧ ਹੀ ਅਬਿਧ ਸਿਖ ਕੂਕੇ ਹੈਂ।"

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀ ਲਹਿਰ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ 'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ' ਦੇ ਅਨੁਸਾਰੀ ਹੋਕੇ, ਸਿੱਖ ਮੱਤ ਦੀ ਮੁੱਢਲੀ ਸਿਖਿਆ ਦੇ ਉਲਟ ਜਾ ਕੇ, ਦੇਵੀ ਦੇਹੁਰੇ, ਪੀਰਾਂ ਫ਼ਕੀਰਾਂ ਦੇ ਮਕਬਰੇ, ਥਾਨਾ, ਮੜ੍ਹੀਆਂ ਮਸਾਣਾਂ ਦੀ ਪੂਜਾ ਅਤੇ ਬ੍ਰਾਹਮਣਾਂ ਦੁਆਰਾ ਜਨਮ, ਮਰਨ, ਵਿਆਹ ਸੰਸਕਾਰਾਂ ਆਦਿ ਦਾ ਮੁਕੰਮਲ ਤਿਆਗ ਕਰ ਚੁੱਕੇ ਸਨ। ਅਨੰਦ ਮਰਿਆਦਾ ਦਾ ਮੁੱਢ ਵੀ ਸਤਿਗੁਰੂ ਰਾਮ ਸਿੰਘ ਜੀ ਨੇ ਬੰਨ੍ਹਿਆ। ਇਸ ਲਈ ਨਾਮਧਾਰੀ ਸਿੰਘ ਆਪ ਨੂੰ ਆਪਣਾ ਇਸ਼ਟ ਦੇਵ ਮੰਨਦਿਆਂ ਆਪੋ ਵਿਚ ਹੀ ਰੋਟੀ ਬੇਟੀ ਦੀ ਸਾਂਝ ਰੱਖਦੇ ਹਨ। ਗਿਆਨੀ ਜੀ ਇਸ ਨਵੇਂ ਸਭਿਆਚਾਰ ਦੀ ਤਸਵੀਰ ਕਸ਼ੀ ਇਉਂ ਕਰਦੇ ਹਨ:

ਦੇਵ-ਥਾਨ ਤੀਰਥ ਪੁਰਾਨ ਸਾਧੁ ਬਿਪਰ ਕੋ
ਮਾਨ ਹੈ ਨ ਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈਂ ਦੇਤ ਲੇਤ ਹੈਂ, ਸਹੋਤ ਸਾਕ ਨਾਤਾ,
ਰਾਜ ਲੈਨ ਕੇਰੀ ਇੱਛਿਆ ਮਨ ਸਭ ਕੈ ਫਬੀ।
ਮਰਨੈਂ ਔਰ ਪਰਨੈਂ ਮੈਂ ਬਿੱਪਰੈਂ ਬੁਲਾਵੈ ਨਾਂਹਿ,
ਆਨੰਦ ਪੜ੍ਹਾਵੈਂ ਰੀਤਿ ਗੁਰੂ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਪੀਰ ਜਾਨੈਂ,
ਜੋ ਬਖਾਨੇ ਵਹਿ ਸੋਊ ਮਾਨ ਹੈ ਸਭੀ।"[7]

ਨਾਮਧਾਰੀ ਸਿੰਘਾਂ ਨੇ ਪ੍ਰਚਲਿਤ ਧਾਰਮਕ ਮਨੌਤਾਂ ਨੂੰ ਚੁਨੌਤੀ ਦੇਣ ਵਾਸਤੇ ਹੀ, ਗੁਜਰਾਂ ਵਾਲੇ ਦੇ ਜ਼ਿਲ੍ਹੇ ਵਿਚੋਂ ਸਖੀ-ਸਰਵਰ ਦੇ ਸਥਾਨ ਤੇ ਖਜੂਰ ਵੱਡਾ ਟੱਲ, ਜਿਸ ਨੂੰ ਧੌਂਕਲ ਦਾ ਟੱਲ ਕਿਹਾ ਜਾਂਦਾ ਸੀ, ਰਾਤੋਂ ਰਾਤ ਜਾ ਕੇ ਮਰੋੜੀ ਦੇ ਕੇ ਸਣਾਂਜੋਗ ਨਾਲ ਵੱਢ ਸੁੱਟਿਆ ਅਤੇ ਫਿਰ ਇਸ ਨੂੰ ਸੰਗਤ ਦੀ ਵਰਤੋਂ ਦਾ ਬਰਤਨ ਬਣਾਉਣ ਲਈ ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਭੇਜ ਦਿਤਾ। ਲੋਕ ਇਸ ਟੱਲ ਨੂੰ ਪੂਜਿਆ ਕਰਦੇ ਸਨ। ਗੁਰੂ ਕੇ ਸਿੰਘਾਂ ਨੇ ਅੱਧੀ ਰਾਤ ਦੇ ਸਮੇਂ ਸੈਂਕੜੇ ਸ਼ਰਧਾਲੂਆਂ ਦੇ ਉਥੇ ਲੇਟਿਆਂ ਹੋਇਆਂ ਹੀ ਇਹ ਕਉਤਕ ਕਰ ਕੇ ਦੱਸ ਦਿਤਾ ਕਿ ਅਜੇਹੀਆਂ ਮਨਘੜਤ ਮਨਾਉਤਾਂ ਵਾਲੀਆਂ ਥਾਵਾਂ ਤੇ ਜਾਣ ਨਾਲ ਕੋਈ ਸੋਰ ਨਹੀਂ ਸਉਰਨੀ। ਭਾਈ ਗੁਰਦਾਸ ਸਿੰਘ (ਜਾਂ ਦੂਜਾ ਭਾਈ ਗੁਰਦਾਸ) ਦੀ ਇਕ ਵਾਰ ਦੀ ਪਉੜੀ ਨੂੰ ਹੁਣ ਕੂਕੇ ਸਿੰਘ ਕੁਝ ਇਸ ਤਰ੍ਹਾਂ ਪੜ੍ਹਨ ਲੱਗ ਪਏ:

"ਮੜ੍ਹੀ ਮਸਾਣਾਂ ਢਾਹ ਕੇ ਕਰ ਦਿਓ ਮੈਦਾਨਾ।
ਪਹਿਲਾਂ ਮਾਰੇ ਪੀਰ ਥੇਨੋਂਦੀ ਫਿਰ ਸਖੀ ਸੁਲਤਾਨਾ।
ਉਮਤ ਸਭ ਮੁਹੰਮਦੀ ਖਪ ਜਾਇ ਮੈਦਾਨਾ
ਸੁੰਨਤ ਕੋਇ ਨ ਕਰ ਸਕੇ ਕੰਬੈ ਤੁਰਕਾਨਾ।
ਭੈਣੀ ਸਤਿਗੁਰ ਜਾਗਿਆ ਔਰ ਝੂਠ ਜਹਾਨਾ।"[8]

ਸਿੱਖ ਜੀਵਨ ਜਾਚ ਦੀ ਪੁਨਰ ਸਥਾਪਨਾ ਕਰਨੀ, ਸਤਿਗੁਰੂ ਰਾਮ ਸਿੰਘ ਜੀ ਦਾ ਇਕ ਭੀਖਮ-ਕਾਰਾ ਸੀ। ਸਿੱਖੀ ਆਦਰਸ਼ ਅਲੋਪ ਹੋ ਚੁੱਕੇ। ਅਖੌਤੀ ਸਿੱਖਾਂ ਦੇ ਹੱਥੋਂ ਹੀ ਸਿੱਖੀ ਦਾ ਘਾਣ ਹੋ ਰਿਹਾ ਸੀ। ਇਸੇ ਲਈ ਗਿਆਨੀ ਗਿਆਨ ਸਿੰਘ ਜੀ ਨੇ ਅਜੇਹੇ ਸਿੱਖਾਂ ਦੀ ਤੁਲਨਾ ਉਹਨਾਂ ਕਸਾਈਆਂ ਨਾਲ ਕੀਤੀ, ਜੋ ਸਿੱਖੀ ਰੂਪੀ ਗਊ ਦਾ ਬੱਧ ਕਰ ਰਹੇ ਸਨ ਅਤੇ ਖ਼ੂਨ ਦੇ ਅੱਥਰੂ ਕੇਰੇ:

"ਸਿੰਘਨ ਕੇ ਪੂਤ ਮਜ਼ਬੂਤ ਨਾਮ ਸਿੰਘ ਵਾਰੇ,
ਹਾਇ ਵੇ ਕਸਾਈ ਰਹੇ ਸਿੱਖੀ-ਗਊ ਘਾਇ ਹੈਂ।"

ਸਤਿਗੁਰੂ ਰਾਮ ਸਿੰਘ ਜੀ ਆਪਣੇ ਸਮਾਜਿਕ ਤੇ ਸੱਭਿਆਚਾਰਕ ਢਾਂਚੇ ਵਿਚ ਜੋ ਕ੍ਰਾਂਤੀਕਾਰੀ ਪਰਿਵਰਤਨ ਲਿਆ ਰਹੇ ਸਨ, ਉਸ ਦਾ ਵਰਣਨ ਅਸੀਂ ਨਾਮਧਾਰੀ ਇਤਿਹਾਸ' ਪੁਸਤਕ ਦੇ ਲੇਖਕ ਦੇ ਸ਼ਬਦਾਂ ਵਿਚ ਕਰਨ ਦੀ ਖ਼ੁਸ਼ੀ

Sri Satguru Jagjit Singh Ji eLibrary NamdhariElibrary@gmail.com

ਲੈ ਰਹੇ ਹਾਂ:

"ਆਮ ਜਨਤਾ ਨੂੰ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਰੀਤੀ ਅਲੋਪ ਹੋ ਗਈ ਸੀ। ਖੰਡੇ ਦੇ ਅੰਮ੍ਰਿਤ ਦੇ ਅਭਿਲਾਸ਼ੀ ਸੱਜਣ, ਵੱਡੇ ਵੱਡੇ ਗੁਰਦੁਆਰਿਆਂ, ਅਕਾਲ ਤਖ਼ਤ, ਅੰਮ੍ਰਿਤਸਰ, ਅਨੰਦਪੁਰ ਸਾਹਿਬ, ਮੁਕਤਸਰ ਸਾਹਿਬ, ਦਮਦਮਾ ਸਾਹਿਬ, ਪਟਨਾ ਸਾਹਿਬ ਅਤੇ ਨਾਂਦੇੜ (ਹਜ਼ੂਰ ਸਾਹਿਬ) ਹੀ ਜਾ ਕੇ ਅੰਮ੍ਰਿਤ ਛਕਦੇ ਸਨ। ਇਸਤਰੀਆਂ ਨੂੰ ਖੰਡੇ ਦਾ ਅੰਮ੍ਰਿਤ ਬਿਲਕੁਲ ਨਹੀਂ ਛਕਾਇਆ ਜਾਂਦਾ ਸੀ। ਪਿੰਡਾਂ ਵਿਚ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਲਈ ਪੰਜ ਪਿਆਰੇ ਹੀ ਲੱਭਣੇ ਮੁਸ਼ਕਿਲ ਸਨ। ਨਾਲ ਦੀ ਨਾਲ ਤਖ਼ਤਾਂ ਦੇ ਪੁਜਾਰੀ ਤੇ ਐਸੇ ਗੁਰਦੁਆਰਿਆਂ ਦੇ ਮਹੰਤ ਇਹ ਗੱਲ ਨਹੀਂ ਚਾਹੁੰਦੇ ਸਨ ਕਿ ਅੰਮ੍ਰਿਤ ਪ੍ਰਚਾਰ ਕਰਨ ਦੀ ਇਸ ਪ੍ਰਕਾਰ ਖੁੱਲ੍ਹ ਦੇ ਦਿਤੀ ਜਾਵੇ, ਕਿਉਂਕਿ ਇਸ ਨਾਲ ਉਹਨਾਂ ਦੀ ਅੰਮ੍ਰਿਤ ਛਕਾਉਣ ਦੀ ਦਖਸ਼ਨਾਂ ਜਾਂ ਆਮਦਨੀ ਵਿਚ ਘਾਟਾ ਪੈਂਦਾ ਸੀ। ਆਪ ਜੀ ਨੇ ਉਸ ਸਮੇਂ ਦੇ ਪੁਜਾਰੀਆਂ, ਮਹੰਤਾਂ, ਸੋਢੀਆਂ, ਬੇਦੀਆਂ, ਨਿਰਮਲੇ ਅਤੇ ਉਦਾਸੀਆਂ ਆਦਿ ਦੀ ਵਿਰੋਧਤਾ ਦੀ ਪ੍ਰਵਾਹ ਨਾ ਕਰਦਿਆਂ, ਪਿੰਡਾਂ ਵਿਚ ਰਹਿੰਦੇ ਖੇਤੀ ਆਦਿ ਦੇ ਕੰਮ ਵਿਚ ਲੱਗੇ ਹੋਏ, ਜ਼ਬਾਨੀ ਬਾਣੀਆਂ ਕੰਠ ਰੱਖਣ ਵਾਲੇ ਸੱਜਣਾਂ ਨੂੰ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ, ਬਿਨਾਂ ਦਾਨ ਦਖਸ਼ਣਾਂ ਲਏ, ਪੇਂਡੂ ਜਨਤਾ ਨੂੰ ਅੰਮ੍ਰਿਤ ਛਕਾਉਣ ਦੀ ਰੀਤ ਨੂੰ ਚਲਾਇਆ। ਹਿੰਦੂਆਂ ਅਤੇ ਕੇਸਾਂ ਵਾਲੇ ਜੱਟਾਂ ਨੂੰ ਕੇਵਲ ਇਕ ਅਕਾਲ ਤੇ ਭਰੋਸਾ ਰੱਖਕੇ, ਜੀਵਨ ਬਤੀਤ ਕਰਨ ਦਾ ਉਪਦੇਸ਼ ਦਿਤਾ। ਮੁਸਲਮਾਨ, ਪੀਰਾਂ ਫ਼ਕੀਰਾਂ ਦੇ ਮਜ਼ਾਰਾਂ ਅਤੇ ਕਬਰਾਂ 'ਤੇ ਜਾ ਕੇ ਮੰਨਤਾਂ ਮੰਨਣ, ਬੱਕਰੇ ਚੜ੍ਹਾਉਣ ਅਤੇ ਚੂਰਮੇ ਵੰਡਣ ਦੇ ਭੈੜੇ ਰਿਵਾਜ ਨੂੰ ਤਿਆਗਣ ਦਾ ਪ੍ਰਚਾਰ ਕੀਤਾ ਹਰ ਇਕ ਸਿੱਖ-ਸਿੱਖਣੀ ਨੂੰ ਨਿਤਨੇਮ ਦੀਆਂ ਘੱਟ ਤੋਂ ਘੱਟ ਪੰਜ ਬਾਣੀਆਂ ਜ਼ਬਾਨੀ ਯਾਦ ਕਰਨ ਅਤੇ ਪਾਠ ਕਰਨ ਲਈ ਪਰੇਰਨਾ ਕੀਤੀ ਅਤੇ ਨਾਮ ਜਪਣ ਭਜਨ ਬੰਦਗੀ ਕਰਨ ਤੇ ਜ਼ੋਰ ਦਿਤਾ। ਭਾਈ ਰਾਏ ਸਿੰਘ ਇਕ ਪਰੇਮੀ ਸਿਖ ਵਿਦਵਾਨ ਨੂੰ, ਸ੍ਰੀ ਹਜ਼ੂਰ ਸਾਹਿਬ, ਅਬਚਲਨਗਰ, ਦੱਖਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਚਲੀ ਆ ਰਹੀ ਰਹਿਤ ਮਰਿਆਦਾ ਨੂੰ ਲਿਖ ਕੇ ਲਿਆਉਣ ਲਈ ਭੇਜਿਆ।

" ਖੰਡੇ ਦੇ ਅੰਮ੍ਰਿਤ ਨਾਲ ਪੰਜ ਕਕਾਰਾਂ - ਕੇਸ, ਕੰਘਾ, ਕੜਾ, ਕਛਹਿਰਾ, ਕ੍ਰਿਪਾਨ ਦੀ ਰਹਿਤ ਰੱਖਣ ਲਈ ਕਰੜੀ ਪਾਬੰਦੀ ਲਾਈ ਅਤੇ ਇਨ੍ਹਾਂ ਦੇ ਧਾਰਨ ਕਰਨ ਲਈ ਹਰ ਇਕ ਸਿੱਖ ਮਾਤਰ ਨੂੰ ਪ੍ਰੇਰਨਾ ਕੀਤੀ। ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰਦਿਆਂ ਸਾਰ ਹੀ, ਪੰਜਾਬ ਵਿਚ ਹਥਿਆਰ ਨਾ ਰੱਖਣ ਦਾ ਕਾਨੂੰਨ ਜਾਰੀ ਕਰ ਦਿਤਾ ਸੀ। ਇਸ ਅਨੁਸਾਰ ਕੇਵਲ ਖ਼ਾਸ ਖ਼ਾਸ ਖ਼ਾਨਦਾਨਾਂ ਦੇ ਬੰਦਿਆਂ ਨੂੰ ਛੱਡ ਕੇ ਕੋਈ ਆਦਮੀ ਭੀ ਬਿਨਾਂ ਲਾਈਸੈਂਸ ਤੋਂ ਹਥਿਆਰ ਨਹੀਂ ਰੱਖ ਸਕਦਾ ਸੀ। ਸਿੱਖਾਂ ਦਾ ਧਾਰਮਿਕ ਚਿੰਨ੍ਹ ਕ੍ਰਿਪਾਨ ਜਾਂ ਤਲਵਾਰ ਵੀ ਇਸੇ ਕਾਨੂੰਨ ਦੇ ਮਾਤਹਿਤ ਬਗ਼ੈਰ ਲਾਇਸੈਂਸ ਤੋਂ ਕਿਸੇ ਹੋਰ ਨੂੰ ਪਹਿਨਣ ਜਾਂ ਰੱਖਣ ਦੀ ਇਜਾਜ਼ਤ ਨਹੀਂ ਸੀ।...ਸਿੱਖਾਂ ਨੂੰ ਕ੍ਰਿਪਾਨ ਦੀ ਥਾਂ ਚੰਗਾ ਮੋਟਾ ਬਾਂਸ ਦਾ ਖੂੰਡਾ ਜਾਂ ਲੋਹੇ ਦੇ ਬੰਦਾਂ ਵਾਲੀ ਚੰਗੀ ਭਾਰੀ ਡਾਂਗ ਜਾਂ ਲਾਠੀ ਜਾਂ ਸਫ਼ਾ-ਜੰਗ ਰਖਣ ਲਈ ਅਤੇ ਗਤਕੇ ਲਾਠੀ ਦੇ ਹੱਥ ਸਿਖਣ ਦੀਆਂ ਹਦਾਇਤਾਂ ਕੀਤੀਆਂ। ਚੰਗੀ ਨਸਲ ਦੇ ਘੋੜੇ ਪਾਲਣ, ਸਿਖਣ, ਘੋੜੇ ਰੱਖਣ ਅਤੇ ਘੋੜੇ ਦੀ ਸਵਾਰੀ ਕਰਨ ਲਈ ਭੀ ਕਿਹਾ ਗਿਆ। ਦੇਸ਼ ਵਿਚੋਂ ਅੰਗਰੇਜ਼ੀ ਸਰਕਾਰ ਵਲੋਂ ਜਾਰੀ ਕੀਤੀ ਗਈ, ਗਊ ਹੱਤਿਆ ਹਟਾਉਣ ਲਈ ਜਤਨ ਕਰਨ ਲਈ ਵੀ ਪ੍ਰਚਾਰ ਕੀਤਾ ਗਿਆ।

"ਸਰੀਰ ਨੂੰ ਰਿਸ਼ਟ ਪੁਸ਼ਟ, ਨਰੋਆ ਅਤੇ ਚੜ੍ਹਦੀਆਂ ਕਲਾਂ ਵਿਚ ਰੱਖਣ ਲਈ ਸਰੀਰਕ ਸਫ਼ਾਈ ਤੇ ਬਹੁਤ ਜ਼ੋਰ ਦਿਤਾ। ਇਕ ਪਹਿਰ ਰਾਤ ਰਹਿੰਦਿਆਂ ਉਠ ਕੇ ਹਰ ਰੋਜ਼ ਸਣੇ ਕੇਸੀਂ ਇਸ਼ਨਾਨ ਕਰਨ, ਦਾਤਣ ਕਰਨ ਅਤੇ ਸਾਫ਼ ਬਸਤਰ ਪਹਿਨਣ ਦੀ ਰੀਤ ਚਲਾਈ।...ਦੁੱਧ ਘਿਓ ਖਾਣ ਲਈ ਚੰਗੀਆਂ ਨਰੋਈਆਂ ਗਊਆਂ, ਮੱਝਾਂ ਅਥਵਾ ਦੇਸ਼ ਦੇ ਪਸ਼ੂ ਧਨ ਨੂੰ ਪਾਲਣ ਅਤੇ ਸਾਂਭਣ ਲਈ ਆਪ ਜੀ ਨੇ ਖ਼ੁਦ ਮਸਾਲ ਪੈਦਾ ਕੀਤੀ।

"ਮਾਸ ਸ਼ਰਾਬ, ਚੋਰੀ ਯਾਰੀ, ਝੂਠ, ਨਿੰਦਿਆ, ਠੱਗੀ, ਧੋਖਾ ਆਦਿ ਬੁਰਾਈਆਂ ਨੂੰ ਛੱਡਣ ਦਾ ਉਪਦੇਸ਼ ਦਿੱਤਾ।"

ਗੌਤਮ ਬੁੱਧ ਦੀ ਸਿੱਖਿਆ ਹੈ-

Sri Satguru Jagjit Singh Ji eLibrary NamdhariElibrary@gmail.com

"ਜੀਵਨ ਦਾ ਵਿਨਾਸ਼ ਕਰਨ ਵਾਲਾ, ਝੂਠ ਬੋਲਣ ਵਾਲਾ, ਹੋਰਾਂ ਦੀਆਂ ਚੀਜ਼ਾਂ ਤੇ ਕਬਜ਼ਾ ਕਰਨ ਵਾਲਾ, ਪਰਾਈ ਔਰਤ ਕੋਲ ਜਾਣ ਵਾਲਾ ਅਤੇ ਨਸ਼ੇ ਕਰਨ ਵਾਲਾ ਮਨੁੱਖ ਆਪਣੇ ਜੀਵਨ ਦੀਆਂ ਜੜ੍ਹਾਂ ਆਪ ਵੱਢ ਰਿਹਾ ਹੁੰਦਾ ਹੈ... ਇਸ ਲਈ ਬੰਦਿਆ! ਆਪਣੇ ਆਪ 'ਤੇ ਕਾਬੂ ਨਾ ਰੱਖਣ ਨਾਲ ਬੁਰਾਈ ਸਾਡੇ ਮਗਰ ਲੱਗ ਜਾਂਦੀ ਹੈ। ਇਸ ਲਈ ਸਰਬ ਵਿਆਪਕ ਨਿਯਮਾਂ ਨਾਲ ਬੇਸੁਰ ਹੋ ਕੇ ਜਿਊਣ ਨਾਲ ਤੇ ਲਾਲਚੀ ਹੋਣ ਨਾਲ ਦੁੱਖ ਸਾਡੇ ਮਗਰ ਲੱਗ ਜਾਂਦੇ ਹਨ।"[10]

ਸਤਿਗੁਰੂ ਰਾਮ ਸਿੰਘ ਜੀ ਚੰਗਾ ਜੀਵਨ ਜਿਊਣ ਦੇ ਸਰਬ ਵਿਆਪਕ ਨਿਯਮਾਂ ਦਾ ਪਰਚਾਰ ਕਰਕੇ ਆਲਾ ਦੁਆਲਾ ਸ਼ੁੱਧ ਕਰ ਰਹੇ ਹਨ ਅਤੇ ਆਪ ਵੀ ਕੁਠਾਲੀ ਵਿਚ ਪਏ ਸੋਨੇ ਜਿਊਂ ਹਰ ਮੁਸ਼ਕਿਲ, ਹਰ ਪ੍ਰੀਖਿਆ ਦੇ ਸਮੇਂ ਕੁੰਦਨੀ ਹੋ ਨਿਕਲਦੇ ਹਨ। ਉਹਨਾਂ ਦੇ ਉੱਚੇ ਸੁੱਚੇ ਆਚਰਣ ਦਾ, ਸਰਬ ਪ੍ਰਵਾਨਿਤ ਸ਼ਖ਼ਸੀਅਤ ਦਾ ਅਤੇ ਉਹਨਾਂ ਦੇ ਮਿਕਨਾਤੀਸੀ ਆਭਾ ਮੰਡਲ ਦਾ ਲੋਹਾ, ਜਿਹਨਾਂ ਅੰਗਰੇਜ਼ ਹਾਕਮਾਂ ਨੂੰ 'ਉਹਨਾਂ ਦੇ ਸਰੀਰ ਤੋਂ ਕਾਲ ਵਰਗਾ ਭੈਅ ਆਉਂਦਾ ਹੈ ਅਤੇ ਜਿਹੜੇ ਉਹਨਾਂ ਨੂੰ ਤਦੋਂ ਕੇ ਬ੍ਰਿਟਿਸ਼ ਹਿੰਦੁਸਤਾਨ ਵਿਚ ਆਪਣੇ ਰਾਜ ਲਈ ਸਭ ਤੋਂ ਵੱਡਾ ਖ਼ਤਰਾ ਮੰਨਦੇ ਹਨ" ਉਹ ਵੀ ਇਹਨਾਂ ਸ਼ਬਦਾਂ ਵਿਚ ਮੰਨਦੇ ਹਨ – "ਗੁਰੂ ਰਾਮ ਸਿੰਘ ਤੇਜ਼ ਬੁੱਧੀ ਵਾਲਾ, ਧੀਰਜਵਾਨ, ਗੰਭੀਰ ਅਤੇ ਉਚ ਆਚਰਣ ਵਾਲਾ ਪੁਰਸ਼ ਹੈ, ਉਸ ਨੇ ਆਪਣੇ ਹਰ ਇਕ ਬਚਨ ਅਤੇ ਕਰਮ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ।"[11]

ਕੂਕਿਆਂ ਵਿਚ ਪਠਨ ਪਾਠਨ ਦਾ ਕਿੰਨਾ ਸ਼ੌਕ ਸੀ ਇਸ ਦਾ ਪਤਾ ਵੀ ਅੰਬਾਲਾ ਦੇ ਕਮਿਸ਼ਨਰ, ਮੈਕਨਬ ਦੀ ਉਪਰੋਕਤ ਰਿਪੋਰਟ ਵਿਚੋਂ ਲਗਦਾ ਹੈ –"ਹਰ ਪੜ੍ਹਿਆ ਹੋਇਆ ਕੂਕਾ ਆਪਣੇ ਪਾਸ ਦੀਵਾਨ ਬੂਟਾ ਸਿੰਘ ਲਾਹੌਰ ਵਾਲੇ ਦੇ ਛਾਪੇਖਾਨੇ (ਆਫ਼ਤਾਬ ਪ੍ਰੈਸ) ਦੀ ਛਪੀ ਹੋਈ ਇਕ ਪੋਥੀ ਰੱਖਦਾ ਹੈ। ਇਸ ਪੋਥੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਗਰੰਥ ਵਿਚੋਂ ਜੰਗ ਲਈ ਉਤਸ਼ਾਹਿਤ ਕਰਨ ਵਾਲੀਆਂ ਬਾਣੀਆਂ ਚੰਡੀ ਪਾਠ ਅਤੇ ਉਗਰਦੰਤੀ ਦਿੱਤੀਆਂ ਹੋਈਆਂ ਹਨ। ਇਨ੍ਹਾਂ ਛਪੀਆਂ ਹੋਈਆਂ ਬਾਣੀਆਂ ਤੋਂ ਬਗੈਰ ਤਿੰਨ ਹੋਰ ਅਣਛਪੀਆਂ ਪੋਥੀਆਂ ਹਨ, ਜਿਨ੍ਹਾਂ ਨੂੰ ਕੂਕੇ ਪਰਮਾਣੀਕ ਮੰਨਦੇ ਹਨ। ਇਹ ਹਨ 'ਸੌ ਸਾਖੀ', 'ਬਾਬੇ ਅਜਿੱਤੇ ਦੀ ਗੋਸ਼ਟ' ਅਤੇ 'ਕਰਨੀ ਨਾਮਾ'। ਅੰਮ੍ਰਿਤਸਰ ਦੇ ਬੁੱਚੜਾਂ ਦੇ ਕਤਲਾਂ ਦੀ ਤਫ਼ਤੀਸ਼ ਸਮੇਂ ਇੰਸਪੈਕਟਰ ਇਮਦਾਦ ਅਲੀ ਨੇ, ਇਹ ਤਿੰਨੇ ਪੋਥੀਆਂ ਤਲਾਸ਼ੀ ਵਿਚ, ਭਾਈ ਬਹਿਲਾ ਸਿੰਘ ਨਾਰਲੀ ਵਾਲੇ ਦੇ ਘਰੋਂ ਲਿਆ ਕੇ ਮਿਸਟਰ ਟਰਟਨ ਸਮਿੱਥ ਨੂੰ ਦਿੱਤੀਆਂ ਸਨ।" 12

ਉਸ ਸਮੇਂ ਦੇ ਸਮਾਜ ਵਿਚ ਨਾਰੀ ਭੰਡੀ ਆਮ ਪ੍ਰਚਲਿਤ ਸੀ। ਸਾਡੇ ਮੱਧਕਾਲੀ ਕਿੱਸਾਕਾਰਾਂ ਨੇ ਇਸ ਕੌਸ਼ਲ ਵਿਚ ਕਾਫ਼ੀ ਨਿਪੁੰਨਤਾ ਹਾਸਲ ਕੀਤੀ ਸੀ। ਅੰਗ੍ਰੇਜ਼ੀ ਮੁਹਾਵਰੇ ਮੁਤਾਬਿਕ 'ਕੁੱਤੇ ਨੂੰ ਆਖੋ ਕੁੱਤਾ ਤੇ ਮੁੜ ਇਹਨੂੰ ਫਾਹੇ ਟੰਗ ਦਿਓ'। ਮਨੁੱਖ ਦੀਆਂ ਸਾਰੀਆਂ ਬੁਰਿਆਈਆਂ ਨੂੰ ਔਰਤ ਦਾ ਸਿਰ ਮੜ੍ਹ ਦਿਉ ਤੇ ਫਿਰ ਭਾਵੇਂ ਉਹਦਾ ਸਿਰ ਕਲਮ ਕਰ ਦਿਉ। ਉਸ ਵਿਚਾਰੀ ਨੇ ਕੀ ਉਭਾਸਰਨਾ ਸੀ। ਹਿੰਦੂ ਭਗਤੀ ਸਾਹਿਤ ਵਿਚ ਵੀ ਉਸ ਨੂੰ ਗੰਵਾਰਾਂ, ਮੂਰਖਾਂ ਜਿਊਂ ਤਾੜਕੇ ਰੱਖਣ ਦੀ ਸ਼ੈਅ ਕਿਹਾ ਗਿਆ। ਅੱਜ ਕੱਲ੍ਹ ਭਰੂਣ ਹੱਤਿਆ ਨਾਲ ਖੁੱਭਾ ਸਰ ਜਾਂਦਾ ਹੈ। ਉਦੋਂ ਜੰਮਦੀ ਕੁੜੀ ਨੂੰ ਗੁੜ ਖਵਾ ਕੇ, ਪੂਣੀ ਹੱਥ ਵਿਚ ਫੜਾ ਕੇ, ਘੜੇ ਵਿਚ ਪਾ ਕੇ ਨੱਪ ਦਿਤਾ ਜਾਂਦਾ ਸੀ ਅਤੇ ਅਜਿਹੇ ਪਾਪੀ ਆਸ ਕਰਦੇ ਸਨ ਕਿ ਮਾਸੂਮ ਜ਼ਿੰਦੜੀ ਜਿਹੜੀ ਅਧਖਿੜੀ ਕਲੀ ਹੀ ਮਿੱਟੀ ਵਿਚ ਦੱਬ ਦਿਤੀ ਹੈ, ਉਹ ਤੁਹਾਡੇ ਵਿਹੜੇ ਵਿਚ ਗੁਲਾਬ ਖਿੜਾਉਣ ਦੀ ਕਾਮਨਾ ਕਰੇਗੀ। ਬੜਾ ਤਿੜ ਕੇ ਦੱਸਦੇ ਸਨ ਰਾਜਸਥਾਨ ਦੇ ਇਕ ਪਿੰਡ ਦੇ ਲੋਕ ਕਿ 150 ਵਰ੍ਹੇ ਤੋਂ ਕੋਈ ਜੰਞ ਨਹੀਂ ਇਥੇ ਢੁੱਕੀ। ਧੀਆਂ ਦੇ ਸਮੂਹਿਕ ਕਾਤਲਾਂ ਦੇ ਪਿੰਡ ਨੂੰ ਆਪਣੇ ਕੀਤੇ ਤੇ ਫ਼ਖ਼ਰ ਹੁੰਦਾ ਸੀ, ਸ਼ਰਮ ਨਹੀਂ ਸੀ ਆਉਂਦੀ। ਇਹੋ ਜਿਹੇ ਹੀ ਸਨ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹਾਲੀ ਗਿਰਦੇ ਦੇ ਸੰਧੂ ਅਤੇ ਲੁਧਿਆਣਾ ਜ਼ਿਲ੍ਹੇ ਦੇ ਕਿਲਾ ਰਾਇਪੁਰ ਗਿਰਦੇ ਦੇ ਗਰੇਵਾਲ। ਜਿਹੜੇ ਸਿਰਫ਼ ਇਸ ਲਈ ਜੰਮਦੀਆਂ ਬੱਚੀਆਂ ਮਾਰ ਦਿੰਦੇ ਸਨ ਕਿ ਕੋਈ ਉਹਨਾਂ ਦਾ ਜੁਆਈ ਬਣੇਗਾ। ਗਲਤ ਸਮਾਜਿਕ ਵਿਵਸਥਾ ਜ਼ਿੰਮੇਵਾਰ ਸੀ। ਕੈਸੇ ਕੈਸੇ ਮੁਹਾਵਰੇ ਘੜੇ ਗਏ – ਧੀਆਂ ਵਾਲਿਆਂ ਦਾ ਸਿਰ ਸਦਾ ਨੀਵਾਂ। ਕਿਉਂ ਭਈ ਮੁੰਡੇ ਵਾਲਿਆਂ ਦੇ ਸਿਰ ਤੇ ਕੁਤਬ ਦੀ ਲਾਠ ਉੱਗ ਆਉਂਦੀ ਹੈ, ਜੋ ਉਹ ਨਹੀਂ ਨੀਵਾਂ

Sri Satguru Jagjit Singh Ji eLibrary NamdhariElibrary@gmail.com

ਹੋ ਸਕਦਾ ? ਫਿਰ ਜੰਞ ਚੜ੍ਹਨ ਦਾ ਰਿਵਾਜ ਜਿਵੇਂ ਫ਼ੌਜ ਕਿਸੇ ਹੋਰ ਦੇਸ ਨੂੰ ਜਿੱਤਣ ਲਈ ਚੜ੍ਹਦੀ ਹੈ। ਮੁਕਬਲ ਸ਼ਾਹ ਛੋਟੇ ਗੁਰੂ ਜੀ ਦਾ ਸਮਕਾਲੀ ਕਵੀ ਤਾਂ ਹੀ ਲਿਖਦਾ ਹੈ – "ਢੋਲ ਵੱਜੇ ਘਰ ਲੁੱਟੀਏ, ਲੋਕੀਂ ਕਰਿਣ ਵਿਆਹ।" ਪਹਿਲਾਂ ਤਾਂ ਔਰਤ-ਮਰਦ ਦਾ ਬਰਾਬਰੀ ਦਾ ਰਿਸ਼ਤਾ ਹੀ ਨਾ ਮਿਥਿਆ। ਉਸਨੂੰ ਪੈਰ ਦੀ ਜੁੱਤੀ, ਗੁੱਤ ਪਿੱਛੇ ਮੱਤ ਆਦਿ ਵਿਸ਼ੇਸ਼ਣਾਂ ਨਾਲ ਸੁਸ਼ੋਭਿਤ ਕਰ ਦਿਤਾ। ਫਿਰ ਜੇ ਉਹ ਮਰਨ ਤੋਂ ਬਚ ਜਾਵੇ, ਸਬੱਬ ਨਾਲ ਪਲ ਜਾਵੇ ਤਾਂ ਵਿਆਹ ਵੱਲੋਂ ਸੌ ਸਿਆਪੇ। ਕਿਤੇ ਅੱਧ-ਖੜ ਉਮਰ ਦੇ ਕੁਆਰੇ ਬੈਠੇ ਭਰਾ ਨੂੰ ਵਿਆਹੁਣ ਲਈ ਉਸ ਨੂੰ ਕਿਸੇ ਅਧਖੜ ਨਾਲ ਮੜ੍ਹ ਦੇਣਾ। ਕਿਤੇ ਪਰਿਵਾਰ ਦੀ ਕਮਜ਼ੋਰ ਆਰਥਿਕ ਸਥਿਤੀ ਕਾਰਨ ਕਿਸੇ ਕਬਰ ਵਿਚ ਪੈਰ ਵਾਲੇ ਨੂੰ, ਮੱਝ ਗਾਂ ਜਿਉਂ ਉਸ ਦਾ ਸੰਗਲ ਫੜਾ ਦੇਣਾ। ਕਿਤੇ ਕੱਚੀ ਰੋਹੀ ਦੀ ਕਿੱਕਰ ਦਾ ਜਾਤੂ, ਕਿਸੇ ਰੂੜ ਦੀ ਛਿਟੀ ਨੂੰ ਲੈ ਤੁਰਦਾ। ਉਸ ਵੇਲੇ ਦੇ ਪ੍ਰਚਲਿਤ ਲੋਕਗੀਤਾਂ ਵਿਚ ਇਸ ਤ੍ਰਾਸਦਿਕ ਸਥਿਤੀ ਦੇ ਚਿਤਰਣ ਨੂੰ ਸ. ਨਾਹਰ ਸਿੰਘ ਹੋਰਾਂ ਆਪਣੀ ਪੁਸਤਕ ਵਿਚ ਦਰਜ ਕੀਤਾ ਹੈ:

"ਨਾਂ ਵੇਚ ਕੁਆਰੀ ਵੇ, ਬਾਬਲਾ ਲਾਲਚੀਆ।
ਗਲ ਗੁੱਠੂ ਕਟਾਵੀਂ ਵੇ, ਬਾਬਲਾ ਲਾਲਚੀਆ।
ਰੋਂਦੀ ਗਈ ਮੌਤ ਮਾਰੀ ਵੇ, ਬਾਬਲਾ ਲਾਲਚੀਆ।
ਨਾਂ ਬਣੀ ਵਪਾਰੀ ਵੇ, ਬਾਬਲਾ ਲਾਲਚੀਆ।"

ਸਿੱਖ ਜੀਵਨ ਮੁੱਲਾਂ ਦੀ ਸਥਾਪਨਾ ਦੇ ਆਪਣੇ ਕਾਰਜ ਵਿਚ, ਅੰਗਰੇਜ਼ ਪ੍ਰਸਤ ਸਿੱਖ ਸਾਮੰਤ ਅਤੇ ਪ੍ਰੋਹਿਤ ਸ਼੍ਰੇਣੀ ਨੂੰ 'ਮਲੇਛ ਖਾਲਸਾ' ਦਾ ਲਕਬ ਦੇਕੇ ਸਤਿਗੁਰੂ ਰਾਮ ਸਿੰਘ ਨੇ ਪੂਰਨ ਤੌਰ ਤੇ ਜਾਗ੍ਰਿਤ ਅਵਸਥਾ ਵਾਲਾ, ਵਿਦੇਸ਼ੀ ਸ਼ਾਸਨ ਵਿਰੁੱਧ ਲੜਾਈ ਦੇ ਮੈਦਾਨ ਵਿਚ ਉਤਰਨ ਵਾਲੇ, "ਸੰਤ ਖ਼ਾਲਸੇ" ਦੀ ਸਿਰਜਣਾ ਕਰਕੇ, ਸਮਾਜ ਦੇ ਦੂਜੇ ਅੱਧ ਦੀ ਤ੍ਰਾਸਦਿਕ ਸਥਿਤੀ ਵਿਚੋਂ ਉਸ ਨੂੰ ਉਭਾਰਨ ਲਈ ਸਾਰਥਕ ਉਪਰਾਲੇ ਕੀਤੇ। ਸਭ ਤੋਂ ਪਹਿਲਾਂ ਆਪ ਨੇ ਔਰਤਾਂ ਨੂੰ ਪੁਰਖਾਂ ਦੇ ਬਰਾਬਰ ਧਾਰਮਿਕ ਰੁਤਬਾ ਦੁਆਉਣ ਲਈ ਉਹਨਾਂ ਨੂੰ ਵੀ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਪੰਜਾਂ ਦੇ ਧਾਰਨੀ ਬਣਾਇਆ। ਸੂਬਾ ਬ੍ਰਹਮਾ ਸਿੰਘ ਜੀ 1857 ਦੇ ਵਿਦਰੋਹੀ ਸੈਨਿਕ ਵੀ ਸਨ, ਜਦੋਂ ਆਮ ਲੋਕ ਮਾਈਆਂ ਨੂੰ ਕਛਹਿਰੇ ਪੁਆਉਣ ਦੀ ਵਜ੍ਹਾ ਪੁੱਛਦੇ, ਜੁਆਬ ਦਿੰਦੇ ਸਨ, "ਛੇਤੀ ਹੀ ਫਰੰਗੀ ਹਾਕਮਾਂ ਵਿਰੁੱਧ ਇਕ ਹਥਿਆਰਬੰਦ ਜੰਗ ਲੜੀ ਜਾਵੇਗੀ। ਕਛਹਿਰਾ ਸਿੱਖ ਸੂਰਮਿਆਂ ਦੀ ਜੰਗਜੂ ਪੁਸ਼ਾਕ ਦਾ ਅਹਿਮ ਅੰਗ ਹੈ। ਇਸ ਲਈ ਭੈਣਾਂ ਵੀ ਇਸ ਨੂੰ ਧਾਰਨ ਕਰਕੇ ਮੈਦਾਨੇ ਜੰਗ ਵਿਚ ਵੀਰਾਂ ਦੇ ਸਾਥਵੇਂ ਹੋ ਸਕਣਗੀਆਂ। ਫਿਰ ਸਤਿਗੁਰੂ ਜੀ ਨੇ ਆਮ ਦੀਵਾਨਾਂ ਵਿਚ ਨੰਗੇ ਮੂੰਹ, ਬਿਨਾਂ ਦਾਜ ਦਹੇਜ, ਵਹੀ ਵਿਉਂਤਾਂ ਦੇ ਅਡੰਬਰਾਂ ਤੋਂ, ਬਿਨਾਂ ਗਹਿਣਿਆਂ ਦੀ ਖ਼ਰਚੀਲੀ ਗੁਲਾਮੀ ਦੇ ਅਤੇ ਬਿਨਾਂ ਪੰਡਿਤਾਂ ਪਰੋਹਤਾਂ ਦੇ ਗੁੰਝਲਦਾਰ ਖ਼ਰਚੀਲੇ ਕਰਮ ਕਾਂਡਾਂ ਵਾਲੀਆਂ ਕਾਰਵਾਈਆਂ ਦੇ ਅਤੇ ਬਿਨਾਂ ਜਾਤ ਪਾਤ ਦੇ ਬੰਧਨਾਂ ਦੇ ਆਮ ਗੁਰਸਿੱਖਾਂ ਜਿਉਂ ਗੁਰਸਿੱਖ ਜੋੜਿਆਂ ਦੇ ਹਾਣ ਪਰਵਾਨ ਵੇਖ ਕੇ, ਸਿੱਧੇ ਸਾਦੇ ਅਨੰਦ ਵਿਆਹ, ਗੁਰਬਾਣੀ ਦੇ ਪਾਠ ਨਾਲ ਕਰਨ ਦੀ ਰੀਤੀ ਤੋਰ ਦਿਤੀ। ਪ੍ਰਸਿੱਧ ਚਿੰਤਕ ਸ. ਕਪੂਰ ਸਿੰਘ ਆਈ.ਸੀ.ਐਸ. ਆਪਣੀ ਪੁਸਤਕ 'ਸਪਤ ਸ੍ਰਿੰਗ' ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਦਾ ਵਰਣਨ ਕਰਦਿਆਂ ਹੋਇਆਂ ਆਪ ਦੇ ਇਹਨਾਂ ਪਰਉਪਕਾਰੀ ਕਾਰਜਾਂ ਦਾ ਇਉਂ ਉਚ ਮੁਲੰਕਣ ਕਰਦੇ ਹਨ:

"ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਵਰਸ਼ ਦੀ ਹਜ਼ਾਰਾਂ ਵਰ੍ਹਿਆਂ ਦੀ ਤਾਰੀਖ਼ ਵਿਚ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ ਕੋਈ ਵੀ ਇਤਿਹਾਸਕ ਵਿਅਕਤੀ ਅਜੇਹਾ ਨਹੀਂ ਹੋਇਆ, ਜਿਸ ਨੇ ਆਪਣੇ ਜੀਵਨ-ਮਨੋਰਥ ਦਾ ਨਿਸ਼ਾਨਾ ਇਤਨਾ ਜਹਾਂਗੀਰ ਤੇ ਉਚਾ ਰਖਿਆ ਹੋਵੇ, ਜਿਸ ਦਾ ਮੰਤਵ ਕਿ ਜਾਤੀ ਤੇ ਜੰਨਤਾ ਦੇ ਆਤਮਕ ਤੌਰ ਤੇ ਸਾਰੇ ਭਰਮਾਂ ਤੇ ਬੰਧਨਾਂ ਨੂੰ ਤੋੜਕੇ, ਇਸ ਨੂੰ ਉਨਤੀ ਦੀ ਸਿਖਰ ਉਤੇ ਲੈ ਜਾਣਾ ਹੋਵੇ। ਗੁਰੂ ਗੋਬਿੰਦ ਸਿੰਘ ਜੀ ਪਿਛੋਂ ਇਸ ਕਿਸਮ ਦੀ ਦਲੇਰ ਆਤਮਾ ਵਾਲਾ ਪੁਰਸ਼, ਭਾਰਤ ਵਿਚ ਬਾਬਾ ਰਾਮ ਸਿੰਘ ਹੀ ਹੋਇਆ ਹੈ।

"ਸਿੱਖ-ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿੱਛੋਂ, ਬਾਬਾ ਰਾਮ ਸਿੰਘ ਇਕ ਬੜੇ ਮਹਾਨ ਸੁਧਾਰਕ

Sri Satguru Jagjit Singh Ji eLibrary NamdhariElibrary@gmail.com

ਤੇ ਰਾਹਨੁਮਾ ਹੋਏ ਹਨ, ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਣ ਤੇ ਮੁਕੰਮਲ ਏਕਤਾ ਦਾ ਪ੍ਰਚਾਰ ਕੀਤਾ ਤੇ ਆਪਣੇ ਪ੍ਰਚਾਰ ਵਿਚ ਸਫਲ ਹੋਏ। ਜੋ ਉਹਨਾਂ ਨੇ ਦੇਸ਼ ਤੇ ਜਾਤੀ ਲਈ ਜੋ ਹੋਰ ਮਹਾਨ ਕੰਮ ਕੀਤੇ ਹਨ, ਉਹ ਛੱਡ ਭੀ ਦੇਈਏ, ਤਾਂ ਉਹਨਾਂ ਦਾ ਇਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਹਨਾਂ ਨੂੰ ਸੰਸਾਰ ਦੇ ਸ਼ਰੋਮਣੀ ਸੁਧਾਰਕਾਂ ਦੀਆਂ ਸਫ਼ਾਂ ਵਿਚ ਖੜਾ ਕਰ ਦਿੰਦਾ ਹੈ।"[14]

ਆਪ ਨੇ ਬਾਲ ਵਿਆਹ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਲੜਕੀ 15-16 ਬਰਸ ਤੋਂ ਘੱਟ ਨਹੀਂ ਵਿਆਹੁਣੀ। ਲੜਕੇ ਦੇ ਵਿਆਹ ਦੀ ਘੱਟ ਘੱਟ ਉਮਰ 18 ਸਾਲ ਦੀ ਰੱਖੀ। ਸ਼ਾਰਦਾ ਐਕਟ ਅਤੇ ਹਿੰਦੂ ਮੈਰਿਜ ਕੋਡ ਆਦਿ ਸਰਕਾਰ ਵਲੋਂ ਬਣਾਏ ਕਾਨੂੰਨ ਜਿੱਥੇ ਤਕਰੀਬਨ ਇਕ ਸਦੀ ਬਾਦ ਪੁੱਜੇ, ਆਪ ਉਸ ਦੇ ਲਾਗੇ ਚਾਗੇ ਆਪਣੇ ਸਮੇਂ ਵਿਚ ਹੀ ਪੁੱਜ ਚੁੱਕੇ ਸਨ। ਆਪ ਨੇ ਵਿਧਵਾ ਵਿਆਹ ਦੀ ਖੁੱਲ੍ਹ ਦਿੱਤੀ ਅਤੇ ਫੁਰਮਾਇਆ ਕਿ ਜੇ ਕੋਈ ਬੀਬੀ 40 ਸਾਲ ਦੀ ਉਮਰ ਤਕ ਵਿਧਵਾ ਹੋ ਜਾਵੇ ਤਾਂ ਉਸ ਦਾ ਮੁੜ ਅਨੰਦ ਪੜ੍ਹਾ ਦੇਣਾ ਚਾਹੀਦਾ ਹੈ। ਕੁਝ ਜਾਤੀਆਂ ਵਿਚ ਪਤੀ ਦੇ ਮਰਨ ਬਾਅਦ ਪੁਨਰ-ਵਿਆਹ ਪ੍ਰਚਲਿਤ ਸੀ, ਪਰ ਕਈਆਂ ਵਿਚ ਵਿਵਰਜਿਤ ਸੀ, ਜਿਸ ਦੀ ਅਗਵਾਹੀ ਇਹ ਲੋਕ-ਬੋਲੀ ਦਿੰਦੀ ਹੈ:

"ਜੱਟੀਆਂ ਨੇ ਜੱਟ ਕਰ ਲਏ
ਰੰਡੀ ਬਾਹਮਣੀ ਕਿਧਰ ਨੂੰ ਜਾਵੇ।"

ਪਰਦੇਸ ਤੋਂ ਪੰਜਾਬ ਵਿਚ ਆਪਣੀ ਸੰਗਤ ਦੇ ਨਾਮ ਲਿਖੇ ਹੁਕਮਨਾਮੇ, ਜਿੱਥੇ ਅਜੋਕੀ ਪੰਜਾਬੀ ਵਾਰਤਕ ਦਾ ਮੂੰਹ ਮੁਹਾਂਦਰਾ ਉਲੀਕਣ ਕਾਰਨ, ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ, ਉੱਥੇ ਔਰਤਾਂ ਦੀ ਕਰੁਣਾਮਈ ਸਥਿਤੀ ਲਈ ਆਪਣੀ ਸੰਗਤ ਨੂੰ ਹਰ ਤਰ੍ਹਾਂ ਦੀ ਤਾੜਨਾ ਕਰਦਿਆਂ, ਆਪਣੀ ਪੁੱਤਰੀ ਬੀਬੀ ਨੰਦਾ ਦੇ ਨਾਂ ਲਿਖੇ ਇਕ ਪੱਤਰ ਵਿਚ ਬੀਬੀਆਂ ਨੂੰ ਗੁਰਮੁਖੀ ਅੱਖਰਾਂ ਵਿਚ ਆਪਣੀ ਮਾਤ-ਭਾਸ਼ਾ ਵਿਚ ਸਿੱਖਿਅਤ ਕਰਨ ਲਈ ਵਿਸ਼ੇਸ਼ ਜ਼ੋਰ ਦਿੰਦੇ ਹਨ:

"ਹੋਰ ਜੀ ਕਿਸੇ ਨੇ ਧੀ ਭੇਟਾ ਦਾ ਪੈਸਾ ਨਹੀਂ ਲੈਣਾ, ਬਟਾ ਨਹੀਂ ਕਰਨਾ।" (ਰਹਿਤਨਾਮਾ)

"ਜੇ ਕੁੜੀ ਮਾਰੇ ਕਿ ਤਾਂ ਬੇਚੇ, ਕੇ ਤਾਂ ਬਟਾ ਕਰੇ, ਅਰ ਜੇਕਰ ਅੱਛੀ ਤਰ੍ਹਾਂ ਮਾਲੂਮੀ ਹੋਇ ਜਾਵੇ ਤਾਂ ਓਸਦੇ ਨਾਲ ਨਹੀਂ ਬਰਤਣਾ, ਨਾ ਓਸਨੂੰ ਸੰਗਤ ਮੇ ਬੜਨ ਦੇਣਾ।" (ਹੁਕਮਨਾਮਾ 4)

"ਜੇਹੜਾ ਲੜਕੀ ਮਾਰੇ, ਬੇਚੇ, ਬਟਾ ਕਰੇ, ਉਸ ਦੇ ਹੱਥ ਦਾ, ਘਰ ਦਾ ਅੰਨ ਪਾਣੀ ਨਹੀਂ ਬਰਤਣਾ। ਉਸਨੂੰ ਸੰਗਤ ਵਿਚ ਨਹੀਂ ਬੜਨ ਦੇਣਾ।" (ਹੁਕਮਨਾਮਾ 20)

"ਹੋਰ ਆਗੇ ਜੋ ਲੜਕੀ ਮਾਰ ਦੇਣੇ ਦਾ, ਅਰ ਲੜਕੀ ਬੇਚਣੇ ਦਾ, ਬਟਾ ਕਰਨੇ ਦਾ ਬੜਾ ਪਾਪ ਹੈ। ਜੋ ਮਾਰਨੇ ਦਾ ਏਹੁ ਪਾਪੁ ਹੈ, ਜੋ ਲੜਕੀਆਂ ਮੇਂ ਬਹੁਤ ਹੀ ਗੁਣ ਹੈਨਿ, ਅਨੇਕ ਤਰ੍ਹਾਂ ਦੇ ਸੁਖ ਦਿੰਦੀਆਂ ਹੈਨ। ਇਸਤਰੀਆਂ ਦੇ ਗੁਣ ਤੋ ਗਿਣੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀ ਦਾ ਮਾਰਨਾ ਗਊ ਤੇ ਭੀ ਬੜਾ ਪਾਪੁ ਹੈ। ਅਰੁ ਬਟਾ ਕਰਨੇ ਤੇ, ਦੰਮ ਲੈਣੇ ਤੇ, ਕੁੜੀ ਕੋ ਬਰ ਅਛਾ ਨਹੀਂ ਮਿਲਦਾ, ਕੇ ਬੁਢਾ ਕੇ ਕਿਸੇਹਣਾ ਲਭਦਾ ਹੈ। ਦੰਮ ਲੈਣੇ ਤੇ ਕੁੜੀ ਕੇ ਘਰ ਰਿਜਕੁ ਨਹੀਂ ਰਹਿੰਦਾ। ਕੁੜੀ ਬਹੁਤ ਦੁਖੀ ਹੁੰਦੀ ਹੈ, ਨਾਲੇ ਕੁੜੀ ਬਿਭਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈਂ ਖਰਾਬੁ ਹੁੰਦੀ ਰਹਿੰਦੀ ਹੈ। ਇਹ ਸਾਰੇ ਪਾਪੁ ਮਾਪਿਆਂ ਕੋ ਲਗਦੇ ਹੈਂ।" (ਹੁਕਮਨਾਮਾ 28)

ਇਕ ਹੁਕਮਨਾਮੇ ਵਿਚ ਇਹ ਵੀ ਲਿਖਿਆ ਹੈ ਕਿ ਜੇ ਲੜਕੀਆਂ ਪ੍ਰਤੀ ਉਪਰ-ਵਰਣਿਤ ਅਵੱਗਿਆਵਾਂ ਕਰਨ ਵਾਲਾ ਸੰਗਤ ਵਿਚੋਂ ਰੋਕਿਆ ਵੀ ਆਉਣੋਂ ਨਾ ਹਟੇ ਤਾਂ, ਜੁਤੀਆਂ ਮਾਰਕ ਕਢ ਦੇਣਾ, ਕੁਝ ਕਰਦਾ ਫਿਰੇ।' ਪਹਿਲਾਂ ਆਪ ਨੇ ਲੜਕੀ 15-16 ਸਾਲ ਤੋਂ ਘੱਟ ਅਤੇ ਮੁੰਡਾ 18 ਸਾਲ ਤੋਂ ਘੱਟ ਨਾ ਵਿਆਹੁਣ ਬਾਰੇ ਲਿਖਿਆ ਸੀ, ਫਿਰ ਹੋਰ ਯਥਾਰਥਮੁਖੀ ਪਹੁੰਚ ਆਪਣਾਉਂਦਿਆਂ ਲੜਕੀ 18 ਤੋਂ ਘੱਟ ਨਾ ਅਤੇ ਲੜਕਾ 20 ਤੋਂ ਘੱਟ ਨਾ ਵਿਆਹੁਣ ਦਾ ਹੁਕਮਨਾਮਾ ਸੰਗਤ ਦੇ ਨਾਮ ਜਾਰੀ ਕਰ ਦਿਤਾ ਸੀ। ਇਹ ਆਪ ਦੀ ਸਮਾਜਕ ਸੂਝ ਦਾ ਉੱਚਾ ਪ੍ਰਮਾਣ ਹੈ ਕਿ ਜਿੱਥੇ

Sri Satguru Jagjit Singh Ji eLibrary NamdhariElibrary@gmail.com

ਆਪ ਇਕ ਸਦੀ ਪਹਿਲਾਂ ਪੁੱਜ ਗਏ ਸਨ ਉਥੇ ਵੱਲ ਦੀਆਂ ਸਰਕਾਰਾਂ ਹੁਣ ਅੱਪੜੀਆਂ ਹਨ।

ਇਸੇ ਲਈ ਆਪ ਨੂੰ ਪੰਜਾਬ ਦੇ ਪ੍ਰਥਮ ਸੁਤੰਤਰਤਾ ਸੰਗਰਾਮੀਏ ਹੋਣ ਦੇ ਨਾਲ ਨਾਲ ਔਰਤਾਂ ਦੇ ਪਹਿਲੇ ਮੁਕਤੀ-ਦਾਤਾ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਖ਼ਾਸ ਕਰਕੇ ਜਦੋਂ ਆਪ ਨੇ ਜਾਤ ਪਾਤ ਦੇ ਬੰਧਨ ਤੋੜ ਕੇ ਅਨੰਦ ਕਾਰਜ ਦੀ ਰੀਤ 3 ਜੂਨ, 1863 ਈ. ਨੂੰ ਪਿੰਡ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਮੋਗਾ) ਤੋਂ ਤੋਰੀ ਤਾਂ ਬ੍ਰਾਹਮਣ ਭਾਈਚਾਰੇ ਨੇ ਬਹੁਤ ਪਰੇਸ਼ਾਨੀ ਮੰਨੀ ਕਿਉਂਕਿ ਇਸ ਤੋਂ ਪਹਿਲਾਂ ਸਨਾਤਨੀ ਵਿਆਹ ਰੀਤੀ ਨਾਲ ਉਹਨਾਂ ਦੇ ਆਰਥਿਕ ਹਿਤ ਜੁੜੇ ਹੋਏ ਸਨ। ਬ੍ਰਾਹਮਣਾਂ ਨੇ ਸਤਿਗੁਰੂ ਜੀ ਦੀ ਇਸ ਕਾਰਵਾਈ ਵਿਰੁੱਧ ਬਾਬਾ ਪੁਰਾਣਾ ਥਾਣੇ ਵਿਚ ਦਰਖ਼ਾਸਤ ਵੀ ਦਿਤੀ ਕਿ ਸਾਡੇ ਕਿੱਤਿਆਂ ਤੇ ਚੋਟ ਕੀਤੀ ਹੈ। ਨਾਲ ਇਹ ਰੌਲਾ ਰੱਪ ਵੀ ਕਰ ਲਿਆ ਕਿ ਕੂਕੇ ਸਰਕਾਰ ਵਿਰੁੱਧ ਬਾਗ਼ੀਆਨਾ ਪਰਚਾਰ ਕਰ ਰਹੇ ਹਨ ਅਤੇ ਛੇਤੀ ਹੀ ਮੁੜ ਖ਼ਾਲਸਾ ਰਾਜ ਕਾਇਮ ਕਰਨ ਦੇ ਦਮਗਜ਼ੇ ਮਾਰ ਰਹੇ ਹਨ। ਇਸ ਸਾਰੀ ਗਾਥਾ ਦਾ ਬੜਾ ਰੌਚਕ ਵਰਣਨ ਸਾਡੇ ਲੋਕ-ਗੀਤਾਂ ਵਿਚ ਮਿਲਦਾ ਹੈ–

"ਬਾਹਮਣਾਂ ਨੇ ਪਾਈ ਅਰਜ਼ੀ,
ਸਾਡੀ ਕੁੜੀ ਦਾ ਅਨੰਦ ਪੜ੍ਹਾਇਆ।"
"ਮੈਂ ਬਾਬੇ ਪੁਰਾਣੇ ਜਾਵਾਂ,
ਠਾਣਾ ਮੇਰਾ ਯਾਰ ਲਗਦਾ।"
"ਕੰਢਾਂ ਵਾਲਿਆਂ ਨੂੰ ਕੈਦ ਕਰਾ ਦੂੰ,
ਗੀਤਾਂ ਵੱਲ ਹੱਥ ਕਰਦਾ।"
"ਤੈਨੂੰ ਸ਼ਰਮ ਰਤਾ ਨਾ ਆਵੇ,
ਬਾਹਮਣਾ ਮੇਰਾ ਖਾਇਆ।"
"ਅਸਾਂ ਸ਼ਰਮ ਘੋਟ ਕੇ ਪੀਤੀ,
ਸਿੱਖਾਂ ਨਾਲ ਲੜਨੇ ਨੂੰ।"[3]

"ਜਿਨ੍ਹਾਂ ਦੇ ਆਸਰੇ ਇਹ ਪਲ ਰਹੇ ਸਨ, ਉਹਨਾਂ ਨੂੰ ਹੁਣ ਖ਼ੁਸ਼ਬੂ ਆ ਚੁੱਕੀ ਸੀ, ਸੁਧਾਰਾਂ ਦੀ, ਉਹ ਧੜਾ ਧੜ ਸਿਖ ਸਜਣ ਲਗ ਪਏ ਸਨ ਅਤੇ ਜੁਆਬ ਵਿਚ ਉਹਨਾਂ ਧੁਰ ਦੀ ਆਵਾਜ਼ ਦੀ ਤਰ੍ਹਾਂ ਐਸਾ ਉਹੋ ਜਿਹਾ ਹੀ ਜੁਆਬ ਦਿਤਾ।

"ਜੰਞੂ ਤੋੜੀਏ ਤੇ ਬੋਦੀ ਨੂੰ ਮਰੋੜੀਏ,
ਟੋਕੇ 'ਚ ਲੁਆਈਏ ਚੁੰਡੀਆਂ।"[4]

ਮਰੇ-ਮੁੱਕੇ ਵਿਸ਼ਵਾਸਾਂ ਅਤੇ ਕਰਮ-ਕਾਂਡਾਂ ਦੀ ਪੰਡ ਸਿਰੋਂ ਲਹਿ ਜਾਣ ਨਾਲ ਆਮ ਲੁਕਾਈ ਦਾ ਆਕਰਸ਼ਣ ਕੂਕਾ ਲਹਿਰ ਪ੍ਰਤੀ ਤੀਬਰ ਹੁੰਦਾ ਗਿਆ। ਪਿੰਡਾਂ ਦੇ ਪਿੰਡ ਕੂਕੇ ਬਨਣ ਲੱਗ ਪਏ। ਇਹਨਾਂ ਲੋਕ ਗੀਤਾਂ ਵਿਚੋਂ ਇਹ ਇਤਿਹਾਸਕ ਤੱਥ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਇਹ ਕੂਕਿਆਂ ਦੇ ਹੀ ਸਰਾਭੇ ਜਿਹੇ ਪ੍ਰਸਿੱਧ ਪਿੰਡ ਸਨ, ਜਿਹਨਾਂ ਨੇ ਬਾਦ ਵਿਚ ਚੱਲੀਆਂ ਕੌਮੀ ਮੁਕਤੀ ਲਹਿਰਾਂ ਦੇ ਨਾਇਕਾਂ ਨੂੰ ਜਨਮ ਦਿਤਾ। ਜ਼ਿਲ੍ਹਾ ਲੁਧਿਆਣਾ, ਜੋ ਲਹਿਰ ਦੇ ਨਾਇਕ ਸਤਿਗੁਰੂ ਰਾਮ ਸਿੰਘ ਜੀ ਦੀ ਜਨਮਭੂਮੀ ਅਤੇ ਕਰਮ ਭੂਮੀ ਹੋਣ ਦਾ ਮਾਣ ਰੱਖਦਾ ਸੀ, ਉਸ ਵਿਚ ਕੂਕਿਆਂ ਦੀ ਧੜਾਧੜ ਵਧਦੀ ਗਿਣਤੀ ਵੱਲ ਇਉਂ ਵੇਰਵੇ ਮਿਲਦੇ ਹਨ:

"ਭੁੜਕਾ, ਜਾਂਗਪੁਰ, ਮੋਹੀ ਤਿੰਨੇ ਪਿੰਡ ਕੂਕਿਆਂ ਦੇ।"
"ਢੈਪੇ ਨੌਰਲ, ਜੜ੍ਹਾਂ ਤੇ ਸਰਾਭਾ, ਬਣ ਗਏ ਨਾਮਧਾਰੀਏ।"
ਜਿਹਨਾਂ ਪਿੰਡਾਂ ਦੇ ਲੋਕ ਕੂਕਾ ਬਣਨਾ ਚਾਹੁੰਦੇ ਹਨ ਉਹ ਪਹਿਲਾਂ ਹੀ ਆਖਣ ਲਗ ਪਏ:
"ਬਿਲਾਸਪੁਰ ਤੇ ਹਜ਼ੂਰ ਪਿੰਡ ਵੱਸੀਆ, ਕੂਕੇ ਬਣ ਜਾਣਗੇ।"

Sri Satguru Jagjit Singh Ji eLibrary NamdhariElibrary@gmail.com

ਇਹਨਾਂ ਲੋਕਗੀਤਾਂ ਵਿਚ ਕੂਕਾ ਜੀਵਨ ਜਾਚ ਦੇ ਨਿਵੇਕਲੇ ਢੰਗਾਂ ਨੂੰ ਉਭਾਰਿਆ ਗਿਆ ਹੈ। ਉਹ ਤੜਕੇ ਉਠ ਕੇ ਇਸ਼ਨਾਨ ਕਰਦੇ ਹਨ ਇਸ ਲਈ ਤਾਰੇ ਵੇਖਕੇ ਸਮੇਂ ਦਾ ਅਨੁਮਾਨ ਲਾਉਣ ਲਈ ਮਕਾਨਾਂ ਦੀਆਂ ਉਚੀਆਂ ਛੱਤਾਂ ਤੇ ਸੌਂਦੇ ਹਨ। ਉਹ ਖੂਹਾਂ ਤੋਂ ਆਪਣੇ ਡੋਲ ਨਾਲ ਪਾਣੀ ਕੱਢ ਕੇ ਪੀਂਦੇ ਹਨ। ਸਰਬ ਲੋਹ ਦੇ ਗੜਵੇ ਜਾਂ ਡੋਲ ਨੂੰ ਟਿੱਬਿਆਂ ਦੇ ਰੇਤੇ ਨਾਲ ਲਿਸ਼ਕਾ ਪੁਸ਼ਕਾ ਕੇ ਰੱਖਦੇ ਹਨ। ਇਸੇ ਲਈ ਜੇ ਕਿਸੇ ਦਾ ਨਕਾਲ ਪੁੱਟਣਾ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਕੂਕਿਆਂ ਦੇ ਡੋਲ ਵਾਂਗੂੰ ਮਾਂਜ ਦਿਆਂਗੇ। ਬੀਬੀਆਂ ਨੂੰ ਸਕੇਸ਼ ਇਸ਼ਨਾਨ ਕਰਵਾਉਣ ਲਈ ਚੂੰਡੇ, ਮੋਦੀਆਂ, ਪਾਂਧੇ, ਗਹਿਰਿਆਂ ਦੀ ਗੁਲਾਮੀ ਤੋਂ ਮੁਕਤ ਕੀਤਾ ਜਾ ਰਿਹਾ ਹੈ। ਹੇਠਲੇ ਲੋਕ ਗੀਤਾਂ ਵਿਚ ਕੂਕਿਆਂ ਦੀ ਇਸ ਸਾਤਵਿਕ ਰਹਿਣੀ ਬਹਿਣੀ ਅਤੇ ਉਹਨਾਂ ਦੇ ਸੁਦੇਸ਼ੀ ਪਰਚਾਰ ਦੀ ਝਲਕ ਮਿਲਦੀ ਹੈ:

"ਮੇਰੀ ਤਾਰ ਕਿੰਗ ਦੀ ਖੜਕੇ, ਤੜਕੇ ਨਹਾ ਕੁੜੀਏ।"

"ਕੂਕੇ ਚੜ੍ਹਕੇ ਚੁਬਾਰੀਂ ਸੌਂਦੇ, ਤਾਰੇ ਵੇਖਣ ਨੂੰ।"

"ਤਾਰਾ ਚੜ੍ਹਿਆ ਤਾਂ ਨਹਾ ਲਿਆ ਕੂਕੇ, ਹਾਲੀਆਂ ਨੇ ਹਲ ਜੋੜ ਲਏ।"

"ਲਾਹਦੇ ਸਿਰੋਂ ਪਰਾਂਦਾ, ਨਾਲੇ ਲਾਹ ਦੇ ਨੱਥ ਮੱਛਲੀ।"

"ਅਤਲਸਾਂ ਪਾੜ ਦਿਤੀਆਂ, ਨਹੀਂ ਖੱਦਰ ਬਿਨਾਂ ਹੱਥ ਲਾਉਣਾ।"

ਕਿਉਂਕਿ ਖੰਡ ਅੰਗਰੇਜ਼ ਹਕੂਮਤ ਦੇ ਸਹਿਯੋਗ ਨਾਲ ਲਾਏ ਕਾਰਖਾਨਿਆਂ ਵਿਚੋਂ ਬਣ ਕੇ ਆਉਂਦੀ ਸੀ ਅਤੇ ਗੁੜ ਕਿਸਾਨਾਂ ਦੇ ਆਪਣੇ ਹੱਥੀਂ ਤਿਆਰ ਹੁੰਦਾ ਸੀ, ਆਪਣੇ ਸੰਦਾਂ ਨਾਲ ਇਸ ਲਈ:

"ਨਹੀਂ ਖੰਡ ਦਾ ਸ਼ਰਬਤ ਪੀਣਾ, ਸਹੁੰ ਖਾਧੀ ਖਾਲਸੇ ਨੇ।"

"ਕੂਕੇ ਗੁੜ ਦਾ ਸ਼ਰਬਤ ਪੀਂਦੇ, ਮਿੱਠੇ ਮਿੱਠੇ ਬੋਲ ਬੋਲਦੇ।"

ਪਰ ਹਮੇਸ਼ਾ ਮਿੱਠੇ ਬੋਲਾਂ ਨਾਲ ਨਹੀਂ ਸਰਦਾ। ਰੁੜਕੇ ਦੇ ਬ੍ਰਾਹਮਣਾਂ ਨੇ ਸਾਹਿਬੇ ਜ਼ੈਲਦਾਰ ਦੀ ਸ਼ਹਿ 'ਤੇ ਤੰਬਾਕੂ ਦੇ ਹੁੱਕੇ ਵਾਲੇ ਪਾਣੀ ਨਾਲ ਥਾਲੀ ਧੋ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਦੀਵਾਨ ਵਿਚ ਪਤਾਸੇ ਭੇਟ ਕਰਨੇ ਚਾਹੇ। ਸਤਿਗੁਰੂ ਜੀ ਤੱਕ ਉਹਨਾਂ ਦੀ ਇਸ ਕਰਤੂਤ ਦੀ ਸੋਅ ਪੁੱਜ ਗਈ। ਆਪ ਨੇ ਆਪਣੀ ਛੜੀ ਦੀ ਅਡੋਲ ਨਾਲ ਥਾਲੀ ਨੂੰ ਉਸ ਤਰ੍ਹਾਂ ਘੁਮਾਇਆ ਕਿ ਉਹ ਦੀਵਾਨ-ਅਸਥਾਨ ਤੋਂ ਬਾਹਰ ਜਾ ਪਈ। ਸਾਹਿਬੇ ਜ਼ੈਲਦਾਰ ਨੂੰ ਭਾਈ ਧੰਨਕਲ ਸਿੰਘ ਰਾਇਪੁਰੀਏ ਅਤੇ ਭਾਈ ਚਤੁਰ ਸਿੰਘ 'ਮਹਿਮਾ ਸਿੰਘ ਵਾਲੇ' ਨੇ 100 ਜੁੱਤੀਆਂ ਸਿਰ ਵਿਚ ਮਾਰਨ ਦਾ ਪ੍ਰਣ ਪੂਰਾ ਕੀਤਾ, ਜਦੋਂ ਉਸ ਦੀ ਗਵਾਂਢੀ ਧਾੜ ਜੁੱਤੀਆਂ ਪੈਂਦੀਆਂ ਵੇਖ ਕੇ, ਦੋ ਸਿੰਘਾਂ ਦੇ ਸਾਹਵੇਂ ਹੀ ਠਹਿਰ ਨਾ ਸਕੀ। ਬ੍ਰਾਹਮਣ ਜ਼ਿਦੀਏ ਸਨ। ਉਹ ਜਿਹੜੇ ਪਿੰਡ ਕੂਕਿਆਂ ਦਾ ਦੌਰਾ ਜਾਂਦਾ, ਖੂਹਾਂ ਵਿਚ ਤੰਬਾਕੂ ਪਾ ਦਿੰਦੇ, ਸਥਾਨਕ ਸਰਕਾਰੀ ਮੁਖਬਰਾਂ ਦੀ ਸ਼ਹਿ ਨਾਲ। ਗਲੀਆਂ ਵਿਚ ਹੁੱਕੇ ਲੈ ਕੇ ਬਹਿ ਜਾਂਦੇ ਕਿ ਜਦੋਂ ਕੂਕੇ ਲੰਘਣਗੇ ਧੂੰਆਂ ਉਹਨਾਂ ਵੱਲ ਛੱਡਾਂਗੇ। ਲਲਤੋਂ ਪਿੰਡ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਦੌਰਾ ਗਿਆ ਤਾਂ ਇਹ ਕਿਰਿਆ ਦੁਹਰਾਈ ਗਈ। ਸੂਬਾ ਕਾਹਨ ਸਿੰਘ ਨਿਹੰਗ ਚੱਕ ਵਾਲੇ ਨੇ ਹੁਕਮ ਹੋਣ ਤੇ ਹੁੱਕੇ ਵੀ ਭੰਨੇ ਅਤੇ ਉਹਨਾਂ ਨੂੰ ਸੋਧਾ ਵੀ ਲਾਇਆ। ਤਸਦੀਕ ਇਸ ਲੋਕਗੀਤ ਰਾਹੀਂ ਹੁੰਦੀ ਹੈ:

"ਹੁੱਕੇ ਭੰਨਤੇ ਲਲਤੋਂ ਜਾ ਕੇ, ਕਾਹਨ ਸਿੰਘ ਕੂਕੇ ਨੇ।"

"ਜਦੋਂ ਸ਼ੇਰ ਮੈਦਾਨ ਵਿਚ ਗੱਜਿਆ, ਬ੍ਰਾਹਮਣਾਂ ਦੀ ਧਾਅ ਨਿਕਲੀ।"

ਇਸ ਦਾ ਇਹ ਵੀ ਅਰਥ ਨਾ ਕੱਢਿਆ ਜਾਵੇ ਕਿ ਕੂਕੇ ਬ੍ਰਾਹਮਣਾਂ ਦੇ ਵਿਰੋਧੀ ਸਨ। ਬਹੁਤ ਸਾਰੇ ਬੁੱਧੀਮਾਨ ਬ੍ਰਾਹਮਣ ਧੜਾ ਧੜ ਕੂਕੇ ਬਣ ਰਹੇ ਸਨ। ਵਿਦੇਸ਼ ਤਾਂ ਲਿਖੇ ਹੁਕਮਨਾਮਿਆਂ ਵਿਚ ਸ੍ਰੀ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਰਾਮਪੁਰ ਦੇ ਬ੍ਰਾਹਮਣ ਹੀਰਾ ਮਿਸਰ ਦਾ ਕਈ ਵੇਰ ਬੜੇ ਆਦਰ ਨਾਲ ਜ਼ਿਕਰ ਕਰਦੇ ਹਨ:

"ਹੋਰ ਹੀਰੇ ਮਿਸਰ ਨੂੰ ਮੇਰੀ ਨਮਸਕਾਰ ਬੁਲਾਈ ਵਾਚਨੀ ਜੀ। ਮਿਸਰ ਹੀਰਾ ਜੇ ਤੂੰ ਭਜਨ ਕਰੇਂਗਾ, ਏਸੇ ਧਾਰਨਾ ਮੇਂ ਸਵੇਰੇ ਇਸਨਾਨ, ਫੇਰ ਦਿਨ ਚੜ੍ਹੇ ਇਸਨਾਨ, ਰਾਤ ਦਿਨੇ ਭਜਨ ਕਰੇਗਾ ਤਾ ਤੇਰਾ ਗੁਜਾਰਾ ਖੇਤੀ ਕਰਨ

Sri Satguru Jagjit Singh Ji eLibrary NamdhariElibrary@gmail.com

ਵਾਲਿਆਂ ਤੇ ਅਛਾ ਹੋਵੇਗਾ, ਪ੍ਰਤੀਤ ਕਰਕੇ ਜਾਨਣੀ, ਨਾਲੇ ਸੁਖੀ ਰਹੇਗਾ, ਨਾਲੇ ਤੇਰਾ ਆਦਰ ਕਰਨਗੇ ਬਹੁਤ ਲੋਕ। ਦੂਰ ਕੀ ਦੇਖਣਾ ਹੈ ਤੂ ਸਾਡੀ ਵਲ ਦੇਖ, ਅਸੀ ਲੁਹਾਰ ਹਾਂ। ਸਾਨੂੰ ਗੁਰੂ ਕਰਕੇ ਪੂਜਦੇ ਹੈਨ, ਹਜਾਰਾਂ ਲੋਕ, ਨਾਲੇ ਹਜਾਰਾਂ ਰੁਪੈ ਭੇਟਾ ਚੜ੍ਹਾਉਂਦੇ ਹੈਨ। ਤੂ ਤਾਂ ਬ੍ਰਾਹਮਣ ਹੈ, ਜੇ ਤੂ ਭਜਨ ਕਰੇਗਾ ਤੇਨੂੰ ਕਿਉਂ ਨਹੀਂ ਲੋਕ ਮੰਨਣਗੇ? ਅਸੀ ਕੋਈ ਜਾਦੂ ਮੰਤਰ ਨਹੀਂ ਕੀਤਾ ਛੁਟ ਪ੍ਰਮੇਸਰ ਦੇ ਭਜਨ ਤੇ। ਤੇਰੇ ਦੇਖਦੇ ਦੇਖਦੇ ਕੈਸਾ ਪ੍ਰਤਾਪ ਹੋਇ ਗਇਆ ਭਜਨ ਦਾ। ਏਹੁ ਅਰਦਾਸ ਦੇਣੀ ਭੇਰੇ ਹਰੀ ਸਿੰਘ ਨੂੰ।" (ਹੁਕਮਨਾਮਾ 17)

ਪਿੰਡ ਬਸਰਾ (ਸਿਆਲਕੋਟ) ਦਾ ਇਕ ਬ੍ਰਾਹਮਣ ਪਰਿਵਾਰ ਦਾ ਮੁੰਡਾ ਕਾਲਾਂਤਰ ਵਿਚ ਪੰਡਿਤ ਗੋਪਾਲ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ। ਸਤਿਗੁਰੂ ਪਰਤਾਪ ਸਿੰਘ ਜੀ (1890-1959) ਅਤੇ ਸਤਿਗੁਰੂ ਜਗਜੀਤ ਸਿੰਘ ਜੀ (ਆਗਮਨ 1920) ਦੇ ਸਮੇਂ ਉਹ ਨਾਮਧਾਰੀ ਪੰਥ ਦੇ ਸਟਾਰ ਪ੍ਰਚਾਰਕ ਰਹੇ ਹਨ। ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ 'ਗਿਆਨ ਮਾਰਤੰਡ' ਦੀ ਉਪਾਧੀ ਨਾਲ ਨਿਵਾਜਿਆ ਸੀ।

ਲੋਕ ਸਾਹਿਤ ਸਾਰਾ ਸਾਡੇ ਮਿੱਤਰਾਂ ਦੁਆਰਾ ਹੀ ਰਚਿਤ ਨਹੀਂ ਹੁੰਦਾ। ਜਿਹਨਾਂ ਨੂੰ ਅੰਗਰੇਜ਼ ਅਧਿਕਾਰੀਆਂ ਦੇ ਸ਼ਬਦਾਂ ਵਿਚ ਇਹ 'ਨਵਾਂ ਪੰਥ' ਚੰਗਾ ਨਹੀਂ ਸੀ ਲਗਦਾ ਜਾਂ ਜਿਹਨਾਂ ਦੇ ਆਰਥਿਕ ਹਿਤ ਇਸ ਦੇ ਫੈਲਣ ਨਾਲ ਟਕਰਾਉਂਦੇ ਸਨ ਉਹ ਸਤਿਗੁਰੂ ਜੀ ਦੁਆਰਾ ਕੰਨ ਵਿਚ ਗੁਰਮੰਤਰ ਦੇਣ ਦੀ ਇਸ ਵਿਧੀ ਦਾ ਇਹਨਾਂ ਤੁਕਾਂ ਵਿਚ ਇਸ ਤਰ੍ਹਾਂ ਮਜ਼ਾਕ ਵੀ ਉਡਾਇਆ ਕਰਦੇ ਸਨ, ਅਖੇ ਕੂਕੇ ਕੰਨ ਵਿਚ ਕਹਿੰਦੇ ਹਨ -"ਕੰਨਾ ਮੰਨਾ ਕੂਰ। ਤੂੰ ਮੇਰਾ ਚੇਲਾ ਮੈਂ ਤੇਰਾ ਗੁਰ।" ਤੇ ਨਾਮਧਾਰੀ ਦੀਵਾਨਾ ਦਾ ਸ਼ਿੰਗਾਰ ਢੋਲਕੀ ਬਾਰੇ ਵੀ ਖ਼ਾਸ ਕਰਕੇ ਆਸਾ ਜੀ ਦੀ ਵਾਰ ਨਾਲ ਸਬੰਧਿਤ ਸ਼ਬਦ ਗਾਇਨ ਦਾ ਮਜ਼ਾਕ ਉਡਾਉਣ ਲਈ ਇਹੋ ਜਿਹੀਆਂ ਤੁਕਾਂ ਪ੍ਰਚਲਿਤ ਸਨ:

"ਅੱਧੀ ਰਾਤ ਦੇ ਧੜਕਦੇ ਛੈਣੇ, ਢੋਲਕੀ ਦੀ ਲਿੱਦ ਕੱਢਤੀ।"
ਸੰਗਤੇ! ਕੁਰਕੀ ਕੜਾਹ ਦੀ ਨੇ ਢਾਹੇ ਟੰਗਾ ਤੇ।"

ਫੇਰ ਸਾਡੇ ਲੋਕ ਗੀਤਾਂ ਨੇ ਕੂਕਿਆਂ ਦੇ ਸਮਾਜ ਸੁਧਾਰ ਦੇ ਮਨੋਰਥਾਂ ਦੇ ਨਾਲ ਨਾਲ ਖ਼ਾਲਸ ਪੰਜਾਬੀ ਰਾਜ ਜਾਂ ਖ਼ਾਲਸਾ ਰਾਜ ਕਾਇਮ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ, ਫਿਰ ਗੁਰੂ ਹਰੀ ਸਿੰਘ ਜੀ (1820-1906 ਈ.) ਸਤਿਗੁਰੂ ਪਰਤਾਪ ਸਿੰਘ ਅਤੇ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਦੇਸ਼ ਆਜ਼ਾਦੀ ਲਈ ਕੀਤੀਆਂ ਬੇਮਿਸਾਲ ਕੁਰਬਾਨੀਆਂ ਨੂੰ ਵੀ ਆਪਣੀ ਰਿਕੋਰਡ ਵਿਚ ਸਮੋਈ ਰੱਖਿਆ ਹੈ। ਨਾਮਧਾਰੀ ਸਿੰਘ ਆਪਣੇ ਗੜਵੇ ਨਾਲ ਖੂਹ ਵਿਚੋਂ ਜਲ ਕੱਢ ਕੇ ਵਰਤਦੇ ਸਨ, ਚਲਦੇ ਹਲਟ ਦੇ ਪਾਣੀ ਨੂੰ ਕਿਉਂਕਿ ਉਸ ਵਿਚ ਪਸ਼ੂਆਂ ਦੇ ਚੰਮ ਨਾਲ ਮੜ੍ਹੇ ਬੋਕ ਵੀ ਚਲਦੇ ਸਨ, ਵਰਤੋਂ ਵਿਚ ਨਹੀਂ ਲਿਆਉਂਦੇ ਸਨ। ਕਿਸੇ ਬਸੰਤ ਸਿੰਘ ਨਾਉਂ ਦੇ ਕੂਕੇ ਦੀ ਇਸ ਕਿਰਿਆ ਦਾ ਜ਼ਿਕਰ ਇਉਂ ਮਿਲਦਾ ਹੈ:

"ਬਸੰਤ ਕੂਕੇ ਨੇ, ਨਾ ਪੀਤਾ ਹਲਟ ਦਾ ਪਾਣੀ।"

ਹੁਣ ਮੁਕਾਬਲੇ ਵਿਚ ਕੋਈ ਅਵੈੜਾ ਪੁਲਿਸ ਅਧਿਕਾਰੀ ਆ ਗਿਆ ਅਤੇ ਪਿੰਡ ਦੇ ਸਾਰੇ ਖੂਹਾਂ ਵਿਚ ਪਸ਼ੂ ਚੰਮਾਂ ਵਾਲੇ ਬੋਕੇ ਸੁਟਵਾ ਦਿਤੇ:

"ਥਾਣੇਦਾਰ ਨੇ ਜ਼ਿਦ ਪੁਗਾਈ, ਖੂਹਾਂ ਵਿਚ ਚੰਮ ਵਾੜ੍ਹ ਤੇ।"

ਮੜ੍ਹੀਆਂ-ਮਸਾਣਾਂ ਅਤੇ ਕਬਰਾਂ, ਪੀਰ ਖ਼ਾਨਿਆਂ ਨੂੰ, ਪੁਰਾਣੇ ਰੀਤੀ ਰਿਵਾਜਾਂ ਨੂੰ ਜੋ ਆਦਮੀ ਨੂੰ ਪ੍ਰਕਿਰਤਕ ਵਰਤਾਰਿਆਂ ਦੇ ਰਹੱਸ ਨੂੰ ਸਮਝਣ ਤੋਂ ਅਨਜਾਣ ਹੋਣ ਕਾਰਨ ਉਸ ਵਿਚ ਡਰ, ਭੈਅ ਅਤੇ ਹੀਣ-ਭਾਵਨਾ ਪੈਦਾ ਕਰਦੇ ਸਨ। ਨਾਮਧਾਰੀ ਸਿੰਘਾਂ ਨੇ ਸਤਿਗੁਰੂ ਜੀ ਦੇ ਹੁਕਮ ਵਿਚ ਆਉਂਦਿਆਂ ਇਹਨਾਂ ਤੋਂ ਨਜਾਤ ਹਾਸਲ ਕਰ ਲਈ ਅਤੇ ਨਵੀਂ ਕ੍ਰਾਂਤੀ ਦੇ ਚਿੰਨ੍ਹ, ਸ੍ਰੀ ਭੈਣੀ ਸਾਹਿਬ ਵਿਚ ਬਣੇ 'ਰਾਮਸਰ' ਦੀ ਮਹਾਨਤਾ ਦਰਸਾਉਣੀ ਸ਼ੁਰੂ ਕੀਤੀ:

"ਪੀਰ ਖ਼ਾਨੇ ਢਾਹ ਸਿੱਟਣੇ, ਇੱਟ ਰਾਮ ਸਰਾਣੇ ਲਾਉਣੀ।"

ਨਾਮਧਾਰੀ ਲਹਿਰ ਦੇ ਪ੍ਰਭਾਵ ਹੇਠ ਬਹੁਤ ਸਾਰੀਆਂ ਪੁਰਾਣੀਆਂ ਮਨੌਤਾਂ ਤੋਂ ਜਿਹਨਾਂ ਦੇ ਘਰਾਣੇ ਬਿਹਬਲ ਤੇ

Sri Satguru Jagjit Singh Ji eLibrary NamdhariElibrary@gmail.com

ਮਖੱਟੂ ਲੋਕ ਪਲਦੇ ਸਨ, ਉਹਨਾਂ ਦਾ ਮੋਰੂ ਵੀ ਠੱਪ ਦਿਤਾ ਗਿਆ। ਹੁਣ ਪੰਜਾਬਣ ਮੁਟਿਆਰ ਮੁਕਤ ਵਾਯੂ ਮੰਡਲ ਵਿਚ ਵਿਚਰਨਾ ਚਾਹੁੰਦੀ ਸੀ

"ਉਹ ਘਰ ਟੋਲੀਂ ਬਾਬਲਾ, ਜਿੱਥੇ ਮੰਨਣੇ ਨਾ ਪੈਣ ਜਠੇਰੇ।"

ਮਨ ਮਰਜ਼ੀ ਕਰਨ ਵਾਲੇ ਰਾਜਿਆਂ ਦੀ ਪਰਜਾ ਹਮੇਸ਼ਾਂ ਹੀ ਭਾਰਤ ਵਿਚ ਦੁਖੀ ਰਹੀ ਹੈ ਤੇ ਅਜੇਹੇ ਰਾਜਿਆ ਵਿਚੋਂ ਫੂਲਕੀਆਂ ਰਿਆਸਤਾਂ ਵੀ ਸਨ, ਜਿਨ੍ਹਾਂ ਵਿਚੋਂ ਸਭ ਤੋਂ ਦੁਖੀ ਪਟਿਆਲੇ ਦੀ ਪਰਜਾ ਸੀ। ਇਹਨਾ ਰਜਵਾੜਿਆ ਦੀ ਪਰਜਾ, ਇਹਨਾਂ ਦੀ ਗ਼ੁਲਾਮੀ ਤੋਂ ਭੱਜ ਨਿਕਲਣਾ ਚਾਹੁੰਦੀ ਸੀ। ਇਹੋ ਕਾਰਨ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਕੂਕਾ ਲਹਿਰ ਦਾ ਸਭ ਤੋਂ ਵੱਧ ਪ੍ਰਭਾਵ ਰਿਆਸਤੀ ਪਰਜਾ ਤੇ ਪਿਆ। ਵੱਡੇ ਵੱਡੇ ਪਿੰਡ ਤੇ ਪਿੰਡਾਂ ਦੇ ਸਰਦਾਰ, ਜਗੀਰਦਾਰ ਤੇ ਅਹੁਦੇਦਾਰ ਸੰਗ ਖ਼ਾਲਸੇ ਵਿਚ ਮਿਲ ਗਏ। ਅਨੇਕਾਂ ਸਰਦਾਰ ਰਾਜਿਆਂ ਦੇ ਵੱਡੇ ਵੱਡੇ ਅਹੁਦੇ ਛੱਡ ਕੇ ਇਸ ਲੋਕ ਲਹਿਰ ਵਿਚ ਆ ਮਿਲੇ।

"ਅੰਗ੍ਰੇਜ਼ ਦੀ ਸਖ਼ਤੀ ਦਾ ਦੌਰ ਚਲ ਰਿਹਾ ਸੀ। ਦਮਨ ਨਾਲ ਬੁਝਾਈ ਅੱਗ ਅੰਦਰੋ ਅੰਦਰ ਫਿਰ ਸੁਲਗਣੀ ਸ਼ੁਰੂ ਹੋ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਸਾਰੇ ਪੰਜਾਬ ਨੂੰ ਜਥੇਬੰਦ ਕਰ ਦਿਤਾ। ਸਭ ਤੋਂ ਅਹਿਮ ਮਹਿਕਮਾ ਸੀ ਦੂਸਰੇ ਰਾਜਾਂ ਨਾਲ ਦੋਸਤਾਨਾ ਸੰਬੰਧ ਪੈਦਾ ਕਰਨੇ। ਇਸ ਦਾ ਸਾਰਾ ਭੇਦ ਗੁਪਤ ਸੀ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ, ਬਾਬਾ ਲੱਖਾ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਹੀ ਜਾਣਦੇ ਸਨ। ਏਸ ਮਹਿਕਮੇ ਨੇ ਸਭ ਤੋਂ ਪੇਚੀਦਾ ਕੰਮ ਆਰੰਭਿਆ ਪਰ ਸ਼ੋਹਰਤ ਇਸਦੀ ਛੇਤੀ ਹੀ ਦੂਰ ਦੂਰ ਤੱਕ ਫੈਲ ਗਈ। ਕਸ਼ਮੀਰ ਦੇ ਮਹਾਰਾਜਾ ਰਣਬੀਰ ਸਿੰਘ ਨਾਲ ਇਕ ਅਜਿਹਾ ਸਮਝੌਤਾ ਹੋਇਆ ਜਿਸ ਨਾਲ ਉਸ ਨੇ ਕੂਕਾ ਪਲਟਨ ਦੀ ਭਰਤੀ ਸ਼ੁਰੂ ਕਰ ਦਿਤੀ। ਮਹਾਰਾਜਾ ਨੇਪਾਲ ਨਾਲ ਵੀ ਗੱਲਬਾਤ ਪੂਰੀ ਸਫਲਤਾ ਨਾਲ ਮੁਕੰਮਲ ਹੋ ਗਈ ਅਤੇ ਕਾਬਲ ਦੇ ਅਮੀਰ ਨੇ ਵੀ ਦੋਸਤੀ ਦਾ ਹੱਥ ਵਟਾਇਆ।...ਸਤਿਗੁਰੂ ਰਾਮ ਸਿੰਘ ਜੀ ਦੀ ਦਿਵਯ ਦ੍ਰਿਸ਼ਟੀ ਅੰਗ੍ਰੇਜ਼ ਦੇ ਸਭ ਤੋਂ ਵੱਡੇ ਦੁਸ਼ਮਣ ਰੂਸ 'ਤੇ ਪਈ। ਸਤਿਗੁਰੂ ਰਾਮ ਸਿੰਘ ਜੀ ਨੇ ਰੂਸ ਵਿਚ ਵੀ ਆਪਣਾ ਸਫ਼ੀਰ ਬਣਾਕੇ ਦੋ ਵਾਰ ਉਥੋਂ ਦੇ ਜ਼ਾਰ ਨਾਲ ਮੁਲਾਕਾਤ ਕੀਤੀ। ਅੰਗ੍ਰੇਜ਼ ਦੇ ਗੁਪਤ ਰਿਕਾਰਡ ਵਿਚੋਂ ਅਜਿਹੀਆਂ ਚਿਠੀਆਂ ਮਿਲ ਗਈਆਂ ਹਨ ਜੋ ਰੂਸੀ ਹਕੂਮਤ ਨਾਲ ਗੱਲਬਾਤ ਕਰਨ ਦੇ ਸੰਬੰਧ ਵਿਚ ਹਨ। ਇਹ ਭੇਦ ਕੁਝ ਦੇਰ ਪਿਛੋਂ, ਪੰਜਾਬ ਵਿਚ ਆਮ ਨੰਗਾ ਹੋ ਗਿਆ ਤੇ ਲੋਕਾਂ ਦੀ ਜ਼ੁਬਾਨ 'ਤੇ ਇਹ ਗੀਤ ਆ ਗਿਆ:

"ਚਿਠੀਆਂ ਰੂਸ ਨੂੰ ਪਾਈਆਂ, ਰਾਮ ਸਿੰਘ ਸਤਿਗੁਰ ਨੇ।"[17]

ਲਾਗੇ ਆ ਰਹੇ 'ਖ਼ਾਲਸਾ ਰਾਜ' ਦੀਆਂ ਕਨਸੋਆਂ ਨਾਲ ਪੰਜਾਬ ਦੇ ਜੰਗਲ ਬੇਲੇ ਫਿਰ ਥਰ ਥਰਾ ਉਠੇ। ਸਮਾਨੰਤਰ ਸਰਕਾਰ, ਸਥਾਨਕ ਸ੍ਵੈ-ਸਾਸ਼ਨ, ਅੰਗਰੇਜ਼ੀ ਵਸਤਾਂ ਸੰਸਥਾਵਾਂ ਦੇ ਮੁਕੰਮਲ ਬਾਈਕਾਟ ਤੋਂ ਆਉਣ ਵਾਲਾ ਰੌਸ਼ਨ ਭਵਿਖ ਲੋਕ-ਮਨਾਂ ਨੂੰ ਇਉਂ ਝੰਜੋੜ ਰਿਹਾ ਹੈ:

"ਹੁਣ ਰਾਜ ਸਿੰਘਾਂ ਨੇ ਕਰਨਾ, ਗੋਰਿਆਂ ਨੇ ਹਿੰਦ ਛੱਡਣੀ।"

ਸੁਖ ਨਿਧਾਨ ਦੀ ਮੌਜ ਵਿਚ ਗੁਰੂ ਕੀਆਂ ਫੌਜਾਂ ਜਿਉਂ ਕੂਕੇ ਸਿੰਘ ਵੀ ਹੁਣ ਅਗੰਮੀ ਬੋਲੇ ਕਰ ਰਹੇ ਸਨ:

"ਛਾਉਣੀ ਕਰ ਦੇ ਫਰੰਗੀਆ ਖ਼ਾਲੀ, ਖ਼ਾਲਸੇ ਨੇ ਰੰਗ ਬੰਨ੍ਹਣੀ।"

ਈਸਟ ਇੰਡੀਆ ਕੰਪਨੀ ਦੇ ਖ਼ਿਲਾਫ਼ ਕਈ ਕਾਰਨਾਂ ਕਰਕੇ ਗੁੱਸਾ ਭੜਕਿਆ ਸੀ। ਪ੍ਰਸਿੱਧ ਮਨੀਸ਼ੀ ਕਾਰਲ ਮਾਰਕਸ ਕਹਿ ਰਿਹਾ ਸੀ ਕਿ ਅੰਗ੍ਰੇਜ਼ਾਂ ਨੇ ਹਿੰਦੋਸਤਾਨ ਦੀ ਵਰਤਮਾਨ ਸਮਾਜਿਕ ਆਰਥਿਕ ਵਿਵਸਥਾ ਨੂੰ ਛਿੰਨ ਭਿੰਨ ਕਰ ਦਿਤਾ ਸੀ, ਨਵੀਂ ਵਿਵਸਥਾ ਕੋਈ ਦਿਤੀ ਨਹੀਂ ਸੀ। ਦਸਤਕਾਰਾਂ, ਜੁਲਾਹਿਆਂ ਦੀਆਂ ਹੱਡੀਆਂ ਤੇ ਲਹੂ ਮਿੱਝ ਦੇ ਢਾਂਚੇ ਤੇ ਕੰਪਨੀ ਸਰਕਾਰ ਦੀ ਉਸਾਰੀ ਹੋ ਰਹੀ ਸੀ। ਛਲ ਕਪਟ ਨਾਲ ਮਹਾਨ ਰਾਜ ਹਥਿਆਏ ਜਾ ਰਹੇ ਸਨ। ਅਨੇਕਾਂ ਰਿਆਸਤਾਂ ਨੂੰ ਮੁਤਬੰਨੇ ਦੇ ਅਧਿਕਾਰ ਤੋਂ ਵੰਚਿਤ ਕਰਕੇ ਉਹਨਾਂ ਨੂੰ ਬ੍ਰਿਟਿਸ਼ ਰਾਜ ਦੀ ਅਧੀਨਗੀ ਹੇਠ ਲਿਆਂਦਾ ਜਾ ਰਿਹਾ ਸੀ। ਲਗਾਨ ਦੇ ਨਿੱਤ ਨਵੇਂ ਵਧਦੇ ਰੇਟਾਂ ਸਦਕਾ। ਕਿਸਾਨੀ ਬੁਰੀ ਤਰ੍ਹਾਂ ਤਬਾਹ ਹੋ ਰਹੀ ਸੀ। ਭਿਆਨਕ ਅਕਾਲ

Sri Satguru Jagjit Singh Ji eLibrary NamdhariElibrary@gmail.com

ਦੇਸ਼ ਦੇ ਕਰੋੜਾਂ ਲੋਕਾਂ ਦੀ ਰੋਟੀ ਬਣ ਚੁੱਕੇ ਸਨ। ਬ੍ਰਿਟਿਸ਼ ਤੇ ਦੇਸੀ ਮਾਲ ਦੇ ਆਦਾਨ ਪ੍ਰਦਾਨ ਤੇ ਕਰਾਂ ਦੀਆਂ ਅਸਾਵੀਆਂ ਸ਼ਰਤਾਂ ਅਤੇ ਬ੍ਰਿਟਿਸ਼ ਮਾਲ ਦੇ ਹੱਕ ਵਿਚ ਹੋਣ ਕਾਰਨ, ਘਰੇਲੂ ਉਦਯੋਗ ਛੋਟੀਆਂ ਦਸਤਕਾਰੀਆਂ ਤਬਾਹ ਹੋ ਰਹੀਆਂ ਸਨ। ਇਹ ਉਹ ਵਕਤ ਸੀ ਜਦੋਂ ਧਾਰਮਿਕ ਅਤੇ ਰਾਜਨੀਤਕ ਮਸਲੇ ਵੀ ਇਕ ਦੂਜੇ ਨਾਲ ਰਲਗੱਡ ਸਨ ਅਤੇ ਆਪਣੇ ਵੱਖਰੇ ਖੇਤਰਾਂ ਵਿਚ ਅਜੇ ਵਿਕਸਤ ਨਹੀਂ ਹੋ ਰਹੇ ਸਨ। ਗਊ ਸੂਰ ਦੀ ਚਰਬੀ ਵਾਲੇ ਕਾਰਤੂਸਾਂ ਅਤੇ ਉਪਰ ਵਰਣਿਤ ਕਾਰਨਾਂ ਦੀ ਛਟਪਟਾਹਟ ਵਿਚੋਂ 1857 ਈ. ਦਾ ਸਿਪਾਹੀ ਵਿਦਰੋਹ ਫੁਟਿਆ ਸੀ। ਪੰਜਾਬ ਵਿਚ ਅੰਗ੍ਰੇਜ਼ੀ ਰਾਜ ਕਾਇਮ ਹੁੰਦਿਆਂ ਹੀ ਗਊ ਬੱਧ ਲਈ ਅੰਗਰੇਜ਼ਾਂ ਦੀ ਸ਼ਹਿ ਤੇ ਬੁੱਚੜਖ਼ਾਨੇ ਖੋਲ੍ਹ ਦਿਤੇ ਗਏ। ਹਿੰਦੂ ਸਿੱਖਾਂ ਅਤੇ ਮੁਸਲਮਾਨਾਂ ਵਿਚ ਫ਼ਿਰਕੂ ਪਾੜਾ ਵਧਾਉਣ ਲਈ, ਅੰਗਰੇਜ਼ਾਂ ਦੀ ਇਹ ਸੋਚੀ ਸਮਝੀ ਚਾਲ ਸੀ। ਗਊ ਨਾ ਸਿਰਫ਼ ਪੰਜਾਬ ਜਾਂ ਹਿੰਦੋਸਤਾਨ ਦੀ ਸੰਸਕ੍ਰਿਤੀ ਦਾ ਇਕ ਚਿੰਨ੍ਹ ਸੀ, ਜਿਸ ਦਾ ਭਾਰਤੀ ਲੋਕ ਸਤਿਕਾਰ ਕਰਦੇ ਸਨ। ਮੁਗ਼ਲ ਬਾਦਸ਼ਾਹ ਬਾਬਰ ਨੇ ਆਪਣੀ ਵਸੀਅਤ ਵਿਚ ਆਪਣੇ ਪੁੱਤਰ ਹਿਮਾਯੂੰ ਨੂੰ ਇਹ ਨਸੀਹਤ ਕੀਤੀ ਸੀ ਕਿ ਭਾਰਤੀ ਲੋਕ ਗਊ ਨੂੰ ਮਾਤਾ ਤੁੱਲ ਸਮਝ ਕੇ ਇਸ ਦੀ ਪੂਜਾ ਕਰਦੇ ਹਨ। ਆਪਣੇ ਰਾਜ ਵਿਚ ਗਊ ਬੱਧ ਦੀ ਇਜਾਜ਼ਤ ਕਦੇ ਵੀ ਨਾ ਦੇਵੀਂ। ਇਸਦੇ ਨਾਲ ਹੀ ਗਊ ਜਾਂ ਗਊ ਜਾਏ ਬੈਲ ਭਾਰਤੀ ਖੇਤੀ ਅਰਥ ਵਿਵਸਥਾ ਦਾ ਧੁਰਾ ਵੀ ਸਨ। ਮੱਝਾਂ ਅਤੇ ਗਾਈਆਂ ਦੇ ਇਸੇ ਫ਼ਰਕ ਨੂੰ ਬੈਲਾਂ ਅਤੇ ਝੋਟਿਆਂ ਨਾਲ ਵਾਹੀ ਕਰਨ ਵਾਲੇ ਕਿਸਾਨਾਂ ਦੇ ਤਰੱਕੀ ਕਰਨ ਜਾਂ ਪਛੜ ਜਾਣ ਦੇ ਫ਼ਰਕ ਨੂੰ ਇਤਿਹਾਸਕਾਰ ਨਾਹਰ ਸਿੰਘ ਹੋਰਾਂ ਇਉਂ ਦਰਸਾਇਆ ਹੈ:

"ਅੰਮ੍ਰਿਤਸਰ ਵਿਚ ਗਊ ਖਾਣ ਵਾਲੇ ਅੰਗਰੇਜ਼ ਹਾਕਮਾਂ, ਗੋਰਿਆਂ ਦੀ ਫ਼ੌਜ ਲਈ, ਗਊ ਮਾਸ ਦੇਣ ਵਾਲੇ ਮੁਸਲਮਾਨ ਠੇਕੇਦਾਰਾਂ, ਚਮੜੇ ਦੇ ਵਪਾਰ ਕਰਨ ਵਾਲੇ ਮੁਸਲਮਾਨ ਸ਼ੇਖਾਂ, ਬੁੱਚੜਖ਼ਾਨਿਆਂ ਵਿਚ ਗਾਈਆਂ ਨੂੰ ਮਾਰਨ ਵਾਲੇ ਬੁੱਚੜਾਂ, ਬਾਹਰਲੇ ਪਿੰਡਾਂ ਅਤੇ ਮੰਡੀਆਂ ਵਿਚੋਂ ਗਾਈਆਂ ਲਿਆ ਕੇ ਦੇਣ ਵਾਲੇ ਮੁਸਲਮਾਨ ਵਪਾਰੀਆਂ ਦਾ ਇਕ ਚੰਗਾ ਜੁੱਟ ਅਤੇ ਧੜਾ ਬੱਝ ਗਿਆ। ਬਦਕਿਸਮਤੀ ਨਾਲ ਇਹਨਾਂ ਸਾਲਾਂ ਵਿਚ ਉਪਰੋਥਲੀ ਮੀਂਹ ਨਾ ਪਏ। ਮੰਦਵਾੜੇ ਆਏ ਤੇ ਦਾਣੇ ਮਹਿੰਗੇ ਹੋ ਗਏ। ਅਨਾਜ ਖ਼ਰੀਦਣ ਲਈ ਲੋਕਾਂ ਨੇ ਡੰਗਰ ਵੇਚਣੇ ਸ਼ੁਰੂ ਕਰ ਦਿਤੇ। ਪਿੰਡਾਂ ਵਿਚ ਡੰਗਰ ਸਸਤੇ ਹੋ ਗਏ। ਬੁੱਚੜਾਂ ਤੇ ਠੇਕੇਦਾਰਾਂ ਨੂੰ ਬੇਹੱਦ ਨਫ਼ਾ ਹੋਣ ਲੱਗਾ। ਸ਼ਹਿਰ ਅੰਮ੍ਰਿਤਸਰ ਵਿਚ ਗਊ ਮਾਸ ਦੀ ਖ਼ਪਤ ਬਹੁਤ ਵਧ ਗਈ। 100 ਵਿਚੋਂ 90 ਮੁਸਲਮਾਨਾਂ ਦੇ ਘਰੀਂ ਗਊ ਮਾਸ ਰਿੱਝਣ ਲੱਗਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅੰਮ੍ਰਿਤਸਰ, ਗੁਰਦਾਸਪੁਰ ਅਤੇ ਲਾਹੌਰ ਦੇ ਜ਼ਿਲ੍ਹਿਆਂ ਵਿਚ ਚੰਗੀ ਨਸਲ ਦੀਆਂ ਦੁੱਧ ਦੇਣ ਵਾਲੀਆਂ ਗਾਈਆਂ ਅਤੇ ਚੰਗੀ ਨਸਲ ਦੇ ਵਾਹੀ ਕਰਨ ਵਾਲੇ ਵਹਿੜਕੇ ਅਤੇ ਬੈਲ ਨਹੀਂ ਮਿਲ ਸਕਦੇ ਸਨ। ਪਿੰਡਾਂ ਦੇ ਹਲ ਵਾਹ ਜੱਟ ਸਿੱਖ, ਸੰਢੇ ਸੰਢੀਆਂ ਅਤੇ ਝੋਟਰ ਮੱਝਾਂ, ਹਲੀਂ ਜੋਤਨ ਲੱਗ ਪਏ। ਬੈਲਾਂ ਦੀ ਖੇਤੀ ਅਤੇ ਸੰਢੇ ਸੰਢੀਆਂ ਦੀ ਖੇਤੀ ਵਿਚ ਬਹੁਤ ਫ਼ਰਕ ਹੈ। ਅੱਸੀ ਸਾਲ ਪਿਛੋਂ ਇਸ ਦੇ ਨਤੀਜੇ ਲਾਇਲਪੁਰ, ਮਿੰਟਗੁਮਰੀ ਦੀਆਂ ਬਾਰਾਂ ਵਿਚ ਜ਼ਾਹਰ ਹੋਏ। ਇਕੋ ਗੋਤ, ਇਕੋ ਦੇਸ਼ ਅਤੇ ਇਕੋ ਪੇਸ਼ਾ ਖੇਤੀ ਦੇ ਕਰਨ ਵਾਲੇ ਲੁਧਿਆਣਾ, ਫ਼ੀਰੋਜ਼ਪੁਰ, ਜਲੰਧਰ ਅਤੇ ਅੰਬਾਲਾ ਦੇ ਜ਼ਿਲ੍ਹਿਆਂ ਦੇ ਜੱਟਾਂ ਨੇ ਬਾਰਾਂ ਆਬਾਦ ਹੋਣ ਤੋਂ ਪਿਛੋਂ, ਜਿੱਥੇ 50 ਸਾਲ ਦੇ ਸਮੇਂ ਵਿਚ ਇਕ ਇਕ ਜਾਂ ਅੱਧੇ ਅੱਧੇ ਮੁਰੱਬੇ ਤੋਂ ਘੱਟੋ ਘੱਟ ਤਿੰਨ ਤਿੰਨ ਚਾਰ ਚਾਰ ਮੁਰੱਬੇ ਬਣਾ ਲਏ ਸਨ, ਉਥੇ ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ ਜ਼ਿਲ੍ਹਿਆਂ ਦੇ ਜੱਟ ਸਿੱਖ ਮੁਸ਼ਕਲ ਨਾਲ ਹੀ ਆਪਣੇ ਬਾਬਿਆਂ ਨੂੰ ਮਿਲੀਆਂ ਜ਼ਮੀਨਾਂ ਆਪਣੇ ਪਾਸ ਰੱਖ ਸਕੇ। ਇਹ ਇਕ ਖੁੱਲ੍ਹੀ ਸੱਚਾਈ ਹੈ।

ਇਹਨਾਂ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਕ ਕਾਰਨਾਂ ਕਰਕੇ ਹੀ ਕੂਕੇ ਸਿੰਘਾਂ ਨੇ ਅੰਮ੍ਰਿਤਸਰ, ਰਾਇਕੋਟ, ਮਲੇਰ ਕੋਟਲਾ ਆਦਿ ਬੁੱਚੜਖ਼ਾਨਿਆਂ 'ਤੇ ਹੱਲਾ ਬੋਲਿਆ ਅਤੇ ਸ਼ਹੀਦੀਆਂ ਪਾਈਆਂ। ਅੰਗਰੇਜ਼, ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਉਮਰ ਵਿਚ ਰਾਜ ਸਮੇਂ, ਅੰਮ੍ਰਿਤਸਰ ਵਿਚ ਗਊ ਬੱਧ ਨਾ ਕਰਨ ਨੂੰ ਇਕ ਸਿੱਖ ਰਾਜੇ ਨੂੰ ਦਿਤੀ ਰਿਆਇਤ ਪਰਚਾਰ ਕੇ ਹੁਣ ਜਦੋਂ ਇਹ ਰਿਆਇਤ ਖੋਹ ਰਹੇ ਸਨ ਤਾਂ ਕਹਿਣਾ ਚਾਹੁੰਦੇ ਸਨ ਕਿ ਹੁਣ ਰਾਜ ਤੁਹਾਡਾ ਨਹੀਂ, ਸਾਡਾ ਹੈ। ਸੋ ਗਊ ਬੱਧ ਦਾ ਸਵਾਲ ਉਹਨਾਂ ਨੇ ਪ੍ਰਭੂ ਸੱਤਾ ਦਾ ਸਵਾਲ ਬਣਾ ਕੇ ਪੇਸ਼ ਕੀਤਾ। ਕੂਕੇ

Sri Satguru Jagjit Singh Ji eLibrary NamdhariElibrary@gmail.com

ਸੂਰਬੀਰਾਂ ਇਸ ਚੈਲੰਜ ਨੂੰ ਕਬੂਲਿਆ ਅਤੇ ਅੰਗਰੇਜ਼ਾਂ ਨੂੰ 1857 ਵਰਗੇ ਸੰਗਰਾਮ ਦੀਆਂ ਧਮਕੀਆਂ ਇਸ ਲੋਕ ਗੀਤ ਦੀ ਰੂਹ ਵਿਚੋਂ ਮਿਲਦੀਆਂ ਹਨ:

"ਅਸੀਂ ਹਿੰਦ ਵਿਚ ਗ਼ਦਰ ਮਚਾਊਣਾ, ਕੱਢਣਾ ਫਰੰਗੀਆਂ ਨੂੰ।"

ਸੋ ਸੁਆਲ ਸਿਰਫ਼ ਗਊ-ਘਾਤਕਾਂ ਨੂੰ ਸੋਧਣ ਦਾ ਨਹੀਂ ਸੀ ਉਹਨਾਂ ਨੂੰ ਸ਼ਹਿ ਦੇਣ ਵਾਲੇ ਗੋਰੇ ਹਾਕਮਾਂ ਦਾ ਬਿਸਤਰਾ ਗੋਲ ਕਰਨ ਦਾ ਵੀ ਸੀ। ਰਾਇਕੋਟ ਬੁੱਚੜ ਬੱਧ ਸਾਕੇ ਵਿਚ ਭਾਗ ਲੈਣ ਵਾਲੇ, ਦੋ ਸ਼ਖ਼ਸ ਕਾਨ੍ਹ ਸਿੰਘ ਪਿੰਡ ਕਮਾਲਪੁਰ ਅਤੇ ਦਲ ਸਿੰਘ ਫ਼ੀਨੇਵਾਲ ਪਿੰਡ ਦਾ ਵਾਅਦਾ ਮੁਆਫ਼ ਗਵਾਹ ਬਣ ਗਏ ਸਨ। ਭਾਈ ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਪਿੱਥੋ ਪਿੰਡ ਵਾਲਿਆਂ ਨੂੰ ਸਿੰਘਾਂ ਨੇ ਸੂਚਨਾ ਦਿਤੀ ਕਿ ਜੰਡੂਪੁਰੇ ਉਹਨਾਂ ਨੂੰ ਫੜਨ ਲਈ ਰਸਾਲਾ ਉਤਰਿਆ ਹੈ, ਇਸ ਲਈ ਇਧਰ ਉਧਰ ਹੋ ਜਾਉ। ਇਹਨਾਂ ਸਿੰਘਾਂ ਦਾ ਜੁਆਬ ਸੀ ਕਿ ਬੇਦੋਸ਼ ਸਿੰਘਾਂ ਤੇ ਸਖ਼ਤੀ ਹੋਏਗੀ, ਅਸੀਂ ਭੱਜਣਾ ਨਹੀਂ। ਖਿੜੇ ਮੱਥੇ ਪੇਸ਼ ਹੋ ਕੇ ਸਨਮੁੱਖ ਹੋ ਕੇ ਸ਼ਹੀਦੀਆਂ ਪਾਵਾਂਗੇ। ਜਿਵੇਂ ਮਲੇਰ ਕੋਟਲੇ ਦੇ ਕੂਕੇ ਸ਼ਹੀਦਾਂ ਬਾਰੇ ਗਿਆਨੀ ਗਿਆਨ ਸਿੰਘ ਲਿਖਦੇ ਹਨ: "ਇਹ ਸਿੰਘਨ ਕੀ ਰੀਤੀ ਵਡ ਹੈ।' ਸਿੰਘਾਂ ਦੀ ਰੀਤ ਤੁਰੀ ਆਉਂਦੀ ਹੈ ਗਊ-ਗਰੀਬ, ਦੀਨ ਦੁਖੀਆਂ ਦੀ ਮੁਕਤੀ ਲਈ ਆਪਾ ਵਾਰ ਦੇਣਾ। ਪਿੱਥੋ ਦੇ ਉਪਰੋਕਤ ਤਿੰਨ ਸਿੰਘ ਫਾਂਸੀਆਂ ਤੇ ਲਟਕਾ ਦਿਤੇ ਗਏ ਅਤੇ ਮੁਖ਼ਬਰਾਂ ਦੀ ਕਰਤੂਤ ਲੋਕਗੀਤਾਂ ਵਿਚ ਦਰਜ ਹੋ ਗਈ ਕਿ ਦਲ ਸਿੰਘ ਨੇ ਸਿੰਘਾਂ ਨੂੰ ਫਾਂਸੀ ਦਿਆਉਣ ਦੀ ਅੰਗਰੇਜ਼ ਹਾਕਮਾਂ ਪਾਸ ਸਹੁੰ ਚੁੱਕ ਕੇ ਆਪਣਾ ਬਚਾਅ ਕਰ ਲਿਆ।

"ਮੈਂ ਫਾਂਸੀ ਗਲਾਂ ਵਿਚ ਪੁਆ ਦਊਂ, ਸੌਂਹ ਖਾਧੀ ਦਲ ਸਿੰਘ ਨੇ"

"ਓਨ ਕਸਮ ਗ੍ਰੰਥ ਦੀ ਖਾਧੀ, ਬੇਈਮਾਨ ਮੈਂ ਹੋਮਣਾ।"

ਭਾਈ ਕਾਲਾ ਸਿੰਘ ਨੌਗਲ ਵਾਲੇ 1914-15 ਈ. ਵਿਚ 'ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼' ਲਿਖ ਕੇ ਛਪਵਾਉਣ ਵਾਲੇ, ਦੂਜੇ ਵਾਅਦੇ ਮੁਆਫ਼ ਨੂੰ ਇਉਂ ਚੇਤੇ ਕਰਦੇ ਹਨ: "ਕਾਨਾ ਕੋਹੜੀ ਕਮਾਲਪੁਰ ਪਿੰਡ ਦਾ ਸੀ।" ਇਸ ਤੋਂ ਪਹਿਲਾਂ ਅੰਮ੍ਰਿਤਸਰ ਦੇ ਚਾਰ ਸਿੰਘਾਂ ਨੇ ਜਦੋਂ ਬੁੱਚੜਿਆਂ ਨੂੰ ਝਟਕਾ ਕੇ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਆਪਣੇ ਜੁਰਮ ਦਾ ਇਕਬਾਲ ਕੀਤਾ ਅਤੇ 1871 ਈ. ਵਿਚ ਉਹਨਾਂ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਸਜ਼ਾ ਸੁਣਨ ਤੋਂ ਬਾਅਦ ਉਹਨਾਂ ਦੀ ਮਨੋਦਸ਼ਾ ਦੀ ਬੜਾ ਸਟੀਕ ਵਰਣਨ ਕਿੱਸਾ ਸਿੰਘ ਖਾਲਸਾ" (ਬ੍ਰਿਟਿਸ਼ ਸਾਸ਼ਨ ਸਮੇਂ ਜ਼ਬਤ ਹੋਈ ਰਚਨਾ) ਵਿਚ ਕਵੀ ਹਰਨਾਮ ਸਿੰਘ ਬਰਗਾੜੀ ਕਲਾਂ ਨੇ ਇਉਂ ਕੀਤਾ ਹੈ:

"ਸੁਣਕੇ ਫਾਂਸੀ ਦੀ ਸਜ਼ਾ ਨੂੰ ਸਿੰਘ ਚਾਰੇ, ਖ਼ੁਸ਼ੀਆਂ ਬਹੁਤ ਹੀ ਬਸਲੀ ਮਨਾਉਣ ਲੱਗੇ।
ਨਾਹਰੇ ਮਾਰਦੇ ਗੂੰਜਦੇ ਸ਼ੇਰ ਵਾਂਗੂੰ, ਸਿੰਘ ਫਤੇ ਪੁਰ ਫਤੇ ਬੁਲਾਉਣ ਲੱਗੇ।
ਧੰਨ ਸਤਿਗੁਰੂ ਸਤਿਗੁਰੂ ਆਖ ਮੂੰਹੋਂ, ਸ਼ਬਦ ਉੱਚੀ ਉੱਚੀ ਨਾਲੇ ਗਾਉਣ ਲੱਗੇ।
ਸੁਣਕੇ ਮੌਤ ਦੀ ਸਜ਼ਾ ਹਰਨਾਮ ਸਿੰਘਾ, ਚਾਰੇ ਖ਼ਾਲਸੇ ਜੌਲੀਆਂ ਪਾਉਣ ਲੱਗੇ।"[14]

ਰਾਇਕੋਟ ਬੁੱਚੜ ਬੱਧ ਸਾਕੇ ਦੀ ਆੜ ਵਿਚ ਹੀ ਬੇਦੋਸ਼ ਕੂਕਾ ਸੂਬਾ ਗਿਆਨੀ ਸਿੰਘ ਉਰਫ਼ ਰਤਨ ਸਿੰਘ ਮੰਡੀ ਕਲਾਂ ਅਤੇ ਨਾਇਬ ਸੂਬਾ ਰਤਨ ਸਿੰਘ ਨਾਈ ਵਾਲਾ ਨੂੰ 26 ਨਵੰਬਰ 1871 ਈ. ਨੂੰ ਲੁਧਿਆਣਾ ਜਿਹਲ ਦੇ ਬਾਹਰ ਫਾਂਸੀ ਲਾ ਕੇ ਸ਼ਹੀਦ ਕਰ ਦਿਤਾ ਗਿਆ। ਗਿਆਨੀ ਸਿੰਘ ਸਤਿਗੁਰੂ ਜੀ ਵਲੋਂ ਥਾਪੇ ਸੂਬਿਆਂ ਵਿਚੋਂ ਮਾਲਵੇ ਦੇ ਇਲਾਕੇ ਲਈ ਅਦਾਲਤੀ ਸੂਬੇ ਸਨ। ਉਹਨਾਂ ਦਾ ਬਹੁਤ ਅਸਰ ਰਸੂਖ ਸੀ। ਵਿਦਵਾਨ ਅਤੇ ਗੁਰੂ ਬਾਣੀ ਦੇ ਅੱਛੇ ਗਿਆਤਾ ਹੋਣ ਕਾਰਨ ਉਹਨਾਂ ਨੂੰ ਗਿਆਨੀ ਸਿੰਘ ਦੇ ਲਕਬ ਨਾਲ ਨਿਵਾਜਿਆ ਗਿਆ ਸੀ। ਫਾਂਸੀ ਦਾ ਫੰਧਾ ਗਲ ਵਿਚ ਪਾਉਣ ਸਮੇਂ ਉਹਨਾਂ ਨੇ ਬੁਲੰਦ ਆਵਾਜ਼ ਵਿਚ ਇਹ ਤੁਕਾਂ ਪੜ੍ਹੀਆਂ ਸਨ, ਜਿੱਥੋਂ ਉਹਨਾਂ ਦੀ ਕਾਵਿਕ ਸੂਝ ਬੂਝ ਦਾ ਝਲਕਾਰਾ ਵੀ ਮਿਲਦਾ ਹੈ:

"ਸਾਈਂ ਨਾਲ ਤਿਨਾਂ ਦਾ ਦਾਅਵਾ, ਜਿਨ੍ਹਾਂ ਸਿਰ ਸਾਈਂ ਨੂੰ ਦਿੱਤਾ।
ਹੋਰੀਂ ਵਲੋਂ ਚਿਤ ਚਾਇ ਖਲੋਤਾ, ਇਕ ਸਾਕ ਸਾਈਂ ਨਾਲ ਕੀਤਾ।

ਕੂਕਾ ਲਹਿਰ ਦਾ ਪੰਜਾਬੀ ਸਾਹਿਤ-478

Sri Satguru Jagjit Singh Ji eLibrary NamdhariElibrary@gmail.com

ਜਿਸੀ ਲਾਵਣ ਤੋੜ ਨਿਭਾਵਣ, ਕਦੇ ਨਾ ਫੇਰਨ ਚਿਤਾ।
ਬਿਨ ਸਿਰ ਦਿਤਿਆਂ ਸ਼ਹੁ ਨਹੀਂ ਮਿਲਦਾ, ਲਖਾਂ ਜਿਹੀ ਗੱਲ ਇਕਾ।"[39]

ਹੁਣ ਜਦੋਂ ਇਸ ਤੋਂ ਬਾਅਦ ਹੀਰਾ ਸਿੰਘ ਲਹਿਣਾ ਸਿੰਘ ਦੀ ਅਗਵਾਈ ਵਿਚ ਕੂਕੇ ਮਸਤਾਨੇ ਗਊ ਘਾਤੀਆਂ ਨੂੰ ਸੋਧਣ ਲਈ ਮਲੇਰ ਕੋਟਲੇ ਤੇ ਹਮਲੇ ਦੀ ਤਿਆਰੀ ਕਰਦੇ ਹਨ, ਤਾਂ ਪੰਜਾਬੀ ਬੀਰ ਪਰੰਪਰਾ ਦੇ ਅਨਰੂਪ ਉਹ ਮੌਤ ਲਾੜੀ ਨੂੰ ਵਰਨ ਲਈ ਤੁਰਨ ਸਮੇਂ ਇਹੋ ਕਹਿ ਰਹੇ ਹਨ ਕਿ ਅਸੀਂ ਸੂਬਾ ਗਿਆਨੀ ਸਿੰਘ ਦੀ ਜੰਞ ਚੜ੍ਹਨਾ ਹੈ। ਯਾਦ ਰਹੇ ਕਿ 35 ਵਰ੍ਹਿਆਂ ਦੀ ਉਮਰ ਵਿਚ ਫਾਂਸੀ ਲੱਗਣ ਵਾਲਾ ਸੂਬਾ ਬਣ ਗਿਆਨੀ ਸਿੰਘ ਅਵਿਵਾਹਿਤ ਸੀ। ਬਾਰਾਂ ਮਾਂਹ ਦੇ ਕਵੀ ਭਾਈ ਚੰਦਾ ਸਿੰਘ ਝੱਬਰ ਦੇ ਸ਼ਬਦਾਂ ਵਿਚ (ਜਿਸ ਦਾ ਅੰਗ੍ਰੇਜ਼ੀ ਅਨੁਵਾਦ ਸੰਨ 1884 ਈ. ਵਿਚ ਅੰਗ੍ਰੇਜ਼ ਸਰਕਾਰ ਨੇ ਕਰਵਾ ਲਿਆ ਸੀ)

"ਚੰਦਾ ਸਿੰਘ ਗੁਰ ਰਖਿਆ ਭਾਣਾ
ਸਿੰਘ ਕਰਦੇ ਜੋਰ ਪਿਆਣਾ
ਕਹਿੰਦੇ ਮਲੇਰ ਕੋਟਲੇ ਧਾਣਾ
ਬਦਲਾ ਲੈਣਾ ਪਾਸ ਪਠਾਣਾਂ
ਜੰਞੇ ਗਿਆਨ ਸਿੰਘ ਦੀ ਜਾਣਾ
ਇਹ ਮਨ ਵਿਚਾਰਦੇ।"

ਪੁਸਤਕ ਸਤਿਗੁਰੂ ਬਿਲਾਸ ਦੇ ਲੇਖਕ ਭਾਈ ਸੰਤੋਖ ਸਿੰਘ ਬਾਹੋਵਾਲ ਦੇ ਮੁਤਾਬਿਕ, ਅੰਗਰੇਜ਼ ਹਾਕਮਾਂ ਨੂੰ ਕੂਕੇ ਸਿੱਖਾਂ ਦੇ ਰਾਜਸੀ ਨਿਸ਼ਾਨੇ ਦਾ ਭਾਢਾ ਗਿਆਨ ਸੀ, ਭਾਵੇਂ ਪ੍ਰੇਰਕ ਕਾਰਨ ਗਊ ਬੰਧ ਬਣ ਗਿਆ ਸੀ।

"ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ, ਤੁਮਨੇ ਕਿਉਂ ਗ਼ਦਰ ਮਚਾਇਆ ਹੈ? ਹੀਰਾ ਸਿੰਘ ਨੇ ਕਿਹਾ ਤੁਸੀਂ ਗਊ ਬੱਧ ਕਰਦੇ ਹੋ, ਅਸੀਂ ਗਊ ਬੱਧ ਨਹੀਂ ਸਹਾਰ ਸਕਦੇ ਹੈਂ। ਗਊਆਂ ਦੀ ਰਛਿਆ ਵਾਸਤੇ ਗ਼ਦਰ ਮਚਾਇਆ ਹੈ। ਬਿੱਲਾ ਬੋਲਿਆ ਕਿ ਹਮ ਜਾਣਤੇ ਹੈਂ ਤੁਮਨੇ ਰਾਜ ਕੇ ਲੀਏ ਗ਼ਦਰ ਮਚਾਇਆ ਹੈ, ਪਰ ਰਾਜ ਸਾਨੂੰ ਖ਼ੁਦਾ ਕਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ।"[40]

ਭਾਈ ਹੀਰਾ ਸਿੰਘ ਨੇ ਉਸਦਾ ਪਹੁੰਚਾ ਕੱਟ ਕੇ, ਹੱਥ ਜ਼ਖਮੀ ਕਰਨ ਵਾਲੇ ਪਠਾਣ ਸਮੁੰਦਰ ਖਾਂ ਨੂੰ ਜਿਸ ਪਿੱਛੋਂ ਆਕੇ ਵੰਗਾਰ ਕੇ ਸਿੰਘ ਨਾਲ ਦੁੰਦਯੁੱਧ ਕੀਤਾ ਸੀ, ਤਲਵਾਰ ਨਾਲ ਪਾਰ ਬੁਲਾਇਆ ਸੀ। ਕੋਟਲੇ ਦੇ ਮੈਦਾਨ ਵਿਚ ਉਡਾਏ ਜਾਣ ਤੋਂ ਕੁਝ ਚਿਰ ਪਹਿਲਾਂ ਸਮੁੰਦ ਖ਼ਾਂ ਦੇ ਦੋਹਾਂ ਪੁੱਤਰਾਂ ਦੇ ਸਿਰ ਤੇ ਹੱਥ ਰੱਖ ਕੇ ਉਹਨਾਂ ਦੀ ਸਿਫ਼ਾਰਿਸ਼ ਕੀਤੀ ਸੀ, "ਏਨ੍ਹਾਂ ਕਾਈ ਸੋਰ ਆਣਾ ਕਰੇ, ਜਿਨ ਕਰਨਾ ਹੈ ਪਠਾਣ ਕੇ ਪੂਤ ਹੈ।" ਜਿਵੇਂ ਸ਼ਹੀਦੇ ਆਜ਼ਮ ਸ. ਭਗਤ ਸਿੰਘ ਨੇ ਪੰਜਾਬ ਦੇ ਗਵਰਨਰ ਤੋਂ ਫਾਂਸੀ ਨਾਲ ਲਟਕਾਏ ਜਾਣ ਦੀ ਥਾਂ ਸੈਨਿਕ ਦਸਤੇ ਹੱਥੋਂ ਗੋਲੀ ਨਾਲ ਉਡਾਏ ਜਾਣ ਦੀ ਮੰਗ ਕੀਤੀ ਸੀ ਉਵੇਂ ਹੀ 66 ਕੂਕਿਆਂ ਨੂੰ ਬਿਨਾਂ ਮੁਕੱਦਮਾ ਚਲਾਏ ਤੋਪਾਂ ਨਾਲ ਉਡਾਏ ਜਾਣ ਤੇ ਆਪਣੀ ਜੁਆਬ ਤਲਬੀ ਹੋਣ ਤੇ ਕਮਿਸ਼ਨਰ ਅੰਬਾਲਾ ਫੋਰਸਿਥ ਸਿਖ ਨੇ ਲਿਖਿਆ ਸੀ:

"ਜੋ ਪੰਜਾਬ ਤੋਂ ਵਾਕਿਫ਼ ਹਨ, ਉਹ ਜਾਣਦੇ ਹਨ ਕਿ ਰਾਜ ਵਿਰੁਧ ਕਾਰਵਾਈਆਂ ਜਾਂ ਕਿਸੇ ਕੇਸ ਵਿਚ ਮਾਨ ਮੱਤੇ ਸਿੱਖਾਂ ਦੀਆਂ ਭਾਵਨਾਵਾਂ ਇਸ ਪ੍ਰਕਾਰ ਦੀਆਂ ਹੁੰਦੀਆਂ ਹਨ ਕਿ ਉਹ ਫਾਂਸੀ ਦੇਣ ਵਾਲੇ ਜਲਾਦ ਦੇ ਹੱਥੋਂ ਮੌਤ ਪ੍ਰਵਾਨ ਕਰਨ ਦੀ ਬਜਾਏ, ਤੋਪ ਦੇ ਮੂੰਹ ਅੱਗੇ ਉਡਾਏ ਜਾਣ ਨੂੰ ਜ਼ਿਆਦਾ ਪਸੰਦ ਕਰਦੇ ਹਨ, ਅਤੇ ਸਜ਼ਾ ਸੁਣਾਉਣ ਸਮੇਂ ਅਧਿਕਾਰੀਆਂ ਨੂੰ ਇਹੋ ਜਿਹੀਆਂ ਪੁਰਜ਼ੋਰ ਬੇਨਤੀਆਂ ਉਹ ਅਕਸਰ ਕਰਿਆ ਕਰਦੇ ਹਨ।"[41]

ਸ਼ਹੀਦ ਭਗਤ ਸਿੰਘ ਵੀ ਆਪਣੀਆਂ ਲਿਖਤਾਂ ਵਿਚ ਕੂਕੇ ਸੂਰਬੀਰਾਂ ਦਾ ਖਿੜੇ ਮੱਥੇ ਮੌਤ ਵਰਨ ਕਰਨ ਅਤੇ ਤੋਪ ਦੇ ਅੱਗੇ 'ਸਤਿ ਸ੍ਰੀ ਅਕਾਲ' ਦੇ ਅਕਾਸ਼ ਗੁੰਜਾਊ ਜੈਕਾਰ ਗਜਾਉਣ ਦੀ ਮੁਕਤ ਕੰਠ ਨਾਲ ਪ੍ਰਸੰਸਾ ਕਰਦਾ। ਇਸ ਘਟਨਾ ਨੂੰ ਵੀ ਸਾਡੇ ਲੋਕ-ਗੀਤਾਂ ਵਿਚ ਦਰਜ ਹੋਣ ਦਾ ਮਾਨ ਹਾਸਲ ਹੋਇਆ ਹੈ:

Sri Satguru Jagjit Singh Ji eLibrary NamdhariElibrary@gmail.com

"ਸਿੰਘ ਤਾਣਕੇ ਛਾਤੀਆਂ ਖੜ੍ਹ ਗਏ, ਗੋਰੇ ਦੀ ਤੋਪ ਬੜ੍ਹਕੀ"

"ਸਿੰਘ ਕੋਈ ਨਾ ਤੋਪ ਤੋਂ ਡਰਦਾ, ਹੱਸ ਹੱਸ ਆਉਂਣ ਸਾਹਮਣੇ।"

ਡਿਪਟੀ ਕਮਿਸ਼ਨਰ ਲੁਧਿਆਣਾ ਮਿਸਟਰ ਐਲ. ਕਾਵਨ ਦੀ ਮੇਮ ਵੀ ਇਸ ਮੌਕੇ ਤੇ ਹਾਜ਼ਰ ਸੀ, ਜਿਸ ਨੇ ਬਾਲ ਬਿਸ਼ਨ ਸਿੰਘ ਦੀ ਰਿਹਾਈ ਦੀ ਅਪੀਲ ਆਪਣੇ ਪਤੀ ਨੂੰ ਕੀਤੀ ਸੀ। ਇਹ ਕਹੇ ਜਾਣ ਤੇ ਕਿ ਉਹ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਛੱਡ ਦਿਤਾ ਜਾਏਗਾ। ਬਿਸ਼ਨ ਸਿੰਘ ਨੇ ਕਿਹਾ ਕਿ ਸਾਹਿਬ ਦੇ ਕੰਨ ਵਿਚ ਦੱਸਾਂਗਾ। ਜਿਉਂ ਹੀ ਉਹ ਕੰਨ ਨੀਵਾਂ ਕਰਨ ਲਈ ਝੁਕਿਆ, ਬਾਲ ਕੂਕਾ ਉਸਦੀ ਦਾਹੜੀ ਨਾਲ ਲਮਕ ਗਿਆ ਅਤੇ ਰਿਆਸਤ ਨਾਭਾ ਦੇ ਸਿਪਾਹੀਆਂ ਦੁਆਰਾ ਤਲਵਾਰ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ। ਇਸ ਘਟਨਾ ਵੱਲ ਵੀ ਇਹ ਲੋਕ ਗੀਤ ਸੰਕੇਤ ਕਰਦਾ ਹੈ:

"ਗੋਰਾ ਮੇਮ ਸਾਹਿਬ ਨੂੰ ਆਖੇ, ਹਿੰਦੀਆਂ ਦੇ ਜੋਸ਼ ਬੁਰੇ।"

ਹੁਣ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਸਭ ਕਾਸੇ ਦੇ ਜ਼ਿੰਮੇਵਾਰ ਠਹਿਰਾ ਕੇ 1818 ਦੇ ਬੰਗਾਲ ਐਕਟ ਦੇ ਰੈਗੂਲੇਸ਼ਨ-III ਹੇਠ ਦੇਸ਼ ਬਦਰ ਕਰ ਦਿਤਾ ਗਿਆ। ਇਸ ਕਾਰਵਾਈ ਲਈ ਸਿੱਖ ਤਖ਼ਤਾਂ ਦੇ ਪੁਜਾਰੀਆਂ, ਸ਼ਾਹੂਕਾਰਾਂ, ਜਗੀਰਦਾਰਾਂ, ਰਿਆਸਤੀ ਰਾਜਿਆਂ ਅਤੇ ਨਾਮੀ ਗਰਾਮੀ ਲੋਕਾਂ ਨੇ ਵੀ ਕੂਕਿਆਂ ਦੇ ਵਿਰੁੱਧ, ਅੰਗਰੇਜ਼ ਹਾਕਮਾਂ ਦਾ ਹੀ ਪੱਖ ਪੂਰਿਆ। ਇਤਿਹਾਸ ਦੇ ਇਹਨਾਂ ਜਟਿਲ ਪ੍ਰਸ਼ਨਾਂ ਦਾ ਜੁਆਬ ਵੀ ਸਾਡੇ ਲੋਕ ਗੀਤਾਂ ਵਿਚੋਂ ਮਿਲਦਾ ਹੈ:

"ਮੱਤ ਗਈ ਰਾਜਿਆਂ ਦੀ ਮਾਰੀ, ਰਾਜ ਲੈ ਕੇ ਮਾਲਵੇ ਦਾ।"

"ਖੋਹ ਲੈਣ ਨਾ ਰਾਜ ਇਹ ਸਾਡਾ, ਡਰ ਗਏ ਕੂਕਿਆਂ ਤੋਂ।"

"ਗੁਰੂ ਰਾਮ ਸਿੰਘ ਕੈਦ ਕਰਾਇਆ, ਬੇਈਮਾਨੀ ਰਾਜਿਆਂ ਦੀ।"

"ਜੋ ਰਾਜੇ ਮਹੰਤ ਪੁਜਾਰੀ, ਸਾਥ ਦਿੰਦੇ ਖ਼ਾਲਸੇ ਦਾ।"

"ਕੂਕੇ ਮਾਰ ਕੇ ਛਿੱਤਰ ਕੱਢ ਦਿੰਦੇ, ਗੋਰਿਆਂ ਸਾਹਿਬਾਂ ਨੂੰ।"

ਨਾਮਧਾਰੀ ਕੇਂਦਰ ਭੈਣੀ ਸਾਹਿਬ, ਜਿਥੇ ਹੁਣ ਗੁਰੂ ਹਰੀ ਸਿੰਘ ਸੰਗਤ ਦੀ ਰਹਿਨੁਮਾਈ ਕਰ ਰਹੇ ਸਨ ਅਤੇ ਕੂਕਾ ਤਹਿਰੀਕ ਨੂੰ ਬਹੁਤ ਸਾਰੀਆਂ ਸਖ਼ਤੀਆਂ ਤੇ ਸਰਕਾਰੀ ਦਮਨ ਚੱਕਰ ਦੇ ਬਾਵਜੂਦ ਜ਼ਿੰਦਾ ਰੱਖ ਰਹੇ ਸਨ, ਉਥੇ ਗੁਰਦੁਆਰੇ ਦੇ ਬੂਹੇ ਅੱਗੇ ਪੁਲੀਸ ਚੌਕੀ ਬਿਠਾ ਦਿਤੀ, ਜੋ ਪੂਰੇ 51 ਵਰ੍ਹੇ 1923 ਈ. ਤਕ ਬੈਠੀ ਰਹੀ। ਪਹਿਲਾ ਪੰਜ ਅਤੇ ਫਿਰ ਦਸ ਕੂਕੇ ਸਿੰਘ, ਪੁਲੀਸ ਚੌਕੀ ਦੇ ਰਜਿਸਟਰ ਵਿਚ ਆਪਣਾ ਨਾਮ ਦਰਜ ਕਰਵਾ ਕੇ ਗੁਰਦੁਆਰੇ ਦੇ ਦਰਸ਼ਨਾਂ ਲਈ ਅੰਦਰ ਜਾਂਦੇ। ਜਦੋਂ ਉਹ ਬਾਹਰ ਆ ਜਾਂਦੇ ਫਿਰ ਅਗਲਾ ਜਥਾ, ਅਗਲੇ ਦਿਨ ਅੰਦਰ ਲੰਘਾਇਆ ਜਾਂਦਾ। ਆਪਣੀ ਵਾਰੀ ਦੀ ਇੰਤਜ਼ਾਰ ਵਿਚ ਨਾਮਧਾਰੀ ਜਥੇ ਭੈਣੀ ਸਾਹਿਬ ਦੇ ਟਿੱਬਿਆਂ ਤੇ ਲੁਕ ਛਿਪ ਕੇ ਰਾਤਾਂ ਕੱਟਦੇ। ਗੁਆਂਢੀ ਪਿੰਡ ਤੱਖਰਾਂ ਦੇ ਲੰਬੜਦਾਰ ਦੀ ਲੰਬੜਦਾਰੀ ਇਸੇ ਦੋਸ਼ ਵਿਚ ਕੱਟੀ ਗਈ ਸੀ ਕਿ ਤੇਰੇ ਪਿੰਡ ਕੂਕਿਆਂ ਨੇ ਰਾਤ ਕਿਉਂ ਕੱਟ ਲਈ। ਪੰਜਾਬ ਦੇ ਸਾਰੇ ਪਿੰਡਾਂ ਦੇ ਜਿੱਥੇ ਕੂਕੇ ਰਹਿੰਦੇ ਸਨ, ਲੰਬੜਦਾਰਾਂ, ਚੌਕੀਦਾਰਾਂ ਨੂੰ ਹਦਾਇਤ ਸੀ ਕਿ ਜੇ ਕੋਈ ਬਾਹਰਲਾ ਕੂਕਾ ਉਨ੍ਹਾਂ ਦੇ ਪਿੰਡ ਆਵੇ ਤਾਂ ਰੀਪੋਰਟ ਕਰਨ ਜੇ ਉਹਨਾਂ ਦਾ ਕੂਕਾ ਬਾਹਰ ਕਿਤੇ ਜਾਵੇ ਤਾਂ ਰੀਪੋਰਟ ਕਰਨ। ਪੰਜ ਜਾਂ ਇਸ ਤੋਂ ਵੱਧ ਕੂਕਿਆਂ ਦਾ ਇਕੱਠ ਗੈਰ ਕਾਨੂੰਨੀ ਸੀ। ਇਸ ਦਸ਼ਾ ਨੂੰ ਅਤੇ ਕੂਕਿਆਂ ਨੂੰ ਸਖ਼ਤ ਪ੍ਰਬੰਧ ਵਾਲੀਆਂ ਜੇਹਲਾਂ ਵਿਚ ਭੇਜੇ ਜਾਣ ਦੇ, ਲੋਕ ਗੀਤ ਵੀ ਮਿਲਦੇ ਹਨ:

"ਚੌਂਕੀ ਭੈਣੀ ਸਾਹਿਬ ਵਿਚ ਪਾਈ
ਸਿੱਖ ਉੱਥੇ ਆਉਣਾ ਮਿਲੇ ਨਾ ਕਾਈ।
ਜੋ ਕੋਈ ਆਵੇ ਪਿਆਰਾ। ਮਗਰ ਸਿਪਾਹੀ ਲਾ ਲਏ ਨੇ।
...
"ਹੱਥ ਕੜੀਆਂ ਪੈਰਾਂ ਵਿਚ ਬੇੜੀਆਂ, ਜਿਹਲ ਸੰਗਰੂਰਾਂ ਦੀ।"

Sri Satguru Jagjit Singh Ji eLibrary NamdhariElibrary@gmail.com

ਸਿਖਾਂ ਨੂੰ ਆਖਿਆ ਗਿਆ

"ਕੈਂਦ ਸਿੰਘਾਂ ਨੂੰ ਕੀਤੀ, ਸਵਾ ਮਣ ਪੀਹੇ ਬਾਜਰਾ"

ਪੱਕੇ ਕੂਕੇ ਸਿੱਖ ਸਨ ਪੱਕੇ ਨਾ ਮਿਲਵਰਤਨੀਏ - ਬਾਈਕਾਟੀਏ - ਉਹਨਾਂ ਨੇ ਟਕੇ ਵਰਗਾ ਜੁਆਬ ਸੁਣਾ ਦਿਤਾ।

"ਅਸਾਂ ਹੱਥ ਨਹੀਂ ਚੌਕੀ ਨੂੰ ਲਾਉਣਾ, ਪੀੜ੍ਹੀ ਉੱਤੇ ਨਹੀਂ ਬੈਠਣਾ।"

ਘੋਰ ਨਿਰਾਸਤਾ ਦੇ ਇਸ ਦੌਰ ਵਿਚ ਨਾਮਧਾਰੀ ਸਿੱਖ ਸੌ ਸਾਖੀ, ਗੋਸ਼ਟ ਅਜਿੱਤਾ ਰੰਧਾਵਾ ਅਤੇ ਕਰਨੀ ਨਾਮੇ, ਗੁਰਿਭਨਾਮੇ ਦੀਆਂ ਤੁਕਾਂ ਦੇ ਨਾਲ ਫ਼ਰੰਗੀ ਹਾਕਮਾਂ ਦਾ ਬਿਸਤਰਾ ਗੋਲ ਕਰਨ ਦੀਆਂ ਕਿਆਸ ਅਰਾਈਆਂ ਦੇ ਮਨਸੂਬਿਆਂ ਵਿਚ ਰੁੱਝੇ ਰਹਿੰਦੇ। ਸਤਿਗੁਰੂ ਰਾਮ ਸਿੰਘ ਜੀ ਦੇ ਉਚਾਰੇ ਇਹ ਵਾਕ ਵੀ ਫ਼ਿਜ਼ਾਵਾਂ ਵਿਚ ਗੂੰਜ ਰਹੇ ਸਨ

"ਹੋਵੇਗਾ ਆਟਾ ਨਹੀਂ ਦਲੀਆ ਤਾਂ ਜ਼ਰੂਰ ਹੋਊ ਸਣੇ ਰਾਜਾ ਪਰਜਾ।"

"ਲੋਕਾਂ ਨੂੰ ਯਕੀਨ ਹੋ ਗਿਆ ਸੀ ਕਿ ਉਹ ਵਕਤ ਬਹੁਤ ਛੇਤੀ ਆ ਰਿਹਾ ਹੈ।

"ਹੁਣ ਲੋਹੇ ਦੇ ਸੁਹਾਗੇ ਫਿਰਨੇ, ਥਾਉਂ ਕੋਹੀ ਦੀਵੇ ਮਚਣੇ।"[34]

ਸਤਿਗੁਰੂ ਰਾਮ ਸਿੰਘ ਜਿਸ ਆਦਿਸ਼ ਸਮਾਜਿਕ ਆਰਥਿਕ ਢਾਂਚੇ ਅਤੇ ਉਸ ਤੇ ਉਸਰੇ ਰਾਜਸੀ ਪ੍ਰਬੰਧ ਦੀ ਅਕਾਂਖਿਆ ਕਰਦੇ ਸਨ ਉਸ ਵਿਚ ਸ਼ੋਸ਼ਣ ਦੀ ਕੋਈ ਥਾਂ ਨਹੀਂ ਸੀ। ਉਹ ਬਿਗਾਨੇ ਹੱਕ ਤੇ ਪਲਣ ਵਾਲਿਆਂ ਨੂੰ ਨਫ਼ਰਤ ਕਰਦੇ ਸਨ। ਆਪਣੇ ਘਰੇਲੂ ਖ਼ਰਚੇ ਲਈ ਉਹ ਲੋਹੇ ਕੱਪੜੇ ਦੀ ਦੁਕਾਨ ਦੇ ਬੜੇ ਵਾਜਿਬ ਮੁਨਾਫ਼ੇ 'ਤੇ ਆਧਾਰਿਤ ਸਨ। ਚੜ੍ਹਾਵੇ ਦੀ ਸਾਰੀ ਰਕਮ ਗੁਰੂ ਕੇ ਲੰਗਰ ਵਿਚ ਜਾਂਦੀ ਸੀ, ਜਿਸ ਵਿਚੋਂ ਸਭਨਾਂ ਅਭਿਆਗਤਾਂ ਦੀ ਉਦਰ ਪੂਰਤੀ ਹੁੰਦੀ ਸੀ। ਸਤਿਗੁਰੂ ਜੀ ਦਾ ਆਪਣਾ ਨਿਸ਼ਾਨਾ ਕਰਨੀ ਨਾਮੇ (ਗੁਰੂ ਨਾਨਕ ਦੇਵ ਜੀ ਦਾ ਕਾਜ਼ੀ ਰੁਕਨਦੀਨ ਨਾਲ ਸੰਵਾਦ) ਦੀਆਂ ਇਹ ਤੁਕਾਂ ਸਨ:

'ਮਾਇਆ ਇਕੱਠੀ ਕਰਕੇ ਦੇਵੈਂ ਲੰਗਰ ਲਾਇ।
ਨੰਗਾ ਭੁੱਖਾ ਅਰਥੀਆ ਖ਼ਾਲੀ ਕੋਇ ਨ ਜਾਇ।"

ਗਰੀਬ ਕਿਸਾਨਾਂ ਨੂੰ ਬਿਜਾਈ ਵੇਲੇ ਮਣ ਦਾਣੇ ਦੇ ਕੇ ਫ਼ਸਲ ਤੇ ਡੇਢ ਮਣ ਲੈਣੇ, ਬਿਆਜ ਲੈਣਾ ਵੀ ਸਤਿਗੁਰੂ ਜੀ ਨੇ ਬੰਦ ਕੀਤਾ। ਭਾਈ ਕਾਲਾ ਸਿੰਘ ਨੰਗਲ ਲਿਖਦੇ ਹਨ:

"ਪੈਸਾ ਲੜਕੀ ਕਾ ਲਏ ਛੂਛੀ ਜਿਣਸ ਬਿਆਜ।
ਬਹਿੜਾ ਖੋਸੀ ਜੋ ਕਰੇ ਸਜ਼ਾ ਦੇਤ ਮਹਾਰਾਜ।"

ਪ੍ਰਦੇਸ ਤੋਂ ਭੇਜੇ ਹੁਕਮਨਾਮੇ ਵਿਚ ਹਦਾਇਤ ਕਰਦੇ ਹਨ

"ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਕਿਸੇ ਦਾ ਧੱਕਾ ਕਰਕੇ, ਨਾ ਚੋਰੀ ਕਰਕੇ, ਨਾ ਠੱਗੀ ਕਰਕੇ, ਕੱਖ ਆਦਿਕ ਬੀ ਨਹੀਂ ਲੈਣਾ। ਗੁਰੂ ਜੀ ਦਾ ਹੁਕਮ ਹੈ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਗਾਇ ਖਾਇਕੇ ਹਿੰਦੂ ਕਹਾ ਰਹਿਆ ਤੇ ਸੂਰ ਖਾਇਕੇ ਮੁਸਲਮਾਨ ਕਹਾ ਰਹਿਆ?

ਇਸੇ ਹੁਕਮਨਾਮੇ ਵਿਚ ਗੁਰਸਿਖਾਂ ਨੂੰ ਆਦਰਸ਼ ਜੀਵਨ ਜਾਚ ਵੀ ਦ੍ਰਿੜ੍ਹ ਕਰਵਾਉਂਦੇ ਹਨ:

"ਹੋਰ ਭਾਈ ਕੋਈ ਮੰਦਾ ਫਿਕਾ ਬੀ ਬੋਲੇ ਤਾ ਬੀ ਸਿੱਖ ਨੂੰ ਧੀਰਜ ਕਰਨੀ ਚਾਹੀਦੀ ਹੈ। ਛੇਤੀ ਹੀ ਗਲ ਨਹੀਂ ਪੈ ਜਾਣਾ ਚਾਹੀਦਾ।

"ਹੋਰ ਭਾਈ ਏਹ ਬੀ ਸਿੱਖ ਨੂੰ ਚਾਹੀਦਾ ਹੈ ਜ਼ਰੂਰ ਜਥਾ ਸ਼ਕਤ ਭੁਖੇ ਨੂੰ ਅੰਨ ਬੀ ਦੇਣਾ, ਨੰਗੇ ਨੂੰ ਕਪੜਾ ਜੋੜਾ ਬੀ ਦੇਣਾ, ਜਿੰਨਾ ਸਰੇ। ਪੁੰਨ ਦਾਨ ਕੇ ਧਨ ਨਹੀਂ ਘਟਦਾ ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।

"ਜਿਥੇ ਮੇਰਾ ਜੀਉ ਜਾਵੇ ਉਥੇ ਸਦਾ ਹੀ ਆਪਣਾ ਹੁਕਮ ਮਨਾਈਦੀ। ਜੋ ਤੈ ਗੁਰੂ ਰੂਪ ਧਾਰਕੇ ਹੁਕਮ ਦਿੱਤਾ ਹੈ ਗ੍ਰੰਥ ਸਾਹਿਬ ਮੈ, ਉਹ ਹੁਕਮ ਤੂ ਮੈਨੂ ਸਦਾ ਹੀ ਮਨਾਈਂ।" (ਹੁਕਮਨਾਮਾ 20)

Sri Satguru Jagjit Singh Ji eLibrary NamdhariElibrary@gmail.com

ਪੁਰਾਤਨ ਭਾਰਤੀ ਜਾਂ ਪੰਜਾਬੀ ਪਿੰਡਾਂ ਵਿਚ ਲੋੜ ਦੀਆਂ ਸਭੇ ਸ਼ੈਆਂ ਉਥੇ ਹੀ ਪੈਦਾ ਹੁੰਦੀਆਂ ਸਨ। ਇਸ ਤਰ੍ਹਾਂ ਹਰ ਪਿੰਡ ਆਪਣੇ ਆਪ ਵਿਚ ਇਕ ਸੰਪੂਰਨ ਇਕਾਈ ਤੇ ਆਤਮ ਨਿਰਭਰ ਅਰਥ ਵਿਵਸਥਾ ਵਾਲਾ ਸੀ। ਸਤਿਗੁਰੂ ਜੀ ਇਸੇ ਕਰਕੇ ਗਊ ਰੱਖਿਆ ਦੀ ਗੱਲ ਕਰਦੇ ਸਨ ਅਤੇ ਕਹਿੰਦੇ ਸਨ ਕਿ ਜੇ 'ਗਾਈ ਬਿਲੇ ਖਾ ਗਏ ਤਾਂ ਖੇਤੀ ਲਈ ਬੈਲ ਕਿਥੋਂ ਮਿਲਣਗੇ। ਮਾਰਕਸ ਨੇ ਏਸ਼ੀਅਨ ਉਤਪਾਦਨ ਪ੍ਰਣਾਲੀ ਦੇ ਨਾਂ ਹੇਠ ਇਸੇ ਆਤਮ ਨਿਰਭਰ ਪੇਂਡੂ ਅਰਥ ਵਿਵਸਥਾ ਦੀ ਗੱਲ ਕੀਤੀ ਸੀ, ਜਿਸ ਵਿਚ ਛੋਟਾ ਉਦਯੋਗ ਵੀ ਸ਼ਾਮਿਲ ਸੀ। ਉਹ ਪ੍ਰਯਾ ਵਰਣ ਦੀਆਂ ਸਮੱਸਿਆਵਾਂ ਪ੍ਰਤੀ ਵੀ ਸੁਚੇਤ ਸਨ। ਆਪ ਗਾਗਰਾਂ ਨਾਲ ਪਾਣੀ ਪਾ ਪਾ ਕੇ ਸ੍ਰੀ ਭੈਣੀ ਸਾਹਿਬ ਵਿਚ ਬਹੁਤ ਸਾਰੇ ਰੁੱਖ ਲਾਏ ਅਤੇ ਪਾਲੇ ਸਨ। ਇਹਨਾਂ ਪੁਰਾਤਨ ਬੋਹੜਾਂ ਪਿਪਲਾਂ ਹੇਠ ਹੀ, ਜੋ ਆਪ ਦੀਆਂ ਨਿਸ਼ਾਨੀਆਂ ਸਨ, ਸਦੀ ਤੋਂ ਵੱਧ ਨਾਮਧਾਰੀ ਸੰਗਤਾਂ ਦੇ ਦੀਵਾਨ ਲੱਗਦੇ ਰਹੇ, ਤੇ ਸੰਗਤਾਂ ਵਿਸ਼ਰਾਮ ਕਰਦੀਆਂ ਰਹੀਆਂ।

ਸ੍ਰੀ ਭੈਣੀ ਸਾਹਿਬ ਵਿਚ ਆਪ ਨੇ 1860 ਈ. ਤੋਂ ਹੀ ਇਕ 'ਸਦਾਬਰਤ' ਲੰਗਰ ਜਾਰੀ ਕਰ ਦਿਤਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਆਪਣੇ ਉਪਦੇਸ਼ਾਂ ਵਿਚ ਫੁਰਮਾਇਆ ਕਰਦੇ ਸਨ ਕਿ ਹਰਿਦੁਆਰ ਆਦਿਕ ਤੀਰਥਾਂ ਤੇ ਰਾਜੇ ਰਜਵਾੜੇ ਲੰਗਰ ਲੁਆਉਂਦੇ ਸਨ ਤੇ ਲਿਖ ਕੇ ਲਾ ਦਿੰਦੇ ਸਨ ਕਿ ਇਹ 'ਸਦਾਬਰਤ' ਸਵੇਰੇ 8 ਤੋਂ 10 ਵਜੇ ਜਾਂ ਸ਼ਾਮ ਨੂੰ 5 ਵਜੇ ਤੋਂ 7 ਵਜੇ ਤੱਕ ਖੁੱਲ੍ਹੇਗਾ। ਉਹ ਕਹਿੰਦੇ ਸਨ ਕਿ ਉਹ ਸਦਾਬਰਤ ਕਿਵੇਂ ਹੋਇਆ ਜਿਸ ਦਾ ਵਕਤ ਨਿਸ਼ਚਿਤ ਹੈ। ਸਦਾਵਰਤ ਸਤਿਗੁਰੂ ਰਾਮ ਸਿੰਘ ਜੀ ਨੇ ਜਾਰੀ ਕੀਤਾ ਸੀ ਜਿੱਥੇ ਅੱਠੇ ਪਹਿਰ ਇਕ ਰਸ ਲੰਗਰ ਵਰਤਦਾ। ਆਪ ਦੇ ਹੱਥਾਂ ਦੀ ਗੱਡੀ ਲੋਹ ਅਜੇ ਵੀ ਦਰਸ਼ਨ ਅਭਿਲਾਖੀਆਂ ਨੂੰ ਨਿਹਾਲ ਕਰਦੀ ਹੈ। ਦਿਨੇ ਤਾਂ ਵੱਡਾ ਲੰਗਰ ਖੁੱਲ੍ਹਾ ਹੀ ਰਹਿੰਦਾ ਸੀ, ਸ੍ਰੀ ਭੈਣੀ ਸਾਹਿਬ ਦੀ ਇਹ ਮਰਿਆਦਾ ਸੀ ਤੇ ਹੈ ਕਿ ਇਕ ਟੋਕਰਾ ਪ੍ਰਸ਼ਾਦਿਆਂ ਦਾ ਅਤੇ ਇਕ ਤਸਲਾ ਦਾਲੇ-ਸਬਜ਼ੀ ਦਾ ਭਰ ਕੇ ਪਹਿਲਾਂ ਡਿਓਢੀ ਵਾਲੀ ਅਲਮਾਰੀ ਵਿਚ ਧਰਿਆ ਰਹਿੰਦਾ ਸੀ। ਜਦੋਂ ਵੀ ਕੋਈ ਰਾਹੀ ਪਾਂਧੀ ਲੋੜਵੰਦ ਵੇਲੇ ਕੁਵੇਲੇ ਆਵੇ ਆਪਣੀ ਤ੍ਰਿਪਤੀ ਕਰ ਲਵੇ। ਲੰਗਰ ਸਭ ਨੂੰ ਊਚ ਨੀਚ, ਮਜ਼੍ਹਬ, ਫਿਰਕੇ ਦੇ ਵਿਤਕਰੇ ਤੋਂ ਬਗੈਰ ਵਰਤਾਉਣ ਦਾ ਬੜਾ ਸਖ਼ਤ ਹੁਕਮ ਸੀ। ਸਤਿਗੁਰੂ ਜੀ ਦਾ ਫੁਰਮਾਨ ਸੀ ਕਿ ਕੋਈ ਬੁੱਚੜ ਸੌਜਰਾ ਗਊ ਬੱਧ ਕਰਕੇ ਗਾਂ ਦੀ ਰੱਤ ਨਾਲ ਭਿੱਜੀ ਛੁਰੀ ਲੈ ਕੇ ਵੀ, ਜੇ ਗੁਰੂ ਕੇ ਲੰਗਰ ਵਿਚ ਆ ਗਿਆ ਤਾਂ ਪਰਸ਼ਾਦਾ ਉਹਨੂੰ ਵੀ ਮਿਲੇਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਬਹੁਤ ਸਾਰੇ ਜੰਗਗਦਰੀ, ਕ੍ਰਾਂਤੀਵੀਰ, ਸਰਕਾਰ ਅੰਗਰੇਜ਼ੀ ਅਤੇ ਰਿਆਸਤੀ ਹਕੂਮਤਾਂ ਦੇ ਭਗੌੜੇ ਇਸੇ ਲੰਗਰ ਵਿਚੋਂ ਪ੍ਰਸ਼ਾਦ ਵੀ ਪਾਉਂਦੇ ਸਨ ਅਤੇ ਸ੍ਰੀ ਭੈਣੀ ਸਾਹਿਬ ਨੂੰ ਆਪਣੀ ਸੁਰੱਖਿਅਤ ਸ਼ਰਨਗਾਹ ਵੀ ਸਮਝਦੇ ਸਨ। 1899 ਈ. ਮੁਤਾਬਿਕ 1956 ਬਿਕ੍ਰਮੀ ਦੇ ਭਿਆਨਕ ਅਕਾਲ ਸਮੇਂ ਤਾਂ ਕੋਈ ਛੇ ਮਹੀਨੇ ਬਾਗੜ ਦੇਸ਼ ਦਾ ਕਾਫੀ ਹਿੱਸਾ ਇਸੇ ਸਦਾਵਰਤ ਵਿਚੋਂ ਆਪਣੀ ਭੁੱਖ ਸ਼ਾਂਤ ਕਰਦਾ ਰਿਹਾ। ਪਸ਼ੂਆਂ ਲਈ ਨੀਰਾ ਪੱਠਾ ਵੀ ਲੈਂਦਾ ਰਿਹਾ। ਡੀ.ਸੀ. ਹਿਸਾਰ ਨੇ ਡੀ.ਸੀ. ਲੁਧਿਆਣਾ ਨੂੰ ਲਿਖਿਆ ਤੁਹਾਡੇ ਜ਼ਿਲ੍ਹੇ ਵਿਚ ਕੋਈ ਭੈਣੀ ਸਾਹਿਬ ਨਾਂ ਦਾ ਸਥਾਨ ਹੈ। ਸਾਰੀ ਬਾਗੜ ਨੇ ਉਧਰ ਮੁਹਾਰਾਂ ਮੋੜ ਦਿਤੀਆਂ ਹਨ। ਤੁਸੀਂ ਉਥੋਂ ਦੇ ਪ੍ਰਬੰਧਕਾਂ ਨੂੰ ਸਮਝਾ ਦਿਉ ਕਿ ਹੱਥ ਘੁੱਟ ਕੇ ਵਰਤਣ, ਬਹੁਤ ਲੋਕਾਈ ਵਹੀਰਾਂ ਘੱਤੀ ਆ ਰਹੀ ਹੈ। ਡੀ.ਸੀ. ਲੁਧਿਆਣਾ ਦੀ ਹਦਾਇਤ ਤੇ ਗੁਰੂ ਹਰੀ ਸਿੰਘ ਜੀ ਨੇ ਕਿਹਾ, "ਇਹ ਸਤਿਗੁਰੂ ਰਾਮ ਸਿੰਘ ਜੀ ਦੇ ਕਰ ਕਮਲਾਂ ਨਾਲ ਲੱਗੀ ਲੋਹ ਵਾਲਾ ਲੰਗਰ ਹੈ। ਅਸੀਂ ਆਏ ਅਭਿਆਗਤ ਨਾਲ ਕੰਜੂਸੀ ਨਹੀਂ ਵਰਤ ਸਕਦੇ।" ਉਸ ਦੇ ਇਹ ਕਹਿਣ ਤੇ ਕਿ ਬਾਬਾ ਸਾਹਿਬ ਏਨੇ ਭੁੱਖੇ ਲੋਕ ਤੁਹਾਡਾ ਸਭ ਕੁਝ ਖਤਮ ਕਰ ਜਾਣਗੇ, ਫਿਰ ਕੀ ਕਰੋਗੇ। ਜੁਆਬ ਸੀ, "ਫਿਰ ਅਸੀਂ ਵੀ ਬਗਲੀ ਫੜ ਕੇ ਜਿਧਰ ਨੂੰ ਇਹ ਜਾਣਗੇ, ਇਹਨਾਂ ਦੇ ਨਾਲ ਚਲ ਪਵਾਂਗੇ। ਪਰ ਨਾਮਧਾਰੀ ਸੰਗਤਾਂ ਨੇ ਵੱਡੇ ਸਬਰ ਸਿਦਕ ਤੋਂ ਕੰਮ ਲੈਂਦਿਆਂ ਅੰਨਪੂਰਨਾ ਮਾਤਾ ਜੀਉਣ ਕੌਰ ਜੀ, ਗੁਰੂ ਮਹਿਲਾਂ ਦੇ ਪਰਤਾਪ ਨਾਲ, ਉਸ ਕਾਲ ਨੂੰ ਜਿੱਤ ਲਿਆ ਸੀ ਜਿਸ ਬਾਰੇ "ਬਾਂਗੜੀ ਲੋਕ ਗੀਤ ਹੈ : 'ਛੱਪਨੀਏ। ਫਿਰ ਮੱਤ ਆਈਓ ਰੇ। ਮਹਾਰੇ ਦੇਸ"

ਤੇ ਸੰਤ ਖਾਲਸੇ ਦਾ ਕਿੱਸਾਕਾਰ ਜਿਹੜਾ 9 ਵਰ੍ਹਿਆਂ ਦੇ ਬਾਲ ਸਤਿਗੁਰੂ ਪਰਤਾਪ ਸਿੰਘ ਨਾਲ, ਸਾਰਾ ਸਾਰਾ ਦਿਨ ਭੱਜ ਭੱਜ ਕੇ ਲੰਗਰ ਵਰਤਾਉਣ ਦੀ ਖੁਦ ਸੇਵਾ ਕਰਿਆ ਕਰਦਾ ਸੀ, ਇਸ ਮਹਾਂ ਬਿਰਤਾਂਤ ਨੂੰ ਇਉਂ ਕਾਨੀਬੰਦ

Sri Satguru Jagjit Singh Ji eLibrary NamdhariElibrary@gmail.com

ਕਰਦਾ ਹੈ:

"ਦੂਰੋਂ ਦੂਰੋਂ ਲੰਗਰ ਸੁਣਕੇ ਲੋਕ ਆਉਂਦੇ
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।
ਭੈਣੀ ਮਿਲੂ ਰੋਟੀ ਲੋਕ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲੱਗੇ ਲਾਰ ਸਾਰੇ।
ਖਾਂਗੜ ਦੇਸ ਮਸ਼ਹੂਰ ਹੋ ਗਈ ਭੈਣੀ,
ਓਟੂ ਲੌਹਰ ਤੇ ਹਾਂਸੀ, ਹਿਸਾਰ ਸਾਰੇ।
ਮਾਰਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ਼ ਚਾਰ ਸਾਰੇ।"[33]

ਭਾਵੇਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਵੀ ਚੰਗੇ ਘੋੜੇ ਘੋੜੀਆਂ ਊਠ ਅਤੇ ਮੱਝਾਂ ਗਾਈਆਂ ਸ੍ਰੀ ਭੈਣੀ ਸਾਹਿਬ ਵਿਚ ਰੱਖੀਆਂ ਜਾਂਦੀਆਂ ਸਨ। ਸਤਿਗੁਰੂ ਜੀ ਜਦੋਂ ਖੇਤੀ ਕਰਦੇ ਸਨ ਫੌਜ ਵਿਚੋਂ ਆ ਕੇ ਪਿੰਡ ਦੇ ਜੱਟ ਭਾਈ ਲਹਿਣਾ ਸਿੰਘ ਨਾਲ ਮਿਲ ਕੇ ਤਾਂ ਆਪਣੇ ਇਕ ਚਲਾਕ ਬੈਲ ਨੂੰ 'ਤੱਖੀ ਨਾਗ' ਕਿਹਾ ਕਰਦੇ ਸਨ। ਗੁਰੂ ਹਰੀ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ ਵਿਚ ਪਸ਼ੂਆਂ ਦਾ ਤਬੇਲਾ ਅਤੇ ਗਊ ਸ਼ਾਲਾ ਵਿਕਸਿਤ ਹੋਣੀ ਸ਼ੁਰੂ ਹੋ ਗਈ। ਸਤਿਜੁਗ ਦੇ 'ਗਊ ਅੰਕ' ਵਿਚ ਬੜੇ ਦਿਲਚਸਪ ਵੇਰਵੇ ਹਨ।

"ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੀ ਦੇਖ ਰੇਖ ਵਿਚ ਗਊ ਦੀ ਸੇਵਾ ਜੋ ਕਰਵਾਈ ਹੈ ਅਤੇ ਗਊ ਨੂੰ ਭਾਰਤ ਦਾ ਸਰਵੋਤਮ ਪਸ਼ੂ ਪਰਤੱਖ ਕਰਕੇ ਵਿਖਾਇਆ ਹੈ, ਉਸਦੀ ਮਿਸਾਲ ਕਿਧਰੇ ਨਹੀਂ ਮਿਲਦੀ। ਆਪ ਦਾ ਗਊਆਂ ਨਾਲ ਕਿਤਨਾ ਪ੍ਰੇਮ ਸੀ ਅਤੇ ਗਊਆਂ ਦਾ ਆਪ ਨਾਲ ਕਿਤਨਾ ਪ੍ਰੇਮ ਸੀ, ਇਸ ਦਾ ਵਰਣਨ ਕਿਸੇ ਦੂਸਰੇ ਲੇਖ ਵਿਚ ਆਵੇਗਾ।

"ਆਪ ਨੇ ਹਜ਼ਾਰਾਂ ਵਿੱਘੇ ਜ਼ਮੀਨ ਦਾਨ ਕੀਤੀ ਅਤੇ ਜ਼ਮੀਨ ਲੈਣ ਵਾਲਿਆਂ ਉੱਤੇ ਇਹ ਪਾਬੰਦੀ ਲਾਈ ਕਿ ਹਰ ਵਿਅਕਤੀ ਆਪਣੇ ਪਾਸ ਇਕ ਗਊ ਰਖੇ। ਆਪ ਦੀ ਘਰ ਦੀ ਪੈਦਾ ਕੀਤੀ ਹੋਈ ਸਾਹੀਵਾਲ ਨਸਲ ਦੀ ਗਊ ਦਾ ਦੁੱਧ ਭਾਰਤ ਵਿਚ ਸਭ ਤੋਂ ਵੱਧ ਹੋਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਕ੍ਰਿਪਾ ਨਾਲ ਜੋ ਗਊਆਂ ਬੁੱਚੜਖਾਨੇ ਤੋਂ ਇਕ ਵਾਰੀ 8 ਅਤੇ ਦੂਸਰੀ ਵਾਰੀ 47 ਵਾਪਸ ਪੰਜਾਬ ਲਿਆਂਦੀਆਂ ਉਹ ਚੰਗੀਆਂ ਸਿੱਧ ਹੋਈਆਂ। ਸ੍ਰੀ ਸਤਿਗੁਰੂ ਜੀ ਨੂੰ 'ਗੋਪਾਲ ਰਤਨ' ਦੀ ਉਪਾਧੀ ਅਤੇ 5000 ਰੁਪਏ ਪੁਰਸਕਾਰ ਗਊ ਦਾ ਦੁੱਧ ਭਾਰਤ ਵਿਚ ਸਭ ਤੋਂ ਜ਼ਿਆਦਾ ਹੋਣ ਕਾਰਨ ਮਿਲਿਆ ਹੈ।"[34]

ਨਾਮਧਾਰੀਆਂ ਦੇ ਪਸ਼ੂ ਪ੍ਰੇਮ ਕਾਰਨ ਹੀ ਉਹ ਚੰਗੇ ਸਫ਼ਲ ਕਿਸਾਨ ਵੀ ਹਨ। ਅੱਜ ਨਾਮਧਾਰੀ ਕਿਸਾਨ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਂਚਲ, ਮੱਧ ਪ੍ਰਦੇਸ਼, ਛੱਤੀਸਗੜ੍ਹ, ਕਰਨਾਟਕ ਆਦਿ ਜਿਹੜਿਆਂ ਵੀ ਰਾਜਾਂ ਵਿਚ ਹਨ, ਉਹ ਆਪਣੇ ਆਲੇ ਦੁਆਲੇ ਵਾਲੇ ਹੋਰਨਾਂ ਕਿਸਾਨਾਂ ਤੋਂ ਰਤਾ ਅਗੇਰੇ ਹੀ ਹਨ। ਇਸਦਾ ਕਾਰਨ ਹੈ ਉਹਨਾਂ ਦਾ ਉਦਮੀ, ਸੰਜਮੀ ਅਤੇ ਮਰਿਆਦਾ ਵਾਲਾ, ਨਸ਼ਾ ਮੁਕਤ ਜੀਵਨ ਬਤੀਤ ਕਰਨਾ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਉਹ ਨਸ਼ਿਆਂ ਤੋਂ 100 ਪ੍ਰਤੀਸ਼ਤ ਮੁਕਤ ਹਨ, ਪਰ ਜੇ 90-95 ਪ੍ਰਤੀਸ਼ਤ ਵੀ ਮੁਕਤ ਹੋਣ ਤਾਂ ਵਧੀਆ ਗੱਲ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮਾਜ ਸੁਧਾਰ ਦੇ ਕਾਰਜਾਂ ਵਿਚੋਂ ਨਸ਼ਾ ਮੁਕਤੀ ਇਕ ਪਰਮੁਖ ਕਾਰਜ ਸੀ। ਬਹੁਤ ਸਾਰੇ ਅਮਲੀ ਆਪ ਦੀ ਸੰਗਤ ਵਿਚ ਆ ਕੇ ਵਧੀਆ ਮਨੁੱਖ ਬਣ ਗਏ ਸਨ। ਅਸੀਂ ਹਵਾਲੇ ਲਈ ਪ੍ਰਸਿੱਧ ਨਾਮਧਾਰੀ ਸਾਹਿਤਕਾਰ ਸੰਤ ਇੰਦਰ ਸਿੰਘ ਚੱਕਰਵਰਤੀ ਰਚਿਤ ਮਹਾਂਕਾਵਿ ਦੀਆਂ ਕੁਝ ਸਤਰਾਂ ਸਾਂਝੀਆਂ ਕਰਾਂਗੇ:

"ਰਾਇਪੁਰ ਪ੍ਰਸਿੱਧ ਸੀ, ਅਮਲੀਆਂ ਦਾ ਗਾਉਂ।
ਪੋਸਤ, ਭੰਗ, ਅਫ਼ੀਮ, ਮਦ, ਜਪਣ ਇਨ੍ਹਾਂ ਦਾ ਨਾਉਂ।

Sri Satguru Jagjit Singh Ji eLibrary NamdhariElibrary@gmail.com

ਆਇਆ ਗੁਰੂ ਦੀਦਾਰ ਹਿਤ, ਅਮਲੀ ਸੀ ਜੋ ਘੋਰ।
ਪੋਸਤ ਪੀਵਾਂ ਸੇਰ ਮੈਂ, ਸੁੱਖਾ ਅੱਧਾ ਸੇਰ।
ਢਾਈ ਤੋਲਾ ਫੀਮ ਛਕ, ਉਠ ਸਕਦਾ ਹਾਂ ਫੇਰ।
ਕੰਨ ਵਿਚ ਮੰਤਰ ਉਸ ਦੇ, ਦਿਤਾ ਗੁਰਾਂ ਸੁਣਾ।
....
ਸਾਰੇ ਦਿਤੇ ਅਮਲ ਛੱਡ, ਮੁੜ ਨਾ ਕੀਤੀ ਸਾਰੀ।
ਨਸ਼ਾ ਨਾ ਲੱਭਾ ਫਿਰ ਕਦੀ, ਚੜ੍ਹਿਆ ਜੇਹਾ ਖੁਮਾਰ।
ਜਦ ਕੂਕਿਆਂ ਤੋਂ ਡਰੀ ਸੀ, ਗੋਰਿਆਂ ਦੀ ਸਰਕਾਰ।
ਫੜ ਕੇ ਪਾਇਆ ਸ਼ੇਰ ਨੂੰ, ਪਿੰਜਰੇ ਦੇ ਵਿਚਕਾਰ।
ਪਤਾ ਨਾ ਦਿੱਤਾ ਗੋਰਿਆਂ, ਕਿੱਥੇ ਕਰੇ ਸ਼ਹੀਦ।
ਧੌਂਕਲ ਸਿੰਘ ਸਰਦਾਰ ਦੀ, ਮੁੜ ਨਾ ਮਿਲੀ ਰਸੀਦ।"

ਸਤਿਗੁਰੂ ਪਰਤਾਪ ਸਿੰਘ ਜੀ ਨੇ ਹਿੰਦ-ਪਾਕਿਸਤਾਨ ਦੀ ਵੰਡ ਨੂੰ ਅਟੱਲ ਜਾਣ ਕੇ ਤਦੋਂ ਦੇ ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ ਦੇ ਰਾਣੀਆਂ ਥਾਣੇ ਦੇ ਇਲਾਕੇ ਵਿਚ ਚੁਚਾਲ, ਜੰਡ ਮਲੇਰਾ, ਅਲੀਪੁਰ, ਕੰਜਰ ਵਾਲ (ਹੁਣ ਇਹਨਾਂ ਦੇ ਨਾਂ ਬਦਲ ਕੇ ਕ੍ਰਮਵਾਰ ਜੀਵਨ ਨਗਰ, ਸੰਤ ਨਗਰ, ਹਰੀਪੁਰਾ, ਅਤੇ ਦਮਦਮਾ ਕਰ ਦਿਤੇ ਗਏ ਹਨ) ਪਿੰਡਾਂ ਵਿਚ, ਪੱਛਮੀ ਪੰਜਾਬ ਤੋਂ ਆਉਣ ਵਾਲੇ ਨਾਮਧਾਰੀ ਸਿੱਖਾਂ ਦੀ ਸੁਵਿਧਾ ਲਈ, ਚੂਰੂ ਦੇ ਸੇਠਾਂ ਤੋਂ ਜਨਵਰੀ 1947 ਵਿਚ ਭੂਮੀ ਖ਼ਰੀਦ ਲਈ, ਜਿਸ ਲਈ ਨਾਮਧਾਰੀ ਸੰਗਤ ਨੇ ਵੱਡਾ ਹਿੱਸਾ ਪਾਇਆ। ਕੁਝ ਹਿੱਸਾ ਗੁਰੂ ਕੇ ਖ਼ਜ਼ਾਨੇ ਵਿਚੋਂ ਵੀ ਗਿਆ। ਇਸ ਤਰ੍ਹਾਂ ਜੀਵਨ ਨਗਰ ਨਾਮ ਦਾ ਇਕ ਨਵਾਂ ਨਗਰ ਵਸਾ ਕੇ ਆਪ ਨੇ ਨਾਮਧਾਰੀਆਂ ਦਾ ਇਕ ਆਧਾਰ ਖੇਤਰ ਤਿਆਰ ਕੀਤਾ, ਜਿਥੇ ਸ਼ੇਖੂਪੁਰਾ, ਗੁਜਰਾਂਵਾਲਾ, ਲਾਇਲਪੁਰ, ਸਿਆਲਕੋਟ, ਲਾਹੌਰ, ਮਿੰਟਗੁਮਰੀ, ਸਰਗੋਧਾ, ਮੁਲਤਾਨ ਆਦਿ ਜ਼ਿਲਿਆਂ ਤੋਂ ਆਉਣ ਵਾਲੇ ਨਾਮਧਾਰੀ ਸਿੱਖ ਖ਼ਰੀਦੀ ਗਈ ਜ਼ਮੀਨ ਅਤੇ ਅਲਾਟ ਹੋਈ ਜ਼ਮੀਨ ਤੇ ਵਸ ਗਏ। ਸਿਰਸਾ ਜ਼ਿਲ੍ਹਾ ਵਿਚ ਇਸ ਖਿੱਤੇ ਵਿਚ ਨਾਮਧਾਰੀਆਂ ਦੇ 25-30 ਇਕਜੁਟ ਪਿੰਡ ਹਨ। ਆਧੁਨਿਕ ਸੁਖ ਸੁਵਿਧਾਵਾਂ ਨਾਲ ਯੁਕਤ ਇਹ ਸਾਰੇ ਚੰਗੇ ਕਿਸਾਨ ਹਨ। ਦੇਸ਼ ਵੰਡ ਤੋਂ ਪਹਿਲਾਂ ਸੈਣੀ, ਕੰਬੋਜ, ਘੁਮਿਆਰ ਅਤੇ ਰਾਮਗੜ੍ਹੀਆ ਭਾਈਚਾਰੇ ਨਾਲ ਸਬੰਧਿਤ ਨਾਮਧਾਰੀ ਜੋ ਪਹਿਲਾਂ ਭੂਮੀਹੀਣ ਸਨ, ਕੁਝ ਸਤਿਗੁਰੂ ਪਰਤਾਪ ਸਿੰਘ ਦੁਆਰਾ ਦਿਤੀ ਭੂਮੀ ਸਦਕਾ, ਜੋ ਕਾਮਨ ਪੂਲ ਵਿਚੋਂ ਉਹਨਾਂ ਨੇ 100 ਕੁ ਮੁਰੱਬਾ ਰੱਖੀ ਸੀ, ਇਸ ਵਿਚੋਂ ਪੰਜਾਹ ਮੁਰੱਬੇ ਉਪਰੋਕਤ ਸਿੱਖਾਂ ਨੂੰ ਵੰਡ ਦਿਤੀ ਸੀ। ਬਾਕੀ ਵਿਦਿਆਲਾ, ਗਊਸ਼ਾਲਾ, ਲੰਗਰ ਆਦਿ ਲਈ ਰੱਖ ਲਈ ਸੀ। ਉਹ ਸਿੱਖ ਵੀ ਹੁਣ ਚੰਗੀ ਮਿਹਨਤ ਕਰਨ ਸਦਕਾ ਚੰਗੀਆਂ ਜ਼ਮੀਨਾਂ ਦੇ ਮਾਲਕ ਅਤੇ ਕਾਰੋਬਾਰੀ ਵੀ ਹੋ ਗਏ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ 1959 ਈ. ਵਿਚ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੇਹਾਵਾਸਨ ਸਮੇਂ ਭਾਰਤ ਤੋਂ ਬਾਹਰ ਨਾਮਧਾਰੀ ਸਿੱਖ ਸਿਰਫ਼ ਥਾਈਲੈਂਡ ਜਾਂ ਅਫ਼ਰੀਕਾ ਮਹਾਂਦੀਪ ਵਿਚ ਹੀ ਸਨ। ਹੁਣ ਦੁਨੀਆਂ ਦਾ ਕੋਈ ਵੀ ਮਹਾਂਦੀਪ ਐਸਾ ਨਹੀਂ ਬਚਿਆ ਜਿਸ ਦੇ ਦੇਸ਼ਾਂ ਵਿਚ ਨਾਮਧਾਰੀ ਸਿੱਖ ਨਹੀਂ ਪੁੱਜੇ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪੁਰਖਿਆਂ ਜਿਉਂ ਹੀ ਠੰਢੀ ਜੰਗ ਦੇ ਨਾਜ਼ੁਕ ਦਿਨਾਂ ਵਿਚ ਸੰਸਾਰ ਅਮਨ ਵਾਸਤੇ ਸਰਗਰਮੀਆਂ ਜਾਰੀ ਰੱਖੀਆਂ। ਪੰਜਾਬ ਪੀਸ ਕੌਂਸਲ ਦੇ ਪ੍ਰਧਾਨ ਵੀ ਰਹੇ। ਉਹਨਾਂ ਨੇ ਨਾਮਧਾਰੀ ਭਾਈਚਾਰੇ ਨੂੰ ਇਕ ਕੌਮਾਂਤਰੀ ਪਹਿਚਾਣ ਵੀ ਦਿਤੀ। ਉਹਨਾਂ ਦੁਆਰਾ ਤਿਆਰ ਕੀਤੇ ਹਾਕੀ ਖਿਡਾਰੀਆਂ ਵਿਚੋਂ ਕਈਆਂ ਨੇ ਓਲੰਪੀਅਨ ਹੋਣ ਦਾ ਮਾਣ ਹਾਸਲ ਕੀਤਾ। ਦੇਸ਼, ਪਰਾਂਤ ਵਲੋਂ ਹੋਣ ਵਾਲੀਆਂ ਖੇਡਾਂ ਵਿਚ ਸ਼ਾਮਲ ਹੋਏ। ਖੇਡਾਂ ਦੀ ਇਸ ਰੁਚੀ ਵਿਚ ਵੀ ਨਾਮਧਾਰੀਆਂ ਦਾ ਪਿਛੋਕੜ ਅਸਰ ਅੰਦਾਜ਼ ਹੈ। ਵਿਸ਼ਵ ਪ੍ਰਸਿੱਧ ਪਹਿਲਵਾਨ ਬਾਬਾ ਫਤੇਹ ਸਿੰਘ ਢਲਣੋਹੀਆ ਭੀਮ ਸ਼ਾਲੀ ਸੀ। ਸਮੁੱਚੀ ਵਿਚ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਵੈਸੇ ਸਿੱਖਣੀ ਨੂੰ ਕੁਝ ਤੰਗ ਰੱਖਦਾ ਸੀ। ਗੁਰੂ ਹਰੀ

Sri Satguru Jagjit Singh Ji eLibrary NamdhariElibrary@gmail.com

ਸਿੰਘ ਪਾਸ ਮਾਨੋ ਨੇ ਫਰਿਆਦ ਕੀਤੀ। ਫਿਰ ਗੁਰੂ ਦੇ ਹੁਕਮ ਦੀ ਖੇਡ, ਗਹਿਰੀ ਉਮਰ ਬੀਬੀ ਮਾਨੋ ਨੂੰ ਭਲਵਾਨ ਨੇ ਆਪਣੇ ਮੋਢਿਆਂ ਤੇ ਬਿਰਾਜਮਾਨ ਕਰਦਾ ਕੇ ਹੀ ਭਰਮਣ ਕਰਵਾਇਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਫੋਟੀਆਂ (ਲਾਇਲਪੁਰ) ਦੇ ਸਾਰੇ ਹੀ ਨਾਮਧਾਰੀ ਸਿੱਖਾਂ ਦੀ ਰੱਸਾ ਟੀਮ ਨੇ, ਜਾਰਜ ਪੰਚਮ ਦੇ ਦਿੱਲੀ ਦਰਬਾਰ 1912 ਈ. ਵਿਚ ਉਸ ਨਾਲ ਆਈ ਯੋਰਪ ਜੇਤੂ ਟੀਮ ਨੂੰ ਹਰਾ ਕੇ ਰੱਸੇ ਵਿਚ ਵਿਸ਼ਵ-ਵਿਜੇਤਾ ਹੋਣ ਦਾ ਜੱਸ ਖੱਟਿਆ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਪ੍ਰਸਿੱਧ ਪੰਜਾਬੀ ਸਾਹਿਤਕਾਰਾਂ, ਇਤਿਹਾਸਕਾਰਾਂ ਗਿਆਨੀ ਗਿਆਨ ਸਿੰਘ ਜੀ, ਲਾਲਾ ਧਨੀ ਰਾਮ ਚਾਤ੍ਰਿਕ, ਫੀਰੋਜ਼ਦੀਨ ਸ਼ਰਫ਼, ਪ੍ਰਿੰਸੀਪਲ ਤੇਜਾ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤਲੜੀ, ਸ. ਅਵਤਾਰ ਸਿੰਘ ਆਜ਼ਾਦ, ਹਿੰਦੀ ਸਾਹਿਤਕਾਰ ਅਤੇ ਗੁਰੂ-ਕੁਲ ਦੇ ਕਵੀ ਸ੍ਰੀ ਮੈਥਲੀ ਸ਼ਰਣ ਗੁਪਤ, ਰਵਿੰਦਰ ਸਤਿਆਰਥੀ, ਪ੍ਰਿੰਸੀਪਲ ਐਸ.ਐਸ. ਅਮੋਲ, ਲਾਲ ਸਿੰਘ ਕਮਲਾ ਅਕਾਲੀ ਆਦਿ ਦਾ ਸਮੇਂ ਸਮੇਂ ਮਾਣ-ਸਨਮਾਨ ਵੀ ਕੀਤਾ ਅਤੇ ਉਹਨਾਂ ਨਾਲ ਮਿੱਤਰੀ ਪੂਰਣ ਸਬੰਧ ਵੀ ਬਣਾਈ ਰੱਖੇ। ਸਾਰੇ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਦੇ ਮੁਖੀਆਂ ਨੂੰ 1934 ਈ. ਵਿਚ ਸ੍ਰੀ ਭੈਣੀ ਸਾਹਿਬ ਬੁਲਾ ਕੇ, ਏਕਤਾ ਦੇ ਸੂਤਰ ਵਿਚ ਪਿਰੋਣ ਦੇ ਸੁਚੱਜੇ ਯਤਨ ਕੀਤੇ। ਬਾਬਾ ਸਾਵਣ ਸਿੰਘ ਜੀ ਬਿਆਸ ਵਾਲਿਆਂ ਨੇ ਕਿਹਾ ਅਸੀਂ ਭਾਵੇਂ ਆਪਣਾ ਸ਼ੁਮਾਰ ਨਾਨਕ ਪੰਥੀਆਂ ਵਿਚ ਨਹੀਂ ਕਰਦੇ, ਪਰ ਮਹਾਰਾਜ ਪਰਤਾਪ ਸਿੰਘ ਹੋਰਾਂ ਦੇ ਪ੍ਰੇਮ-ਪਾਸ਼ ਵਿਚ ਬੰਨ੍ਹੇ ਚਲੇ ਆਏ ਹਾਂ। ਸਤਿਗੁਰੂ ਜੀ ਦੁਆਰਾ ਜੀਵਨ ਨਗਰ ਇਲਾਕਾ ਵਸਾਉਣ ਪਿੱਛੇ ਇਕ ਕਾਰਕ ਉਹਨਾਂ ਦਾ ਮਹਾਰਾਜਾ ਸਾਵਣ ਸਿੰਘ ਜੀ ਨਾਲ ਪ੍ਰੇਮ ਵੀ ਸੀ ਅਤੇ ਪਿੱਛੋਂ ਦੋਵੇਂ ਮਹਾਂਪੁਰਖ ਲੁਧਿਆਣਾ ਜ਼ਿਲ੍ਹੇ ਨਾਲ ਹੀ ਸਬੰਧਿਤ ਸਨ। ਮਹਾਰਾਜ ਸਾਵਣ ਸਿੰਘ ਹੋਰਾਂ ਨੇ ਵੀਹਵੀਂ ਸਦੀ ਦੇ ਮੁਢ ਵਿਚ ਹੀ ਸਿਰਸਾ ਤਹਿਸੀਲ ਦੇ ਸਿਕੰਦਰਪੁਰ, ਖੇਹੜੀ, ਹੈਦੀਆਂ ਆਦਿ ਪਿੰਡਾਂ ਵਿਚ ਆਪਣੀ ਪਰਿਵਾਰਕ ਵਰਤੋਂ ਲਈ, ਭੂਮੀ ਖ਼ਰੀਦ ਲਈ ਸੀ, ਜਿੱਥੇ ਹੁਣ ਉਹਨਾਂ ਦੀ ਸੰਤਾਨ ਆਬਾਦ ਹੈ।

ਸਾਹਿਤਕਾਰਾਂ, ਸੰਗੀਤਕਾਰਾਂ, ਕਲਾਕਾਰਾਂ ਆਦਿ ਗੁਣੀ ਵਿਅਕਤੀਆਂ ਦਾ ਸਨਮਾਨ ਕਰਨ ਅਤੇ ਉਹਨਾਂ ਨਾਲ ਨੇੜਲੇ ਸਬੰਧ ਬਣਾਉਣ ਦੀ ਪਰੰਪਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਵੀ ਲਗਾਤਾਰ ਖੁਲ੍ਹੇ ਦਿਲ ਨਾਲ ਨਿਭਾ ਰਹੇ ਹਨ। ਪੰਜਾਬੀ ਦੇ ਸਾਰੇ ਹੀ ਨਾਮਵਰ ਸਾਹਿਤਕਾਰ ਗਾਹੇ ਬਗਾਹੇ ਆਪ ਤੋਂ ਸਨਮਾਨਿਤ ਹੋਣ ਵਿਚ ਫ਼ਖ਼ਰ ਮਹਿਸੂਸ ਕਰਦੇ ਰਹੇ ਹਨ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਪਰਚਾਰ ਪਰਸਾਰ ਲਈ ਬਹੁਤ ਸਾਰੀਆਂ ਕੌਮੀ ਅਤੇ ਕੌਮਾਂਤਰੀ ਕਾਨਫਰੰਸਾਂ ਦਾ ਆਯੋਜਨ ਵੀ ਕਰਵਾ ਚੁੱਕੇ ਹਨ। ਬੀਮਾਰ ਬਿਰਧ ਲੋੜਵੰਦ ਸਾਹਿਤਕਾਰਾਂ ਦੀ ਸੇਵਾ ਸੰਭਾਲ ਲਈ ਆਪ ਹਮੇਸ਼ਾ ਤਤਪਰ ਰਹਿੰਦੇ ਹਨ। ਲੋੜਵੰਦ ਕਿਸੇ ਵੀ ਕਿਸਮ ਦਾ ਹੋਵੇ ਉਸ ਲਈ ਆਪ ਜੀ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਉਹ ਬਿਨਾ ਭੇਖ ਦੇ ਵਿਤਕਰੇ ਤੋਂ, ਜ਼ਰੂਰਤਮੰਦਾਂ ਦੀ ਸਹਾਇਤਾ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨੂੰ ਪਰਨਾਏ ਹੋਏ ਹਨ।

ਨਾਮਧਾਰੀਆਂ ਬਾਰੇ ਕੋਈ ਵੀ ਚਰਚਾ ਉਨ੍ਹਾਂ ਦੀ ਢੋਲਕੀ ਛੈਣਿਆਂ ਅਤੇ ਹੋਰ ਸਾਜ਼ਾਂ ਦੀਆਂ ਸੰਗੀਤ ਛਹਿਬਰਾਂ ਤੋਂ ਬਿਨਾਂ ਅਧੂਰੀ ਰਹੇਗੀ। ਗੁਰੂ ਬਾਣੀ ਅਤੇ ਸ਼ਬਦਾਂ ਦਾ ਗਾਇਨ ਕਰਦੇ ਸਮੇਂ ਉਹ ਖ਼ਾਸ ਕਰਕੇ ਹੋਲੇ ਦੇ ਦੀਵਾਨਾਂ ਵਿਚ ਨ੍ਰਿਤ ਦੀ ਅਵਸਥਾ ਵਿਚ ਆ ਜਾਂਦੇ ਹਨ। ਇਹ ਵੀ ਪੰਜਾਬੀ ਸਭਿਆਚਾਰ ਦਾ ਵਿਲੱਖਣ ਅੰਗ ਬਣ ਚੁੱਕਾ ਹੈ, ਲੋਕ ਗੀਤਾਂ ਅਤੇ ਲੋਕ ਧੁਨਾਂ 'ਤੇ ਆਧਾਰਿਤ ਗੁਰਬਾਣੀ ਦੇ ਪਰਮਾਣਾਂ ਸਹਿਤ ਨਾਮਧਾਰੀਆਂ ਦਾ ਹੋਲੇ ਦੇ ਦੀਵਾਨ। ਭਾਵੇਂ ਪੰਥ ਪਰਕਾਸ਼ ਦਾ ਕਰਤਾ ਗਿਆਨੀ ਗਿਆਨ ਸਿੰਘ ਹੋਵੇ ਜਾਂ ਕੋਈ ਮਗਰਲਾ ਨਾਮਧਾਰੀ ਜਾਂ ਸਮਕਾਲੀ ਕਵੀ, ਢੋਲਕੀ ਛੈਣਿਆਂ ਨਾਲ ਜਾਂ ਉਂਝ ਜੋਟੀਆਂ ਦੇ ਸ਼ਬਦ ਪੜ੍ਹਨ ਦੀ ਰਵਾਇਤ ਤੋਂ ਉਹ ਜ਼ਰੂਰ ਪ੍ਰਭਾਵਿਤ ਹੋਇਆ ਹੈ। ਗਿਆਨੀ ਗਿਆਨ ਸਿੰਘ ਪੰਥ ਪਰਕਾਸ਼ ਵਿਚ ਇਹ ਹਵਾਲਾ ਦਿੰਦੇ ਹਨ, ਕੂਕੇ ਸਿੱਖਾਂ ਦੇ ਪਰਸੰਗ ਵਿਚ:

"ਨਰ ਨਾਰ ਸ਼ਬਦ ਅਪਾਰ ਪੜੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਰੀ।"
ਤੇ ਬਾਰਾਂ ਮਾਹ ਦਾ ਕਵੀ ਭਾਈ ਚੰਦਾ ਸਿੰਘ ਲਿਖਦਾ ਹੈ:

Sri Satguru Jagjit Singh Ji eLibrary NamdhariElibrary@gmail.com

"ਵੱਜੇ ਢੋਲਕ ਛੈਣੇ ਖੜਕਣ, ਹੱਲੇ ਦੇ ਸ਼ਬਦ ਕਲੇਜੇ ਰੜਕਣ
ਸ਼ੀਸ਼ਿਆਂ ਵਾਂਗ ਕਬੂਤਰ ਫੜਕਣ, ਕਰਦੀਆਂ ਨ੍ਰਿਤ ਰਤਾ ਨਾ ਅਟਕਣ
ਖੁੱਲ੍ਹੇ ਕੇਸ ਗਲੇ ਵਿਚ ਲਟਕਣ, ਸ਼ੋਰਾ ਪਾਂਵਦੇ।"

ਤੇ ਕੂਕਿਆਂ ਦੇ ਘਰਾਂ ਦੀ ਪਹਿਚਾਣ ਲੋਕ ਗੀਤਾਂ ਮੁਤਾਬਿਕ ਕੀ ਸੀ ਤੇ ਉਹਨਾਂ ਆਪਣੇ ਦੀਵਾਨਾਂ ਵਿਚ ਵਜਾਉਣ ਵਾਲੇ ਛੈਣੇ ਕਿਵੇਂ ਬਣਾਏ:

"ਜਿੱਥੇ ਛੈਣੇ ਢੋਲਕੀ ਖੜਕਣ, ਉਹ ਘਰ ਕੂਕਿਆਂ ਦਾ।"

...

"ਥਾਲੀ ਭੰਨ ਕੇ ਬਣਾ ਲਏ ਛੈਣੇ, ਚੌਲੇ ਚੌਲੇ ਕੂਕਿਆਂ ਦੇ।"

ਉਸ ਸਮੇਂ ਥਾਲੀਆਂ ਕੈਂਹ ਦੀਆਂ ਹੁੰਦੀਆਂ ਸਨ, ਹੁਣ ਜਿਉਂ ਸਟੀਲ ਪ੍ਰਚਲਿਤ ਨਹੀਂ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਆਪ ਜੀ ਦੇ ਦੌਰਿਆਂ ਨਾਲ ਵੀ ਰਾਗੀ ਜਥੇ ਚੱਲਿਆ ਕਰਦੇ ਸਨ। ਭਾਈ ਨਾਹਰ ਸਿੰਘ ਜੀ ਲਿਖਦੇ ਹਨ: "ਸਾਰੀ ਮਰਦਾਂ ਅਤੇ ਇਸਤਰੀਆਂ ਦੀ ਸੰਗਤ ਵਿਚ ਹੀ ਮਿਲ ਕੇ ਇਕੱਠਿਆਂ ਢੋਲਕ, ਛੈਣਿਆਂ ਨਾਲ ਸਿੱਧੀਆਂ ਸਾਦੀਆਂ ਪੇਂਡੂ ਧਾਰਨਾਂ ਵਿਚ ਗੁਰਬਾਣੀ ਦੇ ਸ਼ਬਦ ਪੜ੍ਹਣ ਦਾ ਰਿਵਾਜ ਦਿਨੋ ਦਿਨ ਫੈਲਦਾ ਚਲਾ ਗਿਆ। ਦੀਵਾਨਾਂ ਵਿਚ ਸ਼ਬਦ ਬਾਣੀ ਪੜ੍ਹਨ ਲਈ, ਪਹਿਲੋਂ ਪਹਿਲ ਤੰਤੀ ਸਾਜ਼ਾਂ ਰਬਾਬ, ਤਾਊਸ ਅਤੇ ਤਬਲਿਆਂ ਵਾਲੀਆਂ ਤਿੰਨ ਚੌਂਕੀਆਂ ਭੈਣੀ ਵਿਖੇ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਦਿੱਤੂ, ਭਾਈ ਫਕੀਰੀਆ ਅਤੇ ਭਾਈ ਵਜ਼ੀਰੇ ਨੂੰ ਗੜਪ ਅਥਵਾ ਸਿਆਲਕੋਟ ਵਾਲੇ ਇਲਾਕੇ ਦੀ ਸੇਵਾ ਦਿੱਤੀ ਗਈ। ਭਾਈ ਪਰੇਮ ਸਿੰਘ, ਭਾਈ ਕ੍ਰਿਪਾਲ ਸਿੰਘ ਭਦੌੜ ਵਾਲੇ ਮਜ਼ਬੀ ਸਿੰਘ ਸਮੇਤ ਭਾਈ ਸਾਹਿਬ ਸਿੰਘ ਚੰਗੀਆਂ ਵਾਲੇ ਦੇ ਜਥੇ ਨੂੰ ਮਾਲਵੇ ਦੇ ਇਲਾਕੇ ਵਿਚ ਸੇਵਾ ਲਈ ਮੁਕੱਰਰ ਕੀਤਾ। ਮੱਲ੍ਹੀਆਂ ਦੀ ਤਲਵੰਡੀ ਦੇ ਭਾਈ ਪਸ਼ੌਰਾ ਤੇ ਭਾਈ ਸੰਤੂ ਨੂੰ ਸੰਗਤਾਂ ਨੂੰ ਢੱਡ, ਸਾਰੰਗੀ ਨਾਲ ਵਾਰਾਂ ਦੀ ਤਰਜ਼ ਤੇ ਗੁਰਬਾਣੀ ਸੁਣਾਉਣ ਲਈ ਲਗਾਇਆ। ਇਹ ਪੰਜਾਬ ਦੇ ਸਭ ਹੀ ਇਲਾਕਿਆਂ ਵਿਚ ਜਾਂਦੇ ਸਨ। ਪਿੰਡ ਮੇਰੋ ਦੇ ਰਾਗੀ ਸੂਬਾ ਸਿੰਘ ਅਤੇ ਉਸਦੇ ਸਾਥੀ ਦੁਆਲੇ ਵਿਚ ਪਰਚਾਰ ਕਰਦੇ ਸਨ। ਭਾਈ ਖਜ਼ਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਅਤੇ ਅਤਰ ਸਿੰਘ, ਪਿੰਡ ਛਾਪਾ ਦੇ ਰਾਗੀ ਸਿੰਘ ਸਨ, ਜਿਹਨਾਂ ਦੇ ਬਜ਼ੁਰਗਾਂ ਨੂੰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਾਰੰਦਾ ਬਖਸ਼ ਕੇ ਰਾਗ ਦੀ ਦਾਤ ਬਖਸ਼ੀ ਸੀ, ਭੈਣੀ ਰਹਿ ਕੇ, ਇਰਦ ਗਿਰਦ ਦੇ ਇਲਾਕਿਆਂ ਵਿਚ, ਦੀਵਾਨਾਂ ਵਿਚ ਆਸਾ ਜੀ ਦੀ ਵਾਰ ਲਗਾ ਕੇ ਅਤੇ ਸ਼ਬਦ ਚੌਂਕੀਆਂ ਕਰਕੇ ਸੇਵਾ ਕਰਦੇ। ਰਾਗੀਆਂ ਅਤੇ ਢਾਡੀਆਂ ਲਈ ਸ਼ਬਦ ਚੌਂਕੀ ਦੀ ਇਕ ਰੁਪਈਆ ਭੇਟ ਮੁਕਰਰ ਕੀਤੀ ਗਈ।" 26

ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਪ੍ਰਸਿੱਧ ਨਾਮਧਾਰੀ ਲੇਖਕ ਅਤੇ ਪੰਜਾਬੀ ਸਾਹਿਤ ਜਗਤ ਦੇ ਜਾਣੇ ਪਛਾਣੇ ਹਸਤਾਖ਼ਰ, ਸੰਤ ਇੰਦਰ ਸਿੰਘ ਚੱਕਰਵਰਤੀ ਵੀ ਗੁਰਬਾਣੀ ਦੇ ਸ਼ਬਦ ਦੀ ਮਸਤੀ ਵਿਚ ਮਖ਼ਮੂਰ ਰਹਿਣ ਵਾਲੇ ਕੂਕੇ ਮਸਤਾਨਿਆਂ ਨੂੰ ਇਸਲਾਮੀ ਸੂਫ਼ੀਆਂ ਦੀ ਪਰੰਪਰਾ ਜਿਹਾ ਉੱਚਾ ਮਰਤਬਾ ਹਾਸਲ ਕਰਨ ਵਾਲੇ ਦੱਸਦੇ ਹਨ।

"ਨਾਮਧਾਰੀ ਸੰਪ੍ਰਦਾ ਸੰਤ ਸਿਪਾਹੀ ਸੂਫ਼ੀ ਜਹੇ ਮਸਤਾਂ ਦੀ ਇਕ ਆਮਿਲ ਜਮਾਤ ਹੈ। ਉਹ ਆਪਣੇ ਪਰਦੇਸੀ ਪ੍ਰੀਤਮ ਦੇ ਦੀਦਾਰ ਦੀ ਚਾਹਵਾਨ ਹੈ। ਉਸ ਨੂੰ ਹੋਰ ਸਭੋ ਕੁਝ ਭੁਲ ਸਕਦਾ ਹੈ, ਪਰ ਮਿੱਤਰ ਵਿਛੋੜਾ ਨਹੀਂ ਭੁੱਲ ਸਕਦਾ। ਉਸ ਨੂੰ ਉਹੀ ਚੀਜ਼ ਚੰਗੀ ਲਗਦੀ ਹੈ ਜਿਸ ਵਿਚ ਦਰਦ ਫ਼ਿਰਾਕ ਦੀਆਂ ਆਹੀਂ ਹੋਣ, ਜਿਸ ਵਿਚ ਸੋਜ਼ ਤੇ ਵਲਵਲਾ ਹੋਵੇ, ਜਿਸ ਵਿਚ ਮਸਤੀ ਹੋਵੇ। ਉਹ ਕੂਕੇ, ਦਾਰਸ਼ਨਿਕਤਾ ਦੇ ਦੀਵਾਨੇ ਨਹੀਂ, ਉਹ ਫ਼ਲਸਫ਼ੇ ਦੀਆਂ ਲੱਛੇਦਾਰ ਗੁੰਝਲਾਂ ਵਿਚ ਦਿਮਾਗ਼ ਨਹੀਂ ਲੜਾਂਦੇ।

"ਕੂਕੇ ਦੀ ਵਿਦਿਆ ਵਿਦਿਆ ਦੇ ਅਧੀਨ ਨਹੀਂ, ਕਿਉਂਕਿ ਇਹ ਕੋਈ ਦਾਰਸ਼ਨਿਕ ਫ਼ਲਸਫ਼ਾ ਨਹੀਂ। ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ। ਇਸ ਨੂੰ ਕੋਈ ਉਹੀ ਬਿਆਨ ਕਰ ਸਕਦਾ ਹੈ, ਜਿਸ ਇਨ੍ਹਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ। ਜਿਸ ਇਹਨਾਂ ਦੇ ਕਾਸੇ ਸਾਫ਼ ਕੀਤੇ ਹੋਣ....। ਜਿਨ੍ਹਾਂ ਵਿਚ ਕੋਈ ਗੁਰਦੇਵ ਨੂੰ ਰਿਝਾਉਣ ਖ਼ਾਤਰ

Sri Satguru Jagjit Singh Ji eLibrary NamdhariElibrary@gmail.com

ਥਈਆ ਥਈਆ ਕਰਕੇ ਨਚਿਆ ਨਾ ਹੋਵੇ, ਉਨਾ ਚਿਰ ਉਸ ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"[22]

ਨਾਮਧਾਰੀ ਜਥੇਦਾਰਾਂ ਦੇ ਇਹਨਾਂ ਦੀਵਾਨਾਂ ਦੀਆਂ ਹੋਲੇ ਦੇ ਸ਼ਬਦਾਂ ਦੀਆਂ ਕੁਝ ਧਾਰਨਾਵਾਂ ਦੇ ਨਮੂਨੇ ਦੇਕੇ ਆਪਣੀ ਗੱਲ ਨੇੜੇ ਕਰਨੀ ਚਾਹਾਂਗੇ। (ਇਹ ਸਾਰੇ ਜਥੇਦਾਰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਹਨ। ਸੰਤ ਦਾਤੇਵਾਲੀਏ, ਲਾਲ ਸਿੰਘ ਭੂਰੇ ਗਿਲੀਆਂ, ਭਾਈ ਕਾਹੂ, ਭਾਈ ਮੰਡੂ ਇਹ ਗੁਰੂ ਹਰੀ ਸਿੰਘ ਤੇ ਸਤਿਗੁਰੂ ਪਰਤਾਪ ਸਿੰਘ ਦੋਹਾਂ ਦੇ ਪਹਿਰੇ ਵਿਚ ਰਹੇ)

ਸੰਤ ਭਗਤ ਸਿੰਘ ਦਾਤੇ ਵਾਲੀਏ, ਗਊਆਂ ਦੇ ਰਖਵਾਲੇ ਕਥ ਘਰ ਆਵੂਹਗੇ।"
ਸੰਤ ਬੰਤਾ ਸਿੰਘ ਬੁਜੇ ਛੱਲੇ ਵਾਲੇ "ਆਣ ਕੇ ਦੀਦਾਰ ਸਾਨੂੰ ਦੇਣਾ ਮਹਾਰਾਜ ਜੀ।"
ਸੰਤ ਨੱਥਾ ਸਿੰਘ ਪਤੰਗਾ – "ਵੇਖਾਂ ਦਰਸ਼ਨ ਤੇਰਾ ਤੂੰ ਘਰ ਆ ਸੱਜਣਾ।"
ਸੰਤ ਸੁੰਦਰ ਸਿੰਘ ਪੂੰਰਾਂ ਵਾਲੇ – "ਦਰਸ਼ਨ ਬਿਨ ਅੱਖੀਆਂ ਤਰਸਨ, ਮੇਰੇ ਨੈਣ ਛਮ ਛਮ ਬਰਸਣ।"
ਸੰਤ ਟਹਿਲ ਸਿੰਘ ਸੱਦੋਵਾਲੀਏ – "ਵੇਖ ਭੈਣੇ ਸਾਵਣ ਆਇਆ, ਮੋਰਾਂ ਨੇ ਰੁਣ ਝੁਣ ਲਾਈ ਏ।"
ਮਸਤਾਂ ਦੇ ਸਰਦਾਰ ਅਤਰ ਸਿੰਘ ਸੰਭੜਿਆਲ – "ਗੋਕੁਲ ਕਰ ਗਿਉਂ ਖ਼ਾਲੀ, ਕਾਹਨਾ ਦਗਾ ਕਮਾਇਓਂ ਈ।"
ਸੰਤ ਸੋਹਨ ਸਿੰਘ ਚੱਕਰਵਾਲੇ – "ਬ੍ਰਿਹੋਂ ਨੇ ਜਾਲ ਸੁੱਟਿਆ, ਤਾਹੀਉਂ ਹੋ ਗਈ ਆ ਫਰੀਦਾ। ਕਾਲੀ।"
ਸੰਤ ਬੇਲਾ ਸਿੰਘ ਮੁਜੇ ਵਾਲੀਏ – "ਰੁੱਤੜੀਆਂ ਫਿਰ ਆਈਆਂ ਸਹੀਓ। ਪੀਆ ਅਜੇ ਨਾ ਆਏ।"
ਸੰਤ ਆਲਾ ਸਿੰਘ ਫਰਨ – "ਤਉ ਕਾਰਨ ਸਾਹਿਬਾ ਰੰਗ ਰਾਤੀ।"
ਸੰਤ ਨਿਧਾਨ ਸਿੰਘ ਆਲਿਮ – "ਉਡੀ ਨੀ ਉਡੀ ਨੀ ਕਥ ਘਰ ਆਵੇ ਗੀ।"[23]

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਨਾਮਧਾਰੀ ਰਾਗੀਆਂ, ਜਥੇਦਾਰਾਂ, ਪਰਚਾਰਕਾਂ, ਸੰਗੀਤਕਾਰਾਂ ਦੀ ਬਹੁਤ ਸਾਰੀ ਨਵੀਂ ਪੌਦ ਤਿਆਰ ਹੋਈ ਹੈ। ਮੈਂ ਸਮਝਣਾ ਕਿ ਇਸ ਪੰਥ ਨੇ ਬਾਕੀ ਜੋ ਵੀ ਕੀਤਾ ਸੋ ਕੀਤਾ, ਸੰਗੀਤ ਦੇ ਖੇਤਰ ਵਿਚ 150 ਸਾਲ ਦੀ ਇਸ ਦੀ ਦੇਣ ਲਾਮਿਸਾਲ ਹੈ। ਇਸ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਜਿੱਥੇ ਪੰਜਾਬ ਦੀ ਸੰਯੁਕਤ ਸੰਸਕ੍ਰਿਤੀ ਲਈ, ਪੰਜਾਬੀ ਸਾਹਿਤ ਲਈ, ਪੰਜਾਬੀ ਭਾਈਚਾਰੇ ਦੀ ਏਕਤਾ ਲਈ ਫ਼ਿਕਰਮੰਦ ਰਹਿੰਦੇ ਹਨ, ਉਥੇ ਗੁਰਮਤਿ ਰਾਗ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਰੀਤਾਂ ਤੇ ਬੰਦਸ਼ਾਂ ਜੋ ਉਹਨਾਂ ਨੂੰ ਪਿਤਾ ਸਤਿਗੁਰੂ ਤੋਂ ਵਿਰਸੇ ਵਿਚ ਮਿਲੀਆਂ, ਉਹ ਅਗਲੀ ਪੀੜ੍ਹੀ ਤੱਕ ਸੁਰੱਖਿਅਤ ਪਹੁੰਚਾਉਣ ਦਾ ਉਪਰਾਲਾ ਕਰਦੇ ਚਲੇ ਆ ਰਹੇ ਹਨ। ਗੱਲ ਲੰਮੀ ਹੋ ਗਈ ਹੈ ਆਪਣੇ ਮਾਰਗ ਦਰਸ਼ਕ ਮਿੱਤਰ ਜਗਦੀਸ਼ ਸਿੰਘ 'ਵਰਿਆਮ' ਦੀ ਹੂਕ ਨਾਲ ਆਗਿਆ ਲਵਾਂਗੇ।

"ਪਰ ਇਹ ਪਤਾ ਲਗ ਗਿਆ ਕਿ ਪੁਰਾਣੇ ਸਮਿਆਂ ਵਿਚ ਜਿਵੇਂ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਸੰਗੀਤ ਵਾਲੇ ਵਿਦਿਆਰਥੀਆਂ ਵਿਚ ਬੈਠ ਕੇ, ਸੰਗੀਤ ਬੰਦਸ਼ਾਂ ਦਾ ਅਭਿਆਸ ਕਰਾਇਆ ਕਰਦੇ ਸਨ, ਉਵੇਂ ਦਾ ਕੁਝ ਹੈ। ਇਹ ਬੰਦਸ਼ਾਂ ਵੱਖ-ਵੱਖ ਰਾਗਾਂ ਅਤੇ ਤਾਲਾਂ ਵਿਚ ਪੁਰਾਣੇ ਸੰਗੀਤਕਾਰਾਂ ਦੀਆਂ ਬਹੁਤ ਦੁਰਲਭ ਚੀਜ਼ਾਂ ਹਨ। ਇਹ ਆਮ ਪੁਸਤਕਾਂ 'ਚੋਂ ਨਹੀਂ ਮਿਲਦੀਆਂ। ਜੋ ਮਿਲਦੀਆਂ ਹਨ ਤਾਂ ਗਾਇਨ ਦੀ ਸ਼ੈਲੀ ਦਾ ਪਤਾ ਨਹੀਂ। ਬਸ ਸੀਨਾ-ਬ-ਸੀਨਾ ਚਲਦੀਆਂ ਆ ਰਹੀਆਂ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਇਨ੍ਹਾਂ ਦਾ ਅਮੁੱਕ ਖ਼ਜ਼ਾਨਾ ਹੈ। ਇਹ ਸੰਗੀਤ ਅਭਿਆਸ ਲਈ ਜ਼ਰੂਰੀ ਹਨ। ਇਸ ਅਭਿਆਸ ਤੋਂ ਬਾਅਦ ਗਾਇਨ ਵਿਚ ਮੁਹਾਰਤ ਹਾਸਲ ਹੋ ਜਾਂਦੀ ਹੈ। ਗੁਰਬਾਣੀ ਗਾਇਣ ਕੀਰਤਨ ਹੈ, ਉਸ ਵਿਚ ਇਹ ਬੰਦਸ਼ਾਂ ਨਹੀਂ ਗਾਈਆਂ ਜਾਂਦੀਆਂ। ਇਹ ਗੋਲ ਬੰਦਸ਼ਾਂ ਹਨ ਜਿਹਨਾਂ ਨੂੰ ਇਹਨਾਂ ਦਾ ਗਿਆਨ ਹੈ ਉਹਨਾਂ ਨੂੰ ਸਿਨਮਾ ਅਤੇ ਟੀ.ਵੀ. ਦੀਆਂ ਤਰਜ਼ਾਂ ਦੀ ਭਾਕ ਨਹੀਂ ਰਹਿੰਦੀ ਭਾਵੇਂ ਉਹ ਰਾਗ ਵਿਚ ਹੀ ਹੋਣ। ਅਜਾਂ ਦੇਖਿਆ ਮਾਣਿਆ ਹੈ ਕਿ ਸੰਸਾਰ ਦੇ ਵੱਡੇ ਵੱਡੇ ਅਤੇ ਉਹਨਾਂ ਤੋਂ ਵੀ ਵੱਡੇ ਸੰਗੀਤਕਾਰਾਂ ਨੇ, ਇਹਨਾਂ ਨੂੰ ਸਤਿਗੁਰੂ ਜੀ ਪਾਸੋਂ ਸੁਨਣ ਵਿਚ ਧੰਨ ਭਾਗ ਸਮਝੇ ਹਨ ਅਤੇ ਕਈਆਂ ਨੇ ਲੋਕਾਂ ਨੂੰ ਦੱਸ ਕੇ ਵੱਡੇ ਵੱਡੇ ਸੰਗੀਤ ਸੰਮੇਲਨਾਂ ਵਿਚ ਇਹਨਾਂ ਨੂੰ ਪੇਸ਼ ਵੀ ਕੀਤਾ ਹੈ, ਜਿਵੇਂ ਹਰਵਲਭ ਵਿਚ ਪੰਡਿਤ ਰਾਜਨ ਸਾਜਨ ਮਿਸ਼ਰਾ ਅਕਸਰ ਇਕ ਦੋ ਬੰਦਸ਼ਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਿਖਾਈਆਂ ਗਾਉਂਦੇ ਹਨ।"[24]

Sri Satguru Jagjit Singh Ji eLibrary NamdhariElibrary@gmail.com

ਫੁੱਟ ਨੋਟ:

1. ਪੰਚਜ (ਹਿੰਦੀ ਤ੍ਰੈਮਾਸਿਕ) ਅੰਕ 43-44, ਇਤਿਹਾਸ ਅੰਕ, 1991-92 ਈ. ਜੱਬਲਪੁਰ, ਸਫ਼ਾ 142
2. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ - ਭੈਣੀ ਸਾਹਿਬ- ਤੀਜੀ ਛਾਪ - 1998 ਈ. ਸਫ਼ਾ 24
3. ਉਪਰੋਕਤ - ਸਫ਼ਾ 38
4. ਉਪਰੋਕਤ - ਸਫ਼ਾ 104
5. ਨਾਮਧਾਰੀ ਸਿਖ ਸੰਖੇਪ ਵਿਵਰਨ - 25 ਕਬਿੱਤ - 2000 ਈ. ਜੀਵਨ ਨਗਰ - ਸਫ਼ਾ 34
6. ਉਪਰੋਕਤ, ਸਫ਼ਾ 88
7. ਉਪਰੋਕਤ, ਸਫ਼ਾ 16
8. ਕੂਕਿਆਂ ਦੀ ਵਿਥਿਆ - ਗੰਡਾ ਸਿੰਘ -ਅੰਮ੍ਰਿਤਸਰ- 1946 ਈ., ਸਫ਼ਾ 40
9. ਨਾਮਧਾਰੀ ਇਤਿਹਾਸ - ਭਾਈ ਨਾਹਰ ਸਿੰਘ ਐਮ.ਏ., ਨਵੀਂ ਦਿੱਲੀ, 1957, ਸਫ਼ਾ 123 ਤੋਂ 127
10. ਧੰਮਪਦ (ਅਨੁਵਾਦ ਤੇ ਸੰਪਾਦਨ: ਪਰਮਿੰਦਰ ਸੋਢੀ), ਲੁਧਿਆਣਾ 2005 ਈ. ਸਫ਼ਾ 52
11. ਨਾਮਧਾਰੀ ਇਤਿਹਾਸ ਸਫ਼ਾ 352-53
12. ਉਪਰੋਕਤ ਸਫ਼ਾ 353-54
13. ਉਪਰੋਕਤ- ਸਫ਼ਾ 141
14. ਉਪਰੋਕਤ- ਸਫ਼ਾ 139-44
15. ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰਪਾਦਕ: ਜਸਵਿੰਦਰ ਸਿੰਘ) - ਭੈਣੀ ਸਾਹਿਬ - 1998 ਈ.
16. ਸਤਿਜੁਗ ਦਾ ਬਸੰਤ ਅੰਕ - ਮਾਘ 2013 ਬਿਕ੍ਰਮੀ - ਸ੍ਰੀ ਜੀਵਨ ਨਗਰ - ਸਫ਼ਾ 30
17. ਉਪਰੋਕਤ - ਸਫ਼ਾ 33
18. ਨਾਮਧਾਰੀ ਇਤਿਹਾਸ - ਸਫ਼ਾ 283-84
19. ਸੰਤ ਖਾਲਸਾ - ਅੰਮ੍ਰਿਤਸਰ - 1958 ਈ. ਸਫ਼ਾ 37
20. ਸਤਿਗੁਰੂ ਬਿਲਾਸ ਭਾਗ ਪਹਿਲਾ -(ਸੰਪਾਦਕ: ਜਸਵਿੰਦਰ ਸਿੰਘ) -2002 ਈ. ਭੈਣੀ ਸਾਹਿਬ
21. ਰੈਬੇਲਜ਼ ਅਗੇਂਸਟ ਦੀ ਬ੍ਰਿਟਿਸ਼ ਰੂਲ -ਭਾਈ ਨਾਹਰ ਸਿੰਘ ਕ੍ਰਿਪਾਲ ਸਿੰਘ-ਦਿੱਲੀ 1989 ਈ.- ਸਫ਼ਾ 503
22. ਸਤਿਜੁਗ ਦਾ ਬਸੰਤ ਅੰਕ-2013 ਬਿਕ੍ਰਮੀ- ਜੀਵਨ ਨਗਰ- ਸਫ਼ਾ 63
23. ਸੰਤ ਖਾਲਸਾ - ਸਫ਼ਾ 66
24. ਸਤਿਜੁਗ ਦਾ ਸ਼ਹੀਦੀ ਅੰਕ - 1968 ਈ.- ਜੀਵਨ ਨਗਰ- ਸਫ਼ਾ 15
25. ਮਾਲਵੇਂਦ੍ਰ - ਦਿੱਲੀ - 1957 - ਸਫ਼ਾ 119-20
26. ਨਾਮਧਾਰੀ ਇਤਿਹਾਸ ਸਫ਼ਾ - 145-46
27. ਕੂਕਿਆਂ ਬਾਰੇ - 1958 ਈ.- ਦਿੱਲੀ -ਸਫ਼ਾ 299-300
28. ਸਤਿਜੁਗ ਦਾ ਪ੍ਰਦੇਸ਼ ਗਮਨ ਸ਼ਤਾਬਦੀ ਅੰਕ - 1972 - ਜੀਵਨ ਨਗਰ- ਸਫ਼ਾ 14
29. ਵਰਿਆਮ-ਜੂਨ 2008 ਈ.- ਜਲੰਧਰ- ਸਫ਼ਾ 36

(ਇਹ ਪਰਚਾ ਪੀ.ਏ.ਯੂ. ਲੁਧਿਆਣਾ ਵਿਖੇ ਕੂਕਾ ਅੰਦੋਲਨ ਦੇ 150 ਵਰ੍ਹਿਆਂ ਨੂੰ ਸਮਰਪਿਤ ਸੈਮੀਨਾਰ ਵਿਚ ਮਿਤੀ ਜੂਨ 2008 ਈ. ਨੂੰ ਪੜ੍ਹਿਆ ਗਿਆ)

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਸੁਵਰਨ ਸਿੰਘ ਵਿਰਕ ਦੇ ਅਧਿਐਨ ਦਾ ਘੇਰਾ ਬਹੁਤ ਵਸੀਹ ਹੈ। ਦਰਸ਼ਨ, ਧਰਮ, ਇਤਿਹਾਸ, ਮਿਥਿਹਾਸ, ਸਾਹਿਤ ਅਤੇ ਲੋਕ-ਧਾਰਾ ਉਸਦੇ ਪਸੰਦੀਦਾ ਵਿਸ਼ੇ ਹਨ। ਪੰਜਾਬ ਦੇ ਮਹਾਨ ਗਦਰੀਆਂ, ਕੂਕਿਆਂ, ਬੱਬਰਾਂ, ਅਕਾਲੀਆਂ, ਕਮਿਊਨਿਸਟਾਂ, ਕਾਂਗਰਸੀਆਂ, ਦੇਸ਼-ਭਗਤਾਂ, ਦਰਵੇਸ਼ਾਂ ਅਤੇ ਫੱਕਰਾਂ ਦੇ ਪਿੰਡ-ਗਰਾਵਾਂ ਅਤੇ ਇਤਿਹਾਸਕ ਸਥਲਾਂ ਬਾਰੇ ਉਸ ਦੀ ਜਾਣਕਾਰੀ ਹੈਰਾਨ ਕਰਨ ਵਾਲੀ ਹੈ।

ਸੁਵਰਨ ਸਿੰਘ ਵਿਰਕ ਦੀ ਇਹ ਖੋਜ-ਭਰਪੂਰ ਲਿਖਤ ਭਾਰਤ ਦੇ ਕੌਮੀ ਇਤਿਹਾਸ ਅਤੇ ਸਾਹਿਤ ਦੀ ਇਕ ਮੁੱਲਵਾਨ ਦਸਤਾਵੇਜ਼ ਹੈ। ਸੰਜੋਗ ਵੱਸ ਇਹ ਪੁਸਤਕ ਉਸ ਸਮੇਂ ਛਾਪੇ ਦਾ ਜਾਮਾ ਪਹਿਨ ਰਹੀ ਹੈ ਜਦੋਂ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਅਤੇ ਨਾਮਧਾਰੀ ਲਹਿਰ ਦੇ ਡੇਢ ਸੌ ਸਾਲਾ ਸਥਾਪਨਾ ਦਿਵਸ ਕੌਮੀ ਪੱਧਰ 'ਤੇ ਮਨਾਏ ਜਾ ਰਹੇ ਹਨ।

ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਇਹ ਪੁਸਤਕ ਨਾਮਧਾਰੀ ਲਹਿਰ ਦੇ ਇਤਿਹਾਸ ਅਤੇ ਸਾਹਿਤ ਬਾਰੇ ਸਾਰਥਕ ਸੰਵਾਦ ਨੂੰ ਅੱਗੇ ਤੋਰਨ ਵਿਚ ਅਹਿਮ ਭੂਮਿਕਾ ਨਿਭਾਏਗੀ।

ਸਤਿਗੁਰੂ ਰਾਮ ਸਿੰਘ ਮਿਸ਼ਨ [illegible]
ਸ੍ਰੀ ਭੈਣੀ ਸਾਹਿਬ

Cover Photo: Harpal Singh Sewak
Design: [illegible]